ੴ ਸਤਿਗੁਰ ਪ੍ਰਸਾਦਿ ॥

ਅਸ੍ਚਰਜ ਰੂਪੰ ਰਹੰਤ ਜਨਮੰ ॥ ਨੇਤ ਨੇਤ ਕਥੰਤ ਬੇਦਾ ॥

# ਅਸਚਰਜ ਵਸਤੂ

ਸੰਤ ਨਿਰਭਿੰਦਰ ਸਿੰਘ (ਸਰਪੰਚ)

ਨਿਰਮਲ ਆਸ਼ਰਮ, ਰਿਸ਼ੀਕੇਸ਼ ।

ੴ ਸਤਿਗੁਰ ਪ੍ਰਸਾਦਿ ॥

ਅਸ੍ਚਰਜ ਰੂਪੰ ਰਹੰਤ ਜਨਮੰ ॥ ਨੇਤ ਨੇਤ ਕਥੰਤਿ ਬੇਦਾ ॥

# ਅਸਚਰਜ ਵਸਤੂ

ਜੀਵਨ ਲੀਲਾ

- ਮਹੰਤ ਬੁੱਢਾ ਸਿੰਘ ਜੀ ਮਹਾਰਾਜ
- ਮਹੰਤ ਆਤਮਾ ਸਿੰਘ ਜੀ ਮਹਾਰਾਜ
- ਮਹੰਤ ਨਾਰਾਇਣ ਸਿੰਘ ਜੀ ਮਹਾਰਾਜ
- ਸੰਤ ਨਿੱਕਾ ਸਿੰਘ ਜੀ ਮਹਾਰਾਜ
- ਮਹੰਤ ਰਾਮ ਸਿੰਘ ਜੀ ਮਹਾਰਾਜ

ਲੇਖਕ

ਸੰਤ ਨਿਰਭਿੰਦਰ ਸਿੰਘ (ਸਰਪੰਚ)

ਨਿਰਮਲ ਆਸ਼ਰਮ, ਰਿਸ਼ੀਕੇਸ਼ ।

ਪ੍ਰਕਾਸ਼ਕ :
ਮਹੰਤ ਰਾਮ ਸਿੰਘ,
ਨਿਰਮਲ ਆਸ਼ਰਮ,
ਰਿਸ਼ੀਕੇਸ਼।

ਟਾਈਪ ਸੈਟਿੰਗ : ਪਰਿਨਟੈਕ, ਮੋਹਾਲ (ਪੰਜਾਬ)

ਮੁਦਰਕ :
ਯੂਨੀਵਰਸਲ ਪ੍ਰਿੰਟਿੰਗ ਵਰਕਸ,
ਦਰੀਆ ਗੰਜ, ਨਵੀਂ ਦਿੱਲੀ।

© ਸਭ ਹਕ ਪ੍ਰਕਾਸ਼ਕ ਦੇ ਰਾਖਵੇਂ ਹਨ।

ਪਹਿਲੀ ਵਾਰ : ਦਿਸੰਬਰ, 1997

ੴ ਸ੍ਰੀ ਵਾਹਿਗੁਰੂ ਜੀ ਦੀ ਫਤਹਿ ॥

# ਭੂਮਿਕਾ

ਅਕਾਲ ਪੁਰਖ ਵਾਹਿਗੁਰੂ ਆਪਣੀ ਨਿਸ਼ਕ੍ਰਿਆ, ਨਿਰਵਿਕਾਰ ਅਤੇ ਨਿਰਾਕਾਰ ਮਹਿਮਾ ਵਿਚ ਹਮੇਸ਼ਾਂ ਹਮੇਸ਼ਾਂ ਸਥਿਤ ਰਹਿੰਦਾ ਹੈ। ਆਪਣੀ ਸਦੀਵੀ ਅਤੇ ਸਦਾ ਰਹਿਣ ਵਾਲੀ ਇਸ ਸਥਿੱਤੀ ਵਿਚੋਂ ਰੰਚਕ ਮਾਤ੍ਰ ਵੀ ਕਦੇ ਚਲਾਏਮਾਨ ਨਹੀਂ ਹੁੰਦਾ ਯਾਨੀ ਕਦੇ ਵੀ ਕਿਸੇ ਕ੍ਰਿਆ ਦੇ ਕਰਨ ਵਾਲਾ ਅਤੇ ਪੀਰਵਰਤਨਸ਼ੀਲ ਨਹੀਂ ਹੁੰਦਾ, ਪਰੰਤੂ ਫਿਰ ਵੀ ਜੀਵਾਂ ਨੂੰ ਅਲਗ ਅਲਗ ਕਿਰਿਆ ਕਰਦਾ ਜਿਹਾ ਅਨੇਕਾਂ ਰੂਪਾਂ ਵਿਚ ਭਾਸਦਾ ਹੈ। ਮੂੜ੍ਹ ਜੀਵ ਹਰ ਕਿਰਿਆ ਆਪਣੇ ਦੁਆਰਾ ਹੁੰਦੀ ਸਮਝਦੇ ਹਨ ਅਤੇ ਸਾਧਕ-ਜਨ ਹਰ ਕਿਰਿਆ ਹਰੀ ਦੁਆਰਾ ਹੁੰਦੀ ਮੰਨਦੇ ਹਨ। ਲੇਕਿਨ ਮਨੌਤ ਦੋਨੋਂ ਦੀ ਹੀ ਅਰਥਹੀਣ ਹੈ ਯਾਨੀ ਦੋਨੋਂ ਹਰੀ ਦੇ ਨਿਸ਼ਕਿਰਿਆ ਸੁਭਾਅ ਤੋਂ ਨਾਵਾਕਫ ਹਨ। ਕਿਉਂਕਿ ਹਰੀ ਨੇ ਆਪ ਹੀ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਦੇ ਪਵਿਤ੍ਰ ਹਿਰਦੇ ਵਿਚ ਬੈਠ ਕੇ ਉਚਾਰਨ ਕੀਤਾ ਹੈ—

**ਨਾਨਕ ਏਕੋ ਰਵਿ ਰਹਿਆ ਦੂਸਰ ਹੋਆ ਨਾ ਹੋਗੁ ॥**

ਭਾਵ ਇਕ ਵਾਹਿਗੁਰੂ ਹੀ ਹਮੇਸ਼ਾਂ ਵਰਤ ਰਿਹਾ ਹੈ ਦੂਜਾ ਅੱਜ ਤਕ ਨਾ ਕਦੇ ਹੋਇਆ ਹੈ ਅਤੇ ਨਾ ਅੱਗੇ ਨੂੰ ਹੋਵੇਗਾ। ਫਿਰ ਸਵਾਲ ਪੈਦਾ ਹੁੰਦਾ ਹੈ ਕਿ ਵਾਹਿਗੁਰੂ ਜੇ ਕਿਸੇ ਵੀ ਕਿਰਿਆ ਦਾ ਕਰਤਾ ਨਹੀਂ ਤਾਂ ਇਹ ਪ੍ਰਤੀਤ ਦੇ ਰਿਹਾ ਸੰਸਾਰ ਕਿਸ ਨੇ ਪੈਦਾ ਕੀਤਾ, ਕੌਣ ਇਸ ਨੂੰ ਰੋਜੀ ਦੇ ਰਿਹਾ ਹੈ ਅਤੇ ਕੌਣ ਇਸ ਨੂੰ ਲੈ ਕਰਦਾ ਹੈ ? ਉਤਰ : ਜਿਸ ਨੂੰ ਅਗਿਆਨੀ ਜੀਵ ਸੰਸਾਰ ਮੰਨਦੇ ਹਨ ਵਾਸਤਵ ਵਿਚ ਇਹ ਸੰਸਾਰ ਨਹੀਂ ਅਤੇ ਨਾ ਹੀ ਇਸ ਨੂੰ ਕਿਸੇ ਨੇ ਪੈਦਾ ਕੀਤਾ ਹੈ। ਇਹ ਤਾਂ ਹਰੀ ਦਾ ਸੁਭਾਵ ਹੈ। ਮਿਸਾਲ ਦੇ ਤੌਰ 'ਤੇ ਅਗਨੀ ਤਿੰਨ ਕਰਮ ਕਰਦੀ ਯਾਨੀ ਤਿੰਨ ਕਿਸਮ ਦੀ ਕਿਰਿਆ ਕਰਦੀ ਪ੍ਰਤੱਖ ਨਜਰ ਆ ਰਹੀ ਹੈ। ਜਿਵੇਂ ਪ੍ਰਕਾਸ਼ ਕਰਨਾ, ਦਾਹ ਸ਼ਕਤੀ ਆਪ ਤੋਂ ਦੂਸਰੀ ਵਸਤੂ ਨੂੰ ਜਲਾ ਦੇਣਾ ਅਤੇ ਗਰਮਾਇਸ਼ ਸ਼ਕਤੀ ਯਾਨੀ ਦੂਸਰੇ ਦੀ ਸਰਦੀ ਦੂਰ ਕਰਨੀ। ਇਹ ਕਿਰਿਆ ਪ੍ਰਤੱਖ ਨਜਰ ਆ ਰਹੀ ਹੈ, ਪਰੰਤੂ ਫਿਰ ਵੀ ਉਪਰੋਕਤ ਕ੍ਰਿਆ ਕਰਦੀ ਹੋਈ ਵੀ ਅਗਨੀ ਆਪਣੀ ਨਿਸ਼ਕਿਰਿਆ ਮਹਿਮਾਂ ਵਿਚ ਹਮੇਸ਼ਾ ਸਿਥਿੱਤ ਹੈ ਯਾਨੀ ਉਪਰੋਕਤ ਕਿਰਿਆ ਜੋ ਅੱਗ ਵਿਚ ਪ੍ਰਤੀਤ ਦੇ ਰਹੀ ਹੈ ਉਹ ਅੱਗ ਦੀ ਕਿਰਿਆ ਯਾ ਕਰਮ ਨਹੀਂ ਹੈ, ਬਲਕਿ ਉਹ ਤਾਂ ਅੱਗ ਦਾ ਸਦੀਵੀ ਸੁਭਾਵ ਹੈ। ਬਸ ਇਸੇ ਤਰ੍ਹਾਂ ਹੀ ਅਕਾਲ ਪੁਰਖ ਵਾਹਿਗੁਰੂ ਆਪਣੀ ਨਿਸ਼ਕਿਰਿਆ ਮਹਿਮਾ ਵਿਚ ਹਮੇਸ਼ਾ ਹਮੇਸ਼ਾ ਸਥਿੱਤ ਰਹਿੰਦਾ ਹੈ। ਅਗਿਆਨੀ ਜੀਵਾਂ ਨੂੰ ਇਹ ਜੋ ਸੰਸਾਰ ਰਚਨਾ ਸਤਿ ਪ੍ਰਤੀਤ ਦੇ ਰਹੀ ਹੈ ਅਤੇ ਇਸ ਵਿਚ ਜਨਮ ਮਰਨ ਇਤਿਆਦਿਕ ਅਨੰਤ ਕਿਰਿਆਵਾਂ ਨਜਰ ਆ ਰਹੀਆਂ ਹਨ, ਇਹ ਸਭ ਭਰਮ ਮਾਤ੍ਰ ਹਨ ਕਿਉਂਕਿ ਹਰੀ ਨੇ ਆਪ ਹੀ ਫੁਰਮਾਨ ਕੀਤਾ ਹੈ —

**ਨਹ ਕਿਛੁ ਜਨਮੈ ਨਹ ਕਿਛੁ ਮਰੈ ॥ ਆਪਨ ਚਲਿਤੁ ਆਪ ਹੀ ਕਰੈ ॥**

ਐਸੀ ਨਿਰਵਕਲਪ, ਨਿਰਵਿਕਾਰ, ਨਿਸ਼ਕਿਰਿਆ, ਅਚੱਲ ਅਤੇ ਅਛੇਦ ਵਸਤੂ ਵਿੱਚ ਕੋਈ ਕਿਰਿਆ ਮੰਨ ਬੈਠਣਾ ਬਸ ਇਹ ਹੀ ਭੁੱਲ ਯਾ ਜੀਵਪੁਨਾ ਹੈ; ਯਾਨੀ ਭੁੱਲ ਅਰ ਜੀਵ ਇਕੋ ਚੀਜ ਦੇ ਦੋ ਨਾਮ ਹਨ। ਜਨਮ ਮਰਨ ਆਦਿਕ ਅਨੰਤ ਦੁਖਾਂ ਦਾ ਮੁੱਖ ਕਾਰਨ ਵੀ ਇਹ ਹੀ ਹੈ, ਹੋਰ ਕੋਈ ਦੂਸਰਾ ਕਾਰਨ ਨਹੀਂ। ਅਕਾਲ ਪੁਰਖ ਵਾਹਿਗੁਰੂ ਵਿਚ ਜਿਥੇ ਨਿਸ਼ਕਿਰਿਆ ਨਿਰਵਿਕਾਰ ਅਨੇਕਾਂ ਸੁਭਾਅ ਹਨ ਓਥੇ ਉਸ ਵਿਚ ਦਿਆਲੂ, ਕਿਰਪਾਲੂ ਸੁਭਾਵ ਵੀ ਹਮੇਸ਼ਾਂ ਸਿਥਿੱਤ ਰਹਿੰਦਾ ਹੈ। ਹਰੀ ਆਪਣੇ ਇਸ ਸੁਭਾਵ ਵਿਚ ਇਸਥਿਤ ਰਹਿੰਦਾ ਹੋਇਆ ਹੀ ਜੀਵਾਂ ਨੂੰ ਜੋ ਭੁੱਲ ਕਰਕੇ ਅਨੰਤ ਦੁਖਾਂ ਦਾ ਸ਼ਿਕਾਰ ਹੋ ਰਹੇ ਹਨ ਖਲਾਸੀ ਕਰਾਉਣ ਲਈ ਸਮੇਂ ਸਮੇਂ ਪ੍ਰਗਟ ਹੁੰਦਾ ਰਹਿੰਦਾ ਹੈ। ਸ਼ਾਇਦ ਭੱਟਾਂ ਨੇ ਵੀ ਅਕਾਲ ਪੁਰਖ ਦੀ ਉਸ ਅਬਿਚਲ ਮਹਿਮਾ ਵਿਚ ਸਥਿੱਤ ਹੋ ਕੇ ਹੀ ਉਚਾਰਿਆ ਹੈ—

**ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥**
**ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥**
**ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥**
**ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥**
**ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥**
**ਸ੍ਰੀ ਗੁਰੂ ਰਾਜ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥**

ਹੇ ਹਰੀ! ਸਤਿਜੁਗ ਵਿਚ ਤੈਨੂੰ ਬਾਵਨ ਰੂਪ ਕਹਾਉਣਾ ਚੰਗਾ ਲੱਗਿਆ ਤ੍ਰੇਤੈ ਵਿਚ ਤੈਂ ਰਾਮ ਕਹਾਇਆ, ਦੁਆਪਰ ਵਿਚ ਤੈਂ ਹੀ ਕ੍ਰਿਸ਼ਨ ਮੁਰਾਰ ਕਹਾਇਆ ਅਤੇ ਕਲਯੁਗ ਵਿਚ ਗੁਰੂ ਨਾਨਕ, ਗੁਰੂ ਅੰਗਦ ਅਤੇ ਗੁਰੂ ਅਮਰਦਾਸ ਆਦਿਕ ਦਸ ਜਾਮੇ ਧਾਰਨ ਕੀਤੇ। ਤੇਰਾ ਰਾਜ ਹਮੇਸ਼ਾ ਸਥਿਰ ਹੈ ਤੂੰ ਆਪਣੀ ਮਹਿਮਾਂ ਵਿਚ ਹਮੇਸ਼ਾ ਸਥਿੱਤ ਹੈ। ਐਸੇ ਅਨੰਤ ਗੁਣਾਂ ਵਾਲੇ ਨਿਰਾਕਾਰ ਅਕਾਲ ਪੁਰਖ ਵਾਹਿਗੁਰੂ ਦੀ ਮਹਿਮਾਂ ਬਾਰੇ ਇਕ ਅੱਖਰ ਵੀ ਕਹਿਣਾ ਮੁਸ਼ਕਲ ਹੀ ਨਹੀਂ ਬਲਕਿ ਅਸੰਭਵ ਹੈ ਯਾਨੀ ਉਸ ਦੀ ਮਹਿਮਾਂ ਅਲੇਖ ਹੈ ਭਾਵ ਅਖਰਾਂ ਦਾ ਵਿਸ਼ਾ ਹੀ ਨਹੀਂ ਤਦ ਹੀ ਗੁਰੂ ਸਾਹਿਬ ਜੀ ਨੇ ਫੁਰਮਾਨ ਕੀਤਾ ਹੈ —

**ਮਹਿਮਾ ਨਾ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥**
**ਅਵਤਾਰ ਨਾ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤ ॥**
**ਅਪਨੀ ਗਤਿ ਆਪਿ ਜਾਨੈ। ਸੁਣਿ ਸੁਣਿ ਅਵਰ ਵਖਾਨੈ ॥ ਰਹਾਉ ॥**
**ਸੰਕਰਾ ਨਹੀ ਜਾਨਹਿ ਭੇਵ ॥ ਖੋਜਤ ਹਾਰੇ ਦੇਵ ॥**
**ਦੇਵੀਆ ਨਹੀ ਜਾਨੈ ਮਰਮ ॥ ਸਭ ਊਪਰਿ ਅਲਖ ਪਾਰਬ੍ਰਹਮ ॥**

ਨਿਰਾਕਾਰ ਅਕਾਲ ਪੁਰਖ ਵਾਹਿਗੁਰੂ ਦੀ ਅੰਤਰੀਵ ਅਤੇ ਪੂਰੀ ਪੂਰੀ ਮਹਿਮਾਂ, ਉਹ ਖੁਦ ਹੀ ਜਾਨਦਾ ਹੈ ਕੋਈ ਦੂਸਰਾ ਨਹੀਂ। ਹਾਂ! ਉਸ ਦੀ ਕੁਛ ਪਰਸੰਵੇਦਯ ਮਹਿਮਾਂ ਹੈ ਜੋ ਸਮੇਂ ਸਮੇਂ ਤੇ ਸਰਗੁਣ ਰੂਪ ਵਿਚ ਕਰਦਾ ਰਹਿੰਦਾ ਹੈ, ਉਹ ਭਾਵੇਂ ਵਿਸ਼ੇਸ਼ ਤੌਰ ਤੇ ਅਵਤਾਰ ਧਾਰਣ ਕਰਕੇ ਕਰੇ, ਭਾਵੇਂ ਅਪਣੇ ਵਿਚ ਅਭੇਦ ਕਰਕੇ ਮਹਾਂਪੁਰਸ਼ਾਂ ਦੇ ਸ਼ਰੀਰ ਦੁਆਰਾ ਕਰੇ। ਸਰਗੁਣ ਰੂਪ ਵਿਚ ਕੀਤੇ ਅਸਚਰਜ ਕੌਤਕਾਂ ਦਾ ਸੰਖੇਪ ਜਿਹਾ ਵਰਨਣ ਜੁਬਾਨ ਦੁਵਾਰਾ ਵੀ ਕੀਤਾ ਜਾਂਦਾ ਹੈ ਅਤੇ ਕਲਮ ਸਿਆਹੀ ਦੁਆਰਾ ਕਾਗਜ ਤੇ ਲਿਖਿਆ ਵੀ ਜਾਂਦਾ ਹੈ। ਦਾਨੇ ਸੱਜਨ ਅਪਣਾ ਜੀਵਨ ਸਫਲਾ ਕਰਨ ਲਈ ਆਦਿ ਤੋਂ ਅਜਿਹੇ ਕੌਤਕਾਂ ਦਾ ਵਰਨਣ ਜੁਬਾਨ ਦੁਆਰਾ ਕਰਦੇ ਵੀ ਆਏ ਹਨ ਅਤੇ ਕਲਮ ਦੁਆਰਾ ਲਿਖਦੇ ਵੀ ਆਏ ਹਨ ਅਤੇ ਅੱਗੇ ਨੂੰ ਅਜਿਹਾ ਕਰਦੇ ਵੀ ਰਹਿਣਗੇ, ਕਿਉਂਕਿ ਅਜਿਹਾ ਕਰਨਾ ਹਰੀ ਨੂੰ ਸਭ ਤੋਂ ਪਿਆਰਾ ਲਗਦਾ ਹੈ। ਯਥਾ ਗੁਰੂ ਵਾਕ –

**ਜੋ ਹਰਿ ਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ ॥**
**ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ ॥**

ਸਪੱਸ਼ਟ ਹੈ ਕਿ ਹਰੀ ਦੇ ਪਿਆਰਿਆਂ ਦੀ ਉਸਤਤੀ ਹੀ ਹਰੀ ਦੀ ਵਡਿਆਈ ਹੈ ਅਤੇ ਇਹ ਹੀ ਹਰੀ ਨੂੰ ਚੰਗੀ ਲਗਦੀ ਹੈ।

ਇਸ ਹਥਲੀ ਪੁਸਤਕ 'ਅਸਚਰਜ ਵਸਤੁ' ਵਿਚ ਵੀ ਹਰੀ ਵੱਲੋਂ ਸਰਗੁਣ ਰੂਪ ਵਿਚ ਕੀਤੇ ਕੁੱਝ ਅਸਚਰਜ ਕੌਤਕਾਂ ਦਾ ਹੀ ਸੰਖੇਪ ਜਿਹਾ ਵਰਨਣ ਹੈ। ਇਸ ਪੁਸਤਕ ਨੂੰ ਲਿਖਣ ਦੀ ਪ੍ਰੇਰਨਾ ਵੀ ਪ੍ਰਭੂ ਪ੍ਰੀਤਮ ਨੇ ਆਪ ਹੀ ਕੀਤੀ ਸਮਝੀਏ ਕਿਉਂਕਿ ਜੀਵਾਂ ਦੀ ਪਰੇਰਕ ਸ਼ਕਤੀ ਵੀ ਹਰੀ ਦਾ ਸੁਭਾਅ ਹੀ ਹੈ, ਜਿਸ ਦੁਆਰਾ ਸਾਰੀ ਚਰ-ਅਚਰ ਸਰਿਸ਼ਟੀ ਹਰਕਤ ਵਿਚ ਆਉਂਦੀ ਹੈ। ਉਸ ਤੋਂ ਬਗੈਰ ਸਾਰੇ ਜੀਵ ਕਾਠ ਦੀਆਂ ਨਿਰਜਿੰਦ ਪੁਤਲੀਆਂ ਹੀ ਹਨ। ਹਾਂ! ਇਹ ਬਾਤ ਅਲੱਗ ਹੈ ਕਿ ਪਰੇਰਨਾ ਨਿਰਗੁਣ ਰੂਪ ਵਿਚ ਹੋਈ ਜਾਂ ਸਰਗੁਣ ਰੂਪ ਵਿਚ ਹੋਈ ਲੇਕਿਨ ਹੋਈ ਵਾਹਿਗੁਰੂ ਵੱਲੋਂ ਹੀ, ਬਲਕਿ ਪਰੇਰਨਾ ਹੀ ਨਹੀਂ ਕੀਤੀ ਸਗੋਂ ਇਹ ਸਰੀਰ, ਮਨਬੁੱਧੀ ਅਤੇ ਕਲਮ ਫੜਣ ਵਾਲੇ ਹੱਥ ਰੂਪੀ ਗੱਡੀ ਦਾ ਸਟੇਰਿੰਗ ਹਰੀ ਨੇ ਅਪਣੇ ਕਰਤਾਪਨ ਦੇ ਸੁਭਾਵ ਦੁਆਰਾ ਆਪ ਹੀ ਕੰਟਰੋਲ ਕੀਤਾ। ਅਸਥੂਲ ਮਨਬੁੱਧੀ ਅਤੇ ਨੇਤਰਾਂ ਨੂੰ ਇਹ ਬਾਤ ਭਾਵੇਂ ਓਪਰੀ ਜਿਹੀ ਜਾਪੇ ਲੇਕਿਨ ਹੈ ਵਾਸਤਵ ਸਚਾਈ।

ਇਸ ਪੁਸਤਕ ਦੇ ਛੇ ਅਧਿਆਇ ਹਨ। ਪਹਿਲੇ ਵਿਚ ਮਨੁੱਖ ਜਨਮ ਦਾ ਨਿਸ਼ਾਨਾ, ਨਿਸ਼ਾਨੇ ਤੇ ਪਹੁੰਚਣ ਵਿਚ ਮਾਇਆ ਦੀ ਰੁਕਾਵਟ ਅਤੇ ਮਾਇਆ ਦਾ ਸਰੂਪ ਸਮਝ ਕੇ ਉਸ ਨੂੰ ਪਾਰ ਕਰ ਜਾਣਾ ਇਤਿਆਦਿਕ ਵਿਚਾਰ ਅਤੇ ਨਿਰਮਲ ਸੰਪ੍ਰਦਾਇ ਦਾ ਸੰਖੇਪ ਜਿਹਾ ਇਤਿਹਾਸ ਦਰਜ ਹੈ। ਨਿਰਮਲ ਸੰਪ੍ਰਦਾਇ ਦੇ ਇਤਿਹਾਸ ਵਿਚ ਕੋਈ ਭੇਖਾਂ ਮਜਹਬਾਂ ਦੀ ਖਿੱਚ ਧੂ ਨਹੀਂ ਕੀਤੀ ਗਈ ਅਤੇ ਨਾ ਹੀ ਇਹ ਹਰੀ, ਅਤੇ ਹਰੀ ਦੇ ਸਰੂਪ ਗੁਰੂਆਂ ਪੀਰਾਂ ਨੂੰ ਚੰਗੀ ਲਗਦੀ ਹੈ। ਦਸ਼ਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਆਪ ਹੀ ਵਰਨਣ ਕਰ ਰਹੇ ਹਨ—

**ਇਹ ਬਿਧ ਕਰਤ ਤਪਸਯਾ ਭਯੋ ॥ ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥**

ਏਸ ਅਵਸੱਥਾ ਵਿਚ ਇਸਥਿਤ ਹੋ ਕੇ ਯਾਨੀ ਪੂਰਨ ਤੋਰ ਤੇ ਹਰੀ ਵਿਚ ਅਭੇਦ ਹੋਕੇ ਭੇਖ ਅਭਿਮਾਨੀਆਂ ਨੂੰ ਹੁਕਮ ਕਰ ਰਹੇ ਹਨ—

**ਸੁਆਂਗਨ ਮੈ ਪਰਮੇਸਰ ਨਾਹੀ ॥ ਖੋਜ ਫਿਰੈ ਸਭ ਹੀ ਕੋ ਕਾਹੀ ॥**

ਯਥਾ : **ਕਿਸੂ ਨ ਭੇਖ ਭੀਜ ਹੋ ॥ ਅਲੇਖ ਬੀਜ ਬੀਜ ਹੋਂ ॥**

**ਪਖਾਣ ਪੂਜ ਹੋ ਨਹੀ ॥ ਨ ਭੇਖ ਭੀਜ ਹੌ ਕਹੀਂ ॥**

**ਅਨੰਤ ਨਾਮ ਗਾਏ ਹੈਂ। ਪਰਮ ਸੁਖ ਪਾਏ ਹੈਂ।**

ਦਸ਼ਮੇਸ਼ ਪਿਤਾ ਨੂੰ ਸੁਆਲ ਕੀਤਾ ਗਿਆ ਕਿ ਭੇਖਾਂ ਦੇ ਅਭਿਮਾਨ ਦਾ ਆਪ ਜੋਰਦਾਰ ਖੰਡਨ ਕਰ ਰਹੇ ਹੋ, ਫਿਰ ਆਪ ਨੇ ਜੋ ਖਾਲਸਾ ਪੰਥ ਦੀ ਸਾਜਨਾ ਕੀਤੀ ਹੈ ਉਸ ਦੀ ਪਰਿਭਾਸ਼ਾ ਕੀਹ ਹੈ ? ਸ਼ੰਕਾਵਾਦੀ ਦਾ ਸ਼ੰਕਾ ਸੁਣ ਕੇ ਕਲਗੀਧਰ ਪਿਤਾ ਨੇ ਉਚਾਰਣ ਕੀਤਾ —

**ਖਾਲਸ ਖਾਸ ਕਹਾਵੈ ਸੋਈ ॥ ਜਾ ਕੈ ਹਿਰਦੈ ਭਰਮ ਨ ਹੋਈ ॥**

**ਯਥਾ** : **ਭਰਮ ਭੇਖ ਤੇ ਰਹੈ ਨਿਆਰਾ ॥ ਸੋ ਖਾਲਸਾ ਸਤਿਗੁਰੂ ਹਮਾਰਾ ॥**

ਗੁਰੂ ਘਰ ਦੇ ਵੇਦ ਵਿਆਸ ਭਾਈ ਸਾਹਿਬ ਭਾਈ ਗੁਰਦਾਸ ਜੀ ਹੋਰ ਗਵਾਈ ਦਿੰਦੇ ਹਨ —

**ਭੇਖੀਂ ਪ੍ਰਭੂ ਨਾ ਪਾਈਐ ਆਪ ਗਵਾਏ ਰੂਪ ਨ ਰੇਖੈ ॥**

**ਗੁਰਮੁਖ ਵਰਨ ਅਵਰਨ ਹੋਏ ਨਿਵ ਚਲਣਾ ਗੁਰਸਿਖ ਵਿਸੇਖੈ ॥**

**ਤਾਂ ਕਛ ਘਾਲਿ ਪਵੈ ਦਰਿ ਲੇਖੈ ॥**

ਯਥਾ ਗੁਰਬਾਣੀ :

**ਬਾਹਰਿ ਭੇਖ ਅੰਤਰਿ ਮਲੁ ਮਾਇਆ। ਛਪਸਿ ਨਾਹਿ ਕਛੁ ਕਰੈ ਛਪਾਇਆ ॥**

ਯਥਾ : **ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿਧਾਵੈ ॥**

**ਹਉਮੈ ਬਿਆਪਿਆ ਸਬਦ ਨ ਚੀਨੈ ਫਿਰਿ ਫਿਰਿ ਜੂਨੀ ਆਵੈ ॥**

ਯਥਾ : **ਜਾਨਨਹਾਰ ਪ੍ਰਭੂ ਪਰਬੀਨ ॥ ਬਾਹਰਿ ਭੇਖ ਨ ਕਾਹੂ ਭੀਨ ॥**

ਯਥਾ : **ਭੇਖੀ ਹਾਥ ਨ ਲਭਈ ਤੀਰਥਿ ਨਹੀ ਦਾਨੇ ॥**

**ਪੂਛਉ ਬੇਦ ਪੜੰਤਿਆ ਮੂਠੀ ਵਿਣੁ ਮਾਨੇ ॥**

ਅਗਰ ਵਿਚਾਰ ਕੇ ਦੇਖਿਆ ਜਾਵੇ ਤਾਂ ਭੇਖ ਕੋਈ ਬੁਰੀ ਵਸਤੂ ਨਹੀਂ ਬਲਕਿ ਭੇਖਾਂ ਦਾ ਅਭਿਮਾਨ ਬੁਰਾ ਹੈ ਕਿਉਂਕਿ ਸ਼ਰੀਰ ਤੇ ਵਸਤਰ ਸਰੀਰ ਦੀ ਪ੍ਰਾਲਭਦ ਅਨੁਸਾਰ ਹੀ ਰਹਿੰਦੇ ਹਨ ਨਾ ਕਿ ਮਨ ਮਰਜੀ ਨਾਲ ਪਹਿਨੇ ਜਾਂਦੇ ਹਨ। ਇਸ ਗਲ ਦੀ ਗੁਵਾਹੀ ਭਗਤ ਤ੍ਰਿਲੋਚਨ ਜੀ ਠੋਸ ਸ਼ਬਦਾਂ ਵਿਚ ਦਿੰਦੇ ਹਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਪ੍ਰਕਾਰ ਹੈ—

**ਦਾਧਈਲੇ ਲੰਕਾ ਗੜ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣ ਤੋਖੀਲੇ ਹਰੀ ॥**

**ਕਰਮ ਕਰਿ ਕਛਉਟੀ ਮਫੀਟਸਿ ਰੀ ॥**

**ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ ਤਾਂ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ ॥**

**ਬਦਤਿ ਤ੍ਰਿਲੋਚਨ ਰਾਮ ਜੀ ॥**

ਹਨੂਮਾਨ ਜੀ ਨੇ ਲੰਕਾ ਰੂਪੀ ਕਿਲੇ ਨੂੰ ਸਾੜਿਆ, ਰਾਵਣ ਦੇ ਅਸ਼ੋਕ ਬਣ ਨੂੰ ਪੁਟ ਕੇ ਬਰਬਾਦ ਕਰ ਦਿਤਾ ਅਤੇ ਸੰਜੀਵਨੀ ਬੂਟੀ ਹਰੀ ਦੇ, ਭਾਵ ਰਾਮ ਜੀ ਦੇ ਚਰਨਾਂ ਤੇ ਲਿਆ ਕੇ ਰੱਖ ਦਿਤੀ। ਏਨਾ ਕੁਝ ਕਰਨ ਦੇ ਬਾਵਜੂਦ ਵੀ ਤਨ ਢੱਕਣ ਲਈ ਕੇਵਲ ਕੱਛ ਹੀ ਮਿਲੀ। ਕੱਛ ਤੋਂ ਬਗੈਰ ਕੋਈ ਦੂਸਰਾ ਕਪੜਾ ਤਨ ਢੱਕਣ ਲਈ ਪੂਰੀ ਜ਼ਿੰਦਗੀ ਪ੍ਰਾਪਤ ਨਹੀਂ ਹੋਇਆ, ਕਿਉਂਕਿ ਪੂਰਵ ਦੇ ਜਨਮਾਂ ਦਾ ਕੀਤਾ ਕਰਮ ਕੋਈ ਇਹੋ ਜਿਹਾ ਹੀ ਸੀ ਜੋ ਭਗਵਾਨ ਦਾ ਭਗਤ ਹੋਣ ਦੇ ਬਾਵਜੂਦ ਹੀ ਅਮੇਟ ਰਿਹਾ। ਫਿਰ ਬਾਹਰ ਭੇਖ ਦਾ ਅਭਿਮਾਨ ਕੀਹ ਜਦੋਂ ਮਿਲਦਾ ਹੀ ਸਰੀਰ ਦੀ ਪ੍ਰਾਲਭਦ ਅਨੁਸਾਰ ਹੈ ? ਇਸ ਲਈ ਨਿਰਮਲ ਸੰਪ੍ਰਦਾਇ ਦੇ ਸੰਖੇਪ ਇਤਿਹਾਸ ਵਿਚ ਕਿਸੇ ਬਾਹਰ ਬਣਤਰ ਦਾ ਜਿਕਰ ਨਹੀਂ ਕੀਤਾ ਗਿਆ। ਸੰਸਾਰ ਵਿਚ ਹਰੀ ਦੇ ਦੇਸ਼ ਪਹੁੰਚਨ ਲਈ ਹਜਾਰਾਂ ਮਾਰਗ ਹਨ ਜੋ ਆਪਣੀ ਆਪਣੀ ਜਗਾ ਠੀਕ ਹੀ ਹੋਣਗੇ ਪਰੰਤੂ ਗੁਰੂ ਨਾਨਕ ਦੇ ਘਰ ਦਾ ਪ੍ਰੇਮਾ ਭਗਤੀ ਮਾਰਗ ਜੋ ਪੂਰਬਲੇ ਸੰਜੋਗ ਅਤੇ ਅਕਾਲ ਪੁਰਖ ਦੀ ਕ੍ਰਿਪਾ ਦੁਆਰਾ ਪ੍ਰਾਪਤ ਹੋਇਆ ਦਾ ਸੰਖੇਪ ਜਿਕਰ ਹੈ ਜੋ ਪਹਿਲੇ

ਅਧਿਆਇ ਵਿਚ ਅੰਕਿਤ ਹੈ। ਇਸ ਦੀ ਜਿਆਦਾ ਇਤਿਹਾਸਿਕ ਜਾਣਕਾਰੀ ਨਿਰਮਲ ਪੰਥ ਪ੍ਰਦੀਪਕਾ ਆਦਿ ਗਿਆਨੀ ਗਿਆਨ ਸਿੰਘ ਰਚਿਤ ਗ੍ਰੰਥਾਂ ਵਿਚੋਂ ਲੈ ਕਿ ਪ੍ਰਮੇਸ਼ਰ ਦੀ ਪ੍ਰੇਰਕ ਸ਼ਕਤੀ ਦੀ ਪ੍ਰੇਰਨਾ ਅਨੁਸਾਰ ਦਰਜ ਕੀਤੀ ਗਈ ਹੈ, ਜਿਸ ਦਾ ਮੁੱਖ ਇਸ਼ਾਰਾ ਪ੍ਰੇਮਾ ਭਗਤੀ ਦੁਆਰਾ ਕੇਵਲ ਪ੍ਰਭੁ ਮਿਲਾਪ ਵਲ ਹੀ ਹੈ। ਬਸ ਇਸ ਤੋਂ ਵਧ ਹੋਰ ਕੋਈ ਰੱਤੀ ਮਾਤ੍ਰ ਵੀ ਦੂਸਰਾ ਮਨੋਰਥ ਨਹੀਂ।

ਅਗਲੇ ਪੰਜ ਪਰਕਰਣਾਂ ਵਿਚ ਹਰੀ ਨੇ ਸਮੇਂ ਸਮੇਂ ਪੰਜ ਹਿਰਦਿਆਂ ਵਿਚ ਸਥਿੱਤ ਹੋਕੇ ਜੋ ਜੋ ਮਨੁਖੀ ਨਾਟ ਕੀਤੇ ਉਨ੍ਹਾਂ ਦਾ ਸੰਖੇਪ ਜਿਹਾ ਜਿਕਰ ਹੈ ਕਿਉਂਕਿ ਹਰੀ ਦੇ ਪਿਆਰਿਆਂ ਦੀ ਮਹਿਮਾ ਦਾ ਪੂਰਾ ਪੂਰਾ ਵਰਨਣ ਤਾਂ ਕੋਈ ਕਰ ਹੀ ਨਹੀਂ ਸਕਦਾ ਜਿਸ ਦਾ ਜਿਕਰ ਹਰੀ ਨੇ ਆਪ ਹੀ ਕੀਤਾ ਹੈ —

ਸੰਤਨ ਕੀ ਮਹਿਮਾ ਕਵਨ ਵਖਾਨਉ ॥ ਅਗਾਧਿ ਬੋਧਿ ਕਿਛੁ ਮਿਤਿ ਨਹੀ ਜਾਨਉ।

ਅਭੇਦ ਅਵਸਥਾ ਵਿਚ ਸਥਿੱਤ ਹੋਏ ਮਹਾਪੁਰਸ਼ਾਂ ਦੇ ਇਲਾਹੀ ਕੌਤਕ ਮਨ ਬੁੱਧੀ ਦਾ ਵਿਸ਼ਾ ਹੀ ਨਹੀਂ ਕਿਉਂਕਿ ਉਹ ਬਦੇਹ ਅਵਸਥਾ ਵਿਚ ਸਥਿੱਤ ਹੋਣ ਕਰਕੇ ਅੰਤਰ ਧਿਆਨ ਹੋਏ ਅਨੇਕਾਂ ਅਜਿਹੇ ਅੰਤਰੀਵ ਕੌਤਕ ਕਰਦੇ ਰਹਿੰਦੇ ਹਨ ਜਿਨਾਂ ਦੀ ਭਿਣਕ ਤਕ ਵੀ ਸ਼ਰਧਾਲੂਆਂ ਨੂੰ ਨਹੀਂ ਪੈਂਦੀ। ਪਰੰਤੂ ਫਿਰ ਵੀ ਪ੍ਰੇਰਕ ਪ੍ਰਭੂ ਸਮੇਂ ਸਮੇਂ ਕਿਸੇ ਹਿਰਦੇ ਵਿਚ ਬੈਠਕੇ ਆਪਣੇ ਪਿਆਰਿਆਂ ਦੇ ਕੁੱਝ ਕੌਤਕ ਮੂਰਤੀਮਾਨ ਕਰਦਾ ਰਹਿੰਦਾ ਹੈ ਤਾਂ ਕਿ ਉਹਨਾਂ ਨੂੰ ਪੜ੍ਹ ਸੁਣਕੇ ਸੰਸਾਰ ਜੰਗਲ ਵਿਚ ਭਟਕੇ ਕੁਝ ਹਿਰਦੇ ਪੰਘਰ ਕੇ ਉਤਸ਼ਾਹਜਨਕ ਹੋਣ ਅਤੇ ਫਿਰ ਅਸਲੀਅਤ ਨੂੰ ਸਮਝ ਕੇ ਸਦਾ ਲਈ ਸੁਖੀ ਹੋ ਜਾਣ। ਜਿਵੇਂ ਸਿਆਣਾ ਹਲਵਾਈ ਚੌਲਾਂ ਦੇ ਕੜਾਹੇ ਵਿੱਚੋਂ ਇਕ ਦੋ ਚੌਲ ਦੇਖ ਕੇ ਹੀ ਕੱਚੇ ਪੱਕੇ ਹੋਣ ਦਾ ਅੰਦਾਜਾ ਲਗਾ ਲੈਂਦਾ ਹੈ, ਕੜਾਹੇ ਦੇ ਸਾਰੇ ਚੌਲ ਨਹੀਂ ਚੈਕ ਕਰਦਾ ਅਤੇ ਨਾ ਹੀ ਐਸਾ ਕਰਨਾ ਸੰਭਵ ਹੈ। ਇਸੇ ਤਰ੍ਹਾਂ ਹੀ ਇਸ ਪੁਸਤਕ ਵਿਚ ਵਰਨਣ ਹੋਏ ਮਹਾਪੁਰਸ਼ਾਂ ਦੇ ਸੰਖੇਪ ਜੀਵਨ ਪੜ੍ਹ ਸੁਣਕੇ ਸ਼ਰਧਾਵਾਨ ਹਿਰਦੇ ਅੰਦਾਜਾ ਲਗਾ ਸਕਣਗੇ ਕਿ ਗਿਆਨ ਅਗਨੀ ਵਿਚ ਲਾਲ ਹੋ ਕੇ ਸਹਿਜ ਸੁਭਾ ਹੀ ਮਹਾਂਪੁਰਸ਼ਾਂ ਤੋਂ ਪਰਉਪਕਾਰ ਅਤੇ ਲੋਕ ਭਲਾਈ ਦੇ ਕਿੰਨੇ ਕਾਰਜ ਹੋਏ, ਉਨ੍ਹਾਂ ਦੀ ਇਲਾਹੀ ਮਹਿਕ ਤੋਂ ਕਿੰਨੇ ਭੌਰਿਆਂ ਨੇ ਖੁਸ਼ਬੂ ਪ੍ਰਾਪਤ ਕੀਤੀ ਅਤੇ ਉਨ੍ਹਾਂ ਦੀ ਜਗਦੀ ਲੋ ਨਾਲ ਕਿਨੇ ਦੀਵੇ ਜਗੇ। ਗ੍ਰੰਥ ਦਾ ਆਕਾਰ ਵਧ ਜਾਣ ਦੇ ਡਰੋਂ ਹੁਣ ਲੀਲ੍ਹਾ ਸੰਕੋਚਣੀ ਹੀ ਠੀਕ ਹੈ ਕਿਉਂਕਿ ਭਾਈ ਸਾਹਿਬ ਭਾਈ ਗੁਰਦਾਸ ਜੀਆਂ ਦਾ ਕਥਨ ਹੈ—

ਲਖ ਉਪਮਾ ਉਪਮਾ ਕਰੈ, ਉਪਮਾ ਨਾ ਵਖਾਣੈ ॥
ਲਖ ਮਹਿਮਾ ਮਹਿਮਾ ਕਰੈ ਮਹਿਮਾ ਹੈਰਾਣੈ ॥
ਲਖ ਮਹਾਤਮ ਮਹਾਤਮਾ ਨ ਮਹਾਤਮ ਜਾਣੈ ॥
ਲਖ ਉਸਤਤ ਉਸਤਤ ਕਰੈ ਉਸਤਤ ਨ ਸਿੰਞਾਣੈ ॥
ਆਦਿ ਪੁਰਖ ਆਦੇਸ਼ ਹੈ ਮੈਂ ਮਾਣ ਨਿਮਾਣੈ ॥

॥ *ਕਰਤਾ* ॥

# ਕੀਹ ਕਿਥੇ ?

## ਅਧਿਆਇ ਪਹਿਲਾ

## ਮਨੁੱਖ ਜਨਮ ਦੀ ਸਫਲਤਾ


1.1. ਮਨੁੱਖ ਦੇਹੀ ਦੀ ਮਹਾਨਤਾ 1
1.2. ਵਿਛੋੜੇ ਦਾ ਕਾਰਨ 4
1.3. ਮਾਇਆ ਅਤੇ ਉਸਦਾ ਸਰੂਪ 5
1.4. ਗੁਰਮੁੱਖਤਾ ਦੀ ਸੂਝ 13
1.5. ਨਿਰਮਲ ਸੰਪ੍ਰਦਾਇ 22
1.6. ਦੇਵ ਰਿਸ਼ੀ ਨਾਰਦ ਜੀ ਦਾ ਕਲਗੀਧਰ ਜੀ ਦੇ ਦਰਸ਼ਨਾਂ ਲਈ ਆਉਣਾ 23
1.7. ਖਾਲਸਾ ਪੰਥ ਦੀ ਸਾਜਨਾ 26
1.8. ਸਿੱਖਾਂ ਦਾ ਵਿਦਿਆ ਪੜਕੇ ਕਾਸ਼ੀ ਤੋਂ ਵਾਪਸ ਆਉਣਾ 27
1.9. ਹਜੂਰ ਨੇ ਭਗਵਾਂ ਭੇਸ ਧਾਰਨ ਕਰਕੇ ਲੰਗਰਾਂ ਦੀ ਪ੍ਰੀਖਿਆ ਕਰਨੀ 28
1.10. ਸਾਧੂਆਂ ਦੇ ਸ਼ੰਕੇ ਦਾ ਉੱਤਰ 29
1.11. ਭਾਈ ਗੰਡਾ ਸਿੰਘ ਨੂੰ ਸੰਪ੍ਰਦਾ ਸੌਂਪਣੀ 31
1.12. ਨਿਰਮਲ ਸੰਪਰਦਾਇ ਦਾ ਨਾਦੀ ਬੰਸ 32


## ਅਧਿਆਇ ਦੂਜਾ

## ਮਹੰਤ ਬੁੱਢਾ ਸਿੰਘ ਜੀ ਮਹਾਰਾਜ


2.1. ਜੀਵਨ ਚਰਿੱਤ੍ਰ ਸ੍ਰੀਮਾਨ ੧੦੮ ਮਹੰਤ ਬਾਬਾ ਬੁੱਢਾ ਸਿੰਘ ਜੀ ਮਹਾਰਾਜ 33
2.2. ਸੈਣਾ ਸਿੰਘ ਜੀ 34
2.3. ਪ੍ਰਤਾਪ ਸਿੰਘ ਹੱਲੋਵਾਲ 36
2.4. ਜਨਮ 37
2.5. ਸੰਤ ਧਰਮ ਸਿੰਘ ਜੀ ਸਮਾਧੀ ਵਾਲੇ 38
2.6. ਬਾਬਾ ਬੁੱਢਾ ਸਿੰਘ ਜੀ 39
2.7. ਬਾਬਾ ਬੁੱਢਾ ਸਿੰਘ ਜੀ ਵੱਲੋਂ ਕਟਾਸਰਾਜ ਤੀਰਥ ਦੀ ਯਾਤਰਾ ਕਰਨੀ 43
2.8. ਸ੍ਰੀ ਪੰਜਾ ਸਾਹਿਬ ਜੀ ਦੀ ਯਾਤਰਾ ਕਰਨੀ 49
2.9. ਹੋਤੀ ਮਰਦਾਨ ਦੀ ਯਾਤਰਾ 52
2.10. ਕਪੂਰੇ ਦੀ ਗੜ੍ਹੀ ਪਿੰਡ ਜਾਣਾ 52
2.11. ਇਕ ਮੁਸਲਮਾਨ ਲੜਕੇ ਦਾ ਦਰਦ ਬੰਦ ਹੋਣਾ 56
2.12. ਦੁਬਾਰਾ ਹੋਤੀ ਮਰਦਾਨ ਜਾਣਾ 57
2.13. ਅਮਰਨਾਥ ਦੀ ਯਾਤਰਾ 58
2.14. ਮਿਸਟਰ ਮੈਕਾਲਫ ਨੂੰ ਗੁਰਬਾਣੀ ਦੇ ਅਰਥਾਂ ਵਿਚ ਸਹਾਇਤਾ ਕਰਨ ਲਈ ਸਿਆਲਕੋਟ ਜਾਣਾ 64
2.15. ਸੰਮਤ 1947 ਦਾ ਹਰਦੁਆਰ ਦਾ ਕੁੰਭ 73
2.16. ਕੁੰਭ ਮੇਲੇ ਤੇ ਦੂਸਰੇ ਦਿਨ ਕਥਾ ਕਰਨੀ 75
2.17. 1894 ਈਸਵੀ ਵਿਚ ਪ੍ਰਾਗਰਾਜ ਦੀ ਅਰਧ ਕੁੰਭੀ ਤੇ ਜਾਣਾ 87
2.18. ਪੂਰਬ ਦੇ ਹੋਰ ਅਸਥਾਨਾਂ ਦੀ ਯਾਤਰਾ 90
2.19. ਪਹਿਲੀ ਵਾਰ ਸਿੰਧ ਜਾਣਾ 95
2.20. ਰੰਮਤ ਦਾ ਮੁਖੀ ਥਾਪਨਾ 96
2.21. ਗੋਦਾਵਰੀ ਦੇ ਕੁੰਭ ਤੇ ਜਾਣਾ 97
2.22. ਉਜੈਨ ਦਾ ਕੁੰਭ 97
2.23. ਗੰਗਾ ਅਤੇ ਸਾਧੂ 101
2.24. ਨਿਰਮਲ ਆਸ਼ਰਮ ਦਾ ਆਰੰਭ 104
2.25. 1904 ਦੀ ਸਿੰਧ ਫੇਰੀ 104

2.26. 1908 ਦੀ ਅਰਧ-ਕੁੰਭੀ ਅਤੇ ਮਹੰਤ ਆਤਮਾ ਸਿੰਘ ਜੀ ਦਾ ਸ਼ਰਣ ਆਉਣਾ 105
2.27. 1910 ਈ. ਦੀ ਸਿੰਧ ਫੇਰੀ 106
2.28. ਨਿਰਮਲ ਬਾਗ ਕਨਖਲ ਦਾ ਜਨਮ 106
2.29. 1911 ਵਿਚ ਸਿੰਧ ਜਾਣਾ 106
2.30. ਮੂਲੀ ਬਾਈ 108
2.31. ਜੇਠ ਮੱਲ ਮੱਘਰ ਮੱਲ ਚੈਨਾਨੀ 109
2.32. ਸ੍ਰੀ ਹੀਰਾਨੰਦ ਮੀਰਚੰਦਾਨੀ 110
2.33. ਸ੍ਰੀ ਲੰਕਾ ਜਾਣਾ 111
2.34. ਫੌਜੀ ਅਫਸਰ ਕਰਨਲ 112
2.35. ਮਨਸੂਰੀ ਵਿਚ 115
2.36. ਹੈਦਰਾਬਾਦ ਗੁਰਸੰਗਤ ਦਰਬਾਰ ਦੀ ਨੀਂਹ ਰਖਣੀ 115
2.37. ਬਾਬਾ ਜੀ ਨੂੰ ਨਮੂਨੀਆਂ ਹੋਣਾ 116
2.38. ਮਹੰਤ ਨਾਰਾਇਣ ਸਿੰਘ ਜੀ 118
2.39. ਗੋਵਰਧਨ 118
2.40. ਕਾਸ਼ੀ ਵਾਲਾ ਆਸ਼ਰਮ 119
2.41. ਦੁਬਾਰਾ ਫਿਰ ਨਮੂਨੀਆ 119
2.42. ਸੰਤ ਦੇਵਾ ਸਿੰਘ ਨੇ ਬਚਨ ਨਾ ਮੰਨਣਾ 120
2.43. ਸੇਠ ਵਾਧੂਮਲ ਧਰਮਦਾਸ 121
2.44. ਮਿਸਟਰ ਮੇਘਰਾਜ ਮੂਲਜਾਨੀ 121
2.45. ਮਹਾਰਾਜ ਨਿੱਕਾ ਸਿੰਘ ਜੀ ਦਾ ਸ਼ਰਣ ਵਿਚ ਆਉਣਾ 122
2.46. ਗੁਰੂ ਘਰ ਦੀ ਸੇਵਾ ਦਾ ਫਲ 122
2.47. ਜੇਠ ਮਲ ਚੈਨਾਨੀ 123
2.48. ਮਾਸਟਰ ਪ੍ਰਤਾਪ ਰਾਏ ਟੀਕਮ ਦਾਸ ਵਾਧਵਾਨੀ 125
2.49. ਸਰਦਾਰ ਸੇਵਾ ਸਿੰਘ ਅਤੇ ਮਿਸਟਰ ਦਸੂਜਾ 126
2.50. ਸ੍ਰੀ ਨਵਲ ਰਾਏ 127
2.51. ਭਾਈ ਟੋਪਨ ਦਾਸ 128
2.52. ਸੰਤ ਆਤਮਾ ਸਿੰਘ ਜੀ ਨੂੰ ਮਹੰਤ ਥਾਪਨਾ 128
2.53. ਮਨਸੂਰੀ ਵਾਲਾ ਆਸ਼ਰਮ ਅਤੇ ਰਾਧਾਬਾਈ 129
2.54. 1934 ਤੇ 1935 ਦੀ ਸਿੰਧ ਯਾਤਰਾ 129
2.55. ਹੇਮਨ ਦਾਸ ਮੂਲ ਚੰਦ ਸ਼ਿਵਲਾਨੀ 129
2.56. ਸ੍ਰੀ ਚੂਹੜਮਲ ਸਿਪਾਹੀ ਮਿਲਾਨੀ 130
2.57. 1936 ਦੀ ਸਿੰਧ ਫੇਰੀ 131
2.58. ਹੈਦਰਾਬਾਦ ਵਾਲੇ ਆਸ਼ਰਮ ਦੀ ਨੀਂਹ 131
2.59. ਸਚਖੰਡ ਤਿਆਰੀਆਂ 131
2.60. ਮਹੰਤ ਬਾਬਾ ਬੁੱਢਾ ਸਿੰਘ ਜੀ ਦੀ ਯਾਦ ਵਿਚ ਸਿੰਧੀ ਪ੍ਰੇਮੀਆਂ ਵੱਲੋਂ ਕੁਝ ਸ਼ਰਧਾ ਦੇ ਫੁੱਲ 135
2.61. ਮਹੰਤ ਬਾਬਾ ਬੁੱਢਾ ਸਿੰਘ ਜੀ ਦੀਆਂ ਸੰਖੇਪ ਜੀਵਨ ਝਲਕਾਂ 136
2.62. ਵਿਸ਼ੇਸ਼ 137

## ਅਧਿਆਇ ਤੀਜਾ
## ਮਹੰਤ ਆਤਮਾ ਸਿੰਘ ਜੀ ਮਹਾਰਾਜ

3.1. ਜੀਵਨ ਚਰਿਤ੍ਰ ਮਹੰਤ ਆਤਮਾ ਸਿੰਘ ਜੀ 141
3.2. ਸੰਤ ਆਤਮਾ ਸਿੰਘ ਜੀ ਨੂੰ ਮਹੰਤ ਥਾਪਣਾ 145
3.3. ਮਹੰਤ ਬਨਣ ਤੋਂ ਬਾਦ ਪਹਿਲੀ ਸਿੰਧ ਫੇਰੀ 146
3.4. ਸੇਠ ਸੱਤ ਰਾਮ ਦਾਸ ਦੀਆਂ ਬੇਟੀਆਂ ਦੀ ਸ਼ਾਦੀ 147
3.5. ਮਹੰਤ ਆਤਮਾ ਸਿੰਘ ਜੀ ਦੀ ਉਦਾਰਤਾ 147
3.6. ਸ੍ਰੀ ਲੰਕਾ ਦੀ ਯਾਤਰਾ 148

3.7. ਸੰਤ ਮਾਨ ਸਿੰਘ ਜੀ ਦਾ ਪ੍ਰਲੋਕ ਗਵਨ 149
3.8. ਲਖਨਊ ਤੇ ਬੰਬਈ ਦੀ ਯਾਤਰਾ 149
3.9. 1962 ਈ: ਦਾ ਕੁੰਭ ਮੇਲਾ 150
3.10. ਅੰਤਮ ਸੇਜ 150
3.11. ਉਤਰਾਧਿਕਾਰੀ 151
3.12. ਛੇਤਰ ਸ਼ੁਰੂ ਕਰਨਾ 151
3.13. ਅਖਾੜੇ ਪ੍ਰਤੀ ਸ਼ਰਧਾ ਅਤੇ ਜੀਵਨ ਦਾਤੇ ਦੀ ਨਿਰੰਤਰ ਯਾਦ 151
3.14. ਮਿਟ ਗਏ ਗਵਨ 152
3.15. ਅੰਤਿਮ ਕਿਰਿਆ 153
3.16. ਕੁਝ ਖਾਸ ਝਲਕੀਆਂ 154

## ਅਧਿਆਇ ਚੌਥਾ

## ਮਹੰਤ ਨਾਰਾਇਣ ਸਿੰਘ ਜੀ ਮਹਾਰਾਜ

4.1. ਜੀਵਨ ਚਰਿਤ੍ਰ ਮਹੰਤ ਨਾਰਾਇਣ ਸਿੰਘ ਜੀ ਮਹਾਰਾਜ 155

## ਅਧਿਆਇ ਪੰਜਵਾਂ

## ਸੰਤ ਨਿੱਕਾ ਸਿੰਘ ਜੀ ਮਹਾਰਾਜ

5.1. ਜੀਵਨ ਲੀਲਾ ਪਰਮ ਪੂਜਨੀਕ ਸ੍ਰੀਮਾਨ ੧੦੮ ਮਹਾਰਾਜ ਨਿੱਕਾ ਸਿੰਘ ਜੀ 'ਵਿੱਰਕਤ'-ਜੰਗਲ ਤੋਂ ਮਾਲਵਾ 161
5.2. ਮਾਤਲੋਕ ਸਵਰਗਲੋਕ ਤੋਂ ਉੱਤਮ ਹੈ 161
5.3. ਮਾਤਲੋਕ ਵਿਚ ਭਾਰਤ-ਖੰਡ ਦੀ ਵਿਸ਼ੇਸ਼ਤਾ 168
5.4. ਭਾਰਤ-ਖੰਡ ਵਿਚ ਪੰਜਾਬ ਦੀ ਵਿਸ਼ੇਸ਼ਤਾ 168
5.5. ਪੰਜਾਬ ਵਿਚ ਮਾਲਵਾ ਦੇਸ਼ ਦੀ ਵਿਸ਼ੇਸ਼ਤਾ 169
5.6. ਮਾਲਵੇ ਦਾ ਕੁਝ ਪੁਰਾਤਨ ਇਤਿਹਾਸ 169
5.7. ਚਾਹਲ ਵੰਸ਼ 170
5.8. ਸੀਹਾਂ ਦੌਦ 171
5.9. ਜਨਮ 173
5.10. 1923 ਈ: ਦੀ ਕਾਰ ਸੇਵਾ ਵਿਚ ਬਾਬਾ ਬੁੱਢਾ ਸਿੰਘ ਮਹਾਰਾਜ ਜੀਆਂ ਦੇ ਪਹਿਲੇ ਦਰਸ਼ਨ 176
5.11. ਸ਼ਾਹ ਵਪਾਰੀ 177
5.12. ਗੁਰੂ ਸ਼ਰਣ 179
5.13. ਘਾਲਣਾ 181
5.14. ਕਾਸ਼ੀ ਪੜਣ ਜਾਣਾ 182
5.15. ਸੁਪਨਾ 184
5.16. ਸਖਤ ਘਾਲ ਤੇ ਰਸ ਦੇਸ਼ ਦੀ ਯਾਤਰਾ 188
5.17. ਮਹਾਰਾਜਾ ਪਟਿਆਲਾ 194
5.18. ਪੂਰਬ ਦੇ ਸੰਜੋਗੀ 196
5.19. ਬਾਬਾ ਬੇਅੰਤ ਸਿੰਘ ਜੀ 196
5.20. ਮਹਾਰਾਜ ਭਗਤ ਸਿੰਘ ਜੀ 197
5.21. ਸੰਤ ਦਰਸ਼ਨ ਸਿੰਘ ਜੀ ਵਿੱਰਕਤ 199
5.22. ਪਿੰਡ ਅਸਰਪੁਰ 199
5.23. ਪਹਿਲੀ ਵਾਰ ਦੌਦ ਜਾਣਾ 201
5.24. ਭਗਤ ਮਿਲਾਪ ਕਿ ਭਰਤ ਮਿਲਾਪ ? 203
5.25. ਪਾਕਪਟਨ ਦੀ ਯਾਤਰਾ 205
5.26. ਦੂਜੀ ਵਾਰ ਅਸਰਪੁਰ 207
5.27. ਕਸ਼ਮੀਰ ਯਾਤਰਾ 208
5.28. ਪੰਜਾ ਸਾਹਿਬ ਅਤੇ ਪਠਾਨ ਦੇਸ਼ ਦੀ ਯਾਤਰਾ 210

5.29. ਖੋਖ ਪਿੰਡ ਪਹਿਲੀ ਵਾਰ ਜਾਣਾ 212
5.30. ਪੱਛਮੀਂ ਪੰਜਾਬ ਦੀ ਯਾਤਰਾ 216
5.31. ਹਰਖੋਵਾਲ 218
5.32. ਪਿੰਡ ਲੋਹਸਿੰਬਲੀ 221
5.33. ਪਿੰਡ ਸਈਆਂ-ਖੇੜਾ ਕਿ ਸਊਆ-ਕਲਾਣਾ 225
5.34. ਪਹਿਲੀ ਵਾਰ ਕਰਨਾਲ ਜਾਣਾ 226
5.35. ਸੰਤ ਗੋਪਾਲ ਸਿੰਘ ਜੀ 229
5.36. ਪਿੰਡ ਬਾਬਰਪੁਰ 230
5.37. ਦੂਜੀ ਵਾਰ ਕਰਨਾਲ ਜਾਣਾ 232
5.38. ਪਿੰਡ ਬੂਹਾ 234
5.39. ਲੱਭਾ ਰਾਮ ਜੀ ਅਤੇ ਕੁਝ ਹੋਰ ਪ੍ਰੇਮੀਆਂ ਦਾ ਸ਼ਰਨ ਵਿਚ ਆਉਣਾ 236
5.40. ਪੂਰਬ ਦੀ ਯਾਤਰਾ 238
5.41. ਲੱਭਾ ਰਾਮ 242
5.42. ਨਗਰ ਸ਼ੇਰਪੁਰ ਗ੍ਰਿੰਡ ਅਤੇ ਸੰਤ ਜਵਾਲਾ ਸਿੰਘ ਜੀ ਦਾ ਗੁਰਪੁਰੀ ਪਿਆਨਾ 243
5.43. ਪਿੰਡ ਬਖਤਗੜ੍ਹ ਤੇ ਭੋਤਨੇ 245
5.44. ਦੁਰਾਹਾ ਅਤੇ ਆਸ-ਪਾਸ ਦੇ ਪਿੰਡਾਂ ਵਿਚ ਆਗਮਨ 247
5.45. ਬਾਬਾ ਬੇਅੰਤ ਸਿੰਘ ਜੀ ਦਾ ਗੁਰਪੁਰੀ ਪਿਆਨਾ 250
5.46. ਦੱਖਣ ਦੀ ਯਾਤਰਾ 252
5.47. ਵੱਡੀ ਕੁਟੀਆ ਦਾ ਨਿਰਮਾਣ 255
5.48. ਸੰਤ ਭਗਤ ਸਿੰਘ ਜੀ ਦਾ ਸੱਚਖੰਡ ਪਿਆਨਾ 259
5.49. ਖੋਖ ਪਿੰਡ ਨੂੰ ਗੁਰਬਾਣੀ ਦੀ ਦਾਤ 262
5.50. ਗੁਰਦਵਾਰਾ ਸਾਹਿਬ ਬਿਸ਼ਨਪੁਰਾ (ਲੋਪੋ) 263
5.51. ਬਿਰਹਾ ਦੀ ਪੀੜਾ ਅਤੇ ਅਰਦਾਸ ਦੀ ਸ਼ਕਤੀ 265
5.52. ਪਿੰਡ ਧਨੌਲਾ 267
5.53. ਉਚੀ ਦੌਦ ਅਤੇ ਆਲੇ ਦੁਆਲੇ ਦੇ ਪਿੰਡਾਂ ਵਿਚ ਆਗਮਨ 269
5.54. ਗੁਰਾਇਆ ਨਗਰ 273
5.55. ਗੁਰਾਇਆ ਕੁਟੀਆ 274
5.56. ਉਜਾਗਰ ਸਿੰਘ ਸੂਰੀ ਨੂੰ ਵਿੱਰਕਤ ਮਹਾਰਾਜ ਜੀਆਂ ਦਾ ਪਹਿਲਾ ਮਿਲਾਪ 274
5.57. ਵਿੱਰਕਤ ਮਹਾਰਾਜ ਜੀ ਦਾ ਗੁਰਾਇਆ ਆਗਮਨ 275
5.58. ਪਰਉਪਕਾਰੀ 276
5.59. ਪਿੰਡ ਡਬਰੀ 277
5.60. ਹੁਸ਼ਿਆਰਪੁਰ 278
5.61. ਪਿੰਡ ਤੁਰਮਰੀ 279
5.62. ਮਾਤਾ ਬਿਮਲਾ 281
5.63. ਗੁਰਾਇਆ ਕੁਟੀਆ ਦਾ ਨਿਰਮਾਣ 282
5.64. ਗਰੀਬ ਨਿਵਾਜਤਾ 284
5.65. ਸੰਤ ਕ੍ਰਿਸ਼ਨ ਜੀ 290
5.66. ਖਾਲਸਾ ਹਾਈ ਸਕੂਲ ਨਾਭਾ 291
5.67. ਹਰੀ, ਦਾਤਾ ਹੈ, ਮੰਗਤਾ ਨਹੀਂ 294
5.68. ਸੰਤ ਗੋਪਾਲ ਸਿੰਘ ਜੀ ਦਾ ਸੱਚਖੰਡ ਪਿਆਨਾ 298
5.69. ਰਿਵਾਲਸਰ ਮਨੀਕਰਨ ਦੀ ਯਾਤਰਾ 299
5.70. ਯਮੁਨਾ ਕਿਨਾਰੇ ਗੁਰਦਵਾਰਾ ਸਾਹਿਬ 301
5.71. ਗੁਰਦਵਾਰਾ ਸਾਹਿਬ ਦਧਾਲ 302
5.72. ਗੁਰਦਵਾਰਾ ਸਾਹਿਬ ਅਗੌਲ 303
5.73. ਗੁਰਦਵਾਰਾ ਸਾਹਿਬ ਸਿੱਧਸਰ ਅਲੌਹਰਾਂ 305
5.74. ਗੁਰਦਵਾਰਾ ਸਾਹਿਬ ਬਿਰੜਵਾਲ 306
5.75. ਪਿੰਡ ਕੁਰਾਲੀ 307

| | | |
|---|---|---|
| 5.76. | ਸੰਤ ਦਰਸ਼ਨ ਸਿੰਘ ਜੀਆਂ ਦਾ ਗੁਰਪੁਰੀ ਪਿਆਨਾ | 307 |
| 5.77. | ਕੇਸਦਾਨ ਅਤੇ ਗੁਰਮੁੱਖ ਜੀਵਨ | 308 |
| 5.78. | ਸੰਤ ਹਰਬੰਸ ਸਿੰਘ ਜੀ | 311 |
| 5.79. | ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ | 311 |
| 5.80. | ਨਵੀਂ ਬਿਲਡਿੰਗ ਗੁਰਦਵਾਰਾ ਸਾਹਿਬ ਬਿਸ਼ਨਪੁਰਾ (ਲੋਪੋ) | 312 |
| 5.81. | ਰੂਹਾਨੀ ਵੈਦ | 313 |
| 5.82. | ਸੰਤ ਕ੍ਰਿਸ਼ਨ ਜੀ ਨੂੰ ਪਥੱਰੀ ਰੋਗ | 315 |
| 5.83. | ਯਾਤਰਾ | 316 |
| 5.84. | ਰਾਮਪੁਰਾ ਫੂਲ | 317 |
| 5.85. | ਸ਼ਰਧਾ ਤੇ ਸ਼ਰਨ | 319 |
| 5.86. | ਬਾਬਾ ਜਗਤ ਸਿੰਘ | 320 |
| 5.87. | ਬੁੱਧੀ ਮੰਡਲ ਤੋਂ ਪਰੇ ਦਾ ਖੇਡ | 321 |
| 5.88. | ਸੇਵਕ ਦਾ ਸ਼ੰਕਾ | 331 |
| 5.89. | ਅਲੌਕਿਕ ਸ਼ਾਦੀ | 332 |
| 5.90. | ਮਹੰਤੀ ਦਾ ਤਾਜ | 338 |
| 5.91. | ਗੁਰਾਇਆ ਫੇਰੀ | 339 |
| 5.92. | ਬੀਮਾਰੀ, ਕਿ ਖੇਡ | 340 |
| 5.93. | ਨਾਨਕ ਦਰਬਾਰ ਦੀ ਰਚਨਾ | 341 |
| 5.94. | ਦਰਗਾਹੀ ਬਸੀਠ | 342 |
| 5.95. | ਕਰਨਾਲ ਤੋਂ ਆਖਰੀ ਵਾਰ ਕੂਚ | 344 |
| 5.96. | ਵਿੱਰਕਤ ਮਹਾਰਾਜ ਜੀਆਂ ਦੇ ਜੀਵਨ ਦੀਆਂ ਕੁਝ ਵਿਸ਼ੇਸ਼ ਝਲਕੀਆਂ | 350 |
| 5.97. | ਮਾਇਆ ਬਾਰੇ ਆਪ ਜੀ ਦੇ ਵਿਚਾਰ | 350 |
| 5.98. | ਗੁਰੂ ਨਾਲ ਪਿਆਰ | 351 |
| 5.99. | ਗੁਰੂ ਅਸਥਾਨ ਨਾਲ ਪਿਆਰ | 351 |
| 5.100. | ਸਿੱਖ ਪੰਥ ਨਾਲ ਪਿਆਰ | 351 |
| 5.101. | ਗੁਰਬਾਣੀ ਅਤੇ ਗੁਰੂਨਾਨਕ ਦੇ ਘਰ ਨਾਲ ਪਿਆਰ | 351 |
| 5.102. | ਗੁਰਦਵਾਰਿਆਂ ਦੀ ਸੇਵਾ | 352 |


## ਅਧਿਆਇ ਛੇਵਾਂ

## ਮਹੰਤ ਰਾਮ ਸਿੰਘ ਜੀ ਮਹਾਰਾਜ


| | | |
|---|---|---|
| 6.1. | ਜੀਵਨ ਚਰਿੱਤ੍ਰ ਪੂਜਯ ਮਹੰਤ ਰਾਮ ਸਿੰਘ ਜੀ ਮਹਾਰਾਜ ਨਿਰਮਲ ਆਸ਼ਰਮ ਰਿਸ਼ੀਕੇਸ਼ | 353 |
| 6.2. | ਗੁਰੂ ਬਖਸ਼ੀ ਕੁਲ ਉੱਪਲ | 355 |
| 6.3. | ਅਵਤਰਣ | 363 |
| 6.4. | ਨਾਮਕਰਣ, ਬਚਪਣ ਅਤੇ ਘਾਲਣਾ | 365 |
| 6.5. | ਪ੍ਰੇਮ ਦਾ ਡੇਰਾ ਸਿਰੋਂ ਦੂਰ | 367 |
| 6.6. | ਹੁਕਮ ਦੀ ਕਾਰ | 375 |
| 6.7. | ਰਿਸ਼ੀਕੇਸ਼ ਡੇਰਾ ਅਤੇ ਸੱਚੀ ਖੁਸ਼ੀ | 376 |
| 6.8. | ਕਨਖਲ ਬਾਹਰ ਵਾਲੀ ਬਿਲਡਿੰਗ | 377 |
| 6.9. | ਨਾਮ ਦੀ ਦਾਤ ਬਖਸ਼ਿਸ਼ ਕਰਨਾ ਅਤੇ ਬਾਹਰ ਸੰਗਤਾਂ ਵਿਚ ਜਾਣ ਦਾ ਹੁਕਮ | 378 |
| 6.10. | ਸੰਤ ਜੋਧ ਸਿੰਘ ਜੀ | 380 |
| 6.11. | ਸੰਤ ਗੁਰਿੰਦਰ ਸਿੰਘ (ਛੋਟੂ ਬਾਬਾ) ਜੀ | 382 |
| 6.12. | ਵਿੱਰਕਤ ਮਹਾਰਾਜ ਜੀਆਂ ਦੀ ਯਾਦ ਵਿਚ ਸਮਾਗਮ | 383 |
| 6.13. | ਪਹਿਲੀ ਵਾਰ ਬੰਬਈ ਯਾਤਰਾ ਜਾਣਾ | 384 |
| 6.14. | ਸੰਨ, 1984 ਈ: | 386 |
| 6.15. | ਸੰਨ, 1985 ਈ: | 388 |

| | | |
|---|---|---|
| 6.16. | ਮਨੀਕਰਨ ਦੀ ਯਾਤਰਾ | 389 |
| 6.17. | 1986 ਦਾ ਕੁੰਭ ਮੇਲਾ ਅਤੇ ਹਸਪਤਾਲ ਦਾ ਨੀਂਹ ਸਮਾਗਮ | 391 |
| 6.18. | ਪਿੰਡ ਕੁਤਬਨਪੁਰ ਵਿਚ ਗੁਰਬਾਣੀ ਦਾ ਬੀਜ | 393 |
| 6.19. | ਭਾਗਵਾਨ ਬੇਰੀਆਂ | 394 |
| 6.20. | 1987 ਦੇ ਬਰਸੀ ਸਮਾਗਮ | 396 |
| 6.21. | ਧਰਮ ਪ੍ਰਚਾਰ ਅਤੇ ਤੀਰਥ ਯਾਤਰਾ | 399 |
| 6.22. | ਰਮਜ, ਪਰ ਰਾਜ਼ ਨਹੀਂ | 401 |
| 6.23. | ਬੇਪਰਵਾਹੀ | 403 |
| 6.24. | ਸੰਤ ਕਰਤਾਰ ਸਿੰਘ ਜੀ | 404 |
| 6.25. | ਸੰਤ ਪ੍ਰੀਤਮ ਸਿੰਘ ਜੀ 'ਮੋਨੀ' | 405 |
| 6.26. | ਆਸ਼ਰਮ ਵਿਚ ਹੋਰ ਕਮਰਿਆਂ ਦੀ ਉਸਾਰੀ | 411 |
| 6.27. | ਬਿਸ਼ਨਪੁਰਾ (ਲੋਪੋ) ਕੁਟੀਆ ਦੀ ਨੀਂਹ | 412 |
| 6.28. | ਹਰਮਿੰਦਰ ਸਾਹਿਬ ਫੇਰੀ | 413 |
| 6.29. | ਡੁਬਈ ਅਤੇ ਸ੍ਰੀ ਲੰਕਾ ਦੀ ਯਾਤਰਾ | 414 |
| 6.30. | ਹਸਪਤਾਲ ਦਾ ਉਦਘਾਟਨ ਸਮਾਰੋਹ | 415 |
| 6.31. | ਸੰਤ ਚਮਨ ਲਾਲ ਜੀ | 430 |
| 6.32. | ਕਨਖਲ ਵਾਲੀ ਨਵੀਂ ਬਿਲਡਿੰਗ ਦੀ ਨੀਂਹ | 431 |
| 6.33. | ਬਿਸ਼ਨਪੁਰਾ (ਲੋਪੋ) ਕੁਟੀਆ ਦਾ ਉਦਘਾਟਨ | 433 |
| 6.34. | ਜਿਨ ਪ੍ਰੇਮ ਕੀਓ | 442 |
| 6.35. | ਪਿੰਡ ਅਸਰਪੁਰ ਕੁਟੀਆ | 443 |
| 6.36. | ਪਿੰਡ ਬੂਹਾ ਕੁਟੀਆ | 444 |
| 6.37. | ਆਖਣਿ ਜੋਰੁ ਚੁਪੈ ਨਹ ਜੋਰੁ | 447 |
| 6.38. | ਓਇ ਮੁਇਆ ਨ ਜਾਹੀ ਛੋੜਿ | 453 |
| 6.39. | ਜੋ ਮਾਗਹਿ ਠਾਕੁਰ ਅਪੁਨੇ ਤੇ | 455 |
| 6.40. | ਨਿਰਭਉ ਤੇ ਨਿਰਵੈਰ | 456 |
| 6.41. | ਗੁਰਦਵਾਰਾ ਸਾਹਿਬ ਘਣੀਵਾਲ | 460 |
| 6.42. | ਲਾਲਚੀ ਰੂਹ ਦਾ ਨਿਸਤਾਰਾ | 461 |
| 6.43. | ਸ੍ਰੀ ਲੰਕਾ ਦੀ ਦੂਜੀ ਫੇਰੀ | 461 |
| 6.44. | ਦਿਵਾਲੀ ਕਿ ਗੁਰਬਾਣੀ ਦਾ ਬੀਜ ? | 461 |
| 6.45. | ਹਸਪਤਾਲ ਦੇ ਨਵੇਂ ਵਿੰਗ ਦੀ ਨੀਂਹ | 474 |
| 6.46. | ਵਿਦੇਸ਼ ਯਾਤਰਾ | 475 |
| 6.47. | ਕਾਰਸੇਵਾ | 477 |
| 6.48. | ਕਨਖਲ ਨਵੀਂ ਬਿਲਡਿੰਗ ਦਾ ਉਦਘਾਟਨ | 478 |
| 6.49. | ਸਹਿਜ ਕਥਾ ਦੀ ਸਿਰਜਣਾ | 479 |
| 6.50. | ਅਲੋਕਿਕ ਦਿਵਾਲੀ | 480 |
| 6.51. | ਨਗਰ ਕੀਰਤਨ ਦੇ ਸੰਖੇਪ ਦਰਸ਼ਨ 10 ਨਵੰਬਰ, 1993 | 482 |
| 6.52. | 11 ਨਵੰਬਰ, 1993 | 485 |
| 6.53. | 12 ਨਵੰਬਰ, 1993 | 492 |
| 6.54. | 13 ਨਵੰਬਰ, 1993, ਦਿਵਾਲੀ ਦਾ ਦਿਨ | 495 |
| 6.55. | ਦਿਵਾਲੀ ਦੇ ਇਸ ਮਹਾਨ ਸਮਾਗਮ ਵਿਚ ਵਡਭਾਗੇ ਪੁਰਸ਼ਾਂ ਵੱਲੋਂ ਕੀਤੀ ਸੇਵਾ ਦਾ ਵੇਰਵਾ | 497 |
| 6.56. | ਇਸ ਸਮਾਗਮ ਵਿਚ ਪਹੁੰਚਣ ਵਾਲੇ ਮੁਖ ਰਾਗੀ ਜੱਥੇ | 502 |
| 6.57. | ਇਸ ਸਮਾਗਮ ਵਿਚ ਦਰਸ਼ਨ ਦੇਣ ਵਾਲੇ ਪ੍ਰਸਿੱਧ ਸੰਤ ਮਹਾਤਮਾ | 502 |
| 6.58. | ਪੂਰਬ ਦੀ ਯਾਤਰਾ | 505 |
| 6.59. | ਬੰਬਈ ਆਸ਼ਰਮ ਦੀ ਸਿਰਜਣਾ | 506 |
| 6.60. | ਨਿਰਮਲ ਆਸ਼ਰਮ ਦੀਪਮਾਲਾ ਪਗਰਾਨੀ ਪਬਲਿਕ ਸਕੂਲ ਦਾ ਜਨਮ | 513 |

6.61. ਸੰਤ ਧਰਮ ਸਿੰਘ ਜੀ 513
6.62. ਆਦਰਸ਼ਕ ਸ਼ਾਦੀਆਂ 514
6.63. ਕਰਨਾਲ ਕੁਟੀਆ ਦੋ ਇਕੋਤਰੀਆਂ 515
6.64. ਪਿਤਰੀਂ ਕਰੇ ਉਧਾਰ 518
6.65. ਗੁਰਾਇਆ ਦਿਵਾਲੀ 520
6.66. ਲੈਲਾਂ 522
6.67. ਗੁਰਬਾਣੀ ਦਾ ਪ੍ਰਵਾਹ 525
6.68. ਆਕਰਸ਼ਕ ਸੰਜੋਗ ਅਤੇ ਬੰਬਈ ਵਿਚ ਨਾਮ ਦੇ ਵਰਤਾਰੇ 527
6.69. 1996 ਦੇ ਬਰਸੀ ਸਮਾਗਮ ਅਤੇ ਭਗਤ ਲੱਭਾ ਮੱਲ ਜੀ ਦਾ ਸਚਖੰਡ ਪਿਆਨਾ 529
6.70. ਸਕੂਲ ਦਾ ਉਦਘਾਟਨ ਸਮਾਰੋਹ 531
6.71. 1997 ਦੀ ਬੰਬਈ ਯਾਤਰਾ 532
6.72. ਸੰਤ ਭਰਤ ਸਿੰਘ ਜੀ 533
6.73. ਸੰਤ ਮਹੇਸ਼ ਚੰਦਰ (ਪੰਡਿਤ) ਜੀ 534
6.74. ਸੰਤ ਗੁਰਭਗਤ ਸਿੰਘ ਜੀ 535
6.75. ਸੰਤ ਕਰਨ ਸਿੰਘ 536
6.76. ਆਸ਼ਰਮ ਵਿਚ ਪੱਕੇ ਤੌਰ 'ਤੇ ਠਹਿਰ ਕੇ ਸੇਵਾ ਕਰ ਰਹੇ ਪ੍ਰੇਮੀ 536
6.77. ਕਰਨਾਲ ਕੁਟੀਆ ਦੇ ਮੁਖ ਸੇਵਾਦਾਰ 538
6.78. ਕੁਝ ਵਿਸ਼ੇਸ਼ 539
6.79. ਨਿਰਮਲ ਆਸ਼ਰਮ ਦੀਪਮਾਲਾ ਪਗਰਾਨੀ ਪਬਲਿਕ ਸਕੂਲ 539
6.80. ਨਿਰਮਲ ਆਸ਼ਰਮ ਹਸਪਤਾਲ 539
6.81. ਨਿਰਮਲ ਆਸ਼ਰਮ 540
6.82. ਨਿਰਮਲ ਬਾਗ, ਕਨਖਲ 541
6.83. ਨਿਰਮਲ ਕੁਟੀਆ ਕਰਨਾਲ ਸੰਤ ਬਾਬਾ ਨਿੱਕਾ ਸਿੰਘ ਜੀ ਮਹਾਰਾਜ 541
6.84. ਨਿਰਮਲ ਸੰਤ ਨਿਵਾਸ ਬੰਬਈ 541

## ਫੋਟੋਆਂ ਦਾ ਵੇਰਵਾ

1. ਆਦਿ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ 16
2. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ (ਨਿਰਮਲ ਭੇਖ ਵੇਸ਼ ਵਿਚ) 24
3. ਪੰਜ ਨਿਰਮਲੇ ਸੰਤਾਂ ਨੂੰ ਕਲਗੀਧਰ ਪਿਤਾ ਸੰਸਕ੍ਰਿਤ ਪੜਣ ਲਈ ਕਾਸ਼ੀ ਘਲ ਰਹੇ ਹਨ। 25
4. ਸ੍ਰੀਮਾਨ ਮਹੰਤ ਬਾਬਾ ਬੁੱਢਾ ਸਿੰਘ ਜੀ ਮਹਾਰਾਜ 32
5. ਨਿਰਮਲ ਆਸ਼ਰਮ, ਰਿਸ਼ੀਕੇਸ਼ 104
6. ਪੂਜਨੀਕ ਮਹੰਤ ਬੁੱਢਾ ਸਿੰਘ ਜੀ ਕੁਝ ਸਤਿਕਾਰਯੋਗ ਹਸਤੀਆਂ ਦੇ ਨਾਲ 136
7. ਮਹੰਤ ਬਾਬਾ ਆਤਮਾ ਸਿੰਘ ਜੀ ਮਹਾਰਾਜ 140
8. 1950 ਦੇ ਕੁੰਭ ਮੇਲੇ ਤੇ ਸ਼ਾਹੀ ਜਲੂਸ ਸਮੇਂ ਮਹੰਤ ਆਤਮਾ ਸਿੰਘ ਜੀ ਮਹਾਰਾਜ 154
9. ਸੋਨੇ ਜੜਤ ਸੁੰਦਰ ਪਾਲਕੀ ਜੋ ਨਿਰਮਲ ਪੰਚਾਇਤੀ ਅਖਾੜਾ ਕਨਖਲ ਨੂੰ ਭੇਟਾ ਕੀਤੀ ਗਈ। 154
10. ਸੰਤ ਮਾਨ ਸਿੰਘ ਜੀ 154
11. 1962 ਦੇ ਕੁੰਭ ਮੇਲੇ ਤੇ ਸ਼ਾਹੀ ਜਲੂਸ ਸਮੇਂ ਮਹੰਤ ਆਤਮਾ ਸਿੰਘ ਜੀ ਮਹਾਰਾਜ 154A
12. ਮਹੰਤ ਨਾਰਾਇਣ ਸਿੰਘ ਜੀ ਮਹਾਰਾਜ 155
13. ਮਹੰਤ ਨਾਰਾਇਣ ਸਿੰਘ ਜੀ ਮਹਾਰਾਜ ਦੇ ਗੱਦੀਨਸ਼ੀਨ ਸਮੇਂ ਦਾ ਦ੍ਰਿਸ਼ 160
14. 1974 ਦੇ ਕੁੰਭ ਮੇਲੇ ਤੇ ਸ਼ਾਹੀ ਜਲੂਸ ਸਮੇਂ ਮਹੰਤ ਨਾਰਾਇਣ ਸਿੰਘ ਜੀ ਮਹਾਰਾਜ 160
15. 1965 ਦੀ ਜੰਗ ਸਮੇਂ ਮਹੰਤ ਨਾਰਾਇਣ ਸਿੰਘ ਜੀ ਮਹਾਰਾਜ ਪ੍ਰਧਾਨ ਮੰਤ੍ਰੀ ਲਾਲ ਬਹਾਦੁਰ ਸ਼ਾਸਤ੍ਰੀ ਜੀ ਨੂੰ ਇਕ ਲੱਖ ਰੁਪਏ ਦਾ ਚੈਕ ਦਿੰਦੇ ਹੋਏ। 160A
16. ਮਹੰਤ ਆਤਮਾ ਸਿੰਘ ਮਹਾਰਾਜ ਜੀਆਂ ਦੀ ਬਰਸੀ ਸਮੇਂ ਸ. ਗੁਰਚਰਨ ਸਿੰਘ ਜੀ ਟੌਹੜਾ ਸ਼ਰਧਾਂਜਲੀ ਅਰਪਣ ਕਰਦੇ ਹੋਏ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਅਤੇ ਮਹੰਤ ਨਾਰਾਇਣ ਸਿੰਘ ਜੀ ਮਹਾਰਾਜ ਬਿਰਾਜਮਾਨ ਹਨ। 160A

17. ਨਿਰਮਲ ਆਸ਼ਰਮ ਰਿਸ਼ੀਕੇਸ਼ ਵਿਖੇ ਗਿਆਨੀ ਜ਼ੈਲ ਸਿੰਘ ਜੀ ਛੇਤ੍ਰ (ਗੁਰੂ ਕਾ ਲੰਗਰ) ਵਰਤਾਉਂਦੇ ਹੋਏ। ਮਹੰਤ ਨਾਰਾਇਣ ਸਿੰਘ ਜੀ ਮਹਾਰਾਜ ਵੀ ਸੁਸ਼ੋਭਿਤ ਹਨ। 160B

18. ਨਿਰਮਲ ਆਸ਼ਰਮ ਰਿਸ਼ੀਕੇਸ਼ ਵਿਖੇ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਛੇਤ੍ਰ (ਗੁਰੂ ਕਾ ਲੰਗਰ) ਵਰਤਾਉਂਦੇ ਹੋਏ। ਮਹੰਤ ਨਾਰਾਇਣ ਸਿੰਘ ਜੀ ਮਹਾਰਾਜ ਵੀ ਸੁਸ਼ੋਭਿਤ ਹਨ। 160B

19. ਕਿਸੇ ਸਮੇਂ ਨਿਰਮਲ ਆਸ਼ਰਮ ਰਿਸ਼ੀਕੇਸ਼ ਵਿਖੇ ਮਹਾਰਾਜਾ ਪਟਿਆਲਾ ਅਤੇ ਹੋਰ ਮਹਾਨ ਹਸਤੀਆਂ 160C

20. ਸ੍ਰੀਮਾਨ ਮਹੰਤ ਨਾਰਾਇਣ ਸਿੰਘ ਮਹਾਰਾਜ ਜੀਆਂ ਦੇ ਸ਼ਰੀਰ ਤਿਆਗਣ ਤੋਂ ਬਾਅਦ ਮਹੰਤ ਰਾਮ ਸਿੰਘ ਜੀ ਮਹਾਰਾਜ ਚਵਰ ਕਰਦੇ ਹੋਏ। 160C

21. ਵਿੱਰਕਤ ਸ਼੍ਰੋਮਣੀ ਸੰਤ ਨਿੱਕਾ ਸਿੰਘ ਜੀ ਮਹਾਰਾਜ 161

22. ਪੂਜਯ ਸੰਤ ਨਿੱਕਾ ਸਿੰਘ ਜੀ ਮਹਾਰਾਜ ਪੂਜਯ ਸੰਤ ਭਗਤ ਸਿੰਘ ਜੀ ਮਹਾਰਾਜ 200

23. ਸੰਤ ਦਰਸ਼ਨ ਸਿੰਘ ਜੀ ਮਹਾਰਾਜ ਸੰਤ ਗੋਪਾਲ ਸਿੰਘ ਜੀ ਮਹਾਰਾਜ 201

24. ਸ੍ਰੀਮਾਨ ਮਹੰਤ ਰਾਮ ਸਿੰਘ ਮਹਾਰਾਜ ਜੀਆਂ ਦੇ ਗੱਦੀਨਸ਼ੀਨ ਸਮੇਂ ਨਾਲ ਸੁਸ਼ੋਭਿਤ ਹਸਤੀਆਂ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੱਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਅਤੇ ਮਹੰਤ ਸ੍ਰੀਮਾਨ ਗੁਰਬਚਨ ਸਿੰਘ ਜੀ ਬਰਨਾਲਾ ਵਾਲੇ 328

25. ਸ੍ਰੀਮਾਨ ਮਹੰਤ ਰਾਮ ਸਿੰਘ ਮਹਾਰਾਜ ਜੀਆਂ ਦੇ ਗੱਦੀ ਨਸ਼ੀਨ ਸਮੇਂ ਪੂਜਯ ਵਿਰੱਕਤ ਮਹਾਰਾਜ ਸੰਤ ਨਿੱਕਾ ਸਿੰਘ ਜੀ ਅਤੇ ਨਿਰਮਲ ਪੰਚਾਇਤੀ ਅਖਾੜਾ ਦੇ ਸ੍ਰੀ ਮਹੰਤ ਸਾਹਿਬ, ਸ੍ਰੀਮਾਨ ਮਹੰਤ ਸੁੱਚਾ ਸਿੰਘ ਜੀ ਸੁਸ਼ੋਭਿਤ ਹਨ 329

26. ਬ੍ਰਿਧ ਅਵਸਥਾ ਸਮੇਂ ਸੰਨ 1982 ਦੇ ਕਿਸੇ ਸਮੇਂ ਪੂਜਯ ਵਿਰੱਕਤ ਸ਼੍ਰੋਮਣੀ ਸ੍ਰੀਮਾਨ ੧੦੮ ਸੰਤ ਨਿੱਕਾ ਸਿੰਘ ਜੀ ਮਹਾਰਾਜ 352

27. ਸ੍ਰੀਮਾਨ ੧੦੮ ਮਹੰਤ ਰਾਮ ਸਿੰਘ ਜੀ ਮਹਾਰਾਜ ਅਪਣੇ ਪੂਜਯ ਗੁਰਦੇਵ ਵਿਰੱਕਤ ਸ਼੍ਰੋਮਣੀ ਸ੍ਰੀਮਾਨ ੧੦੮ ਸੰਤ ਨਿੱਕਾ ਸਿੰਘ ਮਹਾਰਾਜ ਜੀਆਂ ਦੀਆਂ ਪਾਵਨ ਅਸਥੀਆਂ ਗੰਗਾ ਪ੍ਰਵਾਹ ਕਰਦੇ ਹੋਏ। 352A

28. ਪੂਜਯ ਵਿਰੱਕਤ ਸ਼੍ਰੋਮਣੀ ਸ੍ਰੀਮਾਨ ੧੦੮ ਸੰਤ ਨਿੱਕਾ ਸਿੰਘ ਮਹਾਰਾਜ ਜੀਆਂ ਦੇ ਪਵਿੱਤਰ ਚਰਨਾ ਦੇ ਦਰਸ਼ਨ 352A

29. ਸ੍ਰੀਮਾਨ ੧੦੮ ਮਹੰਤ ਰਾਮ ਸਿੰਘ ਜੀ ਮਹਾਰਾਜ 353

30. ਸ੍ਰੀਮਾਨ ਸੰਤ ਜੋਧ ਸਿੰਘ ਜੀ ਮਹਾਰਾਜ (ਸੱਜੇ ਪਾਸੇ) ਅਤੇ ਸ੍ਰੀਮਾਨ ਸੰਤ ਗੁਰਿੰਦਰ ਸਿੰਘ (ਛੋਟੂ ਬਾਬਾ) ਜੀਆਂ ਦੇ ਸਨਿਆਸ ਧਾਰਣ ਕਰਨ ਸਮੇਂ ਦਾ ਦ੍ਰਿਸ਼ 376

31. ਸ੍ਰੀਮਾਨ ਸੰਤ ਜੋਧ ਸਿੰਘ ਜੀ ਮਹਾਰਾਜ ਸ੍ਰੀਮਾਨ ਸੰਤ ਗੁਰਿੰਦਰ ਸਿੰਘ (ਛੋਟੂ ਬਾਬਾ) ਜੀ ਮਹਾਰਾਜ 377

32. 1986 ਦੇ ਕੁੰਭ ਮੇਲੇ ਸਮੇਂ ਮਹੰਤ ਬਾਬਾ ਰਾਮ ਸਿੰਘ ਮਹਾਰਾਜ ਜੀ ਅਪਣੀ ਸੰਤ ਮੰਡਲੀ ਸਹਿਤ ਸ਼ਾਹੀ ਜਲੂਸ ਵਿਚ ਸੁਸ਼ੋਭਿਤ 392

33. ਸੰਤ ਪ੍ਰੀਤਮ ਸਿੰਘ ਜੀ ਮੋਨੀ ਸੰਤ ਚਮਨ ਲਾਲ ਜੀ 408

34. ਸੰਤ ਕਰਤਾਰ ਸਿੰਘ ਜੀ ਸੰਤ ਧਰਮ ਸਿੰਘ ਜੀ 409

35. ਆਸ਼ਰਮ ਗਿਆਨ ਗੁਫਾ ਕਾਸ਼ੀ, ਨਿਰਮਲ ਕੁਟੀਆ ਪਿੰਡ ਖੋਖ (ਪੰਜਾਬ) 432

36. ਨਿਰਮਲ ਕੁਟੀਆ, ਕਰਨਾਲ 432A

37. ਗੁਰਦੁਆਰਾ ਸਾਹਿਬ ਬਿਸ਼ਨਪੁਰਾ (ਲੋਪੋ) ਪੰਜਾਬ ਨਿਰਮਲ ਕੁਟੀਆ, ਬਿਸ਼ਨਪੁਰਾ (ਲੋਪੋ) ਪੰਜਾਬ 432B

38. ਨਿਰਮਲ ਕੁਟੀਆ, ਪਿੰਡ ਗੁਰਾਇਆ (ਪੰਜਾਬ) ਨਿਰਮਲ ਕੁਟੀਆ, ਪਿੰਡ ਲੋਹਸਿੰਮਲੀ (ਪੰਜਾਬ) 432C

39. ਨਿਰਮਲ ਕੁਟੀਆ, ਪਿੰਡ ਅਸਰਪੁਰ (ਪੰਜਾਬ) ਨਿਰਮਲ ਕੁਟੀਆ, ਪਿੰਡ ਬੂਹਾ (ਪੰਜਾਬ) 432D

40. ਨਿਰਮਲ ਕੁਟੀਆ, ਪਿੰਡ ਕੁਤਬਨਪੁਰ (ਪੰਜਾਬ) ਨਿਰਮਲ ਕੁਟੀਆ, ਪਿੰਡ ਅਖਲਾਸਪੁਰ, ਹੁਸ਼ਿਆਰਪੁਰ (ਪੰਜਾਬ) 432E

41. ਜਨਮ ਸਥਾਨ ਸੰਤ ਬਾਬਾ ਨਿੱਕਾ ਸਿੰਘ ਜੀ ਮਹਾਰਾਜ ਪਿੰਡ ਸ਼ੀਹਾਂਦੌਦ, ਨਿਰਮਲ ਕੁਟੀਆ, ਪਿੰਡ ਉਚੀਦੌਦ (ਪੰਜਾਬ) 432F

42. ਗੁਰਦੁਆਰਾ ਸਾਹਿਬ ਪਾਤਿਸ਼ਾਹੀ ਨੌਂਵੀਂ, ਪਿੰਡ ਅਗੋਲ, ਨਿਰਮਲ ਸੰਤ ਨਿਵਾਸ, ਬੰਬਈ 432G

43. ਨਿਰਮਲ ਆਸ਼ਰਮ ਹਸਪਤਾਲ, ਰਿਸ਼ੀਕੇਸ਼ 480

44. ਨਿਰਮਲ ਬਾਗ, ਕਨਖਲ 480A

45. ਪੂਜਯ ਮਹੰਤ ਬਾਬਾ ਰਾਮ ਸਿੰਘ ਮਹਾਰਾਜ ਜੀਆਂ ਦੇ ਵਿਦੇਸ਼ ਯਾਤ੍ਰਾ ਸਮੇਂ ਦੇ ਦ੍ਰਿਸ਼ 480B

46. ਕਾਰਸੇਵਾ 480C

47. 1993 ਦੀ ਦਿਵਾਲੀ ਦੇ ਮਹਾਨ ਸਮਾਗਮ ਸਮੇਂ ਦੇ ਦ੍ਰਿਸ਼ 496

48. ਨਿਰਮਲ ਆਸ਼ਰਮ ਦੀਪਮਾਲਾ ਪਗਰਾਨੀ ਪਬਲਿਕ ਸਕੂਲ, ਰਿਸ਼ੀਕੇਸ਼। 512

49. ਅਰਸ਼ੀ ਨੂਰ ਇਲਾਹੀ ਮੌਜ ਵਿਚ ਲੀਨ ਹੋਇਆ ਅਨੇਕਾਂ ਰੂਪਾਂ ਵਿਚ 528

ੴ ਸਤਿਗੁਰ ਪ੍ਰਸਾਦਿ॥

# ਮੰਗਲਾਚਰਨ

ਦੋਹਰਾ — ਨਮੋ ਨਮੋ ਨਮ ਹੈ ਪ੍ਰਭੂ, ਕਰਤਾ ਪੁਰਖ ਸੁਜਾਨ।
ਮੈ ਬਾਰਿਕ ਹੂੰ ਨਿਪਟ ਮਤ, ਅਪਣਾ ਬਿਰਦ ਪਛਾਨ॥ ੧॥

ਦੋਹਰਾ — ਵਿਦਯਾ ਬਿਨ ਧਨ ਹੀਨ ਹੂੰ, ਨਹਿ ਸੁਕ੍ਰਿਤ ਕੁਛ ਕਾਜ।
ਪਾਪੋਂ ਕੇ ਸੰਗ ਖਚਤ ਮਤ, ਕ੍ਰਿਪਾ ਕਰਹੁ ਮਹਾਰਾਜ॥ ੨॥

ਦੋਹਰਾ — ਅਸੁਰਨ ਕੋ ਸੰਘਾਰੈ, ਲੱਛਮੀ ਪਤ ਮਹਾਰਾਜ।
ਦੋਇ ਕਰ ਜੋੜ ਮਮ ਬੰਦਨਾ, ਭਗਤਨ ਕੇ ਸਿਰਜਾਤ॥ ੩॥

ਦੋਹਰਾ — ਸਤ ਚਿਤ ਅਨੰਦ ਰਾਮ ਕੋ, ਮੁਨਿ ਜਨ ਧਰਤੇ ਧਿਆਨ।
ਬਹਿ ਹਮਰੀ ਰਖਿਆ ਕਰੇ, ਬੁਧਿ ਬਲ ਦੇਵੈ ਦਾਨ॥ ੪॥

## (ਦਸਾਂ ਸਤਿਗੁਰਾਂ ਦਾ ਮੰਗਲ)

ਕੁੰਡਲੀਆਂ — ਗੁਰ ਨਾਨਕ ਅੰਗਦ ਅਮਰ, ਰਾਮਦਾਸ ਗੁਰ ਜਾਨ।
ਅਰਜਨ ਹਰਗੋਬਿੰਦ ਜੀ, ਹਰੀ ਰਾਇ ਸੁਖ ਖਾਨ॥
ਹਰੀ ਰਾਇ ਸੁਖ ਖਾਨ, ਵੁਹੀ ਹਰ ਕ੍ਰਿਸ਼ਨ ਸਰੂਪਾ।
ਤੇਗ ਬਹਾਦਰ ਧੀਰ, ਬੀਰ ਗੁਰ ਦਸਵੇਂ ਭੂਪਾ॥
ਏਕ ਜੋਤ ਦਸ ਮੂਰਤੀ, ਜਾ ਮੈਂ ਨਹੀਂ ਆਨਕ॥
ਸੋਈ ਸੁਧ ਸਰੂਪ, ਵਸੇ ਮਮ ਰਿਦ ਗੁਰ ਨਾਨਕ॥ ੫॥

ਦੋਹਰਾ — ਬੰਦਨ ਦੁਇ ਕਰ ਜੋਰਿ, ਸ੍ਰੀ ਗੁਰੂ ਗਰੰਥ ਸੁ ਪੰਥ ਬਰਿ।
ਬੁਧਿ ਗਯਾਨ ਉਰਿ ਮੋਰ, ਦਾਇਕ ਲੋਕ ਪ੍ਰਲੋਕ ਸਦ॥ ੬॥

ਦੋਹਰਾ — ਸ੍ਰੀ ਸਤਿਗੁਰ ਕ੍ਰਿਪਾ ਕਰਹੁ, ਮੈਂ ਅਨਾਥ ਕੇ ਨਾਥ।
ਮਮ ਬੁਧੀ ਸੁਧਿ ਕੀਜੀਏ, ਨਿਜ ਕਰ ਧਰੀਏ ਮਾਥ॥ ੭॥

ਦੋਹਰਾ — ਬਿਰਾਟ ਰੂਪ ਪ੍ਰਭ ਆਪ ਹੋਂ, ਕਹਤੇ ਵੇਦ ਪੁਰਾਨ।
ਸਭ ਸਰੀਰ ਹੈਂ ਆਪ ਕੇ, ਨਿਸਚੇ ਕੀਆ ਜਾਨ॥ ੮॥

ਦੋਹਰਾ — ਕਾਮ ਜੋ ਕਰੇ ਸਰੀਰ ਇਹ, ਵੁਹ ਤੇਰੇ ਹੀ ਹੋਇ।
ਆਪਨ ਜਾਨ ਪੂਰਾ ਕਰੋ, ਵਿਘਨ ਨਾ ਲਾਗੈ ਕੋਇ॥ ੯॥

ਦੋਹਰਾ — ਗ੍ਰੰਥ ਅਰੰਭਨ ਯਿਹ ਕੀਆ, ਤੇਰੀ ਆਗਿਆ ਮਾਨ।
ਤੇਰੇ ਹੀ ਅਰਪਨ ਕਰੂੰ, ਤੂੰ ਦਾਤਾ ਭਗਵਾਨ॥ ੧੦॥

ਦੋਹਰਾ — ਸੁਭ ਵਿਦਯਾ ਦਾਤਾ ਸਦਾ ਬੰਦੋਂ ਪਗ ਸਿਰ ਨਾਯ।
ਸਾਸਤ੍ਰ ਬੋਧ ਸ ਬੋਧ ਕਰ ਅਨਾਯਾਮ ਸਮਝਾਏ॥ ੧੧॥

ਅਧਿਆਇ 1

॥ ੧ੴ ਸਤਿਗੁਰ ਪ੍ਰਸਾਦਿ ॥

# ਮਨੁੱਖ ਜਨਮ ਦੀ ਸਫਲਤਾ

## ਮਨੁੱਖ ਦੇਹੀ ਦੀ ਮਹਾਨਤਾ

ਬਹੁਤ ਲੰਮਾ ਸਮਾਂ ਭ੍ਰਮਣ ਕਰਨ ਤੋਂ ਬਾਅਦ ਇਸ ਜੀਵ ਨੂੰ ਅਮੋਲਕ ਮਨੁੱਖ ਦੇਹੀ ਪ੍ਰਾਪਤ ਹੋਈ। ਜਿਵੇਂ ਗੁਰੂ ਵਾਕ—

ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥
ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥

*(ਸੋ.ਮ.੯, ਪੰਨਾ—੬੩੧)*

ਯਥਾ — ਫਫਾ ਫਿਰਤ ਫਿਰਤ ਤੂ ਆਇਆ ॥
ਦ੍ਰੁਲਭ ਦੇਹ ਕਲਿਜੁਗ ਮਹਿ ਪਾਇਆ ॥

*(ਗ:ਬਾ: ਆਖਰੀ, ਪੰਨਾ—੨੫੮)*

ਯਥਾ — ਅਨਿਕ ਜਨਮ ਬੀਤੀਅਨ ਭਰਮਾਈ ॥
ਘਰਿ ਵਾਸੁ ਨ ਦੇਵੈ ਦੁਤਰ ਮਾਈ ॥

*(ਸੂ:ਮ:੫, ਪੰਨਾ—੭੪੫)*

ਯਥਾ — ਮਿਲੁ ਜਗਦੀਸ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਜਰੀਆ ॥

*(ਗੁ: ਗੁ: ਮ: ੫, ਪੰਨਾ—੧੭੬)*

ਯਥਾ — ਲਖ ਚਉਰਾਸੀਹ ਜੋਨਿ ਸਬਾਈ ॥
ਮਾਣਸ ਕਉ ਪ੍ਰਭਿ ਦੀਈ ਵਡਿਆਈ ॥
ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥

*(ਮਾਰੂ-ਸੋਲਹੇ ਮ: ੫, ਪੰਨਾ—੧੦੭੫)*

ਯਥਾ — ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ॥

*(ਸਲੋਕ ਕਬੀਰ ਜੀ, ਪੰਨਾ-੧੩੬੬)*

ਯਥਾ — ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ ॥

*(ਗ: ਮਹਲਾ ੯, ਪੰਨਾ-੨੨੦)*

ਯਥਾ — ਚਉਰਾਸੀਹ ਲਖ ਜੋਨਿ ਵਿਚ, ਉਤਮ ਜਨਮ ਸੁ ਮਾਨਸਿ ਦੇਹੀ ॥

*(ਭਾਈ ਗੁਰਦਾਸ)*

ਯਥਾ — ਇਸ ਦੇਹੀ ਕਉ ਸਿਮਰਹਿ ਦੇਵ ॥ ਸੋ ਦੇਹੀ ਭਜੁ ਹਰਿ ਕੀ ਸੇਵ ॥

*(ਗ:ਭੈ: ਕਬੀਰ ਜੀ, ਪੰਨਾ-੧੧੫੯)*

ਯਥਾ — ਲਖ ਚਉਰਾਸੀਹ ਜੋਨਿ ਭ੍ਰਮਿ ਆਇਓ ॥ ਅਬ ਕੇ ਛੁਟਕੇ ਠਉਰ ਨ ਠਾਇਓ ॥

*(ਗ: ਕਬੀਰ ਜੀ, ਪੰਨਾ-੩੩੭)*

ਯਥਾ — ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥

ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥ ਰਹਾਉ॥
ਕਈ ਜਨਮ ਸੈਲ ਗਿਰਿ ਕਰਿਆ॥ ਕਈ ਜਨਮ ਗਰਭ ਹਿਰਿ ਖਰਿਆ॥
ਕਈ ਜਨਮ ਸਾਖ ਕਰਿ ਉਪਾਇਆ॥ ਲਖ ਚਉਰਾਸੀਹ ਜੋਨਿ ਭ੍ਰਮਾਇਆ॥

*(ਗ: ਗੁ: ਮਹਲਾ: ੫, ਪੰਨਾ—੧੭੬)*

ਯਥਾ — ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ॥
ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ॥

*(ਸ੍ਰੀਰਾਗ ਮਹਲਾ ੫, ਪੰਨਾ-੫੦)*

ਇਤਿਆਦਕ ਗੁਰ ਪ੍ਰਮਾਣਾਂ ਤੋਂ ਸਪਸ਼ਟ ਹੋ ਜਾਂਦਾ ਹੈ, ਕਿ ਇਹ ਜੀਵ ਅਨੰਤ ਕਾਲ ਤੋਂ ਭਟਕਦਾ ਹੋਇਆ ਅਨੇਕਾਂ ਨਿਖਿੱਧ ਜੂਨੀਆਂ ਦੇ ਕਸ਼ਟ ਸਹਾਰ ਕੇ, ਉੱਤਮ ਮਨੁੱਖ ਦੇਹੀ ਨੂੰ ਪ੍ਰਾਪਤ ਹੋਇਆ, ਜੋ ਕਿ ਆਪਣੇ ਵਾਸਤਵ ਸਰੂਪ ਦੀ ਪਛਾਣ ਕਰਕੇ ਹਮੇਸ਼ਾਂ ਲਈ ਤਮਾਮ ਦੁਖਾਂ ਤੋਂ ਬਰੀ ਹੋਣ ਦਾ ਖੁੱਲ੍ਹਾ ਦਰਵਾਜ਼ਾ ਹੈ। ਪਰ ਇਹ ਜੀਵ ਅਗਿਆਨ ਦਾ ਪੜਦਾ ਅਸਥੂਲ ਹੋਣ ਕਰਕੇ, ਅਵਿਦਿਆ ਰੂਪੀ ਨੀਂਦ ਦੇ ਦੋਸ਼ ਕਾਰਣ, ਸੰਸਾਰ ਰੂਪੀ ਸੁਪਨੇ ਵਿਚ ਐਸਾ ਲੀਨ ਹੋਇਆ, ਕਿ ਜੋ ਸਰੀਰ ਪਰਮੇਸ਼ਰ ਪ੍ਰਾਪਤੀ ਲਈ ਮਿਲਿਆ ਸੀ, ਜੈਸਾ ਕਿ ਗੁਰੂ ਵਾਕ ਹੈ—

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥

*(ਆਸਾ ਮਹਲਾ ੪, ਪੰਨਾ-੧੨)*

ਯਥਾ — ਦੇਹ ਘੋੜੀ ਜੀ ਜਿਤੁ ਹਰਿ ਪਾਇਆ ਰਾਮ॥ (ਵਡਹੰਸ ਮਹਲਾ, ੪, ਘੋੜੀਆ ਪੰਨਾ—੫੭੬)

ਅਗਿਆਨ ਵਸ ਇਸ ਦੇਹੀ ਨੂੰ ਆਪਣਾ ਆਪ ਮੰਨ ਕੇ ਇਸ ਦੇ ਹਰਖ, ਸ਼ੋਕ, ਭੁਖ, ਤ੍ਰੇਹ, ਜਨਮ-ਮਰਣ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਵਿਕਾਰ; ਸ਼ਬਦ ਸਪਰਸੁ ਰੂਪ, ਰਸ, ਗੰਧ ਆਦਿਕ ਵਿਸ਼ੇ, ਆਧਿ, ਬਿਆਧਿ, ਉਪਾਧਿ ਆਦਿਕ ਤਿੰਨ ਤਾਪ; ਆਸਾ, ਤ੍ਰਿਸ਼ਨਾ, ਚਿੰਤਾ ਆਦਿਕ ਪਿਸਾਚਣੀਆਂ; ਪਦਾਰਥਾਂ ਦੀ ਭੁਖ, ਤ੍ਰੇਹ ਐਸੇ ਅਨੰਤ ਦੁੱਖਾਂ ਦਾ ਸ਼ਿਕਾਰ ਹੋ ਗਿਆ। ਸ਼ਾਸਤਰਾਂ ਵਿੱਚ ਲਿਖਿਆ ਹੈ, ਸਰਬ ਦੁੱਖਾਂ ਦਾ ਕਾਰਣ ਅਤੇ ਸਾਰੇ ਦੁੱਖਾਂ ਦਾ ਆਸਰਾ ਦੇਹ ਹੈ। ਦੇਹ ਦਾ ਕਾਰਣ ਧਰਮ ਅਧਰਮ ਹੈ, ਯਾਨੀ ਸ਼ੁੱਭ-ਅਸ਼ੁੱਭ ਕਰਮ ਹਨ। ਸ਼ੁੱਭ-ਅਸ਼ੁੱਭ ਕਰਮਾਂ ਦਾ ਕਾਰਣ ਰਾਗ ਦਵੈਸ਼ ਹੈ। ਰਾਗ ਦਵੈਸ਼ ਦਾ ਕਾਰਣ ਅਨੁਕੂਲ ਪ੍ਰਤਿਕੂਲ ਗਿਆਨ ਹੈ। ਅਨੁਕੂਲ ਪ੍ਰਤੀਕੂਲ ਗਿਆਨ ਕਾ ਕਾਰਣ ਭੇਦ ਬੁੱਧੀ ਹੈ। ਭੇਦ ਬੁੱਧੀ ਦਾ ਕਾਰਣ ਆਤਮਾ ਦਾ ਅਗਿਆਨ ਹੈ। ਸੋ ਅਗਿਆਨ ਜਿਤਨੀ ਦੇਰ ਤੱਕ ਹਿਰਦੇ ਵਿੱਚੋਂ ਦੂਰ ਨਹੀਂ ਹੋ ਜਾਂਦਾ, ਇਹ ਜੀਵ ਪੂਰਾ-ਪੂਰਾ ਸੁਖੀ ਨਹੀਂ ਹੋ ਸਕਦਾ। ਮਨੁੱਖ ਸਰੀਰ ਧਾਰਣ ਕਰਨ ਦਾ ਪ੍ਰਯੋਜਨ ਕੇਵਲ ਤੇ ਕੇਵਲ ਅਗਿਆਨ ਦੀ ਨਿਵਿਰਤੀ ਅਤੇ ਸੁਖ-ਸਰੂਪ ਆਤਮਾ ਦੀ ਪਹਿਚਾਣ ਹੈ। ਅਪਣੇ ਆਪ ਦੀ ਪਹਿਚਾਣ ਤੋਂ ਬਿਨਾਂ ਜੀਵਨ ਵਿਅਰਥ ਹੈ। ਜਿਵੇਂ ਗੁਰੂ ਵਾਕ ਹੈ—

ਮਾਨੁਖੁ ਬਿਨੁ ਬੂਝੇ ਬਿਰਥਾ ਆਇਆ॥ ਅਨਿਕ ਸਾਜ ਸੀਗਾਰ ਬਹੁ ਕਰਤਾ ਜਿਉ ਮਿਰਤਕੁ ਓਢਾਇਆ॥

*(ਟੋਡੀ ਮਹਲਾ ੫, ਪੰਨਾ—੭੧੨)*

ਯਥਾ — ਨਾਮ ਦਾਨੁ ਇਸਨਾਨੁ ਨ ਕੀਓ ਇਕ ਨਿਮਖ ਨ ਕੀਰਤਿ ਗਾਇਓ॥
ਨਾਨਾ ਝੂਠਿ ਲਾਇ ਮਨੁ ਤੋਖਿਓ ਨਹ ਬੂਝਿਓ ਅਪਨਾਇਓ॥

*(ਟੋਡੀ ਮ: ੫, ਪੰਨਾ—੭੧੨)*

ਯਥਾ — ਕਰਿ ਕਿਰਪਾ ਰਾਖਹੁ ਰਖਵਾਲੇ॥ ਬਿਨੁ ਬੂਝੇ ਪਸੂ ਭਏ ਬੇਤਾਲੇ॥

*(ਗ: ਮ: ੧, ਪੰਨਾ—੨੨੪)*

ਯਥਾ — ਬਿਨੁ ਬੂਝੇ ਵਡਾ ਫੇਰੁ ਪਇਆ ਫਿਰਿ ਆਵੈ ਜਾਈ॥
ਸਤਿਗੁਰ ਕੀ ਸੇਵਾ ਨ ਕੀਤੀਆ ਅੰਤਿ ਗਇਆ ਪਛੁਤਾਈ॥

*(ਗੁਜਰੀ ਵਾਰ, ਪੰਨਾ—੫੧੧)*

ਯਥਾ — ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ॥
ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ॥

*(ਗ: ਬਾਵਨ ਅਖਰੀ, ਪੰਨਾ—੨੫੧)*

ਯਥਾ — ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ ਵਿਣੁ ਬੂਝੇ ਤੂੰ ਡੂਬਿ ਮੁਆ॥

*(ਰਾਗੁ. ਆਸਾ ਮ: ੩ ਪੰਨਾ—੪੩੫)*

ਯਥਾ — ਕਉਡੀ ਬਦਲੈ ਜਨਮੁ ਗਵਾਇਆ ਚੀਨਸਿ ਨਾਹੀ ਆਪੈ।।
ਗੁਰਮੁਖਿ ਹੋਵੈ ਤਾ ਏਕੋ ਜਾਣੈ ਹਉਮੈ ਦੁਖੁ ਨ ਸੰਤਾਪੈ॥

*(ਰਾਗੁ ਸੂਹੀ ਮ: ੩, ਪੰਨਾ—੧੫੩)*

ਯਥਾ — ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥
ਬਿਨੁ ਬੂਝੇ ਤੂੰ ਸਦਾ ਨਾਪਾਕ॥

*(ਆਸਾ ਮ: ੫, ਪੰਨਾ ੩੭੪)*

ਯਥਾ — ਆਪੁ ਪਛਾਣਹਿ ਤਾ ਸਚੁ ਜਾਣਹਿ ਸਾਚੇ ਸੋਝੀ ਹੋਈ॥

*(ਸੂਹੀ ਮ: ੩, ਪੰਨਾ—੭੬੯)*

ਯਥਾ — ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਭ੍ਰਮ ਕੀ ਕਾਈ॥

*(ਧਨਾਸਰੀ ਮ: ੯, ਪੰਨਾ-੬੮੪)*

ਯਥਾ — ਸੋਹੰ ਆਪੁ ਪਛਾਣੀਐ ਸਬਦਿ ਭੇਦਿ ਪਤੀਆਇ॥
ਗੁਰਮੁਖਿ ਆਪੁ ਪਛਾਣੀਐ ਅਵਰ ਕਿ ਕਰੇ ਕਰਾਇ।।

*(ਸ੍ਰੀਰਾਗੁ ਮ: ੧, ਪੰਨਾ—੬੦)*

ਯਥਾ — ਸਮਝਿ ਸੂਝਿ ਸਹਜ ਘਰਿ ਹੋਵਹਿ॥ ਬਿਨੁ ਬੂਝੇ ਸਗਲੀ ਪਤਿ ਖੋਵਹਿ॥

*(ਆਸਾ: ੧, ਪੰਨਾ—੪੧੩)*

ਯਥਾ — ਪੜਿ ਪੜਿ ਪੰਡਿਤ ਕਰਹਿ ਬੀਚਾਰ॥ ਬਿਨੁ ਬੂਝੇ ਸਭ ਹੋਇ ਖੁਆਰ॥

*(ਸੂਹੀ ਵਾਰ ਮ: ੧, ਪੰਨਾ—੭੯੧)*

ਯਥਾ — ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ॥
ਹਉਮੈ ਆਵੈ ਜਾਇ ਭਰਮਿ ਭੁਲਾਵਣਾ॥

*(ਸੂਹੀ ਮ: ੧, ਪੰਨਾ-੭੫੨)*

ਯਥਾ — ਦਸ ਅਠ ਲੀਖੇ ਹੋਵਹਿ ਪਾਸਿ॥ ਚਾਰੇ ਬੇਦ ਮੁਖਾਗਰ ਪਾਠਿ॥
ਪੁਰਬੀ ਨਾਵੈ ਵਰਨਾਂ ਕੀ ਦਾਤਿ॥ ਵਰਤ ਨੇਮ ਕਰੇ ਦਿਨ ਰਾਤਿ॥
ਕਾਜੀ ਮੁਲਾਂ ਹੋਵਹਿ ਸੇਖ॥ ਜੋਗੀ ਜੰਗਮ ਭਗਵੇ ਭੇਖ॥
ਕੋ ਗਿਰਹੀ ਕਰਮਾ ਕੀ ਸੰਧਿ॥ ਬਿਨੁ ਬੂਝੇ ਸਭ ਖੜੀਅਸਿ ਬੰਧਿ॥

*(ਬਸੰਤ ਮ: ੧, ਪੰਨਾ—੧੧੬੯)*

ਯਥਾ — ਧਰਤਿ ਆਕਾਸੁ ਪਾਤਾਲੁ ਹੈ ਚੰਦੁ ਸੂਰੁ ਬਿਨਾਸੀ॥
ਬਾਦਿਸਾਹ ਸਾਹ ਉਮਰਾਵ ਖਾਨ ਢਾਹਿ ਡੇਰੇ ਜਾਸੀ॥
ਰੰਗ ਤੁੰਗ ਗਰੀਬ ਮਸਤ ਸਭੁ ਲੋਕੁ ਸਿਧਾਸੀ॥
ਕਾਜੀ ਸੇਖ ਮਸਾਇਕਾ ਸਭੇ ਉਠਿ ਜਾਸੀ॥
ਪੀਰ ਪੈਕਾਬਰ ਅਉਲੀਏ ਕੋ ਥਿਰੁ ਨ ਰਹਾਸੀ॥
ਰੋਜਾ ਬਾਗ ਨਿਵਾਜ ਕਤੇਬ ਵਿਣੁ ਬੁਝੇ ਸਭ ਜਾਸੀ॥

*(ਮਾਰੂ ਮ: ੫, ਪੰਨਾ—੧੧੦੦)*

ਯਥਾ — ਸਰੈ ਸਰੀਅਤਿ ਕਰਹਿ ਬੀਚਾਰੁ॥ ਬਿਨੁ ਬੂਝੇ ਕੈਸੇ ਪਾਵਹਿ ਪਾਰੁ॥

*(ਵਾਰ ਸ੍ਰੀਰਾਗ, ਪੰਨਾ—੮੪)*

ਯਥਾ — ਬਿਨੁ ਬੂਝੇ ਕਹਾ ਮਨੁ ਠਹਰਾਨਾ॥ ਨਾਮ ਬਿਨਾ ਸਭੁ ਜਗੁ ਬਉਰਾਨਾ॥

(ਭੈਰਉ ਮ: ੫, ਪੰਨਾ-੧੧੪੦)

ਯਥਾ — ਨਿਹਫਲੰ ਤਸ੍ਯ ਜਨਮਸ੍ਯ ਜਾਵਦ ਬ੍ਰਹਮ ਨ ਬਿੰਦਤੇ॥

(ਸਲੋਕ ਸਹਸਕ੍ਰਿਤੀ ਮ: ੧, ਪੰਨਾ—੧੩੫੩)

ਯਥਾ — ਚਿਰੰਕਾਲ ਪਾਈ ਦ੍ਰੁਲਭ ਦੇਹ॥ ਨਾਮ ਬਿਹੂਣੀ ਹੋਈ ਖੇਹ॥
ਪਸੂ ਪਰੇਤ ਮੁਗਧ ਤੇ ਬੁਰੀ॥ ਤਿਸਹਿ ਨ ਬੂਝੈ ਜਿਨਿ ਏਹ ਸਿਰੀ॥

(ਰਾਮਕਲੀ ਮ: ੫, ਪੰਨਾ-੮੯੦)

ਇਤਿਆਦਕ ਗੁਰ ਬਚਨਾਂ ਤੋਂ ਸਪੱਸ਼ਟ ਹੈ ਕਿ ਮਨੁੱਖ ਜਨਮ ਦਾ ਨਿਸ਼ਾਨਾ ਅਸਲੀਅਤ ਨੂੰ ਸਮਝਣਾ ਹੈ। ਯਾਨੀ ਜਿਸ ਪਰਮੇਸ਼ਰ ਤੋਂ ਵਿਛੁੜਿ ਕੇ ਬੇਅੰਤ ਕਸ਼ਟ ਸਹਾਰੇ, ਅਨੰਤ ਜੂੰਨਾਂ ਵਿੱਚ ਭਟਕਦਾ ਫਿਰਿਆ, ਉਸ ਅਨੰਦਾ ਸਾਗਰ ਵਾਹਿਗੁਰੂ ਦੀ ਪਛਾਣ ਕਰਕੇ ਹਮੇਸ਼ਾ ਲਈ ਉਸ ਵਿੱਚ ਸਮਾ ਜਾਣਾ। ਜਨਮ ਮਰਨ ਆਦਿ ਤਮਾਮ ਅਨਹੋਏ ਦੁੱਖਾਂ ਤੋਂ ਹਮੇਸ਼ਾਂ ਲਈ ਛੁਟਕਾਰਾ ਹਾਸਲ ਕਰ ਲੈਣਾ।

## ਵਿਛੋੜੇ ਦਾ ਕਾਰਨ

ਪਰਮੇਸ਼ਰ ਨੂੰ ਭੁੱਲ ਕੇ ਸੰਸਾਰਕ ਭੋਗਾਂ ਵਿੱਚ ਖਚਿੱਤ ਹੋਣਾ ਬੁੱਧੀਮਾਨ ਮਨੁੱਖ ਦਾ ਕੰਮ ਨਹੀਂ, ਬਲਕਿ ਮੂਰਖਤਾ ਵਸ ਦੁੱਖਾਂ ਨੂੰ ਬੁਲਾਵਾ ਦੇਣਾ ਹੈ। ਜਿਵੇਂ ਗੁਰੂ ਸਾਹਿਬ ਫੁਰਮਾਨ ਕਰ ਰਹੇ ਹਨ—

ਨਾਮੁ ਬਿਸਾਰਿ ਕਰੇ ਰਸ ਭੋਗ॥ ਸੁਖੁ ਸੁਪਨੈ ਨਹੀ ਤਨ ਮਹਿ ਰੋਗ॥

(ਗ: ਮ: ੫ ਪੰਨਾ—੨੪੦)

ਯਥਾ — ਮੂਰਖੁ ਭੋਗੇ ਭੋਗੁ ਦੁਖ ਸਬਾਇਆ॥ ਸੁਖਹੁ ਉਠੇ ਰੋਗ ਪਾਪ ਕਮਾਇਆ॥
ਹਰਖਹੁ ਸੋਗੁ ਵਿਜੋਗੁ ਉਪਾਇ ਖਪਾਇਆ॥

(ਵਾਰ ਮਾਝ ਕੀ:, ਪੰਨਾ—੧੩੯)

ਯਥਾ — ਭੋਗਹਿ ਭੋਗ ਅਨੇਕ ਵਿਣੁ ਨਾਵੈ ਸੁੰਞਿਆ॥
ਹਰਿ ਕੀ ਭਗਤਿ ਬਿਨਾ ਮਰਿ ਮਰਿ ਰੁੰਨਿਆ॥
ਕਪੜ ਭੋਗ ਸੁਗੰਧ ਤਨਿ ਮਰਦਨ ਮਾਲਣਾ॥
ਬਿਨੁ ਸਿਮਰਨ ਤਨੁ ਛਾਰੁ ਸਰਪਰ ਚਾਲਣਾ॥

(ਆਸਾ ਮ: ੫, ਪੰਨਾ—੩੯੮)

ਯਥਾ — ਬਹੁ ਸਾਦਹੁ ਦੂਖੁ ਪਰਾਪਤਿ ਹੋਵੈ॥
ਭੋਗਹੁ ਰੋਗ ਸੁ ਅੰਤਿ ਵਿਗੋਵੈ॥
ਹਰਖਹੁ ਸੋਗੁ ਨ ਮਿਟਈ ਕਬਹੂ ਵਿਣੁ ਭਾਣੇ ਭਰਮਾਇਦਾ॥ (ਮਾਰੂ ਮ: ੧, ਪੰਨਾ—੧੦੩੪)

ਯਥਾ — ਭੋਗੀ ਕਉ ਦੁਖੁ ਰੋਗ ਵਿਆਪੈ॥ ਘਟਿ ਘਟਿ ਰਵਿ ਰਹਿਆ ਪ੍ਰਭੁ ਜਾਪੈ॥

(ਬਸੰਤੁ ਮ: ੧, ਪੰਨਾ—੧੧੮੯)

ਯਥਾ — ਮਿਠਾ ਕਰਿ ਕੈ ਖਾਇਆ ਪਿਆਰੇ ਤਿਨਿ ਤਨਿ ਕੀਤਾ ਰੋਗੁ॥
ਕਉੜਾ ਹੋਇ ਪਤਿਸਟਿਆ ਪਿਆਰੇ ਤਿਸ ਤੇ ਉਪਜਿਆ ਸੋਗੁ॥
ਭੋਗ ਭੁੰਚਾਇ ਭੁਲਾਇਨੁ ਪਿਆਰੇ ਉਤਰੈ ਨਹੀ ਵਿਜੋਗੁ॥

(ਸੋ: ਮ: ੫, ਪੰਨਾ—੬੪੧)

ਯਥਾ — ਮਿਠਾ ਕਰਿ ਕੈ ਕਉੜਾ ਖਾਇਆ॥ ਤਿਨਿ ਕਉੜੈ ਤਨਿ ਰੋਗੁ ਜਮਾਇਆ॥

(ਸਾਰੰਗ ਕੀ ਵਾਰ, ਪੰਨਾ—੧੨੪੩)

ਯਥਾ — ਰੁਪੀ ਭੁਖ ਨ ਉਤਰੈ ਜਾਂ ਦੇਖਾਂ ਤਾਂ ਭੁਖ॥
ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ॥

*(ਵਾਰ ਮਲਾਰ ਕੀ, ਪੰਨਾ—੧੨੮੭)*

ਇਸ ਪ੍ਰਕਾਰ ਭੋਗਾਂ ਵਿਚ ਫਸਿਆ ਜੀਵ ਅਨੰਤ ਪਰਕਾਰ ਦੇ ਦੁੱਖ-ਸੁੱਖ ਭੋਗਦਾ ਹੋਇਆ ਵਿਚੇ ਹੀ ਪ੍ਰਾਣ ਦੇ ਦਿੰਦਾ ਹੈ, ਜਿਵੇਂ ਮੱਖੀ ਮਿੱਠੇ ਦੇ ਲਾਲਚ ਲੱਗੀ ਮਿੱਠੇ ਵਿੱਚ ਹੀ ਫੱਸ ਕੇ ਪ੍ਰਾਣ ਦੇ ਦਿੰਦੀ ਹੈ, ਬਾਹਰ ਨਹੀਂ ਨਿਕਲਦੀ। ਜਿਵੇਂ ਗੁਰੂ ਵਾਕ—

ਨਾਨਕ ਦੁਨੀਆ ਚਾਰਿ ਦਿਹਾੜੇ ਸੁਖਿ ਕੀਤੈ ਦੁਖੁ ਹੋਈ॥
ਗਲਾ ਵਾਲੇ ਹੈਨਿ ਘਣੇਰੇ ਛਡਿ ਨ ਸਕੈ ਕੋਈ॥
ਮਖੀ ਮਿਠੈ ਮਰਣਾ॥ ਜਿਨ ਤੂ ਰਖਹਿ ਤਿਨ ਨੇੜਿ ਨ ਆਵੈ ਤਿਨ ਭਉ ਸਾਗਰੁ ਤਰਣਾ॥

*(ਵਾਰ ਮਲਾਰ ਕੀ, ਪੰਨਾ—੧੨੮੬)*

ਸੰਸਾਰ ਦੇ ਪਦਾਰਥ ਉਪਰੋਂ ਤਾਂ ਮਿੱਠੇ-ਮਿੱਠੇ ਸੁਖਦਾਈ ਪ੍ਰਤੀਤ ਹੁੰਦੇ ਹਨ ਪਰ ਵਿੱਚੋਂ ਫੋਲਿਆਂ ਜ਼ਹਿਰ ਸਮਾਨ ਹਨ। ਜਿਵੇਂ—ਸ਼ੇਖ ਫਰੀਦ ਜੀ ਨੇ ਫੁਰਮਾਇਆ ਹੈ—

ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ॥
ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ॥

*(ਸਲੋਕ ਫਰੀਦ, ਪੰਨਾ—੧੩੭੯)*

ਸੰਸਾਰਕ ਪਦਾਰਥਾਂ ਵਿੱਚ ਫਸਿਆ ਜੀਵ ਇਉਂ ਖੁਆਰ ਹੁੰਦਾ ਹੈਂ; ਜਿਵੇਂ ਮੱਛੀ ਮਾਸ ਦੇ ਟੁੱਕੜੇ ਦੇ ਲਾਲਚ ਵੱਸ ਕੁੰਡੀ ਵਿੱਚ ਫਸ ਕੇ ਪ੍ਰਾਣ ਦੇ ਦਿੰਦੀ ਹੈ। ਮਾਇਆ ਦਾ ਭਰਮਾਇਆ ਹੋਇਆ ਜੀਵ ਅਨਹੋਏ ਪਦਾਰਥਾਂ ਵਿੱਚ ਪ੍ਰੀਤੀ ਪਾ ਕੇ ਅਗਿਆਨ ਵੱਸ ਦੁੱਖਾਂ ਨੂੰ ਹੀ ਸੁੱਖ ਮੰਨੀ ਜਾਂਦਾ ਹੈ, ਕਦੇ ਭੁੱਲਕੇ ਵੀ ਸੱਚੇ ਸੁੱਖ ਦੀ ਕਲਪਨਾ ਨਹੀਂ ਕਰਦਾ। ਸੋਚੇ ਵੀ ਕਿਵੇਂ? ਪਰਮੇਸ਼ਰ ਦੀ ਮਾਇਆ ਇਤਨੀ ਪ੍ਰਬਲ ਹੈ ਇਸ ਜੀਵ ਨੂੰ ਸਿਰ ਚੁੱਕਣ ਹੀ ਨਹੀਂ ਦਿੰਦੀ, ਜਿਵੇਂ ਕਬੀਰ ਜੀ ਫੁਰਮਾਨ ਕਰਦੇ ਹਨ—

ਐਸਾ ਤੈਂ ਜਗੁ ਭਰਮਿ ਲਾਇਆ॥
ਕੈਸੇ ਬੂਝੈ ਜਬ ਮੋਹਿਆ ਹੈ ਮਾਇਆ॥ ਐਸੀ ਬਲਸਾਲੀ ਮਾਇਆ ਹੈ ਕਿਹੋ ਜਿਹੀ?

*(ਸ੍ਰੀਰਾਗੁ, ਪੰਨਾ—੯੨)*

## ਮਾਇਆ ਅਤੇ ਉਸਦਾ ਸਰੂਪ

ਇਉਂ ਮਾਇਆ ਦਾ ਮੋਹਿਆ ਜੀਵ ਪਰਮੇਸ਼ਰ ਨੂੰ ਭੁੱਲ ਕੇ ਹਰ ਕਰਮ ਵਿੱਚ ਆਪਣੀ ਹਉਂ ਧਾਰਨ ਕਰ ਲੈਂਦਾ ਹੈ। ਬੱਸ ਇਹ ਹੀ ਸੰਸਾਰ ਹੈ। ਹਉਂ ਤੋਂ ਬਾਹਰ ਸੰਸਾਰ ਕਿਤੇ ਵੀ ਨਹੀਂ। ਸੰਸਾਰ ਨਾਮ ਮਾਇਆ ਦਾ ਹੈ, ਮਾਇਆ ਕਹਿੰਦੇ ਹੀ ਉਸ ਨੂੰ ਹਨ ਜੋ ਹੋਵੇ ਕੁਛ ਵੀ ਨਾ, ਲੇਕਿਨ ਪ੍ਰਤੀਤ ਹੋ ਕੇ ਜੀਵ ਨੂੰ ਅਨਹੋਏ ਦੁੱਖ-ਸੁੱਖ ਵਿਚ ਫਸਾ ਦੇਵੇ। ਸੋ ਕਹੀਏ ਮਾਇਆ, ਜਿਵੇਂ ਗੁਰੂ ਵਾਕ—

ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ॥

*(ਸ੍ਰੀਰਾਗੁ, ਪੰਨਾ—੬੭)*

ਯਥਾ — ਇਨਿ ਮਾਇਆ ਜਗਦੀਸ ਗੁਸਾਈ ਤੁਮ੍ਹਰੇ ਚਰਨ ਬਿਸਾਰੇ॥
ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ॥ ਰਹਾਉ॥
ਧ੍ਰਿਗੁ ਤਨੁ ਧ੍ਰਿਗੁ ਧਨੁ ਧ੍ਰਿਗੁ ਇਹ ਮਾਇਆ ਧ੍ਰਿਗੁ ਧ੍ਰਿਗੁ ਮਤਿ ਬੁਧਿ ਫੰਨੀ॥
ਇਸ ਮਾਇਆ ਕਉ ਦ੍ਰਿੜੁ ਕਰਿ ਰਾਖਹੁ ਬਾਂਧੇ ਆਪ ਬਚੰਨੀ॥

ਕਿਆ ਖੇਤੀ ਕਿਆ ਲੇਵਾ ਦੇਈ ਪਰਪੰਚ ਝੂਠੁ ਗੁਮਾਨਾ॥
ਕਹਿ ਕਬੀਰ ਤੇ ਅੰਤਿ ਬਿਗੂਤੇ ਆਇਆ ਕਾਲੁ ਨਿਦਾਨਾ॥

*(ਬਿਲਾਵਲੁ ਕਬੀਰ ਜੀ, ਪੰਨਾ—੮੫੭)*

ਯਥਾ — ਮਾਇਆ ਐਸੀ ਮੋਹਨੀ ਭਾਈ॥ ਜੇਤੇ ਜੀਅ ਤੇਤੇ ਡਹਕਾਈ॥ ਰਹਾਉ॥
ਪੰਖੀ ਮ੍ਰਿਗ ਮਾਇਆ ਮਹਿ ਰਾਤੇ॥ ਸਾਕਰ ਮਾਖੀ ਅਧਿਕ ਸੰਤਾਪੇ॥
ਤੁਰੇ ਉਸਟ ਮਾਇਆ ਮਹਿ ਭੇਲਾ॥ ਸਿਧ ਚਉਰਾਸੀਹ ਮਾਇਆ ਮਹਿ ਖੇਲਾ॥
ਛਿਅ ਜਤੀ ਮਾਇਆ ਕੇ ਬੰਦਾ॥ ਨਵੈ ਨਾਥ ਸੂਰਜ ਅਰੁ ਚੰਦਾ॥
ਤਪੇ ਰਖੀਸਰ ਮਾਇਆ ਮਹਿ ਸੂਤਾ॥ ਮਾਇਆ ਮਹਿ ਕਾਲੁ ਅਰੁ ਪੰਚ ਦੂਤਾ॥
ਸੁਆਨ ਸਿਆਲ ਮਾਇਆ ਮਹਿ ਰਾਤਾ॥ ਬੰਤਰ ਚੀਤੇ ਅਰੁ ਸਿੰਘਾਤਾ॥
ਮਾਂਜਾਰ ਗਾਡਰ ਅਰੁ ਲੂਬਰਾ॥ ਬਿਰਖ ਮੂਲ ਮਾਇਆ ਮਹਿ ਪਰਾ॥
ਮਾਇਆ ਅੰਤਰਿ ਭੀਨੇ ਦੇਵ॥ ਸਾਗਰ ਇੰਦ੍ਰਾ ਅਰੁ ਧਰਤੇਵ॥
ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ॥ ਤਬ ਛੂਟੇ ਜਬ ਸਾਧੂ ਪਾਇਆ॥

*(ਭੈਰਉ ਕਬੀਰ ਜੀ, ਪੰਨਾ—੧੧੬੦)*

ਯਥਾ — ਮਾਇਆ ਮੋਹੁ ਗੁਬਾਰੁ ਹੈ ਤਿਸ ਦਾ ਨ ਦਿਸੈ ਉਰਵਾਰੁ ਨ ਪਾਰੁ॥
ਮਨਮੁਖ ਅਗਿਆਨੀ ਮਹਾ ਦੁਖੁ ਪਾਇਦੇ ਡੁਬੇ ਹਰਿ ਨਾਮੁ ਵਿਸਾਰਿ॥

*(ਸ੍ਰੀਰਾਗ ਕੀ ਵਾਰ, ਪੰਨ—੮੯)*

ਯਥਾ — ਮਾਇਆ ਮੋਹੁ ਗੁਬਾਰੁ ਹੈ ਦੂਜੈ ਭਰਮਾਈ॥
ਮਨਮੁਖ ਠਉਰ ਨ ਪਾਇਨੀ ਫਿਰਿ ਆਵੈ ਜਾਈ॥

*(ਵਾਰ ਸੂਹੀ, ਪੰਨਾ—੭੮੬)*

ਯਥਾ — ਕੈਸੇ ਮਨ ਤਰਹਿਗਾ ਰੇ ਸੰਸਾਰੁ ਸਾਗਰੁ ਬਿਖੈ ਕੋ ਬਨਾ॥
ਝੂਠੀ ਮਾਇਆ ਦੇਖਿ ਕੈ ਭੂਲਾ ਰੇ ਮਨਾ॥

*(ਪੰਨਾ—੪੮੬)*

ਯਥਾ — ਸਾਧੋ ਇਹੁ ਜਗੁ ਭਰਮ ਭੁਲਾਨਾ॥
ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ॥ ਰਹਾਉ॥
ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੈ ਰਸਿ ਲਪਟਾਨਾ॥
ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ॥
ਦੀਨ ਦਇਆਲ ਸਦਾ ਦੁਖ ਭੰਜਨ ਤਾ ਸਿਉ ਮਨੁ ਨ ਲਗਾਨਾ॥
ਜਨ ਨਾਨਕ ਕੋਟਨ ਮੈ ਕਿਨਹੂ ਗੁਰਮੁਖਿ ਹੋਇ ਪਛਾਨਾ॥

*(ਧਨਾਸਰੀ ਮਹਲਾ ੯, ਪੰਨਾ—੬੮੪)*

ਯਥਾ — ਕਹਤੁ ਕਬੀਰ ਸੁਨਹੁ ਰੇ ਪ੍ਰਾਨੀ ਪਰੇ ਕਾਲ ਗ੍ਰਸ ਕੂਆ॥
ਝੂਠੀ ਮਾਇਆ ਆਪੁ ਬੰਧਾਇਆ ਜਿਉ ਨਲਨੀ ਭ੍ਰਮਿ ਸੂਆ॥

*(ਰਾਗੁ ਸੋਰਠਿ, ਬਾਣੀ ਕਬੀਰ ਜੀ, ਪੰਨਾ—੬੫੪)*

ਯਥਾ — ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ॥
ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ॥

*(ਰਾ: ਮ: ੩, ਪੰਨਾ—੯੧੮)*

ਮਾਇਆ ਦਾ ਅਰਥ ਹੈ, ਮੋਹ ਵਿੱਚ ਫਸਾ ਲੈਣਾ। ਮੋਹ ਨਾਮ ਹੈ ਅੰਧਕਾਰ ਦਾ, ਅੰਧਕਾਰ ਯਾਨੀ ਹਨੇਰੇ ਵਿੱਚ ਚਲ ਰਹੇ ਜੀਵ ਨੂੰ ਨਾ ਕੁਝ ਅੱਗੇ ਨਜ਼ਰ ਆਉਂਦਾ ਹੈ, ਨਾ ਪਿੱਛੇ; ਨਾ ਉੱਚਾ, ਨਾ ਨੀਵਾਂ; ਇਥੋਂ ਤੱਕ ਕਿ ਆਪਣੇ ਆਪ

ਨੂੰ ਹੀ ਭੁੱਲ ਜਾਂਦਾ ਹੈ। ਅਜਿਹੀ ਹਾਲਤ ਵਿੱਚ ਜੀਵ ਦਾ ਦੁਖੀ ਹੋਣਾ ਲਾਜ਼ਮੀ ਹੈ। ਅਜਿਹੀ ਹਾਲਤ ਪ੍ਰਤੀ ਭਗਵਾਨ ਕ੍ਰਿਸ਼ਨ, ਅਰਜਨ ਨੂੰ ਸੁਚੇਤ ਕਰਦੇ ਹਨ–

**ਦੈਵੀ ਹਯੇਸ਼ਾ ਗੁਣ ਮਈ ਮਮ ਮਾਇਆ ਦੁੱਰਤਯਾ॥**
**ਮਾਮੇਵ ਯੇ ਪ੍ਰਪਦਯੇਤੇ ਮਾਇਆ ਮੇਤੰ ਤਰੰਤੀ ਤੇ॥**

*(ਗੀਤਾ ਅਧਿਆਇ ੭, ਸਲੋਕ–੧੪)*

ਹੇ ਅਰਜਨ! ਮੇਰੀ ਤ੍ਰਿਗੁਣ ਮਾਇਆ ਬੜੀ ਚਮਤਕਾਰੀ ਅਤੇ ਜੀਵਾਂ ਨੂੰ ਮੋਹਿਤ ਕਰਨ ਵਾਲੀ ਹੈ। ਜੋ ਮੇਰੀ, ਅਥਵਾ ਗੁਰੂ ਦੀ ਸ਼ਰਣ ਵਿੱਚ ਆ ਜਾਂਦਾ ਹੈ, ਉਹ ਹੀ ਤਰ ਸਕਦਾ ਹੈ, ਹੋਰ ਦੂਜਾ ਕੋਈ ਉਪਾਓ ਨਹੀਂ। ਭਗਵਾਨ ਦੇ ਪਵਿੱਤਰ ਮੁੱਖ ਤੋਂ ਐਸਾ ਸੁਣ ਕੇ ਅਰਜਨ ਨੇ ਹਠ ਕੀਤਾ, ਕਿ ਮੈਨੂੰ ਆਪ ਦੀ ਮਾਇਆ ਨਹੀਂ ਭੁਲਾ ਸਕਦੀ। ਭਗਵਾਨ ਕਹਿਣ ਲੱਗੇ ਮੇਰੀ ਮਾਇਆ ਤੋਂ ਪਾਰ ਹੋਣਾ ਬਹੁਤ ਮੁਸ਼ਕਿਲ ਕੰਮ ਹੈ, ਅਰਜਨ! ਮੇਰੀ ਮਾਇਆ ਵਿਚ ਮੋਹਿਤ ਹੋ ਕੇ ਤੂੰ ਮੈਨੂੰ ਤਾਂ ਭੁਲੇਂਗਾ ਹੀ, ਬਲਕਿ ਆਪਣੇ ਆਪ ਨੂੰ ਵੀ ਭੁੱਲ ਜਾਵੇਂਗਾ। ਅਰਜਨ ਕਹਿਣ ਲੱਗਾ ਕਿ ਐਸਾ ਨਹੀਂ ਹੋ ਸਕਦਾ, ਆਪ ਆਪਣੀ ਮਾਇਆ ਵਿਖਾਓ! ਇਹ ਸੁਣ ਕੇ ਭਗਵਾਨ ਜੀ ਚੁੱਪ ਹੋ ਗਏ। ਅਰਜਨ ਨੇ ਫੇਰ ਆਖਿਆ ਕਿ ਭੁਲਾਉਣ ਵਾਲੀ ਮਾਇਆ ਜ਼ਰੂਰ ਵਿਖਾਓ। ਭਗਵਾਨ ਨੇ ਫਿਰ ਵੀ ਮਨ੍ਹਾ ਕੀਤਾ ਕਿ ਮੇਰੀ ਮਾਇਆ ਦੇਖਕੇ ਦੁੱਖੀ ਹੋਵੇਂਗਾ। ਪਰ ਅਰਜਨ ਨੇ ਹਠ ਨਾ ਛੱਡਿਆ। ਅਰਜਨ ਦਾ ਹਠ ਦੇਖਕੇ ਭਗਵਾਨ ਬੋਲੇ, ਅੱਛਾ! ਕੱਲ ਦਿਖਾਵਾਂਗੇ। ਦੂਸਰੇ ਦਿਨ ਅਰਜਨ ਨੂੰ ਰੱਥ ਵਿੱਚ ਬਿਠਾਕੇ ਇਕ ਤਲਾਬ ਤੇ ਲੈ ਗਏ, ਪਰ ਆਪ ਦਾਤਨ ਕਰਨ ਲੱਗ ਗਏ। ਅਰਜਨ ਨੂੰ ਬੋਲੇ ਤੂੰ ਮੇਰੀ ਮਾਇਆ ਦੇ ਦਰਸ਼ਨ ਕਰ ਲੈ, ਮੈਂ ਇਥੇ ਹੀ ਬੈਠਾ ਹੋਵਾਂਗਾ ਪਰ ਤੈਨੂੰ ਨਜ਼ਰ ਨਹੀਂ ਆਵਾਂਗਾ, ਤੂੰ ਜਿਤਨਾ ਮਰਜ਼ੀ ਯਤਨ ਕਰ ਲਈਂ, ਤੇਰੇ ਯਤਨ ਦੇ ਬਾਵਜੂਦ ਤੰ ਮੈਨੂੰ ਇੱਥੇ ਬੈਠੇ ਨੂੰ ਦੇਖ ਨਹੀਂ ਸਕੇਂਗਾ। ਜਾਹ! ਇਸ ਸਰੋਵਰ ਵਿਚ ਇਸ਼ਨਾਨ ਕਰ ਲੈ।

ਅਰਜਨ ਕਹਿਣ ਲੱਗਾ ਕਿ ਆਪ ਇੱਥੋਂ ਜਾਣਾ ਨਾ! ਭਗਵਾਨ ਕਹਿਣ ਲੱਗੇ ਮੇਰੀ ਪ੍ਰਤੱਗਿਆ ਹੈ ਮੈਂ ਇੱਥੋਂ ਕਿਤੇ ਨਹੀਂ ਜਾਂਦਾ, ਪਰ ਤੂੰ ਮੈਨੂੰ ਇਥੇ ਬੈਠੇ ਨੂੰ ਦੇਖ ਨਹੀਂ ਸਕੇਂਗਾ। ਕਿਉਂਕਿ–

**ਨਾਂਹ ਪ੍ਰਕਾਸ: ਸਰਵਸਿਯ ਯੋਗ ਮਾਯਾ ਸਮਾਵਿਰਤ:॥**
**ਮੂਢੋਨਯੰ ਨਾਲ ਭੀ ਜਾਨਾਤਿ ਲੋਕੋ ਮਾਮਜ ਮਬਿਯਯਮ॥**

**ਅਰਥ**–ਮੈ ਆਪਣੀ ਯੋਗ ਮਾਇਆ ਨਾਲ ਛੁਪਿਆ ਹੋਇਆ ਸਭ ਨੂੰ ਪ੍ਰਤੱਖ ਨਹੀਂ ਹੁੰਦਾ। ਅਗਿਆਨੀ ਜੀਵ ਮੈਨੂੰ ਅਜਨਮਾਂ ਅਬਿਨਾਸੀ ਨੂੰ ਤੱਤੂ ਰੂਪ ਨਾਲ ਦੇਖ ਨਹੀਂ ਸਕਦੇ। ਅਰਜਨ ਨੂੰ ਐਸੇ ਬਚਨ ਕਹਿ ਕੇ ਹੋਰ ਵੀ ਪੱਕਾ ਕਰ ਦਿੱਤਾ ਕਿ ਭੁੱਲਣਾ ਨਹੀਂ। ਅਰਜਨ ਸਰੋਵਰ ਵਿਚ ਇਸ਼ਨਾਨ ਕਰਕੇ ਬਾਹਰ ਆਇਆ, ਕੀ ਦੇਖਦਾ ਹੈ, ਨਾ ਭਗਵਾਨ ਹਨ, ਨਾ ਰੱਥ ਹੈ, ਪਹਿਲੀ ਜਗ੍ਹਾ ਵੀ ਨਹੀਂ, ਕੋਈ ਨਵਾਂ ਹੀ ਵਰਭੰਡ ਹੈ, ਘੋਰ ਜੰਗਲ ਹੈ। ਅਰਜਨ ਨੇ ਇਧਰ ਉਧਰ ਵੇਖਿਆ, ਭਗਵਾਨ ਨਜ਼ਰ ਨਹੀਂ ਆ ਰਹੇ। ਉੱਚੀ-ਉੱਚੀ ਰੋਣ ਪੁਕਾਰਨ ਲੱਗਿਆ, ਕੋਈ ਸੁਣ ਨਹੀਂ ਰਿਹਾ, ਭਗਵਾਨ ਕੋਲ ਹੀ ਬੈਠੇ ਹਨ ਪਰ ਨਜ਼ਰ ਨਹੀਂ ਆ ਰਹੇ, ਜਿਵੇਂ ਗੁਰੂ ਵਾਕ ਹੈ–

**ਮਾਇਆ ਮੋਹੁ ਗੁਬਾਰੁ ਹੈ ਦੂਜੈ ਭਰਮਾਈ॥**
**ਮਨਮੁਖ ਠਉਰ ਨਾ ਪਾਇਨ੍ਹੀ ਫਿਰਿ ਆਵੈ ਜਾਈ॥**

*(ਵਾਰ ਸੂਹੀ, ਪੰਨਾ ੭੮੬)*

ਜਿਸ ਤਰ੍ਹਾਂ ਘੁੱਪ ਹਨੇਰੇ ਵਿੱਚ ਆਪਣੇ ਪੈਰ ਜਾਂ ਅੱਗੇ ਪਿੱਛੇ ਕੋਈ ਚੀਜ਼ ਨਜ਼ਰ ਨਹੀਂ ਆ ਰਹੀ ਹੁੰਦੀ ਇਸ ਤਰ੍ਹਾਂ ਮਾਇਆ ਦਾ ਅੰਧਕਾਰ ਹੈ। ਅਰਜਨ ਸਾਰਾ ਦਿਨ ਤੜਫਦਾ ਰਿਹਾ, ਕੋਈ ਪਤਾ ਨਾ ਲੱਗੇ। ਹੇ ਕੇਸ਼ਵ! ਹੇ ਕ੍ਰਿਸ਼ਨ! ਹੇ ਗੋਬਿੰਦ! ਦਰਸ਼ਨ ਦੇਵੋ, ਐਸੇ ਪੁਕਾਰਦਾ ਰਿਹਾ ਪਰ ਕੋਈ ਪਤਾ ਨਾ ਲੱਗੇ। ਤਿੰਨ ਦਿਨ ਘੁੰਮਦਾ ਰਿਹਾ, ਭੁੱਖ ਪਿਆਸ ਦਾ ਸਤਾਇਆ ਵਿਆਕੁਲ ਹੋਇਆ ਇੱਧਰ ਉੱਧਰ ਦੇਖ ਰਿਹਾ ਹੈ, ਕੋਈ ਪਿੰਡ, ਕੋਈ ਆਦਮੀ ਨਜ਼ਰ ਨਹੀਂ ਆ ਰਿਹਾ। ਆਖਰ ਚੌਥੇ ਦਿਨ ਘੁੰਮਦੇ-ਫਿਰਦੇ ਨੇ ਇਕ ਆਦਮੀ ਵੇਖਿਆ, ਕੋਲ ਜਾ ਕੇ ਕਹਿਣ ਲੱਗਾ ਕਿ ਮੈਂ ਭੁੱਲ ਗਿਆ ਹਾਂ, ਹਸਤਨਾਪੁਰ ਕਿੱਧਰ ਹੈ? ਭਗਵਾਨ ਕ੍ਰਿਸ਼ਨ ਕਿਤੇ ਦੇਖੇ ਹਨ? ਉਹ ਆਦਮੀ ਕਹਿਣ ਲੱਗਾ ਮੈਂ ਭਗਵਾਨ ਕ੍ਰਿਸ਼ਨ ਅਤੇ ਹਸਤਨਾਪੁਰ ਸੁਣੇ ਤਾਂ ਹਨ, ਪਰ ਉਹ ਤਾਂ ਦੁਆਪੁਰ ਯੁਗ ਵਿੱਚ ਹੋਏ ਹਨ, ਹੁਣ ਤਾਂ ਕਲਯੁਗ ਚੱਲ ਰਿਹਾ ਹੈ। ਮੇਰੇ

ਪਿੰਡ ਦੀ ਧਰਮਸ਼ਾਲਾ ਵਿੱਚ ਹਰ ਰੋਜ਼ ਮਹਾਂਭਾਰਤ ਦੀ ਕਥਾ ਹੁੰਦੀ ਹੈ, ਉਸਦੇ ਵਿੱਚ ਪ੍ਰਕਰਣ ਆਇਆ ਸੀ, ਵਿਆਸ ਜੀ, ਰਾਜਾ ਜਨਮੇਜੇ ਨੂੰ ਕਹਿ ਰਹੇ ਹਨ, ਕਿ ਤੇਰੇ ਪੜਦਾਦਾ ਅਰਜਨ ਨੇ ਮਹਾਂਭਾਰਤ ਦੇ ਯੁੱਧ ਵਿਚ ਕੌਰਵਾਂ ਨੂੰ ਮਾਰਕੇ ਵਿਜੇ ਹਾਸਲ ਕੀਤੀ ਅਤੇ ਬਾਅਦ ਵਿਚ ਸ਼ੋਕ ਗ੍ਰਸਤ ਹੋਏ ਯੁਧਿਸ਼ਟਰ ਨੂੰ, ਬਾਣਾਂ ਦੀ ਸੇਜਾ ਤੇ ਪਏ ਭੀਸ਼ਮ ਪਿਤਾਮਾ ਨੇ ਸਮਝਾ ਕੇ ਰਾਜ ਸਿੰਘਾਸਣ ਤੇ ਬਿਠਾਇਆ ਅਤੇ ਬਹੁਤ ਵਰਸ਼ ਰਾਜ ਕਰਕੇ ਅਰਜਨ ਦੇ ਪੋਤਰੇ ਪ੍ਰੀਛਤ ਨੂੰ ਰਾਜ ਭਾਗ ਦੇ ਕੇ ਦਰੋਪਦੀ ਨੂੰ ਨਾਲ ਲੈ ਕੇ ਪੰਜੇ ਪਾਂਡਵ ਹਿਮਾਲੀਆ ਪਰਬਤ ਵਲ ਚਲੇ ਗਏ। ਬਾਅਦ ਵਿੱਚ ਪ੍ਰੀਛਤ ਵੀ ਕਾਫ਼ੀ ਵਰਸ਼ ਰਾਜ ਕਰਕੇ ਜਨਮੇਜੇ ਨੂੰ ਰਾਜ ਦੇ ਕੇ ਇਕ ਰਿਸ਼ੀ ਦੇ ਸਰਾਪ ਕਰਕੇ ਤੱਖੀ ਨਾਗ ਦੇ ਡੰਗਣ ਨਾਲ ਗੰਗਾ ਦੇ ਕਿਨਾਰੇ ਸੁਕਦੇਵ ਸੁਆਮੀ ਤੋਂ ਸ੍ਰੀਮਦ ਭਾਗਵਤ ਸ੍ਰਵਣ ਕਰਕੇ, ਜੀਵਨ ਮੁਕਤ ਅਵਸੱਥਾ ਵਿੱਚ ਸਥਿਤ ਹੋ ਕੇ, ਸਰੀਰ ਤਿਆਗ ਗਏ। ਇਸ ਪ੍ਰਕਾਰ ਦੀ ਮੈਂ ਕਥਾ ਤਾਂ ਸੁਣੀ ਹੈ ਜੋ ਦੁਆਪੁਰ ਯੁੱਗ ਵਿੱਚ ਵਾਪਰਿਆ, ਪਰ ਹੁਣ ਤਾਂ ਕਲਯੁਗ ਚਲ ਰਿਹਾ ਹੈ। ਅਰਜਨ ਕਹਿਣ ਲੱਗਿਆ ਕਿ ਅਜੇ ਤਾਂ ਦੁਆਪੁਰ ਹੈ, ਅਜੇ ਹੁਣ ਤਾਂ ਭਗਵਾਨ ਕ੍ਰਿਸ਼ਨ ਮੇਰੇ ਨਾਲ ਸਨ, ਮੈਂ ਹੀ ਤਾਂ ਅਰਜਨ ਹਾਂ। ਆਦਮੀ ਕਹਿਣ ਲੱਗਿਆ ਜਾਗਦਾ ਹੈਂ ਜਾਂ ਸੁੱਤਾ ਹੈਂ? ਚੱਲ ਤੈਨੂੰ ਕਥਾ ਵਿੱਚ ਲੈ ਚਲਦਾ ਹਾਂ। ਅਰਜਨ ਨੂੰ ਪਿੰਡ ਲੈ ਆਇਆ, ਧਰਮਸ਼ਾਲਾ ਵਿਚ ਪਹੁੰਚੇ, ਅਰਜਨ ਨੇ ਵੀ ਉਹ ਹੀ ਕਥਾ ਸੁਣੀ। ਅਰਜਨ ਬਹੁਤ ਹੈਰਾਨ ਹੋਇਆ। ਸੋਚਣ ਲੱਗਾ ਕਿ ਮੈਂ ਜਾਗਦਾ ਹਾਂ ਜਾਂ ਸੁੱਤਾ ਪਿਆ ਹਾਂ? ਕੁਝ ਪਤਾ ਨਾ ਲੱਗੇ। ਲੋਕਾਂ ਨੇ ਪਰਦੇਸੀ ਜਾਣ ਕੇ ਪੁੱਛਿਆ ਕਿ ਤੂੰ ਕਉਣ ਹੈਂ? ਕਿੱਥੋਂ ਆਇਆ ਹੈਂ? ਕਹਿਣ ਲੱਗਾ ਮੈਂ ਅਰਜਨ ਪਾਂਡਵ ਹਾਂ, ਹਸਤਨਾਪੁਰ ਦਾ ਰਹਿਣ ਵਾਲਾ ਹਾਂ, ਭਗਵਾਨ ਕ੍ਰਿਸ਼ਨ ਮੇਰੇ ਨਾਲ ਸਨ। ਲੋਕਾਂ ਨੇ ਸਮਝਿਆ ਕਿ ਇਹ ਪਾਗਲ ਹੈ। ਅਰਜਨ ਨੂੰ ਕਹਿਣ ਲੱਗੇ ਕਿ ਜੇ ਫਿਰ ਐਸਾ ਬੋਲਿਆ ਤੈਨੂੰ ਪਾਗਲਖਾਨੇ ਭੇਜ ਦਿਆਂਗੇ। ਆਪਣੇ ਆਪ ਨੂੰ ਅਰਜਨ ਕਹਿ ਕੇ ਸੂਰਬੀਰ ਅਰਜਨ ਦੀ ਤੌਹੀਨ ਕਰਦਾ ਹੈਂ। ਅਰਜਨ ਬਹੁਤ ਡਰ ਗਿਆ। ਕਹਿਣ ਲੱਗਾ ਕਿ ਅੱਛਾ! ਮੈਂ ਆਪਣੇ ਆਪ ਨੂੰ ਅਰਜਨ ਨਹੀਂ ਕਹਾਂਗਾ, ਪਰਦੇਸੀ ਕਹਾਂਗਾ। ਅਰਜਨ ਉਥੇ ਪਰਦੇਸੀ ਬਣਕੇ ਰਹਿਣ ਲੱਗਾ। ਕੁਝ ਦਿਨਾਂ ਬਾਅਦ ਰਾਜ ਦਰਬਾਰ ਵਿਚ ਨੌਕਰੀ ਮਿਲ ਗਈ। ਬਾਦਸ਼ਾਹ ਨੇ ਉਸਦੀ ਬਾਣ ਵਿਦਿਆ ਅਤੇ ਸੂਰਬੀਰਤਾ ਦੇਖ ਕੇ ਸੈਨਾਪਤੀ ਬਣਾ ਦਿੱਤਾ ਅਤੇ ਉਸਦੇ ਨਾਲ ਆਪਣੀ ਪੁੱਤਰੀ ਦੀ ਸ਼ਾਦੀ ਕਰ ਦਿੱਤੀ। ਵਿਆਹ ਕਰਕੇ ਹੁਣ ਅਰਜਨ ਸੁਖਪੂਰਵਕ ਰਹਿਣ ਲੱਗਿਆ।

ਇਸਤਰੀ ਸੁੱਖ ਨੇ ਉਸਨੂੰ ਐਸਾ ਮੋਹਿਤ ਕੀਤਾ, ਜਿਹੜਾ ਭਗਵਾਨ ਦੀ ਰੋਜ਼ ਪੂਜਾ ਕਰਦਾ ਸੀ, ਨਿਤਨੇਮ, ਕਰਮ ਧਰਮ ਸਭ ਭੁੱਲ ਗਿਆ ਅਤੇ ਪੱਕਾ ਨਾਸਤਿਕ ਹੋ ਗਿਆ। ਜੋ ਕੋਈ ਭਗਵਾਨ ਦੀ ਗੱਲ ਕਰੇ ਉਸਨੂੰ ਫਿਰ ਚੰਗੀ ਨਾ ਲੱਗੇ। ਇਉਂ ਗ੍ਰਿਹਸਤ ਵਿੱਚ ਕਈ ਸਾਲ ਗੁਜ਼ਰ ਗਏ, ਤਿੰਨ ਲੜਕੇ ਵੀ ਪੈਦਾ ਹੋ ਗਏ ਪਰੰਤੂ ਇਸਤਰੀ ਪ੍ਰੇਮ ਨਾ ਘਟਿਆ। ਇੱਕ ਦਿਨ ਔਰਤ ਬਿਮਾਰ ਹੋ ਗਈ। ਮਰਨ ਸਮੇਂ ਅਰਜਨ ਨੂੰ ਕਹਿਣ ਲੱਗੀ, ਮੇਰੇ ਮਰਨ ਤੋਂ ਬਾਅਦ ਅਗਰ ਤੂੰ ਦੂਜੀ ਸ਼ਾਦੀ ਕਰੇਂਗਾ ਤਾਂ ਮੇਰੇ ਪੁੱਤਰਾਂ ਦੀ ਦੁਰਦਸ਼ਾ ਹੋ ਜਾਊ, ਇਸ ਵਾਸਤੇ ਮੈਂ ਬੇਨਤੀ ਕਰਦੀ ਹਾਂ ਕਿ ਤੂੰ ਦੂਸਰੀ ਸ਼ਾਦੀ ਨਾ ਕਰੀਂ। ਇਹ ਸੁਣ ਕੇ ਅਰਜਨ ਦੇ ਮਨ ਵਿੱਚ ਮੋਹ ਆਇਆ ਤੇ ਕਹਿਣ ਲੱਗਿਆ ਅਗਰ ਤੂੰ ਮਰ ਗਈ ਤਾਂ ਜਿੰਦਾ ਮੈਂ ਵੀ ਨਹੀਂ ਰਹਿੰਦਾ, ਤੇਰੇ ਨਾਲ ਹੀ ਚਿਖਾ ਵਿੱਚ ਸੜ ਜਾਉਂ, ਇਕੱਠੇ ਸੁਰਗ ਨੂੰ ਚਲਾਂਗੇਂ। ਇਹ ਬਚਨ ਦੇ ਦਿੱਤਾ, ਆਖਰ ਇਸਤਰੀ ਮਰ ਗਈ, ਅਰਜਨ ਵੀ ਸ਼ੋਕ ਗ੍ਰਸਤ ਹੋ ਕੇ ਰੋਣ ਲੱਗਿਆ। ਭਗਵਾਨ ਕ੍ਰਿਸ਼ਨ ਜੀ ਨੇ ਊਧੋ ਭਗਤ ਨੂੰ ਭੇਜਿਆ ਕਿ ਅਰਜਨ ਨੂੰ ਮੇਰੇ ਕੋਲ ਲੈ ਆਵੋ। ਊਧੋ ਜੀ ਨੇ ਕੋਲ ਆ ਕੇ ਅਰਜਨ ਨੂੰ ਬਾਂਹ ਫੜਕੇ ਕਿਹਾ ਚਲੋ ਭਗਵਾਨ ਕ੍ਰਿਸ਼ਨ ਜੀ ਬੁਲਾਉਂਦੇ ਹਨ। ਅਰਜਨ ਬਹੁਤ ਕਰੋਧ ਨਾਲ ਬੋਲਿਆ ਮੇਰੀ ਪਤਨੀ ਦੀ ਮੌਤ ਨਾਲ ਮੇਰਾ ਘਰ ਉੱਜੜ ਗਿਆ, ਤੂੰ ਮਸ਼ਕਰੀਆਂ ਕਰਦਾ ਹੈਂ! ਭਗਵਾਨ ਕ੍ਰਿਸ਼ਨ ਦੁਆਪੁਰ ਯੁੱਗ ਵਿੱਚ ਹੋਏ ਹਨ ਹੁਣ ਕਿੱਥੋਂ ਆ ਗਏ? ਊਧੋ ਜੀ ਨੇ ਕਿਹਾ ਕਿ ਤੂੰ ਮੈਨੂੰ ਪਛਾਣਦਾ ਨਹੀਂ? ਮੈਂ ਭਗਵਾਨ ਦਾ ਭਗਤ ਹਾਂ, ਤੈਨੂੰ ਲੈਣ ਵਾਸਤੇ ਆਇਆ ਹਾਂ। ਇਸ ਤਰ੍ਹਾਂ ਬਹੁਤ ਸਮਝਾਇਆ, ਪਰ ਅਰਜਨ ਨੇ ਨਾ ਪਛਾਣਿਆ, ਅਤੇ ਨਾ ਹੀ ਕਿਹਾ ਮੰਨਿਆ, ਉਲਟਾ ਨਿਰਾਦਰ ਕਰਕੇ ਪਰੇ ਹਟਾ ਦਿੱਤਾ, ਆਪ ਜੋਰ-ਜੋਰ ਦੀ ਰੋਣ ਕੁਰਲਾਉਣ ਲੱਗਾ। ਆਖਰ ਇਸਤਰੀ ਦੀ ਮਿਰਤਕ ਦੇਹ ਨੂੰ ਇਸ਼ਨਾਨ ਆਦਿ ਕਰਵਾ ਕੇ ਲੋਕ ਸ਼ਮਸ਼ਾਨ ਘਾਟ ਲੈ ਗਏ। ਅਰਜਨ ਹਠ ਕਰੇ ਕਿ ਮੈਂ ਨਾਲ ਵੀ ਸੜਨਾ ਹੈ। ਲੋਕਾਂ ਨੇ ਬਹੁਤ ਸਮਝਾਇਆ ਪਰ ਅਰਜਨ ਨਾ ਮੰਨਿਆ। ਆਖਰ ਬ੍ਰਾਹਮਣ ਨੇ ਕਿਹਾ ਕਿ ਅੱਛਾ ਐਸੇ ਕਰ, ਪਹਿਲਾਂ ਇਸ਼ਨਾਨ ਕਰ ਲੈ ਫਿਰ ਚਿਖਾ ਵਿੱਚ ਪ੍ਰਵੇਸ਼ ਕਰੀਂ। ਨਾਲ ਹੀ ਤਾਂ ਤਲਾਬ ਸੀ, ਇਸ਼ਨਾਨ ਕਰਕੇ ਬਾਹਰ ਨਿਕਲਿਆ ਤਾਂ ਕੀ ਦੇਖਦਾ ਹੈ ਭਗਵਾਨ ਕ੍ਰਿਸ਼ਨ ਜੀ ਖੜੇ ਦਾਤਨ ਕਰ ਰਹੇ ਹਨ। ਭਗਵਾਨ ਜੀ ਨੂੰ ਦੇਖਕੇ ਵੀ ਇਸਤਰੀ ਨੂੰ ਯਾਦ ਕਰਕੇ ਸ਼ਮਸ਼ਾਨ

ਵੱਲ ਭੱਜਣ ਲੱਗਿਆ। ਭਗਵਾਨ ਨੇ ਬਾਂਹ ਤੋਂ ਫੜ ਲਿਆ। ਕਹਿਣ ਲੱਗੇ ਕਿੱਥੇ ਚਲਿਆ ਹੈਂ? ਅਰਜਨ ਬਾਂਹ ਛੁਡਾਉਂਦਾ ਹੋਇਆ ਬੋਲਿਆ ਮੇਰੀ ਇਸਤਰੀ ਮਰ ਗਈ ਉਸਦੇ ਨਾਲ ਚਿਖਾ ਵਿਚ ਸੜੂੰਗਾ। ਕ੍ਰਿਸ਼ਨ ਜੀ ਨੇ ਅਰਜਨ ਦੇ ਮੂੰਹ ਤੇ ਇੱਕ ਚਪੇੜ ਮਾਰੀ। ਅਰਜਨ ਦੇ ਮਨ ਤੋਂ ਸਾਰੀ ਮਾਇਆ ਦੂਰ ਹੋ ਗਈ। ਮਾਇਆ ਉਤਰਣ ਦੀ ਦੇਰ ਸੀ ਤਾਂ ਕੀ ਦੇਖਦਾ ਹੈ, ਨਾ ਉਥੇ ਇਸਤਰੀ ਹੈ, ਨਾ ਸ਼ਮਸ਼ਾਨ ਘਾਟ ਹੈ, ਨਾ ਲੋਕ ਹਨ, ਨਾ ਕੋਈ ਹੋਰ ਦੇਸ਼ ਹੈ, ਕੇਵਲ ਭਗਵਾਨ ਜੀ ਹੀ ਪਾਸ ਖੜੇ ਹਨ। ਮਨ ਵਿੱਚ ਸੋਚ ਰਿਹਾ ਹੈ ਕਿ ਕੀ ਇਹ ਸਾਰਾ ਮਾਇਆ ਦਾ ਹੀ ਖੇਲ ਸੀ? ਕੀ ਇਹ ਮਾਇਆ ਦਾ ਹੀ ਛਲ ਸੀ? ਕੀ ਇਹ ਅਨਹੋਏ ਦੁੱਖ-ਸੁੱਖ ਮੈਨੂੰ ਮਾਇਆ ਨੇ ਹੀ ਦਿਖਾਏ? ਅਸਚਰਜ ਹੋ ਕੇ ਭਗਵਾਨ ਦੇ ਚਰਨਾਂ ਵਿੱਚ ਡਿੱਗ ਪਿਆ। ਭਗਵਾਨ ਕਹਿਣ ਲੱਗੇ ਹੇ ਅਰਜਨ! ਇਤਨਾ ਪ੍ਰੇਮ ਹੁੰਦੇ ਹੋਏ ਵੀ ਤੂੰ ਮੈਨੂੰ ਅਤੇ ਆਪ ਨੂੰ ਭੁੱਲ ਗਿਆ ਕਿ ਨਹੀਂ? ਇਹ ਹੈ ਮੇਰੀ ਮਾਇਆ ਜਿਸ ਨੇ ਤੈਨੂੰ ਭੁਲਾਕੇ ਹੀ ਅਣਹੋਏ ਦੁੱਖ-ਸੁੱਖ ਵਿਚ ਸੁੱਟ ਦਿੱਤਾ। ਹੋਰ ਮਾਇਆ ਦਾ ਸਰੂਪ ਹੀ ਨਹੀਂ। ਜੀਵ ਨੂੰ ਅਨਹੋਏ ਪਦਾਰਥਾਂ ਦਾ ਭਰਮ ਪਾ ਕੇ, ਉਨ੍ਹਾਂ ਵਿੱਚ ਮੈਂ-ਮੇਰੀ ਪੈਦਾ ਕਰ ਦੇਣਾ ਹੀ ਮਾਇਆ ਦਾ ਸਰੂਪ ਹੈ।

ਯਥਾ — ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ॥

*(ਸ੍ਰੀਰਾਗੁ ਮ: ੩, ਪੰਨਾ—੬੭)*

ਯਥਾ — ਐਸੀ ਇਸਤ੍ਰੀ ਇਕ ਰਾਮਿ ਉਪਾਈ॥
ਉਨਿ ਸਭੁ ਜਗੁ ਖਾਇਆ ਹਮ ਗੁਰਿ ਰਾਖੇ ਮੇਰੇ ਭਾਈ॥ ਰਹਾਉ॥
ਪਾਇ ਠਗਉਲੀ ਸਭੁ ਜਗੁ ਜੋਹਿਆ॥
ਬ੍ਰਹਮਾ ਬਿਸਨੁ ਮਹਾਦੇਉ ਮੋਹਿਆ॥

*(ਆਸਾ ਮ: ੫, ਪੰਨਾ—੩੯੪)*

ਯਥਾ — ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ॥
ਜਿਨਿ ਸੁਖਿ ਬੈਠਾਲੀ ਤਿਸੁ ਭਉ ਬਹੁਤੁ ਦਿਖਾਇਆ॥
ਭਾਈ ਮੀਤ ਕੁਟੰਬ ਦੇਖਿ ਬਿਬਾਦੇ॥
ਹਮ ਆਈ ਵਸਗਤਿ ਗੁਰ ਪਰਸਾਦੇ॥
ਐਸਾ ਦੇਖਿ ਬਿਮੋਹਿਤ ਹੋਏ॥
ਸਾਧਿਕ ਸਿਧ ਸੁਰਦੇਵ ਮਨੁਖਾ ਬਿਨੁ ਸਾਧੂ ਸਭਿ ਧ੍ਰੋਹਨਿ ਧ੍ਰੋਹੇ॥

*(ਆਸਾ ਮ: ੫, ਪੰਨਾ—੩੭੦)*

ਯਥਾ — ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥
ਮਨਮੁਖ ਖਾਦੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥

*(ਵਾਰ ਸੋਰਠਿ ਕੀ, ਪੰਨਾ—੬੪੩)*

ਈਸ਼ਵਰ ਦੀ ਮਾਇਆ ਦਾ ਤਾਂ ਕਹਿਣਾ ਹੀ ਕੀ ਹੈ, ਮਾਇਆ ਤਾਂ ਜੀਵ ਦੀ ਵੀ ਵੱਡੇ-ਵੱਡੇ ਬੁੱਧੀਵਾਨਾਂ ਨੂੰ ਭੁਲਾ ਕੇ ਹਰਖ ਸ਼ੋਕ ਵਿੱਚ ਡੋਬ ਦਿੰਦੀ ਹੈ, ਜਿਵੇਂ ਇਕ ਦ੍ਰਿਸ਼ਟਾਂਤ—

ਇਕ ਚੱਕਰਵਰਤੀ ਰਾਜਾ ਬਹੁਤ ਧਰਮਾਤਮਾ, ਪਰਜਾ ਪਾਲਕ ਅਤੇ ਸੰਤ ਸੇਵੀ ਸੀ। ਉਸਨੇ ਇਕ ਬਗੀਚਾ ਲਾ ਕੇ ਵਿੱਚ ਸੁੰਦਰ ਕੁਟੀਆ ਬਣਾਈ ਜਿਸ ਵਿੱਚ ਆਉਂਦੇ ਜਾਂਦੇ ਸਾਧੂ ਮਹਾਤਮਾ ਠਹਿਰਦੇ ਸਨ। ਰਾਜਾ ਬਹੁਤ ਪ੍ਰੇਮ ਨਾਲ ਸੇਵਾ ਸਤਸੰਗ ਕਰਨ ਦਾ ਬੜਾ ਨਿਤਨੇਮੀ ਹੋ ਗਿਆ। ਰੋਜ਼ ਸਤਸੰਗ ਕਰਨ ਨਾਲ ਰਾਜਾ ਨੂੰ ਕੁਝ ਬਿਬੇਕ ਪੈਦਾ ਹੋਇਆ। ਸੋਚਣ ਲੱਗਿਆ ਸੰਸਾਰ ਵਿੱਚ ਦੁੱਖਾਂ ਦਾ ਕਾਰਨ ਮਾਇਆ ਹੀ ਹੈ, ਲੇਕਿਨ ਇਹ ਮਾਇਆ ਹੈ ਕੀ ਵਸਤੂ? ਇਸ ਮਰੁਮ ਦੀ ਨਵਿਰਤੀ ਲਈ ਉਸਨੇ ਕੁਟੀਆ ਵਿੱਚ ਆਏ ਹਰੇਕ ਸਾਧੂ ਨੂੰ ਪੁੱਛਣਾ ਸ਼ੁਰੂ ਕੀਤਾ। ਜੋ ਵੀ ਸਾਧੂ ਕੁਟੀਆ ਵਿੱਚ

ਆਵੇ ਰਾਜਾ ਬੜੇ ਪ੍ਰੇਮ ਨਾਲ ਸੇਵਾ ਕਰੇ, ਜਾਂਦੇ ਸਮੇਂ ਆਪਣੇ ਸੰਸੇ ਦੀ ਨਵਿਰਤੀ ਲਈ ਪ੍ਰਸ਼ਨ ਕਰੇ, ਮਾਇਆ ਕੀ ਵਸਤੂ ਹੈ? ਮਹਾਤਮਾ ਆਪਣੇ ਅਨੁਭਵ ਦੁਆਰਾ ਸਮਝਾਉਣ ਦੀ ਕੋਸ਼ਿਸ਼ ਕਰਦੇ, ਮਾਇਆ ਕੋਈ ਵਸਤੂ ਨਹੀਂ ਕੇਵਲ ਭਰਮ ਮਾਤਰ ਹੈ, ਹੋਵੇ ਕੁਝ ਨਾ, ਦਿਖਾਈ ਦੇਈ ਜਾਵੇ, ਸੋ ਕਹੀਏ ਮਾਇਆ। ਲੇਕਿਨ ਰਾਜਾ ਦਾ ਸੰਸਾ ਦੂਰ ਨਾ ਹੋਇਆ। ਦੇਵਨੇਤ ਨਾਲ ਇਕ ਦਿਨ ਇਕ ਅਨੁਭਵੀ ਮਹਾਂਪੁਰਖ ਬਗੀਚੇ ਵਿੱਚ ਪਹੁੰਚਿਆ। ਰਾਜਾ ਨੇ ਆਪਣੇ ਸੰਤ ਸੇਵੀ ਸੁਭਾ ਮੁਤਾਬਿਕ ਪ੍ਰੇਮ ਨਾਲ ਸੇਵਾ ਕੀਤੀ, ਫੇਰ ਆਪਣਾ ਸੰਸਾ ਜ਼ਾਹਿਰ ਕੀਤਾ, ਮਾਇਆ ਕੀ ਵਸਤੂ ਹੈ, ਅਤੇ ਇਸ ਦਾ ਅਸਲ ਸਰੂਪ ਕੀ ਹੈ ? ਮਹਾਪੁਰਸ਼ਾਂ ਨੇ ਆਪਣੇ ਅਨੁਭਵ ਦੁਆਰਾ ਦੇਖ ਕੇ ਸੋਚਿਆ, ਰਾਜਾ ਸ਼ਾਸਤਰੀ ਸ਼ਬਦਾਂ ਨਾਲ ਸਮਝਣ ਵਾਲਾ ਨਹੀਂ, ਯਾਨੀ ਪਰੈਕਟੀਕਲ ਬਿਨਾਂ ਇਸ ਦਾ ਸੰਸਾ ਦੂਰ ਨਹੀਂ ਹੋਣਾ। ਮਹਾਂਪੁਰਖਾਂ ਨੇ ਬਚਨ ਕੀਤਾ ਕਿ ਕਲ੍ਹ ਤੀਸਰੇ ਪਹਿਰ ਤੇਰੀ ਸਭਾ ਵਿੱਚ ਹੀ ਤੇਰੇ ਸਵਾਲ ਦਾ ਜਵਾਬ ਦਿੱਤਾ ਜਾਵੇਗਾ। ਦੂਸਰੇ ਦਿਨ ਰਾਜਾ ਨੇ ਖੁੱਲ੍ਹਾ ਦਰਬਾਰ ਲਾਇਆ। ਇਸ ਗੱਲ ਦਾ ਪਤਾ ਲੱਗਣ ਤੇ ਕਿ ਕੋਈ ਮਹਾਂਪੁਰਖ ਰਾਜਾ ਦੇ ਸਵਾਲ ਦਾ ਜਵਾਬ ਦੇਣਗੇ, ਅੱਜ ਬਹੁਤ ਲੋਕ ਦਰਬਾਰ ਵਿੱਚ ਆਏ। ਰਾਜਾ ਨੇ ਆਪਣੇ ਸਿੰਘਾਸਣ ਦੇ ਨਾਲ ਸੰਤਾਂ ਵਾਸਤੇ ਵੀ ਇਕ ਸੁੰਦਰ ਕੁਰਸੀ ਲਗਵਾਈ। ਜਿਸ ਵਕਤ ਰਾਜਾ ਅਤੇ ਸੰਤ, ਸਿੰਘਾਸਣ ਤੇ ਬੈਠ ਗਏ, ਉਸੀ ਸਮੇਂ ਇਕ ਮਦਾਰੀ ਨੇ ਰਾਜਾ ਨੂੰ ਇਕ ਬੇਨਤੀ ਕੀਤੀ ਮਹਾਰਾਜ! ਮੈਂ ਬਹੁਤ ਤਮਾਸ਼ੇ ਜਾਣਦਾ ਹਾਂ, ਆਪ ਜੈਸਾ ਚਾਹੋ ਮੈਂ ਵੈਸਾ ਤਮਾਸ਼ਾ ਵਿਖਾ ਸਕਦਾ ਹਾਂ। ਰਾਜਾ ਨੇ ਕਿਹਾ ਅੱਜ ਤਾਂ ਮਹਾਂਪੁਰਖਾਂ ਤੋਂ ਸ਼ੰਕਾ ਦੂਰ ਕਰਵਾਉਣੀ ਹੈ, ਤੂੰ ਕੱਲ ਆ ਜਾਵੀਂ। ਸੰਤ ਬੋਲੇ ਰਾਜਨ! ਦੋਵੇਂ ਕੰਮ ਅੱਜ ਹੀ ਹੋ ਜਾਣਗੇ, ਪਹਿਲਾਂ ਤਮਾਸ਼ਾ ਦੇਖ ਲੈ ਕਿਉਂਕਿ ਇਹ ਗਰੀਬ ਵਿਚਾਰਾ ਆਸ ਲੈ ਕੇ ਆਇਆ ਹੈ, ਬਾਅਦ ਵਿੱਚ ਤੇਰਾ ਸ਼ੰਕਾ ਵੀ ਨਵਿਰਤ ਹੋ ਜਾਉ। ਰਾਜਾ ਕਹਿਣ ਲੱਗਾ ਅੱਛਾ, ਮਦਾਰੀ! ਕੋਈ ਐਸਾ ਤਮਾਸ਼ਾ ਦਿਖਾ, ਜੋ ਹੋਵੇ ਕੁਝ ਨਾ, ਪਰੰਤੂ ਦਿਖੇ ਪ੍ਰਤੱਖ। ਦੂਜੀ ਗੱਲ ਮੈਨੂੰ ਇੰਦਰ, ਅਗਨੀ ਆਦਿ ਦੇਵਤਿਆਂ ਦੇ ਦਰਸ਼ਨ ਕਰਨ ਦੀ ਵੀ ਪ੍ਰਬਲ ਇੱਛਾ ਹੈ, ਅਗਰ ਤੂੰ ਕਰਵਾ ਸਕਦਾ ਹੈਂ ਤਾਂ ਕਰਾ, ਫਿਰ ਮੈਂ ਤੈਨੂੰ ਇਨਾਮ ਵੀ ਬਹੁਤ ਦੇਵਾਂਗਾ। ਮਦਾਰੀ ਕਹਿਣ ਲੱਗਿਆ ਮਹਾਰਾਜ ਮੈਨੂੰ ਆਗਿਆ ਦੇਵੋ ਤਾਂ ਮੈਂ ਸਵਰਗ ਵਿੱਚ ਜਾ ਕੇ ਇੰਦਰ ਆਦਿਕਾਂ ਦੇ ਅੰਗ ਕੱਟਕੇ ਨੀਚੇ ਗਿਰਾ ਸਕਦਾ ਹਾਂ, ਕਿਉਂਕਿ ਮੈਂ ਨਿਰਾ ਮਦਾਰੀ ਹੀ ਨਹੀਂ ਵੱਡਾ ਸੂਰਬੀਰ ਵੀ ਹਾਂ, ਮੇਰੇ ਵਿੱਚ ਇਹ ਸਮਰੱਥਾ ਹੈ ਕਿ ਮੈਂ ਯੁੱਧ ਕਰਕੇ ਇੰਦਰ ਆਦਿ ਸਭ ਦੇਵਤਿਆਂ ਨੂੰ ਆਪ ਦੇ ਪਾਸ ਭੇਜ ਸਕਦਾ ਹਾਂ, ਇਤਨਾ ਮੇਰੇ ਵਿੱਚ ਬਲ ਹੈ। ਰਾਜਾ ਕਹਿਣ ਲੱਗਿਆ ਇਸ ਤੋਂ ਅੱਛਾ ਹੋਰ ਕੀ ਹੋਵੇਗਾ, ਮੇਰੀ ਆਗਿਆ ਹੈ ਸਵਰਗ ਵਿੱਚ ਜਾ ਕੇ ਯੁੱਧ ਕਰੋ। ਮਦਾਰੀ ਕਹਿਣ ਲੱਗਿਆ ਮਹਾਰਾਜ! ਮੇਰੇ ਨਾਲ ਮੇਰੀ ਪਤੀ ਬਰਤਾ ਇਸਤਰੀ ਹੈ, ਉਹ ਮੇਰੇ ਬਿਨਾਂ ਰਹਿ ਨਹੀਂ ਸਕਦੀ, ਪਰੰਤੂ ਮੈਂ ਯੁੱਧ ਕਰਨ ਚੱਲਿਆ ਹਾਂ, ਉਸ ਨੂੰ ਨਾਲ ਕਿਵੇਂ ਲੈ ਕੇ ਜਾਊਂ? ਐਸਾ ਕਠਿਨ ਤਮਾਸ਼ਾ ਇਕ ਸ਼ਰਤ ਤੇ ਕਰ ਸਕਦਾ ਹਾਂ, ਅਗਰ ਆਪ ਅਤੇ ਆਪਦੀ ਸਾਰੀ ਸਭਾ ਮੇਰੀ ਔਰਤ ਨੂੰ ਆਪਣੀ ਕੰਨਿਆਂ ਦੇ ਤੁੱਲ ਸਮਝੇ, ਕੋਈ ਖੋਟੀ ਦ੍ਰਿਸ਼ਟੀ ਨਾ ਕਰੇ, ਤਾਂ ਉਹ ਮੇਰੇ ਆਉਣ ਤੱਕ ਆਪ ਦੇ ਪਾਸ ਰਹਿ ਸਕਦੀ ਹੈ। ਰਾਜਾ ਕਹਿਣ ਲੱਗਿਆ ਮੈਂ ਪੂਰੀ ਸਭਾ ਵਿੱਚ ਪ੍ਰਤੱਗਿਆ ਕਰਦਾ ਹਾਂ ਕਿ ਤੇਰੇ ਵਾਪਸ ਆਉਣ ਤੱਕ ਮੈਂ ਉਸ ਨੂੰ ਆਪਣੀ ਬੇਟੀ ਬਣਾ ਕੇ ਰਖਾਂਗਾ। ਹਰ ਪ੍ਰਕਾਰ ਨਾਲ ਮੈਂ ਆਪਣੀ ਬੇਟੀ ਦੇ ਸਮਾਨ ਸੰਭਾਲ ਕਰੂੰਗਾ, ਬੇਸ਼ਕ ਬੁਲਾ ਲਵੋ। ਮਦਾਰੀ ਨੇ ਉਥੇ ਖੜ੍ਹੇ ਹੀ ਆਵਾਜ਼ ਮਾਰੀ, ਐ ਮਾਇਆ ਰਾਣੀ! ਬਾਹਰੋਂ ਆਵਾਜ਼ ਆਈ, ਜੀ ਮਹਾਰਾਜ! ਕੀ ਹੁਕਮ ਹੈ? ਮਦਾਰੀ ਨੇ ਕਿਹਾ ਕਿ ਅੰਦਰ ਆ ਜਾਉ। ਸ੍ਰੀਮਤੀ ਅੰਦਰ ਆ ਗਈ, ਮਦਾਰੀ ਬੋਲਿਆ ਮੈਂ ਰਾਜਾ ਦਾ ਹੁਕਮ ਪਾ ਕੇ ਸਵਰਗ ਵਿਚ ਇੰਦਰ ਨਾਲ ਯੁੱਧ ਕਰਨ ਚੱਲਿਆ ਹਾਂ, ਛੇਤੀ ਹੀ ਇੰਦਰ ਨੂੰ ਜਿੱਤ ਕੇ ਵਾਪਸ ਆ ਜਾਵਾਂਗਾ। ਮੇਰੇ ਆਉਣ ਤੱਕ ਤੂੰ ਇੱਥੇ ਰਹਿਣਾ, ਰਾਜਾ ਤੈਨੂੰ ਆਪਣੀ ਬੇਟੀ ਦੇ ਸਮਾਨ ਰੱਖੂਗਾ, ਰਾਜਾ ਨੇ ਮੈਨੂੰ ਬਚਨ ਦਿੱਤਾ ਹੈ। ਸੁਣਕੇ ਸ੍ਰੀਮਤੀ ਬੋਲੀ ਮੈਨੂੰ ਆਪ ਦਾ ਹੁਕਮ ਤਾਂ ਪਰਵਾਨ ਹੈ ਪਰ ਇਹ ਰਾਜਸੀ ਲੋਕਾਂ ਦਾ ਇਤਬਾਰ ਨਹੀਂ ਹੁੰਦਾ। ਰਾਜਾ ਕਹਿਣ ਲੱਗਾ ਬੇਟੀ, ਚਿੰਤਾ ਨਾ ਕਰ ਮੈਂ ਪੂਰੀ ਸਭਾ ਵਿੱਚ ਪ੍ਰਤੱਗਿਆ ਦਿੰਦਾ ਹਾਂ, ਜਿਤਨੀ ਦੇਰ ਮੇਰੇ ਵਿੱਚ ਪ੍ਰਾਣ ਚਲਦੇ ਹਨ ਮੈਂ ਤੇਰੀ ਸੰਭਾਲ ਬੇਟੀ ਭਾਵ ਨਾਲ ਕਰੂੰਗਾ। ਸੁਣਕੇ ਸ੍ਰੀਮਤੀ ਨੇ ਅਨੁਮਤੀ ਦੇ ਦਿੱਤੀ ਅਤੇ ਮਦਾਰੀ ਦੇ ਚਰਨਾਂ ਵਿੱਚ ਨਮਸ਼ਕਾਰ ਕੀਤੀ। ਰਾਜਾ ਨੇ ਉਸ ਨੂੰ ਆਪਣੀ ਬੇਟੀ ਦੇ ਕੋਲ ਰਾਜ ਮਹਿਲਾਂ ਵਿੱਚ ਭੇਜ ਦਿੱਤਾ। ਮਦਾਰੀ ਨੇ ਹੁਣ ਸੂਤ ਦਾ ਗੋਲਾ ਕੱਢਿਆ ਉਸ ਨਾਲ ਸਵਰਗ ਨੂੰ ਪੌੜੀ ਲਾ ਲਈ ਅਤੇ ਰਾਜਾ ਨੂੰ ਨਮਸ਼ਕਾਰ ਕਰਕੇ ਧਾਗੇ ਦੀ ਪੌੜੀ ਦੁਆਰਾ ਉਪਰ ਨੂੰ ਚੜ੍ਹ ਗਿਆ। ਉਪਰ ਜਾ ਕੇ ਗੋਲੇ ਵਰਸਾਏ, ਬਹੁਤ ਭਾਰੀ ਗੜਗੜਾਹਟ ਹੋਈ, ਗੋਲੇ ਚਲਣ ਦੀਆਂ ਆਵਾਜ਼ਾਂ ਆਉਣ ਲੱਗੀਆਂ। ਸਭਾ ਵਿੱਚ ਬੈਠੇ ਰਾਜਾ ਸਮੇਤ ਸਭ ਲੋਕ ਡਰ ਗਏ, ਐਸਾ ਪ੍ਰਤੀਤ ਹੋਵੇ ਜਿਵੇਂ ਬਹੁਤ ਘਮਾਸਾਣ ਯੁੱਧ ਹੋ ਰਿਹਾ ਹੈ। ਥੋੜੀ ਦੇਰ ਬਾਅਦ ਅਗਨੀ ਦੇਵਤਾ ਦਾ ਕੱਟਿਆ ਸਿਰ ਨੀਚੇ ਡਿੱਗਿਆ,

ਉਸ ਦੇ ਮੂੰਹ ਵਿੱਚੋਂ ਅੱਗ ਦੀਆਂ ਲਾਟਾਂ ਨਿਕਲ ਰਹੀਆਂ ਸਨ, ਦੇਖਕੇ ਰਾਜਾ ਬਹੁਤ ਖੁਸ਼ ਹੋਇਆ ਅਤੇ ਅਸਚਰਜ ਵੀ ਹੋਇਆ ਕਿ ਮਦਾਰੀ ਇਤਨਾ ਸੂਰਬੀਰ ਹੈ! ਥੋੜ੍ਹੀ ਦੇਰ ਬਾਅਦ ਮੁਕਟ ਸਮੇਤ ਇੰਦਰ ਦਾ ਸਿਰ ਨੀਚੇ ਆ ਡਿਗਿਆ। ਉਸ ਦੇ ਕੱਟੇ ਮੁੱਖ ਵਿੱਚੋਂ ਜ਼ੋਰਦਾਰ ਹਵਾ ਨਿਕਲੀ ਮਾਨੋ ਅੰਧੇਰੀ ਆ ਗਈ। ਸਭ ਲੋਕ ਡਰਕੇ ਕੰਬਣ ਲੱਗੇ। ਥੋੜ੍ਹੀ ਦੇਰ ਬਾਅਦ ਹੋਰ ਕਈ ਦੇਵਤੇ ਨੀਚੇ ਡਿੱਗੇ ਜਿੰਨ੍ਹਾਂ ਦੇ ਬੜੇ ਸੁੰਦਰ ਸਰੂਪ, ਅੱਛੇ-ਅੱਛੇ ਗਹਿਣੇ, ਵਸਤਰ ਪਹਿਨੇ ਹੋਏ ਸਨ। ਦੇਵਤਿਆਂ ਦੇ ਸਾਖਸ਼ਾਤ ਦਰਸ਼ਨ ਕਰਕੇ ਰਾਜਾ ਬੜਾ ਖੁਸ਼ ਹੋਇਆ। ਮਦਾਰੀ ਦੀ ਬਹੁਤ ਉਸਤਤੀ ਕਰਨ ਲੱਗਿਆ ਕਿ ਬੜਾ ਸੂਰਬੀਰ ਹੈ ਦੇਵਰਾਜ ਇੰਦਰ ਜੈਸਿਆਂ ਨੂੰ ਪਰਾਜਿਤ ਕਰ ਦਿੱਤਾ। ਵਾਪਸ ਆਏ ਨੂੰ ਮੂੰਹ ਮੰਗਿਆ ਇਨਾਮ ਦੇਵਾਂਗਾ, ਪਰੰਤੂ ਥੋੜੀ ਦੇਰ ਬਾਅਦ ਮਦਾਰੀ ਦੇ ਆਪਣੇ ਹੀ ਕੱਟੇ ਹੋਏ ਅੰਗ ਨੀਚੇ ਆ ਡਿੱਗੇ, ਫਿਰ ਪੂਰਾ ਧੜ ਵੀ ਆ ਡਿੱਗਿਆ, ਦੇਖਕੇ ਰਾਜਾ ਸਮੇਤ ਸਭ ਲੋਕ ਸ਼ੋਕ ਵਿੱਚ ਡੁੱਬ ਗਏ। ਮਦਾਰੀ ਦੀ ਪਤਨੀ ਆਪਣੇ ਪਤੀ ਨੂੰ ਮਰਿਆ ਦੇਖ ਕੇ ਰੋਣ ਕੁਰਲਾਣ ਲੱਗੀ, ਕਹਿਣ ਲੱਗੀ ਮੈਂ ਪਤੀ ਨਾਲ ਹੀ ਸਤੀ ਹੋ ਜਾਊਂਗੀ। ਲੋਕਾਂ ਨੇ ਬਹੁਤ ਸਮਝਾਇਆ ਪਰ ਉਹ ਨਾ ਮੰਨੀ, ਚਿਖਾ ਬਣਾ ਕੇ ਮਿਰਤਕ ਪਤੀ ਦੇ ਸਾਰੇ ਅੰਗ ਇਕੱਠੇ ਕਰਕੇ ਚਿਖਾ ਵਿੱਚ ਰੱਖਕੇ ਆਪ ਵੀ ਨਾਲ ਹੀ ਸਤੀ ਹੋ ਗਈ। ਰਾਜਾ ਅਤੇ ਪੂਰੀ ਸਭਾ ਜੋ ਤਮਾਸ਼ਾ ਦੇਖ ਰਹੀ ਸੀ, ਬਹੁਤ ਦੁਖੀ ਹੋਈ, ਸਭ ਕਹਿਣ ਲੱਗੇ ਮਦਾਰੀ ਵਿਚਾਰਾ ਤਮਾਸ਼ਾ ਦਿਖਾਉਂਦਾ-ਦਿਖਾਉਂਦਾ ਪਤਨੀ ਸਮੇਤ ਆਪ ਵੀ ਮਰ ਗਿਆ, ਕੋਈ ਇਨਾਮ ਵੀ ਨਾ ਲੈ ਸਕਿਆ। ਸਭ ਲੋਕ ਸ਼ੋਕ ਕਰ ਹੀ ਰਹੇ ਸਨ ਇਤਨੇ ਨੂੰ ਮਦਾਰੀ ਉਸ ਕੱਚੀ ਤੰਦ ਦੀ ਪੌੜੀ ਰਾਹੀਂ ਨੀਚੇ ਉੱਤਰ ਆਇਆ। ਆ ਕੇ ਰਾਜਾ ਅਤੇ ਪਰਜਾ ਨੂੰ ਨਮਸ਼ਕਾਰ ਕੀਤੀ, ਕਹਿਣ ਲੱਗਾ ਹੇ ਰਾਜਨ! ਆਪ, ਜੈਸਾ ਤਮਾਸ਼ਾ ਦੇਖਣਾ ਚਾਹੁੰਦੇ ਸੀ ਵੈਸਾ ਹੀ ਕੀਤਾ ਹੈ, ਹੁਣ ਮੈਨੂੰ ਇਨਾਮ ਦਿਉ ਅਤੇ ਮੇਰੀ ਇਸਤਰੀ ਨੂੰ ਮਿਲਾ ਦਿਉ ਮੈਂ ਹੁਣ ਅੱਗੇ ਜਾਣਾ ਹੈ।

ਮਦਾਰੀ ਨੂੰ ਦੇਖਕੇ ਸਭ ਲੋਕ ਬੜੇ ਹੈਰਾਨ ਹੋਏ ਕਿ ਇਹ ਤਾਂ ਮਰ ਗਿਆ ਸੀ ਅਤੇ ਇਸਤਰੀ ਵੀ ਨਾਲ ਸਤੀ ਹੋ ਗਈ ਸੀ, ਚਲੋ ਇਨਾਮ ਤਾਂ ਦੇ ਦਿਆਂਗੇ ਪਰੰਤੂ ਇਸਤਰੀ ਕਿਥੋਂ ਦੇਵਾਂਗੇ? ਰਾਜਾ ਅਤੇ ਸਭਾ ਵਾਲੇ ਕਹਿਣ ਲੱਗੇ ਤੂੰ ਤਾਂ ਮਰ ਗਿਆ ਸੀ ਅਤੇ ਤੇਰੀ ਇਸਤਰੀ ਵੀ ਤੇਰੇ ਨਾਲ ਸਤੀ ਹੋ ਗਈ ਸੀ, ਖੈਰ! ਇਨਾਮ ਤਾਂ ਤੈਨੂੰ ਮੂੰਹ ਮੰਗਿਆ ਦੇ ਦਿੰਦੇ ਹਾਂ ਪਰ ਇਸਤਰੀ ਕਿਥੋਂ ਦੇਈਏ? ਸੁਣ ਕੇ ਮਦਾਰੀ ਉੱਚੀ-ਉੱਚੀ ਰੋਣ ਲੱਗ ਪਿਆ। ਮੈਂ ਕਦੋਂ ਮਰਿਆ, ਤੁਹਾਡੇ ਸਾਹਮਣੇ ਖੜ੍ਹਾ ਹਾਂ, ਫਿਰ ਮੇਰੀ ਔਰਤ ਕਿਸ ਦੇ ਨਾਲ ਸਤੀ ਹੋ ਗਈ? ਕ੍ਰਿਪਾ ਕਰਕੇ ਮੇਰੀ ਗਰੀਬ ਦੀ ਇਸਤਰੀ ਵਾਪਸ ਦੇ ਦਿਉ, ਆਪਣੇ ਬਚਨ ਤੇ ਪੂਰੇ ਉਤਰੋ, ਆਪ ਨੇ ਬਚਨ ਦਿੱਤਾ ਸੀ ਕਿ ਮੈਂ ਆਪਣੀ ਪੁੱਤਰੀ ਬਣਾ ਕੇ ਰੱਖੂੰਗਾ, ਹੁਣ ਆਪ ਦਾ ਮਨ ਬਦਲ ਗਿਆ, ਉਸਨੂੰ ਆਪਣੇ ਮਹਿਲਾਂ ਵਿੱਚ ਛੁਪਾ ਕੇ ਤਾਲੇ ਲਾ ਦਿੱਤੇ। ਰਾਜਾ ਨੂੰ ਧਰਮਾਤਮਾ ਹੋਣਾ ਚਾਹੀਦਾ ਹੈ, ਅਮਾਨਤ ਵਿੱਚ ਖਿਆਨਤ ਨਹੀਂ ਕਰਨੀ ਚਾਹੀਦੀ, ਕੋਈ ਇਨਾਮ ਦਿਉ ਭਾਵੇਂ ਨਾ ਦਿਉ, ਪਰ ਮੇਰੀ ਗਰੀਬ ਦੀ ਇਸਤਰੀ ਜ਼ਰੂਰ ਵਾਪਸ ਕਰ ਦਿਉ।

ਰਾਜਾ ਅਤੇ ਸਭ ਲੋਕ ਚਿੰਤਾ ਵਿੱਚ ਡੁੱਬ ਗਏ, ਕਹਿਣ ਲੱਗੇ ਅਸੀਂ ਸੋਗੰਧ ਖਾ ਕੇ ਕਹਿੰਦੇ ਹਾਂ ਸਾਡੇ ਸਾਹਮਣੇ ਤੇਰੀ ਇਸਤਰੀ ਚਿਖਾ ਵਿੱਚ ਸੜ ਕੇ ਸਤੀ ਹੋ ਗਈ ਹੈ, ਅਗਰ ਤੈਨੂੰ ਵਿਸ਼ਵਾਸ ਨਹੀਂ ਆਉਂਦਾ ਤਾਂ ਤੂੰ ਖੁਦ ਸਾਰੇ ਮਹਿਲ ਦੀ ਤਲਾਸ਼ੀ ਕਰ ਲੈ। ਮਦਾਰੀ ਕਹਿਣ ਲੱਗਿਆ ਅਗਰ ਮਹਿਲਾਂ ਵਿੱਚੋਂ ਮਿਲ ਗਈ ਫੇਰ? ਰਾਜਾ ਕਹਿਣ ਲੱਗਿਆ ਫੇਰ ਮੈਂ ਤੇਰਾ ਦੋਸ਼ੀ। ਮਦਾਰੀ ਨੇ ਉੱਚੀ ਆਵਾਜ਼ ਦਿੱਤੀ, ਐ ਮਾਇਆ ਰਾਣੀ! ਮਹਿਲ ਦੇ ਅੰਦਰੋਂ ਆਵਾਜ਼ ਆਈ, ਜੀ ਮਹਾਰਾਜ! ਮਦਾਰੀ ਨੇ ਕਿਹਾ ਕਿ ਕਿੱਥੇ ਹੈਂ? ਅੰਦਰੋਂ ਆਵਾਜ਼ ਆਈ ਮਹਿਲ ਦੀ ਸੱਤਵੀਂ ਕੋਠੜੀ ਵਿੱਚ ਬੰਦ ਹਾਂ, ਦੁਸ਼ਟ ਰਾਜਾ ਨੇ ਪ੍ਰਜਾ ਸਹਿਤ ਧਰਮ ਤਿਆਗ ਕੇ ਮੈਨੂੰ ਆਪਣੀ ਇਸਤਰੀ ਬਣਾਉਣ ਵਾਸਤੇ ਬੰਦ ਕਰ ਰਖਿਆ ਹੈ। ਇਹ ਆਵਾਜ਼ ਜਦੋਂ ਰਾਜਾ ਤੇ ਪਰਜਾ ਸਭ ਦੇ ਕੰਨਾਂ ਵਿੱਚ ਪਈ ਤਾਂ ਸਾਰੇ ਸ਼ਰਮਸਾਰ ਹੋ ਗਏ, ਲੱਜਾ ਨਾਲ ਸਭ ਦੇ ਸਿਰ ਨੀਵੇਂ ਹੋ ਗਏ। ਮਦਾਰੀ ਕਹਿਣ ਲੱਗਿਆ ਤੁਸੀਂ ਕਿਤਨਾ ਝੂਠ ਬੋਲ ਰਹੇ ਹੋ, ਰਾਜਾ ਦਾ ਧਰਮ ਨਹੀਂ ਹੈ ਵਿਸ਼ਵਾਸਘਾਤ ਕਰਨਾ, ਯਾਨੀ ਕਿਸੇ ਨੂੰ ਵਿਸ਼ਵਾਸ ਦੇ ਕੇ ਪਰਾਈ ਚੀਜ਼ ਤੇ ਬੇਈਮਾਨ ਹੋ ਜਾਣਾ। ਹੁਣ ਕ੍ਰਿਪਾ ਕਰੋ ਤਾਲੇ ਖੋਲ੍ਹੋ, ਮੇਰੀ ਇਸਤਰੀ ਮੈਨੂੰ ਵਾਪਸ ਕਰੋ। ਰਾਜਾ ਸ਼ਰਮ ਨਾਲ ਸਿਰ ਨੀਵਾਂ ਕਰੀ ਖੜਾ ਹੈ, ਬੋਲਿਆ ਭਾਈ! ਮੈਂ ਕੋਈ ਤਾਲਾ ਨਹੀਂ ਲਾਇਆ, ਅਗਰ ਤੈਨੂੰ ਕੋਈ ਸ਼ੱਕ ਹੈ ਤਾਂ ਤਾਲੇ ਖੋਲ੍ਹਕੇ ਇਸਤਰੀ ਨੂੰ ਬਾਹਰ ਕੱਢ ਲੈ। ਮਦਾਰੀ, ਰਾਜਾ ਅਤੇ ਲੋਕਾਂ ਨੂੰ ਨਾਲ ਲੈ ਕੇ ਮਹਿਲ ਵਿੱਚ ਗਿਆ। ਅੱਗੇ ਇੱਕ ਵੱਡਾ ਤਾਲਾ ਲੱਗਿਆ ਹੋਇਆ ਹੈ। ਚਾਬੀ ਲੈ ਕੇ ਖੋਲਿਆ ਤਾਂ ਅੰਦਰ ਇਕ ਹੋਰ ਕੋਠੜੀ ਹੈ ਉਸ ਨੂੰ ਵੀ ਤਾਲਾ ਲੱਗਿਆ ਹੋਇਆ ਹੈ। ਇਉਂ ਸੱਤਵੀਂ ਕੋਠੜੀ ਵਿੱਚੋਂ ਤਾਲੇ ਖੋਲ-ਖੋਲ ਕੇ ਮਾਇਆ ਰਾਣੀ ਨੂੰ ਬਾਹਰ ਕੱਢਿਆ। ਰਾਜਾ ਅਤੇ ਪ੍ਰਜਾ ਬਹੁਤ ਸ਼ਰਮਸਾਰ ਹੋਏ। ਰਾਜਾ ਦੀ ਤਾਂ ਐਸੀ ਹਾਲਤ ਹੋ ਗਈ ਕਿ ਮਨ ਵਿੱਚ ਸੋਚ ਰਿਹਾ ਹੈ, ਅਗਰ ਪ੍ਰਿਥਵੀ ਜਗ੍ਹਾ ਦੇਵੇ ਤਾਂ ਗਰਕ ਹੋ ਜਾਵਾਂ। ਰਾਜਾ ਨੂੰ ਇਤਨਾ ਚਿੰਤਾਤੁਰ

ਦੇਖਕੇ ਮਦਾਰੀ ਕਹਿਣ ਲੱਗਿਆ ਮਹਾਰਾਜ! ਇਹ ਸਭ ਮੇਰੀ ਮਾਇਆ ਹੈ, ਮੈਂ ਅਲਪਗ ਜੀਵ ਹਾਂ, ਈਸ਼ਵਰ ਨਹੀਂ ਹਾਂ, ਮੇਰੀ ਮਾਇਆ ਨੇ ਆਪ ਸਭ ਨੂੰ ਐਸਾ ਭੁਲਾ ਦਿੱਤਾ ਜੋ ਆਪ ਸਭ ਖੇਡ ਨੂੰ ਹੀ ਸਚ ਸਮਝਕੇ ਕਿਤਨੇ ਦੁੱਖੀ ਹੋਏ ਹੋ। ਪਹਿਲਾਂ ਦੇਵਤਿਆਂ ਦੇ ਦਰਸ਼ਨ ਕਰਕੇ ਇਤਨੇ ਪ੍ਰਸੰਨ ਹੋ ਰਹੇ ਸੀ, ਇਹ ਮੇਰੀ ਮਾਇਆ ਹੀ ਸੀ, ਜਿਸ ਨੇ ਤੁਹਾਨੂੰ ਭਰਮਾ ਕੇ, ਝੂਠੇ ਪਦਾਰਥਾਂ ਨੂੰ ਸੱਚ ਦਿਖਾ ਕੇ ਹਰਖ ਸੋਗ ਵਿੱਚ ਡੋਬ ਦਿੱਤਾ। ਹੁਣ ਤੁਸੀਂ ਅਫਸੋਸ ਛੱਡੋ, ਮੇਰੀ ਤਰਫ ਦੇਖੋ ਮੈਂ ਇਕੱਲਾ ਹੀ ਹਾਂ, ਅੱਜੇ ਤੱਕ ਮੈਂ ਸ਼ਾਦੀ ਕਰਵਾਈ ਹੀ ਨਹੀਂ, ਇਹ ਇਸਤਰੀ ਮੈਂ ਆਪਣੀ ਮਾਇਆ ਨਾਲ ਹੀ ਬਣਾਈ ਸੀ ਅਤੇ ਜੋ ਤੁਸੀਂ ਇੰਦਰ ਆਦਿ ਦੇਵਤੇ ਦੇਖਕੇ ਪ੍ਰਸੰਨ ਹੋ ਰਹੇ ਸੀ ਉਹ ਵੀ ਸਭ ਮੇਰੇ ਮਾਇਆ ਰਚਿਤ ਹੀ ਸਨ ਅਤੇ ਮੈਂ ਕਿਤੇ ਗਿਆ ਵੀ ਨਹੀਂ ਇਥੇ ਦਾ ਇਥੇ ਹੀ ਖੜ੍ਹਾ ਹਾਂ, ਪਰੰਤੂ ਤੁਹਾਨੂੰ ਸਭ ਨੂੰ ਪ੍ਰਤੀਤ ਕਰਵਾ ਦਿੱਤਾ ਕਿ ਮੈਂ ਪੌੜੀ ਲਾ ਕੇ ਸਵਰਗ ਗਿਆ, ਗੋਲੇ ਚਲੇ, ਯੁੱਧ ਕੀਤਾ, ਦੇਵਤੇ ਨੀਚੇ ਗਿਰਾਏ, ਫਿਰ ਆਪਣੇ ਆਪ ਨੂੰ ਗਿਰਾਇਆ, ਚਿਖਾ ਜਲਾਈ, ਇਸਤਰੀ ਸਤੀ ਹੋਈ, ਮੈਂ ਸਵਰਗ ਤੋਂ ਵਾਪਸ ਆਇਆ, ਇਸਤਰੀ ਨੂੰ ਮਹਿਲਾਂ ਵਿੱਚ ਛੁਪਾਇਆ, ਤਾਲੇ ਖੋਲ੍ਹੇ, ਮਹਿਲਾਂ ਵਿੱਚੋਂ ਬਾਹਰ ਕੱਢੀ—ਇਹ ਸਭ ਮਾਇਆ ਦਾ ਅਨਹੋਇਆ ਹੀ ਖੇਲ ਸੀ, ਜਿਸ ਨੂੰ ਤੁਸੀਂ ਸੱਚ ਮੰਨਕੇ ਦੁੱਖੀ-ਸੁਖੀ ਹੋਏ, ਮੈਂ ਨਾ ਕਿਤੇ ਗਿਆ ਹਾਂ, ਨਾ ਆਇਆ ਹਾਂ, ਨਾ ਮੇਰੇ ਕੋਲ ਕੋਈ ਚੀਜ਼ ਹੈ, ਇਕੱਲੇ ਦਾ ਇਕੱਲਾ ਹੀ ਇਥੇ ਖੜਾ ਹਾਂ। ਆਪ ਨੇ ਹੁਕਮ ਕੀਤਾ ਸੀ ਕਿ ਕੋਈ ਐਸਾ ਤਮਾਸ਼ਾ ਦਿਖਾਉ ਕਿ ਹੋਵੇ ਕੁਛ ਨਾ, ਲੇਕਿਨ ਪ੍ਰਤੀਤ ਸੱਚਾ ਹੋਵੇ, ਪਰ ਦੇਵਤਿਆਂ ਦੇ ਵੀ ਦਰਸ਼ਨ ਹੋ ਜਾਣ, ਸੋ ਮੈਂ ਆਪ ਦਾ ਹੁਕਮ ਮੰਨ ਕੇ ਤਮਾਸ਼ਾ ਦਿਖਾਇਆ। ਹੁਣ ਮੈਨੂੰ ਗਰੀਬ ਨੂੰ ਇਨਾਮ ਬਖਸ਼ਿਸ਼ ਕਰੋ। ਮਹਾਤਮਾ ਨੇ ਰਾਜਾ ਨੂੰ ਪੁੱਛਿਆ ਹੇ ਰਾਜਨ! ਤੇਰੀ ਸ਼ੰਕਾ ਨਵਿਰਤੀ ਹੋਈ ਜਾਂ ਹੋਰ ਪੁੱਛਣਾ ਚਾਹੁੰਦਾ ਹੈਂ? ਰਾਜਾ, ਮਹਾਤਮਾ ਦੇ ਚਰਨਾ ਵਿੱਚ ਡਿੱਗ ਪਿਆ। ਅਰਜ਼ ਕੀਤੀ, ਮਹਾਰਾਜ! ਕੀ ਇਹ ਸਾਰਾ ਖੇਡ ਮੇਰਾ ਭਰਮ ਦੂਰ ਕਰਨ ਲਈ ਹੀ ਸੀ? ਜਿਵੇਂ ਮਦਾਰੀ ਦੀ ਮਾਇਆ ਨੇ ਰਾਜਾ ਨੂੰ ਭਰਮਾਕੇ ਅਨਹੋਇਆ ਹੀ ਦੁੱਖ-ਸੁੱਖ ਦਾ ਅਨੁਭਵ ਕਰਵਾ ਦਿੱਤਾ, ਤਾਂ ਪਰਮੇਸ਼ਰ ਦੀ ਮਾਇਆ ਕੀ ਨਹੀਂ ਕਰ ਸਕਦੀ, ਜੀਵ ਦੀ ਤਾਂ ਗਤੀ ਹੀ ਕੀ ਹੈ? ਬਲਕਿ ਪਰਮੇਸ਼ਰ ਦੀ ਮਾਇਆ ਤਾਂ ਵੱਡੇ-ਵੱਡੇ ਦੇਵੀ ਦੇਵਤਿਆਂ ਦੀ ਮੱਤ ਮਾਰ ਦਿੰਦੀ ਹੈ, ਜਿਵੇਂ ਗੁਰੂ ਵਾਕ—

**ਭਭਾ ਭਰਮੁ ਮਿਟਾਵਹੁ ਅਪਨਾ॥ ਇਆ ਸੰਸਾਰੁ ਸਗਲ ਹੈ ਸੁਪਨਾ॥**
**ਭਰਮੇ ਸੁਰਿ ਨਰ ਦੇਵੀ ਦੇਵਾ॥ ਭਰਮੇ ਸਿਧ ਸਾਧਿਕ ਬ੍ਰਹਮੇਵਾ॥**
**ਭਰਮਿ ਭਰਮਿ ਮਾਨੁਖ ਡਹਕਾਏ॥ ਦੁਤਰ ਮਹਾ ਬਿਖਮ ਇਹ ਮਾਏ॥**
**ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ॥ ਨਾਨਕ ਤੇਹ ਪਰਮ ਸੁਖ ਪਾਇਆ॥**

*(ਗਉੜੀ ਬਾਵਨ ਅਖਰੀ, ਪੰਨਾ—੨੫੮)*

ਭਭੇ ਅੱਖਰ ਦੁਆਰਾ ਗੁਰੂ ਅਰਜਨ ਦੇਵ ਜੀ ਉਪਦੇਸ਼ ਕਰਦੇ ਹਨ, ਹੇ ਭਾਈ! ਇਹ ਸੰਸਾਰ ਸੁਪਨਾ ਮਾਤਰ ਹੈ, ਲੇਕਿਨ ਮਾਇਆ ਦੇ ਭਰਮ ਕਰਕੇ ਇਹ ਸੱਚਾ ਪ੍ਰਤੀਤ ਹੋ ਰਿਹਾ ਹੈ। ਮਾਇਆ ਦੇ ਭਰਮ ਵਿੱਚ ਦੇਵਤੇ, ਮਨੁੱਖ, ਹੋਰ ਸਭ ਭਰਮ ਗਏ। ਵੱਡੇ-ਵੱਡੇ ਸਿੱਧ ਜੋਗੀ, ਸਾਧਨਾਂ ਕਰਨ ਵਾਲੇ ਸਾਧਿਕ, ਵਿਦਵਾਨ ਆਦਿ ਮਨੁੱਖਾਂ ਨੂੰ ਭਰਮਾ ਦਿੱਤਾ। ਇਸ ਮਾਇਆ ਤੋਂ ਤਰਨਾ ਬਹੁਤ ਮੁਸ਼ਕਿਲ ਹੈ, ਬਲਕਿ—

**ਸਰਪਨੀ ਤੇ ਊਪਰਿ ਨਹੀ ਬਲੀਆ॥**
**ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥**

*(ਆਸਾ ਕਬੀਰ, ਪੰਨਾ—੪੮੦)*

ਯਥਾ — **ਬ੍ਰਹਮਾ ਬਿਸਨੁ ਮਹੇਸਰ ਬੇਧੇ॥**
**ਬਡੇ ਭੂਪਤਿ ਰਾਜੇ ਹੈ ਛੇਧੇ॥**

*(ਗੋਂਡ ਕਬੀਰ, ਪੰਨਾ—੮੭੨)*

ਮਾਇਆ ਇਤਨੀ ਬਲਵਾਨ ਹੈ ਕਿ ਜੀਵ, ਸਿਧ ਸਾਧਿਕ, ਮੁਨੀ ਜਨ, ਵਿਦਵਾਨ ਤਾਂ ਕੀ ਬਲਕਿ ਤਿੰਨੇ ਮੁੱਖ ਦੇਵਤੇ, ਬ੍ਰਹਮਾ, ਬਿਸਨ, ਮਹਾਦੇਉ ਆਦਿ ਵੀ ਇਸ ਦੇ ਛਲ ਤੋਂ ਨਹੀਂ ਬਚ ਸਕੇ, ਪਰੰਤੂ ਗੁਰਮੁਖ, ਯਾਨੀ ਗੁਰੂ ਦੀ ਸ਼ਰਨ ਪ੍ਰਾਪਤ ਕਰਕੇ ਸਹਜੇ ਹੀ ਤਰ ਜਾਈਦਾ ਹੈ। ਜੈਸੇ ਗੁਰੂ ਵਾਕ—

**ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥**
**ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥**

ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥
ਨਾਨਕ ਸੇਈ ਉਬਰੇ ਜਿ ਸਚਿ ਰਹੇ ਲਿਵ ਲਾਇ॥

(ਗੂਜਰੀ ਵਾਰ, ਪੰਨਾ—੫੧੦)

ਯਥਾ — ਮਾਇਆ ਮਮਤਾ ਮੋਹਣੀ ਜਿਨਿ ਕੀਤੀ ਸੋ ਜਾਣੁ॥
ਬਿਖਿਆ ਅੰਮ੍ਰਿਤ ਏਕੁ ਹੈ ਬੂਝੈ ਪੁਰਖੁ ਸੁਜਾਣੁ॥

(ਦਖਣੀ ਓਅੰਕਾਰੁ, ਪੰਨਾ—੯੩੭)

ਯਥਾ — ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥
ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥
ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ॥

(ਵਾਰ ਸੋਰਠਿ, ਪੰਨਾ—੬੪੩)

ਇਸ ਪ੍ਰਕਾਰ ਸਾਰਾ ਜਗ ਮਾਇਆ ਦੀ ਠੱਗੀ ਵਿੱਚ ਆ ਰਿਹਾ ਹੈ, ਪ੍ਰੰਤੂ ਗੁਰਮੁਖ ਲੋਕ ਗੁਰੂ ਦੀ ਸ਼ਰਨ ਪ੍ਰਾਪਤ ਕਰਕੇ ਇਸ ਮਾਇਆ ਰੂਪੀ ਘੋਰ ਸਮੁੰਦਰ ਨੂੰ ਸਹਜੇ ਹੀ ਤਰ ਜਾਂਦੇ ਹਨ। ਇਹ ਮਾਇਆ ਦੀਆਂ ਦੁਖਦਾਈ ਲਹਿਰਾ ਤੋਂ ਛੁਟਕਾਰਾ ਹਾਸਲ ਕਰਨਾ ਬਗੈਰ ਗੁਰਮੁਖਤਾ ਤੋਂ, ਭਾਵ ਬਿਨਾਂ ਗੁਰੂ ਪਰਮੇਸ਼ਰ ਦੀ ਸ਼ਰਨ ਤੋਂ ਕਠਿਨ ਹੀ ਨਹੀਂ ਬਲਕਿ ਅਸੰਭਵ ਹੈ ਕਿਉਂਕਿ ਇਹ ਚੰਚਲ ਮਾਇਆ ਆਪਣੇ ਮਾਲਕ ਤੋਂ ਬਿਨਾਂ ਵੱਸ ਵਿੱਚ ਨਹੀਂ ਆਉਂਦੀ। ਇਕ ਦਫਾ ਦਾ ਜ਼ਿਕਰ ਹੈ ਕਿ ਤੀਸਰੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ ਵਿੱਚ ਇੱਕ ਪੰਡਿਤ ਨੇ ਅਰਜ਼ ਕੀਤੀ, ਮਹਾਰਾਜ ਮੈਂ ਚਾਰ ਵੇਦ, ਛੇ ਸ਼ਾਸਤਰ, ਅਠਾਰਾਂ ਪੁਰਾਣ, ਸਤਾਈ ਸਿੰਮਰਤੀਆਂ, ਆਦਿਕ ਸਾਰੇ ਗ੍ਰੰਥ ਪੜ੍ਹ ਚੁੱਕਿਆ ਹਾਂ ਲੇਕਿਨ ਇਹ ਮਾਇਆ ਦਾ ਪ੍ਰਭਾਵ ਮੇਰੇ ਮਨ ਤੋਂ ਦੂਰ ਨਹੀਂ ਹੋਇਆ। ਕ੍ਰਿਪਾ ਕਰਕੇ ਕੋਈ ਉਪਦੇਸ਼ ਬਖਸ਼ਿਸ਼ ਕਰੋ। ਮੇਰਾ ਮਨ ਇਸ ਮਾਇਆ ਦੇ ਅੰਧਕਾਰ ਵਿੱਚੋਂ ਨਿਕਲਕੇ, ਸਦਾ ਲਈ ਸੁਖੀ ਹੋ ਜਾਵੇ, ਮਨੁੱਖ ਜਨਮ ਧਾਰਨ ਕੀਤਾ ਸਫਲ ਹੋ ਜਾਵੇ। ਗੁਰੂ ਬਾਬਾ ਜੀ ਨੇ ਉਸ ਪੰਡਿਤ ਦੀ ਦੀਨ ਹੋ ਕੇ ਕੀਤੀ ਬੇਨਤੀ ਤੇ ਤਰੁੱਠ ਕੇ ਇਹ ਸ਼ਬਦ ਉਚਾਰਨ ਕੀਤਾ—

ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ॥
ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ॥ ਰਹਾਉ॥
ਮਾਇਆ ਮਮਤਾ ਕਰਤੈ ਲਾਈ॥
ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ॥

(ਮਲਾਰ ਮ: ੩, ਪੰਨਾ—੧੨੬੧)

ਹੇ ਪੰਡਿਤ! ਕਰਤਾ-ਪੁਰਖ ਨੇ ਇਹ ਸੰਸਾਰ ਰੂਪੀ ਖੇਡ ਦੀ ਰਚਨਾ ਮਾਇਆ ਦੁਆਰੇ ਹੀ ਬਣਾਈ ਹੈ। ਗੁਰਮੁਖ ਇਸ ਨੂੰ ਕਰਤਾ ਪੁਰਖ ਦੀ ਖੇਡ ਜਾਣ ਕੇ ਸਦਾ ਸੁਖੀ ਰਹਿੰਦੇ ਹਨ ਲੇਕਿਨ ਮਨਮੁਖ, ਕਰਨਹਾਰ ਨੂੰ ਭੁੱਲਕੇ ਆਪਣੇ ਮਨ ਦੇ ਪਿੱਛੇ ਲੱਗੇ ਹੋਏ, ਇਸ ਖੇਡ ਨੂੰ ਸਤ ਜਾਣ ਕੇ ਹਮੇਸ਼ਾ ਦੁਖੀ-ਸੁਖੀ, ਜਨਮ-ਮਰਨ ਦੇ ਚੱਕਰ ਵਿੱਚ ਪਏ ਰਹਿੰਦੇ ਹਨ। ਸੋ ਬਗੈਰ ਗੁਰੂ ਪਰਮੇਸ਼ਰ ਦੀ ਸ਼ਰਨ ਹਾਸਲ ਕੀਤਿਆਂ, ਇਸ ਮਾਇਆ ਦੀ ਘੁੰਣਘੇਰੀ ਵਿੱਚੋਂ ਨਿਕਲਣਾ ਅਸੰਭਵ ਹੈ। ਇਸ ਖੇਡ ਦੀ ਅਸਲੀਅਤ ਨੂੰ ਜਾਨਣ ਲਈ ਗੁਰੂ ਕ੍ਰਿਪਾ ਅਤੇ ਗੁਰੂ ਸ਼ਰਨ ਅਤੀ ਅਵੱਸ਼ਕ ਹੈ। ਜਿਵੇਂ ਗੁਰੂ ਵਾਕ—

ਗੁਰ ਪਰਸਾਦੀ ਬੂਝਹੁ ਭਾਈ॥ ਸਦਾ ਰਹਹੁ ਹਰਿ ਕੀ ਸਰਣਾਈ॥

(ਮਲਾਰ ਮ: ੩, ਪੰਨਾ—੧੨੬੧)

ਸੋ ਇਸ ਤਰੀਕੇ ਗੁਰੂ ਸ਼ਰਨ ਦੁਆਰਾ ਗੁਰਮੁਖਤਾ ਹਾਸਲ ਕਰਕੇ ਇਸ ਸੰਸਾਰ ਰੂਪੀ ਦੁਤਰ ਮਾਇਆ ਤੋਂ ਸਹਜੇ ਹੀ ਤਰ ਜਾਈਦਾ ਹੈ।

## ਗੁਰਮੁਖਤਾ ਦੀ ਸੂਝ

ਇਹ ਤਾਂ ਸਪਸ਼ਟ ਹੋ ਹੀ ਗਿਆ ਕਿ ਗੁਰਮੁਖਤਾ ਹਾਸਲ ਕਰਨ ਤੋਂ ਬਿਨਾਂ ਮਾਇਆ ਦੀਆਂ ਦੁਖਦਾਈ ਲਹਿਰਾਂ

ਵਿੱਚੋਂ ਨਿਕਲਣਾ ਅਸੰਭਵ ਹੈ। ਗੁਰਮੁਖਤਾ ਦੀ ਸੂਝ ਧਰਮ ਵਿੱਚੋਂ ਪੈਦਾ ਹੁੰਦੀ ਹੈ। ਧਰਮ ਦੀ ਉੱਤਪਤੀ ਦੇ ਚਾਰ ਸਾਧਨ ਮੰਨੇ ਜਾਂਦੇ ਹਨ—

(1) ਰਾਜਾ ਲੋਕ
(2) ਤੀਰਥ ਅਸਥਾਨ
(3) ਵਿਦਵਾਨ ਲੋਕ
(4) ਸੰਤ ਅਸਥਾਨ।

1. **ਰਾਜਾ ਲੋਕ**—ਸਿਆਣਿਆਂ ਦਾ ਆਮ ਕਥਨ ਹੈ, ਜੈਸਾ ਰਾਜਾ ਤੈਸੀ ਪਰਜਾ, ਯਾਨੀ ਰਾਜਾ ਧਰਮੀ, ਨਿਆਂਕਾਰੀ, ਵਿਵੇਕਵਾਨ ਹੋਵੇ ਤਾਂ ਪਰਜਾ ਖੁਦ-ਬ-ਖੁਦ ਧਰਮੀ ਵਿਵੇਕਵਾਨ ਹੋ ਜਾਂਦੀ ਹੈ। ਜੇਕਰ ਰਾਜਾ ਹੀ ਆਚਰਣਹੀਨ, ਅਨਿਆਂਕਾਰੀ, ਲੋਭੀ ਹੋਵੇ, ਤਾਂ ਸੁਭਾਵਕ ਹੀ ਹੈ ਪਰਜਾ ਉਪਰ ਅਸਰ ਪੈਣਾ।

2. **ਤੀਰਥ ਅਸਥਾਨ**—ਜਿਥੋਂ ਲੋਕਾਂ ਨੂੰ ਧਰਮ ਦੀ ਸੂਝ ਪੈਣੀ ਸੀ ਪਰ ਉਥੇ ਵੀ **ਤੀਰਥਿ ਜਾਉ ਤ ਹਉ ਹਉ ਕਰਤੇ॥**

*(ਆਸਾ ਮ: ੫, ਪੰਨਾ—੩੮੫)*

ਉਥੇ ਵੀ ਹੰਕਾਰ ਵੱਸ, ਧਰਮ ਅਲੋਪ ਹੋ ਗਿਆ, ਮਾਇਆ ਦਾ ਪ੍ਰਭਾਵ ਵੱਧ ਕੇ ਅੰਧਕਾਰ ਛਾ ਗਿਆ।

3. **ਵਿਦਵਾਨ ਲੋਕ**—ਜੋ ਧਰਮ ਦੀ ਸਿੱਖਿਆ ਦੇਣ ਵਾਲੇ ਮੰਨੇ ਜਾਂਦੇ ਹਨ, ਉਹ ਵੀ ਲੋਭ ਵੱਸ ਅੱਖਰੀ ਗਿਆਨ ਤੱਕ ਹੀ ਸੀਮਤ ਰਹਿ ਗਏ। ਮਾਇਆ ਦੇ ਪ੍ਰਭਾਵ ਹੇਠ ਆ ਕੇ ਆਪਣੇ ਮੁੱਖ ਧਰਮ ਨੂੰ ਭੁੱਲ ਗਏ, ਜਿਵੇਂ ਗੁਰੂ ਵਾਕ—

**ਪੰਡਿਤ ਪੂਛਉ ਤ ਮਾਇਆ ਰਾਤੇ॥**

ਮਾਇਆ ਦੇ ਪ੍ਰਭਾਵ ਕਰਕੇ ਇਹ ਲੋਕ ਖੁਦ ਤਾਂ ਦੁਖੀ ਹੋ ਹੀ ਰਹੇ ਸਨ ਲੇਕਿਨ ਜੀਵਾਂ ਨੂੰ ਵੀ ਗੁਮਰਾਹ ਕਰ ਰਹੇ ਸਨ।

4. **ਸੰਤ ਅਸਥਾਨ**—ਜਿੱਥੋਂ ਲੋਕਾਂ ਨੂੰ ਵਿਵੇਕ ਦੀ ਸੂਝ ਮਿਲਣੀ ਸੀ ਉਥੇ ਵੀ ਬਾਹਝ ਮੁਖੀ ਬਿਰਤੀਆਂ ਵਾਲੇ ਲੋਕ ਗੁਰੂ ਬਣ ਕੇ ਬੈਠ ਜਾਣ ਤਾਂ ਉਥੋਂ ਵੀ ਸੰਸਾਰ ਰੂਪੀ ਤਪਸ਼ ਵਿੱਚ ਸੜ ਰਹੇ ਜੀਵਾਂ ਨੂੰ ਕੀਹ ਸ਼ਾਂਤੀ ਮਿਲਣੀ ਹਈ? ਉਥੋਂ ਦੇ ਮੁਖੀ ਤਾਂ ਖੁਦ ਲੋਭ-ਲਾਲਚ, ਮਾਣ-ਵਡਿਆਈ ਵਿੱਚ ਫੱਸ ਗਏ। ਐਸੀ ਹਾਲਤ ਦੇ ਬਾਬਤ ਹੀ ਭਾਈ ਸਾਹਿਬ, ਭਾਈ ਗੁਰਦਾਸ ਜੀ ਨੇ ਫੁਰਮਾਇਆ ਹੈ—

**ਕਲਿ ਆਈ ਕੁਤੇ ਮੁਹੀਂ ਖਾਜ ਹੋਆ ਮੁਰਦਾਰ ਗੁਸਾਈ।**
**ਰਾਜੇ ਪਾਪੁ ਕਮਾਵਦੇ ਉਲਟੀ ਵਾੜ ਖੇਤ ਕੋ ਖੋਈ।**
**ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤ ਮੁਖਹੁ ਅਲਾਈ।**
**ਚੇਲੇ ਸਾਜ ਵਜਾਇਦੇਂ ਨਚਨਿ ਗੁਰੂ ਬਹੁਤ ਬਿਧ ਭਾਈ।**
**ਚੇਲੇ ਬੈਠਨਿ ਘਰਾਂ ਵਿਚਿ ਗੁਰਿ ਉਠਿ ਘਰੀਂ ਤਿਨਾੜੇ ਜਾਈ।**
**ਕਾਜੀ ਹੋਏ ਰਿਸਵਤੀ ਵਡੀ ਲੈ ਕੇ ਹਕੁ ਗਵਾਈ।**
**ਇਸਤਰੀ ਪੁਰਖੈ ਦਾਮੁ ਹਿਤੁ ਭਾਵੈ ਆਇ ਕਿਥਾਉ ਜਾਈ।**
**ਵਰਤਿਆ ਪਾਪੁ ਸਭਸਿ ਜਗ ਮਾਹੀ॥**

ਐਸੀ ਦਸ਼ਾ ਪਰਜਾ ਦੀ ਹੋ ਗਈ, ਅੰਧਕਾਰ ਛਾ ਗਿਆ। ਸਤਿਯੁਗ ਵਿੱਚ ਸਭ ਲੋਕ ਸੱਚ ਬੋਲਦੇ ਸਨ, ਧਰਮ ਦੇ ਚਾਰੇ ਪੈਰ ਕਾਇਮ ਸਨ। ਤ੍ਰੇਤਾ ਯੁੱਗ ਆਇਆ ਧਰਮ ਦਾ ਇਕ ਪੈਰ ਟੁੱਟ ਗਿਆ, ਪਾਖੰਡ ਦਾ ਪਸਾਰਾ ਹੋ ਗਿਆ। ਦੁਆਪਰ ਯੁੱਗ ਆਇਆ, ਦਵੈਤ ਵੱਧ ਗਈ। ਇਕ ਪਰਮੇਸ਼ਰ ਦੀ ਪੂਜਾ ਛੱਡ ਕੇ ਆਮ ਲੋਕ ਦਵੈਤ ਦੇ ਭਰਮ ਵਿੱਚ ਵਹਿ ਗਏ। ਇਸ ਪ੍ਰਕਾਰ ਧਰਮ ਦਾ ਦੂਜਾ ਪੈਰ ਵੀ ਟੁੱਟ ਗਿਆ। ਕਲਯੁਗ ਆਇਆ, ਧਰਮ ਦਾ ਤੀਜਾ ਪੈਰ ਵੀ ਟੁੱਟ ਗਿਆ। ਕੇਵਲ ਇੱਕ ਪੈਰ ਧਰਮ ਦਾ ਰਹਿ ਗਿਆ, ਧਰਤੀ ਹਿੱਲਣ ਲੱਗੀ, ਪੈਰ-ਪੈਰ ਤੇ ਮਾਇਆ ਮੋਹ ਦੇ ਅੰਧਕਾਰ ਵਿੱਚ ਜੀਵ ਠੋਕਰਾਂ ਖਾਣ ਲੱਗੇ। ਜਿਵੇਂ ਗੁਰੂ ਵਾਕ—

**ਸਤਜੁਗਿ ਸਚੁ ਕਹੈ ਸਭੁ ਕੋਈ॥ ਘਰਿ ਘਰਿ ਭਗਤਿ ਗੁਰਮੁਖਿ ਹੋਈ॥**
**ਸਤਜੁਗਿ ਧਰਮੁ ਪੈਰ ਹੈ ਚਾਰਿ॥ ਗੁਰਮੁਖਿ ਬੂਝੈ ਕੋ ਬੀਚਾਰਿ॥**

ਜੁਗ ਚਾਰੇ ਨਾਮਿ ਵਡਿਆਈ ਹੋਈ ॥ ਜਿ ਨਾਮਿ ਲਾਗੈ ਸੋ ਮੁਕਤਿ ਹੋਵੈ ਗੁਰ ਬਿਨੁ ਨਾਮੁ ਨ ਪਾਵੈ ਕੋਈ ॥ ਰਹਾਉ ॥
ਤ੍ਰੇਤੈ ਇਕ ਕਲ ਕੀਨੀ ਦੂਰਿ ॥ ਪਾਖੰਡੁ ਵਰਤਿਆ ਹਰਿ ਜਾਣਨਿ ਦੂਰਿ ॥
ਗੁਰਮੁਖਿ ਬੂਝੈ ਸੋਝੀ ਹੋਈ ॥ ਅੰਤਰਿ ਨਾਮੁ ਵਸੈ ਸੁਖੁ ਹੋਈ ॥
ਦੁਆਪੁਰਿ ਦੂਜੈ ਦੁਬਿਧਾ ਹੋਇ ॥ ਭਰਮਿ ਭੁਲਾਨੇ ਜਾਣਹਿ ਦੋਇ ॥
ਦੁਆਪੁਰਿ ਧਰਮਿ ਦੁਇ ਪੈਰ ਰਖਾਏ ॥ ਗੁਰਮੁਖਿ ਹੋਵੈ ਤ ਨਾਮੁ ਦ੍ਰਿੜਾਏ ॥
ਕਲਜੁਗਿ ਧਰਮ ਕਲਾ ਇਕ ਰਹਾਏ ॥ ਇਕ ਪੈਰਿ ਚਲੈ ਮਾਇਆ ਮੋਹੁ ਵਧਾਏ ॥
ਮਾਇਆ ਮੋਹੁ ਅਤਿ ਗੁਬਾਰੁ ॥ ਸਤਗੁਰੁ ਭੇਟੈ ਨਾਮਿ ਉਧਾਰੁ ॥
ਸਭ ਜੁਗ ਮਹਿ ਸਾਚਾ ਏਕੋ ਸੋਈ ॥ ਸਭ ਮਹਿ ਸਚੁ ਦੂਜਾ ਨਹੀ ਕੋਈ ॥
ਸਾਚੀ ਕੀਰਤਿ ਸਚੁ ਸੁਖੁ ਹੋਈ ॥ ਗੁਰਮੁਖਿ ਨਾਮੁ ਵਖਾਣੈ ਕੋਈ ॥
ਸਭ ਜੁਗ ਮਹਿ ਨਾਮੁ ਊਤਮੁ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥

*(ਰਾਮਕਲੀ ਮ: ੩ ਘਰ ੧, ਪੰਨਾ-੮੮੦)*

ਇਸ ਪ੍ਰਕਾਰ ਚਾਰ ਪਹੀਆਂ ਤੇ ਚੱਲਣ ਵਾਲੀ ਗੱਡੀ ਦੇ ਕਿਸੇ ਵੀ ਕਾਰਨ-ਵੱਸ ਜੇ ਤਿੰਨ ਪਹੀਏ ਟੁੱਟ ਜਾਣ ਤਾਂ ਕੀਹ ਉਹ ਗੱਡੀ ਸਫਰ ਕਰ ਰਹੇ ਯਾਤਰੀਆਂ ਨੂੰ ਮੰਜ਼ਿਲ ਤੇ ਪਹੁੰਚਾ ਦੇਵੇਗੀ ? ਐਸੀ ਹਾਲਤ ਕਲਯੁਗ ਵਿੱਚ ਜੀਵਾਂ ਦੀ ਹੋ ਗਈ। ਮੱਸਿਆ ਦੀ ਰਾਤ ਵਾਂਗ ਹਨੇਰਾ ਛਾ ਗਿਆ, ਹੁਕਮਰਾਨ, ਜੋ ਪਰਜਾ ਦੇ ਪਿਤਾ ਸਮਾਨ ਰੱਖਿਆ ਕਰਨ ਵਾਲੇ ਮੰਨੇ ਜਾਂਦੇ ਹਨ, ਉਲਟਾ ਪਰਜਾ ਦਾ ਹੀ ਖ਼ੂਨ ਪੀਣ ਲੱਗੇ। ਅਦਾਲਤਾਂ ਵਿੱਚ ਜਿਥੋਂ ਲੋਕਾਂ ਨੂੰ ਇਨਸਾਫ ਮਿਲਣਾ ਸੀ, ਭ੍ਰਿਸ਼ਟਾਚਾਰ ਛਾ ਗਿਆ; ਬਲ ਵਾਲੇ, ਬਲਹੀਨਾਂ ਦਾ ਘਾਤ ਕਰਨ ਲੱਗੇ, ਅਧਰਮ ਗਰਦੀ, ਬੁਰਛਾ ਗਰਦੀ ਛਾ ਗਈ, ਗਊ ਗਰੀਬ ਦਾ ਘਾਤ ਹੋਣ ਲੱਗਿਆ। ਭਾਈ ਗੁਰਦਾਸ ਜੀ ਫੁਰਮਾਂਦੇ ਹਨ—

ਠਾਕੁਰ ਦੁਆਰੇ ਢਾਹਿ ਕੈ ਤਿਹਿ ਠਾਉੜੇ ਮਾਸੀਤ ਉਸਾਰਾ।
ਮਾਰਨਿ ਗਊ ਗਰੀਬ ਨੂੰ ਧਰਤੀ ਉਪਰਿ ਪਾਪ ਬਿਥਾਰਾ।
ਪਾਪੇ ਦਾ ਵਰਤਿਆ ਵਰਤਾਰਾ ॥

ਯਥਾ — ਬਾਝੁ ਗੁਰੂ ਅੰਧੇਰ ਹੈ ਖਹਿ-ਖਹਿ ਮਰਦੇ ਬਹੁ ਬਿਧਿ ਲੋਆ।
ਵਰਤਿਆ ਪਾਪ ਜਗਤ੍ਰਿ ਤੇ ਧਉਲੁ ਉਡੀਣਾ ਨਿਸਿਦਿਨਿ ਰੋਆ।
ਬਾਝੁ ਦਇਆ ਬਲਹੀਣ ਹੋਉ ਨਿਘਰ ਚਲੌ ਰਸਾਤਲਿ ਟੋਆ।
ਖੜ੍ਹਾ ਇਕ ਤੈ ਪੈਰਿ ਤੇ ਪਾਪ ਸੰਗਿ ਬਹੁ ਭਾਰਾ ਹੋਇਆ।
ਥੰਮੇ ਕੋਈ ਨ ਸਾਧੁ ਬਿਨੁ ਸਾਧ ਨ ਦਿਸੈ ਜਗ ਵਿੱਚ ਕੋਆ।
ਧਰਮ ਧਉਲੁ ਪੁਕਾਰੈ ਤਲੈ ਖੜੋਆ ॥

ਐਸੀ ਹਾਲਤ ਜੀਵਾਂ ਦੀ ਹੋ ਗਈ, ਮਾਇਆ ਦਾ ਅੰਧਕਾਰ ਛਾ ਗਿਆ, ਲੋਕ ਆਪਣੇ ਆਪ ਨੂੰ ਅਨਾਥ ਸਮਝਣ ਲੱਗੇ। ਕੋਈ ਪੁਕਾਰ ਸੁਣਨ ਵਾਲਾ ਨਜ਼ਰ ਨਹੀਂ ਆ ਰਿਹਾ, ਸੰਸਾਰ ਵਿੱਚੋਂ ਸੱਚ ਇਉਂ ਅਲੋਪ ਹੋ ਗਿਆ ਜਿਵੇਂ ਮੱਸਿਆ ਦੀ ਰਾਤ ਨੂੰ ਚੰਦਰਮਾ, ਝੂਠ ਦਾ ਪਸਾਰਾ ਹੋ ਗਿਆ, ਜਿਵੇਂ ਗੁਰੂ ਵਾਕ—

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥
ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥
ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥

*(ਵਾਰ ਮਾਝ, ਪੰਨਾ—੧੪੫)*

ਧਉਲ, ਧਰਮ ਜਿਸ ਦੇ ਸਹਾਰੇ ਪ੍ਰਿਥਵੀ ਖੜੀ ਹੈ, ਦਇਆ ਰੂਪੀ ਮਾਂ ਤੋਂ ਬਿਨਾਂ ਅਨਾਥ ਹੋ ਗਿਆ। ਚਾਰ ਵਿੱਚੋਂ ਤਿੰਨ ਪੈਰ ਟੁੱਟ ਚੁੱਕੇ ਹਨ, ਪ੍ਰਿਥਵੀ ਤੇ ਪਾਪਾਂ ਰੂਪੀ ਭਾਰ ਹੋਰ ਵੱਧ ਗਿਆ, ਭਾਰ ਚੁੱਕਣ ਤੋਂ ਅਸਮਰਥ ਹੋ ਗਿਆ,

ਰੋ-ਰੋ-ਕੇ ਪੁਕਾਰ ਕਰਨ ਲੱਗਿਆ, ਹੇ ਪਰਮੇਸ਼ਰ! ਹੇ ਦਿਆਲੂ! ਹੇ ਅੰਤਰਜਾਮੀ! ਮੇਰੇ ਵਿੱਚ ਧਰਤੀ ਨੂੰ ਚੁੱਕਣ ਦੀ ਸ਼ਕਤੀ ਨਹੀਂ ਰਹੀ। ਮਿਹਰ ਕਰ, ਮੇਰੀ ਸਹਾਇਤਾ ਕਰ, ਮੈਂ ਦੁਖੀ ਹੋ ਕੇ ਤੇਰੀ ਸ਼ਰਨ ਵਿੱਚ ਆਇਆ ਹਾਂ, ਸ਼ਰਨ ਆਏ ਦੀ ਲਾਜ ਰੱਖ। ਧਰਤੀ ਡਗਮਗਾਉਣ ਲੱਗੀ, ਜੀਵਾਂ ਵਿੱਚ ਹਾ-ਹਾ-ਕਾਰ ਮੱਚ ਗਈ, ਕੋਈ ਆਸਰਾ ਨਜ਼ਰ ਨਹੀਂ ਆ ਰਿਹਾ, ਸਭ ਜੀਅ ਤਰਾਹ-ਤਰਾਹ ਕਰ ਉੱਠੇ। ਦੁਖੀ ਜੀਵਾਂ ਦੇ ਹਿਰਦੇ ਵਿੱਚੋਂ ਨਿਕਲੀ ਕੂਕ, ਪੁਕਾਰ ਧੁਰ ਦਰਗਾਹ ਵਿੱਚ ਪਹੁੰਚੀ, ਬੱਸ ਫੇਰ ਕੀ ਦੇਰੀ ਸੀ, ਉਸ ਦੇਸ ਕਾਲ ਤੋਂ ਰਹਿਤ ਅਦੇਸ਼, ਅਕਾਲ, ਅਵਸਤੂ ਵਿਚ ਕਲਪਨਾ ਕੀਤੇ ਗਏ ਇਹ ਦੋ ਸ਼ਬਦ 'ਦੇਰ ਤੇ ਦੂਰੀ' ਨੂੰ ਵੀ ਕਿੱਥੇ ਥਾਂ ਹੈ? ਦੂਰੀ ਤਾਂ ਉਤਨੀ ਦੇਰ ਹੈ ਜਿਤਨੀ ਦੇਰ ਪੈਰ ਦੋ ਬੇੜੀਆਂ ਤੇ ਹੈ। ਜਿਸ ਵਕਤ ਪਰਮੇਸ਼ਰ ਤੋਂ ਬਗੈਰ ਸਭ ਬੇੜੀਆਂ ਨਿਰਜਿੰਦ, ਯਾਨੀ ਕਾਠ ਦੀਆਂ ਪੁਤਲੀਆਂ ਵਿਸ਼ਵਾਸ ਵਿਚ ਆ ਜਾਣ, ਫੇਰ ਤਾਂ ਦੁਆਰਕਾ ਤੋਂ ਹਸਤਨਾਪੁਰ ਹਜ਼ਾਰਾਂ ਕੋਹਾਂ ਦਾ ਪੈਂਡਾ ਅੱਖ ਦੇ ਫੇਰ ਤੋਂ ਵੀ ਪਹਿਲਾਂ ਤਹਿ ਹੋ ਜਾਂਦਾ ਹੈ। ਉਸ ਸਮੇਂ ਅਕਾਲ ਪੁਰਖ ਵਾਹਿਗੁਰੂ ਨਿਰਗੁਨ ਤੋਂ ਸਰਗੁਨ ਰੂਪ ਧਾਰਨ ਕਰਕੇ ਪਲਾਂ ਤੋਂ ਵੀ ਪਹਿਲਾਂ ਪਰਗਟ ਹੋ ਜਾਂਦਾ ਹੈ, ਜਿਵੇਂ ਗੁਰੂ ਵਾਕ—

**ਜਬ-ਜਬ ਹੋਤ ਅਰਿਸਟ ਅਪਾਰਾ॥ ਤਬ ਤਬ ਦੇਹ ਧਰਤ ਅਵਤਾਰਾ॥**

*(ਗੁਰੂ ਗੋਬਿੰਦ ਸਿੰਘ ਜੀ)*

ਯਥਾ — **ਯਦਾ ਯਦਾ ਹੀ ਧਰਮਸਯ ਗਲਾਨਿਰ ਭਵਤੀ ਭਾਰਤ॥**
**ਅਭਿਉਤ ਥਾਨਮ ਧਰਮਸਯ ਤਦਾਤਮਾਨਮ ਸ੍ਰਜਾਮਿਹਮ॥**

ਇਸ ਪ੍ਰਕਾਰ ਧਰਤੀ ਅਤੇ ਦੁਖਦਾਈ ਜੀਵਾਂ ਦੀ ਹਾਲਤ ਵੇਖਕੇ ਉਨ੍ਹਾਂ ਦੇ ਦੁੱਖ ਹਰਨ ਲਈ ਪਰਮਾਤਮਾ ਨੇ ਆਪਣੇ ਆਪ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਰੂਪ ਵਿਚ ਪਰਗਟ ਕੀਤਾ। ਉਸ ਵਕਤ ਦਾ ਨਕਸ਼ਾ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਕੁਝ ਇਉਂ ਖਿੱਚਿਆ ਹੈ—


**ਸੁਣੀ ਪੁਕਾਰ ਦਾਤਾਰ ਪ੍ਰਭ ਗੁਰੂ ਨਾਨਕ ਯਗ ਮਾਹਿ ਪਠਾਇਆ॥**
**ਚਰਨ ਧੋਇ ਰਹਰਾਸਿ ਕਰਿ ਚਰਨਾਮ੍ਰਿਤ ਸਿਖਾਂ ਪੀਲਾਇਆ।**
**ਪਾਰਬ੍ਰਹਮ ਪੂਰਨ ਬ੍ਰਹਮ ਕਲਿਯੁਗਿ ਅੰਦਰਿ ਇਕ ਦਿਖਾਇਆ।**
**ਚਾਰੇ ਪੈਰ ਧਰਮ ਦੇ ਚਾਰਿ ਵਰਨਿ ਇਕੁ ਵਰਨਿ ਕਰਾਇਆ।**
**ਰਾਣਾ ਰੰਕੁ ਬਰਾਬਰੀ ਪੈਰੀ ਪਵਣਾ ਯਗਿ ਵਰਤਾਇਆ।**
**ਉਲਟਾ ਖੇਲੁ ਪ੍ਰਿੰਮ ਦਾ ਪੈਰਾਂ ਉਪਰਿ ਸੀਸੁ ਨਿਵਾਇਆ।**
**ਕਲਿਯੁਗੁ ਬਾਬੇ ਤਾਰਿਆਂ ਸਤਿਨਾਮ ਪੜਿ ਮੰਤ੍ਰ ਸੁਣਾਇਆ।**
**ਕਲਿ ਤਾਰਣਿ ਗੁਰੁ ਨਾਨਕ ਆਇਆ॥**

ਮਾਇਆ ਮੋਹ ਦੇ ਅੰਧਕਾਰ ਵਲੋਂ ਸਤਾਏ ਜੀਵਾਂ ਦੀ ਪੁਕਾਰ ਸੁਣਕੇ, ਤਰਸ ਖਾ ਕੇ, ਜੀਵਾਂ ਨੂੰ ਅਵਿਦਿਆ ਰੂਪੀ ਰਾਤ ਦੇ ਹਨੇਰੇ ਵਿੱਚੋਂ ਬਾਹਰ ਕੱਢਣ ਲਈ, ਗਿਆਨ ਦਾ ਸੂਰਜ ਲੈ ਕੇ, ਨਿਰਗੁਣ ਤੋਂ ਸਰਗੁਣ ਰੂਪ ਧਾਰਨ ਕਰਕੇ, 'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ, ਆਪਣੀ ਮਾਇਆ ਨੂੰ ਆਸ਼੍ਰਿਤ ਕਰਕੇ ਆਪ ਅਕਾਲ ਪੁਰਖ ਵਾਹਿਗੁਰੂ ਗੁਰੂ ਨਾਨਕ ਦੇ ਰੂਪ ਵਿੱਚ ਪ੍ਰਗਟ ਹੋਇਆ।

ਸ਼ੰਕਾ—ਸੰਸਾਰ ਵਿੱਚ ਪਰਮੇਸ਼ਰ ਦੇ ਗਿਆਨ ਸੰਬੰਧੀ ਹਜ਼ਾਰਾਂ ਗ੍ਰੰਥ ਹਨ—ਵੇਦ, ਸ਼ਾਸਤਰ, ਸਿਮਰਤੀਆਂ, ਪੁਰਾਣ, ਕੁਰਾਣ, ਤੁਰੇਤ, ਅੰਜੀਲ, ਬਾਈਬਲ, ਆਦਿਕ ਅਤੇ ਬਿਬੇਕ ਵੈਰਾਗ, ਗਿਆਨ ਵਿਗਿਆਨ, ਵੇਦਾਂਤ ਦੇ ਸ਼ਾਸਤਰ ਜਿਨ੍ਹਾਂ ਦਾ ਆਤਮ ਗਿਆਨ ਨਾਲ ਸਿੱਧਾ ਸੰਬੰਧ ਹੈ, ਕਿਉਂਕਿ ਗਿਆਨੀ ਪੁਰਸ਼ਾ ਰਾਹੀਂ ਰਚਿਤ ਹਨ। ਉਨ੍ਹਾਂ ਦੇ ਵਿਚਾਰ ਦੁਆਰਾ ਅਵਿਦਿਆ ਰੂਪੀ ਅੰਧਕਾਰ ਮੇਟ ਕੇ ਆਤਮ ਗਿਆਨ ਹਾਸਲ ਕੀਤਾ ਜਾ ਸਕਦਾ ਹੈ, ਤਾਂ ਪਰਮਾਤਮ ਦੇਵ ਨੂੰ ਸਰਗੁਨ ਰੂਪ ਧਾਰਨ ਕਰਕੇ ਪ੍ਰਗਟ ਹੋਣ ਦੀ ਕੀ ਲੋੜ ਪਈ ਸੀ? ਜੇ ਸਤਿ ਸ਼ਾਸਤਰ, ਗਿਆਨ ਕਰਾਉਣ ਲਈ ਸਮਰੱਥ ਹੀ ਨਹੀਂ ਹਨ, ਤਾਂ ਇਨ੍ਹਾਂ ਨੂੰ ਰਚਣ ਦੀ ਕੀ ਲੋੜ ਸੀ? 'ਗਿਆਨਵਾਨ' ਪਰਮੇਸ਼ਰ ਦਾ ਸਰੂਪ ਹੀ ਹੁੰਦਾ ਹੈ, ਜਿਵੇਂ ਗੁਰੂ ਵਾਕ—

**ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ॥**
**ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥**

*(ਆਸਾ ਮ. ੫, ਪੰਨਾ—੩੯੧)*




ਆਦਿ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

ਯਥਾ — ਹਰਿ ਕਾ ਸੇਵਕੁ ਸੋ ਹਰਿ ਜੇਹਾ॥ ਭੇਦੁ ਨ ਜਾਣਹੁ ਮਾਣਸ ਦੇਹਾ॥
ਜਿਉ ਜਲ ਤਰੰਗ ਉਠਹਿ ਬਹੁ ਭਾਤੀ ਫਿਰਿ ਸਲਲੈ ਸਲਲ ਸਮਾਇਦਾ॥

*(ਮਾਰੂ ਸੋਲਹੇ, ਪੰਨਾ—੧੦੭੬)*

ਯਥਾ — ਹਰਿ ਹਰਿ ਜਨੁ ਦੋਇ ਏਕ ਹੈ
ਬਿਬ ਬਿਚਾਰ ਕਛ ਨਾਹਿ॥
ਜਲ ਤੇ ਉਪਜ ਤਰੰਗ ਜਿਉਂ ਜਲ ਹੀ ਬਿਖੈ ਸਮਾਹਿ॥

*(ਗੁਰੂ ਗੋਬਿੰਦ ਸਿੰਘ ਜੀ)*

ਇਸ ਪ੍ਰਕਾਰ ਪਰਮੇਸ਼ਰ ਵੱਲੋਂ ਸਰਗੁਨ ਰੂਪ ਵਿੱਚ ਆ ਕੇ ਹੀ ਸੱਤ ਸ਼ਾਸ਼ਤਰਾਂ ਦੀ ਰਚਨਾ ਕੀਤੀ ਗਈ ਹੈ, ਫਿਰ ਸ਼ਾਸ਼ਤਰਾਂ, ਗ੍ਰੰਥਾਂ ਦੇ ਰੂਪ ਵਿੱਚ ਪਰਮੇਸ਼ਰ ਦੇ ਬਚਨ ਹੋਣ ਦੇ ਬਾਵਜੂਦ ਉਸਨੂੰ ਖੁਦ ਕਿਉਂ ਆਉਣਾ ਪਿਆ?

ਉੱਤਰ—ਠੀਕ ਹੈ ਸੱਤ ਸ਼ਾਸਤਰਾਂ ਦੀ ਰਚਨਾ ਅਕਾਲ ਪੁਰਖ ਵਾਹਿਗੁਰੂ ਨੇ ਸਰਗੁਨ ਰੂਪ ਧਾਰਨ ਕਰਕੇ ਪਰਉਪਕਾਰ ਲਈ ਯਾਨੀ ਮਾਇਆ ਦੇ ਅੰਧਕਾਰ ਵਿੱਚ ਦੁੱਖੀ ਹੋ ਰਹੇ ਜੀਵਾਂ ਦੇ ਅੱਖਾਂ ਵਿੱਚ ਗਿਆਨ ਦਾ ਸੁਰਮਾ ਪਾਉਣ ਲਈ ਹੀ ਕੀਤੀ ਹੈ ਅਤੇ ਰਚਨਾ ਕਰਨ ਸਮੇਂ ਹਰ ਇਕ ਵਿਸ਼ਾ ਬਹੁਤ ਚੰਗੀ ਤਰ੍ਹਾਂ ਖੋਲ੍ਹਿਆ ਗਿਆ ਹੈ।

ਬਿਬੇਕ, ਵੈਰਾਗ ਦੀਆਂ ਅਨੇਕਾਂ ਜੁਗਤੀਆਂ ਵਰਤ ਕੇ ਦਵੈਤ ਦੇ ਅਨਹੋਏ ਬਦਲਾਂ ਨੂੰ ਉਡਾਉਣ ਦਾ ਪੂਰਾ-ਪੂਰਾ ਯਤਨ ਕੀਤਾ ਗਿਆ ਹੈ, ਪਰੰਤੂ ਮਾਇਆ ਦਾ ਭਰਮਤ ਕੀਤਾ ਜਾਵ, ਸ਼ਾਸਤਰ ਵਿੱਚ ਕੀਤੇ ਇਸ਼ਾਰਿਆਂ ਨੂੰ ਸਮਝਣ ਲਈ ਸਮਰੱਥ ਨਹੀਂ। ਜਿਵੇਂ ਕੈਮਿਸਟ ਦੀ ਦੁਕਾਨ ਦਵਾਈਆਂ ਨਾਲ ਭਰੀ ਪਈ ਹੁੰਦੀ ਹੈ, ਹਰ ਪ੍ਰਕਾਰ ਦੇ ਮਰੀਜ਼ ਅਤੇ ਹਰ ਪ੍ਰਕਾਰ ਦੇ ਰੋਗ ਲਈ ਦਵਾਈ ਦੁਕਾਨ ਵਿੱਚ ਮੌਜੂਦ ਹੈ, ਅਗਰ ਮਰੀਜ਼ ਆਪ ਹੀ ਚੁੱਕ ਕੇ ਖਾ ਲਵੇ, ਤੇ ਮਰੀਜ਼ ਸ਼ੂਗਰ ਦਾ ਹੋਵੇ ਤੇ ਦਵਾਈ ਬਲੱਡ ਪਰੈਸ਼ਰ ਦੀ ਖਾ ਲਵੇ, ਕੀ ਰੋਗ ਹੱਟ ਜਾਵੇਗਾ? ਬਲਕਿ ਹੋਰ ਵੱਧ ਜਾਵੇਗਾ। ਉਹੀ ਮਰੀਜ਼ ਕਿਸੇ ਅਨੁਭਵੀ ਡਾਕਟਰ ਕੋਲ ਜਾਵੇ ਅਤੇ ਡਾਕਟਰ ਦੇ ਕਹਿਣ ਮੁਤਾਬਿਕ ਦਵਾਈ ਖਾਵੇ, ਹਰ ਪ੍ਰਕਾਰ ਨਾਲ ਪੱਥ ਪ੍ਰਹੇਜ਼ ਵੱਲ ਪੂਰਾ ਧਿਆਨ ਰੱਖੇ, ਰੋਗ ਅਵੱਸ਼ ਹੱਟ ਜਾਵੇਗਾ। ਇਸੇ ਪ੍ਰਕਾਰ ਗ੍ਰੰਥਾਂ ਸ਼ਾਸਤਰਾਂ ਵਿੱਚ ਮਨੁੱਖ ਜਨਮ ਦੀ ਸਫਲਤਾ, ਯਾਨੀ ਤਮਾਮ ਦੁੱਖਾਂ ਤੋਂ ਛੁਟਕਾਰਾ ਹਾਸਲ ਕਰਨ ਲਈ, ਹਰ ਪ੍ਰਕਾਰ ਦੀ ਦਵਾਈ ਅਤੇ ਪ੍ਰਹੇਜ਼ ਦੱਸੇ ਹੋਏ ਹਨ ਪਰੰਤੂ ਮਾਇਆ ਦਾ ਭਰਮਤ ਕੀਤਾ ਜੀਵ ਉਨ੍ਹਾਂ ਇਸ਼ਾਰਿਆਂ ਨੂੰ ਸਮਝਣ ਲਈ ਸਮਰੱਥ ਨਹੀਂ, ਜਦੋਂ ਤੱਕ ਪਰਮੇਸ਼ਰ ਸਰਗੁਨ ਰੂਪ ਧਾਰਨ ਕਰਕੇ ਆਪ ਨਾ ਸਮਝਾਵੇ। ਭਾਈ ਸਾਹਿਬ ਭਾਈ ਗੁਰਦਾਸ ਜੀ ਇਸ਼ਾਰਾ ਕਰ ਰਹੇ ਹਨ—

ਵੇਦ ਗ੍ਰੰਥ ਗੁਰ ਹਟਿ ਹੈ ਜਿਸੁ ਲੱਗਿ ਭਵਜਲ ਪਾਰਿ ਉਤਾਰਾ।
ਸਤਗੁਰ ਬਾਝੁ ਨ ਬੁਝੀਐ ਜਿਚਰ ਧਰੇ ਨ ਪ੍ਰਭੁ ਅਵਤਾਰਾ।
ਗੁਰ ਪਰਮੇਸ਼ਰ ਇਕ ਹੈ ਸੱਚਾ ਸਾਹੁ ਜਗਤ ਵਣਜਾਰਾ।
ਚੜ੍ਹੇ ਸੂਰ, ਮਿਟ ਜਾਏ ਅੰਧਾਰਾ॥

ਇਸ ਪ੍ਰਕਾਰ ਮਾਇਆ ਮੋਹ ਦੇ ਡੂੰਘੇ ਸਮੁੰਦਰ ਵਿੱਚ ਗੋਤੇ ਖਾ ਰਹੇ ਜੀਵਾਂ ਨੂੰ ਗੁਰਮੁਖਤਾ ਦੀ ਸੂਝ ਬਖਸ਼ ਕੇ, ਜਨਮ-ਮਰਨ ਦੇ ਤਮਾਮ ਦੁੱਖਾਂ ਤੋਂ ਛੁਟਕਾਰਾ ਦਿਵਾਉਣ ਲਈ ਆਕਾਲ ਪੁਰਖ ਵਾਹਿਗੁਰੂ, ਗੁਰੂ ਨਾਨਕ ਦਾ ਰੂਪ ਧਾਰਨ ਕਰਕੇ ਸੰਸਾਰ ਵਿੱਚ ਪ੍ਰਗਟ ਹੋਇਆ। ਘੁੰਮ ਫਿਰਕੇ ਸਾਰੇ ਸੰਸਾਰ ਦਾ ਚੱਕਰ ਲਗਾਇਆ, ਧਰਮ ਦੀ ਉੱਤਪਤੀ ਦੇ ਚਾਰੇ ਸਰੋਤ-ਰਾਜਾ ਲੋਕ, ਵਿਦਵਾਨ ਲੋਕ, ਤੀਰਥ ਅਸਥਾਨ, ਸੰਤ ਆਸ਼ਰਮਾਂ ਵਿੱਚ ਪਹੁੰਚੇ। ਚੌਹਾਂ ਨੂੰ ਫਰਜ਼ਾਂ ਦੀ ਪਹਿਚਾਣ ਕਰਵਾਕੇ ਆਪੋ-ਆਪਣੇ ਧਰਮ ਵਿੱਚ ਪਰਪੱਕ ਕੀਤਾ। ਰਾਜਾ ਲੋਕ ਜੋ ਪਰਜਾ ਦੇ ਰਖਵਾਲੇ ਹੁੰਦੇ ਹਨ, ਉਨ੍ਹਾਂ ਨੂੰ ਆਪਣੇ ਧਰਮ ਵਿੱਚ ਪਰਪੱਕ ਕਰਨ ਲਈ ਉਪਦੇਸ਼ ਕੀਤਾ—

ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ॥

*(ਸਾਰੰਗ ਵਾਰ, ਪੰਨਾ—੧੨੪੦)*

ਯਥਾ — ਸਾਚਿ ਸੀਲਿ ਚਾਲਹੁ ਸੁਲਿਤਾਨ॥

*(ਭੈਰਉ ਨਾਮਦੇਉ, ਪੰਨਾ—੧੧੬੬)*

ਯਥਾ — ਰਾਜਾ ਨਿਆਉ ਕਰੇ ਹਥਿ ਹੋਏ। ਕਹੈ ਖੁਦਾਇ ਨ ਮਾਨੈ ਕੋਇ।

*(ਆਸਾ ਮ: ੧, ਪੰਨਾ—੩੫੦)*

ਰਾਜਾ ਲੋਕਾਂ ਨੂੰ ਐਸਾ ਉਪਦੇਸ਼ ਕੀਤਾ, ਕਿ ਰਾਜਾ ਐਸਾ ਹੋਣਾ ਚਾਹੀਦਾ ਹੈ ਜਿਸ ਤੋਂ ਪਰਜਾ ਨੂੰ ਹਰ ਪ੍ਰਕਾਰ ਨਾਲ ਸੁੱਖ ਮਿਲੇ, ਇਉਂ ਧਰਮ ਦਾ ਇਕ ਪੈਰ ਜੀਵਤ ਕੀਤਾ।

ਧਰਮ ਦਾ ਦੂਜਾ ਪੈਰ ਵਿਦਵਾਨ ਲੋਕ ਹੁੰਦੇ ਹਨ, ਜਿੰਨ੍ਹਾਂ ਕੋਲ ਧਰਮ ਦੀ ਵਿਦਿਆ ਹੁੰਦੀ ਹੈ। ਉਨ੍ਹਾਂ ਨੂੰ ਵੀ ਆਪਣੇ ਧਰਮ ਦੀ ਪਛਾਣ ਕਰਾਈ, ਉਪਦੇਸ਼ ਕੀਤਾ—

ਸੋ ਪੰਡਿਤੁ ਜੋ ਮਨੁ ਪਰਬੋਧੈ॥ ਰਾਮ ਨਾਮੁ ਆਤਮ ਮਹਿ ਸੋਧੈ॥
ਰਾਮ ਨਾਮ ਸਾਰੁ ਰਸੁ ਪੀਵੈ॥ ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ॥
ਹਰਿ ਕੀ ਕਥਾ ਹਿਰਦੈ ਬਸਾਵੈ॥ ਸੋ ਪੰਡਿਤੁ ਫਿਰਿ ਜੋਨਿ ਨ ਆਵੈ॥
ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ॥ ਸੂਖਮ ਮਹਿ ਜਾਨੈ ਅਸਥੂਲੁ॥
ਚਹੁ ਵਰਨਾ ਕਉ ਦੇ ਉਪਦੇਸੁ॥ ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ॥

*(ਗਾਉੜੀ ਸੁਖਮਨੀ, ਪੰਨਾ—੨੭੪)*

ਵਿਦਵਾਨ ਲੋਕ ਜੋ ਆਪਣਾ ਮੁੱਖ ਫਰਜ਼ ਭੁੱਲਕੇ, ਬਗੈਰ ਅੱਖਰਾਂ ਦੇ ਇਸ਼ਾਰਿਆਂ ਨੂੰ ਸਮਝੇ, ਕੇਵਲ ਅੱਖਰਾਂ ਵਿੱਚ ਹੀ ਫੱਸੇ ਬੈਠੇ ਸਨ, ਉਨ੍ਹਾਂ ਨੂੰ ਉਪਦੇਸ਼ ਕੀਤਾ, ਕਿ ਅੱਖਰ ਸਾਰੇ ਬਿਨਾਸੀ ਹਨ, ਮਾਨੋ ਕਿਸੇ ਅਸਲ ਵਸਤੂ ਵੱਲ ਇਸ਼ਾਰਾ ਕਰਦੇ ਹਨ; ਜਿਵੇਂ ਬਦਾਮ ਦਾ ਪੜਦਾ ਉਤਨੀ ਦੇਰ ਹੀ ਅੱਛਾ ਲੱਗਦਾ ਹੈ ਜਿਤਨੀ ਦੇਰ ਬਦਾਮ ਰੋਗਨ ਦੀ ਇੱਛਾ ਨਹੀਂ ਹੋਈ। ਜਿਸ ਵਕਤ ਗਿਰੀ ਜਾਂ ਬਦਾਮ-ਰੋਗਨ ਸੇਵਨ ਕਰਨ ਦੀ ਮਨ ਵਿੱਚ ਇੱਛਾ ਪੈਦਾ ਹੋ ਜਾਵੇ, ਫਿਰ ਉਪਰ ਵਾਲੇ ਪੜਦੇ, ਯਾਨੀ ਛਿਲਕੇ ਦਾ ਕੋਈ ਮੁੱਲ ਨਹੀਂ ਰਹਿ ਜਾਂਦਾ। ਇਸ ਪ੍ਰਕਾਰ ਵਿਦਵਾਨ ਲੋਕਾਂ ਨੂੰ ਅੱਖਰਾਂ ਵਿੱਚ ਛੁਪੇ ਅ-ਖਰ ਵੱਲ ਦਾ ਰਾਜ਼ ਸਮਝਾਇਆ। ਇਉਂ ਉਨ੍ਹਾਂ ਨੂੰ ਆਪਣੇ ਧਰਮ ਵਿੱਚ ਪਰਪੱਕ ਕਰਕੇ ਧਰਮ ਦਾ ਦੂਜਾ ਪੈਰ ਸੁਰਜੀਤ ਕੀਤਾ।

ਧਰਮ ਦਾ ਤੀਜਾ ਪੈਰ ਤੀਰਥ ਅਸਥਾਨ ਹੁੰਦੇ ਹਨ। ਸਮੇਂ ਦੇ ਪ੍ਰਭਾਵ ਨਾਲ ਉਹ ਵੀ ਆਪਣੀ ਮਰਿਆਦਾ ਛੱਡ ਬੈਠੇ ਸਨ। ਸੂਰਜ ਆਦਿ ਦੇਵਤਿਆਂ ਨੂੰ ਪਾਣੀ ਦੇਣਾ ਹੀ ਕਲਿਆਣ ਦਾ ਨਮਿੱਤ ਮੰਨ ਬੈਠੇ ਸਨ। ਉਥੇ ਪਹੁੰਚ ਕੇ ਉਪਦੇਸ਼ ਕੀਤਾ—

ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ॥
ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ॥
ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ॥

*(ਰਾਗ ਮਲਾਰ ਮ: ੧, ਪੰਨਾ-੧੨੭੯)*

ਯਥਾ — ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥

*(ਧਨਾਸਰੀ ਮ: ੧, ਪੰਨਾ—੬੮੭)*

ਯਥਾ — ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥

*(ਆਸਾ ਦੀ ਵਾਰ, ਪੰਨਾ-੪੭੨)*

ਇਉਂ ਤੀਰਥਾਂ ਤੇ ਜਾ ਕੇ ਭੁੱਲੇ ਭਟਕੇ ਲੋਕਾਂ ਨੂੰ ਨਾਮ ਦਾ ਉਪਦੇਸ਼ ਦੇ ਕੇ ਸਿੱਧੇ ਰਸਤੇ ਤੇ ਤੋਰਿਆ। ਇਸ ਪ੍ਰਕਾਰ ਧਰਮ ਦਾ ਤੀਜਾ ਪੈਰ ਪਰਪੱਕ ਕੀਤਾ।

ਧਰਮ ਦਾ ਚੌਥਾ ਪੈਰ ਸਾਧੂ ਲੋਕ, ਸੰਤ ਅਸਥਾਨ ਹੁੰਦੇ ਹਨ, ਉਹ ਵੀ ਆਪਣੇ ਅਸਲੀ ਮਾਰਗ ਤੋਂ ਭਟਕ ਗਏ ਸਨ। ਘਰ ਬਾਰ ਦਾ ਤਿਆਗ ਕਰਕੇ ਕੇਵਲ ਭੇਖ ਮਾਤਰ ਨਾਲ ਹੀ ਕ੍ਰਿਤ-ਕ੍ਰਿਤ ਹੋ ਰਹੇ ਸਨ। ਗੁਰੂ ਬਾਬਾ ਜੀ ਚੱਲ ਕੇ ਉਨ੍ਹਾਂ ਕੋਲ ਗਏ, ਉਪਦੇਸ਼ ਕੀਤਾ, ਜੋ ਤੁਸੀਂ ਘਰ ਗ੍ਰਿਹਸਤੀ ਛੱਡਣ ਨਾਲ ਹੀ ਕ੍ਰਿਤ-ਕ੍ਰਿਤ ਹੋ ਰਹੇ ਹੋ, ਇਹ ਤੁਹਾਡਾ

ਭਰਮ ਹੈ, ਸਗੋਂ ਇਕ ਹੰਕਾਰ ਹੋਰ ਪੈਦਾ ਕਰ ਲਿਆ! ਕਿ ਹਮ ਤਿਆਗੀ ਹੈਂ, ਅਸੀਂ ਸੰਸਾਰ ਤੋਂ ਵੈਰਾਗ ਕੀਤਾ ਹੈ, ਮਨ ਨੂੰ ਸੰਸਾਰਕ ਸੁੱਖਾਂ ਵੱਲੋਂ ਮੋੜ ਲਿਆ ਹੈ, ਬਾਹਰੀ ਤਿਆਗ ਨੇ ਸਗੋਂ ਹੋਰ ਸੂਖਸ਼ਮ ਹੰਕਾਰ ਪੈਦਾ ਕਰ ਦਿੱਤਾ।

ਯਥਾ — ਬਿਨੁ ਬੈਰਾਗ ਕਹਾ ਬੈਰਾਗੀ॥
ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ॥
ਬਿਨੁ ਬਸਿ ਪੰਚ ਕਹਾ ਮਨ ਚੂਰੇ॥
ਨਾਮ ਬਿਨਾ ਸਦ ਸਦ ਹੀ ਝੂਰੇ॥
ਬਿਨੁ ਗੁਰ ਦੀਖਿਆ ਕੈਸੇ ਗਿਆਨੁ॥
ਬਿਨੁ ਪੇਖੇ ਕਹੁ ਕੈਸੋ ਧਿਆਨੁ॥
ਬਿਨੁ ਭੈ ਕਥਨੀ ਸਰਬ ਬਿਕਾਰ॥
ਕਹੁ ਨਾਨਕ ਦਰ ਕਾ ਬੀਚਾਰ॥

*(ਭੈਰਉ ਮ: ੫, ਪੰਨਾ—੧੧੪੦)*

ਯਥਾ — ਭੇਖੀ ਅਗਨਿ ਨ ਬੁਝਈ ਚਿੰਤਾ ਹੈ ਮਨ ਮਾਹਿ॥
ਵਰਮੀ ਮਾਰੀ ਸਾਪੁ ਨਾ ਮਰੈ ਤਿਉ ਨਿਗੁਰੇ ਕਰਮ ਕਮਾਹਿ॥

*(ਵਡਹੰਸ ਕੀ ਵਾਰ, ਪੰਨਾ—੫੮੮)*

ਯਥਾ — ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ॥
ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ॥

*(ਸ੍ਰੀਰਾਗੁ ਮ: ੩, ਪੰਨਾ-੨੯)*

ਹੇ ਸੰਤ ਜਨੋ, ਨਾਮ ਤੋਂ ਬਿਨਾਂ ਘਰ-ਬਾਰ ਛੱਡਕੇ ਕੇਵਲ ਭੇਖ-ਮਾਤਰ ਨੂੰ ਹੀ ਕਲਿਆਣ ਸਮਝ ਲੈਣਾ, ਇਹ ਤੁਹਾਡੀ ਭਾਰੀ ਭੁੱਲ ਹੈ। ਫਿਰ ਜਿਹੜੇ ਗ੍ਰਹਿਸਤ ਨੂੰ ਤਿਆਗ ਕੇ ਆਏ ਹੋ, ਉਨ੍ਹਾਂ ਦੇ ਘਰਾਂ ਦਾ ਦਿੱਤਾ ਖਾਂਦੇ ਹੋ, ਉੱਪਰ ਤੋਂ ਥਾਲ ਪਰੋਸ ਕੇ ਕਿਉਂ ਨਹੀਂ ਆਉਂਦੇ? ਇਹ ਤਿਆਗ, ਵੈਰਾਗ ਦਾ ਹੰਕਾਰ ਛੱਡਕੇ, ਨਾਮ ਦੀ ਟੇਕ ਪਕੜੋ। ਹਉਂ ਦੇ ਨਾਸ਼ ਤੋਂ ਬਗੈਰ ਕੋਈ ਕਲਿਆਣ ਨਹੀਂ ਹੋਣਾ, ਹੰਕਾਰ ਹੀ ਸੰਸਾਰ ਦੀ ਉਤਪਤੀ ਦਾ ਮੁੱਖ ਕਾਰਣ ਹੈ। ਜਿਵੇਂ ਗੁਰੂ ਵਾਕ—

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ॥
ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥
ਗੁਰਮੁਖ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ॥
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੇ ਸਮਾਏ॥
ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿ ਧਾਰੇ॥
ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ॥

*(ਸਿਧ ਗੋਸਟਿ, ਪੰਨਾ—੯੪੬)*

ਸੁੱਖ ਸਰੂਪ ਪਰਮੇਸ਼ਰ ਦੀ ਪ੍ਰਾਪਤੀ, ਗੁਰੂ ਸ਼ਰਨ ਦੁਆਰਾ ਨਾਮ ਨਾਲ ਹੋਣੀ ਹੈ, ਭੇਖਾਂ ਜਾਂ ਤਿਆਗ ਨਾਲ ਨਹੀਂ। ਜਦੋਂ ਗੁਰੂ ਕ੍ਰਿਪਾ ਦੁਆਰਾ ਸਾਧਕ ਦੇ ਅੰਦਰ, ਨਾਮ ਨਿਰੰਤਰ ਚੱਲ ਪੈਂਦਾ ਹੈ, ਉਸੇ ਵਕਤ ਹੰਕਾਰ ਡਿੱਗ ਪੈਂਦਾ ਹੈ। ਜਿਵੇਂ ਗੁਰੂ ਵਾਕ—

ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ॥
ਸਤਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ॥

*(ਸ੍ਰੀਰਾਗੁ ਮ: ੧, ਪੰਨਾ-੨੧)*

ਯਥਾ — ਭਾਗਠੁ ਸਚਾ ਸੋਇ ਹੈ ਜਿਸੁ ਹਰਿ ਧਨੁ ਅੰਤਰਿ॥
ਸੋ ਛੂਟੈ ਮਹਾ ਜਾਲ ਤੇ ਜਿਸੁ ਗੁਰ ਸਬਦੁ ਨਿਰੰਤਰਿ॥

*(ਆਸਾ ਮ: ੫, ਪੰਨਾ-੩੯੬)*

ਇਸ ਪ੍ਰਕਾਰ ਨਾਮ ਦੀ ਨਿਰੰਤਰਤਾ ਨਾਲ, ਜੰਮਣ-ਮਰਣ ਦਾ ਜੋ ਮੂਲ ਕਾਰਨ ਹੈ ਹੰਕਾਰ, ਉਹ ਡਿੱਗ ਜਾਏਗਾ। ਫਿਰ ਭੇਖ, ਤਿਆਗ, ਵੈਰਾਗ ਸਾਰੇ ਸਫਲ ਹੋ ਜਾਣਗੇ।

ਸ਼ੰਕਾ—ਅਨਹਦ ਬਾਣੀ, ਯਾਨੀ ਨਾਮ ਦੀ ਨਿਰੰਤਰਤਾ ਕਿਵੇਂ ਪ੍ਰਾਪਤ ਹੋਵੇ?

ਉੱਤਰ—ਜਿਵੇਂ ਕਾਸ਼ਟ ਵਿੱਚ ਅਗਨ ਤਾਂ ਪਹਿਲਾਂ ਹੀ ਮੌਜੂਦ ਹੈ, ਲੇਕਿਨ ਪ੍ਰਗਟ ਕਰਨ ਲਈ ਕਿਸੇ ਜਲ ਰਹੀ ਲੱਕੜੀ ਦੇ ਨਾਲ ਸਪੱਰਸ਼ ਕਰਨਾ ਪੈਂਦਾ ਹੈ। ਫਿਰ ਉਸ ਵਿੱਚ ਸਹਜੇ ਹੀ ਅਗਨੀ ਪ੍ਰਗਟ ਹੋ ਜਾਂਦੀ ਹੈ। ਇਸੇ ਤਰ੍ਹਾਂ ਹੀ ਧਰਤੀ ਵਿੱਚ ਹਰ ਥਾਂ ਪਾਣੀ ਤਾਂ ਪਹਿਲਾਂ ਹੀ ਮੌਜੂਦ ਹੈ, ਲੇਕਿਨ ਪ੍ਰਗਟ ਨਾ ਹੋਣ ਕਾਰਣ ਕਿਸੇ ਪਿਆਸੇ ਦੀ ਪਿਆਸ ਬੁਝਾਉਣ ਲਈ ਸਮਰੱਥ ਨਹੀਂ ਜਿਤਨੀ ਦੇਰ ਪੁਰਸ਼ਾਰਥ ਕਰਕੇ ਪਾਣੀ ਪ੍ਰਗਟ ਨਾ ਕਰ ਲਿਆ ਜਾਵੇ। ਇਸੇ ਤਰ੍ਹਾਂ ਹੀ ਨਾਮ ਹਰ ਇਕ ਇਨਸਾਨ ਦੇ ਪੈਰ ਦੇ ਅੰਗੂਠੇ ਤੋਂ ਸਿਰ ਦੀ ਚੋਟੀ ਤੱਕ ਅੰਦਰ ਪਹਿਲਾਂ ਹੀ ਮੌਜੂਦ ਹੈ, ਲੇਕਿਨ ਛੁਪਿਆ ਹੋਇਆ ਹੈ। ਜਿਸ ਵਕਤ ਉਸ ਪੁਰਸ਼ ਨੂੰ ਕਿਸੇ ਨਾਮੀ ਪੁਰਸ਼ ਦਾ ਸੰਗ ਪ੍ਰਾਪਤ ਹੋ ਜਾਂਦਾ ਹੈ ਤਾਂ ਉਸਦੇ ਅੰਦਰ ਵੀ ਨਾਮ ਦੀ ਨਿਰੰਤਰ ਰੌ ਚੱਲ ਪੈਂਦੀ ਹੈ ਬ-ਸ਼ਰਤੇ ਕਿਸੇ ਅਭੇਦ ਪੁਰਸ਼ ਦੀ ਚਰਨ ਛੁਹ ਪ੍ਰਾਪਤ ਹੋ ਜਾਵੇ, ਪਰਮੇਸ਼ਰ ਨੇ ਐਸੀ ਨੇਤ ਰੱਖੀ ਹੈ। ਜਿਵੇਂ ਗੁਰੂ ਵਾਕ—

ਅਨਹਦ ਬਾਣੀ ਪੂੰਜੀ॥ ਸੰਤਨ ਹਥਿ ਰਾਖੀ ਕੂੰਜੀ॥

*(ਰਾਮਕਲੀ ਮ: ੫, ਪੰਨਾ-੮੯੩)*

ਯਥਾ — ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥

*(ਸਾਰੰਗ ਕੀ ਵਾਰ, ਪੰਨਾ-੧੨੩੭)*

ਯਥਾ — ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ।

*(ਗ: ਮ: ੫, ਪੰਨਾ-੨੦੫)*

ਇਉਂ ਸਾਧੂ ਲੋਕਾਂ ਨੂੰ ਗੁਰੂ ਸ਼ਰਨ ਅਤੇ ਨਾਮ ਦਾ ਉਪਦੇਸ਼ ਕਰਕੇ, ਭੁੱਲੇ-ਭਟਕਿਆਂ ਨੂੰ ਸਿੱਧੇ ਰਸਤੇ ਪਾ ਕੇ, ਧਰਮ ਦਾ ਚੌਥਾ ਪੈਰ ਕਾਇਮ ਕੀਤਾ। ਇਸ ਪ੍ਰਕਾਰ ਧਰਮ ਨੂੰ ਚਾਰਾਂ ਪੈਰਾਂ ਉੱਪਰ ਖੜ੍ਹਾ ਕਰਕੇ, ਭੁੱਲੀ-ਭਟਕਦੀ ਲੁਕਾਈ ਨੂੰ ਪ੍ਰੇਮਾਂ ਭਗਤੀ ਦਾ ਸਿੱਧਾ ਅਤੇ ਸੁਖੱਲਾ ਮਾਰਗ ਦੱਸ ਕੇ ਕਲਿਆਣ ਮਾਰਗ ਤੇ ਚਲਾਇਆ, ਜਿਸਦੀ ਬਾਬਤ ਭਾਈ ਗੁਰਦਾਸ ਜੀ ਇਸ਼ਾਰਾ ਕਰ ਰਹੇ ਹਨ—

ਮਾਰਿਆ ਸਿੱਕਾ, ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ॥
ਥਾਪਿਆ ਲਹਿਣਾ ਜੀਵੰਦੇ ਗੁਰਿਆਈ ਸਿਰਿ ਛਤੁ ਫਿਰਾਇਆ॥
ਜੋਤੀ ਜੋਤਿ ਮਿਲਾਇ ਕੈ ਸਤਗੁਰ ਨਾਨਕਿ ਰੂਪ ਵਟਾਇਆ।
ਲਖਿ ਨ ਕੋਈ ਸਕਈ ਆਚਰਜੇ-ਆਚਰਜੁ ਦਿਖਾਇਆ।
ਕਾਇਆ ਪਲਟ ਸਰੂਪ ਬਣਾਇਆ॥

*(ਭਾਈ ਗੁਰਦਾਸ)*

ਇਸ ਪ੍ਰਕਾਰ ਮੋਹ ਮਾਇਆ ਦੀ ਮਮਤਾ ਅਤੇ ਹੰਕਾਰ ਰੂਪੀ ਮੈਲ ਤੋਂ ਰਹਿਤ ਨਿਰਮਲ ਪੰਥ ਦੀ ਸਾਜਨਾ ਕੀਤੀ। ਕਲਯੁਗੀ ਜੀਵਾਂ ਤੇ ਪਰਉਪਕਾਰ ਹਿਤ ਪ੍ਰਗਟ ਕੀਤੇ ਨਿਰਮਲ ਪੰਥ ਦੀਆਂ ਜੜ੍ਹਾਂ ਡੂੰਘੀਆਂ ਕਰਨ ਲਈ **ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ** ਦੇ ਮਹਾਂਵਾਕ ਅਨੁਸਾਰ ਉਸ ਇਲਾਹੀ ਜੋਤ ਨੂੰ ਭਾਈ ਲਹਿਣੇ ਦੇ ਹਿਰਦੇ ਵਿੱਚ ਟਿਕਾ ਦਿੱਤਾ ਅਤੇ ਅੰਗ-ਨਾਲ-ਅੰਗ ਮਿਲਾਕੇ ਆਪਣਾ ਸ਼ਾਖਸਾਤ ਸਰੂਪ ਗੁਰੂ ਅੰਗਦ ਦੇਵ ਬਣਾ ਦਿੱਤਾ। ਜੋਤ ਉਹ ਹੀ ਅਤੇ ਜੁਗਤੀ ਵੀ ਪ੍ਰੇਮਾਂ ਭਗਤੀ ਗੁਰੂ ਨਾਨਕ ਵਾਲੀ ਹੀ ਰਹੀ, ਕੇਵਲ ਸਰੀਰ ਹੀ ਬਦਲਿਆ। ਜਿਵੇਂ—

ਸੋ ਟਿਕਾ ਸੋ ਛਤੁ ਸਿਰਿ ਸੋਈ ਸੱਚਾ ਤਖਤ ਟਿਕਾਈ।
ਗੁਰੂ ਨਾਨਕ ਹੰਦੀ ਮੁਹਰਿ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ।

ਲਹਿਣੇ ਪਾਈ ਨਾਨਕੋਂ ਦੇਣੀ ਅਮਰਦਾਸ ਘਰਿ ਆਈ।
ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਦਿ ਇਲਾਹੀ।
ਦਾਤਿ ਜੋਤਿ ਖਸਮੈ ਵਡਿਆਈ॥

*(ਭਾਈ ਗੁਰਦਾਸ)*

ਇਸ ਪ੍ਰਕਾਰ ਅਕਾਲ ਪੁਰਖ ਵਾਹਿਗੁਰੂ ਨੇ ਕਲਯੁਗੀ ਜੀਵਾਂ ਤੇ ਤਰਸ ਖਾ ਕੇ ਆਪਣੇ ਆਪ ਨੂੰ ਦੱਸ ਸਰੂਪਾਂ ਵਿੱਚ ਪ੍ਰਗਟ ਕੀਤਾ। ਜੋਤ ਇੱਕ ਹੀ ਰਹੀ ਜਿਸਦਾ ਨਾ ਕੋਈ ਆਦਿ ਹੈ, ਨਾ ਅੰਤ ਹੈ, ਕੇਵਲ ਸਰੀਰ ਬਦਲਦੇ ਰਹੇ, ਜਿਵੇਂ—

ਸ੍ਰੀ ਨਾਨਕੁ ਅੰਗਦਿ ਕਰਿ ਮਾਨਾ।
ਅਮਰਦਾਸ ਅੰਗਦਿ ਪਹਿਚਾਨਾ।
ਅਮਰਦਾਸ ਰਾਮਦਾਸ ਕਹਾਯੋ।
ਸਾਧਨਿ ਲਖਾ ਮੂੜ ਨਹਿ ਪਾਇਉ॥

*(ਦਸਮ ਗ੍ਰੰਥ)*

ਸ੍ਰੀ ਗੁਰੂ ਨਾਨਕ ਦੇਵ ਜੀ ਹੀ, ਅੰਗਦ ਜੀ ਦੇ ਰੂਪ ਵਿਚ ਮੰਨੇ ਗਏ ਹਨ। ਗੁਰੂ ਅੰਗਦ ਜੀ ਦਾ ਰੂਪ, ਅਮਰਦਾਸ ਜੀ ਨੂੰ ਜਾਣਿਆ। ਅਮਰਦਾਸ ਜੀ ਹੀ, ਰਾਮਦਾਸ ਕਹਾਉਣ ਲੱਗੇ। ਇਸ ਭੇਦ ਨੂੰ ਸਾਧੂਆਂ ਨੇ ਸਮਝ ਲਿਆ, ਐਪਰ ਮੂਰਖਾਂ ਨੂੰ ਇਸ ਦੀ ਸਮਝ ਨਹੀਂ ਲੱਗੀ ਜਿਵੇਂ—

ਭਿੰਨ ਭਿੰਨ ਸਭਹੂੰ ਕਰ ਜਾਨਾ॥ ਏਕ ਰੂਪ ਕਿਨਹੂ ਪਹਿਚਾਨਾ॥
ਜਿਨ ਜਾਨਾ ਤਿਨਹੀ ਸਿਧਿ ਪਾਈ॥ ਬਿਨ ਸਮਝੇ ਸਿਧਿ ਹਾਥ ਨਾ ਆਈ॥

*(ਦਸਮ ਗ੍ਰੰਥ)*

ਮਾਇਆ ਦੇ ਭ੍ਰਮਤ ਕੀਤੇ ਲੋਕਾਂ ਨੇ ਸਾਰੇ ਸਤਿਗੁਰੂਆਂ ਨੂੰ ਵੱਖ-ਵੱਖ ਰੂਪ ਸਮਝਿਆ, ਕਿਸੇ ਗੁਰਮੁਖ ਨੂੰ ਹੀ ਇੱਕ ਰੂਪ ਸਮਝਣ ਦੀ ਬੁੱਧੀ ਆਈ। ਜਿਨ੍ਹਾਂ-ਜਿਨ੍ਹਾਂ ਨੂੰ ਇਸ ਗੱਲ ਦੀ ਸਮਝ ਆ ਗਈ, ਕਿ ਇਹ ਸਾਰੇ ਗੁਰੂ ਇੱਕੋ ਹੀ ਰੂਪ ਹਨ, ਉਨ੍ਹਾਂ ਨੂੰ ਮੁਕਤੀ ਪ੍ਰਾਪਤ ਹੋਈ। ਇਸ ਪ੍ਰਕਾਰ ਉਸ ਇਲਾਹੀ ਜੋਤ ਨੇ ਕਲਯੁਗੀ ਜੀਵਾਂ ਦੇ ਭਲੇ ਹਿੱਤ ਸਮੇਂ-ਸਮੇਂ ਦਸ ਜਾਮੇਂ ਧਾਰਨ ਕਰਕੇ, ਗੁਰੂ ਨਾਨਕ ਦੇਵ ਜੀ ਮਹਾਰਾਜ ਵਲੋਂ ਲਗਾਏ ਉਸ ਪ੍ਰੇਮਾਂ ਭਗਤੀ ਦੇ ਨਿਰਮਲ ਬ੍ਰਿਛ ਨੂੰ ਪਾਣੀ-ਪਾ ਕੇ ਹੋਰ ਪ੍ਰੱਫੁਲਤ ਕੀਤਾ। ਦੱਸਵੇਂ ਸਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਦਿ ਜਾਮੇਂ ਵਿੱਚ ਸ਼ੁਰੂ ਕੀਤੇ ਪ੍ਰੇਮਾ ਭਗਤੀ ਦੇ ਨਿਰਮਲ ਮਾਰਗ ਨੂੰ ਹੋਰ ਵਧੇਰੇ ਰੌਸ਼ਨ ਕਰਨ ਲਈ, ਕੁਝ ਕਦਮ ਉਠਾਏ,

ਦੇਸ਼ ਚਾਲ ਹਮ ਤੇ ਪੁਨਿ ਭਈ॥ ਸਹਿਰ ਪਾਂਵਟਾ ਕੀ ਸੁਧਿ ਲਈ॥
ਕਾਲਿੰਦ੍ਰੀ ਤਟਿ ਕਰੇ ਬਿਲਾਸਾ॥ ਅਨਿਕ ਭਾਂਤਿ ਕੇ ਪੇਖ ਤਮਾਸਾ॥

*(ਦਸਮ ਗ੍ਰੰਥ)*

ਅਰਥ—ਦੇਸ਼ ਦੀ ਪਰੰਪਰਾਗਤ ਰੀਤੀ ਅਨੁਸਾਰ ਹਾਲਾਤ ਕੁਝ ਅਜਿਹੇ ਬਣ ਗਏ, ਕਿ ਅਸੀਂ ਪਾਉਂਟਾ ਸਾਹਿਬ ਨਗਰ ਆ ਗਏ, ਇਥੇ ਜਮਨਾਂ ਦੇ ਕਿਨਾਰੇ ਠਹਿਰਕੇ, ਕਈ ਪ੍ਰਕਾਰ ਦੀਆਂ ਖੇਡਾਂ, ਤਮਾਸ਼ੇ ਕੌਤਕ ਕੀਤੇ ਅਤੇ ਤਮਾਸ਼ੇ ਵੇਖੇ।

ਤਹ ਕੇ ਸਿੰਘ ਘਨੇ ਚੁਨਿ ਮਾਰੇ। ਰੋਝ ਰੀਛ ਬਹੁ ਭਾਂਤਿ ਬਿਦਾਰੇ॥
ਫਤੇ ਸਾਹ ਕੋਪਾ ਤਬਿ ਰਾਜਾ ਲੋਹ ਪਰਾ ਹਮ ਸੋ ਬਿਨ ਕਾਜਾ॥

*(ਦਸਮ ਗ੍ਰੰਥ)*

ਅਰਥ—ਉਥੇ ਅਸੀਂ ਕਈ ਸ਼ੇਰ ਚੁਣ-ਚੁਣ ਕੇ ਮਾਰੇ, ਅਤੇ ਲੋਕਾਂ ਨੂੰ ਹੋਰ ਕਈ ਦੁਖਦਾਈ ਜਾਨਵਰ, ਰੋਝ, ਰਿੱਛ

ਆਦਿਕਾਂ ਦਾ ਸ਼ਿਕਾਰ ਕੀਤਾ। ਉਥੇ ਹੀ ਸ੍ਰੀਨਗਰ ਦਾ ਰਾਜਾ, ਫਤਹਿ ਸ਼ਾਹ ਕ੍ਰੋਧਿਤ ਹੋ ਗਿਆ ਜੋ ਕਿ ਬਿਨਾਂ ਕਿਸੇ ਕਾਰਨ ਤੋਂ, ਸਾਡੇ ਨਾਲ ਯੁੱਧ ਛੇੜ ਬੈਠਾ।

ਕਲਗੀਧਰ ਪਾਤਿਸ਼ਾਹ ਨੇ ਇਥੇ ਹੀ ਭੰਗਾਣੀ ਦਾ ਯੁੱਧ ਕੀਤਾ। ਬਹੁਤ ਸਾਰੇ ਪਹਾੜੀ ਰਾਜਿਆਂ ਨੂੰ ਮੌਤ ਦੇ ਘਾਟ ਉਤਾਰ ਕੇ, ਵਿਜੇ ਹਾਸਲ ਕੀਤੀ। ਜਿੱਤ ਤੋਂ ਬਾਅਦ ਵਧਾਈ ਦੇਣ ਆਏ ਲੋਕਾਂ ਨੂੰ ਮਹਾਰਾਜ ਨੇ ਐਸਾ ਉਚਾਰਨ ਕੀਤਾ—

ਭਈ ਜੀਤ ਮੇਰੀ॥ ਕ੍ਰਿਪਾ ਕਾਲ ਕੇਰੀ॥

ਅਕਾਲ ਪੁਰਖ ਨੇ ਕ੍ਰਿਪਾ ਕੀਤੀ ਤਾਂ ਮੈਨੂੰ ਜਿੱਤ ਹਾਸਲ ਹੋਈ। ਇਹ ਹੈ ਹੰਕਾਰ ਦੀ ਮੈਲ ਤੋਂ ਰਹਿਤ, ਨਿਰਮਲ ਮਾਰਗ ਜਿਸ ਨੂੰ ਆਦਿ ਜਾਮੇਂ ਵਿੱਚ ਸ਼ੁਰੂ ਕੀਤਾ ਸੀ, ਯੁੱਧ ਦੇ ਮੈਦਾਨ ਵਿੱਚ ਅਤੇ ਯੁੱਧ ਜਿੱਤ ਜਾਣ ਤੋਂ ਬਾਅਦ ਵੀ, ਜਿਸਨੂੰ ਹੱਥੋਂ ਨਹੀਂ ਗਵਾਇਆਂ ਸਗੋਂ ਯੁੱਧ ਵੀ ਇਸ ਦੀ ਪਰਪੱਕਤਾ ਲਈ ਹੀ ਕਰਨਾ ਪਿਆ। ਇੱਥੇ ਹੀ ਪੀਰ ਬੁੱਧੂ ਸ਼ਾਹ ਸੰਢੌਰੇ ਵਾਲਾ, ਸ਼ਰਣ ਵਿੱਚ ਆਇਆ, ਉਸਨੂੰ ਆਤਮ ਗਿਆਨ ਦੀ ਇਲਾਹੀ ਦਾਤ ਬਖਸ਼ਿਸ਼ ਕਰਕੇ ਨਿਹਾਲ ਕੀਤਾ।

## ਨਿਰਮਲ ਸੰਪ੍ਰਦਾਇ
## ਪੰਜ ਸਿੱਖਾਂ ਨੂੰ ਵਿਦਿਆ ਪੜ੍ਹਨ ਲਈ ਕਾਸ਼ੀ ਭੇਜਣਾ

ਨਿਰਮਲ ਪੰਥ ਜੋ ਗੁਰੂ ਕਾ ਸੁਣਹੁ ਕਥਾ ਮਨ ਲਾਏ।
ਭੂਲ ਜੋ ਚੂਕ ਪਰੇ ਮਮ ਤੇ ਚਾਹਹੁੰ ਛਮਾ ਸਿਰ ਨਯਾਯ॥

ਨੀਮ ਪਹਾੜੀ ਇਲਾਕਾ ਹੈ, ਇਕ ਪਾਸੇ ਦਰਿਆ ਬਹਿ ਰਿਹਾ ਹੈ, ਦੂਜੇ ਪਾਸੇ ਛੋਟੀਆਂ ਪਹਾੜੀਆਂ ਦਾ ਮਨਮੋਹਕ ਦ੍ਰਿਸ਼ ਹੈ, ਠੰਡੀ-ਠੰਡੀ ਹਵਾ ਰੁਮਕ ਰਹੀ ਹੈ। ਸੂਰਜ ਅਜੇ ਉਦੇ ਨਹੀਂ ਹੋਇਆ ਲੇਕਿਨ ਉਸਦੀ ਰੋਸ਼ਨੀ ਹਲਕੇ ਲਾਲ ਰੰਗ ਦਾ ਸੁੰਦਰ ਚੰਦੋਆ ਤਾਣ ਰਹੀ ਹੈ। ਕੋਈ ਅਗੰਮੀ ਜੋਤ ਆਪਣੇ ਇਲਾਹੀ ਨੂਰ ਵਿਚ ਨਿਮਗਨ ਦਰਿਆ ਵੱਲ ਪਵਿੱਤਰ ਮੁੱਖ ਕਰਕੇ ਕੁਰਸੀ ਉੱਪਰ ਇਉਂ ਸੁਸ਼ੋਭਿਤ ਹੈ, ਜਿਵੇਂ ਪੁੰਨਿਆ ਦਾ ਚੰਦ। ਜਮਨਾ ਦਾ ਜਲ ਐਸੀ ਧੀਮੀ ਚਾਲ ਨਾਲ ਬਹਿ ਰਿਹਾ ਹੈ, ਮਾਨੋ ਇਕ-ਇਕ ਬੂੰਦ ਪਾਣੀ ਦੀ ਇਲਾਹੀ ਨੂਰ ਨੂੰ ਸਜਦਾ ਕਰਕੇ ਗੁਜ਼ਰ ਰਹੀ ਹੈ। ਹਜ਼ੂਰ ਦੇ ਨੇਤਰ ਬੰਦ ਹਨ, ਚਵਰ-ਬਰਦਾਰ, ਸਹਜੇ-ਸਹਜੇ ਚਵਰ ਕਰੀ ਜਾ ਰਿਹਾ ਹੈ। ਕੁਝ ਸੇਵਕ ਚਰਨਾਂ ਵਿੱਚ ਬੈਠੇ ਹਜ਼ੂਰ ਦੇ ਇਲਾਹੀ ਨੂਰ ਨਾਲ ਸਰਸ਼ਾਰ ਚੇਹਰੇ ਵੱਲ ਇਉਂ ਤੱਕ ਰਹੇ ਹਨ, ਜਿਵੇਂ ਚਕਵੀਆਂ ਸੂਰਜ ਵੱਲ।

ਇਸੇ ਹਾਲ ਵਿੱਚ ਕਾਫੀ ਸਮਾਂ ਗੁਜ਼ਰ ਗਿਆ, ਕਉਣ ਜਾਣੇ ਇਸਦਾ ਕੀ ਕਾਰਣ ਹੈ? ਅਚਾਨਕ ਹਜ਼ੂਰ ਨੇ ਕਮਲ ਨੈਨ ਖੋਲ੍ਹੇ, ਪਵਿੱਤਰ ਨੇਤਰਾਂ ਵਿੱਚੋਂ ਅੰਮ੍ਰਿਤ ਰਸ ਨਾਲ ਭਰਪੂਰ ਸ਼ਾਂਤ ਅਤੇ ਸੁਖਦਾਈ ਕਿਰਨਾਂ, ਸਨਮੁੱਖ ਬੈਠੇ ਸੇਵਕਾਂ ਉੱਪਰ ਇਉਂ ਵਰ ਰਹੀਆਂ ਹਨ, ਜਿਵੇਂ ਪੂਰਨਮਾਸ਼ੀ ਦੀ ਰਾਤ ਨੂੰ ਚੰਦਰਮਾ ਦੀ ਪੂਰਨਤਾ ਵਿੱਚੋਂ ਨਿਕਲੀਆਂ ਸ਼ੀਤਲ ਕਿਰਨਾਂ ਬਨਸਪਤੀ ਵਿੱਚ ਮਿਠਾਸ ਭਰ ਰਹੀਆਂ ਹੋਣ। ਪਵਿੱਤਰ ਚਿਹਰਾ ਸ਼ਾਂਤ ਰਸ ਨਾਲ ਭਰਪੂਰ, ਪਰ ਗੰਭੀਰ ਮਾਨੋ ਕਿਸੇ ਡੂੰਘੀ ਸੋਚ ਵਿਚ ਹੈ। ਅਚਾਨਕ ਪਵਿੱਤਰ ਬੁੱਲ੍ਹ ਫਰਕੇ, ਹੁਕਮ ਹੋਇਆ ਗੰਡਾ ਸਿੰਘ! ਜਾਉ ਪੰਡਿਤ ਰਘੁਨਾਥ ਨੂੰ ਬੁਲਾਉ। ਹੁਕਮ ਮੰਨ ਕੇ ਗੰਡਾ ਸਿੰਘ ਜੀ ਚੱਲੇ ਗਏ ਅਤੇ ਕੁੱਛ ਦੇਰ ਬਾਅਦ ਪੰਡਿਤ ਰਘੁਨਾਥ ਨੂੰ ਨਾਲ ਲੈ ਹਜ਼ੂਰ ਦੇ ਚਰਨਾਂ ਵਿੱਚ ਨਮਸ਼ਕਾਰ ਕਰਕੇ ਬੈਠ ਗਏ। ਹਜ਼ੂਰ ਨੇ ਫੁਰਮਾਇਆ, ਪੰਡਿਤ ਜੀ! ਅਸੀਂ ਆਪਣੇ ਸਿੱਖਾਂ ਨੂੰ ਸੰਸਕ੍ਰਿਤ ਵਿਦਿਆ ਪੜ੍ਹਾਉਣੀ ਹੈ, ਤੁਸੀਂ ਸੰਸਕ੍ਰਿਤ ਦੇ ਵਿਦਵਾਨ ਹੋ; ਸੋ ਸਾਡੇ ਸਿੱਖਾਂ ਨੂੰ ਸੰਸਕ੍ਰਿਤ ਵਿਦਿਆ, ਪੜ੍ਹਾਉ; ਤਨਖਾਹ ਜੋ ਲੈਣੀ ਹੈ ਉਹ ਦੱਸੋ। ਪੰਡਿਤ ਰਘੁਨਾਥ ਜੀ ਬੋਲੇ, ਸਤਿ ਬਚਨ ਮਹਾਰਾਜ, ਆਪ ਜੀ ਦੇ ਹੁਕਮ ਅਨੁਸਾਰ ਕੱਲ੍ਹ ਤੋਂ ਪੜ੍ਹਾਉਣਾ ਸ਼ੁਰੂ ਕਰ ਦੇਵਾਂਗਾ। ਹਜ਼ੂਰ ਨੇ ਸਿੱਖਾਂ ਨੂੰ ਹੁਕਮ ਕਰ ਦਿੱਤਾ, ਕੱਲ੍ਹ ਤੋਂ ਇਨ੍ਹਾਂ ਪਾਸ ਪੜ੍ਹਣ ਲਈ ਜਾਣਾ ਹੈ। ਹੁਕਮ ਮੰਨਕੇ ਦੂਸਰੇ ਦਿਨ ਕੁੱਝ ਸਿੱਖ ਪੰਡਿਤ ਜੀ ਕੋਲ ਪੜ੍ਹਨ ਗਏ, ਤਾਂ ਪੰਡਿਤ ਜੀ ਨੇ ਵੇਦ ਵਿਧੀ ਅਨੁਸਾਰ ਸਭ ਨੂੰ ਆਪਣੀ-ਆਪਣੀ ਜਾਤ ਦੱਸਣ ਬਾਰੇ ਆਖਿਆ, ਤਾਂ ਕਿਸੇ ਨੇ ਆਪਣੀ ਜਾਤ ਤਰਖਾਣ ਦੱਸੀ, ਕਿਸੇ ਨੇ ਨਾਈ, ਕਿਸੇ ਨੇ ਛੀਂਬਾ, ਕਿਸੇ ਨੇ ਕਲਾਲ ਦੱਸੀ। ਸੁਣਕੇ ਪੰਡਿਤ ਬੋਲਿਆ, ਤੁਹਾਨੂੰ ਮੈਂ ਨਹੀਂ ਪੜ੍ਹਾ ਸਕਦਾ ਕਿਉਂਕਿ ਆਪ ਨੀਚ ਜਾਤੀਆਂ ਦੇ ਯਾਨੀ ਸ਼ੂਦਰ ਹੋ। ਆਪ ਨੂੰ ਵਿਦਿਆ ਦੇਣੀ, ਵੇਦ ਮਰਿਆਦਾ ਦਾ ਉਲੰਘਣ ਹੈ। ਸਿੱਖਾਂ ਨੇ ਵਾਪਸ ਆ ਕੇ ਸਾਰੀ ਗੱਲ ਸੁਣਾਈ। ਹਜ਼ੂਰ ਦੇ ਪਵਿੱਤਰ ਚਿਹਰੇ ਤੇ ਕਰੋੜਾਂ ਸੂਰਜਾਂ ਵਰਗਾ ਜਲਾਲ ਆਭਾ ਮਾਰ ਉੱਠਿਆ। ਪਵਿੱਤਰ ਮੁੱਖ ਤੋਂ ਉਚਾਰਨ ਕੀਤਾ—

ਬੋਲੇ ਗੁਰੁ ਸੁਨੁ ਦ੍ਵਿਜ ਅਭਿਆਮਾਨੀ॥ ਸੂਦਰ ਕਹਤ ਜਿਨੈ ਤੂੰ ਬਾਨੀ॥
ਇਨਹੀ ਮੇਰੇ ਸਿਖਨ ਤੇ ਲਖ॥ ਵਿਦਿਆ ਬੇਦ ਪੜੇਂਗੇ ਦ੍ਵਿਜਦੱਖ॥

**ਨਿਗਮ-ਆਗਮ ਲੋ ਚੌਦਸ਼ ਵਿਦਯਾ॥ ਮੈ ਬਖਸ਼ੀ ਸਿਖਹਿ ਪਰ ਸਿਧਿਯਾ॥**
**ਜਿਸ ਕਉ ਤੁੰ ਸ਼ੂਦਰ ਬਤਰਾਇ ਹੈਂ॥ ਇਹ ਵਿਦਯਾ ਗੁਰ ਤੁਮਰੇ ਦੈ ਹੈਂ॥**

*(ਗਿਆਨੀ ਗਿਆਨ ਸਿੰਘ ਜੀ)*

ਪੰਡਿਤ ਜੀ, ਜਿਨ੍ਹਾਂ ਨੂੰ ਤੁਸੀਂ ਸ਼ੂਦਰ ਮੰਨਦੇ ਹੋ, ਮੈਂ ਇਨ੍ਹਾਂ ਨੂੰ ਚੌਦਾਂ ਵਿਦਿਆ ਦੇ ਗਿਆਤਾ ਬਣਾਊਂਗਾ, ਬ੍ਰਾਹਮਣ ਲੋਕ ਇਨ੍ਹਾਂ ਤੋਂ ਵਿਦਿਆ ਹਾਸਲ ਕਰਨ ਆਇਆ ਕਰਨਗੇ, ਮੋਖਸ਼ ਦੀ ਇੱਛਾ ਵਾਲੇ ਇਨ੍ਹਾਂ ਦੀ ਸ਼ਰਨ ਪੈਕੇ ਆਤਮ ਗਿਆਨ ਹਾਸਲ ਕਰਿਆ ਕਰਨਗੇ।

ਸਿੱਖਾਂ ਨੂੰ ਹੁਕਮ ਕੀਤਾ, ਕਾਸ਼ੀ ਜਾ ਕੇ ਸੰਸਕ੍ਰਿਤ ਪੜ੍ਹੋ। ਅਗਰ ਸੰਸਕ੍ਰਿਤ ਦੀ ਵਿਦਿਆ ਨਾ ਲਈ ਤਾਂ ਆਉਣ ਵਾਲੇ ਸਮੇਂ ਵਿੱਚ ਲੋਕ ਗੁਰਬਾਣੀ ਦੇ ਗੁਝੇ ਭੇਦਾਂ ਨੂੰ ਨਾ ਸਮਝਕੇ ਪੂਰਾ-ਪੂਰਾ ਲਾਭ ਨਹੀਂ ਉਠਾ ਸਕਣਗੇ। ਇਸ ਪ੍ਰਕਾਰ ਕਲਗੀਧਰ ਪਾਤਸ਼ਾਹ ਨੇ ਪੰਜ ਸਿੱਖਾਂ ਨੂੰ ਸੰਨਿਆਸੀਆਂ ਵਾਲਾ ਭਗਵਾਂ ਵੇਸ ਬਖਸ਼ ਕੇ, ਕਾਸ਼ੀ ਜਾਣ ਦਾ ਹੁਕਮ ਕੀਤਾ। ਆਗਿਆ ਮੰਨ ਕੇ, ਭਾਈ ਗੰਡਾ ਸਿੰਘ ਜੀ, ਭਾਈ ਕਰਮ ਸਿੰਘ ਜੀ, ਭਾਈ ਵੀਰ ਸਿੰਘ ਜੀ, ਭਾਈ ਰਾਮ ਸਿੰਘ ਜੀ ਅਤੇ ਭਾਈ ਸੈਣਾਂ ਸਿੰਘ ਜੀ ਆਦਿਕ ਪੰਜ ਸਿੱਖ ਨਮਸ਼ਕਾਰ ਕਰਕੇ, ਕਾਸ਼ੀ ਰਵਾਨਾ ਹੋਏ। ਉਥੇ ਪਹੁੰਚ ਕੇ ਚੇਤਨ ਮੱਠ ਵਾਲੀ ਜਗ੍ਹਾ ਨਿਵਾਸ ਕੀਤਾ। ਕੁਝ ਦਿਨ ਠਹਿਰਕੇ ਉਥੋਂ ਦਾ ਸਾਰਾ ਮਹੌਲ ਵੇਖਕੇ, ਪੰਡਿਤ ਸਦਾਨੰਦ ਜੀ ਕੋਲੋਂ ਵਿਦਿਆ ਪੜ੍ਹਨੀ ਸ਼ੁਰੂ ਕੀਤੀ। ਇਉਂ ਗੁਰੂ ਕ੍ਰਿਪਾ ਦੁਆਰਾ ਉਨ੍ਹਾਂ ਦੇ ਹੁਕਮ ਵਿੱਚ ਕਾਸ਼ੀ ਠਹਿਰ ਕੇ ਸੱਤ ਸਾਲ ਵਿਦਿਆ ਹਾਸਲ ਕਰਦੇ ਰਹੇ। ਇਤਨੇ ਅਰਸੇ ਵਿੱਚ ਸੰਸਕ੍ਰਿਤ ਦੀ ਵਿਦਿਆ ਅਤੇ ਵੇਦਾਂਤ ਦੇ ਗ੍ਰੰਥਾਂ ਦਾ ਗਿਆਨ ਹਾਸਲ ਕਰਕੇ ਕਾਸ਼ੀ ਦੇ ਭਾਰੀ ਵਿਦਵਾਨਾਂ ਵਿੱਚ ਸਤਿਕਾਰੇ ਜਾਣ ਲੱਗੇ। ਉੱਧਰ ਦਸ਼ਮੇਸ਼ ਪਿਤਾ ਪਾਉਂਟਾ ਸਾਹਿਬ ਵਿੱਚ ਅਨੇਕਾਂ ਕੌਤਕ ਵਰਤਾ ਕੇ ਅਤੇ ਬੇਅੰਤ ਜੀਵਾਂ ਦਾ ਉਧਾਰ ਕਰਕੇ, ਸ੍ਰੀ ਅਨੰਦਪੁਰ ਸਾਹਿਬ ਆ ਬਿਰਾਜੇ।

## ਦੇਵ ਰਿਸ਼ੀ ਨਾਰਦ ਜੀ ਦਾ ਕਲਗੀਧਰ ਜੀ ਦੇ ਦਰਸ਼ਨਾਂ ਲਈ ਆਉਣਾ

ਨੀਮ ਪਹਾੜੀ ਇਲਾਕਾ ਹੈ, ਮੌਸਮ ਨਾ ਸਰਦ ਨਾ ਗਰਮ ਯਾਨੀ ਜ਼ੋਰਦਾਰ ਸਰਦੀ ਦਾ ਮੌਸਮ ਲੰਘ ਚੁੱਕਿਆ ਹੈ ਅਤੇ ਗਰਮ ਰੁੱਤ ਅਜੇ ਆਈ ਨਹੀਂ, ਬਸੰਤ ਰਾਣੀ ਭਰ ਜੋਬਨ ਤੇ ਆਪਣੀ ਸੁੰਦਰਤਾ ਦਾ ਪ੍ਰਗਟਾਵਾ ਕਰ ਰਹੀ ਹੈ। ਬਨਸਪਤੀ ਨੇ, ਮਾਨੋ ਨਵੀਆਂ-ਨਵੀਆਂ ਪੱਤੀਆਂ ਨਾਲ ਰੰਗ ਬਰੰਗੀ ਪੁਸ਼ਾਕ ਪਹਿਨ ਰੱਖੀ ਹੈ, ਫੁੱਲਾਂ ਦੀ ਖੁਸ਼ਬੂ ਸਾਰੇ ਵਾਤਾਵਰਣ ਨੂੰ ਆਪਣੀ ਮਹਿਕ ਨਾਲ ਦਿਲਕਸ਼ ਬਣਾ ਰਹੀ ਹੈ। ਮਾਤ ਲੋਕ ਵਿੱਚ ਐਸੀ ਸੁੰਰ ਅਤੇ ਮਨਮੋਹਕ ਧਰਤੀ ਅਨੰਦਪੁਰ ਯਾਨੀ ਜੋ ਅਨੰਦ ਨਾਲ ਪੂਰਣ ਹੈ, ਜਿਸ ਵਿਚ ਦੁੱਖ ਦਾ ਨਾਮੋ ਨਿਸ਼ਾਨ ਨਹੀਂ ਹੈ, ਐਸੀ ਪਾਵਨ ਧਰਤੀ ਵਿਖੇ ਦ੍ਵੈ ਤੋਂ ਏਕ ਰੂਪ ਹੋ ਕੇ ਅਰਸ਼ਾਂ-ਕੁਰਸ਼ਾਂ ਦੇ ਮਾਲਕ ਸ੍ਰੀਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੀਸਰੇ ਪਹਿਰ ਦੇ ਦੀਵਾਨ ਸਮੇਂ, ਆਪਣੇ ਸਿੱਖਾਂ ਸੇਵਕਾਂ ਦੇ ਵਿਚਕਾਰ, ਸੁਨਿਹਰੀ ਸਿੰਘਾਸਣ ਤੇ ਇਉਂ ਸੁਸ਼ੋਭਿਤ ਹਨ, ਜਿਵੇਂ ਪੂਰਨਮਾਸ਼ੀ ਦੀ ਰਾਤ ਨੂੰ, ਤਾਰਾ ਮੰਡਲ ਵਿੱਚ ਚੰਦਰਮਾ।

ਹਜ਼ੂਰ ਦੇ ਇਲਾਹੀ ਦਰਬਾਰ ਵਿੱਚ ਹਰ ਅਵੱਸਥਾ ਵਾਲੇ ਸਿੰਘ ਸੇਵਕ ਯਾਨੀ ਗੁਰਬਾਣੀ ਦਾ ਪਾਠ ਕਰਨ ਵਾਲੇ, ਵਿਚਾਰ ਕਰਨ ਵਾਲੇ, ਨਿਰੰਤਰ ਜਾਪ ਕਰਨ ਵਾਲੇ ਅਤੇ ਸ਼ਸਤਰਧਾਰੀ ਸੂਰਬੀਰ ਯੋਧੇ ਵੀ ਬੈਠੇ ਹਨ, ਜਿਹੜੇ ਹਮੇਸ਼ਾ ਹਜ਼ੂਰ ਦੇ ਪਵਿੱਤਰ ਚਰਨਾਂ ਵਿੱਚ ਆਪਾ ਵਾਰਨ ਨੂੰ ਤਤਪਰ ਹਨ। ਕੁਝ ਸਿੱਖਾਂ ਨੇ ਆ ਕੇ ਬੇਨਤੀ ਕੀਤੀ, ਗਰੀਬ ਨਿਵਾਜ! ਆਪ ਦੇ ਹੁਕਮ ਅਨੁਸਾਰ ਗੁਰਬਾਣੀ ਦਾ ਪਾਠ ਤਾਂ ਕਰੀਂ ਜਾਂਦੇ ਹਾਂ, ਲੇਕਿਨ ਕੁਝ ਸਮਝ ਨਹੀਂ ਪੈਂਦੀ ਅਤੇ ਨਾ ਕੋਈ ਰਸ ਆਉਂਦਾ ਹੈ। ਇਸ ਤਰੀਕੇ ਗੁਰਬਾਣੀ ਪੜ੍ਹਣ ਦਾ ਕੋਈ ਫਲ ਵੀ ਹੋਵੇਗਾ? ਹਜ਼ੂਰ ਬੋਲੇ ਪ੍ਰੇਮੀਉ ਤੁਹਾਡੇ ਸ਼ੰਕੇ ਦਾ ਜਵਾਬ ਕਲ ਤੀਸਰੇ ਪਹਿਰ ਦੀਵਾਨ ਵਿਚ ਹੀ ਦਿੱਤਾ ਜਾਵੇਗਾ।

ਇਤਨੇ ਨੂੰ ਇਕ ਮਹਾਂਪੁਰਖ ਜਿਸਨੇ ਸਰੀਰ ਤੇ ਅਜੀਬ ਕਿਸਮ ਦਾ ਭੇਸ ਧਾਰਨ ਕੀਤਾ ਹੋਇਆ ਹੈ, ਹੱਥ ਵਿੱਚ ਇਕ ਅਜੀਬ ਕਿਸਮ ਦੀ ਭੇਟਾ ਲੈ ਕੇ ਹਜ਼ੂਰ ਦੇ ਚਰਨਾਂ ਵਿੱਚ ਹਾਜ਼ਰ ਹੋਇਆ। ਆਪ ਨੇ ਵੀ ਅੱਗੋਂ ਉੱਠਕੇ ਉਸ ਮਹਾਤਮਾ ਨੂੰ ਬੜੇ ਸਤਿਕਾਰ ਸਹਿਤ ਬਰਾਬਰ ਆਸਣ ਤੇ ਬਿਠਾਇਆ। ਬਚਨ ਕੀਤਾ ਮਹਾਂਪੁਰਸ਼ੋ! ਆਪ ਜੈਸੇ ਮਹਾਂਪੁਰਸ਼ਾਂ ਦੇ ਤਾਂ ਦਰਸ਼ਨ ਹੀ ਦੁਰਲੱਭ ਹੁੰਦੇ ਹਨ, ਆਪ ਨੇ ਇਹ ਭੇਟਾ ਲੈ ਕੇ ਆਉਣ ਦਾ ਇਤਨਾ ਕਸ਼ਟ ਕਿਉਂ ਕੀਤਾ? ਮਹਾਂਪੁਰਸ਼ ਬੋਲੇ, ਮਹਾਰਾਜ! ਜਦ-ਜਦ ਵੀ ਆਪ ਸੰਸਾਰਕ ਜੀਵਾਂ ਦਾ ਦੁੱਖ ਹਰਣ ਲਈ ਅਵਤਾਰ ਧਾਰਣ ਕਰਦੇ ਹੋ, ਮੈਂ ਆਪ

ਜੀ ਦੇ ਦਰਸ਼ਨ ਕਰਨ ਆਉਂਦਾ ਹੀ ਹਾਂ। ਇਹ ਸ਼ਾਸਤਰ ਮਰਿਆਦਾ ਹੈ, ਕਿ ਗੁਰੂ ਪੀਰਾਂ ਦੇ ਦਰਸ਼ਨ ਕਰਨ ਲਈ ਖਾਲੀ ਹੱਥ ਜਾਣਾ ਪਾਪ ਲੱਗਦਾ ਹੈ। ਹਜ਼ੂਰ ਬੋਲੇ, ਆਪ ਤਾਂ ਪਾਪ-ਪੁੰਨ ਤੋਂ ਉੱਪਰ ਵਿਚਰਨ ਵਾਲੇ ਜੀਵਨ-ਮੁਕਤ ਮਹਾਂਪੁਰਸ਼ ਹੋ। ਆਪ ਜੈਸੇ ਮਹਾਂਪੁਰਸ਼ਾਂ ਦੇ ਦਰਸ਼ਨ ਮਾਤਰ ਨਾਲ ਹੀ ਪਾਪਾਂ ਦੀ ਨਵਿਰਤੀ ਹੋ ਜਾਂਦੀ ਹੈ।

ਇਤਿਆਦਕ ਪ੍ਰੇਮ ਭਰੇ ਕੁਝ ਬਚਨ ਕਰਨ ਤੋਂ ਬਾਅਦ ਮਹਾਂਪੁਰਸ਼ਾਂ ਨੇ ਬੇਨਤੀ ਕੀਤੀ, ਮਹਾਰਾਜ! ਇਹ ਸਰਗੁਨ ਸਰੂਪ ਵਿੱਚ ਅਜੇ ਹੋਰ ਕਿੰਨੀ-ਕੁ ਲੀਲਾ ਵਰਤਾਉਣੀ ਹੈ? ਹਜ਼ੂਰ ਨੇ ਫ਼ੁਰਮਾਇਆ, ਸੰਤ ਜੀ, ਪਰਮਪੁਰਖ ਵੱਲੋਂ ਜੋ ਡਿਊਟੀ ਲੱਗੀ ਸੀ, ਉਸ ਵਿੱਚੋਂ ਅਜੇ ਅੱਧਾ ਕੰਮ ਰਹਿੰਦਾ ਹੈ। ਸੰਤ ਜੀ ਬੋਲੇ, ਕੀ ਭਾਵ? ਹਜ਼ੂਰ ਨੇ ਉਚਾਰਨ ਕੀਤਾ—

ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥
ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥ ਦੁਸ਼ਟ ਸਭਨ ਕੋ ਮੂਲ ਉਪਾਰਨ॥

ਹੇ ਸੰਤ ਜੀ, ਅਕਾਲ ਪੁਰਖ ਵਾਹਿਗੁਰੂ ਨੇ ਸਾਨੂੰ ਧਰਮ ਦੀ ਰੱਖਿਆ ਕਰਨ ਵਾਸਤੇ ਸੰਸਾਰ ਵਿੱਚ ਭੇਜਿਆ ਹੈ। ਧਰਮ ਤਾਂ ਆਪ ਜਾਣਦੇ ਹੀ ਹੋ ਕਿਸ ਨੂੰ ਕਹਿੰਦੇ ਹਨ? ਧਰਮ ਤੋਂ ਭਾਵ ਹੈ, ਹੁਕਮ। ਯਾਨੀ ਅਕਾਲ ਪੁਰਖ ਵਾਹਿਗੁਰੂ ਨੇ ਸ੍ਰਿਸ਼ਟੀ ਦੀ ਰਚਨਾ ਆਪਣੇ ਹੁਕਮ ਵਿੱਚ ਕੀਤੀ, ਜਿਸ ਵਿੱਚ ਚਉਰਾਸੀਹ ਲੱਖ ਜੂਨ ਪੈਦਾ ਕਰਕੇ, ਮਨੁੱਖ ਨੂੰ ਬੁੱਧੀ ਰੂਪੀ ਸਰਦਾਰੀ ਬਖਸ਼ਿਸ਼ ਕੀਤੀ, ਤਾਂ ਕਿ ਇਹ ਵਿਵੇਕ ਦੁਆਰਾ ਸਾਧਨਾਂ-ਘਾਲਣਾਂ ਘਾਲ ਕੇ ਹੁਕਮੀ ਦੀ ਪਛਾਣ ਕਰ ਲਵੇ। ਪਿਛਲੇ ਸਮੇਂ ਵਿਚ ਉਮਰਾਂ ਵੱਡੀਆਂ ਹੁੰਦੀਆਂ ਸਨ ਅਤੇ ਸਰੀਰਕ-ਬਲ ਜ਼ਿਆਦਾ ਹੋਣ ਕਰਕੇ ਪ੍ਰਾਣਾਂਯਾਮ ਵਰਗੀਆਂ ਸਖਤ ਘਾਲਣਾਂ ਘਾਲਕੇ ਮੰਜ਼ਿਲੇ-ਮਕਸੂਦ ਤੇ ਪਹੁੰਚਿਆ ਜਾਂਦਾ ਸੀ, ਲੇਕਿਨ ਅਜੋਕੇ ਸਮੇਂ ਵਿੱਚ ਉਮਰਾਂ ਛੋਟੀਆਂ ਅਤੇ ਬੁੱਧੀਬਲ ਵੀ ਕਮਜ਼ੋਰ ਹਨ, ਯਾਨੀ ਸਰੀਰ ਅਤੇ ਬੁੱਧੀਆਂ ਸਖ਼ਤ ਘਾਲਣਾ ਨਹੀਂ ਘਾਲ ਸਕਦੀਆਂ। ਇਸ ਲਈ ਅਕਾਲ ਪੁਰਖ ਵਾਹਿਗੁਰੂ ਨੇ, ਜੀਵਾਂ ਤੇ ਤਰਸ ਖਾ ਕੇ ਆਪਣੇ-ਆਪ ਨੂੰ ਗੁਰੂ ਨਾਨਕ ਦੇ ਰੂਪ ਵਿੱਚ ਪ੍ਰਗਟ ਕਰਕੇ, ਸਮੇਂ ਅਨੁਕੂਲ ਪ੍ਰੇਮਾ-ਭਗਤੀ ਦਾ ਸਿੱਧਾ ਅਤੇ ਸੌਖਾ ਤਰੀਕਾ ਦੱਸਿਆ, ਜੋਕਿ ਸਾਰੇ ਧਰਮਾਂ ਦਾ ਸਾਰਾ ਰੂਪ ਹੈ ਜਿਵੇਂ—

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥

ਅਜੋਕੇ ਸਮੇਂ ਪਰਮੇਸ਼ਰ ਪ੍ਰਾਪਤੀ ਲਈ, ਸਭ ਤੋਂ ਸ੍ਰੇਸ਼ਟ ਧਰਮ ਹੈ, ਹਰੀ ਦਾ ਨਾਮ ਜਪਣਾ ਅਤੇ ਨਿਸ਼ਕਾਮ ਕਰਮ ਕਰਨੇ। ਨਿਸ਼ਕਾਮ ਤੋਂ ਭਾਵ ਹੈ, ਬਗੈਰ ਕਿਸੇ ਚਾਹ ਤੋਂ, ਦੂਸਰਿਆਂ ਤੇ ਪਰ-ਉਪਕਾਰ ਕਰਨਾ। ਐਸੇ ਧਰਮ ਦੇ ਮੁਕਾਬਲੇ ਵਿਚ ਦੁਨੀਆਂ ਦੀ ਕੋਈ ਚੀਜ਼ ਨਹੀਂ ਪਹੁੰਚ ਸਕਦੀ, ਗੁਰੂ ਵਾਕ—

ਸਚਾ ਧਰਮੁ ਪੁੰਨੁ ਭਲਾ ਕਰਾਏ॥ ਦੀਨ ਕੈ ਤੋਸੈ ਦੁਨੀ ਨ ਜਾਏ॥

ਯਥਾ — ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ॥

(ਪੰਨਾ ੧੮੩)

ਕਹੁ ਨਾਨਕ ਅਟਲ ਇਹੁ ਧਰਮੁ॥


(ਪੰਨਾ ੧੯੬)

ਐਸੇ ਧਰਮ ਦੇ ਰਸਤੇ ਉਪਰ ਚੱਲਣ ਵਾਲਿਆਂ ਨੂੰ ਬਾਹਰੀ ਅਤੇ ਅੰਦਰੂਨੀ ਦੋ ਕਿਸਮ ਦੇ ਸ਼ਤਰੂਆਂ ਤੋਂ ਬਚਾਉਣ ਲਈ ਦੋ ਕਿਸਮ ਦੇ ਹਥਿਆਰਾਂ ਦੀ ਜ਼ਰੂਰਤ ਪੈਂਦੀ ਹੈ—ਸ਼ਾਸਤਰ ਅਤੇ ਸ਼ਸਤਰ।

ਸ਼ਾਸਤਰ ਕਾਮ, ਕ੍ਰੋਧ ਆਦਿ ਅੰਦਰੂਨੀ ਦੁਸ਼ਮਣਾਂ ਤੋਂ ਬਚਾਉਣ ਦਾ ਹਥਿਆਰ ਹੈ। ਸ਼ਾਸਤਰ ਦਾ ਸਿਧਾਂਤ, ਤੱਤ ਰੂਪ ਨਾਲ ਜਿਸ ਹਿਰਦੇ ਵਿੱਚ ਸਮਾ ਗਿਆ, ਅਸਲ ਵਿੱਚ ਉਹੀ ਸੱਚਾ ਸੂਰਮਾ ਹੈ। ਜਿਵੇਂ ਗੁਰੂ ਵਾਕ—

ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ॥
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ॥

(ਆਸਾ ਮ: ੫, ਪੰਨਾ—੪੦੪)




ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ
(ਨਿਰਮਲ ਭੇਖ ਵੇਸ਼ ਵਿਚ)



ਪੰਜ ਨਿਰਮਲ ਸੰਤ : ਸ੍ਰੀਮਾਨ ਸੰਤ ਕਰਮ ਸਿੰਘ ਜੀ, ਸੰਤ ਗੰਡਾ ਸਿੰਘ ਜੀ, ਸੰਤ ਬੀਰ ਸਿੰਘ ਜੀ, ਸੰਤ ਰਾਮ ਸਿੰਘ ਜੀ, ਸੰਤ ਸੈਣਾ ਸਿੰਘ ਜੀ ਜਿਨ੍ਹਾਂ ਨੂੰ ਕਲਗੀਧਰ ਸਤਿਗੁਰੂ ਜੀ ਸ੍ਰੀ ਪਾਉਂਟਾ ਸਾਹਿਬ (ਰਿਆਸਤ ਨਾਹਣ) ਤੋਂ ਸੰਸਕ੍ਰਿਤ ਪੜ੍ਹਣ ਲਈ ਕਾਸ਼ੀ (ਬਨਾਰਸ, ਹੁਣ ਨਾਮ ਵਾਰਾਣਸੀ) ਘਲ ਰਹੇ ਹਨ।

ਯਥਾ — **ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥**
**ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ॥**

*(ਧਨਾਸਰੀ ਮ: ੫, ਪੰਨਾ-੬੭੯)*

ਸੰਤ ਜੀ, ਸਾਡੇ ਸਿੱਖਾਂ ਦੇ ਇਸ ਸ਼ਾਸਤਰ ਸਿਧਾਂਤ ਰੂਪੀ ਹਥਿਆਰ ਨਾਲ ਹਿਰਦੇ ਪੂਰਤ ਹੋ ਚੁੱਕੇ ਹਨ। ਯਾਨੀ ਕਾਮ, ਕ੍ਰੋਧ ਆਦਿ ਅੰਦਰੂਨੀ ਦੁਸ਼ਮਣਾਂ ਦਾ ਮੁਕਾਬਲਾ ਕਰਨ ਲਈ ਪੂਰਨ ਤੌਰ ਤੇ ਸੂਰਬੀਰਤਾ ਹਾਸਲ ਕਰ ਲਈ ਹੈ। ਐਸੇ ਸੂਰਬੀਰਾਂ ਨੂੰ ਬਾਹਰਲੇ ਸਰੀਰਕ ਦੁਸ਼ਮਣਾਂ ਤੋਂ ਬਚਾਉਣ ਲਈ ਸ਼ਸਤਰਧਾਰੀ ਖਾਲਸਾ ਪੰਥ ਦੀ ਸਾਜਨਾ ਕਰਨੀ ਹੈ। ਸੰਤ ਜੀ, ਤੁਸੀਂ ਦੇਖ ਹੀ ਰਹੇ ਹੋ, ਸਮੇਂ ਦੀ ਜ਼ਾਲਮ ਸਰਕਾਰ ਨੇ ਐਸੇ ਧਰਮ ਦੇ ਰਸਤੇ ਚੱਲਣ ਵਾਲੇ ਸ਼ਾਂਤੀ ਦੇ ਪੁੰਜ, ਗੁਰੂ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰ ਦਿੱਤਾ ਅਤੇ ਸ਼ਰ੍ਹਾ ਤੇ ਤੱਸਬ ਵਿੱਚ ਅੰਨ੍ਹੇ ਹੋਇਆਂ ਨੇ, ਮਾਰ੍ਫਤ ਦੇ ਜਾਣੂ ਇੱਕ ਪਰਮੇਸ਼ਰਵਾਦੀ, 'ਸ਼ਰਮੱਦ' ਵਰਗੇ ਸੱਚੇ ਫਕੀਰ, ਹਜ਼ਾਰਾਂ ਕਤਲ ਕਰਵਾ ਦਿੱਤੇ ਜੋ ਕਿ ਉਨ੍ਹਾਂ ਦੇ ਆਪਣੇ ਹੀ ਮਜ਼ਹਬ ਦੇ ਸਨ। ਇਸ ਲਈ ਸਾਨੂੰ 'ਧਰਮ ਚਲਾਵਨ ਸੰਤ ਉਬਾਰਨ ਦੁਸ਼ਟ ਸਭਨ ਕੋ ਮੂਲ ਉਪਾਰਨ', ਦੇ ਮਹਾਨ ਕੰਮ ਲਈ ਅਕਾਲ ਪੁਰਖ ਵਾਹਿਗੁਰੂ ਨੇ ਭੇਜਿਆ ਸੀ, ਜਿਸ ਵਿੱਚ ਤੋਂ ਅੱਧਾ ਕੰਮ ਵਾਹਿਗੁਰੂ ਦੀ ਕ੍ਰਿਪਾ ਨਾਲ ਸੰਪੂਰਨ ਹੋ ਗਿਆ, ਯਾਨੀ ਧਰਮ ਦੇ ਅੰਦਰੂਨੀ ਸ਼ਤਰੂ ਕਾਮ, ਕ੍ਰੋਧ ਆਦਿਕਾਂ ਦਾ ਮੁਕਾਬਲਾ ਕਰਨ ਲਈ ਸ਼ਾਸਤਰ ਰੂਪੀ ਹਥਿਆਰ ਨਾਲ ਸਾਡੇ ਸਿੱਖ ਲੈਸ ਹੋ ਚੁੱਕੇ ਹਨ। ਯਾਨੀ ਮਹਾਨ ਵਿਦਵਤਾ ਹਾਸਲ ਕਰ ਲਈ ਹੈ। ਹੁਣ ਐਸੇ ਧਰਮੀ, ਜੋ ਆਪ ਪਰਮੇਸ਼ਰ ਦੇ ਹੁਕਮ ਵਿੱਚ ਚੱਲਦੇ ਹਨ ਅਤੇ ਦੂਸਰਿਆਂ ਨੂੰ ਹਰੀ ਦੇ ਹੁਕਮ ਰੂਪੀ ਧਰਮ ਵਿੱਚ ਚਲਣ ਦੀ ਸਿੱਖਿਆ ਦਿੰਦੇ ਹਨ ਜੋ ਕਿ ਮਨੁੱਖ ਜਨਮ ਦਾ ਮੁੱਖ ਨਿਸ਼ਾਨਾ ਹੈ, ਦੀ ਬਾਹਰਲੇ ਸਰੀਰਕ ਦੁਸ਼ਮਣਾਂ ਤੋਂ ਬਚਾ ਕਰਨ ਲਈ, ਸ਼ਸਤਰ ਧਾਰੀ ਖਾਲਸਾ ਪੰਥ ਦੀ ਸਾਜਨਾ ਕਰਨੀ ਹੈ। ਬੱਸ ਸਾਡਾ ਆਉਣ ਦਾ ਇਹੀ ਪ੍ਰਯੋਜਨ ਸੀ। ਜੀਵਾਂ ਨੂੰ ਪਰਮੇਸ਼ਰ ਦੇ ਹੁਕਮ ਵਿੱਚ ਚੱਲਣ ਦੀ ਸੂਝ ਦੇਣੀ, ਜੋ ਹੁਕਮ ਵਿੱਚ ਆਪ ਚੱਲਦੇ ਹਨ ਅਤੇ ਦੂਸਰਿਆਂ ਨੂੰ ਹਰੀ ਦੇ ਹੁਕਮ ਵਿੱਚ ਚੱਲਣ ਦੀ ਸਿੱਖਿਆ ਦਿੰਦੇ ਹਨ, ਐਸੇ ਸੰਤ ਜਨਾਂ ਨੂੰ ਦੁੱਖ ਦੇਣ ਵਾਲੇ ਦੁਸ਼ਟਾਂ ਦੀਆਂ ਜੜ੍ਹਾਂ ਪੁੱਟਣੀਆਂ ਹਨ, ਕਿਉਂਕਿ ਪਰਮੇਸ਼ਰ ਆਪਣੇ ਦਾਸਾਂ ਦਾ ਦੁੱਖ ਨਹੀਂ ਦੇਖ ਸਕਦਾ, ਜਿਵੇਂ—

**ਨਿੰਦਕ ਮਾਰੇ ਤਤਕਾਲਿ ਖਿਨੁ ਟਿਕਣ ਨ ਦਿਤੇ॥**
**ਪ੍ਰਭ ਦਾਸ ਕਾ ਦੁਖੁ ਨ ਖਵਿ ਸਕਹਿ ਫੜਿ ਜੋਨੀ ਜੁਤੇ॥**
**ਮਥੇ ਵਾਲਿ ਪਛਾੜਿਅਨੁ ਜਮ ਮਾਰਗਿ ਮੁਤੇ॥**
**ਦੁਖਿ ਲਗੈ ਬਿਲਲਾਣਿਆ ਨਰਕਿ ਘੋਰਿ ਸੁਤੇ॥**
**ਕੰਠਿ ਲਾਇ ਦਾਸ ਰਖਿਅਨੁ ਨਾਨਕ ਹਰ ਸਤੇ॥**

*(ਗੂਜਰੀ ਵਾਰ, ਪੰਨਾ-੫੨੩/੫੨੪)*

ਇਸ ਪ੍ਰਕਾਰ ਦੇ ਕੁਛ ਬਚਨ ਬਿਵਲਾਸ ਕਰਕੇ ਮਹਾਂਪੁਰਸ਼ ਤਾਂ ਚਲੇ ਗਏ, ਲੇਕਿਨ ਜੋ ਭੇਟਾ ਲੈ ਕੇ ਆਏ ਸਨ, ਉਹ ਦੇਖਣ ਤੋਂ ਐਸੇ ਪ੍ਰਤੀਤ ਹੋ ਰਿਹਾ ਹੈ, ਜਿਵੇਂ ਕਿਸੇ ਪੰਛੀ ਦੇ ਪੰਖ ਹੋਣ। ਹਜ਼ੂਰ ਨੇ ਸ਼ਸਤਰ ਬਣਾਉਣ ਵਾਲੇ ਕਾਰੀਗਰਾਂ ਨੂੰ ਹੁਕਮ ਕੀਤਾ, ਇਹ ਲੈ ਜਾਉ, ਇਨ੍ਹਾਂ ਨੂੰ ਇਕ-ਇਕ ਤੀਰ ਨਾਲ ਲਾ ਕੇ ਕੱਲ੍ਹ ਤੀਸਰੇ ਪਹਿਰ ਦੇ ਦੀਵਾਨ ਵਿੱਚ ਹਾਜ਼ਰ ਕਰਨੇ। ਹੁਕਮ ਮੁਤਾਬਿਕ ਕਾਰੀਗਰਾਂ ਨੇ ਐਸਾ ਹੀ ਕੀਤਾ। ਦੂਸਰੇ ਦਿਨ ਦੀਵਾਨ ਦੇ ਸਮੇਂ ਹਜ਼ੂਰ ਦੇ ਚਰਨਾਂ ਵਿੱਚ ਭੇਟਾ ਕਰ ਦਿੱਤੇ। ਸਤਿਗੁਰਾਂ ਨੇ ਸਿੱਖਾਂ ਨੂੰ ਹੁਕਮ ਕੀਤਾ, ਸਾਰੇ ਸਿੱਖ ਸ਼ਹਿਰ ਦੇ ਚਾਰੋਂ ਤਰਫੋ ਜੰਗਲ ਵਿੱਚ ਚਲੇ ਜਾਉ। ਆਸੀਂ ਇਹ ਤੀਰ ਉਪਰ ਆਕਾਸ਼ ਵੱਲ ਨੂੰ ਚਲਾਵਾਂਗੇ, ਤੁਸੀਂ ਇਹ ਸਾਰੇ ਤੀਰ ਜਿਥੇ ਇਹ ਡਿੱਗਣ ਚੁੱਕ ਕੇ ਸਾਡੇ ਪਾਸ ਲੈ ਆਉਣਾ। ਹੁਕਮ ਮੰਨ ਕੇ ਸਿੱਖ ਚਾਰੋਂ ਤਰਫ ਚਲੇ ਗਏ। ਹਜ਼ੂਰ ਨੇ ਇੱਕ-ਇੱਕ ਕਰਕੇ ਸਾਰੇ ਤੀਰ ਉੱਪਰ ਨੂੰ ਚਲਾ ਦਿੱਤੇ। ਚਲਣ ਵੇਲੇ ਸਭ ਦੇ ਨਜ਼ਰੀਂ ਪਏ ਪਰ ਧਰਤੀ ਤੇ ਕਿਸੇ ਨੇ ਇਕ ਵੀ ਡਿੱਗਦਾ ਨਾ ਦੇਖਿਆ। ਸਾਰੇ ਸਿੱਖ ਖਾਲੀ ਹੱਥ ਵਾਪਸ ਆ ਗਏ। ਹਜ਼ੂਰ ਨੇ ਪੁੱਛਿਆ, ਤੀਰ ਨਹੀਂ ਲੈ ਕੇ ਆਏ? ਅਰਜ਼ ਕੀਤੀ ਗਰੀਬ ਨਵਾਜ਼! ਚਲਦੇ ਤਾਂ ਨਜ਼ਰ ਆਉਂਦੇ ਸਨ, ਲੇਕਿਨ ਥੱਲੇ ਡਿੱਗਿਆ ਕੋਈ ਨਜ਼ਰ ਨਹੀਂ ਆਇਆ। ਮਹਾਰਾਜ ਮੁਸਕਰਾ ਕੇ ਬੋਲੇ, ਦਰ-ਅਸਲ ਇਹ ਤੁਹਾਡੇ ਕੱਲ੍ਹ ਵਾਲੇ ਸਵਾਲ ਦਾ ਜਵਾਬ ਹੈ। ਤੁਸੀਂ ਸ਼ੰਕਾ ਕੀਤੀ ਸੀ ਗੁਰਬਾਣੀ ਪੜ੍ਹਣ ਦਾ ਕੀ ਫਾਇਦਾ ਹੈ। ਇਹ ਭੇਟਾ ਲੈ ਕੇ ਅਜੀਬ ਕਿਸਮ ਦੇ ਭੇਸ ਵਿੱਚ ਕੱਲ੍ਹ ਜੋ ਸੰਤ ਆਏ ਸਨ, ਉਹ ਦੇਵਰਿਸ਼ੀ ਨਾਰਦ ਜੀ ਸਨ। ਉਹ ਹਰ ਯੁਗ ਵਿੱਚ ਹਮੇਸ਼ਾ ਅਮਰ ਹਨ ਅਤੇ ਗੁਪਤ ਪ੍ਰਗਟ ਹੋਣ ਦੀ ਉਨ੍ਹਾਂ ਵਿੱਚ ਸਮਰੱਥਾ ਹੈ। ਉਹ ਜੋ ਭੇਟਾ ਲੈ ਕੇ ਆਏ, ਉਹ ਹਮਾਯੂੰ

ਪੰਛੀ ਦੇ ਖੰਭ ਸਨ ਜੋ ਆਕਾਸ਼ ਵਿੱਚ ਰਹਿੰਦਾ ਹੈ ਅਤੇ ਆਕਾਸ਼ ਵਿੱਚ ਹੀ ਬੱਚੇ ਦਿੰਦਾ ਹੈ। ਇਸ ਧਰਤੀ ਦੀ ਕੋਈ ਸ਼ੈ ਉਸ ਨੂੰ ਬੰਨ੍ਹ ਨਹੀਂ ਸਕਦੀ, ਬਲਕਿ ਜੋ ਚੀਜ਼ ਉਸ ਨੂੰ ਸਪੱਰਸ਼ ਕਰੇਗੀ, ਉਸਨੂੰ ਵੀ ਉਹ ਆਕਾਸ਼ ਵਿੱਚ ਨਾਲ ਹੀ ਲੈ ਜਾਵੇਗਾ। ਤੁਸੀਂ ਦੇਖ ਹੀ ਲਿਆ ਹੈ, ਉਸਦੇ ਖੰਭ ਤੀਰਾਂ ਨੂੰ ਵੀ ਨਾਲ ਹੀ ਲੈ ਗਏ, ਇੱਕ ਵੀ ਥੱਲੇ ਨਹੀਂ ਡਿੱਗਿਆ। ਇਸ ਪ੍ਰਕਾਰ ਗੁਰਬਾਣੀ ਨਿਰੰਕਾਰ ਦੇ ਦੇਸ਼ ਤੋਂ ਆਈ ਹੈ, ਜਿਸ ਇਨਸਾਨ ਦਾ ਮਨ ਇਸ ਪਵਿੱਤਰ ਗੁਰਬਾਣੀ ਨਾਲ ਸਪਰਸ਼ ਕਰੇਗਾ, ਉਸ ਨੂੰ ਆਪਣੇ ਯਾਨੀ ਨਿਰੰਕਾਰ ਦੇ ਦੇਸ਼ ਲੈ ਜਾਵੇਗੀ, ਜਿਥੇ ਨਾ ਜਨਮ ਹੈ, ਨਾ ਮੌਤ ਹੈ, ਨਾ ਹਰਖ ਹੈ, ਨਾ ਸ਼ੋਕ ਹੈ, ਇਕ ਰਸ ਅਨੰਦਾਂ ਦਾ ਸਮੁੰਦਰ ਠਾਠਾਂ ਮਾਰ ਰਿਹਾ ਹੈ।

## ਖਾਲਸਾ ਪੰਥ ਦੀ ਸਾਜਨਾ

ਅਨੰਦਪੁਰ ਸਾਹਿਬ ਵਿਚ ਭਾਰੀ ਰੌਣਕਾਂ ਹੋ ਗਈਆਂ, ਕਿਤੇ ਕੋਈ ਬੈਠਾ ਗੁਰਬਾਣੀ ਦਾ ਪਾਠ ਕਰ ਰਿਹਾ ਹੈ, ਕੋਈ ਵਿਚਾਰ ਕਰ ਰਿਹਾ ਹੈ, ਸੁਭਾ-ਸ਼ਾਮ ਕੀਰਤਨ ਹੁੰਦਾ ਹੈ, ਕਈ ਵਾਰ ਵਿਸ਼ੇਸ਼ ਕੀਰਤਨ ਦਰਬਾਰ ਵੀ ਕੀਤੇ ਜਾਂਦੇ ਹਨ। ਕਲਗੀਧਰ ਪਾਤਿਸ਼ਾਹ ਦਾ ਜਸ, ਦੂਰ-ਦੂਰ ਤੱਕ ਫੈਲ ਰਿਹਾ ਹੈ। ਦੇਸ ਦੇ ਕੋਨੇ-ਕੋਨੇ ਤੋਂ ਸੰਗਤਾਂ ਦਰਸ਼ਨਾਂ ਲਈ ਵਹੀਰਾਂ ਘੱਤੀ ਆ ਰਹੀਆਂ ਹਨ ਲੇਕਿਨ ਦਸ਼ਮੇਸ਼ ਪਿਤਾ ਕਿਸੇ ਡੂੰਘੀ ਸੋਚ ਵਿੱਚ ਪ੍ਰਤੀਤ ਦੇ ਰਹੇ ਹਨ। ਅੱਜ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਹੈ, ਰਾਗੀ ਸਿੰਘਾਂ ਵੱਲੋਂ ਕੀਤਾ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਮਨਾਂ ਨੂੰ ਮੁਗਧ ਕਰ ਰਿਹਾ ਹੈ। ਦਸ਼ਮੇਸ਼ ਪਿਤਾ ਆਤਮ-ਰਸ ਵਿੱਚ ਸਮਾਧਿਸ਼ਟ ਹੋਏ, ਨੇਤਰ ਬੰਦ ਕਰੀਂ ਦਰਬਾਰ ਵਿੱਚ ਇਉਂ ਸ਼ਸ਼ੋਭਿਤ ਹਨ, ਜਿਵੇਂ ਚੰਦਰਮਾ ਨੂੰ ਪਰਿਵਾਰ ਆਇਆ ਹੋਵੇ। ਆਸਾ ਦੀ ਵਾਰ ਦੇ ਭੋਗ ਉਪਰੰਤ ਅਰਦਾਸ ਹੋਈ, ਲੇਕਿਨ ਹਜ਼ੂਰ ਨੇਤਰ ਨਹੀਂ ਖੋਲ੍ਹ ਰਹੇ, ਸਭ ਸੰਗਤ ਪਵਿੱਤਰ ਚਿਹਰੇ ਵੱਲ ਇੱਕ ਟੱਕ ਤੱਕ ਰਹੀ ਹੈ। ਅਚਾਨਕ ਨੇਤਰ ਖੋਲ੍ਹੇ, ਪਵਿੱਤਰ ਬੁਲ੍ਹਾਂ ਵਿੱਚੋਂ ਧੀਮੀ, ਰਸ-ਭਰੀ ਆਵਾਜ਼ ਨਿਕਲੀ—

**ਠਾਢਿ ਭਇਉ ਮੈਂ ਜੋਰਿ ਕਰਿ ਬਚਨ ਕਹਾ ਸਿਰ ਨਿਯਾਏ॥**
**ਪੰਥ ਚਲੈ ਤਬੁ ਜਗਤੁ ਮਹਿ ਜਬੁ ਤੁਮ ਕਰਹੁ ਸਹਾਏ॥**

*(ਦਸਮ ਗ੍ਰੰਥ)*

ਸਭ ਸੰਗਤਾਂ ਨੇ ਨਮਸਕਾਰਾਂ ਕੀਤੀਆਂ, ਬਾਹਰੋਂ ਆਈਆਂ ਸੰਗਤਾਂ ਨੇ ਆਪੋ-ਆਪਣੀਆਂ ਭੇਟਾਵਾਂ ਪੇਸ਼ ਕੀਤੀਆਂ, ਹਜ਼ੂਰ ਨੇ ਸਭ ਨੂੰ ਖੇਮ-ਕੁਸ਼ਲ ਪੁੱਛੀ। ਹਜ਼ੂਰੀ ਸੇਵਾਦਾਰ ਨੂੰ ਹੁਕਮ ਕੀਤਾ, ਦੇਸ-ਪ੍ਰਦੇਸ ਦੀਆਂ ਸਭ ਸੰਗਤਾਂ ਨੂੰ ਹੁਕਮਨਾਮਾ ਜਾਰੀ, ਕਰ ਦਿਉ, ਕਿ ਵੈਸਾਖੀ ਵਾਲੇ ਦਿਨ ਕੇਸ਼ਗੜ੍ਹ ਵਾਲੇ ਅਸਥਾਨ ਤੇ ਅਕਾਲਪੁਰਖ ਦੇ ਹੁਕਮ ਅਨੁਸਾਰ ਬੜਾ ਭਾਰੀ ਸਮਾਗਮ ਹੋ ਰਿਹਾ ਹੈ। ਉਸ ਵਿੱਚ ਦੂਰ ਨੇੜੇ ਦੀਆਂ ਸਭ ਸੰਗਤਾਂ ਹਾਜ਼ਰ ਹੋ ਕੇ, ਗੁਰੂ ਨਾਨਕ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਹੁਕਮ ਅਨੁਸਾਰ ਸਭ ਸੰਗਤਾਂ ਨੂੰ ਚਿੱਠੀ ਪੱਤਰਾਂ ਰਾਹੀਂ ਸੂਚਤ ਕਰ ਦਿੱਤਾ ਗਿਆ। ਸ੍ਰੀ ਕੇਸ਼ਗੜ੍ਹ ਵਾਲੇ ਅਸਥਾਨ ਤੇ ਪੰਡਾਲ ਆਦਿ ਲਗਾ ਕੇ, ਵੱਡੇ ਪੈਮਾਨੇ ਤੇ ਤਿਆਰੀਆਂ ਸ਼ੁਰੂ ਹੋ ਗਈਆਂ। ਵੈਸਾਖੀ ਨਜ਼ਦੀਕ ਜਾਣ ਕੇ ਦੇਸ ਦੇ ਕੋਨੇ-ਕੋਨੇ ਤੋਂ ਸੰਗਤਾਂ ਅਨੰਦਪੁਰ ਸਾਹਿਬ ਪਹੁੰਚਣੀਆਂ ਸ਼ੁਰੂ ਹੋ ਗਈਆਂ। ਲੱਖਾਂ ਦੀ ਤਾਦਾਦ ਵਿੱਚ ਸੰਗਤਾਂ ਅਨੰਦਪੁਰ ਸਾਹਿਬ ਪਹੁੰਚ ਗਈਆਂ। ਨੀਯਤ ਦਿਨ ਤੇ ਯਾਨੀ ਵੈਸਾਖੀ ਵਾਲੇ ਦਿਨ ਸ੍ਰੀ ਕੇਸਗੜ੍ਹ ਵਾਲੇ ਅਸਥਾਨ ਤੇ ਦੀਵਾਨ ਸਜਿਆ, ਜਿਸ ਵਿੱਚ ਭਾਰੀ ਗਿਣਤੀ ਨਾਲ ਸੰਗਤਾਂ ਹਾਜ਼ਰ ਹੋਈਆਂ। ਨਾਲ ਹੀ ਇੱਕ ਤੰਬੂ ਲੱਗਿਆ ਹੋਇਆ ਹੈ, ਸਭ ਸੰਗਤਾਂ ਇੱਕ ਟੱਕ ਨਜ਼ਰ ਜਮਾਈ, ਉਸ ਤੰਬੂ ਵੱਲ ਤੱਕ ਰਹੀਆਂ ਹਨ। ਅਚਾਨਕ ਦਸ਼ਮੇਸ਼ ਪਿਤਾ ਚਮਕਦੀ ਹੋਈ ਨੰਗੀ ਤਲਵਾਰ ਲੈ ਕੇ ਸਟੇਜ ਤੇ ਆਏ, ਹੁਕਮ ਕੀਤਾ ਸਾਨੂੰ ਇੱਕ ਸਿਰ ਦੀ ਲੋੜ ਹੈ, ਕੋਈ ਨਿਤਰੋ! ਹਜ਼ੂਰ ਦੇ ਪਵਿੱਤਰ ਚਿਹਰੇ ਦਾ ਜਲਾਲ ਦੇਖਕੇ ਅਤੇ ਸਿਰ ਦੀ ਮੰਗ ਸੁਣਕੇ ਸਾਰੇ ਪੰਡਾਲ ਵਿੱਚ ਹਿੱਲਜੁਲ ਮੱਚ ਗਈ। ਸਭ ਲੋਕ ਸਹਿਮ ਗਏ, ਚੁੱਪ ਛਾ ਗਈ। ਮੌਤ ਨੂੰ ਕੌਣ ਕਬੂਲ ਕਰੇ? ਹਜ਼ੂਰ ਨੇ ਫਿਰ ਗਰਜਵੀਂ ਆਵਾਜ਼ ਵਿੱਚ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੀ ਇਹ ਪੰਕਤੀ ਉਚਾਰਨ ਕੀਤੀ—

**ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥**

*(ਵਾਰਾਂ ਤੇ ਵਧੀਕ, ਪੰਨਾ—੧੪੧੨)*

ਹਜ਼ੂਰ ਦੇ ਪਵਿੱਤਰ ਮੁੱਖ ਤੋਂ ਐਸਾ ਵਚਨ ਸੁਣਕੇ ਲਾਹੌਰ ਦੇ ਰਹਿਣ ਵਾਲੇ, ਭਾਈ ਦਇਆ ਰਾਮ ਨੇ ਮਨ ਵਿੱਚ ਸੋਚਿਆ—

**ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਾਰੀਆ॥**

*(ਆਸਾ ਮ: ੪, ਪੰਨਾ—੪੪੯)*

ਇਸ ਪੰਕਤੀ ਦਾ ਭਾਵ ਸਮਝਦੇ ਹੀ, ਉੱਠਕੇ ਸਿਰ ਪੇਸ਼ ਕਰ ਦਿੱਤਾ। ਗੁਰੂ ਸਾਹਿਬ ਬਾਂਹ ਤੋਂ ਫੜ੍ਹਕੇ ਤੰਬੂ ਵਿੱਚ ਲੈ ਗਏ, ਜ਼ੋਰਦਾਰ ਤਲਵਾਰ ਚੱਲੀ, ਜੋ ਬਾਹਰ ਡਰ ਨਾਲ ਸਹਿਮੀ ਹੋਈ ਸੰਗਤ ਨੂੰ ਸੁਣਾਈ ਦਿੱਤੀ। ਥੋੜ੍ਹੀ ਦੇਰ ਬਾਅਦ ਹਜ਼ੂਰ ਤੰਬੂ ਵਿੱਚੋਂ ਬਾਹਰ ਆਏ, ਹੱਥ ਵਿੱਚ ਲਹੂ ਨਾਲ ਲਿਬੜੀ ਨੰਗੀ ਤਲਵਾਰ ਹੈ, ਫਿਰ ਉਹੀ ਬਚਨ ਕੀਤਾ, ਕਿ ਇੱਕ ਸਿਰ ਹੋਰ ਚਾਹੀਦਾ ਹੈ, ਬੱਸ ਸੁਣਦੇ ਸਾਰ ਹੀ ਭਾਈ ਧਰਮਦਾਸ ਜੀ ਉੱਠੇ। ਪਵਿੱਤਰ ਮੁੱਖ ਤੋਂ ਇਹ ਪੰਕਤੀ ਉਚਾਰਨ ਕਰ ਰਹੇ ਹਨ—

**ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥**
**ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥**

*(ਵਡਹੰਸ ਮ: ੧, ਪੰਨਾ—੫੫੮)*

ਬੱਸ ਆਪਣਾ ਸਿਰ ਭੇਟ ਕਰ ਦਿੱਤਾ। ਪਹਿਲਾਂ ਦੀ ਤਰ੍ਹਾਂ ਗੁਰੂ ਸਾਹਿਬ ਜੀ ਭਾਈ ਧਰਮਦਾਸ ਨੂੰ ਤੰਬੂ ਵਿੱਚ ਲੈ ਗਏ, ਉਸੇ ਤਰ੍ਹਾਂ ਤਲਵਾਰ ਚੱਲੀ, ਬਾਹਰ ਸਭ ਨੂੰ ਸੁਣਾਈ ਦਿੱਤੀ। ਥੋੜ੍ਹੀ ਦੇਰ ਬਾਅਦ ਫਿਰ ਖ਼ੂਨ ਦੀ ਲਿਬੜੀ ਤਲਵਾਰ ਲੈ ਕੇ ਬਾਹਰ ਆਏ, ਫਿਰ ਸਿਰ ਦੀ ਮੰਗ ਕੀਤੀ। ਇਸ ਪ੍ਰਕਾਰ ਇੱਕ-ਇੱਕ ਕਰਕੇ, ਭਾਈ ਹਿੰਮਤ ਚੰਦ ਜੀ, ਭਾਈ ਮੋਹਕਮ ਚੰਦ ਜੀ, ਭਾਈ ਸਾਹਿਬ ਚੰਦ ਜੀ ਨੇ ਗੁਰੂ ਜੀ ਅਮਾਨਤ ਜਾਣ ਕੇ ਆਪਣੇ ਸੀਸ ਭੇਟ ਕਰ ਦਿੱਤੇ। ਪੰਜਾਂ ਨੂੰ ਮਹਾਰਾਜ ਨੇ ਅੰਮ੍ਰਿਤ ਛਕਾਇਆ ਤੇ ਸਿੰਘ ਨਾਮ ਬਖਸ਼ਿਸ਼ ਕੀਤੇ। ਥੋੜ੍ਹੀ ਦੇਰ ਬਾਅਦ ਪੰਜਾਂ ਨੂੰ ਸਟੇਜ ਤੇ ਲਿਆ ਕੇ, ਸੰਗਤ ਦੇ ਸਨਮੁਖ ਪਿਆਰਿਆਂ ਦਾ ਖਿਤਾਬ ਦੇ ਕੇ ਨਿਵਾਜਿਆ ਅਤੇ ਬੇਅੰਤ ਵਰ ਦਿੱਤੇ—

**ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮੇ ਹਉਂ ਕਰਉਂ ਨਿਵਾਸ॥**
**ਹੌ ਖਾਲਸੇ ਕੋ ਖਾਲਸਾ ਮੇਰੋ॥ ਓਤ-ਪੋਤ ਸਾਗਰ ਬੂੰਦੇਰੋ॥**

*(ਦਸਮ ਗ੍ਰੰਥ)*

ਐਸੇ ਅਨੇਕਾਂ ਵਰ ਦਿੱਤੇ-ਤੁਹਾਥੋਂ ਅੱਗੇ ਸੰਪਰਦਾਵਾਂ ਚੱਲਣਗੀਆਂ, ਜਿਨ੍ਹਾਂ ਦੀ ਸੰਗਤ ਦੁਆਰਾ ਅਨੇਕਾਂ ਜੀਵ ਮਨੁੱਖ ਜਨਮ ਦੀ ਸਫਲਤਾ ਯਾਨੀ ਸਦਗਤੀ ਨੂੰ ਪ੍ਰਾਪਤ ਹੋਣਗੇ ਅਤੇ ਤਰੁੱਠ ਕੇ ਬ੍ਰਹਮਗਿਆਨ ਦੀ ਦਾਤ ਬਖਸ਼ਿਸ਼ ਕੀਤੀ। ਜਿਤਨੀ ਵੱਡੀ ਕੁਰਬਾਨੀ, ਉਤਨੀ ਵੱਡੀ ਪ੍ਰਾਪਤੀ। ਜਿਸ ਵਸਤੂ ਨੂੰ ਸਿਧ, ਮਨੀ, ਜੋਗੀ ਤਰਸ ਰਹੇ ਸਨ ਉਹ ਅਵੱਸਥਾ ਇੱਕ ਛਿਨ ਵਿੱਚ ਬਖਸ਼ਿਸ਼ ਕਰਕੇ ਪੰਜੇ ਸਿੰਘ ਨਿਹਾਲ ਕਰ ਦਿੱਤੇ—

**ਜੋ ਗਤਿ ਕਉ ਜੋਗੀਸਰ ਬਾਛਤ ਸੋ ਗਤਿ ਛਿਨੁ ਮਹਿ ਪਾਈ॥**

## ਸਿੱਖਾਂ ਦਾ ਵਿਦਿਆ ਪੜ੍ਹਕੇ ਕਾਸ਼ੀ ਤੋਂ ਵਾਪਸ ਆਉਣਾ॥

ਅਨੰਦਪੁਰ ਸਾਹਿਬ ਵਿੱਚ ਬਹੁਤ-ਗਹਿਮਾ-ਗਹਿਮੀ ਹੋ ਗਈ, ਲੱਖਾਂ ਸੰਗਤਾਂ ਦੀ ਆਵਾਜਾਈ ਸ਼ੁਰੂ ਹੋ ਗਈ, ਸਮੇਂ ਦੇ ਹਾਲਾਤ ਨੂੰ ਮੁੱਖ ਰੱਖਕੇ ਯੁੱਧਾਂ ਦੀਆਂ ਤਿਆਰੀਆਂ, ਜੰਗੀ ਮਸ਼ਕਾਂ ਸ਼ੁਰੂ ਹੋਣ ਲੱਗੀਆਂ। ਸਵੇਰੇ-ਸ਼ਾਮ ਦੀਵਾਨ ਸੱਜਦੇ, ਗੁਰਬਾਣੀ ਦਾ ਕੀਰਤਨ, ਕਥਾ, ਵੀਚਾਰ ਹੁੰਦੀ। ਸੰਗਤਾਂ ਦੀ ਬਹੁਲਤਾ ਨੂੰ ਦੇਖਕੇ ਹਜ਼ੂਰ ਨੇ ਹੁਕਮ ਕੀਤਾ, ਕਿ ਇੱਕ ਲੰਗਰ ਵਿੱਚ ਸਾਰੀ ਸੰਗਤ ਨੂੰ ਮੁਸ਼ਕਿਲ ਆਉਂਦੀ ਹੈ। ਇਸ ਲਈ ਜਗ੍ਹਾ-ਜਗ੍ਹਾ ਲੰਗਰ ਖੋਲ੍ਹ ਦਿੱਤੇ ਜਾਣ। ਮੁਖੀ-ਮੁਖੀ ਸਿੱਖਾਂ ਦੀ ਸਰਪ੍ਰਸਤੀ ਹੇਠ ਲੰਗਰ ਚਾਲੂ ਕਰ ਦਿੱਤੇ ਗਏ। ਹੁਕਮ ਕੀਤਾ, ਲੰਗਰ ਦਿਨ-ਰਾਤ ਚੱਲਦੇ ਰਹਿਣੇ ਚਾਹੀਦੇ ਹਨ, ਕਿਉਂਕਿ ਦੂਰ ਦੀਆਂ ਸੰਗਤਾਂ ਪੈਦਲ ਪੈਂਡਾ ਤੈਅ ਕਰਦੀਆਂ ਹੋਈਆਂ, ਥੱਕ-ਟੁੱਟ ਕੇ ਰਾਤ ਨੂੰ ਪਹੁੰਚਦੀਆਂ ਹਨ। ਆਉਂਦਿਆਂ ਨੂੰ ਲੰਗਰ ਛਕਾਉਣਾ, ਰਿਹਾਇਸ਼ ਆਦਿ ਦਾ ਪ੍ਰਬੰਧ ਕਰਨਾ, ਤਾਂ ਕਿ ਸਭ ਸੰਗਤਾਂ ਨੂੰ ਆਰਾਮ ਮਿਲੇ। ਹੁਕਮ ਦੀ ਤਾਮੀਲ ਕੀਤੀ ਗਈ, ਜਗ੍ਹਾ-ਜਗ੍ਹਾ ਲੰਗਰ ਚਾਲੂ ਕਰ ਦਿੱਤੇ ਗਏ।

ਇਕ ਦਿਨ ਤੀਸਰੇ ਪਹਿਰ ਦੇ ਦੀਵਾਨ ਵਿੱਚ ਸੰਗਤਾਂ ਸਜੀਆਂ ਹੋਈਆਂ ਹਨ ਤੇ ਹਜ਼ੂਰ ਵੀ ਸੁਨਹਿਰੀ ਸਿੰਘਾਸਣ

ਤੇ ਸੁਭਾਇਮਾਨ ਹੋ ਰਹੇ ਹਨ। ਇਤਨੇ ਨੂੰ ਸੰਨਿਆਸੀਆਂ ਵਾਲੇ ਭਗਵੇਂ ਵੇਸ ਵਿੱਚ ਪੰਜ ਸਿੱਖ ਦਰਬਾਰ ਵਿੱਚ ਪਹੁੰਚੇ। ਹਜ਼ੂਰ ਦੇ ਚਰਨਾਂ ਤੇ ਨਮਸਾਕਰ ਕਰ, ਗਲਾਂ ਵਿੱਚ ਪੱਲੇ ਪਾ ਕੇ ਇਉਂ ਉਚਾਰਨ ਕੀਤਾ—

**ਚਿਰੀ ਵਿਛੁੰਨੇ ਮੇਲਿਅਨੁ ਸਤਗੁਰ ਪੰਨੇ ਪਾਇ॥**
**ਆਪੇ ਕਾਰ ਕਰਾਇਸੀ ਅਵਰੁ ਨ ਕਰਣਾ ਜਾਇ॥**

*(ਸ੍ਰੀਰਾਗੁ ਮ: ੩, ਪੰਨਾ-੩੨)*

**ਸਤਿਗੁਰ ਵਿਚਿ ਵਡੀ ਵਡਿਆਈ॥ ਚਿਰੀ ਵਿਛੁੰਨੇ ਮੇਲਿ ਮਿਲਾਈ॥**

*(ਆਸਾ ਮ: ੩, ਪੰਨਾ-੩੬੧)*

ਹਜ਼ੂਰ ਨੇ ਗੰਡਾ ਸਿੰਘ ਨੂੰ ਗਲੇ ਨਾਲ ਲਾ ਕੇ ਪਵਿੱਤਰ ਮੁੱਖ ਤੋਂ ਉਚਾਰਨ ਕੀਤਾ — ਨਿਹਾਲ, ਨਿਹਾਲ ਸਿੱਖਾਂ ਨਿਹਾਲ, ਤੁਸੀਂ ਕਾਸ਼ੀ ਵਿੱਚ ਰਹਿਕੇ ਗੁਰੂ ਨਾਨਕ ਦੇ ਨਾਮ ਨੂੰ ਉੱਚਾ ਕੀਤਾ ਹੈ, ਇਸ ਲਈ ਗੁਰੂ ਨਾਨਕ ਦੇ ਘਰ ਦਾ ਪ੍ਰਸ਼ਾਦ ਰਸ ਚੱਖੋ। ਲੋਹੇ ਦੇ ਪਾਰਸ ਨਾਲ ਸਪਰਸ਼ ਕਰਨ ਦੀ ਦੇਰ ਸੀ, ਲੋਹਾ ਭਜਦਾ ਨਜ਼ਰ ਨਹੀਂ ਆਇਆ, ਸੋਨਾ-ਹੀ-ਸੋਨਾ ਰਹਿ ਗਿਆ, ਰੋਮ-ਰੋਮ ਵਿੱਚੋਂ ਤੂਹੀਂ-ਤੂਹੀਂ ਦੀ ਆਵਾਜ਼ ਆ ਰਹੀ ਹੈ। ਬਾਕੀ ਚਾਰ ਸਿੱਖਾਂ ਨੂੰ ਵੀ ਹੁਕਮ ਕੀਤਾ ਕਿ ਤੁਸੀਂ ਵੀ ਹੁਕਮ ਵਿੱਚ ਰਹਿ ਕੇ ਕਿਤਨੇ ਸਾਲ ਸਖ਼ਤ ਘਾਲਣਾ ਘਾਲੀ ਹੈ, ਗੁਰੂ ਨਾਨਕ ਦੇ ਚਰਨਾਂ ਦਾ ਪਿਰਮਰੱਸ ਚੱਖੋ, ਬੱਸ ਕੀ ਦੇਰੀ ਸੀ, ਨਦਰੀ ਨਦਰ ਨਿਹਾਲ ਕਰ ਦਿੱਤੇ। ਹੁਕਮ ਕੀਤਾ ਸਿੱਖਾਂ ਨੂੰ ਅਤੇ ਹੋਰ ਲੋੜਵੰਦਾਂ ਨੂੰ ਵਿਦਿਆ ਪੜ੍ਹਾਉਣੀ ਸ਼ੁਰੂ ਕਰ ਦਿਉ ਅਤੇ ਸੰਸਕ੍ਰਿਤ ਦੇ ਮਹਾਂਭਾਰਤ ਅਦਿਕ ਗ੍ਰੰਥਾਂ ਦੇ ਭਾਸ਼ਾ ਵਿੱਚ ਉਲੱਥੇ ਕਰੋ। ਗੁਰੂ ਹੁਕਮ ਵਿੱਚ ਰਹਿਕੇ ਜੋ ਖਜ਼ਾਨਾ ਵਿਦਿਆ ਦਾ ਹਾਸਲ ਕੀਤਾ ਹੈ, ਉਸਦੇ ਖੁੱਲ੍ਹੇ ਭੰਡਾਰੇ ਵਰਤਾਉ ਅਤੇ ਮਾਇਆ ਮੋਹ ਵਿੱਚ ਫਸ ਰਹੇ ਜੀਵਾਂ ਦੇ ਹੰਕਾਰ ਰੂਪੀ ਜਾਲ ਨੂੰ, ਗਿਆਨ ਦੇ ਖੜਗ ਨਾਲ ਕੱਟਕੇ, ਮੋਖਸ਼ ਰੂਪੀ ਆਜ਼ਾਦੀ ਬਖਸ਼ਿਸ਼ ਕਰੋ। ਗੁਰੂ ਨਾਨਕ ਨੇ ਤਰੁੱਠ ਕੇ ਗਿਆਨ ਰੂਪੀ ਖਜ਼ਾਨੇ ਦੀਆਂ ਚਾਬੀਆਂ ਤੁਹਾਨੂੰ ਬਖਸ਼ਿਸ਼ ਕੀਤੀਆਂ ਹਨ, ਇਸ ਨੂੰ ਹੋਰ ਲੋੜਵੰਦਾਂ ਵਿੱਚ ਵਰਤਾਉ। ਇਉਂ ਪੰਜੇ ਸਿੱਖਾਂ ਨੂੰ ਵਰਦਾਨਾਂ ਨਾਲ ਮਾਲਾ-ਮਾਲ ਕਰ ਦਿੱਤਾ। ਸ਼ਾਮ ਦੇ ਦੀਵਾਨ ਦੀ ਸਮਾਪਤੀ ਹੋ ਗਈ।

## ਹਜ਼ੂਰ ਨੇ ਭਗਵਾਂ ਭੇਸ ਧਾਰਨ ਕਰਕੇ ਲੰਗਰਾਂ ਦੀ ਪਰੀਖਿਆ ਕਰਨੀ

ਇੱਕ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜਾ ਜੀ ਅਨੰਦਪੁਰੀ ਵਿੱਚ ਚੱਲ ਰਹੇ ਲੰਗਰਾਂ ਦੀ ਪ੍ਰੀਖਿਆ ਲੈਣ ਹਿੱਤ, ਆਪਣਾ ਸ਼ਾਹੀ ਸੂਰਬੀਰਾਂ ਵਾਲਾ ਲਿਬਾਸ ਬਦਲਕੇ, ਭਗਵਾਂ ਵੇਸ ਯਾਨੀ ਵਿਰੱਕਤ ਸਾਧੂਆਂ ਵਾਲਾ ਭਗਵਾਂ ਵੇਸ ਧਾਰਨ ਕਰ, ਹੱਥ ਵਿੱਚ ਚਿੱਪੀ ਲੈ, ਕਿਲ੍ਹੇ ਵਿੱਚੋਂ ਨਿਕਲੇ। ਅੱਧੀ ਰਾਤ ਦਾ ਸਮਾਂ ਹੈ ਇਕ ਲੰਗਰ ਵਿੱਚ ਪਹੁੰਚ ਕੇ ਪ੍ਰਸ਼ਾਦ ਛਕਣ ਦੀ ਯਾਚਨਾ ਕੀਤੀ। ਲੰਗਰ ਵਾਲੇ ਬੋਲੇ ਇਹ ਕੋਈ ਪ੍ਰਸ਼ਾਦ ਦਾ ਸਮਾਂ ਹੈ, ਅੱਧੀ ਰਾਤ ਤੈਨੂੰ ਲੰਗਰ ਕਿੱਥੋਂ ਦੇਈਏ? ਉੱਥੋਂ ਚੱਲਕੇ ਦੂਸਰੇ ਲੰਗਰ ਵਿੱਚ ਗਏ। ਅੱਗੇ ਲੰਗਰ ਦੇ ਸੇਵਾਦਾਰ ਦੂਸਰੇ ਲੰਗਰ ਵਾਲਿਆਂ ਦੀ ਨਿੰਦਾ ਕਰ ਰਹੇ ਹਨ। ਅੰਦਰ ਪ੍ਰਵੇਸ਼ ਕਰਕੇ ਹਰੀ ਨਰਾਇਣ ਬੁਲਾਈ, ਅੱਗੋਂ ਉਹੀ ਜਵਾਬ ਮਿਲਿਆ, ਜੋ ਪਹਿਲੇ ਲੰਗਰ ਵਿੱਚੋਂ ਮਿਲਿਆ ਸੀ। ਏਥੋਂ ਚੱਲਕੇ ਤੀਜੇ ਲੰਗਰ ਵਿੱਚ ਗਏ, ਅੱਗੇ ਸੇਵਾਦਾਰ ਆਪਸ ਵਿੱਚ ਮਜ਼ਾਕ ਮਸਕੂਲ੍ਹਾ ਕਰ ਰਹੇ ਹਨ। ਪ੍ਰਸ਼ਾਦਿਆਂ ਦੀ ਮੰਗ ਕੀਤੀ, ਪਰੰਤੂ ਜਵਾਬ ਨਾਹ ਵਿੱਚ ਮਿਲਿਆ। ਫਿਰ ਅੱਗੇ ਇੱਕ ਹੋਰ ਲੰਗਰ ਵਿੱਚ ਗਏ, ਉਥੇ ਵੇਖਿਆ ਸਾਰੇ ਸੇਵਾਦਾਰ ਸੁੱਤੇ ਪਏ ਹਨ। ਉਥੋਂ ਬਿਨਾਂ ਬੋਲੇ ਵਾਪਸ ਆ ਗਏ। ਅੱਗੇ ਇੱਕ ਹੋਰ ਲੰਗਰ ਹੈ, ਜਿਸਦੀ ਸੇਵਾ ਪਿਆਰਾ ਭਾਈ ਧਰਮ ਸਿੰਘ ਜੀ ਕਰਵਾ ਰਹੇ ਹਨ। ਹਜ਼ੂਰ ਵਿਰੱਕਤ ਵੇਸ ਵਿੱਚ ਜਿਸ ਸਮੇਂ ਉਸ ਲੰਗਰ ਦੇ ਦਰਵਾਜ਼ੇ ਤੇ ਪਹੁੰਚੇ ਤਾਂ ਕੀ ਦੇਖ ਰਹੇ ਹਨ, ਭਾਈ ਧਰਮ ਸਿੰਘ ਜੀ ਸਾਰੇ ਸੇਵਾਦਾਰਾਂ ਨੂੰ ਜਪੁਜੀ ਸਾਹਿਬ ਦਾ ਪਾਠ ਕਰਵਾ ਰਹੇ ਹਨ। ਜਿਸ ਵਕਤ ਪਾਠ ਪੂਰਾ ਹੋਇਆ ਹਜ਼ੂਰ ਅਛੋਪਲੇ ਜਿਹੇ ਅੰਦਰ ਪ੍ਰਵੇਸ਼ ਹੋਏ, ਤਾਂ ਸਾਰੇ ਸੇਵਾਦਾਰਾਂ ਨੇ ਸਾਧੂ ਜਾਣਕੇ, ਨਮਸ਼ਕਾਰ ਕਰ ਲੰਗਰ ਪਾਣੀ ਛੱਕਣ ਲਈ ਬੇਨਤੀ ਕੀਤੀ। ਹਜ਼ੂਰ ਨੇ ਝੱਟ ਆਪਣਾ ਭੇਸ ਬਦਲਕੇ ਧਰਮ ਸਿੰਘ ਨੂੰ ਜੱਫੀ ਵਿੱਚ ਲੈ ਲਿਆ। ਪਵਿੱਤਰ ਮੁੱਖ ਤੋਂ ਉਚਾਰਨ ਕੀਤਾ ਭਾਈ ਧਰਮ ਸਿੰਘ ਤੂੰ ਧੰਨ ਹੈਂ, ਤੇਰੀ ਸੇਵਾ ਧੰਨ ਹੈ, ਤੇਰੀ ਨਿਮਰਤਾ ਧੰਨ ਹੈ, ਤੂੰ ਅੱਜ ਦੂਜੀ ਪਰੀਖਿਆ ਵਿੱਚੋਂ ਪੂਰੇ ਸੌ ਫ਼ੀਸਦੀ ਨੰਬਰ ਲੈ ਕੇ ਪਾਸ ਹੋਇਆ ਹੈਂ। ਤੂੰ ਹਰ ਪ੍ਰਕਾਰ ਨਾਲ ਮਾਣ ਵਡਿਆਈ

ਦੀ ਮੈਲ ਤੋਂ ਰਹਿਤ ਨਿਰਮਲ-ਪਦ ਵਿੱਚ ਇਸਥਿਤੀ ਪਾਈ ਹੈ। ਤੇਰੇ ਨਾਮ ਤੇ ਨਿਰਮਲ ਸੰਪਰਦਾਇ ਚਲੇਗੀ, ਉਸ ਵਿੱਚ ਵੱਡੇ-ਵੱਡੇ ਮਹਾਨ ਤੇਜਸਵੀ ਮਹਾਂਪੁਰਖ ਹੁੰਦੇ ਰਹਿਣਗੇ, ਵੱਡੇ-ਵੱਡੇ ਚਕਰਵਰਤੀ ਰਾਜੇ ਮਹਾਰਾਜੇ ਉਨ੍ਹਾਂ ਦੇ ਚਰਨਾਂ ਵਿੱਚ ਝੁੱਕਣਗੇ। ਆਪਣੇ ਆਪ ਨੂੰ ਉੱਚੀਆਂ ਕੁਲਾਂ ਦੇ ਮੰਨਣ ਵਾਲੇ ਉਨ੍ਹਾਂ ਤੋਂ ਵਿਦਿਆ ਪੜ੍ਹਣ ਆਇਆ ਕਰਣਗੇ, ਮੋਖਸ਼ ਦੀ ਇੱਛਾ ਵਾਲੇ ਉਨ੍ਹਾਂ ਦੀ ਸ਼ਰਨ ਵਿੱਚ ਆ ਕੇ ਆਤਮ-ਪਦ ਦੀ ਪ੍ਰਾਪਤੀ ਕਰਿਆ ਕਰਣਗੇ। ਗਰੀਬਾਂ, ਅਨਾਥਾਂ, ਲੋੜਵੰਦਾਂ ਲਈ ਅੰਨ-ਛੇਤਰ ਚਲਾਉਣਗੇ। ਸੰਸਾਰਕ ਲੋੜਾਂ ਦੀ ਭੁੱਖ ਵਾਲੇ ਉਨ੍ਹਾਂ ਦੇ ਚਰਨਾਂ ਵਿੱਚ ਆ ਕੇ ਸੰਸਾਰਕ ਪਦਾਰਥ ਯਾਨੀ ਧਨ-ਪਦਾਰਥ, ਪੁਤਰ-ਆਦਿ ਦੀਆਂ ਦਾਤਾਂ ਪ੍ਰਾਪਤ ਕਰਿਆ ਕਰਣਗੇ। ਸੰਸਾਰ ਦਾ ਕੋਈ ਪਦਾਰਥ ਉਨ੍ਹਾਂ ਲਈ ਅਦੇਅ ਨਹੀਂ ਹੋਵੇਗਾ। ਤਮਾਮ ਪਦਾਰਥਾਂ ਦੇ ਖਜ਼ਾਨਿਆਂ ਦੀਆਂ ਚਾਬੀਆਂ ਉਨ੍ਹਾਂ ਪਾਸ ਹੋਣਗੀਆਂ। ਐਸੇ ਅਨੇਕ ਵਰਾਂ ਨਾਲ ਭਾਈ ਧਰਮ ਸਿੰਘ ਜੀ ਨੂੰ ਮਾਲਾ-ਮਾਲ ਕਰਕੇ ਆਪਣਾ ਭਗਵਾਂ ਵੇਸ ਸਮੇਤ ਚਿੱਪੀ ਦੇ ਭਾਈ ਧਰਮ ਸਿੰਘ ਦੀ ਝੋਲੀ ਵਿੱਚ ਪਾ ਦਿੱਤਾ। ਭਾਈ ਧਰਮ ਸਿੰਘ ਜੀ ਜਾਣਦੇ ਸਨ ਕਿ ਇਹ ਕਿਸੇ ਦੀ ਅਮਾਨਤ ਹੈ। (ਨੋਟ— ਗਿਆਨੀ ਗਿਆਨ ਸਿੰਘ ਜੀ ਰਚਿਤ ਨਿਰਮਲ ਪੰਥ ਪ੍ਰਦੀਪਕਾ ਵਿੱਚੋਂ ਧੰਨਵਾਦ ਸਹਿਤ)

## ਸਾਧੂਆਂ ਦੇ ਸ਼ੰਕੇ ਦਾ ਉੱਤਰ

ਸਰਦੀ ਦਾ ਮੌਸਮ ਹੈ, ਇੱਕ ਦਿਨ ਕਲਗੀਧਰ ਪਾਤਸ਼ਾਹ ਧੁੱਪ ਵਿੱਚ ਆਰਾਮ ਕੁਰਸੀ ਤੇ ਸਸ਼ੋਭਿਤ ਹਨ, ਉਸ ਸਮੇਂ ਕੁਝ ਸਾਧੂ ਲੋਕ ਦਰਸ਼ਨਾਂ ਲਈ ਆਏ, ਨਮਸ਼ਕਾਰ ਕਰਕੇ ਚਰਨਾਂ ਵਿੱਚ ਬੈਠ ਗਏ। ਹਜ਼ੂਰ ਨੇ ਸਭ ਨੂੰ ਕੁਸ਼ਲ ਖੇਮ ਪੁੱਛੀ, ਲੰਗਰ ਵਿੱਚ ਜਾ ਕੇ ਕੁਛ ਛਕਣ ਲਈ ਕਿਹਾ। ਮਹਾਤਮਾ ਲੋਕ ਹੁਕਮ ਮੰਨ ਕੇ ਲੰਗਰ ਵਿੱਚ ਗਏ, ਲੋੜ ਅਨੁਸਾਰ ਜਲ ਪਾਣੀ ਛਕ ਕੇ, ਫਿਰ ਹਜ਼ੂਰ ਦੇ ਚਰਨਾਂ ਵਿੱਚ ਆ ਗਏ। ਅਰਜ਼ ਕੀਤੀ, ਗਰੀਬ ਨਵਾਜ਼! ਆਪ ਨੇ ਖਾਲਸੇ ਨੂੰ ਬਹੁਤ ਵਰ ਦਿੱਤੇ ਹਨ, ਬਲਕਿ **ਖਾਲਸਾ ਮੇਰੋ ਰੂਪ ਹੈ ਖਾਸ** ਐਸੇ ਵਚਨਾਂ ਨਾਲ ਨਿਵਾਜਿਆ ਹੈ, ਐਸੇ ਖਾਲਸੇ ਦੀ ਅੰਤਰੀਵ ਅਵੰਸਥਾ ਕਿਹੋ ਜਿਹੀ ਹੈ? ਕਿਉਂਕਿ ਗੁਰੂ ਤਾਂ ਅੰਤਰੀਵ ਅਵੱਸਥਾ ਤੇ ਰੀਝਦਾ ਹੈ ਨਾ ਕਿ ਬਾਹਝ ਭੇਖ ਮਾਤਰ ਤੇ। ਹਜ਼ੂਰ ਮੁਸਕਰਾ ਕੇ ਫੁਰਮਾਉਣ ਲੱਗੇ, ਖਾਲਸਾ ਸ਼ਬਦ ਦਾ ਅਰਥ ਹੈ, ਸ਼ੁੱਧ, ਨਿਰਮਲ, ਖਾਲਸ (pure) ਯਾਨੀ ਦਵੈਤ ਅਤੇ ਹੰਕਾਰ ਰੂਪੀ, ਹਰ ਪ੍ਰਕਾਰ ਦੀ ਮੈਲ ਤੋਂ ਰਹਿਤ, ਕੇਵਲ ਪਰਮੇਸ਼ਰਵਾਦੀ, ਜਿਸ ਦੀ ਬਾਬਤ ਕਬੀਰ ਸਾਹਿਬ ਜੀ ਨੇ ਫੁਰਮਾਇਆ ਹੈ—

**ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥**

*(ਪੰਨਾ ੬੫੫)*

ਜਿਸ ਦੇ ਹਿਰਦੇ ਵਿੱਚ ਪੂਰਨ ਤੌਰ ਤੇ ਪ੍ਰੇਮਾਂ ਭਗਤੀ ਪ੍ਰਵੇਸ਼ ਕਰ ਗਈ, ਸੋ ਕਹੀਏ ਖਾਲਸਾ।

ਯਥਾ — **ਪੂਰਨ ਜੋਤਿ ਜਗੈ ਘਟਿ ਮਹਿ ਖਾਲਸ ਤਾਹਿ ਨਿਖਾਲਸ ਜਾਨੋ॥**

ਜਿਸ ਦੇ ਹਿਰਦੇ ਵਿੱਚੋਂ ਅਗਿਆਨ ਰੂਪ ਅਵਰਨ ਭੰਗ ਹੋ ਜਾਵੇ, ਪੂਰਨ ਪਰਮੇਸ਼ਰ ਦੀ ਜੋਤ ਦਾ ਪ੍ਰਕਾਸ਼ ਹੋ ਜਾਵੇ, ਉਸ ਨੂੰ ਖਾਲਸਾ ਜਾਣੋ। ਐਸਾ ਜੋ ਖਾਲਸਾ ਹੈ—

**ਆਤਮ ਰਸ ਜਿਹ ਜਾਣਈ ਸੋਈ ਖਾਲਸਾ ਦੇਵ॥**
**ਪ੍ਰਭ ਮਹਿ ਮੋਹ ਮਹਿ ਤਾਸ ਮਹਿ ਰੰਚਕ ਨਾਹਿ ਭੇਦ॥**

ਜਿਸਨੇ ਸੰਸਾਰਕ ਰਸਾਂ ਤੋਂ ਬਿਰਤੀ ਉਠਾ ਕੇ ਆਤਮ-ਰਕਸ ਨੂੰ ਜਾਣ ਲਿਆ,

ਯਥਾ — **ਰਾਰਾ ਰਸੁ ਨਿਰਸ ਕਰਿ ਜਾਨਿਆ॥ ਹੋਇ ਨਿਰਸ ਸੁ ਰਸੁ ਪਹਿਚਾਨਿਆ॥**
**ਇਹ ਰਸ ਛਾਡੇ ਉਹ ਰਸੁ ਆਵਾ॥ ਉਹ ਰਸੁ ਪੀਆ ਇਹ ਰਸੁ ਨਹੀ ਭਾਵਾ॥**

*(ਪੰਨਾ ੬੫੫)*

ਯਥਾ — **ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ॥**
**ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥**
**ਏਤੇ ਰਸੁ ਸਰੀਰ ਕੇ ਕੈ ਘਟਿ ਨਾਮ ਨਿਵਾਸੁ॥**

*(ਸ੍ਰੀਰਾਗ ਮ: ੧, ਪੰਨਾ—੧੫)*

ਉਪਰੋਕਤ ਤਮਾਮ ਰਸਾਂ ਤੋਂ ਜਿਸ ਪੁਰਖ ਨੇ ਬ੍ਰਿਤੀ ਉਠਾ ਕੇ ਆਤਮ ਰਸ ਵਿੱਚ ਇਸਥਿਤੀ ਪਾਈ ਹੈ, ਉਹੀ ਖਾਲਸਾ

ਦੇਵ ਹੈ। ਐਸਾ ਜੋ ਖਾਲਸਾ ਹੈ, ਉਸ ਵਿੱਚ, ਮੇਰੇ ਵਿੱਚ, ਅਤੇ ਪਰਮੇਸ਼ਰ ਵਿੱਚ ਰੱਤੀ ਭਰ ਵੀ ਭੇਦ ਨਹੀਂ ਹੈ, ਇਸ ਲਈ ਮੈਂ ਆਖਿਆ ਹੈ—

**ਖਾਲਸਾ, ਮੇਰੋ ਰੂਪ ਹੈ ਖਾਸ ਖਾਲਸੇ ਮਹਿ ਹਉਂ ਕਰਉਂ ਨਿਵਾਸ॥**

ਐਸਾ ਉੱਤਰ ਸੁਣਕੇ ਸਾਧੂਆਂ ਨੇ ਇੱਕ ਹੋਰ ਸ਼ੰਕਾ ਕੀਤੀ, ਮਹਾਰਾਜ! ਆਪ ਜੀ ਦੇ ਪਵਿੱਤਰ ਮੁਖਾਰਬਿੰਦ ਤੋਂ ਬਾ-ਦਲੀਲ ਬਚਨ ਸੁਣ ਕੇ ਸਾਨੂੰ ਸਮਝ ਲੱਗੀ ਹੈ, ਕਿ ਆਪ ਉਸ ੧ਓ ਦੇ ਉਪਾਸ਼ਕ ਹੋਂ ਜਿਸ ਦੇ ਗੁਰੂ ਨਾਨਕ ਦੇਵ ਜੀ ਉਪਾਸਕ ਸਨ। ਆਪ ਉਸ ਗੱਦੀ ਪਰ ਹੀ ਸੁਭਾਇਮਾਨ ਹੋ ਪਰੰਤੂ ਆਪ ਜੀ ਨੇ ਗੁਰੂ ਸਤੋਤਰ ਵਿੱਚ ਜੋ ਪਉੜੀ ਉਚਾਰਨ ਕੀਤੀ ਹੈ ਉਸ ਵਿੱਚ ਸਭ ਤੋਂ ਪਹਿਲਾਂ ਭਗਉਤੀ ਸ਼ਕਤੀ ਨੂੰ ਨਮਸ਼ਕਾਰ ਕੀਤੀ ਹੈ। ਆਪ ਨੇ ਲਿਖਿਆ ਹੈ ਪ੍ਰਿਥਮ ਭਗਉਤੀ ਸਿਮਰ ਕੈ ਗੁਰ ਨਾਨਕ ਲਈ ਧਿਆਇ। ਇੱਥੋਂ ਸ਼ੰਕਾ ਪੈਦਾ ਹੁੰਦੀ ਹੈ ਕਿ ਆਪ ਦੇਵੀ ਦੇ ਵੀ ਉਪਾਸ਼ਕ ਹੋ?

ਸਾਧੂਆਂ ਦਾ ਸ਼ੰਕਾ ਸੁਣ, ਹਜ਼ੂਰ ਮੁਸਕਰਾ ਕੇ ਬੋਲੇ, ਸੰਤ ਜੀ! ਤੁਸੀਂ ਇਹ ਤਾਂ ਪੜ੍ਹ ਲਿਆ — **ਪ੍ਰਿਥਮ ਭਗਉਤੀ ਸਿਮਰ ਕੈ ਗੁਰ ਨਾਨਕ ਲਈ ਧਿਆਇ** ਪਰੰਤੂ ਇਹ ਕਿਉਂ ਨਹੀਂ ਪੜ੍ਹਿਆ—

**ਬਿਨੁ ਕਰਤਾਰ ਨ ਕ੍ਰਿਤਮ ਮਾਨੋ॥**

ਸੰਤ ਜੀ, ਯਾਦ ਰੱਖੋ! ਗੁਰੂ ਨਾਨਕ ਦੇ ਘਰ ਦਾ ਸਿਧਾਂਤ-ਕਰਤਾਰ ਦੀ ਪੂਜਾ ਹੈ, ਕਿਰਤ ਦੀ ਨਹੀਂ, ਕ੍ਰਿਤ ਮਿਥਿਆ ਹੈ, ਕਰਤਾਰ ਹਮੇਸ਼ਾ ਸੱਤ ਹੈ, ਜਿਸ ਨੂੰ ਗੁਰੂ ਨਾਨਕ ਦੇਵ ਮਹਾਰਾਜ ਨੇ **ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ** ਕਿਹਾ ਹੈ।

ਜਿਸ ਭਗਉਤੀ ਨੂੰ ਤੁਸੀਂ ਦੇਵੀ ਆਖਦੇ ਹੋ, ਮੈਂ ਉਸ ਭਗਉਤੀ ਨੂੰ ਨਮਸ਼ਕਾਰ ਨਹੀਂ ਕਰਦਾ, ਕਿਉਂਕਿ ਉਹ ਕਰਤਾ ਪੁਰਖ ਦੀ ਕ੍ਰਿਤ ਹੈ। ਜਿਸ ਭਗਾਉਤੀ ਨੂੰ ਮੈਂ ਸਭ ਤੋਂ ਪਹਿਲਾਂ ਸਿਮਰਿਆ ਹੈ, ਉਸ ਦੇ ਅਰਥ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਮਹਾਰਾਜ ਇਸ ਪ੍ਰਕਾਰ ਕਰਦੇ ਹਨ—

**ਸੋ ਭਗਉਤੀ ਜੁੋ ਭਗਵੰਤੈ ਜਾਣੈ॥ ਗੁਰ ਪਰਸਾਦੀ ਆਪੁ ਪਛਾਣੈ॥**
**ਧਾਵਤੁ ਰਾਖੈ ਇਕਤੁ ਘਰਿ ਆਣੈ॥ ਜੀਵਤੁ ਮਰੈ ਹਰਿ ਨਾਮੁ ਵਖਾਣੈ॥**
**ਐਸਾ ਭਗਉਤੀ ਉਤਮੁ ਹੋਇ॥ ਨਾਨਕ ਸਚਿ ਸਮਾਵੈ ਸੋਇ॥**

*(ਸ੍ਰੀਰਾਗ ਵਾਰ, ਪੰਨਾ—੮੮)*

ਅਤੇ ਪੰਜਵੇਂ ਗੁਰੂ ਨਾਨਕ ਨੇ ਇਸ ਪ੍ਰਕਾਰ ਵਿਆਖਿਆ ਕੀਤੀ ਹੈ—

**ਭਗਉਤੀ ਭਗਵੰਤ ਭਗਤਿ ਕਾ ਰੰਗੁ॥ ਸਗਲ ਤਿਆਗੈ ਦੁਸਟ ਕਾ ਸੰਗੁ॥**
**ਮਨ ਤੇ ਬਿਨਸੈ ਸਗਲਾ ਭਰਮੁ॥ ਕਰਿ ਪੂਜੈ ਸਗਲ ਪਾਰਬ੍ਰਹਮੁ॥**
**ਸਾਧਸੰਗਿ ਪਾਪਾ ਮਲੁ ਖੋਵੈ॥ ਤਿਸੁ ਭਗਉਤੀ ਕੀ ਮਤਿ ਊਤਮ ਹੋਵੈ॥**
**ਭਗਵੰਤ ਕੀ ਟਹਲ ਕਰੈ ਨਿਤ ਨੀਤਿ॥ ਮਨੁ ਤਨੁ ਅਰਪੈ ਬਿਸਨ ਪਰੀਤਿ॥**
**ਹਰਿ ਕੇ ਚਰਨ ਹਿਰਦੈ ਬਸਾਵੈ॥ ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ॥**

*(ਗ: ਸੁਖਮਨੀ ਸਾਹਿਬ, ਪੰਨਾ—੨੭੪)*

ਹਜ਼ੂਰ ਦੇ ਪਵਿੱਤਰ ਮੁੱਖ ਤੋਂ ਐਸਾ ਬਾ-ਦਲਸੀਲ ਉੱਤਰ ਸੁਣਕੇ ਸਾਧੂ ਲੋਕ ਗਦ-ਗਦ ਹੋ ਗਏ। ਬੋਲੇ ਮਹਾਰਾਜ! ਹੁਣ ਅੱਛੀ ਤਰ੍ਹਾਂ ਸਮਝ ਵਿੱਚ ਆ ਗਿਆ, ਕਿ ਜਿਸਨੂੰ ਆਦਿ-ਗੁਰੂ ਸਾਹਿਬਾਨ ਨੇ ਭਗਉਤੀ ਕਿਹਾ ਹੈ, ਉਸਨੂੰ ਹੀ ਆਪ-'ਖਾਲਸਾ ਤਥਾ ਨਿਰਮਲਾ' ਆਖ ਰਹੇ ਹੋ; ਯਾਨੀ ਇੱਕ ਹੀ ਵਸਤੂ ਦੇ ਤਿੰਨ ਨਾਮ ਹਨ। ਭਾਵ ਜਿਸਨੇ ਵਾਹਿਗੁਰੂ ਨੂੰ ਜਾਣ ਲਿਆ ਹੈ, ਉਹੀ ਖਾਲਸਾ, ਨਿਰਮਲਾ ਤਥਾ ਭਗਉਤੀ ਹੈ। ਗੁਰਬਾਣੀ ਵਿੱਚ ਵੀ ਅਸੀਂ ਪੜ੍ਹਿਆ ਹੈ—

**ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨ ਕੋਈ॥**
**ਮਨ ਬਚ ਜਿਨਿ ਜਾਣਿਅਉ ਭਯਉ ਤਿਹ ਸਮਸਰਿ ਸੋਈ॥**

*(ਸਵੱਈਏ, ਪੰਨਾ—੧੪੦੯)*

ਇਉਂ ਸਾਧੂ ਲੋਕ ਸ਼ੰਕਿਆਂ ਦੀ ਨਵਿਰਤੀ ਕਰਕੇ ਹਜ਼ੂਰ ਦੇ ਪਵਿੱਤਰ ਚਰਨਾਂ ਵਿੱਚ ਨਮਸ਼ਕਾਰ ਕਰ, ਆਗਿਆ ਲੈ ਕੇ ਚਲੇ ਗਏ।

## ਭਾਈ ਗੰਡਾ ਸਿੰਘ ਨੂੰ ਸੰਪਰਦਾ ਸੌਂਪਣੀ

ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ ਰਾਜ-ਸਾਜ਼, ਜੰਗੀ ਕਰਤਬ, ਸੰਗਤਾਂ ਦੀ ਗਹਿਮਾ ਗਹਿਮੀ ਅਤੇ ਜੰਗੀ ਅਭਿਆਸ ਦੇਖ ਕੇ, ਸਮੇਂ ਦੀ ਸਰਕਾਰ ਬੁਖਲਾਕੇ, ਵੱਡੇ ਪੈਮਾਨੇ ਤੇ ਯੁੱਧ ਛੇੜਨ ਦੀਆਂ ਤਿਆਰੀਆਂ ਕਰਨ ਲੱਗੀ।

ਸਮੇਂ ਦੀ ਨਿਜ਼ਾਕਤ ਸਮਝਕੇ ਕਲਗੀਧਰ ਪਾਤਸ਼ਾਹ ਨੇ ਮੁਖੀ-ਮੁਖੀ ਸਿੱਖਾਂ ਨੂੰ ਹੁਕਮ ਕੀਤੀ, ਕਿ ਆਪੋ ਆਪਣੀਆਂ ਪ੍ਰਬੰਧਕ ਡਿਊਟੀਆਂ ਯੋਗ ਸਿੱਖਾਂ ਨੂੰ ਸੌਂਪ ਕੇ ਦੁਸ਼ਮਣ ਦਾ ਮੁਕਾਬਲਾ ਕਰਨ ਲਈ ਯੁੱਧ ਦੀਆਂ ਤਿਆਰੀਆਂ ਆਰੰਭ ਦਿਉ।

ਹਜ਼ੂਰ ਦਾ ਇਲਾਹੀ ਹੁਕਮ ਮੰਨਦਿਆਂ ਪਿਆਰਾ ਭਾਈ ਧਰਮ ਸਿੰਘ ਜੀ ਨੇ, ਗੰਡਾ ਸਿੰਘ ਨੂੰ ਬੁਲਾ ਕੇ ਬਚਨ ਕੀਤਾ, ਗੁਰਮੁਖਾ ਕਲਗੀਧਰ ਪਿਤਾ ਵੱਲੋਂ ਬਖਸ਼ਿਸ਼ ਕੀਤੀ ਤੇਰੀ ਅਮਾਨਤ ਮੇਰੇ ਕੋਲ ਸੰਭਾਲ ਕੇ ਰੱਖੀ ਹੈ, ਹੁਣ ਸਮਾਂ ਆ ਗਿਆ ਹੈ ਤੈਨੂੰ ਵਾਪਸ ਕਰਨ ਦਾ। ਇਉਂ ਕਹਿ ਕੇ—ਭਾਈ ਧਰਮ ਸਿੰਘ ਜੀ ਨੇ ਲੰਗਰ ਦੀ ਜਿੰਮੇਵਾਰੀ ਅਤੇ ਦਸ਼ਮੇਸ਼ ਪਿਤਾ ਵੱਲੋਂ ਬਖਸ਼ਿਸ਼ ਕੀਤਾ, ਨਿਰਮਲ ਭਗਵਾਂ ਭੇਖ ਸਮੇਤ ਚਿੱਪੀ, ਭਾਈ ਗੰਡਾ ਸਿੰਘ ਦੀ ਝੋਲੀ ਪਾ ਦਿੱਤਾ। ਬਚਨ ਕੀਤਾ, ਗੁਰਮੁਖਾ! ਜਿੱਥੇ ਪਹਿਲਾਂ ਵਿੱਦਿਆ ਦਾਨ ਦਾ ਛੇਤਰ ਚਲਾ ਰਿਹਾ ਸੀ, ਅੱਜ ਤੋਂ ਅੰਨ ਛੇਤਰ ਦੀਆਂ ਚਾਬੀਆਂ ਵੀ ਸੰਭਾਲ। ਕੋਲ ਖੜਾ ਕੋਈ ਸਿੱਖ ਭਾਈ ਗੁਰਦਾਸ ਜੀ ਦੀ ਪੰਕਤੀ ਪੜ੍ਹ ਰਿਹਾ ਹੈ—

ਦਿਚੈ ਪੂਰਬ ਦੇਵਣਾ ਜਿਸ ਕੀ ਵਸਤ ਤਿਸੈ ਘਰ ਆਵੈ॥

ਭਾਈ ਗੰਡਾ ਸਿੰਘ ਜੀ ਨੇ ਸੇਵਾ, ਪਰਉਪਕਾਰ, ਵਿਦਿਆ ਪੜ੍ਹਾਉਣੀ ਅਤੇ ਗੂੜ੍ਹ ਗ੍ਰੰਥਾਂ ਦੇ ਭਾਸ਼ਾ ਵਿੱਚ ਉਲੱਥੇ ਕਰਨੇ ਆਦਿਕ ਜੋ ਸੇਵਾ ਕਲਗੀਧਰ ਵੱਲੋਂ ਸੌਂਪੀ ਗਈ ਸੀ ਅੰਤਮ ਸਮੇਂ ਤੱਕ ਨਿਭਾਈ। ਆਖਰ ਸਰੀਰ ਦਾ ਅੰਤਮ ਸਮਾਂ ਜਾਣ ਕੇ ਸੇਵਾ ਦੀ ਸਾਰੀ ਜਿੰਮੇਵਾਰੀ ਭਾਈ ਦਰਬਾਰਾ ਸਿੰਘ ਜੀ ਨੂੰ ਸੌਂਪ ਦਿੱਤੀ। ਉਨ੍ਹਾਂ ਤੋਂ ਅੱਗੇ ਪੀੜ੍ਹੀ-ਦਰ-ਪੀੜ੍ਹੀ ਉਹ ਸੰਪਰਦਾ ਚਲਦੀ ਆ ਰਹੀ ਹੈ ਜਿਸਦਾ ਨਕਸ਼ਾ ਅੱਗੇ ਦਿੱਤਾ ਜਾ ਰਿਹਾ ਹੈ।

ਇਸ ਪ੍ਰਕਾਰ ਆਕਾਲ ਪੁਰਖ ਵਾਹਿਗੁਰੂ ਨੇ, ਸੰਸਾਰ ਦੇ ਵਿੱਚ ਮੋਹ ਮਾਇਆ ਦੇ ਦੁੱਖਾਂ ਵੱਲੋਂ ਸਤਾਏ ਜੀਵਾਂ ਤੇ ਤਰਸ ਕਰਦੇ ਹੋਏ, ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਰੂਪ ਵਿੱਚ ਆ ਕੇ, ਮੋਹ ਮਾਇਆ ਤਥਾ ਰਾਜਨੀਤੀ ਦੀ ਗੰਧ ਤੋਂ ਨਿਰਲੇਪ, ਕੇਵਲ ਗੁਰਬਾਣੀ ਦੀ ਮਹਿਕ ਨਾਲ ਭਰਪੂਰ, ਜੋ ਨਿਰਮਲ ਬ੍ਰਿਛ ਲਾਇਆ ਸੀ, ਜਿਸਦਾ ਮੁੱਖ ਮਨੋਰਥ ਕੇਵਲ-ਤੇ-ਕੇਵਲ ਇਲਾਹੀ ਗੁਰਬਾਣੀ ਦੇ ਵਿਚਾਰ ਦੁਆਰਾ ਮਨੁੱਖ ਜਨਮ ਦੀ ਸਫਲਤਾ ਤੇ ਪਹੁੰਚਣਾ, ਅਤੇ ਦੂਸਰਿਆਂ ਨੂੰ ਉਸ ਦੀ ਸੂਝ ਦੇਣੀ। ਅਜਿਹੇ ਪਵਿੱਤਰ ਬ੍ਰਿਛ ਨੂੰ, ਹਰਿਆ-ਭਰਿਆ ਅਤੇ ਖੁਸ਼ਹਾਲ ਰੱਖਣ ਲਈ ਨੌਂ ਜਾਮੇਂ ਧਾਰਨ ਕਰਕੇ, ਸਮੇਂ-ਸਮੇਂ ਉਸ ਨੂੰ ਪਾਣੀ ਅਤੇ ਖੁਰਾਕ ਦੇ ਕੇ ਸਿੰਜਿਆ, ਅਤੇ ਦਸਵੇਂ ਜਾਮੇਂ ਵਿੱਚ ਸੰਪੂਰਨਤਾ ਬਖਸ਼ਿਸ਼ ਕੀਤੀ। ਉਹ ਨਿਰਮਲ ਬ੍ਰਿਛ ਅਕਾਲ ਪੁਰਖ ਅਤੇ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਅਤੇ ਸ੍ਰੀ ਗੋਬਿੰਦ ਸਿੰਘ ਮਹਾਰਾਜ ਜੀ ਦੀ ਅਪਾਰ ਬਖਸ਼ਿਸ਼ ਦਾ ਸਦਕਾ, ਅੱਜ ਵੀ ਸਾਰੇ ਸੰਸਾਰ ਨੂੰ ਪਰਮੇਸ਼ਰ ਦਾ ਰੂਪ ਜਾਣ ਕੇ ਆਪਣੀ ਠੰਡੀ ਛਾਂ, ਅੰਮ੍ਰਿਤ ਵਰਗਾ ਮਿੱਠਾ ਫਲ ਅਤੇ ਇਲਾਹੀ ਮਹਿਕ ਪ੍ਰਦਾਨ ਕਰ ਰਿਹਾ ਹੈ। ਜਿਸਦਾ ਕਾਰਜ ਖੇਤਰ, ਭੁਖਿਆਂ ਨੂੰ ਅੰਨ, ਲੋੜਵੰਦਾਂ ਨੂੰ ਕੱਪੜਾ, ਬੀਮਾਰਾਂ ਨੂੰ ਦਵਾਈ, ਅਨਪੜ੍ਹਾਂ ਨੂੰ ਵਿਦਿਆ ਅਤੇ ਮੋਖਸ਼ ਦੀ ਇੱਛਾ ਵਾਲੇ ਜੀਵਾਂ ਨੂੰ ਪਰਮੇਸ਼ਰ ਵਿੱਚ ਇਉਂ ਮਿਲਾ ਦਿੰਦੇ ਹਨ ਜਿਵੇਂ—ਸਮੁੰਦਰ ਤੋਂ ਵਿਛੜਿਆ ਹੋਇਆ ਜਲ, ਹਜ਼ਾਰਾਂ ਕੋਹਾਂ ਤੇ ਜਾ ਡਿੱਗਦਾ ਹੈ। ਫਿਰ ਕਿਸੇ ਦਰਿਆ ਦੀ ਸ਼ਰਨ ਹਾਸਲ ਕਰਕੇ ਸਮੁੰਦਰ ਵਿੱਚ ਇਉਂ ਜਾ ਮਿਲਦਾ ਹੈ—

ਜਿਉ ਜਲ ਮਹਿ ਜਲੁ ਆਇ ਖਟਾਨਾ॥
ਤਿਉ ਜੋਤੀ ਸੰਗਿ ਜੋਤਿ ਸਮਾਨਾ॥
ਮਿਟਿ ਗਏ ਗਵਨ ਪਾਏ ਬਿਸ੍ਰਾਮ॥
ਨਾਨਕ ਪ੍ਰਭ ਕੈ ਸਦ ਕੁਰਬਾਨ॥

*(ਸੁਖਮਨੀ ਸਾਹਿਬ, ਪੰਨਾ—੨੭੮)*

# ਨਿਰਮਲ ਸੰਪਰਦਾਇ ਦਾ ਨਾਦੀ ਬੰਸ

ੴ

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

⋮

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

↓

ਸ੍ਰੀਮਾਨ ਪਿਆਰਾ ਭਾਈ ਧਰਮ ਸਿੰਘ ਜੀ

↓

ਸ੍ਰੀਮਾਨ ਬਾਬਾ ਗੰਡਾ ਸਿੰਘ ਜੀ

↓

ਸ੍ਰੀਮਾਨ ਬਾਬਾ ਦਰਬਾਰਾ ਸਿੰਘ ਜੀ (ਸਰਹਿੰਦ ਵਾਲੇ)

↓

ਸ੍ਰੀਮਾਨ ਬਾਬਾ ਸਾਹਿਬ ਸਿੰਘ ਜੀ

↓

ਸ੍ਰੀਮਾਨ ਸੋਢੀ ਦੀਪਕ ਸਿੰਘ ਜੀ

↓

ਸ੍ਰੀਮਾਨ ਬਾਬਾ ਰਾਮ ਸਿੰਘ ਜੀ ਵਿਰੱਕਤ

↓

ਸ੍ਰੀਮਾਨ ਠਾਕੁਰ ਦਿਆਲ ਸਿੰਘ ਜੀ (ਅੰਮ੍ਰਿਤਸਰ ਵਾਲੇ)

↓

ਸ੍ਰੀਮਾਨ ਸੰਤ ਧਰਮ ਸਿੰਘ ਜੀ (ਸਮਾਧੀ ਵਾਲੇ)

↓

ਸ੍ਰੀਮਾਨ ਮਹੰਤ ਬਾਬਾ ਬੁੱਢਾ ਸਿੰਘ ਜੀ (ਰਿਸ਼ੀਕੇਸ਼ ਵਾਲੇ)

↓

ਸ੍ਰੀਮਾਨ ਮਹੰਤ ਆਤਮਾ ਸਿੰਘ ਜੀ → ਸ੍ਰੀਮਾਨ ਮਹੰਤ ਨਰਾਇਣ ਸਿੰਘ ਜੀ

ਸ੍ਰੀਮਾਨ ਸੰਤ ਬਾਬਾ ਨਿੱਕਾ ਸਿੰਘ ਜੀ ਮਹਾਰਾਜ ਵਿਰੱਕਤ

↓

**ਸ੍ਰੀਮਾਨ ਮਹੰਤ ਰਾਮ ਸਿੰਘ ਜੀ ਮਹਾਰਾਜ**
(ਵਰਤਮਾਨ ਗੱਦੀਨਸ਼ੀਨ, ਨਿਰਮਲ ਆਸ਼ਰਮ, ਰਿਸ਼ੀਕੇਸ਼

# ਮਹੰਤ
# ਬੁੱਢਾ ਸਿੰਘ ਜੀ
# ਮਹਾਰਾਜ



ਸ੍ਰੀਮਾਨ ਮਹੰਤ ਬਾਬਾ ਬੁੱਢਾ ਸਿੰਘ ਜੀ ਮਹਾਰਾਜ
ਸੰਸਥਾਪਕ : ਨਿਰਮਲ ਆਸ਼ਰਮ, ਰਿਸ਼ੀਕੇਸ਼

ਅਧਿਆਇ

2

॥ ੧ਓ ਸਤਿਗੁਰ ਪ੍ਰਸਾਦਿ ॥

# ਮਹੰਤ ਬੁੱਢਾ ਸਿੰਘ ਜੀ ਮਹਾਰਾਜ

## ਜੀਵਨ ਚਰਿੱਤ੍ਰ ਸ੍ਰੀਮਾਨ ੧੦੮ ਮਹੰਤ ਬਾਬਾ ਬੁੱਢਾ ਸਿੰਘ ਜੀ ਮਹਾਰਾਜ

ਹਰੇ-ਭਰੇ ਲਹਿ-ਲਹਾਂਦੇ ਖੁਸ਼ਹਾਲ ਪੰਜਾਬ ਦੇ ਪੰਜਾਂ ਦਰਿਆਵਾਂ ਵਿਚਕਾਰ, ਮਸਤ ਚਾਲ ਚੱਲਣ ਵਾਲੀ ਰਾਵੀ, ਵਲ ਫੇਰ ਖਾਂਦੀ, ਪਰ ਤੁਰੀ ਜਾਂਦੀ ਹੈ ਆਪਣੇ ਸੁਆਮੀ ਐਰਾਵਤ ਵੱਲ ਦਿਨ ਰਾਤ ਵਹਿੰਦੀ। ਭਾਵੇਂ ਭਰੇ, ਭਾਵੇਂ ਭਰ ਉਛਲੇ, ਭਾਵੇਂ ਲਹਿ-ਲਹਿ ਨੀਵੀਂ ਚੱਲੇ, ਪਰ ਹਰ ਛਿਨ, ਹਰ ਪਲ ਆਪਣੇ ਸੁਆਮੀ ਵਿੱਚ ਅਭੇਦ ਹੋਣ ਲਈ ਇਉਂ ਯਤਨਸ਼ੀਲ ਹੈ, ਜਿਵੇਂ ਕੋਈ ਸੰਸਾਰ ਤੋਂ ਅਤੀਤ ਜੋਗੀ, ਕਦੇ ਵਿਛੋੜੇ ਦੇ ਵਿਯੋਗ ਦੁੱਖ ਵਿੱਚ ਰੋਂਦਾ, ਕਦੇ ਰਸਮਯ ਹੋ ਕੇ ਹੱਸਦਾ, ਆਪਣਾ ਆਪ ਗੁਆ ਕੇ ਵੀ, ਆਪਣੇ ਪ੍ਰੀਤਮ ਦੇ ਦੇਸ਼ ਪਹੁੰਚਣ ਲਈ ਦਿਨ ਰਾਤ ਤਤਪਰ ਹੋਵੇ।

ਇਸ ਭਾਗਾਂ ਭਰੀ ਰਾਵੀ ਦੇ ਪਾਰ ਪੱਛਮ ਵੱਲ ਅਤੇ ਇਤਿਹਾਸਕ ਸ਼ਹਿਰ ਸਿਆਲਕੋਟ ਤੋਂ ਪੂਰਬ ਦਿਸ਼ਾ ਵੱਲ ਇੱਕ ਭਾਗਸ਼ਾਲੀ ਨਗਰ ਵੱਸਦਾ ਹੈ, *ਹੱਲੋਵਾਲ*। ਇੱਥੋਂ ਦੇ ਵਸਨੀਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਇਨ੍ਹਾਂ ਦੀ ਖੁਸ਼ਹਾਲੀ ਦਾ ਮੁੱਖ ਕਾਰਨ ਧਰਤੀ ਦਾ ਪੱਧਰੀ ਅਤੇ ਉਪਜਾਊ ਹੋਣਾ ਹੈ। ਸਿਆਲਕੋਟ ਸ਼ਹਿਰ ਜ਼ਿਲਾ ਅਤੇ ਨਜ਼ਦੀਕ ਹੋਣ ਕਰਕੇ, ਆਮ ਲੋਕ ਕੰਮਕਾਰਾਂ ਲਈ ਇਸੇ ਸ਼ਹਿਰ ਜਾਂਦੇ ਹਨ। ਗੁਰਦਾਸਪੁਰ ਥੋੜ੍ਹਾ ਦੂਰ ਹੋਣ ਕਰਕੇ ਲੋਕ ਕਿਸੇ ਖਾਸ ਕੰਮ ਨੂੰ ਹੀ ਜਾਂਦੇ ਹਨ। ਇਸ ਘੁੱਗ ਵਸਦੇ ਗ੍ਰਾਮ ਵਿੱਚ ਸਰਦਾਰ ਹਰੀ ਸਿੰਘ ਨਾਮ ਦਾ ਇਕ ਨੇਕ ਇਨਸਾਨ ਵੱਸਦਾ ਹੈ। ਇਹ ਪ੍ਰੇਮੀ ਗੁਰਬਾਣੀ ਦਾ ਪਾਠੀ, ਨਿੱਤਨੇਮੀ, ਵਿਚਾਰਵਾਨ, ਸੰਤ ਸੇਵੀ ਅਤੇ ਉੱਚ ਆਚਰਣ ਵਾਲਾ ਹੋਣ ਕਰਕੇ ਸਾਰੇ ਇਲਾਕੇ ਵਿੱਚ ਪ੍ਰਸਿੱਧ ਹੈ। ਇਸ ਭਲੇ ਪੁਰਸ਼ ਦੀ ਸ਼ੁਭ ਗੁਣਾਂ ਦੀ ਸੁਗੰਧੀ ਕੇਵਲ ਪਿੰਡ ਜਾਂ ਇਲਾਕੇ ਵਿੱਚ ਹੀ ਸੀਮਤ ਨਹੀਂ ਰਹੀ ਸਗੋਂ ਰਾਜ ਦਰਬਾਰ ਲਾਹੌਰ ਤੱਕ ਪਹੁੰਚ ਗਈ। ਮਹਾਰਾਜਾ ਰਣਜੀਤ ਸਿੰਘ ਦੇ ਸ਼ਹਿਜ਼ਾਦੇ ਮਹਾਰਾਜਾ ਸ਼ੇਰ ਸਿੰਘ ਨੇ, ਉਸ ਭਲੇ ਪੁਰਸ਼ ਹਰੀ ਸਿੰਘ ਦੇ ਸ਼ੁਭ ਗੁਣਾਂ ਤੋਂ ਪ੍ਰਭਾਵਤ ਹੋ ਕੇ *ਮਟੋਆ-ਕੋ-ਕੋਟ* ਗ੍ਰਾਮ ਵਿਚ ਭਾਰੀ ਜਾਗੀਰ ਬਖ਼ਸ਼ ਦਿੱਤੀ।

ਸਰਦਾਰ ਹਰੀ ਸਿੰਘ ਦਾ ਇੱਕ ਲਾਇਕ ਸਪੁੱਤਰ ਹੈ, ਜਿਸ ਦਾ ਨਾਮ ਹੈ ਪ੍ਰਤਾਪ ਸਿੰਘ। ਪ੍ਰਤਾਪ ਸਿੰਘ ਬਚਪਨ ਤੋਂ ਹੀ ਧਾਰਮਿਕ ਖਿਆਲਾਂ ਦਾ ਧਾਰਣੀ, ਸੰਤ-ਸੇਵੀ ਅਤੇ ਪਰਮਾਰਥੀ ਵਿਚਾਰਾਂ ਦਾ ਹੋਣ ਕਰਕੇ, ਸੰਸਾਰਕ ਬੰਧਨਾਂ ਤੋਂ ਦੂਰ ਰਹਿਣਾ ਚਾਹੁੰਦਾ ਹੈ। ਜਿਸ ਵਕਤ ਆਪ ਜਵਾਨ ਹੋਏ, ਪਿਤਾ ਸਰਦਾਰ ਹਰੀ ਸਿੰਘ ਜੀ ਗੁਰਪੁਰੀ ਪਿਆਨਾ ਕਰ ਗਏ। ਹੁਣ ਸੰਸਾਰਕ ਜ਼ਿੰਮੇਵਾਰੀ ਸਾਰੀ ਪ੍ਰਤਾਪ ਸਿੰਘ ਜੀ ਤੇ ਆ ਪਈ। ਆਪ ਜੀ ਨੇ ਆਪਣੇ ਤਿਆਗੀ ਸੁਭਾ ਮੁਤਾਬਿਕ *ਮਟੋਆ-ਕੋ-ਕੋਟ* ਵਾਲੀ ਜ਼ਮੀਨ ਵਿੱਚ ਸਾਧੂਆਂ ਦੇ ਠਹਿਰਣ ਲਈ ਇੱਕ ਕੁਟੀਆ ਬਣਾਈ ਅਤੇ ਉੱਥੋਂ ਦੀ ਆਮਦਨ ਨਾਲ ਆਏ ਗਏ ਅਤਿੱਥੀ ਸਾਧੂ ਮਹਾਤਮਾ ਲਈ ਲੰਗਰ ਦਾ ਪ੍ਰਬੰਧ ਕਰ ਦਿੱਤਾ। ਆਪ ਆਪਣਾ ਗੁਜ਼ਾਰਾ *ਹੱਲੋਵਾਲ* ਵਾਲੀ ਜ਼ਮੀਨ ਨਾਲ ਹੀ ਕਰਦੇ ਰਹੇ। ਇਸ ਪ੍ਰਕਾਰ ਸਮਾਂ ਗੁਜ਼ਰਦਾ ਗਿਆ। ਇੱਕ ਦਿਨ ਮਾਤਾ ਨੇ ਪ੍ਰਤਾਪ ਸਿੰਘ ਨੂੰ ਕੋਲ ਬਿਠਾ ਕੇ ਕਿਹਾ, ਪੁੱਤਰ! ਮੈਂ ਹੁਣ ਬ੍ਰਿਧ ਹੋ ਗਈ ਹਾਂ, ਘਰ ਦਾ ਕੰਮਕਾਜ, ਖਾਣ-ਪਕਾਣ ਆਦਿ ਵੀ ਮੁਸ਼ਕਿਲ ਹੁੰਦਾ ਜਾ ਰਿਹਾ ਹੈ, ਇਸ ਲਈ ਤੂੰ ਮੇਰਾ ਬਚਨ ਮੰਨ ਕੇ ਸ਼ਾਦੀ ਕਰ ਲੈ। ਕੋਈ ਨੇਕ ਲੜਕੀ ਆ ਗਈ ਤਾਂ ਨਾਲ ਹੀ ਘਰ ਦਾ ਕੰਮ ਸੰਭਾਲੇਗੀ, ਮੈਨੂੰ ਕੁਝ ਸੁੱਖ ਹੋ ਜਾਵੇਗਾ, ਨਾਲੇ ਤੇਰੇ ਪਿਉ ਦੀ ਵੰਸ਼ ਅੱਗੇ ਵਧੇਗੀ। ਮਾਂ ਦੀ ਸਾਰੀ ਬਾਤ ਪ੍ਰਤਾਪ ਸਿੰਘ ਨੇ ਬੜੇ ਧਿਆਨ ਨਾਲ ਸੁਣੀ। ਕਹਿਣ ਲੱਗਿਆ ਮਾਤਾ, ਮੇਰਾ ਮਨ ਤਾਂ ਗ੍ਰਹਿਸਤ ਦੇ ਬੰਧਨਾਂ ਵਿਚ ਪੈਣ ਦਾ ਨਹੀਂ ਹੈ, ਪਰ ਤੇਰਾ ਬਚਨ ਵੀ ਨਹੀਂ ਮੋੜ ਸਕਦਾ। ਅਗਰ ਤੂੰ ਚਾਹੁੰਦੀ ਹੈਂ ਮੈਂ ਗ੍ਰਹਿਸਤੀ ਹੋਵਾਂ, ਤਾਂ ਮੈਂ ਇਨਕਾਰ ਵੀ ਨਹੀਂ ਕਰ ਸਕਦਾ। ਪੁੱਤਰ ਦਾ ਬਚਨ ਸੁਣਕੇ ਮਾਤਾ ਬਹੁਤ ਖੁਸ਼ ਹੋਈ। ਮਾਤਾ ਨੇ ਆਪਣੇ ਸੱਕੇ ਸੰਬੰਧੀਆਂ ਨੂੰ ਕਹਿ ਦਿੱਤਾ ਕਿ ਪ੍ਰਤਾਪ ਸਿੰਘ ਸ਼ਾਦੀ ਲਈ ਮੰਨ ਗਿਆ ਹੈ। ਅਗਰ ਕਿਸੇ ਭਲੇ ਘਰਾਣੇ ਦੀ ਧੀ ਮਿਲ ਜਾਵੇ, ਤਾਂ ਸ਼ਾਦੀ ਕਰ ਲਈਏ।

## ਸੈਣਾ ਸਿੰਘ ਜੀ

ਇੱਕ ਦਿਨ ਦਾ ਜ਼ਿਕਰ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਨੇ, ਆਪਣੇ ਛੋਟੇ ਸਾਹਿਬਜ਼ਾਦਾ ਜੀ ਨੂੰ ਕੋਲ ਬਿਠਾ ਕੇ ਬਚਨ ਕੀਤਾ, ਅਰਜਨ ਦੇਵ! ਗੁਰੂ ਅਮਰਦਾਸ ਮਹਾਰਾਜ ਜੀਆਂ ਨੇ ਸਾਨੂੰ ਜੋ ਆਰਜਾ ਬਖਸ਼ਿਸ਼ ਕੀਤੀ ਸੀ, ਉਹ ਹੁਣ ਪੂਰੀ ਹੋ ਗਈ ਹੈ। ਗੁਰੂ ਨਾਨਕ ਦੇਵ ਮਹਾਰਾਜ ਜੀ ਦੀ ਗੁਰਿਆਈ ਦੀ ਭਾਰੀ ਪੰਡ, ਇਲਾਹੀ ਹੁਕਮ ਅਨੁਸਾਰ ਹੁਣ ਤੇਰੇ ਸਿਰ ਉਤੇ ਰੱਖੀ ਜਾਣੀ ਹੈ। ਇਸ ਲਈ ਤੁਸੀਂ ਜਿਥੇ ਗੁਰੂ ਨਾਨਕ ਦੇਵ ਮਹਾਰਾਜ ਦੇ ਪ੍ਰੇਮਾਂ ਭਗਤੀ ਦੇ ਨਿਰਮਲ ਮਾਰਗ ਨੂੰ ਅੱਗੇ ਵਧਾਉਣਾ ਹੈ, ਉਥੇ ਚਾਰ ਕਾਰਜ ਹੋਰ ਵੀ ਕਰਨੇ ਹਨ।

ਕੀ ਹਨ ਉਹ ਚਾਰ ਕਾਰਜ ?

1. ਅੰਮ੍ਰਿਤ ਸਰੋਵਰ ਵਿੱਚ ਹਰੀ ਮੰਦਰ ਦੀ ਸਥਾਪਨਾ ਕਰਨੀ।

2. ਦਿੱਲੀ ਲਾਹੌਰ ਸ਼ਾਹ-ਰਾਹ ਤੇ ਦੀਨ ਦੁੱਖੀਆਂ ਦੇ ਦੁੱਖ ਹਰਨ ਲਈ ਤਰਨ-ਤਾਰਨ ਸ਼ਹਿਰ ਵਸਾਉਣਾ।

3. ਦੁਆਬੇ ਵਿੱਚ ਕਰਤਾਰਪੁਰ ਸ਼ਹਿਰ ਬੰਨਣਾ।

4. ਚੌਥਾ ਜੋ ਅਤੀ ਅਵੱਸ਼ਕ ਕਾਰਜ ਹੈ, ਉਹ ਹੈ, ਆਦਿ ਗੁਰੂਆਂ ਦੀ ਬਾਣੀ ਨੂੰ ਇਕੱਤਰ ਕਰਕੇ ਇਕ ਪੋਥੀ ਦੇ ਰੂਪ ਵਿੱਚ ਸਥਾਪਨ ਕਰਨਾ, ਕਿਉਂਕਿ ਸੰਸਾਰ ਦੀ ਕੋਈ ਵਸਤੂ ਸਥਿਰ ਨਹੀਂ ਹੈ, ਸਿਵਾਏ ਸਾਧੂਆਂ ਦੇ ਬਚਨਾਂ ਤੋਂ।

ਸੋ ਸਮਾਂ ਆਉਣ ਤੇ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ, ਗੁਰੂ ਪਿਤਾ ਦੀ ਆਗਿਆ ਅਨੁਸਾਰ ਸ੍ਰੀ ਅੰਮ੍ਰਿਤਸਰ ਤੋਂ ਦੱਖਣ ਦਿਸ਼ਾ ਵੱਲ ਕੁਝ ਮੀਲਾਂ ਦੀ ਦੂਰੀ ਤੇ *ਤਰਨਤਾਰਨ* ਸ਼ਹਿਰ ਦੀ ਸਥਾਪਨਾ ਕੀਤੀ। ਸਮਾਂ ਆਉਣ ਤੇ ਇਸ ਪਵਿੱਤਰ ਨਗਰੀ ਵਿੱਚ ਧਰਮਸ਼ਾਲਾ ਸਥਾਪਨ ਹੋ ਗਈ। ਹਰ ਰੋਜ਼ ਕੀਰਤਨ ਕਥਾ ਅਤੇ ਸਤਸੰਗ ਵਿੱਚ ਰੱਬੀ ਬਾਣੀ ਦੀ ਅੰਮ੍ਰਿਤ-ਮਈ ਵਰਖਾ ਹੋਣ ਲੱਗੀ। ਬਹੁਤ ਪ੍ਰੇਮੀ ਸਵੇਰੇ-ਸ਼ਾਮ ਦਰਬਾਰ ਸਾਹਿਬ ਪਹੁੰਚ ਕੇ, ਗੁਰਬਾਣੀ ਦੀਆਂ ਅਮੋਲਕ ਵਿਚਾਰਾਂ ਦੁਆਰਾ ਆਪਣਾ ਜੀਵਨ ਸਫਲਾ ਕਰਨ ਲੱਗੇ।

ਇੱਕ ਪ੍ਰੇਮੀ ਜਿਸਦਾ ਸ਼ੁਭ ਨਾਮ ਸਰਦਾਰ ਸੈਣਾ ਸਿੰਘ ਹੈ ਹਰ ਰੋਜ਼ ਕਥਾ ਕੀਰਤਨ ਸਤਸੰਗ ਵਿੱਚ ਪਹੁੰਚਕੇ ਲਾਭ ਉਠਾਉਂਦਾ ਹੈ। ਸੈਣਾ ਸਿੰਘ ਘਰੋਂ ਰੱਜਦਾ-ਪੁੱਜਦਾ ਇੱਕ ਤੱਕੜਾ ਜਿਮੀਂਦਾਰ ਹੈ। ਇੱਕ ਦਿਨ ਦੇਵਨੇਤ ਨਾਲ ਗੁਰਦੁਆਰੇ ਗਿਆ, ਅੱਗੇ ਕਥਾ ਹੋ ਰਹੀ ਸੀ—

**ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ ॥**
**ਧਰਤੀ ਭਾਰਿ ਬਿਆਪਈ ਉਨ ਕਉ ਲਾਹੂ ਲਾਹਿ ॥**

*(ਸਲੋਕ ਕਬੀਰ ਜੀ, ਪੰਨਾ—੧੩੭੫)*

ਇਸ ਸ਼ਬਦ ਦੀ ਵਿਆਖਿਆ ਪੂਰੇ ਧਿਆਨ ਨਾਲ ਸੁਣੀ, ਸੁਣਕੇ ਮਨ ਵਿਚ ਸੋਚਿਆ, ਸਾਰੀ ਗੁਰਬਾਣੀ ਸਾਧੂਆਂ ਦੀ ਮਹਿਮਾ ਕਰ ਰਹੀ ਹੈ। ਮੈਂ ਹੰਕਾਰ ਵੱਸ ਇਸ ਜ਼ਮੀਨ ਨੂੰ ਆਪਣੀ ਮੰਨਦਾ ਰਿਹਾ, ਲੇਕਿਨ ਅੱਜ ਪਤਾ ਚੱਲਿਆ ਹੈ, ਇਹ ਤਾਂ ਪਰਮੇਸ਼ਰ ਦਾ ਭਜਨ ਕਰਨ ਵਾਲਿਆਂ ਲਈ ਹੈ। ਪਰਮੇਸ਼ਰ ਕਰੇ ਕੋਈ ਐਸਾ ਸਿੱਧ ਪੁਰਖ਼ ਮਿਲ ਜਾਏ, ਜੋ ਇਸ ਵਿੱਚ ਬੈਠਕੇ ਆਪਣੇ ਪਵਿੱਤਰ ਮੁੱਖ ਤੋਂ ਅੰਮ੍ਰਿਤਮਈ ਪ੍ਰਵਚਨਾਂ ਦੁਆਰਾ ਪ੍ਰਵਾਹ ਚਲਾਉਂਦਾ ਰਹੇ, ਜਿਸ ਨਾਲ ਇਹ ਧਰਤੀ ਵੀ ਸਫਲੀ ਹੋ ਜਾਵੇ ਅਤੇ ਪਰਿਵਾਰ ਸਮੇਤ ਮੈਨੂੰ ਸੇਵਾ ਕਰਨ ਦਾ ਸਮਾਂ ਮਿਲਦਾ ਰਹੇ। ਐਸਾ ਕਰਕੇ ਮੈਂ ਆਪਣੇ ਧੰਨਭਾਗ ਸਮਝਾਂ।

ਇਨ੍ਹਾਂ ਦਿਨਾਂ ਵਿਚ ਸੰਤ ਠਾਕਰ ਦਿਆਲ ਸਿੰਘ ਜੀ ਅੰਮ੍ਰਿਤਸਰ ਵਾਲੇ ਕਿਸੇ ਪ੍ਰੇਮੀ ਦੀ ਬੇਨਤੀ ਪ੍ਰਵਾਨ ਕਰਕੇ *ਤਰਨਤਾਰਨ* ਆਏ। ਉਨ੍ਹਾਂ ਦੇ ਆਉਣ ਦੀ ਕਨਸੋਹ ਸੈਣਾ ਸਿੰਘ ਨੂੰ ਵੀ ਪਈ। ਦਰਸ਼ਨਾਂ ਲਈ ਗਿਆ, ਪਰਮਾਰਥਕ ਵਿਚਾਰਾਂ ਸੁਣੀਆਂ, ਮਨ ਨੂੰ ਠੰਡ ਮਹਿਸੂਸ ਹੋਈ। ਸਤਸੰਗ ਦੀ ਸਮਾਪਤੀ ਤੇ ਅਰਜ਼ ਕੀਤੀ, ਮਹਾਰਾਜ! ਆਪ ਜੀ ਦੇ ਪਵਿੱਤਰ ਚਰਨਾਂ ਕਮਲਾਂ ਵਿੱਚ ਇੱਕ ਅਰਜ਼ ਕਰਨੀ ਹੈ, ਅਗਰ ਹੁਕਮ ਹੋਵੇ ਤਾਂ ਕਰਾਂ? ਮਹਾਪੁਰਸ਼ਾਂ ਨੇ ਹੁਕਮ ਕੀਤਾ ਬੜੀ ਖੁਸ਼ੀ ਨਾਲ। ਆਗਿਆ ਹੋਣ ਤੇ ਸੈਣਾ ਸਿੰਘ ਨੇ ਦੋਨੋਂ ਹੱਥ ਜੋੜ ਕੇ ਅਰਜ਼ ਕੀਤੀ, ਮਹਾਰਾਜ! ਆਪ ਦੀ ਕ੍ਰਿਪਾ ਨਾਲ ਮਨ ਵਿੱਚ ਇੱਕ ਸ਼ੁਭ ਸੰਕਲਪ ਉਠਿਆ ਹੈ, ਕਿ ਆਪ ਦੀ ਬਖਸ਼ੀ ਜ਼ਮੀਨ ਵਿੱਚ ਆਪ ਜੀ ਲਈ ਇੱਕ ਕੁਟੀਆ

ਬਣਾਈ ਜਾਵੇ। ਸਮੇਂ-ਸਮੇਂ ਉਸ ਵਿੱਚ ਆਪ ਜੀ ਦੇ ਮੁਬਾਰਕ ਚਰਨ ਪੈਂਦੇ ਰਹਿਣਗੇ, ਤਾਂਕਿ ਸ਼ਹਿਰ ਅਤੇ ਇਲਾਕੇ ਦੀਆਂ ਸੰਗਤਾਂ ਦਰਸ਼ਨ ਉਪਦੇਸ਼ ਦਾ ਲਾਭ ਉਠਾਉਂਦੀਆਂ ਰਹਿਣਗੀਆਂ ਅਤੇ ਆਏ ਅਤਿੱਥੀ ਸਾਧੂਆਂ ਲਈ, ਲੰਗਰ ਆਦਿ ਦਾ ਪ੍ਰਬੰਧ ਹੋ ਜਾਵੇਗਾ। ਆਪ ਕ੍ਰਿਪਾ ਜੋਦੜੀ ਪ੍ਰਵਾਨ ਕਰੋ। ਸੈਣਾ ਸਿੰਘ ਦੀ ਬੇਨਤੀ ਮਹਾਂਪੁਰਸ਼ਾਂ ਨੇ ਬਹੁਤ ਧਿਆਨ ਨਾਲ ਸੁਣੀ, ਸੁਣਕੇ ਨੇਤਰ ਬੰਦ ਕਰ ਲਏ, ਇਉਂ ਪ੍ਰਤੀਤ ਦੇ ਰਹੇ ਹਨ, ਜਿਵੇਂ ਕਿਸੇ ਗਹਿਰੀ ਸੋਚ ਵਿੱਚ ਉਤਰੇ ਭਵਿੱਖਤ ਕਾਲ ਨੂੰ ਵਾਚ ਰਹੇ ਹੋਣ। ਥੋੜ੍ਹੀ ਦੇਰ ਬਾਅਦ ਕਮਲਾਂ ਵਰਗੇ ਨੇਤਰ ਖੋਲ੍ਹੇ, ਮਿੱਠੀ-ਮਿੱਠੀ ਮੁਸਕਾਨ ਨਾਲ ਫੁਰਮਾਇਆ, ਪ੍ਰੇਮੀਆਂ ਜਿਵੇਂ ਤੇਰੀ ਮਰਜ਼ੀ।

ਮਹਾਂਪੁਰਸ਼ਾਂ ਦੇ ਪਵਿੱਤਰ ਮੁੱਖ ਤੋਂ ਪ੍ਰਵਾਨਗੀ ਦੇ ਬਚਨ ਸੁਣ ਕੇ, ਸੈਣਾ ਸਿੰਘ ਨੂੰ ਚਾਅ ਚੜ੍ਹ ਗਿਆ। ਖੁਸ਼ੀ-ਖੁਸ਼ੀ ਘਰ ਜਾ ਕੇ ਪਰਿਵਾਰ ਦੇ ਜੀਆਂ ਨਾਲ ਸਲਾਹ ਕੀਤੀ। ਸਾਰਾ ਪਰਿਵਾਰ ਵੀ ਬਹੁਤ ਖੁਸ਼ ਹੋਇਆ। ਸੈਣਾ ਸਿੰਘ ਕੁਝ ਸਮੇਂ ਬਾਅਦ ਸ੍ਰੀ ਅੰਮ੍ਰਿਤਸਰ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਲਈ ਗਿਆ। ਕੁਝ ਕਾਗਜ਼ ਪੱਤਰ ਚਰਨਾਂ ਵਿੱਚ ਰੱਖਕੇ ਨਮਸਕਾਰ ਕੀਤੀ। ਮਹਾਂਪੁਰਸ਼ਾਂ ਨੇ ਪੁੱਛਿਆ, ਇਹ ਕੀ ਹੈ? ਸੈਣਾ ਸਿੰਘ ਨੇ ਦੋਨੋਂ ਹੱਥ ਜੋੜਕੇ ਅਰਜ਼ ਕੀਤੀ, ਗਰੀਬ ਨਿਵਾਜ਼! ਆਪ ਦੀ ਬਖਸ਼ਿਸ਼ ਕੀਤੀ ਜ਼ਮੀਨ ਵਿੱਚੋਂ 35 ਬਿਘੇ ਜ਼ਮੀਨ, 2 ਖੂਹ ਅਤੇ ਬਾਜ਼ਾਰ ਵਿੱਚ ਛੇ ਦੁਕਾਨਾਂ ਆਪ ਜੀ ਦੇ ਨਾਂ ਲਗਵਾਈਆਂ ਹਨ।

ਮਹਾਂਪੁਰਸ਼ — ਕਿਸ ਲਈ?

ਸੈਣਾ ਸਿੰਘ — ਮਹਾਰਾਜ, ਆਪ ਜੀ ਦੇ ਹੁਕਮ ਅਨੁਸਾਰ ਕੁਟੀਆ ਲਈ।

ਮਹਾਂਪੁਰਸ਼ — ਕੁਟੀਆ ਲਈ ਤਾਂ ਕੁਝ ਮਰਲੇ ਹੀ ਬਹੁਤ ਸਨ।

ਸੈਣਾ ਸਿੰਘ — ਮਹਾਰਾਜ! ਬਾਕੀ ਦੀ ਜ਼ਮੀਨ ਅਤੇ ਦੁਕਾਨਾਂ ਦੀ ਆਮਦਨ ਤੋਂ ਲੰਗਰ ਚੱਲਦਾ ਰਹੇਗਾ, ਆਪ ਕ੍ਰਿਪਾ ਕਰਕੇ ਤਰਨਤਾਰਨ ਦੀਆਂ ਸੰਗਤਾਂ ਨੂੰ ਦਰਸ਼ਨ ਦੀਦਾਰੇ ਬਖਸ਼ੋ।

ਨਾਲ ਹੀ ਕੁਝ ਯੋਗ ਥਾਂ ਦੀ ਚੋਣ ਕਰਕੇ, ਆਪਣੇ ਪਵਿੱਤਰ ਕਰ ਕਮਲਾਂ ਨਾਲ ਕੁਟੀਆ ਦੀ ਨਹੀਂ ਰੱਖੋ। ਮਹਾਂਪੁਰਸ਼ ਸੈਣਾ ਸਿੰਘ ਦੀ ਬੇਨਤੀ ਪਰਵਾਨ ਕਰਕੇ ਤਰਨਤਾਰਨ ਪਹੁੰਚੇ, ਜ਼ਮੀਨ ਦੇਖਕੇ ਹੁਕਮ ਕੀਤਾ ਇਸ ਥਾਂ ਕੁਟੀਆ ਬਣਾ ਲਉ। ਆਪ ਕੁਝ ਦਿਨ ਤਰਨਤਾਰਨ ਠਹਿਰਕੇ ਸੰਗਤਾਂ ਨੂੰ ਸਤ ਉਪਦੇਸ਼ ਕਰਦੇ ਹੋਏ, ਵਾਪਸ ਸ੍ਰੀ ਅੰਮ੍ਰਿਤਸਰ ਆ ਗਏ। ਉਧਰ ਸੈਣਾ ਸਿੰਘ ਅਤੇ ਸਭ ਸੰਗਤਾਂ ਨੇ ਮਿਲਕੇ ਕੁਟੀਆ ਦੀ ਸੇਵਾ ਕੀਤੀ।*

ਕੁਟੀਆ ਤਿਆਰ ਹੋਣ ਤੋਂ ਬਾਅਦ ਸੰਗਤਾਂ ਦੀ ਬੇਨਤੀ ਪਰਵਾਨ ਕਰਕੇ ਮਹਾਪੁਰਸ਼ ਤਰਨਤਾਰਨ ਜਾ ਕੇ ਕੁਟੀਆ ਠਹਿਰਦੇ, ਗੁਰਬਾਣੀ ਦੁਆਰਾ ਸਤਸੰਗ ਦਾ ਪਰਵਾਹ ਚੱਲਦਾ ਰਹਿੰਦਾ, ਸ਼ਹਿਰ ਅਤੇ ਇਲਾਕੇ ਦੀਆਂ ਸੰਗਤਾਂ ਵਾਹਵਾ ਲਾਭ ਉਠਾਉਂਦੀਆਂ। ਗੁਰੂ ਦਾ ਲੰਗਰ ਹਰ ਸਮੇਂ ਚੱਲਦਾ ਰਹਿੰਦਾ ਜਿਸ ਵਿਚ ਜ਼ਿਆਦਾ ਸੇਵਾ ਪਰਿਵਾਰ ਸਮੇਤ ਸੈਣਾ ਸਿੰਘ ਕਰਦਾ। ਸੈਣਾ ਸਿੰਘ ਦੀ ਇੱਕ ਜਵਾਨ ਲੜਕੀ ਜਿਸ ਦਾ ਨਾਂ ਸ਼ਾਂਤੀ ਦੇਵੀ (ਸੰਤੋ) ਸੀ ਬਹੁਤ ਪ੍ਰੇਮ ਨਾਲ ਸੇਵਾ ਕਰਦੀ। ਝਾੜੂ ਦੇਣਾ, ਜੂਠੇ ਬਰਤਣ ਮਾਂਜਣੇ, ਲੰਗਰ ਤਿਆਰ ਕਰਨਾ, ਸਮਾਂ ਮਿਲਣ ਤੇ ਸਤਸੰਗ ਦਾ ਲਾਭ ਉਠਾਉਣਾ। ਜਿਤਨਾ ਸਮਾਂ ਮਹਾਪੁਰਸ਼ ਤਰਨ-ਤਾਰਨ ਠਹਿਰਦੇ ਸੰਤੋ ਨੇਮ ਨਾਲ ਸੇਵਾ ਕਰਦੀ ਰਹਿੰਦੀ। ਕਦੇ-ਕਦੇ ਪਿਤਾ ਨਾਲ ਸ੍ਰੀ ਅੰਮ੍ਰਿਤਸਰ ਜਾ ਕੇ ਦਰਸ਼ਨ ਮੇਲਾ ਅਤੇ ਸੇਵਾ ਦਾ ਲਾਭ ਪ੍ਰਾਪਤ ਹੁੰਦਾ ਰਹਿੰਦਾ। ਮਹਾਂਪੁਰਸ਼ਾਂ ਨੇ ਵੀ ਇਸ ਪਰਿਵਾਰ ਤੇ ਬੇਅੰਤ ਰਹਿਮਤਾਂ ਦੀ ਵਰਖਾ ਕੀਤੀ।

ਇਕ ਦਿਨ ਸੈਣਾ ਸਿੰਘ ਨੇ ਮਹਾਂਪੁਰਸ਼ਾਂ ਦੇ ਚਰਨਾਂ ਵਿੱਚ ਅਰਜ਼ ਕੀਤੀ, ਮਹਾਰਾਜ! ਸੰਤੋ ਵਾਸਤੇ ਇੱਕ ਲੜਕਾ ਦੇਖਿਆ ਹੈ, ਘਰਾਣਾ ਬੜਾ ਖਾਨਦਾਨੀ ਹੈ, ਅਗਰ ਆਪ ਜੀ ਦੀ ਆਗਿਆਂ ਹੋਵੇ ਤਾਂ ਰਿਸ਼ਤਾ ਪੱਕਾ ਕਰ ਦੇਈਏ।

ਮਹਾਂਪੁਰਸ਼ — ਕਿੱਥੇ ਹੈ?

ਸੈਣਾ ਸਿੰਘ — ਜੀ ਸਿਆਲਕੋਟ ਜ਼ਿਲ੍ਹੇ ਵਿੱਚ ਪਿੰਡ ਹੈ *ਹੱਲੋਵਾਲ* । ਸੰਤ ਸੇਵੀ ਪਰਿਵਾਰ ਹੈ, ਲੜਕਾ ਵੀ ਕੁਝ ਸਾਧੂ ਖਿਆਲਾਂ ਦਾ ਪ੍ਰਤੀਤ ਹੁੰਦਾ ਹੈ।

* *ਇਸੇ ਜ਼ਮੀਨ ਵਿੱਚ ਠਾਕੁਰ ਸਿੰਘ ਤੋਂ ਬਾਅਦ ਗੱਦੀ ਨਸ਼ੀਨ ਹੋਏ ਠਾਕੁਰ ਗੁਲਾਬ ਸਿੰਘ ਜੀ ਅਤੇ ਸੰਤ ਧਰਮ ਸਿੰਘ ਜੀ ਸਮਾਧੀ ਵਾਲਿਆਂ ਦੀਆਂ ਸਮਾਧਾਂ ਬਣੀਆਂ ਹੋਈਆਂ ਹਨ। ਉਨ੍ਹਾਂ ਦੇ ਬਿਲਕੁਲ ਨਾਲ ਹੀ ਸੈਣਾ ਸਿੰਘ ਦੀ ਸਮਾਧ ਬਣੀ ਹੋਈ ਹੈ।*

ਮਹਾਂਪੁਰਸ਼, ਕੁਝ ਦੇਰ ਚੁੱਪ ਰਹਿਕੇ ਬੋਲੇ, ਠੀਕ ਹੈ, ਸਮਾਂ ਆਉਣ ਤੇ ਸੰਜੋਗ ਆਪਣੇ ਆਪ ਜਾ ਮਿਲਦੇ ਹਨ। ਸੈਣਾ ਸਿੰਘ ਨੇ ਲੜਕੇ ਵਾਲੇ ਪਰਿਵਾਰ ਨਾਲ ਗੱਲ ਚਲਾਈ, ਰਿਸ਼ਤਾ ਪੱਕਾ ਹੋ ਗਿਆ। ਕੁਝ ਦੇਰ ਬਾਅਦ ਪ੍ਰਤਾਪ ਸਿੰਘ ਅਤੇ ਸ਼ਾਂਤੀ ਦੇਵੀ ਦੀ ਸ਼ਾਦੀ ਕਰ ਦਿੱਤੀ ਗਈ।

## ਪ੍ਰਤਾਪ ਸਿੰਘ ਹੱਲੋਵਾਲ

ਪ੍ਰਤਾਪ ਸਿੰਘ ਅਤੇ ਸ਼ਾਂਤੀ ਦੇਵੀ ਸ਼ਾਦੀ ਤੋਂ ਬਾਅਦ ਸੁਖ ਪੂਰਵਕ ਰਹਿੰਦੇ ਰਹੇ। ਬ੍ਰਿਧ ਮਾਤਾ ਦੀ ਸੇਵਾ ਕਰਦੇ, ਨਿੱਤਨੇਮ ਨਿਯਮ ਨਾਲ ਕਰਦੇ, ਮਹੀਨੇ ਵਿਚ ਇੱਕ ਚੱਕਰ ਸ੍ਰੀ ਅੰਮ੍ਰਿਤਸਰ ਜ਼ਰੂਰ ਲਾਉਂਦੇ। ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਇਸ਼ਨਾਨ ਕਰਕੇ ਠਾਕੁਰ ਸੰਤ ਦਿਆਲ ਸਿੰਘ ਜੀ ਦੇ ਡੇਰੇ ਚਲੇ ਜਾਂਦੇ। ਮਹਾਂਪੁਰਸ਼ਾਂ ਤੋਂ ਪਵਿੱਤਰ ਉਪਦੇਸ਼ਾਤਮਕ ਅੰਮ੍ਰਿਤ ਪੀਂਦੇ, ਲੰਗਰ ਵਿੱਚ ਸੇਵਾ ਕਰਦੇ। ਕਦੇ ਉਸੇ ਦਿਨ, ਕਦੇ ਰਾਤ ਠਹਿਰਕੇ ਵਾਪਸ ਘਰ ਚਲੇ ਜਾਂਦੇ। ਇਸ ਪ੍ਰਕਾਰ ਗੁਰਬਾਣੀ ਦਾ ਪਾਠ, ਸਤਸੰਗ, ਸੇਵਾ ਦੁਆਰਾ ਜੀਵਨ ਬਤੀਤ ਕਰਦੇ-ਕਰਦੇ ਸਮਾਂ ਗੁਜਰਦਾ ਗਿਆ, ਲੇਕਿਨ ਘਰ ਵਿੱਚ ਕੋਈ ਔਲਾਦ ਨਾ ਹੋਈ।

ਮਾਵਾਂ ਨੂੰ ਪੁੱਤਰ ਲਾਲਸਾ ਬਣੀ ਹੀ ਰਹਿੰਦੀ ਹੈ, ਇਸ ਲਈ ਇੱਕ ਦਿਨ ਸ਼ਾਂਤੀ ਦੇਵੀ ਨੇ ਪ੍ਰਤਾਪ ਸਿੰਘ ਨੂੰ ਕਿਹਾ ਮੇਰੇ ਮਨ ਵਿੱਚ ਸੰਕਲਪ ਵਾਰ-ਵਾਰ ਉਠੀ ਜਾ ਰਿਹਾ ਹੈ ਕਿ ਘਰ ਦਾ ਦੀਵਾ ਜਗੇ। ਜੇ ਤੁਸੀਂ ਸਹਿਮਤ ਹੋਵੋ ਤਾਂ ਠਾਕੁਰ ਜੀ ਦੇ ਚਰਨਾਂ ਵਿੱਚ ਪੁੱਤਰ ਲਈ ਬੇਨਤੀ ਕਰੀਏ। ਪ੍ਰਤਾਪ ਸਿੰਘ ਬੋਲੇ, ਮਹਾਂਪੁਰਸ਼ਾਂ ਦੇ ਚਰਨਾਂ ਵਿੱਚ ਜਾ ਕੇ ਬਿਨਾਸ਼ੀ ਪਦਾਰਥਾਂ ਦੀ ਮੰਗ ਨਹੀਂ ਕਰੀਦੀ, ਅਗਰ ਮੰਗਣਾ ਹੀ ਹੈ ਤਾਂ ਨਾਮ ਜੈਸੀ ਅਵਿਨਾਸ਼ੀ ਵਸਤੂ ਦੀ ਮੰਗ ਕਰੀਏ ਜਿਸਨੂੰ ਪਾ ਕੇ ਦੋਨੋਂ ਲੋਕ ਪਰਲੋਕ ਸੁਹੇਲੇ ਹੋ ਜਾਣ। ਪਰੰਤੂ ਸ਼ਾਂਤੀ ਦੇਵੀ ਦੀ ਪ੍ਰਬਲ ਪੁੱਤਰ ਭਾਵਨਾ ਦੇਖਕੇ ਪ੍ਰਤਾਪ ਸਿੰਘ ਕਹਿਣ ਲੱਗੇ, ਜੇ ਤੇਰੀ ਇਹ ਹੀ ਇੱਛਾ ਹੈ ਤਾਂ ਚੱਲੋ ਠਾਕੁਰ ਜੀ ਦੇ ਚਰਨਾਂ ਵਿੱਚ ਬੇਨਤੀ ਕਰਦੇ ਹਾਂ। ਅੰਮ੍ਰਿਤ ਵੇਲੇ ਦੋਨੋਂ ਸ੍ਰੀ ਅੰਮ੍ਰਿਤਸਰ ਨੂੰ ਚੱਲ ਪਏ। ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਇਸ਼ਨਾਨ ਕਰਕੇ ਡੇਰਾ ਠਾਕੁਰਾਂ ਪਹੁੰਚ ਗਏ। ਅੱਗੇ ਠਾਕੁਰ ਸੰਤ ਦਿਆਲ ਸਿੰਘ ਜੀ ਆਪਣੇ ਆਸਣ ਤੇ ਸਜੇ ਕੋਲ ਬੈਠੀ ਸੰਗਤ ਨੂੰ ਇਸ ਸ਼ਬਦ ਦੁਆਰਾ ਉਪਦੇਸ਼ ਕਰ ਰਹੇ ਹਨ—

**ਜਿਸ ਕੁਲਿ ਪੂਤੁ ਨ ਗਿਆਨ ਬੀਚਾਰੀ॥ ਬਿਧਵਾ ਕਸ ਨ ਭਈ ਮਹਤਾਰੀ॥**

*(ਗ: ਕਬੀਰ ਜੀ, ਪੰਨਾ—੩੨੮)*

ਜਿਸ ਕੁਲ ਵਿੱਚ ਕੋਈ ਗਿਆਨ ਵਿਚਾਰ ਵਾਲਾ ਪੁੱਤਰ ਪੈਦਾ ਨਹੀਂ ਹੋਇਆ, ਉਹ ਮਾਂ ਪਹਿਲਾਂ ਹੀ ਵਿਧਵਾ ਕਿਉਂ ਨਾ ਹੋ ਗਈ।

**ਜਿਨ ਨਰ ਰਾਮ ਭਗਤਿ ਨਹਿ ਸਾਧੀ॥ ਜਨਮਤ ਕਸ ਨ ਮੁਓ ਅਪਰਾਧੀ॥**

*(ਗ: ਕਬੀਰ ਜੀ, ਪੰਨਾ—੩੨੮)*

ਜਿਸਨੇ ਮਨੁਖ ਸਰੀਰ ਧਾਰਣ ਕਰਕੇ ਪਰਮੇਸ਼ਰ ਦੀ ਭਗਤੀ ਸਾਧਨਾਂ ਨਹੀਂ ਕੀਤੀ, ਉਹ ਜੰਮਦਾ ਹੀ ਕਿਉਂ ਨਾ ਮਰ ਗਿਆ ਉਸਨੇ ਵੱਡਾ ਅਪਰਾਧ ਕੀਤਾ ਹੈ। ਇਸ ਪ੍ਰਕਾਰ ਪਰਮੇਸ਼ਰ ਤੋਂ ਬੇਮੁੱਖ ਜੀਵਾਂ ਨੂੰ ਕਬੀਰ ਜੀ ਤਾੜਨਾ ਭਰੇ ਸ਼ਬਦ ਕਹਿ ਰਹੇ ਹਨ। ਦੂਜੇ ਪਾਸ ਜਿਨ੍ਹਾਂ ਮਾਵਾਂ ਨੇ ਆਪਣੇ ਪੁੱਤਰਾਂ ਨੂੰ ਭਗਤੀ ਵਿੱਚ ਲਾਇਆ, ਗੁਰਬਾਣੀ ਉਨ੍ਹਾਂ ਦਾ ਜਸ ਕਰ ਰਹੀ ਹੈ, ਉਹ ਮਾਵਾਂ ਧੰਨਤਾ ਯੋਗ ਹਨ, ਦੇਖੋ ਬਾਬਾ ਫਰੀਦ ਜੀ ਕਿਸ ਪ੍ਰਕਾਰ ਸਲਾਹਣਾ ਕਰ ਰਹੇ ਹਨ—

**ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥**
**ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥**

*(ਆਸਾ ਸੇਖ ਫਰੀਦ ਜੀ, ਪੰਨਾ—੪੮੮)*

ਸੋ ਪ੍ਰੇਮੀ ਜਨੋ ਮਨੁੱਖ ਤਨ ਹਰੀ ਜਸ ਕਰਨ ਲਈ ਹੀ ਮਿਲਿਆ ਹੈ। ਮਾਵਾਂ ਨੂੰ ਚਾਹੀਦਾ ਹੈ, ਆਪਣਾ ਕੰਮਕਾਰ ਕਰਦੀਆਂ, ਖਾਣਾ-ਪਕਾਣਾ ਆਦਿ ਬਣਾਉਂਦੀਆਂ ਹਰੀ ਨੂੰ ਕਦੇ ਮਨ ਤੋਂ ਨਾ ਵਿਸਾਰਨ ਅਤੇ ਆਪਣੇ ਪੁੱਤਰਾਂ ਨੂੰ ਵੀ ਇਹੀ ਸਿੱਖਿਆ ਦੇਣ, ਫਿਰ ਲੋਕ-ਪ੍ਰਲੋਕ ਦੋਹਾਂ ਵਿੱਚ ਮੁੱਖ ਉਜਲਾ ਹੋਵੇਗਾ। ਸੰਗਤ ਵਿੱਚ ਬੈਠੇ ਪ੍ਰਤਾਪ ਸਿੰਘ ਅਤੇ ਸ਼ਾਂਤੀ ਦੇਵੀ ਵੀ ਇਹ ਵਿਚਾਰਾਂ ਨੂੰ ਬਹੁਤ ਧਿਆਨ ਨਾਲ ਸੁਣ ਰਹੇ ਸਨ। ਦੋਵਾਂ ਦੇ ਮਨਾਂ ਤੇ ਉਪਦੇਸ਼ ਦਾ ਡੂੰਘਾ ਅਸਰ

ਹੋਇਆ, ਸੋਚਣ ਲੱਗੇ ਪੁੱਤਰ ਹੋਵੇ ਤਾਂ ਐਸਾ, ਜਿਸਦੇ ਮੁੱਖ ਤੋਂ ਠਾਕੁਰ ਜੀ ਦੀ ਤਰ੍ਹਾਂ ਅੰਮ੍ਰਿਤ ਵਰਸੇ, ਸਾਡੀ ਕੁੱਲ ਨੂੰ ਰੋਸ਼ਨ ਕਰੇ, ਆਪ ਮੁਕਤ ਹੋਵੇ ਨਾਲ ਹੀ ਕੁੱਲਾਂ ਦਾ ਉਧਾਰ ਕਰੇ।

ਸਤਸੰਗ ਸਮਾਪਤ ਹੋਣ ਤੇ ਮਹਾਂਪੁਰਸ਼ਾਂ ਦੇ ਚਰਨਾਂ ਤੇ ਨਮਸਕਾਰ ਕੀਤੀ, ਠਾਕੁਰ ਜੀ ਨੇ ਵੀ ਖੇਮ ਕੁਸ਼ਨ ਪੁੱਛੀ ਅਤੇ ਹੁਕਮ ਕੀਤਾ, ਜਾਉ ਲੰਗਰ ਵਿੱਚ ਕੁਝ ਛੱਕ ਲਉ। ਹੁਕਮ ਮੰਨਕੇ ਲੰਗਰ ਵਿੱਚ ਗਏ, ਜਲ ਪਾਣੀ ਲੋੜ ਅਨੁਸਾਰ ਛੱਕਿਆ, ਕੁਝ ਬਰਤਣ ਆਦਿ ਦੀ ਸੇਵਾ ਕੀਤੀ। ਫਿਰ ਮਹਾਂਪੁਰਸ਼ਾਂ ਦੇ ਚਰਨਾਂ ਵਿੱਚ ਹੱਥ ਜੋੜ ਕੇ ਖੜ੍ਹੇ ਹੋ ਗਏ। ਅਰਜ਼ ਕੀਤੀ, ਜੀਵ ਹਾਂ ਇਛਾਵਾਂ ਦੇ ਭਰੇ ਪਏ ਹਾਂ, ਆਪ ਦੀ ਕ੍ਰਿਪਾ ਹੋ ਜਾਵੇ ਨਾਮ ਮਨ ਵਿੱਚ ਵੱਸ ਜਾਵੇ ਤਾਂ ਸਾਰੀਆਂ ਇਛਾਵਾਂ ਨਾਸ਼ ਹੋ ਜਾਣ। ਜੀਵਨ ਸਫਲਾ ਹੋ ਜਾਵੇ। ਅੱਜ ਵੀ ਇੱਛਾ ਨੂੰ ਲੈ ਕੇ, ਆਪ ਦੇ ਚਰਨਾਂ ਵਿੱਚ ਆਏ ਹਾਂ। ਕਾਫੀ ਸਮੇਂ ਤੋਂ ਪੁੱਤਰ ਪ੍ਰਾਪਤੀ ਦਾ ਸੰਕਲਪ ਮਨ ਵਿੱਚ ਬਾਰ-ਬਾਰ ਉਠ ਰਿਹਾ ਹੈ, ਯਤਨ ਕਰਨ ਦੇ ਬਾਵਜੂਦ ਵੀ ਸ਼ਾਂਤ ਨਹੀਂ ਹੋ ਰਿਹਾ, ਆਪ ਕ੍ਰਿਪਾ ਕਰੋ ਇਹ ਸੰਕਲਪ ਪੂਰਾ ਹੋ ਜਾਵੇ।

ਮਹਾਂਪੁਰਖ ਸੁਣਕੇ ਮੁਸਕਰਾਉਂਦੇ ਹੋਏ ਬੋਲੇ, ਜਿਹੋ ਜਿਹਾ ਪੁੱਤਰ ਤੁਸੀਂ ਚਾਹੁੰਦੇ ਹੋ, ਐਸੇ ਪੁੱਤਰਾਂ ਦੇ ਖਜ਼ਾਨਿਆਂ ਦੀਆਂ ਚਾਬੀਆਂ ਤਾਂ ਗੁਰੂ ਅਰਜਨ ਦੇਵ ਮਹਾਰਾਜ, ਬਾਬਾ ਬੁੱਢਾ ਜੀ ਨੂੰ ਸੌਂਪ ਗਏ ਹਨ। ਇਤਨਾ ਇਸ਼ਾਰਾ ਕਰਕੇ ਆਪ ਅੰਦਰ ਚਲੇ ਗਏ।

ਮਹਾਂਪੁਰਸ਼ਾਂ ਦੇ ਅੰਦਰ ਚਲੇ ਜਾਣ ਤੋਂ ਬਾਅਦ ਪ੍ਰਤਾਪ ਸਿੰਘ ਅਤੇ ਸ਼ਾਂਤੀ ਦੇਵੀ ਪੁੱਤਰ-ਪ੍ਰਾਪਤੀ ਦਾ ਸਪਸ਼ਟ ਵਰ ਨਾ ਸਮਝ ਕੇ ਚਿੰਤਾਂ ਵਿੱਚ ਡੁੱਬ ਗਏ। ਸੋਚ ਰਹੇ ਹਨ ਕਿ ਦੁਬਾਰਾ ਬੇਨਤੀ ਕਰੀਏ ਯਾ ਫਿਰ ਕਿਸੇ ਦਿਨ ਆਈਏ। ਇਨ੍ਹਾਂ ਸੋਚਾਂ ਵਿੱਚ ਹੀ ਸਨ, ਇਤਨੇ ਨੂੰ ਸੰਤ ਗੁਲਾਬ ਸਿੰਘ ਜੀ ਆ ਗਏ। ਇਨ੍ਹਾਂ ਦੇ ਨਮਸ਼ਕਾਰ ਕਰਨ ਉਪਰੰਤ ਸੰਤ ਜੀ ਨੇ ਉਦਾਸੀ ਦਾ ਕਾਰਨ ਪੁੱਛਿਆ। ਪ੍ਰਤਾਪ ਸਿੰਘ ਨੇ ਸਾਰੀ ਗੱਲ ਸੁਣਾਈ। ਸੁਣਕੇ ਸੰਤ ਗੁਲਾਬ ਸਿੰਘ ਜੀ ਬੋਲੇ, ਮਹਾਰਾਜ ਤਾਂ ਆਪ ਨੂੰ ਸਪਸ਼ਟ ਵਰ ਦੇ ਗਏ ਹਨ, ਉਹ ਸਤਵਾਦੀ ਹਨ, ਉਨ੍ਹਾਂ ਦਾ ਬਚਨ ਅੰਨਥਾ ਨਹੀਂ ਜਾਂਦਾ। ਸਾਧੂ ਰਮਜ਼ ਮਾਰਦਾ ਹੈ, ਰਾਜ਼ ਨਹੀਂ ਦਿੰਦਾ। ਸਾਧੂ ਦੇ ਬਚਨਾਂ ਨੂੰ ਸਮਝਣਾ ਬੜਾ ਮੁਸ਼ਕਿਲ ਹੈ, ਮਹਾਰਾਜ ਜੀ ਦਾ ਇਸ਼ਾਰਾ ਸਮਝੋ, ਸ੍ਰੀ ਦਰਬਾਰ ਸਾਹਿਬ ਬਾਬਾ ਬੁੱਢਾ ਜੀ ਦੀ ਬੇਰੀ ਹੇਠਾਂ ਖੜ੍ਹੋ ਕੇ ਗੁਰੂ ਨਾਨਕ ਦੇ ਚਰਨਾਂ ਦਾ ਧਿਆਨ ਧਰ ਅਰਦਾਸ ਕਰੋ, ਪਰਮੇਸ਼ਰ ਭਲੀ ਕਰੇਗਾ।

ਸੰਤ ਗੁਲਾਬ ਸਿੰਘ ਜੀ ਦੇ ਮੁੱਖ ਤੋਂ ਸਪਸ਼ਟ ਇਸ਼ਾਰਾ ਸੁਣਕੇ ਕੁਝ ਆਸ ਦੀ ਕਿਰਨ ਬੱਝੀ, ਨਮਸ਼ਕਾਰ ਕਰਕੇ ਦੋਨੋਂ ਸ੍ਰੀ ਹਰਿਮੰਦਰ ਸਾਹਿਬ ਪਹੁੰਚ ਗਏ। ਸੁਧਾ ਸਰੋਵਰ ਵਿੱਚ ਇਸ਼ਨਾਨ ਕਰ ਬਾਬੇ ਬੁੱਢੇ ਦੀ ਬੇਰੀ ਥੱਲੇ ਖੜ੍ਹੋ ਕੇ ਦੋਨਾਂ ਨੇ ਇੱਕ ਮਨ ਨਾਲ ਅਰਦਾਸ ਕੀਤੀ, ਹੇ ਬਾਬਾ ਬੁੱਢਾ ਜੀ! ਐਸੇ ਪੁੱਤਰ ਦੀ ਦਾਤ ਬਖਸ਼ਿਸ਼ ਕਰੋ, ਜੋ ਕੁਲਾਂ ਦਾ ਤਾਰਕ ਹੋਵੇ। ਆਪ ਦੀ ਬਖਸ਼ੀ ਦਾਤ ਅਸੀਂ ਠਾਕੁਰ ਜੀ ਦੇ ਚਰਨਾਂ ਵਿੱਚ ਅਰਪਣ ਕਰ ਦੇਵਾਂਗੇ, ਉਪਰੰਤ ਕੜਾਹ ਪ੍ਰਸ਼ਾਦਿ ਲੈ ਕੇ ਹਰਿਮੰਦਰ ਸਾਹਿਬ ਨਮਸਕਾਰ ਕਰ ਵਾਪਸ ਘਰ ਆ ਗਏ।

## ਜਨਮ

ਗੁਰੂ ਨਾਨਕ ਨੇ ਮੇਹਰ ਕੀਤੀ, ਕੁਝ ਸਮਾਂ ਗੁਜ਼ਰ ਜਾਣ ਤੋਂ ਬਾਅਦ ਬੱਚੇ ਦੀ ਆਸ ਹੋਈ। ਮਾਤਾ ਨੇ ਕਿਸੇ ਸਮੇਂ ਸਤਸੰਗ ਵਿੱਚ ਬੈਠਿਆਂ ਠਾਕੁਰ ਜੀ ਦੇ ਪਵਿੱਤਰ-ਮੁੱਖ ਤੋਂ ਸੁਣਿਆ ਸੀ ਕਿ ਜਿਸ ਵਕਤ ਮਾਂ ਦੇ ਗਰਭ ਵਿੱਚ ਬੱਚਾ ਹੋਵੇ, ਤਾਂ ਮਾਂ ਨੂੰ ਚਾਹੀਦਾ ਹੈ, ਜ਼ਿਆਦਾ ਸਮਾਂ ਭਜਨ ਬੰਦਗੀ ਵਿੱਚ ਗੁਜ਼ਾਰੇ। ਅਗਰ ਮਾਂ, ਬੱਚੇ ਨੂੰ ਸੰਤ ਭਗਤ ਬਣਾਉਣਾ ਚਾਹੁੰਦੀ ਹੈ ਤਾਂ ਗੁਰਬਾਣੀ ਦਾ ਪਾਠ ਭਜਨ ਕਰਦੀ ਰਹੇ, ਸੰਤਾਂ ਮਹਾਂਪੁਰਸ਼ਾਂ ਦੀਆਂ ਸਾਖੀਆਂ ਸੁਣਦੀ ਪੜ੍ਹਦੀ ਰਹੇ, ਮਹਾਂਪੁਰਸ਼ਾਂ ਦੀਆਂ ਫੋਟੋਆਂ ਦੇ ਇਕ ਟੱਕ ਦਰਸ਼ਨ ਕਰਦੀ ਰਹੇ। ਅਗਰ ਬੱਚੇ ਨੂੰ ਦਾਨੀ ਬਣਾਉਣਾ ਚਾਹੁੰਦੀ ਹੈ, ਤਾਂ ਰਾਜਾ ਹਰੀ ਚੰਦ ਜੈਸਿਆਂ, ਜਾਂ ਦਾਨਵੀਰ ਕਰਨ ਜੈਸਿਆਂ ਦੀਆਂ ਕਹਾਣੀਆਂ ਸੁਣੇ ਅਤੇ ਦਾਨ ਕਰਦੀ ਰਹੇ। ਲੇਕਿਨ ਜੇ ਧਰਮ ਦੇ ਯੁੱਧ ਕਰਨ ਵਾਲਾ ਸੂਰਬੀਰ ਬਣਾਉਣਾ ਚਾਹੁੰਦੀ ਹੈ, ਤਾਂ ਸੂਰਬੀਰਾਂ ਦੀਆਂ ਕਹਾਣੀਆਂ ਸੁਣੇ; ਸੂਰਬੀਰਾਂ ਦੀਆਂ ਫੋਟੋਆਂ ਦੇ ਦਰਸ਼ਨ ਕਰਦੀ ਰਹੇ। ਗਰਭ ਸਮੇਂ ਮਾਂ ਦੇ ਖਿਆਲਾਂ ਦਾ ਬੱਚੇ ਤੇ ਬਹੁਤ ਅਸਰ ਪੈਂਦਾ ਹੈ। ਅਗਰ ਮਾਂ, ਸਤਸੰਗ ਤੋਂ ਦੂਰ ਹੈ ਅਤੇ ਝੂਠ-ਮੂਠ, ਕੱਚ-ਪਿੱਚ, ਈਰਖਾ-ਬਖੀਲੀ, ਨਿੰਦਾ-ਚੁਗਲੀ, ਕਾਮ-ਕ੍ਰੋਧ ਆਦਿ ਅਸ਼ੁਭ ਗੁਣਾ ਵਿੱਚ ਸਮਾਂ ਗੁਜ਼ਾਰਦੀ ਹੈ ਤਾਂ ਅਵੱਸ਼ ਹੀ ਨਰਕ ਦੇ ਕੀੜੇ ਨੂੰ ਜਨਮ ਦੇਵੇਗੀ, ਇਸ ਵਿੱਚ ਸੰਸ਼ੇ ਨਹੀਂ।

ਇਨ੍ਹਾਂ ਵਿਚਾਰਾਂ ਦਾ ਮਾਤਾ ਸ਼ਾਂਤੀ ਦੇਵੀ ਦੇ ਮਨ ਤੇ ਡੂੰਘਾ ਅਸਰ ਪਿਆ ਹੋਇਆ ਸੀ। ਇਸ ਲਈ ਹਮੇਸ਼ਾਂ ਆਪਣੇ ਮਨ ਨੂੰ ਗੁਰਬਾਣੀ ਦੇ ਪਾਠ ਵਿਚਾਰ ਅਤੇ ਗੁਰੂ ਭਗਤਾਂ ਦੇ ਚਿੱਤਰਾਂ ਵਿੱਚ ਟਿਕਾਈ ਰੱਖਦੀ। ਇਸ ਪ੍ਰਕਾਰ ਸਮਾਂ ਗੁਜ਼ਰਦਾ ਗਿਆ ਆਖਰ ਉਡੀਕ ਕਰਦਿਆਂ, ਉਹ ਸੁਲੱਖਣੀ ਘੜੀ ਆ ਗਈ, ਜਿਸ ਸਮੇਂ ਇਕ ਪਰਉਪਕਾਰੀ ਤੇ ਭਾਗਸ਼ਾਲੀ ਮਹਾਂਪੁਰਖ ਨੇ ਇਕ ਬਾਲਕ ਦੇ ਰੂਪ ਵਿੱਚ ਇਸ ਅਸਾਰ-ਸੰਸਾਰ ਵਿੱਚ ਪਹਿਲਾ ਮੁਬਾਰਕ ਕਦਮ (ਯਾਨੀ ਜਨਮ ਲਿਆ) ਰੱਖਿਆ। ਇਹ ਗੱਲ ਲਗਭਗ ੧੮੬੧ ਈਸਵੀ ਦੀ ਹੈ।*

ਜਦੋਂ ਬਾਲਕ ਕੁਝ ਦਿਨਾਂ ਦਾ ਹੋ ਗਿਆ, ਤਾਂ ਮਾਤਾ-ਪਿਤਾ ਬਾਲਕ ਨੂੰ ਲੈ ਕੇ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਪਹੁੰਚੇ। ਕੜਾਹ ਪ੍ਰਸ਼ਾਦਿ ਭੇਟਾ ਲੈ ਕੇ, ਦਰਬਾਰ ਸਾਹਿਬ ਨਮਸ਼ਕਾਰ ਕਰ ਬਾਬਾ ਬੁੱਢਾ ਜੀ ਦਾ ਸ਼ੁਕਰਾਨਾ ਕਰਕੇ, ਠਾਕੁਰਾਂ ਦੇ ਡੇਰੇ ਪਹੁੰਚ ਗਏ।

ਉਸ ਸਮੇਂ ਦੇ ਗੱਦੀ ਨਸ਼ੀਨ ਠਾਕੁਰ ਸੰਤ ਗੁਲਾਬ ਸਿੰਘ ਜੀ ਦੇ ਚਰਨਾਂ ਵਿੱਚ ਨਮਸਕਾਰ ਕੀਤੀ ਅਤੇ ਬਾਲਕ ਨੂੰ ਉਨ੍ਹਾਂ ਦੇ ਚਰਨਾਂ ਵਿੱਚ ਲਿਟਾਇਆ। ਸੰਤਾਂ ਨੇ ਬੱਚੇ ਦੇ ਸਿਰ ਉਪਰ ਹੱਥ ਫੇਰਦਿਆਂ, ਬਹੁਤ ਡੂੰਘੀ ਦ੍ਰਿਸ਼ਟੀ ਨਾਲ ਤੱਕਿਆ। ਮਾਤਾ ਪਿਤਾ ਨੇ ਬੇਨਤੀ ਕੀਤੀ ਮਹਾਰਾਜ ਕ੍ਰਿਪਾ ਕਰੋ ਆਪਣੀ ਪਵਿੱਤਰ ਰਸਨਾਂ ਤੋਂ ਬਾਲਕ ਦਾ ਨਾਮ ਰੱਖੋ। ਮਹਾਂਪੁਰਸ਼ ਕਹਿਣ ਲੱਗੇ ਭਾਈ! ਬਾਬਾ ਬੁੱਢਾ ਜੀ ਦੀ ਬਖਸ਼ਿਸ਼ ਹੈ, ਇਸ ਲਈ ਨਾਮ ਬੁੱਢਾ ਹੀ ਠੀਕ ਹੈ। ਮਾਤਾ-ਪਿਤਾ ਬਹੁਤ ਖੁਸ਼ ਹੋਏ, ਆਖਰ ਮਹਾਂਪੁਰਸ਼ਾਂ ਤੋਂ ਅਸ਼ੀਰਵਾਦ ਪ੍ਰਾਪਤ ਕਰਕੇ ਵਾਪਸ ਘਰ ਆ ਗਏ।

ਬੜੇ ਪ੍ਰੇਮ ਨਾਲ ਬੱਚੇ ਦਾ ਪਾਲਣ ਪੋਸ਼ਣ ਕਰਨਾ ਸ਼ੁਰੂ ਕੀਤਾ, ਕਦੇ ਅੰਮ੍ਰਿਤਸਰ, ਕਦੇ ਤਰਨ-ਤਾਰਨ, ਮਹਾਂਪੁਰਸ਼ਾਂ ਦੇ ਚਰਨਾਂ ਵਿੱਚ ਪਹੁੰਚਦੇ, ਇਕ ਦੋ ਦਿਨ ਠਹਿਰਕੇ ਸੇਵਾ ਸਤਸੰਗ ਕਰਦੇ। ਫਿਰ ਵਾਪਸ ਘਰ ਆ ਜਾਂਦੇ। ਇਸ ਪ੍ਰਕਾਰ ਸੁੱਖ ਪੂਰਵਕ ਸਮਾਂ ਗੁਜ਼ਰਦਾ ਗਿਆ। ਮਾਤਾ-ਪਿਤਾ ਇਕ ਦਿਨ ਵਿਚਾਰ ਕਰਨ ਲੱਗੇ, ਆਪਾਂ ਬਾਬਾ ਬੁੱਢਾ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ ਸੀ, ਜੇ ਪੁੱਤਰ ਦੀ ਦਾਤ ਬਖਸ਼ ਦੇਵੋਂ ਤਾਂ ਠਾਕੁਰ ਜੀ ਦੇ ਚਰਨਾਂ ਵਿੱਚ ਸੌਂਪ ਦੇਵਾਂਗੇ। ਸੋ ਬੁੱਢਾ ਸਿੰਘ ਦੀ ਉਮਰ ਵੀ ਹੁਣ ਪੰਜ ਸਾਲ ਹੋ ਗਈ ਹੈ, ਇਸ ਲਈ ਜਿਸ ਦੀ ਅਮਾਨਤ ਹੈ ਉਸ ਨੂੰ ਸੌਂਪ ਦੇਈਏ। ਇਹ ਸੋਚ ਕੇ ਇਕ ਦਿਨ ਬੁੱਢਾ ਸਿੰਘ ਜੀ ਨੂੰ ਨਾਲ ਲੈ ਕੇ ਸ੍ਰੀ ਅੰਮ੍ਰਿਤਸਰ ਪਹੁੰਚੇ। ਮਹਾਪੁਰਸ਼ਾਂ ਨੂੰ ਨਮਸ਼ਕਾਰ ਕਰਕੇ ਬੇਨਤੀ ਕੀਤੀ, ਮਹਾਰਾਜ! ਬੁੱਢਾ ਸਿੰਘ ਆਪ ਜੀ ਦੀ ਹੀ ਅਮਾਨਤ ਹੈ ਪ੍ਰਵਾਨ ਕਰੋ। ਸੰਤ ਗੁਲਾਬ ਸਿੰਘ ਜੀ ਨੇ ਮੁਸਕਰਾਕੇ ਬਾਲਕ ਬੁੱਢਾ ਸਿੰਘ ਜੀ ਨੂੰ ਪਿਆਰ ਨਾਲ ਕੋਲ ਬਿਠਾਇਆ। ਇਤਨੀ ਦੇਰ ਨੂੰ ਸੰਤ ਧਰਮ ਸਿੰਘ ਜੀ ਸਮਾਧੀ ਵਾਲੇ ਆ ਗਏ। ਠਾਕੁਰ ਗੁਲਾਬ ਸਿੰਘ ਕਹਿਣ ਲੱਗੇ; ਇਹ ਹੋਣਹਾਰ ਬਾਲਕ ਗੁਰੂਆਂ ਦੀ ਅਮਾਨਤ ਹੈ, ਇਸ ਨੂੰ ਆਪ ਸੰਭਾਲੋ, ਆਪਣਾ ਸ਼ਿਸ਼ ਬਣਾਓ, ਪਰਮੇਸ਼ਰ ਦਾ ਹੁਕਮ ਐਸਾ ਹੀ ਲੱਗ ਰਿਹਾ ਹੈ। ਸੰਤ ਧਰਮ ਸਿੰਘ ਜੀ ਨੇ ਪ੍ਰਤਾਪ ਸਿੰਘ ਨੂੰ ਕਿਹਾ ਇਸ ਦੀ ਉਮਰ ਅਜੇ ਛੋਟੀ ਹੈ ਆਪ ਇਸ ਨੂੰ ਘਰ ਲੈ ਜਾਉ, ਸਾਡੀ ਅਮਾਨਤ ਜਾਣਕੇ, ਪ੍ਰੇਮ ਨਾਲ ਪਾਲਣ ਪੋਸ਼ਣ ਕਰਦੇ ਰਹੋ। ਜਦੋਂ ਇਹ ਦਸ ਸਾਲ ਦਾ ਹੋ ਜਾਵੇ ਫਿਰ ਲੈ ਆਉਣਾ। ਬਚਨ ਮੰਨਕੇ ਮਾਤਾ ਪਿਤਾ ਬੁੱਢਾ ਸਿੰਘ ਨੂੰ ਨਾਲ ਲੈ ਕੇ ਘਰ ਆ ਗਏ। ਉਸ ਹੋਣਹਾਰ ਬੱਚੇ ਨੂੰ ਰੱਬੀ ਅਮਾਨਤ ਜਾਣ ਕੇ ਬਹੁਤ ਪ੍ਰੇਮ ਨਾਲ ਪਾਲਣ ਪੋਸ਼ਣ ਕਰਨ ਲੱਗੇ।

## ਸੰਤ ਧਰਮ ਸਿੰਘ ਜੀ ਸਮਾਧੀ ਵਾਲੇ

ਸੰਤ ਠਾਕੁਰ ਦਿਆਲ ਸਿੰਘ ਜੀ ਦੇ ਅਨੇਕਾਂ ਸ਼ਿਸ਼ਾਂ ਵਿੱਚੋਂ, ਇੱਕ ਪਰਮ-ਸ਼ਿਸ਼ ਸੰਤ ਧਰਮ ਸਿੰਘ ਜੀ ਸਮਾਧੀ ਵਾਲੇ ਹੋਏ ਹਨ। ਆਪ ੨੦ ਸਾਲ ਦੀ ਆਯੂ ਵਿੱਚ ਠਾਕੁਰ ਜੀ ਦੀ ਸ਼ਰਨ ਆਏ। ਮਹਾਂਪੁਰਸ਼ਾਂ ਦੀ ਉੱਚ ਬ੍ਰਿਤੀ ਦੇਖਕੇ ਐਸੇ ਪ੍ਰਸੰਨ ਹੋਏ ਕਿ ਆਪਣਾ ਆਪ ਹੀ ਉਨ੍ਹਾਂ ਦੇ ਚਰਨਾਂ ਵਿੱਚ ਸਮੱਰਪਤ ਕਰ ਦਿੱਤਾ। ਠਾਕੁਰ ਜੀ ਦੀ ਸੇਵਾ ਨੂੰ ਇਕ ਈਸ਼ਵਰੀ ਸੇਵਾ ਮੰਨਕੇ ਸੇਵਾ ਵਿੱਚ ਅਜਿਹੇ ਲੀਨ ਹੋਏ ਕਿ ਆਪਣੇ ਆਪ ਤੋਂ ਬੇਖਬਰ ਹੋ ਗਏ। ਭਾਵਨਾ ਨਾਲ ਕੀਤੀ ਅਣਥੱਕ ਸੇਵਾ ਤੇ ਖੁਸ਼ ਹੋ ਕੇ ਠਾਕੁਰ ਜੀ ਨੇ ਵੀ ਬਖਸ਼ਿਸ਼ਾ ਦੇ ਭੰਡਾਰੇ ਖੋਲ੍ਹ ਦਿੱਤੇ, ਨਾਮ ਹਿਰਦੇ ਵਿੱਚ ਵਸ ਗਿਆ, ਸੰਸਾਰ ਤੋਂ ਬੇਖਬਰ ਹੋਏ, ਚੌਵੀ ਘੰਟੇ ਉਨਮਨੀ ਅਵੱਸਥਾ ਵਿੱਚ ਵਿਚਰਨ ਲੱਗੇ। ਐਸੀ ਅਵੱਸਥਾ ਦੇਖਕੇ ਠਾਕੁਰ ਜੀ ਨੇ ਪਿਆਰ ਨਾਲ ਸਮਾਧੀ ਵਾਲੇ ਨਾਮ ਰੱਖ ਦਿੱਤਾ। ਇਸ ਪ੍ਰਕਾਰ ਆਪਣੇ ਗੁਰੂਆਂ ਦੀ ਸੇਵਾ ਤੇ ਸਿਮਰਨ ਹੀ ਜ਼ਿੰਦਗੀ

* *ਕਈਆਂ ਲਿਖਤਾਂ ਵਿਚ ਜਨਮ ਤਾਰੀਖ ਸੰਬੰਧੀ ਮਤਭੇਦ ਹਨ ਪ੍ਰੰਤੂ ਡੂੰਘੀ ਖੋਜ ਕੀਤਿਆਂ 1861 ਈਸਵੀ ਹੀ ਸਹੀ ਜਾਪਦਾ ਹੈ। ਇਸ ਸਮੇਂ ਠਾਕੁਰ ਦਿਆਲ ਸਿੰਘ ਜੀ ਸੱਚਖੰਡ ਜਾ ਬਿਰਾਜੇ ਸਨ। ਆਪਣੀ ਗੱਦੀ ਤੇ ਸੰਤ ਗੁਲਾਬ ਸਿੰਘ ਜੀ ਨੂੰ ਸਥਾਪਤ ਕਰ ਗਏ ਸਨ।*

ਦਾ ਅਧਾਰ ਬਣਾ ਲਿਆ। ਗੁਰੂ ਨਾਨਕ ਦੇ ਘਰ ਵਿੱਚ ਮੰਜ਼ਿਲ ਤੇ ਪਹੁੰਚਣ ਦਾ ਇਹੀ ਇੱਕ ਸੁਖੱਲਾ ਅਤੇ ਫਾਸਟ (fast) ਤਰੀਕਾ ਹੈ, ਟੂ ਟਾਇਅਰ ਸਲੀਪਰ ਯਾਨੀ ਸੇਵਾ ਤੇ ਸਿਮਰਨ ਪ੍ਰੰਤੂ ਇਹ ਪ੍ਰਾਪਤ ਕਿਸੇ ਖੁਸ਼-ਨਸੀਬ ਪੁਰਸ਼ ਨੂੰ ਹੀ ਹੁੰਦਾ ਹੈ। ਮਨੁੱਖ ਸਰੀਰ ਦੀ ਪ੍ਰਾਪਤੀ ਦਾ ਇਹੀ ਇਕ ਲਕਸ਼ (Aim) ਹੈ।

**ਗੁਰ ਸੇਵਾ ਤੇ ਭਗਤਿ ਕਮਾਈ॥ ਤਬ ਇਹ ਮਾਨਸ ਦੇਹੀ ਪਾਈ॥**
**ਇਸ ਦੇਹੀ ਕਉ ਸਿਮਰਹਿ ਦੇਵ॥ ਸੋ ਦੇਹੀ ਭਜੁ ਹਰਿ ਕੀ ਸੇਵ॥**
**ਭਜਹੁ ਗੋਬਿੰਦ ਭੂਲਿ ਮਤ ਜਾਹੁ॥ ਮਾਨਸ ਜਨਮ ਕਾ ਏਹੀ ਲਾਹੁ॥**

*(ਭੈਰਉ ਕਬੀਰ ਜੀ, ਪੰਨਾ-੧੧੫੯)*

## ਬਾਬਾ ਬੁੱਢਾ ਸਿੰਘ ਜੀ

ਜਿਸ ਵਕਤ ਇਸ ਹੋਣਹਾਰ ਬਾਲਕ ਦੀ ਆਯੂ ਦਸ ਸਾਲ ਦੀ ਹੋਈ ਤਾਂ ਮਾਤਾ ਪਿਤਾ ਆਪਣੇ ਦਿੱਤੇ ਬਚਨਾਂ ਅਨੁਸਾਰ, ਬਾਲਕ ਬੁੱਢਾ ਸਿੰਘ ਜੀ ਨੂੰ ਸੰਤ ਧਰਮ ਸਿੰਘ ਸਮਾਧੀ ਵਾਲਿਆਂ ਦੇ ਚਰਨਾਂ ਵਿੱਚ ਲੈ ਗਏ। ਅਰਜ਼ ਕੀਤੀ, ਆਪਣੀ ਅਮਾਨਤ ਸੰਭਾਲੋ। ਬਾਬਾ ਜੀ ਨੇ ਬਾਲਕ ਨੂੰ ਪਿਆਰ ਦੇ ਕੇ, ਸਿਰ ਤੇ ਹੱਥ ਫੇਰਿਆ, ਥੋੜ੍ਹੀ ਬਹੁਤ ਸੇਵਾ ਬਖਸ਼ਿਸ਼ ਕਰਕੇ ਪੜ੍ਹਣ ਬਿੱਠਾ ਦਿੱਤਾ। ਆਪ ਦੀ ਉਮਰ ਭਾਵੇਂ ਛੋਟੀ ਸੀ ਪ੍ਰੰਤੂ ਪੂਰਬਲੇ ਭਗਤੀ ਦੇ ਸੰਸਕਾਰ ਇਤਨੇ ਪ੍ਰਬਲ ਸਨ ਕਿ ਬੁੱਧੀ ਪਰਮਾਰਥ ਦੇ ਹਰ ਭੇਦ ਨੂੰ ਸਮਝਣ ਦੇ ਯੋਗ ਸੀ। ਇਸ ਪ੍ਰਕਾਰ ਆਪ ਨੇ ਪੂਰੀ ਲਗਨ ਨਾਲ ਪੜ੍ਹਣਾ ਸ਼ੁਰੂ ਕੀਤਾ। ਗੁਰਮੁਖੀ ਸਿੱਖਣ ਤੋਂ ਬਾਅਦ ਗੁਰੂ ਘਰ ਦੀ ਵਿਦਿਆ ਯਾਨੀ ਗੁਰਬਾਣੀ ਤੇ ਗੁਰ ਇਤਿਹਾਸ ਦਾ ਅਧਿਯਨ ਸ਼ੁਰੂ ਕੀਤਾ। ਸਮੇਂ-ਸਮੇਂ ਲੰਗਰ ਦੀ, ਜਾਂ ਆਪਣੇ ਗੁਰੂਦੇਵ ਦੀ ਸੇਵਾ ਦਾ ਲਾਭ ਉਠਾਉਂਦੇ ਰਹਿੰਦੇ। ਇਉਂ ਸੇਵਾ ਤੇ ਵਿਦਿਆ ਰੂਪ ਦੋ ਪਹੀਆ ਗੱਡੀ ਤੇ ਸਵਾਰ ਹੋ ਕੇ, ਆਤਮ ਦੇਸ ਪਹੁੰਚਣ ਲਈ ਯਾਤਰਾ ਆਰੰਭ ਦਿੱਤੀ। ਇਹ ਦੁਪਹੀਆਂ ਗੱਡੀ ਸਮੇਂ-ਸਮੇਂ ਸਫਰ ਕਰਦੀ ਬਾਲਪਣ ਅਤੇ ਕਿਸ਼ੋਰ ਅਵੱਸਥਾ ਦੇ ਛੋਟੇ-ਛੋਟੇ ਸਟੇਸ਼ਨਾਂ ਤੋਂ ਗੁਜ਼ਰਦੀ ਜਵਾਨੀ ਦੇ ਜੰਕਸ਼ਨ ਦੇ ਜਾ ਪਹੁੰਚੀ, ਯਾਨੀ ਸੇਵਾ-ਸਿਮਰਨ ਤੇ ਗੁਰੂ ਘਰ ਦੀ ਵਿਦਿਆ ਪੜ੍ਹਦਿਆਂ ਬਾਰਾਂ ਸਾਲ ਗੁਜ਼ਰ ਗਏ, ਭਾਵ ਆਪ ਦੀ ਉਮਰ ਬਾਈ ਸਾਲ ਦੀ ਹੋ ਗਈ। ਜਵਾਨ ਉਮਰ ਦਾ ਜੰਕਸ਼ਨ, ਇਕ ਐਸਾ ਪੜਾਅ ਹੈ ਜਿੱਥੋਂ ਵਿੰਗੇ ਟੇਢੇ ਪਾਸੇ ਨੂੰ ਅਣਗਿਣਤ ਲਾਈਨਾਂ ਫੱਟ ਰਹੀਆਂ ਹਨ, ਪ੍ਰੰਤੂ ਆਪ ਆਮ ਯਾਤਰੀਆਂ ਵਾਂਗ ਬੁੱਧੀਹੀਣ ਨਹੀਂ, ਆਪ ਜਾਣਦੇ ਹਨ, 'ਬੇਗਮ ਪੁਰੇ' ਸ਼ਹਿਰ ਪਹੁੰਚਣ ਲਈ ਕਿੰਨੇ ਨੰਬਰ ਪਲੇਟ ਫਾਰਮ ਤੋਂ ਗੱਡੀ ਚਲਦੀ ਹੈ। ਹੁਣ ਆਪ ਦੇ ਮਨ ਵਿੱਚ ਇੱਛਾ ਪੈਦਾ ਹੋਈ—**ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ** ਦੇ ਮਹਾਂਵਾਕ ਅਨੁਸਾਰ ਸੰਸਕ੍ਰਿਤ ਦੀ ਵਿਦਯਾ ਦਾ ਗਿਆਨ ਹਾਸਲ ਕੀਤਾ ਜਾਵੇ। ਸੋ ਇੱਕ ਦਿਨ ਯੋਗ ਸਮਾਂ ਜਾਣਕੇ ਆਪਣਾ ਸੰਕਲਪ, ਆਪਣੇ ਗੁਰੂਦੇਵ, ਬਾਬਾ ਧਰਮ ਸਿੰਘ ਜੀ ਅੱਗੇ ਵਰਨਣ ਕੀਤਾ। ਬਾਬਾ ਜੀ ਪਹਿਲਾਂ ਹੀ ਜਾਣਦੇ ਸਨ ਕਿ ਇਸਨੇ ਜਿਤਨੀ ਵੱਡੀ ਦੁਕਾਨ ਖੋਲ੍ਹਣੀ ਹੈ, ਉਸ ਵਿੱਚ ਸੌਦਾ ਵੀ ਉਤਨਾ ਹੀ ਚਾਹੀਦਾ ਹੈ, ਤਾਂ ਕਿ ਕੋਈ ਗਾਹਕ ਦੁਕਾਨ ਤੋਂ ਆਇਆ ਖਾਲੀ ਨਾ ਮੁੜੇ।

ਸੋ ਬਾਬਾ ਧਰਮ ਸਿੰਘ ਜੀ ਨੇ ਭਵਿੱਖਤ ਨੂੰ ਵਾਚ ਕੇ ਆਪ ਜੀ ਨੂੰ ਕਾਸ਼ੀ ਜਾ ਕੇ ਵਿਦਯਾ ਹਾਸਲ ਕਰਨ ਲਈ ਹੁਕਮ ਕਰ ਦਿੱਤਾ। ਆਪ ਹੁਕਮ ਅਤੇ ਅਸ਼ੀਰਵਾਦ ਪ੍ਰਾਪਤ ਕਰਕੇ ਕਾਸ਼ੀ ਪਹੁੰਚ ਗਏ। ਇੱਥੇ ਪਹੁੰਚ ਕੇ ਆਪ ਨੇ ਵਿਦਯਾ ਪੜ੍ਹਣੀ ਸ਼ੁਰੂ ਕੀਤੀ। ਇੱਥੇ ਹੀ ਆਪ ਜੀ ਨੂੰ ਪੰਡਿਤ ਊਧਵ ਸਿੰਘ ਜੀ ਦਾ ਪਹਿਲਾ ਮਿਲਾਪ ਹੋਇਆ।*

ਹੁਣ ਆਪ ਨੇ ਪੂਰੀ ਲਗਨ ਨਾਲ ਸੰਸਕ੍ਰਿਤ ਪੜ੍ਹਣੀ ਸ਼ੁਰੂ ਕੀਤੀ। ਸਮਾਂ ਮਿਲਣ ਤੇ ਕਦੇ-ਕਦੇ ਪੰਡਿਤ ਊਧਵ ਸਿੰਘ ਜੀ ਨਾਲ ਮਿਲਕੇ ਆਤਮ ਚਰਚਾ ਕਰਦੇ ਰਹਿਣਾ। ਇਸ ਪ੍ਰਕਾਰ ਸਮੇਂ ਦਾ ਲਾਭ ਉਠਾਉਂਦੇ ਹੋਏ ਦੋ ਸਾਲ ਗੁਜ਼ਰ ਗਏ। ਇਸ ਥੋੜੇ ਸਮੇਂ ਵਿੱਚ ਆਪ ਨੇ ਸੰਸਕ੍ਰਿਤ ਦਾ ਚੋਖਾ ਗਿਆਨ ਹਾਸਲ ਕਰ ਲਿਆ। ਹੁਣ ਸਰੀਰ ਦੀ ਪ੍ਰਾਰਬਧ ਨੇ ਹੋਰ ਖੇਡ ਰਚਾਇਆ। ਕਾਸ਼ੀ ਦਾ ਪਾਣੀ, ਮੁਆਫਕ ਨਾ ਆਉਣ ਕਰਕੇ, ਸਰੀਰ ਕੁਝ ਢਿੱਲਾ ਰਹਿਣ ਲੱਗ ਗਿਆ। ਆਪ ਸਮਝ ਗਏ ਕਿ ਅਕਾਲ ਪੁਰਖ ਨੇ ਹੁਣ ਕੋਈ ਹੋਰ ਡਿਊਟੀ ਕਰਾਉਣੀ ਹੈ। ਇਸ ਗੱਲ ਨੂੰ ਜਾਣਦੇ ਹੋਏ ਆਪ ਵਾਪਸ ਸ੍ਰੀ ਅੰਮ੍ਰਿਤਸਰ ਆ ਕੇ ਮਹਾਂਪੁਰਸ਼ਾਂ ਦੀ ਸੇਵਾ ਵਿੱਚ ਤਤਪਰ ਹੋ ਗਏ। ਦਿਨ ਰਾਤ ਕਈ ਸਾਲ ਮਹਾਂਪੁਰਖਾਂ ਦੀ

* *ਪੰਡਿਤ ਊਧਵ ਸਿੰਘ ਜੀ ਉਸ ਸਮੇਂ ਦੇ ਮਹਾਨ ਵਿਦਵਾਨ ਪੰਡਿਤ ਸਨ ਜੋ ਬਾਅਦ ਵਿੱਚ ਨਿਰਮਲ ਪੰਚਾਇਤੀ ਅਖਾੜਾ ਕਨਖਲ (ਹਰਦੁਆਰ) ਦੇ ਸ੍ਰੀ ਮਹੰਤ ਬਣੇ। ਆਪ ਨੇ ਹੀ ਬਾਬਾ ਬੁੱਢਾ ਸਿੰਘ ਜੀ ਨੂੰ 1897 ਈ: ਵਿੱਚ ਰੰਮਤ ਤੇ ਮੁੱਖੀ ਥਾਪਿਆ।*

ਇੰਨੀ ਸੇਵਾ ਕੀਤੀ ਕਿ ਮਨ ਸ਼ੀਸ਼ੇ ਵਰਗਾ ਸ਼ੁੱਧ ਹੋ ਗਿਆ। ਬੱਸ ਸਾਰਾ ਯਤਨ ਮਨ ਨੂੰ ਸ਼ੁੱਧ ਕਰਨ ਲਈ ਹੀ ਤਾਂ ਹੈ, ਵਰਨਾ ਪਰਮੇਸ਼ਰ ਤਾਂ ਹੱਥਾਂ-ਪੈਰਾਂ ਤੋਂ ਵੀ ਨੇੜੇ ਹੈ। ਪਰਮੇਸ਼ਰ ਮਿਲਾਪ ਲਈ ਮਨ ਦੀ ਸ਼ੁੱਧੀ ਤੋਂ ਸਿਵਾਏ ਹੋਰ ਕੋਈ ਕਰਮ ਸਹਾਇਕ ਵੀ ਨਹੀਂ ਹੁੰਦਾ। ਪਿਛਲੇ ਸਮੇਂ ਵਿੱਚ ਸਾਧਕ, ਮਨ ਨੂੰ ਸ਼ੁੱਧ ਕਰਨ ਲਈ ਪ੍ਰਾਣਾਯਾਮ ਵਰਗੀਆਂ ਕਠਨ ਘਾਲਣਾ ਘਾਲਦੇ-ਘਾਲਦੇ ਹਜ਼ਾਰਾਂ ਸਾਲ ਬਤੀਤ ਕਰ ਦਿੰਦੇ ਸਨ। ਲੇਕਿਨ ਫਿਰ ਵੀ ਕਿਤੇ-ਨਾ-ਕਿਤੇ ਕਸਰ ਰਹਿ ਜਾਇਆ ਕਰਦੀ ਸੀ। ਅਜੋਕੇ ਸਮੇਂ ਵਿੱਚ ਜਦ-ਕਿ ਉਮਰਾਂ ਛੋਟੀਆਂ, ਦਿਲ ਦਿਮਾਗ ਕਮਜ਼ੋਰ, ਬੁੱਧੀ ਦੀ ਸੋਚ ਨੀਂਵੀ ਹੋਣ ਕਰਕੇ ਸਰੀਰ ਐਸੀਆਂ ਸਖਤ ਘਾਲਣਾ ਦੀ ਝਾਲ ਝੱਲਣ ਦੇ ਸਮਰੱਥ ਹੀ ਨਹੀਂ ਹਨ। ਇਸ ਸਮੇਂ ਤਾਂ ਗੁਰੂ ਨਾਨਕ ਦੇ ਘਰ ਵਿਚ—

ਗੁਰ ਪੂਰੇ ਦੀ ਚਾਕਰੀ ਬਿਰਥਾ ਜਾਇ ਨ ਕੋਇ॥ ਰਹਾਉ॥
ਮਨ ਕੀਆ ਇਛਾਂ ਪੂਰੀਆਂ ਪਾਇਆ ਨਾਮੁ ਨਿਧਾਨੁ॥
ਅੰਤਰਜਾਮੀ ਸਦਾ ਸੰਗਿ ਕਰਣੈਹਾਰੁ ਪਛਾਨੁ॥

*(ਸਿਰੀਰਾਗੁ ਮ: ੫, ਪੰਨਾ—੪੬)*

ਯਥਾ — ਗੁਰ ਪੂਰੇ ਕੀ ਚਾਕਰੀ ਥਿਰੁ ਕੰਧੁ ਸਬਾਇਆ॥
ਨਾਨਕ ਬਖਸਿ ਮਿਲਾਇਅਨੁ ਹਰਿ ਨਾਮਿ ਸਮਾਇਆ॥

*(ਪੰਨਾ-੧੨੫੦)*

ਯਥਾ — ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ॥
ਨਦਰਿ ਕਰੇ ਜਿਸੁ ਆਪਣੀ ਤਿਸੁ ਲਾਏ ਹੇਤ ਪਿਆਰੁ॥
ਸਤਿਗੁਰ ਕੀ ਸੇਵੈ ਲਗਿਆ ਭਉਜਲੁ ਤਰੈ ਸੰਸਾਰੁ॥
ਮਨ ਚਿੰਦਿਆ ਫਲੁ ਪਾਇਸੀ ਅੰਤਰਿ ਬਿਬੇਕ ਬੀਚਾਰੁ॥
ਨਾਨਕ ਸਤਿਗੁਰਿ ਮਿਲਿਐ ਪ੍ਰਭੁ ਪਾਈਐ ਸਭੁ ਦੂਖ ਨਿਵਾਰਣਹਾਰੁ॥

*(ਵਾਰਾਂ ਤੇ ਵਧੀਕ, ਪੰਨਾ-੧੪੨੨)*

ਗੁਰੂ ਪੀਰਾਂ ਦੀ ਚਾਕਰੀ ਵਿੱਚ ਵੱਡੀ-ਤੋਂ-ਵੱਡੀ ਘਾਲਣਾ ਦੋ ਭੱਬਿਆਂ ਦਾ ਦ੍ਰਿੜ ਬੋਧ ਹੀ ਹੈ ਜਿਸ ਨੂੰ ਇਹ ਦੋ ਅੱਖਰਾਂ ਦਾ ਭੇਦ ਸਮਝ ਆ ਗਿਆ—

ਭੱਬਾ — ਭਲਾ ਜੀ,
ਭੱਬਾ — ਭੂਲਾ ਜੀ।
ਯਥਾ — ਆਗਿਆ ਸਮ ਨਹੀਂ ਸਾਹਿਬ ਸੇਵਾ॥

ਜਿਸ ਖੁਸ਼-ਨਸੀਬ ਪੁਰਸ਼ ਨੂੰ ਪਰਮਾਰਥ ਦਾ ਇਹ ਗਹਿਰਾ ਰਾਜ਼ ਸਮਝ ਵਿੱਚ ਆ ਗਿਆ ਉਸ ਤੋਂ ਮੰਜ਼ਿਲ ਦੂਰ ਨਹੀਂ ਮਾਨੋਂ ਉਹ ਸੁਭਾਗਾ ਪੁਰਸ਼ ਕਰਮਖੰਡ ਦੀ ਡਿਊਡੀ ਤੇ ਅਪੜ ਗਿਆ, ਉਸਦੀ ਫਾਈਲ ਵੱਡੇ ਸਾਹਿਬ ਦੇ ਕਾਊਂਟਰ ਤੇ ਪਹੁੰਚ ਗਈ ਹੁਣ ਕਿਸੇ ਵੀ ਸਮੇਂ ਮੋਹਰ ਲੱਗਣ ਵਾਲੀ ਹੈ।

ਇੱਕ ਦਿਨ ਮਹਾਂਪੁਰਸ਼ਾਂ ਨੇ ਹੁਕਮ ਕੀਤਾ, ਬੁੱਢਾ ਸਿੰਘ! ਸਵੇਰੇ-ਸ਼ਾਮ ਦੋਨੋਂ ਵਕਤ ਦਰਬਾਰ ਵਿੱਚ ਕਥਾ ਕਰਿਆ ਕਰੋ। ਆਪ ਮਹਾਂਪੁਰਸ਼ਾਂ ਦੇ ਹੁਕਮ ਵਿੱਚ ਵਿਚਰਦੇ ਹੋਏ ਜਿਥੇ ਹੋਰ ਸੇਵਾਵਾਂ ਕਰਦੇ ਸਨ, ਉਥੇ ਦੋਨੋਂ ਸਮੇਂ ਕਥਾ ਕਰਨੀ ਆਰੰਭ ਦਿੱਤੀ। ਇਸ ਪ੍ਰਕਾਰ ਸਵੇਰ-ਸ਼ਾਮ ਕਥਾ ਪ੍ਰਵਚਨਾਂ ਦੁਆਰਾ ਦਰਬਾਰ ਵਿੱਚ ਹਾਜ਼ਰੀ, ਦਿਨ ਨੂੰ ਜਿਤਨੀ ਹੋਰ ਸੇਵਾ ਬਣੇ, ਕਰਦੇ ਰਹਿਣਾ, ਲੇਕਿਨ ਜਿਆਦਾ ਸਮਾਂ ਹੁਣ ਅੰਤਰ ਮੁੱਖ ਹੋਏ, ਹਰੀ ਸਿਮਰਨ ਵਿੱਚ ਲੀਨ ਰਹਿਣਾ। ਇਸ ਪ੍ਰਕਾਰ ਸੇਵਾ ਕਰਦੇ-ਕਰਦੇ ਅੱਜ ਉਹ ਸੁਭਾਗੀ ਘੜੀ ਆ ਗਈ ਜਦੋਂ ਪਰਮੇਸ਼ਰ ਵੱਲੋਂ ਸਾਰੇ ਢੁਕਾਉ ਢੁੱਕ ਗਏ। ਆਪ ਨੇ ਅੰਮ੍ਰਿਤ ਵੇਲੇ ਦੋ-ਢਾਈ ਵਜੇ ਉਠਕੇ, ਬਾਬਾ ਧਰਮ ਸਿੰਘ ਜੀ ਦਾ ਇਸ਼ਨਾਨ ਕਰਵਾਇਆ, ਵਸਤਰ ਪਹਿਨਾਏ, ਉਪਰੰਤ ਬਾਬਾ ਜੀ ਨੇ ਸਥੂਲ, ਸੁਖਸ਼ਮ, ਕਾਰਣ ਆਦਿ ਤਿੰਨਾਂ ਸਰੀਰਾਂ ਤੋਂ ਮਨ ਬ੍ਰਿਤੀ ਨੂੰ ਸੰਕੋਚ ਕੇ ਆਤਮਾ ਵਿਚ ਲੀਨ ਕਰ ਦਿੱਤਾ ਯਾਨੀ ਸਮਾਧੀ ਸਥਿਤ ਹੋ ਗਏ। ਬ੍ਰਿਤੀ ਆਤਮ ਰਸ ਵਿੱਚ ਇਤਨੀ ਲੀਨ ਹੋਈ, ਕਿ ਕਿਤਨਾ ਸਮਾਂ

ਬੀਤ ਜਾਣ ਤੇ ਵੀ ਉਥਾਨ ਨਹੀਂ ਹੋ ਰਹੀ। ਐਸੀ ਆਤਮ ਮਈ ਅਨੰਦ ਦਾਇਕ ਅਵੱਸਥਾ ਵਿੱਚੋਂ ਕੌਣ ਨਿਕਲੇ ਅਤੇ ਦੂਸਰਾ ਕੌਣ ਜਾਣੇ? ਐਸੀ ਅਵੱਸਥਾ ਪਰਥਾਇ ਹੀ ਤਾਂ ਗੁਰੁਦੇਵ ਦਾ ਫੁਰਮਾਣ ਹੈ—

ਸਭੇ ਸੁਖ ਭਏ ਪ੍ਰਭ ਤੁਠੇ॥ ਗੁਰ ਪੂਰੇ ਕੇ ਚਰਣ ਮਨਿ ਵੁਠੇ॥
ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ॥

*(ਮਾਝ ਮ: ੫, ਪੰਨਾ-੧੦੬)*

ਉਧਰ ਬੁੱਢਾ ਸਿੰਘ ਜੀ ਦਾ ਇੱਕ ਟੱਕ ਧਿਆਨ ਬਾਬਾ ਜੀ ਦੇ ਚਿਹਰੇ ਵੱਲ ਲੱਗਾ ਹੋਇਆ ਹੈ, ਕਿ ਕਦੋਂ ਨੇਤਰ ਖੋਲ੍ਹਣ ਤਾਂ ਦੁੱਧ ਆਦਿ ਲੈ ਕੇ ਆਵਾਂ। ਦੋ-ਢਾਈ ਘੰਟੇ ਗੁਜ਼ਰ ਜਾਣ ਤੋਂ ਬਾਅਦ ਬਾਬਾ ਧਰਮ ਸਿੰਘ ਜੀ ਦੇ ਕਮਲਾਂ ਵਰਗੇ ਨੇਤਰ ਖੁਲ੍ਹੇ, ਇਕ ਪਲਕਾਰੇ ਵਿੱਚ ਫਿਰ ਬੰਦ ਹੋ ਗਏ, ਕੁਝ ਮਿੰਟਾਂ ਬਾਅਦ ਫਿਰ ਖੁਲ੍ਹੇ, ਫਿਰ ਬੰਦ ਹੋ ਗਏ। ਇਉਂ ਪ੍ਰਤੀਤ ਹੋ ਰਿਹਾ ਹੈ ਮਾਨੋ ਰਸ ਮਗਨਤਾ, ਬ੍ਰਿਤੀ ਨੂੰ ਉਥਾਨ ਨਹੀਂ ਹੋਣ ਦਿੰਦੀ। ਬਾਬਾ ਜੀ ਕੁਝ ਵੀ ਕਰਨ, ਜਾਂ ਕਹਿਣ ਦੀ ਅਵੱਸਥਾ ਤੋਂ ਪਰੇ, ਅਕ੍ਰਿਆ ਅਤੇ ਅਕਹਿ ਪਦ ਵਿੱਚ ਸਥਿਤ ਹਨ, ਪਰੰਤੂ ਸਰੀਰ ਨੇ ਪ੍ਰਾਰਬਧ ਵੱਸ ਪਰਉਪਕਾਰ ਆਦਿ ਦੀ ਕਿਰਿਆ ਕਰਣੀ ਹੀ ਹੋਈ। ਸੋ ਹੁਣ ਨੇਤਰ ਖੋਲ੍ਹੇ, ਪਹਿਲੀ ਅੰਮ੍ਰਿਤਮਈ ਦ੍ਰਿਸ਼ਟੀ ਸਨਮੁਖ ਬੈਠੇ ਬੁੱਢਾ ਸਿੰਘ ਜੀ ਤੇ ਪਈ ਜੋ ਕਿ ਦੋਨੋਂ ਹੱਥ ਜੋੜੀਂ ਸਾਹਮਣੇ ਬੈਠੇ ਦੁੱਧ ਛੱਕਣ ਲਈ ਅਰਜ਼ ਕਰ ਰਹੇ ਸਨ। ਆਪ ਜੀ ਦੇ ਪਵਿੱਤਰ ਮੁੱਖ ਤੋਂ ਥਿੜਕਦੀ ਅਵਾਜ਼ ਨਾਲ ਪਹਿਲਾਂ ਵਚਨ ਉਚਾਰਨ ਹੋਇਆ, ਹਾਂ! ਛੱਕਾਂਗੇ!! ਪਰ ਛੱਕਾ ਕੇ!!! ਬੱਸ ਇਤਨਾ ਕਹਿਕੇ ਮੇਹਰਾਂ ਭਰਿਆ ਹੱਥ ਉੱਚਾ ਉਠਾ ਕੇ ਬੁੱਢਾ ਸਿੰਘ ਜੀ ਦੇ ਸਿਰ ਤੇ ਰੱਖ ਦਿੱਤਾ, ਬੱਸ ਫਿਰ ਕੀ ਸੀ—

ਸਮਰਥ ਗੁਰੂ ਸਿਰਿ ਹਥੁ ਧਰ੍ਉ॥
ਗੁਰਿ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ ਜਿਸੁ ਦੇਖਿ ਚਰੰਨ ਅਘੰਨ ਹਰ੍ਉ॥

*(ਸਵੱਈਏ, ਪੰਨਾ-੧੪੦੦)*

ਯਥਾ — ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ॥
ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ॥
ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ॥
ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ॥
ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੁਖ ਦਰਿਦ੍ਰ ਤਿਨ ਕੇ ਗਇਅ॥
ਸਤਿਗੁਰੂ ਚਰਨ ਜਿਨ੍ਹ ਪਰਸਿਆ ਸੇ ਪਸੁ ਪਰੇਤ ਸੁਰਿ ਨਰ ਭਇਅ॥

*(ਸਵੱਈਏ, ਪੰਨਾ—੧੩੯੯)*

ਬਾਬਾ ਧਰਮ ਸਿੰਘ ਜੀ ਨੇ ਸੇਵਾ ਤੇ ਤਰੁੱਠ ਕੇ ਬੁੱਢਾ ਸਿੰਘ ਜੀ ਨੂੰ ਨਦਰੀ-ਨਦਰ ਨਿਹਾਲ ਕਰ ਦਿੱਤਾ। ਮਨ ਬੁੱਧੀ ਵਿੱਚੋਂ ਹਉਂ ਰੂਪੀ ਸਾਰੀ ਮੈਲ ਇਉਂ ਖਿੱਚ ਲਈ, ਜਿਵੇਂ ਅਚਾਨਕ ਲੱਗਿਆ ਬਿਜਲੀ ਦਾ ਝਟਕਾ, ਸਰੀਰ ਵਿੱਚ ਇਕ ਰੱਤੀ ਖੂਨ ਵੀ ਨਹੀਂ ਰਹਿਣਾ ਦਿੰਦਾ। ਸਰੀਰ ਦੇ ਰੋਮ ਰੋਮ ਵਿੱਚੋਂ ਅੰਮ੍ਰਿਤ ਦੀ ਫੁਹਾਰ ਇਉਂ ਬਹਿ ਰਹਿ ਹੈ, ਜਿਵੇਂ ਪਾਣੀ ਦੀ ਭਰੀ ਮਸ਼ਕ ਵਿੱਚੋਂ ਹਜ਼ਾਰਾਂ ਛੇਕ ਹੋ ਕੇ ਚਾਰੋਂ ਤਰਫ ਨੂੰ ਫੁਹਾਰਾਂ ਬਹਿ ਰਹੀਆਂ ਹੋਣ। ਨੇਤਰ, ਅੰਮ੍ਰਿਤ ਰਸ ਨਾਲ ਸਰਸਾਰ ਹੋਏ ਕਦੇ ਬੰਦ ਹੋ ਜਾਂਦੇ ਹਨ, ਕਦੇ ਖੁਲ੍ਹ ਜਾਂਦੇ ਹਨ, ਇਉਂ ਪ੍ਰਤੀਤ ਦੇ ਰਹੇ ਹਨ ਜਿਵੇਂ ਮਾਨੋ ਗੁਰੁਦੇਵ ਦੀ ਅਪਾਰ ਬਖਸ਼ਿਸ਼ ਦਾ ਸ਼ੁਕਰਾਨਾ ਕਰ ਰਹੇ ਹੋਣ। ਆਖਰ ਨਾਮ ਰਸ ਵਿੱਚ ਭਿੱਜਿਆਂ ਨੇ ਮਹਾਂਪੁਰਖਾਂ ਦੇ ਪਵਿੱਤਰ ਚਰਨਾਂ ਤੋਂ ਸੀਸ ਉਠਾਇਆ, ਦੋਨੋਂ ਹੱਥ ਜੋੜ ਕੇ ਪਵਿੱਤਰ ਮੁੱਖ ਤੋਂ ਇਉਂ ਉਚਾਰਨ ਕੀਤਾ—

ਸੰਤ ਜਨਾ ਮਿਲਿ ਭਾਈਆ ਕਟਿਅੜਾ ਜਮਕਾਲੁ॥
ਸਚਾ ਸਾਹਿਬੁ ਮਨਿ ਵੁਠਾ ਹੋਆ ਖਸਮੁ ਦਇਆਲੁ॥
ਪੂਰਾ ਸਤਿਗੁਰੁ ਭੇਟਿਆ ਬਿਨਸਿਆ ਸਭੁ ਜੰਜਾਲੁ॥

ਮੇਰੇ ਸਤਿਗੁਰਾ ਹਉ ਤੁਧੁ ਵਿਟਹੁ ਕੁਰਬਾਣੁ॥
ਤੇਰੇ ਦਰਸਨ ਕਉ ਬਲਿਹਾਰਣੈ ਤੁਸਿ ਦਿਤਾ ਅੰਮ੍ਰਿਤ ਨਾਮੁ॥ ਰਹਾਉ॥
ਜਿਨ ਤੂੰ ਸੇਵਿਆ ਭਾਉ ਕਰਿ ਸੇਈ ਪੁਰਖ ਸੁਜਾਨ॥
ਤਿਨਾ ਪਿਛੈ ਛੁਟੀਐ ਜਿਨ ਅੰਦਰਿ ਨਾਮੁ ਨਿਧਾਨੁ॥
ਗੁਰ ਜੇਵਡੁ ਦਾਤਾ ਕੋ ਨਹੀ ਜਿਨਿ ਦਿਤਾ ਆਤਮ ਦਾਨੁ॥

ਯਥਾ — ਗੁਰੁ ਸਮਰਥੁ ਅਪਾਰੁ ਗੁਰੁ ਵਡਭਾਗੀ ਦਰਸਨੁ ਹੋਇ॥
ਗੁਰੁ ਅਗੋਚਰੁ ਨਿਰਮਲਾ ਗੁਰ ਜੇਵਡੁ ਅਵਰੁ ਨ ਕੋਇ॥
ਗੁਰੁ ਕਰਤਾ ਗੁਰੁ ਕਰਣਹਾਰੁ ਗੁਰਮੁਖਿ ਸਚੀ ਸੋਇ॥
ਗੁਰ ਤੇ ਬਾਹਰਿ ਕਿਛੁ ਨਹੀ ਗੁਰੁ ਕੀਤਾ ਲੋੜੇ ਸੁ ਹੋਇ॥
ਗੁਰੁ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰੁ॥
ਗੁਰੁ ਦਾਤਾ ਹਰਿ ਨਾਮੁ ਦੇਇ ਉਧਰੈ ਸਭੁ ਸੰਸਾਰੁ॥
ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ॥
ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ॥
ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ॥
ਪੂਰਬ ਲਿਖੇ ਪਾਵਣੇ ਸਾਚੁ ਨਾਮੁ ਦੇ ਰਾਸਿ॥
ਸਤਿਗੁਰ ਸਰਣੀ ਆਇਆ ਬਾਹੁੜਿ ਨਹੀ ਬਿਨਾਸੁ॥
ਹਰਿ ਨਾਨਕ ਕਦੇ ਨਾ ਵਿਸਰਉ ਏਹੁ ਜੀਉ ਪਿੰਡੁ ਤੇਰਾ ਸਾਸੁ॥

*(ਸ੍ਰੀਰਾਗੁ ਮ: ੫, ਪੰਨਾ-੫੨)*

ਯਥਾ — ਪਰਗਟਿ ਪਾਹਾਰੈ ਜਾਪਦਾ॥ ਸਭੁ ਨਾਵੈ ਨੋ ਪਰਤਾਪਦਾ॥
ਸਤਿਗੁਰ ਬਾਝੁ ਨ ਪਾਇਓ ਸਭ ਮੋਹੀ ਮਾਇਆ ਜਾਲਿ ਜੀਉ॥
ਸਤਿਗੁਰ ਕਉ ਬਲਿ ਜਾਈਐ॥ ਜਿਤੁ ਮਿਲਿਐ ਪਰਮ ਗਤਿ ਪਾਈਐ॥
ਸੁਰਿ ਨਰ ਮੁਨਿ ਜਨ ਲੋਚਦੇ ਸੋ ਸਤਿਗੁਰਿ ਦੀਆ ਬੁਝਾਇ ਜੀਉ॥

*(ਸਿਰੀਰਾਗੁ ਮ: ੧, ਪੰਨਾ-੭੨)*

ਪਿਛਲੇ ਪਾਸੇ ਖੜ੍ਹਾ ਇਕ ਸੰਤ ਮੌਲਾਨਾ ਰੂਮ ਦਾ ਇਹ ਸ਼ੇਅਰ ਪੜ੍ਹ ਰਿਹਾ ਸੀ—

ਦਾਮਨੇ ਉਗੀਰ ਏ ਯਾਰੇ ਦਿਲੇਰ।
ਜੋ ਮੁਨਜਤਰਾ ਬਾਸ਼ਦ ਅਜ ਬਾਲਾ ਓ ਜੇਰ।

ਭਾਵ—ਹੇ ਦਿਲੇਰ ਮਰਦ ਕਿਸੇ ਐਸੇ ਮਰਦ ਦਾ ਪੱਲਾ ਪਕੜ, ਜੋ ਵਾਕਫ ਹੋਏ ਇਸ ਦੁਨੀਆਂ ਤੇ ਅਣਡਿਠੇ ਸੰਸਾਰ ਦਾ। ਸੋ ਅੱਜ ਦਿਲੇਰ ਮਰਦ ਬਾਬਾ ਧਰਮ ਸਿੰਘ ਸਮਾਧੀ ਵਾਲਿਆਂ ਨੇ, ਸੰਤ ਬੁੱਢਾ ਸਿੰਘ ਜੀ ਨੂੰ ਉਸ ਮਹਾਨ ਪਦ ਤੇ ਪਹੁੰਚਾ ਦਿੱਤਾ, ਜਿਸ ਦੀ ਬਾਬਤ ਇਲਾਹੀ ਫੁਰਮਾਣ ਹੈ—

ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ॥
ਦਾਸੁ ਕਮੀਰੁ ਚੜ੍ਹਿਓ ਗੜ੍ਹ ਊਪਰਿ ਰਾਜੁ ਲੀਓ ਅਬਿਨਾਸੀ॥

*(ਕਬੀਰ ਜੀ, ਪੰਨਾ-੧੧੬੨)*

ਆਪ ਹੁਣ ਹਮੇਸ਼ਾਂ ਹਿਮਾਲੀਆ ਪਰਬਤ ਦੀ ਤਰਾਂ ਅਚੱਲ-ਸ਼ਾਂਤ, ਸਮੁੰਦਰ ਦੀ ਤਰ੍ਹਾਂ ਗੰਭੀਰ, ਪੂਰਨਮਾਸ਼ੀ ਦੇ ਚੰਦਰਮਾ ਦੀ ਤਰ੍ਹਾਂ ਖਿੜ੍ਹਿਆ ਚਿਹਰਾ, ਪੂਰਨਤਾ ਨਾਲ ਭਰਪੂਰ, ਅੱਖਾਂ ਦੇ ਛੱਪਰ ਨੀਵੇਂ, ਧੀਮੀ ਆਵਾਜ਼ ਪਰ ਮਿਠਾਸ ਰਸ ਨਾਲ ਸਰਸਾਰ ਅੰਤਰਮੁਖ ਹੋਏ ਅੰਦਰ ਦੀ ਰੁਣਝੁਣ ਵਿੱਚ ਇਉਂ ਲੀਨ ਰਹਿੰਦੇ ਹਨ, ਜਿਸਦਾ ਬਾਬਤ ਫੁਰਮਾਣ ਹੈ :—

ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ॥

*(ਰਾਗੁ ਵਡਹੰਸੁ ਮ: ੧, ਪੰਨਾ-੫੫੭)*

ਇਉਂ ਰਸ ਮਗਨਤਾ ਵਿੱਚ ਕਾਲ ਬਤੀਤ ਹੋਣ ਲੱਗਾ। ਇਕ ਦਿਨ ਬਾਬਾ ਧਰਮ ਸਿੰਘ ਨੇ ਹੁਕਮ ਕੀਤਾ, ਪੁਰਖਾ! ਗੁਰੂ ਨਾਨਕ ਦੇਵ ਮਹਾਰਾਜ ਨੇ ਤਰੁੱਠ ਕੇ ਜੋ ਅਮੁੱਕ ਭੰਡਾਰੇ ਆਪ ਨੂੰ ਬਖਸ਼ਿਸ਼ ਕੀਤੇ ਹਨ ਉਨ੍ਹਾਂ ਨੂੰ ਲੋੜਵੰਦਾ ਵਿਚ ਵਰਤਾਉਣ ਦੀ ਕਾਰ ਸ਼ੁਰੂ ਕਰੋ। ਆਪ ਜੀ ਨੇ ਇਸ਼ਾਰਾ ਸਮਝਕੇ ਬਾਬਾ ਜੀ ਦੇ ਚਰਨਾਂ ਵਿੱਚ ਨਮਸ਼ਕਾਰ ਕੀਤੀ।

## ਸੰਤ ਬਾਬਾ ਬੁੱਢਾ ਸਿੰਘ ਜੀ ਵੱਲੋਂ ਕਟਾਸਰਾਜ ਤੀਰਥ ਦੀ ਯਾਤਰਾ ਕਰਨੀ

ਇਨ੍ਹਾਂ ਦਿਨਾਂ ਵਿੱਚ ਕਟਾਸਰਾਜ ਦਾ ਸਲਾਨਾ ਜੋੜ ਮੇਲਾ ਆ ਗਿਆ। ਆਪ ਦੇ ਮਨ ਵਿੱਚ ਯਾਤਰਾ ਦਾ ਸੰਕਲਪ ਉਤਪੰਨ ਹੋਇਆ ਜੋ ਬਾਬਾ ਧਰਮ ਸਿੰਘ ਜੀ ਨੂੰ ਦੱਸਿਆ। ਬਾਬਾ ਜੀ ਤਾਂ ਪਹਿਲਾਂ ਹੀ ਇਸ਼ਾਰਾ ਕਰ ਚੁੱਕੇ ਹਨ ਕਿ ਇਲਾਹੀ ਦਾਤ ਜੋ ਪ੍ਰਾਪਤ ਹੋਈ ਹੈ, ਉਸ ਨੂੰ ਲੋਕਾਂ ਵਿੱਚ ਵਰਤਾਓ। ਹੁਕਮ ਪਾ ਕੇ ਆਪ ਨੇ ਕਟਾਸਰਾਜ ਜਾਣ ਦੀ ਤਿਆਰੀ ਕੀਤੀ। ਇਸ ਗੱਲ ਦਾ ਪਤਾ ਲੱਗਣ ਤੇ ਹੋਰ ਕਈ ਸਾਧੂ ਨਾਲ ਜਾਣ ਲਈ ਤਿਆਰ ਹੋ ਗਏ। ਇਉਂ ਇਕ ਤਕੜੀ ਸੰਤ-ਮੰਡਲੀ ਬਣ ਗਈ। ਨੀਯਤ ਦਿਨ ਤੇ ਸ੍ਰੀ ਹਰਿਮੰਦਰ ਸਾਹਿਬ ਨਮਸਕਾਰ ਕਰਕੇ ਸੰਤ ਮੰਡਲੀ ਸਮੇਤ ਤੀਰਥ ਯਾਤਰਾ ਲਈ ਚਾਲੇ ਪਾ ਦਿੱਤੇ। ਸਨੇ-ਸਨੇ ਸਫਰ ਕਰਦੇ ਸ੍ਰੀ ਕਟਾਸਰਾਜ ਜਾ ਪਹੁੰਚੇ। ਮੇਲੇ ਵਿੱਚ ਸਭ ਮਤ-ਮਤਾਂਤਰਾਂ ਦੇ ਸਾਧੂ ਮਹਾਤਮਾਂ ਅਤੇ ਹਜ਼ਾਰਾਂ ਦੀ ਤਾਦਾਦ ਵਿੱਚ ਯਾਤਰੀ ਲੋਕ ਪਹੁੰਚੇ ਹੋਏ ਸਨ। ਹਰ ਰੋਜ਼ ਖੁੱਲ੍ਹਾ ਸਤਸੰਗ ਹੁੰਦਾ ਜਿਸ ਵਿੱਚ ਹਜ਼ਾਰਾਂ ਲੋਕ ਜੁੜਦੇ। ਸਾਧੂ ਮਹਾਤਮਾ, ਆਪੋ ਆਪਣੇ ਮੱਤ ਅਨੁਸਾਰ ਮਨੁੱਖ ਜਨਮ ਦੀ ਸਫਲਤਾ ਦੇ ਢੰਗ ਤਰੀਕਿਆਂ ਤੇ ਰੌਸ਼ਨੀ ਪਾਉਂਦੇ ਸਨ। ਇਕ ਦਿਨ ਪ੍ਰਬੰਧਕਾਂ ਨੇ ਸੰਤ ਬਾਬਾ ਬੁੱਢਾ ਸਿੰਘ ਜੀ ਨੂੰ ਪ੍ਰਵਚਨ ਕਰਨ ਲਈ ਬੇਨਤੀ ਕੀਤੀ। ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਪਾਵਨ ਸ਼ਬਦ ਦੁਆਰਾ ਉਪਦੇਸ਼ ਕੀਤਾ—

ਕਲਿ ਕਲੇਸ ਮਿਟੇ ਹਰਿ ਨਾਇ॥ ਦੁਖ ਬਿਨਸੇ ਸੁਖ ਕੀਨੋ ਠਾਉ॥
ਜਪਿ ਜਪਿ ਅੰਮ੍ਰਿਤ ਨਾਮੁ ਅਘਾਏ॥ ਸੰਤ ਪ੍ਰਸਾਦਿ ਸਗਲ ਫਲ ਪਾਏ॥
ਰਾਮ ਜਪਤ ਜਨ ਪਾਰਿ ਪਰੇ॥ ਜਨਮ ਜਨਮ ਦੇ ਪਾਪ ਹਰੇ॥ ਰਹਾਉ॥
ਗੁਰ ਕੇ ਚਰਨ ਰਿਦੈ ਉਰਿ ਧਾਰੇ॥ ਅਗਨਿ ਸਾਗਰ ਤੇ ਉਤਰੇ ਪਾਰੇ॥
ਜਨਮ ਮਰਣ ਸਭ ਮਿਟੀ ਉਪਾਧਿ॥ ਪ੍ਰਭ ਸਿਉ ਲਾਗੀ ਸਹਜਿ ਸਮਾਧਿ॥
ਥਾਨ ਥਨੰਤਰਿ ਏਕੋ ਸੁਆਮੀ॥ ਸਗਲ ਘਟਾ ਕਾ ਅੰਤਰਜਾਮੀ॥
ਕਰਿ ਕਿਰਪਾ ਜਾ ਕਉ ਮਤਿ ਦੇਇ॥ ਆਠ ਪਹਰ ਪ੍ਰਭ ਕਾ ਨਾਉ ਲੇਇ॥
ਜਾ ਕੈ ਅੰਤਰਿ ਵਸੈ ਪ੍ਰਭੁ ਆਪਿ॥ ਤਾ ਕੈ ਹਿਰਦੈ ਹੋਇ ਪ੍ਰਗਾਸੁ॥
ਭਗਤਿ ਭਾਇ ਹਰਿ ਕੀਰਤਨੁ ਕਰੀਐ॥ ਜਪਿ ਪਾਰਬ੍ਰਹਮੁ ਨਾਨਕ ਨਿਸਤਰੀਐ॥

*(ਪੰਨਾ-੮੬੫)*

ਪ੍ਰੇਮੀ ਜਨੋਂ! ਆਪ ਸਭ ਕਈ ਦਿਨਾਂ ਤੋਂ ਇਸ ਪਵਿੱਤਰ ਤੀਰਥ ਅਸਥਾਨ ਤੇ ਪਹੁੰਚ ਕੇ ਸਤਸੰਗ ਦੁਆਰਾ ਪਰਮਾਰਥੀ ਵਿਚਾਰਾਂ ਦਾ ਲਾਭ ਉਠਾ ਰਹੇ ਹੋ। ਇਸ ਕਟਾਸਰਾਜ ਤੀਰਥ ਨੂੰ ਦਾਨੇ ਪੁਰਸ਼ਾਂ ਨੇ ਪ੍ਰਿਥਵੀ ਦਾ ਨੇਤਰ ਮੰਨਿਆ ਹੈ। ਇਸ ਪਵਿੱਤਰ ਅਸਥਾਨ ਦੀ ਸਾਡੇ ਕਲਿਯੁਗੀ ਜੀਵਾਂ ਲਈ, ਸਿੱਖਿਆ ਦਾਇਕ ਪੁਰਾਤਨ ਕਥਾ ਹੈ ਜੋ ਇਸ ਪ੍ਰਕਾਰ ਹੈ—

ਪਾਂਡਵਾਂ ਤੇ ਜਿਸ ਵਕਤ ਬਿਪਤਾ ਦੇ ਪਹਾੜ ਟੁੱਟੇ, ਉਸ ਸਮੇਂ ਦੁੱਖ-ਸੁੱਖ ਸਹਾਰਦੇ, ਪੰਜੇ ਪਾਂਡਵ ਸਮੇਤ ਦਰੋਪਦੀ ਦੇ ਇੱਧਰ ਆਏ। ਧਰਮਰਾਜ ਯੁਧਿਸ਼ਟਰ ਥੋੜ੍ਹੇ ਪਿੱਛੇ ਰਹਿ ਗਏ, ਲੇਕਿਨ ਚਾਰੇ ਛੋਟੇ ਭਾਈ ਅਤੇ ਦਰੋਪਦੀ ਇਸ ਜਗ੍ਹਾ ਪਹੁੰਚ ਗਏ। ਭੁੱਖ ਪਿਆਸ ਦੇ ਬਹੁਤ ਸਤਾਏ ਹੋਏ ਸਨ, ਸੋ ਪਿਆਸ ਬੁਝਾਉਣ ਲਈ ਇਸ ਤਲਾਬ ਵਿੱਚੋਂ ਪਾਣੀ ਪੀਣ ਲੱਗੇ। ਆਵਾਜ਼ ਆਈ ਪਾਣੀ ਮਤ ਪੀਓ! ਪਾਣੀ ਵਿੱਚ ਜ਼ਹਿਰ ਹੈ, ਬੇਹੋਸ਼ ਹੋ ਜਾਵੋਗੇ। ਲੇਕਿਨ ਪਿਆਸ ਦੇ ਬਹੁਤ ਵਿਆਕੁਲ ਕੀਤੇ ਹੋਏ ਸਨ, ਇਸ ਲਈ ਉਨ੍ਹਾਂ ਨੇ ਆਵਾਜ਼ ਵੱਲ ਧਿਆਨ ਨਹੀਂ ਦਿੱਤਾ, ਜਲਦੀ ਨਾਲ ਪਾਣੀ ਪੀਣ ਲੱਗੇ। ਬੱਸ ਪਾਣੀ ਦੀ ਇੱਕ-ਇਕ ਘੁੱਟ ਪੀਣ ਦੀ ਦੇਰ ਸੀ ਉਸੀ ਵਕਤ ਬੇਹੋਸ਼ ਹੋ ਗਏ। ਥੋੜ੍ਹੀ ਦੇਰ ਬਾਅਦ ਧਰਮਰਾਜ ਯੁਧਿਸ਼ਟਰ ਜਦੋਂ ਉਥੇ ਪਹੁੰਚੇ ਤਾਂ ਕੀ ਦੇਖਦੇ ਹਨ, ਚਾਰੇ ਭਰਾ ਅਤੇ ਦਰੋਪਦੀ ਬੇਹੋਸ਼ ਹੋਏ ਪਏ ਹਨ। ਸੋਚਿਆ ਪਹਿਲੇ ਪਾਣੀ ਪੀ ਕੇ ਪਿਆਸ ਬੁਝਾਈਏ, ਫਿਰ ਇਨ੍ਹਾਂ ਦਾ ਸੋਚਦਾ ਹਾਂ।

ਧਰਮਰਾਜ ਜਦੋਂ ਪਾਣੀ ਪੀਣ ਲੱਗੇ, ਫਿਰ ਉਹ ਹੀ ਆਵਾਜ਼ ਆਈ, ਪਾਣੀ ਮਤ ਪੀਓ! ਬੇਹੋਸ਼ ਹੋ ਜਾਵੋਗੇ। ਪਹਿਲਾਂ ਆਪ ਦੇ ਭਾਈ ਬੇਹੋਸ਼ ਹੋ ਗਏ ਹਨ। ਆਵਾਜ਼ ਸੁਣਕੇ ਰਾਜਾ ਯੁਧਿਸ਼ਟਰ ਰੁਕ ਗਏ, ਇੱਧਰ-ਉਧਰ ਤੱਕਿਆ, ਫਿਰ ਆਵਾਜ਼ ਆਈ ਪਹਿਲਾਂ ਮੇਰੇ ਚਾਰ ਸਵਾਲਾਂ ਦਾ ਜਵਾਬ ਦਿਉ, ਫਿਰ ਪਾਣੀ-ਪੀਣਾ। ਸੁਣਕੇ ਯੁਧਿਸ਼ਟਰ ਬੋਲੇ, ਤੂੰ ਕੌਣ ਹੈਂ? ਤੇਰੇ ਚਾਰ ਸਵਾਲ ਕੀ ਹਨ? ਆਵਾਜ਼ ਆਈ, ਮੈਂ ਪੁਰਾਤਨ ਸਮੇਂ ਵਿੱਚ ਇਕ ਰਾਜਾ ਸੀ, ਨਿਹੱਕ ਮੇਰਾ ਨਾਮ ਸੀ। ਉਸ ਸਮੇਂ ਸਵਰਗ ਰਾਜ ਦੀ ਇੱਛਾ ਰੱਖਕੇ, ਮੈਂ ਬਹੁਤ ਯੱਗ ਕੀਤੇ, ਉਸਦਾ ਫਲ ਮੈਨੂੰ ਇੰਦਰ ਪਦਵੀ ਪ੍ਰਾਪਤੀ ਹੋ ਗਈ, ਲੇਕਿਨ ਇਤਨੀ ਵੱਡੀ ਪਦਵੀ ਪਾ ਕੇ ਵੀ ਮੇਰੀ ਭੋਗਾਂ ਦੀ ਇੱਛਾ ਰੂਪੀ ਅਗਨੀ ਨਾ ਬੁਝੀ। ਇੰਦਰਾਣੀ 'ਸੱਚੀ' ਨੂੰ ਦੇਖਕੇ ਮੇਰਾ ਮਨ ਲੁਭਾਇਮਾਨ ਹੋ ਗਿਆ। ਉਸ ਨੂੰ ਰਾਣੀ ਬਣਾਉਣ ਲਈ ਮੈਂ ਅਨੇਕਾਂ ਪ੍ਰਕਾਰ ਦੇ ਯਤਨ ਕੀਤੇ। ਆਖਰ ਉਸ ਨੇ ਤੰਗ ਆ ਕੇ ਕਿਹਾ, ਅਗਰ ਮੈਨੂੰ ਰਾਣੀ ਬਣਾਉਣਾ ਹੀ ਚਾਹੁੰਦਾ ਹੈ, ਤਾਂ ਪਾਲਕੀ ਵਿੱਚ ਬੈਠਕੇ ਮੇਰੇ ਮਹਿਲਾਂ ਵਿੱਚ ਆ, ਮਗਰ ਇੱਕ ਸ਼ਰਤ ਹੈ, ਤੇਰੀ ਪਾਲਕੀ ਰਿਸ਼ੀ ਉਠਾਕੇ ਲੈ ਕੇ ਆਉਣ। ਮੈਂ ਖੁਸ਼ ਹੋ ਕੇ ਰਿਸ਼ੀਆਂ ਨੂੰ ਹੁਕਮ ਕਰ ਦਿੱਤਾ, ਮੇਰੀ ਪਾਲਕੀ ਉਠਾਕੇ, ਰਾਣੀ 'ਸੱਚੀ' ਦੇ ਮਹਿਲਾਂ ਵਿੱਚ ਲੈ ਚੱਲੋ। ਹੁਕਮ ਮੰਨਦੇ ਹੋਏ ਰਿਸ਼ੀ ਪਾਲਕੀ ਉਠਾਕੇ ਚੱਲ ਪਏ। ਕਾਮ ਅਗਨੀ ਦਾ ਅੰਧਾ ਕੀਤਾ ਹੋਇਆ ਮੈਂ ਰਿਸ਼ੀਆਂ ਨੂੰ ਵਾਰ-ਵਾਰ ਡਾਂਟ ਰਿਹਾ ਸੀ, ਛੇਤੀ ਚੱਲੋ, ਛੇਤੀ ਚੱਲੋ। ਆਖਰ ਰਿਸ਼ੀਆਂ ਨੇ ਤੰਗ ਆ ਕੇ ਪਾਲਕੀ ਥੱਲੇ ਸੁੱਟ ਦਿੱਤੀ ਅਤੇ ਮੈਨੂੰ ਸਰਾਪ ਦੇ ਦਿੱਤਾ, ਕਿ ਤੂੰ ਦੁਸ਼ਟ ਹੈਂ, ਇੰਦਰ ਪਦਵੀ ਦੇ ਲਾਇਕ ਨਹੀਂ, ਮਾਤ ਲੋਕ ਵਿੱਚ ਜਾ ਕੇ ਅਜਗਰ ਦਾ ਸਰੀਰ ਧਾਰਣ ਕਰ। ਰਿਸ਼ੀਆਂ ਦੇ ਮੁੱਖ ਤੋਂ ਸਰਾਪ ਦਾ ਬਚਨ ਸੁਣਕੇ, ਮੈਂ ਬਹੁਤ ਡਰਿਆ। ਰਿਸ਼ੀਆਂ ਦੇ ਚਰਨਾਂ ਤੇ ਡਿੱਗ ਕੇ ਮੈਂ ਬਹੁਤ ਬੇਨਤੀਆਂ ਕੀਤੀਆਂ ਮਹਾਰਾਜ, ਮੈਨੂੰ ਬਖਸ਼ੋ, ਮੇਰੀ ਭੁੱਲ ਮੁਆਫ ਕਰ ਦਿਉ। ਰਿਸ਼ੀ ਕਹਿਣ ਲੱਗੇ, ਦੇਖ! ਤੂੰ ਮਾਤਲੋਕ ਵਿੱਚ ਰਾਜਾ ਸੀ, ਰਾਜੇ ਲੋਕਾਂ ਕੋਲ ਆਮ ਲੋਕਾਂ ਨਾਲੋਂ ਹਜ਼ਾਰਾਂ ਗੁਣਾਂ ਸਰੀਰਕ ਭੋਗਾਂ ਦੇ ਸੁੱਖ ਜ਼ਿਆਦਾ ਹੁੰਦੇ ਹਨ। ਇਤਨੇ ਭੋਗ ਭੋਗਕੇ ਵੀ, ਤੇਰੀ ਤ੍ਰਿਪਤੀ ਨਾ ਹੋਈ, ਸਗੋਂ ਅਤ੍ਰਿਪਤੀ ਦੀ ਅਗਨੀ ਹੋਰ ਭੜਕੀ, ਉਸਨੂੰ ਪੂਰਾ ਕਰਨ ਲਈ ਤੈਨੂੰ ਸਵਰਗ ਦੇ ਸੁੱਖ ਦੀ ਚਾਹ ਹੋਈ। ਉਥੋਂ ਦੇ ਸੁੱਖ ਭੋਗਣ ਲਈ ਤੂੰ ਸ਼ਕਾਮ ਪੁੰਨ, ਯਾਨੀ ਯੱਗ ਆਦਿ ਸ਼ੁਰੂ ਕੀਤੇ। ਮਾਤਲੋਕ ਦੇ ਸ਼ਕਾਮ ਪੁੰਨਾਂ ਦਾ ਫਲ ਤੈਨੂੰ ਸਵਰਗ ਦਾ ਰਾਜ ਇੰਦਰ ਪਦਵੀ ਵੀ ਮਿਲ ਗਈ, ਪਰ ਤੂੰ ਫਿਰ ਵੀ ਸੰਤੁਸ਼ਟ ਨਾ ਹੋਇਆ। ਭੋਗਾਂ ਨੇ ਤੇਰੀ ਮਤ ਇਤਨੀ ਮੈਲੀ ਕਰ ਦਿੱਤੀ, ਕਿ ਤੰ ਆਪਣੇ ਪਰਾਏ ਦੀ ਵੀ ਸੁੱਧ ਗਵਾ ਬੈਠਾ, ਹੁਣ ਆਪਣੀ ਕੀਤੀ ਦਾ ਫਲ ਖਾਹ।

ਮੈਂ ਦੀਨ ਹੋ ਕੇ ਵਾਰ-ਵਾਰ ਬੇਨਤੀਆਂ ਕਰੀ ਜਾ ਰਿਹਾ ਸੀ, ਆਖਰ ਦਇਆ ਦੇ ਘਰ ਆ ਕੇ ਰਿਸ਼ੀਆਂ ਨੇ ਬਚਨ ਕੀਤਾ, ਜੋ ਬਚਨ ਨਿਕਲ ਗਿਆ ਉਹ ਤਾਂ ਅਮੇਟ ਹੈ। ਅਜਗਰ ਦੀ ਜੂਨ ਵਿੱਚ ਜਾਣਾ ਹੀ ਪਵੇਗਾ, ਹਾਂ ਤੇਰੇ ਆਧਾਰ ਦਾ ਤਰੀਕਾ ਦਸ ਦਿੰਦੇ ਹਾਂ ਕਿ ਦੁਆਪੁਰ ਯੁੱਗ ਦੇ ਅੰਤ ਵਿੱਚ ਧਰਮਰਾਜ ਯੁਧਿਸ਼ਟਰ ਆਪਣੇ ਭਰਾਵਾਂ ਅਤੇ ਦਰੋਪਦੀ ਸਮੇਤ ਤੇਰੇ ਕੋਲ ਆਵੇਗਾ, ਉਹ ਤੇਰੇ ਸਵਾਲਾਂ ਦਾ ਜਵਾਬ ਦੇਵੇਗਾ, ਉਸ ਦੇ ਮੁੱਖ ਤੋਂ ਜਵਾਬ ਸੁਣਕੇ, ਤੇਰਾ ਸਰਪ ਜੂਨ ਤੋਂ ਛੁਟਕਾਰਾ ਹੋਵੇਗਾ, ਫਿਰ ਅਮੋਲਕ ਦੇਹੀ ਪ੍ਰਾਪਤ ਕਰਕੇ, ਨਿਸ਼ਕਾਮ ਕਰਮ ਅਤੇ ਪਰਮੇਸ਼ਰ ਦੀ ਭਗਤੀ ਦੁਆਰਾ ਮੋਖਸ਼ ਨੂੰ ਪ੍ਰਾਪਤ ਹੋ ਜਾਵੀਂ। ਉਸ ਸਮੇਂ ਤੋਂ ਮੈਂ ਇਸ ਕਟਾਸਰਾਜ ਤੀਰਥ ਦੇ ਇਸ ਤਾਲਾਬ ਵਿੱਚ ਅਜਗਰ ਦਾ ਸਰੀਰ ਧਾਰਣ ਕਰਕੇ, ਰਹਿ ਰਿਹਾ ਹਾਂ। ਹੁਣ ਮੇਰੇ ਉਧਾਰ ਦਾ ਸਮਾਂ ਆ ਗਿਆ ਹੈ, ਇਸ ਲਈ ਆਪ ਕ੍ਰਿਪਾ ਕਰਕੇ ਮੇਰੇ ਚਾਰ ਸਵਾਲਾਂ ਦਾ ਜਵਾਬ ਦੇ ਦਿਉ ਤਾਂ ਕਿ ਮੇਰਾ ਇਹ ਸਰਪ ਸਰੀਰ ਤੋਂ ਛੁਟਕਾਰਾ ਹੋ ਜਾਵੇ।

ਰਾਜਾ ਯੁਧਿਸ਼ਟਰ ਨੇ ਸਾਰੀ ਵਿਥਿਆ ਬਹੁਤ ਧਿਆਨ ਨਾਲ ਸੁਣੀ ਆਖਰ ਬੋਲੇ, ਹਾਂ! ਦਸ ਤੇਰੇ ਕੀ ਸਵਾਲ ਹਨ?

1. ਸੰਸਾਰ ਵਿੱਚ ਪੂਰਨ-ਤੌਰ ਤੇ ਸੁਖੀ ਅਤੇ ਖੁਸ਼ ਕੌਣ ਰਹਿ ਸਕਦਾ ਹੈ?
2. ਸੰਸਾਰ ਵਿੱਚ ਸਭ ਤੋਂ ਅਸਚਰਜ ਗੱਲ ਕੀ ਹੈ?
3. ਸੰਸਾਰ ਵਿੱਚ ਹਜ਼ਾਰਾਂ ਮਾਰਗ ਹਨ ਲੇਕਿਨ ਅਸਲੀ ਸੁਖਦਾਈ ਰਸਤਾ ਕਿਹੜਾ ਹੈ?
4. ਸੰਸਾਰ ਕੀ ਵਸਤੂ ਹੈ?

ਜਵਾਬ ਸ਼ੁਰੂ—

1. ਸੰਸਾਰ ਵਿੱਚ ਪੂਰਨ-ਤੌਰ ਤੇ ਸੁਖੀ ਅਤੇ ਖੁਸ਼ ਉਹੀ ਇਨਸਾਨ ਰਹਿ ਸਕਦਾ ਹੈ, ਜਿਸਨੇ ਆਪਣੀਆਂ ਤਮਾਮ

ਖਾਹਿਸ਼ਾਤ ਵਾਸ਼ਨਾਵਾਂ ਨੂੰ ਸੰਕੋਚ ਲਿਆ ਹੈ, ਜੋ ਕਿਸੀ ਤੋਂ ਕੁਝ ਨਹੀਂ ਚਾਹੁੰਦਾ, ਜੋ ਆਪਣੀ ਪ੍ਰਾਰਬਧ ਉਪਰ ਪੂਰਨ-ਤੌਰ ਤੇ ਸੰਤੁਸ਼ਟ ਹੈ, ਜੋ ਕੇਵਲ ਸਰੀਰ ਰੂਪ ਗੱਡੀ ਨੂੰ ਚੱਲਦਾ ਰੱਖਣ ਤੋਂ ਵੱਧ ਕੁਝ ਨਹੀਂ ਚਾਹੁੰਦਾ।

ਯਥਾ — **ਪਰਾਧੀਨ ਸੁਪਨੇ ਸੁਖ ਨਾਹੀ। ਭਾਵੇਂ ਬ੍ਰਹਮ ਲੋਕ ਮਹਿ ਜਾਹੀ।**

*(ਰਮਾਇਣ)*

2. ਸੰਸਾਰ ਦੇ ਜੀਵ ਹਰ ਰੋਜ਼ ਤੇਜ਼ ਹਵਾ ਦੀ ਨਿਆਈਂ ਮਰ ਕੇ ਸੰਸਾਰ ਤੋਂ ਦਿਨ-ਰਾਤ ਇਉਂ ਭੱਜੇ ਜਾ ਰਹੇ ਹਨ, ਜਿਵੇਂ ਬਸੰਤ ਰੁੱਤ ਤੋਂ ਪਹਿਲਾਂ ਦਰਖੱਤਾਂ ਦੇ ਸੁੱਕੇ ਪੱਤਰ। ਸਭ ਦੇ ਸਾਹਮਣੇ ਐਸਾ ਰੋਜ਼ ਹੋ ਰਿਹਾ ਹੈ ਪ੍ਰੰਤੂ ਫਿਰ ਵੀ ਜਿਹੜੇ ਜ਼ਿੰਦਾ ਹਨ, ਉਹ ਸਮਝਦੇ ਹਨ ਕਿ ਅਸੀਂ ਸਦਾ ਅਮਰ ਹਾਂ, ਅਜਰ ਹਾਂ, ਇਸ ਲਈ ਸੰਸਾਰ ਦੇ ਪਦਾਰਥਾਂ ਨੂੰ ਦਿਨ-ਰਾਤ ਛਾਤੀ ਨਾਲ ਲਾ ਕੇ ਰੱਖਦੇ ਹਨ, ਬਲਕਿ ਇਤਨਾ ਹੀ ਨਹੀਂ, ਸਗੋਂ ਮਰਨ ਵਾਲੇ ਦੀ ਜਾਇਦਾਦ, ਧਨ-ਪਦਾਰਥ ਨੂੰ ਗਲਤ ਤਰੀਕੇ ਵਰਤ ਕੇ ਆਪਣੀ ਬਣਾਉਣ ਦਾ ਯਤਨ ਕਰਦੇ ਰਹਿੰਦੇ ਹਨ, ਇਸ ਤੋਂ ਵੱਡਾ ਅਸਚਰਜ ਹੋਰ ਕੀ ਹੋ ਸਕਦਾ ਹੈ?

3. ਵੇਦ ਸ਼ਾਸਤਰਾਂ ਵਿੱਚ ਬਹੁਤ ਕਰਨਯੋਗ ਅਤੇ ਬਹੁਤ ਨਾ ਕਰਨਯੋਗ ਕਰਮ ਲਿਖੇ ਹਨ। ਇਤਨੀ ਖੋਜ ਆਮ ਜੀਵਾਂ ਲਈ ਮੁਸ਼ਕਲ ਹੈ, ਇਸ ਲਈ ਸੰਤ ਮਹਾਂਪੁਰਸ਼ ਜਿਸ ਧਰਮ ਦੇ ਰਸਤੇ ਤੇ ਚੱਲਦੇ ਹਨ, ਉਹੀ ਮਾਰਗ ਅੱਛਾ ਅਤੇ ਸੁਖਦਾਈ ਹੈ ਕਿਉਂਕਿ ਉਨ੍ਹਾਂ ਨੇ ਤਮਾਮ ਸਤ-ਸ਼ਾਸਤਰਾਂ ਦੇ ਸਿਧਾਂਤ ਨੂੰ ਆਪਣੇ ਹਿਰਦੇ ਵਿੱਚ ਵਸਾ ਲਿਆ ਹੈ।

4. ਮੋਹ, ਮਾਨੋ ਕੜਾਹੀ ਹੈ, ਸੂਰਜ ਅਤੇ ਚੰਦਰਮਾ ਅੱਗ ਦੇ ਸਮਾਨ ਹਨ, ਰਾਤ ਅਤੇ ਦਿਨ ਲਕੜੀਆਂ ਹਨ, ਉਮਰ ਮਾਨੋ ਕੜਛੀ ਹੈ, ਜੀਵਨ ਰੂਪੀ ਜੋ ਚਾਵਲ ਹਨ, ਉਸ ਨੂੰ ਕਾਲ ਹਮੇਸ਼ਾਂ ਪਕਾ ਰਿਹਾ ਹੈ, ਯਾਨੀ ਮੋਹ ਰੂਪ ਕੜਾਹੀ ਜੋ ਵਿਸ਼ਿਆ ਰੂਪੀ ਅੱਗ ਤੇ ਰੱਖੀ ਹੋਈ ਹੈ, ਇਸ ਵਿੱਚ ਸੰਸਾਰੀ ਜੀਵ ਦਿਨ ਰਾਤ ਇਉਂ ਸੜ ਰਹੇ ਹਨ, ਜਿਵੇਂ ਕੜਾਹੀ ਵਿੱਚ ਚਾਵਲ ਬੱਸ! ਇਸ ਤੋਂ ਵੱਧ ਸੰਸਾਰ ਹੋਰ ਕੋਈ ਵਸਤੂ ਨਹੀਂ।

ਨਿਹੱਕ ਰਾਜਾ ਨੇ ਅਜਗਰ ਦੇ ਰੂਪ ਵਿੱਚ, ਜਦ ਇਹ ਚਾਰ ਸਵਾਲਾਂ ਦੇ ਜਵਾਬ ਰਾਜਾ ਯੁਧਿਸ਼ਟਰ ਤੋਂ ਸੁਣੇ, ਉਸੀ ਵਕਤ ਉਸਦਾ ਸਰਪ ਦੇਹੀ ਤੋਂ ਛੁਟਕਾਰਾ ਹੋ ਗਿਆ। ਉਪਰੋਕਤ ਮਿਸਾਲ ਤੋਂ ਸਪਸ਼ਟ ਹੈ, ਕਿ ਇੱਛਾ ਰੱਖਕੇ ਕੀਤੇ ਕਰਮ ਦੁੱਖਾਂ ਦਾ ਕਾਰਣ ਬਣ ਜਾਂਦੇ ਹਨ। ਸੋ ਪ੍ਰੇਮੀ ਜਨੋਂ! ਇਸ ਕਲਯੁਗ ਦੇ ਸਮੇਂ ਵਿੱਚ ਤਾਂ ਤਮਾਮ ਦੁੱਖਾਂ ਦੀ ਨਾਸ਼ਕ, ਅਤੇ ਸਾਰੇ ਸੁੱਖਾਂ ਨੂੰ ਦੇਣ ਵਾਲੀ ਉੱਤਮ ਔਸ਼ਧੀ, ਹਰੀ ਦਾ ਨਾਮ ਹੀ ਹੈ, ਇਸੇ ਲਈ ਗੁਰੂ ਬਾਬਾ ਜੀ ਨੇ ਹੁਕਮ ਕੀਤਾ ਹੈ—

**ਅਬ ਕਲੂ ਆਇਓ ਰੇ॥ ਇਕ ਨਾਮੁ ਬੋਵਹੁ ਬੋਵਹੁ॥ ਅਨ ਰੁਤਿ ਨਾਹੀ ਨਾਹੀ॥**
**ਮਤੁ ਭਰਮਿ ਭੂਲਹੁ ਭੂਲਹੁ॥ ਗੁਰ ਮਿਲੇ ਹਰਿ ਪਾਏ॥** *(ਬਸੰਤ ਮ: ੪, ਪੰਨਾ-੧੧੮੫)*

ਯਥਾ — **ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ॥**

*(ਰਾਮਕਲੀ ਕੀ ਵਾਰ, ਪੰਨਾ-੯੬੨)*

ਯਥਾ — **ਕਲਿਯੁਗ ਕੀ ਸੁਣ ਸਾਧਨਾਂ ਕਰਮ ਕਿਰਤਿ ਕੀ ਚਲੈ ਨ ਕਾਈ।**
**ਬਿਨਾਂ ਭਜਨ ਭਗਵਾਨ ਕੇ ਭਾਉ ਭਗਤਿ ਬਿਨੁ ਠਉੜਿ ਨ ਕਾਈ॥**
**ਕਲਿਯੁਗ ਨਾਵੈ ਕੀ ਵਡਿਆਈ॥**

*(ਭਾਈ ਗੁਰਦਾਸ)*

ਵੈਸੇ ਤਾਂ ਚਾਰਾਂ ਯੁਗਾਂ ਵਿੱਚ, ਵਡਿਆਈ ਨਾਮ ਦੀ ਹੀ ਹੈ, ਪ੍ਰੰਤੂ ਕਲਿਯੁਗ ਵਿੱਚ ਵਿਸ਼ੇਸ਼ ਹੈ, ਇਸ ਸਮੇਂ ਵਿੱਚ ਨਾਮ ਤੋਂ ਬਗੈਰ, ਕੋਈ ਕਰਮ-ਧਰਮ ਸਾਥ ਨਹੀਂ ਦੇਵੇਗਾ।

ਯਥਾ — **ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥**
**ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥**

*(ਸੂਹੀ ਮ: ੫, ਪੰਨਾ-੭੪੭)*

ਇਸ ਪ੍ਰਕਾਰ ਗੁਰੂ ਬਾਬਾ ਜੀ, ਇਸ ਪਵਿੱਤਰ ਸ਼ਬਦ ਵਿੱਚ ਨਾਮ ਦੀ ਮਹਿਮਾ ਵਰਨਣ ਕਰ ਰਹੇ ਹਨ।

ਮੂਲ — **ਕਲਿ ਕਲੇਸ ਮਿਟੇ ਹਰਿ ਨਾਇ॥**

ਅਰਥ—ਹਰੀ ਪਰਮੇਸ਼ਰ ਦਾ ਨਾਮ ਜਪਣ ਨਾਲ ਕਲਿਯੁਗ ਦੇ ਜਿਤਨੇ ਕਲੇਸ਼ ਵਿਘਨ ਹਨ, ਉਹ ਸਾਰੇ ਇਉਂ ਨਾਸ਼ ਹੋ ਜਾਂਦੇ ਹਨ, ਜਿਵੇਂ ਅੱਗ ਵਿਚ ਡਿੱਗਿਆ ਕੱਪੜਾ ਜਲ-ਕੇ ਸੁਆਹ ਹੋ ਜਾਂਦਾ ਹੈ। ਪਰਮੇਸ਼ਰ ਦਾ ਥੋੜਾ ਹੀ ਸਿਮਰਨ ਜਨਮਾਂ-ਜਨਮਾਤਰਾਂ ਦੇ ਇਕੱਠੇ ਹੋਏ ਕਿਲਵਿਖ, ਯਾਨੀ ਛੋਟੇ ਵੱਡੇ ਢੇਰ ਨੂੰ ਸਾੜ ਕੇ ਇਉਂ ਰਾਖ ਬਣਾ ਦਿੰਦਾ ਹੈ ਜਿਵੇਂ ਹਜ਼ਾਰਾਂ ਮਣ ਲੱਕੜਾਂ ਦੇ ਢੇਰ ਨੂੰ ਅੱਗ ਦੀ ਇਕ ਚਿੰਗਾੜੀ।

ਯਥਾ — **ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ॥**

*(ਆਸਾ ਮ: ੧, ਪੰਨਾ-੩੫੮)*

ਇਸ ਪ੍ਰਕਾਰ ਨਾਮ ਜਪਣ ਤੇ, ਸਭ ਬੁਰਾਈਆਂ ਜੋ ਕਿ ਪਾਪਾਂ ਦਾ ਮੂਲ ਮੰਨੀਆਂ ਜਾਂਦੀਆਂ ਹਨ, ਸਭ ਨਵਿਰਤ ਹੋ ਜਾਂਦੀਆਂ ਹਨ ਅਤੇ ਸ਼ੁਭ ਗੁਣ, ਜੋ ਪੁੰਨਾਂ ਦਾ ਬੀਜ ਮੰਨੇ ਜਾਂਦੇ ਹਨ, ਹਿਰਦੇ ਵਿੱਚ ਇਉਂ ਨਿਵਾਸ ਆ ਕਰਦੇ ਹਨ, ਜਿਵੇਂ ਰਾਜਾ ਦੇ ਪਹੁੰਚਣ ਤੋਂ ਪਹਿਲਾਂ, ਦੀਵਾਨ, ਵਜ਼ੀਰ, ਯਾਨੀ ਵੱਡੇ-ਵੱਡੇ ਅਹਿਲਕਾਰ ਪ੍ਰਬੰਧ ਕਰਨ ਲਈ, ਪਹਿਲਾਂ ਹੀ ਆ ਪਹੁੰਚਦੇ ਹਨ। ਇਸ ਲਈ ਗੁਰੂ ਨਾਨਕ ਦੇਵ ਮਹਾਰਾਜ ਜੀ ਨੇ ਫੁਰਮਾਇਆ ਹੈ—

**ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥**
**ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥**

*(ਜਪੁਜੀ ਸਾਹਿਬ, ਪੰਨਾ-੫)*

ਤ੍ਰੇਤੇ ਯੁਗ ਵਿੱਚ ਭਗਵਾਨ ਰਾਮਚੰਦਰ ਜੀ ਨੇ ਪੱਥਰਾਂ ਉਪਰ ਰਾਮ-ਨਾਮ ਲਿਖਕੇ, ਸਮੁੰਦਰ ਉਪਰ ਪੁਲ ਬਣਾਇਆ, ਇਉਂ ਲੰਕਾਂ ਵਿੱਚ ਪ੍ਰਵੇਸ਼ ਕੀਤਾ ਸੀ, ਇਸ ਗੱਲ ਤੋਂ ਜ਼ਾਹਿਰ ਹੈ, ਕਿ ਰਾਮ-ਨਾਮ ਦਾ ਕਿਤਨਾ ਵੱਡਾ ਮਹਾਤਮ ਹੈ।

**ਏਕ ਚਿਤੁ ਜਿਹ ਇਕ ਛਿਨ ਧਿਆਇਓ॥**
**ਕਾਲ ਫਾਸਿ ਕੇ ਬੀਚ ਨ ਆਇਓ॥**

*(ਦਸਮ ਗ੍ਰੰਥ)*

ਇਕਾਗਰ ਚਿਤ ਕਰਕੇ ਅਗਰ ਇਕ ਛਿਨ ਵੀ ਹਰੀ ਦਾ ਨਾਮ ਧਿਆਇਆ ਜਾਵੇ ਤਾਂ ਕਾਲ ਹਮੇਸ਼ਾਂ ਲਈ ਜਿੱਤ ਲਈ ਦਾ ਹੈ। ਇਉਂ ਕਲਿਯੁਗ ਵਿੱਚ ਪਾਪਾਂ ਰੂਪੀ ਮੈਲ ਨੂੰ ਦੂਰ ਕਰਨ ਲਈ, ਅਪਵਿੱਤਰ ਨੂੰ ਪਵਿੱਤਰ ਕਰਨ ਲਈ, ਸਭ ਤੋਂ ਉੱਤਮ ਨੁਸਖਾ ਰਾਮ-ਨਾਮ ਹੀ ਹੈ ਅਤੇ ਜਿਸ ਇਨਸਾਨ ਨੂੰ ਮੋਖਸ਼ ਦੀ ਇੱਛਾ ਪੈਦਾ ਹੋ ਜਾਵੇ, ਉਸ ਨੂੰ ਰਾਮ ਦਾ ਨਾਮ ਜਪਣ ਨਾਲ ਪਰਮਪਦ ਦੀ ਪ੍ਰਾਪਤੀ ਹੋ ਜਾਂਦੀ ਹੈ, ਅਤੇ ਮਨ ਨੂੰ ਵਿਸ਼ਵਾਸ਼ ਬਣਾਉਣ ਲਈ ਉਤਮ-ਔਸ਼ਧੀ, ਯਾਨੀ ਮੰਤਰ ਰੂਪ ਹੈ, ਅਤੇ ਮਹਾਤਮਾ ਲੋਕਾਂ ਦਾ ਜੀਵਨ ਰੂਪ ਹੈ, ਧਰਮ ਦਾ ਤੱਤੂ ਹੈ ਯਾਨੀ ਬੀਜ ਰੂਪ ਹੈ ਜੈਸੇ ਤੁਲਸੀ ਦਾਸ ਜੀ—

**ਏਕ ਛਤਰ ਏਕ ਮੁਕਟ ਮਨਿ ਸਭ ਵਰਣਾਂ ਪਰ ਜੋਇ॥**
**ਤੁਲਸੀ ਰਘੁਬਰ ਨਾਮ ਕੇ ਵਰਣ ਬਿਰਾਤਿ ਦੋਇ॥**

ਅਰਥ— ਰਾਮ ਦਾ ਜੋ ਨਾਮ ਹੈ, ਉਹ ਸਭ ਵਰਣਾਂ, ਸਭ ਅੱਖਰਾਂ ਦੇ ਉੱਪਰ ਛਤਰ ਅਤੇ ਮੁਕਟ ਰੂਪ ਨਾਲ ਬਿਰਾਜਮਾਨ ਹੈ।

ਮੂਲ — **ਦੁਖ ਬਿਨਸੇ ਸੁਖ ਕੀਨੋ ਠਾਉ॥**

*(ਪੰਨਾ—੮੬੫)*

ਅਰਥ— ਪਰਮਾਤਮਾ ਦਾ ਨਾਮ ਜਪਣ ਨਾਲ ਸਾਰੇ ਦੁੱਖ ਨਾਸ਼ ਹੋ ਜਾਂਦੇ ਹਨ ਅਤੇ ਸੁੱਖ ਆ ਡੇਰਾ ਜਮਾਉਂਦੇ ਹਨ।

ਮੂਲ — **ਜਪਿ ਜਪਿ ਅੰਮ੍ਰਿਤ ਨਾਮੁ ਅਘਾਏ॥**

ਅਰਥ— ਅੰਮ੍ਰਿਤ ਰੂਪੀ ਨਾਮ ਜਪਣੇ ਤੇ ਤ੍ਰਿਪਤੀ ਹੋ ਜਾਂਦੀ ਹੈ। ਜੋ ਇਨਸਾਨ ਨਾਮ ਰੂਪੀ ਅੰਮ੍ਰਿਤ ਪੀਂਦੇ ਹਨ, ਉਨ੍ਹਾਂ ਨੂੰ ਮੌਤ ਰੂਪੀ ਦੁੱਖ ਅਤੇ ਪਦਾਰਥਾਂ ਦੀ ਭੁੱਖ ਰੂਪੀ ਅੱਗ ਨਹੀਂ ਸਤਾਉਂਦੀ। ਐਸਾ ਜੋ ਤਮਾਮ ਦੁੱਖਾਂ ਦਾ ਨਾਸ਼ਕ ਅਤੇ ਸਾਰੇ ਸੁਖਾਂ ਦਾ ਦਾਤਾ ਅੰਮ੍ਰਿਤ ਹੈ, ਉਹ ਹਰੀ ਦਾ ਨਾਮ ਹੈ। ਵਿਦਵਾਨ ਲੋਕਾਂ ਨੇ ਅੰਮ੍ਰਿਤ ਪ੍ਰਤੀ ਆਪਣੀ-ਆਪਣੀ ਰਾਇ ਜ਼ਾਹਿਰ ਕੀਤੀ ਹੈ। ਕਿਸੇ ਵਿਦਵਾਨ ਨੇ ਅੰਮ੍ਰਿਤ ਨੂੰ ਸਮੁੰਦਰ

ਵਿੱਚ ਮੰਨਿਆ ਹੈ, ਕਿਸੇ ਨੇ ਚੰਦਰਮਾ ਵਿੱਚ ਦੱਸਿਆ, ਕੋਈ ਇਸਤਰੀ ਦੇ ਮੁੱਖ ਵਿੱਚ ਵਰਨਣ ਕਰ ਰਿਹਾ ਹੈ। ਕੋਈ ਪਤਾਲ ਵਿੱਚ ਦੱਸ ਰਿਹਾ ਹੈ, ਕਿਸੇ ਨੇ ਸੁਰਗ ਵਿੱਚ ਦੱਸਿਆ ਲੇਕਿਨ ਇਸ ਗੱਲ ਦਾ ਜਵਾਬ ਇੱਕ ਮਹਾਂਪੁਰਖ ਇਉਂ ਦਿੰਦੇ ਹਨ—ਸਮੁੰਦਰ ਖਾਰਾ ਹੈ, ਅਗਰ ਉਸ ਵਿੱਚ ਅੰਮ੍ਰਿਤ ਮੰਨ ਲਿਆ ਜਾਵੇ, ਤਾਂ ਉਸਦਾ ਖਾਰਾਪਨ ਦੂਰ ਹੋ ਜਾਵੇ। ਚੰਦਰਮਾ ਵੱਧਦਾ ਘੱਟਦਾ ਰਹਿੰਦਾ ਹੈ, ਜੇ ਉਸ ਵਿੱਚ ਅੰਮ੍ਰਿਤ ਮੰਨ ਲਿਆ ਜਾਵੇ, ਤਾਂ ਉਸ ਵਿੱਚ ਇਹ ਦੋਸ਼ ਨਹੀਂ ਰਹਿਣਾ ਚਾਹੀਦਾ ਹੈ। ਅਗਰ ਇਸਤਰੀ ਦੇ ਮੁੱਖ ਵਿਚ ਅੰਮ੍ਰਿਤ ਮੰਨ ਲਿਆ ਜਾਵੇ, ਤਾਂ ਰੰਡੇਪਾ, ਬੁਢਾਪਾ, ਬੀਮਾਰੀ, ਮੌਤ ਆਦਿਕ ਦੁੱਖਾਂ ਦਾ ਸ਼ਿਕਾਰ ਨਾ ਹੋਵੇ। ਅਗਰ ਪਤਾਲ ਵਿੱਚ ਅੰਮ੍ਰਿਤ ਮੰਨ ਲਿਆ ਜਾਵੇ, ਤਾਂ ਪਤਾਲ ਵਿੱਚ ਰਹਿਣ ਵਾਲੇ ਸਰਪ ਆਦਿਕ ਸਾਰੇ ਸ਼ਾਂਤ ਹੋ ਜਾਣ, ਵਰਣਾ ਉਹ ਵੀ ਜ਼ਹਿਰ ਨਾਲ ਸੜਦੇ ਰਹਿੰਦੇ ਹਨ। ਸਵਰਗ, ਜੋ ਕਿ ਪੁੰਨਾਂ ਨਾਲ ਪ੍ਰਾਪਤ ਹੁੰਦਾ ਹੈ ਉਥੋਂ ਦਾ ਰਾਜਾ ਇੰਦਰ ਵੀ ਪੁੰਨ ਖਤਮ ਹੋਣ ਤੇ ਨੀਚੇ ਗਿਰਾਇਆ ਜਾਂਦਾ ਹੈ। ਇਸ ਲਈ ਜੇ ਉਪਰੋਕਤ ਥਾਵਾਂ ਤੇ, ਅੰਮਿਰਤ ਹੋਵੇ, ਤਾਂ ਉਨ੍ਹਾਂ ਵਿੱਚ ਉਪਰ ਲਿਖੇ ਵਿਘਨ ਨਹੀਂ ਹੋਣੇ ਚਾਹੀਦੇ। ਸੋ ਸੱਚਾ ਅੰਮ੍ਰਿਤ ਤਾਂ ਭਾਈ, ਸੰਤਾਂ ਦੇ ਕੰਠ ਵਿੱਚ ਹੈ, ਜੋ ਨਾਮ ਜਪ-ਜਪਕੇ ਹਮੇਸ਼ਾਂ ਪੀਂਦੇ ਰਹਿੰਦੇ ਹਨ।

ਯਥਾ — **ਅੰਮ੍ਰਿਤ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ॥**

*(ਗ: ਵਾਰ, ਪੰਨਾ-੩੧੮)*

ਯਥਾ — **ਹਰਿ ਅੰਮ੍ਰਿਤ ਪਾਨ ਕਰਹੁ ਸਾਧਸੰਗਿ॥**

*(ਥਿਤੀ ਗ: ਮ: ੫, ਪੰਨਾ—੨੯੯)*

ਯਥਾ — **ਕੋ ਕਹਤੋ ਸਭ ਬਾਹਰਿ ਬਾਹਰਿ ਕੋ ਕਹਤੋ ਸਭ ਮਹੀਅਉ॥**
**ਬਰਨੁ ਨ ਦੀਸੈ ਚਿਹਨੁ ਨ ਲਖੀਐ ਸੁਹਾਗਨਿ ਸਾਤਿ ਬੁਝਹੀਅਉ॥**
**ਸਰਬ ਨਿਵਾਸੀ ਘਟਿ ਘਟਿ ਵਾਸੀ ਲੇਪੁ ਨਹੀ ਅਲਪਹੀਅਉ॥**
**ਨਾਨਕੁ ਕਹਤ ਸੁਨਹੁ ਰੇ ਲੋਗਾ ਸੰਤ ਰਸਨ ਕੋ ਬਸਹੀਅਉ॥**

*(ਜੈਤਸਰੀ ਮ: ੫, ਪੰਨਾ-੭੦੦)*

ਐਸੇ ਅਮਰ-ਕਰ ਦੇਣ ਵਾਲੇ ਨਾਮ ਅੰਮ੍ਰਿਤ ਨੂੰ, ਜੋ-ਜੋ ਮਹਾਂਪੁਰਸ਼ ਪੀਂਦੇ ਹਨ, ਉਨ੍ਹਾਂ ਨੂੰ ਸੰਸਾਰ ਦੇ ਬਿਨਾਸੀ ਅਤੇ ਜ਼ਹਿਰਵਤ ਵਿਸ਼ਿਆ ਦੇ ਸੁੱਖ ਅੱਛੇ ਨਹੀਂ ਲੱਗਦੇ। ਜੈਸੇ ਇਕ ਦ੍ਰਿਸ਼ਟਾਂਤ—

ਇਕ ਰਾਜਾ ਨੇ ਦੂਜੇ ਰਾਜਾ ਉਪਰ ਚੜਾਈ ਕੀਤੀ, ਭਾਰੀ ਯੁੱਧ ਤੋਂ ਬਾਅਦ ਵਿਜਈ ਹੋ ਗਿਆ। ਇਸ ਘਮਸਾਨ ਦੇ ਯੁੱਧ ਵਿੱਚ ਵਿਰੋਧੀ ਰਾਜਾ ਦੀ ਮੌਤ ਹੋ ਗਈ। ਜੇਤੂ ਰਾਜਾ ਬਹੁਤ ਨੀਤੀਵਾਨ ਸੀ, ਉਸਨੇ ਸੋਚਿਆ ਇਥੋਂ ਦੀ ਪਰਜਾ ਦਾ ਮਰਨ ਵਾਲੇ ਰਾਜਾ ਨਾਲ ਮੋਹ ਹੈ। ਇਸ ਲਈ ਇਹ ਲੋਕ ਮੇਰੇ ਨਾਲ ਦਿਲੋਂ ਪਿਆਰ ਨਹੀਂ ਕਰਨਗੇ। ਸੋ ਬੇਹਤਰ ਹੈ, ਮਰਨ ਵਾਲੇ ਰਾਜੇ ਦੇ ਕਿਸੇ ਸੰਬੰਧੀ ਨੂੰ, ਆਪਣੇ ਮੁਤਹਿਤ ਬਣਾ ਕੇ ਰਾਜ ਭਾਗ ਸੰਭਾਲ ਦੇਈਏ, ਨੀਤੀ ਇਸੇ ਵਿੱਚ ਹੈ। ਰਾਜਾ ਨੂੰ ਪਤਾ ਲੱਗਿਆ, ਮਰਨ ਵਾਲੇ ਰਾਜੇ ਦਾ ਇਕ ਸੰਬੰਧੀ ਸਾਧੂ ਵੇਸ ਧਾਰਣ ਕਰਕੇ, ਜੰਗਲ ਵਿੱਚ ਤਪ ਕਰ ਰਿਹਾ ਹੈ। ਜੇਤੂ ਰਾਜਾ ਨੇ, ਆਪਣਾ ਵਜ਼ੀਰ ਭੇਜਿਆ, ਕਿ ਜਾਉ ਉਸ ਸਾਧੂ ਨੂੰ ਲੈ ਕੇ ਆਉ। ਵਜ਼ੀਰ ਨੇ ਜਾ ਕੇ ਬੇਨਤੀ ਕੀਤੀ, ਮਹਾਰਾਜ! ਆਪ ਦੇ ਸੰਬੰਧੀ ਰਾਜਾ ਦੀ ਮੌਤ ਹੋ ਗਈ, ਇਸ ਲਈ ਆਪ ਉਥੋਂ ਦਾ ਰਾਜ ਭਾਗ ਸੰਭਾਲੋ। ਸੰਤ ਕਹਿਣ ਲੱਗੇ, ਹੇ ਭਾਈ! ਸਾਨੂੰ ਕਿਸੇ ਰਾਜ ਭਾਗ ਦੀ ਇੱਛਾ ਨਹੀਂ ਹੈ। ਸੰਤਾਂ ਤੋਂ ਜਵਾਬ ਲੈ ਕੇ, ਵਜ਼ੀਰ ਨੇ ਵਾਪਸ ਆ ਕੇ ਰਾਜਾ ਨੂੰ ਸਾਰੀ ਗੱਲ ਸੁਣਾਈ। ਹੁਣ ਰਾਜਾ ਆਪ ਚੱਲ ਕੇ ਸੰਤਾਂ ਪਾਸ ਗਿਆ, ਉਹੀ ਬੇਨਤੀ ਵਜ਼ੀਰ ਵਾਲੀ ਫਿਰ ਦੁਹਰਾਈ। ਸੰਤਾਂ ਨੇ ਅੱਗੋਂ ਉਹੀ ਜਵਾਬ ਦੇ ਦਿੱਤਾ, ਭਾਈ ਸਾਨੂੰ ਸੰਸਾਰ ਦੀ ਕਿਸੇ ਵਸਤੂ ਦੀ ਇੱਛਾ ਨਹੀਂ ਹੈ। ਮਹਾਂਪੁਰਸ਼ਾਂ ਦੀ ਐਸੀ ਤਿਆਗ ਮਈ ਬ੍ਰਿਤੀ ਦੇਖਕੇ ਰਾਜਾ ਨੂੰ ਹੋਰ ਸ਼ਰਧਾ ਹੋ ਆਈ, ਬੇਨਤੀ ਕਰਨ ਲੱਗਿਆ, ਮਹਾਰਾਜ! ਆਪ ਬੇਨਤੀ ਪ੍ਰਵਾਨ ਕਰੋ, ਇਥੋਂ ਦਾ ਸਾਰਾ ਰਾਜ-ਭਾਗ ਸੰਭਾਲੋ, ਹੋਰ ਵੀ ਜੋ ਹੁਕਮ ਕਰੋ ਮੈਂ ਦੇਣ ਲਈ ਤਿਆਰ ਹਾਂ, ਹਰ ਪ੍ਰਕਾਰ ਨਾਲ ਮੈਂ ਆਪ ਜੀ ਦੀ ਸੇਵਾ ਕਰਾਗਾ। ਮਹਾਂਪੁਰਸ਼ ਬੋਲੇ, ਭਾਈ! ਜੇ ਤੂੰ ਬਹੁਤ ਹੀ ਖੁਸ਼ ਹੋਇਆ ਹੈਂ ਤਾਂ

ਸਾਨੂੰ ਤਿੰਨ ਚੀਜ਼ਾਂ ਪਹਿਲਾਂ ਦੇਹ, ਫਿਰ ਤੇਰੀ ਰਾਜ ਭਾਗ ਵਾਲੀ ਬੇਨਤੀ ਵੀ ਪ੍ਰਵਾਨ ਕਰ ਲਵਾਂਗੇ। ਰਾਜਾ ਬੋਲਿਆ ਮਹਾਰਾਜ! ਮੈਂ ਤਾਂ ਪਹਿਲਾਂ ਹੀ ਬਚਨ ਦੇ ਚੁੱਕਿਆ ਹਾਂ, ਕਿ ਆਪ ਜੋ ਮੰਗੋ, ਮੈਂ ਦੇਣ ਲਈ ਹਾਜ਼ਰ ਹਾਂ। ਮਹਾਂਪੁਰਸ਼ ਬੋਲੇ—

1. ਸਾਨੂੰ ਐਸਾ ਅੰਮ੍ਰਿਤ ਦੇਹ, ਜਿਸਨੂੰ ਪੀ ਕੇ ਮੌਤ ਨੂੰ ਹਮੇਸ਼ਾ ਵਾਸਤੇ ਜਿੱਤ ਲਈਏ, ਯਾਨੀ ਦੁਬਾਰਾ ਮੌਤ ਨਾ ਆਵੇ।
2. ਸਾਨੂੰ ਐਸੀ ਖੁਸ਼ੀ ਚਾਹੀਏ, ਜਿਸ ਵਿੱਚ ਕਦੇ ਗਮੀ ਨਾ ਹੋਵੇ।
3. ਸਾਨੂੰ ਐਸੀ ਜਵਾਨੀ ਚਾਹੀਏ, ਜਿਸ ਵਿੱਚ ਕਦੇ ਬੁਢਾਪਾ ਨਾ ਆਵੇ।

ਮਹਾਂਪੁਰਸ਼ਾਂ ਦੇ ਪਵਿੱਤਰ ਮੁੱਖ ਤੋਂ ਐਸਾ ਬਚਨ ਸੁਣਕੇ, ਰਾਜਾ ਠਠੰਬਰ ਕੇ ਬੋਲਿਆ, ਮਹਾਰਾਜ! ਮੈਂ ਤਾਂ ਸੰਸਾਰ ਦੀ ਵਸਤੂ ਦੇ ਸਕਦਾ ਹਾਂ, ਜੋ ਆਪ ਮੰਗ ਰਹੇ ਹੋ ਇਹ ਤਾਂ ਪਰਮੇਸ਼ਰ ਦੇ ਅਧੀਨ ਹਨ। ਸੰਤ ਕਹਿਣ ਲੱਗੇ, ਫਿਰ ਪਰਮੇਸ਼ਰ ਤੋਂ ਹੀ ਮੰਗ ਲਵਾਂਗੇ ਭਾਈ, ਤੇਰੇ ਤੋਂ ਕੁਝ ਨਹੀਂ ਚਾਹੀਦਾ।

ਤਾਤਪਰਜ—ਪਰਮੇਸ਼ਰ ਦੇ ਪਿਆਰੇ, ਪਰਮੇਸ਼ਰ ਦਾ ਨਾਮ ਜਪਣ ਨਾਲ ਇਤਨੇ ਤ੍ਰਿਪਤ ਹੋ ਜਾਂਦੇ ਹਨ, ਕਿ ਉਨ੍ਹਾਂ ਨੂੰ ਇਹ ਸੰਸਾਰ ਦੇ ਅਨਹੋਣੇ, ਝੂਠੇ, ਅਤ੍ਰਿਪਤ ਅਤੇ ਦੁਖਦਾਈ ਪਦਾਰਥਾਂ ਦੀ ਇੱਛਾ ਹੀ ਨਹੀਂ ਰਹਿੰਦੀ। ਉਹ ਅੰਦਰੋਂ ਅੱਛੀ ਤਰ੍ਹਾਂ ਜਾਣਦੇ ਹਨ, ਕਿ ਇਹ ਮਾਇਆ ਦਾ ਛਲ ਹੈ ਹੋਰ ਕੁਝ ਨਹੀਂ।

ਮੂਲ — **ਸੰਤ ਪ੍ਰਸਾਦ ਸਗਲ ਫਲ ਪਾਏ।**

ਅਰਥ — ਸੰਤਾਂ ਦੀ ਕ੍ਰਿਪਾ ਦੁਆਰਾ, ਸਾਰੇ ਫਲਾਂ ਦੀ ਪ੍ਰਾਪਤੀ ਹੋ ਜਾਂਦੀ ਹੈ, ਯਾਨੀ ਸਾਰੇ ਫਲਾਂ ਦਾ ਦਾਤਾ ਪਰਮੇਸ਼ਰ ਅੰਦਰ ਆ ਵਸਦਾ ਹੈ।

ਯਥਾ — **ਸੰਤ ਕ੍ਰਿਪਾ ਤੇ ਹਿਰਦੈ ਵਾਸੈ ਦੂਜਾ ਭਾਉ ਮਿਟਾਵਨਾ॥**

ਯਥਾ — **ਸੰਤ ਬਿਨਾ ਮੈ ਥਾਉ ਨ ਕੋਈ ਅਵਰ ਨ ਸੂਝੈ ਜਾਵਨਾ॥**
**ਮੋਹਿ ਨਿਰਗੁਨ ਕਉ ਕੋਇ ਨ ਰਾਖੈ ਸੰਤਾ ਸੰਗਿ ਸਮਾਵਨਾ॥**

*(ਮਾਰੂ ਮ: ੫, ਪੰਨਾ-੧੦੧੮)*

ਮੂਲ — **ਰਾਮ ਜਪਤ ਜਨ ਪਾਰਿ ਪਰੇ॥ ਜਨਮ ਜਨਮ ਕੇ ਪਾਪ ਹਰੇ॥**

ਅਰਥ — ਨਾਮ ਦਾ ਜਾਪ ਕਰਨ ਨਾਲ, ਭਗਤ-ਜਨ ਕਾਲ ਅਤੇ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦੇ ਹਨ ਅਤੇ ਜਨਮਾਂ-ਜਨਮਾਤਰਾਂ ਦੇ ਤਮਾਮ ਪਾਪ ਕਰਮ ਨਸ਼ਟ ਹੋ ਜਾਂਦੇ ਹਨ।

ਮੂਲ — **ਗੁਰ ਕੇ ਚਰਨ ਰਿਦੈ ਉਰਿ ਧਾਰੇ॥ ਅਗਨਿ ਸਾਗਰ ਤੇ ਉਤਰੇ ਪਾਰੇ॥**

ਅਰਥ — ਗੁਰੂ ਕੇ ਚਰਨ, ਯਾਨੀ ਨਾਮ ਜਿਸ ਵਕਤ ਹਿਰਦੇ ਵਿਚ ਧਾਰਨ ਕੀਤਾ, ਉਸੀ ਸਮੇਂ ਪਦਾਰਥਾਂ ਅਤੇ ਵਿਸ਼ਿਆਂ ਰੂਪੀ ਅੱਗ ਨਾਲ ਸੜ ਰਹੇ ਸੰਸਾਰ ਸਮੁੰਦਰ ਤੋਂ ਪਾਰ ਹੋ ਗਏ।

ਮੂਲ — **ਜਨਮ ਮਰਣ ਸਭ ਮਿਟੀ ਉਪਾਧਿ॥ ਪ੍ਰਭ ਸਿਉ ਲਾਗੀ ਸਹਜਿ ਸਮਾਧਿ॥**

ਅਰਥ — ਜਨਮ-ਮਰਨ ਰੂਪੀ ਸਭ ਉਪਾਧੀਆਂ ਮਿਟ ਗਈਆਂ, ਪਰਮਾਤਮ ਸਵਰੂਪ ਵਿੱਚ ਸਹਜ ਸਮਾਧ ਲੱਗ ਗਈ, ਯਾਨੀ ਅਭੇਦ ਹੋ ਗਏ।

ਮੂਲ — **ਥਾਨ ਥਨੰਤਰਿ ਏਕੋ ਸੁਆਮੀ॥ ਸਗਲ ਘਟਾ ਕਾ ਅੰਤਰਜਾਮੀ॥**

ਅਰਥ — ਹੁਣ ਇਹ ਰਾਜ਼ ਸਮਝ ਵਿੱਚ ਆ ਗਿਆ, ਕਿ ਹਰ ਜਗ੍ਹਾ ਇੱਕੋ ਮਾਲਕ ਰਮਿਆ ਹੋਇਆ ਹੈ ਅਤੇ ਹਰ ਥਾਂ ਵਿਆਪਕ ਹੋਣ ਕਰਕੇ ਚਾਰੇ ਖਾਣੀਆਂ ਦੇ ਹਿਰਦਿਆਂ ਦਾ ਅੰਤਰਜਾਮੀ ਯਾਨੀ ਜਾਨਣਹਾਰ ਹੈ।

ਮੂਲ — **ਕਰਿ ਕਿਰਪਾ ਜਾ ਕਉ ਮਤਿ ਦੇਇ॥ ਆਠ ਪਹਰ ਪ੍ਰਭ ਕਾ ਨਾਉ ਲੇਇ॥**

ਅਰਥ — ਪਰਮੇਸ਼ਰ ਕ੍ਰਿਪਾ ਕਰਕੇ ਜਿਸ ਪੁਰਸ਼ ਨੂੰ ਇਹ ਸ਼ੁੱਧ ਬੁੱਧੀ ਬਖਸ਼ਿਸ਼ ਕਰਦਾ ਹੈ; ਉਹ ਪੁਰਸ਼ ਚੌਵੀ ਘੰਟੇ ਪਰਮੇਸ਼ਰ ਦਾ ਨਾਮ ਜਾਪਦਾ ਹੈ। ਨਿਰੰਤਰ ਨਾਮ ਜਪਣ ਨਾਲ ਉਸ ਨੂੰ ਵਿਆਪਕ ਪਰਮੇਸ਼ਰ ਦਾ ਗਿਆਨ ਹੋ ਜਾਂਦਾ ਹੈ। ਦਵੈਤ ਸਾਰੀ ਮਿਟ ਜਾਂਦੀ ਹੈ ਜੋ ਜਨਮ ਮਰਨ ਦੀ ਹੇਤੂ ਹੈ।

ਮੂਲ — **ਜਾ ਕੈ ਅੰਤਿਰ ਵਸੈ ਪ੍ਰਭੁ ਆਪਿ॥ ਤਾ ਕੈ ਹਿਰਦੈ ਹੋਇ ਪ੍ਰਗਾਸ॥**

ਅਰਥ — ਨਾਮ ਦੇ ਨਿਰੰਤਰ ਜਾਪ ਨਾਲ ਪਰਮੇਸ਼ਰ ਜਿਸ ਜੀਵ ਦੇ ਹਿਰਦੇ ਵਿੱਚ ਵੱਸ ਜਾਂਦਾ ਹੈ, ਉਸ ਵਡਭਾਗੇ

ਪੁਰਸ਼ ਦੇ ਹਿਰਦੇ ਵਿੱਚੋਂ ਮੋਹ ਮਾਇਆ ਦਾ ਅੰਧਕਾਰ ਮਿਟਕੇ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ।

ਮੂਲ — **ਭਗਤਿ ਭਾਇ ਹਰਿ ਕੀਤਰਨੁ ਕਰੀਐ। ਜਪਿ ਪਾਰਬ੍ਰਹਮੁ ਨਾਨਕ ਨਿਸਤਰੀਐ॥**

ਅਰਥ — ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਇਸ ਪਾਵਨ ਸ਼ਬਦ ਦੁਆਰਾ ਸਾਨੂੰ ਕਲਿਯੁਗੀ ਜੀਵਨ ਨੂੰ ਉਪਦੇਸ਼ ਕਰਦੇ ਹਨ, ਕਿ ਹੇ ਭਾਈ! ਮਨੁੱਖ ਜਨਮ ਦੀ ਸਫਲਤਾ ਇਸ ਵਿੱਚ ਹੈ ਕਿ ਹਿਰਦੇ ਵਿੱਚ ਪ੍ਰੇਮ ਧਾਰਣ ਕਰਕੇ, ਹਰੀ ਭਗਤੀ, ਹਰੀ ਜਸ ਕਰੋ। ਇਸ ਤਰੀਕੇ ਪਾਰਬ੍ਰਹਮ ਪਰਮੇਸ਼ਰ ਦਾ ਜਸ ਕਰਨ ਨਾਲ, ਸੰਸਾਰ ਸਮੁੰਦਰ ਤੋਂ ਨਿਸਤਾਰਾ, ਯਾਨੀ ਪਾਰ ਉਤਰ ਜਾਉਗੇ। ਇਸ ਪ੍ਰਕਾਰ ਉਪਦੇਸ਼ ਕਰਦਿਆਂ, ਕਟਾਸਰਾਜ ਦੀ ਪਵਿੱਤਰ ਧਰਤੀ ਤੇ, ਗੁਰੂ ਨਾਨਕ ਦੇ ਘਰ ਦੀ ਮਹਿਕ ਖਿਲਾਰਦਿਆਂ ਕਈ ਦਿਨ ਗੁਜ਼ਰ ਗਏ। ਇਤਨੇ ਨੂੰ ਮੇਲੇ ਦੀ ਸਮਾਪਤੀ ਹੋ ਗਈ।

## ਸ੍ਰੀ ਪੰਜਾ ਸਾਹਿਬ ਦੀ ਯਾਤਰਾ ਕਰਨੀ

ਸ੍ਰੀ ਕਟਾਸਰਾਜ ਦਾ ਮੇਲਾ ਸਮਾਪਤ ਹੋਣ ਤੇ, ਸੰਤ ਬਾਬਾ ਬੁੱਢਾ ਸਿੰਘ ਜੀ ਨੇ, ਆਪਣੀ ਸੰਤ ਮੰਡਲੀ ਸਮੇਤ ਸ੍ਰੀ ਪੰਜਾ ਸਾਹਿਬ ਨੂੰ ਪੈਦਲ ਹੀ ਚਾਲੇ ਪਾ ਦਿੱਤੇ। ਰਸਤੇ ਵਿੱਚ ਪੋਠੋਹਾਰ ਦੀਆਂ ਸੰਗਤਾਂ ਨੂੰ ਗੁਰਬਾਣੀ ਦਾ ਉਪਦੇਸ਼ ਕਰਦੇ, ਸਹਜੇ-ਸਹਜੇ ਪੜਾਅ-ਵਾਰ ਪੈਦਲ ਚੱਲਦੇ, ਪੰਜਾ ਸਾਹਿਬ ਪਹੁੰਚ ਗਏ। ਸ੍ਰੀ ਗੁਰੂ ਨਾਨਕ ਦੇ ਪਾਵਨ ਚਰਨਾਂ ਦੀ ਪਵਿੱਤਰ ਧੂੜੀ ਮਸਤਕ ਨੂੰ ਲਾ ਕੇ ਨਮਸਕਾਰ ਕੀਤੀ। ਉਥੋਂ ਦਿਆਂ ਪ੍ਰਬੰਧਕਾਂ ਨੇ ਰਿਹਾਇਸ਼ ਆਦਿ ਦਾ ਪ੍ਰਬੰਧ ਕਰ ਦਿੱਤਾ। ਨਿਤਨੇਮ ਅਨੁਸਾਰ ਗੁਰਦੁਆਰਾ ਸਾਹਿਬ, ਕਥਾ ਕੀਰਤਨ ਤਾਂ ਹਰ ਰੋਜ਼ ਹੁੰਦਾ ਹੀ ਸੀ, ਉਥੋਂ ਦੇ ਪ੍ਰਬੰਧਕਾਂ ਦੀ ਬੇਨਤੀ ਪ੍ਰਵਾਨ ਕਰਕੇ, ਆਪ ਨੇ ਅੱਜ ਦੇ ਹੁਕਮਨਾਮੇ ਦੀ ਕਥਾ ਕੀਤੀ। ਅੰਮ੍ਰਿਤ ਵੇਲੇ ਧਨਾਸਰੀ ਰਾਗ ਦਾ ਇਹ ਪਾਵਨ ਸ਼ਬਦ ਉਤਰਿਆ ਸੀ।

**ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥**
**ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ॥**
**ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥**
**ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥ ਰਹਾਉ॥**
**ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ ਵਡਭਾਗੀ ਹਰਿ ਜਪਨਾ॥**
**ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ ਜਪਿ ਹਰਿ ਭਵਜਲੁ ਤਰਨਾ॥**

(*ਧਨਾਸਰੀ ਮ: ੪, ਪੰਨਾ-੬੬੯*)

ਸਾਧ ਸੰਗਤ, ਅਕਾਲ ਪੁਰਖ ਵਾਹਿਗੁਰੂ ਸੰਸਾਰ ਦੇ ਜੀਵਾਂ ਦਾ, ਅਗਿਆਨ ਰੂਪੀ ਅੰਧਕਾਰ ਮੇਟਣ ਲਈ, ਗੁਰੂ ਅਵਤਾਰ ਧਾਰਣ ਕਰਕੇ, ਯਾਨੀ ਗੁਰੂ ਨਾਨਕ ਦੇਵ ਮਹਾਰਾਜ ਦੇ ਰੂਪ ਵਿੱਚ ਪ੍ਰਗਟ ਹੋਇਆ। ਜੋ ਲੋਕ ਰੱਬ ਦੀ ਹੋਂਦ ਤੋਂ ਮੁਨਕਰ ਹੋ ਚੁੱਕੇ ਸਨ, ਉਨ੍ਹਾਂ ਦੇ ਮਨਾਂ ਵਿੱਚ ਰੱਬ ਦਾ ਵਿਸ਼ਵਾਸ਼ ਪੈਦਾ ਕੀਤਾ। ਕੁਝ ਐਸੇ ਲੋਕ ਸਨ, ਜੋ ਪਰਮੇਸ਼ਰ ਦੀ ਹੋਂਦ ਮੰਨਕੇ ਉਸਨੂੰ ਪ੍ਰਾਪਤ ਕਰਨ ਲਈ ਸਾਧਨਾਂ ਤਾਂ ਕਰ ਰਹੇ ਸਨ ਪ੍ਰੰਤੂ ਬਗੈਰ ਪੂਰਨ ਗੁਰੂ ਦੀ ਸਹਾਇਤਾ ਤੋਂ ਭਟਕ ਕੇ ਕਿਤੇ-ਨਾ-ਕਿਤੇ ਅਟਕੇ ਖੜ੍ਹੇ ਸਨ। ਉਨ੍ਹਾਂ ਦੀ ਸਾਧਨਾਂ ਪੂਰਨ ਕਰਨ ਲਈ ਗੁਰੂ ਬਾਬਾ ਜੀ ਉਨ੍ਹਾਂ ਪਾਸ ਚੱਲਕੇ ਗਏ, ਅਜਿਹੇ ਲੋਕਾਂ ਨੂੰ ਗਿਆਨ ਦਾ ਉਪਦੇਸ਼ ਦੇ ਕੇ ਪੂਰਨਪਦ ਤੇ ਪਹੁੰਚਾਇਆ। ਐਸਾ ਹੀ ਇਕ ਇਸਲਾਮ ਧਰਮ ਨੂੰ ਮੰਨਣ ਵਾਲਾ ਫਕੀਰ ਜਿਸ ਦਾ ਨਾਂ ਵਲੀ ਕੰਧਾਰੀ ਸੀ, ਇਸ ਅਸਥਾਨ ਤੇ ਤਪ ਸਾਧਨਾਂ ਕਰ ਰਿਹਾ ਸੀ। ਬਗੈਰ ਮੁਰਸ਼ਦ ਤੋਂ ਕੀਤੀ ਸਾਧਨਾਂ ਫਲੀ-ਭੂਤ ਨਹੀਂ ਹੋਇਆ ਕਰਦੀ। ਜਿਵੇਂ ਸ਼ਾਹ ਮੁਹੰਮਦ ਨੇ ਲਿਖਿਆ ਹੈ—

ਬਿਨਾਂ ਮੁਰਸ਼ਦਾਂ ਰਾਹ ਨਾ ਹੱਥ ਆਉਂਦੇ, ਬਿਨਾਂ ਦੁੱਧ ਨਾ ਰਿਝਦੀ ਖੀਰ ਮੀਆਂ।

*ਵਲੀ ਕੰਧਾਰੀ* ਸੰਸਾਰ ਦੇ ਸਾਰੇ ਸੁੱਖ ਆਰਾਮ ਤਿਆਗ ਕੇ, ਇਸ ਪਹਾੜੀ ਉਪਰ 'ਜੋਹਦ' ਭਾਵ ਤਪੱਸਿਆ ਕਰ ਰਿਹਾ ਸੀ। ਪਰ ਸ਼ਰ੍ਹਾ ਦੀ ਫਾਹੀ ਗਲ ਪਈ ਹੋਣ ਕਰਕੇ ਸ਼ਾਂਤ ਨਹੀਂ ਸੀ ਹੋ ਰਿਹਾ। ਉਹ ਸਮਝਦਾ ਸੀ ਕਿ ਇਸਲਾਮ ਧਰਮ ਹੀ ਇਕ ਪਾਕ ਧਰਮ ਹੈ, ਬਾਕੀ ਸਭ ਕਾਫਰ ਯਾਨੀ ਰੱਬ ਦੀ ਹੋਂਦ ਤੋਂ ਮੁਨਕਰ ਹਨ। ਉਸਦਾ ਇਹ ਭਰਮ ਦੂਰ

ਕਰਨ ਅਤੇ ਉਸਦੀ ਸਾਧਨਾਂ ਨੂੰ ਫਲ ਲਾਉਣ ਲਈ, ਗੁਰੂ ਬਾਬਾ ਜੀ ਸਮੇਤ ਮਰਦਾਨੇ ਦੇ ਇਸ ਅਸਥਾਨ ਤੇ ਪਹੁੰਚੇ। ਪਾਣੀ ਖਿੱਚਣ ਵਾਲਾ ਕੌਤਕ ਵਰਤਾ ਕੇ, ਉਸਦਾ ਹੰਕਾਰ ਦੂਰ ਕੀਤਾ। ਜਿਤਨੀ ਦੇਰ ਹੰਕਾਰ ਹੈ, ਜੀਵ ਸ਼ਰਨ ਵਿੱਚ ਨਹੀਂ ਆਉਂਦਾ। ਹੰਕਾਰ ਡਿੱਗਣ ਤੇ ਹੀ ਸ਼ਰਨ ਗ੍ਰਹਿਣ ਕਰਦਾ ਹੈ, ਇਹ ਇਕ ਅਸੂਲ ਹੈ, ਨੀਯਮ ਹੈ। ਰੱਤੀ ਮਾਤਰ ਵੀ ਹੰਕਾਰ ਇਸ ਜੀਵ ਨੂੰ ਸਰਣਾਗਤ ਨਹੀਂ ਹੋਣ ਦਿੰਦਾ, ਸ਼ਰਨ ਗ੍ਰਹਿਣ ਕਰਨ ਤੋਂ ਬਗੈਰ ਇਹ ਜੀਵ ਪੂਰਾ-ਪੂਰਾ ਸੁਖੀ ਨਹੀਂ ਹੋ ਸਕਦਾ। ਭਗਵਾਨ ਕ੍ਰਿਸ਼ਨ! ਅਰਜਨ ਨੂੰ ਇਹੀ ਬਾਤ ਸਮਝਾਉਂਦੇ ਹਨ—**ਸਰਬ ਪਰਮਾਨ ਪਰੀਤਿਯਜ॥ ਮਾਮੇਕੰ ਸ਼ਰਣੰ ਬ੍ਰਜ॥** ਹੇ ਅਰਜਨ! ਮੈਂ ਛਤਰੀ ਹਾਂ, ਵੱਡਾ ਯੋਧਾ ਹਾਂ, ਬੁੱਧੀਮਾਨ ਹਾਂ, ਯੁੱਧ ਵਿੱਚ ਮੇਰੀ ਜਿੱਤ ਹੋਵੇਗੀ, ਹਾਰ ਹੋਏਗੀ, ਇਹ ਸਾਰੇ ਹੰਕਾਰ ਦਾ ਅਤੇ ਤਮਾਮ ਚਿੰਤਾਵਾਂ ਦਾ ਤਿਆਗ ਕਰਕੇ, ਮੇਰੀ ਸ਼ਰਨ ਵਿੱਚ ਆ ਜਾ। ਸ਼ਰਨ ਗ੍ਰਹਿਣ ਤੋਂ ਬਾਅਦ ਸ਼ਰਣਾਗਤ ਨੂੰ ਕੁਝ ਕਰਨਾ ਬਾਕੀ ਨਹੀਂ ਰਹਿ ਜਾਂਦਾ। ਫਿਰ ਉਸਦੀ ਸਾਰੀ ਲਾਜ ਉਸਨੂੰ ਹੈ ਜਿਸ ਦੀ ਸ਼ਰਣ ਗ੍ਰਹਿਣ ਕੀਤੀ ਹੈ। ਗਜਿੰਦ੍ਰ, ਹਜ਼ਾਰਾਂ ਸਾਲ ਅਪਣੇ ਬਲਬੂਤੇ ਤੇ ਤੰਦੂਏ ਨਾਲ ਯੁੱਧ ਕਰਦਾ ਰਿਹਾ, ਆਪਣੇ ਆਪ ਨੂੰ ਬਚਾਉਣ ਲਈ, ਮਗਰ ਅਸਫਲ। ਜਿਸ ਵਕਤ ਹਾਰ ਟੁੱਟ ਕੇ ਭਗਵਾਨ ਦੀ ਸ਼ਰਣ ਵਿੱਚ ਡਿਗਿਆ—

**ਜਬ ਹੀ ਸਰਨਿ ਗਹੀ ਕ੍ਰਿਪਾ ਨਿਧਿ ਗਜੁ ਗਰਾਹ ਤੇ ਛੂਟਾ॥**

ਇਕ ਛਿਨ ਵੀ ਨਹੀਂ ਲੱਗੀ ਤੰਦੂਏ ਤੋਂ ਛੁਟਣ ਲਈ। ਦਰੋਪਦੀ ਦੇ ਦੁਰਯੋਧਨ ਦੀ ਸਭਾ ਵਿੱਚ ਜਿਸ ਵਕਤ ਚੀਰ ਉਤਰਨ ਲੱਗੇ, ਉਸਨੇ ਆਪਣੇ ਬੁੱਧੀਬਲ ਨਾਲ ਦੁਰਯੋਧਨ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਦੇਖ ਰਾਜਨ! ਰਾਜਾ, ਪਰਜਾ ਦੇ ਪਿਤਾ ਦੇ ਸਮਾਨ ਹੋਇਆ ਕਰਦਾ ਹੈ। ਪਰਜਾ ਦਾ ਹਰ ਪ੍ਰਕਾਰ ਨਾਲ ਰਖਵਾਲਾ ਹੁੰਦਾ ਹੈ, ਅਗਰ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ ਤਾਂ ਖੇਤ ਦਾ ਰਾਖਾ ਕੌਣ? ਮਗਰ ਦੁਰਯੋਧਨ ਰਾਜ ਮਧ ਵਿੱਚ ਅੰਧਾ ਹੋਇਆ ਕੋਈ ਗੱਲ ਸੁਣਨ ਲਈ ਤਿਆਰ ਹੀ ਨਹੀਂ ਸੀ। ਬੁੱਧੀਬਲ ਦੇ ਨਿਸਫਲ ਹੋਣ ਤੇ ਦਰੋਪਦੀ ਨੇ ਆਪਣੇ ਪੰਜਾਂ ਪਤੀਆਂ ਵੱਲ ਨਜ਼ਰ ਮਾਰੀ, ਜੋ ਸਭਾ ਵਿੱਚ ਹੀ ਬੈਠੇ ਸਨ, ਲੇਕਿਨ ਕਾਲ ਚੱਕਰ ਦੇ ਅਧੀਨ ਹੋਏ ਉਹ ਵੀ ਨੀਵੀਆਂ ਪਾ ਗਏ, ਕਿਉਂਕਿ ਰਾਜ ਭਾਗ, ਸਮੇਤ ਦਰੋਪਦੀ ਦੇ ਸਭ ਕੁਝ ਜੂਏ ਵਿੱਚ ਹਾਰ ਚੁੱਕੇ ਸਨ। ਬੇਵੱਸ ਹੋਏ ਸਭ ਕੁਝ ਸਹਿਣ ਕਰ ਰਹੇ ਹਨ। ਫਿਰ ਦਰੋਪਦੀ ਨੇ ਆਪਣੇ ਬਾਹੂ ਬਲ ਨਾਲ ਦੂਤਾਂ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ, ਲੇਕਿਨ ਅਸਫਲ। ਹਾਰ-ਹੁੱਟ ਕੇ ਸਭ ਚਾਰੇ ਖਤਮ ਹੋਣ ਤੇ, ਹੁਣ ਇਕ ਹੀ ਚਾਰਾ ਬਾਕੀ ਰਹਿ ਗਿਆ, ਜਿਸ ਦੀ ਬਾਬਤ ਭਾਈ ਸਾਹਿਬ ਭਾਈ ਗੁਰਦਾਸ ਜੀ ਲਿਖਦੇ ਹਨ—

**ਅਖੀਂ ਮੀਟ ਧਿਆਨ ਧਰ ਹਾ ਹਾ ਕ੍ਰਿਸ਼ਨ ਕਰੇ ਬਿਲਲਾਂਦੀ॥**

ਜਿਸ ਵਕਤ ਭਗਵਾਨ ਦੀ ਸ਼ਰਣ ਵਿੱਚ ਡਿੱਗੀ, ਸ਼ਰਣ ਦਾ ਫਲ ਕੀ ਹੋਇਆ?

**ਕਪੜ ਕੋਟ ਉਸਾਰਿਆਨ ਥੱਕੇ ਦੂਤ ਨਾ ਪਾਰ ਵਸਾਂਦੀ॥**

ਸਾੜ੍ਹੀਆਂ ਦੇ ਢੇਰ ਲੱਗ ਗਏ, ਸਾੜ੍ਹੀ ਖਤਮ ਨਹੀਂ ਹੋ ਰਹੀ, ਲੇਕਿਨ ਉਤਾਰਨ ਵਾਲੇ ਦੂਤ ਥੱਕ ਗੇ। ਗੈਵੀ ਕੌਤਕ ਵਰਤਿਆ ਦੇਖਕੇ ਦੁਰਯੋਧਨ ਨੇ ਦੂਤਾਂ ਨੂੰ ਹੁਕਮ ਦਿੱਤਾ, ਇਸਨੂੰ ਧੱਕੇ-ਮਾਰਕੇ ਸਭਾ ਵਿੱਚੋਂ ਬਾਹਰ ਕੱਢ ਦਿਉ।

**ਘਰ ਆਈ ਠਾਕੁਰ ਮਿਲੇ ਮੁਖਹੁ ਬੋਲ ਕਹੇ ਸਰਮਾਂਦੀ॥**

ਜਿਸ ਵਕਤ ਘਰ ਪਹੁੰਚੀ ਭਗਵਾਨ ਕ੍ਰਿਸ਼ਨ ਜੀ ਦੇ ਦਰਸ਼ਨ ਹੋਏ, ਚਰਨਾ ਤੇ ਡਿੱਗ ਕੇ ਨਮਸ਼ਕਾਰ ਕੀਤੀ। ਦੋਨੋਂ ਹੱਥ ਜੋੜਕੇ ਸ਼ਰਮਾਂਦੀ ਹੋਈ ਨੇ ਅਰਜ਼ ਕੀਤੀ, ਮਹਾਰਾਜ! ਆਪ ਜੀ ਨੇ ਬਹੁਤ ਕ੍ਰਿਪਾ ਕੀਤੀ, ਸਭਾ ਵਿੱਚ ਪਤ ਰੱਖੀ, ਲੇਕਿਨ ਇਤਨੀ ਦੇਰ ਕਿਉਂ ਲਾਈ? ਭਗਵਾਨ ਮੁਸਕਰਾ ਕੇ ਬੋਲੇ, ਦਰੋਪਦੀ! ਮੈਨੂੰ ਵੀ ਇੱਕ ਆਦਤ ਹੈ, ਜੋ ਧੁਰ ਤੋਂ ਪਈ ਹੋਈ ਹੈ। ਦਰੋਪਦੀ ਨੇ ਪੁੱਛਿਆ ਮਹਾਰਾਜ! ਆਪ ਨੂੰ ਕੀ ਆਦਤ ਹੈ? ਭਗਵਾਨ ਬੋਲੇ, **ਨਾਥ ਅਨਾਥਾਂ ਬਾਣ ਧੁਰਾਂ ਦੀ॥** ਦਰੋਪਦੀ! ਜਿਤਨੀ ਦੇਰ ਤੂੰ ਆਪਣੀ ਬੁੱਧੀ ਦੇ, ਪਤੀਆਂ ਦੇ, ਸਰੀਰ ਬਲ ਦੇ, ਇਤਿਆਦਕ ਹੋਰ-ਹੋਰ ਆਸਰੇ ਢੂੰਢਦੀ ਰਹੀ, ਤਾਂ ਮੈਂ ਚੁੱਪ ਰਿਹਾ, ਲੇਕਿਨ ਜਿਸ ਵਕਤ ਤੂੰ ਸਾਰੇ ਆਸਰੇ ਛੱਡ ਕੇ, ਮੇਰੀ ਸ਼ਰਣ ਵਿੱਚ ਡਿੱਗੀ, ਤਾਂ ਉਸੀ ਵਕਤ ਮੈਨੂੰ ਆਉਣਾ ਪਿਆ। ਹੁਣ ਦੱਸ ਦੇਰ ਮੇਰੇ ਵੱਲੋਂ ਕਿ ਤੇਰੇ ਵੱਲੋਂ ਹੋਈ? ਇਹ ਮੇਰਾ ਸ਼ੁਰੂ ਤੋਂ ਹੀ ਸੁਭਾਵ ਹੈ ਜਦ ਕੋਈ ਨਿਆਸਰਾ ਹੋ ਕੇ ਮੇਰੀ ਸ਼ਰਣ ਵਿੱਚ ਡਿਗਦਾ ਹੈ ਫਿਰ ਉਸਦੀ ਲਾਜ ਮੈਨੂੰ ਹੈ। ਜੈਸੇ ਗੁਰੂ ਵਾਕ—

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥**

*(ਪੰਨਾ-੫੪੪)*

ਯਥਾ — ਜਿਤੇ ਸਰਣਿ ਆਏ ਹੈ। ਤਿਤੇ ਰਾਖ ਲਏ ਹੈਂ॥

*(ਗੁਰੂ ਗੋਬਿੰਦ ਸਿੰਘ ਜੀ)*

ਇਸ ਪ੍ਰਕਾਰ ਵਲੀ ਕੰਧਾਰੀ ਵੱਲੋਂ, ਪਾਣੀ ਰੋਕਣ ਦਾ, ਪਹਾੜ ਨੀਚੇ ਦੀ ਤਰਫ ਰੋੜ੍ਹਣ ਦਾ, ਤਪ ਦੁਆਰਾ ਪ੍ਰਾਪਤ ਕੀਤੀਆਂ ਰਿਧੀਆਂ-ਸਿਧੀਆਂ ਦੇ ਬਲ ਦਾ ਕੋਈ ਸਾਧਨ ਸਫਲ ਨਾ ਹੋਇਆ। ਤਾਂ ਹਾਰ-ਹੁੱਚ ਨਿਰਬਲ ਹੋ ਕੇ, ਗੁਰੂ ਬਾਬਾ ਜੀ ਦੀ ਸ਼ਰਣ ਵਿੱਚ ਡਿੱਗਿਆ। ਅਰਸ਼ੀ ਪ੍ਰੀਤਮ ਨੇ ਮਿਹਰ ਦੀ ਨਜ਼ਰ ਪਾਈ, ਬਲੀ ਦਾ ਹਿਰਦਾ ਸ਼ੁੱਧ ਹੋ ਕੇ, ਉਪਦੇਸ਼ ਗ੍ਰਹਿਣ ਕਰਨ ਦੇ ਲਾਇਕ ਹੋ ਗਿਆ। ਮੈਲੇ ਮਨ ਵਿੱਚ ਉਪਦੇਸ਼ ਦਾ ਅਸਰ ਨਹੀਂ ਹੋਇਆ ਕਰਦਾ, ਇਕ ਇਕ ਅਸੂਲ ਹੈ। ਗੁਰੂ ਬਾਬਾ ਜੀ ਨੇ ਫੁਰਮਾਇਆ ਹੇ ਵਲੀ! ਜਿਸ ਖੁਦਾ ਦੇ ਮਿਲਾਪ ਲਈ ਸੰਸਾਰ ਦੇ ਸੁੱਖ ਤਿਆਗ ਕੇ, ਜੰਗਲ ਦੇ ਕਸ਼ਟ ਸਹਾਰੇ, ਭੁੱਖ ਪਿਆਸ ਸਹਿਣ ਕੀਤੇ, ਉਹ ਖੁਦਾ ਤਾਂ ਤੇਰੇ ਅੰਦਰ ਹੀ ਸੀ, ਪਰ ਤੇਰੇ ਬੁੱਧੀ ਰੂਪੀ ਨੇਤਰਾਂ ਤੇ ਸ਼ਰ੍ਹਾ ਅਤੇ ਦਵੈਤ ਦੀ ਦੋ ਰੰਗੀ, ਪੱਟੀ ਬੰਨ੍ਹੀ ਹੋਈ ਸੀ, ਇਸ ਲਈ ਤੈਨੂੰ ਖੁਦਾ ਦਾ ਦੀਦਾਰ ਨਾ ਹੋਇਆ। ਸਾਰਾ ਸੰਸਾਰ ਖੁਦਾ ਦਾ ਨੂਰ ਹੈ, ਖੁਦਾ ਤੋਂ ਬਿਨ੍ਹਾਂ ਦੂਸਰੀ ਵਸਤੂ ਹੈ ਹੀ ਨਹੀਂ। ਇਹ ਜੋ ਅਨੰਤ ਪ੍ਰਕਾਰ ਦੇ ਜੀਵ ਅਤੇ ਮਜ਼ਹਬ ਤੈਨੂੰ ਅਲੱਗ-ਅਲੱਗ ਪ੍ਰਤੀਤ ਦੇ ਰਹੇ ਹਨ ਇਹ ਤਾਂ ਖੁਦਾ ਦੇ ਨੂਰ ਦੀਆਂ ਕਿਰਨਾਂ ਅਤੇ ਬਿਲਾਸ ਹਨ। ਸਮੁੰਦਰ ਦੀਆਂ ਅਨੰਤ ਲਹਿਰਾਂ ਉਸ ਦਾ ਬਿਲਾਸ ਅਤੇ ਰੂਪ ਹੀ ਹੁੰਦੀਆਂ ਹਨ। ਅਰ ਦੇਖਦੇ-ਦੇਖਦੇ ਪਲਾਂ ਸਕਿੰਟਾਂ ਵਿੱਚ ਬਣਦੀਆਂ ਮਿਟਦੀਆਂ ਰਹਿੰਦੀਆਂ ਹਨ, ਉਨ੍ਹਾਂ ਵਿੱਚੋਂ ਕਿਸੇ ਇੱਕ ਨਾਲ ਪਿਆਰ ਕਰਨਾ ਅਤੇ ਦੂਸਰੀ ਨੂੰ ਪੱਥਰ ਮਾਰਨੇ, ਕਿਸੇ ਸਿਆਣੇ ਪੁਰਸ਼ ਦਾ ਕੰਮ ਨਹੀਂ। ਵਲੀ, ਅਗਰ ਇੱਛਾ ਹੈ ਖੁਦਾ ਦੇ ਦੀਦਾਰ ਦੀ, ਤਾਂ ਖੋਲ੍ਹ ਅੱਖਾਂ ਤੋਂ ਸ਼ਰ੍ਹਾ ਅਤੇ ਦਵੈਤ ਦੀ ਪੱਟੀ, ਨੇਤਰਾਂ ਵਿੱਚ ਸੁਰਮਾ ਪਾ ਅਦਵੈਤ ਦਾ, ਕਹੋ ਸਤਿਨਾਮ........... ਸਤਿਨਾਮ........... ਸਤਿਨਾਮ........... ਸਤਿਨਾਮ........... ਸਤਿਨਾਮ।

ਵਲੀ ਦੇ ਹਿਰਦੇ ਵਿੱਚ ਜਿਹੜਾ ਦਵੈਤ ਦੀ ਅੱਗ ਦਾ ਭਾਂਬੜ ਮੱਚ ਰਿਹਾ ਸੀ, ਸਭ ਸ਼ਾਂਤ ਹੋ ਕੇ, ਮਨ ਗੜੇ ਵਰਗਾ ਠੰਡਾ ਹੋ ਗਿਆ। ਸਮੁੰਦਰ ਦੀ ਮੱਛੀ ਦੀ ਤਰ੍ਹਾਂ ਜਿੱਧਰ ਦੇਖਦਾ ਹੈ, ਖੁਦਾ ਦਾ ਨੂਰ-ਹੀ-ਨੂਰ ਨਜ਼ਰ ਆ ਰਿਹਾ ਹੈ, ਦੂਸਰੀ ਕੋਈ ਵਸਤੂ ਨਜ਼ਰ ਨਹੀਂ ਪੈਂਦੀ, ਦੂਜਾ ਕੁਝ ਹੋਵੇ ਤਾਂ ਨਜ਼ਰ ਪਵੇ। ਅੱਖਾਂ ਵਿੱਚੋਂ ਬਹਿ ਰਹੇ ਪ੍ਰੇਮ ਦੇ ਜਲ ਨਾਲ ਗੁਰੂ ਬਾਬਾ ਜੀ ਦੇ ਇਉਂ ਚਰਨ ਧੋ ਰਿਹਾ ਹੈ, ਜਿਵੇਂ ਕਮਲ ਫੁੱਲ ਤੇ ਤਰੇਲ ਪੈ ਰਹੀ ਹੋਵੇ, ਅਤੇ ਥਥਲਾਂਦੀ ਜ਼ਬਾਨ ਨਾਲ ਉਚਾਰਨ ਕਰ ਰਿਹਾ ਹੈ, ਬੇਮੁਰਸ਼ਦੇ ਪੁਰਸ਼ ਦੀ ਸੌ ਸਾਲ ਦੀ ਰਿਆਜ਼ਤ ਨਾਲੋਂ, ਮਹਾਂਪੁਰਸ਼ ਦੀ ਇੱਕ ਘੜੀ ਦੀ ਸੰਗਤ ਦਾ ਆਨੰਤ ਗੁਣਾਂ ਫਲ ਜ਼ਿਆਦਾ ਹੈ, ਜ਼ਬਾਨ ਦੇ ਵਰਨਣ ਤੋਂ ਬਾਹਰ ਹੈ।

ਇਸ ਬਹਾਨੇ ਗੁਰੂ ਬਾਬਾ ਜੀ ਨੇ ਇਸ ਪਵਿੱਤਰ ਅਸਥਾਨ ਨੂੰ ਆਪਣੇ ਪਵਿੱਤਰ ਚਰਨ ਧੂੜੀ ਬਖਸ਼ ਕੇ ਤੀਰਥ ਰੂਪ ਬਣਾਇਆ। ਅੱਜ ਅਸੀਂ ਸਾਰੇ ਇਸ ਪਵਿੱਤਰ ਅਸਥਾਨ ਤੇ ਗੁਰੂ ਨਾਨਕ ਦੇਵ ਮਹਾਰਾਜ ਦੀ ਗੋਦ ਵਿੱਚ ਬੈਠ ਕੇ ਬੈਕੁੰਠ ਜੈਸਾ ਆਨੰਦ ਮਾਣ ਰਹੇ ਹਾਂ। ਹੁਣ ਥੋੜ੍ਹੇ ਵਿੱਚ ਸ਼ਬਦ ਦੀ ਵਿਚਾਰ ਕਰਦੇ ਹਾਂ—

ਮੂਲ — ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥

ਅਰਥ — ਸਵਰਗ ਵਿੱਚ ਇਕ ਗਊ ਹੈ, ਜੋ ਸੰਸਾਰਕ ਕਾਮਨਾਵਾਂ ਨੂੰ ਪੂਰੀ ਕਰਨ ਲਈ ਸਮਰੱਥ ਮੰਨੀ ਜਾਂਦੀ ਹੈ, ਲੇਕਿਨ ਪਰਮਾਤਮਾ ਅਨੰਤ ਸ਼ਕਤੀਆਂ ਦਾ ਮਾਲਕ ਹੈ, ਜੋ ਲੋਕ-ਪਰਲੋਕ ਦੀਆਂ ਤਮਾਮ ਇਛਾਵਾਂ ਪੂਰੀਆਂ ਕਰਨ ਨੂੰ ਸਮਰੱਥ ਹੈ ਅਤੇ ਸਾਰੇ ਸੁੱਖਾਂ ਦਾ ਦਾਤਾ ਹੈ, ਅਤੇ ਕਾਮਧੇਨ ਜੈਸੀਆਂ ਬੇਅੰਤ ਸ਼ਕਤੀਆਂ ਉਸ ਦੇ ਚਰਨਾਂ ਦੀਆਂ ਦਾਸੀਆਂ ਹਨ।

ਮੂਲ — ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ॥

ਅਰਥ — ਹੇ ਮਨ ਐਸੇ ਹਰੀ ਦਾ ਧਿਆਨ ਕਰਨ ਨਾਲ ਸਾਰੇ ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ।

ਮੂਲ — ਜਪਿ ਮਨ ਸਤਿਨਾਮੁ ਸਦਾ ਸਤਿਨਾਮੁ॥ ਹਲਤਿ ਪਲਤਿ ਮੁਖ ਊਜਲ ਹੋਈ ਹੈਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥ ਰਹਾਉ॥

ਅਰਥ — ਹੇ ਮਨ ਹਮੇਸ਼ਾ ਨਾਮ ਦਾ ਜਾਪ ਕਰ, ਵਾਰ-ਵਾਰ ਪਰਮੇਸ਼ਰ ਦੇ ਸੱਚੇ ਨਾਮ ਦਾ ਜਪ ਕਰ। ਐਸਾ ਕਰਨ ਨਾਲ ਤੇਰੇ ਪਾਪਾਂ ਰੂਪੀ ਕਾਲੇ ਧੱਬੇ ਸਭ ਮਿਟ ਜਾਣਗੇ, ਲੋਕ-ਪਰਲੋਕ ਮੁਖ ਉਜਲਾ, ਭਾਵ ਸ਼ੋਭਾ ਵਧੇਗੀ। ਤਾਂ ਤੇ ਭਾਈ ਐਸੇ ਸੁਖ ਸਰੂਪ ਮਾਇਆ ਤੋਂ ਰਹਿਤ ਪਰਮੇਸ਼ਰ ਦਾ ਨਿਤ ਧਿਆਨ ਕਰੀਏ।

ਮੂਲ — ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ ਵਡਭਾਗੀ ਹਰਿ ਜਪਨਾ॥

ਅਰਥ — ਜਿਸ ਹਿਰਦੇ ਵਿੱਚ ਹਰੀ ਪਰਮੇਸ਼ਰ ਦਾ ਸਿਮਰਨ ਆ ਜਾਂਦਾ ਹੈ, ਉਥੇ ਜਨਮ-ਮਰਨ ਆਦਿ ਮਾਇਆ

ਦੀਆਂ ਤਮਾਮ ਉਪਾਧੀਆਂ ਮਿਟ ਜਾਂਦੀਆਂ ਹਨ ਪ੍ਰੰਤੂ ਐਸੇ ਹਰੀ ਨਾਮ ਦਾ ਜਾਪ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ।

ਮੂਲ — **ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ ਜਪਿ ਹਰਿ ਭਵਜਲੁ ਤਰਨਾ॥**

ਅਰਥ — ਸ੍ਰੀ ਗੁਰੂ ਰਾਮਦਾਸ ਜੀ ਵਰਨਣ ਕਰਦੇ ਹਨ, ਕਿ ਸਾਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਇਹੀ ਮਤ ਦਿੱਤੀ ਹੈ, ਕਿ ਹਰੀ ਪਰਮੇਸ਼ਰ ਦੇ ਨਾਮ ਦਾ ਜਾਪ ਕਰਕੇ ਸੰਸਾਰ ਸਮੁੰਦਰ ਰੂਪੀ ਭਵਜਲ ਤਰ ਜਾਈਦਾ ਹੈ। ਇਸ ਪ੍ਰਕਾਰ ਪੰਜਾ ਸਾਹਿਬ ਦੇ ਪਵਿੱਤਰ ਅਸਥਾਨ ਤੇ ਕਈ ਦਿਨ ਠਹਿਰਕੇ ਸੰਗਤਾਂ ਨੂੰ ਸਤ-ਉਪਦੇਸ਼ ਦੀ ਵਰਖਾ ਕਰਕੇ *ਹੋਤੀ ਮਰਦਾਨ* ਨੂੰ ਚਾਲੇ ਪਾ ਦਿੱਤੇ।

## ਹੋਤੀ ਮਰਦਾਨ ਦੀ ਯਾਤਰਾ

ਪੰਜਾ ਸਾਹਿਬ ਤੋਂ ਪੈਦਲ ਚੱਲ ਕੇ ਕਈ ਪਿੰਡਾਂ-ਸ਼ਹਿਰਾਂ ਵਿੱਚੋਂ ਹੁੰਦੇ *ਹੋਤੀ ਮਰਦਾਨ* ਪਹੁੰਚ ਗਏ। ਉਸ ਸਮੇਂ ਇਸ ਪਵਿੱਤਰ ਅਸਥਾਨ ਨੂੰ ਬਾਬਾ ਕਰਮ ਸਿੰਘ ਜੀ ਮਹਾਰਾਜ ਸੁਭਾਇਮਾਨ ਕਰ ਰਹੇ ਸਨ।

**ਜੋ ਹਮ ਸਹਰੀ ਸੁ ਮੀਤੁ ਹਮਾਰਾ,** ਦੇ ਮਹਾਂਵਾਕ ਅਨੁਸਾਰ ਦੋਨੋਂ ਮਹਾਂਪੁਰਖ ਪ੍ਰਸਪਰ ਬਹੁਤ ਹੀ ਪਿਆਰ ਨਾਲ ਮਿਲੇ। ਇਕ ਦੋ ਦਿਨਾਂ ਬਾਅਦ, ਬਾਬਾ ਕਰਮ ਸਿੰਘ ਜੀ ਨੇ ਬਚਨ ਕੀਤਾ ਮਹਾਂਪੁਰਸ਼ੋ! ਗੁਰੂ ਨਾਨਕ ਦੇ ਘਰ ਦਾ ਪ੍ਰਸ਼ਾਦਿ ਏਥੇ ਵੀ ਸੰਗਤਾਂ ਵਿੱਚ ਵਰਤਾਉ। ਬਚਨ ਮੰਨਕੇ ਆਪ ਨੇ ਸਵੇਰ-ਸ਼ਾਮ ਕਥਾ ਕਰਨੀ ਸ਼ੁਰੂ ਕੀਤੀ। ਬਾਬਾ ਕਰਮ ਸਿੰਘ ਜੀ ਦਾ ਜਸ਼ ਤਾਂ ਪਹਿਲਾਂ ਹੀ ਬਹੁਤ ਫੈਲਿਆ ਹੋਇਆ ਸੀ, ਪ੍ਰੰਤੂ ਆਪ ਜੀ ਦੀ ਕਥਾ ਸੁਣਕੇ ਦੂਰ-ਦੂਰ ਪਿੰਡਾਂ ਸ਼ਹਿਰਾਂ ਵਿੱਚੋਂ, ਹੋਰ ਵੀ ਬਹੁਤ ਸੰਗਤ ਆਉਣੀ ਸ਼ੁਰੂ ਹੋ ਗਈ। ਮਹਾਂਪੁਰਸ਼ਾਂ ਦੇ ਪ੍ਰੇਮ ਵੱਸ, ਆਪ ਦੋ ਮਹੀਨੇ ਇਥੇ ਠਹਿਰ ਕੇ, ਗੁਰੂ ਨਾਨਕ ਦੇ ਘਰ ਦਾ ਇਲਾਹੀ ਪ੍ਰਸ਼ਾਦਿ ਵਰਤਾਉਂਦੇ ਰਹੇ। ਹੋਤੀ ਮਰਦਾਨ ਡੇਰੇ *ਕਪੂਰੇ ਕੀ ਗੁਹੀ* ਪਿੰਡ ਦੀ ਸੰਗਤ ਵੀ ਬਹੁਤ ਆਉਂਦੀ ਸੀ, ਉਥੋਂ ਦੇ ਲੋਕ ਕਥਾ ਸੁਣਕੇ ਬਹੁਤ ਪ੍ਰਭਾਵਤ ਹੋਏ। ਸੰਤ ਬਾਬਾ ਬੁੱਢਾ ਸਿੰਘ ਜੀ ਨੂੰ ਆਪਣੇ ਪਿੰਡ ਲੈ ਕੇ ਜਾਣ ਦੀ ਬੇਨਤੀ ਕੀਤੀ, ਜੋ ਮਹਾਂਪੁਰਸ਼ਾਂ ਨੇ ਪ੍ਰਵਾਨ ਕਰ ਲਈ।

## ਕਪੂਰੇ ਦੀ ਗੁਹੀ ਪਿੰਡ ਜਾਣਾ

ਬਾਬਾ ਕਰਮ ਸਿੰਘ ਮਹਾਰਾਜ ਤੋਂ ਆਗਿਆ ਲੈ ਕੇ, ਬਾਬਾ ਬੁੱਢਾ ਸਿੰਘ ਜੀ, ਸੰਗਤ ਦੀ ਬੇਨਤੀ ਪ੍ਰਵਾਨ ਕਰਕੇ *ਕਪੂਰੇ ਦੀ ਗੁਹੀ* ਪਿੰਡ ਵਿੱਚ ਪਹੁੰਚੇ। ਪਿੰਡ ਦੇ ਨਜ਼ਦੀਕ ਇਕ ਬਹੁਤ ਵੱਡਾ ਭਾਰਾ ਜੰਗਲ ਸੀ। ਉਸ ਜੰਗਲ ਵਿੱਚ ਇਕ ਗੁਫਾ ਬਣੀ ਹੋਈ ਸੀ, ਆਪ ਉਸ ਗੁਫਾ ਵਿੱਚ ਜਾ ਬਿਰਾਜਮਾਨ ਹੋਏ। ਰਾਤ ਨੂੰ ਉਸ ਗੁਫਾ ਵਿੱਚ ਆਰਾਮ ਕਰਦੇ ਅਤੇ ਸਵੇਰੇ-ਸ਼ਾਮ ਪਿੰਡ ਦੇ ਗੁਰਦੁਆਰੇ ਕਥਾ ਕਰਦੇ। ਆਪ ਜੀ ਦਾ ਸੁਭਾਵ ਸੀ ਕਿ ਗੁਰੂ ਗ੍ਰੰਥ ਸਾਹਿਬ ਵਿੱਚੋਂ ਜੋ ਹੁਕਮਨਾਮਾ ਆਉਂਦਾ, ਉਸ ਦੀ ਦ੍ਰਿਸ਼ਟਾਂਤ ਪੂਰਵਕ ਵਿਆਖਿਆ ਸਹਿਤ ਕਥਾ ਕਰਦੇ ਸਨ। ਅੱਜ ਗੁਰੂ ਅਰਜਨ ਦੇਵ ਮਹਾਰਾਜ ਜੀਆਂ ਦਾ ਇਹ ਸ਼ਬਦ ਆਇਆ—

**ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ॥**
**ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥**
**ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ॥**
**ਮਾਇਆਧਾਰੀ ਛਤ੍ਰਪਤਿ ਤਿਨ੍ਹ ਛੋਡਉ ਤਿਆਗ॥ ਰਹਾਉ॥**
**ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ॥**
**ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ॥**
**ਭਗਤ ਜਨਾ ਕਾ ਲੂਗਰਾ ਓਢਿ ਨਗਨ ਨ ਹੋਈ॥**
**ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ॥**

ਸਾਕਤ ਸਿਉ ਮੁਖਿ ਜੋਰਿਐ ਅਧ ਵੀਚਹੁ ਟੂਟੈ॥
ਹਰਿ ਜਨ ਕੀ ਸੇਵਾ ਜੋ ਕਰੇ ਇਤ ਊਤਹਿ ਛੂਟੈ॥
ਸਭ ਕਿਛੁ ਤੁਮ ਹੀ ਤੇ ਹੋਆ ਆਪਿ ਬਣਤ ਬਣਾਈ॥
ਦਰਸਨੁ ਭੇਟਤ ਸਾਧ ਕਾ ਨਾਨਕ ਗੁਣ ਗਾਈ॥

*(ਬਿਲਾਵਲ ਮ: ੪, ਪੰਨਾ-੮੧੧)*

ਸਾਧ ਸੰਗਤ ਇਹ ਪਵਿੱਤਰ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ *ਖਾਰਾ* ਪਿੰਡ ਵਿਖੇ ਹੇਮੇ ਭਗਤ ਪ੍ਰਥਾਇ ਉਚਾਰਨ ਕੀਤਾ ਸੀ। ਇਕ ਦਫਾ ਦਾ ਜ਼ਿਕਰ ਗੁਰੂ ਅਰਜਨ ਦੇਵ ਮਹਾਰਾਜ ਜੀ, ਭਾਈ ਗੁਰਦਾਸ ਅਤੇ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ, ਸ੍ਰੀ ਤਰਨ-ਤਾਰਨ ਸਾਹਿਬ ਤੋਂ *ਖਾਰਾ* ਗ੍ਰਾਮ ਪਹੁੰਚੇ। ਉਸ ਪਿੰਡ ਵਿੱਚ ਜੋ ਵੱਡੇ ਵੱਡੇ ਸੇਠ, ਅਮੀਰ ਆਦਮੀ, ਮਹਿਲਾਂ ਵਿੱਚ ਰਹਿੰਦੇ ਸਨ, ਉਨ੍ਹਾਂ ਨੇ ਗੁਰੂ ਬਾਬਾ ਜੀ ਦਾ ਸਤਿਕਾਰ ਆਦਰ ਨਾ ਕੀਤਾ ਅਤੇ ਨਾ ਹੀ ਜਲ ਪਾਣੀ ਪੁੱਛਿਆ, ਕਿਉਂਕਿ ਉਨ੍ਹਾਂ ਦੇ ਮਨ ਵਿੱਚ ਪ੍ਰੇਮ ਭਾਵ ਨਹੀਂ ਸੀ। ਉਪਰੋਂ ਜ਼ੋਰਦਾਰ ਬਾਰਿਸ਼ ਵੀ ਪੈ ਰਹੀ ਸੀ ਫਿਰ ਵੀ ਗੁਰੂ ਸਾਹਿਬ ਜੀ ਨੂੰ ਰਾਤ ਠਹਿਰਨ ਵਾਸਤੇ ਜਗ੍ਹਾ ਨਾ ਦਿੱਤੀ। ਗੁਰੂ ਜੀ ਪਿੰਡੋਂ ਚੱਲ ਕੇ ਬਾਹਰ ਖੇਤਾਂ ਵਿੱਚ ਗਏ ਤਾਂ ਦੇਖਦੇ ਹਨ ਕਿ ਇੱਕ ਛੱਪਰ ਬਨਿਆ ਹੋਇਆ ਹੈ, ਉਸ ਛੱਪਰ ਵਿੱਚ 'ਹੇਮਾਂ' ਨਾਮ ਦਾ ਇਕ ਹਰੀ ਭਗਤ ਵੱਸਦਾ ਹੈ। ਪੈਲੀ ਥੋੜ੍ਹੀ ਹੈ, ਆਪਣੇ ਹੱਥੀਂ ਖੇਤੀਬਾੜੀ ਦਾ ਕੰਮ ਕਰਦਾ ਹੈ। ਜੋ ਅਨਾਜ ਪੈਦਾ ਹੁੰਦਾ ਹੈ, ਉਸ ਨਾਲ ਆਪਣਾ ਗੁਜਾਰਾ ਕਰਦਾ ਅਤੇ ਬਾਹਰੋਂ ਆਏ ਸਾਧੂ ਭਗਤ ਅਤਿੱਥੀ ਦੀ ਸੇਵਾ ਕਰਦਾ। ਆਟਾ ਹੱਥੀਂ ਪੀਸ ਕੇ ਰੋਟੀਆਂ ਬਣਾ ਕੇ ਛਕਾਉਂਦਾ। ਗੁਰੂ ਬਾਬਾ ਜੀ ਜਦੋਂ ਉਸ ਝੌਂਪੜੀ ਵਿੱਚ ਪਹੁੰਚੇ, ਤਾਂ 'ਹੇਮੇ' ਭਗਤ ਨੂੰ ਇਉਂ ਖੁਸ਼ੀ ਚੜ੍ਹ ਗਈ, ਜਿਵੇਂ ਭਗਵਾਨ ਰਾਮ ਦੇ ਆਉਣ ਤੇ, ਭੀਲਨੀ ਨੂੰ। ਪਰਮੇਸ਼ਰ ਤਾਂ ਪ੍ਰੇਮ ਦਾ ਭੁੱਖਾ ਹੈ ਨਾ ਕਿ ਪਦਾਰਥਾਂ ਦਾ, ਜੈਸੇ ਭਾਈ ਸਾਹਿਬ ਭਾਈ ਗੁਰਦਾਸ ਜੀ ਫਰਮਾਉਂਦੇ ਹਨ–

ਗੋਵਿੰਦ ਭਾਉ ਭਗਤ ਦਾ ਭੁੱਖਾ॥

ਇਹ ਪਰਮੇਸ਼ਰ ਦਾ ਧੁਰ ਤੋਂ ਹੀ ਬਿਰਦ ਹੈ, ਦੁਆਪੁਰ ਵਿੱਚ ਵੀ ਹੰਕਾਰੀ ਦਰਯੋਧਨ ਦੇ ਰਾਜ ਮਹਿਲਾਂ ਨੂੰ ਛੱਡ ਕੇ, ਗਰੀਬ ਬਿਦਰ ਦੀ ਕੁੱਲੀ ਨੂੰ ਭਾਗ ਲਾਏ ਸਨ, ਇਸੇ ਪ੍ਰਕਾਰ ਹੇਮੇਂ ਭਗਤ ਨੇ ਬੜੇ ਪ੍ਰੇਮ ਨਾਲ ਗੁਰੂ ਅਰਜਨ ਦੇਵ ਜੀ ਦੇ ਪਵਿੱਤਰ ਚਰਨਾ ਤੇ ਸੀਸ ਰੱਖਕੇ ਨਮਸਕਾਰ ਕੀਤੀ, ਆਪਣੇ ਹੱਥੀਂ ਜੋ ਕੱਪੜਾ ਬਣਾਇਆ ਸੀ, ਮੰਜੇ ਉਤੇ ਬੜੇ ਪ੍ਰੇਮ ਨਾਲ ਵਿਛਾ ਕੇ, ਗੁਰੂ ਬਾਬਾ ਜੀ ਨੂੰ ਉਪਰ ਉਠਾਇਆ। 'ਹੇਮੇ' ਦੇ ਮਨ ਵਿੱਚ ਪ੍ਰੇਮ ਦਾ ਹੜ੍ਹ ਆ ਗਿਆ, ਨੇਤਰਾਂ ਵਿੱਚੋਂ ਜਲ ਵਹਿ ਤੁਰਿਆ, ਪਾਣੀ ਲੈ ਕੇ ਗੁਰੂ ਬਾਬਾ ਜੀ ਦੇ ਚਰਨ ਧੋਤੇ ਅਤੇ ਨਾਲ ਆਏ, ਭਾਈ ਗੁਰਦਾਸ ਤਥਾ ਬਾਬਾ ਬੁੱਢਾ ਜੀ ਦੇ ਚਰਨ ਵੀ ਧੋਤੇ। ਚਰਨ ਧੋਣ ਵਾਲਾ ਪਾਣੀ ਅੰਮ੍ਰਿਤ ਜਾਣਕੇ ਪੀ ਲਿਆ। ਬਾਅਦ ਵਿੱਚ ਹੱਥੀਂ ਆਟਾ ਪੀਸ ਕੇ ਲੰਗਰ ਤਿਆਰ ਕਰਕੇ ਗੁਰੂ ਬਾਬਾ ਜੀ ਨੂੰ ਬਹੁਤ ਪਿਆਰ ਨਾਲ ਛਕਾਇਆ ਅਤੇ ਪਿੱਛੋਂ ਸਭ ਸੰਗਤ ਨੂੰ ਛਕਾਇਆ। ਹੱਥਾਂ ਨਾਲ ਪੱਖਾ ਆਦਿ ਝੱਲਣ ਦੀ ਸੇਵਾ ਕਰਕੇ ਮਨ ਗਦ-ਗਦ ਹੋ ਗਿਆ। ਇਸ ਪ੍ਰੇਮੀ ਸਿੱਖ ਦਾ ਐਸਾ ਪ੍ਰੇਮ ਦੇਖਕੇ, ਗੁਰੂ ਸਾਹਿਬ ਜੀ ਨੇ ਇਹ ਪਾਵਨ ਸ਼ਬਦ ਉਚਾਰਨ ਕੀਤਾ। ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਇਸ ਪਵਿੱਤਰ ਸ਼ਬਦ ਵਿੱਚ ਇਕ ਲਾਈਨ ਵਿਚ ਸੰਤ ਮਹਾਂਪੁਰਖਾਂ ਦੀ ਸੇਵਾ, ਸੰਗਤ ਵਿਚ ਪ੍ਰਵਿਰਤੀ ਅਤੇ ਦੂਸਰੀ ਪੰਕਤੀ ਵਿੱਚ ਮਾਇਆਧਾਰੀ ਮਨਮੁਖਾਂ ਦੀ ਸੰਗਤ ਅਤੇ ਸੁੱਖਾਂ ਤੋਂ ਵਰਜ ਰਹੇ ਹਨ।

ਮੂਲ – ਪਾਣੀ ਪਖਾ ਪੀਸੁ ਦਾਸੁ ਕੈ ਤਬ ਹੋਹਿ ਨਿਹਾਲੁ॥

ਅਰਥ – ਹਰੀ ਦੇ ਪਿਆਰੇ ਸਤ ਪੁਰਸ਼ਾਂ ਦੀ ਇਸ ਪ੍ਰਕਾਰ ਸੇਵਾ ਕਰਨ ਨਾਲ ਗ੍ਰਹਿਸਤ ਆਸ਼ਰਮ ਵੀ ਪਵਿੱਤਰ ਹੋ ਜਾਂਦਾ ਹੈ ਅਤੇ ਮੁਕਤੀ ਦਾ ਦਵਾਰ ਖੁੱਲ ਜਾਂਦਾ ਹੈ। ਅਮੋਲਕ ਮਨੁੱਖ ਜਨਮ ਧਾਰਣ ਕੀਤਾ ਸਫਲਾ ਹੋ ਜਾਂਦਾ ਹੈ। ਜੈਸੇ ਗੁਰੂ ਵਾਕ–

ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ ਹਰਿ ਹਰਿ ਕਥਾ ਸੁਣਾਵੈ॥
ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ ਸਤਿ ਕਰਿਮੁਖ ਸੰਚਹੁ
ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ॥

*(ਮਲਾਰ ਮ: ੪, ਪੰਨਾ-੧੨੬੪)*

ਪੁਰਾਤਨ ਸ਼ਾਸਤਰਾਂ ਵਿੱਚ ਵੀ ਐਸਾ ਹੀ ਲਿਖਿਆ ਹੈ ਕਿ ਘਰ ਵਿੱਚ ਆਏ, ਸੰਤ ਭਗਤੁ, ਅਤਿਥੀ ਦਾ ਵਿਧੀ ਪੂਰਵਕ ਸਤਿਕਾਰ ਕਰੋ, ਮਿੱਠੇ ਬਚਨ ਬੋਲੋ, ਬੈਠਣ ਲਈ ਮੰਜਾ ਪੀੜ੍ਹੀ ਜਾਂ ਨੀਚੇ ਹੀ ਕੱਪੜਾ ਵਿਛਾ ਕੇ ਬਿਠਾਵੋ, ਪ੍ਰੇਮ ਨਾਲ ਜੋ ਭੀ ਆਪ ਦੇ ਪਾਸ ਹੈ, ਜਲ ਪਾਣੀ ਛਕਾਵੋ, ਇਸ ਪ੍ਰਕਾਰ ਗ੍ਰਹਿਸਤ ਵਿੱਚ ਰਹਿੰਦੇ ਪਰਮੇਸ਼ਰ ਦੀ ਖੁਸ਼ੀ ਮਿਲ ਜਾਂਦੀ ਹੈ। ਜੈਸੇ ਗੁਰੂ ਵਾਕ-

**ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਰਿ**
**ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ॥**

*(ਸੋਰਠਿ ਕੀ ਵਾਰ, ਪੰਨਾ ੬੪੮)*

ਮੂਲ — **ਰਾਜ ਮਿਲਖ ਸਿਕਦਾਰੀਆਂ ਅਗਨੀ ਮਹਿ ਜਾਲੁ॥**

ਅਰਥ — ਰਾਜ-ਭਾਗ ਜਾਇਦਾਦ ਅਤੇ ਚੌਧਰਾਂ ਦੇ ਭਰਮ-ਮਾਤਰ ਥੋੜ੍ਹ-ਚਿਰੇ ਸੁੱਖਾਂ ਨੂੰ ਮਨ ਵਿੱਚੋਂ ਇਉਂ ਜਲਾ ਦੇ, ਜਿਵੇਂ ਅਗਨੀ ਲੱਕੜਾਂ ਨੂੰ ਜਲਾ ਕੇ ਉਨ੍ਹਾਂ ਦੀ ਹੋਂਦ ਮਿਟਾ ਦਿੰਦੀ ਹੈ। ਇਹ ਮਾਇਆ ਦੇ ਜੋ ਪ੍ਰਤੀਤੀ-ਮਾਤਰ ਸੁੱਖ ਹਨ, ਇਹ ਸੁੱਖ ਨਹੀਂ ਹਨ, ਇਹ ਤਾਂ ਮਾਇਆ ਦਾ ਛਲ ਹੈ, ਫਰੇਬ ਹੈ। ਜੀਵ ਭੁੱਲਕੇ ਇਹ ਠੱਗਨੀ ਦੀ ਠੱਗੀ ਵਿੱਚ ਆ ਰਹੇ ਹਨ।

ਮੂਲ — **ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ॥**

ਅਰਥ — ਹੇ ਜੀਵ! ਅਗਰ ਤੂੰ ਮਨੁੱਖ ਜਨਮ ਦੀ ਸਫਲਤਾ ਯਾਨੀ ਕਿਸੇ ਸਦੀਵੀ ਸੁੱਖ ਨੂੰ ਚਾਹੁੰਦਾ ਹੈ, ਤਾਂ ਕਿਸੇ ਐਸੇ ਪੁਰਸ਼ ਦੇ ਚਰਨੀ ਲੱਗ, ਜਿਸ ਨੂੰ ਸੰਤ ਜਨਾ ਦੀ ਛੋਹ ਪ੍ਰਾਪਤ ਹੋ ਗਈ ਹੋਵੇ। ਸ੍ਰੀ ਗੁਰੂ ਰਾਮਦਾਸ ਮਹਾਰਾਜ ਪਰਮੇਸ਼ਰ ਤੋਂ ਇਹੀ ਮੁੱਖ ਮੰਗਦੇ ਹਨ—

**ਜਿਨ ਸਾਧੂ ਚਰਣ ਸਾਧ ਪਗ ਸੇਵੇ ਤਿਨ ਸਫਲਿਓ ਜਨਮੁ ਸਨਾਥਾ॥**
**ਮੋ ਕਉ ਕੀਜੈ ਦਾਸੁ ਦਾਸ ਦਾਸਨ ਕੋ ਹਰਿ ਦਇਆ ਧਾਰਿ ਜਗੰਨਾਥਾ।**

*(ਜੈਤਸਰੀ ਮ: ੪, ਪੰਨਾ-੬੯੬)*

ਯਥਾ — **ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ॥**
**ਕਰਿ ਡੰਡਉਤ ਪੁਨੁ ਵਡਾ ਹੇ॥**

ਮੂਲ — **ਮਾਇਆ ਧਾਰੀ ਛਤ੍ਰ ਪਤਿ ਤਿਨ੍ਹ ਛੋਡਉ ਤਿਆਗਿ॥ ਰਹਾਉ॥**

ਅਰਥ — ਮਾਇਆ ਦੇ ਛਿਨ ਭੰਗੁਰ ਸੁੱਖਾਂ ਵਿੱਚ ਗ੍ਰਸਿਆ ਮਨਮੁਖ, ਭਾਵੇਂ ਛਤਰਪਤੀ ਯਾਨੀ ਚੱਕਰਵਰਤੀ ਰਾਜਾ ਕਿਉਂ ਨਾ ਹੋਵੇ, ਐ ਮਨ! ਤੂੰ ਉਸ ਦੀ ਸੰਗਤ ਤਿਆਗ ਦੇ।

ਮੂਲ — **ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ॥**

ਅਰਥ — ਸੰਤ ਮਹਾਂਪੁਰਖਾਂ ਦੀ ਸੇਵਾ ਕਰਦਿਆਂ ਅਗਰ ਰੁੱਖੇ ਦਾਣੇ ਵੀ ਪੇਟ ਭਰਨ ਲਈ ਮਿਲ ਜਾਣ, ਮਾਨੋ ਸਭ ਕੁਝ ਪ੍ਰਾਪਤ ਹੋ ਗਿਆ, ਕਿਉਂਕਿ ਉਨ੍ਹਾਂ ਵਿੱਚ ਹੀ ਹਰ ਪ੍ਰਕਾਰ ਦੇ ਖਜ਼ਾਨੇ ਛੁਪੇ ਹੁੰਦੇ ਹਨ। ਅੱਗੇ ਮਨਮੁਖਾਂ ਦੇ ਪਦਾਰਥਾਂ ਦੀ ਹਾਲਤ ਦਰਸਾਉਂਦੇ ਹਨ—

ਮੂਲ — **ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੁ ਸਮਾਨ॥**

ਅਰਥ — ਦਾਤੇ ਨੂੰ ਭੁੱਲਕੇ, ਦਾਤਾਂ ਨੂੰ ਪਿਆਰ ਕਰਨ ਵਾਲੇ ਜੋ ਮਨਮੁਖ ਲੋਕ ਹਨ, ਉਨ੍ਹਾਂ ਦੇ ਘਰਾਂ ਵਿੱਚ ਛੱਤੀ ਪ੍ਰਕਾਰ ਦੇ ਭੋਜਨ, ਮਾਨੋ ਜ਼ਹਿਰ ਦੇ ਸਮਾਨ ਹਨ। ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਨੇ ਏਮਨਾਬਾਦ ਵਿੱਚ ਸੱਚੀ-ਸੁੱਚੀ ਕਿਰਤ ਕਰਨ ਵਾਲੇ ਗ਼ਰੀਬ ਤਰਖਾਣ ਭਾਈ ਲਾਲੋ ਦੀ ਬਾਜਰੇ ਦੀ ਰੋਟੀ ਵਿੱਚੋਂ ਦੁੱਧ ਕੱਢ ਕੇ ਦਿਖਾਇਆ, ਪ੍ਰੰਤੂ ਜਿਸ ਵਕਤ ਜ਼ੋਰ ਜ਼ੁਲਮ ਨਾਲ ਇਕੱਤਰ ਕੀਤੇ ਧੰਨ ਨਾਲ ਬਣਾਏ ਮਲਕ ਭਾਗੋ ਦੇ ਮਾਲਪੂੜੇ ਨੂੰ ਦਬਾਇਆ, ਉਸ ਵਿੱਚੋਂ ਖ਼ੂਨ ਦੀ ਧਾਰਾ ਬਹਿ ਤੁਰੀ। ਮਲਕ ਭਾਗੋ ਚਰਨਾਂ ਵਿਚ ਡਿੱਗ ਪਿਆ, ਉਸ ਪਰਥਾਇ ਗੁਰੂ ਬਾਬਾ ਜੀ ਨੇ ਇਹ ਸ਼ਬਦ ਉਚਾਰਨ ਕੀਤਾ—

**ਕਿਆ ਖਾਧੈ ਕਿਆ ਪੈਧੈ ਹੋਇ॥ ਜਾ ਮਨਿ ਨਾਹੀ ਸਚਾ ਸੋਇ।**
**ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ॥**

ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ॥
ਕਿਆ ਲਸਕਰ ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ॥
ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ॥ *(ਵਾਰ ਮਾਝ ਕੀ, ਪੰਨਾ—੧੪੨)*

ਅਰਥ— ਹੇ ਮਲਕ ਭਾਗੋ! ਹਰੀ ਦੇ ਨਾਮ ਤੋਂ ਬਗੈਰ ਇਹ ਪਦਾਰਥਾਂ ਦੇ ਭੋਗ ਬਿਅਰਥ ਹਨ, ਬਲਕਿ ਜ਼ਹਿਰ ਦੇ ਸਮਾਨ ਹਨ ਕਿਉਂਕਿ ਪਦਾਰਥਾਂ ਦੇ ਭੋਗਾਂ ਵਿੱਚ ਲੱਗ ਕੇ ਜੀਵ, ਦਾਤੇ ਨੂੰ ਭੁੱਲ ਜਾਂਦਾ ਹੈ।

ਮੂਲ — ਭਗਤ ਜਨਾ ਕਾ ਲੂਗਰਾ ਓਢਿ ਨਗਨ ਨ ਹੋਈ॥

ਅਰਥ— ਸੰਤਾਂ ਭਗਤਾਂ ਦੀ ਸੇਵਾ ਕਰਦਿਆਂ ਉਨ੍ਹਾਂ ਦੀ ਲੰਗੋਟੀ ਜਾਂ ਲੀਰੋ-ਲੀਰ ਹੋਈ ਲੂੰਗੀ ਵੀ ਮਿਲ ਜਾਏ, ਤਾਂ ਉਸ ਨੂੰ ਓਢਿ ਲੈਣ ਨਾਲ ਮੁੜਕੇ ਨੰਗੇ ਨਹੀਂ ਹੋਈਂਦਾ, ਬਲਕਿ ਲੋਕ ਪਰਲੋਕ ਦੇ ਸਾਰੇ ਪੜਦੇ ਕਜ ਜਾਂਦੇ ਹਨ। ਪ੍ਰੰਤੂ—

ਮੂਲ — ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ॥

ਅਰਥ— ਲੇਕਿਨ ਮਨਮੁਖਾਂ ਨੇ, ਜੋ ਹਰੀ ਪਰਮੇਸ਼ਰ ਤੋਂ ਬੇਮੁੱਖ ਹਨ ਰੇਸ਼ਮੀ ਵਸਤਰ ਪਹਿਣ ਕੇ ਵੀ ਦੋਹਾਂ ਜਹਾਨਾਂ ਵਿੱਚ ਆਪਣੀ ਪੱਤ ਆਬਰੂ ਖੋ ਲਈ।

ਮੂਲ — ਸਾਕਤ ਸਿਉ ਮੁਖਿ ਜੋਰਿਐ ਅਧ ਵੀਚਹੁ ਟੂਟੈ॥

ਅਰਥ— ਮਨਮੁਖਾਂ ਨਾਲ ਦੋਸਤੀ ਗੰਢੀ, ਉਹ ਓੜ ਤੱਕ ਨਹੀਂ ਨਿਭਦੀ, ਅਧਵਾਟੇ ਟੁੱਟ ਜਾਂਦੀ ਹੈ। ਜਿਵੇਂ ਗੁਰੂ ਵਾਕ—

ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ॥
ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ॥
ਜਿਚਰੁ ਪੈਨਨਿ ਖਾਵਨੇ ਤਿਚਰੁ ਰਖਨਿ ਗੰਢੁ॥
ਜਿਤੁ ਦਿਨਿ ਕਿਛੁ ਨਾ ਹੋਵਈ ਤਿਤੁ ਦਿਨਿ ਬੋਲਨਿ ਗੰਧੁ॥
ਜੀਅ ਕੀ ਸਾਰ ਨ ਜਾਣਨੀ ਮਨਮੁਖ ਅਗਿਆਨੀ ਅੰਧੁ॥
ਕੂੜਾ ਗੰਢੁ ਨ ਚਲਈ ਚਿਕੜਿ ਪਥਰ ਬੰਧੁ॥
ਅੰਧੇ ਆਪੁ ਨ ਜਾਣਨੀ ਫਕੜੁ ਪਿਟਨਿ ਧੰਧੁ॥
ਝੂਠੈ ਮੋਹਿ ਲਪਟਾਇਆ ਹਉ ਹਉ ਕਰਤ ਬਿਹੰਧੁ॥
ਕ੍ਰਿਪਾ ਕਰੇ ਜਿਸੁ ਆਪਣੀ ਧੁਰਿ ਪੂਰਾ ਕਰਮੁ ਕਰੇਇ॥
ਜਨ ਨਾਨਕ ਸੇ ਜਨ ਉਬਰੇ ਜੋ ਸਤਿਗੁਰ ਸਰਣਿ ਪਰੇ॥ *(ਰਾਮਕਲੀ ਕੀ ਵਾਰ—੯੫੯)*

ਮੂਲ — ਹਰਿ ਜਨ ਕੀ ਸੇਵਾ ਜੋ ਕਰੇ ਇਤੁ ਊਤਹਿ ਛੂਟੈ॥

ਅਰਥ— ਹਰੀ ਪਰਮੇਸ਼ਰ ਦੇ ਪਿਆਰਿਆਂ ਦੀ ਸੇਵਾ ਕਰਨ ਵਾਲਾ ਪੁਰਸ਼, ਇਸ ਲੋਕ ਵਿੱਚ ਮਾਇਆ ਮੋਹ ਦੀਆਂ ਚੋਟਾਂ ਅਤੇ ਪਰਲੋਕ ਵਿੱਚ ਜਮ੍ਹਾਂ ਆਦਿ ਦੇ ਡੰਡ ਤੋਂ ਛੁੱਟ ਜਾਂਦਾ ਹੈ। ਜਿਵੇਂ ਗੁਰੂ ਵਾਕ—

ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥
ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥ *(ਮਾਰੂ ਵਾਰ, ਪੰਨਾ—੧੧੦੨)*

ਗੁਰੂ ਬਾਬਾ ਜੀ ਹੁਕਮ ਕਰਦੇ ਹਨ, ਐ ਜੀਵ! ਮਨਮੁਖਾਂ ਦੀ ਦੋਸਤੀ ਤਿਆਗ ਕੇ ਤਤ ਬੇਤੇ ਮਹਾਂਪੁਰਖ ਦੀ ਢੂੰਢ ਕਰ। ਮਾਇਆ ਪ੍ਰੇਮੀ ਇਸ ਸੰਸਾਰ ਵਿੱਚ ਹੀ ਛੱਡ ਕੇ ਚੱਲੇ ਜਾਂਦੇ ਹਨ, ਲੇਕਿਨ ਹਰੀ ਦੇ ਪਿਆਰੇ ਮਹਾਂਪੁਰਖ, ਜਿਨ੍ਹਾਂ ਨੂੰ ਅਭੇਦ ਅਵੱਸਥਾ ਪ੍ਰਾਪਤ ਹੋ ਚੁੱਕੀ ਹੈ ਧੁਰ ਦਰਗਾਹ ਤੱਕ ਸਹਾਇਤਾ ਕਰਦੇ ਹਨ।

ਮੂਲ — **ਸਭ ਕਿਛੁ ਤਮੁ ਹੀ ਤੇ ਹੋਆ ਆਪਿ ਬਣਤ ਬਣਾਈ॥**
**ਦਰਸਨੁ ਭੇਟਤ ਸਾਧ ਕਾ ਨਾਨਕ ਗੁਣ ਗਾਈ॥**

ਅਰਥ — ਹੇ ਪਰਮੇਸ਼ਰ! ਸਭ ਕੁਝ ਆਪ ਦਾ ਹੀ ਪੈਦਾ ਕੀਤਾ ਹੋਇਆ ਹੈ ਅਤੇ ਸਾਰੀ ਸ੍ਰਿਸ਼ਟੀ ਦੀ ਰਚਨਾ ਤੈਂ ਆਪ ਹੀ ਕੀਤੀ ਹੈ। ਗੁਰੂ ਸਾਹਿਬ ਫੁਰਮਾਨ ਕਰਦੇ ਹਨ—ਇਹ ਜੀਵ ਨੂੰ ਚਾਹੀਦਾ ਹੈ, ਕਿ ਮਨੁੱਖ ਤਕ ਧਾਰਕੇ, ਸੰਤਾਂ ਦਾ ਸਤਸੰਗ, ਦਰਸ਼ਨ ਕਰੇ ਅਤੇ ਹਰੀ ਦੇ ਗੁਣ ਗਾਵੇ ਕਿਉਂਕਿ ਮਾਨਸ ਦੇਹੀ ਮਿਲੀ ਹੀ ਇਸ ਲਈ ਹੈ। ਜਿਵੇਂ ਗੁਰੂ ਵਾਕ—

**ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥**
**ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥**

*(ਆਸਾ ਮ: ੫, ਪੰਨਾ—੧੨)*

ਜੋ ਜੀਵ ਗੁਰੂ ਸਾਹਿਬ ਦੇ ਹੁਕਮ ਮੁਤਾਬਿਕ, ਐਸੇ ਜੀਵਨ ਬਸਰ ਕਰੇਗਾ, ਉਹ ਸੰਸਾਰ ਸਮੁੰਦਰ ਤੋਂ ਛੁਟਕਾਰਾ ਹਾਸਲ ਕਰਕੇ, ਜਨਮ-ਮਰਨ ਆਦਿ ਤਮਾਮ ਦੁੱਖਾਂ ਤੋਂ ਮੁਕਤ ਹੋ ਜਾਵੇਗਾ। ਮਹਾਂਪੁਰਸ਼ਾਂ ਦੇ ਅੰਮ੍ਰਿਤ-ਮਈ ਬਚਨਾਂ ਦਾ ਉਸ ਇਲਾਕੇ ਦੀ ਸੰਗਤ ਤੇ ਬਹੁਤ ਅਸਰ ਹੋਇਆ। ਉਥੋਂ ਦੇ ਜਿਤਨੇ ਹਿੰਦੂ ਸਨ ਉਪਦੇਸ਼ ਗ੍ਰਹਿਣ ਕਰਕੇ ਨਾਮ ਬਾਣੀ ਦੇ ਨਿੱਤ ਨੇਮੀ, ਅਤੇ ਸੰਤ ਸੇਵੀ ਹੋ ਗਏ। ਲੇਕਿਨ ਜੋ ਮੁਸਲਮਾਨ ਲੋਕ ਸਨ ਉਨ੍ਹਾਂ ਨੇ ਆਪਣੀ ਕਰੂਰਤਾ ਨਾ ਛੱਡੀ, ਕਿਉਂਕਿ ਉਹ ਹਿੰਦੂ ਫਕੀਰ ਸਮਝਕੇ ਸਤਸੰਗ ਵਿੱਚ ਨਹੀਂ ਆਉਂਦੇ ਸਨ, ਪ੍ਰੰਤੂ ਧੋਬੀ ਨੇ ਕੋਲ ਆਏ ਕਪੜੇ ਦੀ ਮੈਲ ਹਰ ਹਾਲਤ ਵਿੱਚ ਉਤਾਰਨੀ ਹੁੰਦੀ ਹੈ। ਧੋਬੀ ਵੀ ਹੋਵੇ ਅਤੇ ਕਪੜਾ ਜ਼ਿਆਦਾ ਮੈਲਾ ਜਾਣਕੇ, ਬਗ਼ੈਰ ਧੋਤੇ ਵਾਪਸ ਕਰ ਦੇਵੇ, ਇਹ ਤਾਂ ਗੱਲ ਹੀ ਅਨਹੋਣੀ ਹੈ, ਨਾਮੁਮਕਿਨ ਹੈ। ਪਹਿਲਾਂ ਸਧਾਰਨ ਤਰੀਕੇ ਯਾਨੀ ਪਾਣੀ, ਸਾਬਣ ਦੀ ਸਹਾਇਤਾ ਨਾਲ ਮੈਲ ਉਤਾਰਨ ਦੀ ਕੋਸ਼ਿਸ਼ ਕਰਦਾ ਹੈ। ਅਗਰ ਕੱਪੜਾ ਜ਼ਿਆਦਾ ਮੈਲਾ ਹੋਵੇ ਤਾਂ ਗਰਮ ਪਾਣੀ ਵਿੱਚ ਡੁੱਬੋ ਕੇ ਦਾਗ ਉਤਾਰਨ ਦੀ ਕੋਸ਼ਿਸ਼ ਕਰਦਾ ਹੈ, ਜੇ ਫਿਰ ਵੀ ਦਾਗ ਨਾ ਉਤਰਨ ਤਾਂ ਫਿਰ ਆਖਰੀ ਤਰੀਕਾ ਮੋਗਰੀ ਯਾਨੀ *ਥਾਪੀ* ਨਾਲ ਪਾਸੇ ਭੰਨ ਕੇ ਸਫਾਈ ਕਰਦਾ ਹੈ। ਅਜਿਹਾ ਹੀ ਇਕ ਤਰੀਕਾ ਮਹਾਂਪੁਰਸ਼ਾਂ ਨੂੰ ਇਸ ਪਿੰਡ ਵਿੱਚ ਅਪਨਾਉਣਾ ਪਿਆ।

## ਇੱਕ ਮੁਸਲਮਾਨ ਲੜਕੇ ਦਾ ਦਰਦ ਬੰਦ ਹੋਣਾ

ਉਸ ਇਲਾਕੇ ਦੇ ਮੁਸਲਮਾਨ ਬਹੁਤ ਕਠੋਰ ਚਿੱਤ ਸਨ। ਦਇਆ ਤੋਂ ਹੀਣ ਹੋਣ ਕਰਕੇ, ਹਿੰਦੂਆਂ ਨੂੰ ਬਿਨਾਂ ਵਜਾ ਤੰਗ ਕਰਕੇ ਖੁਸ਼ ਹੁੰਦੇ ਸਨ। ਜਿਸ ਗੁਫਾ ਵਿੱਚ ਬਾਬਾ ਜੀ ਰਹਿੰਦੇ ਸਨ ਉਸ ਤੋਂ ਥੋੜੀ ਦੂਰ ਜੰਗਲ ਵਿੱਚ ਇਕ ਹਿੰਦੂ ਸਾਧੂ ਘਾਸ-ਫੂਸ ਦੀ ਛੋਟੀ ਕੁੱਲੀ ਬਣਾ ਕੇ, ਤਪ-ਸਾਧਨਾਂ ਕਰਦਾ ਸੀ। ਇੱਕ ਦਫਾ ਮਧੂਕੜੀ ਕਰਕੇ ਪੇਟ ਭਰ ਲੈਣਾਂ, ਫਿਰ ਅੱਠੇ ਪਹਿਰ ਸਾਧਨਾਂ ਵਿੱਚ ਜੁਟੇ ਰਹਿਣਾ। ਇੱਕ ਦਿਨ ਕੁਝ ਮੁਸਲਮਾਨ ਲੜਕਿਆਂ ਨੇ ਉਸ ਨੂੰ ਹਿੰਦੂ ਫਕੀਰ ਜਾਣ ਕੇ ਬਿਨਾਂ ਵਜ੍ਹਾ ਕੁੱਟਿਆ, ਮਾਰਿਆ ਅਤੇ ਬੇਇੱਜ਼ਤ ਕੀਤਾ। ਬਾਬਾ ਜੀ ਨੂੰ ਜਦ ਇਸ ਗੱਲ ਦਾ ਪਤਾ ਲੱਗਿਆ ਤਾਂ ਮਨ ਵਿੱਚ ਬਹੁਤ ਦੁੱਖ ਮਹਿਸੂਸ ਹੋਇਆ। ਅਚਾਨਕ ਪਰਮੇਸ਼ਰ ਦਾ ਇੱਕ ਐਸਾ ਖੇਡ ਵਰਤਿਆ, ਕਿ ਉਹ ਜ਼ਿਮੀਂਦਾਰ ਮੁਸਲਮਾਨ ਜਿਸ ਨੇ ਉਸ ਫਕੀਰ ਨੂੰ ਕੁੱਟਿਆ ਸੀ, ਉਸਦੇ ਲੜਕੇ ਨੂੰ ਖੇਤ ਵਿੱਚ ਕੰਮ ਕਰਦਿਆਂ ਹੀ ਪੇਟ ਦਰਦ ਸ਼ੁਰੂ ਹੋ ਗਿਆ। ਦਰਦ ਵੀ ਇਤਨਾ ਜ਼ੋਰਦਾਰ ਉਠਿਆ, ਕਿ ਪੈਰਾਂ ਨਾਲ ਧਰਤੀ ਪੁਟਣ ਲੱਗਿਆ। ਚੁੱਕ ਕੇ ਘਰ ਲਿਆਂਦਾ, ਵੈਦ, ਹਕੀਮ ਬੁਲਾਏ, ਮਗਰ ਕੋਈ ਫਰਕ ਨਾ ਪਿਆ।

ਲੜਕੇ ਦੀ ਹੋਰ ਵਿਗੜਦੀ ਹੋਈ ਹਾਲਤ ਵੇਖਕੇ, ਘਰ ਵਾਲੇ ਘਬਰਾ ਗਏ। ਵਕਤ ਸ਼ਾਮ ਦਾ ਹੋਣ ਕਰਕੇ ਮਹਾਰਾਜ ਵੀ ਰੋਜ਼ ਦੀ ਤਰ੍ਹਾਂ ਕਥਾ ਕਰਨ ਲਈ, ਗੁਰਦੁਆਰਾ ਸਾਹਿਬ ਪਹੁੰਚੇ। ਉਧਰ ਲੜਕੇ ਦੇ ਘਰ ਵਾਲਿਆਂ ਨੂੰ ਕਿਸੇ ਨੇ ਕਿਹਾ, ਕਿ ਕਾਫੀ ਦਿਨਾਂ ਤੋਂ ਇੱਕ ਫਕੀਰ ਗੁਫਾ ਵਿੱਚ ਠਹਰਿਆ ਹੋਇਆ ਹੈ, ਉਸ ਦੇ ਚਿਹਰੇ ਤੇ ਖੁਦਾ ਦਾ ਨੂਰ ਦਮਕਾਂ ਮਾਰ ਰਿਹਾ ਹੈ, ਅਗਰ ਉਹ ਫਜ਼ਲ ਕਰ ਦੇਵੇ, ਤਾਂ ਲੜਕਾ ਠੀਕ ਹੋ ਸਕਦਾ ਹੈ। ਆਖਰ ਹੋਰ ਕੋਈ ਚਾਰਾ ਨਾ ਚੱਲਦਾ ਦੇਖਕੇ ਕਾਫੀ ਮੁਸਲਮਾਨ ਲੋਕ ਇਕੱਠੇ ਹੋ ਕੇ ਬਾਬਾ ਜੀ ਕੋਲ ਆਏ, ਚਰਨਾਂ ਉਪਰ ਡਿੱਗ ਕੇ ਬੇਨਤੀ ਕੀਤੀ, ਹੇ ਅੱਲ੍ਹਾ ਦੇ ਪਿਆਰੇ! ਸਾਡੇ ਤੋਂ ਭੁੱਲ ਹੋ ਗਈ ਮੇਹਰ ਕਰੋ, ਰਹਿਮਤ ਕਰੋ, ਬੱਚਾ ਬਹੁਤ ਲਾਚਾਰ ਹੈ। ਬਾਬਾ ਜੀ ਬੋਲੇ! ਭਾਈ ਅਸੀਂ ਤਾਂ ਕੁਝ ਨਹੀਂ ਕੀਤਾ, ਖੁਦਾ-ਦੀ-ਖੁਦਾ ਹੀ ਜਾਣੇ, ਦੁੱਖ-ਸੁੱਖ ਕਰਮਾਂ ਅਨੁਸਾਰ ਆਉਂਦੇ ਹਨ, ਅੱਲਾ ਜਿੱਥੇ ਰਹਿਮਤਾਂ

ਦਾ ਦਾਤਾ ਹੈ, ਉਥੇ ਨਿਆਂਏਕਾਰੀ ਵੀ ਹੈ। ਕੀਤੇ ਕਰਮਾਂ ਅਨੁਸਾਰ ਜੀਵ ਨੂੰ ਫਲ ਦੇਣਾ, ਉਸਦਾ ਇਲਾਹੀ ਕਾਨੂੰਨ ਹੈ। ਸਾਰਾ ਸੰਸਾਰ ਅੱਲ੍ਹਾ ਦਾ ਹੀ ਨੂਰ ਹੈ, ਉਸ ਤੋਂ ਬਗੈਰ ਕੋਈ ਜਗ੍ਹਾ ਨਹੀਂ। ਉਸ ਨੂੰ ਭੁੱਲਕੇ, ਮਜ਼੍ਹਬੀ ਤਸਬ ਵਿੱਚ ਆ ਕੇ ਕਿਸੇ ਨੂੰ ਮਾਰਣਾ ਕੁੱਟਣਾ, ਬੇਇੱਜ਼ਤ ਕਰਨਾ, ਦੁੱਖ ਦੇਣਾ, ਮਾਨੋ ਖੁਦਾ ਨੂੰ ਹੀ ਦੁੱਖ ਦੇਣਾ ਹੈ। ਦੇਖੋ ਭਾਈ ਨੰਦਲਾਲ ਜੀ ਫੁਰਮਾਣ ਕਰਦੇ ਹਨ—

ਖਲਕ ਖੁਦਾ ਦੀ ਜਾਣ ਕੇ ਖਲਕ ਦੁਖਾਇ ਨਾਹਿ॥
ਖਲਕ ਦੁਖੇ ਨੰਦਲਾਲ ਜੀ ਖਾਲਕ ਕੋਪੇ ਤਾਹਿ॥

ਖੁਦਾ ਦੀ ਖਲਕਤ ਨੂੰ ਜਦ ਦੁੱਖ ਪਹੁੰਚਦਾ ਹੈ, ਖੁਦਾ ਸਹਿਣ ਨਹੀਂ ਕਰਦਾ। ਤੁਸੀਂ ਬਿਨਾਂ ਸੋਚੇ ਸਮਝੇ ਉਸ ਬੇ-ਗੁਨਾਹ ਫਕੀਰ ਨੂੰ ਤੰਗ ਕੀਤਾ, ਦੱਸੋ ਉਸਦਾ ਕੀ ਕਸੂਰ ਸੀ? ਆਪਣੇ ਪਿਆਰਿਆਂ ਦਾ ਦੁੱਖ ਤਾਂ ਖੁਦਾ ਹਰਗਿਜ਼ ਸਹਿਣ ਨਹੀਂ ਕਰਦਾ, ਦੇਖੋ ਗੁਰੂ ਗੋਬਿੰਦ ਸਿੰਘ ਮਹਾਰਾਜ ਫੁਰਮਾਣ ਕਰਦੇ ਹਨ—

ਸੰਤਨ ਦੁਖ ਪਾਏ ਤੇ ਦੁਖੀ॥
ਸੁਖ ਪਾਏ ਸਾਧਨ ਕੇ ਸੁਖੀ॥

ਮੁਸਲਮਾਨ ਲੋਕ ਬਾਰ-ਬਾਰ ਬੇਨਤੀਆਂ ਕਰੀ ਜਾ ਰਹੇ ਹਨ, ਆਪ ਸ਼ਾਖਸਾਤ ਖੁਦਾ ਦਾ ਨੂਰ ਹੋ ਸਾਡੀ ਭੁੱਲ ਮੁਆਫ ਕਰੋ, ਰਹਿਮਤ ਕਰੋ, ਫਜ਼ਲ ਕਰੋ, ਬੱਚਾ ਵੱਲ ਹੋ ਜਾਵੇ। ਮੁਸਲਮਾਨ ਲੋਕਾਂ ਨੇ ਨਿਰਹੰਕਾਰ ਹੋ ਕੇ ਸੱਚੇ ਦਿਲੋਂ ਗਲਤੀ ਦਾ ਅਹਿਸਾਸ ਕੀਤਾ ਅਤੇ ਫਜ਼ਲ ਦੀ ਯਾਚਨਾ ਕੀਤੀ ਤਾਂ ਲੋਹਾ ਪੂਰਾ ਗਰਮ ਹੋਇਆ ਜਾਣਕੇ ਕਰੁਣਾਂ ਦੇ ਸਮੁੰਦਰ, ਰਹਿਮਤਾਂ ਦੇ ਦਾਤੇ, ਰੱਬੀ ਨੂਰ, ਬਾਬਾ ਜੀ ਦੇ ਕਮਲਾਂ ਵਰਗੇ ਨੇਤਰ ਬੰਦ ਹੋ ਗਏ, ਦੋਨੋ ਹੱਥ ਜੁੜ ਗਏ, ਪਵਿੱਤਰ ਮੁੱਖ ਤੋਂ ਇਲਾਹੀ ਨਾਦ ਦੀ ਚੋਟ ਵੱਜੀ—

ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ॥
ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ॥

*(ਟੋਡੀ ਮ: ੫, ਪੰਨਾ-੭੧੩)*

ਬਸ ਫਿਰ ਕੀ ਸੀ, ਪਲਾਂ ਸਕਿੰਟਾਂ ਵਿੱਚ ਲੜਕੇ ਦਾ ਦਰਦ ਬੰਦ ਹੋ ਗਿਆ।

ਦੂਸਰੇ ਦਿਨ ਸਭ ਮੁਸਲਮਾਨ ਇਕੱਠੇ ਹੋ ਕੇ ਬਾਬਾ ਜੀ ਦੇ ਚਰਨਾਂ ਵਿੱਚ ਪਹੁੰਚੇ, ਕੀਤੀ ਗ਼ਲਤੀ ਦੀ ਮੁਆਫੀ ਮੰਗੀ, ਪਾਪ ਦਾ ਪਛਤਾਵਾ ਕੀਤਾ, ਲੜਕੇ ਦੇ ਰਾਜ਼ੀ ਹੋਣ ਤੇ ਬਾਬਾ ਜੀ ਦਾ ਸ਼ੁਕਰਾਨਾ ਕੀਤਾ। ਮਹਾਂਪੁਰਖਾਂ ਨੇ ਮੇਹਰ ਦੀ ਨਦਰ ਪਾਈ, ਕਰੂਰ ਸੁਭਾ ਵਾਲੇ ਕਠੋਰ ਮਨਾਂ ਵਿੱਚ ਕੋਮਲਤਾ ਆ ਗਈ, ਜਿਸ ਸਾਧੂ ਦਾ ਨਿਰਾਦਰ ਕੀਤਾ ਸੀ, ਉਸ ਤੋਂ ਵੀ ਮੁਆਫੀ ਮੰਗੀ। ਸਭ ਮੁਸਲਮਾਨਾਂ ਨੇ ਇਕੱਠੇ ਹੋ ਕੇ ਉਸ ਜੰਗਲ ਵਿੱਚ ਇੱਕ ਕੁਟੀਆ ਬਣਾਈ ਤਾਂ ਕਿ ਸੰਤ-ਮਹਾਤਮਾ ਜਾਂ ਹੋਰ ਅਤਿੱਥੀ ਅਭਿਆਗਤ ਆ ਕੇ ਵਿਸ਼ਰਾਮ ਕਰ ਸਕਣ। ਕੁਟੀਆ ਵਿੱਚ ਜੋ ਵੀ ਆ ਕੇ ਠਹਿਰਦਾ, ਉਸ ਦੀ ਪ੍ਰੇਮ ਨਾਲ, ਲੰਗਰ ਆਦਿ ਦੀ ਸੇਵਾ ਕਰਦੇ, ਅਤੇ ਹਰ ਰੋਜ਼ ਧਰਮਸ਼ਾਲਾ ਪਹੁੰਚ ਕੇ, ਅੰਮ੍ਰਿਤਮਈ ਕਥਾ ਸੁਣਦੇ। ਇਸ ਪ੍ਰਕਾਰ ਬਾਬਾ ਜੀ ਨੇ ਉਸ ਨਗਰ *ਕਪੂਰਾ ਕੀ ਗੜ੍ਹੀ* ਵਿੱਚ ਆਪਣੇ ਇਲਾਹੀ ਵਚਨਾਂ ਦੁਆਰਾ, ਇੱਕ ਮਹੀਨਾ ਅੰਮ੍ਰਿਤਮਈ ਉਪਦੇਸ਼ ਕਰਕੇ, ਰਾਗ ਦਵੈਸ਼ ਦੀ ਅੱਗ ਵਿੱਚ ਮੁੜ ਰਹੇ ਜੀਵਾਂ ਦੇ ਮਨਾਂ ਨੂੰ ਸ਼ਾਂਤ ਕੀਤਾ। ਹਿੰਦੂ, ਮੁਸਲਮਾਨ, ਸਿੱਖ ਯਾਨੀ ਸਭ ਫਿਰਕਿਆਂ ਦੇ ਲੋਕਾਂ ਨੂੰ ਮਨੁੱਖ ਸਰੀਰ ਦੀ ਅਹਮੀਅਤ ਦਾ ਅਹਿਸਾਸ ਕਰਾਇਆ।*

## ਦੁਬਾਰਾ ਹੋਤੀ ਮਰਦਾਨ ਜਾਣਾ

ਬਾਬਾ ਕਰਮ ਸਿੰਘ ਜੀ ਮਹਾਰਾਜ, ਆਪਣੇ ਅਸਥਾਨ ਤੇ ਸਾਲ ਵਿੱਚ ਇੱਕ ਵੱਡਾ ਭਾਰੀ ਜੋੜਮੇਲਾ ਮਨਾਉਂਦੇ ਹੁੰਦੇ ਸਨ। ਜੋੜਮੇਲੇ ਦਾ ਸਮਾਂ ਨਜ਼ਦੀਕ ਆਇਆ ਜਾਣਕੇ ਸੰਤ ਬਾਬਾ ਕਰਮ ਸਿੰਘ ਜੀ ਨੇ, ਸੰਤ ਬਾਬਾ ਬੁੱਢਾ ਸਿੰਘ ਜੀ ਦੇ ਕੋਲ ਕਪੂਰਾ ਕੀ ਗੜ੍ਹੀ ਪਿੰਡ ਕੁਝ ਬੰਦੇ ਭੇਜਕੇ ਬਚਨ ਕੀਤਾ ਕਿ ਮਹਾਂਪੁਰਸ਼ਾਂ ਨੂੰ ਜੋੜਮੇਲੇ ਵਿੱਚ ਸ਼ਾਮਲ ਹੋਣ ਲਈ

* *ਐਸਾ ਸੁਣਨ ਵਿੱਚ ਆਇਆ ਹੈ, ਕਿ ਪਾਕਿਸਤਾਨ ਬਣਨ ਤੱਕ ਉਹ ਕੁਟੀਆ ਸਹੀ ਸਲਾਮਤ ਸੀ, ਉਥੇ ਆਏ ਸਾਧੂ ਮਹਾਤਮਾ ਉਸ ਕੁਟੀਆ ਵਿੱਚ ਠਹਿਰਦੇ ਸਨ ਅਤੇ ਦੋਨੋ ਫਿਰਕਿਆਂ ਦੇ ਲੋਕ, ਬਹੁਤ ਪ੍ਰੇਮ ਨਾਲ ਸੇਵਾ ਕਰਦੇ ਸਨ।*

ਸਾਡੇ ਵੱਲੋਂ ਬੇਨਤੀ ਕਰੋ। ਸੰਦੇਸ਼ਾ ਸੁਣਕੇ ਮਹਾਂਪੁਰਸ਼ਾਂ ਦੇ ਪ੍ਰੇਮ ਵੱਸ ਆਪ ਹੋਤੀ ਮਰਦਾਨ ਪਹੁੰਚ ਗਏ। ਇਸ ਜੋੜਮੇਲੇ ਤੇ ਹੁਜ਼ਰੋ, ਪਿਸ਼ਾਵਰ ਆਦਿ ਦੂਰ-ਦੂਰ ਤੋਂ ਸੰਗਤਾਂ ਆਈਆਂ ਹੋਈਆਂ ਸਨ। ਮਹਾਰਾਜ ਬੁੱਢਾ ਸਿੰਘ ਜੀ, ਮੇਲੇ ਦੌਰਾਨ ਜੋ ਇਲਾਹੀ ਹੁਕਮਨਾਮਾ ਆਉਂਦਾ, ਉਸ ਦੀ ਰੋਜ਼ ਵਿਆਖਿਆ ਸਹਿਤ ਕਥਾ ਕਰਦੇ। ਆਪ ਦੇ ਅੰਮ੍ਰਿਤਮਈ ਬਚਨਾਂ ਦਾ ਸੰਗਤ ਦੇ ਉਪਰ ਇਤਨਾ ਅਸਰ ਹੋਇਆ, ਕਿ ਸੰਗਤਾਂ ਆਪੋ-ਆਪਣੇ ਇਲਾਕਿਆਂ ਵਿੱਚ ਲੈ ਕੇ ਜਾਣ ਲਈ ਬੇਨਤੀਆਂ ਕਰਨ ਲੱਗੀਆਂ। ਮੇਲਾ ਸਮਾਪਤ ਹੋਣ ਤੇ, ਆਪ ਜੀ ਬਾਬਾ ਕਰਮ ਸਿੰਘ ਮਹਾਰਾਜ ਤੋਂ ਵਿਦਾਇਗੀ ਲੈ ਕੇ, ਸੰਗਤਾਂ ਦੇ ਪ੍ਰੇਮਵਸ ਹੁਜਰੋ ਪਹੁੰਚੇ। ਇਥੇ ਕੁਝ ਦਿਨ ਠਹਿਰਕੇ, ਇਲਾਹੀ ਬਾਣੀ ਦੁਆਰਾ ਸਤ ਉਪਦੇਸ਼ ਕਰਦੇ ਰਹੇ। ਹੁਣ ਪਿਸ਼ਾਵਰ ਦੀ ਸੰਗਤ ਦੇ ਪ੍ਰੇਮਵਸ ਅਟਕ ਹੁੰਦੇ ਹੋਏ ਪਿਸ਼ਾਵਰ ਪਹੁੰਚੇ। ਉਥੋਂ ਦੀ ਸੰਗਤ ਨੇ ਬਹੁਤ ਪ੍ਰੇਮ ਕੀਤਾ। ਆਪ ਹਰ ਰੋਜ਼ ਗੁਰਦੁਆਰਾ ਸਾਹਿਬ ਜਾ ਕੇ ਕਥਾ ਕਰਦੇ। ਉਸ ਇਲਾਕੇ ਵਿਚ ਬਹੁਤ ਕਠੋਰ ਸੁਭਾ ਵਾਲੇ ਮੁਸਲਮਾਨ ਲੋਕ ਰਹਿੰਦੇ ਸਨ ਜੋ ਬਿਨਾ ਵਜ੍ਹਾ ਹਿੰਦੂਆਂ ਨੂੰ ਤੰਗ ਕਰਨਾ ਆਪਣਾ ਧਰਮ ਸਮਝਦੇ ਸਨ। ਇਸ ਇਲਾਕੇ ਵਿੱਚ ਆਪ ਨੇ ਕਾਫੀ ਦਿਨ ਰਹਿ ਕੇ, ਕਈ ਗੈਵੀ ਕੌਤਕਾ ਦੁਆਰਾ ਇਨ੍ਹਾਂ ਦਾ ਹੰਕਾਰ ਦੂਰ ਕੀਤਾ। ਆਖਰ ਮੁਸਲਮਾਨ, ਹਿੰਦੂ, ਸਿੱਖ ਆਦਿ ਸਭ ਫਿਰਕਿਆਂ ਦੇ ਲੋਕਾਂ ਨੂੰ ਇਸ ਪਵਿੱਤਰ ਗੁਰਬਾਣੀ ਦੁਆਰਾ ਸਾਂਝਾ ਉਪਦੇਸ਼ ਕੀਤਾ—

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥
ਲੋਗਾ ਭਰਮਿ ਨ ਭੂਲਹੁ ਭਾਈ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥ ਰਹਾਉ॥
ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ॥
ਨ ਕਛੁ ਪੋਚ ਮਾਟੀ ਕੇ ਭਾਂਡੇ ਨ ਕਛੁ ਪੋਚ ਕੁੰਭਾਰੈ॥
ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥
ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ॥
ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ॥

*(ਪ੍ਰਭਾਤੀ ਕਬੀਰ ਜੀ, ਪੰਨਾ—੧੩੪੯)*

ਇਸ ਪੂਰੇ ਸ਼ਬਦ ਦੀ ਦ੍ਰਿਸ਼ਟਾਂਤਾਂ ਸਹਿਤ ਵਿਆਖਿਆ ਕੀਤੀ। ਆਪ ਜੀਆਂ ਦੇ ਪਵਿੱਤਰ ਮੁੱਖ ਤੋਂ ਐਸਾ ਅੰਮ੍ਰਿਤਮਈ ਉਪਦੇਸ਼ ਸ੍ਰਵਣ ਕਰਕੇ, ਫਿਰਕਿਆਂ, ਮਜ਼ਹਬਾਂ ਦੀ ਖਤਰਨਾਕ ਜ਼ਹਿਰ ਤੋਂ ਉਪਰ ਉੱਠ ਕੇ ਸਭ ਫਿਰਕਿਆਂ ਦੇ ਲੋਕ ਭਰਾਤਰੀ ਭਾਵ ਨਾਲ ਰਹਿਣ ਲੱਗੇ। ਇਸ ਪ੍ਰਕਾਰ ਕੁਝ ਦਿਨਾਂ ਬਾਅਦ ਪਿਸ਼ਾਵਰ ਦੀਆਂ ਸੰਗਤਾਂ ਤੋਂ ਵਿਦਾਇਗੀ ਲੈ ਕੇ ਰਾਵਲਪਿੰਡੀ, ਗੁਰਜਖਾਨ ਅਤੇ ਸੱਚਾ ਸੌਦਾ ਹੁੰਦੇ ਸ੍ਰੀ ਨਨਕਾਣਾ ਸਾਹਿਬ ਜਾ ਪਹੁੰਚੇ। ਨਨਕਾਣਾ ਸਾਹਿਬ ਦੀ ਪਵਿੱਤਰ ਭੂਮੀ ਤੇ ਕੁਛ ਦਿਨ ਨਿਵਾਸ ਰੱਖਕੇ, ਸੰਤ ਮੰਡਲੀ ਸਹਿਤ ਕਸ਼ਮੀਰ ਵੱਲ ਚਾਲੇ ਪਾਏ।

## ਅਮਰਨਾਥ ਦੀ ਯਾਤਰਾ

ਸ੍ਰੀ ਨਨਕਾਣਾ ਸਾਹਿਬ ਦੀ ਪਾਵਨ ਧਰਤੀ ਤੋਂ ਚੱਲਕੇ, ਗੁਜਰਾਂਵਾਲਾ 'ਗੁਜਰਾਤ ਅਤੇ ਵਜ਼ੀਰਾਵਾਦ ਹੁੰਦੇ ਹੋਏ ਜੰਮੂ ਸ਼ਹਿਰ ਪਹੁੰਚੇ। ਦੂਸਰੇ ਦਿਨ ਜੰਮੂ ਰਿਆਸਤ ਦੇ ਰਾਜਾ ਪ੍ਰਤਾਪ ਸਿੰਘ ਨੇ ਗੱਦੀ ਨਸ਼ੀਨ ਹੋਣਾ ਸੀ। ਰਾਜ ਦਰਬਾਰ ਵੱਲੋਂ ਆਪ ਜੀ ਨੂੰ ਵਿਸ਼ੇਸ਼ ਤੌਰ ਤੇ ਬੇਨਤੀ ਕੀਤੀ ਗਈ ਕਿ ਰਾਜ ਤਿਲਕ ਦੇ ਸਮੇਂ ਆਪ ਜੀ ਰਾਜ ਸਭਾ ਵਿੱਚ ਜ਼ਰੂਰ ਸੁਸ਼ੋਭਿਤ ਹੋਵੋ। ਸ਼ਾਹੀ ਪਰਿਵਾਰ ਦੇ ਪ੍ਰੇਮਵਸ ਆਪ ਜੀ ਬੇਨਤੀ ਪ੍ਰਵਾਨ ਕਰਕੇ ਨੀਯਤ ਸਮੇਂ ਤੇ ਰਾਜ ਦਰਬਾਰ ਪਹੁੰਚੇ। ਰਾਜ ਤਿਲਕ ਦਾ ਸ਼ਾਹੀ ਵਿਵਹਾਰ ਸਾਰਾ ਆਪ ਜੀਆਂ ਦੀ ਹਾਜ਼ਰੀ ਵਿੱਚ ਹੋਇਆ। ਇਸ ਪ੍ਰਕਾਰ ਮਹਾਰਾਜਾ ਪ੍ਰਤਾਪ ਸਿੰਘ ਦੇ ਪ੍ਰੇਮਵਸ ਆਪ ਕਈ ਦਿਨ ਜੰਮੂ ਠਹਿਰਕੇ, ਸਤਸੰਗ ਉਪਦੇਸ਼ ਕਰਦੇ ਰਹੇ। ਹੁਣ ਕੁਝ ਦਿਨਾਂ ਬਾਅਦ ਸੰਤ ਮੰਡਲੀ ਸਹਿਤ, ਜੰਮੂ ਤੋਂ ਚਾਲੇ ਪਾ ਕੇ ਵੈਸ਼ਨੂੰ ਦੇਵੀ ਹੁੰਦੇ ਹੋਏ, ਪੰਚਾਲ ਪਰਬਤ ਅਤੇ ਹੋਰ ਪਰਬਤਾਂ ਨੂੰ ਭਾਗ ਲਾਉਂਦੇ ਮਟਨ ਤੀਰਥ ਦੀ ਯਾਤਰਾ ਕਰਕੇ, ਕਸ਼ਮੀਰ ਦੇ ਹੋਰ ਅਸਥਾਨਾਂ ਤੋਂ ਹੁੰਦੇ ਹੋਏ ਅਮਰਨਾਥ ਜਾ ਪਹੁੰਚੇ। ਇਸ ਪਵਿੱਤਰ ਅਸਥਾਨ

ਅਮਰਨਾਥ ਦੀ ਯਾਤਰਾ ਤੋਂ ਬਾਅਦ, ਵਾਪਸ ਪੜਾਅ ਵਾਰ ਚੱਲਦੇ ਮਜ਼ੁੱਫਰਾਬਾਦ ਸ਼ਹਿਰ ਪਹੁੰਚੇ। ਇੱਥੋਂ ਦੇ ਸਿੱਧ-ਪੁਰਸ਼ ਬਾਬਾ ਜੋਗਾ ਸਿੰਘ ਦੇ ਅਸਥਾਨ ਉੱਪਰ ਉਸ ਸਮੇਂ ਦੇ ਮਹੰਤ ਦਿਆਲ ਸਿੰਘ ਜੀ ਨੂੰ ਆਪ ਜੀ ਦੇ ਆਉਣ ਦਾ ਪਤਾ ਲੱਗਿਆ, ਤਾਂ ਬੇਨਤੀ ਕਰਕੇ ਆਪ ਜੀ ਨੂੰ ਸਮੇਤ ਮੰਡਲੀ ਦੇ ਆਪਣੇ ਅਸਥਾਨ ਤੇ ਲੈ ਗਏ। ਇਲਾਕੇ ਦਾ ਪ੍ਰਸਿੱਧ ਅਸਥਾਨ ਹੋਣ ਕਰਕੇ, ਸੰਗਤ ਤਾਂ ਪਹਿਲਾਂ ਹੀ ਬਹੁਤ ਜੁੜੀ ਹੋਈ ਸੀ, ਲੇਕਿਨ ਆਪ ਜੀ ਦੇ ਸਤਸੰਗ, ਉਪਦੇਸ਼ ਤੋਂ ਪ੍ਰਭਾਵਤ ਹੋ ਕੇ, ਸੰਗਤਾਂ ਵਧੇਰੇ ਆਉਣੀਆਂ ਸ਼ੁਰੂ ਹੋ ਗਈਆਂ। ਦੋਨੋਂ ਵਕਤ ਕਥਾ ਸਤਸੰਗ ਦੇ ਸਮੇਂ, ਚੋਖੀ ਗਿਣਤੀ ਵਿੱਚ ਸੰਗਤਾਂ ਜੁੜਦੀਆਂ, ਇਉਂ ਕੁਝ ਦਿਨ ਕਥਾ ਵਿਖਿਆਨ ਦੁਆਰਾ ਗੁਰਬਾਣੀ ਦਾ ਖੁੱਲ੍ਹਾ ਪ੍ਰਵਾਹ ਚਲਦਾ ਰਿਹਾ। ਹੁਣ ਆਪ ਜੀ ਨੇ ਵਾਪਸੀ ਦੀ ਇੱਛਾ ਪ੍ਰਗਟ ਕੀਤੀ, ਲੇਕਿਨ ਮਹੰਤ ਦਿਆਲ ਸਿੰਘ ਜੀ ਨੇ ਬੇਨਤੀ ਕੀਤੀ, ਕਿ ਕੁਝ ਦਿਨ ਇਥੇ ਹੀ ਰਹਿਣ ਦੀ ਕ੍ਰਿਪਾ ਕਰੋ। ਮਹੰਤ ਦਿਆਲ ਸਿੰਘ ਜੀ ਦੇ ਪ੍ਰੇਮਵਸ ਆਪ ਠਹਿਰ ਗਏ। ਕਥਾ ਉਪਦੇਸ਼ ਤਾਂ ਹਰ ਰੋਜ਼ ਕਰਦੇ ਹੀ ਸਨ, ਮਗਰ ਕਿਸੇ ਨੂੰ ਪਰਮਾਰਥ ਮਾਰਗ ਤੇ ਚਲਦਿਆਂ ਸ਼ੰਕਾ ਰੁਕਾਵਟ ਹੁੰਦੀ ਤਾਂ ਸਿੱਧੇ ਸਰਲ ਉਪਦੇਸ਼ ਦੁਆਰਾ ਦੂਰ ਕਰ ਦਿੰਦੇ। ਇਕ ਦਿਨ ਕੁਝ ਪ੍ਰੇਮੀਆਂ ਨੇ ਬੇਨਤੀ ਕੀਤੀ ਮਹਾਰਾਜ! ਨਾਮ ਬਾਣੀ ਵਿਚ ਮਨ ਨਹੀਂ ਲੱਗਦਾ। ਆਪ ਕ੍ਰਿਪਾ ਕਰਕੇ ਕੋਈ ਯੁਕਤੀ ਦੱਸੋ ਜਿਸ ਨਾਲ ਮਨ ਟਿਕ ਜਾਵੇ। ਆਪ ਜੀ ਨੂੰ ਦੂਸਰੇ ਦਿਨ ਸਤਸੰਗ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਸ਼ਬਦ ਦੁਆਰਾ ਉਪਦੇਸ਼ ਕੀਤਾ।

ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ॥
ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀ ਰੇ॥੧॥
ਦਾਦਰ ਤੂ ਕਬਹਿ ਨ ਜਾਨਸਿ ਰੇ॥
ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ॥ ੧॥ ਰਹਾਉ॥
ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚਚਾ ਗੁਨ ਰੇ॥
ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ॥
ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂ ਬਨ ਚਾਤੁਰ ਰੇ॥
ਅਪਨਾ ਆਪੁ ਤੂ ਕਬਹੁ ਨਾ ਛੋਡਸਿ ਪਿਸਨ ਪ੍ਰੀਤਿ ਜਿਉ ਰੇ॥
ਪੰਡਿਤ ਸੰਗਿ ਵਸਹਿ ਜਨ ਮੂਰਖ ਆਗਮ ਸਾਸ ਸੁਨੇ॥
ਅਪਨਾ ਆਪੁ ਤੂ ਕਬਹੁ ਨ ਛੋਡਸਿ ਸੁਆਨ ਪੂਛਿ ਜਿਉ ਰੇ॥
ਇਕਿ ਪਾਖੰਡੀ ਨਾਮਿ ਨਾ ਰਾਚਹਿ ਇਕਿ ਹਰਿ ਹਰਿ ਚਰਣੀ ਰੇ॥
ਪੂਰਬਿ ਲਿਖਿਆ ਪਾਵਸਿ ਨਾਨਕ ਰਸਨਾ ਨਾਮੁ ਜਪਿ ਰੇ॥ ੫॥ ੪॥

*(ਮਾਰੂ ਮਹਲਾ ੧, ਪੰਨਾ-੯੯੦)*

ਪ੍ਰੇਮੀ ਜਨੋਂ! ਇਹ ਪਾਵਨ ਸ਼ਬਦ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਲਸ ਰਾਏ ਜੌਹਰੀ ਪ੍ਰਤੀ ਉਚਾਰਨ ਕੀਤਾ, ਜੋ ਕਿ ਹੀਰੇ ਜਵਾਹਰਾਤ ਆਦਿਕ ਕੀਮਤੀ ਵਸਤਾਂ ਦਾ ਵਾਪਾਰੀ ਤਾਂ ਸੀ, ਲੇਕਿਨ ਮਨੁੱਖ ਜਨਮ ਦੇ ਅਸਲੀ ਵਾਪਾਰ ਤੋਂ ਅਣਜਾਣ ਸੀ। ਇਕ ਦਿਨ ਦਾ ਜ਼ਿਕਰ ਗੁਰੂ ਬਾਬਾ ਜੀ ਜਗਤ ਜਲੰਦੇ ਦੀ ਸਾਰ ਕਰਦੇ, ਮਰਦਾਨੇ ਸਮੇਤ ਤੁਰੇ ਜਾ ਰਹੇ ਹਨ। ਸਵੇਰ ਦੇ ਭੁੱਖੇ ਭਾਣੇ, ਪੈਦਲ ਸਫਰ ਕਰਦਿਆਂ, ਕਾਫੀ ਦਿਨ ਚੜ੍ਹ ਗਿਆ। ਲੇਕਿਨ ਕੋਈ ਪਿੰਡ ਜਾਂ ਸ਼ਹਿਰ ਨਾ ਆਇਆ, ਜਿਥੋਂ ਕੋਈ ਖਾਣ ਵਾਲੀ ਵਸਤੂ ਲੈ ਕੇ ਪੇਟ ਦੀ ਭੁੱਖ ਦੂਰ ਕਰ ਲਈ ਜਾਂਦੀ। ਮਰਦਾਨੇ ਨੇ ਅਰਜ਼ ਕੀਤੀ ਗਰੀਬ ਨਿਵਾਜ਼! ਭੁੱਖ ਬਹੁਤ ਲੱਗੀ ਹੈ, ਮੇਰੇ ਲਈ ਹੁਣ ਹੋਰ ਤੁਰਨਾ ਮੁਸ਼ਕਿਲ ਹੈ। ਸੁਣਕੇ ਗੁਰੂ ਬਾਬਾ ਜੀ ਬੋਲੇ, ਮਰਦਾਨਿਆਂ! ਜ਼ਰਾ ਧਿਆਨ ਨਾਲ ਦੇਖ, ਔਹ ਇੱਕ ਸ਼ਹਿਰ ਨਜ਼ਰ ਆ ਰਿਹਾ ਹੈ, ਉਥੇ ਜਾ ਕੇ ਕੁਝ ਖਾ ਪੀ ਕੇ ਆਪਣੇ ਪੇਟ ਦੀ ਭੁੱਖ ਦੂਰ ਕਰ ਆ। ਮਰਦਾਨੇ ਨੇ ਅਰਜ਼ ਕੀਤੀ ਗਰੀਬ ਨਿਵਾਜ਼! ਮੇਰੇ ਕੋਲ ਕੋਈ ਪੈਸਾ ਨਹੀਂ, ਬਗੈਰ ਪੈਸੇ ਕੌਣ ਖਾਣ ਨੂੰ ਦੇਵੇਗਾ। ਗੁਰੂ ਬਾਬਾ ਜੀ ਜਿਸ ਜਗ੍ਹਾ ਖੜ੍ਹੇ ਸਨ, ਆਪਣੇ ਪਵਿੱਤਰ ਚਰ ਨਾਲ ਥੋੜੀ ਮਿੱਟੀ ਪਰੇ ਹਟਾਈ, ਨੀਚੇ ਇੱਕ ਲਾਲ ਪਿਆ ਸੀ। ਮਰਦਾਨੇ ਨੂੰ ਹੁਕਮ ਕੀਤਾ ਕਿ ਇਸ ਨੂੰ ਚੁੱਕ ਲੈ, ਸ਼ਹਿਰ ਵਿੱਚ ਇਸ ਨੂੰ

ਵੇਚ ਕੇ ਕੁਝ ਅੰਨ ਚਾਵਲ ਵਗੈਰਾ ਲੈ ਕੇ ਆਪਣੀ ਭੁੱਖ ਦੂਰ ਕਰ ਆ। ਹੁਕਮ ਮੰਨਕੇ ਮਰਦਾਨਾ, ਸ਼ਹਿਰ ਵੱਲ ਗਿਆ, ਪਰ ਗੁਰੂ ਬਾਬਾ ਜੀ ਉਸ ਜਗ੍ਹਾ ਪਰ ਹੀ ਬੈਠ ਗਏ। ਮਰਦਾਨਾ ਲਾਲ ਵੇਚਣ ਲਈ ਇੱਕ-ਇੱਕ ਦੁਕਾਨ ਕਰਕੇ ਸਾਰੇ ਸ਼ਹਿਰ ਵਿੱਚ ਘੁੰਮਿਆ, ਲੇਕਿਨ ਕਿਸੇ ਇੱਕ ਨੇ ਵੀ ਉਹ ਲਾਲ ਨਾ ਖਰੀਦਿਆ, ਬਲਕਿ ਇਤਨੀ ਵੀ ਕਦਰ ਨਾ ਪਾਈ, ਕਿ ਕੋਈ ਦੋ ਰੋਟੀਆਂ ਹੀ ਖਾਣ ਨੂੰ ਦੇ ਦਿੰਦਾ। ਆਖਰ ਮਰਦਾਨਾ ਸਾਰੇ ਸ਼ਹਿਰ ਵਿਚ ਘੁੰਮ ਫਿਰਕੇ ਥੱਕਿਆ—ਟੁੱਟਿਆ ਗੁਰੂ ਬਾਬਾ ਜੀ ਦੇ ਪਵਿੱਤਰ ਚਰਨਾਂ ਵਿੱਚ ਵਾਪਸ ਆਇਆ, ਅਰਜ਼ ਕੀਤੀ ਗਰੀਬ ਨਿਵਾਜ਼! ਇਸ ਲਾਲ ਨੂੰ ਕਿਸੇ ਨੇ ਖਰੀਦਣਾ ਤਾਂ ਕੀ ਸੀ, ਮੁੱਲ ਤੱਕ ਵੀ ਨਹੀਂ ਪੁੱਛਿਆ। ਗੁਰੂ ਬਾਬਾ ਜੀ ਬੋਲੇ, ਮਰਦਾਨਿਆਂ! ਐਸੀ ਕੀਮਤੀ ਵਸਤੂ ਦੇ ਬਹੁਤੇ ਗਾਹਕ ਨਹੀਂ ਹੁੰਦੇ, ਸ਼ਹਿਰ ਵਿੱਚ ਇੱਕ ਸਾਲਸਰਾਏ ਨਾਮ ਦਾ ਜੌਹਰੀ ਵੱਸਦਾ ਹੈ, ਉਸਦੇ ਕੋਲ ਜਾਹ। ਮਰਦਾਨਾ ਭਾਵੇਂ ਭੁੱਖ ਦਾ ਸਤਾਇਆ, ਸਫਰ ਦਾ ਥੱਕਿਆ ਚੱਲਣ ਤੋਂ ਲਾਚਾਰ ਸੀ, ਪ੍ਰੰਤੂ ਫਿਰ ਵੀ ਗੁਰੂ ਬਾਬਾ ਜੀ ਦਾ ਹੁਕਮ ਮੰਨਕੇ ਸ਼ਹਿਰ ਪਹੁੰਚਿਆ। ਪੁਛਦਾ-ਪੁਛਾਂਦਾ ਸਾਲਸਰਾਏ ਜੌਹਰੀ ਕੋਲ ਜਾ ਪੁੱਜਿਆ। ਬੇਨਤੀ ਕੀਤੀ ਸੇਠ ਜੀ! ਮੈਨੂੰ ਭੁੱਖ ਬਹੁਤ ਲੱਗੀ ਹੈ, ਇਹ ਲਾਲ ਲਉ ਇਸ ਦੇ ਬਦਲੇ ਮੈਨੂੰ ਪੇਟ ਭਰਨ ਲਈ, ਰੋਟੀਆਂ, ਚਾਵਲ ਜਾਂ ਖਿਚੜੀ ਵਗੈਰਾ ਜੋ ਆਪ ਦੇ ਸਦਕੇ ਹੋ ਦੇ ਦਿਉ, ਤਾਂ ਕਿ ਮੈਂ ਭੁੱਖ ਦੇ ਦੁੱਖ ਤੋਂ ਛੁਟਕਾਰਾ ਹਾਸਲ ਕਰ ਲਵਾਂ। ਸਾਲਸਰਾਏ ਨੇ ਜਦੋਂ ਲਾਲ ਦੇ ਦਰਸ਼ਨ ਕੀਤੇ ਤਾਂ ਅਸ਼ਚਰਜਤਾ ਦੀ ਹੱਦ ਨਾ ਰਹੀ। ਕੰਮ ਤਾਂ ਭਾਵੇਂ ਹੀਰੇ ਜਵਾਹਰਾਤ ਦਾ ਹੀ ਕਰਦਾ ਸੀ ਲੇਕਿਨ ਇਤਨਾ ਸੁੰਦਰ ਲਾਲ ਜਿੰਦਗੀ ਵਿੱਚ ਅੱਜ ਤੱਕ ਕਦੀ ਨਹੀਂ ਸੀ ਵੇਖਿਆ। ਲਾਲ ਦੇ ਦਰਸ਼ਨ ਕਰਕੇ ਸੌ ਰੁਪਏ ਦਰਸ਼ਨੀ ਭੇਟਾ ਕੀਤੇ, ਫਿਰ ਮਰਦਾਨੇ ਨੂੰ ਪੁੱਛਿਆ ਕਿ ਇਤਨਾ ਸੁੰਦਰ ਬੇ-ਕੀਮਤਾ ਲਾਲ ਆਪ ਨੇ ਕਿਥੋਂ ਲਿਆ ਹੈ? ਮਰਦਾਨੇ ਨੇ ਦੱਸਿਆ ਕਿ ਤ੍ਰਿਲੋਕੀ ਨਾਥ ਮੇਰੇ ਗੁਰੂ ਬਾਬਾ ਜੀ ਸ਼ਹਿਰ ਤੋਂ ਬਾਹਰ ਬੈਠੇ ਹਨ, ਇਹ ਸੁੰਦਰ ਲਾਲ ਉਨ੍ਹਾਂ ਦੀ ਬਖਸ਼ਿਸ਼ ਹੈ। ਸਾਲਸਰਾਏ ਦੇ ਮਨ ਵਿੱਚ ਸ਼ਰਧਾ ਭਾਵ ਪੈਦਾ ਹੋਇਆ, ਘਰੋ ਬਹੁਤ ਸੁੰਦਰ ਖਾਣਾ ਤਿਆਰ ਕਰਵਾਇਆ, ਫਿਰ ਮਰਦਾਨੇ ਨੂੰ ਨਾਲ ਲੈ ਕੇ ਜਗਤ ਨਾਥ ਗੁਰੂ ਬਾਬਾ ਜੀ ਦੇ ਚਰਨਾਂ ਵਿੱਚ ਪਹੁੰਚ ਕੇ, ਬਹੁਤ ਸ਼ਰਧਾ ਭਾਵ ਨਾਲ, ਗੁਰੂ ਬਾਬਾ ਜੀ ਦੇ ਪਵਿੱਤਰ ਚਰਨ-ਕਮਲਾਂ ਵਿੱਚ ਨਮਸ਼ਕਾਰ ਕੀਤੀ। ਸਤਿਗੁਰਾਂ ਨੇ ਵੀ ਆਦਰ ਦੇ ਕੇ ਕੋਲ ਬਿਠਾਇਆ। ਸਾਲਸ ਬੋਲਿਆ, ਆਪ ਦਾ ਲਾਲ ਵੇਖਕੇ ਚਿਤ ਬਹੁਤ ਪ੍ਰਸੰਨ ਹੋਇਆ ਹੈ ਅਤੇ ਹੁਣ ਆਪ ਜੀ ਦੇ ਦਰਸ਼ਨ ਕਰਕੇ ਕੁਝ ਖਾਸ ਕਿਸਮ ਦਾ ਅਨੰਦ ਮਹਿਸੂਸ ਕਰਦਾ ਹੋਇਆ, ਅਸਚਰਜ ਹੋ ਰਿਹਾ ਹਾਂ। ਆਪ ਦਾ ਦੇਸ, ਨਾਮ?

ਸਤਿਗੁਰੂ — ਦੇਸ ਨਿਰੰਕਾਰ। ਨਾਮ — ਨਿਰੰਕਾਰੀ।

ਸਾਲਸ (ਗੁਰੂ ਨਾਲ ਤੱਕ ਕੇ ਅਤੇ ਖਿੱਚ ਖਾ ਕੇ) — ਕੁਝ ਸਾਨੂੰ ਵੀ ਨਿਰੰਕਾਰ ਦੀ ਸੋਝੀ ਪਾਉ।

ਸਤਿਗੁਰੂ — **ਜਹ ਦੇਖਾ ਤਹ ਦੀਨ ਦਇਆਲਾ॥**
**ਆਇ ਨ ਜਾਈ ਪ੍ਰਭੁ ਕਿਰਪਾਲਾ॥**
**ਜੀਆ ਅੰਦਰਿ ਜੁਗਤਿ ਸਮਾਈ ਰਹਿਓ ਨਿਰਾਲਮੁ ਰਾਇਆ॥** (*ਮਾਰੂ ਮ: ੧, ਪੰਨਾ-੧੦੩੯*)

ਸਾਲਸ — ਜੋ ਆਪ ਨੂੰ ਜਿਧਰ ਦੇਖੋ ਦਿਸਦਾ ਹੈ, ਸਾਨੂੰ ਕਿਉਂ ਨਹੀਂ ਦਿਸਦਾ?

ਸਤਿਗੁਰੂ — ਅਨਭਉ ਦੀ ਕਮੀ ਹੈ।

ਸਾਲਸ — ਮਹਾਰਾਜ! ਅਨਭਉ ਕਿਉਂ ਨਹੀਂ ਖੁੱਲ੍ਹਦਾ?

ਸਤਿਗੁਰੂ — ਮਾਇਕੀ ਪਦਾਰਥਾਂ ਦੀ ਭੁੱਖ ਨਹੀਂ ਖੁੱਲ੍ਹਣ ਦਿੰਦੀ।

ਗੁਰੂ ਬਾਬਾ ਜੀ ਦੀ ਦ੍ਰਿਸ਼ਟੀ ਦਾ ਸਦਕਾ ਸਾਲਸ ਨੂੰ ਸੰਸਾਰ ਦੇ ਸਾਰੇ ਪਦਾਰਥਾਂ ਵਿੱਚ ਕੁੜੱਤਣ ਭਾਸੀ। ਗੁਰੂ ਬਾਬਾ ਜੀ ਦੇ ਪਵਿੱਤਰ ਚਰਨਾਂ ਨਾਲ ਲਿਪਟਕੇ, ਨੇਤਰਾਂ ਵਿੱਚੋਂ ਬਹਿ ਰਹੇ ਜਲ ਨਾਲ ਚਰਨਾਂ ਨੂੰ ਇਉਂ ਸਿੰਜ ਰਿਹਾ ਹੈ ਜਿਵੇਂ ਕੋਈ ਚਸ਼ਮਾਂ ਬਹਿ ਰਿਹਾ ਹੋਵੇ। ਬਾਬਾ ਜੀ ਨੇ ਫੜਕੇ ਉਠਾਇਆ, ਪੁੱਛਿਆ ਕੀ ਇੱਛਾ ਹੈ?

ਸਾਲਸ — ਮਹਾਰਾਜ ! ਅਨੁਭਵ।

ਗੁਰੂ ਬਾਬਾ ਜੀ ਮੇਹਰਾਂ ਦੇ ਘਰ ਆਏ, ਆਪਣੇ ਸਿਰ ਤੋਂ ਡੇਢ ਗਜ਼ ਦਾ ਪਰਨਾ ਉਤਾਰਕੇ ਸਾਲਸ ਦੇ ਸਿਰ ਬੰਨ੍ਹ ਦਿੱਤਾ ਤੇ ਕਰੁਣਾ ਦ੍ਰਿਸ਼ਟੀ ਬਖਸ਼ ਕੇ, ਉੱਚ ਦ੍ਰਿਸ਼ਟੀ ਪ੍ਰਦਾਨ ਕਰ ਦਿੱਤੀ।

ਯਥਾ — **ਸਾਲਸ ਬਾਂਧਯੋ ਸੀਸੁ ਪਰ ਸੀਘਰ ਖੁਲ੍ਹੇ ਕਪਾਟ॥**
**ਗਿਯਾਨਾ ਨੰਦ ਪੂਰਨ ਭਯੋ ਠਟਿਯੋ ਅਉਰ ਹੀ ਠਾਟ॥**

*(ਗੁਰ: ਪ੍ਰਤਾਪ: ਸੂਰਜ)*

ਗੁਰੂ ਬਾਬਾ ਜੀ ਨੇ ਇਸ ਸ਼ਬਦ ਦਾ ਉਚਾਰਨ ਕੀਤਾ—

ਮੂਲ — **ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ॥**
**ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀ ਰੇ॥**

ਅਰਥ — ਜੈਸੇ ਕਮਲ ਫੁੱਲ ਨਿਰਮਲ ਜਲ ਵਿੱਚ ਹੁੰਦਾ ਹੈ ਅਤੇ ਉਸ ਹੀ ਜਲ ਵਿੱਚ ਸੇਵਰ, ਕਹੀਏ ਹਰੇ ਰੰਗ ਵਾਲੀ ਕਾਈ ਵੀ ਹੁੰਦੀ ਹੈ। ਦੋਨੋਂ ਚੀਜ਼ਾਂ ਨਿਰਮਲ ਜਲ ਤੋਂ ਹੀ ਪੈਦਾ ਹੁੰਦੀਆਂ ਹਨ ਅਤੇ ਹਮੇਸ਼ਾਂ ਸੰਗਤ ਵੀ ਦੋਨਾਂ ਨੂੰ ਨਿਰਮਲ ਜਲ ਦੀ ਹੀ ਹੈ। ਫਿਰ ਵੀ ਕਮਲ ਫੁੱਲ ਸੰਗ ਦੋਖ ਤੋਂ ਰਹਿਤ ਹੈ, ਨਿਰਲੇਪ ਹੈ। ਪਾਣੀ ਵਿੱਚ ਹੁੰਦਾ ਹੋਇਆ ਵੀ, ਨਿਰਲੇਪਤਾ ਦੇ ਕਾਰਣ, ਆਪਣੀ ਸੁੰਦਰਤਾ ਅਤੇ ਮਹਿਕ ਨਹੀਂ ਗਵਾਉਂਦਾ। ਲੇਕਿਨ ਹਰੇ ਰੰਗ ਵਾਲੀ ਕਾਈ, ਜਿਸਨੇ ਪਾਣੀ ਤੋਂ ਜਨਮ ਲੈ ਕੇ ਪਾਣੀ ਨੂੰ ਤਾਂ ਢੱਕ ਲਿਆ, ਮਗਰ ਕਮਲ ਫੁੱਲ ਤੇ ਆਪਣਾ ਅਸਰ ਨਹੀਂ ਪਾ ਸਕਦੀ, ਯਾਨੀ ਕਮਲ ਫੁੱਲ ਹਰ ਵਕਤ ਨਾਲ ਰਹਿੰਦਾ ਹੋਇਆ ਵੀ ਕੁਸੰਗੀ ਜੋ ਕਾਈ ਹੈ, ਉਸ ਤੋਂ ਨਿਰਲੇਪ ਰਹਿੰਦਾ ਹੈ।

ਮੂਲ — **ਦਾਦਰ ਤੂ ਕਬਹਿ ਨਾ ਜਾਨਸਿ ਰੇ॥**
**ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ॥**

ਅਰਥ — ਹੇ ਮਨਮੁੱਖ ਰੂਪੀ ਡੱਡੂ, ਤੈ ਕਮਲ ਫੁੱਲ ਰੂਪ ਸੰਤਾਂ ਦੇ ਸ਼ੁਭ ਗੁਣਾਂ ਰੂਪੀ ਖੁਸ਼ਬੂ ਨੂੰ ਨਹੀਂ ਜਾਨਿਆ। ਜਿਵੇਂ ਡੱਡੂ ਜਲ ਵਿੱਚ ਰਹਿ ਕੇ, ਕਾਈ ਮਿੱਟੀ ਆਦਿਕ ਤਾਂ ਖਾਂਦਾ ਹੈ, ਲੇਕਿਨ ਨਿਰਮਲ ਜਲ ਦੀ ਸਾਰ ਨਹੀਂ ਜਾਣਦਾ, ਅਥਵਾ ਕਮਲ ਫੁੱਲ ਦੇ ਹਮੇਸ਼ਾਂ ਨਾਲ ਰਹਿਕੇ, ਕਾਈ ਮਿੱਟੀ ਖਾਣ ਵਿੱਚ ਤਾਂ ਮਸਤ ਹੈ ਲੇਕਿਨ ਕਮਲ ਦੇ ਗੁਣਾਂ ਦੀ ਸਾਰ ਨਹੀਂ ਜਾਣਦਾ। ਇਸੀ ਪ੍ਰਕਾਰ ਗਿਆਨੀ ਪੁਰਸ਼ ਸੰਸਾਰ ਵਿੱਚ ਰਹਿੰਦੇ ਹੋਏ ਵੀ ਕਮਲ ਫੁੱਲ ਦੀ ਤਰ੍ਹਾਂ ਨਿਰਲੇਪ ਯਾਨੀ ਸੁੱਖਾਂ ਦੁੱਖਾਂ ਦੇ ਬੀਜ ਪਾਪ-ਪੁੰਨ ਤੋਂ ਅਸੰਗ ਰਹਿੰਦੇ ਹਨ। ਲੇਕਿਨ ਮਨਮੁੱਖੀ ਜੀਵ, ਡੱਡੂ ਦੀ ਤਰ੍ਹਾਂ ਨਿਰਮਲ ਜਲ ਰੂਪੀ ਸਤਸੰਗ ਨੂੰ ਛੱਡਕੇ, ਜਗਤ ਦੀਆਂ ਵਿਸ਼ੇ ਵਾਸ਼ਨਾ ਰੂਪੀ ਕਾਈ ਵਿੱਚ ਮਗਨ ਰਹਿੰਦੇ ਹਨ।

ਮੂਲ — **ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚਚਾ ਗੁਨ ਰੇ॥**

ਅਰਥ — ਭਵਰਾ, ਪਾਣੀ ਵਿੱਚ ਨਹੀਂ ਰਹਿੰਦਾ, ਯਾਨੀ ਪਾਣੀ ਤੋਂ ਬਾਹਰ ਰਹਿਣ ਵਾਲਾ ਜਾਨਵਰ ਹੈ, ਪ੍ਰੰਤੂ ਪਾਣੀ ਵਿੱਚ ਹਮੇਸ਼ਾਂ ਰਹਿਣ ਵਾਲੇ ਕਮਲ ਫੁੱਲ ਦੀ ਵਾਸ਼ਨਾਂ, ਨਿਰੰਤਰ ਲੈਂਦਾ ਰਹਿੰਦਾ ਹੈ। ਇਸੀ ਪ੍ਰਕਾਰ ਸਤਸੰਗ ਰੂਪੀ ਤਲਾਬ ਹੈ, ਉਸ ਵਿੱਚ ਕਥਾ ਕੀਰਤਨ ਰੂਪ ਅੰਮ੍ਰਿਤ ਜਲ ਹੈ, ਸੰਤ-ਜਨ ਉਸ ਵਿੱਚ ਹਮੇਸ਼ਾਂ ਇਸ਼ਨਾਨ ਪਾਨ ਕਰਦੇ ਰਹਿੰਦੇ ਹਨ ਅਤੇ ਉਸੇ ਤਲਾਬ ਵਿੱਚ ਪਦਾਰਥ ਰੂਪੀ ਕਾਈ ਹੈ; ਉਸ ਤੋਂ ਕਮਲ ਫੁੱਲ ਦੀ ਨਿਆਂਈ, ਉਪਰਾਮ, ਨਿਰਲੇਪ ਰਹਿੰਦੇ ਹਨ। ਲੇਕਿਨ ਜੋ ਵਿਸ਼ੇ ਵਾਸ਼ਨਾ ਵਿੱਚ ਖਚਿੱਤ, ਮਨਮੁੱਖ ਰੂਪ ਡੱਡੂ ਹਨ, ਉਹ ਕਮਲ ਫੁੱਲ ਦੀ ਵਾਸ਼ਨਾਂ ਤੋਂ ਹੀਣੇ, ਕਾਈ ਰੂਪੀ ਮੈਲ ਨੂੰ ਹੀ ਭਖਸ਼ ਕਰਦੇ ਰਹਿੰਦੇ ਹਨ-ਯਾਨੀ ਪਦਾਰਥਾਂ ਰੂਪੀ ਮੈਲ ਨੂੰ ਹੀ ਖਾਂਦੇ ਹਨ। ਸ਼ੁਭ ਗੁਣਾ ਵਾਲੇ ਭਾਈ ਅਤੇ ਮਾਤਾਵਾਂ ਜੋ ਭਉਰੇ ਦੇ ਸਮਾਨ ਹਨ, ਸਮੇਂ ਸਿਰ ਸਤਸੰਗ ਵਿੱਚ ਪਹੁੰਚ ਕੇ, ਦਰਸ਼ਨ ਅਤੇ ਉਪਦੇਸ਼ ਰੂਪ ਅੰਮ੍ਰਿਤ ਪੀ ਕੇ, ਵਾਪਸ ਜਾਂਦੇ ਹਨ ਕਿਉਂਕਿ ਉਨ੍ਹਾਂ ਦੇ ਅੰਦਰ ਪ੍ਰੇਮ ਭਾਵਨਾ ਹੈ। ਗੁਰੂਦੇਵ ਅੱਗੇ ਮਿਸਾਲ ਦੇ ਕੇ ਸਮਝਾਉਂਦੇ ਹਨ—

ਮੂਲ — **ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ॥**

ਅਰਥ — ਕੁਮੁੰਦਨੀਂ ਦਾ ਫੁੱਲ, ਰਾਤ ਦੇ ਸਮੇਂ ਚੰਦਰਮਾ ਨੂੰ ਦੇਖਕੇ ਹੀ ਖੁਸ਼ੀ ਵਿੱਚ ਖਿੜ ਜਾਂਦੀ ਹੈ ਅਤੇ ਆਪਣਾ ਸਿਰ ਪੂਰੀ ਰਾਤ ਚੰਦਰਮਾਂ ਦੀ ਤਰਫ ਝੁਕਾਕੇ ਰੱਖਦਾ ਹੈ, ਜਦੋਂ ਕਿ ਦੋਨਾਂ ਵਿੱਚ ਬਹੁਤ ਦੂਰੀ ਹੈ, ਯਾਨੀ

ਚੰਦਰਮਾਂ ਲੱਖਾਂ ਕੋਹ, ਆਕਾਸ਼ ਵਿੱਚ ਹੈ, ਜਦਕਿ ਕੁਮੁੰਦਨੀਂ ਧਰਤੀ ਉੱਤੇ ਹੈ, ਫਿਰ ਵੀ ਕੁਮੁੰਦਨੀਂ ਪ੍ਰੇਮਵਸ਼ ਦੂਰੋਂ ਦਰਸ਼ਨ ਕਰਕੇ ਹੀ ਨਿਹਾਲ ਹੋ ਜਾਂਦੀ ਹੈ। ਇਸ ਪ੍ਰਕਾਰ ਸਤਿਗੁਰੂ ਦੇ ਜੋ ਪਿਆਰੇ ਸਿੱਖ ਹਨ ਦਰਸ਼ਨ ਕਰਦੇ ਸਾਰ ਹੀ ਖਿੜਾਉ ਵਿੱਚ ਆ ਜਾਂਦੇ ਹਨ, ਲੇਕਿਨ ਜੋ ਸਨਮੁੱਖ ਹਨ ਉਨ੍ਹਾਂ ਦੇ ਮਨ ਵਿੱਚ ਪ੍ਰਤੀਤ ਨਹੀਂ ਆਉਂਦੀ। ਗੁਰੂ ਸਾਹਿਬ ਜੀ ਅੱਗੇ ਮਨਮੁੱਖਾਂ ਦੀ ਹੋਰ ਮਿਸਾਲ ਦੇ ਕੇ ਸਮਝਾਉਂਦੇ ਹਨ।

ਮੂਲ — **ਅੰਮ੍ਰਿਤ ਖੰਡ ਦੂਧਿ ਮਧੁ ਸੰਚਸਿ ਤੂ ਬਨ ਚਾਤੁਰ ਰੇ॥**

**ਆਪਨਾ ਆਪੁ ਤੂ ਕਬਹੁ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ॥**

ਅਰਥ — ਹੇ ਜੀਵ! ਤੇਰੀ ਪ੍ਰੀਤ ਚਿੱਚੜ ਜੈਸੀ ਹੈ, ਜਿਵੇਂ ਚਿੱਚੜ ਗਊ ਦੇ ਥਨ ਨਾਲ ਹਰ ਵਕਤ ਲੱਗਿਆ ਰਹਿੰਦਾ ਹੈ, ਉਸ ਥਨ ਵਿੱਚ ਦੁੱਧ ਵੀ ਹੈ, ਲੇਕਿਨ ਚਿੱਚੜ ਦੁੱਧ ਵੱਲ ਧਿਆਨ ਨਹੀਂ ਦਿੰਦਾ, ਹਮੇਸ਼ਾਂ ਖ਼ੂਨ ਪੀਂਦਾ ਰਹਿੰਦਾ ਹੈ। ਇਸੇ ਤਰ੍ਹਾਂ ਮਨਮੁੱਖ ਅਗਰ ਸੰਗਤ ਵਿੱਚ ਕਦੇ-ਕਦਾਈ ਆ ਵੀ ਜਾਵੇ, ਫਿਰ ਵੀ ਬਜਾਏ ਗੁਣ ਗ੍ਰਹਿਣ ਕਰਨ ਦੇ, ਉਸ ਦਾ ਧਿਆਨ ਔਗੁਣਾਂ ਵੱਲ ਹੀ ਰਹਿੰਦਾ ਹੈ। ਦੂਸਰੀ ਮਿਸਾਲ ਗੁਰੂ ਦੇਵ ਤੂੰਬੀ ਦੀ ਦਿੰਦੇ ਹਨ। ਜਿਵੇਂ ਤੂੰਬੀ ਵਿੱਚ ਅੰਮ੍ਰਿਤ, ਖੰਡ, ਦੁੱਧ ਅਤੇ ਸ਼ਹਿਦ ਪਾਉਣ ਨਾਲ ਭੀ ਤੂੰਬੀ ਮਿੱਠੀ ਨਹੀਂ ਹੁੰਦੀ, ਸਗੋਂ ਕੌੜੀ ਦੀ ਕੌੜੀ ਹੀ ਰਹਿੰਦੀ ਹੈ। ਇਸੀ ਤਰ੍ਹਾਂ ਮਨਮੁੱਖ ਰੂਪ, ਤੂੰਬੀ ਵਿੱਚ ਅਗਰ ਗਿਆਨਰੂਪੀ ਅੰਮ੍ਰਿਤ, ਭਗਤੀ ਰੂਪ ਖੰਡ, ਨਿਸ਼ਕਾਮ ਕਰਮ ਰੂਪ ਦੁੱਧ ਅਤੇ ਨਾਮ ਰੂਪੀ ਸ਼ਹਿਦ ਵੀ ਪਾ ਦਿੱਤਾ ਜਾਵੇ ਤਾਂ ਭੀ ਉਹ ਆਪਣੇ ਔਗੁਣਾਂ ਰੂਪੀ ਜ਼ਹਿਰ ਨਹੀਂ ਛੱਡਦਾ। ਜਿਵੇਂ ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ—

**ਲਉਕੀ ਅਠਸਠਿ ਤੀਰਥ ਨਾਈ ਕਉਰਾਪਨੁ ਤਊ ਨ ਜਾਈ॥**

*(ਸੋਰਠਿ ਕਬੀਰ ਜੀ, ਪੰਨਾ—੬੫੬)*

ਕਬੀਰ ਜੀ, ਮਨਮੁੱਖ ਦੀ ਤੁਲਨਾ ਕੜਵੀ ਤੂੰਬੀ ਨਾਲ ਕਰਦੇ ਹਨ। ਇੱਕ ਦਿਨ ਦਾ ਜ਼ਿੱਕਰ ਕੁਝ ਪ੍ਰੇਮੀਆਂ ਨੇ ਕਬੀਰ ਜੀ ਕੋਲ ਅਰਜ਼ ਕੀਤੀ, ਮਹਾਰਾਜ! ਅਸੀਂ ਤੀਰਥ ਯਾਤਰਾ ਲਈ ਚੱਲੇ ਹਾਂ, ਅੱਛਾ ਹੋਵੇ, ਆਪ ਵੀ ਨਾਲ ਚੱਲੋ। ਕਬੀਰ ਜੀ ਬੋਲੇ, ਮੇਰਾ ਤਾਂ ਤੀਰਥ ਜਾਣ ਦਾ ਵਿਚਾਰ ਨਹੀਂ ਹੈ, ਮਗਰ ਆਪ ਐਸਾ ਕਰੋ, ਸਾਡੀ ਆਹ ਤੂੰਬੀ ਹੈ ਇਸਨੂੰ ਨਾਲ ਲੈ ਜਾਉ, ਇਸ ਦਾ ਸੁਭਾਵ ਕੌੜਾ ਹੈ, ਤਾਂ ਕਿ ਇਹ ਤੀਰਥਾਂ ਦੇ ਪਵਿੱਤਰ ਜਲ ਵਿੱਚ ਇਸ਼ਨਾਨ ਕਰਕੇ, ਆਪਣਾ ਸੁਭਾਵ ਬਦਲ ਲਵੇ, ਯਾਨੀ ਕੌੜੀ ਤੋਂ ਮਿੱਠੀ ਹੋ ਜਾਵੇ। ਬਚਨ ਮੰਨਕੇ ਉਨ੍ਹਾਂ ਪ੍ਰੇਮੀਆਂ ਨੇ ਤੂੰਬੀ ਨਾਲ ਲੈ ਲਈ, ਜਿੱਥੇ ਜਾਂਦੇ ਆਪ ਵੀ ਇਸ਼ਨਾਨ ਕਰਦੇ, ਨਾਲ ਤੂਬੀ ਦਾ ਵੀ ਕਰਵਾਉਂਦੇ। ਇਸ ਪ੍ਰਕਾਰ ਤੀਰਥ ਯਾਤਰਾ ਕਰਕੇ, ਜਦੋਂ ਵਾਪਸ ਕਬੀਰ ਸਾਹਿਬ ਕੋਲ ਪਹੁੰਚੇ, ਤੂੰਬੀ ਚਰਨਾਂ ਵਿੱਚ ਰੱਖਕੇ ਨਮਸ਼ਕਾਰ ਕੀਤੀ। ਕਬੀਰ ਜੀ ਨੇ ਪੁੱਛਿਆ, ਤੀਰਥ ਯਾਤਰਾ ਕਰ ਆਏ? ਇਹ ਸਾਡੀ ਤੂੰਬੀ ਦਾ ਵੀ ਇਸ਼ਨਾਨ ਕਰਾਇਆ? ਹਾਂ ਮਹਾਰਾਜ ਜਿੱਥੇ ਵੀ ਅਸੀਂ ਇਸ਼ਨਾਨ ਆਦਿ ਕੀਤਾ, ਤੂੰਬੀ ਦਾ ਵੀ ਨਾਲ ਹੀ ਕਰਵਾਉਂਦੇ ਰਹੇ। ਕਬੀਰ ਜੀ ਨੇ ਛੁਰੀ ਨਾਲ ਤੂੰਬੀ ਦਾ ਇੱਕ ਟੁੱਕੜਾ ਕੱਟਕੇ ਉਨ੍ਹਾਂ ਨੂੰ ਦਿੱਤਾ। ਹੁਕਮ ਕੀਤਾ ਕਿ ਇਸ ਨੂੰ ਖਾ ਕੇ ਦੱਸੋ! ਕੌੜੀ ਤਾਂ ਨਹੀਂ ਰਹੀ, ਮਿੱਠੀ ਹੋ ਗਈ? ਪ੍ਰੇਮੀਆਂ ਨੇ ਜਦੋਂ ਮੂੰਹ ਲਾਇਆ, ਤਾਂ ਖਾ ਨਾ ਹੋਵੇ, ਕਹਿਣ ਲੱਗੇ ਮਹਾਰਾਜ ਇਹ ਤਾਂ ਬਹੁਤ ਕੌੜੀ ਹੈ। ਮੂੰਹ ਨਹੀਂ ਲੱਗਦਾ। ਕਬੀਰ ਜੀ ਕਹਿਣ ਲੱਗੇ, ਅਠਾਹਠ ਤੀਰਥਾਂ ਦਾ ਇਸ਼ਨਾਨ ਕਰਨ ਤੇ ਵੀ ਤੂੰਬੀ ਦਾ ਕੌੜਾਪਨ ਨਹੀਂ ਗਿਆ? ਜਿਵੇਂ ਗੁਰੂ ਵਾਕ—

**ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥**

**ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥**

**ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥**

**ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ॥**

*(ਸੂਹੀ ਵਾਰ, ਪੰਨਾ—੭੮੯)*

ਇਹ ਹੀ ਹਾਲ ਮਨਮੁੱਖਾਂ ਦਾ ਹੈ, ਜਿਵੇਂ ਚਿੱਚੜ ਗਊ ਦੇ ਥਨ ਨਾਲ ਰਹਿੰਦੇ ਹੋਏ ਭੀ, ਅੰਮ੍ਰਿਤ ਰੂਪੀ ਦੁੱਧ ਦੀ ਸਾਰ ਨਹੀਂ ਜਾਣਦੇ ਸਗੋਂ ਉਲਟਾਂ ਖ਼ੂਨ ਹੀ ਪੀਂਦੇ ਹਨ ਤਿਵੇਂ ਹੀ ਮਨਮੁੱਖ ਲੋਕ ਸਤਸੰਗ ਵਿੱਚ ਜਾ ਕੇ ਸ਼ੁਭ ਗੁਣਾਂ ਤੋਂ

ਸਖਣੇ ਰਹਿ ਜਾਂਦੇ ਹਨ, ਬਲਕਿ ਸਾਰਾ ਧਿਆਨ ਦੂਸਰਿਆਂ ਦੇ ਔਗੁਣਾਂ ਵੱਲ ਹੀ ਦਿੰਦੇ ਹਨ। ਗੁਰੂ ਬਾਬਾ ਜੀ ਮਨਮੁੱਖ ਦੀ ਹੋਰ ਮਿਸਾਲ ਦਿੰਦੇ ਹਨ—

ਮੂਲ — **ਪੰਡਿਤ ਸੰਗਿ ਵਸਹਿ ਜਨ ਮੂਰਖ ਆਗਮ ਸਾਸ ਸੁਨੇ॥**
**ਅਪਨਾ ਆਪੁ ਤੂ ਕਬਹੁ ਨਾ ਛੋਡਸਿ ਸੁਆਨ ਪੂਛਿ ਜਿਉ ਰੇ॥**

ਅਰਥ — ਵਿਦਵਾਨਾਂ ਦੇ ਸੰਗ ਵਿੱਚ ਮੂਰਖ ਰਹਿੰਦੇ ਭੀ ਹਨ, ਸ਼ਾਸਤਰ ਭੀ ਸੁਣਦੇ ਹਨ ਅਤੇ ਵਿਕਾਰਾਂ ਨੂੰ ਤਿਆਗਣ ਦੀ ਕਥਾ ਭੀ ਸ੍ਰਵਣ ਕਰਦੇ ਹਨ ਲੇਕਿਨ ਫਿਰ ਵੀ ਆਪਣਾ ਅਭਿਮਾਨ ਅਤੇ ਖੋਟਾ ਸੁਭਾਵ ਨਹੀਂ ਤਿਆਗਦੇ। ਮਿਸਾਲ ਦੇ ਤੌਰ ਤੇ ਕੁੱਤੇ ਦੀ ਪੂੰਛ ਟੇਢੀ ਹੁੰਦੀ ਹੈ। ਉਸੀ ਨੂੰ ਕਿਤਨੀ ਭੀ ਦੇਰ ਪੱਥਰ ਹੇਠ ਰੱਖੋ, ਜਦੋਂ ਪੱਥਰ ਚੁੱਕਾਂਗੇ, ਪੂੰਛ ਟੇਢੀ ਦੀ ਟੇਢੀ ਹੀ ਰਹੇਗੀ। ਜਿਵੇਂ ਗੁਰੂ ਵਾਕ—

**ਸੁਆਨ ਪੂਛ ਜਿਉ ਹੋਇ ਨਾ ਸੂਧੋ ਕਹਿਓ ਨ ਕਾਨ ਧਰੈ॥**

*(ਪੰਨਾ—੫੩੬)*

ਮੂਲ — **ਇਕਿ ਪਾਖੰਡੀ ਨਾਮਿ ਨ ਰਾਚਹਿ ਇਕਿ ਹਰਿ ਹਰਿ ਚਰਣੀ ਰੇ॥**
**ਪੂਰਬਿ ਲਿਖਿਆ ਪਾਵਸਿ ਨਾਨਕ ਰਸਨਾ ਨਾਮੁ ਜਪਿ ਰੇ॥**

ਅਰਥ — ਇੱਕ ਪਾਖੰਡੀ ਬਾਹਰਲੇ ਭੇਖ ਨਾਲ ਹੀ ਕ੍ਰਿਤ-ਕ੍ਰਿਤ ਹੋ ਰਿਹਾ ਹੈ, ਨਾਮ ਵਿੱਚ ਬ੍ਰਿਤੀ ਇੱਕ ਛਿਨ ਵੀ ਨਹੀਂ ਲੱਗਦੀ ਅਤੇ ਲੋਕਾਂ ਤੋਂ ਪੂਜਾ ਵੀ ਕਰਵਾਉਂਦਾ ਹੈ। ਲੇਕਿਨ ਦੂਸਰਾ ਜੋ ਸੱਚਾ ਸੰਤ ਹੈ, ਉਹ ਹਮੇਸ਼ਾਂ ਪਰਮੇਸ਼ਰ ਦੇ ਚਰਨਾਂ ਨਾਲ ਜੁੜਿਆ ਰਹਿੰਦਾ ਹੋਇਆ ਨਾਮ ਵਿਚ ਲੀਨ ਰਹਿੰਦਾ ਹੈ। ਇਸ ਵਾਸਤੇ ਸਤਿਗੁਰੂ ਦੇਵ ਫੁਰਮਾਨ ਕਰਦੇ ਹਨ ਕਿ ਇਹ ਦੋਨੋਂ ਕਿਸਮ ਦੇ ਸਾਧੂ ਪਿਛਲੇ ਜਨਮਾਂ ਦੇ ਕਰਮਾਂ ਦਾ ਫਲ ਖਾ ਰਹੇ ਹਨ। ਇਸ ਲਈ ਭਾਈ ਹਮੇਸ਼ਾਂ ਜ਼ਬਾਨ ਨਾਲ ਹਰੀ ਨਾਮ ਦਾ ਜਾਪ ਕਰੋ। ਅਗਰ ਪਾਖੰਡੀ ਵੀ ਪੁਰਸ਼ਾਰਥ ਕਰਕੇ ਪਰਮੇਸ਼ਰ ਦਾ ਨਾਮ ਜਪੇ ਅਤੇ ਸੱਚੇ ਸੰਤ ਦਾ ਸੰਗ ਕਰੇ, ਤਾਂ ਉਹ ਵੀ ਆਪਣਾ ਜਨਮ-ਸਵਾਰ ਲਏਗਾ ਅਤੇ ਸੱਚੇ ਸਦੀਵੀ ਆਨੰਦ ਨੂੰ ਪ੍ਰਾਪਤ ਹੋ ਜਾਵੇਗਾ। ਅਗਰ ਕੁਸੰਗੀ ਵੀ ਸਤਸੰਗ ਵਿੱਚ ਜਾ ਕੇ, ਸਿੱਖਿਆ ਗ੍ਰਹਿਣ ਕਰਕੇ ਨਾਮ ਜਪੇਗਾ ਤਾਂ ਉਸ ਦਾ ਵੀ ਸੁਧਾਰ ਹੋ ਜਾਵੇਗਾ। ਨਹੀਂ ਤਾਂ ਇਸ ਮਨ ਨੂੰ ਜਨਮਾਂ ਜਨਮਾਤਰਾਂ ਦੀ ਮੈਲ ਲੱਗੀ ਹੋਈ ਹੈ। ਮਨ ਮੈਲੇ ਹੋਣ ਦੀ ਵਜ੍ਹਾ ਕਰਕੇ ਹੀ ਇਹ ਜੀਵ ਅਬਿਨਾਸ਼ੀ ਸੁੱਖ ਨੂੰ ਛੱਡਕੇ ਅਵਗੁਣਾਂ ਵਿੱਚ ਇਸ ਤਰ੍ਹਾਂ ਲਿਪਤ ਹਨ ਜਿਵੇਂ ਗਊ ਦੇ ਥਨ ਨਾਲ ਚਿੱਚੜ। ਗੁਰੂ ਦੇਵ ਫੁਰਮਾਣ ਕਰਦੇ ਹਨ—

**ਲੋਕੁ ਅਵਗਣਾ ਕੀ ਬੰਨੈ ਗੰਠੜੀ ਗੁਣ ਨ ਵਿਹਾਝੈ ਕੋਇ॥**
**ਗੁਣ ਕਾ ਗਾਹਕੁ ਨਾਨਕਾ ਵਿਰਲਾ ਕੋਈ ਹੋਇ॥**

*(ਮਾਰੂ ਵਾਰ, ਪੰਨਾ—੧੦੯੨)*

ਮੈਲੇ ਮਨ ਦੀ ਕੀ ਨਿਸ਼ਾਨੀ ਹੈ?

ਜਦ ਇਹ ਦੂਸਰੇ ਦੇ ਗੁਣਾਂ ਵੱਲ ਧਿਆਨ ਨਹੀਂ ਦਿੰਦਾ ਕੇਵਲ ਔਗੁਣ ਹੀ ਛਾਂਟਦਾ ਹੈ ਅਤੇ ਆਪਣੇ ਔਗੁਣ ਛੁਪਾਕੇ ਖੁਦ ਨੂੰ ਵੱਡਾ ਗੁਣਵਾਨ ਸਮਝਦਾ ਹੈ, ਬੱਸ ਮੈਲੇ ਮਨ ਦੀ ਇਹ ਹੀ ਨਿਸ਼ਾਨੀ ਹੈ। ਸਾਰ-ਗਰਾਹੀ ਇਨਸਾਨ ਦੂਸਰੇ ਦੇ ਔਗੁਣ ਨਹੀਂ ਦੇਖਦਾ, ਜਿਥੋਂ ਗੁਣ ਮਿਲੇ ਲੈ ਲੈਂਦਾ ਹੈ ਅਤੇ ਹਮੇਸ਼ਾਂ ਆਪਣੇ ਅੰਦਰ ਦੇਖਦਾ ਰਹਿੰਦਾ ਹੈ। ਮਿਸਾਲ ਦੇ ਤੌਰ ਤੇ ਇੱਕ ਕੀੜੀ ਅਗਰ ਕਿਸੇ ਸੁੰਦਰ ਮਕਾਨ ਵਿੱਚ ਪ੍ਰਵੇਸ਼ ਕਰ ਜਾਵੇ, ਉਸਦਾ ਧਿਆਨ ਮਕਾਨ ਦੀ ਸੁੰਦਰਤਾ ਵੱਲ ਨਹੀਂ ਹੁੰਦਾ, ਬਲਕਿ ਉਸਦਾ ਸਾਰਾ ਧਿਆਨ ਮਕਾਨ ਵਿੱਚੋਂ ਕੋਈ ਖੰਡ ਲੱਭਣ ਵੱਲ ਹੁੰਦਾ ਹੈ। ਇਸੇ ਤਰ੍ਹਾਂ ਹੀ ਮੈਲੇ ਮਨ ਵਾਲਾ ਇਨਸਾਨ ਅਗਰ ਕਿਸੇ ਸੰਜੋਗ ਵਸ ਸਤਸੰਗ ਵਿੱਚ ਚਲਿਆ ਵੀ ਜਾਵੇ ਤਾਂ ਉੱਥੇ ਸ਼ੁਭ ਗੁਣ ਹਾਸਲ ਕਰਨ ਦੀ ਬਜਾਏ, ਉਸਦਾ ਸਾਰਾ ਧਿਆਨ ਦੂਸਰਿਆਂ ਦੇ ਔਗੁਣਾਂ ਵੱਲ ਹੀ ਹੁੰਦਾ ਹੈ। ਅਜਿਹੀ ਹਾਲਤ ਵਿੱਚ ਉਸਨੂੰ ਸਤਸੰਗ ਦਾ ਰਸ ਕੀ ਆਉਣਾ ਹੋਇਆ?

ਇੱਕ ਦ੍ਰਿਸ਼ਟਾਂਤ — ਇੱਕ ਕੀੜੀ ਮਿਸ਼ਰੀ ਦੇ ਪਹਾੜ ਤੇ ਰਹਿੰਦੀ ਸੀ। ਉਸਦੀ ਖੁਰਾਕ ਵੀ ਮਿਸ਼ਰੀ ਹੀ ਸੀ, ਇੱਕ ਦਿਨ ਘੁੰਮਦੀ-ਘੁਮਾਉਂਦੀ ਆਪਣੇ ਟਿਕਾਣੇ ਤੋਂ ਦੂਰ ਨਿਕਲ ਗਈ। ਅੱਗੇ ਉਸ ਨੂੰ ਇੱਕ ਹੋਰ ਕੀੜੀ ਮਿਲੀ ਜੋ ਬਹੁਤ

ਕਮਜ਼ੋਰ ਸੀ। ਉਸ ਕਮਜ਼ੋਰ ਕੀੜੀ ਨੇ ਪੁੱਛਿਆ, ਭੈਣੇ! ਤੂੰ ਐਨੀ ਮੋਟੀ ਕਿਵੇਂ ਹੋ ਗਈ? ਕੀ ਖਾਂਦੀ ਹੈ? ਪਹਿਲੀ ਨੇ ਦੱਸਿਆ, ਮੈਂ ਮਿਸ਼ਰੀ ਦੀ ਪਹਾੜੀ ਤੇ ਰਹਿੰਦੀ ਹਾਂ, ਮੇਰੀ ਖੁਰਾਕ ਵੀ ਮਿਸ਼ਰੀ ਹੀ ਹੈ, ਇਸ ਲਈ ਮੈਂ ਤਕੜੀ ਹਾਂ। ਦੂਜੀ ਬੋਲੀ ਮੈਨੂੰ ਵੀ ਨਾਲ ਲੈ ਚੱਲ। ਪਹਿਲੀ ਬੋਲੀ ਕਿਉਂ ਨਹੀਂ, ਚੱਲ ਮੇਰੇ ਨਾਲ। ਦੋਨੋਂ ਮਿੱਲਕੇ ਮਿਸ਼ਰੀ ਦੇ ਪਹਾੜ ਤੇ ਪਹੁੰਚ ਗਈਆਂ। ਦੋਨਾਂ ਨੇ ਮਿਲਕੇ ਮਿਸ਼ਰੀ ਖਾਦੀ, ਪਹਿਲੀ ਵਾਲੀ ਨੇ ਕਮਜ਼ੋਰ ਨੂੰ ਪੁੱਛਿਆ, ਭੈਣੇ! ਮਿਸ਼ਰੀ ਸੁਆਦ ਲੱਗੀ? ਦੂਜੀ ਬੋਲੀ ਨਾ, ਮੈਨੂੰ ਤਾਂ ਕੋਈ ਸੁਆਦ ਨਹੀਂ ਲੱਗੀ। ਪਹਿਲੇ ਵਾਲੀ ਨੇ ਪੁੱਛਿਆ ਕਿ ਤੇਰੇ ਮੂੰਹ ਵਿੱਚ ਕੀ ਹੈ? ਦੂਜੀ ਬੋਲੀ, ਲਿੱਦ ਹੈ। ਕਿਉਂਕਿ ਜਿੱਥੇ ਮੈਂ ਰਹਿੰਦੀ ਹਾਂ, ਉਥੇ ਲਿੱਦ ਤੋਂ ਬਿਨ੍ਹਾਂ ਦੂਜੀ ਕੋਈ ਖੁਰਾਕ ਹੀ ਨਹੀਂ ਹੈ। ਪਹਿਲੀ ਬੋਲੀ, ਪਹਿਲਾਂ ਮੂੰਹ ਵਿੱਚੋਂ ਲਿੱਦ ਬਾਹਰ ਕੱਢਕੇ ਮੂੰਹ ਸਾਫ ਕਰ ਤਾਂ ਮਿਸ਼ਰੀ ਦਾ ਸੁਆਦ ਆਵੇਗਾ। ਜਦ ਐਸਾ ਕੀਤਾ ਤਾਂ ਮਿਸ਼ਰੀ ਦਾ ਪੂਰਾ-ਪੂਰਾ ਸੁਆਦ ਆਇਆ।

ਇਸੇ ਤਰ੍ਹਾਂ ਜਿਸ ਇਨਸਾਨ ਦਾ ਚਿੱਤ ਵਿਸ਼ੇ ਵਿਕਾਰਾਂ ਅਤੇ ਈਰਖਾ ਦਵੈਸ਼ ਨਾਲ ਗੰਦਾ ਹੋ ਚੁੱਕਿਆ ਹੈ, ਉਸ ਨੂੰ ਸਤਸੰਗ ਵਿੱਚੋਂ ਰਸ ਨਹੀਂ ਆਉਂਦਾ। ਪਰੰਤੂ ਜਦ ਉਹ ਚਿੱਤ ਵਿੱਚੋਂ ਵਿਸ਼ੇ ਵਿਕਾਰਾਂ ਅਤੇ ਈਰਖਾ ਦਵੈਸ਼ ਰੂਪੀ ਖੋਟੇ ਸੁਭਾਵ ਨੂੰ ਦੂਰ ਕਰਦਾ ਹੈ, ਤਾਂ ਉਸ ਨੂੰ ਵੀ ਸਤਸੰਗ ਵਿੱਚੋਂ ਰਸ ਆਉਂਦਾ ਹੈ। ਇਸ ਲਈ ਮਨਮੁੱਖ, ਸਤਸੰਗ ਸੁਣਕੇ ਵੀ ਆਪਣੇ ਔਗੁਣ ਨਹੀਂ ਛੱਡਦਾ, ਉਹ ਮਾਨੋ ਡੱਡੂ ਦੇ ਸਮਾਨ ਹੈ, ਅਤੇ ਜੋ ਇਨਸਾਨ ਸਾਰ-ਗਰਾਹੀ ਹੈ, ਆਪਣੇ ਵਿੱਚ ਗੁਣਾਂ ਦਾ ਖਜ਼ਾਨਾ ਜਮ੍ਹਾਂ ਕਰਦਾ ਹੈ, ਉਹ ਮਾਨੋ ਭੌਰੇ ਦੇ ਸਮਾਨ ਹੈ। ਐਸਾ ਪੁਰਸ਼! ਨਾਮ ਜਪਕੇ ਹਿਰਦਾ ਸ਼ੁੱਧ ਕਰ ਲੈਂਦਾ ਹੈ, ਇਸ ਲਈ ਨਾਮ, ਦੁੱਖਾਂ-ਪਾਪਾਂ ਦੇ ਨਾਸ਼ ਕਰਨ ਵਾਲਾ ਹੈ।

ਸਾਲਸ ਰਾਏ, ਗੁਰੂ ਬਾਬਾ ਜੀ ਦੇ ਪਵਿੱਤਰ ਮੁੱਖ ਤੋਂ ਇਹ ਉਪਦੇਸ਼ ਸੁਣਕੇ ਬਹੁਤ ਖੁਸ਼ ਹੋਇਆ। ਇਸ ਰਸਤੇ ਚੱਲਕੇ ਆਪਣੇ ਅਮੋਲਕ ਜਨਮ ਦੀ ਸਫਲਤਾ ਕੀਤੀ। ਇਸ ਪ੍ਰਕਾਰ ਸੰਤ ਬਾਬਾ ਬੁੱਢਾ ਸਿੰਘ ਜੀ ਆਪਣੀ ਪਵਿੱਤਰ ਰਸਨਾ ਤੋਂ ਕਈ ਦਿਨ ਗੁਰਬਾਣੀ ਦੁਆਰਾ ਅੰਮ੍ਰਿਤ ਵਰਖਾ ਕਰਦੇ ਰਹੇ। ਐਸਾ ਉਪਦੇਸ਼ ਸੁਣਕੇ ਬਹੁਤ ਸਾਰੇ ਪ੍ਰੇਮੀਆਂ ਨੇ ਮੁਜ਼ਫਰਾਬਾਦ ਵਿੱਚ ਆਪਣੇ ਜੀਵਨ ਦਾ ਰੁੱਖ ਗੁਰਬਾਣੀ ਵੱਲ ਮੋੜਿਆ ਅਤੇ ਔਗੁਣਾਂ ਨੂੰ ਛੱਡਕੇ ਸਾਰ-ਗਰਾਹੀ ਬਣੇ।

ਥੋੜੇ ਦਿਨ ਇਸ ਅਸਥਾਨ ਤੇ ਉਪਦੇਸ਼ ਰੂਪੀ ਅੰਮ੍ਰਿਤ ਵਰਸਾਕੇ ਦੂਜੇ ਪਿੰਡਾਂ ਦੀਆਂ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਦੇ ਹੋਏ, ਸੰਤ ਦਿਆਲ ਸਿੰਘ ਜੀ ਜੋ ਉਸ ਅਸਥਾਨ ਦੇ ਮਹੰਤ ਸਨ ਨੂੰ ਨਾਲ ਲੈ ਕੇ, ਆਪਣੀ ਸੰਤ ਮੰਢਲੀ ਸਮੇਤ ਇਸ ਅਸਥਾਨ ਤੋਂ ਚਾਲੇ ਪਾਏ। ਮੁਜ਼ਫਰਾਬਾਦ ਤੋਂ ਚੱਲਕੇ, ਪਿੰਡ *ਬਦਸ਼ਤਾ* ਜੋ ਕਿ ਦਰਿਆ ਦੇ ਕਿਨਾਰੇ ਸਥਿਤ ਹੈ, ਗੁਰਦੁਆਰਾ ਸਾਹਿਬ ਛੇਵੀਂ ਪਾਤਿਸ਼ਾਹੀ ਦੀ ਯਾਤਰਾ ਕਰਕੇ, ਪਿੰਡ ਪਫ਼ਾ, ਹਰੀਪੁਰ, ਸਨਕਾਰੀ ਆਦਿਕ ਥਾਵਾਂ ਦੀ ਸੰਗਤ ਨੂੰ ਉਪਦੇਸ਼ ਕਰਦੇ ਅਤੇ ਸਤ ਪੁਰਸ਼ਾਂ ਨੂੰ ਮਿਲਦੇ ਹੋਏ ਅੰਮ੍ਰਿਤਸਰ ਪਹੁੰਚ ਗਏ।

## ਮਿਸਟਰ ਮੈਕਾਲਫ ਨੂੰ ਗੁਰਬਾਣੀ ਦੇ ਅਰਥਾਂ ਵਿੱਚ ਸਹਾਇਤਾ ਕਰਨ ਲਈ ਸਿਆਲਕੋਟ ਜਾਣਾ

ਇੱਕ ਦਿਨ ਮਹੰਤ ਬਾਬਾ ਪ੍ਰੇਮ ਸਿੰਘ ਜੀ ਸਿਆਲਕੋਟ ਵਾਲੇ ਜੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਦੁਆਰੇ ਦੀ ਸੇਵਾ ਕਰਵਾਉਂਦੇ ਸਨ ਨੇ ਅੰਮ੍ਰਿਤਸਰ ਆ ਕੇ ਉੱਘੇ ਉੱਘੇ ਵਿਦਵਾਨ ਸਾਧੂਆਂ ਨੂੰ ਮਿਲਕੇ ਬੇਨਤੀ ਕੀਤੀ ਕਿ ਸਿਆਲਕੋਟ ਦਾ ਸੈਸ਼ਨ-ਜੱਜ ਹੈ ਮਿਸਟਰ ਮੈਕਾਲਫ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇੰਗਲਿਸ਼ ਵਿੱਚ ਟੀਕਾ ਕਰ ਰਿਹਾ ਹੈ, ਇਸ ਲਈ ਕੁਝ ਗੂੜ੍ਹ ਸ਼ਬਦਾਂ ਦੇ ਅਰਥ ਸਮਝਣ ਲਈ ਸਹਾਇਤਾ ਚਾਹੁੰਦਾ ਹੈ। ਆਪ ਕੋਈ ਮਹਾਂਪੁਰਸ਼ ਪਰਉਪਕਾਰ ਹਿੱਤ, ਸਿਆਲਕੋਟ ਚੱਲ ਕੇ ਉਸ ਦੀ ਸਹਾਇਤਾ ਕਰੋ। ਬਾਬਾ ਪ੍ਰੇਮ ਸਿੰਘ ਜੀ ਦੀ ਬੇਨਤੀ ਸੁਣਕੇ ਸਭ ਸੰਤਾਂ ਨੇ ਵਿਚਾਰ ਕੀਤਾ ਕਿ ਇਸ ਪਾਵਨ ਕਾਰਜ ਲਈ ਸੰਤ ਬਾਬਾ ਬੁੱਢਾ ਸਿੰਘ ਜੀ ਨੂੰ ਬੇਨਤੀ ਕੀਤੀ ਜਾਵੇ। ਇਸ ਵਿਚਾਰ ਨਾਲ ਕੁਝ ਮਹਾਤਮਾਂ ਨੇ ਸੰਤ ਬਾਬਾ ਬੁੱਢਾ ਸਿੰਘ ਜੀ ਕੋਲ ਆ ਕੇ ਬੇਨਤੀ ਕੀਤੀ, ਮਹਾਂਪੁਰਸ਼ੋ! ਇੱਕ ਅੰਗਰੇਜ਼ ਜੱਜ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਕਰ ਰਿਹਾ ਹੈ ਉਹ ਕੁਝ ਸਹਾਇਤਾ ਚਾਹੁੰਦਾ ਹੈ ਔਖੇ ਸ਼ਬਦਾਂ ਨੂੰ ਸਮਝਣ ਲਈ, ਆਪ ਕ੍ਰਿਪਾ ਕਰੋ, ਕੁਝ ਦੇਰ ਸਿਆਲਕੋਟ ਠਹਿਰਕੇ ਉਸ ਦੀ ਸਹਾਇਤਾ ਕਰੋ। ਬਾਬਾ ਪ੍ਰੇਮ ਸਿੰਘ ਅਤੇ ਹੋਰ ਸਾਧੂਆਂ ਦਾ ਬਚਨ ਮੰਨਕੇ, ਬਾਬਾ ਬੁੱਢਾ ਸਿੰਘ ਜੀ ਮਹਾਰਾਜ ਸਮੇਤ ਸੰਤ ਮੰਡਲੀ ਦੇ ਸਿਆਲਕੋਟ ਪਹੁੰਚ ਗਏ। ਮਿਸਟਰ ਮੈਕਾਲਫ ਨੂੰ ਜੋ ਸਹਾਇਤਾ ਚਾਹੀਦੀ ਸੀ, ਯਾਨਿ ਜਿਨ੍ਹਾਂ ਸ਼ਬਦਾਂ ਬਾਰੇ ਸ਼ੰਸਾ ਸੀ ਉਹ ਗੁਰਬਾਣੀ ਦੇ ਆਸ਼ੇ ਅਨੁਸਾਰ ਦੂਰ ਕੀਤਾ। ਮਿਸਟਰ ਮੈਕਾਲਫ ਬਹੁਤ ਖੁਸ਼ ਹੋਇਆ ਕਿਉਂਕਿ ਉਸ ਨੂੰ ਇਸ ਪਵਿੱਤਰ ਕਾਰਜ ਲਈ ਸੇਧ ਮਿਲ ਗਈ। ਇਉਂ ਮਹਾਂਪੁਰਸ਼ਾਂ ਨੂੰ ਮਿਸਟਰ

ਮੈਕਾਲਫ ਨੇ ਬਹੁਤ ਪ੍ਰੇਮ ਨਾਲ ਇੱਕ ਮਹੀਨਾ ਆਪਣੇ ਕੋਲ ਰੱਖਿਆ। ਆਪ ਜੀ ਵੀ ਭਾਵੇਂ ਸਵੇਰ-ਸ਼ਾਮ ਸ਼ਹਿਰ ਦੇ ਗੁਰਦੁਆਰਾ ਸਾਹਿਬ ਕਥਾ ਕਰਦੇ, ਲੇਕਿਨ ਰਿਹਾਇਸ਼ ਪ੍ਰੇਮਵਸ ਮਿਸਟਰ ਮੈਕਾਲਫ ਦੇ ਬੰਗਲੇ ਹੀ ਰੱਖੀ।

ਕੁਝ ਸਮਾਂ ਉਥੇ ਠਹਿਰ ਕੇ ਗੁਰਦੁਆਰਾ ਸਾਹਿਬ ਬਾਬੇ ਦੀ ਬੀੜ ਦਰਸ਼ਨ ਕਰਨ ਗਏ। ਇਹ ਉਹ ਪਵਿੱਤਰ ਅਸਥਾਨ ਹੈ ਜਿੱਥੇ ਜਾਹਰਾ ਪੀਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੱਚ-ਝੂਠ ਦਾ ਵਿਉਪਾਰ ਕੀਤਾ ਸੀ। ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਬੇਨਤੀ ਪ੍ਰਵਾਨ ਕਰਕੇ, ਇਥੇ ਵੀ ਆਪ ਜੀ ਨੇ ਸਵੇਰੇ ਸ਼ਾਮ ਸਤਸੰਗ ਸ਼ੁਰੂ ਕੀਤਾ। ਇਹ ਇਤਿਹਾਸਕ ਅਸਥਾਨ ਅਤੇ ਆਪ ਦੇ ਕਥਾ ਕਰਨ ਦੇ ਸਰਲ ਢੰਗ ਤੋਂ ਪ੍ਰਭਾਵਤ ਹੋ ਕੇ ਸੰਗਤਾਂ ਭਾਰੀ ਗਿਣਤੀ ਵਿੱਚ ਜੁੜਨੀਆਂ ਸ਼ੁਰੂ ਹੋ ਗਈਆਂ। ਇੱਕ ਦਿਨ ਆਪ ਨੇ ਇਸ ਪਵਿੱਤਰ ਅਸਥਾਨ ਦੀ ਸਾਖੀ ਇਸ ਪ੍ਰਕਾਰ ਸੁਣਾਈ—

ਇਕ ਦਫਾ ਦਾ ਜ਼ਿਕਰ ਹੈ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜਗਤ ਜਲੰਦੇ ਦੀ ਸਾਰ ਕਰਦੇ, ਮਰਦਾਨੇ ਸਮੇਤ ਸਿਆਲਕੋਟ ਸ਼ਹਿਰ ਤੋਂ ਬਾਹਰ ਇਸ ਅਸਥਾਨ ਤੇ ਪਹੁੰਚੇ। ਹੁਕਮ ਕੀਤਾ ਮਰਦਾਨਿਆਂ! ਆਹ ਲੈ ਦੋ ਟਕੇ, ਬਾਜ਼ਾਰ ਵਿੱਚ ਜਾਹ, ਇੱਕ ਟਕੇ ਦਾ ਸੱਚ ਅਤੇ ਇੱਕ ਟਕੇ ਦਾ ਝੂਠ ਲੈ ਕੇ ਆ। ਮਰਦਾਨਾ ਹੁਕਮ ਮੰਨਕੇ ਸ਼ਹਿਰ ਵਿੱਚ ਗਿਆ। ਇੱਕ-ਇੱਕ ਦੁਕਾਨ ਤੇ ਪੁੱਛਿਆ, ਮੈਨੂੰ ਇੱਕ ਟਕੇ ਦਾ ਸੱਚ ਅਤੇ ਇੱਕ ਟਕੇ ਦਾ ਝੂਠ ਚਾਹੀਦਾ ਹੈ, ਮਗਰ ਕਿਸੇ ਨੇ ਨਾ ਦਿੱਤਾ। ਕੱਪੜੇ ਵਾਲੇ ਨੇ ਕਿਹਾ, ਕਪੜਾ ਲੈ ਜਾ, ਸਬਜ਼ੀ ਵਾਲੇ ਨੇ ਕਿਹਾ, ਸਬਜ਼ੀ ਲੈ ਜਾਹ, ਪ੍ਰੰਤੂ ਸੱਚ, ਝੂਠ ਦਾ ਸੌਦਾ ਕਿਤੋਂ ਨਾ ਮਿਲਿਆ। ਇੱਕ-ਇੱਕ ਦੁਕਾਨ ਕਰਕੇ ਸਾਰੇ ਸ਼ਹਿਰ ਫਿਰਿਆ, ਆਖਰ ਇਕ ਜੌਹਰੀ ਦੀ ਦੁਕਾਨ ਤੇ ਗਿਆ, ਉਸ ਦੁਕਾਨ ਤੇ ਇਕ ਨੌਜਵਾਨ ਲੜਕਾ ਬੈਠਾ ਸੀ, ਉਸਨੂੰ ਵੀ ਉਹੀ ਪੁੱਛਿਆ ਮੈਨੂੰ ਦੋ ਟਕੇ ਦਾ ਸੱਚ ਝੂਠ ਚਾਹੀਦਾ ਹੈ। ਉਸ ਸ਼ਾਹੂਕਾਰ ਲੜਕੇ ਨੇ ਮਰਦਾਨੇ ਤੋਂ ਦੋਨੋਂ ਟਕੇ ਲੈ ਲਏ। ਇਕ ਕਾਗਜ਼ ਦੇ ਟੁਕੜੇ ਤੇ ਲਿਖ ਦਿਤਾ — ਮਰਨਾ ਸੱਚ, ਜਿਊਣਾ ਝੂਠ। ਮਰਦਾਨਾ ਕਾਗਜ਼ ਲੈ ਕੇ ਸ਼ਹਿਰ ਤੋਂ ਬਾਹਰ ਗੁਰੂ ਬਾਬਾ ਜੀ ਦੇ ਚਰਨਾਂ ਵਿੱਚ ਪਹੁੰਚਿਆ। ਸ਼ਾਹੂਕਾਰ ਲੜਕੇ ਵਾਲਾ ਕਾਗਜ਼ ਦਾ ਟੁੱਕੜਾ ਗੁਰੂ ਬਾਬਾ ਜੀ ਦੇ ਚਰਨਾ ਵਿਚ ਰਖ ਕੇ ਨਮਸ਼ਕਾਰ ਕੀਤੀ। ਕਾਗਜ਼ ਪੜ੍ਹਕੇ ਗੁਰੂ ਬਾਬਾ ਜੀ ਬੋਲੇ ਮਰਦਾਨਿਆਂ, ਜਿਸ ਨੇ ਇਹ ਲਿਖਿਆ ਹੈ, ਉਸ ਨੂੰ ਬੁਲਾ ਕੇ ਲਿਆ। ਬਚਨ ਮੰਨਕੇ ਮਰਦਾਨਾ ਉਸ ਜੌਹਰੀ ਲੜਕੇ ਪਾਸ ਪਹੁੰਚਿਆ, ਬਚਨ ਕੀਤਾ ਤੈਨੂੰ ਮੇਰੇ ਗੁਰੂ ਬਾਬਾ ਜੀ ਬੁਲਾਉਂਦੇ ਹਨ। ਜੌਹਰੀ ਲੜਕਾ ਜੋ ਫਕੀਰਾਂ ਦਾ ਸਤਸੰਗੀ ਤਾਂ ਹੈ ਹੀ ਸੀ, ਦੁਕਾਨ ਬੰਦ ਕਰਕੇ ਮਰਦਾਨੇ ਨਾਲ ਚੱਲ ਪਿਆ। ਜਾ ਕੇ ਗੁਰੂ ਬਾਬਾ ਜੀ ਦੇ ਪਵਿੱਤਰ ਚਰਨਾਂ ਤੇ ਬੜੀ ਸ਼ਰਧਾ ਅਤੇ ਪ੍ਰੇਮ ਨਾਲ ਨਮਸ਼ਕਾਰ ਕੀਤੀ। ਗੁਰੂ ਬਾਬਾ ਜੀ ਨੇ ਪੁੱਛਿਆ, ਪ੍ਰੇਮੀਆਂ ਕੀ ਨਾਮ ਹੈ ਤੇਰਾ? ਜੀ! ਮੂਲਾ ਹੈ। ਇਹ ਕਾਗਜ਼ ਤੈਂ ਲਿਖਿਆ ਹੈ? ਹਾਂ ਮਹਾਰਾਜ। ਇਹ ਜੋ ਲਿਖਿਆ ਹੈ ਇਸ ਗੱਲ ਨੂੰ ਯਾਨੀ ਮਰਨਾ ਸੱਚ, ਜੀਉਣਾ ਝੂਠ ਅੱਛੀ ਤਰ੍ਹਾਂ ਜਾਣ ਲਿਆ ਹੈ? ਹਾਂ ਮਹਾਰਾਜ! ਜੇ ਜਾਣਦਾ ਸੀ ਤਾਂ ਹੀ ਲਿਖਕੇ ਦਿੱਤਾ। ਹਜ਼ੂਰ ਬੋਲੇ ਫਿਰ ਝੂਠ ਤੋਂ ਕੀ ਲੈਣਾ ਹੈ, ਚੱਲ-ਚੱਲੀਏ, ਝੂਠਾ ਵਣਜ ਛੱਡ, ਕਰਤਾਰ ਦੀ ਨੌਕਰੀ ਕਰੀਏ। ਮੂਲਾ ਦੁਕਾਨ ਤਾਂ ਬੰਦ ਕਰਕੇ ਹੀ ਆਇਆ ਸੀ, ਬਚਨ ਮੰਨਕੇ ਸਤਿਗੁਰਾਂ ਦੇ ਨਾਲ ਹੋ ਤੁਰਿਆ।

ਕਾਫੀ ਲੰਮਾ ਸਮਾਂ ਗੁਰੂ ਬਾਬਾ ਜੀ ਨਾਲ ਰਹਿਕੇ ਯਾਤਰਾ ਕੀਤੀ, ਦੇਸ਼-ਦਿਸ਼ਾਂਤਰਾਂ ਦਾ ਰਟਨ ਕੀਤਾ, ਬੇਅੰਤ ਕੌਤਕ ਗੁਰੂ ਬਾਬਾ ਜੀ ਦੇ ਪ੍ਰਤੱਖ ਦੇਖੇ। ਇਕ ਦਿਨ ਦਾ ਜ਼ਿਕਰ ਕਾਫੀ ਦਿਨ ਚੜ੍ਹ ਗਿਆ, ਗੁਰੂ ਬਾਬਾ ਜੀ ਸਮਾਧੀ ਤੋਂ ਉਥਾਨ ਨਹੀਂ ਹੋ ਰਹੇ। ਆਖਰ ਕਮਲਾਂ ਵਰਗੇ ਨੇਤਰ ਖੋਲ੍ਹੇ, ਹੁਕਮ ਹੋਇਆ, ਮੂਲਿਆ! ਬਈ ਤੈਨੂੰ ਘਰ ਵਾਲੇ ਯਾਦ ਕਰਦੇ ਹਨ। ਮਹਾਰਾਜ ਕੀ ਕਹਿੰਦੇ ਨੇ? ਤੇਰੀ ਜਿਥੇ ਮੰਗਣੀ ਹੋਈ ਹੈ, ਉਹ ਲੜਕੀ ਵਾਲਿਆਂ ਨੇ ਕਿਹਾ ਹੈ, ਅਗਰ ਪਰਸੋਂ ਤੱਕ ਤੁਹਾਡਾ ਲੜਕਾ ਨਾ ਆਇਆ ਤਾਂ ਅਸੀਂ ਲੜਕੀ ਦੀ ਸ਼ਾਦੀ ਕਿਤੇ ਹੋਰ ਕਰ ਦਿਆਂਗੇ। ਦੱਸ ਹੁਣ ਸ਼ਾਦੀ ਕਰਾਉਣੀ ਹੈ ਕਿ ਫਕੀਰੀ ਕਰਨੀ ਹੈ? ਮੂਲੇ ਨੇ ਪੁੱਛਿਆ, ਮਹਾਰਾਜ! ਸਿਆਲਕੋਟ ਇਥੋਂ ਕਿਤਨੀ ਦੂਰ ਹੈ? ਮੂਲਿਆ ਇਕ ਹਜ਼ਾਰ ਯੋਜਨ ਹੈ।

ਮੂਲਾ-ਮਹਾਰਾਜ ਪਰਸੋਂ ਤੱਕ ਤਾਂ ਮੈਂ ਕਿਸੇ ਵੀ ਤਰੀਕੇ ਨਹੀਂ ਪਹੁੰਚ ਸਕਦਾ, ਸ਼ਾਦੀ ਵਾਲੀ ਗੱਲ ਤਾਂ ਮੁਸ਼ਕਿਲ ਹੀ ਨਜ਼ਰ ਆਉਂਦੀ ਹੈ, ਲੱਗਦਾ ਹੈ ਹੁਣ ਤਾਂ ਫਕੀਰੀ ਹੀ ਕਰਨੀ ਪਊ।

ਗੁਰੂ ਬਾਬਾ ਜੀ ਬੋਲੇ, ਮੂਲਿਆ! ਜਾਣ ਵਾਲੀ ਚਿੰਤਾਂ ਤਾਂ ਤੂੰ ਕਰਤਾਰ ਤੇ ਛੱਡ, ਅਗਰ ਤੇਰੀ ਸ਼ਾਦੀ ਵਗੈਰਾ ਦੀ ਇੱਛਾ ਹੈ, ਤਾਂ ਪਹੁੰਚਾ ਤਾਂ ਕਰਤਾਰ ਇਕ ਛਿਨ ਤੋਂ ਵੀ ਪਹਿਲਾਂ ਦੇਵੇਗਾ, ਪ੍ਰੰਤੂ ਫੈਸਲਾ ਤੈਂ ਖੁਦ ਕਰਨਾ ਹੈ, ਕਿ ਦੋਨਾਂ ਵਿੱਚੋਂ ਕਿਹੜਾ ਰਸਤਾ ਅਖਤਿਆਰ ਕਰਨਾ ਹੈ, ਯਾਨੀ ਗ੍ਰਹਿਸਤ ਦਾ ਜਾਂ ਤਿਆਗ ਦਾ।

ਮੂਲਾ – ਮਹਾਰਾਜ! ਅਗਰ ਮੈਂ ਪਰਸੋਂ ਤੋਂ ਪਹਿਲਾਂ ਪਹੁੰਚ ਸਕਦਾ ਹਾਂ, ਤਾਂ ਸ਼ਾਦੀ ਕਰ ਆਉਂਦਾ ਹਾਂ, ਨਾਲੇ ਘਰ ਵਾਲੇ ਖੁਸ਼ ਹੋ ਜਾਣਗੇ। ਥੋੜ੍ਹੇ ਦਿਨਾਂ ਬਾਅਦ ਫਿਰ ਆਪ ਦੇ ਚਰਨਾਂ ਵਿੱਚ ਹਾਜ਼ਰ ਹੋ ਜਾਊਂ। ਗੁਰੂ ਬਾਬਾ ਜੀ ਨੇ ਬਚਨ ਕੀਤਾ, ਮੂਲਿਆ, ਆਪਦੇ ਘਰ ਦਾ ਧਿਆਨ ਕਰਕੇ ਨੇਤਰ ਬੰਦ ਕਰ ਲੈ। ਥੋੜ੍ਹੀ ਦੇਰ ਬਾਅਦ ਮੂਲੇ ਨੇ ਨੇਤਰ ਖੋਲ੍ਹੇ ਤਾਂ ਕੀ ਦੇਖਦਾ ਹੈ, ਸਿਆਲਕੋਟ ਆਪਣੇ ਘਰ ਵਾਲਿਆਂ ਦੇ ਵਿਚਕਾਰ ਬੈਠਾ ਹੈ। ਘਰ ਵਾਲੇ ਬਹੁਤ ਖੁਸ਼ ਹੋਏ, ਲੜਕੀ ਵਾਲਿਆਂ ਨੂੰ ਸੰਦੇਸ਼ਾ ਦੇ ਕੇ ਨੀਯਤ ਦਿਨ ਤੇ ਸ਼ਾਦੀ ਕਰ ਦਿੱਤੀ। ਮੂਲਾ ਹੁਣ ਗ੍ਰਹਿਸਤ ਦੇ ਸੁੱਖ ਅਤੇ ਕਾਰੋਬਾਰ ਵਿੱਚ ਇਤਨਾ ਲੀਨ ਹੋ ਗਿਆ, ਕਿ ਗੁਰੂ ਬਾਬਾ ਜੀ ਨੂੰ ਦਿਲੋਂ ਖਿਆਲੋਂ ਭੁਲਾ ਦਿੱਤਾ।

ਕਾਫੀ ਸਮਾਂ ਬੀਤ ਜਾਣ ਤੋਂ ਬਾਅਦ ਇਕ ਦਿਨ ਜਗਤ ਦੇ ਸੁਆਮੀ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਨੇ ਹੁਕਮ ਕੀਤਾ, ਮਰਦਾਨਿਆਂ! ਮੂਲਾ ਕਿਤਨਾਂ ਸਮਾਂ ਨਾਲ ਰਹਿਕੇ ਸੇਵਾ ਕਰਦਾ ਰਿਹਾ ਹੈ, ਪ੍ਰੰਤੂ ਹੁਣ ਉਸ ਨੂੰ ਮਾਇਆ ਦੇ ਛਿਨ ਭੰਗੁਰ ਸੁੱਖਾਂ ਨੇ ਭਰਮਾ ਲਿਆ ਹੈ, ਚੱਲ ਬਈ ਉਹਦੀ ਸਾਰ ਕਰੀਏ! ਕਰ ਨੇਤਰ ਬੰਦ, ਤੇ ਧਰ ਧਿਆਨ ਕਰਤਾਰ ਦਾ। ਬਸ ਇੰਨਾਂ ਕਰਨ ਦੀ ਦੇਰ ਸੀ, ਸਿਆਲਕੋਟ ਉਸੇ ਬਾਗ ਵਿੱਚ ਆ ਬਿਰਾਜਮਾਨ ਹੋਏ। ਹੁਕਮ ਕੀਤਾ, ਮਰਦਾਨਿਆਂ! ਲਿਆ ਮੂਲੇ ਨੂੰ ਬੁਲਾਕੇ। ਹੁਕਮ ਮੰਨਕੇ ਮਰਦਾਨਾ ਚੱਲ ਪਿਆ, ਅੱਗੇ ਦੁਕਾਨ ਉਪਰ ਬੈਠੇ ਮੂਲੇ ਨੇ ਦੂਰੋਂ ਮਰਦਾਨੇ ਨੂੰ ਦੇਖਕੇ ਘਰ ਵਾਲੀ ਨੂੰ ਦੱਸਿਆ, ਜਿਹੜੇ ਸੰਤ ਮੈਨੂੰ ਨਾਲ ਲੈ ਗਏ ਸਨ, ਉਹ ਅੱਜ ਫੇਰ ਆ ਰਹੇ ਹਨ, ਐਸਾ ਨਾ ਹੋਵੇ ਮੈਨੂੰ ਫਿਰ ਨਾਲ ਜਾਣ ਲਈ ਕਹਿਣ। ਇਸ ਤੋਂ ਅੱਛਾ ਹੈ ਦੁਕਾਨ ਤੇ ਤੂੰ ਬੈਠ ਜਾਹ ਮੈਂ ਅੰਦਰ ਛੁਪ ਜਾਂਦਾ ਹਾਂ। ਅਗਰ ਮੇਰੇ ਬਾਰੇ ਪੁੱਛਿਆ ਤੂੰ ਕਹਿ ਦੇਈਂ, ਘਰ ਨਹੀਂ ਹਨ।

ਘਰ ਵਾਲੀ ਪਹਿਲਾਂ ਹੀ ਜਾਣਦੀ ਸੀ ਕਿ ਸਾਧੂ ਇਸ ਨੂੰ ਨਾਲ ਲੈ ਗਏ ਸਨ, ਕਿਤੇ ਐਸਾ ਨਾ ਹੋਵੇ, ਹੁਣ ਫੇਰ ਨਾਲ ਲੈ ਜਾਣ। ਇਤਨੇ ਨੂੰ ਮਰਦਾਨਾ ਦੁਕਾਨ ਤੇ ਪਹੁੰਚਿਆ, ਕੀ ਦੇਖਦਾ ਹੈ, ਦੁਕਾਨ ਉਹੀ ਲੱਗਦੀ ਹੈ, ਪ੍ਰੰਤੂ ਮੂਲੇ ਦੀ ਜਗ੍ਹਾ ਇਕ ਨੌਜਵਾਨ ਔਰਤ ਬੈਠੀ ਹੈ। ਪੁੱਛਿਆ, ਬੀਬੀ! ਮੂਲੇ ਨੂੰ ਮਿਲਣਾ ਹੈ, ਮੇਰੇ ਗੁਰੂ ਬਾਬਾ ਜੀ ਸ਼ਹਿਰ ਤੋਂ ਬਾਹਰ ਬਾਗ ਵਿੱਚ ਬੈਠੇ ਮੂਲੇ ਨੂੰ ਬੁਲਾ ਰਹੇ ਹਨ। ਔਰਤ ਨੇ ਜਵਾਬ ਦਿੱਤਾ, ਉਹ ਤਾਂ ਘਰ ਨਹੀਂ ਹਨ। ਜਵਾਬ ਲੈ ਕੇ ਮਰਦਾਨਾ ਵਾਪਸ ਗੁਰੂ ਚਰਨਾਂ ਵਿੱਚ ਪਹੁੰਚਿਆ, ਅਰਜ਼ ਕੀਤੀ ਗਰੀਬ ਨਿਵਾਜ਼! ਮੂਲਾ ਘਰ ਨਹੀਂ ਹੈ। ਗੁਰੂ ਬਾਬਾ ਜੀ ਥੋੜ੍ਹੇ ਮੁਸਕਰਾਏ, ਹੁਕਮ ਕੀਤਾ ਮਰਦਾਨਿਆਂ ਇਕ ਵਾਰ ਫਿਰ ਜਾਹ। ਉਨ੍ਹਾਂ ਨੂੰ ਆਖ ਅਸੀਂ ਬੜੀ ਦੂਰ ਤੋਂ ਆਏ ਹਾਂ, ਮੂਲੇ ਨੂੰ ਮਿਲਣ ਲਈ। ਹੁਕਮ ਪਾ ਕੇ ਮਰਦਾਨਾ ਵਾਪਸ ਸ਼ਹਿਰ ਗਿਆ, ਅੱਗੇ ਦੁਕਾਨ ਤੇ ਉਹੀ ਔਰਤ ਬੈਠੀ ਹੈ। ਬੋਲਿਆ, ਬੀਬੀ! ਅਸੀਂ ਮੂਲੇ ਨੂੰ ਮਿਲਣ ਲਈ ਬਹੁਤ ਦੂਰ ਤੋਂ ਚੱਲਕੇ ਆਏ ਹਾਂ, ਜਗਤ ਨਾਥ ਗੁਰੂ ਬਾਬਾ ਜੀ ਹਜ਼ਾਰਾਂ ਕੋਹਾਂ ਦਾ ਪੈਂਡਾ ਤਹਿ ਕਰਕੇ, ਭੁੱਖ ਪਿਆਸ ਅਤੇ ਅਨੇਕਾਂ ਕਸ਼ਟ ਸਹਾਰਕੇ ਆਪਣਿਆਂ ਨੂੰ, ਯਾਨੀ ਜਿਨ੍ਹਾਂ ਨੂੰ ਆਪਣੇ ਬਣਾ ਲਿਆ ਹੈ, ਜੀਅ ਦਾਨ ਦੇਣ ਲਈ ਉਨ੍ਹਾਂ ਦੇ ਕੋਲ ਜਾਂਦੇ ਹਨ। ਆਪ ਇਸਦੀ ਕਦਰ ਕਰੋ, ਮੂਲਾ ਜਿਥੇ ਗਿਆ ਹੈ ਉਥੋਂ ਬੁਲਾਕੇ ਮੇਰੇ ਨਾਲ ਭੇਜੋ, ਤਾਂਕਿ ਗੁਰੂ ਬਾਬਾ ਜੀ ਨੂੰ ਖੁਸ਼ੀ ਮਿਲ ਜਾਵੇ। ਲੜਕੀ ਬੋਲੀ, ਬਾਬਾ! ਇਥੇ ਹੈ ਨਹੀਂ ਕਿਤੇ ਦੂਰ ਗਏ ਹਨ। ਮਰਦਾਨੇ ਨੇ ਵਾਪਸ ਆ ਕੇ, ਗੁਰੂ ਬਾਬਾ ਜੀ ਨੂੰ ਸਾਰੀ ਵਿਥਿਆ ਫਿਰ ਸੁਣਾਈ। ਗੁਰੂ ਬਾਬਾ ਜੀ ਮੁਸਕਰਾ ਕੇ ਬੋਲੇ, ਜੀਵਾਂ ਦੇ ਅੰਦਰ ਮਨਮੁੱਖਤਾ ਦੇ ਕਾਰਣ ਕਿਤਨੀ ਚੰਚਲਤਾ ਆ ਜਾਂਦੀ ਹੈ, ਮਾਇਆ ਦੇ ਛਿਨ ਭੰਗੁਰ ਸੁੱਖਾਂ ਦੀ ਬਦਲੀ ਨਾਲ ਸੱਚ ਦੇ ਸੂਰਜ ਨੂੰ ਛਪਾਉਣਾ ਚਾਹੁੰਦੇ ਹਨ।

ਹੁਕਮ ਕੀਤਾ, ਮਰਦਾਨਿਆਂ! ਇਕ ਵਾਰ ਫਿਰ ਜਾਹ ਬਈ, ਉਹਨੂੰ ਆਪਣਾ ਬਣਾਇਆ ਹੈ, ਆਪਣੇ ਦੇ ਭਲੇ ਲਈ ਫਿਰ ਕਸ਼ਟ ਉਠਾ। ਮਰਦਾਨੇ ਵਿਚਾਰੇ ਦਾ ਮਨ ਤਾਂ ਨਹੀਂ ਸੀ ਕਰਦਾ, ਲੇਕਿਨ ਹੁਕਮ ਦਾ ਬੱਝਿਆ, ਫਿਰ ਉਠ ਤੁਰਿਆ। ਪਹੁੰਚ ਕੇ ਦੇਖਿਆ, ਉਹੀ ਲੜਕੀ ਦੁਕਾਨ ਤੇ ਬੈਠੀ ਹੈ, ਬੋਲਿਆ ਬੇਟਾ! ਮੂਲੇ ਨੂੰ ਮੇਰੇ ਨਾਲ ਭੇਜ ਦਿਉ, ਗੁਰੂ ਬਾਬਾ ਜੀ ਸਾਖਸ਼ਾਤ ਨਿਰੰਕਾਰ ਦਾ ਰੂਪ ਹਨ। ਉਹ ਜੀਵਾਂ ਦੇ ਭਲੇ ਲਈ ਸੰਸਾਰ ਤੇ ਆਏ ਹਨ, ਇਸ ਲਈ ਆਪਣਾ ਜਾਣਕੇ ਹੀ ਬਾਰ-ਬਾਰ ਬੁਲਾ ਰਹੇ ਹਨ। ਮੂਲੇ ਦੀ ਘਰ ਵਾਲੀ ਥੋੜੇ ਕ੍ਰੋਧ ਵਿੱਚ ਆ ਕੇ ਬੋਲੀ, ਬਾਬਾ! ਤੈਨੂੰ ਇਕ ਵਾਰ ਕਿਹਾ ਦੋ ਵਾਰ ਕਿਹਾ, ਇਥੇ ਹੈ ਨਹੀਂ, ਕਿਤੇ ਦੂਰ ਗਏ ਨੇ, ਤੂੰ ਫਿਰ ਨਹੀਂ ਹਟਦਾ, ਬਾਰ-ਬਾਰ ਆ ਕੇ ਉਹੀ ਗੱਲ ਕਰੀਂ ਜਾ

ਰਿਹਾ ਹੈਂ। ਮਰਦਾਨਾ ਵਿਚਾਰਾ ਨਿੰਮੋਝੂਣਾ ਹੋ ਕੇ ਵਾਪਸ ਮੁੜ ਆਇਆ। ਅਰਜ਼ ਕੀਤੀ, ਗਰੀਬ ਨਿਵਾਜ਼! ਮੂਲਾ ਕਿਤੇ ਬਾਹਰ ਗਿਆ ਹੈ, ਘਰ ਨਹੀਂ।

ਮੂਲੇ ਦੀ ਅਤੇ ਉਸਦੀ ਔਰਤ ਦੀ ਕੁਟਲਤਾ ਦੇਖਕੇ, ਗੁਰੂ ਬਾਬਾ ਜੀ ਦੇ ਸੁਮੇਰ ਪਰਬਤ ਦੀ ਨਿਆਈਂ, ਅਚੱਲ ਚਿਹਰੇ ਤੇ ਜਲਾਲ ਆ ਗਿਆ, ਸਹਜ ਸੁਭਾ ਬਚਨ ਕਰ ਦਿੱਤਾ—

ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ॥
ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ॥

*(ਸਲੋਕ ਵਾਰਾਂ ਤੇ ਵਧੀਕ ੧੪੧੨)*

ਚੰਗਾ ਮਰਦਾਨਿਆਂ! ਮੂਲਾ ਹੈ ਹੀ ਨਹੀਂ, ਬੱਸ ਫਿਰ ਕੀ ਸੀ, ਸਾਧੂ ਦੇ ਸਹਜ ਸੁਭਾ ਕੀਤੇ ਬਚਨ ਬਾਰੇ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਕੁਝ ਇਉਂ ਵਰਨਣ ਕਰਦੇ ਹਨ—

ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ॥
ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ॥
ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ॥
ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ॥
ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ॥
ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ॥
ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ॥
ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ॥

*(ਸਾਰਗ ਮ: ੫, ਪੰਨਾ-੧੨੦੪)*

ਗੁਰੂ ਅਰਜਨ ਦੇਵ ਮਹਾਰਾਜ ਫੁਰਮਾਨ ਕਰਦੇ ਹਨ, ਰਾਤ, ਦਿਨ, ਤਾਰੇ, ਸੂਰਜ, ਚੰਦਰਮਾਂ, ਪਹਾੜ, ਧਰਤੀ, ਪਾਣੀ, ਹਵਾ, ਚਾਰੇ ਖਾਣੀਆਂ, ਚਾਰ ਵੇਦ, ਛੇ ਸ਼ਾਸਤਰ ਅਤੇ ਤਿੰਨੇ ਗੁਣ ਨਾਸਵੰਤ ਹਨ। ਗੱਲ ਕੀ ਜੋ ਕੁਝ ਨਜ਼ਰ ਆਉਂਦਾ ਹੈ ਸਭ ਨਾਸ਼ਵਾਨ ਹੈ, ਲੇਕਿਨ ਸਾਧ ਦਾ ਬਚਨ ਕਦੇ ਨਾਸ਼ ਨਹੀਂ ਹੁੰਦਾ। ਤਿੰਨਾਂ ਕਾਲਾਂ, ਚੌਦਾਂ ਭਵਨਾਂ ਵਿੱਚ ਹਮੇਸ਼ਾਂ ਸੱਤ ਹੈ। ਉਧਰ ਮੂਲਾ ਘਰਦੇ ਅੰਦਰ ਪਾਥੀਆਂ ਦੇ ਗੁਹਾਰੇ ਵਿੱਚ ਇਸ ਲਈ ਛੁਪਿਆ ਬੈਠਾ ਸੀ ਕਿ ਮਰਦਾਨਾ ਕਿਤੇ ਅੰਦਰ ਆ ਕੇ ਨਾ ਵੇਖ ਲਵੇ। ਗੁਹਾਰੇ ਵਿੱਚ ਬੈਠੇ ਦੇ ਸੱਪ ਨੇ ਡੰਗ ਮਾਰਿਆ, ਉਸੇ ਵਕਤ ਮੌਤ ਹੋ ਗਈ। ਜਦ ਘਰ ਵਾਲੀ ਨੇ ਅੰਦਰ ਆ ਕੇ ਮੂਲੇ ਨੂੰ ਮਰਿਆ ਦੇਖਿਆ, ਤਾਂ ਰੋਣਾ ਪਿਟਣਾ ਸ਼ੁਰੂ ਕਰ ਦਿੱਤਾ। ਆਵਾਜ਼ ਸੁਣਕੇ ਆਂਢ-ਗੁਆਂਢ ਵਾਲੇ ਲੋਕ ਇਕੱਠੇ ਹੋ ਗਏ। ਅਚਾਨਕ ਐਸਾ ਹੋਇਆ ਵੇਖਕੇ ਹਾ-ਹਾ ਕਾਰ ਮੱਚ ਗਈ। ਮੂਲੇ ਦੀ ਘਰ ਵਾਲੀ ਨੇ ਮਰਦਾਨੇ ਦੇ ਤਿੰਨ ਵਾਰ ਘਰ ਆਉਣ ਵਾਲੀ ਕਹਾਣੀ ਰੋ-ਰੋ ਕੇ ਸੁਣਾਈ। ਵਿੱਚੋਂ ਕਿਸੇ ਨੇ ਸਲਾਹ ਦਿੱਤੀ, ਮਹਾਂਪੁਰਸ਼ ਦਿਆਲੂ ਹੁੰਦੇ ਹਨ, ਹੁਣ ਵੀ ਮੂਲੇ ਦੇ ਮ੍ਰਿਤਕ ਸਰੀਰ ਨੂੰ ਉਨ੍ਹਾਂ ਦੇ ਚਰਨਾਂ ਵਿੱਚ ਲੈ ਚੱਲੀਏ, ਹੋ ਸਕਦਾ ਹੈ ਮੇਹਰਾਂ ਦੇ ਘਰ ਆ ਕੇ, ਕੋਈ ਰੇਖ ਵਿੱਚ ਮੇਖ ਮਾਰ ਦੇਣ। ਮੂਲੇ ਦੇ ਮ੍ਰਿਤਕ ਸਰੀਰ ਨੂੰ ਉਠਾ ਕੇ ਗੁਰੂ ਬਾਬਾ ਜੀ ਦੇ ਚਰਨਾ ਵਿੱਚ ਲਿਟਾ ਦਿੱਤਾ। ਘਰ ਵਾਲੇ ਸਭ ਲੋਕ ਲੱਗੇ ਅਰਜ਼ਾਂ ਕਰਨ, ਮਹਾਰਾਜ ਕ੍ਰਿਪਾ ਕਰੋ ਜੀਵ ਹਮੇਸ਼ਾਂ ਭੁੱਲਣਹਾਰ ਹੈ, ਆਪ ਸਦਾ ਬਖਸ਼ਿੰਦ ਹੋ, ਇਹ ਫਿਰ ਵੀ ਤੁਹਾਡਾ ਹੀ ਹੈ, ਭੁੱਲ ਮੁਆਫ ਕਰਕੇ ਬਖਸ਼ ਦਿਉ। ਗੁਰੂ ਬਾਬਾ ਜੀ ਬੋਲੇ, ਜੇ ਸਾਡਾ ਸੀ ਤਾਂ ਹੀ ਮਰਦਾਨੇ ਨੂੰ ਤਿੰਨ ਵਾਰ ਭੇਜਿਆ ਇਸ ਨੂੰ ਬੁਲਾਉਣ ਲਈ, ਲੇਕਿਨ ਇਸ ਨੇ ਆਪਣੀ ਮਨਮੁੱਖਤਾ ਨਹੀਂ ਛੱਡੀ, ਹੁਣ ਜੋ ਤੀਰ ਚਿੱਲੇ ਵਿੱਚੋਂ ਨਿਕਲ ਗਿਆ, ਉਹ ਵਾਪਸ ਨਹੀਂ ਆ ਸਕਦਾ। ਮੂਲੇ ਦੇ ਘਰ ਵਾਲੇ ਫਿਰ ਬੇਨਤੀਆਂ ਕਰੀ ਜਾਣ, ਮਹਾਰਾਜ ਇਹ ਆਪ ਦਾ ਹੀ ਹੈ, ਆਪਣੇ ਦੀ ਲਾਜ ਰੱਖੋ, ਭੁੱਲ ਮੁਆਫ ਕਰਕੇ ਬਖਸ਼ੋ। ਹਜ਼ੂਰ ਬੋਲੇ, ਹਾਂ ਬਖਸ਼ਾਂਗੇ, ਹੁਣ ਦਸਮੇਂ ਜਾਮੇਂ ਵਿੱਚ ਇਸਦਾ ਉਧਾਰ ਕਰਾਂਗੇ, ਇਹ ਉਤਨੀ ਦੇਰ ਮਨਮੁੱਖਤਾ ਦਾ ਫਲ ਖਾਏਗਾ।*

---

* *ਦਸ਼ਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ ਹਜ਼ੂਰ ਸਾਹਿਬ ਮੂਲੇ ਨੂੰ ਇਕ ਸਹੇ ਦੇ ਰੂਪ ਵਿੱਚ ਮਾਰਕੇ ਉਧਾਰ ਕੀਤਾ, ਜਿਥੇ ਅੱਜ ਕੱਲ੍ਹ ਗੁਦਾਵਰੀ ਦੇ ਕੰਢੇ ਗੁਰਦੁਆਰਾ ਸ਼ਿਕਾਰ ਘਾਟ ਸੁਸ਼ੋਭਿਤ ਹੈ।*

ਸਾਧ ਸੰਗਤ! ਇਸ ਪ੍ਰਕਾਰ ਮਹਾਂਪੁਰਖਾਂ ਦਾ ਸੰਸਾਰ ਤੇ ਆਉਣ ਦਾ ਆਪਣਾ ਕੋਈ ਪ੍ਰਯੋਜਨ ਨਹੀਂ ਹੁੰਦਾ, ਜੀਵਾਂ ਦੇ ਭਲੇ ਲਈ ਹੀ ਆਉਂਦੇ ਹਨ, ਲੇਕਿਨ ਜੀਵ, ਲੋਭ, ਮੋਹ ਦੇ ਵੱਸ ਹੋਏ, ਪੂਰਾ-ਪੂਰਾ ਲਾਭ ਨਹੀਂ ਉਠਾਉਂਦੇ। ਮਹਾਂਪੁਰਖਾਂ ਦੇ ਪਵਿੱਤਰ ਮੁੱਖ ਤੋਂ ਮੂਲੇ ਦੀ ਸਾਖੀ ਸੁਣਕੇ ਕੁਝ ਪ੍ਰੇਮੀਆਂ ਨੇ ਬੇਨਤੀ ਕੀਤੀ, ਮਹਾਰਾਜ! ਮੂਲਾ ਕਿਤਨੀ ਦੇਰ ਗੁਰੂ ਬਾਬਾ ਜੀ ਨਾਲ ਰਹਿਕੇ ਅਨੇਕਾਂ ਕੌਤਕ ਵੀ ਦੇਖਦਾ ਰਿਹਾ, ਫਿਰ ਭੁੱਲ ਕਿਉਂ ਕੀਤੀ? ਪ੍ਰੇਮੀਆਂ ਦਾ ਸਵਾਲ ਸੁਣਕੇ, ਮਹਾਂਪੁਰਸ਼ਾਂ ਨੇ ਬਚਨ ਕੀਤਾ, ਪ੍ਰੇਮੀਓ! ਤੁਹਾਡੇ ਸ਼ੰਕੇ ਦੀ ਨਵਿਰਤੀ ਕੱਲ੍ਹ ਕੀਤੀ ਜਾਵੇਗੀ। ਦੂਸਰੇ ਦਿਨ ਸੰਤ ਬਾਬਾ ਬੁੱਢਾ ਸਿੰਘ ਜੀ ਨੇ, ਸੰਗਤ ਦਾ ਸ਼ੰਕਾ ਨਵਿਰਤ ਕਰਨ ਲਈ, ਪ੍ਰਭਾਤੀ ਰਾਗ ਦੇ ਹੇਠ ਲਿਖੇ ਸ਼ਬਦ ਦੀ ਕਥਾ ਕੀਤੀ—

ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ॥
ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ॥
ਕੋਈ ਜਾਣਿ ਨਾ ਭੂਲੈ ਭਾਈ॥
ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ॥ ਰਹਾਉ॥
ਤਿਨਿ ਹਰੀ ਚੰਦਿ ਪ੍ਰਿਥਮੀ ਪਤਿ ਰਾਜੈ ਕਾਗਦਿ ਕੀਮ ਨ ਪਾਈ॥
ਅਉਗਣੁ ਜਾਣੈ ਤ ਪੁੰਨ ਕਰੇ ਕਿਉ ਕਿਉ ਨੇਖਾਸਿ ਬਿਕਾਈ॥
ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ॥
ਕਿਉ ਪਇਆਲਿ ਜਾਇ ਕਿਉ ਛਲੀਐ ਜੇ ਬਲਿ ਰੂਪ ਪਛਾਨੈ।
ਰਾਜਾ ਜਨਮੇਜਾ ਦੇ ਮਤੀਂ ਬਰਜਿ ਬਿਆਸਿ ਪੜ੍ਹਾਇਆ॥
ਤਿਨ੍ਹਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ॥
ਗਣਤ ਨ ਗਣੀ ਹੁਕਮੁ ਪਛਾਣਾ ਬੋਲੀ ਭਾਇ ਸੁਭਾਈ॥
ਜੋ ਕਿਛੁ ਵਰਤੈ ਤੁਧੈ ਸਲਾਹੀ ਸਭ ਤੇਰੀ ਵਡਿਆਈ॥
ਗੁਰਮੁਖਿ ਅਲਿਪਤੁ ਲੇਪੁ ਕਦੇ ਨ ਲਾਗੈ ਸਦਾ ਰਹੈ ਸਰਣਾਈ॥
ਮਨਮੁਖੁ ਮੁਗਧੁ ਆਗੈ ਚੇਤੈ ਨਾਹੀ ਦੁਖਿ ਲਾਗੈ ਪਛੁਤਾਈ॥
ਆਪੇ ਕਰੇ ਕਰਾਏ ਕਰਤਾ ਜਿਨਿ ਏਹ ਰਚਨਾ ਰਚੀਐ॥
ਹਰਿ ਅਭਿਮਾਨੁ ਨ ਜਾਈ ਜੀਅਹੁ ਅਭਿਮਾਨੇ ਪੈ ਪਚੀਐ॥
ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ॥
ਨਾਨਕ ਸਚਿ ਨਾਮਿ ਨਿਸਤਾਰਾ ਕੋ ਗੁਰ ਪਰਸਾਦਿ ਅਘੁਲੈ॥

*(ਪ੍ਰਭਾਤੀ ਮਹਲਾ ੧ ਦਖਣੀ, ਪੰਨਾ-੧੩੪੪)*

ਸਾਧ ਸੰਗਤ! ਕੁਝ ਪ੍ਰੇਮੀਆਂ ਨੂੰ ਸ਼ੰਕਾ ਪੈ ਗਿਆ ਕਿ ਮੂਲੇ ਨੇ ਭੁੱਲ ਕਿਉਂ ਕੀਤੀ? ਅਕਾਲ ਪੁਰਖ ਵਾਹਿਗੁਰੂ ਨੇ ਮਾਇਆ ਰਚਕੇ, ਆਪਣੇ ਬਿਲਾਸ ਲਈ ਖੇਡ ਮਾਤਰ ਸੰਸਾਰ ਦੀ ਉਤਪਤੀ ਕੀਤੀ। ਮਾਇਆ ਜਾਂ ਸੰਸਾਰੁ ਨਾਮ ਹੀ ਭੁੱਲ ਦਾ ਹੈ, ਸੰਸਾਰ ਅਤੇ ਭੁੱਲ ਇਕ ਹੀ ਚੀਜ਼ ਦੇ ਦੋ ਨਾਮ ਹਨ। ਇਨ੍ਹਾਂ ਵਿੱਚ ਭੁੱਲ ਤੋਂ ਰਹਿਤ ਸੱਚ ਤਾਂ ਇਕ ਪਰਮੇਸ਼ਰ ਹੀ ਹੈ, ਦੇਖੋ ਗੁਰੂ ਸਾਹਿਬ ਆਪ ਹੀ ਫੁਰਮਾਣ ਕਰਦੇ ਹਨ — **ਭੁਲਣ ਵਿਚ ਕੀਆ ਸਭੁ ਕੋਈ ਕਰਤਾ ਆਪ ਨ ਭੁਲੈ॥**

ਯਥਾ — ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥

*(ਸ੍ਰੀਰਾਗੁ ਮ: ੧ ਪੰਨਾ—੬੧)*

ਭੁਲ ਤੋਂ ਰਹਿਤ ਤਾਂ ਇਕ ਗੁਰੂ ਕਰਤਾਰ ਹੀ ਹੈ, ਬਾਕੀ ਸਭ ਜੀਵ ਭੁੱਲ ਵਿੱਚ ਹੀ ਹਨ। ਕਿਉਂਕਿ ਜੀਵ ਅਗਿਆਨ ਦੇ ਜ਼ੇਰੇ ਅਸਰ ਹਰ ਕਰਮ ਵਿੱਚ ਆਪਣੀ ਹਉਂ ਧਾਰਣ ਕਰ ਲੈਂਦੇ ਹਨ, ਹਉਂ ਸਹਿਤ ਕੀਤੇ ਸਾਰੇ ਕਰਮਾਂ ਦਾ ਫਿਰ ਫਲ ਵੀ ਖਾਣਾ ਪੈਂਦਾ ਹੈ। ਇਸ ਪਾਵਨ ਸ਼ਬਦ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਵੱਡਿਆਂ-ਵੱਡਿਆਂ ਦਾ ਵਰਨਣ ਕਰ ਰਹੇ

ਹਨ, ਜਿਨ੍ਹਾਂ ਨੂੰ ਪਰਮੇਸ਼ਰ ਦੀ ਮਾਇਆ ਨੇ ਆਪਣਾ ਬਲ ਪਾ ਕੇ ਭੁਲਾ ਦਿੱਤਾ। ਜਦੋਂ ਵੱਡਿਆਂ ਦੀ ਗਿਣਤੀ ਕੀਤੀ ਜਾਵੇ ਤਾਂ ਛੋਟੇ ਆਪ ਹੀ ਵਿੱਚ ਆ ਜਾਂਦੇ ਹਨ। ਗੁਰੂ ਬਾਬਾ ਜੀ ਫੁਰਮਾਨ ਕਰਦੇ ਹਨ—

ਮੂਲ — **ਕੋਈ ਜਾਣਿ ਨ ਭੂਲੈ ਭਾਈ॥ ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ॥**

ਅਰਥ — ਹੇ ਭਾਈ! ਜੋ ਇਨਸਾਨ ਭੁੱਲ ਕਰਦਾ ਹੈ, ਉਹ ਜਾਣ ਬੁੱਝਕੇ ਨਹੀਂ ਕਰਦਾ। ਭੁੱਲਦਾ ਉਹੀ ਹੈ ਜਿਸਨੂੰ ਪਰਮਾਤਮਾਂ ਆਪ ਭੁਲਾਉਂਦਾ ਹੈ, ਕਿਉਂਕਿ ਉਸ ਨੇ ਜੀਵਾਂ ਨੂੰ ਕਰਮਾਂ ਅਨੁਸਾਰ ਫਲ ਦੇਣਾ ਹੈ ਅਤੇ ਜਿਸ ਇਨਸਾਨ ਨੂੰ ਪਰਮੇਸ਼ਰ ਸਬੁੱਧੀ ਬਖਸ਼ਿਸ਼ ਕਰਦਾ ਹੈ ਯਾਨੀ ਸੁਭਮੱਤੀ ਦਿੰਦਾ ਹੈ, ਉਹ ਭੁੱਲ ਤੋਂ ਬਚ ਜਾਂਦਾ ਹੈ, ਭਾਵ ਸੁਜਾਣ ਰਹਿੰਦਾ ਹੈ।

ਮੂਲ — **ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ॥**
**ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ॥**

ਅਰਥ — ਗੁਰੂ ਬਾਬਾ ਜੀ ਸਵਰਗ ਦੇ ਰਾਜਾ ਇੰਦਰ ਦੀ ਮਿਸਾਲ ਦੇ ਕੇ ਸਮਝਾਉਂਦੇ ਹਨ। ਸਵਰਗ ਜਿਸਮਾਨੀ ਸੁੱਖਾਂ ਦੀ ਔਧੀ ਮੰਨੀ ਜਾਂਦੀ ਹੈ, ਜੋ ਕਿ ਪੁੰਨਾਂ ਦੇ ਬਲ ਕਰਕੇ ਪ੍ਰਾਪਤ ਹੁੰਦਾ ਹੈ। ਲੇਕਿਨ ਇਤਨੇ ਸੁੱਖ ਹੋਣ ਦੇ ਬਾਵਜੂਦ ਵੀ ਸਵਰਗ ਰਾਜ ਇੰਦਰ ਸੰਤੁਸ਼ਟ ਨਾ ਹੋਇਆ। ਸਤਯੁਗ ਵਿੱਚ ਇਕ ਗੌਤਮ ਰਿਸ਼ੀ ਹੋਇਆ, ਉਸਦੀ ਇਸਤਰੀ ਜਿਸਦਾ ਨਾਮ ਅਹਿਲਿਆ ਸੀ, ਬਹੁਤ ਰੂਪਵਾਨ ਯਾਨੀ ਸੁੰਦਰ ਸੀ। ਉਸਦਾ ਰੂਪ ਦੇਖਦੇ ਸਵਰਗ ਦਾ ਰਾਜਾ ਇੰਦਰੁ ਲੋਭਾਇਮਾਨ ਯਾਨੀ ਮੋਹਿਤ ਹੋ ਗਿਆ। ਉਸ ਪਾਪ ਕਰਮ ਦਾ ਫਲ ਇੰਦਰ ਦੇ ਸਰੀਰ ਤੇ ਇਕ ਹਜ਼ਾਰ ਭਗ ਦੇ ਨਿਸ਼ਾਨ ਹੋ ਗਏ, ਫਲਸਰੂਪ ਇੰਦਰ ਨੂੰ ਪਛਤਾਉਣਾ ਪਿਆ। ਜਿਵੇਂ ਗੁਰੂ ਵਾਕ—

**ਸਹੰਸਰ ਦਾਨ ਦੇ ਇੰਦ੍ਰੁ ਰੋਆਇਆ॥**

*(ਰਾਮਕਲੀ ਵਾਰ, ਪੰਨਾ—੯੫੩)*

ਇਸ ਪ੍ਰਕਾਰ ਇੰਦਰ ਤੋਂ ਭੁੱਲ ਹੋਈ, ਫਲਸਰੂਪ ਉਸ ਨੂੰ ਰੋਣਾ ਪਿਆ। ਦੂਸਰੀ ਮਿਸਾਲ ਗੁਰੂ ਬਾਬਾ ਜੀ ਰਾਜਾ ਹਰੀ ਚੰਦ ਜੀ ਦੀ ਦੇ ਕੇ ਸਮਝਾਉਂਦੇ ਹਨ।

ਮੂਲ — **ਤਿਨਿ ਹਰੀ ਚੰਦਿ ਪ੍ਰਿਥਮੀ ਪਤਿ ਰਾਜੈ ਕਾਗਦਿ ਕੀਮ ਨ ਪਾਈ॥**
**ਅਉਗਣੁ ਜਾਣੈ ਤ ਪੁੰਨ ਕਰੇ ਕਿਉ ਕਿਉ ਨੇਖਾਸਿ ਬਿਕਾਈ॥**

ਅਰਥ — ਮਹਾਂਦਾਨੀ ਰਾਜਾ ਹਰੀਚੰਦ ਪ੍ਰਿਥਮੀ ਦਾ ਪਤੀ, ਯਾਨੀ ਮਾਲਕ ਸੀ। ਉਸਨੇ ਇਤਨੇ ਪੁੰਨ ਕੀਤੇ ਕਿ ਉਨ੍ਹਾਂ ਦਾ ਵਿਸਥਾਰ ਕਾਗਜ਼ ਉਪਰ ਲਿਖਿਆ ਨਹੀਂ ਜਾਂਦਾ। ਅਰਥਾਤ ਉਸ ਨੇ ਮਸਤਕ ਰੂਪੀ ਕਾਗਜ਼ ਤੇ ਕਰਮਾਂ ਰੂਪੀ ਲੇਖ ਨੂੰ ਨਾ ਜਾਣਿਆ। ਵੱਡਾ ਦਾਨੀ ਸੀ, ਅਗਰ ਪੁੰਨ ਕਰਮ ਵਿੱਚ ਕੋਈ ਔਗੁਣ ਵੇਖਦਾ ਤਾਂ ਘਰ ਘਰ ਵਿੱਚ ਜਾ ਕੇ ਕਿਉਂ ਵਿਕਦਾ? ਯਾਨੀ ਪੁੰਨ ਕਰਮ ਅੱਛਾ ਮੰਨਿਆ ਜਾਂਦਾ ਹੈ, ਫਿਰ ਵੀ ਗਤ ਨਾ ਪਾਈ, ਕਿਉਂਕਿ ਪੁੰਨ ਬਦਲੇ ਹੀ ਆਪਣਾ ਰਾਜਭਾਗ ਸਾਰਾ ਪਰਿਵਾਰ ਲਗਾ ਦਿੱਤਾ ਅਤੇ ਖੁਦ ਵੀ ਕਾਲੂ ਚੰਡਾਲ ਦੇ ਘਰ ਨੌਕਰੀ ਕੀਤੀ। ਜਿਵੇਂ ਗੁਰੂ ਵਾਕ—

**ਹਰੀਚੰਦੁ ਦਾਨੁ ਕਰੈ ਜਸੁ ਲੇਵੈ॥**
**ਬਿਨੁ ਗੁਰ ਅੰਤੁ ਨ ਪਾਇ ਅਭੇਵੈ॥**
**ਆਪਿ ਭੁਲਾਇ ਆਪੇ ਮਤਿ ਦੇਵੈ॥**

*(ਗਉੜੀ ਮ: ੧, ਪੰਨਾ—੨੨੪)*

ਤੀਸਰੀ ਮਿਸਾਲ ਗੁਰੂ ਨਾਨਕ ਦੇਵ ਮਹਾਰਾਜ ਰਾਜੇ ਬਲ ਦੀ ਦਿੰਦੇ ਹਨ—

ਮੂਲ — **ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ॥**
**ਕਿਉ ਪਇਆਲਿ ਜਾਇ ਕਿਉ ਛਲੀਐ ਜੇ ਬਲਿ ਰੂਪੁ ਪਛਾਨੈ॥**

ਅਰਥ— ਹਰੀ ਨੇ ਬਾਵਨ ਦਾ ਬਹਾਨਾ ਬਣਾਕੇ ਬਲ ਰਾਜਾ ਤੋਂ ਢਾਈ ਕਦਮ ਧਰਤੀ ਮੰਗੀ, ਅਗਰ ਰਾਜਾ, ਬਾਵਨ ਦਾ ਰੂਪ ਪਛਾਣ ਲੈਂਦਾ, ਤਾਂ ਕਿਉਂ ਛਲਿਆ ਜਾਂਦਾ ਅਤੇ ਕਿਉਂ ਪਾਤਾਲ ਵਿੱਚ ਜਾਂਦਾ?

ਵਿਆਖਿਆ—ਸਤਿਯੁਗ ਦੇ ਸਮੇਂ ਭਗਤ ਪ੍ਰਹਲਾਦ ਦਾ ਪੋਤਰਾ ਰਾਜਾ ਬਲ ਹੋਇਆ ਹੈ। ਰਾਜਾ ਬਲ ਯੱਗ ਕਰਕੇ ਇੰਦਰ ਪਦਵੀ ਹਾਸਲ ਕਰਨੀ ਚਾਹੁੰਦਾ ਸੀ। ਜਦੋਂ ਇਸ ਗੱਲ ਦਾ ਪਤਾ ਸਵਰਗ ਵਿੱਚ ਲੱਗਿਆ ਤਾਂ ਇੰਦਰ ਦਾ ਸਿੰਘਾਸਣ ਡੋਲ ਗਿਆ। ਪੁੱਤਰ ਦਾ ਰਾਜ ਖੁੱਸਦਾ ਦੇਖਕੇ ਇੰਦਰ ਦੀ ਮਾਤਾ ਦਿੱਤੀ ਨੇ ਭਗਵਾਨ ਵਿਸ਼ਨੂੰ ਦੀ ਅਰਾਧਨਾ ਕੀਤੀ। ਦਿੱਤੀ ਦੀ ਅਰਾਧਨਾ ਤੇ ਖੁਸ਼ ਹੋ ਕੇ ਭਗਵਾਨ ਕਹਿਣ ਲੱਗੇ ਦੱਸੋ ਕੀ ਚਾਹੀਦਾ ਹੈ? ਦਿੱਤੀ ਨੇ ਕਿਹਾ ਕਿ ਮੇਰੇ ਪੁੱਤਰ ਦਾ ਰਾਜ ਕਾਇਮ ਰਹੇ। ਭਗਵਾਨ ਬੋਲੇ ਤਥਾ ਅਸਤੂ। ਭਗਵਾਨ ਨੇ ਮੋਹਨੀ ਮੂਰਤ ਬਾਵਨ ਰੂਪ ਧਾਰਣ ਕਰਕੇ ਬਲ ਰਾਜਾ ਦੇ ਮਹਿਲਾਂ ਵਿੱਚ ਜਾ ਕੇ ਭਿਖਿਆ ਮੰਗੀ। ਬਲ ਰਾਜਾ ਨੇ ਬੜੇ ਪ੍ਰੇਮ ਨਾਲ ਪੁੱਛਿਆ, ਮਹਾਰਾਜ ਦੱਸੋ ਕੀ ਚਾਹੀਦਾ ਹੈ? ਬਾਵਨ ਬੋਲੇ ਮੈਂ ਸੰਤੋਸ਼ੀ ਬ੍ਰਾਹਮਣ ਹਾਂ, ਆਪ ਦੇ ਦੁਆਰੇ ਤੇ ਕੁਟੀਆ ਬਣਾ ਕੇ ਰਹਿਣਾ ਚਾਹੁੰਦਾ ਹਾਂ, ਮੈਨੂੰ ਸਿਰਫ ਢਾਈ ਕਦਮ ਧਰਤੀ ਚਾਹੀਦੀ ਹੈ, ਕਿਉਂਕਿ ਮੇਰੇ ਕੋਲ ਭਜਨ ਕਰਨ ਲਈ ਕੋਈ ਜਗ੍ਹਾ ਨਹੀਂ ਹੈ। ਸੁਣਕੇ ਰਾਜਾ ਬਲ ਨੇ ਬੜੀ ਖੁਸ਼ੀ ਨਾਲ ਦਾਨ ਦੇਣ ਦਾ ਬਚਨ ਦੇ ਦਿੱਤਾ, ਲੇਕਿਨ ਪ੍ਰੋਹਿਤ ਸ਼ੁਕਰਚਾਰੀਆਂ ਨੂੰ ਬਾਵਨ ਤੇ ਕੁਝ ਸ਼ੱਕ ਪੈ ਗਿਆ। ਰਾਜਾ ਨੂੰ ਬੋਲਿਆ, ਰਾਜਨ! ਇਹ ਕੋਈ ਛਲੀਆ ਪ੍ਰਤੀਤ ਦੇ ਰਿਹਾ ਹੈ ਪ੍ਰੰਤੂ ਰਾਜਾ ਇਹ ਗੱਲ ਨਾ ਸਮਝਿਆ, ਕਾਹਲੀ ਨਾਲ ਦਾਨ ਦੇਣ ਦਾ ਬਚਨ ਦੇ ਦਿੱਤਾ। ਬਚਨ ਮਿਲਦੇ ਸਾਰ ਹੀ ਬਾਵਨ ਨੇ ਆਪਣਾ ਰੂਪ ਬਦਲਕੇ ਵਿਰਾਟ ਰੂਪ ਧਾਰਣ ਕਰ ਲਿਆ ਯਾਨੀ ਇਤਨਾ ਵੱਡਾ ਅਕਾਰ ਬਣਾ ਲਿਆ, ਕਿ ਇਕ ਕਦਮ ਵਿੱਚ ਹੀ ਪੂਰੀ ਪ੍ਰਿਥਵੀ ਆ ਗਈ ਅਤੇ ਦੂਸਰੇ ਕਦਮ ਵਿੱਚ ਸਾਰਾ ਬ੍ਰਹਮਲੋਕ ਆ ਗਿਆ। ਬ੍ਰਹਮਲੋਕ ਵਿੱਚ ਜਦੋਂ ਭਗਵਾਨ ਦਾ ਚਰਨ ਪਹੁੰਚਿਆ ਤਾਂ ਬ੍ਰਹਮਾਂ ਨੇ ਭਗਵਾਨ ਦਾ ਚਰਨ ਧੋ ਕੇ ਜੋ ਜਲ ਸੀ, ਕਰਮੰਡਲ ਵਿੱਚ ਪਾ ਲਿਆ। ਜਿਸ ਵਕਤ ਭਗੀਰਥ ਨੇ ਆਪਣੇ ਪਿਤਰਾਂ ਦੇ ਉਧਾਰ ਵਾਸਤੇ ਬ੍ਰਹਮਾਂ ਦੀ ਅਰਾਧਨਾ ਕੀਤੀ, ਉਸ ਦੀ ਤਪੱਸਿਆ ਤੇ ਖੁਸ਼ ਹੋ ਕੇ ਬ੍ਰਹਮਾਂ ਜੀ ਨੇ ਪੁੱਛਿਆ ਦੱਸ ਕੀ ਚਾਹੁੰਦਾ ਹੈਂ? ਬ੍ਰਹਮਾਂ ਨੂੰ ਖੁਸ਼ ਹੋਇਆ ਦੇਖਕੇ ਭਗੀਰਥ ਬੋਲਿਆ, ਗੰਗਾ ਜਲ ਜੋ ਭਗਵਾਨ ਦੇ ਚਰਨਾਂ ਦਾ ਜਲ ਹੈ, ਉਹ ਮੈਨੂੰ ਚਾਹੀਦਾ ਹੈ। ਬ੍ਰਹਮਾਂ ਜੀ ਬੋਲੇ ਗੰਗਾ ਜਲ ਮੇਰੇ ਕਰਮੰਡਲ ਵਿੱਚ ਹੈ, ਲੇਕਿਨ ਉਹ ਮਾਤ ਲੋਕ ਵਿੱਚ ਨਹੀਂ ਜਾ ਸਕਦਾ, ਕਿਉਂਕਿ ਜਿਸ ਵਕਤ ਉਸ ਨੂੰ ਛੱਡਿਆ ਉਹ ਪਾਤਾਲ ਵਿੱਚ ਚਲਾ ਜਾਊ। ਇਸ ਲਈ ਤੂੰ ਸ਼ਿਵਜੀ ਭਗਵਾਨ ਨੂੰ ਖੁਸ਼ ਕਰ, ਅਗਰ ਉਹ ਆਪਣੀਆਂ ਜਟਾਂ ਵਿੱਚ ਗੰਗਾ ਰੱਖਣੀ ਪ੍ਰਵਾਨ ਕਰਨ, ਫਿਰ ਮਾਤ ਲੋਕ ਵਿੱਚ ਜਾ ਸਕਦੀ ਹੈ। ਭਗੀਰਥ ਨੇ ਬ੍ਰਹਮਾਂ ਜੀ ਦਾ ਬਚਨ ਮੰਨ ਕੇ ਸ਼ਿਵਜੀ ਦੀ ਅਰਾਧਨਾ ਕਰਦਿਆਂ ਘੋਰ ਤਪੱਸਿਆ ਕੀਤੀ। ਸ਼ਿਵਜੀ ਨੇ ਭਗੀਰਥ ਦੀ ਤਪੱਸਿਆ ਤੇ ਖੁਸ਼ ਹੋ ਕੇ ਪੁੱਛਿਆ ਕੀ ਚਾਹੁੰਦਾ ਹੈਂ? ਸ਼ਿਵਜੀ ਨੂੰ ਖੁਸ਼ ਹੋਇਆ ਜਾਣਕੇ ਭਗੀਰਥ ਨੇ ਅਰਜ਼ ਕੀਤੀ ਮਹਾਰਾਜ ਮੈਂ ਆਪਣੇ ਪਿਤਰਾਂ ਦੇ ਉਧਾਰ ਵਾਸਤੇ ਗੰਗਾ ਨੂੰ ਮਾਤ ਲੋਕ ਵਿੱਚ ਲੈ ਕੇ ਜਾਣਾ ਚਾਹੁੰਦਾ ਹਾਂ, ਬਸ ਇਹੀ ਮੇਰੀ ਇੱਛਾ ਹੈ।

ਸ਼ਿਵਜੀ ਨੇ ਖੁਸ਼ ਹੋ ਕੇ ਆਪਣੀਆਂ ਜਟਾਂ ਵਿੱਚੋਂ ਗੰਗਾ ਦੇ ਦਿੱਤੀ। ਭਗੀਰਥ ਗੰਗਾ ਲੈ ਕੇ ਸਮੁੰਦਰ ਤੱਕ ਪਹੁੰਚਿਆ, ਜਿਥੇ ਉਸਦੇ ਪਿਤਰ ਸਨ। ਇਸ ਤਰੀਕੇ ਉਸ ਨੇ ਆਪਣੇ ਪਿਤਰਾਂ ਦਾ ਉਧਾਰ ਕੀਤਾ, ਉਸ ਅਸਥਾਨ ਨੂੰ ਅੱਜਕਲ੍ਹ ਗੰਗਾ ਸਾਗਰ ਕਹਿੰਦੇ ਹਨ। ਇਉਂ ਗੰਗਾ ਮਾਤਾ ਭਗੀਰਥ ਦੀ ਤਪੱਸਿਆ ਦਾ ਫਲ ਦੇਣ ਲਈ ਅਤੇ ਜਗਤ ਦੇ ਪਾਪ ਨਾਸ਼ ਕਰਨ ਲਈ ਮਾਤ ਲੋਕ ਵਿੱਚ ਆਈ, ਸੋ ਇਹ ਗੰਗਾ ਬਾਵਨ ਅਵਤਾਰ ਦੇ ਚਰਨਾਂ ਦਾ ਜਲ ਹੈ। ਇਸ ਤਰਾਂ ਬਾਵਨ ਅਵਤਾਰ ਦੇ ਦੋ ਕਦਮ ਤਾਂ ਪੂਰੇ ਹੋ ਗਏ, ਲੇਕਿਨ ਅੱਧਾ ਕਦਮ ਅਜੇ ਵੀ ਬੱਚ ਗਿਆ, ਕਿਉਂਕਿ ਬਲੀ ਤੋਂ ਢਾਈ ਕਦਮਾਂ ਧਰਤੀ ਦਾ ਬਚਨ ਲਿਆ ਸੀ। ਭਗਵਾਨ ਬੋਲੇ ਆਪ ਨੇ ਬਚਨ ਦਿੱਤਾ ਹੈ ਢਾਈ ਕਦਮ ਧਰਤੀ ਦਾ, ਇਸ ਲਈ ਅੱਧਾ ਕਦਮ ਹੋਰ ਦਿਉ। ਬਲੀ ਬੋਲੇ, ਮਹਾਰਾਜ! ਹੁਣ ਤਾਂ ਮੇਰਾ ਸਰੀਰ ਹੀ ਬਾਕੀ ਹੈ ਇਹ ਲੈ ਸਕਦੇ ਹੋ। ਭਗਵਾਨ ਨੇ ਕਿਹਾ ਠੀਕ ਹੈ ਬਚਨ ਪੂਰਾ ਕਰੋ। ਆਪਣਾ ਸਰੀਰ ਮਿਣਾਉ। ਅੱਧੀ ਕਦਮ ਦੇ ਬਦਲੇ ਜਦ ਸਰੀਰ ਦੀ ਮਿਣਤੀ ਕਰਨ ਲੱਗੇ ਭਗਵਾਨ ਨੇ ਆਪਣਾ ਚਰਨ ਰੱਖਕੇ ਬਲ ਰਾਜਾ ਨੂੰ ਪਾਤਾਲ ਵਿੱਚ ਪਹੁੰਚਾ ਦਿੱਤਾ। ਜਦ ਪੈਰ ਚੁਕਣ ਲੱਗੇ ਤਾਂ ਬਲੀ ਨੇ ਚਰਨ ਫੜ ਲਿਆ, ਕਹਿਣ ਲੱਗਿਆ ਆਪ ਨੇ ਬਚਨ ਦਿੱਤਾ ਸੀ ਮੈਂ ਤੇਰੇ ਦਰਵਾਜੇ ਤੇ ਕੁਟੀਆ ਬਣਾਕੇ ਰਹਾਂਗਾ, ਹੁਣ ਬਚਨ ਪੂਰਾ ਕਰੋ। ਭਗਵਾਨ ਖੁਸ਼ ਹੋ ਕੇ ਕਹਿਣ ਲੱਗੇ, ਤਥਾ ਅਸਤੂ, ਪ੍ਰਵਾਨ ਹੈ। ਬਲੀ ਨੂੰ ਵਰ ਦਿੱਤਾ ਆਪ ਪਤਾਲ ਦਾ ਰਾਜ ਲਉ ਅਤੇ ਸਵਰਗ ਤੋਂ ਵੀ ਜਿਆਦਾ ਸੁਖ ਮਾਣੋ। ਯਥਾ ਗੁਰੂ ਵਾਕ—

**ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ॥**

*(ਮਾਰੂ ਨਾਮਦੇਉ ਜੀ, ਪੰਨਾ—੧੧੦੫)*

ਸਾਧ ਸੰਗਤ ਚੌਥੀ ਮਿਸਾਲ ਗੁਰੂ ਬਾਬਾ ਜੀ ਰਾਜਾ ਜਨਮੇਜਾ ਦੀ ਦੇ ਕੇ ਸਮਝਾਉਂਦੇ ਹਨ—

ਮੂਲ — **ਰਾਜਾ ਜਨਮੇਜਾ ਦੇ ਮੰਤੀ ਬਰਜਿ ਬਿਆਸਿ ਪੜ੍ਹਾਇਆ॥**
**ਤਿਨ੍ਹਿ ਕਰਿ ਜਗ ਅਠਾਹਰ ਘਾਏ ਕਿਰਤੁ ਨ ਚਲੈ ਚਲਾਇਆ॥**

ਅਰਥ — ਰਾਜਾ ਜਨਮੇਜਾ ਨੂੰ ਸ੍ਰੀ ਵੇਦ ਵਿਆਸ ਜੀ ਨੇ ਸ਼ੁਭ ਮੱਤ ਦੇ ਕੇ ਪੜ੍ਹਾਇਆ ਅਤੇ ਬਰਜਿਆ, ਪ੍ਰੰਤੂ ਫਿਰ ਵੀ ਇਸਨੇ ਜੱਗ ਵਿੱਚ ਅਠਾਰਾਂ ਕੁਲਾਂ ਦੇ ਬ੍ਰਾਹਮਣਾਂ ਨੂੰ ਮਾਰ ਦਿੱਤਾ, ਕਿਉਂਕਿ ਕਰਮਾਂ ਦਾ ਲੇਖ ਮਿਟਦਾ ਨਹੀਂ ਹੈ।

ਵਿਆਖਿਆ—ਰਾਜਾ ਜਨਮੇਜਾ, ਅਰਜੁਨ ਪਾਂਡਵ ਦਾ ਪੜਪੋਤਰਾ ਅਤੇ ਰਾਜਾ ਪ੍ਰੀਛਦ ਦਾ ਪੁੱਤਰ ਸੀ। ਇਕ ਦਿਨ ਦੀ ਗੱਲ ਜਿਸ ਵਕਤ ਸ੍ਰੀ ਵੇਦ ਵਿਆਸ ਜੀ ਜਨਮੇਜੇ ਨੂੰ ਮਹਾਂਭਾਰਤ ਪੜ੍ਹਾ ਰਹੇ ਸਨ, ਜਨਮੇਜੇ ਨੇ ਸਵਾਲ ਕੀਤਾ ਕਿ ਮੇਰੇ ਪੜਦਾਦਾ ਯੁਧਿਸ਼ਟਰ ਆਦਿ ਪੰਜੇ ਭਰਾ ਬੜੇ ਧਰਮੀ ਸਨ, ਅਤੇ ਉਨ੍ਹਾਂ ਦੇ ਸਿਰ ਉਪਰ ਹਮੇਸ਼ਾਂ ਭਗਵਾਨ ਕ੍ਰਿਸ਼ਨ ਦਾ ਮਿਹਰਾਂ ਭਰਿਆ ਹੱਥ ਵੀ ਸੀ, ਫਿਰ ਉਨ੍ਹਾਂ ਨੇ ਜੂਆ ਕਿਉਂ ਖੇਡਿਆ?

ਰਾਜ ਭਾਗ ਹਾਰ ਕੇ ਤੇਰਾਂ ਬਰਸ ਜੰਗਲਾਂ ਵਿੱਚ ਕਸ਼ਟ ਉਠਾਏ, ਵੱਡਾ ਭਾਰੀ ਯੁੱਧ ਕੀਤਾ, ਸਾਰੀ ਕੁੱਲ ਦਾ ਨਾਸ਼ ਕਰਵਾਇਆ, ਵੱਡੇ-ਵੱਡੇ ਵਿਦਵਾਨ, ਵੱਡੇ-ਵੱਡੇ ਮਹਾਂਬਲੀ ਯੋਧੇ ਯੁੱਧ ਵਿੱਚ ਮਾਰੇ ਗਏ। ਉਨ੍ਹਾਂ ਨੂੰ ਜੂਏ ਵਰਗੇ ਬੁਰੇ ਕੰਮ ਤੋਂ ਭਗਵਾਨ ਕ੍ਰਿਸ਼ਨ ਨੇ ਕਿਉਂ ਨਾ ਰੋਕਿਆ? ਵੇਦ-ਵਿਆਸ ਜੀ ਬੋਲੇ, ਭਾਵੀ ਬਹੁਤ ਪ੍ਰਬਲ ਹੈ, ਅਮੇਟ ਹੈ, ਇਸ ਨੂੰ ਕੋਈ ਮੇਟ ਨਹੀਂ ਸਕਦਾ। ਕਿਸੇ ਦੇ ਵਰਜਨ ਤੇ ਵੀ ਇਨਸਾਨ ਨਹੀਂ ਰੁਕਦਾ, ਜੀਵ ਕਰਦਾ ਉਹੀ ਹੈ ਜੋ ਉਸਦੇ ਮੱਥੇ ਤੇ ਲੇਖ ਹੈ। ਵੇਦ-ਵਿਆਸ ਜੀ ਦਾ ਬਚਨ ਸੁਣਕੇ, ਰਾਜਾ ਨਿਰਸੰਸੇ ਨਹੀਂ ਹੋਇਆ। ਬੋਲਿਆ ਜਦ ਪਤਾ ਚੱਲ ਜਾਏ ਕਿ ਜ਼ਹਿਰ ਖਾਣ ਤੇ ਮੌਤ ਅਵੱਸ਼ ਹੈ, ਅਗਰ ਫਿਰ ਵੀ ਜ਼ਹਿਰ ਖਾਂਦਾ ਹੈ, ਐਸੇ ਪੁਰਸ਼ ਨੂੰ ਕੌਣ ਬੁੱਧੀਵਾਨ ਕਹਿ ਸਕਦਾ ਹੈ? ਜਿਸ ਰਸਤੇ ਦਾ ਪਹਿਲਾਂ ਪਤਾ ਚੱਲ ਜਾਏ ਕਿ ਖਤਰਨਾਕ ਹੈ, ਫਿਰ ਕਿਉਂ ਨਾ ਉਹ ਰਸਤਾ ਛੱਡ ਦਿੱਤਾ ਜਾਏ? ਵੇਦ-ਵਿਆਸ ਜੀ ਸਮਝ ਗਏ ਕਿ ਰਾਜਾ ਹੰਕਾਰ ਵਸ ਆਪਣੇ ਆਪ ਨੂੰ ਬੁੱਧੀਮਾਨ ਸਮਝਦਾ ਹੈ ਅਤੇ ਵੱਡਿਆਂ ਨੂੰ ਬੁੱਧੀਹੀਨ। ਵੇਦ ਵਿਆਸ ਜੀ ਬੋਲੇ, ਹੇ ਰਾਜਨ! ਤੂੰ ਆਪਣੇ ਪੜਦਾਦਾ ਦੀ ਤਾਂ ਗੱਲ ਛੱਡ, ਆਪਣੀ ਸੋਚ। ਤੇਰੇ ਮੱਥੇ ਤੇ ਲਿਖੇ ਲੇਖ ਮੁਤਾਬਿਕ ਜੋ ਭਾਵੀ ਤੇਰੇ ਨਾਲ ਵਰਤਣ ਵਾਲੀ ਹੈ, ਮੈਂ ਤੈਨੂੰ ਦੱਸਦਾ ਹਾਂ, ਜ਼ਰਾ ਧਿਆਨ ਨਾਲ ਸੁਣ।

ਤੂੰ ਇਕ ਦਿਨ ਕਾਲੇ ਰੰਗ ਦੀ ਘੋੜੀ ਤੇ ਚੜ੍ਹਕੇ ਦੱਖਣ ਦਿਸ਼ਾ ਵੱਲ ਸ਼ਿਕਾਰ ਜਾਂਵੇਗਾ, ਉਸ ਜੰਗਲ ਵਿੱਚੋਂ ਨੌਜਵਾਨ ਲੜਕੀ ਨੂੰ ਆਪਣੇ, ਘਰ ਲੈ ਕੇ ਆਵੇਂਗਾ, ਪਹਿਲਾਂ ਉਸ ਨੂੰ ਗੋਲੀ, ਫਿਰ ਰਾਣੀ ਅਤੇ ਫਿਰ ਪਟਰਾਣੀ ਬਣਾਵੇਂਗਾ। ਉਸਦੇ ਕਹਿਣ ਤੇ ਫਿਰ ਇੱਕ ਵੱਡਾ ਯੱਗ ਕਰੇਂਗਾ, ਜਿਸ ਵਿੱਚ ਅਠਾਰਾਂ ਕੁਲਾਂ ਦੇ ਬ੍ਰਾਹਮਣਾਂ ਨੂੰ ਤੇਲ ਵਿੱਚ ਸਾੜ ਕੇ ਮਾਰੇਂਗਾ, ਉਸ ਪਾਪ ਕਰਮ ਦਾ ਫਲ, ਤੈਨੂੰ ਕੋੜ੍ਹ ਦਾ ਰੋਗ ਲੱਗੇਗਾ। ਜੋ ਤੇਰੇ ਨਾਲ ਵਾਪਰਨ ਵਾਲਾ ਹੈ ਤੈਨੂੰ ਦੱਸ ਦਿੱਤਾ, ਹੁਣ ਤੂੰ ਆਪਣਾ ਬਚਾ ਕਰੀਂ।

ਵੇਦ-ਵਿਆਸ ਜੀ ਦੇ ਮੁੱਖ ਤੋਂ ਸੁਣਕੇ ਰਾਜਾ ਡਰਿਆ, ਉਸ ਨੇ ਅਨੇਕਾਂ ਯਤਨ ਕੀਤੇ, ਜਿਵੇਂ ਘੋੜੀਆਂ ਸਭ ਵੇਚ ਦਿੱਤੀਆਂ, ਸ਼ਿਕਾਰ ਜਾਣਾ ਛੱਡ ਦਿੱਤਾ, ਪ੍ਰੰਤੂ ਫਿਰ ਵੀ ਹੋਇਆ ਉਹੀ ਕੁਛ ਹੀ ਜੋ ਵੇਦ-ਵਿਆਸ ਜੀ ਨੇ ਕਿਹਾ ਸੀ।

ਇਸ ਪ੍ਰਕਾਰ ਸਾਧ ਸੰਗਤ ਕਰਮਾਂ ਦਾ ਫਲ ਅਮੇਟ ਹੈ। ਬ੍ਰਾਹਮਣਾਂ ਨੂੰ ਤਪਦੇ ਤੇਲ ਵਿੱਚ ਕਿਉਂ ਸਾੜਿਆ ਗਿਆ? ਇਸਦੇ ਪਿੱਛੇ ਵੀ ਉਨ੍ਹਾਂ ਦਾ ਆਪਣਾ ਕਰਮ ਹੀ ਸੀ। ਰਾਜੇ ਪ੍ਰੀਛਦ ਦੀ ਮੌਤ ਸੱਪ ਦੇ ਡਸਣ ਨਾਲ ਹੋਈ ਸੀ, ਜਨਮੇਜੇ ਨੇ ਆਪਣੇ ਪਿਤਾ ਦੀ ਮੌਤ ਦਾ ਵੈਰ ਲੈਣ ਲਈ, ਬ੍ਰਾਹਮਣਾਂ ਤੋਂ ਸਲਾਹ ਪੁੱਛੀ। ਬ੍ਰਾਹਮਣਾਂ ਨੇ ਜਨਮੇਜੇ ਨੂੰ ਸਲਾਹ ਦਿੱਤੀ, ਕਿ ਨਾਗ ਮੇਧ ਯੱਗ ਕੀਤਾ ਜਾਵੇ, ਤੇਲ ਦੇ ਕਾਫੀ ਕੜਾਹੇ ਤਪਾਏ ਜਾਣ, ਯੱਗ ਅਤੇ ਮੰਤਰ ਦੇ ਬਲ ਕਰਕੇ ਨਾਗ ਆਪਣੇ ਆਪ ਆ ਕੇ ਤੇਲ ਵਿੱਚ ਸੜਨਗੇ, ਹੋਇਆ ਵੀ ਐਸਾ ਹੀ। ਇਸ ਪ੍ਰਕਾਰ ਜੀਵ ਨੂੰ ਆਪਣੇ ਕਰਮਾਂ ਦਾ ਫਲ ਅਵੱਸ਼ ਭੋਗਣਾ ਪੈਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਚਾਰ ਮਿਸਾਲਾ ਦੇ ਕੇ ਸਮਝਾਇਆ, ਹੇ ਭਾਈ! ਆਪਣੇ ਸ਼ੁਭ ਕਰਮਾਂ ਦਾ ਹੰਕਾਰ ਨਾ ਕਰੋ, ਦੂਸਰਿਆਂ ਦੇ ਮੰਦ ਕਰਮਾਂ ਤੇ ਗਿਲਾਨੀ ਨਾ ਕਰੋ, ਹਮੇਸ਼ਾ ਪਰਮੇਸ਼ਰ ਅੱਗੇ ਐਸੇ ਬੇਨਤੀ ਕਰੋ—

ਮੂਲ — **ਗਣਤ ਨ ਗਾਂਣੀ ਹੁਕਮੁ ਪਛਾਣਾ ਬੋਲੀ ਭਾਇ ਸੁਭਾਈ॥**
**ਜੋ ਕਿਛੁ ਵਰਤੈ ਤੁਧੈ ਸਲਾਂਹੀ ਸਭ ਤੇਰੀ ਵਡਿਆਈ॥**

ਅਰਥ — ਹੇ ਪਰਮੇਸ਼ਰ! ਮੈਂ ਆਪਣੇ ਕਰਮਾਂ ਦੀ ਗਿਣਤੀ ਨਹੀਂ ਕਰ ਸਕਦਾ, ਸਭ ਵਿੱਚ ਤੇਰਾ ਹੁਕਮ ਵਰਤ ਰਿਹਾ ਹੈ ਅਤੇ ਜੋ ਮੈਂ ਬੋਲਦਾ ਹਾਂ, ਉਹ ਵੀ ਸਹਿਜ ਸੁਭਾ ਹੀ ਬੋਲਦਾ ਹਾਂ, ਜਗਤ ਵਿੱਚ ਆਪ ਦਾ ਹੀ ਹੁਕਮ ਵਰਤ ਰਿਹਾ ਹੈ। ਇਹ ਜਾਣਕੇ ਮੈਂ ਤੇਰੀ ਹੀ ਸਿਫਤ ਸਲਾਹ ਕਰਦਾ ਹਾਂ, ਇਹ ਸਭ ਤੇਰੀ ਵੀ ਵਡਿਆਈ ਹੈ। ਹੇ ਪ੍ਰੇਮੀ ਜਨੋਂ! ਜੋ ਕੁਝ ਵਰਤ ਰਿਹਾ ਹੈ, ਸਬ ਪਰਮੇਸ਼ਰ ਦਾ ਹੀ ਹੁਕਮ ਹੈ, ਇਸਤੇ ਕਦੇ ਇਤਰਾਜ਼ ਨਾ ਕਰੋ। ਪਰਮੇਸ਼ਰ ਦੇ ਅੱਗੇ ਹਮੇਸ਼ਾਂ ਗਰੀਬੀ ਭਾਵ ਨਾਲ ਅਰਦਾਸ ਬੇਨਤੀ ਕਰੋ, ਹੇ ਪ੍ਰਭੂ! ਕ੍ਰਿਪਾ ਕਰ ਮੈਨੂੰ ਤੇਰਾ ਭਾਣਾ ਮਿੱਠਾ ਲੱਗਦਾ ਰਹੇ; ਜੋ ਤੂੰ ਕਰਦਾ ਹੈਂ ਮੈਨੂੰ ਬੁਰਾ ਨਾ ਲੱਗੇ, ਕਿਉਂਕਿ ਸਭ ਹਿਰਦਿਆਂ ਵਿੱਚ ਤੂੰ ਹੀ ਵਰਤ ਰਿਹਾ ਹੈ; ਮਿਹਰ ਕਰ, ਬਜਾਏ ਬੁਰਾ ਭਲਾ ਦੇਖਣ ਦੇ, ਮੈਂ ਤੇਰੀ ਸਿਫਤ ਸਲਾਹ ਕਰਦਾ ਰਹਾਂ।

ਮੂਲ — **ਗੁਰਮੁਖਿ ਅਲਿਪਤੁ ਲੇਪੁ ਕਦੇ ਨਾ ਲਾਗੈ ਸਦਾ ਰਹੈ ਸਰਣਾਈ॥**
**ਮਨਮੁਖੁ ਮੁਗਧੁ ਆਗੈ ਚੇਤੈ ਨਾਹੀ ਦੁਖਿ ਲਾਗੈ ਪਛੁਤਾਈ॥**

ਅਰਥ — ਗੁਰਮੁਖ ਹਮੇਸ਼ਾ ਵਾਹਿਗੁਰੂ ਦੇ ਭਾਣੇ ਵਿੱਚ ਰਹਿੰਦੇ ਹੋਏ ਦੁੱਖ-ਸੁੱਖ ਤੋਂ ਨਿਰਲੇਪ ਰਹਿੰਦੇ ਹਨ, ਯਾਨੀ ਕਦੇ ਵੀ ਲੇਪ ਵਾਲੇ ਨਹੀਂ ਹੁੰਦੇ, ਹਮੇਸ਼ਾਂ ਪ੍ਰਮੇਸ਼ਰ ਦੀ ਸ਼ਰਨ ਵਿਚ ਰਹਿੰਦੇ ਹਨ। ਲੇਕਿਨ ਆਪਣੇ ਮਨ ਦੇ ਪਿਛੇ ਚੱਲਣ ਵਾਲੇ ਮਨਮੁੱਖ ਇਸ ਗੱਲ ਨੂੰ ਨਹੀਂ ਜਾਣਦੇ, ਹਮੇਸ਼ਾ ਆਪਣੀ ਮੂਰਖਤਾ ਵਸ ਭਾਣੇ ਤੋਂ ਦੂਰ ਰਹਿੰਦੇ ਹਨ, ਜਦੋਂ ਦੁੱਖ ਆਉਂਦਾ ਹੈ ਤਾਂ ਪਛਤਾਉਂਦੇ ਹਨ।

ਮੂਲ — **ਆਪੇ ਕਰੇ ਕਰਾਏ ਕਰਤਾ ਜਿਨਿ ਏਹ ਰਚਨਾ ਰਚੀਐ॥**
**ਹਰਿ ਅਭਿਮਾਨੁ ਨ ਜਾਈ ਜੀਅਹੁ ਅਭਿਮਾਨੇ ਪੈ ਪਚੀਐ॥**

ਅਰਥ — ਕਰਤਾਰ ਆਪ ਹੀ ਜਗਤ ਦੀ ਰਚਨਾ ਕਰਕੇ, ਅਨੇਕਾਂ ਪ੍ਰਕਾਰ ਦੇ ਜੀਵ ਪੈਦਾ ਕਰਦਾ ਹੈ, ਅਤੇ ਖੁਦ ਹੀ ਜੀਵਾਂ ਤੋਂ ਕਰਮ ਕਰਵਾਉਂਦਾ ਹੈ ਅਤੇ ਕਰਮਾਂ ਦਾ ਫਲ ਵੀ ਜੀਵਾਂ ਤੋਂ ਹੀ ਭੁਗਤਾਉਂਦਾ ਹੈ। ਲੇਕਿਨ ਇਹ ਜੀਵ ਹੰਕਾਰ ਵੱਸ ਹੋ ਕੇ ਸਾਰੇ ਕਰਮਾਂ ਦਾ ਕਾਰਨ ਵਾਲਾ ਆਪ ਨੂੰ ਮੰਨ ਬੈਠਦਾ ਹੈ, ਇਸੀ ਵਜ੍ਹਾ ਕਰਕੇ ਹੰਕਾਰ ਦੀ ਅਗਨੀ ਵਿੱਚ ਹਮੇਸ਼ਾਂ ਸੜਦਾ ਰਹਿੰਦਾ ਹੈ।

ਮੂਲ — **ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ॥**
**ਨਾਨਕ ਸਚਿ ਨਾਮਿ ਨਿਸਤਾਰਾ ਕੋ ਗੁਰ ਪਰਸਾਦਿ ਅਘੁਲੈ॥**

ਅਰਥ — ਅਕਾਲ ਪੁਰਖ ਵਾਹਿਗੁਰੂ ਨੇ ਆਪਣੀ ਮਾਇਆ ਪਾਕੇ ਸਭ ਜੀਵਾਂ ਨੂੰ ਭੁੱਲ ਵਿੱਚ ਪਾਇਆ ਹੋਇਆ ਹੈ, ਲੇਕਿਨ ਪਰਮੇਸ਼ਰ ਆਪ ਮਾਇਆ-ਪਤੀ ਹੋਣ ਕਰਕੇ ਕਦੇ ਨਹੀਂ ਭੁੱਲਦਾ। ਗੁਰੂ ਬਾਬਾ ਜੀ ਫੁਰਮਾਣ ਕਰਦੇ ਹਨ ਜੋ ਇਨਸਾਨ ਸੱਚੇ ਨਾਮ ਦਾ ਸਹਾਰਾ ਲੈਂਦੇ ਹਨ, ਉਹ ਸਭ ਦੁੱਖਾਂ ਤੋਂ ਛੁਟਕਾਰਾ ਹਾਸਲ ਕਰਕੇ ਹਮੇਸ਼ਾਂ ਲਈ ਸੁਖੀ ਹੋ ਜਾਂਦੇ ਹਨ। ਲੇਕਿਨ ਕੋਈ ਵਿਰਲਾ ਗੁਰਮੁਖ ਗੁਰੂ ਦੀ ਕ੍ਰਿਪਾ ਦੁਆਰਾ ਨਾਮ ਜੱਪ ਕੇ ਦੁੱਖ ਰੂਪ ਮਾਇਆ ਨੂੰ ਤਰ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਪਵਿੱਤਰ ਸ਼ਬਦ ਦੀ ਵਿਸਥਾਰ ਪੂਰਵਕ ਵਿਆਖਿਆ ਮਹਾਂਪੁਰਸ਼ਾਂ ਦੇ ਪਵਿੱਤਰ ਮੁੱਖ ਤੋਂ ਸ੍ਰਵਣ ਕਰਕੇ ਸਾਰੀ ਸੰਗਤ ਦਾ ਸੰਸਾ ਦੂਰ ਹੋ ਗਿਆ। ਮਹਾਰਾਜ ਬੁੱਢਾ ਸਿੰਘ ਦੀ ਕਥਾ ਸੁਣਨ ਲਈ ਸ਼ਹਿਰ ਤੋਂ ਬਿਨਾਂ ਪਿੰਡਾਂ ਦੀ ਸੰਗਤ ਵੀ ਆਉਂਦੀ ਸੀ। ਕੁਝ ਪਿੰਡਾਂ ਦੀ ਸੰਗਤ ਨੇ ਬੇਨਤੀ ਕੀਤੀ ਮਹਾਰਾਜ ਸਾਡੇ ਪਿੰਡਾਂ ਵਿੱਚ ਵੀ ਚਰਨ ਪਾਉ, ਜੋ ਲੋਕ ਇਥੇ ਨਹੀਂ ਆ ਸਕੇ ਉਹ ਵੀ ਲਾਭ ਉਠਾ ਸਕਣ। ਸੰਗਤ ਦੀ ਬੇਨਤੀ ਪ੍ਰਵਾਨ ਕਰਕੇ ਬਾਬਾ ਜੀ ਨੇ ਸਿਆਲਕੋਟ ਤੋਂ ਚਾਲੇ ਪਾ ਕੇ ਪਿੰਡ *ਲਾਵੇਰੀ ਰੰਧਾਵੀ* ਅਤੇ *ਫਕੀਰ ਚੰਦ ਦਾ ਕੋਟਲਾ* ਵਿਖੇ ਸੰਗਤਾਂ ਨੂੰ ਦਰਸ਼ਨ ਦੀਦਾਰੇ ਬਖਸ਼ਿਸ਼ ਕੀਤੇ। ਰੰਧਾਵੀ ਪਿੰਡ ਦੀ ਸੰਗਤ ਨੇ ਬੇਨਤੀ ਕੀਤੀ ਮਹਾਰਾਜ ਕ੍ਰਿਪਾ ਕਰਕੇ ਸ੍ਰੀ ਦਸ਼ਮ ਗ੍ਰੰਥ ਦੀ ਕਥਾ ਸੁਣਾਉ। ਬਾਬਾ ਜੀ ਨੇ ਸੰਗਤ ਦਾ ਪ੍ਰੇਮ ਦੇਖਕੇ ਦਸਮ ਗ੍ਰੰਥ ਦੀ ਕਥਾ ਸ਼ੁਰੂ ਕੀਤੀ, ਜਿਸ ਵਿੱਚ ਪਿੰਡ ਦੀਆਂ ਸੰਗਤਾਂ ਤੋਂ ਇਲਾਵਾ ਬਾਹਰਲੇ ਪਿੰਡਾਂ ਦੀਆਂ ਸੰਗਤਾਂ ਵੀ ਹਰ ਰੋਜ਼ ਕਥਾ ਸੁਣਨ ਲਈ ਚੋਖੀ ਗਿਣਤੀ ਵਿੱਚ ਆਉਂਦੀਆਂ ਸਨ। ਸਾਰੀ ਕਥਾ ਪੂਰੀ ਕਰਨ ਲਈ ਛੇ ਮਹੀਨੇ ਲੱਗੇ। ਭੋਗ ਵਾਲੇ ਦਿਨ ਜੋ ਸਮੱਗਰੀ ਅਰਪਣ ਹੋਈ ਬਾਬਾ ਜੀ ਨੇ ਹੁਕਮ

ਕੀਤਾ ਇਸ ਨੂੰ ਯੱਗ ਵਿੱਚ ਲਾ ਦਿਉ, ਅਤੇ ਜਿਤਨੀ ਮਾਇਆ ਚੜ੍ਹਾਵੇ ਵਿੱਚ ਆਈ ਹੈ ਇਸਨੂੰ ਗੁਰਦੁਆਰੇ ਦੀ ਇਮਾਰਤ ਤੇ ਲਗਾ ਦਿਉ। ਇਸ ਪ੍ਰਕਾਰ ਸੰਗਤਾਂ ਦੇ ਪ੍ਰੇਮਵਸ, ਕਾਫੀ ਸਮਾਂ ਇਸ ਇਲਾਕੇ ਵਿੱਚ ਠਹਿਰਣ ਤੋਂ ਬਾਅਦ ਇਥੋਂ ਚਾਲੇ ਪਾਏ। ਕਈ ਪਿੰਡਾਂ ਸ਼ਹਿਰਾਂ ਵਿੱਚੋਂ ਹੁੰਦੇ ਹੋਏ ਸੰਗਤਾਂ ਨੂੰ ਸੱਤ ਉਪਦੇਸ਼ ਕਰਦੇ, ਕਸ਼ਮੀਰ ਦੀ ਰਮਨੀਕ ਧਰਤੀ ਤੇ ਪਹੁੰਚੇ। ਇਸ ਵਾਰ ਆਪ ਬਹੁਤ ਸਾਰੇ ਸੰਤ ਮਹਾਤਮਾ ਨੂੰ ਮਿਲੇ, ਜਿਹੜੇ ਇਕਾਂਤ ਜਾਣਕੇ ਸਾਧਨਾਂ ਵਿੱਚ ਲੱਗੇ ਹੋਏ ਸਨ। ਕੁਝ ਕੁ ਪੁੱਗ ਚੁੱਕੇ ਸਿੱਧ ਪੁਰਸ਼ਾਂ ਦੇ ਦਰਸ਼ਨ ਮਿਲਾਪ ਵੀ ਹੋਏ। ਇਸ ਸਮੇਂ ਦੌਰਾਨ ਆਪ ਜੀ ਨੇ ਪੁਰਾਤਨ ਤੀਰਥ ਸ੍ਰੀ ਅਮਰਨਾਥ ਦੀ ਵੀ ਦੂਸਰੀ ਵਾਰ ਯਾਤਰਾ ਕੀਤੀ। ਇਉਂ ਕੋਈ ਸਾਢੇ ਤਿੰਨ ਸਾਲ ਦਾ ਸਮਾਂ ਕਸ਼ਮੀਰ ਦੀ ਭਾਗਾਂਭਰੀ ਧਰਤੀ ਤੇ ਬਿਤਾ ਕੇ, ਪੂਰਬ ਦੀ ਯਾਤਰਾ ਕਰਨ ਲਈ ਅਯੁੱਧਿਆ ਹੁੰਦੇ ਹੋਏ ਕਾਸ਼ੀ ਪਹੁੰਚੇ। ਕਾਸ਼ੀ ਪੰਡਿਤ ਸੁੱਚਾ ਸਿੰਘ ਜੀ ਮਿਲੇ (ਜੋ ਬਾਅਦ ਵਿੱਚ ਨਿਰਮਲ ਪੰਚਾਇਤੀ ਅਖਾੜਾ ਦੇ ਮਹੰਤ ਬਣੇ)। ਇਹ ਕਾਸ਼ੀ ਪੜ੍ਹਦੇ ਸਮੇਂ ਆਪਦੇ ਨਾਲ ਹੀ ਪੜ੍ਹਦੇ ਸਨ। ਪੰਡਿਤ ਸੁੱਚਾ ਸਿੰਘ ਜੀ ਨੇ ਦੱਖਣ ਦੇ ਤੀਰਥ ਅਸਥਾਨਾਂ ਦੀ ਯਾਤਰਾ ਕਰਨ ਦੀ ਇੱਛਾ ਪ੍ਰਗਟ ਕੀਤੀ। ਆਪ ਜੀ ਨਾਲ ਕੁਝ ਸਾਧੂ ਤਾਂ ਪਹਿਲਾਂ ਹੀ ਸਨ, ਪੰਡਿਤ ਸੁੱਚਾ ਸਿੰਘ ਜੀ ਨੂੰ ਨਾਲ ਲੈ ਕੇ ਯਾਤਰਾ ਲਈ ਚਾਲੇ ਪਾਏ। ਪਟਨਾ ਸਾਹਿਬ ਦੇ ਦਰਸ਼ਨ ਦੀਦਾਰੇ ਕਰਕੇ ਪੜਾਅ ਵਾਰ ਪਿੰਡਾਂ-ਸ਼ਹਿਰਾਂ ਵਿੱਚ ਵਿਚਰਦੇ ਹੋਏ ਕਾਫੀ ਸਮੇਂ ਬਾਅਦ ਜਗਨਨਾਥ ਪਹੁੰਚੇ, ਜਗਨਨਾਥ ਤੋਂ ਰਾਮੇਸ਼ਵਰ ਆਦਿ ਪਵਿੱਤਰ ਤੀਰਥ ਅਸਥਾਨਾਂ ਦੇ ਦਰਸ਼ਨ ਕਰਕੇ ਦਵਾਰਕਾ ਪਹੁੰਚੇ। ਇਤਨੇ ਨੂੰ ਹਰਦੁਆਰ ਦੇ ਕੁੰਭ ਮੇਲੇ ਵਿੱਚ ਸ਼ਾਮਲ ਹੋਣ ਲਈ ਵਾਪਸ ਹਰਦੁਆਰ ਆ ਪਹੁੰਚੇ।

## ਸੰਮਤ ੧੯੪੭ ਦਾ ਹਰਦੁਆਰ ਦਾ ਕੁੰਭ

ਪੂਰਬ ਦੱਖਣ ਦੇ ਤੀਰਥ ਅਸਥਾਨਾਂ ਦੀ ਯਾਤਰਾ ਕਰਕੇ ਬਾਬਾ ਬੁੱਢਾ ਸਿੰਘ ਜੀ ਮਹਾਰਾਜ ਨੇ ਕੁੰਭ ਦੇ ਮੇਲੇ ਦੇ ਦਰਸ਼ਨ ਦੀਦਾਰੇ ਕਰਨ ਲਈ (ਸਮੇਤ ਮੰਡਲੀ ਦੇ) ਹਰਦੁਆਰ ਪਹੁੰਚ ਕੇ ਰਿਹਾਇਸ਼ ਨਿਰਮਲ ਪੰਚਾਇਤੀ ਅਖਾੜੇ ਦੀ ਛਾਉਣੀ ਵਿੱਚ ਕੀਤੀ। ਕੁੰਭ ਦੇ ਦਰਸ਼ਨ ਕਰਨ ਲਈ ਸਭ ਮਤਾਂ ਮਤਾਂਤਰਾਂ ਦੇ ਸਾਧੂ ਮਹਾਤਮਾ ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚੇ ਹੋਏ ਸਨ। ਸਤਸੰਗ ਲਈ ਇਕ ਵੱਡਾ ਪੰਡਾਲ ਬਣਾਇਆ ਹੋਇਆ ਸੀ ਜਿਸ ਵਿੱਚ ਸਭ ਮਤਾਂ ਦੇ ਮਹਾਤਮਾ ਨੂੰ ਕਥਾ ਵਿਖਿਆਨ ਲਈ ਸਮਾਂ ਦਿੱਤਾ ਜਾਂਦਾ ਸੀ। ਸਤਸੰਗ ਦਾ ਵਿਸ਼ਾ ਰੱਖਿਆ ਗਿਆ ਸੀ, ਜੀਵਨ ਮੁਕਤ ਪੁਰਸ਼ ਦੇ ਲੱਛਣ ਅਤੇ ਉਸਦੇ ਦਰਸ਼ਨਾਂ ਤੋਂ ਕੀ ਪ੍ਰਾਪਤੀ ਹੁੰਦੀ ਹੈ। ਸਭ ਮੱਤਾਂ ਦੇ ਸਾਧੂ ਆਪੋ-ਆਪਣੇ ਮਤ ਅਨੁਸਾਰ ਇਸ ਵਿਸ਼ੇ ਨੂੰ ਖੋਲ੍ਹਦੇ ਸਨ। ਗੁਰੂ ਨਾਨਕ ਮਤ ਦੇ ਨਿਰਮਲ ਸਮਾਜ ਵੱਲੋਂ ਬਾਬਾ ਬੁੱਢਾ ਸਿੰਘ ਜੀ ਨੂੰ ਇਸ ਵਿਸ਼ੇ ਤੇ ਬੋਲਣ ਲਈ ਬੇਨਤੀ ਕੀਤੀ ਗਈ। ਬਾਬਾ ਜੀ ਨੇ ਬੇਨਤੀ ਪ੍ਰਵਾਨ ਕਰਕੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਇਸ ਪਵਿੱਤਰ ਸ਼ਬਦ ਦੁਆਰਾ ਜੀਵਨ ਮੁਕਤ ਪੁਰਸ਼ ਦੇ ਲਛਣ ਵਰਨਣ ਕੀਤੇ—

ਸੋ ਮੁਕਤਾ ਸੰਸਾਰਿ ਜਿ ਗੁਰਿ ਉਪਦੇਸਿਆ॥
ਤਿਸ ਕੀ ਗਈ ਬਲਾਇ ਮਿਟੇ ਅੰਦੇਸਿਆ॥
ਤਿਸ ਕਾ ਦਰਸਨੁ ਦੇਖਿ ਜਗਤੁ ਨਿਹਾਲੁ ਹੋਇ॥
ਜਨ ਕੈ ਸੰਗਿ ਨਿਹਾਲੁ ਪਾਪਾ ਮੈਲੁ ਧੋਇ॥
ਅੰਮ੍ਰਿਤੁ ਸਾਚਾ ਨਾਉ ਓਥੈ ਜਾਪੀਐ॥
ਮਨ ਕਉ ਹੋਇ ਸੰਤੋਖੁ ਭੁਖਾ ਧ੍ਰਾਪੀਐ॥
ਜਿਸੁ ਘਟਿ ਵਸਿਆ ਨਾਉ ਤਿਸੁ ਬੰਧਨ ਕਾਟੀਐ॥
ਗੁਰ ਪਰਸਾਦਿ ਕਿਨੈ ਵਿਰਲੈ ਹਰਿ ਧਨੁ ਖਾਟੀਐ॥

*(ਗੁਜਰੀ ਵਾਰ, ਪੰਨਾ-੫੧੯)*

ਵਿਆਖਿਆ—ਇਕ ਦਿਨ ਦਾ ਜ਼ਿਕਰ ਪਰਉਪਕਾਰ ਦੇ ਸਮੁੰਦਰ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਸ੍ਰੀ ਅੰਮ੍ਰਿਤਸਰ ਵਿਖੇ ਆਪਣੀ ਮੌਜ ਵਿੱਚ ਆਪਣੇ ਸਿੰਘਾਸਣ ਤੇ ਸੁਸ਼ੋਭਿਤ ਸਨ। ਹਜ਼ੂਰੀ ਵਿੱਚ ਬੈਠੀ ਸੰਗਤ ਇਉਂ ਸ਼ੋਭਾ ਦੇ ਰਹੀ ਹੈ ਜਿਵੇਂ ਚੰਦਰਮਾਂ ਦੇ ਦੁਆਲੇ ਪਰਿਵਾਰ ਆਇਆ ਹੋਵੇ। ਹਜ਼ੂਰ ਦੇ ਪਵਿੱਤਰ ਚਰਨਾਂ ਵਿੱਚ ਇਕ ਪ੍ਰੇਮੀ ਨੇ ਅਰਜ਼ ਕੀਤੀ, ਮਹਾਰਾਜ! ਸੰਤਾਂ ਦੀ ਮਹਿਮਾਂ, ਸੰਤਾਂ ਦੇ ਲਛਣ ਅਤੇ ਉਨ੍ਹਾਂ ਦੀ ਸੰਗਤ ਦਾ ਕੀ ਫਲ ਹੁੰਦਾ ਹੈ? ਪ੍ਰੇਮੀ ਦੀ ਬੇਨਤੀ ਸੁਣਕੇ ਗੁਰੂ ਬਾਬਾ ਜੀ ਨੇ ਗੁਜਰੀ ਰਾਗ ਵਿੱਚ ਇਹ ਪਉੜੀ ਉਚਾਰਨ ਕੀਤੀ—

ਮੂਲ — **ਸੋ ਮੁਕਤਾ ਸੰਸਾਰਿ ਜਿ ਗੁਰਿ ਉਪਦੇਸਿਆ॥**
**ਤਿਸ ਕੀ ਗਈ ਬਲਾਇ ਮਿਟੇ ਅੰਦੇਸਿਆ॥**

ਅਰਥ — ਸੰਸਾਰ ਵਿੱਚ ਉਹੀ ਜੀਵ ਜੀਵਨ ਮੁਕਤ ਯਾਨੀ ਜੀਉਂਦਾ ਮੁਕਤ ਹੁੰਦਾ ਹੈ, ਜਿਸਨੂੰ ਸਤਿਗੁਰੂ ਉਪਦੇਸ਼ ਕਰਦਾ ਹੈ। ਐਸਾ ਜੋ ਮਹਾਂਪੁਰਖ ਹੈ ਉਸਦੀ ਅਵਿੱਦਿਆ ਰੂਪ ਬਲਾ ਮਿਟ ਜਾਂਦੀ ਹੈ ਤੇ ਸਾਰੇ ਸੰਸ਼ੇ ਦੂਰ ਹੋ ਜਾਂਦੇ ਹਨ। ਪ੍ਰੇਮੀ ਨੇ ਅਰਜ਼ ਕੀਤੀ ਮਹਾਰਾਜ! ਇਹ ਤਾਂ ਸੰਤ ਦੀ ਅੰਤਰੀਵ ਅਵਸਥਾ ਹੋਈ ਲੇਕਿਨ ਐਸੇ ਸੰਤ ਦੇ ਦਰਸ਼ਨਾਂ ਤੋਂ ਕੀ ਲਾਭ ਪ੍ਰਾਪਤ ਹੁੰਦਾ ਹੈ?

ਮੂਲ — **ਤਿਸ ਕਾ ਦਰਸਨੁ ਦੇਖਿ ਜਗਤੁ ਨਿਹਾਲੁ ਹੋਇ॥**

ਅਰਥ — ਐਸੇ ਪੁਰਸ਼ ਦੇ ਦਰਸ਼ਨ ਮਾਤਰ ਨਾਲ ਹੀ ਜਗਤ ਨਿਹਾਲ ਹੋ ਜਾਂਦਾ ਹੈ—ਜਿਵੇਂ ਗੁਰੂ ਵਾਕ—

**ਜਿਨ੍ਹਾਂ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ॥**
**ਹਉ ਢੂੰਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੋਈ॥**

*(ਵਾਰ ਗੂਜਰੀ, ਪੰਨਾ—੫੨੦)*

**ਕਬੀਰ ਸੰਤ ਕੀ ਗੈਲ ਨ ਛੋਡੀਐ ਮਾਰਗਿ ਲਾਗਾ ਜਾਉ॥**
**ਪੇਖਤ ਹੀ ਪੁੰਨੀਤ ਹੋਇ ਭੇਟਤ ਜਪੀਐ ਨਾਉ॥**

*(ਸਲੋਕ ਕਬੀਰ ਜੀ, ਪੰਨਾ-੧੩੭੧)*

**ਸਾਧ ਕੈ ਸੰਗਿ ਨਹੀ ਕਛੁ ਘਾਲ॥ ਦਰਸਨੁ ਭੇਟਤ ਹੋਤ ਨਿਹਾਲ॥**

*(ਸੁਖਮਨੀ ਸਾਹਿਬ, ਪੰਨਾ-੨੭੨)*

ਵੱਡੇ ਭਾਗਾਂ ਨਾਲ ਜਦ ਇਸ ਜੀਵ ਨੂੰ ਪੂਰਨ ਸਾਧੂ ਦਾ ਸੰਗ ਪ੍ਰਾਪਤ ਹੋ ਜਾਂਦਾ ਹੈ, ਉਸ ਵਕਤ ਇਸ ਦੀਆਂ ਤਮਾਮ ਘਾਲਣਾ ਮਿਹਨਤਾਂ ਸਮਾਪਤ ਹੋ ਜਾਂਦੀਆਂ ਹਨ, ਉਸ ਸਮੇਂ ਨਿਰਾਕਾਰ ਸਰੂਪ ਦੇ ਦਰਸ਼ਨ ਹੁੰਦੇ ਹੀ ਜੀਵ ਨਿਹਾਲ ਹੋ ਜਾਂਦਾ ਹੈ, ਜਨਮ-ਮਰਨ ਆਦਿ ਤਮਾਮ ਦੁੱਖਾਂ ਤੋਂ ਛੁੱਟ ਜਾਂਦਾ ਹੈ।

ਮੂਲ — **ਜਨ ਕੈ ਸੰਗਿ ਨਿਹਾਲੁ ਪਾਪਾ ਮੈਲੁ ਧੋਇ॥**

ਅਰਥ — ਸੰਤ ਦਾ ਸੰਗ ਕਰਕੇ ਜੀਵ ਨਿਹਾਲ ਹੋ ਜਾਂਦਾ ਹੈ ਅਤੇ ਪਾਪਾਂ ਰੂਪੀ ਮੈਲ ਦੂਰ ਹੋ ਜਾਂਦੀ ਹੈ।

ਮੂਲ — **ਅੰਮ੍ਰਿਤ ਸਾਚਾ ਨਾਉ ਓਥੈ ਜਾਪੀਐ॥**

ਅਰਥ — ਸੰਤਾਂ ਦਾ ਸੰਗ ਪ੍ਰਾਪਤ ਹੁੰਦੇ ਹੀ ਇਹ ਜੀਵ ਅੰਮ੍ਰਿਤ ਰੂਪ ਨਾਮ ਦਾ ਜਾਪ ਸ਼ੁਰੂ ਕਰ ਦਿੰਦਾ ਹੈ।

ਮੂਲ — **ਮਨ ਕਉ ਹੋਇ ਸੰਤੋਖੁ ਭੁਖਾ ਧ੍ਰਾਪੀਐ॥**

ਅਰਥ — ਸੰਤਾਂ ਦਾ ਸੰਗ ਕਰਕੇ ਜਦ ਇਹ ਜੀਵ ਨਾਮ ਜਪਦਾ ਹੈ ਤਾਂ ਇਸਦੇ ਮਨ ਨੂੰ ਸੰਤੋਖ ਆ ਜਾਂਦਾ ਹੈ ਯਾਨੀ ਪਦਾਰਥਾਂ ਦੀ ਭੁੱਖ ਮਿਟ ਜਾਂਦੀ ਹੈ।

ਮੂਲ — **ਜਿਸੁ ਘਟਿ ਵਸਿਆ ਨਾਉ ਤਿਸੁ ਬੰਧਨ ਕਾਟੀਐ॥**

ਅਰਥ — ਜਿਸ ਪੁਰਖ ਦੇ ਹਿਰਦੇ ਵਿੱਚ ਪਰਮੇਸ਼ਰ ਦਾ ਨਾਮ ਵਸ ਜਾਂਦਾ ਹੈ, ਉਸ ਦੇ ਸਾਰੇ ਬੰਧਨ ਕੱਟ ਜਾਂਦੇ ਹਨ, ਹਮੇਸ਼ਾਂ ਵਾਸਤੇ ਜਨਮ-ਮਰਨ ਆਦਿ ਤਮਾਮ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ।

ਮੂਲ — **ਗੁਰ ਪਰਸਾਦਿ ਕਿਨੈ ਵਿਰਲੈ ਹਰਿ ਧਨੁ ਖਾਟੀਐ॥**

ਅਰਥ — ਕੋਈ ਵਿਰਲਾ ਐਸਾ ਪੁਰਸ਼ ਹੈ ਜਿਸਨੇ ਗੁਰੂ ਦੀ ਕ੍ਰਿਪਾ ਦੁਆਰਾ ਨਾਮ ਧਨ ਖੱਟਿਆ ਹੈ। ਬਾਬਾ ਬੁੱਢਾ ਸਿੰਘ ਮਹਾਰਾਜ ਦੇ ਪਵਿੱਤਰ ਮੁੱਖ ਤੋਂ ਗੁਰਬਾਣੀ ਦੁਆਰਾਂ ਸੰਤਾਂ ਦੀ ਮਹਿਮਾ ਅਤੇ ਉਨ੍ਹਾਂ ਤੋਂ ਹੋਣ ਵਾਲੇ ਲਾਭ ਦਾ ਅੰਮ੍ਰਿਤਮਈ ਉਪਦੇਸ਼ ਸੁਣਕੇ ਸਭਾ ਵਿੱਚ ਸੁਸ਼ੋਭਿਤ ਸਭ ਸੰਤ ਮਹਾਤਮਾ ਅਤੇ ਸਰੋਤੇ ਬਹੁਤ ਖੁਸ਼ ਹੋਏ। ਕੁਝ ਪ੍ਰੇਮੀਆਂ ਨੇ ਬੇਨਤੀ ਕੀਤੀ ਮਹਾਰਾਜ! ਆਪ ਜੀ ਤੋਂ ਸੰਤਾਂ ਦੀ ਮਹਿਮਾਂ ਅਤੇ ਦਰਸ਼ਨਾਂ ਤੋਂ ਹੋਣ ਵਾਲੇ ਲਾਭ ਤਾਂ ਅੱਛੀ ਤਰ੍ਹਾਂ ਸੁਣ ਲਏ ਹਨ ਲੇਕਿਨ ਐਸੇ ਮਹਾਂਪੁਰਸ਼ ਦੇ ਬਾਹਜ ਲੱਛਣ ਅਤੇ ਸੁਭਾਵ ਕੈਸਾ ਹੁੰਦਾ ਹੈ, ਇਹ ਵਰਨਣ ਕਰੋ। ਪ੍ਰੇਮੀਆਂ ਦੀ ਬੇਨਤੀ ਸੁਣਕੇ ਬਾਬਾ ਜੀ ਬੋਲੇ, ਪ੍ਰੇਮੀਓ! ਗੁਰੂ ਨਾਨਕ ਭਲੀ ਕਰਨ, ਕੱਲ੍ਹ ਦੇ ਸਤਸੰਗ ਵਿੱਚ ਸੰਤਾਂ ਦਾ ਸੁਭਾਵ ਕਿਸ ਤਰ੍ਹਾਂ ਦਾ ਹੁੰਦਾ ਹੈ ਇਸ ਗੱਲ ਤੇ ਹੀ ਵਿਚਾਰ ਕੀਤਾ ਜਾਵੇਗਾ।

## ਕੁੰਭ ਮੇਲੇ ਤੇ ਦੂਸਰੇ ਦਿਨ ਕਥਾ ਕਰਨੀ

ਕੱਲ੍ਹ ਦੇ ਦਿੱਤੇ ਬਚਨਾਂ ਅਨੁਸਾਰ ਮਹਾਰਾਜ ਬੁੱਢਾ ਸਿੰਘ ਜੀ ਨੇ ਸੰਤਾਂ ਦੇ ਲੱਛਣ ਅਤੇ ਸੁਭਾਵ ਬਾਰੇ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੀ ਇਸ ਅਸ਼ਟਪਦੀ ਦੀ ਵਿਆਖਿਆ ਕੀਤੀ।

ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ॥
ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ॥
ਮਨ ਮੇਰੇ ਰਾਮ ਰਉ ਨਿਤ ਨੀਤਿ॥
ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ॥ ਰਹਾਉ॥
ਚਰਣ ਤਲੈ ਉਗਾਹਿ ਬੈਸਿਓ ਸ੍ਰਮੁ ਨ ਰਹਿਓ ਸਰੀਰਿ॥
ਮਹਾ ਸਾਗਰੁ ਨਹ ਵਿਆਪੈ ਖਿਨਹਿ ਉਤਰਿਓ ਤੀਰਿ॥
ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ॥
ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪਰੀਤਿ॥
ਊਚ ਨੀਚ ਬਿਕਾਰ ਸੁਕ੍ਰਿਤ ਸੰਲਗਨ ਸਭ ਸੁਖ ਛਤ੍ਰ॥
ਮਿਤ੍ਰ ਸਤ੍ਰੁ ਨ ਕਛੂ ਜਾਨੈ ਸਰਬ ਜੀਅ ਸਮਤ॥
ਕਰਿ ਪ੍ਰਗਾਸੁ ਪ੍ਰਚੰਡ ਪ੍ਰਗਟਿਓ ਅੰਧਕਾਰ ਬਿਨਾਸ॥
ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ ਮਨਿ ਨ ਭਇਓ ਬਿਖਾਦੁ॥
ਸੀਤ ਮੰਦ ਸੁਗੰਧ ਚਲਿਓ ਸਰਬ ਥਾਨ ਸਮਾਨ॥
ਜਹਾ ਸਾ ਕਿਛੁ ਤਹਾ ਲਾਗਿਓ ਤਿਲੁ ਨ ਸੰਕਾ ਮਾਨ॥
ਸੁਭਾਇ ਅਭਾਇ ਜੁ ਨਿਕਟਿ ਆਵੈ ਸੀਤੁ ਤਾ ਕਾ ਜਾਇ॥
ਆਪ ਪਰ ਕਾ ਕਛੁ ਨ ਜਾਣੈ ਸਦਾ ਸਹਜਿ ਸੁਭਾਇ॥
ਚਰਣ ਸਰਣ ਸਨਾਥ ਇਹੁ ਮਨੁ ਰੰਗਿ ਰਾਤੇ ਲਾਲ॥
ਗੋਪਾਲ ਗੁਣ ਨਿਤ ਗਾਉ ਨਾਨਕ ਭਏ ਪ੍ਰਭ ਕਿਰਪਾਲ॥

*(ਮਾਰੂ ਮ: ੫, ਪੰਨਾ-੧੦੧੭)*

ਵਿਆਖਿਆ—ਅਰਥ ਰਹਾਉ ਤੋਂ ਸ਼ੁਰੂ ਹੋਵੇਗਾ।

ਮੂਲ — ਮਨ ਮੇਰੇ ਰਾਮ ਰਉ ਨਿਤ ਨੀਤਿ॥
ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ॥ ਰਹਾਉ॥

ਅਰਥ — ਹੇ ਮੇਰੇ ਮਨ! ਤੂੰ ਹਮੇਸ਼ਾਂ-ਹਮੇਸ਼ਾਂ ਪਰਮਾਤਮਾਂ ਦਾ ਨਾਮ ਜਪੁ, ਪ੍ਰਕਾਸ਼ ਰੂਪ ਅਤੇ ਦਇਆਲੂ ਕ੍ਰਿਪਾਲੂ ਵਾਹਿਗੁਰੂ ਦੇ ਜੋ ਪਿਆਰੇ ਸੰਤ ਜਨ ਹਨ, ਉਨ੍ਹਾਂ ਦੀ ਰੀਤਿ ਮਰਿਆਦਾ ਸੁਣ। ਸ੍ਰੀ ਗੁਰੂ ਅਰਜਨ ਦੇਵ ਜੀ ਸੰਤ ਦੇ ਗੁਣਾਂ ਦੀ ਤੁਲਨਾ ਬ੍ਰਿਛ ਨਾਲ ਦਿੰਦੇ ਹਨ।

ਮੂਲ — ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ॥
ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ॥

ਅਰਥ — ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਇਸ ਪਾਵਨ ਪੰਕਤੀ ਦੁਆਰਾ ਸੰਤਾਂ ਦੇ ਮਹਾਨ ਗੁਣਾਂ ਦੀ ਤੁਲਨਾ ਬ੍ਰਿਛ ਨਾਲ ਦਿੰਦੇ ਹਨ।

**ਤਨਵਰ-ਸਰਵਰ ਸੰਤ ਜਨ ਚੌਥਾ ਬਰਸੇ ਮੇਂਹ॥**
**ਪਰਉਪਕਾਰ ਹਿਤ ਕਾਰਣੇ ਚੌਹਾਂ ਧਾਰੀ ਦੇਹ॥**

ਤਰਵਰ ਕਹੀਏ ਬ੍ਰਿਛ, ਸਰਵਰ ਕਹੀਏ ਦਰਿਆ, ਸੰਤ ਜਨ ਅਤੇ ਮੀਂਹ, ਇਨ੍ਹਾਂ ਸਰੀਰ ਧਾਰਣ ਹੀ ਦੂਸਰਿਆਂ ਲਈ ਕੀਤਾ ਹੁੰਦਾ ਹੈ, ਇਨ੍ਹਾਂ ਦਾ ਆਪਣਾ ਕੋਈ ਪ੍ਰਯੋਜਨ ਨਹੀਂ ਹੁੰਦਾ। ਸਤਿਗੁਰੂ ਦੇਵ ਜੀ ਪਹਿਲੀ ਮਿਸਾਲ ਬ੍ਰਿਛ ਦੀ ਦਿੰਦੇ ਹਨ। ਇਨਸਾਨ ਦਰੱਖਤ ਨੂੰ ਤੇਜ਼ ਕੁਹਾੜੀ ਨਾਲ ਕੱਟਦਾ ਹੈ, ਲੇਕਿਨ ਦਰੱਖਤ ਗੁੱਸਾ ਨਹੀਂ ਕਰਦਾ, ਸਗੋਂ ਉਸਦੇ ਕਿੰਨੇ ਕਾਰਜ ਸਵਾਰਦਾ ਹੈ, ਜਿਵੇਂ ਮਕਾਨ ਦੇ ਦਰਵਾਜ਼ੇ, ਖਿੜਕੀਆਂ, ਮੇਜ਼-ਕੁਰਸੀਆਂ ਅਤੇ ਪੇਟੀ ਆਦਿਕ ਜਿੰਦਗੀ ਦੀਆਂ ਅਣਗਿਣਤ ਜ਼ਰੂਰੀ ਵਸਤਾਂ ਬਣਾਉਂਦਾ ਹੈ, ਪਰ ਦਰਖਤ ਉਸ, ਇਨਸਾਨ ਨੂੰ ਰੱਤੀ ਜਿੰਨਾਂ ਵੀ ਦੋਸ਼ ਨਹੀਂ ਦਿੰਦਾ। ਸੁੰਦਰ ਫੁਰਮਾਣ ਹੈ—

**ਜੈਸੇ ਕੁਠਾਰ ਕਟੇ ਤਰ, ਚੰਦਨ ਸੁਗੰਧ ਤਿਸ ਮੁਖ ਦੇਤ ਹੈ**

ਚੰਦਨ ਦੇ ਬ੍ਰਿਛ ਨੂੰ ਕੁਹਾੜੀ ਨਾਲ ਕੱਟੋ, ਤਾਂ ਚੰਦਨ ਗੁੱਸਾ ਨਹੀਂ ਕਰਦਾ, ਸਗੋਂ ਆਪਣੇ ਸਰੀਰ ਵਿੱਚੋਂ ਸੁਗੰਧੀ ਦਿੰਦਾ ਹੈ। ਜਿਵੇਂ ਇਕ ਦ੍ਰਿਸ਼ਟਾਂਕ—

ਇਕ ਆਦਮੀ ਗਰਮੀ ਦੇ ਦਿਨਾਂ ਵਿੱਚ ਪੈਦਲ ਸਫਰ ਕਰ ਰਿਹਾ ਸੀ, ਚੱਲਦੇ-ਚੱਲਦੇ ਕੁਝ ਥਕਾਵਟ ਮਹਿਸੂਸ ਹੋਈ, ਸੋਚਿਆ ਕੁਛ ਆਰਾਮ ਕਰੀਏ, ਪ੍ਰੰਤੂ ਛਾਂ ਤੋਂ ਬਗੈਰ ਕਿਵੇਂ ਬੈਠੇ। ਉਪਰੋਂ ਤੇਜ਼ ਧੁੱਪ ਪੈ ਰਹੀ ਹੈ, ਹੇਠੋਂ ਗਰਮ ਰੇਤ ਸਾੜ ਰਿਹੀ ਹੈ। ਇਤਨੇ ਨੂੰ ਥੋੜ੍ਹੀ ਦੇਰ ਬਾਅਦ ਕੁਝ ਦੂਰੀ ਤੇ ਇਕ ਦਰਖਤ ਖੜਾ ਨਜ਼ਰ ਆਇਆ, ਥੱਕ-ਟੁੱਟਕੇ ਉਸ ਦੇ ਨੀਚੇ ਠੰਡੀ ਛਾਂ ਵਿੱਚ ਜਾ ਕੇ ਬੈਠ ਗਿਆ। ਕੁਝ ਦੇਰ ਆਰਾਮ ਕਰਨ ਤੋਂ ਬਾਅਦ ਸ਼ਾਂਤੀ ਆਈ, ਥਕਾਵਟ ਦੂਰ ਹੋ ਗਈ, ਫਿਰ ਉਸਦਾ ਧਿਆਨ ਦਰਖਤ ਦੀ ਤਰਫ ਗਿਆ, ਗਹੁ ਨਾਲ ਦੇਖਿਆ ਦਰਖਤ ਨੀਚੇ ਤੋਂ ਕਾਫੀ ਮੋਟਾ ਹੈ। ਮਨ ਵਿੱਚ ਸੋਚਿਆ ਇਹਦੇ ਨਾਲ ਘਰ ਦੇ ਸਾਰੇ ਦਰਵਾਜ਼ੇ ਖਿੜਕੀਆਂ ਬਣ ਜਾਣਗੀਆਂ। ਇਹ ਸੋਚ ਘਰ ਤੋਂ ਜਾ ਕੇ ਕੁਹਾੜੀ ਵਗੈਰਾ ਲਿਆਕੇ, ਦਰਖ਼ਤ ਨੂੰ ਕੱਟਕੇ ਘਰ ਲੈ ਗਿਆ। ਆਪਣੀ ਮਰਜ਼ੀ ਮੁਤਾਬਿਕ ਘਰ ਦਾ ਸਮਾਨ ਬਣਾਇਆ। ਹੁਣ ਦੇਖੋ ਬ੍ਰਿਛ ਦਾ ਜੇਰਾ, ਜਿਸਨੇ ਜਿੰਦੇ ਜੀਅ, ਠੰਡੀ ਛਾਂ ਦਿੱਤੀ, ਫਲ ਫਰੂਟ ਦਿੱਤੇ ਅਤੇ ਆਪਣੇ ਆਪ ਨੂੰ ਕਟਵਾ ਕੇ ਘਰ ਦੇ ਹੋਰ ਕਾਰਜ ਸਵਾਰੇ, ਲੇਕਿਨ ਮਨ ਵਿੱਚ ਤਿਲ ਜਿੰਨਾਂ ਵੀ ਰੋਸ਼ ਨਹੀਂ ਕੀਤਾ। ਹਰ ਪ੍ਰਕਾਰ ਨਾਲ ਸੁੱਖ ਹੀ ਦਿੱਤਾ ਕਿਉਂਕਿ ਉਸਦਾ ਸੁਭਾਵ ਹੀ ਸੁੱਖ ਦੇਣਾ ਹੈ। ਇਸੀ ਪ੍ਰਕਾਰ ਸੰਤ ਮਹਾਤਮਾ ਵੀ ਖੁਦ ਕਸ਼ਟ ਉਠਾਕੇ ਦੂਸਰਿਆਂ ਨੂੰ ਸੁੱਖ ਹੀ ਦਿੰਦੇ ਹਨ, ਕਿਸੇ ਨੂੰ ਦੁੱਖੀ ਦੇਖਕੇ ਉਸਦਾ ਦੁੱਖ ਦੂਰ ਕਰਨ ਲਈ ਕੋਸ਼ਿਸ਼ ਕਰਦੇ ਹਨ। ਇਕ ਦ੍ਰਿਸ਼ਟਾਂਕ—

ਕਸ਼ਮੀਰ ਵਿੱਚ ਇਕ ਸੁੰਦਰ ਬਗੀਚਾ ਹੈ, ਜਿਸ ਦੇ ਚਾਰੋਂ ਤਰਫ ਦੀਵਾਰ ਬਣੀ ਹੋਈ ਹੈ। ਇਸ ਵਿੱਚ ਸੇਬ ਆਦਿ ਦੇ ਕਾਫੀ ਪੇੜ ਲੱਗੇ ਹੋਏ ਹਨ, ਜਿੰਨ੍ਹਾਂ ਨੂੰ ਸਮੇਂ-ਸਮੇਂ ਮੌਸਮ ਅਨੁਸਾਰ ਫਲ ਵੀ ਲੱਗਦੇ ਹਨ। ਕੁਝ ਬੂਟਿਆਂ ਦਾ ਵਿਸਥਾਰ ਇਤਨਾ ਵੱਡਾ ਹੈ ਕਿ ਟਹਿਣੇ-ਟਹਿਣੀਆਂ ਦੀਵਾਰ ਦੇ ਉਪਰ ਦੀ ਬਾਹਰ ਤੱਕ ਫੈਲੀਆਂ ਹੋਈਆਂ ਹਨ, ਜਿਨ੍ਹਾਂ ਤੋਂ ਬਾਹਰ ਦੇ ਲੋਕ ਵੀ ਫਲ ਆਦਿ ਦਾ ਲਾਭ ਉਠਾ ਲੈਂਦੇ ਹਨ। ਕਿਉਂਕਿ ਕਸ਼ਮੀਰ ਵਿੱਚ ਇਤਨਾ ਜ਼ਿਆਦਾ ਫਲ ਹੁੰਦਾ ਸੀ ਕਿ ਦੂਸਰੇ ਦੇ ਖਾਣ ਤੇ, ਮਾਲਕ ਬੁਰਾ ਨਹੀਂ ਸੀ ਮੰਨਦੇ। ਉਸ ਬਗੀਚੇ ਦੇ ਅੰਦਰ ਇਕ ਮਹਾਤਮਾ ਰਹਿੰਦੇ ਸਨ, ਜੋ ਕਿ ਰਹਿਣੀ ਕਹਿਣੀ ਦੇ ਪੂਰੇ, ਸ਼ਾਂਤ ਚਿਤ, ਧੀਰਜਵਾਨ, ਬਿਨਾਂ ਕਾਰਣ ਦਇਆ ਦੇ ਸਮੁੰਦਰ ਸਨ। ਉਨ੍ਹਾਂ ਦੀ ਮਹਿਕ ਦੂਰ-ਦੂਰ ਤੱਕ ਫੈਲੀ ਹੋਈ ਸੀ। ਇਲਾਕੇ ਦੇ ਕਾਫੀ ਲੋਕ ਸਤਸੰਗ ਦਾ ਲਾਭ ਉਠਾਉਂਦੇ ਸਨ, ਇਥੋਂ ਤੱਕ ਕਿ ਸ਼ਹਿਰ ਦਾ ਰਾਜਾ ਵੀ ਅਕਸਰ ਆਉਂਦਾ ਰਹਿੰਦਾ ਸੀ।

ਇਕ ਦਿਨ ਦਾ ਜ਼ਿਕਰ ਇਕ ਆਦਮੀ ਉਸ ਬਗੀਚੇ ਦੇ ਕੋਲ ਦੀ ਜਾ ਰਿਹਾ ਸੀ, ਉਸਨੇ ਸੋਚਿਆ ਇਕ ਦੋ ਸੇਬ ਤੋੜਕੇ ਖਾ ਲਈਏ। ਕੁਝ ਟਹਿਣੀਆਂ ਦੀਵਾਰ ਦੇ ਉਪਰ ਦੀ ਬਾਹਰ ਤੱਕ ਫੈਲੀਆਂ ਹੋਈਆਂ ਸਨ, ਲੇਕਿਨ ਹੱਥ ਦੀ ਪਹੁੰਚ ਤੋਂ ਕੁਝ ਉਚੀਆਂ ਸਨ, ਇਸ ਲਈ ਸੇਬ ਤੋੜਨ ਦੀ ਇੱਛਾ ਰੱਖਕੇ, ਉਸ ਯਾਤਰੀ ਨੇ ਇਕ ਪੱਥਰ ਚੁੱਕ ਕੇ ਉਪਰ ਸੇਬ

ਵੱਲ ਮਾਰਿਆ, ਉਹ ਪੱਥਰ ਬਜਾਏ ਸੇਬ ਤੇ ਲੱਗਣ ਦੇ ਬਗੀਚੇ ਅੰਦਰ ਚਲਿਆ ਗਿਆ। ਅੰਦਰ ਬ੍ਰਿਛ ਦੇ ਨੀਚੇ ਬੈਠੇ ਮਹਾਤਮਾ ਸੰਗਤ ਨੂੰ ਉਪਦੇਸ਼ ਕਰ ਰਹੇ ਸਨ, ਉਨ੍ਹਾਂ ਦੇ ਸਿਰ ਵਿੱਚ ਜਾ ਵਜਿਆ। ਜ਼ੋਰ ਨਾਲ ਵੱਜਣ ਕਰਕੇ ਸੰਤਾਂ ਦੇ ਸਿਰ ਵਿੱਚੋਂ ਖ਼ੂਨ ਨਿਕਲਣਾ ਸ਼ੁਰੂ ਹੋ ਗਿਆ। ਸਤਸੰਗ ਵਿੱਚ ਕਾਫੀ ਲੋਕ ਬੈਠੇ ਸਨ ਜਿੰਨ੍ਹਾਂ ਵਿੱਚ ਸ਼ਹਿਰ ਦਾ ਰਾਜਾ ਵੀ ਬੈਠਾ ਸੀ। ਵਾਤਾਵਰਣ ਇਕ ਦਮ ਸ਼ਾਂਤ ਸੀ, ਸਭ ਲੋਕ ਪਰਮਾਰਥਕ ਵਿਚਾਰਾਂ ਦਾ ਲਾਭ ਉਠਾ ਰਹੇ ਸਨ। ਅਚਾਨਕ ਐਸਾ ਹੋਣ ਤੇ ਸਭ ਘਬਰਾ ਗਏ, ਵਿੱਚੋਂ ਦੋ ਆਦਮੀ ਕੰਧ ਉਪਰ ਚੜ੍ਹੇ, ਕੀ ਦੇਖਿਆ ਇਕ ਆਦਮੀ ਸੇਬ ਤੋੜਨ ਦੀ ਕੋਸ਼ਿਸ਼ ਵਿਚ ਹੈ। ਇਕ ਦਮ ਉਸ ਨੂੰ ਪਕੜ ਲਿਆ। ਉਸ ਆਦਮੀ ਨੂੰ ਬਗੀਚੇ ਦੇ ਅੰਦਰ ਲੈ ਆਏ, ਗੁੱਸੇ ਵਿੱਚ ਕੋਈ ਗਾਲੀਆਂ ਦੇ ਰਿਹਾ ਹੈ, ਕੋਈ ਚਪਰੇੜ ਮਾਰ ਰਿਹਾ ਹੈ, ਕੁਝ ਕ੍ਰੋਧ ਵਿੱਚ ਆਏ ਅਪਸ਼ਬਦ ਬੋਲ ਰਹੇ ਹਨ। ਰਾਜਾ ਮੌਕੇ ਤੇ ਹਾਜ਼ਰ ਹੀ ਸੀ, ਉਸ ਦੇ ਪੇਸ਼ ਕੀਤਾ। ਦੋਸ਼ੀ ਆਦਮੀ ਮਨ ਵਿਚ ਪਛਤਾਉਂਦਾ ਹੋਇਆ ਸੋਚ ਰਿਹਾ ਹੈ ਕਿਨਾਂ ਬੁਰਾ ਹੋ ਗਿਆ, ਪੱਥਰ ਤਾਂ ਕਿਸੇ ਪਸ਼ੂ, ਪੰਛੀ ਨੂੰ ਵੀ ਨਹੀਂ ਮਾਰਨਾ ਚਾਹੀਦਾ ਕਿਉਂਕਿ ਉਸ ਵਿੱਚ ਵੀ ਪਰਮਾਤਮ ਦੇਵ ਬਿਰਾਜਮਾਨ ਹਨ, ਇਹ ਤਾਂ ਹੋਰ ਵੀ ਅਨਰਥ ਹੋ ਗਿਆ ਕਿਸੇ ਨਿਰਵੈਰ ਪੁਰਖ ਨੂੰ ਜਾ ਲੱਗਿਆ, ਰਾਜਾ ਦੀ ਕਰੋਪੀ ਤਾਂ ਹੋਏਗੀ ਹੀ, ਮੈਨੂੰ ਤਾਂ ਪਰਮੇਸ਼ਰ ਨੇ ਵੀ ਨਹੀਂ ਬਖਸ਼ਣਾ।

ਰਾਜਾ ਨੇ ਸੰਤਾਂ ਨੂੰ ਬੇਨਤੀ ਕੀਤੀ, ਮਹਾਰਾਜ! ਇਹ ਹੈ ਦੋਸ਼ੀ, ਜਿਸਨੇ ਆਪ ਦੇ ਸਿਰ ਵਿੱਚ ਪੱਥਰ ਮਾਰਿਆ ਹੈ। ਆਪ ਜੋ ਹੁਕਮ ਕਰੋ, ਉਹੀ ਸਜ਼ਾ ਇਸ ਨੂੰ ਦਿੱਤੀ ਜਾਏਗੀ। ਮਹਾਤਮਾ ਨੇ ਪੁੱਛਿਆ, ਪ੍ਰੇਮੀਆ! ਤੂੰ ਪੱਥਰ ਕਿਉਂ ਮਾਰਿਆ? ਦੋਸ਼ੀ ਆਦਮੀ ਡਰਦਾ ਮਾਰਿਆ ਥਰਥਰ ਕੰਬਣ ਲੱਗਾ, ਜ਼ਬਾਨ ਤੋਂ ਕੋਈ ਸ਼ਬਦ ਨਹੀਂ ਨਿਕਲਦਾ। ਮਹਾਤਮਾ ਨੇ ਦਿਲਾਸਾ ਦਿੱਤਾ, ਤੂੰ ਡਰ ਨਾ, ਤੂੰ ਚਿੰਤਾ ਨਾ ਕਰ ਸੱਚ ਨੂੰ ਕਦੇ ਆਂਚ ਨਹੀਂ ਲੱਗਦੀ, ਸੱਚ-ਸੱਚ ਦੱਸ ਦੇ ਜੋ ਤੇਰੇ ਮਨ ਵਿੱਚ ਹੈ। ਮਹਾਂਪੁਰਸ਼ਾਂ ਵੱਲੋਂ ਦਿਲਾਸਾ ਮਿਲਣ ਤੇ ਦੋਸ਼ੀ ਆਦਮੀ ਦੋਨੋਂ ਹੱਥ ਜੋੜਕੇ ਅਰਜ਼ ਕਰਨ ਲੱਗਿਆ, ਹੇ ਸਾਂਈ! ਮੈਂ ਘਰ ਤੋਂ ਗਰੀਬ ਹਾਂ, ਸੰਤ ਸੇਵੀ ਹਾਂ, ਇਕ ਛੋਟੇ ਜਿਹੇ ਪਿੰਡ ਵਿੱਚ ਰਹਿੰਦਾ ਹਾਂ, ਘਰ ਦੇ ਕਿਸੇ ਕੰਮ ਲਈ ਜਾ ਰਿਹਾ ਸੀ, ਮੈਨੂੰ ਭੁੱਖ ਲੱਗੀ, ਸੋਚਿਆ ਦੋ ਸੇਬ ਤੋੜਕੇ ਖਾ ਲਈਏ, ਮੈਨੂੰ ਇਹ ਵਿਸ਼ਵਾਸ ਸੀ ਕਿ ਦੋ ਸੇਬ ਤੋੜਕੇ ਖਾਣ ਨੂੰ ਕੋਈ ਬੁਰਾ ਨਹੀਂ ਮੰਨੇਗਾ, ਲੇਕਿਨ ਟਹਿਣੀ ਉਚੀ ਹੋਣ ਕਰਕੇ ਮੇਰਾ ਹੱਥ ਨਹੀਂ ਸੀ ਜਾ ਰਿਹਾ ਇਸ ਲਈ ਸੇਬ ਤੋੜਣ ਲਈ ਇਕ ਪੱਥਰ ਉਪਰ ਮਾਰਿਆ, ਮੈਨੂੰ ਇਹ ਵੀ ਨਹੀਂ ਸੀ ਪਤਾ ਕਿ ਬਗੀਚੇ ਦੇ ਅੰਦਰ ਕੋਈ ਬੈਠਾ ਹੈ, ਮੇਰੇ ਮੰਦੇ ਭਾਗਾਂ ਦੀ ਨਿਸ਼ਾਨੀ, ਪੱਥਰ ਸੇਬ ਦੇ ਲੱਗਣ ਦੀ ਬਜਾਏ ਆਪ ਜੀ ਦੇ ਆ ਕੇ ਲੱਗਿਆ, ਮੈਂ ਆਪਦਾ ਗੁਨਾਹਗਾਰ ਹਾਂ, ਆਪ ਜੋ ਚਾਹੋਂ ਸਜ਼ਾ ਦਿਉ।

ਦੋਸ਼ੀ ਦੇ ਮੂੰਹ ਵਿੱਚੋਂ ਸਭਨਾਂ ਨੇ ਸੁਣਿਆ, ਰਾਜਾ ਨੂੰ ਮਹਾਤਮਾ ਕਹਿਣ ਲੱਗੇ, ਰਾਜਨ! ਆਪ ਦੱਸੋ ਇਸਦਾ ਕੀ ਕਸੂਰ ਹੈ? ਪੱਥਰ ਇਸਨੇ ਜਾਣ ਬੁੱਝ ਕੇ ਨਹੀਂ ਮਾਰਿਆ, ਇਸ ਨੇ ਤਾਂ ਪੱਥਰ ਸੇਬ ਨੂੰ ਮਾਰਿਆ ਸੀ, ਅਚਾਨਕ ਅੰਦਰ ਆ ਕੇ ਮੈਨੂੰ ਲੱਗਿਆ, ਇਸ ਲਈ ਮੇਰੇ ਖਿਆਲ ਵਿੱਚ ਤਾਂ ਬੇ-ਕਸੂਰ ਹੈ। ਰਾਜਾ ਕਹਿਣ ਲੱਗਿਆ, ਮਹਾਰਾਜ! ਮੈਂ ਤਾਂ ਆਪ ਦਾ ਦਾਸ ਹਾਂ, ਜੋ ਹੁਕਮ ਕਰੋ ਮੈਨੂੰ ਪ੍ਰਵਾਨ ਹੈ। ਮਹਾਤਮਾ ਬੋਲੇ, ਰਾਜਨ! ਗੱਲ ਜ਼ਰਾ ਧਿਆਨ ਨਾਲ ਸੋਚਣ ਲਾਇਕ ਹੈ, ਇਸ ਨੇ ਪੱਥਰ ਮਾਰਿਆ ਬ੍ਰਿਛ ਨੂੰ ਜੋ ਜੜ ਵਸਤੂ ਹੈ, ਦਰਖਤ ਜੜ੍ਹ ਹੁੰਦਿਆਂ ਹੋਇਆਂ ਵੀ ਪੱਥਰ ਖਾ ਕੇ ਅੰਮ੍ਰਿਤ ਵਰਗਾ ਮਿੱਠਾ ਫਲ ਦਿੰਦਾ ਹੈ, ਲੇਕਿਨ ਮੈਂ ਤਾਂ ਜੜ ਨਹੀਂ, ਚੇਤਨ ਹਾਂ, ਇਸ ਲਈ ਦਰਖਤ ਨਾਲੋਂ ਸਾਨੂੰ ਕੁਝ ਜ਼ਿਆਦਾ ਹੀ ਦੇਣਾ ਚਾਹੀਦਾ ਹੈ। ਦੇਖੋ ਦਰਖਤ ਕਿਤਨਾ ਪਰਉਪਕਾਰੀ ਹੈ, ਪੱਥਰ ਖਾ ਕੇ ਵੀ, ਪੱਥਰ ਮਾਰਨ ਵਾਲੇ ਨੂੰ ਅੰਮ੍ਰਿਤ ਵਰਗਾ ਮਿੱਠਾ ਫਲ ਦਿੰਦਾ ਹੈ, ਲੇਕਿਨ ਮਨੁੱਖ ਸਰੀਰ ਤਾਂ ਮਿਲਦਾ ਹੀ ਪਰਉਪਕਾਰ ਲਈ ਹੈ, ਯਾਨੀ ਦੂਸਰਿਆਂ ਲਈ, ਹੋਰ ਇਸਦਾ ਕੋਈ ਪ੍ਰਯੋਜਨ ਹੀ ਨਹੀਂ।

ਮਹਾਤਮਾ ਬੋਲੇ ਮੈਨੂੰ ਜਦੋਂ ਕੁਝ ਸੋਝੀ ਆਈ ਤਾਂ ਸਾਧੂਆਂ ਦੀ ਸੰਗਤ ਕਰਨ ਦਾ ਸ਼ੌਕ ਪੈਦਾ ਹੋਇਆ, ਸਤਸੰਗ ਕਰਨ ਤੋਂ ਪਤਾ ਚਲਿਆ, ਇਹ ਜੀਵਨ ਤਾਂ ਪਰਉਪਕਾਰ ਕਰਕੇ ਆਪਣਾ ਜਨਮ ਸਫਲ ਕਰਨ ਲਈ ਹੈ, ਨਾ ਕਿ ਸੰਸਾਰ ਦੇ ਖਿਨ ਭੰਗੁਰ, ਬਿਨਾਸੀ ਅਤੇ ਬੇ-ਰਸੇ ਸੁੱਖ ਭੋਗਣ ਲਈ ਹੈ। ਇਹ ਸੋਚਕੇ ਮੈਂ ਮਹਾਤਮਾ ਦੀ ਖੋਜ ਸ਼ੁਰੂ ਕੀਤੀ, ਆਖਰ ਮੈਨੂੰ ਇੱਕ ਪੂਰਨ ਸੰਤ ਦਾ ਮਿਲਾਪ ਹੋਇਆ, ਉਨ੍ਹਾਂ ਨੇ ਮੈਨੂੰ ਨਾਮ ਦਾ ਉਪਦੇਸ਼ ਦੇ ਕੇ ਹਰ ਪ੍ਰਕਾਰ ਨਾਲ ਖਿਮਾ, ਸਹਿਣ-

ਸ਼ੀਲਤਾ, ਗਰੀਬੀ ਅਤੇ ਪਰਉਪਕਾਰ ਆਦਿ ਦੈਵੀ ਗੁਣਾਂ ਦੀ ਜਾਂਚ ਸਿਖਾਈ, ਇਤਨਾ ਹੀ ਨਹੀਂ ਬਲਕਿ ਆਪਣੀ ਚਰਨ ਸ਼ਰਣ ਬਖਸ਼ਿਸ਼ ਕਰਕੇ ਹਰ ਪ੍ਰਕਾਰ ਨਾਲ ਰੱਖਿਆ ਕੀਤੀ।

ਮਹਾਤਮਾ ਦੇ ਮੁੱਖ ਤੋਂ ਨਿਮਰਤਾ ਦੇ ਨਾਲ ਭਿੱਜੇ ਸ਼ਬਦ ਸੁਣਕੇ ਰਾਜਾ ਦਾ ਮਨ ਇਕ ਦਮ ਸ਼ਾਂਤ ਹੋ ਗਿਆ। ਦੋਨੋਂ ਹੱਥ ਜੋੜਕੇ ਅਰਜ਼ ਕੀਤੀ, ਮਹਾਰਾਜ! ਇਸ ਦੇ ਦੋਸ਼ ਮੁਆਫ ਕੀਤੇ, ਬਲਕਿ ਇਸ ਦੀ ਵਜ੍ਹਾ ਕਰਕੇ ਮੈਨੂੰ ਅੱਜ ਸਹਿਣਸ਼ੀਲਤਾ ਪਰਉਪਕਾਰ ਆਦਿ ਸ਼ੁਭ ਗੁਣਾਂ ਦੀ ਸਿੱਖਿਆ ਮਿਲੀ ਹੈ, ਆਪ ਜੋ ਹੁਕਮ ਕਰੋ ਇਸਨੂੰ ਇਨਾਮ ਵਜੋਂ ਦੇ ਦਈਏ। ਮਹਾਂਪੁਰਸ਼ ਬੋਲੇ, ਰਾਜਨ! ਅਗਰ ਤੂੰ ਸਮਝਦਾ ਹੈਂ ਇਸ ਦੀ ਵਜ੍ਹਾ ਕਰਕੇ ਕੁਝ ਸਿੱਖਿਆ ਮਿਲੀ ਯਾਨੀ ਸ਼ੁਭ ਗੁਣ ਮਿਲੇ ਹਨ, ਤਾਂ ਬ੍ਰਿਛ ਵਰਗਾ ਜੇਰਾ ਕਰਕੇ ਇਸਨੂੰ ਪੰਜ ਪਿੰਡ ਦੇ-ਦੇ, ਨਾਲ ਕੁਝ ਧਨ ਪਦਾਰਥ ਵੀ ਦੇਹ। ਮਹਾਤਮਾ ਦਾ ਹੁਕਮ ਮੰਨਕੇ ਰਾਜਾ ਨੇ ਉਸ ਮਨੁੱਖ ਨੂੰ ਪੰਜ ਪਿੰਡ ਦੇ ਦਿੱਤੇ ਅਤੇ ਆਖਿਆ, ਹੇ ਮਨੁੱਖ! ਤੈਂ ਸਾਡੇ ਤੇ ਬਹੁਤ ਪਰਉਪਕਾਰ ਕੀਤਾ, ਤੇਰੇ ਕਰਕੇ ਅੱਜ ਸਾਨੂੰ ਮਹਾਂਪੁਰਖਾਂ ਤੋਂ ਸ਼ੁਭ ਸਿੱਖਿਆ ਪ੍ਰਾਪਤ ਹੋਈ ਹੈ।

ਉਹ ਮਨੁੱਖ ਮਹਾਂਪੁਰਖਾਂ ਦੀ ਐਸੀ ਨਿਰਵੈਰ ਅਤੇ ਸਨਿਸ਼ੀਲਤਾ ਭਰਪੂਰ ਅਵੱਸਥਾ ਦੇਖਕੇ, ਸੰਤ ਸੇਵਾ ਅਤੇ ਪਰਉਪਕਾਰ ਦੇ ਕੰਮਾਂ ਵਿੱਚ ਤਕੜਾ ਹੋ ਕੇ ਲੱਗ ਗਿਆ। ਰਾਜਾ ਵੱਲੋਂ ਜੋ ਧਨ ਅਤੇ ਪੰਜ ਪਿੰਡ ਇਸਨੂੰ ਮਿਲੇ, ਉਹ ਸਭ ਸੰਤਸੇਵਾ ਅਤੇ ਪਰਉਪਕਾਰ ਦੇ ਕੰਮਾਂ ਵਿੱਚ ਲਗਾਉਣ ਲੱਗਾ। ਇਸ ਤਰੀਕੇ ਉਸ ਨੇ ਖੁਦ ਆਪਣਾ ਅਤੇ ਕੁਟੰਬ ਦਾ ਸੁਧਾਰ ਕੀਤਾ।

ਇਸ ਪ੍ਰਕਾਰ ਸੰਤ ਜਨਾਂ ਦਾ ਜੀਵਨ ਦਰਖ਼ਤ ਦੀ ਨਿਆਈ ਹੁੰਦਾ ਹੈ ਜੋ ਦੂਜਿਆਂ ਦੇ ਪੱਥਰ ਖਾ ਕੇ ਵੀ ਉਨ੍ਹਾਂ ਦਾ ਭਲਾ ਹੀ ਚਾਹੁੰਦੇ ਹਨ। ਜਿਵੇਂ ਪੱਥਰ ਮਾਰਨ ਵਾਲੇ ਮਨੁੱਖ ਨੂੰ ਬਜਾਏ ਕੋਈ ਸਜ਼ਾ ਦੇ ਰਾਜਾ ਤੋਂ ਪੰਜ ਪਿੰਡ ਅਤੇ ਧਨ ਪਦਾਰਥ ਲੈ ਕੇ ਦਿੱਤਾ, ਐਸਾ ਦਿਆਲੂ ਸੁਭਾਵ ਸੰਤ ਮਹਾਂਪੁਰਸ਼ਾਂ ਦਾ ਹੁੰਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਦੂਸਰੀ ਮਿਸਾਲ ਬੇੜੀ ਦੀ ਦਿੰਦੇ ਹਨ।

ਮੂਲ — **ਚਰਣ ਤਲੈ ਉਗਾਹਿ ਬੈਸਿਓ ਸ੍ਰਮੁ ਨ ਰਹਿਓ ਸਰੀਰਿ॥**
**ਮਹਾ ਸਾਗਰੁ ਨਹ ਵਿਆਪੈ ਖਿਨਹਿ ਉਤਰਿਓ ਤੀਰਿ॥**

ਅਰਥ — ਜਦ ਆਦਮੀ ਬੇੜੀ ਵਿੱਚ ਪੈਰ ਰੱਖਕੇ ਬੈਠ ਜਾਂਦਾ ਹੈ ਤਾਂ ਸਾਰੀ ਥਕਾਵਟ ਦੂਰ ਹੋ ਜਾਂਦੀ ਹੈ, ਅਤੇ ਜੋ ਮਹਾਨ ਸਮੁੰਦਰ ਹੈ, ਇਸਦਾ ਪੈਰ ਗਿੱਲਾ ਨਹੀਂ ਕਰ ਸਕਦਾ। ਇਸ ਤਰੀਕੇ ਸੁਖੀ-ਸੁਖੀ ਸਮੁੰਦਰ ਤੋਂ ਪਾਰ ਹੋ ਜਾਂਦਾ ਹੈ। ਇਹ ਇਕ ਦ੍ਰਿਸ਼ਟਾਂਤ ਹੈ ਜਿਵੇਂ ਸਮੁੰਦਰ ਨੂੰ ਪਾਰ ਕਰਨਾ ਹੋਵੇ ਤਾਂ ਬੇੜੀ ਦੀ ਜ਼ਰੂਰਤ ਪੈਂਦੀ ਹੈ, ਬੇੜੀ ਮਿਲਦੇ ਹੀ ਸਫਰ ਦੀ ਸਾਰੀ ਥਕਾਵਟ ਭੁੱਲ ਜਾਂਦੀ ਹੈ, ਕੇਵਲ ਆਰਾਮ ਨਾਲ ਬੇੜੀ ਵਿੱਚ ਬੈਠਣਾ ਹੀ ਹੈ, ਹੋਰ ਚੱਲਣ ਆਦਿ ਦੀ ਮਿਹਨਤ ਕਿਰਿਆ ਖਤਮ ਹੋ ਜਾਂਦੀ ਹੈ। ਇਸੇ ਤਰ੍ਹਾਂ ਜਦ ਇਹ ਜੀਵ ਜਨਮ ਮਰਨ ਦੇ ਅਨੇਕਾਂ ਕਸ਼ਟ ਉਠਾਉਂਦਾ ਅਤੇ ਮਾਇਆ ਦੀਆਂ ਲਹਿਰਾਂ ਦਾ ਪਛਾੜਿਆ ਅਨੰਤ ਦੁੱਖ ਭੋਗ ਕੇ ਥੱਕ ਜਾਂਦਾ ਹੈ, ਤਾਂ ਕੋਈ ਸੁੱਖ ਦਾ ਕਿਨਾਰਾ ਢੂੰਢਦਾ ਹੈ। ਐਸਾ ਕਰਦੇ-ਕਰਦੇ ਵੱਡੇ ਭਾਗਾਂ ਨਾਲ ਕਿਸੇ ਸੰਤ ਮਹਾਂਪੁਰਖ ਦਾ ਮਿਲਾਪ ਹੋ ਜਾਣ ਤੇ ਇਕ ਛਿਨ ਵਿੱਚ ਸੰਸਾਰ ਸਮੁੰਦਰ ਤੋਂ ਪਾਰ ਹੋ ਕੇ ਸਦਾ ਲਈ ਸੁਖੀ ਹੋ ਜਾਂਦਾ ਹੈ।

ਜਿਸ ਵਕਤ ਮਹਾਂਭਾਰਤ ਦਾ ਯੁੱਧ ਸਮਾਪਤ ਹੋਇਆ ਤਾਂ ਧਰਮੀ ਰਾਜਾ ਯੁਧਿਸ਼ਟਰ ਸ਼ੋਕ ਦੇ ਡੂੰਘੇ ਸਮੁੰਦਰ ਵਿਚ ਡੁੱਬ ਗਿਆ, ਕਿਉਂਕਿ ਯੁੱਧ ਵਿੱਚ ਬਹੁਤ ਸਾਰੇ ਸੰਬੰਧੀਆਂ ਦੀ ਮੌਤ ਹੋ ਗਈ, ਜਿਨ੍ਹਾਂ ਦੀਆਂ ਲਾਸ਼ਾਂ ਵੀ, ਰਣਭੂਮੀ ਵਿੱਚ ਕਾਂ-ਕੁੱਤੇ ਖਾ ਰਹੇ ਸਨ। ਇਕ ਦਿਨ ਨਿਰਾਸ਼ ਹੋ ਕੇ ਭਗਵਾਨ ਕ੍ਰਿਸ਼ਨ ਦੇ ਚਰਨਾਂ ਵਿੱਚ ਬੇਨਤੀ ਕੀਤੀ, ਕਿ ਮੇਰਾ ਜੀਵਨ ਮੈਨੂੰ ਕੌੜਾ-ਕੌੜਾ ਪ੍ਰਤੀਤ ਹੋ ਰਿਹਾ ਹੈ, ਅਤੇ ਸੰਸਾਰ ਬੇ-ਰਸਾ ਲੱਗ ਰਿਹਾ ਹੈ, ਮਨ ਕਰਦਾ ਹੈ ਸਰੀਰ ਨੂੰ ਤਿਆਗ ਦੇਵਾਂ। ਸੁਣਕੇ ਭਗਵਾਨ ਬੋਲੇ, ਯੁਧਿਸ਼ਟਰ! ਇਹ ਤੇਰੀ ਭੁੱਲ ਹੈ, ਜੀਉਣਾ ਅਤੇ ਮਰਣਾਂ ਤੇਰੇ ਹੱਥ ਨਹੀਂ, ਜਿਵੇਂ ਗੁਰੂ ਵਾਕ—

**ਜੋਰੁ ਨ ਜੀਵਣਿ ਮਰਣਿ ਨਹ ਜੋਰੁ॥**

ਯੁਧਿਸ਼ਟਰ ਨੂੰ ਸ਼ੋਕਾਤਰ ਹੋਇਆ ਦੇਖਕੇ ਭਗਵਾਨ ਬੋਲੇ, ਯੁਧਿਸ਼ਟਰ! ਰਾਜ ਭਾਗ ਕੋਈ ਸੁੱਖਾਂ ਦੀ ਖਾਨ ਨਹੀਂ, ਸੱਚਾ ਸੁੱਖ ਤਾਂ ਆਤਮ ਸੁੱਖ ਹੈ, ਇਸ ਤੋਂ ਬਿਨਾਂ ਜਿਤਨੇ ਸੁੱਖ ਜੀਵ ਨੂੰ ਪ੍ਰਤੀਤ ਹੁੰਦੇ ਹਨ ਸਭ ਨਾਸੁਵੰਤ ਹਨ। ਯੁਧਿਸ਼ਟਰ

ਬੋਲਿਆ, ਐਸਾ ਜੋ ਅਬਿਨਾਸੀ ਸੁੱਖ ਹੈ, ਜਿਸ ਨੂੰ ਆਤਮ ਸੁੱਖ ਆਖਦੇ ਹੋ, ਪ੍ਰਾਪਤ ਕੈਸੇ ਹੋਵੇ? ਭਗਵਾਨ ਬੋਲੇ ਸੱਚਾ ਸੁੱਖ ਤਾਂ ਸੰਤਾਂ ਦੀ ਸ਼ਰਣ ਵਿੱਚੋਂ ਪ੍ਰਾਪਤ ਹੁੰਦਾ ਹੈ, ਅਗਰ ਤੇਰੇ ਮਨ ਨੇ ਸੰਸਾਰ ਦੀ ਅਸਲੀਅਤ ਸਮਝ ਲਈ ਹੈ, ਬਈ ਇਸ ਵਿੱਚ ਸਾਰ ਕੁਝ ਨਹੀਂ, ਤਾਂ ਵਿਵੇਕ ਦਾ ਆਸਰਾ ਲੈ ਕੇ ਸੰਤਾਂ ਦੀ ਸ਼ਰਣ ਵਿੱਚ ਡਿੱਗ ਕੇ, ਆਪਣੇ ਆਪ ਨੂੰ ਮਲਾਹ ਬਣਾ, ਇਸ ਤਰੀਕੇ ਤੂੰ ਸੰਸਾਰ ਸਮੁੰਦਰ ਨੂੰ ਤਰ ਜਾਏਂਗਾ ਅਤੇ ਦੂਸਰਿਆਂ ਨੂੰ ਵੀ ਤਾਰੇਂਗਾ। ਜਿਵੇਂ–

**ਸੰਤ ਬੇੜੀ ਨਾਮ ਮਲਾਹ, ਪਾਰ ਲੰਘਾਵੈ ਵਾਉ॥**

ਸ੍ਰੀ ਕ੍ਰਿਸ਼ਨ ਜੀ, ਸ੍ਰੀ ਮਦਭਾਗਵਤ ਦੇ ਗਿਆਰਵੇਂ ਸਕੰਧ ਵਿੱਚ ਊਧੋ ਨੂੰ ਉਪਦੇਸ਼ ਕਰਦੇ ਹਨ, ਊਧੋ! ਮਨੁੱਖ ਸਰੀਰ ਬੇੜੀ ਹੈ, ਗੁਰੂ ਮਲਾਹ ਹੈ ਅਤੇ ਪਰਮੇਸ਼ਰ ਦੀ ਕ੍ਰਿਪਾ ਹਵਾ ਹੈ, ਜੋ ਬੇੜੀ ਨੂੰ ਸਹਾਇਤਾ ਕਰਦੀ ਹੈ, ਜਿਵੇਂ ਬੇੜੀ ਵਿੱਚ ਬੈਠਕੇ ਦਰਿਆ ਪਾਰ ਕਰ ਲਈਦਾ ਹੈ, ਤਿਵੇਂ ਹੀ ਸੰਤਾਂ ਦੀ ਓਟ ਲੈ ਕੇ ਭਵਸਾਗਰ ਤੋਂ ਪਾਰ ਹੋ ਜਾਈਦਾ ਹੈ। ਸੰਤ ਲੋਕ ਮਲਾਹ ਹਨ, ਉਹ ਨਾਮ ਦਾ ਉਪਦੇਸ਼ ਦੇ ਕੇ ਸੰਸਾਰ ਸਮੁੰਦਰ ਤੋਂ ਅਵੱਸ਼ ਪਾਰ ਕਰ ਦਿੰਦੇ ਹਨ। ਇਕ ਦ੍ਰਿਸ਼ਟਾਂਤ–

ਪੁਰਾਤਨ ਸਮੇਂ ਵਿੱਚ ਇਕ ਤੇਜ ਪ੍ਰਤਾਪੀ ਰਾਜਾ ਹੋਇਆ, ਜਿਸਦਾ ਨਾਮ ਸੀ ਭਰਥ। ਇਸ ਦੇਸ਼ ਦਾ ਨਾਮ ਭਾਰਤਵਰਸ਼ ਵੀ ਉਸ ਦੇ ਨਾਮ ਤੋਂ ਹੀ ਪਿਆ ਹੈ ਕਿਉਂਕਿ ਉਸ ਧਰਮੀ ਰਾਜੇ ਦੇ ਰਾਜ ਵਿੱਚ ਲੋਕ ਸੁਖੀ ਵੱਸਦੇ ਸਨ, ਕੋਈ ਕਿਸੇ ਨੂੰ ਦੁੱਖ ਨਹੀਂ ਸੀ ਦਿੰਦਾ। ਆਬਾਦੀ ਵੀ ਦੇਸ਼ ਵਿੱਚ ਬਹੁਤ ਸੀ, ਰਾਜਾ ਦਾ ਨੀਤੀ ਅਤੇ ਧਰਮ ਵਿੱਚ ਨਿਪੁੰਨ ਹੋਣ ਕਰਕੇ ਜਿਤਨੇ ਸੰਤ-ਭਗਤ ਸਨ, ਸਭ ਨਿਰਭਉ ਹੋ ਕੇ ਆਪੋ ਆਪਣੀ ਸਾਧਨਾਂ ਕਰਦੇ ਸਨ। ਰਾਜਾ ਭਰਥ ਦੇ ਇਕ ਪੁੱਤਰ ਸੀ ਉਸਨੂੰ ਰਾਜਾ ਨੇ ਅੱਛੀ ਤਰ੍ਹਾਂ ਨਾਲ ਪਾਲਿਆ, ਪੜ੍ਹਾਇਆ, ਹਰ ਪ੍ਰਕਾਰ ਦੀ ਵਿਦਿਆ ਦਿੱਤੀ, ਜਿਥੇ ਰਾਜਨੀਤੀ ਵਿੱਚ ਨਿਪੁੰਨ ਕੀਤਾ, ਉਥੇ ਧਰਮ, ਭਗਤੀ, ਸੰਤ ਸੇਵਾ ਆਦਿ ਸ਼ੁਭ-ਗੁਣਾਂ ਦੀ ਵੀ ਸਿੱਖਿਆ ਦਿੱਤੀ।

ਉਸ ਸਮੇਂ ਜਦ ਕਿਸੇ ਰਾਜਾ ਦਾ ਪੁੱਤਰ ਜਵਾਨ ਹੁੰਦਾ, ਤਾਂ ਰਾਜਾ ਖੁਦ ਆਪਣਾ ਰਾਜ ਭਾਗ ਪੁੱਤਰ ਨੂੰ ਸੌਂਪ ਕੇ ਆਪ ਜੰਗਲ ਵਿੱਚ ਜਾ ਕੇ ਤਪੱਸਿਆ ਕਰਦਾ ਸੀ। ਰਾਜਾ ਭਰਥ ਨੇ ਵੀ ਐਸਾ ਹੀ ਕੀਤਾ। ਆਪਣੇ ਪੁੱਤਰ ਨੂੰ ਰਾਜ ਭਾਗ ਸੌਂਪ ਕੇ ਆਪ ਗੰਗਾ ਦੇ ਕਿਨਾਰੇ ਝੌਂਪੜੀ ਬਣਾ ਕੇ ਭਗਤੀ ਕਰਨ ਲੱਗਿਆ। ਇਕ ਦਿਨ ਦਾ ਜ਼ਿਕਰ ਇਕ ਹਿਰਨੀ ਆਪਣੇ ਛੋਟੇ ਬੱਚੇ ਸਮੇਤ ਪਾਣੀ ਪੀਣ ਲਈ ਆਈ, ਉਸੀ ਸਮੇਂ ਸਾਹਮਣੇ ਤੋਂ ਇਕ ਸ਼ੇਰ ਨੇ ਹਿਰਨੀ ਦੇਖਕੇ ਗਰਜਨਾਂ ਕੀਤੀ। ਹਿਰਨੀ ਸ਼ੇਰ ਨੂੰ ਦੇਖਦੇ ਹੀ ਜਿੱਧਰ ਮੂੰਹ ਹੋਇਆ ਭੱਜ ਨਿਕਲੀ, ਡਰ ਨਾਲ ਆਪਣੇ ਬੱਚੇ ਨੂੰ ਉਥੇ ਹੀ ਛੱਡ ਗਈ। ਬੱਚਾ ਬੇਹੋਸ਼ ਹੋ ਕੇ ਡਿੱਗ ਪਿਆ, ਰਾਜਾ ਨੂੰ ਦਇਆ ਆਈ ਉਸ ਨੇ ਬੱਚੇ ਨੂੰ ਉਠਾਕੇ ਮੂੰਹ ਵਿੱਚ ਪਾਣੀ ਪਾਇਆ, ਫਿਰ ਉਠਾਕੇ ਆਪਣੀ ਕੁਟੀਆ ਦੇ ਅੰਦਰ ਲੈ ਗਿਆ। ਕਦੀ-ਕਦੀ ਐਸਾ ਹੁੰਦਾ ਹੈ, ਦਇਆ ਮੋਹ ਦਾ ਰੂਪ ਧਾਰਣ ਕਰ ਲੈਂਦੀ ਹੈ। ਮੋਹ ਇਕ ਚਿੱਕੜ ਹੈ ਇਸ ਵਿੱਚੋਂ ਨਿਕਲਣਾ ਬਹੁਤ ਮੁਸ਼ਕਿਲ ਹੈ, ਜਦੋਂ ਮੋਹ ਅੰਦਰ ਆ ਜਾਵੇ ਤਾਂ ਮਨ ਸਿਮਰਨ ਵਿੱਚ ਨਹੀਂ ਲਗਦਾ। ਰਾਜਾ ਨਾਲ ਵੀ ਐਸਾ ਹੀ ਵਾਪਰਿਆ। ਰਾਜਾ ਗੰਗਾ ਵਿੱਚ ਇਸ਼ਨਾਨ ਕਰਨ ਜਾਂਦਾ ਤਾਂ ਬੱਚਾ ਵੀ ਪਿੱਛੇ-ਪਿੱਛੇ ਦੌੜਦਾ, ਇਸ਼ਨਾਨ ਕਰਕੇ ਰਾਜਾ ਭਜਨ ਸਿਮਰਨ ਵਿੱਚ ਬੈਠਦਾ ਤਾਂ ਬੱਚਾ ਵੀ ਕੋਲ ਬੈਠਾ ਰਹਿੰਦਾ, ਅਗਰ ਰਾਜਾ ਘੁੰਮਣ-ਫਿਰਣ ਲੱਗ ਜਾਂਦਾ ਤਾਂ ਬੱਚਾ ਵੀ ਨਾਲ-ਨਾਲ ਘੁੰਮਦਾ ਰਹਿੰਦਾ, ਰਾਜਾ ਸੌਂਦਾ ਤਾਂ ਬੱਚਾ ਵੀ ਸੌਂ ਜਾਂਦਾ। ਇਸ ਪ੍ਰਕਾਰ ਸਮਾਂ ਗੁਜ਼ਰ ਰਿਹਾ ਸੀ, ਇਕ ਦਿਨ ਹਿਰਨੀਆਂ ਦੀ ਡਾਰ ਇੱਧਰ ਨਿਕਲੀ ਦੇਖਕੇ ਬੱਚਾ ਵੀ ਉਨ੍ਹਾਂ ਵਿੱਚ ਜਾ ਮਿਲਿਆ, ਥੋੜ੍ਹੀ ਦੂਰ ਇਕ ਛੱਪੜ ਸੀ। ਬਾਕੀ ਹਿਰਨ ਤਾਂ ਉਸਨੂੰ ਪਾਰ ਕਰ ਗਏ ਲੇਕਿਨ ਇਹ ਬੱਚਾ ਉਸ ਵਿੱਚ ਫਸ ਗਿਆ। ਗਾਰਾ ਜ਼ਿਆਦਾ ਹੋਣ ਕਰਕੇ ਨਿਕਲ ਨਾ ਸਕਿਆ। ਥੋੜ੍ਹੀ ਦੇਰ ਬਾਅਦ ਰਾਜਾ ਨੇ ਦੇਖਿਆ, ਬੱਚਾ ਹੈ ਨਹੀਂ, ਇਧਰ-ਉਧਰ ਨਜ਼ਰ ਮਾਰੀ ਤਾਂ ਬੱਚਾ ਛੱਪੜ ਵਿੱਚ ਮਰਿਆ ਪਿਆ ਨਜ਼ਰ ਆਇਆ। ਰਾਜਾ ਨੂੰ ਬਹੁਤ ਦੁੱਖ ਹੋਇਆ, ਦਿਨ-ਰਾਤ ਬੱਚਾ ਅੱਖਾਂ ਦੇ ਸਾਹਮਣੇ ਘੁੰਮਦਾ, ਨੀਂਦ ਨਹੀਂ ਆਉਂਦੀ, ਭੁੱਖ ਨਹੀਂ ਲੱਗਦੀ, ਕੁਝ ਚੰਗਾ ਨਹੀਂ ਲੱਗਦਾ, ਐਸੀ ਹਾਲਤ ਵਿੱਚ ਰਾਜਾ ਮੋਹ ਵੱਸ ਹੋਇਆ, ਦਿਨ ਰਾਤ ਬੇਚੈਨ ਰਹਿਣ ਲੱਗਿਆ। ਕੁਝ ਦਿਨਾਂ ਬਾਅਦ ਰਾਜਾ ਦਾ ਵੀ ਅੰਤ ਸਮਾਂ ਨੇੜੇ ਆ ਗਿਆ। ਜਿਸ ਵਕਤ ਪ੍ਰਾਣ ਪੂਰੇ ਹੋਏ, ਰਾਜਾ ਦਾ ਧਿਆਨ ਹਿਰਨ ਦੇ ਬੱਚੇ ਵਿਚ ਸੀ, ਇਸ ਲਈ ਰਾਜਾ ਨੂੰ ਹਿਰਨ ਦੀ ਜੂਨ ਵਿਚ ਜਾਣਾ ਪਿਆ।

ਇਹ ਪਰਮੇਸ਼ਰੀ ਨਿਯਮ ਹੈ, ਵਕਤੇ ਅਖੀਰ ਇਨਸਾਨ ਦੇ ਅੰਦਰ ਜੋ ਚਿੰਤਨ ਹੋਏਗਾ, ਉਹੀ ਸਰੀਰ ਧਾਰਣ ਕਰਨਾ ਪਏਗਾ। ਜਿਵੇਂ ਭਗਤ ਤ੍ਰਿਲੋਚਨ ਜੀ ਦਾ ਫੁਰਮਾਣ ਹੈ—

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਸਰਪ ਜੋਨਿ ਵਲਿ ਵਲਿ ਅਉਤਰੈ॥
ਅਰੀ ਬਾਈ ਗੋਬਿਦ ਨਾਮੁ ਮਤ ਬੀਸਰੈ॥ ਰਹਾਉ॥
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬੇਸਵਾ ਜੋਨਿ ਵਲਿ ਵਲਿ ਅਉਤਰੈ॥
ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਸੂਕਰ ਜੋਨਿ ਵਲਿ ਵਲਿ ਅਉਤਰੈ॥
ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਪ੍ਰੇਤ ਜੋਨਿ ਵਲਿ ਵਲਿ ਅਉਤਰੈ॥
ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥

*(ਪੰਨਾ—੫੨੬)*

ਪਰਮੇਸ਼ਰ ਦੀ ਐਸੀ ਹੀ ਨੇਤ ਹੈ ਜੀਵ ਨੂੰ ਅੰਤ ਸਮੇਂ ਦੀ ਵਾਸਨਾ ਅਨੁਸਾਰ ਸਰੀਰ ਮਿਲਦਾ ਹੈ। ਇਸ ਲਈ ਰਾਜਾ ਭਰਥ ਨੂੰ ਵਾਸਨਾ ਅਨੁਸਾਰ ਹਿਰਨ ਦੀ ਜੂਨ ਵਿੱਚ ਜਾਣਾ ਪਿਆ, ਲੇਕਿਨ ਭਗਤੀ ਦੇ ਬਲ ਕਰਕੇ ਰਾਜਾ ਨੂੰ ਵਿਵੇਕ ਰਿਹਾ, ਕਿ ਇਹ ਜੂਨੀ ਮੈਨੂੰ ਮੋਹ ਕਰਕੇ ਮਿਲੀ ਹੈ, ਬਾਰ-ਬਾਰ ਇਸ ਬਾਤ ਨੂੰ ਯਾਦ ਕਰਕੇ ਪਛਤਾਉਂਦਾ ਰਹਿੰਦਾ ਹੈ। ਆਖਰ ਹਿਰਨ ਦੀ ਜੂਨ ਭੋਗਕੇ ਦੁਬਾਰਾ ਫਿਰ ਮਨੁੱਖ ਸਰੀਰ ਵਿੱਚ ਇਕ ਕਿਸਾਨ ਦੇ ਘਰ ਪੈਦਾ ਹੋਇਆ। ਖੇਤੀ ਬਾੜੀ ਦਾ ਕੰਮ ਕਰਦਾ ਹੈ, ਲੇਕਿਨ ਬਹੁਤਾ ਧਿਆਨ ਨਹੀਂ ਦਿੰਦਾ, ਕਿਉਂਕਿ ਪੂਰਬ ਜਨਮ ਦੇ ਸੰਸਕਾਰ ਭਗਤੀ ਸਤਸੰਗ ਦੇ ਸਨ, ਇਸ ਲਈ ਜ਼ਿਆਦਾ ਸਮਾਂ ਸੰਤਾਂ ਦੀ ਸੰਗਤ ਵਿੱਚ ਗੁਜ਼ਾਰਦਾ।

ਇਕ ਸਮੇਂ ਦਾ ਜ਼ਿਕਰ ਅਯੁੱਧਿਆ ਦਾ ਰਾਜਾ ਰਘੂ ਸੰਤਾਂ ਦੀ ਢੂੰਢ ਕਰਦਾ-ਕਰਦਾ ਚਾਰ ਕੁਹਾਰਾਂ ਨੂੰ ਆਪਣੀ ਪਾਲਕੀ ਉਠਾ ਕੇ ਉਧਰ ਨਿਕਲਿਆ ਜਿਦਰ ਰਾਜਾ ਭਰਥ ਇਸ ਜਨਮ ਵਿੱਚ ਖੇਤੀ-ਦਾ-ਕੰਮ ਕਰਦਾ ਸੀ। ਪਰਮੇਸ਼ਰ ਦੀ ਨੇਤ ਐਸੀ ਹੋਈ ਰਾਜਾ ਰਘੂ ਦੇ ਇਕ ਕੁਹਾਰ ਨੂੰ ਬੁਖਾਰ ਹੋਣ ਕਰਕੇ ਪਾਲਕੀ ਉਠਾਉਣ ਤੋਂ ਅਸਮੱਰਥ ਹੋ ਗਿਆ। ਰਾਜਾ ਨੇ ਹੁਕਮ ਦਿੱਤਾ ਜਲਦੀ ਨਾਲ ਇਕ ਆਦਮੀ ਹੋਰ ਲਿਆਉ ਪਾਲਕੀ ਚੁੱਕਣ ਵਾਲਾ, ਬੜੀ ਛੇਤੀ ਅੱਗੇ ਜਾਣਾ ਹੈ। ਕੁਹਾਰ ਨੇ ਦੇਖਿਆ, ਇਕ ਕਿਸਾਨ ਖੇਤ ਵਿੱਚ ਕੰਮ ਕਰ ਰਿਹਾ ਹੈ, ਉਸਨੂੰ ਕਿਹਾ ਕਿ ਰਾਜਾ ਦਾ ਹੁਕਮ ਹੈ ਚੱਲਕੇ ਪਾਲਕੀ ਉਠਾ।

ਜੜ੍ਹ-ਭਰਥ ਨੇ ਰਾਜਾ ਦੀ ਪਾਲਕੀ ਨੂੰ ਮੋਢਾ ਲਾ ਲਿਆ, ਲੇਕਿਨ ਬਹੁਤ ਹੌਲੀ ਚੱਲ ਰਿਹਾ ਸੀ। ਰਾਜਾ ਬੋਲਿਆ, ਜਲਦੀ ਨਾਲ ਚੱਲ। ਥੋੜ੍ਹੀ ਦੇਰ ਬਾਅਦ ਜੜ੍ਹ-ਭਰਥ ਫਿਰ ਰੁਕ ਗਿਆ। ਰਾਜਾ ਗੁੱਸੇ ਵਿੱਚ ਆ ਕੇ ਬੋਲਿਆ ਕਿਤਨਾ ਮੋਟਾ ਹੈਂ, ਚੱਲਦਾ ਹੌਲੀ ਹੈਂ, ਜਲਦੀ ਚੱਲ ਨਹੀਂ ਤਾਂ ਮਾਰ ਖਾਏਂਗਾ। ਜੜ੍ਹ-ਭਰਥ ਬੋਲਿਆ, ਰਾਜਨ! ਮਾਰ, ਮਨ ਨੂੰ ਪਏਗੀ ਜਾਂ ਇੰਦਰੀਆਂ ਨੂੰ? ਸਰੀਰ ਨੂੰ ਪਏਗੀ ਜਾਂ ਆਤਮਾ ਨੂੰ ਜੋ ਮੇਰਾ ਆਪਣਾ ਆਪ ਹੈ? ਰਾਜਨ! ਤੂੰ ਕਿਸ ਨੂੰ ਹੁਕਮ ਕਰ ਰਿਹਾ ਹੈਂ? ਮੇਰੇ ਸਰੀਰ ਨੂੰ ਜਾਂ ਮਨ ਨੂੰ, ਕਿ ਇੰਦਰੀਆਂ ਨੂੰ? ਜੜ੍ਹ-ਭਰਥ ਦੇ ਮੁੱਖ ਤੋਂ ਐਸਾ ਸੁਣਕੇ, ਰਾਜਾ ਰਘੂ ਨੂੰ ਹੋਸ਼ ਆਏ, ਸੋਚਣ ਲੱਗਿਆ, ਇਹ ਕੋਈ ਆਮ ਬੰਦਾ ਨਹੀਂ ਹੈ, ਇਹ ਤਾਂ ਕੋਈ ਪੂਰਨ ਸੰਤ ਹੈ, ਜਿਸ ਦੀ ਮੈਂ ਖੋਜ ਲਈ ਚੱਲਿਆ ਹਾਂ ਉਹ ਮਿਲ ਗਿਆ। ਰਾਜਾ ਰਘੂ ਨੇ ਜੜ੍ਹ-ਭਰਥ ਨੂੰ ਬੇਨਤੀ ਕੀਤੀ, ਕਿ ਦੇਹ ਕਿਆ ਹੈ? ਮਨ ਕਿਆ ਹੈ? ਇੰਦਰੀਆਂ ਕਿਆ ਹਨ? ਜੜ੍ਹ-ਭਰਥ ਨੇ ਜਵਾਬ ਦਿੱਤਾ, ਦੇਹ ਝੂਠੀ ਹੈ, ਪ੍ਰਤੀਤੀ ਮਾਤਰ ਹੈ, ਇੰਦਰੀਆਂ ਝੂਠੀਆਂ ਹਨ, ਮਨ ਵੀ ਝੂਠਾ ਹੈ। ਮਨ ਨੂੰ ਸਾਧਨਾ ਹੈ, ਬੁੱਧੀ ਨੂੰ ਸ਼ੁੱਧ ਕਰਨਾ ਹੈ, ਫਿਰ ਸਰੀਰ ਅਤੇ ਇੰਦਰੀਆਂ ਵਸ ਹੋ ਜਾਂਦੀਆਂ ਹਨ, ਇਸ ਤਰੀਕੇ ਪਰਮਾਤਮ ਦੇਵ ਪ੍ਰਗਟ ਹੋ ਜਾਂਦੇ ਹਨ ਅਤੇ ਆਪਣੇ ਆਪ ਦੀ ਗਿਆਤ ਹੋ ਜਾਂਦੀ ਹੈ, ਫਿਰ ਇਸ ਨੂੰ ਕੁਝ ਹੋਰ ਦੇਖਣ ਭੋਗਣ ਦੀ ਇੱਛਾ ਨਹੀਂ ਰਹਿੰਦੀ। ਆਤਮ ਗਿਆਨੀ ਪੁਰਸ਼ ਨੂੰ ਮਾਨ ਅਪਮਾਨ, ਹਰਖ-ਸ਼ੋਕ, ਦੁੱਖ-ਸੁੱਖ, ਜਨਮ-ਮਰਨ, ਸਮਾਨ ਹੋ ਜਾਂਦੇ ਹਨ, ਐਸੇ ਪੁਰਖ ਦਾ ਜੀਵਨ ਪਰਉਪਕਾਰੀ ਹੋ ਜਾਂਦਾ ਹੈ।

ਜੋ ਦੂਸਰੇ ਨੂੰ ਸੁੱਖ ਦੇਵੇ, ਅਤੇ ਆਪਣੇ ਲਈ ਰੱਤੀ ਮਾਤਰ ਵੀ ਚਾਹ ਨਾ ਰੱਖੇ, ਐਸੇ ਪੁਰਖ ਦਾ ਨਾਮ ਹੀ ਸੰਤ ਹੈ।

ਇਸ ਤਰੀਕੇ ਜੜ੍ਹ-ਭਰਥ ਨੇ ਰਾਜਾ ਰਘੂ ਨੂੰ ਆਪਣੇ ਕੰਧੇ ਤੇ ਉਠਾਕੇ ਆਤਮ ਗਿਆਨ ਦਾ ਉਪਦੇਸ਼ ਦੇਕੇ ਮੁਕਤ ਕੀਤਾ, ਇਹ ਹੈ ਸੰਤ ਦਾ ਲਛਣ। ਗੁਰੂ ਬਾਬਾ ਜੀ ਫੁਰਮਾਣ ਕਰਦੇ ਹਨ—ਸੰਤ ਬੇੜੀ ਦੇ ਸਮਾਨ ਹੁੰਦਾ ਹੈ, ਜਿਵੇਂ ਬੇੜੀ ਇਨਸਾਨ ਦੇ ਪੈਰਾਂ ਥੱਲੇ ਹੁੰਦੀ ਹੈ, ਫਿਰ ਵੀ ਸਮੁੰਦਰ ਤੋਂ ਪਾਰ ਕਰ ਦਿੰਦੀ ਹੈ ਇਸੇ ਤਰ੍ਹਾਂ ਸੰਤ ਵੀ ਜੀਵ ਨੂੰ ਕੰਧੇ ਤੇ ਉਠਾ ਕੇ ਸੰਸਾਰ ਸਮੁੰਦਰ ਤੋਂ ਪਾਰ ਕਰ ਦਿੰਦੇ ਹਨ। ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਸੰਤ ਨੂੰ ਪ੍ਰਿਥਵੀ ਦੇ ਸਮਾਨ ਦਿਖਾਉਂਦੇ ਹਨ।

ਮੂਲ — **ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ ॥**
**ਬਿਸਟਾ ਮੂਤ੍ ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪਰੀਤਿ ॥**

ਅਰਥ — ਧਰਤੀ ਨੂੰ ਅਗਰ ਕੋਈ ਚੰਦਨ, ਕੇਸਰ ਜਾਂ ਕਫੂਰ ਨਾਲ ਲੇਪਨ ਕਰੇ ਤਾਂ ਧਰਤੀ ਉਸਨੂੰ ਕੋਈ ਵਿਸ਼ੇਸ਼ ਪਿਆਰ ਨਹੀਂ ਦਿੰਦੀ। ਇਸਦੇ ਉਲਟ ਅਗਰ ਕੋਈ ਧਰਤੀ ਉਤੇ ਬਿਸ਼ਟਾ ਮੂਤਰ ਆਦਿ ਗੰਦ ਵੀ ਕਰਦਾ ਹੈ, ਜਾਂ ਕੋਈ ਟੋਇਆ ਆਦਿ ਪੁੱਟਦਾ ਹੈ, ਉਸਦਾ ਬੁਰਾ ਨਹੀਂ ਮੰਨਦੀ, ਯਾਨੀ ਦੋਨੋਂ ਕਿਸਮ ਦੇ ਲੋਕਾਂ ਨੂੰ ਸਮਾਨ ਪਿਆਰ ਕਰਦੀ ਹੈ ਅਤੇ ਸਭ ਭਲੇ ਬੁਰੇ ਦੇ ਕਾਰਜ ਸਵਾਰਦੀ ਹੈ।

ਦਾ-ਦ੍ਰਿਸ਼ਟਾਂਤ — ਇਸੇ ਤਰ੍ਹਾਂ ਸੰਤ ਮਹਾਤਮਾ ਦੀ ਅਗਰ ਕੋਈ ਸੇਵਾ ਟਹਿਲ ਕਰਦਾ ਹੈ, ਤਾਂ ਆਪਣੀ ਭਾਵਨਾ ਅਨੁਸਾਰ ਫਲ ਪ੍ਰਾਪਤ ਕਰਦਾ ਹੈ ਲੇਕਿਨ ਮਹਾਤਮਾ ਆਪਣੇ ਆਤਮ ਅਨੰਦ ਵਿੱਚ ਆਰੂੜ ਰਹਿੰਦੇ ਹਨ। ਇਸ ਦੇ ਵਿਪਰੀਤ ਅਗਰ ਕੋਈ ਸੰਤ ਦਾ ਬੁਰਾ ਕਰਦਾ ਹੈ ਉਸਦੀ ਤਰਫ ਧਿਆਨ ਵੀ ਨਹੀਂ ਦਿੰਦੇ, ਯਾਨੀ ਉਸ ਦਾ ਬੁਰਾ ਨਹੀਂ ਚਾਹੁੰਦੇ। ਅੱਛੇ ਅਤੇ ਬੁਰੇ ਦੋਨਾਂ ਨੂੰ ਇਕ ਸਮਾਨ ਸਮਝਦੇ ਹੋਏ ਆਪ ਆਪਣੇ ਆਤਮ ਅਨੰਦ ਵਿੱਚੋਂ ਕਦੇ ਬਾਹਰ ਨਹੀਂ ਆਉਂਦੇ। ਜਿਵੇਂ ਪ੍ਰਿਥਵੀ ਵਿੱਚ ਸਹਿਣਸ਼ੀਲਤਾ ਦਾ ਵੱਡਾ ਗੁਣ ਹੈ ਉਸੇ ਤਰ੍ਹਾਂ ਆਤਮ ਗਿਆਨੀ ਪੁਰਸ਼ ਵੀ ਆਪਣੀ ਸਹਿਣਸ਼ੀਲਤਾ ਨਹੀਂ ਛੱਡਦਾ। ਜਿਵੇਂ ਗੁਰੂ ਵਾਕ—

**ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ ॥**

*(ਵਾਰ ਸਤਾ ਬਲਵੰਡਿ, ਪੰਨਾ—੯੬੮)*

ਐਸੇ ਪੁਰਖ ਨੂੰ ਆਸ਼ਾ ਤ੍ਰਿਸ਼ਨਾ, ਵਿਸ਼ੇ ਵਿਕਾਰ, ਮਾਨ-ਅਪਮਾਨ, ਨਹੀਂ ਹਿਲਾ ਸਕਦੇ, ਜਿਵੇਂ ਤੇਜ ਹਵਾਵਾਂ ਸੁਮੇਰ ਪਰਬਤ ਨੂੰ ਨਹੀਂ ਹਿਲਾ ਸਕਦੀਆਂ—

**ਬ੍ਰਹਮ ਗਿਆਨੀ ਕੈ ਧੀਰਜੁ ਏਕ ॥**
**ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥**

*(ਗਾਉੜੀ ਸੁਖਮਨੀ, ਪੰਨਾ—੨੭੨)*

ਚੌਥੀ ਮਿਸਾਲ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਸੰਤਾਂ ਨੂੰ ਆਕਾਸ਼ ਦੇ ਸਮਾਨ ਨਿਰਵੈਰ, ਨਿਰਲੇਪ ਦਿਖਾਉਂਦੇ ਹਨ।

ਮੂਲ — **ਊਚ ਨੀਚ ਬਿਕਾਰ ਸੁਕ੍ਰਿਤ ਸੰਲਗਨ ਸਭ ਸੁਖ ਛਤ੍ਰ ॥**
**ਮਿਤ੍ਰ ਸਤ੍ਰੁ ਨ ਕਛੂ ਜਾਨੈ ਸਰਬ ਜੀਅ ਸਮਤ ॥**

ਅਰਥ — ਅਕਾਸ਼ ਮਨ ਵਿੱਚ ਕਦੇ ਨਹੀਂ ਸੋਚਦਾ, ਇਹ ਉਚ ਜਾਤੀ ਦਾ ਹੈ, ਇਹ ਨੀਚ ਜਾਤੀ ਦਾ ਹੈ, ਇਹ ਵਿਕਾਰੀ ਹੈ, ਇਹ ਸ਼ੁਭ ਗੁਣਾਂ ਵਾਲਾ ਹੈ ਆਦਿਕ ਗੁਣ ਕਦੀ ਨਹੀਂ ਚਿਤਾਰਦਾ, ਸਭ ਨੂੰ ਇੱਕੋ ਜਿਹਾ ਸੁਖ ਦਿੰਦਾ ਹੈ ਅਤੇ ਸਭ ਦੇ ਉੱਪਰ ਛਤ੍ਰ ਰੂਪ ਹੈ। ਇਸੀ ਤਰ੍ਹਾਂ ਕਿਸੇ ਨੂੰ ਦੋਸਤ, ਕਿਸੇ ਨੂੰ ਦੁਸ਼ਮਣ ਨਹੀਂ ਦੇਖਦਾ, ਅਕਾਸ਼ ਦੀ ਨਜ਼ਰ ਵਿੱਚ ਦੋਨੋਂ ਸਮਾਨ ਹਨ। ਇਸੇ ਪ੍ਰਕਾਰ ਸੰਤ ਜਨ ਵੀ ਸਭ ਜੀਵਾਂ ਨੂੰ ਆਤਮ ਭਾਵ ਨਾਲ ਦੇਖਦੇ ਹਨ ਯਾਨੀ ਸਭ ਨੂੰ ਆਪਣਾ ਆਪ ਹੀ ਮੰਨਦੇ ਹਨ।

ਅਕਾਸ਼ ਦਾ ਸੁਭਾਵ ਸਮ ਹੈ, ਕਿਸੇ ਉਚ ਜਾਤੀ ਦਾ ਬ੍ਰਹਮਣ ਹੋਵੇ, ਜਾਂ ਨੀਚ ਜਾਤੀ ਦਾ ਚੰਡਾਲ ਹੋਵੇ, ਗਊ ਹੋਵੇ ਜਾਂ ਗਧਾ ਕੁੱਤੇ ਹੋਵੇ, ਇਹ ਸਭ ਇਕ ਸਮਾਨ ਹਨ ਅਤੇ ਸਭ ਨੂੰ ਸੁੱਖ ਦੇਣ ਵਾਲਾ ਹੈ। ਜਿਵੇਂ ਅਕਾਸ਼ ਨੂੰ ਹਵਨ

ਆਦਿ ਦੀ ਸੁਗੰਧੀ ਦੇਵੇ ਜਾਂ ਇਸ ਦੇ ਵਿਪਰੀਤ ਅਕਾਸ਼ ਵੱਲ ਥੁੱਕੇ ਤਾਂ ਅਕਾਸ਼ ਦੀ ਨਜ਼ਰ ਵਿੱਚ ਦੋਨੋਂ ਇਕ ਸਮਾਨ ਹਨ। ਅਗਰ ਕੋਈ ਅਕਾਸ਼ ਨੂੰ ਦੁੱਖ ਦੇਣਾ ਚਾਹੇ ਤਾਂ ਨਹੀਂ ਦੇ ਸਕੇਗਾ।

ਜੇ ਕੋਈ ਅਕਾਸ਼ ਦੀ ਤਰਫ ਬਾਣ ਚਲਾਵੇ ਤਾਂ ਕੀਹ ਅਕਾਸ਼ ਫੱਟੜ ਹੋ ਜਾਊ? ਕਿਉਂਕਿ ਉਹ ਤਾਂ ਅਗੰਮ ਹੈ, ਉਸ ਤਕ ਕਿਸੇ ਦੀ ਪਹੁੰਚ ਹੀ ਨਹੀਂ, ਅਕਾਸ਼ ਦੀ ਤਰਫ ਚਲਾਇਆ ਬਾਣ, ਅਕਾਸ਼ ਤੱਕ ਨਹੀਂ ਜਾਏਗਾ ਉਲਟਾ ਚਲਾਉਣ ਵਾਲੇ ਨੂੰ ਹੀ ਲੱਗੇਗਾ—

**ਸਰੁ ਸੰਧੇ ਆਗਾਸ ਕਉ ਕਿਉ ਪਹੁਚੈ ਬਾਣੁ॥**
**ਅਗੈ ਓਹੁ ਅਗੰਮੁ ਹੈ ਵਾਹੇਦੜ ਜਾਣੁ॥**

*(ਮਾਝ ਦੀ ਵਾਰ, ਪੰਨਾ—੧੪੮)*

ਇਸੀ ਪ੍ਰਕਾਰ ਸੰਤ ਜਨਾਂ ਨੂੰ ਅੱਛਾ-ਬੁਰਾ, ਸੇਵਾ ਕਰਨ ਵਾਲਾ, ਬੁਰਾ ਚਿਤਵਨ ਵਾਲਾ, ਸਭ ਸਮਾਨ ਹਨ ਕਿਉਂਕਿ ਉਹ ਸਭ ਆਪਣਾ ਆਪ ਜਾਣਦੇ ਹਨ। ਐਸੇ ਮਹਾਂਪੁਰਖ ਦਾ ਅਗਰ ਕੋਈ ਬੁਰਾ ਕਰਨਾ ਚਾਹੇ ਤਾਂ ਕਿਵੇਂ ਕਰ ਸਕਦਾ ਹੈ ਜਿਵੇਂ ਗੁਰੂ ਵਾਕ—

**ਸਤਿਗੁਰ ਸਰਨਿ ਪਏ ਸੇ ਥਾਪੇ ਤਿਨ ਰਾਖਨ ਕਉ ਪ੍ਰਭੁ ਆਵੈਗੋ॥**
**ਜੇ ਕੋ ਸਰੁ ਸੰਧੈ ਜਨ ਊਪਰਿ ਫਿਰਿ ਉਲਟੋ ਤਿਸੈ ਲਗਾਵੈਗੋ॥**

*(ਕਾਨੜਾ ਮ: ੪, ਪੰਨਾ—੧੩੧੧)*

ਜਿਸ ਪ੍ਰਕਾਰ ਅਕਾਸ਼ ਨੂੰ ਅੱਛੇ ਬੁਰੇ ਸਭ ਇਕ ਸਮਾਨ ਹਨ, ਇਸੇ ਤਰ੍ਹਾਂ ਸੰਤ ਮਹਾਤਮਾ ਵੀ ਅਕਾਸ਼ ਦੀ ਤਰ੍ਹਾਂ ਨਿਰਲੇਪ ਰਹਿ ਕੇ ਸਭ ਜੀਵਾਂ ਨੂੰ ਸੁੱਖ ਹੀ ਦਿੰਦੇ ਹਨ। ਦ੍ਰਿਸ਼ਟਾਂਤ—

ਪਿਛਲੇ ਸਮੇਂ ਵਿੱਚ ਰਾਜਾ ਸ਼ਿਖਰਧੁਜ ਅਤੇ ਰਾਣੀ ਚੁੜਾਲਾਂ ਹੋਏ ਹਨ, ਜਿਨ੍ਹਾਂ ਦਾ ਸ੍ਰੀ ਯੋਗ ਵਸ਼ਿਸ਼ਟ ਵਿੱਚ ਵਿਸਥਾਰ ਪੂਰਵਕ ਵਰਨਣ ਹੈ। ਰਾਜਾ ਸ਼ਿਖਰਧੁਜ ਆਪਣੇ ਰਾਜ ਭਾਗ ਦੇ ਸੁੱਖਾਂ ਵਿੱਚ ਮਗਨ ਸੀ, ਜਦ ਉਸ ਦੀ ਸ਼ਾਦੀ ਰਾਣੀ ਚੁੜਾਲਾਂ ਨਾਲ ਹੋਈ, ਤਾਂ ਰਾਜਾ ਨੂੰ ਵੀ ਪਰਮਾਰਥ ਦਾ ਸ਼ੌਕ ਪੈਦਾ ਹੋਇਆ। ਕਿਉਂਕਿ ਰਾਣੀ ਦੇ ਸੰਸਕਾਰ ਪਰਮਾਰਥ ਦੇ ਸਨ। ਇਸ ਪ੍ਰਕਾਰ ਦੋਨੋਂ, ਸਤਸੰਗ, ਸਤ ਸਾਸ਼ਤਰ ਦਾ ਵਿਚਾਰ ਕਰਦੇ ਰਹਿੰਦੇ। ਕਦੇ-ਕਦਾਈਂ ਕਿਸੇ ਸੰਤ-ਮਹਾਤਮਾ ਨੂੰ ਰਾਜ ਮਹਿਲਾਂ ਵਿਚ ਲਿਆਕੇ ਸਤਸੰਗ ਦਾ ਲਾਭ ਉਠਾਉਂਦੇ। ਸਤਸੰਗਤ ਅਤੇ ਸਤ ਸ਼ਾਸਤਰ ਦੀ ਵਿਚਾਰ ਕਰਦੇ-ਕਰਦੇ ਰਾਣੀ ਗਿਆਨ ਅਰੂੜ ਹੋ ਗਈ ਯਾਨੀ ਆਤਮ ਗਿਆਨ ਵਿੱਚ ਇਸਥਿਤ ਹੋ ਗਈ। ਉੱਧਰ ਰਾਜਾ ਨੂੰ ਵੈਰਾਗ ਤਾਂ ਉਤਪੰਨ ਹੋ ਗਿਆ ਲੇਕਿਨ ਗਿਆਨ ਅਵੱਸਥਾ ਘਟਿਤ ਨਾ ਹੋਈ। ਰਾਣੀ ਨੇ ਰਾਜਾ ਨੂੰ ਗਿਆਨ ਕਰਾਉਣ ਦੀ ਬਹੁਤ ਕੋਸ਼ਿਸ਼ ਕੀਤੀ ਲੇਕਿਨ ਸਫਲ ਨਾ ਹੋਈ। ਰਾਜਾ ਨੂੰ ਗਿਆਨ ਅਵੱਸਥਾ ਤਾਂ ਭਾਵੇਂ ਨਾ ਘਟਿਤ ਹੋਈ ਲੇਕਿਨ ਵੈਰਾਗ ਦਾ ਹੜ੍ਹ ਇਤਨਾਂ ਤੇਜ਼ ਹੋ ਗਿਆ, ਕਿ ਇਕ ਰਾਤ ਉੱਠ ਕੇ ਸਭ ਰਾਜ ਭਾਗ ਅਤੇ ਸੰਸਾਰਕ ਸੁੱਖਾਂ ਨੂੰ ਤਿਆਗ ਕੇ, ਜੰਗਲ ਵਿੱਚ ਜਾ ਤੱਪ ਸਾਧਨਾਂ ਕਰਨ ਲੱਗਿਆ। ਰਾਣੀ ਦੀ ਜਦੋਂ ਜਾਗ ਖੁੱਲ੍ਹੀ, ਰਾਜਾ ਦੀ ਸੇਜ ਖਾਲੀ ਦੇਖਕੇ ਆਪਣੇ ਯੋਗ ਬੱਲ ਨਾਲ ਤੱਕਿਆ, ਰਾਜਾ ਵਣ ਵਿੱਚ ਇਕ ਝੌਂਪੜੀ ਬਣਾ ਕੇ ਤਪੱਸਿਆ ਕਰ ਰਿਹਾ ਹੈ। ਰਾਣੀ ਨੇ ਸੋਚਿਆ ਕਿ ਇਸ ਵਕਤ ਰਾਜਾ ਦਾ ਵੈਰਾਗ ਤੇਜ ਹੈ, ਹੁਣ ਥੋੜ੍ਹੀ ਕਸਵੱਟੀ ਹੀ ਕੰਮ ਕਰ ਸਕਦੀ ਹੈ। ਕਿਉਂਕਿ ਵੈਰਾਗ ਤੋਂ ਬਗੈਰ ਮਾਇਆ ਨਹੀਂ ਉਤਰਿਆ ਕਰਦੀ, ਮਾਇਆ ਉਤਰੀ ਤੋਂ ਬਗੈਰ ਅੰਧਕਾਰ ਨਹੀਂ ਮਿਟਦਾ, ਜਿਵੇਂ ਗੁਰੂ ਵਾਕ—

**ਬਿਨੁ ਬੈਰਾਗ ਨ ਛੂਟਸਿ ਮਾਇਆ॥**

*(ਗ: ਕਬੀਰ ਜੀ, ਪੰਨਾ—੩੨੯)*

ਸੋ ਮਾਇਆ ਦਾ ਜਾਲਾ ਉਤਾਰਨ ਲਈ, ਵੈਰਾਗ ਉੱਤਮ ਔਸ਼ਧੀ ਹੈ। ਇਧਰ ਰਾਣੀ ਚੁੜਾਲਾਂ ਕਨਭੁਜ ਮੁਨੀ ਦਾ ਭੇਸ ਧਾਰਣ ਕਰਕੇ ਰਾਜਾ ਕੋਲ ਪਹੁੰਚੀ। ਰਾਜਾ ਨੇ ਮੁਨੀ ਨੂੰ ਨਮਸ਼ਕਾਰ ਕਰਕੇ ਆਦਰ-ਸਤਿਕਾਰ ਨਾਲ ਆਪਣੇ ਆਸਣ ਤੇ ਬਿਠਾਇਆ। ਮੁਨੀ ਨੇ ਰਾਜਾ ਤੋਂ ਖੇਮ-ਕੁਸ਼ਲ ਪੁੱਛਣ ਉਪਰੰਤ ਕਿਹਾ, ਰਾਜਨ! ਤਿਆਗ ਤੋਂ ਬਗੈਰ ਪਰਮਪਦ ਦੀ ਪ੍ਰਾਪਤੀ ਨਹੀਂ ਹੋਣੀ, ਇਸ ਲਈ ਆਪਣੇ ਪਾਸ ਜੋ ਵਸਤੂ ਹੈ ਉਸਦਾ ਤਿਆਗ ਕਰ। ਰਾਜਾ ਬੋਲਿਆ, ਮੈਂ ਤਾਂ ਰਾਜ-

ਭਾਗ ਅਤੇ ਉਸਦੇ ਸਾਰੇ ਸੁੱਖ ਪਹਿਲਾਂ ਹੀ ਤਿਆਗ ਕੇ ਆਇਆ ਹਾਂ, ਇਸ ਵਕਤ ਮੇਰੇ ਕੋਲ ਹੈ ਹੀ ਕੀ, ਜਿਸਦਾ ਮੈਂ ਤਿਆਗ ਕਰਾਂ। ਕੱਖਾਂ, ਕਾਨਿਆਂ ਦੀ ਟੁੱਟੀ ਝੌਂਪੜੀ, ਇਕ ਤੂੰਬੀ ਅਤੇ ਲੰਗੋਟੀ ਤੋਂ ਬਗੈਰ ਮੇਰੇ ਪਾਸ ਹੋਰ ਕਿਹੜੀ ਵਸਤੂ ਹੈ ਜੋ ਤਿਆਗਣੇ ਯੋਗ ਹੈ ? ਮੁਨੀ ਬੋਲਿਆ, ਇਹ ਸਭ ਚੀਜ਼ਾ ਵੀ ਤੇਰੀਆਂ ਨਹੀਂ, ਬਲਕਿ ਜਿਸ ਸਰੀਰ ਲਈ ਇਹ ਸਮਾਨ ਹੈ ਉਹ ਸਰੀਰ ਵੀ ਤੇਰਾ ਨਹੀਂ। ਰਾਜਾ ਮੁਨੀ ਦੀ ਆਵਾਜ਼ ਸੁਣਕੇ ਸਮਝ ਗਿਆ, ਕਿ ਸਰੀਰ ਵਿਚ ਮੈਂ, ਮੇਰੀ ਵੀ ਇਕ ਹੰਕਾਰ ਹੈ। ਸਰੀਰ ਤੋਂ ਛੁਟਕਾਰਾ ਹਾਸਲ ਕਰਨ ਲਈ ਰਾਜਾ ਪਹਾੜ ਉਪਰ ਜਾ ਚੜ੍ਹਿਆ ਤਾਂ ਕਿ ਪਹਾੜ ਤੋਂ ਨੀਚੇ ਦੀ ਤਰਫ ਰੋੜ੍ਹ ਕੇ ਸਰੀਰ ਛੱਡ ਦੇਵਾਂ।

ਕਨਭੁਜ ਮੁਨੀ ਬੋਲਿਆ, ਰਾਜਨ! ਸਰੀਰ ਤਿਆਗਣ ਤੇ ਤਿਆਗ ਨਹੀਂ ਹੋ ਜਾਣਾ, ਮੈਂ ਇਨਾਂ ਵੱਡਾ ਤਿਆਗੀ ਹਾਂ, ਰਾਜ-ਭਾਗ ਦੇ ਸੁੱਖ ਤਿਆਗ ਦਿੱਤੇ, ਝੌਂਪੜੀ ਤੂੰਬੀ ਤਿਆਗ ਦਿੱਤੀ, ਇਸ ਦੀ ਯਾਦ ਅਜੇ ਮਨ ਵਿੱਚ ਹੈ ਕਿ ਮੈਂ ਤਿਆਗੀ ਹਾਂ, ਇਹ ਤਿਆਗ ਕਿਥੋਂ ਹੋਇਆ ? ਹੰਕਾਰ ਤਾਂ ਅਜੇ ਅੰਦਰ ਖੜ੍ਹਾ ਹੈ। ਰਾਜਨ! ਸਰੀਰ ਤਿਆਗਣ ਨਾਲ ਤਿਆਗ ਨਹੀਂ ਹੋ ਜਾਣਾ, ਹੰਕਾਰ ਨੇ ਹੋਰ ਸਰੀਰ ਧਾਰਣ ਕਰ ਲੈਣਾ ਹੈ। ਹੇ ਰਾਜਨ! ਅਗਰ ਆਤਮ ਗਿਆਨ ਚਾਹੁੰਦਾ ਹੈਂ, ਤਾ ਤਿਆਗ ਦਾ ਵੀ ਤਿਆਗ ਕਰ ਯਾਨੀ ਇਹ ਭੁੱਲ ਜਾਹ ਕਿ ਮੈਂ ਤਿਆਗੀ ਹਾਂ। ਇਸ ਪ੍ਰਕਾਰ ਰਾਣੀ ਚੁੜਾਲਾਂ ਨੇ ਬਹੁਤ ਵਾਰ ਆਪਣੇ ਯੋਗ ਬਲ ਦੁਆਰਾ ਮੁਨੀ ਦਾ ਭੇਸ ਧਾਰਣ ਕਰਕੇ ਰਾਜਾ ਨੂੰ ਉਪਦੇਸ਼ ਕੀਤਾ ਅਤੇ ਨਾਲ-ਨਾਲ ਰਾਜ-ਭਾਗ ਦੀ ਸੰਭਾਲ ਵੀ ਕਰਦੀ ਰਹੀ, ਲੇਕਿਨ ਅੰਦਰੋਂ ਨਿਰਲੇਪ ਨਿਸ਼ਕਿਰਿਆ ਅਵੱਸਥਾ ਵਿੱਚ ਇਸਥਿਤ ਰਹਿੰਦੀ। ਉੱਧਰ ਰਾਜਾ ਸ਼ਿਖਰਧੁਜ ਰਾਣੀ ਤੋਂ ਮੁਨੀ ਦੇ ਰੂਪ ਵਿੱਚ ਜੋ ਉਪਦੇਸ਼ ਸੁਣਦਾ ਇਕਾਂਤ ਵਿੱਚ ਉਸਦਾ ਅਭਿਆਸ ਕਰਦਾ ਰਹਿੰਦਾ। ਐਸਾ ਕਰਦੇ-ਕਰਦੇ ਇਕ ਦਿਨ ਰਾਜਾ ਨੂੰ ਗਿਆਨ ਵਿਗਿਆਨ ਦੀ ਸੂਝ ਆ ਗਈ। ਰਾਣੀ ਨੇ ਇਕ ਦਿਨ ਰਾਜਾ ਦੀ ਪ੍ਰੀਖਿਆ ਲਈ ਤਾਂ ਰਾਜਾ ਪ੍ਰੀਖਿਆ ਵਿੱਚੋਂ ਸੋਲਾਂ ਆਨੇ ਪੂਰਾ ਉਤਰਿਆ। ਹੁਣ ਰਾਜਾ ਸ਼ਿਖਰਧੁਜ ਸੁੱਖ-ਦੁੱਖ, ਮਾਨ-ਅਪਮਾਨ, ਹਰਖ-ਸ਼ੋਕ ਵਿੱਚ ਇਕ ਰਸ ਰਹਿਣ ਲੱਗਿਆ। ਇਸ ਪ੍ਰਕਾਰ ਰਾਜਾ ਗਿਆਨ ਵਿੱਚ ਸਥਿਤ ਹੋ ਕੇ ਵਾਪਸ ਘਰ ਆਇਆ। ਰਾਜ ਭਾਗ ਦੀ ਸੰਭਾਲ ਕਰਨ ਲੱਗਿਆ ਲੇਕਿਨ ਨਿਰਲੇਪ ਰਹਿ ਕੇ, ਜੀਵਨ ਮੁਕਤੀ ਦਾ ਅਨੰਦ ਮਾਣਦੇ ਹੋਏ ਬਾਕੀ ਰਹਿੰਦੀ ਆਯੂ ਬਤੀਤ ਕੀਤੀ। ਪੰਜਵੀਂ ਮਿਸਾਲ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਸੰਤਾਂ ਨੂੰ ਸੂਰਜ ਦੇ ਸਮਾਨ ਗੁਣਾਂ ਵਾਲਾ ਦਰਸਾਉਂਦੇ ਹਨ—

ਮੂਲ — **ਕਰਿ ਪ੍ਰਗਾਸੁ ਪ੍ਰਚੰਡ ਪ੍ਰਗਟਿਓ ਅੰਧਕਾਰ ਬਿਨਾਸ॥**
**ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ ਮਨਿ ਨ ਭਇਓ ਬਿਖਾਦੁ।**

ਅਰਥ — ਜਿਸ ਵਕਤ ਸੂਰਜ ਉਦਯ ਹੁੰਦਾ ਹੈ ਸਭ ਨੂੰ ਪ੍ਰਕਾਸ਼ ਰੌਸ਼ਨੀ ਦਿੰਦਾ ਹੈ ਅਤੇ ਤਮਾਮ ਅੰਧੇਰਾ ਬਿਨਾਸ ਹੋ ਜਾਂਦਾ ਹੈ। ਉਸਦੀਆਂ ਕਿਰਨਾਂ ਪਵਿੱਤਰ-ਅਪਵਿੱਤਰ, ਸ਼ੁਭ-ਅਸ਼ੁਭ ਯਾਨੀ ਹਰ ਜਗ੍ਹਾ ਤੇ ਪੈਂਦੀਆਂ ਹਨ, ਲੇਕਿਨ ਮਨ ਵਿੱਚ ਗੁੱਸਾ ਜਾਂ ਦਵੈਸ਼ ਬਿਖਾਦ ਨਹੀਂ ਕਰਦਾ। ਸੂਰਜ ਸਭ ਜੀਵਾਂ ਦੀਆਂ ਅੱਖਾਂ ਨੂੰ ਪ੍ਰਕਾਸ਼ ਦਿੰਦਾ ਹੈ, ਸੂਰਜ ਤੋਂ ਪ੍ਰਕਾਸ਼ ਪਾ ਕੇ ਕਿਸੇ ਦੀਆਂ ਅੱਖਾਂ ਭਗਵਾਨ ਦੀਆਂ ਮੂਰਤਾਂ ਦਾ, ਕੋਈ ਸੰਤ ਮਹਾਤਮਾਂ ਦਾ, ਕੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸੰਗਤ ਦਾ ਦਰਸ਼ਨ ਕਰਦਾ ਹੈ। ਇਸੇ ਤਰ੍ਹਾਂ ਕਿਸੇ ਦੀਆਂ ਅੱਖਾਂ ਬੁਰਾ ਦੇਖਦੀਆਂ ਹਨ, ਕਿਸੇ ਦੀ ਨਜ਼ਰ ਅਪਵਿਤਰ ਥਾਵਾਂ ਤੇ ਪੈਂਦੀ ਹੈ, ਲੇਕਿਨ ਸੂਰਜ ਪਵਿੱਤਰ-ਅਪਵਿਤਰ ਸਭ ਨੂੰ ਇਕ ਤਰ੍ਹਾਂ ਦਾ ਪ੍ਰਕਾਸ਼ ਦਿੰਦਾ ਹੈ, ਅੱਖਾਂ ਦੇ ਗੁਣ-ਦੋਸ਼ ਨਾਲ ਸੂਰਜ ਦਾ ਕੋਈ ਸੰਬੰਧ ਨਹੀਂ, ਸਦਾ ਨਿਰਲੇਪ ਅਤੇ ਨਿਰਵੈਰ ਰਹਿੰਦਾ ਹੈ। ਇਸੇ ਤਰ੍ਹਾਂ ਸੰਤ ਮਹਾਤਮਾ ਹਮੇਸ਼ਾ ਨਿਰਲੇਪ ਰਹਿੰਦੇ ਹਨ, ਬਾਹਰ ਦੇ ਵਿਸ਼ੇ ਸ਼ਬਦ ਸਪਰਸ਼ ਆਦਿ ਦਾ ਸੰਗ ਨਹੀਂ ਕਰਦੇ। ਸੰਸਾਰ ਵਿੱਚ ਚਾਰ ਕਿਸਮ ਦੇ ਲੋਕ ਵੱਸਦੇ ਹਨ—ਪਾਪੀ, ਪਰਮਾਤਮਾ ਸੁਖੀ ਤੇ ਦੁੱਖੀ। ਸਾਧੂ ਮਹਾਤਮਾ ਚਾਰੇ ਕਿਸਮ ਦੇ ਲੋਕਾਂ ਤੋਂ ਆਪਣੇ ਆ ਨੂੰ ਨਿਰਲੇਪ ਰੱਖਦੇ ਹਨ ਅਤੇ ਸ਼ੁਭ ਗੁਣ, ਜਿਵੇਂ ਮੈਤਰੀ, ਮੁਦਤਾ, ਕਰੁਣਾ, ਅਪੇਖਿਆ ਆਦਿ ਸ਼ੁਭ ਭਾਵ ਨਾਲ ਵਰਤਦੇ ਹਨ। ਯੋਗ ਸ਼ਾਸਤਰ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਦਫਾ ਕੁਝ ਰਿਸ਼ੀਆਂ ਨੇ ਪਤੰਜਣ ਭਗਵਾਨ ਨੂੰ ਬੇਨਤੀ ਕੀਤੀ ਕਿ ਸੰਸਾਰ ਵਿੱਚ ਪ੍ਰਸੰਨ ਚਿਤ ਰਹਿੰਦੇ ਹੋਏ ਕਿਸ ਤਰ੍ਹਾਂ ਜੀਵਨ ਨੂੰ ਬਤੀਤ ਕੀਤਾ ਜਾਵੇ ? ਭਗਵਾਨ ਪਤੰਜਣ ਬੋਲੇ, ਦੁਖੀ ਉਪਰ ਦਇਆ ਕਰੋ, ਦੁਖੀ ਨੂੰ ਦਇਆ ਭਾਵ ਨਾਲ ਦੇਖਕੇ ਮਨ ਸ਼ਾਂਤ ਰਹਿੰਦਾ ਹੈ ਅਤੇ ਸੁਖੀ ਨੂੰ ਦੇਖ ਕੇ ਉਸ ਨਾਲ ਮਿਤਰਤਾ ਕਰੋ, ਇਸੇ ਤਰ੍ਹਾਂ ਪਰਮਾਤਮਾ ਨੂੰ ਦੇਖਕੇ ਖੁਸ਼ੀ ਮਹਿਸੂਸ

ਕਰੋ, ਕਿਉਂਕਿ ਉਹ ਨਿਰਵੈਰ ਭਾਵ ਨਾਲ ਪਰਉਪਕਾਰ ਦੇ ਕੰਮ ਕਰਦਾ ਹੈ ਅਤੇ ਪਾਪੀ ਨੂੰ ਦੇਖਕੇ ਉਪਰਾਮਤਾ ਕਰੋ, ਭਾਵ ਉਦਾਸ ਰਹੋ। ਉਸਦੇ ਪਾਪ ਕਰਮਾਂ ਵਿੱਚ ਸ਼ਰੀਕ ਨਾ ਹੋਵੋ, ਨਾ ਉਸਦੇ ਪਾਪ ਕਰਮ ਮਨ ਵਿੱਚ ਚਿਤਾਰੋ ਅਤੇ ਨਾ ਹੀ ਜ਼ਬਾਨ ਤੋਂ ਕੌੜਾ ਬਚਨ ਬੋਲੋ ਫਿਰ ਉਸਦੇ ਪਾਪ ਕਰਮਾਂ ਦਾ ਇਕ ਵੀ ਲੇਪ ਨਹੀਂ ਲੱਗੇਗਾ।

ਸੰਸਾਰ ਵਿੱਚ ਸੰਤਾਂ ਭਗਤਾਂ ਦਾ ਇਸ ਤਰੀਕੇ ਵਰਤਾਉ ਹੈ। ਸੰਤ ਮਹਾਤਮਾ ਦੇ ਉਪਦੇਸ਼ ਨਾਲ ਜੀਵ ਦੇ ਅੰਦਰ ਦਾ ਅੰਧਕਾਰ ਮਿਟ ਜਾਂਦਾ ਹੈ ਅਤੇ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਸੰਤਾਂ ਦੀ ਸਿੱਖਿਆ ਚਾਹੇ ਕੋਈ ਦਾਨਾ ਹੋਵੇ, ਜਾਂ ਨਿਦਾਨ ਹੋਵੇ, ਅੱਛਾ ਹੋਵੇ ਜਾਂ ਬੁਰਾ ਹੋਵੇ, ਪਾਪੀ ਹੋਵੇ ਜਾਂ ਪੁੰਨੀ ਹੋਵੇ, ਸਭ ਵਾਸਤੇ ਇਕ ਸਾਰ ਹੈ। ਜੋ ਨਾਦਾਨ ਪੁਰਸ਼ ਹੈ ਉਹ ਵੀ ਉੱਤਮ ਸਿੱਖਿਆ ਸੁਣਕੇ ਸੁੱਖੀ ਹੋ ਜਾਂਦਾ ਹੈ। ਸਤਿਗੁਰੂ ਨਾਨਕ ਦੇਵ ਮਹਾਰਾਜ ਜਪੁਜੀ ਸਾਹਿਬ ਵਿਚ ਫੁਰਮਾਣ ਕਰਦੇ ਹਨ—

**ਗਿਆਨ ਖੰਡ ਮਹਿ ਗਿਆਨੁ ਪਰਚੰਡੁ॥ ਤਿਥੈ ਨਾਦ ਬਿਨੋਦ ਕੋਡ ਅਨੰਦੁ॥**

*(ਜਪੁਜੀ ਸਾਹਿਬ, ਪੰਨਾ—੭)*

ਗਿਆਨਵਾਨ ਪੁਰਸ਼ ਵਿੱਚ, ਗਿਆਨ ਦਾ ਪ੍ਰਕਾਸ਼ ਯਾਨੀ ਤੇਜ ਹੁੰਦਾ ਹੈ; ਅਜਿਹੇ ਮਹਾਂਪੁਰਖ ਦੇ ਸਤਸੰਗ ਵਿੱਚ ਨਾਮ ਦਾ ਸੁਨਣ, ਮੰਨਣ ਤੇ ਨਿਧੀਆਸਣ ਦਾ ਅਨੰਦ ਕਰੋੜਾਂ ਗੁਣਾਂ ਹੈ ਅਤੇ ਉਹ ਹਰ ਕਾਰਜ ਕਰਨ ਲਈ ਸਮਰੱਥ ਹੁੰਦੇ ਹਨ ਫਿਰ ਵੀ ਸੂਰਜ ਦੀ ਨਿਆਈਂ ਨਿਰਲੇਪ ਰਹਿੰਦੇ ਹਨ।

ਜਿਵੇਂ ਇਹ ਜੀਵ ਅੱਖਾਂ ਹੁੰਦੇ ਹੋਏ ਵੀ ਸੂਰਜ ਤੋਂ ਬਗੈਰ ਨਹੀਂ ਦੇਖ ਸਕਦੇ। ਹਰ ਜਗ੍ਹਾ ਸੂਰਜ ਦਾ ਪ੍ਰਕਾਸ਼ ਪੈਂਦਾ ਹੈ। ਅਗਨੀ ਵਿੱਚ ਵੀ ਸੂਰਜ ਦਾ ਹੀ ਅੰਸ਼ ਹੈ। ਜਿਸ ਵਕਤ ਸੂਰਜ ਦੀ ਪ੍ਰਕਾਸ਼ ਸ਼ਕਤੀ ਨੇਤਰਾਂ ਤੇ ਪੈਂਦੀ ਹੈ ਤਾਂ ਨੇਤਰਾਂ ਵਿੱਚ ਵੇਖਣ ਦੀ ਸ਼ਕਤੀ ਆਉਂਦੀ ਹੈ, ਯਾਨੀ ਤਾਂ ਹੀ ਰੂਪ ਆਦਿ ਦੇਖ ਸਕਦੀਆਂ ਹਨ। ਨੇਤਰਾਂ ਨਾਲ ਅਸੀਂ ਮਾਤਾ ਪਿਤਾ, ਸੰਤ-ਮਹਾਤਮਾ ਜਾਂ ਹੋਰ ਰੂਪ ਦੇਖਦੇ ਹਾਂ, ਮਗਰ ਸੂਰਜ ਨਾ ਹੋਵੇ ਤਾਂ ਅੱਖਾਂ ਆਪਣੇ ਆਪ ਨਹੀਂ ਦੇਖ ਸਕਦੀਆਂ। ਇਸੇ ਤਰ੍ਹਾਂ ਜੀਵ ਧਰਮ ਤੋਂ ਬੇਮੁੱਖ ਹੋ ਕੇ, ਖੋਟੇ ਕੰਮਾਂ ਵਿਚ ਪ੍ਰਵਿਰਤ ਹੁੰਦਾ ਹੈ, ਫਲਸਰੂਪ ਦੁੱਖੀ ਹੁੰਦਾ ਹੈ। ਸੁੱਖ-ਦੁੱਖ ਦੋਨੋਂ ਕਰਮਾਂ ਦੇ ਅਧੀਨ ਹਨ, ਬੁਰੇ ਕਰਮਾਂ ਦਾ ਫਲ ਦੁੱਖ ਅਤੇ ਭਲੇ ਕਰਮ ਦਾ ਫਲ ਸੁੱਖ ਹੁੰਦਾ ਹੈ। ਸੋ ਸੰਤ ਮਹਾਤਮਾ ਧਰਮ ਦੀ ਸਿੱਖਿਆ ਦੇ ਕੇ ਜੀਵ ਨੂੰ ਖੋਟੇ ਕੰਮਾਂ ਤੋਂ ਵਰਜਦੇ ਹਨ ਜਿਸਦਾ ਫਲ ਜੀਵ ਸੁਖੀ ਹੋ ਜਾਂਦਾ ਹੈ। ਜਿਵੇਂ ਸੂਰਜ ਆਪਣੀ ਪ੍ਰਕਾਸ਼ ਸ਼ਕਤੀ ਰਾਹੀਂ ਅੰਧਕਾਰ ਮਿਟਾ ਕੇ ਜੀਵਾਂ ਨੂੰ ਰਸਤਾ ਦਿਖਾਉਂਦਾ ਹੈ ਉਸੀ ਪ੍ਰਕਾਰ ਸੰਤ ਮਹਾਤਮਾ ਜੀਵਾਂ ਦਾ ਅਗਿਆਨ ਅੰਧਕਾਰ ਮੇਟ ਕੇ ਸਦਾ ਲਈ ਸੁਖੀ ਕਰ ਦਿੰਦੇ ਹਨ। ਸੂਰਜ ਜਿਸ ਤਰਫ ਜਾਂਦਾ ਹੈ ਹਨੇਰਾ ਉਸ ਤਰਫੋਂ ਚਲਿਆ ਜਾਂਦਾ ਹੈ, ਕਿਉਂਕਿ ਪਰਮੇਸ਼ਰ ਦੀ ਐਸੀ ਹੀ ਨੇਤ ਹੈ ਯਾਨੀ ਸੂਰਜ ਅਤੇ ਹਨੇਰਾ ਦੋਨੋਂ ਇਕੱਠੇ ਨਹੀਂ ਰਹਿ ਸਕਦੇ। ਇਸੀ ਤਰ੍ਹਾਂ ਸੰਤ ਮਹਾਤਮਾ ਅਤੇ ਅਵਿਦਿਆ ਦੇ ਅੰਧਕਾਰ ਦਾ ਦੁੱਖ ਰੂਪ ਹਨੇਰਾ ਦੋਨੋਂ ਇਕੱਠੇ ਨਹੀਂ ਰਹਿ ਸਕਦੇ, ਕਿਉਂਕਿ ਸੰਤ ਲੋਕ ਆਪਣੀ ਹਉਂ ਮੇਟ ਕੇ ਅਨੰਦਾ ਸਾਗਰ ਵਾਹਿਗੁਰੂ ਨਾਲ ਅਭੇਦ ਹੋ ਜਾਂਦੇ ਹਨ। ਪਰਮੇਸ਼ਰ ਹਮੇਸ਼ਾਂ ਅਨੰਦਾਂ ਦਾ ਸਮੁੰਦਰ, ਨਿਰਵੈਰ ਅਤੇ ਆਪਣੀ ਨਿਰਮਲ ਮਹਿਮਾਂ ਵਿੱਚ ਇਸਥਿਤ ਹੈ। ਐਸੀ ਉਤਮ ਪਦਵੀ ਸੰਤ ਮਹਾਪੁਰਸ਼ਾਂ ਨੂੰ ਹਮੇਸ਼ਾਂ ਲਈ ਪ੍ਰਾਪਤ ਹੋ ਜਾਂਦੀ ਹੈ। ਇਸ ਲਈ ਗੁਰੂ ਸਾਹਿਬ ਜੀ ਫੁਰਮਾਣ ਕਰਦੇ ਹਨ—

**ਤੂੰ ਨਿਰਵੈਰੁ ਸੰਤ ਤੇਰੇ ਨਿਰਮਲ॥ ਜਿਨ ਦੇਖੇ ਸਭ ਉਤਰਹਿ ਕਲਮਲ॥**

(ਮਾਝ ਮ: ੫, ਪੰਨਾ-੧੦੮)

ਅੱਠਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਵਿੱਚ ਅਜਿਹਾ ਹੀ ਤੇਜ ਸੀ, ਜਦੋਂ ਵੀ ਕੋਈ ਸ਼ਰਧਾ ਭਾਵਨਾਂ ਨਾਲ ਦਰਸ਼ਨ ਕਰਦਾ ਉਸਦਾ ਸਾਰਾ ਦੁੱਖ ਦੂਰ ਹੋ ਜਾਂਦਾ।

ਇਕ ਸਮੇਂ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ, ਸੰਗਤਾਂ ਦੀ ਬੇਨਤੀ ਪ੍ਰਵਾਨ ਕਰਕੇ ਦਿੱਲੀ ਪਹੁੰਚੇ। ਉਨ੍ਹਾਂ ਦਿਨਾਂ ਵਿੱਚ ਦਿੱਲੀ ਬੁਖਾਰ ਦੀ ਬੀਮਾਰੀ ਫੈਲੀ ਹੋਈ ਸੀ, ਅਨੇਕਾਂ ਮੌਤਾਂ ਬੁਖਾਰ ਨਾਲ ਹਰ ਰੋਜ਼ ਹੋ ਰਹੀਆਂ ਸਨ, ਲੇਕਿਨ ਜੋ ਵੀ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਮਹਾਰਾਜ ਜੀ ਦੇ ਦਰਸ਼ਨ ਕਰਦਾ, ਉਸਦਾ ਬੁਖਾਰ ਉਤਰ ਜਾਂਦਾ ਸੀ ਕਿਉਂਕਿ ਗੁਰੂ ਸਾਹਿਬ ਜੀ ਦਾ ਫਰਮਾਣ ਹੈ—

**ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ॥**

*(ਵਾਰ ਸੋਰਠਿ, ਪੰਨਾ—੬੫੨)*

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੀ ਗੱਦੀ ਤੇ ਤੀਸਰੇ ਪਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਸੁਸ਼ੋਭਿਤ ਹੋ ਕੇ ਸ੍ਰੀ ਗੋਇੰਦਵਾਲ ਜੋਤ ਜਗਾ ਰਹੇ ਹਨ। ਰਾਤ ਦੇ ਸਮੇਂ ਆਰਾਮ ਕਰ ਰਹੇ ਹਨ ਤਾਂ ਅਚਾਨਕ ਕਿਸੇ ਦੇ ਰੋਣ ਦੀ ਆਵਾਜ਼ ਕੰਨਾਂ ਤੱਕ ਪਹੁੰਚੀ। ਸੇਵਾਦਾਰ ਨੂੰ ਬੋਲੇ, ਦੇਖ ਕੇ ਆਉ, ਕੌਣ ਰੋ ਰਿਹਾ ਹੈ? ਸੇਵਾਦਾਰ ਨੇ ਆ ਕੇ ਬੇਨਤੀ ਕੀਤੀ, ਮਹਾਰਾਜ! ਇਕ ਬੁੱਢੀ ਔਰਤ ਹੈ, ਉਸ ਦੇ ਬੇਟੇ ਦੀ ਮੌਤ ਹੋ ਗਈ, ਇਸ ਲਈ ਜਵਾਨ ਪੁੱਤਰ ਦੀ ਮੌਤ ਦੇ ਦੁੱਖ ਕਾਰਣ ਕੰਧਾਂ ਨਾਲ ਟੱਕਰਾਂ ਮਾਰ ਰਹੀ ਹੈ। ਮਹਾਰਾਜ ਬੋਲੇ, ਮਾਈ ਨੂੰ ਆਖੋ, ਸਵੇਰੇ ਬੇਟੇ ਨੂੰ ਲੈ ਕੇ ਏਥੇ ਆਵੇ, ਗੁਰੂ ਨਾਨਕ ਭਲੀ ਕਰਨਗੇ। ਸੇਵਾਦਾਰ ਨੇ ਮਾਈ ਨੂੰ ਕਿਹਾ, ਮਾਤਾ ਰੋ-ਨਾ, ਤੇਰੀ ਆਵਾਜ਼ ਦਰਗਾਹ ਵਿੱਚ ਸੁਣੀ ਗਈ, ਵਿਸ਼ਵਾਸ ਕਰ ਤੇਰਾ ਬੱਚਾ ਠੀਕ ਹੋ ਜਾਵੇਗਾ, ਤੂੰ ਸਵੇਰੇ ਬੱਚੇ ਨੂੰ ਲੈ ਕੇ ਦੀਨ ਦੁਨੀ ਦੇ ਵਾਲੀ ਗੁਰੂ ਅਮਰਦਾਸ ਦੇ ਚਰਨਾਂ ਵਿੱਚ ਹਾਜ਼ਰ ਹੋ ਜਾਵੀਂ। ਸੁਣਕੇ ਮਾਤਾ ਨੂੰ ਧੀਰਜ ਬੱਝਿਆ। ਦਿਨ ਚੜ੍ਹਦੇ ਹੀ ਬੱਚੇ ਦੀ ਲੋਥ ਨੂੰ ਚੁੱਕ ਕੇ ਗੁਰੂ ਅਮਰਦਾਸ ਮਹਾਰਾਜ ਜੀ ਦੇ ਪਵਿੱਤਰ ਚਰਨਾਂ ਵਿੱਚ ਪੁੱਜੀ। ਗੁਰੂ ਬਾਬਾ ਜੀ ਨੇ ਪੁੱਛਿਆ, ਮਾਈ ਬੱਚੇ ਨੂੰ ਕੀ ਹੋ ਗਿਆ? ਮਾਈ ਨੇ ਅਰਜ਼ ਕੀਤੀ, ਗਰੀਬ ਨਿਵਾਜ਼! ਬੱਚੇ ਨੂੰ ਤੇਈਆ ਬੁਖਾਰ ਹੋਇਆ ਸੀ, ਉਸ ਨਾਲ ਇਸਦੀ ਮੌਤ ਹੋ ਗਈ। ਗੁਰੂ ਬਾਬਾ ਜੀ ਨੇ ਮੇਹਰ ਦੀ ਨਜ਼ਰ ਪਾਈ ਬੱਚਾ ਠੀਕ ਹੋ ਗਿਆ। ਗੁਰੂ ਸਾਹਿਬ ਬੋਲੇ, ਮਾਤਾ! ਜਿਤਨੀ ਦੇਰ ਤੱਕ ਸਾਡਾ ਸਰੀਰ ਏਥੇ ਹੈ, ਕਿਸੇ ਮਾਂ ਦੇ ਹੁੰਦਿਆਂ ਉਸਦਾ ਪੁੱਤਰ ਨਹੀਂ ਮਰੇਗਾ, ਕਿਉਂਕਿ ਦੋ-ਜਹਾਨ ਦੇ ਵਾਲੀ ਸ੍ਰੀ ਗੁਰੂ ਅੰਗਦ ਦੇਵ ਮਹਾਰਾਜ ਸਾਨੂੰ ਇਹ ਵਰ ਦੇ ਕੇ ਗਏ ਹਨ। ਗੁਰੂ ਸਾਹਿਬ ਜੀ ਨੇ ਬੁਖਾਰ ਨੂੰ ਆਪਣੇ ਕੋਲ ਕੈਦ ਕਰ ਲਿਆ, ਉਸ ਤੋਂ ਬਾਅਦ ਸ੍ਰੀ ਗੋਇੰਦਵਾਲ ਸਾਹਿਬ ਵਿੱਚ ਤੇਈਏ ਬੁਖਾਰ ਨਾਲ ਕਿਸੇ ਦੀ ਮੌਤ ਨਹੀਂ ਹੋਈ। ਗੁਰੂ ਸਾਹਿਬ ਜੀ ਦਾ ਬਚਨ ਅੱਜ ਵੀ ਪ੍ਰਤੱਖ ਹੈ। ਇਸ ਪ੍ਰਕਾਰ ਸੰਤ ਜਨ ਸੂਰਜ ਦੀ ਨਿਆਂਈ ਪਰਉਪਕਾਰੀ ਸੁਭਾਵ ਵਾਲੇ ਹੁੰਦੇ ਹਨ। ਜਿਸ ਤਰ੍ਹਾਂ ਸੂਰਜ ਸ਼ੁੱਧ ਅਤੇ ਅਸ਼ੁੱਧ ਯਾਨੀ ਸਭ ਥਾਵਾਂ ਤੇ ਆਪਣੀਆਂ ਕਿਰਨਾਂ ਰਾਹੀ ਪ੍ਰਕਾਸ਼ ਦਿੰਦਾ ਹੈ, ਇਸੇ ਤਰ੍ਹਾਂ ਸੰਤ ਜਨ ਹਰ ਅੱਛੇ ਬੁਰੇ ਨੂੰ ਇਕੋ ਜਿਹਾ ਉਪਦੇਸ਼ ਕਰਦੇ ਹਨ। ਮਹਾਂਪੁਰਸ਼ਾਂ ਦੀਆਂ ਸ਼ਬਦਰੂਪੀ ਕਿਰਨਾਂ ਜਦ ਜੀਵ ਦੇ ਹਿਰਦੇ ਤੇ ਪੈਂਦੀਆਂ ਹਨ ਉਸਦਾ ਸਾਰਾ ਅੰਧਕਾਰ ਮੇਟ ਕੇ ਗਿਆਨ ਦਾ ਪ੍ਰਕਾਸ਼ ਕਰ ਦਿੰਦੀਆਂ ਹਨ। ਪੂਰਬ ਕੀਤੇ ਪਾਪਾਂ ਤੋਂ ਜੀਵ ਛੁੱਟ ਜਾਂਦਾ ਹੈ, ਜੀਵਣ ਸੁਖੀ ਹੋ ਜਾਂਦਾ ਹੈ। ਛੇਵੀਂ ਮਿਸਾਲ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਸੰਤਾਂ ਨੂੰ ਵਾਯੂ ਦੇ ਸਮਾਨ ਪਰਉਪਕਾਰੀ ਦਿਖਾਉਂਦੇ ਹਨ।

ਮੂਲ — **ਸੀਤ ਮੰਦ ਸੁਗੰਧ ਚਲਿਓ ਸਰਬ ਥਾਨ ਸਮਾਨ॥**
**ਜਹਾ ਨਾ ਕਿਛੁ ਤਹਾ ਲਾਗਿਓ ਤਿਲੁ ਨ ਸੰਕਾ ਮਾਨ॥**

ਅਰਥ — ਵਸਤੂ ਕੋਈ ਸੁਗੰਧ ਵਾਲੀ ਹੋਵੇ, ਭਾਵੇਂ ਦੁਰਗੰਧ ਵਾਲੀ ਹੋਵੇ, ਹਵਾ ਆਪਣੇ ਸੁਭਾ ਮੁਤਾਬਿਕ ਸਭ ਜਗ੍ਹਾ ਇਕ ਜੈਸੀ ਲਗਦੀ ਹੈ ਅਤੇ ਜਿੱਧਰ ਵੀ ਪ੍ਰਵੇਸ਼ ਕਰਨ ਨੂੰ ਜਗ੍ਹਾ ਮਿਲੇ ਪ੍ਰਵੇਸ਼ ਕਰ ਜਾਂਦੀ ਹੈ। ਇਵੇਂ ਸਮਾਨ ਭਾਵ ਨਾਲ ਵਰਤਾਓ ਕਰਦਿਆਂ, ਉਸਨੂੰ ਤਿਲ ਜਿੰਨ੍ਹਾਂ ਵੀ ਸੰਕੋਚ ਨਹੀਂ ਹੁੰਦਾ, ਯਾਨੀ ਪਾਪੀ ਹੋ ਜਾਂ ਧਰਮਾਤਮਾ ਦੋਨਾਂ ਨੂੰ ਇਕ ਸਮਾਨ ਲੱਗਦੀ ਹੈ। ਇਸੇ ਤਰ੍ਹਾਂ ਸੰਤ ਜਨ ਵੀ ਅੱਛੇ ਜਾਂ ਬੁਰੇ ਯਾਨੀ ਸਭ ਪ੍ਰਕਾਰ ਦੇ ਲੋਕਾਂ ਨਾਲ ਇਕ ਜਿਹਾ ਹੀ ਵਰਤਾਓ ਕਰਦੇ ਹਨ। ਜਿਵੇਂ ਗੁਰੂ ਵਾਕ—

**ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ॥ ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥**

*(ਗ: ਸੁਖਮਨੀ ਸਾਹਿਬ, ਪੰਨਾ-੨੭੨)*

ਜਿਵੇਂ ਵਾਯੂ, ਕੀੜੀ ਤੋਂ ਲੈ ਕੇ ਹਾਥੀ ਪ੍ਰਯੰਤ ਸਭ ਦਾ ਜੀਵਨ ਰੂਪ ਹੈ, ਅਗਰ ਵਾਯੂ ਨਾ ਹੋਵੇ, ਕੋਈ ਜੀਵ ਜ਼ਿੰਦਾ ਨਹੀਂ ਰਹਿ ਸਕਦਾ। ਵਾਯੂ, ਸੁਆਸ ਦਾ ਰੂਪ ਧਾਰਣ ਕਰਕੇ ਸਭ ਜੀਵਾਂ ਦੇ ਅੰਦਰ ਪ੍ਰਵੇਸ਼ ਕਰਦੀ ਹੈ। ਕਿਸੇ ਜੀਵ ਦਾ ਸਾਹ ਰੁਕ ਜਾਏ, ਉਸੀ ਸਮੇਂ ਮੌਤ ਹੋ ਜਾਂਦੀ ਹੈ, ਐਸਾ ਪਰਉਪਕਾਰ ਕਰਦੀ ਹੋਈ ਵਾਯੂ ਨਾ ਗਰੀਬ ਦੇਖਦੀ ਹੈ, ਨਾ ਅਮੀਰ ਦੇਖਦੀ ਹੈ, ਨਾ ਪਾਪੀ ਦੇਖਦੀ ਹੈ, ਨਾ ਪੁੰਨੀ ਦੇਖਦੀ ਹੈ, ਨਾ ਕੀੜੀ ਦੇਖਦੀ ਹੈ, ਨਾ ਹਾਥੀ ਦੇਖਦੀ ਹੈ! ਯਾਨੀ ਸਭ ਨਾਲ ਸਮਾਨ ਭਾਵ ਨਾਲ ਵਰਤਾਓ ਕਰਦੀ ਹੈ। ਇਸੇ ਤਰ੍ਹਾਂ ਸੰਤ ਲੋਕ ਵੀ ਬਗੈਰ ਕਿਸੇ ਉਚ-ਨੀਚ, ਪਾਪੀ-ਪੁੰਨੀ, ਗਰੀਬ-ਅਮੀਰ ਦੇਖਣ ਦੇ ਪਰਉਪਕਾਰ ਕਰਦੇ ਚਲੇ ਜਾਂਦੇ ਹਨ। ਸੱਤਵੀਂ ਮਿਸਾਲ ਵਿੱਚ ਗੁਰੂ ਅਰਜਨ ਦੇਵ ਮਹਾਰਾਜ ਜੀ ਸੰਤ ਨੂੰ ਅੱਗ ਦੇ ਸਮਾਨ ਗੁਣਾਂ ਵਾਲਾ ਦਰਸਾਉਂਦੇ ਹਨ—

ਮੂਲ — **ਸੁਭਾਇ ਅਭਾਇ ਜੁ ਨਿਕਟਿ ਆਵੈ ਸੀਤੁ ਤਾ ਕਾ ਜਾਇ॥**
**ਆਪ ਪਰ ਕਾ ਕਛੁ ਨ ਜਾਣੈ ਸਦਾ ਸਹਜਿ ਸੁਭਾਇ॥**

ਅਰਥ — ਜਿਵੇਂ ਅਗਨੀ ਦਾ ਸਦੀਵੀ ਸੁਭਾਵ ਹੈ ਪ੍ਰਕਾਸ਼ ਕਰਨਾ, ਕੋਲ ਆਏ ਦੀ ਸਰਦੀ ਦੂਰ ਕਰਨੀ ਤੇ ਸਭ ਦਾ ਖਾਣਾ ਪਕਾਉਣਾ, ਐਸਾ ਕਰਦਿਆਂ ਉਹ ਅੱਛਾ-ਬੁਰਾ, ਆਪਣਾ-ਪਰਾਇਆ ਨਹੀਂ ਦੇਖਦੀ, ਬੱਸ ਆਪਣੇ ਸੁਭਾਵ ਮੁਤਾਬਿਕ ਸਭ ਨੂੰ ਸੁੱਖ ਦਿੰਦੀ ਹੈ, ਸੰਤਾਂ ਦਾ ਵੀ ਇਹੀ ਸੁਭਾਵ ਹੈ। ਐਸੇ ਗੁਣਾਂ ਵਾਲੇ ਸੰਤ-ਮਹਾਂਪੁਰਖ ਜੋ ਪਰਮੇਸ਼ਰ ਨਾਲ ਅਭੇਦ ਹੋ ਚੁੱਕੇ ਹਨ। ਆਖਰ ਵਿੱਚ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ, ਜੀਵ ਨੂੰ ਸਿੱਖਿਆ ਦਿੰਦੇ ਹਨ ਕਿ ਉਨ੍ਹਾਂ ਦੇ ਚਰਨਾਂ ਵਿੱਚ ਐਸੇ ਬੇਨਤੀ ਕਰੋ।

ਮੂਲ — **ਚਰਣ ਸਰਣ ਅਨਾਥ ਇਹੁ ਮਨੁ ਰੰਗਿ ਰਾਤੇ ਲਾਲ॥**
**ਗੋਪਾਲ ਗੁਣ ਨਿਤ ਗਾਉ ਨਾਨਕ ਭਏ ਪ੍ਰਭ ਕਿਰਪਾਲ॥**

ਅਰਥ — ਹੇ ਸੰਤ ਜਨੋਂ! ਆਪ ਉਪਰ ਪ੍ਰਭੂ ਕ੍ਰਿਪਾਲ ਹੋਏ ਹਨ, ਕਿਉਂਕਿ ਆਪ ਨੇ ਹਮੇਸ਼ਾਂ ਉਸਦੇ ਗੁਣ ਗਾ-ਗਾ ਕੇ ਆਪਣੇ ਮਨ ਨੂੰ ਪਰਮੇਸ਼ਰ ਦੇ ਰੰਗ ਵਿੱਚ ਰੰਗ ਲਿਆ ਹੈ, ਮੈਂ ਅਨਾਥ ਆਪ ਦੀ ਚਰਣ-ਸਰਣ ਹਾਂ। ਇਸ ਪ੍ਰਕਾਰ ਨਿਮਰਤਾ ਧਾਰਣ ਕਰਕੇ ਜੋ ਵੀ ਸੰਤਾਂ ਕੋਲ ਜਾ ਕੇ ਬੇਨਤੀ ਕਰਦਾ ਹੈ, ਸੰਤ ਬਖਸ਼ਿਸ਼ ਕਰਦੇ ਹਨ।

ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਨੇ ਉਪਰੋਕਤ ਸੱਤ-ਮਿਸਾਲਾਂ ਦੇ ਕੇ ਦੱਸਿਆ ਹੈ, ਕਿ ਸੰਤ ਮਹਾਂਪੁਰਖ ਇਸ ਪ੍ਰਕਾਰ ਨਿਰਲੇਪ ਰਹਿ ਕੇ, ਪਰਉਪਕਾਰ ਦੁਆਰਾ ਜੀਵਾਂ ਦਾ ਭਲਾ ਕਰਦੇ ਹਨ।

ਇਕ ਦਿਨ ਦਾ ਜ਼ਿਕਰ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੇਵਾ ਕਰਵਾ ਰਹੇ ਸਨ। ਬਹੁਤ ਸੰਗਤਾਂ ਸੇਵਾ ਦਾ ਲਾਭ ਉਠਾਉਣ ਲਈ ਆਈਆਂ ਹੋਈਆਂ ਸਨ, ਪੂਰਾ ਦਿਨ ਸੇਵਾ ਵਿੱਚ ਲਗੀਆਂ ਰਹਿੰਦੀਆਂ। ਕੋਈ ਟੋਕਰੀ ਭਰ ਰਿਹਾ ਹੈ, ਕੋਈ ਉਠਾ ਰਿਹਾ ਹੈ, ਕੋਈ ਇੱਟਾਂ ਫੜਾ ਰਿਹਾ ਹੈ, ਗੁਰੂ ਬਾਬਾ ਜੀ ਵੀ ਵਿੱਚ ਖੜ੍ਹੇ ਸੰਗਤਾਂ ਨੂੰ ਹੱਲਾਸ਼ੇਰੀ ਦੇ ਰਹੇ ਹਨ। ਇਤਨੇ ਨੂੰ ਇਕ ਫਕੀਰ ਆ ਪਹੁੰਚਿਆ, ਕੀ ਦੇਖਦਾ ਹੈ, ਅਣਗਿਣਤ ਸੰਗਤਾਂ ਸੇਵਾ ਦੇ ਕਾਰਜ ਵਿੱਚ ਜੁਟੀਆ ਹੋਈਆਂ ਹਨ ਅਤੇ ਗੁਰੂ ਸਾਹਿਬ ਜੀ ਸਭ ਦੇ ਵਿਚਾਲੇ ਖੜ੍ਹੇ ਸ਼ਾਬਾਸ਼ ਭਾਈ! ਸ਼ਾਬਾਸ਼ ਅਦਿਕ ਸ਼ਬਦ ਪਵਿੱਤਰ ਮੁੱਖ ਤੋਂ ਉਚਾਰਨ ਕਰ ਰਹੇ ਹਨ। ਫਕੀਰ ਹੈਰਾਨ ਹੋ ਕੇ ਸੋਚਣ ਲੱਗਿਆ, ਗੁਰੂ ਨਾਨਕ ਪੂਰਨ ਫਕੀਰ ਹੋਏ ਹਨ, ਸੁਣਿਆ ਸੀ ਉਨ੍ਹਾਂ ਦੀ ਗੱਦੀ ਉਪਰ ਕੋਈ ਪੂਰਨ ਪੁਰਸ਼ ਸੁਸ਼ੋਭਿਤ ਹਨ, ਲੇਕਿਨ ਇਹ ਤਾਂ ਦੁਨੀਆਂ ਦੇ ਕੰਮ ਕਰਵਾ ਰਹੇ ਹਨ, ਨਾ ਇਨ੍ਹਾਂ ਨੇ ਸਮਾਧੀ ਲਗਾਈ ਹੈ, ਨਾ ਕੋਲ ਆਇਆਂ ਨੂੰ ਕੋਈ ਉਪਦੇਸ਼ ਕਰ ਰਹੇ ਹਨ, ਉਲਟਾ ਪ੍ਰਵਿਰਤੀ ਵਿੱਚ ਫਸੇ ਹਨ, ਜੋ ਦੁੱਖਾਂ ਦਾ ਡੂੰਘਾ ਸਮੁੰਦਰ ਹੈ। ਇਹ ਸ਼ੰਕਾ ਲੈ ਕੇ ਗੁਰੂ ਅਰਜਨ ਦੇਵ ਜੀ ਕੋਲ ਆ ਕੇ ਆਪਣੀ ਸ਼ੰਕਾ ਨਵਿਰਤੀ ਲਈ ਬੇਨਤੀ ਕੀਤੀ। ਫਕੀਰ ਦਾ ਸ਼ੰਕਾ ਨਵਿਰਤ ਕਰਨ ਲਈ ਗੁਰੂ ਬਾਬਾ ਜੀ ਨੇ ਆਸਾ ਰਾਗ ਵਿੱਚ ਇਹ ਸ਼ਬਦ ਉਚਾਰਨ ਕੀਤਾ—

**ਸਾਚਿ ਨਾਮਿ ਮੇਰਾ ਮਨੁ ਲਾਗਾ॥ ਲੋਗਨ ਸਿਉ ਮੇਰਾ ਠਾਠਾ ਬਾਗਾ॥**
**ਬਾਹਰਿ ਸੂਤੁ ਸਗਲ ਸਿਉ ਮਉਲਾ॥ ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ॥ ਰਹਾਉ॥**
**ਮੁਖਿ ਕੀ ਬਾਤ ਸਗਲ ਸਿਉ ਕਰਤਾ॥ ਜੀਅ ਸੰਗਿ ਪ੍ਰਭੁ ਅਪੁਨਾ ਧਰਤਾ॥**
**ਦੀਸਿ ਆਵਤ ਹੈ ਬਹੁਤੁ ਭੀਹਾਲਾ॥ ਸਗਲ ਚਰਨ ਕੀ ਇਹੁ ਮਨੁ ਰਾਲਾ॥**
**ਨਾਨਕ ਜਨਿ ਗੁਰੁ ਪੂਰਾ ਪਾਇਆ॥ ਅੰਤਰਿ ਬਾਹਰਿ ਏਕੁ ਦਿਖਾਇਆ॥**

*(ਆਸਾ ਮ: ੫, ਪੰਨਾ-੩੮੪)*

ਅਰਥ — (1) ਹੇ ਫਕੀਰ! ਇਹ ਜੁ ਆਪ ਨੂੰ ਸ਼ੰਕਾ ਹੋਇਆ ਹੈ ਕਿ ਮੈਂ ਪ੍ਰਵਿਰਤੀ ਵਿੱਚ ਖੱਚਿਤ ਹਾਂ, ਇਹ ਤਾਂ ਖੇਡ ਮਾਤਰ ਹੈ, ਲੇਕਿਨ ਅੰਦਰੋਂ ਮੇਰਾ ਮਨ ਹਮੇਸ਼ਾਂ ਵਾਹਿਗੁਰੂ ਦੇ ਨਾਮ ਵਿੱਚ ਲੀਨ ਰਹਿੰਦਾ ਹੈ।

(2) ਬਾਹਰੋਂ ਤਾਂ ਸਭ ਸੰਗਤਾਂ, ਸੰਸਾਰ ਦੇ ਕਾਰਜ ਨਾਲ ਅਤੇ ਪ੍ਰਕਿਰਤੀ ਨਾਲ ਮਿਲਿਆ ਨਜ਼ਰ ਆ ਰਿਹਾ ਹਾਂ, ਜਿਵੇਂ ਸੂਤ ਦਾ ਧਾਗਾ ਮਣਕਿਆਂ ਆਦਿ ਨਾਲ ਇਕ ਪ੍ਰਤੀਤ ਹੁੰਦਾ ਹੈ ਲੇਕਿਨ ਅੰਦਰੋਂ ਇਵੇਂ ਨਿਰਲੇਪ ਰਹਿੰਦਾ ਹੈ ਜਿਵੇਂ ਪਾਣੀ ਵਿੱਚ ਕਮਲ ਫੁੱਲ।

(3) ਹੇ ਫਕੀਰ! ਮੁੱਖ ਤੋਂ ਤਾਂ ਮੈਂ ਸਭ ਨਾਲ ਗਲ ਕਰਦਾ ਹਾਂ, ਸੰਗਤਾਂ ਜੋ ਸੇਵਾ ਕਰ ਰਹੀਆਂ ਹਨ ਉਨ੍ਹਾਂ ਨੂੰ ਹੱਲਾਸ਼ੇਰੀਆਂ ਦਿੰਦਾ ਹਾਂ, ਲੇਕਿਨ ਮਨ ਵਿੱਚ ਪ੍ਰਭੂ ਪਰਮਾਤਮਾ ਨੂੰ ਵਸਾਇਆ ਹੋਇਆ ਹੈ।

(4) ਦੇਖਣ ਵਿੱਚ ਤਾਂ ਮੈਂ ਬਹੁਤ ਕ੍ਰੋਧਵਾਨ ਭਿਆਨਕ ਨਜ਼ਰ ਆ ਰਿਹਾ ਹਾਂ, ਲੇਕਿਨ ਅੰਦਰੋਂ ਮੇਰਾ ਮਨ ਸਭਨਾਂ ਦੇ ਚਰਨਾਂ ਦੀ ਧੂੜ ਬਣਕੇ ਨਿਮਰਤਾ ਵਿੱਚ ਰਹਿੰਦਾ ਹੈ। ਸੁਣਕੇ, ਫਕੀਰ ਨੇ ਬੇਨਤੀ ਕੀਤੀ, ਗਰੀਬ ਨਿਵਾਜ਼! ਆਪ ਨੂੰ ਐਸੀ ਰਹਿਣੀ ਰਹਿਤ ਪ੍ਰਾਪਤ ਕਿਥੋਂ ਹੋਈ? ਗੁਰੂ ਅਰਜਨ ਦੇਵ ਮਹਾਰਾਜ ਬੋਲੇ—

**ਨਾਨਕ ਜਨਿ ਗੁਰੁ ਪੂਰਾ ਪਾਇਆ॥ ਅੰਤਰਿ ਬਾਹਰਿ ਏਕੁ ਦਿਖਾਇਆ॥**

*(ਆਸਾ ਮ: ੪, ਪੰਨਾ—੩੮੪)*

ਗੁਰੂ ਸਾਹਿਬ ਜੀ ਨੇ ਫੁਰਮਾਇਆ, ਇਹ ਅਵੱਸਥਾ ਸਾਨੂੰ ਪੂਰਾ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਤੋਂ ਪ੍ਰਾਪਤ ਹੋਈ ਹੈ, ਉਨ੍ਹਾਂ ਨੇ ਕ੍ਰਿਪਾ ਕਰਕੇ ਸਾਨੂੰ ਅੰਦਰ-ਬਾਹਰ ਦਸਾਂ ਦਿਸ਼ਾਂ ਵਿਚ ਰਮਿਆ ਹੋਇਆ ਵਾਹਿਗੁਰੂ ਦਿਖਾ ਦਿੱਤਾ ਹੈ। ਹੁਣ ਸੰਸਾਰ ਦੇ ਕਾਰਜ ਕਰਦੇ ਹੋਏ ਭੀ ਅੱਠੇ ਪਹਿਰ ਵਾਹਿਗੁਰੂ ਦੇ ਨਾਲ ਸਮਾਧੀ ਲੱਗੀ ਰਹਿੰਦੀ ਹੈ। ਗੁਰੂ ਜਨਾਂ ਦੀ ਕ੍ਰਿਪਾ ਨਾਲ ਸਾਡੀ ਵੀ ਇਹ ਅਵੱਸਥਾ ਹੋਣੀ ਚਾਹੀਦੀ ਹੈ।

ਸ਼ਾਸਤਰਾਂ ਵਿੱਚ ਅਨੇਕਾਂ ਮਿਸਾਲਾਂ ਅਜਿਹੀਆਂ ਮਿਲਦੀਆਂ ਹਨ ਜਿਵੇਂ ਰਾਜਾ ਜਨਕ, ਮਿਥਲਾ ਪੁਰੀ ਦੇ ਰਾਜਾ ਵੀ ਸਨ ਲੇਕਿਨ ਅੰਦਰੋਂ ਇਉਂ ਨਿਰਲੇਪ ਸਨ ਜਿਵੇਂ ਪਾਣੀ ਵਿੱਚ ਮੁਰਗਾਬੀ। ਇਸੇ ਤਰ੍ਹਾਂ ਰਾਜਾ ਸ਼ਿਖਰਧੁਜ ਅਤੇ ਰਾਣੀ ਚੁੜਾਲਾਂ ਦਾ ਪ੍ਰਸੰਗ ਯੋਗ ਵਸ਼ਿਸ਼ਟ ਵਿੱਚ ਵਿਸਥਾਰ ਪੂਰਵਕ ਹੈ। ਹੋਰ ਵੀ ਅਜਿਹੇ ਬਹੁਤ ਹੋਏ ਹਨ ਜੋ ਮਾਇਆ ਵਿੱਚ ਰਹਿੰਦੇ ਹੋਏ ਵੀ ਮਾਇਆ ਦੀ ਪਕੜ ਤੋਂ ਇਉਂ ਨਿਰਲੇਪ ਰਹੇ ਜਿਵੇਂ ਜਲ ਵਿੱਚ ਕਮਲ।

ਰਾਣੀ ਮਦਾਲਸਾਂ, ਜਿਸ ਦਾ ਪੁੱਤਰ ਰਾਜ ਕਰਦਾ ਹੋਇਆ ਵੀ ਨਿਰਮੋਹੀ ਕਰਕੇ ਪ੍ਰਸਿੱਧ ਹੋਇਆ। ਇਸੀ ਤਰੀਕੇ ਗੁਰਮੁਖਾਂ ਨੂੰ ਜਗਤ ਵਿੱਚ ਰਹਿਕੇ ਮੋਹ ਤੋਂ ਆਜ਼ਾਦ ਹੋਣਾ ਚਾਹੀਦਾ ਹੈ, ਕਿਉਂਕਿ ਜੀਵ ਨੂੰ ਦੁੱਖ ਵਿੱਚ ਪਾਉਣ ਵਾਲਾ ਮੋਹ ਹੀ ਹੈ। ਮਿਸਾਲ ਦੇ ਤੌਰ ਤੇ ਜਿਵੇਂ ਬਗੀਚੇ ਵਿੱਚ ਕੋਈ ਨੁਕਸਾਨ ਹੋ ਜਾਵੇ, ਉਸਦਾ ਦੁੱਖ ਜਿਨਾਂ ਮਾਲਕ ਨੂੰ ਹੁੰਦਾ ਹੈ, ਉਨਾਂ ਮਾਲੀ ਨੂੰ ਨਹੀਂ ਹੁੰਦਾ। ਇਸੇ ਤਰ੍ਹਾਂ ਦਾਈ ਨੂੰ ਉਨਾਂ ਦੁੱਖ ਨਹੀਂ ਹੁੰਦਾ, ਜਿਨਾਂ ਬੱਚੇ ਦੀ ਮਾਂ ਨੂੰ ਹੁੰਦਾ ਹੈ। ਖਜ਼ਾਨਚੀ ਨੂੰ ਵੀ ਉਨਾਂ ਦੁੱਖ ਨਹੀਂ ਹੁੰਦਾ, ਜਿਨਾਂ ਸੇਠ ਨੂੰ ਹੁੰਦਾ ਹੈ। ਇਸ ਪ੍ਰਕਾਰ ਗੁਰਮੁਖਾਂ ਨੂੰ ਵੀ ਸਭ ਕੁਝ ਵਾਹਿਗੁਰੂ ਦਾ ਜਾਣਕੇ ਹਮੇਸ਼ਾਂ ਨਿਰਲੇਪਤਾ ਦਾ ਅਨੰਦ ਲੈਣਾ ਚਾਹੀਦਾ ਹੈ।

ਇਉਂ ਕੁੰਭ ਦੇ ਮੇਲੇ ਤੇ ਸੰਤ ਬਾਬਾ ਬੁੱਢਾ ਸਿੰਘ ਜੀ ਮਹਾਰਾਜ ਕਥਾ ਵਖਿਆਨ ਕਰਕੇ ਅਣਗਿਣਤ ਸੰਗਤਾਂ ਨੂੰ ਨਿਹਾਲ ਕਰਦੇ ਰਹੇ। ਅਜਿਹੇ ਨਿਰਲੇਪਤਾ ਦੇ ਬਚਨ ਸੁਣਕੇ ਬਹੁਤ ਸਾਰੇ ਤਿਆਗੀ ਸਾਧੂਆਂ ਨੇ ਵੀ ਜੋ ਤਿਆਗ ਦੇ ਹੰਕਾਰ ਵਿੱਚ ਦੁੱਖੀ ਹੋ ਰਹੇ ਸਨ, ਗੁਰਮੁਖਾਂ ਵਾਲੇ ਅਸਲੀ ਮਾਰਗ ਨੂੰ ਜਾਣਕੇ, ਮਨ ਦੀ ਸ਼ਾਂਤੀ ਹਾਸਲ ਕੀਤੀ। ਇਸ ਤਰ੍ਹਾਂ ਹਰਦੁਆਰ ਦੇ ਕੁੰਭ ਦੀ ਸਮਾਪਤੀ ਹੋ ਗਈ।

## 1894 ਈਸਵੀ ਵਿੱਚ ਪ੍ਰਾਗਰਾਜ ਦੀ ਅਰਧ ਕੁੰਭੀ ਤੇ ਜਾਣਾ

ਕੁੰਭ ਦਾ ਮੇਲਾ ਸਮਾਪਤ ਹੋਣ ਤੇ ਮਹਾਰਾਜ ਬੁੱਢਾ ਸਿੰਘ ਜੀ ਆਪਣੀ ਸੰਤ ਮੰਡਲੀ ਦੇ ਸਹਿਤ ਰਿਸ਼ੀਕੇਸ਼ ਪਹੁੰਚ ਗਏ। ਕੁਝ ਸਮਾਂ ਸਤਸੰਗ, ਆਤਮ ਚਿੰਤਨ ਕਰਦੇ ਏਥੇ ਹੀ ਗੁਜ਼ਾਰਿਆ। ਏਨੇ ਨੂੰ ਪ੍ਰਾਗਰਾਜ ਦੀ ਅਰਧ ਕੁੰਭੀ ਆ ਗਈ। ਕੁਝ ਮਹਾਤਮਾ ਦੀ ਪ੍ਰੇਰਣਾ ਤੇ ਦਿੱਲੀ ਦੇ ਗੁਰ ਅਸਥਾਨਾਂ ਦੀ ਯਾਤਰਾ ਕਰਕੇ ਮਥਰਾ, ਬਿੰਦਰਾਬਨ ਅਤੇ ਬ੍ਰਿਜ ਦੀ ਯਾਤਰਾ ਕਰਦੇ ਹੋਏ, ਆਗਰਾ, ਕਾਨਪੁਰ ਅਤੇ ਹੋਰ ਸ਼ਹਿਰਾਂ ਵਿੱਚ ਕਥਾ ਸਤਸੰਗ ਕਰਦੇ, ਪ੍ਰਾਗਰਾਜ ਪਹੁੰਚਕੇ ਨਿਰਮਲ ਪੰਚਾਇਤੀ ਆਖਾੜੇ ਦੀ ਛਾਉਣੀ ਵਿਚ ਨਿਵਾਸ ਕੀਤਾ। ਹਰ ਰੋਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬਾਣੀ ਵਿੱਚੋਂ ਸ਼ਬਦ ਦੀ ਵਿਆਖਿਆ ਕਰਦੇ। ਜਿਸ ਸਮੇਂ ਆਪ ਜੀ ਕਥਾ ਕਰਦੇ, ਹਜ਼ਾਰਾਂ ਸੰਗਤਾਂ ਮਨ ਇਕਾਗਰ ਕਰਕੇ ਸੁਣਦੀਆਂ, ਕਿਉਂਕਿ ਆਪ ਜੀ ਦਾ ਉਪਦੇਸ਼ ਗ੍ਰਹਿਸਤੀ ਅਤੇ ਤਿਆਗੀ ਸਭ ਲਈ ਸਾਂਝਾ ਅਤੇ ਸਰਲ ਹੁੰਦਾ ਸੀ। ਇਕ ਦਿਨ ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਪਾਵਨ ਸ਼ਬਦ ਨਾਲ ਸਤਿਸੰਗ ਸ਼ੁਰੂ ਕੀਤਾ—

**ਜੋ ਮਿਲਿਆ ਹਰਿ ਦੀਬਾਣ ਸਿਉ ਸੋ ਸਭਨੀ ਦੀਬਾਣੀ ਮਿਲਿਆ॥**
**ਜਿਥੈ ਓਹੁ ਜਾਇ ਤਿਥੈ ਓਹੁ ਸੁਰਖਰੂ ਉਸ ਕੈ ਮੁਹਿ ਡਿਠੈ ਸਭ ਪਾਪੀ ਤਰਿਆ॥**

ਓਸੁ ਅੰਤਰਿ ਨਾਮੁ ਨਿਧਾਨੁ ਹੈ ਨਾਮੋ ਪਰਵਰਿਆ॥
ਨਾਉ ਪੂਜੀਐ ਨਾਉ ਮੰਨੀਐ ਨਾਇ ਕਿਲਵਿਖ ਸਭ ਹਿਰਿਆ॥
ਜਿਨੀ ਨਾਮੁ ਧਿਆਇਆ ਇਕ ਮਨਿ ਇਕ ਚਿਤਿ ਸੇ ਅਸਥਿਰੁ ਜਗਿ ਰਹਿਆ॥

*(ਸ੍ਰੀਰਾਗ ਕੀ ਵਾਰ ਮ: ੪, ਪੰਨਾ-੮੭)*

ਅਰਥ — ਜੋ ਇਨਸਾਨ ਹਰੀ ਦਰਬਾਰ ਯਾਨੀ ਸਤਸੰਗ ਨਾਲ ਜੁੜੇ ਹੋਏ ਹਨ, ਉਹ ਮਾਨੋ ਸਭ ਦਰਬਾਰਾਂ ਨਾਲ ਜੁੜੇ ਹੋਏ ਹਨ, ਕਿਉਂਕਿ ਹਰੀ ਦਰਬਾਰ, ਸਭ ਦਰਬਾਰਾਂ ਨਾਲੋਂ ਸ਼੍ਰੋਮਣੀ ਦਰਬਾਰ ਹੈ। ਜਿਵੇਂ ਰਾਜਾ, ਰਾਜ ਦਰਬਾਰ ਤੋਂ ਬਿਨਾਂ ਹੋਰ ਸਭ ਕਚਹਿਰੀਆਂ ਕੋਰਟਾਂ, ਦਫਤਰਾਂ ਵਿੱਚ ਬਿਨਾਂ ਝਿਝਕ ਦੇ ਜਾ ਸਕਦਾ ਹੈ। ਇਤਨਾ ਉਤਮ ਜੋ ਹਰੀ ਦਰਬਾਰ ਹੈ, ਉਹ ਹੈ ਕਿਹੋ ਜਿਹਾ? ਉਸ ਦਰਬਾਰ ਦਾ ਨਕਸ਼ਾ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਨੇ ਇਸ ਸ਼ਬਦ ਰਾਹੀਂ ਦਿਖਾਇਆ ਹੈ—

ੴ ਸਤਿਗੁਰ ਪ੍ਰਸਾਦਿ॥

ਅਗਮ ਅਗਾਧਿ ਸੁਨਹੁ ਜਨ ਕਥਾ॥ ਪਾਰਬ੍ਰਹਮ ਕੀ ਅਚਰਜ ਸਭਾ॥ ਰਹਾਉ॥
ਸਦਾ ਸਦਾ ਸਤਿਗੁਰ ਨਮਸਕਾਰ॥ ਗੁਰ ਕਿਰਪਾ ਤੇ ਗੁਨ ਗਾਏ ਅਪਾਰ॥
ਮਨ ਭੀਤਰਿ ਹੋਵੈ ਪਰਗਾਸੁ॥ ਗਿਆਨ ਅੰਜਨੁ ਅਗਿਆਨ ਬਿਨਾਸੁ॥
ਮਿਤਿ ਨਾਹੀ ਜਾ ਕਾ ਬਿਸਥਾਰੁ॥ ਸੋਭਾ ਤਾ ਕੀ ਅਪਰ ਅਪਾਰ॥
ਅਨਿਕ ਰੰਗ ਜਾ ਕੇ ਗਨੇ ਨ ਜਾਹਿ॥ ਸੋਗ ਹਰਖ ਦੁਹਹੂ ਮਹਿ ਨਾਹਿ॥
ਅਨਿਕ ਬ੍ਰਹਮੇ ਜਾ ਕੇ ਬੇਦ ਧੁਨਿ ਕਰਹਿ॥ ਅਨਿਕ ਮਹੇਸ ਬੈਸਿ ਧਿਆਨੁ ਧਰਹਿ॥
ਅਨਿਕ ਪੁਰਖ ਅੰਸਾ ਅਵਤਾਰ॥ ਅਨਿਕ ਇੰਦ੍ਰ ਊਭੇ ਦਰਬਾਰ॥
ਅਨਿਕ ਪਵਨ ਪਾਵਕ ਅਰੁ ਨੀਰ॥ ਅਨਿਕ ਰਤਨ ਸਾਗਰ ਦਧਿ ਖੀਰ॥
ਅਨਿਕ ਸੂਰ ਸਸੀਅਰ ਨਖਿਆਤਿ। ਅਨਿਕ ਦੇਵੀ ਦੇਵਾ ਬਹੁ ਭਾਂਤਿ॥
ਅਨਿਕ ਬਸੁਧਾ ਅਨਿਕ ਕਾਮਧੇਨ॥ ਅਨਿਕ ਪਾਰਜਾਤ ਅਨਿਕ ਮੁਖਿ ਬੇਨ॥
ਅਨਿਕ ਅਕਾਸ ਅਨਿਕ ਪਾਤਾਲ॥ ਅਨਿਕ ਮੁਖੀ ਜਪੀਐ ਗੋਪਾਲ॥
ਅਨਿਕ ਸਾਸਤ੍ਰ ਸਿਮ੍ਰਿਤਿ ਪੁਰਾਨ॥ ਅਨਿਕ ਜੁਗਤਿ ਹੋਵਤ ਬਖਿਆਨ॥
ਅਨਿਕ ਸਰੋਤੇ ਸੁਨਹਿ ਨਿਧਾਨ॥ ਸਰਬ ਜੀਆ ਪੂਰਨ ਭਗਵਾਨ॥
ਅਨਿਕ ਧਰਮ ਅਨਿਕ ਕੁਮੇਰ॥ ਅਨਿਕ ਬਰਨ ਅਨਿਕ ਕਨਿਕ ਸੁਮੇਰ॥
ਅਨਿਕ ਸੇਖ ਨਵਤਨ ਨਾਮੁ ਲੇਹਿ॥ ਪਾਰਬ੍ਰਹਮ ਕਾ ਅੰਤੁ ਨ ਤੇਹਿ॥
ਅਨਿਕ ਪੁਰੀਆ ਅਨਿਕ ਤਹ ਖੰਡ॥ ਅਨਿਕ ਰੂਪ ਰੰਗ ਬ੍ਰਹਮੰਡ॥
ਅਨਿਕ ਬਨਾ ਅਨਿਕ ਫਲ ਮੂਲ॥ ਆਪਹਿ ਸੂਖਮ ਆਪਹਿ ਅਸਥੂਲ॥
ਅਨਿਕ ਜੁਗਾਦਿ ਦਿਨਸ ਅਰੁ ਰਾਤਿ॥ ਅਨਿਕ ਪਰਲਉ ਅਨਿਕ ਉਤਪਾਤਿ॥
ਅਨਿਕ ਜੀਅ ਜਾ ਕੇ ਗ੍ਰਿਹ ਮਾਹਿ॥ ਰਮਤ ਰਾਮ ਪੂਰਨ ਸ੍ਰਬ ਠਾਂਇ॥
ਅਨਿਕ ਮਾਇਆ ਜਾ ਕੀ ਲਖੀ ਨ ਜਾਇ॥ ਅਨਿਕ ਕਲਾ ਖੇਲੈ ਹਰਿ ਰਾਇ॥
ਅਨਿਕ ਧੁਨਿਤ ਲਲਿਤ ਸੰਗੀਤ॥ ਅਨਿਕ ਗੁਪਤ ਪ੍ਰਗਟੇ ਤਹ ਚੀਤ॥
ਸਭ ਤੇ ਊਚ ਭਗਤ ਜਾ ਕੈ ਸੰਗਿ॥ ਆਠ ਪਹਰ ਗੁਨ ਗਾਵਹਿ ਰੰਗਿ॥
ਅਨਿਕ ਅਨਾਹਦ ਆਨੰਦ ਝੁਨਕਾਰ॥ ਉਆ ਰਸ ਕਾ ਕਛੁ ਅੰਤੁ ਨ ਪਾਰ॥
ਸਤਿ ਪੁਰਖੁ ਸਤਿ ਅਸਥਾਨੁ॥ ਊਚ ਤੇ ਊਚ ਨਿਰਮਲ ਨਿਰਬਾਨੁ॥
ਅਪੁਨਾ ਕੀਆ ਜਾਨਹਿ ਆਪਿ॥ ਆਪੇ ਘਟਿ ਘਟਿ ਰਹਿਓ ਬਿਆਪਿ॥
ਕ੍ਰਿਪਾ ਨਿਧਾਨ ਨਾਨਕ ਦਇਆਲ॥ ਜਿਨਿ ਜਪਿਆ ਨਾਨਕ ਤੇ ਭਏ ਨਿਹਾਲ॥

*(ਸਾਰਗ ਮ: ੫ ਅਸਟਪਦੀ ਘਰੁ ੬, ਪੰਨਾ-੧੨੩੫)*

ਪ੍ਰੇਮੀ ਜਨੋਂ! ਜੋ ਅਜਿਹੇ ਦਰਬਾਰ ਨਾਲ ਜੁੜ ਗਿਆ ਉਸ ਤੋਂ ਕਿਹੜੀ ਜਗ੍ਹਾ ਖਾਲੀ ਰਹਿ ਗਈ?

ਮੂਲ — ਜਿਥੈ ਓਹੁ ਜਾਇ ਤਿਥੈ ਓਹੁ ਸੁਰਖਰੂ ਉਸ ਕੈ ਮੁਹਿ ਡਿਠੈ ਸਭ ਪਾਪੀ ਤਰਿਆ।

ਅਰਥ — ਐਸਾ ਮਹਾਂਪੁਰਖ ਜਿਸ ਨੂੰ ਪਰਮੇਸ਼ਰ ਦਾ ਦਰਬਾਰ ਪ੍ਰਾਪਤ ਹੋ ਗਿਆ, ਜਿਥੇ ਵੀ ਉਹ ਜਾਵੇ, ਭਾਵੇਂ ਧਰਮਰਾਜ ਦੇ ਦਰਬਾਰ ਵਿੱਚ ਜਾਵੇ, ਭਾਵੇਂ ਸਵਰਗ ਰਾਜ ਇੰਦਰ ਦੇ ਦਰਬਾਰ ਵਿੱਚ ਜਾਵੇ, ਚਾਹੇ ਦੁਨੀਆਂ ਦੇ ਕਿਸੇ ਰਾਜਾ ਦੇ ਦਰਬਾਰ ਵਿੱਚ ਜਾਵੇ, ਯਾਨੀ ਹਰ ਥਾਂ ਉਸ ਨੂੰ ਮਾਣ ਮਿਲੇਗਾ। ਇਕ ਦਫਾ ਰਾਜਾ ਜਨਕ ਧਰਮਰਾਜਾ ਦੇ ਦਰਬਾਰ ਵਿੱਚ ਗਿਆ, ਅੱਗੋਂ ਧਰਮਰਾਜਾ ਨੇ ਬਹੁਤ ਖੁਸ਼ੀ ਵਿੱਚ ਆ ਕੇ, ਗਲ ਵਿੱਚ ਪੱਲਾ ਪਾ ਕੇ, ਮੁੱਖ ਤੋਂ ਇਉਂ ਉਚਾਰਨ ਕੀਤਾ—

ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ॥
ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ॥ *(ਵਾਰਾਂ ਤੇ ਵਧੀਕ, ਪੰਨਾ—੧੪੨੫)*

ਜੋ ਵੀ ਪੁਰਸ਼ ਪ੍ਰੇਮ ਨਾਲ ਪਰਮੇਸ਼ਰ ਦਾ ਨਾਮ ਸਿਮਰਨ ਧਿਆਨ ਕਰਦੇ ਹਨ, ਉਹ ਆਪਣੀ ਜੀਵਣ ਰੂਪੀ ਬਾਜ਼ੀ ਨੂੰ ਜਿੱਤ ਲੈਂਦੇ ਹਨ, ਭਾਵ ਜਨਮ ਸਫਲਾ ਕਰ ਜਾਂਦੇ ਹਨ। ਇਉਂ ਜਦ ਰਾਜਾ ਜਨਕ ਧਰਮਰਾਜ ਦੀ ਪੁਰੀ ਵਿੱਚ ਗਏ, ਤਾਂ ਧਰਮਰਾਜਾ ਮੁੱਖ ਤੋਂ ਬੋਲਿਆ, ਮਹਾਰਾਜ! ਆਪਣੇ ਪਵਿੱਤਰ ਚਰਨ ਮੇਰੀ ਪੁਰੀ ਵਿੱਚ ਪਾ ਕੇ ਇਸ ਨੂੰ ਪਵਿੱਤਰ ਕੀਤਾ ਹੈ। ਇਸ ਪ੍ਰਕਾਰ ਰਾਜਾ ਜਨਕ ਨੂੰ ਧਰਮਰਾਜਾ ਦੀ ਪੁਰੀ ਵਿੱਚ ਸਨਮਾਨ ਮਿਲਿਆ। ਜਿਵੇਂ ਬਚਨ ਹੈ—

ਧੰਨ ਧੰਨ ਰਾਜਾ ਜਨਕ ਹੈ ਜਿਨ ਸਿਮਰਨ ਕੀਓ ਵਿਵੇਕ।
ਏਕ ਘੜੀ ਕੇ ਸਿਮਰਨੇ ਪਾਪੀ ਤਰੇ ਅਨੇਕ।
ਐਸਾ ਸਿਮਰਨ ਜਾਣ ਕੇ ਸੰਤਾਂ ਪਕੜੀ ਟੇਕ।
ਨਾਨਕ ਸਿਮਰਨ ਸਾਰ ਹੈ ਵਿਸਰੈ ਘੜੀ ਨ ਏਕ।

ਮੂਲ — ਓਸ ਅੰਤਰਿ ਨਾਮੁ ਨਿਧਾਨੁ ਹੈ ਨਾਮੋ ਪਰਵਰਿਆ॥

ਅਰਥ — ਜਿਸ ਦੇ ਅੰਦਰ ਨਾਮ ਦਾ ਖਜ਼ਾਨਾ ਹੈ ਉਸਨੂੰ ਹਮੇਸ਼ਾਂ ਨਾਮ ਦਾ ਹੀ ਸਹਾਰਾ ਹੈ, ਜਿਵੇਂ ਸੰਸਾਰੀ ਲੋਕ ਕੁਟੰਬ ਆਦਿ ਦਾ ਸਹਾਰਾ ਲੈਂਦੇ ਹਨ।

ਮੂਲ — ਨਾਉ ਪੂਜੀਐ ਨਾਉ ਮੰਨੀਐ ਨਾਇ ਕਿਲਵਿਖ ਸਭ ਹਿਰਿਆ॥

ਅਰਥ — ਨਾਮੀ ਪੁਰਸ਼ਾਂ ਦੀ ਪੂਜਾ ਨਾਮ ਦੇ ਮੰਨਣ ਕਰਕੇ ਹੀ ਹੁੰਦੀ ਹੈ ਅਤੇ ਨਾਮ ਜਪਣ ਨਾਲ ਉਨ੍ਹਾਂ ਦੇ ਸਭ ਪਾਪ ਨਸ਼ਟ ਹੋ ਜਾਂਦੇ ਹਨ। ਜਿਸ ਪ੍ਰਕਾਰ ਕਿਸੇ ਮਨੁੱਖ ਵਿੱਚ ਕੋਈ ਵਿਸ਼ੇਸ਼ ਗੁਣ ਹੋਵੇ ਜੋ ਕਿ ਆਮ ਲੋਕਾਂ ਵਿੱਚ ਨਹੀਂ ਹੁੰਦਾ, ਉਸ ਇਕ ਗੁਣ ਕਰਕੇ ਹੀ ਸੰਸਾਰ ਦੇ ਲੋਕ ਉਸਨੂੰ ਮਾਣ ਦਿੰਦੇ ਹਨ, ਲੇਕਿਨ ਹਰੀ ਭਗਤ ਵਿੱਚ ਤਾਂ ਨਾਮ ਜਪਣ ਕਰਕੇ ਗੁਣਾਂ ਦਾ ਖਜ਼ਾਨਾ ਵਾਹਿਗੁਰੂ ਪ੍ਰਗਟ ਹੋ ਚੁੱਕਾ ਹੈ, ਉਹ ਜਿਥੇ ਵੀ ਜਾਵੇਗਾ ਉਸ ਦੀ ਪੂਜਾ ਅਵੱਸ਼ ਹੋਵੇਗੀ। ਜਿਵੇਂ ਇਕ ਦ੍ਰਿਸ਼ਟਾਂਤ—

ਇਕ ਦਫਾ ਦਾ ਜ਼ਿਕਰ, *ਰੱਜ਼ਬ* ਨੇ ਸੰਤ ਦਾਦੂ ਜੀ ਦੀ ਸ਼ਰਣ ਵਿੱਚ ਜਾ ਕੇ ਉਪਦੇਸ਼ ਲਿਆ, ਮਹਾਂਪੁਰਖਾਂ ਦੀ ਕ੍ਰਿਪਾ ਕਰਕੇ ਨਾਮ ਹਿਰਦੇ ਵਿੱਚ ਵੱਸ ਗਿਆ। ਬੱਸ ਨਾਮ ਅੰਦਰ ਵਸਣ ਦੀ ਦੇਰੀ ਸੀ, ਦੁਨੀਆਂ ਦੇ ਸਭ ਪਦਾਰਥਾਂ ਤੋਂ ਮਨ ਉਠ ਗਿਆ, ਯਾਨੀ ਪੂਰਨ ਵੈਰਾਗ ਹੋ ਗਿਆ। ਇਸ ਤੋਂ ਪਹਿਲਾਂ ਮਾਤਾ-ਪਿਤਾ ਨੇ ਇਸਦੀ ਮੰਗਣੀ ਕਰ ਦਿੱਤੀ ਸੀ, ਕੁਝ ਦੇਰ ਬਾਅਦ ਵਿਆਹ ਦੀ ਗੱਲ ਚੱਲੀ ਤਾਂ *ਰੱਜ਼ਬ* ਨੇ ਜਵਾਬ ਦੇ ਦਿੱਤਾ। ਇਸਦੇ ਨਾਂਹ ਕਰਨ ਤੇ ਜੋ ਲੜਕੀ ਮੰਗੀ ਹੋਈ ਸੀ ਉਸਦੀ ਸ਼ਾਦੀ ਰੱਜ਼ਬ ਦੇ ਭਰਾ ਬਿਖਣੇ ਨਾਲ ਕਰ ਦਿੱਤੀ। ਰੱਜ਼ਬ ਦਿਨ-ਰਾਤ ਪਰਮੇਸ਼ਰ ਦੇ ਭਜਨ ਵਿੱਚ ਲੀਨ ਰਹਿੰਦਾ, ਸੰਸਾਰ ਤੋਂ ਬਿਲਕੁੱਲ ਬੇਖਬਰ ਹੋ ਗਿਆ। ਦੂਰ ਦੂਰ ਤੱਕ ਇਸਦੀ ਖੁਸ਼ਬੂ ਫੈਲਣੀ ਸ਼ੁਰੂ ਹੋਈ, ਲੋਕ ਦਰਸ਼ਨ ਕਰਨ ਲਈ ਆਉਣ ਲੱਗੇ, ਸਵੇਰ ਤੋਂ ਸ਼ਾਮ ਤੱਕ ਲੋਕਾਂ ਦੀ ਭੀੜ ਲੱਗੀ ਰਹਿੰਦੀ, ਦਰਸ਼ਨ ਅਤੇ ਸਤਸੰਗ ਕਰਨ ਲਈ। ਇਕ ਦਿਨ ਬਿਖਣੇ ਦੀ ਇਸਤਰੀ ਇਧਰ ਆਈ, ਦੇਖਿਆ ਲੋਕ ਕਿਸ ਤਰ੍ਹਾਂ ਰੱਜ਼ਬ ਨੂੰ ਨਮਸ਼ਕਾਰਾਂ ਕਰਕੇ ਉਨ੍ਹਾਂ ਦੇ ਚਰਨਾਂ ਦੀ ਧੂੜੀ ਆਪਣੇ ਮਸਤਕ ਨੂੰ ਲਾ ਰਹੇ ਹਨ। ਰੱਜ਼ਬ ਦੀ ਇੰਨੀ ਵਡਿਆਈ ਹੁੰਦੀ ਦੇਖ ਕੇ ਬਿਖਣੇ ਦੀ ਇਸਤਰੀ

ਤੋਂ ਸਹਿਣ ਨਾ ਹੋਈ। ਘਰ ਆ ਕੇ ਆਪਣੇ ਪਤੀ ਨੂੰ ਕਹਿਣ ਲੱਗੀ, ਰੱਜ਼ਬ ਦੀ ਇੱਨੀ ਵਡਿਆਈ ਹੋ ਰਹੀ ਹੈ, ਦੂਰ-ਦੂਰ ਦੇ ਲੋਕ ਉਸ ਨੂੰ ਨਮਸਕਾਰਾਂ ਕਰਨ ਆਉਂਦੇ ਹਨ ਅਤੇ ਕਿੰਨੀਆਂ ਭੇਟਾਵਾਂ ਅੱਗੇ ਰੱਖਦੇ ਹਨ, ਪਰ ਤੈਨੂੰ ਕੋਈ ਨਹੀਂ ਪੁੱਛਦਾ, ਕੀ ਤੂ ਉਸਦਾ ਭਾਈ ਨਹੀਂ?

ਪਤਨੀ ਦੀ ਗੱਲ ਸੁਣਕੇ ਬਿਖਣਾ ਬੋਲਿਆ, ਰੱਜ਼ਬ ਦੀ ਸ਼ੋਭਾ ਇਸ ਲਈ ਹੈ ਕਿ ਉਸ ਨੇ ਸੰਤ ਦਾਦੂ ਜੀ ਦੀ ਸ਼ਰਣ ਵਿੱਚ ਡਿੱਗਕੇ ਪਰਮੇਸ਼ਰ ਦਾ ਨਾਮ ਜਪਿਆ ਅਤੇ ਤੈਥੋਂ ਦੂਰ ਰਿਹਾ। ਮੇਰਾ ਜੋ ਅਪਮਾਨ ਹੈ, ਯਾਨੀ ਰੱਜ਼ਬ ਜਿਨਾਂ ਸਨਮਾਨ ਨਹੀਂ, ਉਹ ਇਸ ਲਈ ਕਿ ਮੈਂ ਤੇਰੀ ਸ਼ਰਣ ਵਿੱਚ ਡਿੱਗਿਆ, ਜਿਵੇਂ ਦੋਹਰਾ—

**ਜਨ ਰੱਜਬ ਕੋ ਸੰਪਦਾ ਦਾਦੂ ਦੀਨੀ ਆਪ॥**
**ਮੁਝ ਬਿਖਣੇ ਕੋ ਆਪਦਾ ਤੁਧ ਚਰਨੋਂ ਪ੍ਰਤਾਪ॥**

ਮੂਲ — **ਜਿਨੀ ਨਾਮੁ ਧਿਆਇਆ ਇਕ ਮਨਿ ਇਕ ਚਿਤਿ ਸੇ ਅਸਥਿਰੁ ਜਗਿ ਰਹਿਆ॥**

ਅਰਥ — ਜਿਸਨੇ ਵੀ ਵਾਹਿਗੁਰੂ ਦਾ ਨਾਮ ਇਕਾਗਰ ਮਨ ਨਾਲ ਜਪਿਆ ਉਹ ਹਮੇਸ਼ਾ ਲਈ ਸਥਿਰ ਅਵੱਸਥਾ ਨੂੰ ਪ੍ਰਾਪਤ ਹੋ ਜਾਂਦਾ ਹੈ, ਜਗ ਵਿੱਚ ਸਦਾ ਲਈ ਉਸਦਾ ਨਾਮ ਰਹਿੰਦਾ ਹੈ। ਜਿਵੇਂ ਧਰੂ ਪ੍ਰਹਿਲਾਦ, ਕਬੀਰ, ਸਧਨਾਂ, ਸੈਣ ਅਤੇ ਕਿਤਨੇ ਹੋਰ ਭਗਤ ਹੋਏ ਹਨ ਜਿੰਨ੍ਹਾਂ ਨੂੰ ਲੋਕ ਸ਼ਰਧਾ ਪਿਆਰ ਨਾਲ ਯਾਦ ਕਰਦੇ ਹਨ। ਦੁਨੀਆਂ ਤੇ ਵੱਡੇ-ਵੱਡੇ ਮਹਾਰਾਜੇ ਹੋਏ ਲੇਕਿਨ ਉਨ੍ਹਾਂ ਨੂੰ ਕੋਈ ਯਾਦ ਨਹੀਂ ਕਰਦਾ। ਜਿਵੇਂ ਗੁਰੂ ਵਾਕ—

**ਜਿਸੁ ਨੀਚ ਕਉ ਕੋਈ ਨ ਜਾਨੈ॥ ਨਾਮੁ ਜਪਤ ਉਹੁ ਚਹੁ ਕੁੰਟ ਮਾਨੈ॥**

*(ਆਸਾ ਮ: ੫, ਪੰਨਾ—੩੮੬)*

ਇਸ ਪ੍ਰਕਾਰ ਸੰਸਾਰ ਦੇ ਪਦਾਰਥਾਂ ਦੀ ਪ੍ਰਸਿੱਧੀ ਥੋੜ ਚਿਰੀ ਹੀ ਹੁੰਦੀ ਹੈ, ਸਦੀਵੀ ਨਹੀਂ ਹੁੰਦੀ। ਲੇਕਿਨ ਜਿੰਨ੍ਹਾਂ ਨੇ ਗੁਰੂ ਚਰਣ-ਸ਼ਰਣ ਹਾਸਲ ਕਰਕੇ, ਪਰਮਾਤਮਾ ਦਾ ਨਾਮ ਇਕ ਮਨ ਹੋ ਕੇ ਜਪਿਆ, ਉਹ ਹਮੇਸ਼ਾ ਲਈ ਪ੍ਰਸਿੱਧ ਹੋ ਜਾਂਦੇ ਹਨ ਅਤੇ ਅਮਰ ਪਦਵੀ ਹਾਸਲ ਕਰ ਲੈਂਦੇ ਹਨ।

ਇਸ ਪ੍ਰਕਾਰ ਕੁੰਭ ਦੇ ਮੇਲੇ ਤੇ ਬਾਬਾ ਬੁੱਢਾ ਸਿੰਘ ਜੀ ਦੀ ਪਵਿੱਤਰ ਰਸਨਾ ਤੋਂ ਸਾਰ ਰੂਪ ਬਚਨ ਸੁਣਕੇ ਬਹੁਤ ਲੋਕਾਂ ਨੇ ਲਾਭ ਉਠਾਇਆ।

## ਪੂਰਬ ਦੇ ਹੋਰ ਅਸਥਾਨਾਂ ਦੀ ਯਾਤਰਾ

ਪ੍ਰਾਗਰਾਜ ਦੀ ਅਰਧ ਕੁੰਭੀ ਦਾ ਮੇਲਾ ਸਮਾਪਤ ਹੋਣ ਤੇ ਮਿਰਜ਼ਾਪੁਰ ਵਾਲੇ ਮਹੰਤ ਰਣ ਸਿੰਘ ਜੀ ਦੀ ਬੇਨਤੀ ਪ੍ਰਵਾਨ ਕਰਕੇ ਮਿਰਜ਼ਾਪੁਰ ਪਹੁੰਚੇ। ਮਹੰਤ ਰਣ ਸਿੰਘ ਜੀ ਦੇ ਪ੍ਰੇਮਵੱਸ ਕੁੱਝ ਦਿਨ ਮਿਰਜ਼ਾਪੁਰ ਵਿਸ਼ਰਾਮ ਕਰਕੇ ਮਹੰਤਾਂ ਤੋਂ ਆਗਿਆ ਲੈ ਵਿੰਧਿਆਚਲ ਪਰਬਤ ਦੇਵੀ ਭਗਵਤੀ ਦੇ ਮੰਦਰ ਦੀ ਯਾਤਰਾ ਕਰਕੇ ਕਾਸ਼ੀ ਪਹੁੰਚੇ। ਇਥੇ ਪਹੁੰਚ ਕੇ ਪੰਡਿਤ ਉਧਵ ਸਿੰਘ ਜੀ ਦੇ ਕੋਲ ਬੋਲਾਨਾਲਾ ਵਿਖੇ ਨਿਵਾਸ ਕੀਤਾ। ਕਾਸ਼ੀ ਵਿਖੇ ਕਈ ਸੰਤ ਮਹਾਤਮਾ ਨਾਲ ਮੇਲ ਮਿਲਾਪ ਅਤੇ ਸਤਸੰਗ ਵਿੱਚ ਸਮਾਂ ਗੁਜਾਰਿਆ। ਕਾਫੀ ਸਮਾਂ ਕਾਸ਼ੀ ਠਹਿਰਕੇ ਚੇਤਰ ਦੀ ਰਾਮ ਨੌਮੀ ਸਮੇਂ ਅਯੁੱਧਿਆ ਪਹੁੰਚੇ, ਇਥੇ ਭਗਵਾਨ ਰਾਮ ਜੀ ਦੇ ਜਨਮ ਅਸਥਾਨ ਆਦਿ ਪਵਿੱਤਰ ਥਾਵਾਂ ਦੇ ਦਰਸ਼ਨ ਕਰਕੇ, *ਸੀਤਾ ਮੜੀ* ਜਿਥੇ ਸੀਤਾ ਜੀ ਦਾ ਜਨਮ ਅਸਥਾਨ ਹੈ ਆਦਿਕ ਅਸਥਾਨਾਂ ਤੇ ਹੁੰਦੇ ਹੋਏ, ਰਾਜਾ ਜਨਕ ਦੀ ਨਗਰੀ ਜਨਕ ਪੁਰੀ ਦੇ ਦਰਸ਼ਨ ਕੀਤੇ। ਇਹ ਸਾਰੀ ਯਾਤਰਾ ਬਹੁਤ ਅਨੰਦਮਈ ਰਹੀ। ਇਥੋਂ ਚੱਲਕੇ *ਸ਼ਾਹ ਮੜੀ* ਗਏ। ਇਥੇ ਬਿਲਾਸ ਰਾਏ ਨੇ ਸਟੇਸ਼ਨ ਦੇ ਨੇੜੇ ਸਾਧੂ ਮਹਾਤਮਾ ਦੇ ਠਹਿਰਨ ਲਈ ਬਗੀਚਾ ਲਾਇਆ ਹੋਇਆ ਸੀ, ਉਸ ਵਿੱਚ ਰਿਹਾਇਸ਼ ਕੀਤੀ। ਪਹਿਲਾਂ ਵੀ ਪੂਰਬ ਦੀ ਯਾਤਰਾ ਸਮੇਂ ਜਿਸ ਵਕਤ ਪੰਡਿਤ ਸੁੱਚਾ ਸਿੰਘ ਜੀ ਨਾਲ ਸਨ ਆਪ ਇਸ ਜਗ੍ਹਾ ਹੀ ਠਹਿਰੇ ਸਨ। ਇਕ ਦੋ ਦਿਨ ਆਰਾਮ ਕਰਕੇ ਸੰਤ ਮੰਡਲੀ ਸਹਿਤ ਇਥੋਂ ਚਾਲੇ ਪਾ ਕੇ ਤਿਰੋਹਤ ਦੇਸ਼ ਦੀ ਯਾਤਰਾ ਕਰਦੇ ਮੁਜ਼ੱਫਰਪੁਰ ਕੁਛ ਦਿਨ ਰੁਕੇ। ਮੁਜ਼ੱਫਰਪੁਰ ਤੋਂ ਚੱਲਕੇ ਕੱਤਕ ਦੀ ਪੂਰਨਮਾਸ਼ੀ ਨੂੰ ਹਰੀ-ਹਰ ਛੇਤਰ ਪਹੁੰਚੇ, ਇਹ ਉਹ ਜਗ੍ਹਾ ਹੈ ਜਿੱਥੇ ਗਜ ਅਤੇ ਗਰਾਹ ਦਾ ਯੁੱਧ ਹੋਇਆ ਸੀ ਅਤੇ ਇਥੇ ਹੀ ਸੁਰਜੂ ਗੰਗਾ ਅਯੁੱਧਿਆ ਤੋਂ ਚੱਲਕੇ, ਅਤੇ ਗੰਡਕਾ-ਨਦੀ ਨੇਪਾਲ ਤੋਂ ਚੱਲ ਕੇ ਭਗੀਰਥੀ ਗੰਗਾ ਵਿੱਚ ਮਿਲੀਆਂ, ਯਾਨੀ ਤਿੰਨੇ ਪਵਿੱਤਰ ਨਦੀਆਂ ਦਾ ਇਥੇ ਸੰਗਮ ਹੈ। ਇਸ ਅਸਥਾਨ ਤੇ ਹਰ ਸਾਲ ਭਾਰੀ ਮੇਲਾ ਲੱਗਦਾ ਹੈ। ਇਥੇ ਪਹੁੰਚਕੇ ਭਗਤ ਬਿਹਾਰੀ ਸਿੰਘ ਛਤਰੀ ਦੇ ਬਗੀਚੇ ਵਿੱਚ ਨਿਵਾਸ ਕੀਤਾ।

ਇਸ ਪ੍ਰੇਮੀ ਦਾ ਪ੍ਰਭਾਵ ਬਹੁਤ ਸੰਤ ਸੇਵੀ ਸੀ, ਕਿਉਂਕਿ ਪਹਿਲੀ ਯਾਤਰਾ ਸਮੇਂ ਮਹਾਰਾਜ ਜੀ ਦਾ ਸੰਗ ਕਰਕੇ ਬਹੁਤ ਪ੍ਰਭਾਵਤ ਹੋਇਆ ਸੀ। ਇਸ ਮੇਲੇ ਦੌਰਾਨ ਵੀ ਇਸਨੇ ਮਹਾਰਾਜ ਜੀ ਦੇ ਸਤਸੰਗ ਅਤੇ ਸੇਵਾ ਦਾ ਚੰਗਾ ਲਾਭ ਉਠਾਇਆ। ਮੇਲੇ ਦੀ ਸਮਾਪਤੀ ਤੋਂ ਬਾਅਦ ਗੰਗਾ ਨਾਥ ਮੁਕਰਜੀ ਆਦਿਕ ਕੁਝ ਬੰਗਾਲੀ ਪ੍ਰੇਮੀਆਂ ਦੇ ਪ੍ਰੇਮਵੱਸ ਜੋ ਕਿ ਪਹਿਲੀ ਯਾਤਰਾ ਦੇ ਸੰਗੀ ਸਨ, ਪੂਰਬ ਦੇ ਕੁਝ ਗੁਰ ਅਸਥਾਨਾ ਅਤੇ ਬੁੱਧ ਗਯਾ ਦੀ ਯਾਤਰਾ ਕਰਕੇ ਰਾਜਗਿਰੀ ਪਹੁੰਚੇ। ਇਹ ਕੰਸ ਦੇ ਸਹੁਰਾ, ਰਾਜਾ ਜਰਾਸੰਧ ਦੀ ਰਾਜਧਾਨੀ ਹੈ। ਇਥੇ ਪ੍ਰਸ਼ੋਤਮ ਮਹੀਨੇ ਜੋ ਕਿ ਤਿੰਨ ਸਾਲ ਬਾਅਦ ਆਉਂਦਾ ਹੈ, ਬੜਾ ਭਾਰੀ ਮੇਲਾ ਲੱਗਦਾ ਹੈ। ਇਥੇ ਗਰਮ ਪਾਣੀ ਦਾ ਚਸ਼ਮਾ ਵਹਿੰਦਾ ਹੈ ਜਿਸ ਵਿੱਚ ਹਜ਼ਾਰਾਂ ਯਾਤਰੀ ਇਸ਼ਨਾਨ ਕਰਦੇ ਹਨ ਅਤੇ ਸਾਧੂ ਮਹਾਤਮਾ ਵੀ ਭਾਰੀ ਗਿਣਤੀ ਵਿੱਚ ਪਹੁੰਚਦੇ ਹਨ। ਮੇਲੇ ਦੀ ਸਮਾਪਤੀ ਉਪਰੰਤ ਗੁਰ ਸਹਾਇ ਸਿੰਘ ਤਥਾ ਹੋਰ ਪ੍ਰੇਮੀ ਜੋ ਕਿ ਸ਼ਸਰਾਮ ਦੇ ਰਹਿਣ ਵਾਲੇ ਸਨ ਆਪ ਜੀ ਨੂੰ ਬੇਨਤੀ ਕਰਕੇ ਆਪਣੇ ਪਿੰਡ ਲੈ ਗਏ। ਇਹ ਇਕ ਇਤਿਹਾਸਕ ਪਿੰਡ ਹੈ, ਇਥੇ ਪੂਰਬ ਦੀ ਯਾਤਰਾ ਦੌਰਾਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੇ ਪਵਿੱਤਰ ਚਰਨ ਪਏ ਸਨ, ਉਨ੍ਹਾਂ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਮੌਜੂਦ ਹੈ। ਆਪ ਜੀ ਦੇ ਠਹਿਰਣ ਦਾ ਪ੍ਰਬੰਧ ਉਸ ਪਵਿੱਤਰ ਅਸਥਾਨ ਤੇ ਹੀ ਕੀਤਾ ਗਿਆ। ਇਥੋਂ ਦੇ ਵਸਨੀਕਾਂ ਦਾ ਆਪਸ ਵਿੱਚ ਬਹੁਤ ਵੈਰ-ਵਿਰੋਧ ਸੀ ਕਿਉਂਕਿ ਉਚੀਆਂ ਜਾਤਾਂ ਵਾਲੇ ਜਾਤ ਅਭਿਮਾਨੀ ਲੋਕ ਖੁਦ ਵੇਦ-ਪਾਠੀ ਹੋਣ ਕਰਕੇ ਛੋਟੀਆਂ ਜਾਤੀਆਂ ਦੇ ਲੋਕਾਂ ਨੂੰ ਬਿਨਾਂ ਕਾਰਣ ਤੰਗ ਕਰਦੇ ਸਨ। ਆਪ ਜੀ ਨੇ ਸਭ ਨੂੰ ਇਕੱਠੇ ਕਰਕੇ ਉਪਦੇਸ਼ ਕੀਤਾ, ਭਾਈ! ਜਾਤ ਕਰਕੇ ਕੋਈ ਵੱਡਾ ਨਹੀਂ ਹੈ, ਵੱਡਾ ਤਾਂ ਸਭ ਤੋਂ ਪਰਮਾਤਮਾ ਹੈ, ਜੋ ਸਭ ਦੇ ਹਿਰਦਿਆਂ ਵਿੱਚ ਵੱਸਦਾ ਹੈ ਜਿਸ ਤੋਂ ਕੋਈ ਥਾਂ ਖਾਲੀ ਨਹੀਂ।

ਦੇਖੋ! ਵੇਦਾਂ ਦੀ ਰਚਨਾ ਅਤੇ ਸ੍ਰਿਸ਼ਟੀ ਦੀ ਉਤਪਤੀ ਬ੍ਰਹਮਾ ਜੀ ਨੇ ਕੀਤੀ, ਵਿਚਾਰ ਕੇ ਦੇਖੀਏ ਤਾਂ ਬ੍ਰਹਮਾ ਜੀ ਵੱਡੇ ਹੋਏ, ਲੇਕਿਨ ਜਿਸਨੇ ਬ੍ਰਹਮਾ ਜੀ ਨੂੰ ਪੈਦਾ ਕੀਤਾ, ਸਭ ਤੇ ਵੱਡਾ ਤਾਂ ਉਹੀ ਹੋਇਆ। ਇਕ ਦਫਾ ਬ੍ਰਹਮਾ ਜੀ ਨੂੰ ਵੀ ਹੰਕਾਰ ਹੋ ਗਿਆ, ਹਰੀ ਨੂੰ ਹੰਕਾਰ ਸ਼ੋਭਾ ਨਹੀਂ ਦਿੰਦਾ ਜਿਵੇਂ ਗੁਰੂ ਵਾਕ—

**ਹਰਿ ਜੀਉ ਅਹੰਕਾਰ ਨ ਭਾਵਈ ਵੇਦ ਕੂਕ ਸੁਣਾਵਹਿ॥**

ਇਉਂ ਬ੍ਰਹਮਾ ਦਾ ਹੰਕਾਰ ਦੂਰ ਕਰਨ ਲਈ ਹਰੀ ਨੇ ਇਕ ਖੇਡ ਰਚਾਇਆ, ਬ੍ਰਹਮਾ ਜੀ ਚੱਲ ਕੇ ਬਗਦਾਲਭ ਰਿਸ਼ੀ ਦੇ ਕੋਲ ਗਏ, ਅੱਗੋਂ ਰਿਸ਼ੀ, ਬ੍ਰਹਮਾ ਦੇ ਸਤਿਕਾਰ ਲਈ ਨਾ ਉਠਿਆ। ਬ੍ਰਹਮਾ ਨੇ ਗੁੱਸਾ ਕੀਤਾ ਕਿ ਮੈਂ ਸ੍ਰਿਸ਼ਟੀ ਦਾ ਕਰਤਾ ਹਾਂ, ਤੇਰੇ ਨਾਲੋਂ ਵੱਡਾ ਹਾਂ, ਇਸ ਲਈ ਤੈਨੂੰ ਮੇਰੇ ਸਤਿਕਾਰ ਵਿੱਚ ਉਠਣਾ ਚਾਹੀਦਾ ਸੀ।

ਰਿਸ਼ੀ ਬੋਲੇ ਮੈਂ ਤੇਰੇ ਨਾਲੋਂ ਬੜੇ-ਬੜੇ ਬ੍ਰਹਮਾ ਵੇਖੇ ਹਨ ਤੂੰ ਉਨ੍ਹਾਂ ਦੇ ਮੁਕਾਬਲੇ ਵਿੱਚ ਬਹੁਤ ਛੋਟਾ ਹੈਂ। ਬ੍ਰਹਮਾ ਜੀ ਘਬਰਾ ਕੇ ਬੋਲੇ ਕਿੱਥੇ ਦੇਖੇ ਨੇ?

ਰਿਸ਼ੀ ਬੋਲੇ, ਚੱਲ ਮੇਰੇ ਨਾਲ ਦੂਸਰੇ ਬ੍ਰਹਮੰਡ ਵਿੱਚ। ਆਪਣੇ ਯੋਗ ਬਲ ਦੁਆਰਾ ਦੂਸਰੇ ਬ੍ਰਹਮੰਡ ਵਿੱਚ ਗਏ, ਉਥੇ ਅੱਠ ਮੂੰਹਾਂ ਵਾਲਾ ਬ੍ਰਹਮਾ ਵੇਖਿਆ, ਤਾਂ ਉਸ ਚਾਰ ਮੁੱਖ ਵਾਲੇ ਬ੍ਰਹਮਾ ਦਾ ਹੰਕਾਰ ਦੂਰ ਹੋਇਆ। ਫਿਰ ਰਿਸ਼ੀ ਦੇ ਅੱਗੇ ਅੱਠ ਮੂੰਹਾਂ ਵਾਲੇ ਬ੍ਰਹਮਾਂ ਨੇ ਹੰਕਾਰ ਕੀਤਾ, ਉਸਦਾ ਹੰਕਾਰ ਦੂਰ ਕਰਨ ਲਈ ਰਿਸ਼ੀ ਉਸ ਨੂੰ ਤੀਸਰੇ ਬ੍ਰਹਮੰਡ ਵਿੱਚ ਲੈ ਗਿਆ, ਉਥੇ ਸੋਲਾਂ ਮੂੰਹਾਂ ਵਾਲੇ ਬ੍ਰਹਮਾਂ ਨੂੰ ਵੇਖਿਆ, ਫਿਰ ਉਸਦਾ ਹੰਕਾਰ ਦੂਰ ਕਰਨ ਲਈ ਬੱਤੀ ਮੂੰਹਾਂ ਵਾਲੇ ਬ੍ਰਹਮਾਂ ਕੋਲ ਗਏ, ਇਸ ਪ੍ਰਕਾਰ ਦੂਣੇ-ਦੂਣੇ ਮੂੰਹਾਂ ਵਾਲੇ ਬ੍ਰਹਮਾਂ ਕੋਲ ਪਹੁੰਚਦੇ-ਪਹੁੰਚਦੇ ਹਜ਼ਾਰਾਂ ਮੂੰਹਾਂ ਵਾਲੇ ਬ੍ਰਹਮਾਂ ਪਾਸ ਪਹੁੰਚੇ, ਜੋ ਸਮਸ਼ਟੀ ਅਸਥੂਲ ਸ੍ਰਿਸ਼ਟੀ ਦਾ ਬਿਰਾਟ ਕਹਾਉਂਦਾ ਹੈ, ਜਿਸ ਦੀ ਬਾਬਤ ਲਿਖਿਆ ਹੈ—**ਸਹਸ੍ਰ ਸ਼ੀਰਸ਼ਾ ਪੁਰਸ਼ਾ ਸਹਸ੍ਰਾਖਸ਼ਾ ਸਹਸ਼ਰਪਾਦ।**

ਤਥਾ ਗੁਰੂ ਨਾਨਕ ਦੇਵ ਜੀ—

**ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋੁਹੀ॥**
**ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥**

*(ਪੰਨਾ-੧੩)*

ਇਸ ਤਰ੍ਹਾਂ ਪ੍ਰਮਾਤਮਾ ਹੀ ਸਭ ਤੋਂ ਵੱਡਾ ਹੈ। ਵੇਦ ਪਾਠ ਜਾਂ ਹੋਰ ਸਾਧਨ ਪਰਮੇਸ਼ਰ ਮਿਲਾਪ ਲਈ ਕਰਨੇ ਠੀਕ ਹਨ, ਵਰਨਾਂ ਹੰਕਾਰ ਦਾ ਵਿਸ਼ਾ ਨਾ ਬਣ ਜਾਣ। ਵਿਦਿਆ ਆਪਣੇ-ਆਪ ਪੜ੍ਹਣ ਨਾਲ ਪੂਰੀ-ਪੂਰੀ ਸਮਝ ਨਹੀਂ

ਆਉਂਦੀ, ਬਲਕਿ ਹੰਕਾਰ ਦਾ ਵਿਸ਼ਾ ਬਣ ਜਾਂਦੀ ਹੈ। ਉਹੀ ਵਿਦਿਆ ਕਿਸੇ ਤੱਤ-ਬੇਤੇ ਮਹਾਂਪੁਰਸ਼ ਦੀ ਸੰਗਤ ਵਿੱਚ ਪੜ੍ਹੀ ਜਾਵੇ ਤਾਂ ਪੂਰੀ-ਪੂਰੀ ਸਮਝ ਲੱਗ ਜਾਇਆ ਕਰਦੀ ਹੈ ਜਿਵੇਂ ਇਕ ਮਿਸਾਲ—

ਸਮੁੰਦਰ ਦੇ ਪਾਣੀ ਦੀ ਕੋਈ ਇਕ ਘੁੱਟ ਪੀ ਲਵੇ ਤਾਂ ਦਸਤ ਆਦਿ ਲੱਗ ਜਾਣਗੇ, ਕਿਉਂਕਿ ਉਸ ਵਿੱਚ ਨਮਕ ਦੀ ਮਾਤਰਾ ਬਹੁਤ ਜ਼ਿਆਦਾ ਹੈ। ਉਹੀ ਪਾਣੀ ਬੱਦਲ ਦਾ ਸੰਗ ਕਰਕੇ, ਜਦ ਮੀਂਹ ਦੇ ਰੂਪ ਵਿੱਚ ਵਰਸਦਾ ਹੈ, ਤਾਂ ਕਈ ਰੋਗਾਂ ਨੂੰ ਹਟਾਉਣ ਦਾ ਕਾਰਣ ਬਣ ਜਾਂਦਾ ਹੈ। ਜਿਸ ਵਸਤੂ ਨੇ ਹਨੇਰੇ ਦਾ ਨਾਸ਼ ਨਾ ਕੀਤਾ ਉਹ ਵਸਤੂ ਪ੍ਰਕਾਸ਼ ਕਿਵੇਂ ਕਹਾ ਸਕਦੀ ਹੈ? ਜਿਸ ਵਿਦਿਆ ਨੇ ਹੰਕਾਰ ਰੂਪੀ ਅਵਿਦਿਆ ਦਾ ਨਾਸ਼ ਨਾ ਕੀਤਾ, ਉਹ ਵਿਦਿਆ ਹੀ ਕੀ ਹੋਈ? ਵਿਦਿਆ ਨੇ ਵਿਵੇਕ ਪੈਦਾ ਕਰਨਾ ਹੈ ਫਿਰ ਪਤਾ ਚਲਦਾ ਹੈ ਕਿ ਸਾਰੇ ਦੁੱਖਾਂ ਦਾ ਮੂਲ ਕਾਰਣ, ਹੰਕਾਰ ਹੈ, ਹੰਕਾਰ ਦੀ ਨਵਿਰਤੀ ਨਾਮ ਅਤੇ ਨਾਮੀ ਪੁਰਸ਼ਾਂ ਦੀ ਸੰਗਤ ਦੁਆਰਾ ਹੁੰਦੀ ਹੈ। ਇਸ ਲਈ ਸਾਰੇ ਕਰਮਾਂ ਦਾ ਸ਼੍ਰੋਮਣੀ ਕਰਮ ਪਰਮੇਸ਼ਰ ਦਾ ਨਾਮ ਅਤੇ ਸਾਧੂ ਦਾ ਸੰਗ ਹੈ। ਯਥਾ ਗੁਰੂ ਵਾਕ—

ੴ ਸਤਿਗੁਰ ਪ੍ਰਸਾਦਿ॥

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥ ੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥ ਰਹਾਉ॥
ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ॥
ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ॥ ੨॥
ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ॥ ੩॥
ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ॥
ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ॥ ੪॥
ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ॥
ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ॥ ੫॥
ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ॥ ੬॥
ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ॥
ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥ ੭॥
ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥ ੮॥
ਤੇਰੋ ਸੇਵਕੁ ਇਹ ਰੰਗਿ ਮਾਤਾ॥
ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ॥ ਰਹਾਉ ਦੂਜਾ॥ ੧॥ ੩॥

*(ਸੋਰਠਿ ਮ: ੫ ਘਰੁ-੨ ਅਸਟਪਦੀਆ, ਪੰਨਾ—੬੪੧)*

ਵਿਆਖਿਆ—ਸ਼ਾਸ਼ਤਰਾਂ ਦੇ ਪਾਠ ਕਰਨ ਨਾਲ ਅਤੇ ਵੇਦ ਦੇ ਅਰਥ ਵਿਚਾਰ ਲੈਣ ਨਾਲ ਅਤੇ ਹਟ ਯੋਗ ਨਾਲ ਯਾਨੀ ਨਿਉਲੀ ਕਰਮ ਆਦਿ ਦੀ ਕਿਰਿਆ ਜੋ ਜੋਗੀ ਲੋਕ ਕਰਦੇ ਹਨ, ਜਿਸ ਵਿੱਚ ਸੁਆਸਾਂ ਨੂੰ ਉਪਰ ਨੀਚੇ ਆਦਿ ਦੀ ਕਿਰਿਆ ਅਤੇ ਮੁੱਖ ਤਾਂਈ ਕੱਪੜਾ ਪਾ ਕੇ ਗੁਦਾ ਦੇ ਰਸਤੇ ਬਾਹਰ ਕੱਢਣਾ, ਜਿਸ ਨਾਲ ਅੰਦਰੋਂ ਅੰਤੜੀਆਂ ਦੀ ਮੈਲ ਉਤਰ ਜਾਂਦੀ ਹੈ ਅਤੇ ਭੁਯੰਗਮਾਂ ਨਾੜੀ ਜੋ ਸੱਪ ਦੀ ਤਰ੍ਹਾਂ ਹੈ ਉਸਨੂੰ ਸਾਧਨ ਲਈ ਪ੍ਰਾਣਾਯਾਮ ਵਰਗੀਆਂ ਕਠਨ

ਘਾਲਣਾਂ ਕਰਦੇ ਹਨ, ਫਿਰ ਵੀ ਮਨ ਦੀ ਮੈਲ ਨਹੀਂ ਉਤਰਦੀ ਸਗੋਂ ਹੋਰ ਵੀ ਹੰਕਾਰ ਵਿੱਚ ਬੱਝ ਜਾਂਦੇ ਹਨ। ਛਾਂਦੋਗ ਉਪਨਿਸ਼ਦ ਦੇ ਸੱਤਵੇਂ ਅਧਿਆਇ ਵਿੱਚ ਕਥਾ ਹੈ—

ਨਾਰਦ ਮੁਨੀ ਨੇ ਸੰਨਤਕੁਮਾਰ ਆਦਿ ਰਿਸ਼ੀਆਂ ਦੇ ਕੋਲ ਜਾ ਕੇ ਬੇਨਤੀ ਕੀਤੀ, ਕਿ ਹੇ ਭਗਵਾਨ! ਮੇਰਾ ਮਨ ਅਸ਼ਾਂਤ ਰਹਿੰਦਾ ਹੈ, ਕੋਈ ਉਪਾਓ ਦੱਸੋ ਜਿਸ ਨਾਲ ਮੇਰਾ ਮਨ ਹਮੇਸ਼ਾ ਲਈ ਸ਼ਾਂਤ ਹੋ ਜਾਵੇ। ਸੰਨਤ ਕੁਮਾਰ ਮੁਨੀ ਨੇ ਪੁਛਿਆ, ਤੂੰ ਕੋਈ ਸਾਧਨ ਕੀਤਾ ਹੈ ਮਨ ਨੂੰ ਸ਼ਾਂਤ ਕਰਨ ਦਾ? ਨਾਰਦ ਬੋਲਿਆ, ਮੈਂ ਚਾਰ ਵੇਦ, ਛੇ ਸ਼ਾਸਤਰ, ਅਠਾਰਾਂ ਪੁਰਾਣ, ਸਤਾਈ ਸਿਮ੍ਰਤੀਆਂ ਅਤੇ ਹੋਰ ਵੀ ਬਹੁਤ ਸਾਰੀਆਂ ਵਿਦਿਆਂ ਪੜ੍ਹੀਆਂ ਹਨ ਲੇਕਿਨ ਇਤਨਾ ਪੜ੍ਹਣ ਦੇ ਬਾਵਜੂਦ ਵੀ ਮੇਰਾ ਮਨ ਸ਼ਾਤ ਨਹੀਂ ਹੋਇਆ। ਨਾਰਦ ਦੀ ਬੇਨਤੀ ਸੁਣਕੇ ਸੰਨਤਕੁਮਾਰ ਮੁਨੀ ਬੋਲਿਆ, ਕੇਵਲ ਪੜ੍ਹਣ ਮਾਤਰ ਨਾਲ ਕੁਝ ਵੀ ਪਰਾਪਤ ਨਹੀਂ ਹੁੰਦਾ, ਜਦ ਤੱਕ ਉਸ ਤੇ ਅਮਲ ਨਾ ਕੀਤਾ ਜਾਵੇ। ਨਾਮ ਜਪਣ ਤੋਂ ਬਗੈਰ ਮਨ ਸਥਿਰ ਨਹੀਂ ਹੁੰਦਾ, ਇਸ ਲਈ ਜੇਕਰ ਮਨ ਦੀ ਸ਼ਾਂਤੀ ਚਾਹੁੰਦਾ ਹੈ ਤਾਂ ਗੁਰੂ ਚਰਨ ਸ਼ਰਣ ਹਾਸਲ ਕਰਕੇ ਨਾਮ ਜਪ। ਕਠੋ ਉਪਨਿਸ਼ਦ ਵਿੱਚ ਲਿਖਿਆ ਹੈ—

ਧੀਰਜਵਾਨ ਪੰਡਿਤ ਦੀ ਨਜ਼ਰ ਵਿੱਚ ਉਹ ਪੁਰਸ਼ ਅੰਨ੍ਹੇ ਹਰ ਜਿੰਨ੍ਹਾਂ ਦੀ ਦ੍ਰਿਸ਼ਟੀ ਕੇਵਲ ਦ੍ਰਿਸ਼ਟ ਮਾਨ ਅੱਖਰਾਂ ਤੱਕ ਹੀ ਸੀਮਤ ਹੈ, ਅਤੇ ਜਿੰਨ੍ਹਾਂ ਦੀਆਂ ਅੱਖਾਂ ਕੇਵਲ ਸਰੀਰ ਜਾਂ ਚਮੜੀ ਹੀ ਦੇਖਦੀਆਂ ਹਨ। ਯਥਾ ਗੁਰੂ ਵਾਕ—

**ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥**
**ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥**
**ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥**

*(ਆਸਾ ਦੀ ਵਾਰ, ਪੰਨਾ—੪੬੭)*

ਅੱਖਰ ਜਿਤਨੇ ਵੀ ਸੰਸਾਰ ਤੇ ਹਨ ਉਹ ਸਾਰੇ ਦ੍ਰਿਸ਼ਟਮਾਨ ਹੋਣ ਕਰਕੇ ਬਿਨਾਸੀ ਹਨ, ਲੇਕਿਨ ਉਹ ਕਿਸੇ ਅਵਿਨਾਸੀ ਵਸਤੂ ਵੱਲ ਇਸ਼ਾਰਾ ਕਰ ਰਹੇ ਹਨ, ਇਸ ਲਈ ਪੂਜਣਯੋਗ ਵੀ ਹਨ। ਜਿਸ ਵਸਤੂ ਨੂੰ ਇਹ ਅਸਥੂਲ ਅੱਖਾਂ ਦੇਖ ਸਕਦੀਆਂ ਹਨ ਉਹ ਸੱਤ ਨਹੀਂ ਹੈ ਕਿਉਂਕਿ ਗੁਰੂ ਵਾਕ ਹੈ :—

**ਦ੍ਰਿਸਟਿਮਾਨ ਹੈ ਸਗਲ ਮਿਥੇਨਾ॥**

*(ਮਾਰੂ ਮ: ੫, ਪੰਨਾ—੧੦੮੩)*

ਯਥਾ — **ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ॥**

*(ਗ: ਕਬੀਰ ਜੀ, ਪੰਨਾ—੩੪੦)*

ਯਥਾ — **ਦ੍ਰਿਸਟਿਮਾਨ ਅਖਰ ਹੈ ਜੇਤਾ॥ ਨਾਨਕ ਪਾਰਬ੍ਰਹਮ ਨਿਰਲੇਪਾ॥**

*(ਗ: ਬਾਵਨ ਅਖਰੀ, ਪੰਨਾ—੨੬੧)*

ਇਕ ਮਿਸਾਲ—ਤੁਸੀਂ ਦਿੱਲੀ ਜਾਣ ਲਈ ਸੜਕ ਤੇ ਸਫਰ ਕਰ ਰਹੇ ਹੋ, ਅੱਗੇ ਇਕ ਮੀਲ ਪੱਥਰ ਆ ਜਾਂਦਾ ਹੈ ਜਿਸ ਉਪਰ ਲਿਖਿਆ ਹੈ ਦਿੱਲੀ ਪੰਜਾਬ ਕੋਹ ਅਤੇ ਤੀਰ ਦਾ ਨਿਸ਼ਾਨ ਦੇ ਕੇ ਇਸ਼ਾਰਾ ਹੈ ਕਿ ਇਸ ਤਰਫ ਹੈ। ਦਿੱਲੀ, ਇਹ ਦੋ ਅੱਖਰ ਪੜ੍ਹ ਲੈਣ ਨਾਲ ਦਿੱਲੀ ਪਹੁੰਚ ਨਹੀਂ ਗਏ। ਅੱਖਰਾਂ ਦਾ ਇਸ਼ਾਰਾ ਸਮਝਕੇ ਜਦੋਂ ਸਫਰ ਸ਼ੁਰੂ ਕਰਾਂਗੇ ਤਾਂ ਇਕ ਦਿਨ ਪਹੁੰਚ ਹੀ ਜਾਵਾਂਗੇ। ਇਸ ਪ੍ਰਕਾਰ ਪਰਮਾਰਥ ਸੰਬੰਧੀ ਜਿਤਨੇ ਵੀ ਸ਼ਾਸਤਰ, ਗ੍ਰੰਥ, ਪੋਥੀਆਂ ਹਨ ਉਹ ਸਭ ਨਾਮ ਦੀ ਮਹਿਮਾਂ ਅਤੇ ਨਾਮ ਦੇ ਸਹਾਇਕ ਗੁਣਾਂ ਦਾ ਵਰਨਣ ਕਰਦੇ ਹਨ—

**ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ॥ ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ॥**

*(ਸੂਹੀ ਮ: ੫, ਪੰਨਾ-੭੬੧)*

ਯਥਾ — **ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥**
**ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥**

*(ਗ: ਸੁਖਮਨੀ ਸਾਹਿਬ ਮ: ੫, ਪੰਨਾ-੨੬੫)*

ਇਸ ਲਈ ਪਰਮਾਤਮਾ ਸੰਬੰਧੀ ਜਿਤਨੇ ਵੀ ਅੱਖਰ ਹਨ ਉਨ੍ਹਾਂ ਦੀ ਪੂਜਾ ਇਸ ਲਈ ਹੈ ਕਿ ਉਹ ਨਿਰਾਕਾਰ ਵਾਹਿਗੁਰੂ ਦੇ ਦੇਸ਼ ਪਹੁੰਚਣ ਲਈ ਇਸ਼ਾਰੇ ਰੂਪ ਸਹਾਇਤਾ ਕਰ ਰਹੇ ਹਨ, ਅਗਰ ਅਸੀਂ ਉਨ੍ਹਾਂ ਦਾ ਇਸ਼ਾਰਾ ਸਮਝ ਕੇ

ਉਸ ਪਰ ਅਮਲ ਸ਼ੁਰੂ ਕਰ ਦਿੱਤਾ, ਤਾਂ ਇਕ ਦਿਨ ਮੰਜ਼ਲ ਤੇ ਪਹੁੰਚ ਕੇ ਸਦਾ ਲਈ ਸੁਖੀ ਹੋ ਜਾਵਾਂਗੇ। ਲੇਕਿਨ ਜੇ ਅੱਖਰਾਂ ਨੂੰ ਹੀ ਫੜ ਕੇ ਬੈਠ ਗਏ ਤਾਂ ਕੁਛ ਵੀ ਪ੍ਰਾਪਤ ਹੋਣ ਵਾਲਾ ਨਹੀਂ ਜਿਵੇਂ ਇਕ ਦ੍ਰਿਸ਼ਟਾਂਤ—

ਇਕ ਗੁਜਰੀ ਹਮੇਸ਼ਾਂ ਨਦੀ ਦੇ ਪਾਰ ਦੁੱਧ ਵੇਚਣ ਜਾਇਆ ਕਰਦੀ ਸੀ। ਉਸ ਸ਼ਹਿਰ ਵਿੱਚ ਇਕ ਵਿਦਵਾਨ ਪੰਡਿਤ ਹਰ ਰੋਜ਼ ਕਥਾ ਕਰਿਆ ਕਰਦਾ ਸੀ। ਇਕ ਦਿਨ ਗੁਜਰੀ ਵੀ ਬਾਹਰ ਖੜ ਕੇ ਕਥਾ ਸੁਣਨ ਲੱਗੀ। ਕਥਾ ਵਿੱਚ ਨਾਮ ਦੀ ਮਹਿਮਾ ਦਾ ਵਰਣਨ ਹੋ ਰਿਹਾ ਸੀ ਕਿ ਜੋ ਇਨਸਾਨ ਸ਼ਰਧਾ ਪ੍ਰੇਮ ਨਾਲ ਪਰਮੇਸ਼ਰ ਦਾ ਨਾਮ ਜਪਦਾ ਹੈ, ਉਹ ਸਹਜੇ ਹੀ ਇਸ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦਾ ਹੈ। ਗੁਜਰੀ ਨੇ ਜਦ ਨਾਮ ਦੀ ਇੰਨੀ ਮਹਿਮਾਂ ਸੁਣੀ ਤਾਂ ਮਨ ਵਿੱਚ ਵਿਸ਼ਵਾਸ਼ ਦ੍ਰਿੜ ਹੋ ਗਿਆ, ਕਿ ਜੋ ਨਾਮ, ਸੰਸਾਰ ਸਮੁੰਦਰ ਤੋਂ ਪਾਰ ਕਰਨ ਨੂੰ ਸਮਰੱਥ ਹੈ ਤਾਂ ਮੈਂ ਇਹ ਛੋਟੀ ਜਿਹੀ ਨਦੀ ਕਿਉਂ ਨਹੀਂ ਪਾਰ ਹੋ ਸਕਦੀ। ਇਸ ਵਿਸ਼ਵਾਸ ਨਾਲ ਨਾਮ ਜਪਦੀ ਹਰ ਰੋਜ਼ ਬੇੜੀ ਤੋਂ ਬਿਨਾਂ ਹੀ ਆਰ-ਪਾਰ ਜਾਣ ਲੱਗੀ। ਉਹ ਪੰਡਿਤ ਜਿਸ ਤੋਂ ਕਥਾ ਸੁਣੀ ਸੀ ਉਸ ਉਪਰ ਵੀ ਇਨ੍ਹਾਂ ਵਿਸ਼ਵਾਸ਼ ਆ ਗਿਆ ਕਿ ਇਕ ਦਿਨ ਉਸਨੂੰ ਬੇਨਤੀ ਕੀਤੀ, ਕਿ ਮਹਾਰਾਜ! ਮੇਰੇ ਘਰ ਚੱਲਕੇ ਲੰਗਰ ਛਕੋ! ਮੈਂ ਆਪ ਨੂੰ ਇਕ ਸੌ ਰੁਪਏ ਦਸ਼ਣਾ ਦਿਆਂਗੀ ਅਤੇ ਹੋਰ ਪੂਜਾ ਵੀ ਕਰਾਂਗੀ। ਪੰਡਿਤ ਨੂੰ ਸੁਣਕੇ ਲੋਭ ਜਾਗਿਆ, ਜਾਣ ਲਈ ਤਿਆਰ ਹੋ ਗਿਆ। ਜਦੋਂ ਦੋਨੋਂ ਚੱਲਕੇ ਨਦੀ ਕਿਨਾਰੇ ਪਹੁੰਚੇ, ਅੱਗੇ ਨਦੀ ਬਹੁਤ ਤੇਜ਼ ਵਹਿ ਰਹੀ ਸੀ, ਗੁਜਰੀ ਹਰ ਰੋਜ਼ ਦੀ ਤਰ੍ਹਾਂ ਰਾਮ ਨਾਮ ਜਪਦੀ ਨਦੀ ਪਾਰ ਕਰ ਗਈ, ਲੇਕਿਨ ਪੰਡਿਤ ਜੀ ਉਸੇ ਕਿਨਾਰੇ ਖੜੇ ਹੈਰਾਨ ਹੋ ਰਹੇ ਹਨ। ਗੁਜਰੀ ਨੇ ਆਵਾਜ਼ ਦਿੱਤੀ, ਮਹਾਰਾਜ! ਰਾਮ ਨਾਮ ਜਪਦੇ ਆ ਜਾਉ, ਲੇਕਿਨ ਪੰਡਿਤ ਜੀ ਖੁਦ ਵਿਸ਼ਵਾਸ਼ਹੀਨ ਹਨ।

ਦੋਹਰਾ — **ਰਾਮ ਨਾਮ ਕੋ ਕਹਤ ਹੀ ਭਈ ਗੁਜਰੀ ਪਾਰ॥**
**ਬਹੁ ਕਥਾ ਪੰਡਿਤ ਕਰੇ ਤਉ ਨ ਉਤਰਿਓ ਪਾਰ॥**

ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਣ ਕਰਦੇ ਹਨ, ਹੇ ਭਾਈ! ਇਸ ਤਰੀਕੇ ਪਰਮੇਸ਼ਰ ਨੂੰ ਨਹੀਂ ਮਿਲਿਆ ਜਾਣਾ। ਮੈਂ ਅਨੇਕਾਂ ਕਰਮ ਸ਼ਾਸਤਰਾਂ ਵਿੱਚ ਪੜ੍ਹੇ ਅਤੇ ਕੀਤੇ, ਪਰ ਸਭ ਫੋਕਟ ਹਨ। ਅਖਰ ਥੱਕ ਕੇ ਸੁਆਮੀ ਗੁਰੂ ਦੇ ਦੁਆਰੇ ਡਿੱਗੇ, ਬੇਨਤੀ ਕੀਤੀ, ਮੈਨੂੰ ਵਿਵੇਕ ਬੁੱਧੀ ਬਖਸ਼ਿਸ਼ ਕਰੋ।

(1) ਜੇਕਰ ਕੋਈ ਜ਼ੁਬਾਨ ਕਰਕੇ ਮੋਨ ਧਾਰਣ ਕਰੇ, ਬਰਤਣ ਦੀ ਬਜਾਏ ਖਾਣਾ ਹੱਥਾਂ ਉਪਰ ਹੀ ਖਾਏ, ਵਸਤਰ ਉਤਾਰ ਕੇ ਨੰਗਾ ਹੋ ਕੇ ਜੰਗਲਾਂ ਵਿੱਚ ਘੁੰਮਦਾ ਰਹੇ, ਅਥਵਾ ਤੀਰਥ ਦੇ ਕਿਨਾਰੇ ਨਿਵਾਸ ਰੱਖੇ ਜਾਂ ਸਾਰੀ ਧਰਤੀ ਦਾ ਭ੍ਰਮਣ ਕਰੇ, ਤਾਂ ਵੀ ਮਨ ਦੁਬਿਧਾ ਨਹੀਂ ਛੱਡਦਾ, ਕੁਬੁਧ ਨਹੀਂ ਮਿਟਦੀ ਯਾਨੀ ਰਾਗ ਦਵੈਸ਼ ਜੋ ਦੁੱਖਾਂ ਦਾ ਖੂਹ ਹੈ ਨਹੀਂ ਛੁਟਦੀ।

(2) ਭਾਵੇਂ ਕੋਈ ਸੋਨਾ, ਚਾਂਦੀ, ਇਸਤਰੀ, ਘੋੜੇ, ਹਾਥੀ ਹੋਰ ਬਹੁਤ ਤਰੀਕੇ ਨਾਲ ਦਾਨ ਕਰੇ, ਜਿਵੇਂ ਅੰਨ, ਵਸਤਰ, ਜ਼ਮੀਨ ਆਦਿ ਭਾਵੇਂ ਕੋਈ ਕਰੇ ਤਾਂ ਵੀ ਹਰੀ ਦਾ ਦੁਆਰ ਪ੍ਰਾਪਤ ਨਹੀਂ ਕਰ ਸਕਦਾ।

(3) ਜੇਕਰ ਕੋਈ ਦੇਵਤਿਆਂ ਆਦਿ ਦੀ ਪੂਜਾ ਚੰਦਨ ਕੇਸਰ ਆਦਿਕ ਲਗਾ ਕੇ ਕਰੇ, ਡੰਡਉਤ ਆਦਿ ਪ੍ਰਣਾਮ ਵੀ ਕਰੇ, ਛੇ ਵੱਡੇ ਕਰਮ ਜੋ ਸ਼ਾਸਤਰਾਂ ਵਿੱਚ ਲਿਖੇ ਹਨ, ਉਨ੍ਹਾਂ ਵਿੱਚ ਦਿਨ-ਰਾਤ ਰੱਤਿਆ ਰਹੇ, ਇਹ ਸਭ ਕਰਦਾ ਹੋਇਆ ਹਉਮੈ ਦੇ ਰੋਗ ਤੋਂ ਛੁਟਕਾਰਾ ਨਹੀਂ ਹਾਸਲ ਕਰ ਸਕਦਾ ਸਗੋਂ ਹੋਰ ਹੰਕਾਰ ਵਿੱਚ ਬੱਝ ਜਾਂਦਾ ਹੈ, ਸੋ ਇਸ ਤਰੀਕੇ ਵੀ ਪਰਮੇਸ਼ਰ ਨਹੀਂ ਮਿਲਦਾ ਜਿਵੇਂ ਗੁਰੂ ਵਾਕ—

**ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥**
**ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥** (*ਸਲੋਕ ਮ: ੯, ਪੰਨਾ-੧੪੨੮*)

ਜਿਵੇਂ ਹਾਥੀ ਪਾਣੀ ਵਿੱਚ ਇਸ਼ਨਾਨ ਕਰਨ ਤੋਂ ਬਾਅਦ ਆਪਣੇ ਉਪਰ ਮਿੱਟੀ ਪਾ ਕੇ ਹੋਰ ਮੈਲਾ ਹੋ ਜਾਂਦਾ ਹੈ, ਇਸੇ ਤਰ੍ਹਾਂ ਹੰਕਾਰ ਧਾਰਣ ਕਰਕੇ ਕੀਤੇ ਹੋਏ ਸਾਰੇ ਕਰਮ ਨਾਸ਼ ਹੋ ਜਾਂਦੇ ਹਨ। ਜਿਵੇਂ ਕਬੀਰ ਜੀ—

**ਕਰਮ ਕਰਤ ਬਧੇ ਅਹੰਮੇਵ॥** (*ਗ: ਕਬੀਰ, ਜੀ, ਪੰਨਾ—੩੨੪*)

(4) ਭਾਵੇਂ ਕੋਈ ਯੋਗ ਸਾਧਨਾਂ ਰਾਹੀਂ ਸਿਧੀਆਂ ਹਾਸਲ ਕਰ ਲਵੇ, ਚੌਰਾਸੀ ਆਸਣ ਬਾਰ-ਬਾਰ ਕਰਦੇ ਰਹੇ ਅਤੇ

ਯੋਗ ਬਲ ਦੁਆਰਾ ਉਮਰ ਵੀ ਵੱਡੀ ਕਰ ਲਵੇ, ਤਾਂ ਵੀ ਹਰੀ ਦਾ ਸੰਗ ਪ੍ਰਾਪਤ ਨਹੀਂ ਹੋਣਾ, ਬਲਕਿ ਬਾਰ-ਬਾਰ ਜਨਮ-ਮਰਨ ਆਦਿ ਦੇ ਚੱਕਰ ਵਿੱਚ ਆਉਣਾ ਪਵੇਗਾ।

(5) ਸੁੰਦਰ ਮਹਿਲ ਮਾੜੀਆਂ ਦੀ ਰਚਨਾ ਕਰਨਾ ਰਾਜਿਆਂ ਦੀ ਲੀਲਾ ਹੁੰਦੀ ਹੈ, ਜਿਨ੍ਹਾਂ ਵਿੱਚ ਬੈਠਕੇ ਅਨੇਕਾਂ ਪ੍ਰਕਾਰ ਦੇ ਹੁਕਮ ਕਰਦੇ ਹਨ ਅਤੇ ਸੁੰਦਰ ਸੇਜਾਂ ਬਣਾ ਕੇ ਉਪਰ ਚੰਦਨ ਕੇਸਰ ਆਦਿ ਛਿੜਕਣੇ ਇਹ ਸਭ ਘੋਰ ਨਰਕਾਂ ਦਾ ਦੁਆਰ ਹੈ।

(6) ਪ੍ਰੇਮੀਆਂ ਨੇ, ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਨੂੰ ਬੇਨਤੀ ਕੀਤੀ, ਆਪ ਨੇ ਸਭ ਸਾਧਨ ਨਿਹਫਲ ਦਿਖਾ ਦਿੱਤੇ ਹਨ, ਜੇ ਇਹ ਸਾਰੇ ਸਾਧਨ ਨਿਹਫਲ ਹਨ ਤਾਂ ਇਹੋ ਜਿਹਾ ਸਾਧਨ ਕੋਈ ਹੈ, ਜੋ ਵਾਹਿਗੁਰੂ ਨੂੰ ਮਿਲਾ ਦੇਵੇ? ਪ੍ਰੇਮੀਆਂ ਦਾ ਸ਼ੰਕਾ ਸੁਣਕੇ ਬਾਬਾ ਜੀ ਨੇ ਐਸੇ ਉਚਾਰਣ ਕੀਤਾ—

**ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥**
**ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥**

ਹੇ ਪ੍ਰੇਮੀ ਜਨੋ! ਹਰੀ ਵਾਹਿਗੁਰੂ ਦਾ ਜਸ ਅਤੇ ਸਾਧੂ ਜਨਾਂ ਦੀ ਸੰਗਤ ਹੀ ਕਲਯੁਗ ਵਿੱਚ ਸਾਰੇ ਕਰਮਾਂ ਦਾ ਸ਼੍ਰੋਮਣੀ ਕਰਮ ਹੈ। ਪਰ ਇਹ ਉੱਤਮ ਕਰਮ ਉਸੇ ਮਨੁੱਖ ਨੂੰ ਪ੍ਰਾਪਤ ਹੁੰਦਾ ਹੈ, ਜਿਸਦਾ ਪਿਛਲੇ ਜਨਮਾਂ ਦੀ ਕੀਤੀ ਉੱਤਮ ਕਮਾਈ ਦਾ ਫਲ ਵਾਹਿਗੁਰੂ ਨੇ ਮੱਥੇ ਤੇ ਲਿਖਿਆ ਹੈ।

(7) **ਤੇਰੋ ਸੇਵਕੁ ਇਹ ਰੰਗਿ ਮਾਤਾ॥**
**ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ॥**

ਹੇ ਵਾਹਿਗੁਰੂ! ਤੇਰੇ ਜੋ ਸੇਵਕ ਹਨ ਉਹ ਹਮੇਸ਼ਾਂ ਤੇਰੇ ਪ੍ਰੇਮ ਵਿੱਚ ਮਸਤ ਰਹਿੰਦੇ ਹਨ। ਹੇ ਦੀਨਾਂ ਦੇ ਦੁੱਖ ਦੂਰ ਕਰਨ ਵਾਲੇ, ਵਾਹਿਗੁਰੂ ਜਿਸ ਵਡਭਾਗੇ ਜੀਵ ਉੱਪਰ ਤੂੰ ਕ੍ਰਿਪਾ ਦ੍ਰਿਸ਼ਟੀ ਕਰਦਾ ਹੈਂ ਉਸਦਾ ਮਨ ਹਮੇਸ਼ਾ ਆਪ ਦੀ ਜੱਸ ਕੀਰਤੀ ਵਿੱਚ ਮਗਲ ਰਹਿੰਦਾ ਹੈ।

ਇਸ ਪ੍ਰਕਾਰ ਗੁਰਬਾਣੀ ਦੀ ਕਥਾ ਸ਼ਾਸਤਰ ਪ੍ਰਮਾਣ ਅਤੇ ਅਨੇਕਾਂ ਦ੍ਰਿਸ਼ਟਾਂਤਾਂ ਨੂੰ ਵਿਚਾਰ ਪੂਰਵਕ ਸੁਣਕੇ *ਸਸ਼ਰਾਮ ਨਗਰ* ਦੀ ਸੰਗਤ ਜੋ ਆਪਸ ਵਿੱਚ ਵੈਰ-ਵਿਰੋਧ ਰੱਖਦੇ ਸਨ ਪ੍ਰੇਮ ਭਾਵ ਨਾਲ ਰਹਿਣ ਲੱਗੇ ਅਤੇ ਇਕ ਦੂਸਰੇ ਦੇ ਦੁੱਖ-ਸੁੱਖ ਵਿੱਚ ਸਹਾਇਕ ਹੋਣ ਲੱਗੇ। ਮਹਾਂਪੁਰਖਾਂ ਨੇ ਸਭ ਨੂੰ ਗੁਰਦੁਆਰੇ ਵਿੱਚ ਇਕੱਠੇ ਕਰਕੇ ਪ੍ਰੇਮ-ਪੂਰਵਕ ਰਹਿਣ ਦੀ ਪ੍ਰੇਰਣਾ ਕੀਤੀ।

## ਪਹਿਲੀ ਵਾਰ ਸਿੰਧ ਜਾਣਾ

ਆਪ ਜੀ ਨੇ ਸੰਮਤ 1953 ਤਥਾ 1896 ਈਸਵੀ ਨੂੰ ਪੰਡਿਤ ਸੁੱਚਾ ਸਿੰਘ ਜੀ ਅਤੇ ਆਪਣੀ ਸੰਤਮੰਡਲੀ ਦੇ ਸਹਿਤ ਦੱਖਣ ਦੇ ਤੀਰਥ ਅਸਥਾਨਾਂ ਦੀ ਯਾਤਰਾ ਕਰਨ ਲਈ ਚਾਲੇ ਪਾਏ। ਰਿਸ਼ੀਕੇਸ਼ ਤੋਂ ਚੱਲਕੇ ਪੜਾ-ਵਾਰ ਸਤ ਉਪਦੇਸ਼ ਕਰਦੇ ਜਗਨਨਾਥ ਪਹੁੰਚੇ। ਇਥੇ ਰੁੱਕ ਕੇ ਦੋ-ਚਾਰ ਦਿਨ ਦਰਸ਼ਨ ਦੀਦਾਰੇ ਕਰਕੇ, ਰਾਮੇਸ਼ਵਰ ਅਤੇ ਦੱਖਣ ਦੇ ਹੋਰ ਤੀਰਥ ਅਸਥਾਨਾਂ ਦੀ ਯਾਤਰਾ ਕਰਦੇ ਹੋਏ, ਦੁਆਰਕਾ ਪੁਰੀ ਪਹੁੰਚੇ। ਉਸੀ ਸਮੇਂ ਹੈਦਰਾਬਾਦ ਸਿੰਧ ਅਤੇ ਕਰਾਚੀ ਤੋਂ ਕੁਝ ਸਿੰਧੀ ਸੰਗਤ ਯਾਤਰਾ ਲਈ ਦੁਆਰਕਾ ਆਈ ਹੋਈ ਸੀ। ਉਨ੍ਹਾਂ ਨੇ ਬਾਬਾ ਬੁੱਢਾ ਸਿੰਘ ਜੀ ਦੇ ਦਰਸ਼ਨ ਮਿਲਾਪ ਅਤੇ ਬਚਨਾਂ ਤੋਂ ਪ੍ਰਭਾਵਿਤ ਹੋ ਕੇ ਸਿੰਧ ਜਾਣ ਲਈ ਬੇਨਤੀ ਕੀਤੀ।

ਆਪ ਜੀ ਸਿੰਧੀ ਸੰਗਤ ਦੀ ਬੇਨਤੀ ਪ੍ਰਵਾਨ ਕਰਕੇ ਕੁਝ ਦਿਨ ਦੁਆਰਕਾ ਠਹਿਰਕੇ ਸੰਗਤ ਦੇ ਨਾਲ ਸਮੁੰਦਰੀ ਜਹਾਜ਼ ਰਾਹੀਂ ਕਰਾਚੀ ਪਹੁੰਚ ਗਏ। ਕਰਾਚੀ ਵਿੱਚ ਸੇਠ ਚੇਲਾ ਰਾਮ ਦੱਲੋਮੱਲ ਦਾ ਇਕ ਬਗੀਚਾ ਸੀ, ਸੰਗਤ ਨੇ ਮਿਲਕੇ ਆਪ ਜੀ ਦਾ ਉਸ ਬਗੀਚੇ ਵਿੱਚ ਰਹਿਣ ਆਦਿ ਦਾ ਸਾਰਾ ਪ੍ਰਬੰਧ ਕੀਤਾ। ਸੰਗਤਾਂ ਦੀ ਆਵਾਜਾਈ ਸ਼ੁਰੂ ਹੋਣ ਤੇ ਸਵੇਰੇ ਸ਼ਾਮ ਕਥਾ ਸਤਸੰਗ ਸ਼ੁਰੂ ਹੋ ਗਿਆ। ਕਥਾ ਵਿਖਿਆਨ ਆਪ ਬਹੁਤ ਨਿਰਾਲੇ ਢੰਗ ਨਾਲ ਯਾਨੀ ਸਰਲ ਸ਼ਬਦਾਂ ਵਿੱਚ ਕਰਦੇ ਸਨ, ਜੋ ਆਮ ਬੰਦੇ ਦੀ ਸਮਝ ਵਿੱਚ ਸੌਖਾ ਆ ਜਾਂਦਾ ਸੀ।

ਇਸ ਲਈ ਕਾਫੀ ਸੰਗਤਾਂ ਸਵੇਰੇ-ਸ਼ਾਮ ਜੁੜਦੀਆਂ ਸਨ। ਇਉਂ ਸਤ ਉਪਦੇਸ਼ ਕਰਦਿਆਂ ਜਦ ਕਾਫੀ ਦਿਨ ਗੁਜ਼ਰ ਗਏ ਤਾਂ ਹੈਦਰਾਬਾਦ ਦੇ ਕੁਝ ਪ੍ਰੇਮੀ ਜੋ ਦੁਆਰਕਾ ਤੋਂ ਨਾਲ ਆਏ ਸਨ ਬੇਨਤੀ ਕਰਕੇ ਹੈਦਰਾਬਾਦ ਲੈ ਗਏ। ਹੈਦਰਾਬਾਦ ਦੀ ਸੰਗਤ ਨੇ *ਫਲੇਲੀ* ਨਦੀ ਦੇ ਕਿਨਾਰੇ ਦੀਵਾਨ ਦਇਆ ਰਾਮ ਗਿੱਦੂ ਮੱਲ ਦੇ ਸੰਤ ਆਸ਼ਰਮ ਵਿੱਚ ਆਪ ਜੀ ਦਾ ਨਿਵਾਸ ਕੀਤਾ। ਦਰਸ਼ਨ ਕਰਨ ਲਈ ਭਾਵੇਂ ਸਾਰਾ ਦਿਨ ਸੰਗਤਾਂ ਆਉਂਦੀਆਂ ਹੀ ਰਹਿੰਦੀਆਂ ਸਨ ਲੇਕਿਨ ਸ਼ਾਮ ਦੇ ਸਤਸੰਗ ਵਿੱਚ ਕਾਫੀ ਸੰਗਤ ਜੁੜਦੀ ਸੀ। ਇਕ ਦਿਨ ਕੁਝ ਪ੍ਰੇਮੀਆਂ ਨੇ ਬੇਨਤੀ ਕੀਤੀ, ਮਹਾਰਾਜ! ਭਗਤ ਬਾਣੀ ਦੇ ਅਰਥ ਕਠਨ ਹਨ, ਆਪ ਕਿਰਪਾ ਕਰਕੇ ਸਾਰੀ ਭਗਤ ਬਾਣੀ ਦੇ ਅਰਥ ਸੁਣਾਉ। ਆਪ ਜੀ ਨੇ ਸੰਗਤ ਦੀ ਬੇਨਤੀ ਪ੍ਰਵਾਨ ਕਰਕੇ ਭਗਤ ਬਣੀ ਦੇ ਅਰਥ ਸ਼ੁਰੂ ਕੀਤੇ। ਜਿਵੇਂ-ਜਿਵੇਂ ਪਤਾ ਲੱਗਦਾ ਗਿਆ, ਸੰਗਤ ਵੱਧਦੀ ਗਈ, ਬੜੇ-ਬੜੇ ਬੁੱਧੀਵਾਨ ਲੋਕ ਜਿਵੇਂ ਮੁੱਖੀ ਮਿਸਟਰ ਲੇਖ ਰਾਜ ਐਡੀਟਰ ਪ੍ਰਭਾਤ ਪੇਪਰ, ਮਿਸਟਰ ਖਾਨ ਚੰਦ ਪ੍ਰਪਾਤਪ ਰਾਏ, ਹੀਰਾ ਅਕੈਡਮੀ ਦਾ ਪ੍ਰਿੰਸੀਪਲ, ਭਾਈ ਮੂਲਚੰਦ, ਮਿਸਟਰ ਨਵਲ ਰਾਏ ਈਸਰ ਦਾਸ, ਭਗਤ ਆਤਮਾ ਰਾਮ ਬੀਠਲ ਦਾਸ ਆਦਿਕ ਪੜ੍ਹੇ ਲਿਖੇ ਲੋਕ ਵੀ ਸਤਸੰਗ ਵਿੱਚ ਰੋਜ਼ ਸ਼ਾਮਲ ਹੁੰਦੇ।

ਸੰਗਤਾਂ ਦਾ ਅਥਾਹ ਪ੍ਰੇਮ ਦੇਖਕੇ ਆਪ ਜੀ ਨੇ ਤਿੰਨੇ ਮਹੀਨੇ ਵਿੱਚ ਭਗਤ ਬਾਣੀ ਦੀ ਕਥਾ ਪੂਰੀ ਕੀਤੀ।*

ਇਸ ਪ੍ਰਕਾਰ ਹੈਦਰਾਬਾਦ ਦੀ ਸੰਗਤ ਉਪਰ ਤਿੰਨ ਮਹੀਨੇ ਅੰਮ੍ਰਿਤਮਈ ਵਰਖਾ ਕਰਕੇ ਕੁਝ ਪ੍ਰੇਮੀਆਂ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਸ਼ਿਕਾਰਪੁਰ ਪਹੁੰਚੇ। ਇਥੇ ਕੁਝ ਦਿਨ ਠਹਿਰਕੇ ਸਤਸੰਗ ਦੁਆਰਾ ਗੁਰੂ ਨਾਨਕ ਦੇ ਘਰ ਦੀ ਮਹਿਕ ਖਿਲਾਰਕੇ ਅੰਮ੍ਰਿਤਸਰ ਹੁੰਦੇ ਹੋਏ ਵਾਪਸ ਰਿਸ਼ੀਕੇਸ਼ ਆ ਪਹੁੰਚੇ।

## ਰੰਮਤ ਦਾ ਮੁਖੀ ਥਾਪਨਾ

ਸਿੰਧ ਤੋਂ ਵਾਪਸ ਆ ਕੇ ਥੋੜ੍ਹੇ ਦਿਨ ਰਿਸ਼ੀਕੇਸ ਰੁਕੇ, ਫਿਰ ਗੰਗਾ ਸਾਗਰ ਦੀ ਯਾਤਰਾ ਕਰਨ ਦੇ ਸੰਕਲਪ ਨਾਲ ਕਲਕੱਤੇ ਲਈ ਰਵਾਨਾ ਹੋ ਗਏ। ਕਲਕੱਤੇ ਪਹੁੰਚ ਕੇ ਛੋਟੀ ਸੰਗਤ ਗੁਰਦੁਆਰਾ ਵਿਖੇ ਪੜਾਅ ਕੀਤਾ। ਇਥੇ ਕੁਝ ਦਿਨ ਰਹਿ ਕੇ ਦੂਰ-ਨੇੜੇ ਦੇ ਇਤਿਹਾਸਕ ਅਸਥਾਨਾਂ ਦੇ ਦਰਸ਼ਨ ਦੀਦਾਰੇ ਕੀਤੇ, ਫਿਰ ਆਪ ਨੇ ਵਾਪਸੀ ਦਾ ਵਿਚਾਰ ਪ੍ਰਗਟ ਕੀਤਾ, ਲੇਕਿਨ ਇਥੇ ਰਲੀ-ਮਿਲੀ ਸੰਗਤ ਸੀ ਯਾਨੀ ਪੰਜਾਬੀ, ਸਿੰਧੀ ਅਤੇ ਮਾਰਵਾੜੀ। ਸਭ ਨੇ ਮਿਲਕੇ ਜਪੁਜੀ ਸਾਹਿਬ ਦੀ ਸੰਪੂਰਨ ਕਥਾ ਕਰਨ ਲਈ ਬੇਨਤੀ ਕੀਤੀ। ਗੁਰਦੁਆਰਾ ਸਾਹਿਬ ਨਾਲ ਸੰਗਤ ਕਾਫੀ ਜੁੜੀ ਹੋਈ ਸੀ ਇਸ ਲਈ ਸਭ ਪ੍ਰੇਮੀਆਂ ਦੀ ਬੇਨਤੀ ਪ੍ਰਵਾਨ ਕਰਕੇ ਦੋਏ ਆਪ ਨੇ ਇਕ ਮਹੀਨੇ ਵਿੱਚ ਜਪੁਜੀ ਸਾਹਿਬ ਦੀ ਕਥਾ ਸੰਪੂਰਨ ਕੀਤੀ। ਇਸ ਪ੍ਰਕਾਰ ਕੋਈ ਸਵਾ ਮਹੀਨੇ ਦੇ ਕਰੀਬ ਕਲਕੱਤਾ ਠਹਿਰ ਕੇ ਜਦ ਵਾਪਸੀ ਦਾ ਵਿਚਾਰ ਪ੍ਰਗਟ ਕੀਤਾ, ਤਾਂ ਕੁਝ ਮਾਰਵਾੜੀ ਅਤੇ ਸਿੰਧੀ ਸੰਗਤਾਂ ਨੇ ਜਗਨਨਾਥ ਦੀ ਯਾਤਰਾ ਕਰਨ ਲਈ ਬੇਨਤੀ ਕੀਤੀ।

ਸੰਗਤਾਂ ਦਾ ਅਥਾਹ ਪ੍ਰੇਮ ਦੇਖਕੇ ਬਚਨ ਕੀਤਾ, ਅਸੀਂ ਇਕ ਵਾਰ ਜਗਨਨਾਥ ਦੀ ਯਾਤਰਾ ਕਰ ਆਏ ਹਾਂ ਲੇਕਿਨ ਤੁਹਾਡਾ ਪ੍ਰੇਮ ਵੀ ਨਹੀਂ ਠੁਕਰਾ ਸਕਦੇ। ਇਸ ਪ੍ਰਕਾਰ ਸੰਗਤਾਂ ਦੇ ਪ੍ਰੇਮਵਸ ਕਾਫੀ ਸੰਗਤ ਨੂੰ ਨਾਲ ਲੈ ਕੇ, ਦੂਸਰੀ ਵਾਰ ਜਗਨਨਾਥ ਪੁਰੀ ਦੀ ਯਾਤਰਾ ਕੀਤੀ। ਕੁਝ ਦਿਨ ਜਗਨਨਾਥ ਠਹਿਰਕੇ ਕਲਕੱਤੇ ਵਾਲੀ ਸੰਗਤ ਨੇ ਬੇਨਤੀ ਕੀਤੀ, ਮਹਾਰਾਜ! ਕਲਕੱਤੇ ਦੀ ਸੰਗਤ ਨੂੰ ਬਹੁਤ ਘੱਟ ਸਮਾਂ ਮਿਲਿਆ ਹੈ, ਇਸ ਲਈ ਕ੍ਰਿਪਾ ਕਰਕੇ ਵਾਪਸ ਕਲਕੱਤੇ ਹੀ ਚੱਲੋ, ਆਪ ਜੀ ਦੇ ਸਤਸੰਗ ਦਾ ਕੁਝ ਦਿਨ ਸੰਗਤਾਂ ਹੋਰ ਲਾਭ ਉਠਾ ਲੈਣਗੀਆਂ। ਸੇਠ ਜੁਗਲ ਕਿਸ਼ੋਰ ਸਿੰਧੀ ਦੇ ਜ਼ਿਆਦਾ ਜ਼ੋਰ ਪਾਉਣ ਤੇ ਆਪ ਦੁਬਾਰਾ ਫਿਰ ਕਲਕੱਤੇ ਗਏ। ਕਈ ਦਿਨ ਇਥੇ ਠਹਿਰ ਕੇ ਪਰਮਾਰਥ ਦੇ ਵਿਚਾਰਾਂ ਦੁਆਰਾ ਸੰਗਤਾਂ ਨੂੰ ਉਪਦੇਸ਼ ਕਰਕੇ ਵਾਪਸੀ ਕੀਤੀ। ਕਲਕੱਤੇ ਤੋਂ ਕਾਸ਼ੀ ਹੁੰਦੇ ਹੋਏ ਸਹਜੇ-ਸਹਜੇ ਯਾਤਰਾ ਕਰਦੇ ਪ੍ਰਾਗ ਰਾਜ ਪਹੁੰਚ ਗਏ। ਨਿਰਮਲ ਪੰਚਾਇਤੀ ਅਖਾੜੇ ਦੇ ਸ੍ਰੀ ਮਹੰਤ, ਸ੍ਰੀ ਮਾਨ ਪੰਡਿਤ ਊਧਵ ਸਿੰਘ ਜੀ ਪਹਿਲਾਂ ਹੀ ਇਥੇ ਪਹੁੰਚੇ ਹੋਏ ਸਨ। ਕਾਸ਼ੀ ਪੜ੍ਹਣ ਸਮੇਂ ਪੰਡਿਤ ਊਧਵ ਸਿੰਘ ਜੀ ਆਪ ਜੀ ਦੀ ਕਾਬਲੀਅਤ ਅਤੇ ਸ਼ੁਭ ਗੁਣਾਂ ਤੋਂ ਚੰਗੀ ਤਰ੍ਹਾਂ ਵਾਕਫ ਸਨ, ਇਸ ਲਈ ਬੋਲੇ, ਮਹਾਂਪੁਰਸ਼ੋ! ਕਾਰ ਤਾਂ ਆਪ ਪਹਿਲਾਂ ਵੀ ਪਰਮੇਸ਼ਰ ਦੀ ਹੀ ਕਰ ਰਹੇ ਹੋ, ਯਾਨੀ ਸੰਤ ਮੰਡਲੀ

---

* *ਪੂਰੀ ਭਗਤ ਬਾਣੀ ਦੇ ਅਰਥ ਸੰਗਤ ਨੇ ਨਾਲ-ਨਾਲ ਲਿਖਕੇ ਸਿੰਧੀ ਭਾਸ਼ਾ ਵਿੱਚ ਪੁਸਤਕ ਛਪਵਾ ਲਈ ਜੋ ਅੱਜ ਵੀ ਮੌਜੂਦ ਹੈ।*

ਨਾਲ ਵਿਚਰ ਕੇ ਗੁਰੂ ਨਾਨਕ ਦੇ ਘਰ ਦਾ ਉਪਦੇਸ਼ ਕਰ ਰਹੇ ਹੋ, ਅੱਜ ਤੋਂ ਨਿਰਮਲ ਪੰਥ ਦੀ ਸੇਵਾ ਸੰਭਾਲੋ! ਯਾਨੀ ਆਪ ਨੂੰ ਰੰਮਤ ਦਾ ਮੁਖੀਆ ਮਹੰਤ ਸਥਾਪਤ ਕੀਤਾ ਹੈ।

ਇਸ ਲਈ ਆਪ ਇਹ ਸੇਵਾ ਸੰਭਾਲੋ। ਸ੍ਰੀ ਮਹੰਤਾਂ ਦੀ ਗੱਲ ਸੁਣਕੇ ਆਪ ਥੋੜ੍ਹਾ ਮੁਸਕਰਾ ਕੇ ਬੋਲੇ—

**ਹਰਿ ਕੀ ਗਤਿ ਨਹਿ ਕੋਊ ਜਾਨੈ ॥**

*(ਰਾਗੁ ਬਿਹਾਗੜਾ ਮ: ੯, ਪੰਨਾ-੫੩੭)*

ਸ੍ਰੀ ਮਹੰਤਾਂ ਨੇ ਆਪ ਦੇ ਮੁੱਖੋਂ ਇਹ ਪੰਕਤੀ ਸੁਣਕੇ ਪੁੱਛਿਆ, ਇਹ ਉਚਾਰਨ ਦਾ ਕੀ ਮਤਲਬ? ਬਾਬਾ ਬੁੱਢਾ ਸਿੰਘ ਮਹਾਰਾਜ ਨੇ ਦੱਸਿਆ, ਅਸੀਂ ਜਗਨਨਾਥ ਦੀ ਯਾਤਰਾ ਤੋਂ ਵਾਪਸ ਰਿਸ਼ੀਕੇਸ਼ ਵੱਲ ਜਾ ਰਹੇ ਸੀ, ਲੇਕਿਨ ਕਲਕੱਤੇ ਦੀ ਸੰਗਤ ਦੇ ਜ਼ਿਆਦਾ ਜ਼ੋਰ ਪਾਉਣ ਤੇ ਦੁਬਾਰਾ ਫਿਰ ਕਲਕੱਤਾ ਗਏ, ਕਿਉਂਕਿ ਗੁਰੂ ਨਾਨਕ ਨੂੰ ਕੁਝ ਹੋਰ ਭਾਉਂਦਾ ਸੀ।

## ਗੋਦਾਵਰੀ ਦੇ ਕੁੰਭ ਤੇ ਜਾਣਾ

ਪ੍ਰਾਗਰਾਜ ਤੋਂ ਅਖਾੜੇ ਦੀ ਰੰਮਤ ਨੂੰ ਨਾਲ ਲੈ ਕੇ, ਗੋਦਾਵਰੀ ਵੱਲ ਚਾਲੇ ਪਾਏ, ਕਿਉਂਕਿ ਗੋਦਾਵਰੀ ਦਾ ਕੁੰਭ ਮੇਲਾ ਨਜ਼ਦੀਕ ਆ ਗਿਆ ਸੀ, ਇਸ ਲਈ ਪੜਾਅ ਵਾਰ ਚੱਲਦੇ ਕਾਫੀ ਸਮੇਂ ਵਿੱਚ ਗੋਦਾਵਰੀ ਪਹੁੰਚੇ। ਕੁੰਭ ਦੇ ਇਸ਼ਨਾਨ ਲਈ ਸਭ ਮਤਾਂ ਦੇ ਸਾਧੂ ਭਾਰੀ ਗਿਣਤੀ ਵਿੱਚ ਪਹੁੰਚੇ ਹੋਏ ਸਨ, ਕਥਾ ਸਤਸੰਗ ਹਰ ਰੋਜ਼ ਹੁੰਦਾ ਹੀ ਸੀ, ਇਸ ਤਰ੍ਹਾਂ ਸਮੇਂ ਨੂੰ ਸਫਲਾ ਕਰਦਿਆਂ ਸੰਗਤਾਂ ਦੇ ਪ੍ਰੇਮਵਸ ਚਾਰ ਮਹੀਨੇ ਇਥੇ ਹੀ ਗੁਜਾਰੇ। ਕੁੰਭ ਦਾ ਮੇਲਾ ਸਮਾਪਤ ਹੋਣ ਤੇ ਕੁਝ ਦਿਨ ਨਾਸਕ ਗੁਜ਼ਾਰ ਦੇ ਅੱਗੇ ਨੂੰ ਚਾਲੇ ਪਾਏ। ਜਲ ਗਾਉਂ, ਚਾਲੀਸ ਗਾਉਂ, ਭੋਸਾਵਲ, ਫੈਜ਼ਪੁਰ ਹੁੰਦੇ ਹੋਏ ਬਹਿਰਾਮ ਪੁਰ ਪਹੁੰਚੇ। ਇਸ ਸ਼ਹਿਰ ਨੂੰ ਦੱਖਣ ਵੱਲ ਜਾਂਦੇ ਹੋਏ ਕਲਗੀਧਰ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਆਪਣੀ ਚਰਨ ਧੂੜੀ ਬਖਸ਼ਿਸ਼ ਕੀਤੀ ਸੀ, ਉਸ ਜਗ੍ਹਾ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ।

ਆਪ ਰੰਮਤ ਦੇ ਸਮੇਤ ਉਸ ਪਵਿੱਤਰ ਅਸਥਾਨ ਤੇ ਠਹਿਰੇ। ਇਹ ਅਸਥਾਨ ਤਾਪੀ ਗੰਗਾ ਦੇ ਕਿਨਾਰੇ ਸੁਸ਼ੋਭਿਤ ਹੈ। ਇਸ ਵਿੱਚ ਨਿਰਮਲ ਜਲ ਹਮੇਸ਼ਾ ਵਹਿੰਦਾ ਰਹਿੰਦਾ ਹੈ। ਇਥੇ ਦੀ ਸੰਗਤ ਨੇ ਆਪ ਜੀ ਨੂੰ ਬਹੁਤ ਪ੍ਰੇਮ ਕੀਤਾ। ਕਥਾ ਸਤਸੰਗ ਤਾਂ ਅਖਾੜੇ ਵੱਲੋਂ ਹਰ ਰੋਜ਼ ਹੁੰਦਾ ਹੀ ਸੀ ਲੇਕਿਨ ਦਸ਼ਮੇਸ਼ ਪਿਤਾ ਦੀ ਯਾਦ ਵਿੱਚ ਅਖਾੜੇ ਵੱਲੋਂ ਇਕ ਸ੍ਰੀ ਅਖੰਡ ਪਾਠ ਸਾਹਿਬ ਵੀ ਕੀਤਾ ਗਿਆ। ਇਸ ਪ੍ਰਕਾਰ ਕਲਗੀਧਰ ਪਾਤਿਸ਼ਾਹ ਦੀ ਯਾਦ ਵਿੱਚ ਇਸ ਪਵਿੱਤਰ ਅਸਥਾਨ ਤੇ ਸੰਗਤਾਂ ਦੇ ਪ੍ਰੇਮਵਸ ਇਕ ਮਹੀਨਾ ਠਹਿਰਕੇ ਉਜੈਨ ਵੱਲ ਚਾਲੇ ਪਾਏ।

## ਉਜੈਨ ਦਾ ਕੁੰਭ

ਉਜੈਨ ਦੇ ਕੁੰਭ ਦਾ ਸਮਾਂ ਨਜ਼ਦੀਕ ਜਾਣਕੇ ਆਪ ਜੀ ਰੰਮਤ ਸਮੇਤ ਬਹਿਰਾਮਪੁਰ ਤੋਂ ਚਾਲੇ ਪਾ ਕੇ ਪੜਾਅ ਵਾਰ ਯਾਤਰਾ ਕਰਕੇ ਹੋਏ ਇੰਦੌਰ ਪਹੁੰਚੇ। ਪਰਮੇਸ਼ਰ ਦੀ ਨੇਤ ਐਸੀ ਹੋਈ ਕਿ ਬਾਰਸ਼ ਨਾ ਪੈਣ ਦੀ ਵਜ੍ਹਾ ਕਰਕੇ, ਉਜੈਨ ਦੇ ਇਲਾਕੇ ਵਿੱਚ ਕਾਲ ਵਰਗੀ ਹਾਲਤ ਪੈਦਾ ਹੋ ਗਈ। ਅੰਨ ਅਤੇ ਪੀਣ ਵਾਲੇ ਪਾਣੀ ਦੀ ਜ਼ਬਰਦਸਤ ਥੁੜ ਹੋ ਗਈ। ਇਸ ਲਈ ਕੁੰਭ ਤੇ ਜਾਣ ਵਾਲੇ ਮਹਾਤਮਾ ਸਿੱਧਾ ਉਜੈਨ ਜਾਣ ਦੀ ਬਜਾਏ ਇੰਦੌਰ ਇਕੱਠੇ ਹੋਣੇ ਸ਼ੁਰੂ ਹੋ ਗਏ ਕਿਉਂਕਿ ਇੰਦੌਰ ਨਰੇਸ਼ ਸ੍ਰੀ ਸੀਆ ਰਾਉ ਜੀ ਧਾਰਮਿਕ ਸੰਸਕਾਰੀ ਅਤੇ ਸੰਤ ਸੇਵੀ ਸਨ। ਇਸ ਲਈ ਰਿਆਸਤ ਵੱਲੋਂ ਸਾਧੂ ਮਹਾਤਮਾ ਦੇ ਠਹਿਰਣ ਲਈ ਹਰ ਪ੍ਰਕਾਰ ਦਾ ਇੰਤਜ਼ਾਮ ਅਤੇ ਸਹੂਲਤਾਂ ਦੇ ਸਹਿਤ ਅੱਛਾ ਪ੍ਰਬੰਧ ਕੀਤਾ ਹੋਇਆ ਸੀ। ਇਕ ਲਿਖਤ ਦੇ ਮੁਤਾਬਿਕ ਕੋਈ ਤੀਹ ਹਜ਼ਾਰ ਦੇ ਕਰੀਬ ਮਹਾਤਮਾ ਇੰਦੌਰ ਇਕੱਠੇ ਹੋ ਗਏ ਸਨ। ਸਭ ਸੰਪਰਦਾਵਾਂ ਜਿਵੇਂ ਸੰਨਿਆਸੀ, ਬੈਰਾਗੀ, ਉਦਾਸੀ, ਨਿਰਮਲੇ ਆਦਿਕ ਸਭ ਭੇਖਾਂ ਦੇ ਸਾਧੂ ਪਹੁੰਚੇ ਹੋਏ ਸਨ। ਜਿਥੇ-ਜਿਥੇ ਵੀ ਸਾਧੂ

* *ਨਿਰਮਲ ਪੰਚਾਇਤੀ ਅਖਾੜੇ ਵੱਲੋਂ ਗੁਰੂ ਨਾਨਕ ਦੇਵ ਦੇ ਘਰ ਦਾ ਪ੍ਰਚਾਰ ਕਰਨ ਲਈ ਇਕ ਤਕੜੀ ਸੰਤ-ਮੰਡਲੀ ਦੇਸ਼-ਪ੍ਰਦੇਸ਼ ਵਿਚ ਵਿਚਰਦੀ ਰਹਿੰਦੀ ਸੀ ਜਿਸਨੂੰ ਰੰਮਤ ਕਿਹਾ ਜਾਂਦਾ ਸੀ। ਸ੍ਰੀਮਾਨ ਸੰਤ ਬਾਬਾ ਬੁੱਢਾ ਸਿੰਘ ਜੀ ਮਹਾਰਾਜ ਇਸ (ਰੰਮਤ) ਮੰਡਲੀ ਦੇ ਕਈ ਸਾਲ ਮੁਖੀਆ ਮਹੰਤ ਰਹੇ ਅਤੇ ਫਿਰ ਕਈ ਸਾਲ ਅਖਾੜੇ ਦੇ ਹੋਰ ਅਹੁਦਿਆਂ ਤੇ ਰਹਿਕੇ ਵੀ ਬਹੁਤ ਸੁਚੱਜੇ ਢੰਗ ਨਾਲ ਸੇਵਾ ਕਰਦੇ ਰਹੇ।*

ਠਹਿਰੇ ਹੋਏ ਸਨ, ਹਰ ਰੋਜ਼ ਕਥਾ, ਸਤਸੰਗ, ਆਤਮ ਵਿਚਾਰ, ਵਿਦਾਂਤ ਆਦਿਕ ਵਿਸ਼ਿਆਂ ਦੇ ਪ੍ਰਵਚਨ ਹੁੰਦੇ ਰਹਿੰਦੇ ਸਨ। ਕਦੀ-ਕਦੀ ਮਹਾਰਾਜਾ ਇੰਦੌਰ ਵੀ ਪ੍ਰਵਚਨ ਸੁਣਨ ਲਈ ਜਾਂਦੇ।

ਇਕ ਦਿਨ ਬਾਬਾ ਬੁੱਢਾ ਸਿੰਘ ਜੀ ਮਹਾਰਾਜ ਪ੍ਰਵਚਨ ਕਰ ਰਹੇ ਸਨ, ਹਜ਼ਾਰਾਂ ਦੀ ਤਦਾਦ ਵਿੱਚ ਸੰਤ ਮਹਾਤਮਾ ਅਤੇ ਹੋਰ ਯਾਤਰੀ ਸਤਸੰਗ ਦਾ ਲਾਭ ਉਠਾ ਰਹੇ ਸਨ। ਦੇਵਨੇਤ ਨਾਲ ਇੰਦੌਰ ਦੇ ਰਾਜਾ ਸ੍ਰੀ ਸੀਆ ਰਾਉ ਵੀ ਮਹਾਤਮਾਵਾਂ ਦੇ ਦਰਸ਼ਨ ਅਤੇ ਸਤਸੰਗ ਸੁਨਣ ਲਈ ਸਭਾ ਵਿੱਚ ਸੁਸ਼ੋਭਿਤ ਹੋ ਗਏ, ਤਾਂ ਮਹੰਤ ਬੁੱਢਾ ਸਿੰਘ ਜੀ ਨੇ ਵਖਿਆਨ ਸ਼ੁਰੂ ਕੀਤਾ, ਪਿਆਰੇ ਪ੍ਰੇਮੀਓ! ਮਾਨਵ ਜੀਵਣ ਦਾ ਪਰਮਉਦੇਸ਼ ਹੈ, ਸੱਤ ਚਿੱਤ, ਅਨੰਦ ਸਵਰੂਪ ਆਤਮਾ ਦਾ ਯਥਾਰਥ ਗਿਆਨ ਹਾਸਲ ਕਰਨਾ। ਕੇਵਲ ਇਤਨਾ ਜਾਣ ਲੈਣਾ ਹੀ ਕਾਫੀ ਨਹੀਂ ਹੈ ਕਿ ਆਨੰਦ ਸਰੂਪ ਪਰਮ-ਪਰਮਾਤਮਾ ਹੈ, ਅਤੇ ਮੈਂ ਉਸਦੀ ਆਗਿਆ ਵਿੱਚ ਰਹਿਣ ਵਾਲਾ ਜੀਵ ਹਾਂ। ਇਤਨਾ ਜਾਣ ਲੈਣ ਨਾਲ ਕੁਝ ਵੀ ਪ੍ਰਾਪਤ ਹੋਣ ਵਾਲਾ ਨਹੀਂ, ਜਿੰਨੀ ਦੇਰ ਸੱਤ, ਚਿਤ, ਅਨੰਦ ਸਰੂਪ ਪਰਮਾਤਮਾ ਨੂੰ ਅਭੇਦ ਰੂਪ ਵਿੱਚ ਯਾਨੀ ਆਪਣਾ ਆਪ ਕਰਕੇ ਨਹੀਂ ਜਾਣ ਲੈਂਦੇ। ਪਰਮੇਸ਼ਵਰ ਨੂੰ ਅਭੇਦ ਰੂਪ ਵਿੱਚ ਜਾਣ ਲੈਣਾ ਹੀ ਬ੍ਰਹਮ ਗਿਆਨ ਹੈ। ਸਮਯਕ ਗਿਆਨ ਯਾਨੀ ਯਥਾਰਥ ਗਿਆਨ ਹੈ ਅਤੇ ਐਸਾ ਗਿਆਨ ਹੀ ਮੋਖਸ਼ ਦਾ ਦਾਤਾ ਹੈ।

ਸੱਤ, ਚਿੱਤ, ਅਨੰਦ ਸਰੂਪ ਬ੍ਰਹਮ ਹੈ, ਇਸ ਪ੍ਰਕਾਰ ਦੇ ਪ੍ਰੋਖਸ਼ ਗਿਆਨ ਨਾਲ ਕੋਈ ਵਿਸ਼ੇਸ਼ ਲਾਭ ਨਹੀਂ ਹੋ ਸਕਦਾ। ਕੇਵਲ ਇਤਨਾ ਜਾਣ ਲੈਣਾ ਕਿ ਪ੍ਰਿਥਵੀ ਦੇ ਹੇਠਾਂ ਪਾਣੀ ਹੈ, ਪਾਣੀ ਮਿਲ ਨਹੀਂ ਜਾਂਦਾ। ਯਾਨੀ ਪਿਆਸ ਨਾਲ ਵਿਆਕੁਲ ਪੁਰਸ਼ ਪਿਆਸ ਬੁਝਾ ਕੇ ਸ਼ਾਂਤ ਨਹੀਂ ਹੋ ਜਾਂਦਾ। ਹਾਂ, ਇਤਨਾ ਲਾਭ ਜ਼ਰੂਰ ਹੈ ਕਿ ਧਰਤੀ ਦੇ ਹੇਠਾਂ ਪਾਣੀ ਦਾ ਗਿਆਨ ਹੋ ਜਾਣ ਤੇ ਪਾਣੀ ਪ੍ਰਾਪਤ ਕਰਨ ਦੀ ਇੱਛਾ ਪੈਦਾ ਹੋ ਜਾਂਦੀ ਹੈ। ਜਿਸ ਵਸਤੂ ਦੀ ਇੱਛਾ ਪੈਦਾ ਹੋ ਜਾਵੇ, ਉਸਨੂੰ ਪ੍ਰਾਪਤ ਕਰਨ ਲਈ ਯਤਨ ਕਰਨਾ ਸੰਭਵ ਹੈ। ਜਦ ਮਨੁੱਖ ਉਸਦੀ ਪ੍ਰਾਪਤੀ ਦੇ ਸਾਧਨ ਯਾਨੀ ਖੂਹ ਪੁੱਟਣ ਦੇ ਔਜ਼ਾਰ ਲੈ ਕੇ ਮਿਹਨਤ ਨਾਲ ਖੂਹ ਪੁਟ ਲੈਂਦਾ ਹੈ, ਤਾਂ ਅੰਮ੍ਰਿਤ ਵਰਗਾ ਜਲ ਹਾਸਲ ਕਰਕੇ ਆਪਣੀ ਪਿਆਸ ਬੁਝਾ ਲੈਂਦਾ ਹੈ, ਅਤੇ ਸ਼ਾਂਤੀ, ਯਾਨੀ ਆਨੰਦ ਦਾ ਅਨੁਭਵ ਕਰਦਾ ਹੈ।

ਇਸੀ ਪ੍ਰਕਾਰ ਪਰਮੇਸ਼ਰ ਦੇ ਪ੍ਰੋਖਸ਼ ਗਿਆਨ ਨਾਲ ਜਗਿਆਸੂ ਨੂੰ ਜਦ ਅਪ੍ਰੋਖਸ਼ ਗਿਆਨ, ਯਾਨੀ ਪ੍ਰਤੱਖਸ਼ ਗਿਆਨ ਦੀ ਇੱਛਾ ਪੈਦਾ ਹੁੰਦੀ ਹੈ, ਤਾਂ ਉਹ ਜਗਿਆਸੂ ਕਹਾਉਂਦਾ ਹੈ। ਐਸਾ ਜਗਿਆਸੂ ਜਦ ਮੋਖਸ਼ ਦੇ ਚਾਰ ਸਾਧਨ ਜੁਟਾ ਲੈਂਦਾ ਹੈ ਯਾਨੀ ਚਤੁੱਸਟੇ ਸਾਧਨ ਸੰਪੰਨ ਹੋ ਜਾਂਦਾ ਹੈ, ਫਿਰ ਅਪ੍ਰੋਖਸ਼ ਗਿਆਨ ਦੀ ਪ੍ਰਾਪਤੀ ਦਾ ਅਧਿਕਾਰੀ ਬਣ ਜਾਂਦਾ ਹੈ। ਚਾਰ ਸਾਧਨ ਕਿਹੜੇ ਹਨ?

(1) ਵਿਵੇਕ, ਵੈਰਾਗ, ਖਟਸੰਪਤੀ ਅਤੇ ਮਮੁਕਸ਼ਤਾ, ਯਾਨੀ ਮੋਖਸ਼ ਦੀ ਇੱਛਾ।

(2) ਖਟਸੰਪਤੀ ਵਿੱਚ ਛੇ ਸਾਧਨ ਮੰਨੇ ਜਾਂਦੇ ਹਨ — ਸ਼ਮ, ਦਮ, ਸ਼ਰਧਾ, ਸਮਾਧਾਨ, ਤਿਤਿਕਸ਼ਾ ਅਤੇ ਉਪਰਤ, ਯਾਨੀ ਉਪਰਾਮਤਾ। ਜਿਸ ਵਕਤ ਉਪਰੋਕਤ ਸਾਧਨ ਸੰਪੰਨ ਜਗਿਆਸੂ ਬ੍ਰਹਮ ਸ੍ਰੋਤਰੀ, ਬ੍ਰਹਮ ਨਿਸ਼ਟ ਗੁਰੂ ਦੇ ਕੋਲ ਜਾ ਕੇ ਆਪਣੀ ਇਛਾ ਪ੍ਰਗਟ ਕਰਦਾ ਹੈ ਤਾਂ ਪਰਮ ਦਿਆਲੂ ਗੁਰੂ ਉਸ ਸਾਧਨ ਸੰਪੰਨ ਜਗਿਆਸੂ ਨੂੰ ਮੋਖਸ਼ ਦਾ ਅਧਿਕਾਰੀ ਜਾਣ ਕੇ ਤੱਤ੍ਵਮਸੀ ਆਦਿਕ ਮਹਾਂਵਕਯ ਦਾ ਉਪਦੇਸ਼ ਦਿੰਦੇ ਹਨ, ਤਾਂ ਜਗਿਆਸੂ ਸ੍ਰਵਣ ਉਪਰੰਤ, ਮੰਨਣ ਨਿਧਿਆਸਣ ਦੇ ਅਭਿਆਸ ਦੁਆਰਾ ਹਿਰਦੇ ਵਿੱਚ ਵਸਾ ਲੈਂਦਾ ਹੈ ਤਾਂ ਜਾ ਕੇ ਅਪ੍ਰੋਖਸ਼ ਗਿਆਨ ਹੁੰਦਾ ਹੈ।

ਪ੍ਰਸ਼ਨ ਉਠਦਾ ਹੈ ਕਿ ਇਤਨਾ ਝੰਜਟ ਅਤੇ ਕਲੇਸ਼ ਪ੍ਰਾਪਤ ਕਰਨ ਦੀ ਜ਼ਰੂਰਤ ਹੀ ਕੀ ਹੈ?

ਉੱਤਰ—ਇਸ ਲਈ ਕਿ ਬਿਨਾਂ ਅਜਿਹੇ ਗਿਆਨ ਦੇ ਅਨੰਤ ਪ੍ਰਕਾਰ ਦੇ ਦੁੱਖਾਂ ਦੀ ਅਤਿਯੰਤਕ ਨਵਿਰਤੀ ਅਤੇ ਪਰਮ-ਅਨੰਦ ਦੀ ਪ੍ਰਾਪਤੀ ਰੂਪ ਮੋਖਸ਼ ਸੰਭਵ ਨਹੀਂ ਹੈ।

ਪ੍ਰਸ਼ਨ—ਇਸ ਲਈ ਕੋਈ ਪ੍ਰਮਾਣ ਹੈ?

ਹਾਂ, ਜ਼ਰੂਰ ਹੈ! ਜਗਤ ਗੁਰੂ, ਗੁਰੂ ਨਾਨਕ ਦੇਵ ਮਹਾਰਾਜ ਦਾ ਕਥਨ ਹੈ—

ਮੁਕਤਿ ਨਹੀ ਬਿਦਿਆ ਬਿਗਿਆਨਿ॥

*(ਰਾਮਕਲੀ ਮ: ੧ ਅਸਟਪਦੀਆ, ਪੰਨਾ-੯੦੩)*

ਅਰਥਾਤ ਸਮਯਕ ਗਿਆਨ, ਯਾਨੀ ਵਿਸ਼ੇਸ਼ ਗਿਆਨ ਭਾਵ ਅਪ੍ਰੋਖਸ਼ ਗਿਆਨ ਤੋਂ ਬਿਨਾਂ ਮੋਖਸ਼ ਦੀ ਪ੍ਰਾਪਤੀ ਨਹੀਂ ਹੋ ਸਕਦੀ, ਤਥਾ ਸ੍ਰੁਤੀ ਵੀ ਇਹੀ ਕਥਨ ਕਰਦੀ ਹੈ।

**ਹਿਰਦੇ ਗਿਆਨਨ ਮੁਕਤੀ** ਭਾਵ ਕਿ ਬਿਨਾਂ ਅਭੇਦ ਗਿਆਨ ਤੋਂ ਮੋਖਸ਼ ਦੀ ਪ੍ਰਾਪਤੀ ਸੰਭਵ ਹੀ ਨਹੀਂ। ਇਕ ਵੈਦਕ ਰਿਸ਼ੀ ਤਾਂ ਇੱਥੋਂ ਤੱਕ ਪ੍ਰਤਿੱਗਆ ਕਰਦਾ ਹੈ ਕਿ ਪ੍ਰਤੱਖਸ਼ ਗਿਆਨ ਦੇ ਬਿਨਾਂ ਦੂਸਰਾ ਹੋਰ ਸਾਧਨ ਹੀ ਨਹੀਂ ਹੈ। ਯਥਾ—

**ਵੇਦਾਹਮਤੰ ਪੁਰਸੰ ਮਹਾਂਤਮਾਦਿਤਯ ਵਰਣ ਤਮਸਃ ਪਰਤਾਤ।**
**ਤਮੇਵ ਬਿਦਿਤ ਵਾਤ ਸ੍ਰਤਯੁਮੇਤਿ ਨਾਨਯਃ ਪੰਥਾ ਵਿਦਵਤੇ ਅਯਨਾਯ॥**

ਭਾਵ ਅਰਥ — ਮੈਂ ਇਸ ਮਹਾਨ ਪੁਰਸ਼ ਅਨੰਦ ਸਰੂਪ ਆਤਮਾ ਨੂੰ ਪ੍ਰਤੱਖਸ਼ ਰੂਪ ਵਿੱਚ ਆਪਣਾ ਆਪ ਕਰਕੇ ਜਾਣਦਾ ਹਾਂ। ਜੋ ਅਗਿਆਨ ਰੂਪ ਅੰਧਕਾਰ ਤੋਂ ਅਤੀ ਦੂਰ, ਸੂਰਜ ਦੇ ਸਮਾਨ, ਸਵਯੰ ਪ੍ਰਕਾਸ਼ ਜੋਤੀ ਸਵਰੂਪ ਹੈ। ਉਸ ਆਤਮਤਤ੍ਵ ਦਾ ਯਥਾਰਥ ਗਿਆਨ ਪ੍ਰਾਪਤ ਕਰਕੇ ਹੀ ਮਨੁੱਖ, ਦੁੱਖ ਅਤੇ ਭੈ ਆਦਿ ਦੇ ਕਾਰਣ, ਅਗਿਆਨ ਰੂਪ ਮੌਤ ਪਰ, ਪੂਰਨ ਰੂਪ ਤੇ ਵਿਜੇ ਪ੍ਰਾਪਤ ਕਰ ਸਕਦਾ ਹੈ।

ਸ਼ਾਸਵਤ ਆਨੰਦ ਸਵਰੂਪ ਕੈਵਲਿਆ ਪ੍ਰਾਪਤ ਕਰਨ ਯਾਨੀ ਅਪ੍ਰੋਖਸ਼ ਆਤਮ ਗਿਆਨ ਦੇ ਬਗੈਰ ਕੋਈ ਦੂਸਰਾ ਮਾਰਗ ਹੀ ਨਹੀਂ ਹੈ। ਸ਼ਾਸਵਤ ਅਨੰਦ ਸਵਰੂਪ ਯਾਨੀ ਪਰਮਪਦ ਦੀ ਪ੍ਰਾਪਤੀ ਵਾਸਤੇ ਗੁਰੂ ਅਰਜਨ ਦੇਵ ਮਹਾਰਾਜ ਜੀ ਵੀ ਪ੍ਰਤੱਖ ਦਰਸ਼ਨ ਨੂੰ ਹੀ ਕਾਰਣ ਮੰਨਦੇ ਹਨ। ਯਥਾ—

**ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ॥**
**ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ॥**

*(ਰਾਗੁ ਆਸਾ ਮਃ ੫ ਛੰਤ ਘਰ-੧, ਪੰਨਾ-੪੫੨)*

ਪ੍ਰੰਤੂ ਇਹ ਗਲ ਵੀ ਯਾਦ ਰਖਣ ਵਾਲੀ ਹੈ ਕਿ ਇਹ ਨਿਤ ਸੁੱਖ-ਸਰੂਪ, ਸ਼ਾਂਤ-ਸਾਗਰ, ਯਾਨੀ ਅਨੰਦਾ-ਸਾਗਰ ਵਾਹਿਗੁਰੂ ਵਿੱਚ ਡੁਬਕੀ ਲਗਾਉਂਣਾ ਤਾਂ ਹੀ ਸੰਭਵ ਹੈ, ਜੇ ਸਾਧਕ ਆਪਣੇ ਸਰੀਰ ਦੀਆਂ ਇੰਦਰੀਆਂ ਅਤੇ ਚੰਚਲ ਮਨ ਉਪਰ ਪੂਰਨ ਤੌਰ ਤੇ ਨਿਯੰਤਰਣ ਜਮਾ ਲਵੇ। ਇਹ ਵੀ ਇਕ ਸਦੀਵੀ ਸੱਚ ਹੈ, ਕਿ ਜਿਤਨਾ ਕੋਈ ਮਨ ਬਾਣੀ ਪਰ ਕੰਟਰੋਲ ਕਰ ਲਵੇ, ਉਤਨਾ ਹੀ ਸੁਖੀ ਹੋ ਜਾਂਦਾ ਹੈ ਅਤੇ ਉਤਨਾ ਹੀ ਸਮਾਜ ਵਿੱਚ ਸਨਮਾਨਤ ਹੋ ਜਾਂਦਾ ਹੈ, ਅਤੇ ਉਸ ਇਨਸਾਨ ਦੇ ਹੀ ਹਿਰਦੇ ਰੂਪ ਮੰਦਰ ਵਿੱਚ ਆਤਮ ਗਿਆਨ ਦਾ ਪ੍ਰਕਾਸ਼ ਹੋ ਸਕਦਾ ਹੈ। ਗੁਰੂ ਸਾਹਿਬ ਜੀ ਫੁਰਮਾਣ ਕਰਦੇ ਹਨ—

**ਦਸ ਇੰਦ੍ਰੀ ਕਰਿ ਰਾਖੈ ਵਾਸਿ॥ ਤਾ ਕੈ ਆਤਮੈ ਹੋਇ ਪਰਗਾਸੁ॥**

*(ਗਃ ਮਃ ੫, ਪੰਨਾ—੨੩੬)*

ਪ੍ਰੰਤੂ ਇਹ ਕੰਮ ਹੈ ਮੁਸ਼ਕਿਲ—**ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ,** ਦੇ ਮਹਾਵਾਕ ਅਨੁਸਾਰ ਕੋਈ ਵਿਰਲਾ ਯਾਨੀ ਕਰੋੜਾਂ ਵਿੱਚੋਂ ਕੋਈ ਗੁਰਮੁਖ ਹੀ ਇਸ ਖੇਲ ਵਿੱਚ ਜਿੱਤ ਹਾਸਲ ਕਰਦਾ ਹੈ, ਯਥਾ ਗੁਰੂ ਅਰਜਨ ਦੇਵ ਜੀ—

**ਇੰਦ੍ਰੀ ਜਿਤ ਪੰਚ ਦੋਖ ਤੇ ਰਹ॥ ਨਾਨਕ ਕੋਟਿ ਮਧੇ ਕੋ ਐਸਾ ਅਪਰਸ॥**

*(ਸੁਖਮਨੀ ਸਾਹਿਬ, ਪੰਨਾ—੨੭੪)*

ਐਸਾ ਕੋਈ ਮਹਾਂਬਲੀ ਯੋਧਾ, ਜਿਸਨੇ ਆਪਣੇ ਮਨ ਬੁੱਧੀ ਅਤੇ ਮਹਾਂਪ੍ਰਬਲ ਇੰਦ੍ਰੀਆਂ ਉਪਰ ਪੂਰਨ ਤੌਰ ਤੇ ਜਿੱਤ ਹਾਸਲ ਕਰ ਲਈ ਅਤੇ ਇਛਾਵਾਂ ਨਸ਼ਟ ਕਰ ਦਿੱਤੀਆਂ, ਯਾਨੀ ਕਾਮ ਕ੍ਰੋਧ ਨੂੰ ਹਮੇਸ਼ਾ ਲਈ ਜਿੱਤ ਲਿਆ, ਉਹੀ ਪੁਰਸ਼ ਸਦਾ ਮੁਕਤ ਅਤੇ ਪੂਰਨ ਤੌਰ ਤੇ ਸੁਖੀ ਹੈ। ਬਾਬਾ ਜੀ ਦੇ ਮੁੱਖ ਤੋਂ ਐਸਾ ਉਪਦੇਸ਼ ਸ੍ਰਵਣ ਕਰਕੇ ਸਭ ਲੋਕ ਗਦ ਗਦ ਹੋ ਗਏ, ਖਾਸ ਕਰਕੇ ਸਾਧੂ ਮਹਾਤਮਾ ਜਿਹੜੇ ਭੇਖ ਮਾਤਰ ਨਾਲ ਹੀ ਕ੍ਰਿਤ-ਕ੍ਰਿਤ ਹੋ ਰਹੇ ਸਨ ਦੇ ਵਿਵੇਕ ਰੂਪੀ ਨੇਤਰ ਖੁੱਲ੍ਹ ਗਏ।

ਮਹਾਰਾਜਾ ਇੰਦੌਰ ਨੇ ਤਾਂ ਉਸ ਗਿਆਨ ਰੂਪੀ ਉਪਦੇਸ਼ ਨੂੰ ਆਪਣੇ ਅੰਦਰ ਇਉਂ ਜਮਾ ਲਿਆ, ਜਿਵੇਂ ਜ਼ੋਰਦਾਰ

ਬਾਰਸ਼ ਨਾਲ ਕੋਈ ਖਾਲੀ ਤਾਲਾਬ ਲਬਾ-ਲਬਾ ਭਰ ਜਾਏ। ਉਪਦੇਸ਼ ਤੋਂ ਪ੍ਰਭਾਵਤ ਹੋ ਕੇ ਰਾਜੇ ਨੇ ਬੇਨਤੀ ਕੀਤੀ, ਮਹਾਰਾਜ ਮੇਰੇ ਮਹਿਲਾਂ ਵਿੱਚ ਚਰਨ ਪਾਉ ਅਤੇ ਲੰਗਰ ਛਕੋ।

ਰਾਜਾ ਦੀ ਬੇਨਤੀ ਪ੍ਰਵਾਨ ਕਰਕੇ, ਬਾਬਾ ਜੀ ਕਾਫੀ ਸਾਧੂਆਂ ਨੂੰ ਨਾਲ ਲੈ ਕੇ ਰਾਜ ਮਹਿਲਾਂ ਵਿੱਚ ਪਹੁੰਚੇ। ਰਾਜਾ ਨੇ ਬੜੇ ਸਤਿਕਾਰ ਨਾਲ ਮਹਾਂਪੁਰਸ਼ਾਂ ਨੂੰ ਬਿਠਾ ਕੇ ਜਲ ਪਾਣੀ ਛਕਾਇਆ ਉਪਰੰਤ ਕੁਝ ਉਪਦੇਸ਼ ਲਈ ਬੇਨਤੀ ਕੀਤੀ। ਬਾਬਾ ਜੀ ਨੇ ਜੋ ਰਾਜਾ ਲੋਕਾਂ ਦੇ ਫਰਜ਼ ਹੁੰਦੇ ਹਨ, ਜਿਵੇਂ ਨਿਆਇਕਾਰੀ ਹੋਣਾ, ਪਰਜਾ ਨੂੰ ਆਪਣੇ ਬੱਚਿਆਂ ਦੇ ਸਮਾਨ ਜਾਨਣਾ ਇਤਿਆਦਿਕ ਉਪਦੇਸ਼ ਦਿਤੇ, ਰਾਣੀਆਂ ਨੇ ਵੀ ਆਪਣੀ-ਆਪਣੀ ਬੁੱਧੀ ਅਨੁਸਾਰ ਪਰਮਾਰਥ ਬਾਰੇ ਸਵਾਲ ਪੁੱਛੇ। ਠੀਕ-ਠੀਕ ਉਤਰ ਸੁਣਕੇ ਬਹੁਤ ਖੁਸ਼ ਹੋਏ। ਇਤਨੇ ਨੂੰ ਲੰਗਰ ਤਿਆਰ ਹੋ ਗਿਆ, ਸਭ ਸਾਧੂਆਂ ਨੂੰ ਪੰਗਤ ਵਿੱਚ ਬਿਠਾ ਕੇ ਰਾਣੀਆਂ ਨੇ ਵਰਤਾਉਣ ਦੀ ਸੇਵਾ ਆਪ ਕੀਤੀ।

ਇਸ ਪ੍ਰਕਾਰ ਰਾਜੇ ਦੇ ਪ੍ਰੇਮਵਸ ਇਕ ਮਹੀਨਾ ਇੰਦੌਰ ਠਹਿਰੇ, ਇਤਨੇ ਨੂੰ ਰਿਆਸਤ ਉਜੈਨ ਵੱਲੋਂ ਕੁੰਭ ਮੇਲੇ ਲਈ ਸਭ ਪ੍ਰਬੰਧ ਮੁਕੰਮਲ ਕਰ ਲਏ ਗਏ। ਉਜੈਨ ਨਰੇਸ਼ ਨੇ ਆਪਣੇ ਵੱਡੇ-ਵੱਡੇ ਅਧਿਕਾਰੀਆਂ ਨੂੰ ਕਾਫੀ ਗਿਣਤੀ ਵਿੱਚ ਹਾਥੀ, ਘੋੜੇ ਅਤੇ ਬੈਂਡ ਵਾਜੇ ਦੇ ਕੇ ਸੰਤਾਂ ਨੂੰ ਇੰਦੌਰ ਤੋਂ ਲੈ ਕੇ ਆਉਣ ਲਈ ਭੇਜਿਆ। ਅਧਿਕਾਰੀਆਂ ਦੇ ਬੇਨਤੀ ਕਰਨ ਤੇ ਸੰਤਾਂ ਨੇ ਉਜੈਨ ਨੂੰ ਚਾਲੇ ਪਾਏ।

ਅੱਗੇ-ਅੱਗੇ ਬੈਂਡ ਵਾਜੇ ਅਤੇ ਪਿੱਛੇ-ਪਿੱਛੇ ਸਾਧੂ ਮਹਾਤਮਾ। ਇਸ ਪ੍ਰਕਾਰ ਜਲੂਸ ਦੀ ਸ਼ਕਲ ਵਿੱਚ ਉਜੈਨ ਪਹੁੰਚੇ, ਅੱਗੇ ਉਜੈਨ ਇੰਦੌਰ ਅਤੇ ਗਵਾਲੀਅਰ ਦੇ ਰਾਜਾ ਸਵਾਗਤ ਲਈ ਖੜੇ ਸਨ। ਇਸ ਪ੍ਰਕਾਰ ਭਾਰੀ ਗਿਣਤੀ ਵਿੱਚ ਸਾਧੂ ਮਹਾਤਮਾ ਉਜੈਨ ਪਹੁੰਚ ਗਏ। ਰਿਆਸਤ ਵੱਲੋਂ ਸਭ ਸੰਪ੍ਰਦਾਵਾਂ ਦੇ ਸਾਧੂਆਂ ਲਈ ਰਿਹਾਇਸ਼ ਆਦਿ ਦਾ ਸੁਚੱਜਾ ਪ੍ਰਬੰਧ ਕੀਤਾ ਹੋਇਆ ਸੀ। ਮੇਲੇ ਦੌਰਾਨ ਰਾਜਾ ਉਜੈਨ, ਰਾਜਾ ਇੰਦੌਰ ਅਤੇ ਰਾਜਾ ਗਵਾਲੀਅਰ ਵੱਲੋਂ ਮਿਲ ਕੇ ਖਰਚਾ ਕੀਤਾ ਜਾ ਰਿਹਾ ਸੀ। ਇਸ ਪ੍ਰਕਾਰ ਵਿਧੀ ਪੂਰਵਕ ਇਸ਼ਨਾਨ, ਕਥਾ, ਸਤਸੰਗ ਕਰਦਿਆਂ, ਮੇਲੇ ਦੀ ਸਮਾਪਤੀ ਤੇ ਗਵਾਲੀਅਰ ਸਮਰਾਟ ਸ੍ਰੀ ਮਾਧਵ ਰਾਓ ਨੇ ਬਾਬਾ ਜੀ ਨੂੰ ਆਪਣੀ ਰਾਜਧਾਨੀ ਗਵਾਲੀਅਰ ਲੈ ਕੇ ਜਾਣ ਦੀ ਬੇਨਤੀ ਕੀਤੀ। ਆਪ ਨੇ ਕਿਹਾ, ਕਿ ਫੇਰ ਅੰਨਜਲ ਹੋਇਆ ਚਲਾਂਗੇ, ਕਿਉਂਕਿ ਇਸ ਵਕਤ ਅਸੀਂ ਸੂਰਜ ਗ੍ਰਹਿਣ ਦੇ ਮੌਕੇ ਤੇ ਕੁਰੂਕਸ਼ੇਤਰ ਪਹੁੰਚਣਾ ਹੈ।

ਰਾਜਾ ਨੇ ਕਾਫ਼ੀ ਸਾਰਾ ਧਨ ਆਪ ਦੇ ਚਰਨਾਂ ਵਿੱਚ ਮੱਥਾ ਟੇਕਿਆ। ਇਉਂ ਮੇਲੇ ਦੀ ਸਮਾਪਤੀ ਹੋਣ ਤੇ ਆਪ ਜੀ ਨੇ ਕੁਰੂਕਸ਼ੇਤਰ ਪਹੁੰਚਣ ਲਈ ਚਾਲੇ ਪਾਏ। ਅਖਾੜੇ ਨੂੰ ਨਾਲ ਲੈ ਕੇ ਰਸਤੇ ਵਿੱਚ ਸੰਗਤਾਂ ਨੂੰ ਸੱਤ ਉਪਦੇਸ਼ ਕਰਦੇ ਹੋਏ, ਕੋਟਾਬੂੰਦੀ, ਸੇਖਾਬਾਦੀ, ਮਾਰਵਾੜ, ਰਾਮ ਗ੍ਰਹਿ, ਲਛਮਣ ਗ੍ਰਹਿ, ਝੁਨ-ਝੁਨ, ਹਾਸੀ ਇਤਿਆਦਿਕ ਥਾਂਵਾਂ ਤੇ ਹੁੰਦੇ ਹੋਏ, ਸੂਰਜ ਗ੍ਰਹਿਣ ਦੇ ਸਮੇਂ ਤੇ ਕੁਰੂਕਸ਼ੇਤਰ ਪਹੁੰਚ ਗਏ।

ਇਥੇ ਕੁਝ ਦਿਨ ਸਤਿ ਉਪਦੇਸ਼ ਕਥਾ ਸਤਸੰਗ ਦੁਆਰਾ ਸਮਾਂ ਬਤੀਤ ਕਰਕੇ ਮੇਲੇ ਦੀ ਸਮਾਪਤੀ ਤੇ ਅਲਾਹਾਬਾਦ ਨੂੰ ਚਾਲੇ ਪਾਏ। ਪੜਾਅ-ਦਰ-ਪੜਾਅ ਕਰਦੇ ਕਾਫੀ ਸਮੇਂ ਵਿੱਚ ਅਲਾਹਾਬਾਦ ਪਹੁੰਚੇ। ਇਥੇ ਹੀ ਭਾਈ ਕਲਾ ਚੰਦ ਜੀ ਸਿੰਧੀ ਆਪਣੇ ਸਾਥੀਆਂ ਸਮੇਤ ਆ ਕੇ ਮਿਲੇ। ਅਲਾਹਾਬਾਦ ਕੁਝ ਦਿਨ ਠਹਿਰ ਕੇ, ਸਤਸੰਗ ਦਾ ਲਾਭ ਉਠਾਉਂਦੇ ਰਹੇ। ਇਕ ਦਿਨ ਭਾਈ ਕਲਾਚੰਦ ਜੀ ਨੇ ਬਾਬਾ ਜੀ ਨੂੰ ਬੇਨਤੀ ਕੀਤੀ, ਕਿ ਆਪ ਸਿੰਧ ਚੱਲੋ ਉਥੇ ਸੰਗਤਾਂ ਆਪ ਜੀ ਨੂੰ ਬਹੁਤ ਯਾਦ ਕਰ ਰਹੀਆਂ ਹਨ। ਬਾਬਾ ਜੀ ਨੇ ਬਚਨ ਕੀਤਾ, ਇਸ ਵਕਤ ਕੁਝ ਸਾਧੂਆਂ ਦਾ ਖਿਆਲ ਬਦਰੀਨਾਥ ਦੀ ਯਾਤਰਾ ਕਰਨ ਦਾ ਹੈ, ਫਿਰ ਕਿਸੇ ਸਮੇਂ ਜ਼ਰੂਰ ਆਵਾਂਗੇ। ਹੈਦਰਾਬਾਦ ਆਉਣ ਦਾ ਬਚਨ ਲੈ ਕੇ, ਭਾਈ ਕਲਾਚੰਦ ਜੀ ਤਾਂ ਵਾਪਸ ਸਿੰਧ ਨੂੰ ਚਲੇ ਗਏ, ਲੇਕਿਨ ਆਪ ਕੁਝ ਦਿਨ ਹੋਰ ਅਲਾਹਾਬਾਦ ਰੁਕੇ ਰਹੇ। ਸਾਧੂਆਂ ਦੀ ਤੀਬਰ ਇੱਛਾ ਦੇਖ ਕੇ ਕੁਝ ਸਮੇਂ ਬਾਅਦ ਬਦਰੀਨਾਥ ਦੀ ਯਾਤਰਾ ਲਈ ਚਾਲੇ ਪਾਏ।

ਅਲਾਹਾਬਾਦ ਤੋਂ ਚੱਲਕੇ ਲਖਨਊ, ਬਰੇਲੀ, ਕਾਠ ਗੁਦਾਮ ਹੁੰਦੇ ਹੋਏ, ਮੰਡਲੀ ਸਮੇਤ ਬਦਰੀਨਾਥ ਪਹੁੰਚ ਗਏ। ਇਸ ਪੁਰਾਤਨ ਤੀਰਥ ਤੇ ਦਰਸ਼ਨ-ਪਰਸਨ, ਇਸ਼ਨਾਨ ਆਦਿ ਕਰਦਿਆਂ ਕਈ ਦਿਨ ਗੁਜ਼ਾਰ ਕੇ ਵਾਪਸੀ ਤੇ ਉਤਰਾਖੰਡ ਦੇ ਕਈ ਹੋਰ ਅਸਥਾਨਾਂ ਦੇ ਦਰਸ਼ਨ ਕਰਦੇ ਹੋਏ, ਰਿਸ਼ੀਕੇਸ਼ ਪਹੁੰਚ ਗਏ। ਰਿਸ਼ੀਕੇਸ਼ ਪਹੁੰਚ ਕੇ ਆਪ ਕਾਫੀ ਸਮਾਂ ਠਹਿਰੇ, ਸਤਿਸੰਗ, ਸਤਿ ਉਪਦੇਸ਼ ਤਾਂ ਰੋਜ਼ ਹੁੰਦਾ ਹੀ ਸੀ ਇਸ ਲਈ ਗੰਗਾ ਦੇ ਕਿਨਾਰੇ ਤਪ ਸਾਧਨਾ ਕਰ ਰਹੇ ਸਾਧੂ ਮਹਾਤਮਾ

ਵੀ ਕਥਾ ਸੁਨਣ ਲਈ ਸਤਿਸੰਗ ਵਿੱਚ ਰੋਜ਼ ਆਉਂਦੇ। ਇਕ ਦਿਨ ਆਪ ਜੀ ਨੇ ਸਾਧੂਆਂ ਦਾ ਜੀਵਨ ਅਤੇ ਉਨ੍ਹਾਂ ਦੀ ਚਰਨ ਧੂੜੀ ਤੋਂ ਹੋਣ ਵਾਲੀ ਪ੍ਰਾਪਤੀ ਦਾ ਵਰਨਣ ਕੀਤਾ।

## ਗੰਗਾ ਅਤੇ ਸਾਧੂ

ਗੰਗਾ ਆਪਣੇ ਬਰਫਾਨੀ ਘਰਾਂ ਨੂੰ ਛੱਡਕੇ ਉੱਚੇ ਪਰਬਤਾਂ ਨਾਲ ਟਕਰਾਉਂਦੀ, ਅਨੇਕਾਂ ਸਾਥੀ, ਸਾਥਨਾਂ ਨੂੰ ਨਾਲ ਰਲਾ ਕੇ ਛੋਟੇ-ਮੋਟੇ ਪੱਥਰਾਂ ਨੂੰ ਨਾਲ ਰੋੜ੍ਹੀ ਆਉਂਦੀ ਨੇ ਮੈਦਾਨੀ ਇਲਾਕੇ ਵਿੱਚ ਆਪਣਾ ਪਹਿਲਾ ਕਦਮ ਰੱਖਿਆ। ਕੌਣ ਹੈ ਇਹ? ਅਤੇ ਕਿੱਥੋਂ ਆਈ ਹੈ?

**ਚਰਨੋਦਕ ਹੋਇ ਸੁਰਸਰੀ ਤਜਿ ਬੈਕੁੰਠ ਧਰਤਿ ਵਿਚਿ ਆਈ।**
**ਨਉ ਸੈ ਨਦੀ ਨੜਿੰਨਵੈ ਅਠਸਠਿ ਤੀਰਥਿ ਅੰਗ ਸਮਾਈ।**
**ਤਿਹੁ ਲੋਈ ਪਰਵਾਣ ਹੈ ਮਹਾਦੇਵ ਲੈ ਸੀਸ ਚੜਾਈ।**
**ਦੇਵੀ ਦੇਵ ਸਰੇਵਦੇ ਜੈ ਜੈ ਕਾਰ ਵਡੀ ਵਡਿਆਈ।**

*(ਭਾਈ ਗੁਰਦਾਸ ਵੀਹਵੀਂ ਵਾਰ, ਪੰਨਾ—੨੩੪)*

ਅਰਥ—ਗੰਗਾ ਬਾਵਨ ਦੇ ਚਰਨਾਂ ਦਾ ਚਰਨਾਮ੍ਰਿਤ ਹੋਣ ਕਰਕੇ, ਬੈਕੁੰਠ ਨੂੰ ਛੱਡ ਕੇ ਮਾਤ ਲੋਕ ਵਿੱਚ ਆਈ। ਨੌਂ ਸੌ ਨੜਿੰਨਵੇਂ ਨਦੀਆਂ, ਤੇ ਅਠਾਹਠ ਤੀਰਥਾਂ ਨੇ ਗੰਗਾ ਵਿੱਚ ਸਮਾਈ ਕੀਤੀ। ਗੰਗਾ ਇਸ਼ਨਾਨ ਦਾ ਫਲ ਸਭ ਤੋਂ ਸਰੇਸ਼ਟ ਮੰਨਦੇ ਹਨ, ਇਸ ਲਈ ਤਿੰਨਾਂ ਲੋਕਾਂ ਵਿੱਚ ਪ੍ਰਮਾਣੀਕ ਹੋਈ, ਯਾਨੀ ਉਸਦੀਆਂ ਤਿੰਨ ਧਾਰਾਂ ਹੋ ਗਈਆਂ, ਪਾਤਾਲ ਧਾਰਾ ਦਾ ਨਾਮ-ਭੋਗਾਵਤੀ, ਸਵਰਗ ਧਾਰਾ ਦਾ ਨਾਮ—ਅਮਰਾਵਤੀ ਅਤੇ ਮਾਤ ਲੋਕ ਧਾਰਾ ਦਾ ਨਾਮ-ਗੰਗਾ ਕਹੀਦਾ ਹੈ। ਇਸ ਨੂੰ ਸ਼ਿਵਜੀ ਨੇ ਲੈ ਕੇ ਆਪਣੇ ਸਿਰ ਉਪਰ ਰੱਖਿਆ। ਇਸ ਲਈ ਦੇਵੀਆਂ ਅਤੇ ਦੇਵਤੇ ਜੈ-ਜੈ ਕਾਰ ਕਰਕੇ ਸੇਂਵਦੇ ਹਨ। ਇਸ ਲਈ ਵਡੀ ਵਡਿਆਈ ਵਾਲੀ ਹੈ, ਪ੍ਰੰਤੂ ਇਤਨੇ ਉਤਮ ਗੁਣਾਂ ਦੀ ਦਾਤੀ ਅਤੇ ਅਨੰਤ ਅਵਗੁਣਾਂ ਨੂੰ ਹਰਣ ਵਾਲੀ ਸ੍ਰੇਸ਼ਟ ਗੰਗਾ ਵੀ—

**ਸਣ ਗੰਗਾ ਬੈਕੁੰਠ ਲਖ ਲਖ ਬੈਕੁੰਠ ਨਾਥਿ ਲਿਵਲਾਈ।**
**ਸਾਧੂ ਧੂੜਿ ਦੁਲੰਭ ਹੈ ਸਾਧ ਸੰਗਤਿ ਸਤਿਗੁਰ ਸਰਣਾਈ।**
**ਚਰਣ ਕਵਲ ਦਲ ਕੀਮ ਨ ਪਾਈ॥ ੪॥**

*(ਭਾਈ ਗੁਰਦਾਸ)*

ਅਰਥ—ਗੰਗਾ ਦੇ ਸਮੇਤ ਲੱਖਾਂ ਬੈਕੁੰਠ ਅਤੇ ਲੱਖਾਂ ਬੈਕੁੰਠਾਂ ਦੇ ਸਵਾਮੀ ਧਿਆਨ ਲਾ ਕੇ ਇਹ ਗੱਲ ਆਖਦੇ ਹਨ ਕਿ ਸੰਤਾਂ ਦੇ ਚਰਨਾਂ ਦੀ ਧੂੜੀ ਹੀ ਵੱਡੀ ਦੁਰਲੱਭ ਹੈ, ਜੋ ਸਤਿਗੁਰੂ ਅਤੇ ਸਾਧ ਸੰਗਤ ਦੀ ਸ਼ਰਣ ਵਿੱਚ ਆਉਣਾ ਹੈ। ਐਸੇ ਚਰਨ ਕਮਲਾਂ ਦੇ ਇੱਕ ਪੱਤੇ ਦੀ ਕੀਮਤ ਕਿਸੇ ਨੇ ਨਹੀਂ ਪਾਈ।

ਗੰਗਾ ਇੱਕ ਦੇਵ ਨਦੀ ਹੈ, ਇਸ ਲਈ ਇਸ ਨੂੰ ਪਵਿੱਤਰ ਮੰਨਿਆ ਜਾਂਦਾ ਹੈ, ਕਿਉਂਕਿ ਇਹ ਵਿਸ਼ਨੂੰ ਭਗਵਾਨ ਦੇ ਚਰਨਾਂ ਦਾ ਜਲ ਹੋਣ ਕਰਕੇ ਬੈਕੁੰਠ ਤੋਂ ਆਈ ਹੈ। ਪਰਮੇਸ਼ਰ ਨੇ ਐਸੀ ਨੇਤ ਰੱਖੀ ਹੈ ਕਿ ਜਿਥੇ ਇਕ ਚੰਦ ਅਤੇ ਇਕ ਸੂਰਜ ਹੈ ਉਸਨੂੰ ਬ੍ਰਹਮੰਡ ਮੰਨਿਆ ਜਾਂਦਾ ਹੈ। ਉਸ ਬ੍ਰਹਮੰਡ ਦੀ ਮਰਿਆਦਾ ਚਲਾਉਣ ਲਈ ਤਿੰਨ ਮੁੱਖ ਦੇਵਤਿਆਂ ਦੀ ਡਿਊਟੀ ਲਾਈ ਜਾਂਦੀ ਹੈ—ਵਿਸ਼ਨੂੰ ਜੀ, ਬ੍ਰਹਮਾ ਜੀ, ਅਤੇ ਸ਼ਿਵਜੀ। ਇਹ ਮੁਖੀ ਦੇਵਤੇ ਹੋਣ ਕਰਕੇ ਭਾਵੇਂ ਪੂਜਣ ਯੋਗ ਤਾਂ ਹਨ, ਪਰ ਇਹ ਕਰਤਾ ਪੁਰਖ ਦੀ ਮਿਤ ਨੂੰ ਨਹੀਂ ਜਾਣ ਸਕਦੇ, ਕਿਉਂਕਿ—

**ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥**

*(ਜਪੁਜੀ ਸਾਹਿਬ, ਪੰਨਾ—੭)*

ਪਰਮੇਸ਼ਰ ਇੰਨ੍ਹਾਂ ਨੂੰ ਹਮੇਸ਼ਾ ਦੇਖਦਾ ਹੈ ਲੇਕਿਨ ਇਹ ਉਸਨੂੰ ਨਹੀਂ ਦੇਖ ਸਕਦੇ, ਇਹ ਇਕ ਵੱਡਾ ਅਸਚਰਜ ਹੈ। ਕਿਉਂ ਨਹੀਂ ਦੇਖ ਸਕਦੇ? ਕਿਉਂਕਿ—

**ਕਰਤੇ ਕੀ ਮਿਤਿ ਨ ਜਾਨੈ ਕੀਆ॥**

*(ਸੁਖਮਨੀ ਸਾਹਿਬ, ਪੰਨਾ—੨੮੫)*

ਕਰਨਹਾਰ ਦੀ ਮਿਤ ਨੂੰ ਕੀਤੀ ਹੋਈ ਵਸਤੂ ਨਹੀਂ ਜਾਣ ਸਕਤੀ। ਐਸਾ ਕਰਨਹਾਰ ਕਿਤਨਾ ਕੁ ਵੱਡਾ ਹੈ—

ਕੋਟਿ ਬ੍ਰਹਮੰਡ ਕੋ ਠਾਕੁਰੁ ਸਰਬ ਜੀਆ ਕਾ ਦਾਤਾ ਰੇ॥

*(ਸੋਰਠਿ ਮ: ੫, ਪੰਨਾ—੬੧੨)*

ਯਥਾ — ਕਾਲ ਪੁਰਖ ਕੀ ਦੇਹਿ ਮੋ ਕੋਟਿਕ ਬਿਸਨ ਮਹੇਸ॥
ਕੋਟ ਇੰਦਰ ਬ੍ਰਹਮਾ ਕਿਤੇ ਰਵਿ ਸਸਿ ਕ੍ਰੋਰ ਜਲੇਸ॥

*(ਗੁਰੂ ਗੋਬਿੰਦ ਸਿੰਘ ਜੀ)*

ਐਸੇ ਅਨੰਤ ਬ੍ਰਹਮੰਡਾਂ ਦਾ ਮਾਲਕ ਅਕਾਲ-ਪੁਰਖ ਵਾਹਿਗੁਰੂ ਜਿਸ ਦੇ ਸਰੀਰ ਵਿੱਚ ਕਰੋੜਾਂ ਬ੍ਰਹਮੰਡ ਅਤੇ ਉਨ੍ਹਾਂ ਦੇ ਸੁਆਮੀ ਵਸਦੇ ਹਨ, ਜਿਸ ਦਾ ਅੰਤ ਅੱਜ ਤੱਕ ਕਿਸੇ ਨੇ ਨਹੀਂ ਪਾਇਆ, ਉਸ ਪਰਮ-ਪੁਰਖ ਦੇ ਪਿਆਰਿਆਂ ਦੀ ਚਰਨ ਧੂੜੀ ਜੋ ਅਨੰਤ ਪਾਪਾਂ ਨੂੰ ਹਰਣ ਵਾਲੀ ਹੈ ਨੂੰ ਕਰੋੜਾਂ ਬ੍ਰਹਮੰਡਾ ਦੇ ਸੁਆਮੀ ਵੀ ਚਾਹੁੰਦੇ ਹਨ, ਜਿਵੇਂ ਭਾਈ ਗੁਰਦਾਸ ਜੀ—

ਬਾਵਨ ਰੂਪੀ ਹੋਇ ਕੈ ਬਲਿ ਛਲਿ ਅਛਲਿ ਆਪੁ ਛਲਾਇਆ।
ਕਰੋ ਅਢਾਈ ਧਰਤਿ ਮੰਗਿ ਪਿਛੋ ਦੇ ਵਡ ਪਿੰਡੁ ਵਧਾਇਆ।
ਦੁਇ ਕਰੁਵਾਂ ਕਰਿ ਤਿਨਿ ਲੋਅ ਬਲਿ ਰਾਜੇ ਫਿਰਿ ਮਗਰੁ ਮਿਣਾਇਆ।
ਸੁਰਗਹੁ ਚੰਗਾ ਜਾਣਕੈ ਰਾਜ ਪਤਾਲ ਲੋਕ ਦਾ ਪਾਇਆ।
ਬ੍ਰਹਮਾ ਬਿਸ਼ਨ ਮਹੇਸ਼ ਤ੍ਰੈ ਭਗਤ ਵਛਲ ਦਰਵਾਨ ਸਦਾਇਆ।
ਬਾਵਨ ਲਖ ਸੁਪਾਵਨਾ ਸਾਧ ਸੰਗਤਿ ਰਜ ਇਛ ਵਿਛਾਇਆ।
ਸਾਧ ਸੰਗਤਿ ਗੁਰ ਚਰਨ ਧਿਆਇਆ॥ ੬॥

*(ਭਾਈ ਗੁਰਦਾਸ)*

ਅਰਥ—ਬਾਵਨ, ਯਾਨੀ 52 ਉਂਗਲਾਂ ਦਾ ਸਰੀਰ ਧਾਰਨ ਕਰਕੇ ਰਾਜਾ ਬਲ ਨੂੰ ਛਲਨ ਆਇਆ, ਲੇਕਿਨ ਨਾ ਕਾਮਯਾਬ ਹੋ ਕੇ ਆਪ ਛਲਿਆ ਗਿਆ। ਪਹਿਲਾਂ ਰਾਜੇ ਪਾਸੋਂ ਢਾਈ ਕਦਮ ਧਰਤੀ ਮੰਗੀ, ਪਿੱਛੋਂ ਵੱਡਾ ਸਰੀਰ ਵਧਾ ਲਿਆ, ਦੋ ਕਦਮਾਂ ਵਿੱਚ ਤਿੰਨੇ ਲੋਕ ਮਿਣ ਲਏ, ਪਿਛੋਂ ਅੱਧੀ ਕਦਮ ਦੇ ਬਦਲੇ ਰਾਜਾ ਦਾ ਸਰੀਰ ਮਿਣਿਆ, ਕਿਉਂਕਿ ਇਹ ਦਾਨ ਤੋਂ ਬਾਹਰ ਸੀ। ਹੁਣ ਰਾਜਾ ਬਲ ਦੇ ਸਵਰਗ ਨਾਲੋਂ ਪਤਾਲ ਯਾਨੀ ਨਿੰਮਰਤਾ ਦਾ ਰਾਜ ਚੰਗਾ ਜਾਣ ਕੇ ਲਿਆ। ਜਦ ਬਾਵਨ ਮੁੜਨ ਲੱਗਿਆ, ਤਦ ਬਲੀ ਨੇ ਕਿਹਾ ਕਿ ਹੁਣ ਕਿਥੇ ਜਾਂਦਾ ਹੈਂ? ਆਪਣਾ ਬਚਨ ਯਾਦ ਕਰਕੇ ਮੇਰੇ ਬੂਹੇ ਤੇ ਬੈਠ, ਹੁਣ ਤਿੰਨੇ ਬ੍ਰਹਮਾਂ, ਵਿਸ਼ਨੂੰ, ਸ਼ਿਵਜੀ ਨੂੰ ਭਗਤ ਵਛਲ ਹੋਣ ਕਰਕੇ ਵਾਰੀ-ਵਾਰੀ ਸਿਰ ਪਹਿਰੇਦਾਰ ਸਦਾਉਣਾ ਪਿਆ। ਬਾਵਨ ਵਰਗੇ ਲੱਖਾਂ ਪਵਿੱਤਰਾਂ ਨੇ ਸਾਧ ਸੰਗਤ ਦੀ ਧੂੜੀ ਦੀ ਇੱਛਾ ਕੀਤੀ ਹੈ; ਕਿ ਕਿਵੇਂ ਪ੍ਰਾਪਤ ਹੋਵੇ, ਯਾਨੀ ਸਾਧ ਸੰਗਤ ਅਤੇ ਗੁਰੂ ਦੇ ਚਰਨਾਂ ਨੂੰ ਧਿਆਇਆ ਹੈ। ਐਸੇ ਸਾਧੂ ਜਨ ਜਿੰਨ੍ਹਾਂ ਦੀ ਚਰਨ ਧੂੜੀ ਨੂੰ ਬੈਕੁੰਠ ਵਾਸੀ ਅਤੇ ਤੀਰਥ ਵੀ ਲੋਚਦੇ ਹਨ। ਜਿਵੇਂ—

ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥
ਤੀਰਥਿ ਅਠਸਠਿ ਮਜਨੁ ਨਾਈ॥ ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ ਸਭ ਦੁਰਮਤਿ ਮੈਲੁ ਗਵਾਈ॥
ਰਹਾਉ॥
ਜਾਹਰਨਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ॥
ਕਾਂਸੀ ਕ੍ਰਿਸਨ ਚਰਾਵਤ ਗਾਊ ਮਿਲਿ ਹਰਿ ਜਨ ਸੋਭਾ ਪਾਈ॥
ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ॥
ਹਰਿ ਕਾ ਸੰਤੁ ਮਿਲੈ ਗੁਰ ਸਾਧੂ ਲੈ ਤਿਸ ਕੀ ਧੂਰਿ ਮੁਖਿ ਲਾਈ॥
ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ॥

*(ਮਲਾਰ ਮ: ੪, ਪੰਨਾ—੧੨੬੩)*

ਅਰਥ—ਐਸੇ ਸਾਧੂ ਜਨ ਜਿੰਨ੍ਹਾਂ ਦੀ ਚਰਨ-ਧੂੜ ਤੀਰਥਾਂ ਨੂੰ ਸ਼ੁੱਧ ਕਰਨ ਵਾਲੀ ਅਤੇ ਸ੍ਰਿਸ਼ਟੀ ਦੇ ਪਾਪਾਂ ਰੂਪੀ ਮੈਲ ਦੂਰ ਕਰਨ ਵਾਲੀ ਹੈ, ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ। ਸਾਧ, ਕਿਸੇ ਖਾਸ ਕਿਸਮ ਦੇ ਕੱਪੜੇ ਪਹਿਣ ਲੈਣ ਦਾ ਨਾਮ ਨਹੀਂ ਹੈ, ਅਤੇ ਨਾ ਹੀ ਕਿਸੇ ਮਜ਼੍ਹਬ ਸੰਪ੍ਰਦਾ ਦਾ ਨਾਮ ਹੈ, ਸਾਧ ਬਾਰੇ ਭਾਈ ਸਾਹਿਬ ਭਾਈ ਗੁਰਦਾਸ ਜੀ ਦਾ ਬਚਨ ਹੈ—

ਨਾਉ ਦੁਆਰੇ ਸਾਧ ਸਾਧ ਸਦਾਇਆ॥

ਮਨੁ ਬੁੱਧੀ ਨੂੰ ਪੂਰਨ ਤੌਰ ਤੇ ਜਿਸਨੇ ਵੱਸ ਕਰ ਲਿਆ, ਉਸਦਾ ਨਾਮ ਹੀ ਸਾਧ ਹੈ।

ਦਾਨੇ-ਪੁਰਸ਼ਾਂ ਨੇ ਸਾਧੂਆਂ ਦੀ ਵੰਡ ਦੋ ਸ਼੍ਰੇਣੀਆਂ ਵਿੱਚ ਕੀਤੀ ਹੈ, ਇਕ ਤਾਂ ਉਹ ਪੁਰਸ਼ ਹਨ ਜਿੰਨ੍ਹਾਂ ਨੇ ਪੂਰਨ ਤੌਰ ਤੇ ਆਪਣੀ ਹਉਂ ਗਵਾ ਕੇ ਅਨੰਦਾਸਾਗਰ ਵਾਹਿਗੁਰੂ ਵਿੱਚ ਅਭੇਦਤਾਈ ਹਾਸਲ ਕਰ ਲਈ ਹੈ। ਜਿੰਨ੍ਹਾਂ ਦੀ ਬਾਬਤ ਫੁਰਮਾਣ ਹੈ—

ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥

*(ਆਸਾ ਮ: ੫, ਪੰਨਾ—੩੯੭)*

ਐਸੇ ਪੁਰਸ਼ਾਂ ਦੀ ਮਹਿਮਾਂ ਵਿੱਚ ਤਾਂ ਇੱਕ ਵੀ ਸ਼ਬਦ ਨਹੀਂ ਬੋਲਿਆ ਜਾ ਸਕਦਾ, ਕਿਉਂਕਿ ਐਸੇ ਪੁਰਸ਼ਾਂ ਨੂੰ ਜੋ ਨਿੱਤ ਮਹਿਮਾਂ ਪ੍ਰਾਪਤ ਹੈ ਉਹ ਤਾਂ ਜ਼ੁਬਾਨ ਦਾ ਵਿਸ਼ਾ ਹੀ ਨਹੀਂ, ਐਸੀ ਨਿੱਤ ਮਹਿਮਾਂ ਦੇ ਬਾਰੇ ਹੀ ਤਾਂ ਫਉਰਮਾਣ ਹੈ—

ਨ ਸੰਖੰ ਨ ਚਕ੍ਰੰ ਨ ਗਦਾ ਨ ਸਿਆਮੰ॥
ਅਸਚਰਜ ਰੂਪੰ ਰਹੰਤ ਜਨਮੰ॥ ਨੇਤ ਨੇਤ ਕਥੰਤਿ ਬੇਦਾ॥
ਊਚ ਮੂਚ ਅਪਾਰ ਗੋਬਿੰਦਹ॥ ਬਸੰਤਿ ਸਾਧ ਰਿਦਯੰ ਅਚੁਤ ਬੁਝੰਤਿ ਨਾਨਕ ਬਡਭਾਗੀਅਹ

*(ਸਲੋਕ ਸਹਸਕ੍ਰਿਤੀ ਮ: ੫, ਪੰਨਾ—੧੩੫੯)*

ਜਿਸ ਦੇ ਬਾਰੇ ਵਿੱਚ ਵੇਦ ਵੀ ਨੇਤ-ਨੇਤ ਕਹਿਕੇ ਦੋਨੋਂ ਹੱਥ ਜੋੜ ਦਿੰਦੇ ਹਨ।

ਦੂਸਰੇ ਉਹ ਸਾਧਕ ਹਨ ਜਿੰਨ੍ਹਾਂ ਦੇ ਵਿਵੇਕ ਰੂਪੀ ਨੇਤਰ ਖੁੱਲ੍ਹ ਚੁੱਕੇ ਹਨ, ਤੇ ਸੰਸਾਰ ਦੀ ਅਸਲੀਅਤ ਨੂੰ ਅੱਛੀ ਤਰ੍ਹਾਂ ਸਮਝਕੇ ਮਾਤ ਲੋਕ ਤੋਂ ਲੈ ਕੇ ਬ੍ਰਹਮ-ਲੋਕ ਤੱਕ ਦੇ ਬਿਨਾਸੀ ਸੁੱਖਾਂ ਨੂੰ ਕਾਂ ਦੀ ਬਿੱਠ ਦੇ ਸਮਾਨ ਮਿਥਿਆ ਜਾਣ ਕੇ ਦਿਨ-ਰਾਤ ਅੰਤਹਕਰਣ ਵਿੱਚੋਂ ਕੱਢਣ ਲਈ ਯਤਨਸ਼ੀਲ ਹਨ। ਉਨ੍ਹਾਂ ਨੂੰ ਪਰਮਾਤਮਾ ਦਾ ਦੀਦਾਰ ਭਾਵੇਂ ਹਾਲੇ ਨਹੀਂ ਹੋਇਆ, ਪ੍ਰੰਤੂ ਮਿਲਾਪ ਦੀ ਭੁੱਖ ਵਿੱਚ ਦਿਨ ਰਾਤ ਮੱਛੀ ਦੀ ਤਰ੍ਹਾਂ ਤੜਫ ਰਹੇ ਹਨ। ਪਰਮੇਸ਼ਰ ਮਿਲਾਪ ਲਈ ਤੜਫ ਰਿਹਾ ਪੁਰਸ਼ ਭਾਵੇਂ ਕਿਸੇ ਵੀ ਭੇਖ, ਮਜ਼੍ਹਬ ਜਾਂ ਧਰਮ ਦਾ ਹੋਵੇ, ਯਾਨੀ ਹਿੰਦੂ, ਮੁਸਲਮਾਨ, ਸਿੱਖ, ਇਸਾਈ, ਪਾਰਸੀ ਕਿਸੇ ਵੀ ਸੰਪਰਦਾ ਨਾਲ ਤੁਅੱਲਕ ਰੱਖਦਾ ਹੋਵੇ, ਪੂਜਨ ਲਾਇਕ ਹੈ। ਗੁਰੂ ਅਰਜਨ ਦੇਵ ਮਹਾਰਾਜ ਜੀ ਐਸੇ ਜਨਾਂ ਪ੍ਰਤੀ ਹੀ ਫੁਰਮਾਣ ਕਰਦੇ ਹਨ—

ਕਾਂਖੀ ਏਕੈ ਦਰਸ ਤੁਹਾਰੋ॥ ਨਾਨਕ ਉਨ ਸੰਗਿ ਮੋਹਿ ਉਧਾਰੋ॥

*(ਸੁਖਮਨੀ ਸਾਹਿਬ, ਪੰਨਾ-੨੬੨)*

ਯਥਾ — ਜਿਸ ਜਨ ਕਉ ਪ੍ਰਭ ਦਰਸ ਪਿਆਸਾ॥ ਨਾਨਕ ਤਾ ਕੈ ਬਲਿ ਬਲਿ ਜਾਸਾ॥

*(ਸੁਖਮਨੀ ਸਾਹਿਬ, ਪੰਨਾ—੨੬੬)*

ਅਰਥ — ਇਥੇ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਮਿਲਿਆ ਹੋਇਆਂ ਦੀ ਗੱਲ ਨਹੀਂ ਕਰ ਰਹੇ, ਬਲਕਿ ਜੋ ਮਿਲਣ ਦੀ ਤੜਫ ਵਿੱਚ ਹਨ, ਜਿਨ੍ਹਾਂ ਨੂੰ ਮਿਲਾਪ ਦੀ ਪਿਆਸ ਲੱਗ ਚੁੱਕੀ ਹੈ, ਐਸੇ ਪੁਰਖਾਂ ਤੋਂ ਬਲਿਹਾਰ ਜਾਂਦੇ ਹਨ।

ਗੁਰੂ ਨਾਨਕ ਦੇਵ ਮਹਾਰਾਜ ਜੀ ਨੇ ਐਸੇ ਪੁਰਸ਼ਾਂ ਨੂੰ ਹੀ ਚੂਹੜਕਾਣੇ ਲੰਗਰ ਛਕਾ ਕੇ ਪਿਤਾ ਤੋਂ ਭਾਵੇਂ ਚਪੇੜਾਂ ਖਾਧੀਆਂ ਅਤੇ ਸੰਸਾਰਕ ਦ੍ਰਿਸ਼ਟੀ ਵਾਲਿਆਂ ਦੀ ਨਜ਼ਰ ਵਿਚ ਵੀਹ ਰੁਪਏ ਦਾ ਨੁਕਸਾਨ ਵੀ ਕੀਤਾ, ਪ੍ਰੰਤੂ ਇਸ ਵਿਉਪਾਰ ਨੂੰ ਸੱਚਾ ਸੌਦਾ ਆਖਿਆ।

## ਨਿਰਮਲ ਆਸ਼ਰਮ ਦਾ ਅਰੰਭ

ਕਰੀਬ ਪੰਦਰਾਂ ਸਾਲ ਤੋਂ ਮੰਡਲੀ ਨੂੰ ਨਾਲ ਲੈ, ਹੁਣ ਚਾਰ ਸਾਲ ਤੋਂ ਅਖਾੜੇ ਦੀ ਰੰਮਤ ਫੇਰਦੇ ਦੇਸ਼ ਦੇ ਕੋਨੇ-ਕੋਨੇ ਵਿੱਚ ਗੁਰੂ ਨਾਨਕ ਦੇਵ ਮਹਾਰਾਜ ਦੇ ਘਰ ਦਾ ਪ੍ਰਸ਼ਾਦ ਵੰਡਦੇ ਯਾਨੀ ਮਨੁੱਖ ਜਨਮ ਦੀ ਸਫਲਤਾ ਦਾ ਸੌਖਾ ਸਾਧਨ ਪ੍ਰੇਮਾਂ ਭਗਤੀ ਦਾ ਉਪਦੇਸ਼ ਕਰਦੇ ਕਾਫੀ ਸਮਾਂ ਰਿਸ਼ੀਕੇਸ਼ ਠਹਿਰੇ। ਇਥੇ ਠਹਿਰ ਕੇ ਆਪ ਰੋਜ਼ ਦੇਖਦੇ ਸਨ ਕਿ ਗੰਗਾ ਦੇ ਕਿਨਾਰੇ ਤਪ ਸਾਧਨਾਂ ਕਰ ਰਹੇ ਮਹਾਤਮਾ ਨੂੰ ਲੰਗਰ ਆਦਿ ਦੀ ਕਾਫੀ ਮੁਸ਼ਕਿਲ ਹੈ। ਸਿ ਲਈ ਜ਼ਰੂਰੀ ਹੈ ਕਿ ਇਥੇ ਗੁਰੂ ਨਾਨਕ ਦੇ ਘਰ ਦਾ ਕੋਈ ਅਸਥਾਨ ਬਣੇ, ਉਸ ਵਿੱਚ ਗੁਰੂਆਨ-ਗੁਰੂ ਇਸ਼ਟ ਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ, ਲੰਗਰ ਪਾਣੀ ਦਾ ਇੰਤਜ਼ਾਮ ਹੋ ਜਾਵੇ, ਅਤੇ ਦੂਰੋਂ ਨੇੜਿਉਂ ਆਏ ਯਾਤਰੀ ਪ੍ਰੇਮੀਆਂ ਲਈ ਰਿਹਾਇਸ਼ ਦਾ ਪ੍ਰਬੰਧ ਹੋ ਜਾਵੇ। ਆਪਣਾ ਇਹ ਸ਼ੁਭ ਸੰਕਲਪ ਸੰਤ ਹਰੀ ਸਿੰਘ ਜੀ ਵਿਰੱਕਤ* ਨੂੰ ਦੱਸਿਆ। ਉਨ੍ਹਾਂ ਨੇ ਕਿਹਾ ਕਿ ਆਪ ਦਾ ਵਿਚਾਰ ਬਹੁਤ ਅੱਛਾ ਹੈ, ਜਿਤਨੀ ਜਲਦੀ ਹੋ ਸਕੇ ਇਸ ਨੂੰ ਪੂਰਾ ਕਰੋ ਕਿਉਂਕਿ ਲੋੜਵੰਦਾਂ ਦੀ ਸਹਾਇਤਾ ਅਤੇ ਦੂਸਰਿਆਂ ਦੇ ਦੁੱਖ ਹਰਨਾਂ ਹੀ ਹਾਂ ਸੰਤ ਦਾ ਜੀਵਨ ਹੁੰਦਾ ਹੈ। ਇਸ ਪਵਿੱਤਰ ਕਾਰਜ ਲਈ ਜਗ੍ਹਾ ਦੀ ਤਲਾਸ਼ ਕਰਨ ਤੇ ਮਾਇਆ ਕੁੰਡ ਵਿੱਚ ਗੰਗਾ ਦੇ ਕਿਨਾਰੇ ਨੱਥਾ ਸਿੰਘ ਦੇ ਵਾੜੇ ਕੋਲ ਖਾਲੀ ਪਈ ਜ਼ਮੀਨ ਖਰੀਦ ਕੇ ਸੰਨ 1900 ਈਸਵੀ ਵਿਚ ਇਸ ਪਵਿੱਤਰ ਨਿਰਮਲ ਆਸ਼ਰਮ ਦੀ ਨੀਂਹ ਰੱਖੀ ਗਈ। ਬਾਅਦ ਵਿੱਚ ਸੰਤ ਮੰਗਲ ਸਿੰਘ ਜੀ ਨੇ ਆਪਣੀ ਜਗ੍ਹਾ ਬਾਬਾ ਬੁੱਢਾ ਸਿੰਘ ਜੀ ਨੂੰ ਦੇ ਦਿੱਤੀ, ਜੋ ਕਿ ਨਿਰਮਲ ਆਸ਼ਰਮ ਵਿੱਚ ਮਿਲਾ ਲਈ ਗਈ।**

ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਸਤੇ ਇਕ ਕਮਰਾ ਅਤੇ ਦੋ ਕਮਰੇ ਰਿਹਾਇਸ਼ ਲਈ ਕੀਤੇ ਗਏ, ਨਾਲ ਹੀ ਖਾਲੀ ਥਾਂ ਦੀ ਚਾਰ ਦੀਵਾਰੀ ਕਰਕੇ ਸਾਧੂਆਂ ਲਈ ਝੌਂਪੜੀਆਂ ਬਣਾ ਦਿੱਤੀਆਂ ਅਤੇ ਲੰਗਰ ਦਾ ਪ੍ਰਬੰਧ ਚਾਲੂ ਕਰ ਦਿੱਤਾ। ਇਤਨੇ ਨੂੰ ਕੁਝ ਸਿੰਧੀ ਪ੍ਰੇਮੀਆਂ ਨੇ ਆ ਕੇ ਸਿੰਧ ਲੈ ਕੇ ਜਾਣ ਦੀ ਬੇਨਤੀ ਕੀਤੀ, ਉਨ੍ਹਾਂ ਦੇ ਪ੍ਰੇਮਵਸ ਬੇਨਤੀ ਪ੍ਰਵਾਨ ਕਰਕੇ ਰੰਮਤ ਸਮੇਤ ਸਿੰਧ ਪਹੁੰਚੇ, ਉਥੇ ਕੁਝ ਸਮਾਂ ਸ਼ਿਕਾਰਪੁਰ, ਹੈਦਰਾਬਾਦ ਅਤੇ ਕਰਾਚੀ ਠਹਿਰ ਕੇ ਵਾਪਸੀ ਦਾ ਵਿਚਾਰ ਪ੍ਰਗਟ ਕੀਤਾ। ਹੈਦਰਾਬਾਦੀ ਸੰਗਤਾਂ ਨੇ ਹੋਰ ਰੁੱਕਣ ਲਈ ਬੇਨਤੀ ਕੀਤੀ, ਪ੍ਰੰਤੂ ਆਪ ਨੇ ਬਚਨ ਕੀਤਾ ਤੁਹਾਡਾ ਪਿਆਰ ਤਾਂ ਜਾਣ ਤੋਂ ਸਾਨੂੰ ਰੋਕ ਰਿਹਾ ਹੈ ਲੇਕਿਨ ਪਿੱਛੇ ਵੀ ਕੁਝ ਜ਼ਰੂਰੀ ਕਾਰਜ ਹਨ। ਇੱਕ ਹਰਦੁਆਰ ਦਾ ਕੁੰਭ ਵੀ ਨੇੜੇ ਆ ਗਿਆ, ਦੂਸਰਾ ਜੋ ਅਤੀ ਜ਼ਰੂਰੀ ਕਾਰਜ ਹੈ, ਉਹ ਹੈ ਆਸ਼ਰਮ ਵੱਲ ਧਿਆਨ ਦੇਣਾ, ਇਸ ਵੇਲੇ ਤਾਂ ਗੁਰੂ ਨਾਨਕ ਦੀ ਐਸੀ ਹੀ ਪ੍ਰੇਰਣਾ ਹੈ, ਫਿਰ ਜਦੋਂ ਸਮਾਂ ਬਣਿਆ ਜ਼ਰੂਰ ਆਵਾਂਗੇ।

ਇਸ ਪ੍ਰਕਾਰ ਸੰਗਤਾਂ ਨੂੰ ਪਿਆਰ ਦੇ ਕੇ, ਵਾਪਸ ਹਰਦੁਆਰ ਆ ਗਏ, ਇਤਨੇ ਨੂੰ ਹਰਦੁਆਰ ਦਾ ਕੁੰਭ ਮੇਲਾ ਵੀ ਨੇੜੇ ਆ ਗਿਆ। ਇੱਧਰ ਆਪ ਜੀ ਦਾ ਜ਼ਿਆਦਾ ਧਿਆਨ ਹੁਣ ਨਿਰਮਲ ਆਸ਼ਰਮ ਦੇ ਵਿਸਤਾਰ ਵੱਲ ਹੋ ਚੁੱਕਿਆ ਸੀ, ਇਸ ਲਈ ਆਪ ਜੀ ਨੇ ਬੰਧਨ ਰੂਪ ਜਾਣਕੇ ਅਖਾੜੇ ਨੂੰ ਰੰਮਤ ਦੇ ਮੁਖੀਆ ਪਦ ਤੋਂ ਅਸਤੀਫਾ ਦੇ ਦਿੱਤਾ। ਤਿਆਗ ਪੱਤਰ ਵਿਚ ਲਿਖਿਆ, ਕਿ ਸਾਡੇ ਮਨ ਵਿੱਚ ਸੰਕਲਪ ਹੁਣ ਆਸ਼ਰਮ ਵੱਲ ਜ਼ਿਆਦਾ ਧਿਆਨ ਦੇਣ ਦਾ ਹੈ। ਇਸ ਲਈ ਅਖਾੜੇ ਦੀ ਜ਼ਿੰਮੇਵਾਰੀ ਤੋਂ ਸਾਨੂੰ ਮੁਕਤ ਕੀਤਾ ਜਾਵੇ। ਪਰ ਅਖਾੜੇ ਵਾਲਿਆਂ ਦੇ ਜ਼ਿਆਦਾ ਜ਼ੋਰ ਦੇਣ ਤੇ ਆਪ ਜੀ ਨੇ ਅਸਤੀਫਾ ਫਿਰ ਵਾਪਸ ਲੈ ਲਿਆ, ਲੇਕਿਨ ਹੁਣ ਜ਼ਿਆਦਾ ਸਮਾਂ ਆਸ਼ਰਮ ਵੱਲ ਧਿਆਨ ਦੇਣ ਲੱਗੇ।

## 1904 ਦੀ ਸਿੰਧ ਫੇਰੀ

ਆਸ਼ਰਮ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋ ਗਿਆ, ਹਰ ਰੋਜ਼ ਕੜਾਹ ਪ੍ਰਸ਼ਾਦ ਦੀ ਦੇਗ ਸਜਾ ਕੇ

---

* *ਸੰਤ ਹਰੀ ਸਿੰਘ ਜੀ ਵਿਰੱਕਤ, ਸੰਤ ਠਾਕੁਰ ਦਿਆਲ ਸਿੰਘ ਜੀ ਦੇ ਸ਼ਿਸ਼ ਅਤੇ ਉਸ ਸਮੇਂ ਦੇ ਪ੍ਰਰ ਸਿੱਧ ਮਹਾਂਪੁਰਸ਼ ਸਨ। ਇਨ੍ਹਾਂ ਨੇ ਹੀ 1903 ਈਸਵੀ ਵਿਚ ਪੰਜਾਬ ਸਿੰਧ ਛੇਤਰ ਦੀ ਨੀਂਹ ਰੱਖਕੇ ਸਥਾਪਤ ਕੀਤਾ, ਅਤੇ 1905 ਵਿੱਚ ਸਰੀਰ ਛੱਡ ਗਏ।*

** *ਨੱਥਾ ਸਿੰਘ ਇਕ ਨਿਰਮਲੇ ਸੰਤ ਸਨ ਇਥੇ ਇਕ ਝੋਂਪੜੀ ਬਣਾਕੇ ਰਹਿੰਦੇ ਸਨ, ਇਸ ਲਈ ਇਸ ਜਗ੍ਹਾ ਦਾ ਨਾਮ ਨੱਥਾ ਸਿੰਘ ਜੀ ਦਾ ਵਾੜਾ ਪੈ ਗਿਆ ਸੀ। ਇਨ੍ਹਾਂ ਦੇ ਸਰੀਰ ਛੱਡਣ ਤੋਂ ਬਾਅਦ ਇਨ੍ਹਾਂ ਦਾ ਸ਼ਿਸ਼ ਸੰਤ ਮੰਗਲ ਸਿੰਘ ਰਹਿੰਦਾ ਰਿਹਾ, ਕੁਝ ਸਮੇਂ ਬਾਅਦ ਸੰਤ ਮੰਗਲ ਸਿੰਘ ਜੀ ਨੇ ਇਹ ਜਗ੍ਹਾ ਮਹੰਤ ਬੁੱਢਾ ਸਿੰਘ ਜੀ ਨੂੰ ਦੇ ਦਿੱਤੀ, ਜੋ ਆਸ਼ਰਮ ਵਿੱਚ ਹੀ ਮਿਲਾ ਲਈ ਗਈ।*



ਨਿਰਮਲ ਆਸ਼ਰਮ, ਰਿਸ਼ੀਕੇਸ਼

ਅਰਦਾਸ ਕੀਤੀ ਜਾਂਦੀ ਹੈ। ਕਮਰੇ ਕੁਝ ਹੋਰ ਬਣਾ ਲਏ ਗਏ ਅਤੇ ਕੁਝ ਕੱਚੀਆਂ ਝੌਂਪੜੀਆਂ ਬਣੀਆਂ ਹੋਈਆਂ ਸਨ, ਇਸ ਤਰ੍ਹਾਂ ਕਾਫੀ ਸਾਧੂ ਰੋਜ਼ ਆਸ਼ਰਮ ਵਿੱਚ ਰਹਿਣ ਲੱਗ ਪਏ। ਲੰਗਰ ਦੇ ਸਮੇਂ ਘੰਟੀ ਵਜਾਈ ਜਾਂਦੀ, ਆਸ਼ਰਮ ਵਿੱਚ ਰਹਿਣ ਵਾਲੇ ਸਾਧੂ ਅਤੇ ਬਾਹਰੋਂ ਆਏ ਸਭ ਮਹਾਤਮਾ ਗੁਰੂ ਦੇ ਲੰਗਰ ਵਿੱਚ ਪ੍ਰਸ਼ਾਦਾ ਛੱਕਦੇ, ਸਵੇਰੇ ਸ਼ਾਮ ਆਪੋ-ਆਪਣੇ ਨਿਤਨੇਮ ਤੋਂ ਬਿਨਾਂ ਦਿਨ ਵਿੱਚ ਆਪ ਕਦੇ ਗੁਰਬਾਣੀ, ਕਦੇ ਭਗਵਤ ਗੀਤਾ, ਕਦੇ ਯੋਗ ਵਸ਼ਿਸ਼ਟ ਆਦਿ ਗ੍ਰੰਥ ਪੜ੍ਹਾਇਆ ਕਰਦੇ। ਇਸ ਪ੍ਰਕਾਰ ਸੁੱਖ ਪੂਰਵਕ ਸਮਾਂ ਗੁਜ਼ਰ ਰਿਹਾ ਸੀ। ਇਕ ਦਿਨ ਭਾਈ ਕਲ੍ਹਾ ਚੰਦ ਸਿੰਧੀ ਦੀ ਪੱਤ੍ਰਕਾ ਮਿਲੀ, ਜਿਸ ਵਿਚ ਆਪ ਨੂੰ ਸਿੰਧ ਆਉਣ ਲਈ ਬੇਨਤੀ ਕੀਤੀ ਗਈ ਸੀ। ਆਪ ਜੀ ਨੇ ਬੇਨਤੀ ਪ੍ਰਵਾਨ ਕਰਕੇ ਤਾਰ ਦੇ ਦਿੱਤੀ, ਕਿ ਫਲਾਂ ਤਰੀਕ ਅਸੀਂ ਹੈਦਰਾਬਾਦ ਪਹੁੰਚ ਰਹੇ ਹਾਂ। ਕੁਝ ਦਿਨਾਂ ਵਿੱਚ ਆਸ਼ਰਮ ਦਾ ਸਾਰਾ ਪ੍ਰਬੰਧ ਠੀਕ ਕਰਕੇ ਸਿੰਧ ਨੂੰ ਚਲ ਪਏ। ਜਿਸ ਵਕਤ ਗੱਡੀ ਹੈਦਰਾਬਾਦ ਸਟੇਸ਼ਨ ਤੇ ਪਹੁੰਚੀ, ਅੱਗਿਉਂ ਬਹੁਤ ਸੰਗਤ ਆਪ ਜੀ ਨੂੰ ਲੈਣ ਵਾਸਤੇ ਸਟੇਸ਼ਨ ਤੇ ਆਈ ਹੋਈ ਸੀ।

ਸੰਗਤਾਂ ਨੇ ਬੜੇ ਪਿਆਰ ਸਤਿਕਾਰ ਨਾਲ ਫੁੱਲਾਂ ਦੇ ਗੁਲਦਸਤੇ ਭੇਟ ਕੀਤੇ, ਉਪਰੰਤ ਬੱਘੀ ਵਿੱਚ ਬਿਠਾਕੇ ਰਿਸ਼ੀ ਦਇਆ ਰਾਮ ਗਿੱਦੂ ਮੱਲ ਦੇ ਆਸ਼ਰਮ ਲੈ ਗਏ, ਜੋ ਕਿ ਫਲੇਲੀ ਨਦੀ ਦੇ ਕਿਨਾਰੇ ਸਥਿੱਤ ਸੀ। ਸਵੇਰੇ ਸ਼ਾਮ ਹਰ ਰੋਜ਼ ਸਤਸੰਗ ਸ਼ੁਰੂ ਹੋ ਗਿਆ, ਆਪ ਹਰ ਰੋਜ਼ ਕਿਸੇ ਇਕ ਸ਼ਬਦ ਦੀ ਕਥਾ ਦਰਿਆ ਕਰਦੇ ਸਨ। ਸਵੇਰੇ-ਸ਼ਾਮ ਬਹੁਤ ਸੰਗਤ ਜੁੜਿਆ ਕਰਦੀ, ਇਸ ਪ੍ਰਕਾਰ ਦੋ ਮਹੀਨੇ ਸੰਗਤਾਂ ਨੂੰ ਸਤਉਪਦੇਸ਼ ਕਰਦਿਆਂ ਇਥੇ ਹੀ ਗੁਜ਼ਾਰੇ। ਫਿਰ ਕਰਾਚੀ ਦੀ ਸੰਗਤ ਦੀ ਬੇਨਤੀ ਪ੍ਰਵਾਨ ਕਰਕੇ ਕਰਾਚੀ ਗਏ, ਕੁਝ ਦਿਨ ਉਥੇ ਠਹਿਰ ਕੇ ਸ਼ਿਕਾਰਪੁਰ ਹੁੰਦੇ ਹੋਏ ਵਾਪਸ ਰਿਸ਼ੀਕੇਸ਼ ਆ ਗਏ।

## 1908 ਦੀ ਅਰਧ-ਕੁੰਭੀ ਅਤੇ ਮਹੰਤ ਆਤਮਾ ਸਿੰਘ ਜੀ ਦਾ ਸ਼ਰਣ ਆਉਣਾ

ਹੁਣ ਜ਼ਿਆਦਾ ਸਮਾਂ ਆਸ਼ਰਮ ਵਿੱਚ ਹੀ ਗੁਜ਼ਾਰਨ ਲੱਗੇ। ਕਦੇ-ਕਦਾਈਂ ਰੰਮਤ ਨੂੰ ਲੈ ਕੇ ਤੀਰਥਾਂ ਦੇ ਖਾਸ-ਖਾਸ ਮੇਲਿਆਂ ਤੇ ਜਾਂਦੇ, ਮੇਲੇ ਦੀ ਸਮਾਪਤੀ ਤੇ ਫਿਰ ਵਾਪਸ ਰਿਸ਼ੀਕੇਸ਼ ਆ ਜਾਂਦੇ। ਆਸ਼ਰਮ ਠਹਿਰਣ ਦੇ ਦੌਰਾਨ ਆਸ਼ਰਮ ਵਿੱਚ ਜ਼ਿਆਦਾ ਸਮਾਂ ਸਾਧੂਆਂ ਨੂੰ ਸ਼ਾਸਤਰ ਪੜ੍ਹਾਉਣ ਵਿੱਚ ਗੁਜ਼ਾਰਦੇ, ਨਾਲ ਰਹਿਣ ਵਾਲੇ ਸਾਧੂਆਂ ਨੂੰ ਕਦੇ-ਕਦੇ ਆਤਮਾ ਸੰਬੰਧੀ ਸਵਾਲ ਪੁੱਛਦੇ, ਠੀਕ-ਠੀਕ ਉੱਤਰ ਨਾ ਮਿਲਣ ਤੇ ਬਚਨ ਕਰਦੇ, ਕਿ ਕੇਵਲ ਪੜ੍ਹ ਲੈਣਾ ਪਉੜੀ ਦਾ ਪਹਿਲਾ ਡੰਡਾ ਹੈ, ਜੋ ਕਿ ਨੀਚੇ ਰਹਿਣ ਵਾਲੇ ਲੋਕਾਂ ਤੋਂ ਜ਼ਿਆਦਾ ਵਿਲੱਖਣ ਨਹੀਂ ਹੁੰਦਾ। ਹੇਠਲੀ ਤਪਸ਼ ਤੋਂ ਬਚਨ ਲਈ ਜ਼ਰੂਰੀ ਹੈ ਕਿ ਮੰਨਣ ਨਿਧਿਆਸਣ ਰੂਪੀ ਉਪਰਲੇ ਡੰਡਿਆਂ ਨੂੰ ਫੜਕੇ ਚੋਟੀ ਰੂਪ ਉਪਰਲੀ ਛੱਤ ਤੇ ਚੜ੍ਹਿਆ ਜਾਵੇ, ਜਿਥੇ ਦੁੱਖ-ਸੁੱਖ ਰੂਪੀ ਹਵਾ ਦਾ ਨਾਮੋਂ ਨਿਸ਼ਾਨ ਨਹੀਂ ਹੈ ਅਤੇ ਸਦਾ ਲਈ ਸੁਖੀ ਹੋ ਜਾਈਦਾ ਹੈ। ਇਸ ਪ੍ਰਕਾਰ ਗਿਆਨ ਉਪਦੇਸ਼ ਦੀ ਵਰਖਾ ਕਰਦਿਆਂ ਕਾਫੀ ਸਮਾਂ ਗੁਜ਼ਰ ਗਿਆ। ਇਤਨੇ ਨੂੰ 1908 ਈਸਵੀ ਦਾ ਹਰਦੁਆਰ ਅਰਧ ਕੁੰਭੀ ਦਾ ਮੇਲਾ ਆ ਗਿਆ। ਹੁਣ ਆਪ ਨੇ ਅਖਾੜੇ ਦੀਆਂ ਤਮਾਮ ਜ਼ਿੰਮੇਵਾਰੀਆਂ ਤੋਂ ਮੁਕਤ ਹੋਣ ਦਾ ਮਨ ਵਿੱਚ ਪੱਕਾ ਫੈਸਲਾ ਕਰਕੇ, ਤਿਆਗ ਪੱਤਰ ਦੇ ਦਿੱਤਾ ਜੋ ਕਿ ਬਹੁਤ ਜ਼ੋਰ ਪਾਉਣ ਤੇ ਵੀ ਵਾਪਸ ਨਹੀਂ ਲਿਆ। ਇਤੇ ਹੀ ਮਹੰਤ ਆਤਮਾ ਸਿੰਘ ਜੀ ਨੂੰ ਆਪ ਜੀ ਦਾ ਪਹਿਲਾ ਮਿਲਾਪ ਹੋਇਆ* ਜੋ ਕਿ ਕਿਸੇ ਪੂਰਬਲੇ ਸੰਜੋਗ ਵਸ ਰਹਿਣੀ-ਕਹਿਣੀ ਦੇ ਪੂਰੇ, ਅਤਿ ਦਰਜੇ ਦਾ ਉਚਾ ਜੀਵਨ ਦੇਖਕੇ ਅਤੇ ਕਥਾ ਉਪਦੇਸ਼ ਤੋਂ ਇਤਨਾ ਪ੍ਰਭਾਵਤ ਹੋਏ, ਕਿ ਮੁੜਕੇ ਵਾਪਸ ਨਹੀਂ ਗਏ। ਕੁੰਭ ਮੇਲੇ ਤੇ ਇਸ਼ਨਾਨ ਅਤੇ ਆਪ ਦੇ ਦਰਸ਼ਨਾਂ ਲਈ ਸਿੰਧੀ ਪ੍ਰੇਮੀ ਵੀ ਕੁਝ ਆਏ ਹੋਏ ਸਨ।

ਮੇਲੇ ਦੀ ਸਮਾਪਤੀ ਤੇ ਸਿੰਧੀ ਸੰਗਤ ਅਤੇ ਆਤਮਾ ਸਿੰਘ ਜੀ ਨੂੰ ਨਾਲ ਲੈ ਕੇ ਰਿਸ਼ੀਕੇਸ਼ ਆਸ਼ਰਾਮ ਪਹੁੰਚ ਗਏ। ਕੁਝ ਦਿਨ ਰਹਿ ਕੇ ਸਿੰਧੀ ਪ੍ਰੇਮੀਆਂ ਨੇ ਵਾਪਸ ਜਾਣ ਵੇਲੇ ਬੇਨਤੀ ਕੀਤੀ, ਮਹਾਰਾਜ! ਹੈਦਰਾਬਾਦ ਦੀ ਸੰਗਤ ਬਹੁਤ ਯਾਦ ਕਰਦੀ ਹੈ ਇਸ ਲਈ ਸਾਡੇ ਨਾਲ ਹੀ ਚੱਲੋ। ਆਪ ਨੇ ਬਚਨ ਕੀਤਾ ਆਸ਼ਰਮ ਦਾ ਥੋੜ੍ਹਾ ਕੰਮ ਹੈ ਇਹ ਕਰਕੇ ਜ਼ਰੂਰ ਆਵਾਂਗੇ। ਸਿੰਧ ਆਉਣ ਦਾ ਬਚਨ ਲੈ ਕੇ ਪ੍ਰੇਮੀ ਸੰਗਤਾਂ ਬੜੀ ਖੁਸ਼ੀ-ਖੁਸ਼ੀ ਘਰਾਂ ਨੂੰ ਵਾਪਸ ਹੋਈਆਂ।

* *ਇਨ੍ਹਾਂ ਦਾ ਜੀਵਨ ਬਿਰਤਾਂਤ ਵਿਸਥਾਰ ਵਿੱਚ ਅੱਗੇ ਆਵੇਗਾ।*

## 1910 ਈ: ਦੀ ਸਿੰਧ ਫੇਰੀ

ਸਿੰਧੀ ਪ੍ਰੇਮੀਆਂ ਦੇ ਬਾਰ-ਬਾਰ ਬੇਨਤੀ-ਪੱਤਰ ਆਉਣ ਤੇ, ਆਸ਼ਰਮ ਦਾ ਸਾਰਾ ਕੰਮ ਕਾਜ ਸੰਤ ਆਤਮਾ ਸਿੰਘ ਜੀ ਨੂੰ ਸੰਭਾਲ ਕੇ ਆਪ ਜੀ ਹੈਦਰਾਬਾਦ ਪਹੁੰਚੇ। ਜ਼ਿੰਦਗੀ ਦੇ ਨਿਯਮ ਅਨੁਸਾਰ ਭਾਵੇਂ ਆਪ ਦੇ ਅੰਦਰੋਂ ਸਤਸੰਗ ਗੁਰਬਾਣੀ ਦਾ ਪ੍ਰਵਾਹ ਵਹਿੰਦੇ ਦਰਿਆ ਦੀ ਤਰ੍ਹਾਂ ਹਮੇਸ਼ਾ ਚਲਦਾ ਰਹਿੰਦਾ ਸੀ, ਪ੍ਰੰਤੂ ਫਿਰ ਵੀ ਦੋ ਸਮੇਂ ਸਵੇਰੇ ਅਤੇ ਸ਼ਾਮ ਵਿਸ਼ੇਸ਼ ਤੌਰ ਤੇ ਨੀਯਤ ਕੀਤੇ ਗਏ ਸਨ, ਜਿਸ ਵਿੱਚ ਕਾਫੀ ਸੰਗਤ ਜੁੜਕੇ ਮਨੁੱਖ ਜਨਮ ਦੀ ਸਫਲਤਾ ਦਾ ਲਾਭ ਉਠਾਉਂਦੀ, ਅਤੇ ਦਿਨ ਨੂੰ ਨਵਲ ਰਾਏ ਅਤੇ ਕੁਝ ਹੋਰ ਪ੍ਰੇਮੀ ਸੰਸਕ੍ਰਿਤ ਵਿੱਚ ਭਗਵਤ ਗੀਤਾ ਪੜ੍ਹਿਆ ਕਰਦੇ ਸਨ।

ਇਕ ਦਿਨ ਜਿਸ ਵਕਤ ਗੀਤਾ ਪੜ੍ਹਾ ਰਹੇ ਸਨ ਤਾਂ ਉਪਰੋਂ ਕਿਸੇ ਕਾਂ ਨੇ ਬਿੱਠ ਕਰ ਦਿੱਤੀ ਜੋ ਕਿ ਬਾਬਾ ਜੀ ਦੀ ਦਾੜ੍ਹੀ ਅਤੇ ਛਾਤੀ ਤੇ ਆ ਡਿੱਗੀ। ਨਵਲ ਰਾਏ ਜਲਦੀ ਨਾਲ ਉੱਠਕੇ ਬਾਬਾ ਜੀ ਦੀ ਦਾੜ੍ਹੀ ਅਤੇ ਕੱਪੜੇ ਸਾਫ ਕਰਨ ਲੱਗਿਆ, ਤਾਂ ਆਪ ਨੇ ਰੋਕ ਦਿੱਤਾ, ਬੋਲੇ ਆਪ ਪਾਠ ਪੜ੍ਹੋ। ਇਹ ਤਾਂ ਉੱਪਰ ਤੋਂ ਰਾਮ ਜੀ ਨੇ ਬਰਸਾਤ ਪਾਈ ਹੈ, ਪਾਠ ਵਿਚਾਲੇ ਨਹੀਂ ਉੱਠਣਾ ਚਾਹੀਦਾ, ਪਾਠ ਪੂਰਾ ਹੋਣ ਤੇ ਫਿਰ ਦੇਖਾਂਗੇ। ਨਵਲ ਰਾਏ ਆਪ ਜੀ ਦਾ ਧੀਰਜ, ਸ਼ਾਂਤ ਸੁਭਾਵ ਅਤੇ ਸਹਿਣ ਸ਼ੀਲਤਾ ਦੇਖਕੇ ਬਹੁਤ ਪ੍ਰਭਾਵਤ ਹੋਇਆ, ਬੇਨਤੀ ਕੀਤੀ, ਮਹਾਰਾਜ! ਮੈਨੂੰ ਨਾਮ ਦੀ ਦਾਤ ਬਖਸ਼ੋ। ਬਾਬਾ ਜੀ ਬੋਲੇ, ਅਜੇ ਗੁਰਬਾਣੀ ਪਾਠ ਨਿਤਨੇਮ ਨਾਲ ਕਰਦਾ ਰਹਿ, ਜਦੋਂ ਦੁਬਾਰਾ ਆਏ ਫਿਰ ਦਿਆਂਗੇ। ਇਸ ਪ੍ਰਕਾਰ ਕੋਈ ਤਿੰਨ ਮਹੀਨੇ ਸਿੰਧ ਵਿੱਚ ਪ੍ਰਚਾਰ ਕਰਕੇ ਵਾਪਸ ਰਿਸ਼ੀਕੇਸ਼ ਆ ਗਏ।

## ਨਿਰਮਲ ਬਾਗ ਕਨਖਲ ਦਾ ਜਨਮ

ਕੁੰਭ ਆਦਿ ਵੱਡੇ-ਵੱਡੇ ਮੇਲਿਆਂ ਤੇ ਹਰਦੁਆਰ ਸੰਗਤਾਂ ਭਾਰੀ ਗਿਣਤੀ ਵਿੱਚ ਪਹੁੰਚਦੀਆਂ ਹਨ, ਉਨ੍ਹਾਂ ਦੀ ਸੁੱਖ ਸੁਵਿਧਾ ਨੂੰ ਮੁੱਖ ਰੱਖਕੇ ਮਹੰਤ ਬਾਬਾ ਬੁੱਢਾ ਸਿੰਘ ਜੀ ਦੇ ਸ਼ੁੱਧ ਅਤੇ ਦਿਆਲੂ ਮਨ ਵਿੱਚ ਸੰਕਲਪ ਪੈਦਾ ਹੋਇਆ ਕਿ ਹਰਦੁਆਰ ਵਿੱਚ ਵੀ ਇਕ ਆਸ਼ਰਮ ਬਣਾਇਆ ਜਾਵੇ ਤਾਂ ਕਿ ਜੋੜ ਮੇਲਿਆਂ ਦੇ ਸਮੇਂ ਤੇ ਸੰਗਤਾਂ ਬਜਾਏ ਰਿਸ਼ੀਕੇਸ਼ ਆਉਣ ਦੇ ਹਰਦੁਆਰ ਠਹਿਰ ਕੇ ਹੀ ਦਰਸ਼ਨ ਇਸ਼ਨਾਨ ਆਦਿ ਦਾ ਲਾਭ ਉਠਾ ਸਕਣ। ਇਸ ਵਿਚਾਰ ਨੂੰ ਮੁੱਖ ਰੱਖਕੇ ਨਿਰਮਲ ਵਿਰੱਕਤ ਕੁਟੀਆ ਕਨਖਲ ਦੇ ਬਿਲਕੁੱਲ ਨਜ਼ਦੀਕ 1911 ਈਸਵੀ ਦੇ ਸ਼ੁਰੂ ਵਿੱਚ ਹੀ, ਮਹੰਤ ਨਿਹਾਲ ਸਿੰਘ ਜੀ ਤੋਂ ਖਾਲੀ ਪਈ ਜ਼ਮੀਨ ਖਰੀਦ ਲਈ ਗਈ ਜੋ ਕਿ ਨਿਰਮਲੇ ਸੰਤ ਸਨ। ਰਜਿਸਟਰੀ ਕਰਵਾਕੇ ਉਸਦੀ ਚਾਰਦੀਵਾਰੀ ਬਣਾ ਕੇ ਵਿੱਚ ਇਕ ਬੜੀ ਸੁੰਦਰ ਕੋਠੀ ਬਣਾਈ ਅਤੇ ਬਾਕੀ ਜ਼ਮੀਨ ਵਿੱਚ ਬਾਗ ਲਗਵਾ ਦਿੱਤਾ।*

## 1911 ਵਿੱਚ ਸਿੰਧ ਜਾਣਾ

ਹੈਦਰਾਬਾਦ ਤੋਂ ਮਿਸਟਰ ਨਵਲ ਰਾਏ ਨੇ ਰਿਸ਼ੀਕੇਸ਼ ਆ ਕੇ ਬੇਨਤੀ ਕੀਤੀ ਮਹਾਰਾਜ! ਮੈਂ ਕੱਪੜੇ ਦੀ ਨਵੀਂ ਦੁਕਾਨ ਖੋਲ੍ਹਣੀ ਹੈ, ਆਪ ਕ੍ਰਿਪਾ ਕਰਕੇ ਆਪਣੇ ਪਵਿੱਤਰ ਹਸਤ ਕਮਲਾਂ ਦੁਆਰਾ ਉਸਦਾ ਮਹੂਰਤ ਕਰੋ। ਮਹੰਤ ਬਾਬਾ ਬੁੱਢਾ ਸਿੰਘ ਜੀ ਨੇ ਬਚਨ ਕਰ ਦਿੱਤਾ ਤੂੰ ਚੱਲ ਕੇ ਤਿਆਰੀ ਕਰ, ਅਸੀਂ ਫਲਾਣੀ ਤਰੀਕ ਨੂੰ ਹੈਦਰਾਬਾਦ ਪਹੁੰਚ ਜਾਵਾਂਗੇ। ਆਗਿਆ ਲੈ ਕੇ ਮਿਸਟਰ ਨਵਲ ਰਾਏ ਨੇ ਵਾਪਸ ਆ ਕੇ ਸਾਰੀ ਤਿਆਰੀ ਕਰ ਲਈ ਅਤੇ ਬਾਕੀ ਸੰਗਤ ਨੂੰ ਦੱਸ ਦਿੱਤਾ ਕਿ ਇਸ ਦਿਨ ਬਾਬਾ ਜੀ ਹੈਦਰਾਬਾਦ ਪਹੁੰਚ ਰਹੇ ਹਨ। ਨੀਯਤ ਦਿਨ ਤੇ ਬਾਬਾ ਜੀ ਹੈਦਰਾਬਾਦ ਪਹੁੰਚ ਗਏ, ਅੱਗੇ ਸਟੇਸ਼ਨ ਤੇ ਬਹੁਤ ਸੰਗਤ ਜੁੜੀ ਹੋਈ ਸੀ। ਆਪ ਜੀ ਨੂੰ ਬਾਦਸ਼ਾਹੀ ਬੱਘੀ ਵਿੱਚ ਸਵਾਰ ਕਰਕੇ ਰਿਹਾਇਸ਼ ਵਾਲੀ ਜਗ੍ਹਾ ਪਹੁੰਚਾਇਆ ਗਿਆ। ਸਵੇਰੇ-ਸ਼ਾਮ ਸਤਸੰਗ ਸ਼ੁਰੂ ਹੋਇਆ ਜਿਸ ਵਿੱਚ ਬਹੁਤ ਭਾਰੀ ਗਿਣਤੀ ਨਾਲ ਸੰਗਤਾਂ ਆਉਣ ਲੱਗੀਆਂ। ਇਕ ਦਿਨ ਨੀਯਤ ਕਰਕੇ ਭਾਈ ਨਵਲ ਰਾਏ ਦੀ ਦੁਕਾਨ ਦੇ ਮਹੂਰਤ ਨਮਿੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਕਥਾ ਕੀਰਤਨ ਕਰਵਾਇਆ, ਅਰਦਾਸ ਉਪਰੰਤ ਖੁੱਲ੍ਹਾ ਲੰਗਰ ਵਰਤਿਆ। ਇਸ ਪ੍ਰਕਾਰ ਤਿੰਨ ਮਹੀਨੇ ਹੈਦਰਾਬਾਦ ਕਥਾ, ਕੀਰਤਨ, ਸਤਸੰਗ, ਸਤਸ਼ਾਸਤਰ ਦੁਆਰਾ ਉਪਦੇਸ਼ ਕਰਕੇ ਕੁਝ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਦੇ ਹੋਏ, ਹੈਦਰਾਬਾਦ ਤੋਂ ਕਰਾਚੀ ਪਹੁੰਚੇ। ਇਥੇ ਪਹੁੰਚ ਕੇ ਸੇਠ ਚੇਲਾ ਰਾਮ ਦੱਲੋ ਮੱਲ ਦੇ ਬਗੀਚੇ ਵਿੱਚ ਬਿਰਾਜਮਾਨ ਹੋਏ। ਇਸ ਪ੍ਰਕਾਰ ਕਰਾਚੀ ਸ਼ਹਿਰ ਦੀਆਂ ਕਾਫੀ ਸੰਗਤਾਂ ਸਤਸੰਗ ਦਾ ਲਾਭ ਉਠਾ ਰਹੀਆਂ ਸਨ। ਇਕ ਦਿਨ ਹੈਦਰਾਬਾਦ

* *ਇਹ ਅਸਥਾਨ ਅੱਜਕਲ੍ਹ ਨਿਰਮਲ ਬਾਗ ਕਰਕੇ, ਕਨਖਲ ਵਿਖੇ ਪ੍ਰਸਿੱਧ ਹੈ, ਜੋ ਕਿ ਬਹੁਤ ਆਲੀਸ਼ਾਨ ਬਿਲਡਿੰਗਾਂ ਨਾਲ ਸ਼ੋਭਾ ਦੇ ਰਿਹਾ ਹੈ।*

ਤੋਂ ਸੇਠ ਨਵਲ ਰਾਏ ਈਸ਼ਰ ਦਾਸ ਨਵੀਂ ਖੋਲ੍ਹੀ ਦੁਕਾਨ ਲਈ ਕੱਪੜਾ ਲੈਣ ਅਤੇ ਆਪ ਜੀ ਦੇ ਦਰਸ਼ਨ ਕਰਨ ਲਈ ਕਰਾਚੀ ਪਹੁੰਚਿਆ।

ਮੱਸਿਆ ਦਾ ਦਿਨ ਹੋਣ ਕਰਕੇ ਉਸ ਦਿਨ ਬਜ਼ਾਰ ਬੰਦ ਸੀ, ਇਸ ਲਈ ਕੁਝ ਫਰੂਟ ਆਦਿ ਭੇਟਾਵਾਂ ਲੈ ਕੇ ਬਾਬਾ ਜੀ ਦੇ ਚਰਨਾਂ ਵਿੱਚ ਆਇਆ। ਉਸ ਸਮੇਂ ਬਾਬਾ ਜੀ ਦੁਪਹਿਰ ਦਾ ਲੰਗਰ ਛੱਕ ਕੇ ਬਾਹਰ ਬਰਾਂਡੇ ਵਿੱਚ ਆਰਾਮ ਕੁਰਸੀ ਤੇ ਬੈਠੇ ਸਨ। ਬਾਬਾ ਜੀ ਨੇ ਨਵਲ ਰਾਏ ਨੂੰ ਖੇਮਕੁਸ਼ਲ ਪੁੱਛਣ ਤੋਂ ਬਾਅਦ ਹੁਕਮ ਕੀਤਾ, ਇਹ ਫਰੂਟ ਕੱਟ ਕੇ ਲੈ ਕੇ ਆਉ। ਇਤਨੇ ਨੂੰ ਇਕ ਆਦਮੀ ਜੋ ਸ਼ਿਕਾਰਪੁਰ ਦਾ ਰਹਿਣ ਵਾਲਾ ਸੀ ਭੱਜਿਆ-ਭੱਜਿਆ ਆਇਆ, ਰੋ-ਰੋ ਕੇ ਬਾਬਾ ਜੀ ਦੇ ਚਰਨਾਂ ਵਿੱਚ ਡਿੱਗ ਗਿਆ। ਬਾਬਾ ਜੀ ਨੇ ਬਹੁਤ ਧਰਵਾਸ ਦਿੱਤਾ ਪਰ ਉਹ ਚੁੱਪ ਨਾ ਹੋਵੇ, ਰੋਈਂ ਜਾਵੇ। ਅਚਾਨਕ ਬਾਬਾ ਜੀ ਨੇ ਨੇਤਰ ਬੰਦ ਕਰ ਲਏ, ਥੋੜ੍ਹੀ ਦੇਰ ਬਾਅਦ ਨੇਤਰ ਖੋਲ੍ਹੇ, ਉਸਦੀ ਪਿੱਠ ਤੇ ਥਾਪੜਾ ਦੇ ਕੇ ਬਚਨ ਕੀਤਾ, ਤੂੰ ਰੋ-ਨਾ! ਗੁਰੂ ਨਾਨਕ ਭਲੀ ਕਰਨਗੇ। ਇਤਨੇ ਨੂੰ ਨਵਲ ਰਾਏ ਫਰੂਟ ਕੱਟ ਕੇ ਲੈ ਆਇਆ। ਬਾਬਾ ਜੀ ਨੇ ਉਸ ਸ਼ਿਕਾਰਪੁਰੀ ਨੂੰ ਅਤੇ ਨਵਲ ਰਾਏ ਨੂੰ ਫਰੂਟ ਖਵਾਇਆ ਅਤੇ ਆਪ ਵੀ ਖਾਧਾ। ਫਿਰ ਨਵਲ ਰਾਏ ਨੂੰ ਹੁਕਮ ਕੀਤਾ, ਆਪ ਅੱਜ ਹੀ ਵਾਪਸ ਹੈਦਰਾਬਾਦ ਚਲੇ ਜਾਉ। ਨਵਲ ਰਾਏ ਨੇ ਬੇਨਤੀ ਕੀਤੀ, ਮਹਾਰਾਜ! ਮੈਂ ਇੱਥੋਂ ਦੁਕਾਨ ਲਈ ਕੁਝ ਕੱਪੜਾ ਲੈ ਕੇ ਜਾਣਾ ਹੈ, ਅੱਜ ਮੱਸਿਆ ਦੀ ਵਜ੍ਹਾ ਕਰਕੇ ਬਾਜ਼ਾਰ ਬੰਦ ਹੈ। ਕੱਲ੍ਹ ਬਾਜ਼ਾਰ ਖੁੱਲੇਗਾ, ਇਸ ਲਈ ਕੱਲ੍ਹ ਕੱਪੜਾ ਲੈ ਕੇ ਚਲਾ ਜਾਵਾਂਗਾ। ਬਾਬਾ ਜੀ ਬੋਲੇ, ਕਪੜਾ ਖਰੀਦ ਕੇ ਹੈਦਰਾਬਾਦ ਭੇਜਣ ਦੀ ਡਿਊਟੀ ਕਿਸੇ ਹੋਰ ਦੀ ਲਾ ਦੇਵੋ, ਲੇਕਿਨ ਤੁਸੀਂ ਆਪ ਅੱਜ ਹੀ ਵਾਪਸ ਚਲੇ ਜਾਵੋ।

ਨਵਲ ਰਾਏ ਤਾਂ ਹੁਕਮ ਮੰਨਕੇ ਵਾਪਸ ਮੁੜ ਗਿਆ। ਕੋਈ ਦੋ ਘੰਟੇ ਬਾਅਦ ਉਸ ਸ਼ਿਕਾਰਪੁਰੀ ਨੂੰ ਕਿਸੇ ਨੇ ਆ ਕੇ ਦੱਸਿਆ, ਬਈ ਅਸਲ ਚੋਰ ਫੜ ਲਿਆ ਹੈ, ਇਸ ਲਈ ਪੁਲਸ ਨੂੰ ਤੇਰੀ ਲੋੜ ਨਹੀਂ ਰਹੀ, ਤੂੰ ਚਿੰਤਾਂ ਨਾ ਕਰ। ਉਸ ਸ਼ਿਕਾਰਪੁਰੀ ਨੇ ਬਾਬਾ ਜੀ ਨੂੰ ਦਸਿਆ ਕਿ ਪੁਲਸ ਮੈਨੂੰ ਚੋਰੀ ਦੇ ਝੂਠੇ ਕੇਸ ਵਿੱਚ ਫਸਾਉਣਾ ਚਾਹੁੰਦੀ ਸੀ। ਆਪ ਨੇ ਕ੍ਰਿਪਾ ਕੀਤੀ ਮੇਰੀ ਇੱਜ਼ਤ ਬਚ ਗਈ, ਨਾਲੇ ਪੁਲਸ ਦੀ ਮਾਰ ਤੋਂ ਬਚ ਗਿਆ। ਬਾਬਾ ਜੀ ਬੋਲੇ ਪ੍ਰੇਮੀਆਂ! ਸੱਚ ਨੂੰ ਕਦੇ ਆਂਚ ਨਹੀਂ ਲੱਗਿਆ ਕਰਦੀ, ਇਸ ਲਈ ਜ਼ਿੰਦਗੀ ਵਿੱਚ ਕਦੇ ਝੂਠ ਨਾ ਬੋਲੀਂ ਅਤੇ ਬੁਰਾਈਆਂ ਤੋਂ ਹਮੇਸ਼ਾਂ ਦੂਰ ਰਹੀਂ। ਜਿਸ ਪਰਮੇਸ਼ਰ ਨੇ ਤੇਰੀ ਅੱਜ ਰਖਿਆ ਕੀਤੀ ਹੈ ਉਸਨੂੰ ਕਦੇ ਮਨ ਤੋਂ ਨਾ ਭੁਲਾਈਂ। ਜਪੁਜੀ ਸਾਹਿਬ ਦਾ ਪਾਠ ਨੇਮ ਨਾਲ ਕਰਦਾ ਰਹੀਂ। ਇਸ ਪ੍ਰਕਾਰ ਸ਼ਿਕਾਰਪੁਰੀ ਜੋ ਦੋ ਘੰਟੇ ਪਹਿਲਾਂ ਰੋਂਦਾ ਆਇਆ ਸੀ, ਉਹ ਅਸ਼ੀਰਵਾਦ ਲੈ ਕੇ ਹਸਦਾ ਘਰ ਨੂੰ ਗਿਆ। ਉਧਰ ਨਵਲ ਰਾਏ ਜਦ ਵਾਪਸ ਹੈਦਰਾਬਾਦ ਆਪਣੇ ਘਰ ਪਹੁੰਚਿਆ ਤਾਂ ਕਾਫੀ ਰਾਤ ਹੋ ਚੁੱਕੀ ਸੀ ਇਸ ਲਈ ਘਰ ਵਾਲਿਆਂ ਨੇ ਇਸਨੂੰ ਕੋਈ ਗੱਲ ਨਾ ਦੱਸੀ। ਦਿਨ ਚੜ੍ਹੇ ਘਰ ਤੋਂ ਤਿਆਰ ਹੋ ਕੇ ਜਦ ਆਪਣੀ ਦੁਕਾਨ ਤੇ ਗਿਆ ਤਾਂ ਆਂਢ-ਗੁਆਂਢ ਵਾਲੇ ਦੁਕਾਨਦਾਰ ਵਧਾਈ ਦੇਣ ਲੱਗੇ ਕਿ ਤੇਰੇ ਪਰ ਪਰਮੇਸ਼ਰ ਨੇ ਬਹੁਤ ਕ੍ਰਿਪਾ ਕੀਤੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ। ਮਿਸਟਰ ਹੋਤ ਚੰਦ ਚੂਹੜ ਮੱਲ ਬੋਲਿਆ, ਸਬੱਬ ਨਾਲ ਮੈਂ ਦੁਕਾਨ ਤੇ ਹੀ ਸੀ। ਹੋਤ ਚੰਦ ਦੀ ਦੁਕਾਨ ਨਵਲ ਰਾਏ ਦੀ ਦੁਕਾਨ ਦੇ ਬਿਲਕੁਲ ਸਾਮ੍ਹਣੇ ਹੀ ਸੀ। ਉਸ ਦੀ ਦੁਕਾਨ ਵਿੱਚ ਪੋਸਟ-ਆਫਿਸ ਹੋਣ ਕਰਕੇ ਖੁਲ੍ਹੀ ਸੀ, ਬਾਕੀ ਬਜ਼ਾਰ ਮੱਸਿਆ ਦਾ ਦਿਨ ਹੋਣ ਕਰਕੇ ਬੰਦ ਸੀ।

ਹੋਤ ਚੰਦ ਚੂਹੜ ਮਲ ਦੀ ਦੁਕਾਨ ਦੇ ਉੱਪਰ ਚੁਬਾਰੇ ਵਿੱਚ ਪੰਡਿਤ ਸ੍ਰੀ ਲੋਕ ਰਾਮ ਅਤੇ ਪੰਡਿਤ ਵਿਸ਼ਨੂੰ ਸ਼ਰਮਾ ਨਿਵਾਸ ਰੱਖਦੇ ਸਨ ਜੋ ਕਿ ਦੋਨੋਂ ਸਕੇ ਭਰਾ ਸਨ। ਮੱਸਿਆ ਦੇ ਵਿਸ਼ੇਸ਼ ਦਿਨ ਕਰਕੇ ਕਾਫੀ ਲੋਕ ਇੰਨ੍ਹਾਂ ਦੇ ਕੋਲ ਪੂਜਾ-ਪਾਠ ਕਰਾਉਣ ਲਈ ਆਉਂਦੇ ਸਨ। ਉਪਰ ਚੁਬਾਰੇ ਵਿੱਚ ਜਾਣ ਲਈ ਪਉੜੀ ਹੋਤ ਚੰਦ ਚੂਹੜ ਮਲ ਦੀ ਦੁਕਾਨ ਦੇ ਨਾਲ ਚੜ੍ਹਦੀ ਸੀ, ਇਸ ਲਈ ਕਿਸੇ ਉਪਰ ਜਾਣ ਵਾਲੇ ਨੂੰ ਅੱਗ ਨਾਲ ਸੜਦੇ ਕੱਪੜੇ ਦੀ ਵਾਸ ਆਈ, ਉਸਨੇ ਖੜ੍ਹ ਕੇ ਇੱਧਰ ਉੱਧਰ ਤੱਕਿਆ ਤਾਂ ਨਵਲ ਰਾਏ ਦੀ ਦੁਕਾਨ ਵਿੱਚੋਂ ਧੂੰਆਂ ਨਿਕਲਦਾ ਨਜ਼ਰ ਆਇਆ, ਉਸਦੇ ਰੌਲਾ ਪਾਉਣ ਤੇ, ਹੋਤ ਚੰਦ ਅਤੇ ਜੋ ਉੱਪਰ ਪੰਡਿਤ ਜੀ ਕੋਲ ਬੰਦੇ ਬੈਠੇ ਸਨ, ਸੁਣਕੇ ਸਭ ਆ ਗਏ। ਦੁਕਾਨ ਦਾ ਦਰਵਾਜ਼ਾ ਤੋੜਕੇ ਦੇਖਿਆ ਅੰਦਰ ਕੱਪੜੇ ਅਤੇ ਮੇਜ਼ ਨੂੰ ਅੱਗ ਲੱਗੀ ਪਈ ਹੈ। ਸਭ ਨੇ ਹਿੰਮਤ ਕਰਕੇ ਇੱਧਰੋਂ ਉਧਰੋਂ ਪਾਣੀ ਲੈ ਕੇ ਅੱਗ ਬੁਝਾਈ, ਨੁਕਸਾਨ ਬਹੁਤ-ਥੋੜ੍ਹਾ ਹੋਇਆ, ਕਿਉਂਕਿ ਅੱਗ ਅਜੇ ਸ਼ੁਰੂ ਹੀ ਹੋਈ ਸੀ। ਨਵਲ ਰਾਏ ਦੇ ਘਰ ਪਤਾ ਕਰਨ

ਤੇ ਉਸਦਾ ਭਤੀਜਾ ਅਤੇ ਹੋਰ ਘਰ ਵਾਲੇ ਲੋਕ ਆਏ, ਬਚਾਉ ਹੋਇਆ ਦੇਖਕੇ ਅੱਗ ਬੁਝਾਉਣ ਵਾਲਿਆਂ ਦਾ ਧੰਨਵਾਦ ਕੀਤਾ।

ਸਾਰੀ ਗੱਲ ਸੁਣਕੇ ਨਵਲ ਰਾਏ ਨੇ ਪੁੱਛਿਆ, ਕੀ ਟਾਈਮ ਸੀ ਜਿਸ ਵਕਤ ਇਹ ਘਟਨਾ ਹੋਈ? ਹੋਤ ਰਾਮ ਨੇ ਦੱਸਿਆ ਕਰੀਬ ਬਾਰਾਂ ਵਜੇ ਤੋਂ ਬਾਅਦ ਦੀ ਗੱਲ ਹੈ। ਨਵਲ ਰਾਏ ਨੇ ਮਨ ਵਿੱਚ ਸੋਚਿਆ ਕਿ ਉਸ ਸਮੇਂ ਹੀ ਬਾਬਾ ਜੀ ਨੇ ਸ਼ਰਣ ਆਏ ਸ਼ਿਕਾਰਪੁਰੀ ਦੀ ਹਾਲਤ ਦੇਖਕੇ ਨੇਤਰ ਬੰਦ ਕੀਤੇ ਸਨ ਅਤੇ ਅਸੀਸ ਦਿੱਤੀ ਸੀ, ਕਿ ਗੁਰੂ ਨਾਨਕ ਭਲੀ ਕਰਨਗੇ, ਅਤੇ ਮੈਨੂੰ ਹੁਕਮ ਕੀਤਾ ਸੀ ਕਿ ਆਪ ਅੱਜ ਹੀ ਹੈਦਰਾਬਾਦ ਵਾਪਸ ਚਲੇ ਜਾਓ। ਇਹ ਸਾਰੀ ਗੱਲ ਜੋ ਬਾਬਾ ਜੀ ਨੇ ਕਰਾਚੀ ਕੀਤੀ ਸੀ, ਸੋਚ ਕੇ ਨਵਲ ਰਾਏ ਬਹੁਤ ਅਸਚਰਜ ਹੋਇਆ, ਲੇਕਿਨ ਉਸਨੇ ਇਹ ਬਾਤ ਕਿਸੇ ਨੂੰ ਦੱਸੀ ਨਹੀਂ। ਇਹ ਸਾਰੀ ਘਟਨਾ ਨਵਲ ਰਾਏ ਨੇ ਇੱਕ ਚਿੱਠੀ ਤੇ ਲਿਖ ਕੇ, ਬਾਬਾ ਜੀ ਨੂੰ ਕਰਾਚੀ ਭੇਜੀ, ਜਿਸ ਵਿਚ ਨਿਮਰਤਾ ਨਾਲ ਬਹੁਤ ਬੇਨਤੀਆਂ ਲਿਖੀਆਂ, ਮਹਾਰਾਜ! ਆਪ ਜੀ ਦੀ ਅਪਾਰ ਬਖਸ਼ਿਸ਼ ਹੋਈ, ਮੇਰਾ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ, ਅਗਰ ਆਪ ਦਾ ਮੇਹਰਾਂ ਭਰਿਆਂ ਹੱਥ ਮੇਰੇ ਸਿਰ ਉੱਪਰ ਨਾ ਹੁੰਦਾ ਤਾਂ ਮੇਰਾ ਕੁਝ ਨਹੀਂ ਸੀ ਬਚਣਾ, ਮੈਂ ਭਾਰੀ ਕਰਜਾ ਲੈ ਕੇ ਕੰਮ ਸ਼ੁਰੂ ਕੀਤਾ ਸੀ, ਜੋ ਕਿ ਘਰ ਵੇਚ ਕੇ ਵੀ ਨਹੀਂ ਸੀ ਉਤਰਨਾ, ਆਪ ਨੇ ਮੇਹਰ ਕੀਤੀ, ਮੇਰਾ ਰੋਮ-ਰੋਮ ਆਪ ਦਾ ਸ਼ੁਕਰ ਗੁਜ਼ਾਰ ਹੈ। ਮਿਸਟਰ ਹੋਤ ਚੰਦ ਚੂਹੜ ਮੱਲ ਬੀਮੇ ਦਾ ਏਜੰਟ ਵੀ ਸੀ। ਉਸਨੇ ਨਵਲ ਰਾਏ ਨੂੰ ਸਲਾਹ ਦਿੱਤੀ ਕਿ ਆਪ ਦੁਕਾਨ ਦਾ ਬੀਮਾ ਕਰਵਾ ਲਉ, ਤਾਂ ਕਿ ਅੱਗੇ ਨੂੰ ਐਸੀ ਕਿਸੇ ਬੁਰੀ ਘਟਨਾਂ ਦੇ ਨੁਕਸਾਨ ਤੋਂ ਬਚਿਆ ਜਾਵੇ। ਨਵਲ ਰਾਏ ਨੇ ਬੀਮੇ ਬਾਰੇ ਬਾਬਾ ਜੀ ਤੋਂ ਸਲਾਹ ਪੁੱਛੀ ਤਾਂ ਬਾਬਾ ਜੀ ਬੋਲੇ ਹੁਣ ਇਤਨਾ ਖਰਚਾ ਕਰਨ ਦੀ ਜ਼ਰੂਰਤ ਨਹੀਂ।

ਬਾਬਾ ਜੀ ਨੇ ਆਪਣੇ ਪਵਿੱਤਰ ਹੱਥਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਇਕ ਸ਼ਬਦ ਲਿਖ ਕੇ ਦਿਤਾ, ਹੁਕਮ ਕੀਤਾ ਦੁਕਾਨ ਬੰਦ ਕਰਨ ਤੋਂ ਬਾਅਦ ਇਸ ਸ਼ਬਦ ਦਾ ਜਾਪ ਕਰਕੇ ਫਿਰ ਘਰ ਨੂੰ ਜਾਇਆ ਕਰ। ਗੁਰੂ ਨਾਨਕ ਦੇਵ ਮਹਾਰਾਜ ਭਲੀ ਕਰਨਗੇ, ਅੱਜ ਤੋਂ ਤੇਰੀ ਦੁਕਾਨ ਦਾ ਬੀਮਾਂ, ਗੁਰੂ ਨਾਨਕ ਦੇਵ ਮਹਾਰਾਜ ਜੀ ਦੀ ਕੰਪਨੀ ਵਿੱਚ ਖੁਲਵਾ ਦਿੰਦੇ ਹਾਂ। ਇਸ ਪ੍ਰਕਾਰ ਕਈ ਮਹੀਨੇ ਸਿੰਧ ਵਿੱਚ ਨਾਮ ਬਾਣੀ ਦਾ ਉਪਦੇਸ਼ ਦੇ ਕੇ, ਅਤੇ ਦੁਖੀਆਂ ਦੇ ਕਾਰਜ ਰਾਸ ਕਰਕੇ ਜਦ ਵਾਪਸੀ ਦੀ ਤਿਆਰੀ ਕੀਤੀ ਤਾਂ ਹੈਦਰਾਬਾਦ ਅਤੇ ਕਰਾਚੀ ਦੀ ਸੰਗਤ ਨੇ ਇਕੱਠੇ ਹੋ ਕੇ ਅਰਜ਼ ਕੀਤੀ; ਮਹਾਰਾਜ! ਆਪ ਕਿਰਪਾ ਕਰਕੇ ਹਰ ਸਾਲ ਸਿੰਧ ਵਿੱਚ ਦਰਸ਼ਨ ਦੀਦਾਰੇ ਬਖਸ਼ਿਸ਼ ਕਰਿਆ ਕਰੋ। ਬੇਨਤੀ ਸੁਣਕੇ ਆਪ ਜੀ ਨੇ ਬਚਨ ਦੇ ਦਿੱਤਾ, ਜੇ ਗੁਰੂ ਨਾਨਕ ਨੂੰ ਭਾਇਆ, ਤਾਂ ਜ਼ਰੂਰ ਆਇਆ ਕਰਾਂਗੇ। ਇਸ ਪ੍ਰਕਾਰ ਸੰਗਤਾਂ ਦੀਆਂ ਮਨੋਭਾਵਨਾਵਾਂ ਪੂਰੀਆਂ ਕਰਕੇ ਵਾਪਸ ਰਿਸ਼ੀਕੇਸ ਆ ਗਏ।

## ਮੂਲੀ ਬਾਈ

ਸੰਗਤਾਂ ਦੇ ਕਾਫ਼ੀ ਚਿੱਠੀ ਪੱਤਰਾਂ ਰਾਹੀਂ ਬੇਨਤੀ ਕਰਨ ਅਤੇ ਦਿੱਤੇ ਬਚਨ ਮੁਤਾਬਿਕ 1912 ਵਿੱਚ ਫਿਰ ਕਰਾਚੀ ਪਹੁੰਚੇ। ਸੰਗਤਾਂ ਸਤਸੰਗ ਉਪਦੇਸ਼ ਰਾਹੀਂ ਤਾਂ ਲਾਭ ਉਠਾ ਹੀ ਰਹੀਆਂ ਸਨ ਪ੍ਰੰਤੂ ਪ੍ਰੇਮੀ ਲੋਕ ਘਰਾਂ ਵਿੱਚ ਚਰਨ ਪਵਾਉਣ ਲਈ ਬੇਨਤੀਆਂ ਕਰਦੇ। ਬਾਬਾ ਜੀ ਵੀ ਸ਼ਰਧਾ ਪ੍ਰੇਮ ਦੇਖਕੇ ਸੇਵਕਾਂ ਦੇ ਘਰਾਂ ਵਿੱਚ ਜਾਂਦੇ, ਪ੍ਰੇਮ ਸ਼ਰਧਾ ਨਾਲ ਪ੍ਰਸ਼ਾਦ ਪਾਣੀ ਛਕਾਉਂਦੇ ਅਤੇ ਆਪਣੀਆਂ ਸੰਸਾਰਕ ਲੋੜਾਂ ਦੀ ਪੂਰਤੀ ਲਈ ਅਰਜ਼ਾਂ ਕਰਦੇ। ਬਾਬਾ ਜੀ ਆਪਣੀ ਮੌਜ ਵਿੱਚ ਬਚਨ ਕਰ ਦਿੰਦੇ ਤਾਂ ਸਹਜ ਸੁਭਾ ਹੀ ਸੇਵਕਾਂ ਦੇ ਕਾਰਜ ਰਾਸ ਹੋ ਜਾਂਦੇ। ਇਸ ਪ੍ਰਕਾਰ ਭੋਗ-ਮੋਖ ਦੀਆਂ ਖੁੱਲੀਆਂ ਦਾਤਾਂ ਵੰਡ ਰਹੇ ਸਨ। ਇਕ ਦਿਨ ਇਕ ਮਾਈ ਜਿਸ ਦਾ ਨਾਮ ਮੂਲੀ ਬਾਈ ਸੀ ਨੇ ਆਪਣੇ ਪੁੱਤਰ ਬੂਲ ਚੰਦ ਨੂੰ ਨਾਲ ਲੈ ਕੇ ਬਾਬਾ ਜੀ ਦੇ ਚਰਨਾਂ ਵਿੱਚ ਅਰਜ਼ ਕੀਤੀ, ਮਹਾਰਾਜ ਸਾਡੇ ਘਰ ਚਰਨ ਪਾਉ ਅਤੇ ਦੁਪਹਿਰ ਦਾ ਲੰਗਰ ਛਕੋ। ਮਾਈ ਦੀ ਸ਼ਰਧਾ ਦੇਖਕੇ, ਬਾਬਾ ਜੀ ਨੇ ਬੁਚਨ ਕਰ ਦਿੱਤਾ, ਅੱਛਾ ਕੱਲ੍ਹ ਚੱਲਾਂਗੇ। ਦੂਸਰੇ ਦਿਨ ਪ੍ਰੇਮੀਆਂ ਨੇ ਬੜੇ ਪ੍ਰੇਮ ਨਾਲ ਲੰਗਰ ਤਿਆਰ ਕੀਤਾ, ਇੱਕ ਨਵਾਂ ਮੰਜਾ ਡਾਹ ਕੇ ਉਪਰ ਇੱਕ ਸੁੰਦਰ ਬਿਸਤਰਾ ਵਿਛਾਇਆ, ਸਾਰੀ ਤਿਆਰੀ ਕਰਕੇ ਨਿਵਾਸ ਅਸਥਾਨ ਤੋਂ ਬਾਬਾ ਜੀ ਨੂੰ ਨਾਲ ਲੈ ਕੇ ਆਏ। ਬੜੇ ਪ੍ਰੇਮ ਨਾਲ ਸਾਰੇ ਪਰਿਵਾਰ ਨੇ ਸੇਵਾ ਕੀਤੀ। ਬਾਬਾ ਜੀ ਲੰਗਰ ਛਕਣ ਤੋਂ ਬਾਅਦ ਕੁਝ ਸਤਿ ਉਪਦੇਸ਼ ਦੇ ਕੇ ਜਦ ਵਾਪਸ ਜਾਣ ਲਈ ਤਿਆਰ ਹੋਏ, ਤਾਂ ਮਾਈ ਮੂਲੀ

ਬਾਈ ਨੇ ਬਾਬਾ ਜੀ ਦੇ ਚਰਨ ਫੜ ਕੇ ਅਰਜ਼ ਕੀਤੀ, ਮਹਾਰਾਜ! ਮੇਰੇ ਪੁੱਤਰ ਬੂਲ ਚੰਦ ਦੇ ਔਲਾਦ ਨਹੀਂ ਹੈ, ਆਪ ਕਿਰਪਾ ਕਰੋ, ਇਸ ਨੂੰ ਪੁੱਤਰ ਦੀ ਦਾਤ ਬਖਸ਼ ਦੇਵੋ।

ਬਾਬਾ ਜੀ ਬੋਲੇ, ਮਾਈ ਗੁਰੂ ਭਲੀ ਕਰੇਗਾ।

ਮਾਈ ਚਰਨਾਂ ਤੇ ਡਿੱਗਕੇ — ਮਹਾਰਾਜ ਆਪਣੇ ਪਵਿੱਤਰ ਮੁੱਖ ਤੋਂ ਪੁੱਤਰ ਦਾ ਬਚਨ ਕਰ ਦਿਉ!

ਬਾਬਾ ਜੀ — ਮਾਈ ਗੁਰੂ ਨਾਨਕ ਤੇ ਭਰੋਸਾ ਕਰੋ।

ਮਾਈ ਚਰਨ ਫੜ੍ਹਕੇ — ਮਹਾਰਾਜ ਅਸੀਂ ਗੁਰੂ ਨਾਨਕ ਦੇ ਦਰਸ਼ਨ ਨਹੀਂ ਕੀਤੇ ਅਸੀਂ ਤਾਂ ਆਪ ਜੀ ਨੂੰ ਹੀ ਦੇਖਿਆ ਹੈ, ਆਪ ਪਵਿੱਤਰ ਮੁੱਖ ਤੋਂ ਇੱਕ ਦਫਾ ਬਚਨ ਕਰ ਦਿਉ! ਪੁੱਤਰ ਹੋਵੇਗਾ। ਬਾਬਾ ਜੀ ਨੇ ਥੋੜ੍ਹੇ ਮੁਸਕਰਾ ਕੇ ਬਚਨ ਕੀਤਾ, ਦੇਣਾ ਤਾਂ ਗੁਰੂ ਨਾਨਕ ਨੇ ਹੀ ਹੈ, ਨਮਿੱਤ ਭਾਵੇਂ ਕੋਈ ਬਣਾ ਲਵੇ। ਥੋੜੇ ਜਲਾਲ ਵਿੱਚ ਆ ਕੇ ਬਚਨ ਕੀਤਾ, ਮਾਈ! ਗੁਰੂ ਨਾਨਕ ਇੱਕ ਨਹੀਂ ਤੈਨੂੰ ਦੋ ਪੋਤਰੇ ਦੇਵੇਗਾ, ਪਰ ਸ਼ਰਤ ਇਹ ਹੈ ਦੋਨੋਂ ਸਾਬਤ ਸੂਰਤ ਰੱਖਣੇ, ਨਾਮ ਸਿੰਘ ਰੱਖਣੇ, ਕੜਾਹ ਪ੍ਰਸਾਦ ਲੈ ਕੇ ਗੁਰਦੁਆਰਾ ਸਾਹਿਬ ਜਾ ਕੇ ਅਰਦਾਸ ਕਰਨੀ, ਜੋ ਹੁਕਮਨਾਮਾ ਆਵੇ ਉਸਦੇ ਪਹਿਲੇ ਅੱਖਰ ਤੋਂ ਨਾਮ ਰੱਖਣਾ।*

## ਜੇਠ ਮੱਲ ਮੱਘਰ ਮੱਲ ਚੈਨਾਨੀ

ਹੈਦਰਾਬਾਦ ਮੱਘਰ ਮੱਲ ਚੈਨਾਨੀ ਨਾਮ ਦਾ ਇੱਕ ਸੇਠ ਵਸਦਾ ਸੀ, ਉਸ ਦੀਆਂ ਦੋ ਸ਼ਾਦੀਆਂ ਹੋਈਆਂ ਸਨ। ਇਕ ਤੋਂ ਦੋ ਬੇਟੀਆਂ ਤੇ ਦੂਸਰੀ ਤੋਂ ਇੱਕ ਬੈਟਾ ਸੀ ਜਿਸਦਾ ਨਾਮ ਜੇਠ ਮੱਲ ਸੀ। ਮੱਘਰ ਮੱਲ ਚੈਨਾਨੀ ਨੇ ਆਪਣੀ ਸਾਰੀ ਜਾਇਦਾਦ ਦੀ ਵਸੀਅਤ ਦੋਨਾਂ ਲੜਕੀਆਂ ਦੇ ਨਾਮ ਕਰਵਾ ਦਿੱਤੀ, ਲੇਕਿਨ ਜੇਠ ਮੱਲ ਨੂੰ ਕੁਝ ਨਾ ਦਿੱਤਾ। ਵਸੀਅਤ ਕਰਨ ਤੋਂ ਬਾਅਦ ਮੱਘਰ ਮੱਲ ਤਾਂ ਗੁਜਰ ਗਿਆ ਸਾਰੀ ਜਾਇਦਾਦ ਤੇ ਦੋਨੋਂ ਲੜਕੀਆਂ ਨੇ ਕਬਜ਼ਾ ਕਰ ਲਿਆ। ਜੇਠ ਮੱਲ ਵਿਚਾਰਾ ਦੁੱਖੀ ਹੋ ਕੇ ਇੱਧਰ-ਉੱਧਰ ਭਟਕਣ ਲੱਗਿਆ। ਉਸਦੇ ਗੁਆਂਢ ਵਿੱਚ ਇੱਕ ਸੀਤਲ ਦਾਸ ਚੈਨਾਨੀ ਨਾਮ ਦਾ ਭਲਾ ਪੁਰਸ਼ ਵਸਦਾ ਸੀ ਜੋ ਗੁਰਬਾਣੀ ਅਤੇ ਹੋਰ ਸ਼ਾਸਤਰਾਂ ਦਾ ਚੰਗਾ ਗਿਆਤਾ ਸੀ, ਯਾਨੀ ਗੁਰਬਾਣੀ ਦੇ ਇਸ਼ਾਰਿਆਂ ਨੂੰ ਸਮਝਦਾ ਸੀ, ਭਾਵ ਗੁਰਬਾਣੀ ਦੇ ਵਿਚਾਰ ਤੋਂ ਸੰਤਾਂ ਦੀ ਮਹਿਮਾ ਦਾ ਜਾਣੂ ਸੀ। ਉਹ ਇਕ ਦਿਨ ਜੇਠ ਮੱਲ ਨੂੰ ਸ਼ਾਮ ਸਤਸੰਗ ਦੇ ਸਮੇਂ ਬਾਬਾ ਜੀ ਕੋਲ ਲੈ ਗਿਆ। ਸਤਿਸੰਗ ਸੁਣਕੇ ਜੇਠ ਮੱਲ ਦੇ ਮਨ ਵਿੱਚ ਸ਼ਰਧਾ ਹੋ ਆਈ। ਸਮਾਪਤੀ ਤੇ ਬਾਬਾ ਜੀ ਦੇ ਚਰਨਾਂ ਤੇ ਨਮਸ਼ਕਾਰ ਕਰਕੇ ਆਪਣੀ ਸਾਰੀ ਵਿਥਿਆ ਸੁਣਾਈ।

ਬੇਨਤੀ ਕੀਤੀ, ਮਹਾਰਾਜ! ਮੇਰੇ ਤੇ ਕਿਰਪਾ ਕਰੋ ਕਿਸੇ ਰਸਤੇ ਪਾਉ। ਉਸਨੂੰ ਦੁਖੀ ਦੇਖਕੇ ਬਾਬਾ ਜੀ ਦਇਆ ਦੇ ਘਰ ਆਏ, ਹੁਕਮ ਕੀਤਾ ਕੋਰਟ ਵਿੱਚ ਕੇਸ ਕਰ ਦਿਉ ਗੁਰੂ ਨਾਨਕ ਮਿਹਰ ਕਰਨਗੇ, ਕੇਸ ਤੇਰੇ ਹੱਕ ਵਿੱਚ ਹੋ ਜਾਊ, ਪ੍ਰੰਤੂ ਇੱਕ ਕੰਮ ਕਰਨਾ, ਜਿਸ ਦਿਨ ਕੇਸ ਕਰਨ ਲਈ ਜਾਵੋ, ਸਵੇਰੇ ਕੜਾਹ ਪ੍ਰਸਾਦ ਦੀ ਦੇਗ ਕਰਕੇ ਗੁਰੂ ਘਰ ਜਾ ਕੇ ਅਰਦਾਸ ਕਰਨੀ, ਫਿਰ ਜਾਣਾ। ਜੇਠ ਮੱਲ ਨੇ ਹੁਕਮ ਮੁਤਾਬਿਕ ਐਸਾ ਹੀ ਕੀਤਾ। ਕੋਰਟ ਨੇ ਫੈਸਲਾ ਜੇਠ ਮੱਲ ਦੇ ਹੱਕ ਵਿੱਚ ਦੇ ਦਿੱਤਾ। ਉਸ ਦਿਨ ਤੋਂ ਜੇਠ ਮੱਲ ਬਾਬਾ ਜੀ ਦਾ ਅਨਿੰਨ ਸੇਵਕ ਬਣ ਗਿਆ। ਕੋਈ ਵੀ ਕਾਰਜ ਕਰਨਾ ਹੁੰਦਾ ਪਹਿਲਾਂ ਆਗਿਆ ਲੈ ਕੇ ਫਿਰ ਸ਼ੁਰੂ ਕਰਦਾ।

* *ਬਾਬਾ ਜੀ ਦੇ ਦਿੱਤੇ ਬਚਨਾਂ ਅਨੁਸਾਰ ਤੀਹ ਜੂਨ, 1913 ਨੂੰ ਸ੍ਰੀ ਬੂਲ ਚੰਦ ਦੇ ਘਰ ਇੱਕ ਲੜਕਾ ਪੈਦਾ ਹੋਇਆ, ਜਿਸਦਾ ਨਾਮ ਈਸ਼ਰ ਸਿੰਘ ਮਨਸੁਖਾਨੀ ਰੱਖਿਆ। 14 ਫਰਵਰੀ, 1920 ਨੂੰ ਦੂਜਾ ਲੜਕਾ ਪੈਦਾ ਹੋਇਆ, ਜਿਸਦਾ ਨਾਮ ਗੁਰਬਾਣੀ ਦੇ 'ਤ' ਅੱਖਰ ਦੁਆਰਾ ਤਾਰਾ ਸਿੰਘ ਮਨਸੁਖਾਨੀ ਰੱਖਿਆ। ਬਾਬਾ ਜੀ ਦੇ ਹੁਕਮ ਮੁਤਾਬਿਕ ਦੋਨਾਂ ਨੂੰ ਸਰਦਾਰ ਬਣਾਇਆ ਅਤੇ ਸੰਨ 1932 ਵਿੱਚ ਬਾਬਾ ਜੀ ਨੇ ਆਪ ਦੀਵਾਨ ਜੇਠ ਮੱਲ ਦਰਬਾਰ ਕਰਾਚੀ ਵਿੱਚ ਦੋਨਾਂ ਨੂੰ ਅੰਮ੍ਰਿਤ ਛਕਾਇਆ। ਈਸ਼ਰ ਸਿੰਘ ਉਸ ਵਕਤ ਕਾਲਜ ਵਿੱਚ ਪੜ੍ਹਦਾ ਸੀ, ਅਤੇ ਛੋਟਾ ਤਾਰਾ ਸਿੰਘ ਸਕੂਲ ਵਿੱਚ ਪੜ੍ਹਦਾ ਸੀ। ਦੇਸ ਦੀ ਵੰਡ ਤੋਂ ਬਾਅਦ ਦੋਨੋਂ ਭਰਾ ਬੰਬਈ ਆ ਕੇ ਵੱਸ ਗਏ। ਈਸ਼ਰ ਸਿੰਘ ਤਾਂ ਤਕੜਾ ਵਕੀਲ ਸੀ, ਜੋ ਕਾਫੀ ਉਮਰ ਭੋਗ ਕੇ 4 ਜੂਨ 1992 ਨੂੰ ਗੁਜਰ ਗਿਆ। ਤਾਰਾ ਸਿੰਘ ਬੰਬਈ ਵਿੱਚ ਰਿਟਾਇਰ ਹੋ ਕੇ, ਗੁਰਬਾਣੀ ਪੜ੍ਹਦਾ ਵਿਚਾਰਦਾ ਹੋਇਆ ਸੁੱਖ ਦੀ ਜ਼ਿੰਦਗੀ ਬਤੀਤ ਕਰ ਰਿਹਾ ਹੈ। ਇਹ ਸਾਰਾ ਹਵਾਲਾ ਤਾਰਾ ਸਿੰਘ ਦੀ ਜ਼ੁਬਾਨੀ ਸੁਣਿਆ ਜੋ ਉਸਨੇ ਆਪਣੇ ਮਾਤਾ-ਪਿਤਾ ਤੋਂ ਸੁਣਿਆ ਸੀ।*

## ਸ੍ਰੀ ਹੀਰਾ ਨੰਦ ਮੀਰਚੰਦਾਨੀ

ਸ੍ਰੀ ਹੀਰਾ ਨੰਦ ਮੀਰਚੰਦਾਨੀ ਹੈਦਰਾਬਾਦ ਸਿੰਧ ਵਿੱਚ ਪੁਲਸ ਕਮਿਸ਼ਨਰ ਸਨ। ਸੁਭਾਵ ਦੇ ਬਹੁਤ ਨੇਕ, ਹੱਕ ਦੀ ਕਮਾਈ ਕਰਨ ਵਾਲੇ, ਰਿਸ਼ਵਤ ਤੋਂ ਹਮੇਸ਼ਾ ਦੂਰ ਰਹਿੰਦੇ। ਉਨ੍ਹਾਂ ਦੀ ਧਰਮਪਤਨੀ ਰੁਕਮਣੀ ਵੀ ਨੇਕ ਸੁਭਾਅ ਵਾਲੀ ਔਰਤ ਸੀ। ਪਰਮੇਸ਼ਰ ਦਾ ਹੁਕਮ, ਇਨ੍ਹਾਂ ਦੀ ਸ਼ਾਦੀ ਹੋਣ ਤੇ ਕਈ ਸਾਲ ਗੁਜ਼ਰ ਗਏ, ਪ੍ਰੰਤੂ ਕੋਈ ਔਲਾਦ ਨਾ ਹੋਈ। ਦੇਵਨੇਤ ਨਾਲ ਬਾਬਾ ਬੁੱਢਾ ਸਿੰਘ ਜੀ ਮਹਾਰਾਜ ਹੈਦਰਾਬਾਦ ਗਏ ਹੋਏ ਸਨ, ਸਵੇਰੇ ਸ਼ਾਮ ਕਾਫ਼ੀ ਸੰਗਤਾਂ ਸਤਸੰਗ ਦਾ ਲਾਭ ਉਠਾ ਰਹੀਆਂ ਸਨ। ਇਕ ਦਿਨ ਰੁਕਮਣੀ ਮੀਰਚੰਦਾਨੀ ਵੀ ਸਤਸੰਗ ਵਿਚ ਪਹੁੰਚੀ, ਬਾਬਾ ਜੀ ਦੇ ਪਵਿੱਤਰ ਮੁੱਖ ਤੋਂ ਗੁਰਬਾਣੀ ਦੀ ਭਾਵ ਪੂਰਤ ਵਿਆਖਿਆ ਸੁਣਕੇ, ਮਨ ਗਦ-ਗਦ ਹੋ ਗਿਆ, ਘਰ ਜਾ ਕੇ ਆਪਣੇ ਪਤੀ ਹੀਰਾ ਨੰਦ ਮੀਰਚੰਦਾਨੀ ਨੂੰ ਦਸਿਆ ਕਿ ਬਾਬਾ ਜੀ ਪੂਰਨ ਮਹਾਂਪੁਰਸ਼ ਹਨ, ਆਪ ਨਾਲ ਚਲੋ ਤਾਂ ਔਲਾਦ ਲਈ ਅਰਜ਼ ਕਰੀਏ, ਰੱਬ ਕਰੇ ਖੈਰ ਪੱਲੇ ਪੈ ਜਾਏ। ਸੁਣ ਕੇ ਹੀਰਾ ਨੰਦ ਨੂੰ ਵੀ ਖੁਸ਼ੀ ਹੋਈ। ਦੂਸਰੇ ਦਿਨ ਇਕਾਂਤ ਜਾਣਕੇ ਬਾਬਾ ਜੀ ਦੇ ਚਰਨਾਂ ਵਿੱਚ ਪਹੁੰਚੇ, ਨਮਸ਼ਕਾਰ ਕਰਕੇ ਆਪਣੀ ਸੰਤਾਨ ਭਾਵਨਾਂ ਦੀ ਇੱਛਾ ਜ਼ਾਹਰ ਕੀਤਾ। ਬਾਬਾ ਜੀ ਨੇ ਬਚਨ ਕੀਤਾ, ਭਾਈ! ਗੁਰੂ ਨਾਨਕ ਦੇ ਘਰ ਕਿਹੜੀ ਚੀਜ਼ ਦੀ ਕਮੀ ਹੈ, ਕੇਵਲ ਵਿਸ਼ਵਾਸ ਲਿਆਉਣ ਦੀ ਲੋੜ ਹੈ, ਉਹਦੇ ਘਰ ਤਾਂ ਲੋਕ-ਪ੍ਰਲੋਕ ਦੇ ਪਦਾਰਥਾਂ ਦੇ ਹਮੇਸ਼ਾਂ ਭੰਡਾਰੇ ਵਰਤਦੇ ਹਨ।

ਹੀਰਾ ਨੰਦ ਅਤੇ ਰੁਕਮਣੀ ਨੇ ਫਿਰ ਬੇਨਤੀ ਕੀਤੀ, ਮਹਾਰਾਜ ਆਪ ਵੀ ਸ਼ਾਖਸ਼ਾਤ ਪਰਮੇਸ਼ਰ ਹੋ, ਕਿਰਪਾ ਕਰੋ ਬੱਚੇ ਦੀ ਦਾਤ ਬਖ਼ਸ਼ੋ। ਬਾਬਾ ਜੀ ਉਸ ਸਮੇਂ ਸੈਰ ਨੂੰ ਨਿਕਲਣ ਲੱਗੇ ਸਨ, ਤੇ ਉਸੀ ਸਮੇਂ ਇੱਕ ਸਿੰਧੀ ਕਿਸਾਨ ਸਰੋਂ ਦਾ ਬੀਜ ਲੈ ਕੇ ਆ ਗਿਆ, ਬੇਨਤੀ ਕੀਤੀ, ਮਹਾਰਾਜ! ਮੈਂ ਕੱਲ੍ਹ ਸਰੋਂ ਬੀਜਣੀ ਹੈ ਆਪ ਕਿਰਪਾ ਕਰਕੇ ਆਪਣਾ ਪਵਿੱਤਰ ਹੱਥ ਬੀਜ ਨੂੰ ਲਾ ਦਿਉ, ਮੇਰੀ ਖੇਤੀ ਸਫਲੀ ਹੋ ਜਾਵੇ। ਦੂਸਰੀ ਤਰਫ ਹੀਰਾ ਨੰਦ ਅਤੇ ਰੁਕਮਣੀ ਸੰਤਾਨ ਯਾਚਨਾ ਲਈ ਹੱਥ ਜੋੜੀਂ ਖੜੇ ਹਨ। ਪ੍ਰੇਮ ਦੇ ਸਮੁੰਦਰ ਬਾਬਾ ਜੀ ਨੇ ਨੇਤਰ ਬੰਦ ਕਰ ਲਏ, ਕੁਝ ਸਕਿੰਟਾਂ ਬਾਅਦ ਕਮਲਾਂ ਵਰਗੇ ਨੇਤਰ ਖੋਲ੍ਹੇ, ਸਰੋਂ ਦੇ ਬੀਜ ਵਿੱਚੋਂ ਇੱਕ ਚੁਟਕੀ ਦਾਣਿਆਂ ਦੀ ਭਰਕੇ ਮਾਈ ਰੁਕਮਣੀ ਮੀਰਚੰਦਾਨੀ ਦੇ ਹੱਥ ਉਤੇ ਰੱਖ ਦਿੱਤੀ, ਹੁਕਮ ਕੀਤਾ, ਸਵੇਰੇ ਹਰ ਰੋਜ਼ ਗੁਰਦੁਆਰਾ ਸਾਹਿਬ ਜਾ ਕੇ ਬੱਚੇ ਲਈ ਅਰਦਾਸ ਕਰਵਾਉਣੀ, ਜੋ ਕੜਾਹ ਪ੍ਰਸ਼ਾਦ ਮਿਲੇ ਉਸ ਵਿੱਚ ਇਨ੍ਹਾਂ ਵਿੱਚੋਂ ਹਰ ਰੋਜ਼ ਇਕ ਦਾਣਾ ਮਿਲਾਕੇ ਖਾ ਲਿਆ ਕਰਨਾ, ਗੁਰੂ ਨਾਨਕ ਭਲੀ ਕਰਨਗੇ।

ਮਾਈ ਨੇ ਹੁਕਮ ਮੁਤਾਬਿਕ ਛੇ ਦਿਨ ਐਸਾ ਕੀਤਾ, ਕਿਉਂਕਿ ਸਰੋਂ ਦੇ ਛੇ ਦਾਣੇ ਸਨ। ਸਮਾਂ ਪਾ ਕੇ ਮਾਈ ਨੂੰ ਬੱਚੇ ਦੀ ਆਸ ਹੋਈ, ਪੂਰੇ ਸਮੇਂ ਤੇ ਲੜਕੀ ਨੇ ਜਨਮ ਲਿਆ, ਜਿਸ ਦਾ ਨਾਮ ਕਲਾ ਰੱਖਿਆ। ਸਮਾਂ ਪਾ ਕੇ ਫਿਰ ਇੱਕ ਲੜਕੀ ਨੇ ਜਨਮ ਲਿਆ, ਜਿਸਦਾ ਨਾਮ ਪਦਮਾ ਰੱਖਿਆ। ਕੁਝ ਸਮੇਂ ਤੋਂ ਬਾਅਦ ਫਿਰ ਇਕ ਲੜਕੀ ਪੈਦਾ ਹੋਈ, ਜਿਸਦਾ ਨਾਮ ਲੀਲ੍ਹਾ ਰੱਖਿਆ। ਤਿੰਨ ਬੇਟੀਆਂ ਘਰ ਵਿੱਚ ਦੇਖਕੇ ਹੀਰਾ ਨੰਦ ਅਤੇ ਰੁਕਮਣੀ ਦਾ ਮਨ ਉਦਾਸ ਹੋ ਗਿਆ। ਇਸ ਸਮੇਂ ਬਾਬਾ ਜੀ ਹੈਦਰਾਬਾਦ ਹੀ ਗਏ ਹੋਏ ਸਨ, ਤਾਂ ਇਹ ਜੋੜੀ ਵੀ ਕੁਝ ਨਿਰਾਸ਼ ਜਿਹੀ ਹੋ ਕੇ ਚਰਨਾਂ ਵਿੱਚ ਪਹੁੰਚੀ। ਉਸ ਸਮੇਂ ਵੀ ਰੁਕਮਣੀ ਪੰਜ ਮਹੀਨੇ ਦੀ ਗਰਭਵਤੀ ਸੀ। ਦੋਨਾਂ ਨੇ ਬੇਨਤੀ ਕੀਤੀ, ਮਹਾਰਾਜ ਕਿਰਪਾ ਕਰੋ, ਲੜਕੀਆਂ ਤਿੰਨ ਹਨ ਪੁੱਤਰ ਦੀ ਦਾਤ ਬਖਸ਼ਿਸ਼ ਕਰੋ। ਸੁਣਕੇ ਬਾਬਾ ਜੀ ਬੋਲੇ, ਦੇਰੀ ਨਾਲ ਪਹੁੰਚੇ ਹੋ! ਸਮਾਂ ਕਾਫੀ ਗੁਜ਼ਰ ਗਿਆ। ਹੀਰਾ ਨੰਦ ਨੇ ਬੇਨਤੀ ਕੀਤੀ, ਮਹਾਰਾਜ ਆਪ ਸਰਬ-ਸਮਰਥ ਹੋ, ਪ੍ਰਕਿਰਤੀ ਸਾਰੀ ਆਪ ਦੇ ਅਧੀਨ ਹੈ। ਮਿਹਰ ਕਰੋ, ਪੁੱਤਰ ਦੀ ਦਾਤ ਬਖਸ਼ ਦਿਉ।

ਬਾਬਾ ਜੀ ਹੱਸ ਕੇ ਕਹਿਣ ਲੱਗੇ, ਅੱਛਾ! ਆਪ ਦੇ ਘਰ ਮੰਗਲਵਾਰ ਵਾਲੇ ਦਿਨ ਪੁੱਤਰ ਪੈਦਾ ਹੋਵੇਗਾ, ਉਸਦਾ ਨਾਮ ਮੋਹਣ ਰੱਖਣਾ, ਜਨਮ ਵਾਲੇ ਦਿਨ ਗੁਰਦੁਆਰਾ ਸਾਹਿਬ ਜਾ ਕੇ ਕੜਾਹ ਪ੍ਰਸ਼ਾਦ ਦੀ ਦੇਗ ਸਜਾ ਕੇ ਅਰਦਾਸ ਕਰਾਉਣੀ, ਛਠੀ ਵਾਲੇ ਦਿਨ ਮਿੱਤਰਾਂ ਸੱਜਣਾਂ ਨੂੰ ਘਰ ਬੁਲਾਉਣਾ, ਖੁੱਲਾ ਕੜਾਹ ਪ੍ਰਸ਼ਾਦ ਬਣਾ, ਅਰਦਾਸ ਕਰਕੇ ਸਭ ਨੂੰ ਛਕਾਉਣਾ, ਅਤੇ ਲੜਕੇ ਨੂੰ ਸਰਦਾਰ ਬਣਾਉਣਾ।*

* *ਸਿੰਧੀ ਕੌਮ ਵਿੱਚ ਰਿਵਾਜ ਹੈ ਕਿ ਬੱਚੇ ਦੇ ਜਨਮ ਤੋਂ ਛੇ ਦਿਨ ਬਾਅਦ ਮਿੱਤਰਾਂ-ਸੱਜਣਾਂ ਨੂੰ ਪਾਰਟੀ ਦਿੰਦੇ ਹਨ ਅਤੇ ਬੱਚੇ ਦਾ ਨਾਮ ਰੱਖਦੇ ਹਨ ਉਸ ਨੂੰ ਛਠੀ ਕਹਿੰਦੇ ਹਨ।*

ਸਮਾਂ ਪਾ ਕੇ ਐਸਾ ਹੀ ਹੋਇਆ, ਮੰਗਲਵਾਰ ਵਾਲੇ ਦਿਨ ਲੜਕਾ ਪੈਦਾ ਹੋਇਆ, ਬਾਬਾ ਜੀ ਦੇ ਹੁਕਮ ਮੁਤਾਬਿਕ ਹੀਰਾ ਨੰਦ ਨੇ ਗੁਰਦੁਆਰਾ ਸਾਹਿਬ ਕੜਾਹ ਪ੍ਰਸ਼ਾਦ ਬਣਾ ਕੇ ਸ਼ੁਕਰਾਨੇ ਦੀ ਅਰਦਾਸ ਕਰਾਈ ਅਤੇ ਛਠੀ ਵਾਲੇ ਦਿਨ ਯਾਨੀ ਛੇ ਦਿਨਾਂ ਬਾਅਦ ਬੱਚੇ ਨੂੰ ਅਤੇ ਉਸਦੀ ਮਾਂ ਨੂੰ ਗੁਰਦੁਆਰਾ ਸਾਹਿਬ ਲਿਜਾ ਕੇ ਕੜਾਹ ਪ੍ਰਸ਼ਾਦ ਬਣਾਇਆ, ਭਾਈ ਨੇ ਅਰਦਾਸ ਕਰਕੇ ਵਾਕ ਲਿਆ, ਤਾਂ ਹੁਕਮ ਨਾਮਾ ਆਇਆ—

ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥

*(ਸੋਰਠਿ ਮ: ੯, ਪੰਨਾ-੬੩੨)*

'ਮ' ਅੱਖਰ ਆਇਆ। ਬਾਬਾ ਜੀ ਦਾ ਹੁਕਮ ਵੀ ਮੋਹਣ ਨਾਮ ਰੱਖਣ ਦਾ ਹੀ ਸੀ। ਇਸ ਲਈ ਬਹੁਤ ਖੁਸ਼ੀ ਨਾਲ ਮੋਹਣ ਨਾਮ ਰੱਖਿਆ। ਉਧਰ ਭਾਈਚਾਰੇ ਨੂੰ ਪਾਰਟੀ ਦੇਣ ਦਾ ਪ੍ਰੋਗਰਾਮ ਬਣਾਇਆ ਕਿਉਂਕਿ ਹੀਰਾ ਨੰਦ ਮੀਰ ਚੰਦਾਨੀ ਪੁਲੀਸ ਦਾ ਵੱਡਾ ਅਫਸਰ ਸੀ, ਇਸ ਲਈ ਵੱਡੇ-ਵੱਡੇ ਅਫਸਰ ਲੋਕ ਪਾਰਟੀ ਵਿੱਚ ਆਉਣੇ ਸਨ, ਇਸ ਕਰਕੇ ਭਾਈਚਾਰੇ ਵਿੱਚ ਮੂੰਹ ਰੱਖਣ ਲਈ ਕੁਝ ਸ਼ਰਾਬ-ਮਾਸ ਦਾ ਵੀ ਇੰਤਜ਼ਾਮ ਕੀਤਾ ਗਿਆ। ਉਧਰ ਪਰਮੇਸ਼ਰ ਦੀ ਨੇਤ ਐਸੀ ਹੋਈ ਕਿ ਬੱਚੇ ਦਾ ਪਿਸ਼ਾਬ ਰੁੱਕ ਗਿਆ, ਡਾਕਟਰਾਂ ਨੂੰ ਬੁਲਾਇਆ ਗਿਆ, ਬੜੀ ਕੋਸ਼ਿਸ਼ ਕੀਤੀ, ਪਰ ਬੰਨ੍ਹ ਨਾ ਖੁੱਲਿਆ, ਉਧਰ ਪਾਰਟੀ ਦੀਆਂ ਤਿਆਰੀਆਂ ਹੋ ਰਹੀਆਂ ਹਨ, ਮਾਸ ਰਿੱਝ ਰਿਹਾ ਹੈ, ਸ਼ਰਾਬ ਦੀਆਂ ਪੇਟੀਆਂ ਆ ਗਈਆਂ, ਲੇਕਿਨ ਇੱਧਰ ਬੱਚੇ ਦੀ ਹਾਲਤ ਵਿਗੜਦੀ ਜਾ ਰਹੀ ਹੈ। ਜਦ ਬੱਚੇ ਦੇ ਬਚਣ ਦੀ ਕੋਈ ਆਸ ਨਾ ਰਹੀ, ਤਾਂ ਬਾਬਾ ਜੀ ਦੇ ਚਰਨਾਂ ਵਿੱਚ ਪਹੁੰਚੇ, ਬਾਬਾ ਜੀ ਕਰਾਚੀ ਤੋਂ ਉਸ ਦਿਨ ਹੀ ਹੈਦਰਾਬਾਦ ਆਏ ਸਨ। ਸਾਰੀ ਵਿਥਿਆ ਸੁਣਕੇ, ਬਾਬਾ ਜੀ ਥੋੜ੍ਹੇ ਮੁਸਕਰਾ ਕੇ ਕਹਿਣ ਲੱਗੇ, ਯਾਰੀ ਇੱਕ ਪਾਸੇ ਹੀ ਚੱਲੇਗੀ, ਜਾਂ ਤਾਂ ਗੁਰੂ ਨਾਨਕ ਨਾਲ ਜਾਂ ਅਫਸਰ ਲੋਕਾਂ ਨਾਲ। ਬਾਬਾ ਜੀ ਤੋਂ ਇਹ ਬਚਨ ਸੁਣਕੇ ਬਹੁਤ ਡਰੇ, ਚਰਨ ਫੜ ਕੇ ਰੋਣ ਲੱਗੇ, ਮਹਾਰਾਜ ਮਾਫ ਕਰ ਦਿਉ ਭੁੱਲ ਹੋ ਗਈ। ਬਾਬਾ ਜੀ ਨੇ ਹੁਕਮ ਕੀਤਾ, ਮਾਸ, ਸ਼ਰਾਬ ਸਾਰਾ ਡੋਲ੍ਹ ਦਿਉ, ਕਿਸੇ ਨੂੰ ਨਹੀਂ ਖਵਾਉਣਾ, ਕੜਾਹ ਪ੍ਰਸ਼ਾਦ ਅਤੇ ਸਾਦਾ ਲੰਗਰ ਤਿਆਰ ਕਰਕੇ, ਅਰਦਾਸ ਕਰਨੀ ਫਿਰ ਸਭ ਨੂੰ ਛਕਾਉਣਾ, ਗੁਰੂ ਨਾਨਕ ਭਲੀ ਕਰਨਗੇ। ਹੀਰਾ ਨੰਦ ਨੇ ਘਰ ਜਾ ਕੇ ਐਸਾ ਹੀ ਕੀਤਾ, ਸ਼ਰਾਬ ਦੀਆਂ ਬੋਤਲਾਂ ਭੰਨ ਦਿੱਤੀਆਂ, ਮਾਸ ਬਾਹਰ ਸੁੱਟ ਦਿੱਤਾ, ਹੁਕਮ ਮੁਤਾਬਿਕ ਸਾਦਾ ਲੰਗਰ ਤਿਆਰ ਕਰਕੇ ਕੜਾਹ ਪ੍ਰਸਾਦ ਬਣਾ ਕੇ ਅਰਦਾਸ ਕੀਤੀ, ਫਿਰ ਸਭ ਨੂੰ ਛਕਾਇਆ, ਉਪਰ ਪਰਮੇਸ਼ਰ ਨੇ ਮਿਹਰ ਕੀਤੀ, ਬੱਚਾ ਠੀਕ ਹੋ ਗਿਆ।*

## ਸ੍ਰੀ ਲੰਕਾ ਜਾਣਾ

ਕਰੀਬ 1920 ਦਾ ਜ਼ਿਕਰ ਹੈ ਆਪ ਆਸ਼ਰਮ ਦੀਆਂ ਸਾਰੀਆਂ ਜੰਮੇਦਾਰੀਆਂ, ਸੰਤ ਆਤਮਾ ਸਿੰਘ ਜੀ ਨੂੰ ਸੰਭਾਲ ਕੇ ਕੁਝ ਇਕਾਂਤ ਰਹਿਣਾ ਚਾਹੁੰਦੇ ਸਨ, ਮਗਰ ਸਰੀਰ ਦੀ ਪ੍ਰਾਰਬਧ ਭਾਰੀ ਉਪਕਾਰ ਦੀ ਹੋਣ ਕਰਕੇ ਐਸਾ ਨਹੀਂ ਹੋ ਸਕਿਆ। ਇੱਕ ਦਿਨ ਸ੍ਰੀ ਰਾਮ ਚੰਦ ਉਧਾ ਰਾਮ ਮੀਰਚੰਦਾਨੀ ਅਤੇ ਮਿਸਟਰ ਨਵਲ ਰਾਏ ਸਿੰਧੀ ਪ੍ਰੇਮੀਆਂ ਨੇ ਰਿਸ਼ੀਕੇਸ਼ ਆ ਕੇ ਆਪ ਨੂੰ ਹੈਦਰਾਬਾਦ ਜਾਣ ਲਈ ਬੇਨਤੀ ਕੀਤੀ। ਉਸ ਸਮੇਂ ਪੰਡਿਤ ਬਾਬਾ ਪ੍ਰੇਮ ਸਿੰਘ ਜੀ ਵੀ ਕੋਲ ਬੈਠੇ ਸਨ, ਉਨ੍ਹਾਂ ਨੇ ਬਚਨ ਕੀਤਾ, ਕਿ ਮੇਰੀ ਇੱਛਾ ਰਾਮੇਸ਼ਵਰ ਤੇ ਸ੍ਰੀ ਲੰਕਾ ਦੀ ਯਾਤਰਾ ਕਰਨ ਦੀ ਹੈ ਆਪ ਵੀ ਨਾਲ ਚੱਲੋ, ਤਾਂ ਅੱਛਾ ਹੈ। ਬਾਬਾ ਪ੍ਰੇਮ ਸਿੰਘ ਜੀ ਦਾ ਬਚਨ ਸੁਣਕੇ ਮਹੰਤ ਬਾਬਾ ਬੁੱਢਾ ਸਿੰਘ ਜੀ ਨੇ ਸਿੰਧੀ ਪ੍ਰੇਮੀਆਂ ਨੂੰ ਆਖਿਆ, ਤੁਸੀਂ ਵਾਪਸ ਹੈਦਰਾਬਾਦ ਪਹੁੰਚੋ, ਅਸੀਂ ਲੰਕਾ ਹੋ ਕੇ ਬੰਬਈ ਦੇ ਰਸਤੇ ਤੁਹਾਡੇ ਕੋਲ ਪਹੁੰਚ ਜਾਵਾਂਗੇ। ਆਪ ਜੀ ਪੰਡਿਤ ਬਾਬਾ ਪ੍ਰੇਮ ਸਿੰਘ ਜੀ, ਸੰਤ ਆਤਮਾ ਸਿੰਘ ਜੀ, ਅਤੇ ਦੋ ਹੋਰ ਸਾਧੂਆਂ ਨੂੰ ਨਾਲ ਲੈ ਕੇ ਦਿੱਲੀ ਪਹੁੰਚੇ। ਇੱਥੇ ਸ੍ਰੀ ਨਵਲ ਰਾਏ, ਖੂਬ ਚੰਦ ਕ੍ਰਿਪਲਾਨੀ ਦੇ ਬੰਗਲੇ ਰਿਹਾਇਸ਼ ਕੀਤੀ, ਫਿਰ ਇੱਥੋਂ ਚੱਲਕੇ ਗੋਵਰਧਨ ਪਹਾੜ੍ਹ ਦੀ ਯਾਤਰਾ ਕਰਦੇ

---

** ਮੋਹਣ ਜਦ ਵੱਡਾ ਹੋਇਆ ਪੜ੍ਹ ਲਿਖ ਕੇ ਕਸਟਮ ਵਿਭਾਗ ਵਿੱਚ ਵੱਡਾ ਅਫਸਰ ਬਣਿਆ। ਮੋਹਣ ਤੋਂ ਬਾਅਦ ਰੁਕਮਣੀ ਮੀਰਚੰਦਾਨੀ ਦੇ ਘਰ ਦੋ ਪੁੱਤਰ ਹੋਰ ਪੈਦਾ ਹੋਏ, ਇੱਕ ਦਾ ਨਾਮ ਕਿਸ਼ਨ ਮੀਰਚੰਦਾਨੀ ਅਤੇ ਦੂਸਰੇ ਦਾ ਨਾਮ ਨਾਨਕ ਮੀਰਚੰਦਾਨੀ ਰੱਖਿਆ। ਬਾਬਾ ਜੀ ਨੇ ਛੇ ਦਾਣੇ ਸਰੋਂ ਦੇ ਦਿੱਤੇ ਸਨ, ਫਲਸਰੂਪ ਰੁਕਮਣੀ ਮੀਰਚੰਦਾਨੀ ਨੂੰ ਛੇ ਬੱਚੇ ਪੈਦਾ ਹੋਏ। ਨਾਨਕ ਮੀਰਚੰਦਾਨੀ ਅਤੇ ਉਸਦੀ ਵੱਡੀ ਭੈਣ ਲੀਲਾ ਅਜੇ ਜਿੰਦਾ ਹਨ, ਬਾਕੀ ਚਾਰ ਭੈਣ ਭਰਾ ਗੁਜ਼ਰ ਚੁੱਕੇ ਹਨ। (ਲੀਲਾ ਦੀ ਜ਼ੁਬਾਨੀ)*

ਹੋਏ ਗੋਕੁਲ, ਬ੍ਰਿੰਦਾਬਨ ਦੀ ਯਾਤਰਾ ਕਰਨ ਹਿੱਤ ਮਥਰਾ ਰੁੱਕੇ। ਇੱਥੋਂ ਚੱਲਕੇ ਓਅੰਕਾਰ ਆਦਿ ਤੀਰਥਾਂ ਤੇ ਹੁੰਦੇ ਹੋਏ, ਬਾਲਾ ਜੀ ਤੀਰੁਪਤੀ ਦੇ ਦਰਸ਼ਨ ਕੀਤੇ। ਇਥੇ ਇੱਕ ਦੋ ਦਿਨ ਆਰਾਮ ਕਰਕੇ ਅੱਗੇ ਨੂੰ ਚਾਲੇ ਪਾਏ, ਇੱਥੋਂ ਤ੍ਰਿਚਨਾਪਲੀ, ਬੰਗਲੌਰ, ਮੈਸੂਰ, ਸ੍ਰੀਰੰਗ ਹੁੰਦੇ ਹੋਏ ਮਦਰਾਸ ਪਹੁੰਚ ਗਏ।

ਇਸ ਸਾਰੇ ਰਸਤੇ ਵਿੱਚ ਸ਼ਿਕਾਰਪੁਰੀ ਸਿੰਧੀ ਪ੍ਰੇਮੀਆਂ ਨੇ ਬੜੇ ਪ੍ਰੇਮ ਨਾਲ ਸੇਵਾ ਕੀਤੀ। ਮਦਰਾਸ ਕੁਝ ਦਿਨ ਰੁਕਣਾ ਪਿਆ, ਕਿਉਂਕਿ ਲੰਕਾ ਜਾਣ ਲਈ ਪਾਸ ਆਦਿ ਦਾ ਇੰਤਜ਼ਾਮ ਕਰਨਾ ਸੀ, ਜੋ ਸਿੰਧੀ ਸੰਗਤ ਨੇ ਕੀਤਾ। ਮਦਰਾਸ ਤੋਂ ਚੱਲਕੇ ਮਦੁਰਾਈ ਹੁੰਦੇ ਹੋਏ, ਰਾਮੇਸ਼ਵਰ ਜਾ ਕੇ ਕੁਝ ਦਿਨ ਵਿਸ਼ਰਾਮ ਕੀਤਾ, ਫਿਰ ਸਮੁੰਦਰੀ ਜਹਾਜ਼ ਰਾਹੀਂ ਸ੍ਰੀ ਲੰਕਾ ਜਾ ਪ੍ਰਵੇਸ਼ ਹੋਏ, ਅੱਗੇ ਸਿੰਧੀ ਸੰਗਤ ਲੈਣ ਵਾਸਤੇ ਆਈ ਹੋਈ ਸੀ, ਕਿਉਂਕਿ ਮਦਰਾਸ ਤੋਂ ਸਿੰਧੀ ਪ੍ਰੇਮੀਆਂ ਨੇ ਪਹਿਲਾਂ ਹੀ ਸੰਦੇਸ਼ ਭੇਜ ਦਿੱਤਾ ਸੀ। ਸਿੰਧੀ ਸੰਗਤ ਸ੍ਰੀ ਜੀਵਤ ਰਾਮ ਹਿਰਦੇਰੰਮਾਨੀ ਅਤੇ ਬਾਈ ਪਰਮਾਨੰਦ ਗੁਰੂ ਨਗਰ ਵਾਲਾ ਆਪਣੇ-ਆਪਣੇ ਘਰ ਲੈ ਕੇ ਜਾਣ ਲਈ ਖਿੱਚ ਕਰਦੇ ਸਨ। ਬਾਬਾ ਜੀ ਨੇ ਦੋਨਾਂ ਦਾ ਪ੍ਰੇਮ ਦੇਖਕੇ ਬਚਨ ਕੀਤਾ ਕਿ ਇੱਕ ਦੇ ਘਰ ਰਿਹਾਇਸ਼ ਰੱਖ ਲੈਂਦੇ ਹਾਂ ਦੂਸਰੇ ਦੇ ਘਰ ਰੋਜ਼ ਸਤਸੰਗ ਹੋ ਜਾਇਆ ਕਰੇਗਾ। ਦੋਨਾਂ ਪ੍ਰੇਮੀਆਂ ਨੇ ਆਪਸ ਵਿੱਚ ਸਲਾਹ ਕਰਕੇ ਰਿਹਾਇਸ਼ ਦਾ ਪ੍ਰਬੰਧ ਸ੍ਰੀ ਹਿਰਦੇਰੰਮਾਨੀ ਦੇ ਘਰ ਕੀਤਾ, ਅਤੇ ਰੋਜ਼ ਦਾ ਸਤਸੰਗ ਬਾਈ ਪਰਮਾਨੰਦ ਗੁਰੂ ਨਗਰ ਦੇ ਘਰ ਰੱਖਿਆ। ਸਤਸੰਗ ਤਾਂ ਸਵੇਰੇ ਸ਼ਾਮ ਹੁੰਦਾ ਹੀ ਸੀ, ਕਾਫੀ ਗਿਣਤੀ ਵਿੱਚ ਸਿੰਧੀ ਸੰਗਤਾਂ ਲਾਭ ਉਠਾਉਂਦੀਆਂ ਹੀ ਸਨ, ਲੇਕਿਨ ਦਿਨ ਵਿੱਚ ਵੀ ਦੂਰੋਂ ਨੇੜਿਉਂ ਦਰਸ਼ਨਾਂ ਹਿੱਤ ਸੰਗਤਾਂ ਆਉਂਦੀਆਂ ਰਹਿੰਦੀਆਂ ਸਨ। ਇਸ ਪ੍ਰਕਾਰ ਇਥੇ ਕੋਈ ਡੇਢ ਮਹੀਨਾ ਰੁੱਕੇ ਰਹੇ। ਸ੍ਰੀ ਜੀਵਤ ਰਾਮ, ਹਿਰਦੇਰੰਮਾਨੀ ਨੇ ਆਪ ਦੇ ਪਹਿਲਾਂ ਕਦੇ ਦਰਸ਼ਨ ਨਹੀਂ ਕੀਤੇ ਸਨ, ਇਹ ਪਹਿਲੀ ਵਾਰ ਹੀ ਦਰਸ਼ਨ ਕਰਕੇ ਏਨਾ ਨਿਹਾਲ ਹੋ ਗਿਆ, ਕਿ ਡੇਢ ਮਹੀਨਾ ਆਪਣੀ ਦੁਕਾਨ ਤੇ ਨਹੀਂ ਗਿਆ, ਪੂਰੀ ਸਮਾਂ ਆਪ ਦੀ ਸੇਵਾ ਵਿੱਚ ਹਾਜ਼ਰ ਰਹਿੰਦਾ ਰਿਹਾ।*

ਸਿੰਧੀ ਪ੍ਰੇਮੀ ਆਪ ਜੀ ਨੂੰ ਲੰਕਾ ਦੀਆਂ ਖਾਸ-ਖਾਸ ਥਾਵਾਂ ਤੇ ਲੈ ਕੇ ਗਏ, ਸਭ ਜਗ੍ਹਾ ਸਿੰਧੀ ਸੰਗਤਾਂ ਨੇ ਬੜੇ ਸ਼ਰਧਾ ਭਾਵ ਨਾਲ ਸੇਵਾ ਕੀਤੀ ਅਤੇ ਕਈਆਂ ਨੇ ਆਪਣੇ ਘਰਾਂ ਵਿੱਚ ਚਰਨ ਪਵਾਏ। ਇਸ ਪ੍ਰਕਾਰ ਸ੍ਰੀ ਲੰਕਾ ਦੀ ਯਾਤਰਾ ਸੰਪੂਰਨ ਕਰਕੇ ਵਾਪਸੀ ਕੀਤੀ। ਰਸਤੇ ਦੇ ਤੀਰਥਾਂ ਦੀ ਯਾਤਰਾ ਕਰਦੇ ਹੋਏ, ਰਾਮੇਸ਼ਵਰ, ਤ੍ਰਿਬਰਗ ਹੁੰਦੇ ਹੋਏ ਗੋਦਾਵਰੀ ਦੇ ਮੇਲੇ ਤੇ ਨਾਸਕ ਪਹੁੰਚ ਗਏ। ਇਥੇ ਕੁਝ ਦਿਨ ਰੁੱਕ ਕੇ ਮੇਲੇ ਦੀ ਸਮਾਪਤੀ ਤੇ ਬੰਬਈ ਪਹੁੰਚ ਗਏ। ਬੰਬਈ ਬਾਲਕੇਸ਼ਵਰ ਰੋਡ ਤੇ ਇਕ ਸ਼ਿਕਾਰਪੁਰੀ ਸਿੰਧੀ ਸ੍ਰੀ ਭਾਵਨਦਾਸ ਜੋ ਹੁੰਡੀਆਂ ਦਾ ਦਲਾਲ ਸੀ ਉਸਦੇ ਬੰਗਲੇ ਵਿੱਚ ਬਿਰਾਜਮਾਨ ਹੋਏ। ਇਹ ਜਗ੍ਹਾ ਸ਼ਹਿਰ ਤੋਂ ਤਿੰਨ ਮੀਲ ਦੂਰ ਸੀ ਤਾਂ ਭੀ ਬਹੁਤ ਲੋਕ ਦਰਸ਼ਨ ਅਤੇ ਸਤਸੰਗ ਕਰਨ ਲਈ ਰੋਜ਼ ਆਉਂਦੇ ਸਨ। ਇਸ ਪ੍ਰਕਾਰ ਕੋਈ ਇੱਕ ਮਹੀਨਾ ਬੰਬਈ ਠਹਿਰ ਕੇ ਸਮੁੰਦਰੀ ਜਹਾਜ਼ ਦੇ ਰਸਤੇ ਕਰਾਚੀ ਪਹੁੰਚ ਗਏ। ਇਥੇ ਸੇਠ ਦੱਲੋਮੱਲ ਦੇ ਬਗੀਚੇ ਵਿੱਚ ਰਿਹਾਇਸ਼ ਰੱਖੀ। ਕਰਾਚੀ ਥੋੜ੍ਹੇ ਦਿਨ ਰੁਕੇ ਫਿਰ ਇਨ੍ਹਾਂ ਨੂੰ ਨਵਲ ਰਾਏ ਆਦਿ ਹੈਦਰਾਬਾਦ ਦੀ ਸੰਗਤ ਬੇਨਤੀ ਕਰਕੇ ਹੈਦਰਾਬਾਦ ਲੈ ਗਈ। ਇਥੇ ਵੀ ਥੋੜ੍ਹੇ ਦਿਨ ਹੀ ਠਹਿਰੇ ਕਿਉਂਕਿ ਰਿਸ਼ੀਕੇਸ਼ ਤੋਂ ਆਇਆਂ, ਕਾਫੀ ਸਮਾਂ ਹੋ ਚੁੱਕਿਆ ਸੀ ਅਤੇ ਸੰਤ ਆਤਮਾ ਸਿੰਘ ਜੀ ਨਾਲ ਹੀ ਸਨ, ਇਸ ਲਈ ਆਸ਼ਰਮ ਦਾ ਖਿਆਲ ਕਰਕੇ ਬਾਬਾ ਪ੍ਰੇਮ ਸਿੰਘ ਜੀ ਅਤੇ ਦੂਸਰੇ ਸੰਤਾਂ ਨੂੰ ਨਾਲ ਲੈ ਸੰਗਤਾਂ ਤੋਂ ਵਿਦਾਇਲੀ ਲੈ ਕੇ ਫਿਰ ਕਰਾਚੀ ਪਹੁੰਚੇ, ਇੱਥੋਂ ਸਮੁੰਦਰੀ ਰਸਤੇ ਬੰਬਈ ਹੁੰਦੇ ਹੋਏ, ਵਾਪਸ ਰਿਸ਼ੀਕੇਸ਼ ਆ ਗਏ।

## ਫੌਜੀ ਅਫ਼ਸਰ ਕਰਨਲ

ਸੰਨ 1921 ਈਸਵੀ ਦਾ ਜ਼ਿਕਰ ਹੈ ਸਿੰਧੀ ਪ੍ਰੇਮੀ ਸ੍ਰੀ ਨਵਲ ਰਾਏ ਨੇ ਰਿਸ਼ੀਕੇਸ਼ ਆ ਕੇ ਬੇਨਤੀ ਕੀਤੀ, ਮਹਾਰਾਜ! ਸਭ ਸੰਗਤਾਂ ਨੇ ਆਪ ਦੇ ਪਵਿੱਤਰ ਚਰਨਾਂ ਵਿੱਚ ਹੈਦਰਾਬਾਦ ਆਉਣ ਲਈ ਬੇਨਤੀ ਕੀਤੀ ਹੈ। ਆਪ ਜੀ ਨੇ ਹੁਕਮ ਕੀਤਾ, ਠੀਕ ਹੈ ਟਿਕਟਾਂ ਲੈ ਆਉ, ਪੰਡਿਤ ਪ੍ਰੇਮ ਸਿੰਘ ਜੀ ਵੀ ਨਾਲ ਚਲਣਗੇ। ਨਵਲ ਰਾਏ ਟਿਕਟਾਂ ਲੈਣ ਵਾਸਤੇ

* *ਉਸ ਸਮੇਂ ਜੀਵਤ ਰਾਮ ਹਿਰਦੇਰੰਮਾਨੀ ਕੋਲ ਪੰਜ-ਛੇ ਨੌਕਰ ਕੰਮ ਕਰਦੇ ਸਨ, ਪਰਮੇਸ਼ਰ ਦੀ ਨੇਤ ਐਸੀ ਹੋਈ ਕਿ ਕੁਝ ਸਮੇਂ ਬਾਅਦ ਇਹੀ ਪ੍ਰੇਮ ਸ੍ਰੀ ਲੰਕਾ ਦਾ ਸਭ ਤੋਂ ਵੱਡਾ ਵਪਾਰੀ ਕਰਕੇ ਪ੍ਰਸਿੱਧ ਹੋਇਆ।*

ਸਟੇਸ਼ਨ ਤੇ ਗਿਆ, ਅੱਗੋਂ ਕੁਲੈਕਟਰ ਨੇ ਜਵਾਬ ਦੇ ਦਿੱਤਾ, ਕਿਉਂਕਿ ਜਲ੍ਹਿਆਂ ਵਾਲਾ ਬਾਗ ਦਾ ਸਾਕਾ ਹੋਣ ਤੋਂ ਬਾਅਦ ਅੰਗਰੇਜ਼ ਗੌਰਮਿੰਟ ਨੇ ਕੁਝ ਸਖ਼ਤੀ ਕਰ ਦਿੱਤੀ ਸੀ। ਸ੍ਰੀ ਨਵਲ ਰਾਏ ਨੇ ਬਾਬਾ ਜੀ ਨੂੰ ਆ ਕੇ ਸਾਰੀ ਗੱਲ ਦੱਸੀ, ਤਾਂ ਆਪ ਖੁਦ ਚੱਲਕੇ ਸਟੇਸ਼ਨ ਗਏ, ਟਿਕਟ ਕੁਲੈਕਟਰ ਨੂੰ ਕਿਹਾ, ਭਗਤ ਜੀ! ਇਹ ਪ੍ਰੇਮੀ ਸਾਨੂੰ ਹਰ ਸਾਲ ਸਿੰਧ ਲੈ ਕੇ ਜਾਂਦੇ ਹਨ, ਇਨ੍ਹਾਂ ਨੂੰ ਟਿਕਟਾਂ ਦੇ ਦਿਉ! ਬਾਬੂ ਨੇ ਬੜੀ ਸ਼ਰਧਾ ਨਾਲ ਨਮਸ਼ਕਾਰ ਕਰਕੇ ਟਿਕਟਾਂ ਦੇ ਦਿੱਤੀਆਂ। ਨੀਯਤ ਦਿਨ ਤੇ ਨਵਲ ਰਾਏ ਅਤੇ ਬਾਬਾ ਪ੍ਰੇਮ ਸਿੰਘ ਜੀ ਨੂੰ ਨਾਲ ਲੈ ਕੇ ਹੈਦਰਾਬਾਦ ਜਾਣ ਲਈ ਹਰਦੁਆਰ ਤੋਂ ਰੇਲ ਸਵਾਰ ਹੋਏ। ਜਦੋਂ ਰੇਲ ਸਹਾਰਨਪੁਰ ਪਹੁੰਚੀ, ਤਾਂ ਇੱਕ ਮਿੰਟਗੁਮਰੀ ਜਾਣ ਵਾਲਾ ਸਰਦਾਰ ਸਵਾਰ ਹੋਇਆ, ਜੋ ਮਿਲਟਰੀ ਵਿੱਚ ਕਰਨਲ ਰੈਂਕ ਦਾ ਅਫ਼ਸਰ ਸੀ। ਉਹ ਸ਼ਰਾਬ ਦੇ ਨਸ਼ੇ ਵਿੱਚ ਧੁਤ ਹੋਇਆ ਪੰਡਿਤ ਪ੍ਰੇਮ ਸਿੰਘ ਜੀ ਦੇ ਕੋਲ ਜਾ ਕੇ ਕੁਝ ਸਵਾਲ ਜਵਾਬ ਕਰਨ ਲੱਗਿਆ, ਪੰਡਿਤ ਜੀ ਨੇ ਉਸਨੂੰ ਬਹੁਤ ਪ੍ਰਮਾਣ ਦੇ ਕੇ ਸਮਝਾਉਣ ਦੀ ਕੋਸ਼ਿਸ਼ ਕੀਤੀ, ਲੇਕਿਨ ਅਸਫਲ।

ਪੰਡਿਤ ਬਾਬਾ ਪ੍ਰੇਮ ਸਿੰਘ ਜੀ ਇਹ ਗੁਰੂ ਵਾਕ ਯਾਦ ਕਰਕੇ, ਕਿ—**ਮੂਰਖੈ ਨਾਲ ਨ ਲੁਝੀਐ** ਚੁੱਪ ਹੋ ਗਏ। ਬਾਬਾ ਪ੍ਰੇਮ ਸਿੰਘ ਜੀ ਨੂੰ ਚੁੱਪ ਹੋਇਆ ਦੇਖਕੇ ਕਰਨਲ ਸਾਹਿਬ ਦਾ ਹੌਂਸਲਾ ਹੋਰ ਵੱਧ ਗਿਆ। ਮਨ ਵਿੱਚ ਸੋਚਿਆ ਇਕ ਸੰਤ ਨੂੰ ਤਾਂ ਹਰਾ ਦਿੱਤਾ। ਹੁਣ ਦੂਜਿਆਂ ਨਾਲ ਵੀ ਗੱਲ ਕਰੀਏ। ਇਹ ਸੋਚ ਆਪਣੀ ਸੀਟ ਤੋਂ ਉੱਠ ਕੇ ਮਹੰਤ ਬਾਬਾ ਬੁੱਢਾ ਸਿੰਘ ਜੀ ਜਿਥੇ ਬੈਠੇ ਸਨ, ਕੋਲ ਆ ਕੇ ਸਵਾਲ ਜਵਾਬ ਕਰਨ ਲੱਗਿਆ। ਬਾਬਾ ਜੀ ਨੇ ਕਿਹਾ, ਤੂੰ ਹੁਣ ਆਪਣੀ ਸੀਟ ਤੇ ਜਾ ਕੇ ਸੌਂ ਜਾਹ ਸਵੇਰੇ ਗੱਲ ਕਰੀਂ।

ਕਰਨਲ ਸਵੇਰੇ ਉਠਕੇ ਚਾਹ ਨਾਸ਼ਤੇ ਤੋਂ ਬਾਅਦ ਬਾਬਾ ਜੀ ਕੋਲ ਗਿਆ, ਉਨ੍ਹਾਂ ਨੇ ਬੜੇ ਪ੍ਰੇਮ ਨਾਲ ਕੋਲ ਬਿਠਾ ਕੇ ਪੁੱਛਿਆ ਕੀ ਕੰਮ ਕਰਦੇ ਹੋ ਅਤੇ ਕਿਥੇ ਜਾਣਾ ਹੈ?

ਸਰਦਾਰ — ਜੀ ਫੌਜ ਵਿੱਚ ਅਫਸਰ ਹਾਂ, ਕਰਨਲ।

ਬਾਬਾ ਜੀ — ਪਰਮੇਸ਼ਰ ਦਾ ਭਜਨ ਕਰਦਾ ਹੈਂ?

ਸਰਦਾਰ — ਜੀ ਨਹੀਂ।

ਬਾਬਾ ਜੀ — ਕਿਉਂ ਨਹੀਂ ਕਰਦਾ?

ਸਰਦਾਰ — ਉਹਦਾ ਕੀ ਫਾਇਦਾ ਹੋਊ?

ਬਾਬਾ ਜੀ — ਅਕ੍ਰਿਤਘਣਤਾ ਦਾ ਦੋਸ਼ ਨਹੀਂ ਲੱਗਦਾ।

ਸਰਦਾਰ — ਅਕ੍ਰਿਤਘਣ ਤੋਂ ਕੀ ਭਾਵ?

ਬਾਬਾ ਜੀ — ਜੋ ਕੀਤੇ ਹੋਏ ਉਪਕਾਰ ਨੂੰ ਭੁਲਾ ਦੇਵੇ।

ਸਰਦਾਰ — ਫਿਰ ਮੇਰੇ ਤੇ ਤਾਂ ਇਹ ਦੂਸ਼ਣ ਨਹੀਂ ਲੱਗ ਸਕਦਾ ਕਿਉਂਕਿ ਮੈਂ ਤਾਂ ਮਾਤਾ ਪਿਤਾ ਦੀ ਆਗਿਆ ਦਾ ਪਾਲਣ ਕਰਦਾ ਹਾਂ, ਜਿਨ੍ਹਾਂ ਨੇ ਪਾਲਿਆਂ, ਪੜ੍ਹਾਇਆ, ਫਿਰ ਨੌਕਰੀ ਦੀ ਡਿਊਟੀ ਵੀ ਪੂਰੀ ਨਿਭਾਉਂਦਾ ਹਾਂ, ਜਿਸਦੀ ਤਨਖਾਹ ਲੈਂਦਾ ਹਾਂ।

ਬਾਬਾ ਜੀ — ਇਹ ਜੋ ਕਰਦਾ ਹੈਂ, ਅੱਛਾ ਹੈ, ਕਰਨਾ ਵੀ ਚਾਹੀਦਾ ਹੈ, ਇਹ ਵੀ ਇਕ ਫਰਜ਼ ਹੈ। ਲੇਕਿਨ ਇਹ ਦੱਸ ਜਿਸ ਦਿਨ ਤੇਰੇ ਪ੍ਰਾਣ ਪੂਰੇ ਹੋਣਗੇ ਉਸ ਦਿਨ ਤੇਰੇ ਮਾਤਾ ਪਿਤਾ, ਹੋਰ ਸਾਕ ਸੰਬੰਧੀ ਅਤੇ ਤੇਰੀ ਨੌਕਰੀ ਸਾਰੇ ਮਿਲਕੇ ਤੈਨੂੰ ਇਕ ਸੁਆਸ ਮੁੱਲ ਲੈ ਦੇਣਗੇ?

ਸਰਦਾਰ — ਜੀ ਨਹੀਂ! ਨਾ ਮੁਮਕਿਨ ਹੈ।

ਬਾਬਾ ਜੀ — ਫਿਰ ਦੱਸ, ਜਿਸ ਪਰਮੇਸ਼ਰ ਨੇ ਤੈਨੂੰ ਕੁੱਤਿਆਂ ਬਿੱਲਿਆਂ ਦੀ ਨਖਿੱਧ ਜੂਨਾਂ ਵਿੱਚੋਂ ਕੱਢਕੇ ਵੱਡਮੁੱਲਾ ਸਰੀਰ ਬਖਸ਼ਿਸ ਕੀਤਾ, ਇਸ ਸਰੀਰ ਨੂੰ ਜ਼ਿੰਦਾ ਰੱਖਣ ਲਈ ਰੋਜ਼ ਦੇ ਚੌਵੀ ਹਜ਼ਾਰ ਸੁਆਸਾਂ ਦੀ ਪੂੰਜੀ, ਬਗ਼ੈਰ ਕਿਸੇ ਮੁੱਲ ਤੇ ਦਿੱਤੀ, ਉਸ ਨੂੰ ਸੁਆਸ ਸੁਆਸ ਯਾਦ ਨਾ ਰੱਖਣਾ ਕੀ ਅਕ੍ਰਿਤਘਣਤਾ ਨਹੀਂ ਹੈ?

ਸਰਦਾਰ — ਜੀ ਹਾਂ! ਇਹ ਤਾਂ ਅਕ੍ਰਿਤਘਣਤਾ ਹੀ ਹੋਈ।

ਬਾਬਾ ਜੀ — ਬੁੱਧੀਮਾਨ-ਪੁਰਸ਼ਾਂ ਨੇ ਅਕ੍ਰਿਤਘਣਤਾ ਦੇ ਦੋਸ਼ ਨੂੰ ਸਭ ਦੋਸ਼ਾਂ ਨਾਲੋਂ ਵੱਡਾ ਮੰਨਿਆ ਹੈ; ਬਾਕੀ ਸਭ

ਦੋਸ਼ ਇਸ ਤੋਂ ਛੋਟੇ ਹਨ, ਜਦ ਅਕ੍ਰਿਤਘਣਤਾ ਵੱਧ ਜਾਂਦੀ ਹੈ ਤਾਂ ਧਰਤੀ ਵੀ ਡੋਲਣ ਲੱਗ ਜਾਂਦੀ ਹੈ। ਇਕ ਵਾਰੀ ਧਰਤੀ ਨੇ ਦੁੱਖੀ ਹੋ ਕੇ ਪਰਮੇਸ਼ਰ ਦੇ ਅੱਗੇ ਅਰਦਾਸ ਕੀਤੀ, ਮਹਾਰਾਜ! ਮੈਥੋਂ ਭਾਰ ਸਹਿਣ ਨਹੀਂ ਹੁੰਦਾ। ਪਰਮੇਸ਼ਰ ਨੇ ਅਕਾਸ਼ ਬਾਣੀ ਦੁਆਰਾ ਧਰਤੀ ਨੂੰ ਪੁੱਛਿਆ ਕੀ ਇਹ ਜਿਹੜੇ ਪਰਬਤ ਅਕਾਸ਼ ਨਾਲ ਖਹਿੰਦੇ ਹਨ, ਇਹ ਤੈਨੂੰ ਭਾਰੇ ਲੱਗਦੇ ਹਨ? ਜਾਂ ਇਹ ਜਿਹੜੇ ਕਿਲ੍ਹੇ ਮਹਿਲ ਮਾੜੀਆਂ ਘਰ-ਬਾਰ ਨਜ਼ਰ ਆਉਂਦੇ ਹਨ ਇਹ ਭਾਰੇ ਲੱਗਦੇ ਨੇ, ਕੀ ਤੈਨੂੰ ਸਮੁੰਦਰ, ਨਦੀਆਂ-ਨਾਲੇ ਜਿਹੜੇ ਚੱਲ ਰਹੇ ਹਨ ਇਹ ਭਾਰੇ ਲੱਗਦੇ ਹਨ? ਜਾਂ ਅਣਗਿਣਤ ਬ੍ਰਿਛ ਫਲਾਂ-ਫੁੱਲਾਂ ਨਾਲ ਭਰੇ ਪਏ ਹਨ, ਕੀ ਇਹ ਭਾਰੇ ਲੱਗਦੇ ਹਨ? ਇਹ ਜੋ ਅਣਗਿਣਤ ਛੋਟੇ-ਵੱਡੇ ਜੀਵ ਫਿਰ ਰਹੇ ਹਨ ਕਿਤੇ ਇਹ ਤਾਂ ਨਹੀਂ ਭਾਰੇ ਲੱਗਦੇ? ਧਰਤੀ ਨੇ ਅਰਜ਼ ਕੀਤੀ, ਮਹਾਰਾਜ! ਇਨ੍ਹਾਂ ਵਿੱਚੋਂ ਮੈਨੂੰ ਕੋਈ ਵੀ ਦੁਖਦਾਈ ਨਹੀਂ, ਮੈਥੋਂ ਅਕ੍ਰਿਤਘਣਾ ਦਾ ਭਾਰ ਸਹਿਣ ਨਹੀਂ ਹੁੰਦਾ, ਜੋ ਮੰਦਿਆਂ ਤੋਂ ਵੀ ਮੰਦੇ ਹਨ। ਯਥਾ ਭਾਈ ਗੁਰਦਾਸ ਜੀ—

ਨਾ ਤਿਸੁ ਭਆਰੇ ਪਰਬਤਾਂ ਅਸਮਾਨ ਖਹੰਦੇ॥
ਨਾ ਤਿਸੁ ਭਾਰੇ ਕੋਟ ਗੜ੍ਹ ਘਰ-ਬਾਰ ਦਿਸੰਦੇ॥
ਨਾ ਤਿਸੁ ਭਾਰੇ ਸ਼ਾਇਰਾਂ ਨਦ ਵਾਹ ਵਹੰਦੇ॥
ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫੁਲੰਦੇ॥
ਨਾ ਤਿਸ ਭਾਰੇ ਜੀਅ ਜੰਤ ਅਣਗਣਿਤ ਫਿਰੰਦੇ॥
ਭਾਰੇ ਭੁਈ ਅਕ੍ਰਿਤਘਣ ਮੰਦੀ ਹੂ ਮੰਦੇ॥

ਐਸੇ ਜੋ ਰੱਬ ਤੋਂ ਬੇਮੁੱਖ ਇਨਸਾਨ ਹਨ, ਸ਼ਾਸਤਰਕਾਰਾਂ ਨੇ ਉਨ੍ਹਾਂ ਦਾ ਦਰਸ਼ਨ ਮਾਤਰ ਵੀ ਬੁਰਾ ਮੰਨਿਆ ਹੈ, ਯਾਨੀ ਉਨ੍ਹਾਂ ਦੇ ਮੱਥੇ ਲੱਗਣ ਤੋਂ ਵੀ ਵਰਜਿਆ ਹੈ। ਦੇਖੋ ਭਾਈ ਸਾਹਿਬ ਭਾਈ ਗੁਰਦਾਸ ਜੀ ਕੀ ਕਹਿੰਦੇ ਹਨ—

ਮਦ ਵਿਚਿ ਰਿਧਾ ਪਾਇ ਕੈ ਕੁੱਤੇ ਦਾ ਮਾਸ॥
ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸ॥
ਰਤੂ ਭਰਿਆ ਕੱਪੜਾ ਕਰਿ ਕਜਣੁ ਤਾਸ॥
ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸ॥
ਆਖਿ ਸੁਣਾਵੇ ਪੁੱਛਿਆ ਲਾਹੇ ਵਿਸਵਾਸ॥
ਨਦਰਿ ਪਵੈ ਅਕ੍ਰਿਤਿਘਣ ਮਤੁ ਹੋਇ ਵਿਣਾਸੁ॥

ਅਰਥ — ਇਕ ਚੂਹੜੀ ਨੇ ਕੁੱਤੇ ਦਾ ਮਾਸ ਸ਼ਰਾਬ ਵਿੱਚ ਰਿੰਨ੍ਹ ਕੇ ਮਨੁੱਖ ਦੀ ਖੋਪੜੀ ਵਿੱਚ ਪਾਇਆ, ਫਿਰ ਉਸਨੂੰ ਲਹੂ ਦੇ ਲਿਬੜੇ ਕੱਪੜੇ ਨਾਲ ਅੱਛੀ ਤਰ੍ਹਾਂ ਢੱਕ ਕੇ ਆਪਣੇ ਭੋਗ ਬਿਲਾਸ ਲਈ ਲੈ ਚੱਲੀ। ਅੱਗੋਂ ਕਿਸੇ ਨੇ ਪੁੱਛਿਆ, ਇਹ ਕਿਹੜੀ ਅਦਭੁਤ ਵਸਤੂ ਹੈ ਜੋ ਤੂੰ ਕੱਪੜੇ ਵਿੱਚ ਲੁਕੋ ਕੇ ਲੈ ਜਾ ਰਹੀ ਹੈਂ? ਉਸ ਪੁਰਸ਼ ਦਾ ਸ਼ੰਸਾ ਦੂਰ ਕਰਨ ਲਈ ਆਖਿਆ, ਜੇ ਕਿਸੇ ਅਕ੍ਰਿਤਘਣ ਦੀ ਨਜ਼ਰ ਪੈ ਗਈ ਤਾਂ ਇਹ ਫਿਟ ਜਾਊ, ਸਾਡੇ ਖਾਣ ਦੇ ਕੰਮ ਦਾ ਨਹੀਂ ਰਹਿਣਾ, ਇਸ ਲਈ ਇਸਨੂੰ ਗੰਦੇ ਕੱਪੜੇ ਨਾਲ ਢੱਕਿਆ ਹੈ ਤਾਂ ਕਿ ਇਹ ਮਾਸ ਭੈੜੀ ਨਜ਼ਰ ਨਾਲ ਵਿਗੜ ਨਾ ਜਾਵੇ। ਭਾਈ ਸਾਹਿਬ ਮਿਸਾਲ ਦੇ ਕੇ ਸਮਝਾਉਂਦੇ ਹਨ ਕਿ ਕੁੱਤੇ ਦਾ ਮਾਸ, ਮੁਰਦੇ ਦੀ ਖੋਪੜੀ, ਸ਼ਰਾਬ ਆਦਿਕ ਸਭ ਅਪਵਿੱਤਰ ਵਸਤਾਂ ਹਨ, ਫਿਰ ਵੀ ਅਕ੍ਰਿਤਘਣ ਦੀ ਅਜਿਹੀ ਖੋਟੀ ਨਜ਼ਰ ਹੈ ਜੋ ਅਪਵਿੱਤਰਾਂ ਨੂੰ ਵੀ ਹੋਰ ਅਪਵਿੱਤਰ ਕਰ ਦਿੰਦੀ ਹੈ। ਇਸ ਲਈ ਕਰਨਲ ਸਾਹਿਬ, ਅਕ੍ਰਿਤਘਣਤਾ ਦਾ ਦੋਸ਼ ਸਭ ਦੋਸ਼ਾਂ ਤੋਂ ਬੁਰਾ ਹੈ।

ਐਸਾ ਉਪਦੇਸ਼ ਸੁਣਕੇ, ਕਰਨਲ ਬਾਬਾ ਜੀ ਦੇ ਚਰਨਾਂ ਉੱਪਰ ਡਿੱਗ ਕੇ ਲੱਗਿਆ ਮਾਫੀਆਂ ਮੰਗਣ। ਬਾਬਾ ਜੀ ਬੋਲੇ, ਚਿੰਤਾਂ ਨਾ ਕਰ, ਗਲਤੀ ਕਰਨਾ ਜੀਵ ਦਾ ਸੁਭਾਵ ਹੈ, ਗਲਤੀ ਮੰਨ ਲੈਣਾ ਬਹਾਦਰੀ ਹੈ, ਲੇਕਿਨ ਗਲਤੀ ਵੀ ਕਰਨੀ ਅਤੇ ਮੰਨਣਾ ਵੀ ਨਾ, ਇਕ ਕਾਇਰਤਾ ਹੈ। ਤੂੰ ਚਿੰਤਾਂ ਨਾ ਕਰ ਤੈਨੂੰ ਅਹਿਸਾਸ ਹੋ ਗਿਆ ਤੇਰੀ ਗਲਤੀ ਦਾ, ਗੁਰੂ ਨਾਨਕ ਭਲੀ ਕਰਨਗੇ। ਕਰਨਲ ਨੇ ਬੇਨਤੀ ਕੀਤੀ ਮਹਾਰਾਜ ਹੁਣ ਜਾਂਦੇ ਸਮੇਂ ਮਿੰਟਗੁਮਰੀ ਚਾਰ ਦਿਨ ਜ਼ਰੂਰ ਰੁੱਕ ਕੇ, ਮੇਰਾ ਘਰ ਪਵਿੱਤਰ ਕਰੋ। ਬਾਬਾ ਜੀ ਨੇ ਪੁੱਛਿਆ, ਤੇਰਾ ਨਾਮ ਕੀ ਹੈ? ਸਰਦਾਰ ਜੀ ਨੇ ਆਪਣਾ ਨਾਮ ਦਸਿਆ,

ਤਾਂ ਬਾਬਾ ਜੀ ਬੋਲੇ ਤੇਰੇ ਪਿਤਾ ਦਾ ਇਹ ਨਾਮ ਸੀ? ਕਰਨਲ ਨੇ ਕਿਹਾ, ਹਾਂ ਜੀ। ਫਿਰ ਉਹ ਤਾਂ ਬਹੁਤ ਨੇਕ ਇਨਸਾਨ ਸੀ, ਸੰਤਸੇਵੀ ਸੀ? ਆਪਣੇ ਪਿਤਾ ਦੇ ਬਾਰੇ ਸੁਣਕੇ ਕਰਨਲ ਬਹੁਤ ਹੈਰਾਨ ਹੋਇਆ, ਹੋਰ ਵੀ ਸ਼ਰਧਾ ਵੱਧ ਗਈ। ਜਿਸ ਵਕਤ ਗੱਡੀ ਮਿੰਟਗੁਮਰੀ ਪਹੁੰਚਕੇ ਸਟੇਸ਼ਨ ਤੇ ਰੁਕੀ, ਬਾਬਾ ਜੀ ਹੇਠਾਂ ਉਤਰ ਕੇ ਪਲੇਟ ਫਾਰਮ ਤੇ ਇੱਧਰ ਉਧਰ ਥੋੜ੍ਹੇ ਘੁੰਮਣ ਲੱਗੇ, ਤਾਂ ਕਰਨਲ ਸਾਹਿਬ ਨੇ, ਬਾਬਾ ਜੀ ਦੇ ਚਰਨਾਂ ਤੇ ਲੰਮਾ ਪੈ ਕੇ ਬੇਨਤੀ ਕੀਤੀ, ਮਹਾਰਾਜ ਕ੍ਰਿਪਾ ਕਰੋ ਤਿੰਨ ਚਾਰ ਦਿਨ ਮੇਰੇ ਘਰ ਜ਼ਰੂਰ ਚੱਲੋ।

ਉਸਦਾ ਪ੍ਰੇਮ ਦੇਖਕੇ ਆਪ ਨੇ ਬਚਨ ਕੀਤਾ ਪ੍ਰੇਮੀਆ! ਕੱਲ੍ਹ ਅਸੀਂ ਲਾਹੌਰ ਤੋਂ ਹੈਦਰਾਬਾਦ ਅਤੇ ਸ਼ਿਕਾਰਪੁਰ ਪਹੁੰਚਣ ਬਾਰੇ ਤਾਰ ਦੇ ਦਿੱਤੀ ਹੈ, ਇਸ ਲਈ ਰੋੜੀ, ਸ਼ਿਕਾਰਪੁਰ ਆਦਿਕ ਸਟੇਸ਼ਨਾਂ ਤੇ ਰਾਤ ਦੇ ਸਮੇਂ ਸੰਗਤਾਂ ਉਡੀਕ ਕਰਨਗੀਆਂ, ਇੰਨੀ ਸੰਗਤ ਨੂੰ ਨਿਰਾਸ਼ ਕਰਨਾ ਗੁਰੂ ਘਰ ਵਿੱਚ ਬੜਾ ਦੋਸ਼ ਹੈ, ਇਸ ਲਈ ਜ਼ਿੱਦ ਨਾ ਕਰ, ਅਗਰ ਤੇਰਾ ਸੱਚਾ ਪ੍ਰੇਮ ਅਤੇ ਸਾਡੇ ਸਰੀਰ ਦੀ ਪ੍ਰਾਰਬਧ ਹੋਈ, ਤਾਂ ਵਾਪਸੀ ਤੇ ਚੱਲਣ ਤੋਂ ਪਹਿਲਾਂ ਤੈਨੂੰ ਤਾਰ ਦੇਵਾਂਗੇ। ਸਰਦਾਰ ਜੀ ਨੇ ਬਚਨ ਮੰਨ ਲਿਆ, ਫਿਰ ਅਰਜ਼ ਕੀਤੀ, ਆਪਦੀ ਇੱਕ ਫੋਟੋ ਮੈਨੂੰ ਬਖਸ਼ ਦਿਉ। ਆਪ ਨੇ ਕਿਹਾ, ਫੋਟੋ ਤਾਂ ਅਸੀਂ ਹੈਦਰਾਬਾਦ ਤੋਂ ਭਿਜਵਾ ਦਿਆਂਗੇ, ਮਗਰ ਇਕ ਸ਼ਰਤ ਹੈ, ਕਿ ਤੂੰ ਅੱਜ ਤੋਂ ਸ਼ਰਾਬ, ਮਾਸ ਆਦਿਕ ਬੰਦ ਕਰ ਦੇ ਅਤੇ ਵਾਪਸ ਜਾਂਦੇ ਸਮੇਂ ਸਾਡੇ ਨਾਲ ਰਿਸ਼ੀਕੇਸ਼ ਚੱਲੇਂਗਾ। ਕਰਨਲ ਸਾਹਿਬ ਨੇ ਪ੍ਰਣ ਦੇ ਦਿੱਤਾ।

ਆਪ ਜੀ ਸਿੰਧ ਵਿੱਚ ਕੁਝ ਸਮਾਂ ਠਹਿਰ ਕੇ ਸਤ-ਉਪਦੇਸ਼ ਕਰਦੇ ਰਹੇ, ਆਖਰ ਵਾਪਸੀ ਤੇ, ਦਿੱਤੇ ਬਚਨਾਂ ਅਨੁਸਾਰ ਮਿੰਟਗੁਮਰੀ ਪਹੁੰਚੇ। ਚਾਰ ਦਿਨ ਕਰਨਲ ਦੇ ਕੋਲ ਠਹਿਰੇ, ਇਸੇ ਸਮੇਂ ਦੌਰਾਨ ਕਾਫੀ ਸੰਗਤਾਂ ਨੇ ਦਰਸ਼ਨ ਸਤ-ਸੰਗਤ ਦਾ ਲਾਭ ਉਠਾਇਆ, ਕਿਉਂਕਿ ਕਰਨਲ ਨੇ ਆਪਣੇ ਮਿੱਤਰਾਂ ਸੱਜਣਾਂ ਨੂੰ ਪਹਿਲਾਂ ਹੀ ਦੱਸ ਦਿੱਤਾ ਸੀ। ਇਥੇ ਹੀ ਪੰਥ ਦੇ ਸ਼੍ਰੋਮਣੀ ਬਾਬਾ ਕਰਤਾਰ ਸਿੰਘ ਜੀ ਬੇਦੀ ਜੋ ਇਲਾਕੇ ਦੇ ਬੜੇ ਜਗੀਰਦਾਰ ਸਨ, ਬਾਬਾ ਜੀ ਨੂੰ ਆਪਣੇ ਘਰ ਲੈ ਕੇ ਗਏ। ਮਿੰਟਗੁਮਰੀ ਤੋਂ ਚੱਲ ਕੇ ਸ੍ਰੀ ਅੰਮ੍ਰਿਤਸਰ ਪਹੁੰਚੇ, ਤਿੰਨ ਚਾਰ ਦਿਨ ਗੁਰੂ ਅਸਥਾਨਾਂ ਦੇ ਦਰਸ਼ਨ ਕਰਕੇ ਵਾਪਸ ਹਰਦੁਆਰ ਪਹੁੰਚ ਗਏ।

## ਮਨਸੂਰੀ ਵਿੱਚ

ਇਨ੍ਹਾਂ ਦਿਨਾਂ ਵਿੱਚ ਇਕ ਸਿੰਧੀ ਪ੍ਰੇਮੀ ਦੀਵਾਨ ਸ੍ਰੀ ਚੇਤਨ ਰਾਮ* ਹਰ ਸਾਲ ਗਰਮੀ ਦੇ ਮੌਸਮ ਵਿੱਚ ਕਰੀਬ ਤਿੰਨ ਮਹੀਨੇ ਲਈ ਬੇਨਤੀ ਕਰਕੇ ਬਾਬਾ ਜੀ ਨੂੰ ਮਨਸੂਰੀ ਲੈ ਕੇ ਜਾਂਦੇ ਸਨ। ਸ੍ਰੀ ਨਵਲ ਰਾਏ ਈਸ਼ਰ ਦਾਸ ਵੀ ਅਕਸਰ ਨਾਲ ਹੁੰਦੇ ਹੀ ਸਨ। ਮਨਸੂਰੀ ਵਿੱਚ ਜਿੰਨਾਂ ਸਮਾਂ ਠਹਿਰਦੇ, ਸਵੇਰੇ ਨੌਂ ਵਜੇ ਤੋਂ ਬਾਰਾਂ ਵਜੇ ਤੱਕ ਯੋਗਵਸ਼ਿਸ਼ਟ ਦੀ ਕਥਾ ਹੁੰਦੀ, ਅਤੇ ਸ਼ਾਮ ਨੂੰ ਤਿੰਨ ਤੋਂ ਪੰਜ ਵਜੇ ਤੱਕ ਆਤਮ ਪੁਰਾਣ, ਸ੍ਰੀ ਮਦ ਭਾਗਵਤ ਗੀਤਾ, ਸਾਰ ਕੁਤਾਵਲੀ, ਭਾਵਰ ਸ਼ਾਮ੍ਰਿਤ, ਵਿਚਾਰ ਮਾਲਾ, ਬਾਣੀ ਭਗਤਾਂ ਅਤੇ ਵਿਚਾਰ ਸਾਗਰ ਆਦਿਕ ਗ੍ਰੰਥਾਂ ਦੀ ਰੋਜ਼ ਵਿਚਾਰ ਹੁੰਦੀ ਰਹਿੰਦੀ। ਇਸ ਪ੍ਰਕਾਰ ਸਾਰਾ ਸਮਾਂ ਪੜ੍ਹਣ-ਪੜ੍ਹਾਉਣ ਵਿਚ ਸਫਲਾ ਹੁੰਦਾ ਰਹਿੰਦਾ ਸੀ। ਇਕ ਦਿਨ ਨਵਲ ਰਾਏ ਈਸਰ ਦਾਸ ਦੇ ਨਾਂ ਤਾਰ ਆਈ ਜਿਸ ਵਿੱਚ ਲਿਖਿਆ ਸੀ, ਆਪ ਦਾ ਛੋਟਾ ਬੇਟਾ ਜਿਸ ਦੀ ਉਮਰ ਡੇਢ ਸਾਲ ਦੀ ਸੀ, ਸਖ਼ਤ ਬਿਮਾਰ ਹੈ, ਇਸ ਲਈ ਜਲਦੀ ਹੈਦਰਾਬਾਦ ਆ ਜਾਉ। ਨਵਲ ਰਾਏ ਨੇ ਸਾਰੀ ਗੱਲ ਬਾਬਾ ਜੀ ਨੂੰ ਦੱਸੀ, ਸੁਣਕੇ ਆਪ ਜੀ ਨੇ ਨਵਲ ਰਾਏ ਨੂੰ ਪੁੱਛਿਆ, ਤੇਰਾ ਕੀ ਵਿਚਾਰ ਹੈ? ਨਵਲ ਰਾਏ ਬੋਲਿਆ ਜਿਵੇਂ ਆਪ ਦਾ ਹੁਕਮ! ਬਾਬਾ ਜੀ ਨੇ ਆਖਿਆ ਨਵਲ ਰਾਏ! ਆਪ ਸਮੇਂ ਸਿਰ ਨਹੀਂ ਪਹੁੰਚ ਸਕੋਗੇ, ਇਸ ਲਈ ਵਾਪਸੀ ਤਾਰ ਭੇਜ ਦੇਵੋ, ਕਿ ਬੱਚੇ ਨੂੰ ਸੁਖਮਨੀ ਸਾਹਿਬ ਦਾ ਪਾਠ ਸੁਣਾਵੋ। ਤਾਰ ਹੈਦਰਾਬਾਦ ਪਹੁੰਚਣ ਤੇ ਘਰ ਵਾਲਿਆਂ ਨੇ ਬੱਚੇ ਦੇ ਕੋਲ ਸੁਖਮਨੀ ਸਾਹਿਬ ਦਾ ਪਾਠ ਸ਼ੁਰੂ ਕੀਤਾ, ਜਿਸ ਵਕਤ ਸੁਖਮਨੀ ਸਾਹਿਬ ਦਾ ਪਾਠ ਪੂਰਾ ਹੋਇਆ, ਉਸ ਵਕਤ ਬੱਚੇ ਨੇ ਪ੍ਰਾਣ ਤਿਆਗ ਦਿੱਤੇ।

## ਹੈਦਰਾਬਾਦ ਗੁਰਸੰਗਤ ਦਰਬਾਰ ਦੀ ਨੀਂਹ ਰੱਖਣੀ

ਸੰਨ 1922 ਈਸਵੀ ਦਾ ਜ਼ਿਕਰ ਹੈ, ਜਦੋਂ ਹੈਦਰਾਬਾਦ ਤੋਂ ਮਾਸਟਰ ਫਤੀਆ ਚੰਦ ਮੇਘਰਾਜ ਅਤੇ ਕੁਝ ਹੋਰ

* *ਇਹ ਸਿੰਧੀ ਪ੍ਰੇਮੀ ਦੀਵਾਨ ਚੇਤਨ ਰਾਮ 1919 ਤੋਂ 1923 ਤੱਕ ਪੂਰੇ ਪੰਜ ਸਾਲ ਬਾਬਾ ਬੁੱਢਾ ਸਿੰਘ ਜੀ ਨੂੰ ਗਰਮੀ ਦੇ ਮੌਸਮ ਵਿੱਚ ਮਨਸੂਰੀ ਲੈ ਕੇ ਜਾਂਦਾ ਰਿਹਾ। ਉਥੋਂ ਦਾ ਸਾਰਾ ਖਰਚਾ ਅਤੇ ਸੇਵਾ ਬੜੇ ਪ੍ਰੇਮ ਨਾਲ ਖੁਦ ਕਰਦਾ ਸੀ।*

ਪ੍ਰੇਮੀਆਂ ਨੇ ਬੇਨਤੀ ਕੀਤੀ, ਕਿ ਸੰਗਤਾਂ ਨੇ ਇਕ ਗੁਰਮੰਦਰ ਬਣਾਉਣ ਲਈ ਵਿਚਾਰ ਕੀਤਾ ਹੈ, ਇਸ ਲਈ ਆਪ ਕ੍ਰਿਪਾ ਕਰਕੇ ਸਿੰਧ ਨਿਵਾਸੀ ਸੰਗਤਾਂ ਨੂੰ ਦੀਦਾਰੇ ਦਿਉ, ਨਾਲੇ ਆਪਣੇ ਪਵਿੱਤਰ ਹਸਤ-ਕਮਲਾਂ ਨਾਲ ਇਸ ਪਾਵਨ ਗੁਰਮੰਦਰ ਦੀ ਨੀਂਹ ਰੱਖੋ। ਸੰਗਤਾਂ ਦਾ ਬਚਨ ਪ੍ਰਵਾਨ ਕਰਦੇ ਹੋਏ, ਆਪ ਜੀ ਨੇ ਹੁਕਮ ਕਰ ਦਿੱਤਾ, ਠੀਕ ਹੈ ਟਿਕਟਾਂ ਆਦਿ ਦਾ ਪ੍ਰਬੰਧ ਕਰ ਲਉ। ਜਿਸ ਵਕਤ ਚੱਲਣ ਦੀ ਤਿਆਰੀ ਹੋਈ, ਆਪ ਜੀ ਨੇ ਬਚਨ ਕੀਤਾ, ਕਿ ਇੱਕ ਬਰਤਣ ਵਿੱਚ ਗੰਗਾ ਜਲ ਲੈ ਕੇ ਆਉ। ਪ੍ਰੇਮੀ ਗੰਗਾ ਵਿੱਚੋਂ ਜਲ ਲੈ ਆਏ, ਹੁਕਮ ਕੀਤਾ ਕਿ ਇਸ ਨੂੰ ਨਾਲ ਲੈ ਕੇ ਜਾਣਾ ਹੈ, ਕਿਸੇ ਬੰਦ ਬਰਤਣ ਵਿੱਚ ਪਾ ਲਉ। ਇਸ ਪ੍ਰਕਾਰ ਤਿਆਰੀ ਕਰਕੇ ਸਿੰਧੀ ਪ੍ਰੇਮੀਆਂ ਨਾਲ ਹੈਦਰਾਬਾਦ ਪਹੁੰਚ ਗਏ। ਰੋਜ਼ ਦੀ ਤਰ੍ਹਾਂ ਸਤ-ਸੰਗ ਸ਼ੁਰੂ ਹੋਣ ਤੇ ਸੰਗਤਾਂ ਦੀ ਭਰਵੀਂ ਆਵਾਜਾਈ ਸ਼ੁਰੂ ਹੋ ਗਈ। ਇੱਕ ਦਿਨ ਸੰਗਤ ਨੇ ਮਿਲਕੇ ਗੁਰਮੰਦਰ ਦੀ ਨੀਂਹ ਰੱਖਣ ਲਈ ਸਮਾਂ ਮੰਗਿਆ, ਤਾਂ ਆਪ ਜੀ ਨੇ ਬਚਨ ਕੀਤਾ ਕਿ ਕੜਾਹ ਪ੍ਰਸ਼ਾਦਿ ਸਜਾ ਲਉ ਇਹ ਸ਼ੁਭ ਕਾਰਜ ਅੱਜ ਹੀ ਕਰ ਲੈਂਦੇ ਹਾਂ। ਕੜਾਹ ਪ੍ਰਸ਼ਾਦਿ ਤਿਆਰ ਕਰਕੇ ਅਰਦਾਸ ਉਪਰੰਤ ਬਾਬਾ ਜੀ ਨੇ ਆਪਣੇ ਪਾਵਨ ਹਸਤ ਕਮਲਾਂ ਦੁਆਰਾ ਪਵਿੱਤਰ ਗੁਰਮੰਦਰ ਦੀ ਨੀਂਹ ਰੱਖਕੇ ਹੁਕਮ ਕੀਤਾ, ਕਿ ਇਸ ਗੁਰਮੰਦਰ ਦੀ ਉਸਾਰੀ ਲਈ ਕਿਸੇ ਤੋਂ ਪੈਸਾ ਨਹੀਂ ਮੰਗਣਾ, ਕੋਈ ਉਗਰਾਹੀ ਨਹੀਂ ਕਰਨੀ ਅਤੇ ਤਿਆਰ ਹੋਣ ਤੇ ਇਸ ਦਾ ਨਾਮ ਗੁਰਸੰਗਤ ਰਖਣਾ। ਪ੍ਰੇਮੀਆਂ ਨੇ ਅਰਜ਼ ਕੀਤੀ ਕਿ ਆਪ ਅਸੀਸ ਕਰੋ ਇਹ ਗੁਰਮੰਦਰ ਬਹੁਤ ਸੁੰਦਰ ਬਣੇ ਅਤੇ ਬਹੁਤ ਜਲਦੀ ਤਿਆਰ ਹੋ ਜਾਵੇ। ਮਹਾਰਾਜ ਬੋਲੇ, ਭਾਈ! ਤੁਸੀਂ ਇਤਨੀ ਸ਼ਰਧਾ ਅਤੇ ਪ੍ਰੇਮ ਨਾਲ ਬਣਾਉਣ ਲੱਗੇ ਹੋ, ਗੁਰੂ ਨਾਨਕ ਕਿਰਪਾ ਕਰਨਗੇ।*

ਇਹ ਗੁਰਸੰਗਤ ਮੰਦਰ ਹੈਦਰਾਬਾਦ ਹੋਮ ਸਟੇਟ ਦੇ ਸਾਹਮਣੇ ਪਾਕਿਸਤਾਨ ਬਣਨ ਤੱਕ ਆਪਣੀ ਸ਼ੋਭਾ ਦੇ ਰਿਹਾ ਸੀ।

## ਬਾਬਾ ਜੀ ਨੂੰ ਨਮੂਨੀਆਂ ਹੋਣਾ

ਫਰਵਰੀ ਦਾ ਮਹੀਨਾ ਸੀ ਇਕ ਦਿਨ ਬਾਬਾ ਜੀ ਕੇਸੀ ਇਸ਼ਨਾਨ ਕਰਕੇ ਕੇਸ ਸੁਕਾ ਰਹੇ ਸਨ। ਅਸਮਾਨ ਵਿੱਚ ਬੱਦਲ-ਵਾਈ ਹੋਣ ਕਰਕੇ ਧੁੱਪ ਨਹੀਂ ਸੀ, ਇਸ ਲਈ ਮੌਸਮ ਜ਼ਿਆਦਾ ਠੰਡਾ ਹੋਣ ਦੀ ਵਜ੍ਹਾ ਕਰਕੇ ਸਰੀਰ ਨੂੰ ਥੋੜ੍ਹੀ ਸਰਦੀ ਮਹਿਸੂਸ ਹੋਈ। ਸਰਦੀ ਦੀ ਵਜ੍ਹਾ ਕਰਕੇ ਥੋੜ੍ਹਾ ਬੁਖਾਰ ਵੀ ਹੋ ਗਿਆ, ਪਰ ਕਿਸੇ ਨੂੰ ਦੱਸਿਆ ਨਹੀਂ। ਐਸੇ ਦੋ ਦਿਨ ਗੁਜ਼ਰ ਗਏ, ਅਚਾਨਕ ਤੀਜੇ ਦਿਨ ਬੁਖਾਰ ਬਹੁਤ ਤੇਜ਼ ਹੋ ਗਿਆ। ਸੰਗਤਾਂ ਨੇ ਪਤਾ ਲੱਗਣ ਤੇ ਉਸੀ ਸਮੇਂ ਹੈਦਰਾਬਾਦ ਦੇ ਮਸ਼ਹੂਰ ਡਾਕਟਰ, ਸਿਵਲ-ਸਰਜਣ ਡਾਕਟਰ ਕਲਿਆਨ ਦਾਸ ਜੇਠਾ ਨੰਦ ਸ਼ਿਵ ਦਸਾਨੀ ਨੂੰ ਬੁਲਾਇਆ, ਜੋ ਕਿ ਨਵਲ ਰਾਏ ਦੀ ਮਾਸੀ ਦਾ ਬੇਟਾ ਸੀ। ਡਾਕਟਰ ਨੇ ਦੇਖਕੇ ਦੱਸਿਆ ਕਿ ਇਨ੍ਹਾਂ ਨੂੰ ਡਬਲ ਨਮੂਨੀਆਂ ਹੋ ਗਿਆ ਹੈ, ਮੈਂ ਦਵਾਈ ਦਿੰਦਾ ਹਾਂ ਮਗਰ ਧਿਆਨ ਬਹੁਤ ਰੱਖਣਾ ਪਵੇਗਾ। ਜਿਤਨੇ ਦਿਨ ਤੱਕ ਬਿਲਕੁਲ ਠੀਕ ਨਾ ਹੋ ਜਾਣ ਉਤਨੇ ਦਿਨ ਮੰਜੇ ਉਪਰ ਹੀ ਲੇਟੇ ਰਹਿਣ, ਸਰੀਰ ਦੀ ਸਾਰੀ ਕਿਰਿਆ ਮੰਜੇ ਉਪਰ ਹੀ ਕਰਾਉਣੀ ਅਤੇ ਬੋਲ-ਚਾਲ ਤੋਂ ਪਰਹੇਜ਼ ਕਰਨਾ। ਡਾਕਟਰ ਨੇ ਇੱਕ ਦਵਾਈ ਪੀਣ ਵਾਲੀ ਅਤੇ ਇੱਕ ਮਾਲਸ਼ ਕਰਨ ਵਾਲੀ ਦਿੱਤੀ।

ਦਵਾਈ ਦੇ ਕੇ ਡਾਕਟਰ ਤਾਂ ਚਲਿਆ ਗਿਆ, ਲੇਕਿਨ ਪ੍ਰੇਮੀ ਜਦ ਦਵਾਈ ਦੇਣ ਲੱਗੇ, ਤਾਂ ਆਪ ਬੋਲੇ ਭਾਈ ਦਵਾਈ ਕੋਈ ਨਹੀਂ ਲੈਣੀ, ਹਾਂ ਮਾਲਸ਼ ਕਰ ਲਉ ਅਤੇ ਜੋ ਗੰਗਾ ਜਲ ਨਾਲ ਲੈ ਕੇ ਆਏ ਹਾਂ, ਉਹ ਥੋੜਾ ਲਿਆਉ ਪੀ ਲਈਏ। ਪ੍ਰੇਮੀਆਂ ਨੇ ਅਰਜ਼ ਕੀਤੀ ਮਹਾਰਾਜ! ਆਪ ਨੂੰ ਤੇਜ਼ ਨਮੂਨੀਆਂ ਹੈ ਅਤੇ ਗੰਗਾ ਜਲ ਠੰਡਾ ਹੈ, ਇਹਦੇ ਪੀਣ ਨਾਲ ਹੋਰ ਵੱਧ ਜਾਏਗਾ, ਕਿਰਪਾ ਕਰੋ ਦਵਾਈ ਲੈ ਲਵੋ। ਆਪ ਨੇ ਸੰਗਤ ਨੂੰ ਧੀਰਜ ਦਿੱਤਾ, ਤੁਸੀਂ ਚਿੰਤਾਂ ਨਾ ਕਰੋ, ਬਚਨ ਮੰਨੋ। ਹੁਕਮ ਮੰਨਕੇ ਸੇਵਾਦਾਰ ਨੇ ਗੰਗਾ ਜਲ ਦਾ ਗਲਾਸ ਦੇ ਦਿੱਤਾ, ਜੋ ਆਪ ਨੇ ਪੀ ਲਿਆ। ਇਸ ਪ੍ਰਕਾਰ ਦਿਨ ਰਾਤ ਕਿਸੇ ਗਰਮ ਵਸਤੂ ਜਾਂ ਦਵਾਈ ਦੀ ਬਜਾਏ ਗੰਗਾ ਜਲ ਹੀ ਪੀਂਦੇ ਰਹੇ, ਅਤੇ ਪ੍ਰੇਮੀਆਂ ਨੂੰ ਹੁਕਮ ਕੀਤਾ, ਇਹ ਗੱਲ ਡਾਕਟਰ ਨੂੰ ਨਹੀਂ ਦੱਸਣੀ। ਐਸੀ ਹਾਲਤ ਕਈ ਦਿਨ ਰਹੀ, ਸਰੀਰ ਬਿਲਕੁਲ ਕਮਜ਼ੋਰ ਹੋ ਗਿਆ। ਡਾਕਟਰ ਰੋਜ਼ ਦੋ ਵਕਤ ਆਉਂਦਾ, ਦਵਾਈ ਬਦਲ-ਬਦਲ ਕੇ ਲਿਖਦਾ, ਮਗਰ ਕੋਈ ਫਰਕ ਨਹੀਂ ਪਿਆ। ਇਕ ਦਿਨ ਡਾਕਟਰ ਨੇ ਨਵਲ ਰਾਏ ਨੂੰ ਦੱਸਿਆ ਕਿ ਸਰੀਰ ਦੇ ਬਚਨ ਦੇ ਚਾਂਸ ਬਹੁਤ ਘੱਟ ਹਨ। ਡਾਕਟਰ ਤੋਂ ਐਸਾ ਸੁਣਕੇ ਸੰਗਤ ਬਹੁਤ

* *ਇਹ ਗੁਰਮੰਦਰ ਇਕ ਸਾਲ ਵਿੱਚ ਹੀ ਬਹੁਤ ਸੁੰਦਰ ਸਜ ਕੇ ਤਿਆਰ ਹੋ ਗਿਆ, ਦੂਸਰੇ ਸਾਲ ਯਾਨੀ 1923 ਈਸਵੀ ਵਿੱਚ ਬਾਬਾ ਬੁੱਢਾ ਸਿੰਘ ਜੀ ਤੋਂ ਹੀ ਇਸਦਾ ਉਦਘਾਟਨ ਕਰਵਾਇਆ।*

ਘਬਰਾ ਗਈ, ਪ੍ਰੇਮੀਆਂ ਨੇ ਆ ਕੇ ਬੇਨਤੀ ਕੀਤੀ, ਮਹਾਰਾਜ ਆਪ ਦਾ ਹੁਕਮ ਹੋਵੇ, ਤਾਂ ਰਿਸ਼ੀਕੇਸ਼ ਤਾਰ ਦੇ ਦੇਈਏ। ਬਾਬਾ ਜੀ ਹੱਸਕੇ ਬੋਲੇ, ਸਾਡੇ ਅੰਦਰ ਕੋਈ ਫੁਰਨਾ ਹੀ ਨਹੀਂ ਹੈ ਫਿਰ ਤਾਰ ਵਿੱਚ ਕੀ ਲਿਖੋਗੇ? ਤਾਰ ਦੇਣ ਦੀ ਕੋਈ ਲੋੜ ਨਹੀਂ ਹੈ। ਹਾਂ ਅਗਰ ਕੁਝ ਕਰਨਾ ਹੀ ਚਾਹੁੰਦੇ ਹੋ, ਤਾਂ ਐਸਾ ਕਰੋ, ਸਾਡੇ ਨਾਲ ਵਾਲਾ ਜੋ ਕਮਰਾ ਹੈ, ਇਸ ਨੂੰ ਸਾਫ ਅਤੇ ਖਾਲੀ ਕਰਕੇ, ਇਸ ਵਿਚ ਸ੍ਰੀ ਅਖੰਡ ਪਾਠ ਸਾਹਿਬ ਕਰੋ, ਮਗਰ ਪਾਠੀ ਸ਼ੁੱਧ ਹੋਣੇ ਚਾਹੀਦੇ ਹਨ। ਪਾਠ ਸਵੇਰੇ ਗਿਆਰਾਂ ਵਜੇ ਆਰੰਭ ਕਰਨਾ। ਜਿਹੜੀ ਤੁਹਾਡੇ ਮਨ ਵਿੱਚ ਚਿੰਤਾਂ ਹੈ ਸਾਡੇ ਸਰੀਰ ਬਾਰੇ, ਅਗਰ ਅਸੀਂ ਸਰੀਰ ਛੱਡਣਾ ਹੋਇਆ ਤਾਂ ਪਾਠ ਦੇ ਮੱਧ ਤੋਂ ਪਹਿਲਾਂ ਛੱਡ ਦਿਆਂਗੇ, ਜੇ ਪਾਠ ਮਾਰੂ ਰਾਗੁ ਤੱਕ ਪਹੁੰਚ ਗਿਆ, ਤਾਂ ਸਮਝੋ ਸਰੀਰ ਦਾ ਅਨਜਲ ਅਜੇ ਬਹੁਤ ਹੈ। ਆਪ ਦੇ ਮੁੱਖ ਤੋਂ ਐਸਾ ਸੁਣਕੇ ਸੰਗਤ ਬਹੁਤ ਡਰ ਗਈ ਕਿ ਕੋਈ ਭਾਣਾ ਜ਼ਰੂਰ ਵਰਤਣ ਵਾਲਾ ਹੈ। ਮਹਾਂਪੁਰਖਾਂ ਦੇ ਹੁਕਮ ਅਨੁਸਾਰ ਸੰਗਤ ਨੇ ਸਾਰੀ ਤਿਆਰੀ ਕਰਕੇ, ਦੂਸਰੇ ਦਿਨ ਗਿਆਰਾਂ ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤਾ, ਪ੍ਰੰਤੂ ਸਾਰੀ ਸੰਗਤ ਦੇ ਮਨ ਵਿੱਚ ਬਹੁਤ ਸ਼ੋਕ ਅਤੇ ਡਰ ਛਾਇਆ ਹੋਇਆ ਸੀ, ਆਪੋ-ਆਪਣੇ ਅੰਦਰ-ਤੰਦਰੁਸਤੀ ਲਈ ਸਭ ਅਰਦਾਸਾਂ ਕਰ ਰਹੇ ਹਨ। ਇਸੀ ਤਰ੍ਹਾਂ ਸ਼ੋਕ ਅਤੇ ਚਿੰਤਾਂ ਵਿੱਚ ਅਠ ਪਹਰ ਗੁਜ਼ਰ ਗਏ, ਦੂਸਰੇ ਦਿਨ ਜਿਸ ਵਕਤ ਪਾਠ ਮੱਧ ਦੇ ਭੋਗ ਤੇ ਪਹੁੰਚਿਆ, ਤਾਂ ਸੰਗਤਾਂ ਦਾ ਥੋੜ੍ਹਾ ਡਰ ਦੂਰ ਹੋ ਗਿਆ, ਲੇਕਿਨ ਮਾਰੂ ਰਾਗੁ ਅਜੇ ਵੀ ਦੂਰ ਸੀ। ਜਿਸ ਵਕਤ ਦਿਨ ਦੇ ਤਿੰਨ ਵਜੇ ਮਾਰੂ ਰਾਗੁ ਸ਼ੁਰੂ ਹੋਇਆ ਤਾਂ ਸੰਗਤ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ।

ਤੀਸਰੇ ਦਿਨ ਸਵੇਰੇ ਚਾਰ ਵਜੇ ਬਾਬਾ ਜੀ ਨੇ ਰਾਮਚੰਦ ਉਧੋ ਰਾਮ ਮੀਰਚੰਦਾਨੀ ਜੋ ਕਿ ਦਿਨ ਰਾਤ ਸੇਵਾ ਵਿੱਚ ਹਾਜ਼ਰ ਰਹਿੰਦਾ ਸੀ, ਨੂੰ ਆਖਿਆ, ਕਿ ਅੱਜ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪੈਣਾ ਹੈ, ਭੋਗ ਦੇ ਸਮੇਂ ਮਹਾਰਾਜ ਜੀ ਦੀ ਹਜ਼ੂਰੀ ਵਿੱਚ ਜਾਣ ਦਾ ਸਾਡਾ ਵਿਚਾਰ ਹੈ, ਪ੍ਰੰਤੂ ਅਸੀਂ ਕਈ ਦਿਨ ਤੋਂ ਇਸ਼ਨਾਨ ਆਦਿ ਨਹੀਂ ਕੀਤਾ, ਇਸ਼ਨਾਨ ਕੀਤੇ ਬਗੈਰ ਮਹਾਰਾਜ ਜੀ ਦੀ ਹਜ਼ੂਰੀ ਵਿੱਚ ਨਹੀਂ ਜਾਣਾ, ਇਸ ਲਈ ਸਾਡਾ ਇਸ਼ਨਾਨ ਕਰਾਉ। ਬਚਨ ਸੁਣਕੇ ਮੀਰਚੰਦਾਨੀ ਨੇ ਬੇਨਤੀ ਕੀਤੀ, ਮਹਾਰਾਜ! ਆਪ ਜੀ ਨੂੰ ਨਮੂਨੀਏਂ ਦੀ ਵਜ੍ਹਾ ਨਾਲ ਤੇਜ਼ ਬੁਖਾਰ ਹੈ, ਇਸ ਲਈ ਡਾਕਟਰ ਨੇ ਇਸ਼ਨਾਨ ਕਰਾਉਣ ਤੋਂ ਰੋਕਿਆ ਹੈ। ਥੋੜੇ ਮਿੰਟਾਂ ਬਾਅਦ ਮਹਾਰਾਜ ਨੇ ਫਿਰ ਪੁੱਛਿਆ, ਇਸ਼ਨਾਨ ਵਿੱਚ ਕੀ ਦੇਰੀ ਹੈ? ਆਪ ਦੇ ਮੁੱਖ ਤੋਂ ਦੂਸਰੀ ਵਾਰ ਫਿਰ ਸੁਣਕੇ, ਰਾਮਚੰਦ ਮੀਰਚੰਦਾਨੀ ਨੇ ਕਮਰੇ ਤੋਂ ਬਾਹਰ ਆ ਕੇ ਸੰਗਤ ਨੂੰ ਦੱਸਿਆ, ਤਾਂ ਸੇਠ ਜੇਠ ਮੱਲ ਅੰਦਰ ਗਿਆ ਉਸਨੂੰ ਬਾਬਾ ਜੀ ਨੇ ਇਸ਼ਨਾਨ ਵਾਸਤੇ ਆਖਿਆ। ਅੱਗੋਂ ਜੇਠ ਮੱਲ ਨੇ ਵੀ ਡਾਕਟਰ ਵਾਲੀ ਗੱਲ ਦੱਸੀ, ਥੋੜ੍ਹੀ ਦੇਰ ਬਾਅਦ ਚੇਤਨ ਰਾਮ ਨੇ ਵੀ ਜਾ ਕੇ ਉਹੀ ਬੇਨਤੀ ਕੀਤੀ। ਬਾਬਾ ਜੀ ਕੁਝ ਦੇਰ ਚੁੱਪ ਰਹੇ, ਕੁਝ ਸਮੇਂ ਬਾਅਦ ਨਵਲ ਰਾਏ ਨੂੰ ਆਖਿਆ, ਕਿ ਅਖੰਡ ਪਾਠ, ਭੋਗ ਦੇ ਸਲੋਕਾਂ ਤੇ ਪਹੁੰਚਣ ਵਾਲਾ ਹੈ, ਪਰ ਅਸੀਂ ਹੁਣ ਤੱਕ ਇਸ਼ਨਾਨ ਨਹੀਂ ਕੀਤਾ, ਮਗਰ ਸਾਡੀ ਇੱਛਾ ਹੈ ਕਿ ਅਸੀਂ ਸਾਹਿਬ ਦੀ ਹਜ਼ੂਰੀ ਵਿੱਚ ਬੈਠ ਕੇ ਪਾਠ ਸੁਣੀਏ। ਨਵਲ ਰਾਏ ਨੇ ਬੇਨਤੀ ਕੀਤੀ, ਮਹਾਰਾਜ! ਆਪ ਕਿਰਪਾ ਕਰੋ ਸੰਗਤ ਦੀ ਬੇਨਤੀ ਪ੍ਰਵਾਨ ਕਰਕੇ ਇਸ਼ਨਾਨ ਦਾ ਵਿਚਾਰ ਛੱਡ ਦਿਉ, ਹਾਂ, ਅਗਰ ਆਪ ਦਾ ਪਾਠ ਸੁਣਨ ਦਾ ਹੀ ਵਿਚਾਰ ਹੈ, ਤਾਂ ਐਸਾ ਕਰਦੇ ਹਾਂ, ਦੋਨਾਂ ਕਮਰਿਆਂ ਦੇ ਵਿਚਕਾਰ ਵਾਲਾ ਦਰਵਾਜ਼ਾ ਖੋਲ੍ਹ ਦਿੰਦੇ ਹਾਂ, ਅਤੇ ਦਰਵਾਜ਼ੇ ਵਿੱਚ ਕੱਪੜੇ ਦਾ ਪਰਦਾ ਲਾ ਦਿੰਦੇ ਹਾਂ, ਇਸ ਤਰੀਕੇ ਆਪ ਜੀ ਨੂੰ ਸਾਰਾ ਪਾਠ ਸੁਣਦਾ ਰਹੇਗਾ। ਇਸੇ ਤਰ੍ਹਾਂ ਹੀ ਕੀਤਾ ਗਿਆ, ਬਾਬਾ ਜੀ ਆਪਣੇ ਬੈੱਡ ਤੇ ਲੇਟੇ ਹੋਏ ਹੀ ਸਾਰਾ ਪਾਠ ਸੁਣਦੇ ਰਹੇ, ਭੋਗ ਤੋਂ ਬਾਅਦ ਆਰਤੀ ਹੋਈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਸ਼ੁਕਰਾਨੇ ਦੀ ਅਰਦਾਸ ਕਰਕੇ ਕੜਾਹ ਪ੍ਰਸ਼ਾਦ ਵਰਤਾਇਆ ਗਿਆ, ਸਭ ਸੰਗਤ ਬਹੁਤ ਖੁਸ਼ ਹੋਈ। ਬਾਬਾ ਜੀ ਨੇ ਹੁਕਮ ਕੀਤਾ ਖੁਲ੍ਹਾ ਲੰਗਰ ਚਲਾਉ, ਜਿੰਨੇ ਸੰਤ ਮਹਾਤਮਾ ਪਹੁੰਚੇ ਹਨ, ਉਨ੍ਹਾਂ ਨੂੰ ਲੰਗਰ ਛਕਣ ਤੋਂ ਬਾਅਦ ਇੱਕ-ਇੱਕ ਚਾਦਰ ਦਿਉ।

ਸਾਰੀ ਸਮਾਪਤੀ ਤੋਂ ਬਾਅਦ ਡਾਕਟਰ ਨੂੰ ਬੁਲਾਇਆ, ਉਸਨੇ ਅੱਛੀ ਤਰ੍ਹਾਂ ਚੈੱਕ ਕਰਕੇ ਆਖਿਆ, ਕਿ ਛਾਤੀ ਦੇ ਇੱਕ ਪਾਸੇ ਥੋੜ੍ਹਾ ਨੁਕਸ ਹੈ ਬਾਕੀ ਕਾਫੀ ਠੀਕ ਹੋ ਗਿਆ। ਕੁਝ ਦਿਨਾਂ ਤੋਂ ਬਾਅਦ ਸਰੀਰ ਬਿਲਕੁੱਲ ਸਵੱਸਥ ਹੋ ਗਿਆ, ਤਾਂ ਆਪ ਨੇ ਰਿਸ਼ੀਕੇਸ਼ ਦੀ ਤਿਆਰੀ ਕੀਤੀ। ਵਾਪਸੀ ਦਾ ਬਚਨ ਸੁਣਕੇ ਬਹੁਤ ਸਾਰੀ ਸੰਗਤ ਵੀ ਨਾਲ ਜਾਣ ਲਈ ਤਿਆਰ ਹੋ ਗਈ। ਗੱਡੀ ਜਿਸ ਵਕਤ ਸ਼ਿਕਾਰਪੁਰ ਪਹੁੰਚੀ ਤਾਂ ਉਥੋਂ ਦੀਆਂ ਸੰਗਤਾਂ ਪਹਿਲਾਂ ਹੀ ਸਟੇਸ਼ਨ ਤੇ ਬੈਠੀਆਂ ਕੀਰਤਨ ਕਰ ਰਹੀਆਂ ਸਨ। ਉਹ ਵੀ ਨਾਲ ਸਵਾਰ ਹੋ ਗਈਆਂ, ਅੱਗੇ ਰੋੜੀ ਦੀਆਂ ਸੰਗਤਾਂ ਨੇ ਬੇਨਤੀ ਕੀਤੀ, ਮਹਾਰਾਜ ਆਪ ਜੀ ਦੀ ਆਗਿਆ ਹੋਵੇ ਤਾਂ ਅਸੀਂ ਵੀ ਲਾਹੌਰ ਤੱਕ ਨਾਲ ਚੱਲੀਏ। ਬਾਬਾ ਜੀ ਨੇ ਬਚਨ ਕੀਤਾ ਬਹੁਤ ਵਧੀਆ! ਗੱਡੀ ਵਿੱਚ ਕੀਰਤਨ ਕਰਦੇ ਚੱਲੋ। ਬਚਨ ਮੰਨ ਕੇ ਐਸਾ ਹੀ ਕੀਤਾ, ਸਭ ਨੇ ਤੀਜੇ ਦਰਜੇ ਦੀਆਂ ਟਿਕਟਾਂ

ਲੈ ਲਈਆਂ, ਗੱਡੀ ਚੱਲਣ ਤੇ ਕੀਰਤਨ ਸ਼ੁਰੂ ਕਰ ਲਿਆ। ਇਸੇ ਤਰ੍ਹਾਂ ਕੀਰਤਨ ਸਤਸੰਗ ਕਰਦੇ ਗੱਡੀ ਜਦੋਂ ਲਾਹੌਰ ਪਹੁੰਚੀ, ਤਾਂ ਅੱਗੇ ਇਕ ਖੜੀ ਗੱਡੀ ਨਾਲ ਟਕਰਾ ਗਈ। ਖੜੀ ਗੱਡੀ ਦਾ ਤਾਂ ਬਹੁਤ ਨੁਕਸਾਨ ਹੋਇਆ, ਲੇਕਿਨ ਇਸ ਗੱਡੀ ਦੇ ਡਰਾਈਵਰ ਕੰਡਕਟਰ ਨੂੰ ਮਮੂਲੀ ਚੋਟਾਂ ਲੱਗੀਆਂ, ਬਾਕੀ ਪੂਰੀ ਗੱਡੀ ਵਿੱਚੋਂ ਵਾਲ ਜਿੰਨਾਂ ਵੀ ਨੁਕਸਾਨ ਨਹੀਂ ਹੋਇਆ। ਜਿਸ ਵਕਤ ਗੱਡੀ ਪਲੇਟਫਾਰਮ ਤੇ ਰੁਕੀ, ਤਾਂ ਸੱਖਰ ਰੋੜੀ ਵਾਲੀਆਂ ਸੰਗਤਾਂ ਨੇ ਵਾਪਸ ਜਾਣ ਦੀ ਆਗਿਆ ਮੰਗੀ। ਬਾਬਾ ਜੀ ਨੇ ਹੁਕਮ ਕੀਤਾ, ਆਪ ਸਭ ਸੰਗਤਾਂ ਰਿਸ਼ੀਕੇਸ਼ ਚੱਲੋ, ਇਕ ਹਫਤਾ ਉਥੇ ਠਹਿਰਕੇ ਫਿਰ ਵਾਪਸ ਆਉਣਾ। ਸੰਗਤ ਨੇ ਅਰਜ਼ ਕੀਤੀ, ਮਹਾਰਾਜ! ਘਰ ਵਾਲੇ ਚਿੰਤਾਂ ਕਰਨਗੇ, ਕਿਉਂਕਿ ਅਸੀਂ ਲਾਹੌਰ ਤੋਂ ਵਾਪਸ ਮੁੜਨ ਬਾਰੇ ਦਸਕੇ ਆਏ ਸੀ।

ਬਾਬਾ ਜੀ ਨੇ ਆਖਿਆ, ਕੋਈ ਗੱਲ ਨਹੀਂ, ਰਿਸ਼ੀਕੇਸ਼ ਪਹੁੰਚ ਕੇ ਤਾਰਾਂ ਭੇਜ ਦਿਉ। ਐਸਾ ਹੀ ਕੀਤਾ, ਰਿਸ਼ੀਕੇਸ਼ ਜਾ ਕੇ ਸਭ ਨੇ ਤਾਰਾਂ ਆਦਿ ਰਾਹੀਂ ਘਰ ਸੰਦੇਸ ਭੇਜ ਦਿੱਤੇ। ਹੁਕਮ ਅਨੁਸਾਰ ਇੱਕ ਹਫਤਾ ਠਹਿਰ ਕੇ ਫਿਰ ਆਗਿਆ ਲੈ ਵਾਪਸ ਘਰਾਂ ਨੂੰ ਗਏ।

## ਮਹੰਤ ਨਾਰਾਇਣ ਸਿੰਘ ਜੀ

ਮਾਰਚ ਦੇ ਆਖਰੀ ਦਿਨਾਂ ਵਿੱਚ ਆਪ ਵਾਪਸ ਰਿਸ਼ੀਕੇਸ਼ ਪਹੁੰਚੇ ਸਨ। ਨਮੂਨੀਏ ਦਾ ਹਮਲਾ ਤੇਜ਼ ਹੋਣ ਕਰਕੇ ਸਰੀਰ ਕਾਫੀ ਨਿਰਬਲ ਹੋ ਗਿਆ ਸੀ, ਇਸ ਲਈ ਆਪ ਜ਼ਿਆਦਾ ਇਕਾਂਤ ਰਹਿੰਦੇ, ਗੱਲਬਾਤ ਬਹੁਤ ਘੱਟ ਕਰਿਆ ਕਰਦੇ ਸਨ। ਇਨ੍ਹਾਂ ਦਿਨਾਂ ਵਿੱਚ ਹੀ ਇੱਕ ਯੁਵਕ ਨਾਰਾਇਣ ਸਿੰਘ* ਦਾ ਆਸ਼ਰਮ ਵਿੱਚ ਆਉਣਾ-ਜਾਣਾ ਸ਼ੁਰੂ ਹੋਇਆ। ਉਸ ਦੀ ਪਰਮਾਰਥਕ ਲਗਨ ਦੇਖਕੇ ਆਪ ਨੇ ਸੰਤ ਆਤਮਾ ਸਿੰਘ ਨੂੰ ਹੁਕਮ ਕੀਤਾ, ਕਿ ਇਸ ਨੂੰ ਗੁਰਬਾਣੀ ਦਾ ਪਾਠ ਸਿਖਾਉ, ਇਸ ਪ੍ਰਕਾਰ ਕੁਝ ਦਿਨ ਆਰਾਮ ਕਰਕੇ, ਸਿੰਧੀ ਪ੍ਰੇਮੀ ਦੀਵਾਨ ਚੇਤਨ ਰਾਮ ਦੇ ਬੇਨਤੀ ਕਰਨ ਤੇ, ਮਨਸੂਰੀ ਚੱਲੇ ਗਏ। ਇਥੇ ਕਰੀਬ ਤਿੰਨ ਮਹੀਨੇ ਠਹਿਰਕੇ ਸਰੀਰ ਬਿਲਕੁੱਲ ਸਵੱਸਥ ਹੋ ਗਿਆ।

## ਗੋਵਰਧਨ

1923 ਈਸਵੀ ਵਿੱਚ ਸੰਗਤ ਦੀ ਬੇਨਤੀ ਪ੍ਰਵਾਨ ਕਰਕੇ ਹੈਦਰਾਬਾਦ ਪਧਾਰੇ। ਸੰਗਤ ਵੱਲੋਂ ਰਿਹਾਇਸ਼ ਦਾ ਪ੍ਰਬੰਧ ਸ੍ਰੀ ਰੇਵਾ ਚੰਦ ਵਾਟੂ ਮੱਲ ਦੇ ਬੰਗਲੇ ਵਿੱਚ ਕੀਤਾ ਹੋਇਆ ਸੀ, ਜੋ ਕਿ ਕਲਿਆਣ ਮੰਦਰ ਦੇ ਬਿਲਕੁੱਲ ਨਜ਼ਦੀਕ ਚੜ੍ਹਾਈ ਉਪਰ ਹੈ। ਇਥੇ ਹਰ ਰੋਜ਼ ਬਹੁਤ ਸੰਗਤਾਂ ਦਰਸ਼ਨਾਂ ਲਈ ਆਉਂਦੀਆਂ, ਲੇਕਿਨ ਸਤਸੰਗ ਹਰ ਰੋਜ਼ ਕਲਿਆਣ ਮੰਦਰ ਵਿੱਚ ਹੀ ਹੁੰਦਾ। ਇਸ ਸਮੇਂ ਹੀ ਕਲਿਆਣ ਮੰਦਰ ਵਿੱਚ ਨਵੀਂ ਬਿਲਡਿੰਗ ਦੀ ਨੀਂਹ ਰੱਖੀ, ਅਤੇ ਉਸ ਸਮੇਂ ਹੀ ਮਾਝ ਰਾਗ ਦੀ ਅਸ਼ਟਪਦੀ ਦੀ ਕਥਾ ਕੀਤੀ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 131 ਤੇ ਦਰਜ ਹੈ। ਇਸ ਅਸ਼ਟਪਦੀ ਵਿੱਚ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਨੇ ਗੁਰਮੁਖ ਅਤੇ ਮਨਮੁਖ ਦੇ ਲਛਣਾਂ ਦਾ ਵਰਨਣ ਕੀਤਾ ਹੈ। ਇਸ ਅਸ਼ਟਪਦੀ ਦੀ ਆਪ ਜੀ ਨੇ ਅਨੇਕਾਂ ਦ੍ਰਿਸ਼ਟਾਂਤ ਦੇ ਕੇ ਬਹੁਤ ਭਾਵ ਪੂਰਵਕ ਵਿਆਖਿਆ ਕੀਤੀ, ਜੋ ਕਿ ਚੌਵੀ ਦਿਨਾਂ ਵਿੱਚ ਪੂਰੀ ਹੋਈ।**

ਇਸ ਪ੍ਰਕਾਰ ਕਥਾ ਵਖਿਆਨ ਵਿੱਚ ਸਮਾਂ ਸਫਲਾ ਹੋ ਰਿਹਾ ਸੀ, ਕਾਫੀ ਗਿਣਤੀ ਵਿੱਚ ਸੰਗਤਾਂ ਲਾਭ ਉਠਾ ਰਹੀਆਂ ਸਨ। ਇਕ ਦਿਨ ਆਪ ਨੇ ਕੋਲ ਬੈਠੀ ਸੰਗਤ ਨੂੰ ਪੁੱਛਿਆ, ਮੁਖੀ ਗੋਵਿੰਦ ਰਾਮ ਕਾਫੀ ਦਿਨਾਂ ਤੋਂ ਨਜ਼ਰ ਨਹੀਂ ਆ ਰਿਹਾ, ਕੀ ਗੱਲ ਹੈ? ਤਾਂ ਯੋਗ ਸਮਾਂ ਜਾਣ ਕੇ ਮਿਸਟਰ ਖੁਸ਼ੀ ਰਾਮ ਜੋ ਕਲਿਆਣ ਮੰਦਰ ਦਾ ਮੁੱਖ ਸੇਵਾਦਾਰ ਅਤੇ ਬਾਬਾ ਜੀ ਦਾ ਪ੍ਰੇਮੀ ਸੇਵਕ ਸੀ, ਅਤੇ ਗੋਵਿੰਦ ਰਾਮ ਦਾ ਨਜ਼ਦੀਕੀ ਰਿਸ਼ਤੇਦਾਰ ਵੀ ਸੀ, ਨੇ ਬੇਨਤੀ ਕੀਤੀ, ਮਹਾਰਾਜ! ਗੋਵਿੰਦ ਰਾਮ ਦਾ ਪੁੱਤਰ ਗੋਵਰਧਨ ਬਹੁਤ ਬਿਮਾਰ ਹੈ, ਕਾਫੀ ਦਿਨਾਂ ਤੋਂ ਮੰਜੇ ਤੇ ਹੀ ਪਿਆ ਹੈ, ਦਵਾਈਆਂ ਇਲਾਜ

* *ਇਹ ਯੁਵਕ ਮਹੰਤ ਆਤਮਾ ਸਿੰਘ ਜੀ ਤੋਂ ਬਾਅਦ ਨਿਰਮਲ ਆਸ਼ਰਮ ਦੇ ਮਹੰਤ ਨਾਰਾਇਣ ਸਿੰਘ ਦੇ ਨਾਮ ਤੇ ਪ੍ਰਸਿੱਧ ਹੋਏ, ਜਿੰਨ੍ਹਾਂ ਦਾ ਜੀਵਨ ਚਰਿਤਰ ਅੱਗੇ ਆਵੇਗਾ।*

** *ਇਸ ਅਸ਼ਟਪਦੀ ਦੀ ਸੰਪੂਰਨ ਵਿਆਖਿਆ ਜੋ ਬਾਬਾ ਬੁੱਢਾ ਸਿੰਘ ਜੀ ਨੇ ਹੈਦਰਾਬਾਦ ਕੀਤੀ ਸੀ "ਨਿਰਮਲ ਉਪਦੇਸ਼" ਨਾਮੀ ਪੁਸਤਕ ਵਿੱਚ ਛੱਪ ਚੁੱਕੀ ਹੈ; ਜੋ ਕਿ ਸ੍ਰੀ ਨਿਰਮਲ ਆਸ਼ਰਮ ਰਿਸ਼ੀਕੇਸ ਤੋਂ, ਬਗੈਰ ਕਿਸੇ ਭੇਟਾ ਦੇ ਹਰ ਸਮੇਂ ਉਪਲਬਧ ਹੈ।*

ਬਹੁਤ ਕੀਤੇ, ਲੇਕਿਨ ਕੋਈ ਫਰਕ ਨਹੀਂ ਪੈ ਰਿਹਾ। ਗੋਵਿੰਦ ਰਾਮ ਵਿਚਾਰਾ ਪ੍ਰੇਸ਼ਾਨੀ ਦੀ ਹਾਲਤ ਵਿੱਚ ਚੌਵੀ ਘੰਟੇ ਉਹਦੇ ਕੋਲ ਹੀ ਰਹਿੰਦਾ ਹੈ। ਆਪ ਦੀ ਬੜੀ ਮੇਹਰਬਾਨੀ ਹੋਵੇ, ਜੇ ਉਨ੍ਹਾਂ ਦੇ ਘਰ ਦਰਸ਼ਨ ਦੀਦਾਰੇ ਬਖ਼ਸ਼ ਦੇਵੋ। ਆਪ ਦੇ ਜਾਣ ਨਾਲ ਲੜਕੇ ਨੂੰ ਵੀ ਦਰਸ਼ਨ ਹੋ ਜਾਣਗੇ, ਅਤੇ ਪਰਿਵਾਰ ਨੂੰ ਵੀ ਕੁਝ ਧੀਰਜ ਆ ਜਾਵੇਗਾ। ਖੁਸ਼ੀ ਰਾਮ ਤੋਂ ਸਾਰੀ ਗੱਲ ਸੁਣਕੇ ਬਚਨ ਕੀਤਾ, ਸ਼ਾਮ ਨੂੰ ਜਦੋਂ ਸੈਰ ਨੂੰ ਜਾਵਾਂਗੇ, ਉਸ ਵਕਤ ਗੋਵਿੰਦ ਰਾਮ ਦੇ ਘਰ ਚੱਲਾਂਗੇ। ਸ਼ਾਮ ਦੇ ਸਤਸੰਗ ਦੀ ਸਮਾਪਤੀ ਤੇ ਜਿਸ ਵਕਤ ਸੈਰ ਨੂੰ ਨਿਕਲੇ ਤਾਂ ਇਕ ਦੋ ਪ੍ਰੇਮੀਆਂ ਨੂੰ ਨਾਲ ਲੈ ਕੇ ਪਹਿਲਾਂ ਗੋਵਿੰਦ ਰਾਮ ਦੇ ਘਰ ਪਹੁੰਚੇ। ਆਪ ਜੀ ਨੂੰ ਘਰ ਆਏ ਦੇਖਕੇ ਪਰਿਵਾਰ ਨੂੰ ਚਾਅ ਚੜ੍ਹ ਗਿਆ, ਬੜੀ ਜਲਦੀ ਨਾਲ ਕੁਰਸੀ ਡਾਹੀ ਉਪਰ ਸੁੰਦਰ ਕੱਪੜਾ ਵਿੱਛਾ ਕੇ ਆਪ ਜੀ ਨੂੰ ਬਿਠਾਇਆ। ਫਿਰ ਸਭ ਪਰਿਵਾਰ ਨੇ ਇਕੱਠੇ ਹੋ ਕੇ ਬੇਨਤੀ ਕੀਤੀ, ਮਹਾਰਾਜ! ਸਾਡੇ ਮੰਦੇਭਾਗ ਹਨ ਕੋਲ ਆਈ ਗੰਗਾ ਵਿੱਚ ਇਸ਼ਨਾਨ ਨਹੀਂ ਕਰ ਸਕਦੇ, ਕਿੰਨੇ ਦਿਨਾਂ ਤੋਂ ਲੋਕ ਆਪ ਜੀ ਦੇ ਦਰਸ਼ਨ ਸਤਸੰਗ ਦਾ ਲਾਭ ਉਠਾ ਰਹੇ ਹਨ, ਲੇਕਿਨ ਅਸੀਂ ਗੋਵਰਧਨ ਨੂੰ ਇਸ ਹਾਲਤ ਵਿੱਚ ਛੱਡਕੇ ਕਿਵੇਂ ਜਾ ਸਕਦੇ ਹਾਂ, ਆਪ ਕਿਰਪਾ ਕਰੋ ਇਹ ਠੀਕ ਹੋ ਜਾਵੇ, ਅਸੀਂ ਵੀ ਸਤਸੰਗ ਦਾ ਲਾਭ ਉਠਾਈਏ। ਪਰਿਵਾਰ ਦੀ ਦੁੱਖ ਭਰੀ ਹਾਲਤ ਦੇਖਕੇ ਬਾਬਾ ਜੀ ਦਯਾ ਦੇ ਘਰ ਆਏ, ਬਚਨ ਕੀਤਾ, ਕਲਿਆਣ ਮੰਦਰ ਵਿੱਚ ਇਸ ਦੀ ਤੰਦਰੁਸਤੀ ਨਮਿੱਤ ਇਕ ਸਹਿਜ ਪਾਠ ਆਰੰਭ ਕਰਾ ਦਿਉ, ਅਤੇ ਜਿਸ ਵਕਤ ਇਹ ਮੰਦਰ ਜਾਣ ਦੀ ਹਾਲਤ ਵਿੱਚ ਹੋ ਜਾਵੇ, ਤਾਂ ਮੰਦਰ ਵਿਚ ਹੀ ਇਕ ਸ੍ਰੀ ਅਖੰਡ ਪਾਠ ਸਾਹਿਬ ਕਰਾਇਉ, ਉਸਦੇ ਭੋਗ ਵਾਲੇ ਦਿਨ ਖੁੱਲ੍ਹਾ ਲੰਗਰ ਚਲਾਇਉ। ਬਚਨ ਮੰਨਕੇ ਗੋਵਿੰਦਰਾਮ ਨੇ ਕਲਿਆਣ ਮੰਦਰ ਵਿੱਚ ਸਹਿਜ ਪਾਠ ਆਰੰਭ ਕਰਾ ਦਿੱਤਾ। ਜਿਵੇਂ-ਜਿਵੇਂ ਸਹਿਜੇ ਸਹਿਜ ਪਾਠ ਹੋ ਰਿਹਾ ਸੀ, ਤਿਵੇਂ-ਤਿਵੇਂ ਹੀ ਲੜਕੇ ਦੀ ਬੀਮਾਰੀ ਘਟਨੀ ਸ਼ੁਰੂ ਹੋ ਗਈ। ਸਹਿਜ ਪਾਠ ਪੂਰਾ ਹੁੰਦੇ ਹੀ ਲੜਕਾ ਘੁੰਮਣ ਫਿਰਨ ਲੱਗ ਗਿਆ। ਜਿਸ ਵਕਤ ਪੂਰਾ ਠੀਕ ਹੋ ਗਿਆ ਫਿਰ ਬਾਬਾ ਜੀ ਦੇ ਹੁਕਮ ਮੁਤਾਬਿਕ ਸ੍ਰੀ ਅਖੰਡ ਪਾਠ ਸਾਹਿਬ ਰੱਖਵਾਇਆ, ਭੋਗ ਉਪਰੰਤ ਖੁੱਲਾ ਲੰਗਰ ਵਰਤਿਆ। ਕੁਝ ਸਮੇਂ ਬਾਅਦ ਪਰਿਵਾਰ ਸਮੇਤ ਰਿਸ਼ੀਕੇਸ ਜਾ ਕੇ ਇੱਕ ਅਖੰਡ ਪਾਠ ਸਾਹਿਬ ਕਰਵਾਇਆ ਅਤੇ ਬਾਬਾ ਜੀ ਨੂੰ ਬੇਨਤੀ ਕਰਕੇ ਸ੍ਰੀ ਨਿਰਮਲ ਆਸ਼ਰਮ ਵਿਖੇ ਦੋ ਕਮਰੇ ਬਣਵਾਏ।*

## ਕਾਸ਼ੀ ਵਾਲਾ ਆਸ਼ਰਮ

ਸ੍ਰੀਮਾਨ ਪੰਡਿਤ ਅਵਤਾਰ ਸਿੰਘ ਜੀ, ਸ਼ਿਸ਼ ਸ੍ਰੀਮਾਨ ਸੰਤ ਸੌਦਾਗਰ ਸਿੰਘ ਜੀ, ਜੋ ਕਿ ਸੰਤ ਠਾਕੁਰ ਦਿਆਲ ਸਿੰਘ ਜੀ ਦੇ ਸ਼ਿਸ਼ ਸਨ ਇਹ ਮਹਾਂਪੁਰਸ਼ ਪੰਡਿਤ ਅਵਤਾਰ ਸਿੰਘ ਜੀ ਵਿਆਕਰਣ ਅਤੇ ਨਿਆਂਇ ਦੇ ਅਦੁਤੀ ਪੰਡਿਤ ਸਨ। ਇਨ੍ਹਾਂ ਨੇ ਕਾਸ਼ੀ ਕਰੁਣ ਘੰਟਾ ਵਿਖੇ ਸੰਨ 1901 ਵਿੱਚ ਇੱਕ ਮਕਾਨ ਖਰੀਦਿਆ ਸੀ, ਜਿਸਦਾ ਨਾਮ ਸੰਗਤ ਗਿਆਨ ਗੁਫਾ ਰੱਖਿਆ। ਆਪ ਇੱਥੇ ਰਹਿਕੇ ਵਿਦਿਆਰਥੀਆਂ ਨੂੰ ਸੰਸਕ੍ਰਿਤ ਪੜ੍ਹਾਉਂਦੇ ਰਹੇ। ਆਖਰੀ ਸਮੇਂ ਆਪ ਦਾ ਸ਼ਿਸ਼ ਕੋਈ ਨਾ ਦੇਖਕੇ ਅਤੇ ਆਪਣੇ ਸੰਪਰਦਾਈ ਸੰਬੰਧ ਨੂੰ ਸਮਝਕੇ ਆਪਣਾ ਆਸ਼ਰਮ *ਸੰਗਤ ਗਿਆਨ ਗੁਫਾ* ਸੰਨ 1924 ਈਸਵੀ ਵਿੱਚ ਬਾਬਾ ਬੁੱਢਾ ਸਿੰਘ ਜੀ ਨੂੰ ਅਰਪਣ ਕਰਕੇ ਆਪ ਸਰੀਰ ਤਿਆਗ ਗਏ। ਬਾਬਾ ਬੁੱਢਾ ਸਿੰਘ ਮਹਾਰਾਜ ਨੇ ਸੰਨ 1929 ਈ: ਵਿੱਚ ਨਾਲ ਲੱਗਦੀ ਹੋਰ ਥਾਂ ਖਰੀਦ ਕੇ ਚੰਗੀ ਕੋਠੀ ਬਣਾ ਲਈ ਜੋ ਅੱਜ ਤੱਕ ਮੌਜੂਦ ਹੈ। ਇਸ ਕੋਠੀ ਵਿੱਚ ਰਹਿਕੇ ਹੀ ਸੰਤ ਅਰਜਨ ਸਿੰਘ ਜੀ ਭਿਖਸ਼ੂ; ਸੰਤ ਮਹਾਰਾਜ ਨਿੱਕਾ ਸਿੰਘ ਜੀ ਵਿਰੱਕਤ, ਸੰਤ ਭਰਤ ਸਿੰਘ ਜੀ ਅਤੇ ਹੋਰ ਅਨੇਕਾਂ ਵਿਦਿਆਰਥੀਆਂ ਨੇ ਵਿਦਿਆ ਹਾਸਲ ਕੀਤੀ।

## ਦੁਬਾਰਾ ਫਿਰ ਨਮੂਨੀਆ

1924 ਈ: ਦਾ ਜ਼ਿਕਰ ਹੈ ਮਹੰਤ ਬਾਬਾ ਬੁੱਢਾ ਸਿੰਘ ਜੀ ਮਹਾਰਾਜ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਕੇ ਹੈਦਰਾਬਾਦ ਸਿੰਧ ਪਹੁੰਚੇ। ਇਥੇ ਸ੍ਰੀ ਟਹਿਲ ਰਾਮ ਸਿੰਧ ਵਰਕੀ ਦੇ ਨਵੇਂ ਬਣਾਏ ਮਕਾਨ ਵਿਖੇ ਜੋ ਕਿ ਕਲਿਆਣ ਮੰਦਰ ਦੇ ਬਿਲਕੁੱਲ

* *ਦੂਸਰੀ ਛੱਤ ਦੇ ਉਪਰ ਵਿਰੱਕਤ ਮਹਾਰਾਜ ਜੀ ਵਾਲਾ ਅਤੇ ਉਸਦੇ ਪਿੱਛੇ ਵਾਲਾ ਦੋਨੋਂ ਕਮਰੇ ਮੁੱਖੀ ਗੋਵਿੰਦ ਰਾਮ ਨੇ ਆਪਣੇ ਸਪੁੱਤਰ ਗੋਵਰਧਨ ਦੇ ਤੰਦਰੁਸਤ ਹੋਣ ਦੀ ਖੁਸ਼ੀ ਵਿੱਚ ਸ਼ੁਕਰਾਨੇ ਵਜੋਂ ਸੰਨ 1930 ਈਸਵੀ ਵਿੱਚ ਬਣਵਾਏ ਸਨ। ਇਨ੍ਹਾਂ ਦੇ ਫਰਸ਼ ਵਿੱਚ ਲੱਗੀਆਂ ਟਾਈਲਾਂ ਵੀ ਕਰਾਚੀ ਤੋਂ ਹੀ ਲੈ ਕੇ ਆਏ ਸਨ।*

ਸਾਹਮਣੇ ਸੀ ਬਿਰਾਜਮਾਨ ਹੋਏ। ਇਸ ਏਰੀਏ ਵਿੱਚ ਹਰ ਸਾਲ ਜਾਣ ਕਰਕੇ ਸੰਗਤ ਕਾਫੀ ਜੁੜ ਚੁੱਕੀ ਸੀ, ਇਸ ਲਈ ਕਥਾ ਵਖਿਆਨ, ਸਤਸੰਗ ਕਰਦਿਆਂ, ਸੰਗਤ ਦੇ ਪ੍ਰੇਮਵਸ ਢਾਈ ਮਹੀਨੇ ਇੱਥੇ ਹੀ ਗੁਜ਼ਰ ਗਏ। ਇਤਨੇ ਨੂੰ ਕਰਾਚੀ ਦੀ ਸੰਗਤ ਬੇਨਤੀ ਕਰਕੇ ਆਪ ਜੀ ਨੂੰ ਕਰਾਚੀ ਲੈ ਗਈ। ਇਥੇ ਸ੍ਰੀ ਟੇਕ ਚੰਦ ਹਾਸਾ ਸਿੰਘ ਗਿਦਵਾਨੀ ਦੇ ਬੰਗਲੇ ਵਿੱਚ ਰਿਹਾਇਸ਼ ਆਦਿ ਦਾ ਪ੍ਰਬੰਧ ਕੀਤਾ ਹੋਇਆ ਸੀ, ਲੇਕਿਨ ਆਉਣ-ਜਾਣ ਅਤੇ ਰੋਜ਼ ਦੇ ਖਰਚੇ ਦੀ ਸੇਵਾ ਸ੍ਰੀ ਚੇਤਨ ਰਾਮ ਨੇ ਬਾਬਾ ਜੀ ਤੋਂ ਮੰਗ ਕੇ ਲਈ ਹੋਈ ਸੀ। ਉਨ੍ਹਾਂ ਦਿਨਾਂ ਵਿੱਚ ਸੋਮਵਾਰ ਦੀ ਮੱਸਿਆ ਆ ਗਈ, ਕਿਉਂਕਿ ਕਦੇ-ਕਦੇ ਹੀ ਐਸਾ ਹੁੰਦਾ ਹੈ।

ਸਮੁੰਦਰ ਵਿੱਚ ਹਵਾ ਬੰਦਰ ਨਾਮਕ ਇਕ ਜਗ੍ਹਾ ਹੈ। ਮੱਸਿਆ ਦਾ ਸ਼ੁਭ ਦਿਨ ਜਾਣਕੇ ਲੋਕ ਉਸ ਜਗ੍ਹਾ ਇਸ਼ਨਾਨ ਕਰਨ ਗਏ। ਬਾਬਾ ਜੀ ਨੇ ਵੀ ਇਸ਼ਨਾਨ ਕੀਤਾ, ਉਥੋਂ ਆ ਕੇ ਘਰ ਫਿਰ ਇਸਨਾਨ ਕੀਤਾ, ਕਿਉਂਕਿ ਸਮੁੰਦਰ ਦਾ ਪਾਣੀ ਖਾਰਾ ਹੁੰਦਾ ਹੈ। ਉਸ ਸਮੇਂ ਸਰਦੀ ਦਾ ਮੌਸਮ ਸੀ ਅਤੇ ਹਵਾ ਤੇਜ਼ ਵਗ ਰਹੀ ਸੀ, ਇਸ ਕਰਕੇ ਬਾਬਾ ਜੀ ਦੇ ਸਰੀਰ ਨੂੰ ਕੁਝ ਸਰਦੀ ਦਾ ਅਸਰ ਹੋ ਗਿਆ, ਜਿਸ ਵਜ੍ਹਾ ਕਰਕੇ ਸਰੀਰ ਨੂੰ ਹਲਕਾ ਬੁਖਾਰ ਹੋ ਗਿਆ, ਪਰ ਆਪ ਨੇ ਕਿਸੇ ਨੂੰ ਦੱਸਿਆ ਨਹੀਂ। ਤਿੰਨ ਚਾਰ ਦਿਨ ਤਾਂ ਐਸਾ ਰਿਹਾ, ਬਾਅਦ ਵਿੱਚ ਅਚਾਨਕ ਬੁਖਾਰ ਤੇਜ਼ ਹੋ ਗਿਆ। ਸੰਗਤ ਨੂੰ ਪਤਾ ਲੱਗਣ ਤੇ ਪ੍ਰੇਮੀਆਂ ਨੇ ਡਾਕਟਰ ਚੇਤ ਰਾਮ ਸਾਹਨੀ ਨੂੰ ਬੁਲਾਇਆ, ਜੋ ਬਾਬਾ ਜੀ ਦਾ ਵੀ ਅਨਿੰਨ ਸੇਵਕ ਸੀ ਅਤੇ ਦਿਲੋਂ ਅਤੁਟ ਸ਼ਰਧਾ ਰੱਖਦਾ ਸੀ। ਉਸਨੇ ਅੱਛੀ ਤਰ੍ਹਾਂ ਚੈਕ ਕਰਕੇ ਸੰਗਤ ਨੂੰ ਦਸਿਆ ਕਿ ਬੁਖਾਰ ਬਹੁਤ ਤੇਜ਼ ਹੈ, ਮੈਨੂੰ ਨਮੂਨੀਏ ਦਾ ਸ਼ੱਕ ਪੈਂਦਾ ਹੈ, ਅੱਛਾ ਹੋਵੇ ਡਾਕਟਰ ਨਜ਼ਰਤ ਨੂੰ ਬੁਲਾ ਲਈਏ।

ਡਾਕਟਰ ਨਜ਼ਰਤ ਕਰਾਚੀ ਸ਼ਹਿਰ ਵਿੱਚ ਬਹੁਤ ਮਸ਼ਹੂਰ ਡਾਕਟਰ ਸੀ, ਲੇਕਿਨ ਇਸ ਵਕਤ ਉਮਰ ਦਾ ਬ੍ਰਿਧ ਹੋਣ ਕਰਕੇ ਮਰੀਜ਼ ਵਗੈਰਾ ਨਹੀਂ ਸੀ ਦੇਖਦਾ, ਆਪਣੇ ਘਰ ਵਿੱਚ ਹੀ ਰਿਟਾਇਰਡ ਜ਼ਿੰਦਗੀ ਬਤੀਤ ਕਰ ਰਿਹਾ ਸੀ, ਪ੍ਰੰਤੂ ਬਾਬਾ ਬੁੱਢਾ ਸਿੰਘ ਜੀ ਦੀ ਸ਼ਖਸੀਅਤ ਤੋ ਬਹੁਤ ਪ੍ਰਭਾਵਤ ਸੀ। ਉਸਨੇ ਚੈਕ ਕਰਕੇ ਦਸਿਆ ਕਿ ਡਬਲ ਨਮੂਨੀਆਂ ਹੋ ਗਿਆ। ਉਸਨੇ ਬਾਬਾ ਜੀ ਨੂੰ ਪੁੱਛਿਆ, ਕਦੇ-ਪਹਿਲਾਂ ਵੀ ਐਸਾ ਹੋਇਆ ਹੈ ? ਆਪ ਜੀ ਨੇ ਦਸਿਆ, ਇਕ ਦਫਾ ਪਹਿਲਾਂ ਵੀ ਐਸਾ ਹੋਇਆ ਸੀ। ਡਾਕਟਰ ਨਜ਼ਰਤ ਨੇ ਕਿਹਾ, ਆਪ ਨੂੰ ਪੂਰਨ ਆਰਾਮ ਕਰਨ ਦੀ ਜ਼ਰੂਰਤ ਹੈ। ਸਾਰੀ ਕਿਰਿਆ ਮੰਜੇ ਉਪਰ ਹੀ ਕਰਨੀ ਅਤੇ ਇਹ ਦਵਾਈ ਹੁਣ ਤੋਂ ਹੀ ਚਾਲੂ ਕਰ ਦਿਉ। ਮਹਾਰਾਜ ਮੁਸਕਰਾ ਕੇ ਬੋਲੇ, ਸਾਡਾ ਤਾਂ ਵਿਚਾਰ ਇੱਧਰ ਆਉਣ ਦਾ ਨਹੀਂ ਸੀ ਪ੍ਰੰਤੂ—**ਹਰਿ ਕੀ ਗਤਿ ਨ ਕੋਊ ਜਾਨੈ॥**

ਆਪ ਜੀ ਨੇ ਸੰਗਤ ਨੂੰ ਬਚਨ ਕੀਤਾ, ਕਿ ਕੱਲ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਾ ਦਿਉ ਅਤੇ ਜਿਸ ਦਿਨ ਭੋਗ ਪਵੇਗਾ, ਉਸੇ ਦਿਨ ਸ਼ਿਕਾਰਪੁਰ ਜਾਣ ਲਈ ਰੇਲ ਦਾ ਇਕ ਪੂਰਾ ਡੱਬਾ ਰਿਜ਼ਰਵ ਕਰਵਾ ਲਉ। ਸੰਗਤ ਨੇ ਬੇਨਤੀ ਕੀਤੀ, ਮਹਾਰਾਜ! ਡਾਕਟਰ ਨੇ ਤਾਂ ਬੋਲਿਆ ਹੈ ਪੂਰਨ ਆਰਾਮ ਕਰਨ ਲਈ, ਸਫਰ ਕਰਨ ਨਾਲ ਤਾਂ ਬਿਮਾਰੀ ਦੇ ਹੋਰ ਵਿਗੜ ਜਾਣ ਦਾ ਡਰ ਹੈ, ਇਸ ਲਈ ਆਪ ਕਿਰਪਾ ਕਰੋ, ਕੁਝ ਦਿਨ ਹੋਰ ਇਥੇ ਹੀ ਆਰਾਮ ਕਰੋ। ਬਾਬਾ ਜੀ ਬੋਲੇ, ਆਪ ਚਿੰਤਾਂ ਨਾ ਕਰੋ, ਗੁਰੂ ਨਾਨਕ ਸਭ ਠੀਕ ਕਰਨਗੇ। ਸੰਗਤਾਂ ਨੇ ਲਾਚਾਰੀ ਵਸ ਗੱਡੀ ਦਾ ਇਕ ਡੱਬਾ ਬੁੱਕ ਕਰਵਾ ਲਿਆ, ਅਤੇ ਦੂਸਰੇ ਦਿਨ ਸ੍ਰੀ ਅਖੰਡ ਪਾਠ ਸਾਹਿਬ ਦਾ ਆਰੰਭ ਕੀਤਾ ਗਿਆ। ਬਾਬਾ ਜੀ ਨੇ ਹੁਕਮ ਕੀਤਾ ਭੋਗ ਵਾਲੇ ਦਿਨ ਸੰਗਤਾਂ ਨੂੰ ਕੜਾਹ ਪ੍ਰਸ਼ਾਦ ਦੇ ਖੁੱਲ੍ਹੇ ਗੱਫੇ ਵਰਤਾਉਣੇ।

ਹੁਕਮ ਮੁਤਾਬਿਕ ਐਸਾ ਹੀ ਕੀਤਾ, ਭੋਗ ਦੇ ਸਮੇਂ ਆਪ ਵੀ ਹਜ਼ੂਰੀ ਵਿੱਚ ਪਹੁੰਚੇ। ਭੋਗ ਦੀ ਸਮਾਪਤੀ ਤੋਂ ਬਾਅਦ ਕੜਾਹ ਪ੍ਰਸ਼ਾਦ ਦੇ ਖੁੱਲ੍ਹੇ ਗੱਫੇ ਵਰਤਾਏ ਗਏ, ਉਪਰੰਤ ਉਸੇ ਦਿਨ ਆਪ ਕੁਝ ਸੰਗਤਾਂ ਸਮੇਤ ਰੇਲ ਰਾਹੀਂ ਸ਼ਿਕਾਰਪੁਰ ਪਹੁੰਚ ਗਏ। ਇਥੇ ਇਕ ਸੇਠ ਦੇ ਬੰਗਲੇ ਵਿੱਚ ਕੁਝ ਦਿਨ ਅਰਾਮ ਕਰਨ ਨਾਲ ਸਰੀਰ ਬਿਲਕੁੱਲ ਠੀਕ ਹੋ ਗਿਆ। ਸੰਗਤਾਂ ਦੇ ਪ੍ਰੇਮ-ਵਸ ਇਕ ਮਹੀਨਾ ਇਥੇ ਠਹਿਰ ਕੇ ਵਾਪਸ ਰਿਸ਼ੀਕੇਸ਼ ਆ ਗਏ।

## ਸੰਤ ਦੇਵਾ ਸਿੰਘ ਨੇ ਬਚਨ ਨਾ ਮੰਨਣਾ

ਦੂਸਰੇ ਸਾਲ ਸਿੰਧੀ ਪ੍ਰੇਮੀਆਂ ਦੀ ਬੇਨਤੀ ਪ੍ਰਵਾਨ ਕਰ ਸੰਤ ਦੇਵਾ ਸਿੰਘ ਨੂੰ ਨਾਲ ਲੈ ਕੇ ਹੈਦਰਾਬਾਦ ਨੂੰ ਚਲ ਪਏ। ਰਸਤੇ ਵਿੱਚ ਦੀਵਾਨ ਵੱਸਣ ਮੱਲ ਦੇ ਪ੍ਰੇਮ-ਵਸ ਲਾਹੌਰ ਰੁਕੇ, ਕਿਉਂਕਿ ਦੀਵਾਨ ਸਾਹਿਬ ਨੇ ਤਾਰ ਦੇ ਕੇ ਬੇਨਤੀ ਕੀਤੀ ਸੀ, ਕਿ ਸਿੰਧ ਨੂੰ ਜਾਣ ਸਮੇਂ ਕੁਝ ਦਿਨ ਲਾਹੌਰ ਦੀ ਸੰਗਤ ਨੂੰ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ। ਵੱਸਣ ਮੱਲ

ਦੇ ਘਰ ਸੁਭਾ-ਸ਼ਾਮ ਕਾਫੀ-ਸੰਗਤ ਜੁੜਕੇ ਸਤਸੰਗ ਦਾ ਲਾਭ ਉਠਾਉਂਦੀ ਸੀ, ਸੰਗਤ ਨੇ ਇਕ ਦਿਨ ਬੇਨਤੀ ਕੀਤੀ, ਮਹਾਰਾਜ! ਸਾਡੇ ਕੁਝ ਬੱਚਿਆਂ ਦਾ ਪਾਠ ਸਿੱਖਣ ਦਾ ਵਿਚਾਰ ਹੈ ਆਪ ਕਿਰਪਾ ਕਰਕੇ ਇਥੇ ਕਿਸੇ ਸੰਤ ਦੀ ਡਿਊਟੀ ਲਾ ਦਿਉ। ਬਾਬਾ ਜੀ ਨੇ ਸੰਗਤ ਦਾ ਸ਼ੁਭ ਵਿਚਾਰ ਦੇਖਕੇ ਸੰਤ ਦੇਵਾ ਸਿੰਘ ਨੂੰ ਹੁਕਮ ਕੀਤਾ, ਕਿ ਪਰਉਪਕਾਰ ਹਿੱਤ ਤੁਸੀਂ ਇਥੇ ਠਹਿਰ ਕੇ ਸੰਗਤਾਂ ਨੂੰ ਗੁਰਬਾਣੀ ਪੜਾਉ।

ਅੱਗੋਂ ਦੇਵਾ ਸਿੰਘ ਨੇ ਜਵਾਬ ਦਿੱਤਾ, ਕਿ ਮੈਂ ਤਾਂ ਆਪ ਦੇ ਨਾਲ ਹੀ ਚਲੂੰ। ਦੇਵਾ ਸਿੰਘ ਦੇ ਬਚਨ ਦਾ ਮੰਨਣ ਤਾ ਬਾਬਾ ਜੀ ਦੇ ਪਵਿੱਤਰ ਮੁੱਖ ਤੋਂ ਸੁਭਾਵਕ ਹੀ ਬਚਨ ਨਿਕਲ ਗਿਆ, ਤੂੰ ਤਾਂ ਪਾਗਲ ਹੋ ਗਿਆ। ਬਸ — **ਸਾਧ ਬਚਨ ਅਟਲਾਧਾ** ਦੇ ਮਹਾਂਵਾਕ ਅਨੁਸਾਰ ਸੰਤ ਦੇਵਾ ਸਿੰਘ ਉਸੀ ਸਮੇਂ ਪਾਗਲ ਹੋ ਗਿਆ। ਦੀਵਾਨ ਵੱਸਣ ਮੱਲ ਨੇ ਹਸਪਤਾਲ ਦਾਖਲ ਕਰਵਾਇਆ, ਇਕ ਦੋ ਦਿਨਾਂ ਬਾਅਦ ਬਾਬਾ ਜੀ ਹਸਪਤਾਲ ਵਿੱਚ ਮਿਲਣ ਗਏ, ਤਾਂ ਦੇਵਾ ਸਿੰਘ ਚਰਨਾਂ ਤੇ ਪੈ ਕੇ ਰੋਇਆ, ਬੇਨਤੀ ਕੀਤੀ ਭੁੱਲ ਬਖਸ਼ੋ! ਮੈਨੂੰ ਹੁਣ ਹੋਰ ਕਿੰਨਾ ਚਿਰ ਹਸਪਤਾਲ ਰੱਖੋਗੇ? ਆਪ ਨੇ ਬਚਨ ਕੀਤਾ ਕੁਝ ਦੇਰ ਗਲਤੀ ਦਾ ਫਲ ਖਾਹ, ਵਾਪਸ ਜਾਂਦੇ ਨਾਲ ਲੈ ਜਾਵਾਂਗੇ। ਹੈਦਰਾਬਾਦ ਦੋ ਮਹੀਨੇ ਗੁਜ਼ਾਰਕੇ ਵਾਪਸ ਲਾਹੌਰ ਦੀਵਾਨ ਵੱਸਣ ਮੱਲ ਦੇ ਘਰ ਠਹਿਰੇ। ਉੱਧਰ ਹਸਪਤਾਲ ਵਿੱਚ ਦੋ ਪਾਗਲ ਆਪਸ ਵਿੱਚ ਲੜ ਪਏ, ਇਕ ਨੇ ਲੱਕੜ ਚੁੱਕ ਕੇ ਦੇਵਾ ਸਿੰਘ ਦੇ ਸਿਰ ਵਿੱਚ ਮਾਰੀ, ਲੱਕੜ ਵਜਣ ਨਾਲ ਸਿਰ ਵਿੱਚ ਜ਼ਖਮ ਹੋ ਕੇ ਕਾਫੀ ਖੂਨ ਨਿਕਲ ਗਿਆ, ਪਰਮੇਸ਼ਰ ਦੀ ਨੇਤ ਐਸੀ ਹੋਈ ਖੂਨ ਨਿਕਲਣ ਨਾਲ ਸਿਰ ਹੌਲਾ ਹੋ ਕੇ ਪਾਗਲਖਣ ਸਭ ਠੀਕ ਹੋ ਗਿਆ।

ਦੂਸਰੇ ਦਿਨ ਬਾਬਾ ਜੀ ਮਿਲਣ ਲਈ ਹਸਪਤਾਲ ਗਏ, ਤਾਂ ਪੂਰਬ ਦਿੱਤੇ ਬਚਨ ਅਨੁਸਾਰ ਦੇਵਾ ਸਿੰਘ ਨੂੰ ਨਾਲ ਲੈ ਆਏ।

## ਸੇਠ ਵਾਧੂ ਮੱਲ ਧਰਮਦਾਸ

1927 ਈ: ਵਿੱਚ ਸਿੰਧੀ ਸੰਗਤ ਦੀ ਬੇਨਤੀ ਪ੍ਰਵਾਨ ਕਰਕੇ, ਆਪ ਹੈਦਰਾਬਾਦ ਪਹੁੰਚ ਕੇ, ਭਾਈ ਵਾਧੂ ਮੱਲ ਧਰਮਦਾਸ ਦੇ ਬੰਗਲੇ ਵਿੱਚ ਬਿਰਾਜਮਾਨ ਹੋਏ। ਵਾਧੂ ਮੱਲ ਦਾ ਸਾਰਾ ਪਰਿਵਾਰ ਬੜੇ ਪ੍ਰੇਮ ਨਾਲ ਸੇਵਾ ਕਰਦਾ ਸੀ। ਇਕ ਦਿਨ ਵਾਧੂ ਮੱਲ ਨੇ ਅਰਜ਼ ਕੀਤੀ, ਮਹਾਰਾਜ! ਘਰ ਵਿੱਚ ਸਤ ਬੇਟੀਆਂ ਹਨ। ਆਪ ਮੇਹਰ ਕਰੋ ਇੱਕ ਪੁੱਤਰ ਦੀ ਦਾਤ ਪ੍ਰਾਪਤ ਹੋ ਜਾਵੇ। ਬਾਬਾ ਜੀ ਪੂਰੇ ਪਰਿਵਾਰ ਦੀ ਸੇਵਾ ਤੇ ਪ੍ਰਸੰਨ ਤਾਂ ਹੋਏ ਹੀ ਸਨ, ਵਾਧੂ ਮੱਲ ਦੀ ਬੇਨਤੀ ਸੁਣਕੇ, ਮੇਹਰਾਂ ਦੇ ਘਰ ਆ ਕੇ ਹੁਕਮ ਕੀਤਾ, ਅੱਠ ਦਿਨ ਗੁਰੂ ਘਰ ਜਾ ਕੇ ਪੁੱਤਰ ਪ੍ਰਾਪਤੀ ਦੀ ਅਰਦਾਸ ਕਰਨਾ, ਕੜਾਹ ਪ੍ਰਸ਼ਾਦ ਘਰ ਤੋਂ ਬਣਾ ਕੇ ਲੈ ਕੇ ਜਾਣਾ, ਕੜਾਹ ਪ੍ਰਸ਼ਾਦ ਬਣਾਉਂਦੇ ਸਮੇਂ ਸ੍ਰੀ ਜਪੁਜੀ ਸਾਹਿਬ ਦਾ ਪਾਠ ਜ਼ਰੂਰ ਕਰਨਾ, ਗੁਰੂ ਨਾਨਕ ਭਲੀ ਕਰਨਗੇ। ਕੁਝ ਸਮੇਂ ਬਾਅਦ ਭਾਈ ਵਾਧੂ ਮੱਲ ਨੂੰ ਗੁਰੂ ਨਾਨਕ ਦੇ ਘਰੋਂ ਪੁੱਤਰ ਦੀ ਦਾਤ ਪ੍ਰਾਪਤ ਹੋਈ।

## ਮਿਸਟਰ ਮੇਘ ਰਾਜ ਮੂਲਜਾਨੀ

ਭਾਈ ਵਾਧੂ ਮੱਲ ਦੇ ਘਰ ਰੋਜ਼ ਦੇ ਸਤਸੰਗ ਵਿੱਚ ਇਕ ਪ੍ਰੇਮੀ ਮੇਘ ਰਾਜ ਮੂਲਜਾਨੀ ਵੀ ਨੇਮ ਨਾਲ ਆਉਂਦਾ ਸੀ। ਇਹ ਪ੍ਰੇਮੀ ਹਰ ਰੋਜ਼ ਬਾਬਾ ਜੀ ਦੇ ਕੱਪੜੇ ਧੋਣ ਦੀ ਸੇਵਾ ਕਰਦਾ ਅਤੇ ਸਮੇਂ ਅਨੁਸਾਰ ਪੱਖਾ ਝੱਲਣ ਦੀ ਸੇਵਾ ਕਰਦਾ ਰਹਿੰਦਾ ਸੀ। ਇਸ ਦੇ ਘਰ ਔਲਾਦ ਨਹੀਂ ਸੀ। ਇਕ ਦਿਨ ਇਸ ਨੇ ਇਕਾਂਤ ਜਾਣਕੇ ਬਾਬਾ ਜੀ ਦੇ ਚਰਨਾਂ ਵਿੱਚ ਪੁੱਤਰ ਪ੍ਰਾਪਤੀ ਦੀ ਇੱਛਾ ਜ਼ਾਹਿਰ ਕੀਤੀ। ਬਾਬਾ ਜੀ ਨੇ ਹੁਕਮ ਕੀਤਾ, ਗੁਰੂ ਘਰ ਜਾ ਕੇ ਪੁੱਤਰ ਪ੍ਰਾਪਤੀ ਲਈ ਅਰਦਾਸ ਕਰਾਈਂ ਅਤੇ ਹਰ ਰੋਜ਼ ਗੁਰੂ ਘਰ ਜਾ ਕੇ ਗੁਰੂ ਸਾਹਿਬ ਜੀ ਨੂੰ ਚੌਰ ਕਰਕੇ ਨਮਸ਼ਕਾਰ ਕਰਨੀ, ਅਤੇ ਜਪੁਜੀ ਸਾਹਿਬ ਦਾ ਪੂਰੀ ਜ਼ਿੰਦਗੀ ਨੇਮ ਨਾਲ ਪਾਠ ਕਰਨਾਂ, ਗੁਰੂ ਨਾਨਕ ਮਿਹਰ ਕਰਨਗੇ। ਹੁਕਮ ਮੰਨਕੇ ਪ੍ਰੇਮੀ ਨੇ ਐਸਾ ਹੀ ਕੀਤਾ। ਪਰਮੇਸ਼ਰ ਦੀ ਮਿਹਰ ਦਾ ਸਦਕਾ ਸਮਾਂ ਪਾ ਕੇ ਮੇਘ ਰਾਜ ਮੂਲਜਾਨੀ ਦੇ ਘਰ ਪੁੱਤਰ ਨੇ ਜਨਮ ਲਿਆ। ਇਸ ਪ੍ਰਕਾਰ ਸਿੰਧ ਵਿੱਚ ਕੋਈ ਤਿੰਨ ਮਹੀਨੇ ਭੋਗ-ਮੋਖ ਦੀਆਂ ਦਾਤਾਂ ਵੰਡਕੇ ਅਤੇ ਸਤਸੰਗ ਰਾਹੀਂ ਸਤ-ਉਪਦੇਸ਼ ਦੀ ਵਰਖਾ ਕਰਕੇ ਜਦ ਵਾਪਸੀ ਕੀਤੀ, ਤਾਂ ਸਗਤ ਵੱਲੋਂ ਆਪਦੇ ਚਰਨਾਂ ਵਿੱਚ ਅਰਪਣ ਕੀਤੀਆਂ ਬੇਅੰਤ ਭੇਟਾਵਾਂ ਦੀਆਂ ਗੰਢਾਂ

ਬੰਨ੍ਹਕੇ ਗੱਡੀ ਵਿੱਚ ਨਾਲ ਹੀ ਰੱਖ ਦਿੱਤੀਆਂ। ਟੀ-ਟੀ ਨੇ ਜਦ ਚੈਕ ਕੀਤੀਆਂ, ਤਾਂ ਕਹਿਣ ਲੱਗਿਆਂ ਇੰਨਾਂ ਸਮਾਨ ਆਪ ਨਾਲ ਨਹੀਂ ਲਿਜਾ ਸਕਦੇ, ਸਮਾਨ ਦੀ ਵੱਖਰੀ ਟਿਕਟ ਕਟਾਉ।

ਆਪ ਜੀ ਨੇ ਪੁੱਛਿਆ, ਨਾਲ ਕਿੰਨਾ ਸਮਾਨ ਲਿਜਾ ਸਕਦੇ ਹਾਂ? ਟੀ-ਟੀ ਬੋਲਿਆ ਵੀਹ ਸੇਰ। ਆਪ ਜੀ ਨੇ ਆਖਿਆ, ਫਿਰ ਇਹ ਵੀਹ ਸੇਰ ਕਿਥੇ ਹੈ? ਟੀ-ਟੀ ਬੋਲਿਆ, ਵਜ਼ਨ ਕਰ ਲੈਂਦੇ ਹਾਂ, ਜਿਨਾਂ ਵੀਹ ਸੇਰ ਤੋਂ ਜ਼ਿਆਦਾ ਹੋਵੇਗਾ, ਉਸਦੀ ਅਲੱਗ ਟਿਕਟ ਕੱਟ ਦਿਆਂਗੇ।

ਆਪ ਜੀ ਨੇ ਕਿਹਾ, ਬੜੀ ਖੁਸ਼ੀ ਨਾਲ! ਬਾਬੂ ਨੇ ਸਮਾਨ ਦਾ ਵਜ਼ਨ ਕਰਵਾਇਆ, ਤਾਂ ਵੀਹ ਸੇਰ ਤੋਂ ਘੱਟ ਨਿਕਲਿਆ। ਬਾਬੂ ਨੂੰ ਸ਼ੱਕ ਪੈ ਗਿਆ ਕਿ ਕੰਡੇ ਵਿੱਚ ਕੋਈ ਨੁਕਸਨ ਹੈ। ਉਸਨੇ ਦੂਸਰੇ ਕੰਡੇ ਤੇ ਰੱਖਕੇ ਵਜ਼ਨ ਕੀਤਾ, ਫਿਰ ਵੀ ਵੀਹ ਸੇਰ ਤੋਂ ਘੱਟ ਉਤਰਿਆ। ਬਾਬੂ ਹੈਰਾਨ ਹੋਇਆ ਸਮਾਨ ਬਹੁਤ ਜ਼ਿਆਦਾ ਹੈ ਲੇਕਿਨ ਜਦ ਵਜ਼ਨ ਕਰਦੇ ਹਾਂ ਤਾਂ ਵੀਹ ਸੇਰ ਵੀ ਪੂਰਾ ਨਹੀਂ ਉਤਰਦਾ।

ਇਹ ਸੋਚਕੇ ਕਿ ਮਹਾਂਪੁਰਖਾਂ ਦੀ ਹੀ ਕੋਈ ਲੀਲ੍ਹਾ ਹੈ, ਚਰਨੀ ਪੈ ਕੇ ਬੇਨਤੀ ਕੀਤੀ ਮਹਾਰਾਜ ਗਲਤੀ ਹੋ ਗਈ, ਮੁਆਫ ਕਰ ਦਿਉ। ਬਾਬਾ ਜੀ ਬੋਲੇ, ਪ੍ਰੇਮੀਆ! ਇਹ ਤਾਂ ਤੇਰੀ ਡਿਊਟੀ ਹੈ, ਗੱਡੀ ਵਿੱਚ ਹਰ ਚੀਜ਼ ਨੂੰ ਚੈਕ ਕਰਨਾ, ਇਸ ਲਈ ਗਲਤੀ ਕੋਈ ਨਹੀਂ। ਹਾਂ, ਇਕ ਗੱਲ ਅੱਗੇ ਵਾਸਤੇ ਯਾਦ ਰੱਖੀਂ, ਕਿ ਗੁਰੂ ਨਾਨਕ ਦਾ ਘਰ ਅਤੋਲ ਹੈ, ਸੰਸਾਰ ਦੇ ਵੱਟਿਆਂ ਨਾਲ ਇਸਨੂੰ ਤੋਲਣਾ ਭੁੱਲ ਹੈ, ਇਹ ਸਮਾਨ ਅਸੀਂ ਕੋਈ ਮੁੱਲ ਨਹੀਂ ਖਰੀਦਿਆ, ਤਾਂ ਕਿ ਅਸੀਂ ਤੈਨੂੰ ਵਜ਼ਨ ਦਸ ਦਿੰਦੇ, ਇਹ ਤਾਂ ਪ੍ਰੇਮੀਆਂ ਵੱਲੋਂ ਗੁਰੂ ਨਾਨਕ ਦੇ ਦਰਬਾਰ ਲਈ ਬੜੀ ਸ਼ਰਧਾ ਪ੍ਰੇਮ ਨਾਲ ਭੇਟਾ ਕੀਤੀਆਂ ਵਸਤਾਂ ਹਨ; ਇਸ ਲਈ ਅਸੀਂ ਤਾਂ ਤੈਨੂੰ ਅਠਾਰਾਂ ਸੇਰ ਕਿਹਾ, ਤੇ ਨਾ ਪੱਚੀ ਸੇਰ ਕਿਹਾ, ਅਸੀਂ ਤਾਂ ਇਹੀ ਕਿਤਾ ਸੀ ਕਿ ਇਹ ਵੀਹ ਸੇਰ ਨਹੀਂ ਹੈ, ਪਰ ਤੈਨੂੰ ਵਿਸ਼ਵਾਸ਼ ਨਹੀਂ ਆਇਆ ਤੈਂ ਇਕ ਨਹੀਂ, ਦੋ ਕੰਡਿਆਂ ਤੇ ਵਜ਼ਨ ਕੀਤਾ, ਦੋਨਾਂ ਤੇ ਹੀ ਵਜ਼ਨ ਦਾ ਫਰਕ ਰਿਹਾ, ਤੇਰੇ ਦੋ ਕੰਡਿਆਂ ਦੀ ਤਾਂ ਬਾਤ ਛੱਡ, ਸੰਸਾਰ ਤੇ ਅੱਜ ਤੱਕ ਕੋਈ ਵੀ ਤਰਾਜੂ ਨਹੀਂ ਬਣਿਆ, ਜੋ ਸ਼ਰਧਾ ਅਤੇ ਪ੍ਰੇਮ ਦਾ ਵਜ਼ਨ ਕਰ ਸਕੇ। ਸ਼ਰਧਾ ਅਤੇ ਪ੍ਰੇਮ ਦਾ ਵਜ਼ਨ ਤਾਂ ਗੁਰੂ ਕਰਤਾਰ ਹੀ ਜਾਣਦਾ ਹੈ। ਇਸ ਪ੍ਰਕਾਰ ਗੱਡੀ ਵਿੱਚ ਬਾਬੂ ਨੂੰ ਉਪਦੇਸ਼ ਕਰਦੇ ਸਨੇ-ਸਨੇ ਹਰਦੁਆਰ ਪਹੁੰਚ ਗਏ।

## ਮਹਾਰਾਜ ਨਿੱਕਾ ਸਿੰਘ ਜੀ ਦਾ ਸ਼ਰਣ ਵਿੱਚ ਆਉਣਾ

ਸਿੰਧ ਤੋਂ ਵਾਪਸ ਆ ਕੇ ਫਿਰ ਕਈ ਮਹੀਨੇ ਆਸ਼ਰਮ ਹੀ ਟਿਕੇ ਰਹੇ। ਦਿਨ ਵਿੱਚ ਦੋ ਵਾਰ ਆਸ਼ਰਮ ਵਿੱਚ ਰਹਿੰਦੇ ਸੰਤਾਂ ਨੂੰ ਗ੍ਰੰਥ ਪੜ੍ਹਾਉਂਦੇ ਰਹਿੰਦੇ, ਅਤੇ ਬਾਹਰੋਂ ਸੰਗਤਾਂ ਵੀ ਦਰਸ਼ਨਾਂ ਨੂੰ ਆਉਂਦੀਆਂ ਰਹਿੰਦੀਆਂ ਸਨ। ਇਨ੍ਹਾਂ ਦਿਨਾਂ ਵਿੱਚ ਹੀ ਸੰਤ ਬਾਬਾ ਨਿੱਕਾ ਜੀ ਆਪ ਦੀ ਸ਼ਰਣ ਵਿੱਚ ਆਏ ਜਿਨ੍ਹਾਂ ਦਾ ਜੀਵਨ ਵਿਰਤਾਂਤ ਵਿਸਥਾਰ ਵਿੱਚ ਅੱਗੇ ਆਵੇਗਾ।

## ਗੁਰੂ ਘਰ ਦੀ ਸੇਵਾ ਦਾ ਫਲ

1928 ਈਸਵੀ ਵਿੱਚ ਸੰਗਤ ਦੀ ਬੇਨਤੀ ਪ੍ਰਵਾਨ ਕਰਕੇ ਹੈਦਰਾਬਾਦ ਪਧਾਰੇ, ਇਥੇ ਰਿਸ਼ੀ ਦਇਆ ਰਾਮ ਗਿੱਦੂ ਮੱਲ ਦਾ ਫਲੇਲੀ ਨਦੀ ਦੇ ਕਿਨਾਰੇ ਤੇ ਸੰਤ ਆਸ਼ਰਮ ਸੀ, ਉਸ ਵਿੱਚ ਬਿਰਾਜਮਾਨ ਹੋਏ। ਆਪ ਜੀ ਦਾ ਆਉਣਾ ਸੁਣਕੇ ਸੰਗਤਾਂ ਦੀ ਭੀੜ ਲੱਗ ਜਾਇਆ ਕਰਦੀ ਸੀ। ਸਤਸੰਗ ਦੁਆਰਾ ਪਰਮਾਰਥ ਦੇ ਤਾਂ ਅਮੁੱਕ ਭੰਡਾਰੇ ਵਰਤਦੇ ਹੀ ਸਨ, ਲੇਕਿਨ ਸੰਸਾਰਕ ਲੋੜਾਂ ਵਾਲੇ ਵੀ ਦਾਤਾਂ ਦੇ ਖੁੱਲ੍ਹੇ ਗਫੇ ਪ੍ਰਾਪਤ ਕਰ ਰਹੇ ਸਨ। ਇਥੇ ਗੁਰਸੰਗਤ ਦਰਬਾਰ ਜਿਸਦੀ ਨੀਂਹ ਆਪ ਜੀ ਨੇ ਹੀ ਰੱਖੀ ਸੀ, ਜਦ ਬਣਕੇ ਤਿਆਰ ਹੋਇਆ ਤਾਂ ਦੋ ਸਿੰਧੀ ਭੈਣ ਭਰਾ ਬੜੇ ਪ੍ਰੇਮ ਨਾਲ ਇਸ ਦਰਬਾਰ ਦੀ ਸੇਵਾ ਕਰਦੇ ਸਨ। ਸ਼ਾਦੀ ਦੋਨਾਂ ਨੇ ਨਹੀਂ ਸੀ ਕਰਾਈ। ਪਰਮੇਸ਼ਰ ਦੀ ਨੇਤ ਐਸੀ ਹੋਈ, ਉਸ ਲੜਕੇ ਨੂੰ ਬੁਖਾਰ ਹੋ ਗਿਆ, ਸੰਗਤ ਡਾਕਟਰ ਨੂੰ ਦਿਖਾਇਆ, ਲੇਕਿਨ ਕੋਈ ਫਰਕ ਨਾ ਪਿਆ, ਬੁਖਾਰ ਵੱਧਦਾ-ਵੱਧਦਾ ਏਨਾ ਤੇਜ਼ ਹੋ ਗਿਆ ਕਿ ਲੜਕਾ ਬੇਹੋਸ਼ ਹੋ ਗਿਆ, ਸੰਗਤ ਨੇ ਫਿਰ ਹੋਰ ਡਾਕਟਰ ਬੁਲਾਇਆ, ਲੇਕਿਨ ਡਾਕਟਰ ਦੀ ਕੋਸ਼ਿਸ਼ ਦੇ ਬਾਵਜੂਦ ਉਸਦੇ ਹੁੰਦਿਆਂ ਹੀ ਪ੍ਰਾਣ ਤਿਆਗ ਗਿਆ। ਭੈਣ ਤੋਂ ਇਹ ਸਦਮਾ ਨਾ ਬਰਦਾਸ਼ਤ ਹੋਇਆ, ਉੱਚੀ-ਉੱਚੀ ਰੋਂਦੀ

ਦੀਵਾਰਾਂ ਨਾਲ ਟੱਕਰਾਂ ਮਾਰਨ ਲੱਗੀ। ਸੰਗਤ ਕਾਫੀ ਇਕੱਠੀ ਹੋ ਗਈ, ਵਿੱਚੋਂ ਕਿਸੇ ਨੇ ਮਹਾਰਾਜ ਜੀ ਨੂੰ ਜਾ ਕੇ ਦੱਸਿਆ। ਆਪ ਜੀ ਬੋਲੇ ਕਈ ਵਾਰ ਤੇਜ਼ ਬੁਖਾਰ ਸਿਰ ਨੂੰ ਚੜ੍ਹਕੇ ਬੇਹੋਸ਼ ਕਰ ਦਿੰਦਾ ਹੈ, ਇਸ ਲਈ ਜ਼ਰੂਰੀ ਨਹੀਂ ਕਿ ਮੌਤ ਹੋ ਗਈ ਹੋਵੇ, ਤੁਸੀਂ ਥੋੜਾ ਪੁਰਸ਼ਾਰਥ ਕਰੋ, ਸਾਰੀ ਸੰਗਤ ਉਸ ਦੇ ਕੋਲ ਬੈਠਕੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਉੱਚੀ ਸੁਰ ਵਿੱਚ ਕਰੋ।

ਇਹ ਦਰਗਾਹੀ ਬਾਣੀ ਇਕ ਤਾਪ ਕੀ, ਤਿੰਨੇ ਤਾਪ ਨਿਵਾਰਣ ਨੂੰ ਸਮਰੱਥ ਹੈ, ਅਤੇ ਠੰਡੇ ਪਾਣੀ ਦੀ ਪੱਟੀ ਬਾਰ-ਬਾਰ ਸਿਰ ਤੇ ਰੱਖਦੇ ਰਹਿਣਾ; ਜਿਤਨੀ ਦੇਰ ਤੱਕ ਤਾਪ ਉਤਰ ਨਾ ਜਾਵੇ ਪਾਠ ਅਤੇ ਠੰਡੇ ਪਾਣੀ ਦੀ ਪੱਟੀ ਨਹੀਂ ਬੰਦ ਕਰਨੀ। ਸਭ ਸੰਗਤ ਨੇ ਹੁਕਮ ਮੰਨਕੇ ਲੜਕੇ ਦੇ ਕੋਲ ਜਾ ਕੇ ਸੁਖਮਨੀ ਸਾਹਿਬ ਦਾ ਪਾਠ ਸ਼ੁਰੂ ਕਰ ਦਿੱਤਾ, ਜਿਸ ਵਕਤ ਬਿਆਲੀ ਪਾਠ ਸੁਖਮਨੀ ਸਾਹਿਬ ਦੇ ਪੂਰੇ ਹੋਏ, ਲੜਕੇ ਦਾ ਪੈਰ ਹਿੱਲਿਆ, 43ਵਾਂ ਪਾਠ ਪੂਰਾ ਹੁੰਦੇ ਹੀ ਲੜਕਾ ਉਠਕੇ ਬੈਠ ਗਿਆ, ਸਭ ਸੰਗਤ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ, ਕੁਝ ਪ੍ਰੇਮੀਆਂ ਨੇ ਜਾ ਕੇ ਬਾਬਾ ਜੀ ਨੂੰ ਸਾਰੀ ਗੱਲ ਦੱਸੀ। ਆਪ ਜੀ ਨੇ ਹੁਕਮ ਕੀਤਾ, ਕੜਾਹ ਪ੍ਰਸਾਦ ਸਜਾ ਕੇ, ਗੁਰੂ ਨਾਨਕ ਦੇਵ ਮਹਾਰਾਜ ਦਾ ਸ਼ੁਕਰਾਨਾ ਕਰੋ।

## ਜੇਠ ਮੱਲ ਚੈਨਾਨੀ

ਹੈਦਰਾਬਾਦ ਵਿੱਚ ਹੀ ਜੇਠ ਮੱਲ ਮੱਘਰ ਮੱਲ ਚੈਨਾਨੀ ਰਾਮ ਦਾ ਇਕ ਸੇਠ ਵੱਸਦਾ ਸੀ, ਜੋ ਬਾਬਾ ਜੀ ਤੇ ਪਰਮੇਸ਼ਰ ਭਾਵਨਾਂ ਨਾਟ ਅਤੁੱਟ ਸ਼ਰਧਾ ਰੱਖਦਾ ਸੀ। ਇਨ੍ਹਾਂ ਦਿਨਾਂ ਦੀ ਹੀ ਗੱਲ ਹੈ, ਉਸਦੇ ਕੰਡ ਵਿੱਚ ਜ਼ਬਰਦਸਤ ਫੋੜਾ ਨਿਕਲ ਆਇਆ। ਥੋੜ੍ਹੇ ਦਿਨ ਤਾਂ ਘਰ ਵਿੱਚ ਹੀ ਦਵਾਈ ਬੂਟੀ ਕਰਦੇ ਰਹੇ, ਲੇਕਿਨ ਠੀਕ ਹੋਣ ਦੀ ਬਜਾਏ ਫੋੜਾ ਹੋਰ ਵਧਦਾ ਗਿਆ। ਆਖਰ ਹੈਦਰਾਬਾਦ ਸ਼ਹਿਰ ਦਾ ਸਭ ਤੋਂ ਮਸ਼ਹੂਰ ਡਾਕਟਰ ਸ੍ਰੀ ਨਜ਼ਰਤ ਸੀ, ਉਹਦੇ ਕੋਲ ਲੈ ਗਏ। ਡਾਕਟਰ ਨੇ ਦਾਖਲ ਕਰਕੇ ਇਲਾਜ ਸ਼ੁਰੂ ਕਰ ਦਿੱਤਾ, ਪਰ ਕੋਈ ਫਰਕ ਨਾ ਪਿਆ, ਆਖਰ ਉਸਨੇ ਅਪ੍ਰੇਸ਼ਨ ਦੀ ਸਲਾਹ ਦਿੱਤੀ, ਤਾਂ ਪਰਿਵਾਰ ਦੇ ਲੋਕਾਂ ਨੇ ਘਬਰਾ ਕੇ ਬਾਬਾ ਬੁੱਢਾ ਸਿੰਘ ਜੀ ਕੋਲ ਆ ਕੇ ਸਾਰੀ ਗੱਲ ਦੱਸੀ। ਬਾਬਾ ਜੀ ਨੇ ਮੇਹਰਾਂ ਦੇ ਘਰ ਆ ਕੇ ਬਚਨ ਕਰ ਦਿੱਤਾ, ਅਪ੍ਰੇਸ਼ਨ ਦੀ ਲੋੜ ਨਹੀਂ, ਜੇਠ ਮੱਲ ਨੂੰ ਬੋਲੇ, ਜਪੁਜੀ ਸਾਹਿਬ ਦਾ ਪਾਠ ਲਗਾਤਾਰ ਕਰਦਾ ਰਹੇ। ਘਰ ਵਾਲਿਆਂ ਦੇ ਕਹਿਣ ਤੇ, ਜੇਠ ਮੱਲ ਨੇ ਜਪੁਜੀ ਸਾਹਿਬ ਦਾ ਪਾਠ ਸ਼ੁਰੂ ਕਰ ਦਿੱਤਾ, ਅਜੇ ਤਿੰਨ ਹੀ ਪਾਠ ਹੋਏ ਸਨ, ਫੋੜਾ ਆਪਣੇ ਆਪ ਫੁੱਟ ਗਿਆ, ਸਭ ਪੀਕ ਨਿਕਲ ਕੇ ਸ਼ਾਂਤੀ ਆ ਗਈ। ਡਾਕਟਰ ਨੂੰ ਜਾ ਕੇ ਦੱਸਿਆ, ਡਾਕਟਰ ਦੇਖਕੇ ਬੜਾ ਹੈਰਾਨ ਹੋਇਆ, ਬੋਲਿਆ ਮੈਂ ਅੱਧਾ ਘੰਟਾ ਪਹਿਲਾਂ ਦੇਖਕੇ ਗਿਆ ਸੀ, ਉਸ ਸਮੇਂ ਫੁੱਟਣ ਦਾ ਕੋਈ ਚਾਂਸ ਹੀ ਨਹੀਂ ਸੀ। ਪਰਿਵਾਰ ਵਾਲਿਆਂ ਨੇ ਦੱਸਿਆ, ਕਿ ਸਾਡੇ ਬਾਬਾ ਜੀ ਰਿਸ਼ੀਕੇਸ਼ ਤੋਂ ਆਏ ਹੋਏ ਹਨ, ਉਨ੍ਹਾਂ ਨੇ ਜਪੁਜੀ ਸਾਹਿਬ ਦਾ ਪਾਠ ਕਰਨ ਲਈ ਦੱਸਿਆ ਸੀ, ਇਸ ਤੋਂ ਥੋੜ੍ਹੀ ਦੇਰ ਬਾਅਦ ਹੀ ਫੁੱਟ ਗਿਆ। ਡਾਕਟਰ ਹੋਰ ਵੀ ਅਸ਼ਚਰਜ ਹੋਇਆ ਕਿ ਪਾਠ ਦਾ ਫੋੜੇ ਨਾਲ ਕੀ ਸੰਬੰਧ? ਜੇ ਪਾਠ ਕਰਨ ਨਾਲ ਬੀਮਾਰੀਆਂ ਹੱਟ ਜਾਣ, ਤਾਂ ਡਾਕਟਰ ਅਤੇ ਦਵਾਈਆਂ ਦਾ ਕੀ ਮੁੱਲ? ਇਹ ਸ਼ੰਸਾ ਲੈ ਡਾਕਟਰ ਬਾਬਾ ਜੀ ਕੋਲ ਗਿਆ, ਜਾ ਕੇ ਬੇਨਤੀ ਕੀਤੀ ਫਕੀਰ ਸਾਈ! ਮੈਂ ਕੁਝ ਅਰਜ਼ ਕਰਨੀ ਹੈ, ਹੁਕਮ ਹੋਏ ਤਾਂ ਕਰਾਂ। ਬਾਬਾ ਜੀ ਬੋਲੇ, ਬੜੀ ਖੁਸ਼ੀ ਨਾਲ।

ਡਾਕਟਰ — ਮੇਰੇ ਕੋਲ ਇੱਕ ਮਰੀਜ਼ ਦਾਖਲ ਹੈ ਜੇਠ ਮੱਲ! ਉਸਦੇ ਕੰਡ ਵਿੱਚ ਜ਼ਬਰਦਸਤ ਫੋੜਾ ਸੀ, ਡਾਕਟਰੀ ਦੇ ਹਿਸਾਬ ਨਾਲ ਉਸਦਾ ਅਪ੍ਰੇਸ਼ਨ ਤੋਂ ਬਗੈਰ ਠੀਕ ਹੋਣਾ ਨਾ-ਮੁਮਕਿਨ ਸੀ, ਮੈਨੂੰ ਪਤਾ ਲੱਗਿਆ ਹੈ ਆਪ ਨੇ ਉਸ ਨੂੰ ਕੋਈ ਪਾਠ ਕਰਨ ਲਈ ਕਿਹਾ ਸੀ। ਉਸਦੇ ਦੱਸਣ ਮੁਤਾਬਿਕ ਉਸਨੇ ਅਜੇ ਥੋੜ੍ਹਾ ਸਮਾਂ ਹੀ ਪਾਠ ਕੀਤਾ ਸੀ, ਤਾਂ ਫੋੜਾ ਫੁੱਟ ਗਿਆ, ਜੇ ਇਸ ਤਰ੍ਹਾਂ ਪਾਠ ਪੂਜਾ ਨਾਲ ਹੀ ਰੋਗ ਠੀਕ ਹੋ ਜਾਣ, ਤਾਂ ਡਾਕਟਰ ਬਣਨ ਲਈ ਹਜ਼ਾਰਾਂ ਰੁਪਏ ਖਰਚ ਕਰਕੇ ਕਈ-ਕਈ ਸਾਲ ਗੁਆਉਣ ਦੀ ਕੀ ਲੋੜ ਹੈ, ਅਤੇ ਦਵਾਈਆਂ ਤੇ ਖਰਚ ਕਰਨ ਦੀ ਕੀ ਜ਼ਰੂਰਤ ਹੈ? ਇਹ ਸਵਾਲ ਨੂੰ ਸਮਝਣ ਲਈ ਮੈਂ ਆਪ ਦੇ ਕੋਲ ਆਇਆ ਹਾਂ।

ਬਾਬਾ ਜੀ — ਇਹ ਸਵਾਲ ਦਾ ਜਵਾਬ ਤਾਂ ਪ੍ਰਤੱਖ ਹੀ ਹੈ ਜੇਠ ਮੱਲ ਦਾ ਕੇਸ।

ਡਾਕਟਰ — ਜੀ ਹਾਂ! ਪਰ ਇਹ ਸਮਝ ਵਿੱਚ ਨਹੀਂ ਆਉਂਦਾ, ਐਸਾ ਹੋਇਆ ਕਿਵੇਂ?

ਬਾਬਾ ਜੀ — ਡਾਕਟਰ ਸਾਹਬ! ਸ਼ਬਦ ਵਿੱਚ ਬੜੀ ਤਾਕਤ ਹੈ, ਸ਼ਬਦ ਬੀਮਾਰ ਵੀ ਕਰ ਦਿੰਦਾ ਹੈ ਅਤੇ ਬੀਮਾਰੀ ਹਟਾ ਵੀ ਦਿੰਦਾ ਹੈ।

ਡਾਕਟਰ — ਕਿਵੇਂ?

ਬਾਬਾ ਜੀ — ਇਕ ਪਿੱਤਲ, ਤਾਂਬਾ, ਜਾਂ ਹੋਰ ਧਾਤ ਦਾ ਗਲਾਸ ਪਿਆ ਹੋਵੇ; ਉਹ ਸੁਭਾਵਕ ਨਾ ਗਰਮ ਹੈ, ਨਾ ਠੰਡਾ ਹੈ; ਉਸ ਵਿੱਚ ਉਬਲਦਾ ਹੋਇਆ ਗਰਮ ਪਾਣੀ ਪਾ ਦਿਉ, ਤਾਂ ਉਹ ਇਤਨਾ ਗਰਮ ਹੋ ਜਾਏਗਾ, ਕਿ ਹੱਥ ਨਹੀਂ ਲੱਗਦਾ। ਐਸਾ ਕਿਉਂ?

ਡਾਕਟਰ — ਕਿਉਂਕਿ ਗਰਮ ਵਸਤੂ ਨਾਲ ਸੰਗ ਹੋ ਗਿਆ।

ਬਾਬਾ ਜੀ — ਅਗਰ ਉਸ ਵਿੱਚ ਬਰਫ ਦੀ ਡਲੀ ਸੁੱਟ ਦਿੱਤੀ ਜਾਵੇ?

ਡਾਕਟਰ — ਫਿਰ ਨਾਰਮਲ ਹੋ ਜਾਊ।

ਬਾਬਾ ਜੀ — ਬੱਸ ਇਸੇ ਪ੍ਰਕਾਰ ਸਰੀਰ ਸੁਭਾਵਕ ਨਾ ਗਰਮ ਹੈ, ਨਾ ਠੰਡਾ ਹੈ। ਉਸ ਵਿੱਚ ਇਕ ਸੂਖਸ਼ਮ ਵਸਤੂ ਵੱਸਦੀ ਹੈ, ਜਿਸਨੂੰ ਮਨ ਕਹਿੰਦੇ ਹਨ। ਮਨ ਜੈਸੀ ਵਸਤੂ ਨਾਲ ਟੱਚ ਕਰਦਾ ਹੈ, ਵੈਸਾ ਬਣ ਜਾਂਦਾ ਹੈ, ਫਿਰ ਉਸਦਾ ਅਸਰ ਸਰੀਰ ਤੇ ਵੀ ਪੈਂਦਾ ਹੈ। ਮਿਸਾਲ ਦੇ ਤੌਰ ਤੇ ਕੋਈ ਦੂਸਰਾ ਆਦਮੀ ਗਰਮ ਸ਼ਬਦ ਬੋਲ ਕੇ ਅਪਮਾਨ ਕਰ ਦੇਵੇ, ਤਾਂ ਮਨ ਵਿੱਚ ਕ੍ਰੋਧ ਆ ਜਾਊ। ਕ੍ਰੋਧ ਦੀ ਵਜ੍ਹਾ ਕਰਕੇ ਖ਼ੂਨ ਦਾ ਦੌਰਾ ਤੇਜ਼ ਹੋ ਜਾਂਦਾ ਹੈ, ਖ਼ੂਨ ਦੀ ਤੇਜ਼ੀ ਬਲੱਡ ਪ੍ਰੈਸ਼ਰ ਆਦਿ ਕਈ ਰੋਗਾਂ ਦਾ ਕਾਰਣ ਬਣ ਜਾਂਦੀ ਹੈ। ਫਿਰ ਉਹੀ ਆਦਮੀ ਮਿੱਠੇ ਮਿੱਠੇ ਸ਼ਬਦਾਂ ਦੁਆਰਾ ਮੁਆਫੀ ਮੰਗ ਲਵੇ, ਤਾਂ ਸੁਣਨ ਵਾਲੇ ਆਦਮੀ ਦਾ ਮਨ ਸ਼ਾਂਤ ਹੋ ਕੇ ਖ਼ੂਨ ਦਾ ਦੌਰਾ ਨਾਰਮਲ ਹੋ ਜਾਂਦਾ ਹੈ, ਜੋ ਕਈ ਰੋਗਾਂ ਦੇ ਹੱਟਣ ਦਾ ਕਾਰਣ ਬਣ ਜਾਂਦਾ ਹੈ। ਦੋਨਾਂ ਹਾਲਤਾਂ ਵਿੱਚ ਵਰਤਿਆ ਤਾਂ ਸ਼ਬਦ ਹੀ ਹੈ, ਕੋਈ ਦਵਾਈ ਤਾਂ ਨਹੀਂ ਵਰਤੀ, ਇੱਕ ਸ਼ਬਦ ਨੇ ਰੋਗੀ ਬਣਾ ਦਿੱਤਾ, ਦੂਸਰਾ ਸ਼ਬਦ ਰੋਗ ਹਟਾਉਣ ਦਾ ਕਾਰਣ ਬਣ ਗਿਆ।

ਡਾਕਟਰ — ਜੀ ਹਾਂ! ਅੱਛੀ ਤਰ੍ਹਾਂ ਸਮਝ ਗਿਆ।

ਬਾਬਾ ਜੀ — ਦੂਸਰਾ ਜੋ ਤੁਸੀਂ ਕਹਿੰਦੇ ਹੋ, ਫਿਰ ਡਾਕਟਰ ਅਤੇ ਦਵਾਈ ਦੀ ਕੀ ਲੋੜ ਹੈ? ਐਸਾ ਨਹੀਂ ਹੈ, ਦਵਾਈ ਅਤੇ ਅਨੁਭਵੀ ਡਾਕਟਰ ਦੀ ਵੀ ਸਰੀਰ ਨੂੰ ਬਹੁਤ ਜ਼ਰੂਰਤ ਹੈ, ਦੇਖੋ ਸਰੀਰ ਸਾਰੇ ਪੰਜ ਤੱਤਾਂ ਦੇ ਬਣੇ ਹੋਏ ਹਨ। ਆਕਾਸ਼, ਹਵਾ, ਅਗਨੀ, ਪਾਣੀ, ਧਰਤੀ, ਇਹ ਸਾਰੇ ਤੱਤ ਆਪਸ ਵਿੱਚ ਵਿਰੋਧੀ ਹਨ, ਮਿਸਾਲ ਦੇ ਤੌਰ ਤੇ ਅੱਗ ਤੇ ਪਾਣੀ ਦਾ ਕੀ ਮੇਲ ਹੈ? ਅਗਨੀ ਤੱਤ ਦਾ ਅਗਰ ਪ੍ਰਭਾਵ ਵੱਧ ਜਾਏ, ਤਾਂ ਸਰੀਰ ਵਿੱਚ ਗਰਮੀ ਵੱਧ ਜਾਣ ਕਾਰਨ, ਕਈ ਰੋਗ ਪੈਦਾ ਹੋ ਜਾਂਦੇ ਹਨ, ਫਿਰ ਸਿਆਣਾ ਡਾਕਟਰ ਠੰਡੀਆਂ ਦਵਾਈਆਂ ਦੇ ਕੇ ਗਰਮੀ ਨੂੰ ਘਟਾ ਦਿੰਦਾ ਹੈ, ਰੋਗ-ਖੁਦ-ਬ-ਖੁਦ ਹੱਟ ਜਾਇਆ ਕਰਦਾ ਹੈ, ਇਸ ਲਈ ਡਾਕਟਰ ਅਤੇ ਦਵਾਈਆਂ ਦੀ ਵੀ ਸਰੀਰ ਨੂੰ ਜ਼ਰੂਰਤ ਹੈ। ਪਰ ਯਾਦ ਰੱਖਣ ਵਾਲੀ ਗੱਲ ਹੈ ਕਿ ਡਾਕਟਰੀ ਕੇਵਲ ਸਰੀਰ ਦੇ ਰੋਗਾਂ ਨੂੰ ਹਟਾਉਣ ਦੀ ਹੀ ਤਾਕਤ ਰੱਖਦੀ ਹੈ, ਪ੍ਰੰਤੂ ਗੁਰਬਾਣੀ ਤਨ ਅਤੇ ਮਨ ਦੋਨਾਂ ਨੂੰ ਰੋਗ ਰਹਿਤ ਕਰ ਦਿੰਦੀ ਹੈ, ਕਿਉਂਕਿ ਇਹ ਮਹਾਂਸ਼ਾਤ ਸਮੁੰਦਰ ਖੁਦਾ ਵਿੱਚੋਂ ਆਈ ਹੈ, ਇਸ ਲਈ ਇਸਦੇ ਇਕ-ਇਕ ਅੱਖਰ ਵਿੱਚ ਸ਼ਾਂਤੀ, ਤੰਦਰੁਸਤੀ ਅਤੇ ਅਨੰਦ ਦਾ ਸਮੁੰਦਰ ਛੁਪਿਆ ਹੋਇਆ ਹੈ, ਬਸ਼ਰਤੇ ਰੋਗੀ ਦਾ ਮਨ ਇਹਦੇ ਨਾਲ ਸਪਰਸ਼ ਕਰ ਜਾਏ। ਐਸਾ ਯਥਾਰਥ ਅਤੇ ਵਿਸਥਾਰ ਪੂਰਵਕ ਉਪਦੇਸ ਸੁਣਕੇ, ਡਾਕਟਰ ਨਜ਼ਰਤ, ਬਾਬਾ ਜੀ ਦੇ ਚਰਨੀਂ ਪੈ ਗਿਆ। ਫਿਰ ਜਦ ਵੀ ਆਪ ਹੈਦਰਾਬਾਦ ਜਾਂਦੇ, ਬੜੀ ਸ਼ਰਧਾ ਨਾਲ ਦਰਸ਼ਨ ਕਰਨ ਆਉਂਦਾ।

ਇਸ ਪ੍ਰਕਾਰ ਅਨੇਕਾਂ ਕੌਤਕ ਵਰਤਾ ਕੇ ਅਤੇ ਬੇਅੰਤ ਲੋਕਾਂ ਨੂੰ ਸਤ ਦੇ ਮਾਰਗ ਚਲਾ ਕੇ ਸਿੰਧ ਤੋਂ ਵਾਪਸੀ ਕੀਤੀ। ਹੈਦਰਾਬਾਦ ਤੋਂ ਚੱਲ ਕੇ ਫਿਰੋਜ਼ਪੁਰ ਸਟੇਸ਼ਨ ਤੇ ਪਹੁੰਚੇ, ਕਿਉਂਕਿ ਡਾਕਟਰ ਮਥਰਾ ਦਾਸ ਮੋਗੇ ਵਾਲੇ ਨੇ ਬੇਨਤੀ ਕੀਤੀ ਸੀ ਕਿ ਸਿੰਧ ਤੋਂ ਵਾਪਸ ਆਉਂਦੇ ਹੋਏ ਮੋਗੇ ਜ਼ਰੂਰ ਦਰਸ਼ਨ ਦਿਉ। ਇਸ ਲਈ ਉਸਦੇ ਪ੍ਰੇਮ-ਵਸ ਇੱਥੇ ਪਹੁੰਚੇ, ਅੱਗੇ ਡਾਕਟਰ ਮਥਰਾ ਦਾਸ ਆਇਆ ਹੋਇਆ ਸੀ, ਜੋ ਆਪ ਜੀ ਨੂੰ ਨਾਲ ਲੈ ਕੇ ਕਾਰ ਰਾਂਹੀ ਮੋਗੇ ਪਹੁੰਚਿਆ। ਡਾਕਟਰ ਦਾ ਬੜਾ ਬੇਟਾ ਗੁਜ਼ਰ ਗਿਆ ਸੀ, ਉਸਦੇ ਨਮਿਤ ਬਾਬਾ ਜੀ ਤੋਂ ਸਹਿਜ ਪਾਠ ਰਖਵਾਇਆ, ਜੋ ਬਾਬਾ ਜੀ ਦੇ ਨਾਲ ਗਏ ਸੰਤਾਂ ਨੇ ਹੀ ਕੀਤਾ। ਇੱਕ ਦਿਨ ਡਾਕਟਰ ਬਾਬਾ ਜੀ ਦਾ ਇਸ਼ਨਾਨ ਕਰਵਾ ਰਿਹਾ ਸੀ, ਉਸ ਨੇ ਦੇਖਿਆ,

ਮਹਾਂਪੁਰਸ਼ਾਂ ਦੀ ਕੰਡ ਤੇ ਫੋੜਾ ਨਿਕਲਿਆ ਹੋਇਆ ਹੈ। ਦੇਖ ਕੇ ਹੈਰਾਨ ਹੋ ਗਿਆ, ਕਿ ਇਤਨਾ ਵੱਡਾ ਫੋੜਾ? ਲੇਕਿਨ ਆਪ ਜੀ ਨੇ ਦੱਸਿਆ ਤੱਕ ਨਹੀਂ। ਬਾਬਾ ਜੀ ਮੁਸਕਰਾ ਕੇ ਚੁੱਪ ਹੋ ਗਏ। ਡਾਕਟਰ ਨੇ ਦਵਾਈ ਬੂਟੀ ਕੀਤੀ ਲੇਕਿਨ ਕੋਈ ਫਰਕ ਨਾ ਪਿਆ। ਆਖਰ ਬੇਨਤੀ ਕੀਤੀ ਮਹਾਰਾਜ, ਇਸ ਦਾ ਅਪ੍ਰੇਸ਼ਨ ਕਰਨਾ ਪਵੇਗਾ। ਆਪ ਹੁਕਮ ਕਰੋ, ਤਾਂ ਤਿਆਰੀ ਕਰੀਏ? ਬਾਬਾ ਜੀ ਬੋਲੇ, ਜੈਸਾ ਆਪ ਨੂੰ ਠੀਕ ਲੱਗਦਾ ਹੈ। ਹੁਕਮ ਲੈ ਕੇ ਅਪ੍ਰੇਸ਼ਨ ਦੀ ਤਿਆਰੀ ਕੀਤੀ। ਬੇਹੋਸ਼ ਕਰਨ ਲਈ ਕਲੋਰੋ ਫਾਰਮ ਸੁੰਘਾਉਣ ਤੋਂ ਬਾਅਦ ਅਪ੍ਰੇਸ਼ਨ ਕੀਤਾ। ਜਦ ਪੱਟੀ ਕਰਨ ਲੱਗੇ ਤਾਂ ਬਾਬਾ ਜੀ ਬੋਲੇ ਮੇਰੇ ਖਿਆਲ ਵਿੱਚ ਅਪ੍ਰੇਸ਼ਨ ਅਜੇ ਠੀਕ ਨਹੀਂ ਹੋਇਆ, ਦੁਬਾਰਾ ਕਰਨਾ ਪਉ। ਸੁਣਕੇ ਡਾਕਟਰ ਹੈਰਾਨ ਹੋਏ, ਕਿ ਕਲੋਰਾ ਫਾਰਮ ਨੇ ਅਸਰ ਨਹੀਂ ਕੀਤਾ ਅਤੇ ਆਪ ਨੇ ਕੋਈ ਤਕਲੀਫ ਵੀ ਨਹੀਂ ਮੰਨੀ। ਅਪ੍ਰੇਸ਼ਨ ਠੀਕ ਨਾ ਹੋਣ ਦੀ ਵਜ੍ਹਾ ਕਰਕੇ ਦੁਬਾਰਾ ਫਿਰ ਕਰਨਾ ਪਿਆ। ਇਸ ਪ੍ਰਕਾਰ ਮੋਗੇ ਕੁਝ ਦਿਨ ਠਹਿਰ ਕੇ ਸਰੀਰ ਠੀਕ ਹੋਣ ਤੋਂ ਬਾਅਦ ਵਾਪਸ ਰਿਸ਼ੀਕੇਸ਼ ਮੁੜ ਆ ਗਏ।

## ਮਾਸਟਰ ਪ੍ਰਤਾਪ ਰਾਏ ਟੀਕਮ ਦਾਸ ਵਾਧਵਾਨੀ

ਸੰਗਤ ਦੀ ਬੇਨਤੀ ਪ੍ਰਵਾਨ ਕਰਕੇ 1929 ਵਿੱਚ ਫਿਰ ਹੈਦਰਾਬਾਦ ਪਧਾਰੇ। ਹਰ ਸਾਲ ਦੀ ਤਰ੍ਹਾਂ ਸੰਗਤਾਂ ਸੇਵਾ ਸਤਸੰਗ ਦਾ ਲਾਭ ਉਠਾ ਰਹੀਆਂ ਸਨ। ਇਕ ਪ੍ਰੇਮੀ ਮਾਸਟਰ ਪ੍ਰਤਾਪ ਰਾਏ ਟੀਕਮ ਦਾਸ ਵਾਧਵਾਨੀ ਦੋ ਤਿੰਨ ਸਾਲ ਤੋਂ ਜਦ ਆਪ ਜੀ ਹੈਦਰਾਬਾਦ ਜਾਂਦੇ, ਬੜੇ ਪ੍ਰੇਮ ਨਾਲ ਸਤਸੰਗ ਸੁਣਦਾ ਅਤੇ ਸਮੇਂ ਅਨੁਸਾਰ ਸੇਵਾ ਦਾ ਲਾਭ ਉਠਾਉਂਦਾ। ਇਸ ਪ੍ਰੇਮੀ ਦੀ ਉਮਰ ਉਨੰਜਾ ਸਾਲ ਹੋ ਚੁੱਕੀ ਸੀ, ਲੇਕਿਨ ਅਜੇ ਤੱਕ ਔਲਾਦ ਨਹੀਂ ਹੋਈ ਸੀ। ਇਸਨੇ ਇਕ ਦੋ ਵਾਰ ਬਾਬਾ ਜੀ ਦੇ ਚਰਨਾਂ ਵਿੱਚ ਪੁੱਤਰ ਪ੍ਰਾਪਤੀ ਲਈ ਬੇਨਤੀ ਕੀਤੀ ਸੀ, ਪਰ ਬਾਬਾ ਜੀ ਅੱਗੋਂ ਗੁਰਬਾਣੀ ਦੀ ਇਹ ਪੰਕਤੀ ਉਚਾਰਨ ਕਰ ਦਿੰਦੇ — **ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥**

ਇਸ ਵਾਰ ਇਸਨੇ ਸ੍ਰੀ ਨਵਲ ਰਾਏ ਕੋਲ ਆਪਣਾ ਸ਼ਿਕਵਾ ਜ਼ਾਹਿਰ ਕੀਤਾ, ਕਿ ਮਹਾਰਾਜ ਦੀ ਕਿਰਪਾ ਨਾਲ ਕਿੰਨੇ ਘਰਾਂ ਵਿੱਚ ਪੁੱਤਰ ਪੈਦਾ ਹੋਏ ਹਨ, ਅਤੇ ਕਿੰਨੇ ਲੋਕਾਂ ਦੇ ਸਰੀਰਕ ਰੋਗ ਹਟ ਗਏ ਹਨ, ਕਿੰਨਿਆਂ ਦੇ ਮੁਕੱਦਮੇ ਸਫਲ ਹੋਏ ਹਨ, ਪ੍ਰੰਤੂ ਮੇਰੇ ਤੇ ਮਹਾਰਾਜ ਕਿਰਪਾ ਕਿਉਂ ਨਹੀਂ ਕਰਦੇ? ਨਵਲ ਰਾਏ ਨੇ ਪੁੱਛਿਆ, ਤੇਰਾ ਕਿਹੜਾ ਕਾਰਜ ਹੈ ਜੋ ਸਫਲ ਨਹੀਂ ਹੋਇਆ? ਮਹਾਰਾਜ ਤਾਂ ਇਤਨੇ ਦਿਆਲੂ ਹਨ ਕੋਈ ਨਿਰਾਸ ਨਹੀਂ ਮੁੜਦਾ। ਟੀਕਮ ਦਾਸ ਬੋਲਿਆ, ਤੁਸੀਂ ਜਾਣਦੇ ਤਾਂ ਹੋ ਮੇਰੇ ਕੋਈ ਔਲਾਦ ਨਹੀਂ ਹੈ। ਨਵਲ ਰਾਏ ਨੇ ਪੁੱਛਿਆ, ਕੋਈ ਹੋਰ ਵੀ ਯਤਨ ਕੀਤਾ ਹੈ ਪੁੱਤਰ ਪ੍ਰਾਪਤੀ ਲਈ? ਟੀਕਮ ਦਾਸ ਬੋਲਿਆ, ਬਹੁਤ ਯਤਨ ਕੀਤੇ, ਬੜੇ ਥਾਂ ਗਏ, ਪਰ ਕਿਤੋਂ ਵੀ ਖੈਰ ਨਹੀਂ ਪਈ। ਨਵਲ ਰਾਏ ਨੇ ਕਿਹਾ, ਥਾਂ-ਥਾਂ ਦੀ ਦਵਾਈ ਖਾਣ ਨਾਲ ਰੋਗ ਬਜਾਏ ਹਟਣ ਦੇ, ਜ਼ਿਆਦਾ ਵੱਧ ਜਾਇਆ ਕਰਦਾ ਹੈ। ਸ਼ਰਧਾ ਵਿਸ਼ਵਾਸ਼ ਨਾਲ ਕਿ ਡਾਕਟਰ ਤੋਂ ਖਾਧੀ ਦਵਾਈ ਤੰਦਰੁਸਤ ਕਰ ਦਿੰਦੀ ਹੈ। ਮਿਸਾਲ ਦੇ ਤੌਰ ਤੇ ਦ੍ਰੋਪਦੀ ਜਿਤਨੀ ਦੇਰ ਆਪਣੀ ਬੁੱਧੀ, ਅਤੇ ਬਾਹੂ ਬਲ ਜਾਂ ਪਤੀਆਂ ਦਾ ਸਹਾਰਾ ਢੂੰਢਦੀ ਰਹੀ, ਉਤਨੀ ਦੇਰ ਸਫਲਤਾ ਨਾ ਮਿਲੀ, ਲੇਕਿਨ ਜਦ ਸਾਰੇ ਸਹਾਰੇ ਛੱਡਕੇ ਇਕ ਭਗਵਾਨ ਦਾ ਸਹਾਰਾ ਤੱਕਿਆ, ਤਾਂ ਕਿਰਪਾ ਹੋਣ ਨੂੰ ਦੇਰ ਨਾ ਲੱਗੀ, ਪੱਤ ਆਬਰੂ ਬਚ ਗਈ। ਜਦ ਘਰ ਪਹੁੰਚੀ ਭਗਵਾਨ ਦੇ ਚਰਨਾਂ ਤੇ ਨਮਸ਼ਕਾਰ ਕਰਕੇ ਬੇਨਤੀ ਕੀਤੀ, ਮਹਾਰਾਜ! ਆਪ ਨੇ ਬੜੀ ਮਿਹਰ ਕੀਤੀ, ਇੱਜ਼ਤ ਬਚਾਈ, ਪਰ ਇਤਨੀ ਦੇਰ ਕਿਉਂ ਕੀਤੀ? ਭਗਵਾਨ ਮੁਸਕਰਾ ਕੇ ਬੋਲੇ, ਦ੍ਰੋਪਦੀ! ਦੇਰ ਮੇਰੇ ਵੱਲੋਂ ਹੋਈ, ਕਿ ਤੇਰੇ ਵੱਲੋਂ? ਜਿਤਨੀ ਦੇਰ ਤੂੰ ਹੋਰ-ਹੋਰ ਸਹਾਰੇ ਢੂੰਢਦੀ ਰਹੀ, ਤਾਂ ਮੈਂ ਕਿਵੇਂ ਆਉਂਦਾ? ਜਦ ਤੂੰ ਸਾਰੇ ਸਹਾਰੇ ਛੱਡਕੇ, ਸੱਚੇ ਦਿਲੋਂ ਮੇਰੇ ਪਰਾਇਣ ਹੋਈ, ਫਿਰ ਦੱਸ, ਕੋਈ ਦੇਰ ਲੱਗੀ? ਇਹ ਪਰਮੇਸ਼ਰ ਦਾ ਬਿਰਦ ਹੈ—

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥**

*(ਬਿਹਾਗੜਾ ਮ: ੫, ਪੰਨਾ—੫੪੪)*

ਨਵਲ ਕਿਸ਼ੋਰ ਦੇ ਮੁੱਖੋਂ ਐਸਾ ਸੁਣਕੇ, ਮਾਸਟਰ ਪ੍ਰਤਾਪ ਰਾਏ ਟੀਕਮ ਦਾਸ ਨੇ ਸ਼ਰਧਾ ਅਤੇ ਵਿਸ਼ਵਾਸ ਨਾਲ ਬਾਬਾ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ, ਮਹਾਰਾਜ! ਆਪ ਚਰਨ ਪਾ ਕੇ ਮੇਰਾ ਘਰ ਪਵਿੱਤਰ ਕਰੋ, ਮੇਰੀ ਸ਼ਰਧਾ ਹੈ ਕੱਲ ਦੁਪਹਿਰ ਦਾ ਲੰਗਰ ਮੇਰੇ ਘਰ ਛਕੋ! ਮਾਸਟਰ ਦੀ ਅਟੁੱਟ ਸ਼ਰਧਾ ਦੇਖਕੇ, ਬਾਬਾ ਜੀ ਨੇ ਬਚਨ ਦੇ ਦਿੱਤਾ ਠੀਕ ਹੈ ਕੱਲ ਚਲਾਂਗੇ। ਮਾਸਟਰ ਦੂਸਰੇ ਦਿਨ ਮਹਾਰਾਜ ਜੀ ਨੂੰ ਆਪਣੇ ਘਰ ਲੈ ਕੇ ਗਿਆ, ਬਹੁਤ ਪ੍ਰੇਮ ਨਾਲ ਲੰਗਰ ਛਕਾ ਕੇ ਫਿਰ

ਪੁੱਤਰ ਪ੍ਰਾਪਤੀ ਲਈ ਅਰਜ਼ ਕੀਤੀ। ਬੇਨਤੀ ਸੁਣਕੇ ਬਾਬਾ ਜੀ ਨੇ ਨੇਤਰ ਬੰਦ ਕਰ ਲਏ। ਕੁਝ ਸਕਿੰਟਾਂ ਬਾਅਦ ਪਵਿੱਤਰ ਮੁੱਖ ਤੋਂ ਸਹਿਜ ਸੁਭਾ ਬਚਨ ਕਰ ਦਿੱਤਾ, ਭਾਈ! ਗੁਰੂ ਨਾਨਕ ਮਿਹਰ ਕਰਕੇ ਤੈਨੂੰ ਪੁੱਤਰ ਦੀ ਦਾਤ ਬਖਸ਼ਿਸ਼ ਕਰਨਗੇ, ਕੱਲ ਤੁਸੀਂ ਦੋਨਾਂ ਨੇ, ਕੜਾਹ ਪ੍ਰਸ਼ਾਦ ਦੀ ਦੇਗ ਸਜਾ ਗੁਰੂ ਘਰ ਜਾ ਕੇ ਅਰਦਾਸ ਕਰਾ ਦੇਣੀ।

ਪਰਮੇਸ਼ਰ ਦੀ ਮਿਹਰ ਹੋਈ, ਇਕ ਸਾਲ ਬਾਅਦ ਮਾਸਟਰ ਪ੍ਰਤਾਪ ਰਾਏ ਟੀਕਮ ਦਾਸ ਦੇ ਘਰ ਪੁੱਤਰ ਪੈਦਾ ਹੋਇਆ। ਸਭ ਪਰਿਵਾਰ ਅਤੇ ਸੰਗਤਾਂ ਵਿੱਚ ਖੁਸ਼ੀਆਂ ਮਨਾਈਆਂ ਗਈਆਂ, ਲੇਕਿਨ ਮਾਸਟਰ ਦੇ ਮਨ ਵਿੱਚ ਤਾਂ ਇਤਨਾ ਸ਼ਰਧਾ ਵਿਸ਼ਵਾਸ਼ ਪੈਦਾ ਹੋ ਗਿਆ, ਕਿ ਹਰ ਰੋਜ਼ ਦਰਸ਼ਨਾ ਲਈ ਜਾਂਦਾ, ਯਥਾ ਸ਼ਕਤ ਤਨ-ਮਨ ਨਾਲ ਸੇਵਾ ਕਰਦਾ ਅਤੇ ਵਿਵਹਾਰ ਦੇ ਸਾਰੇ ਕਾਰਜ, ਬਾਬਾ ਜੀ ਨੂੰ ਪੁੱਛਕੇ ਕਰਦਾ ਅਤੇ ਨਿਯਮ ਨਾਲ ਹਰ ਰੋਜ਼ ਗੁਰੂ ਘਰ ਜਾ ਕੇ ਝਾੜੂ ਵਗੈਰਾ ਦੀ ਸੇਵਾ ਕਰਦਾ। ਸੰਨ 1932 ਈ: ਵਿੱਚ ਇਸਨੂੰ ਨੌਕਰੀ ਤੋਂ ਜਵਾਬ ਮਿਲ ਗਿਆ ਅਤੇ ਹੋਰ ਕੋਈ ਦੂਸਰਾ ਆਮਦਨ ਦਾ ਸਾਧਨ ਵੀ ਨਹੀਂ ਸੀ। ਫਿਰ ਬਾਬਾ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ, ਮਹਾਰਾਜ! ਮੇਰੀ ਸਰਵਿਸ ਅਜੇ ਤਿੰਨ ਸਾਲ ਹੋਰ ਰਹਿੰਦੀ ਹੈ ਅਤੇ ਇਸ ਸਮੇਂ ਤਨਖਾਹ ਵੀ ਹੋਰ ਵਧਣੀ ਸੀ, ਉਸੇ ਹਿਸਾਬ ਨਾਲ ਪੈਨਸ਼ਨ ਵਿੱਚ ਵੀ ਕਾਫੀ ਫਾਇਦਾ ਹੋਣਾ ਸੀ, ਮਿਹਰ ਕਰੋ ਬਾਕੀ ਰਹਿੰਦਾ ਸਮਾਂ ਵੀ ਨੌਕਰੀ ਮਿਲ ਜਾਵੇ। ਮਾਸਟਰ ਨੂੰ ਚਿੰਤਾਤੁਰ ਦੇਖਕੇ ਬਾਬਾ ਜੀ ਬੋਲੇ, ਚਿੰਤਾ ਨਾ ਕਰ, ਤੈਨੂੰ ਮਾਣ ਅਤੇ ਧਨ ਦੋਨੋਂ ਮਿਲ ਜਾਣਗੇ। ਐਸਾ ਹੀ ਹੋਇਆ, ਦੁਬਾਰਾ ਫਿਰ ਬਹਾਲ ਹੋ ਗਿਆ, ਨੌਕਰੀ ਹੀ ਨਹੀਂ ਮਿਲੀ, ਬਲਕਿ ਹੋਰ ਤਰੱਕੀ ਹੋ ਗਈ, ਪੂਰੀ ਸ਼ਾਨ ਨਾਲ ਰਿਟਾਇਰ ਹੋਇਆ।

## ਸਰਦਾਰ ਸੇਵਾ ਸਿੰਘ ਅਤੇ ਮਿਸਟਰ ਦਸੂਜਾ

ਹੈਦਰਾਬਾਦ ਕੈਨਾਲ ਆਫਿਸ ਵਿੱਚ ਸਰਦਾਰ ਸੇਵਾ ਸਿੰਘ ਹੈਡ ਕਲਰਕ ਸਨ ਅਤੇ ਮਿਸਟਰ ਦਸੂਜਾ ਐਗਜ਼ੈਕਟਿਵ ਇੰਜਨੀਅਰ ਸਨ। ਇਕ ਦਿਨ ਮਿਸਟਰ ਦਸੂਜ਼ਾ ਨੇ ਟੂਰ ਪਰ ਜਾਣਾ ਸੀ, ਇਸ ਲਈ ਸੇਵਾ ਸਿੰਘ ਨੂੰ ਹੁਕਮ ਕੀਤਾ, ਮੇਰੇ ਨਾਲ ਜਾਣ ਲਈ ਟੂਰ ਤੇ ਜਾਣ ਵਾਸਤੇ ਤਿਆਰੀ ਕਰ ਲਓ। ਸੇਵਾ ਸਿੰਘ ਨੇ ਬੇਨਤੀ ਕੀਤੀ, ਮਿਹਰਬਾਨੀ ਕਰਕੇ ਮੈਨੂੰ ਛੁੱਟੀ ਦੇ ਦਿਉ, ਕਿਉਂਕਿ ਹੈਦਰਾਬਾਦ ਵਿੱਚ ਰਿਸ਼ੀਕੇਸ਼ ਤੋਂ ਮੇਰੇ ਗੁਰੂ ਜੀ ਆਏ ਹੋਏ ਹਨ, ਮੈਂ ਹਰ ਰੋਜ਼ ਉਨ੍ਹਾਂ ਦੀ ਸੇਵਾ ਵਿੱਚ ਹਾਜ਼ਰ ਹੁੰਦਾ ਹਾਂ। ਮਿਸਟਰ ਦਸੂਜ਼ਾ ਨੇ ਇਹ ਗੱਲ ਨਾ ਮੰਨੀ, ਸੇਵਾ ਸਿੰਘ ਨੂੰ ਹੁਕਮ ਕੀਤਾ, ਕੱਲ੍ਹ ਜ਼ਰੂਰ ਜਾਣਾ ਹੈ, ਇਸ ਲਈ ਘਰ ਤੋਂ ਤਿਆਰੀ ਕਰਕੇ ਆਉਣਾ। ਸੇਵਾ ਸਿੰਘ ਨੇ ਸ਼ਾਮ ਨੂੰ ਸਤਸੰਗ ਦੀ ਸਮਾਪਤੀ ਤੇ ਬਾਬਾ ਜੀ ਨੂੰ ਸਾਰੀ ਗੱਲ ਦੱਸਕੇ ਅਰਜ਼ ਕੀਤੀ, ਮਹਾਰਾਜ! ਮਨ ਤਾਂ ਕਰਦਾ ਹੈ ਰੋਜ਼ ਆ ਕੇ ਸੇਵਾ ਕਰਾਂ, ਪਰ ਅਫਸਰ ਮਜਬੂਰ ਕਰ ਰਿਹਾ ਹੈ ਬਾਹਰ ਜਾਣ ਲਈ, ਜਿਵੇਂ ਆਪ ਦਾ ਹੁਕਮ ਹੋਵੇ ਕਰਾਂ। ਬਾਬਾ ਜੀ ਬੋਲੇ, ਚਿੰਤਾ ਨਾ ਕਰ, ਜਾ ਕੇ ਅਰਾਮ ਨਾਲ ਸੌਂ ਜਾ, ਗੁਰੂ ਨਾਨਕ ਦੇਵ ਮਹਾਰਾਜ ਭਲੀ ਕਰਨਗੇ।

ਦੂਜੇ ਦਿਨ ਸਰਦਾਰ ਸੇਵਾ ਸਿੰਘ, ਜਦ ਦਫਤਰ ਪਹੁੰਚਿਆ, ਤਾਂ ਮਿਸਟਰ ਦਸੂਜ਼ਾ ਨੇ ਆਪਣੇ ਕੋਲ ਬੁਲਾ ਕੇ ਕਿਹਾ, ਸੇਵਾ ਸਿੰਘ! ਆਪ ਇੱਧਰ ਹੀ ਰਹੋ, ਮੈਂ ਕਿਸੇ ਹੋਰ ਨੂੰ ਨਾਲ ਲੈ ਜਾਂਦਾ ਹਾਂ। ਸੇਵਾ ਸਿੰਘ ਨੂੰ ਬੜੀ ਹੈਰਾਨੀ ਹੋਈ, ਕਿ ਕੱਲ੍ਹ ਤਾਂ ਇਹ ਬੜਾ ਸਖ਼ਤ ਸੀ, ਅੱਜ ਇਸਨੂੰ ਕੀ ਹੋ ਗਿਆ? ਹੈਰਾਨੀ ਨਾਲ ਕਾਰਨ ਪੁੱਛਿਆ? ਸਾਹਬ ਕਹਿਣ ਲੱਗਿਆ, ਆਪ ਦੇ ਗੁਰੂ ਨੇ ਮੈਨੂੰ ਹੁਕਮ ਕੀਤਾ ਹੈ, ਕਿ ਜਿਤਨੇ ਦਿਨ ਅਸੀਂ ਹੈਦਰਾਬਾਦ ਵਿੱਚ ਹਾਂ, ਸੇਵਾ ਸਿੰਘ ਨੂੰ ਬਾਹਰ ਨਾ ਲੈ ਕੇ ਜਾਣਾ। ਸਾਹਬ ਦੀ ਗੱਲ ਸੁਣਕੇ, ਸੇਵਾ ਸਿੰਘ ਨੂੰ ਹੋਰ ਵੀ ਵਿਸ਼ਵਾਸ ਹੋ ਗਿਆ, ਦੁਬਾਰਾ ਪੁੱਛਿਆ, ਮੇਰੇ ਗੁਰੂ ਆਪ ਨੂੰ ਕਦੋਂ ਮਿਲੇ? ਮਿਸਟਰ ਦਸੂਜ਼ਾ ਨੇ ਦੱਸਿਆ, ਸਵੇਰੇ ਚਾਰ ਵਜੇ ਸੁਪਨੇ ਵਿੱਚ ਮੇਰੇ ਕੋਲ ਆਏ ਸਨ। ਮੇਰੇ ਮਨ ਵਿੱਚ ਸ਼ਰਧਾ ਹੈ ਕਿ ਮੇਰੇ ਬੰਗਲੇ ਵਿੱਚ ਜ਼ਰੂਰ ਆਉਣ, ਸੇਵਾ ਕਰਕੇ ਮੈਂ ਵੀ ਧੰਨਭਾਗ ਸਮਝਾਂ। ਸੇਵਾ ਸਿੰਘ ਨੇ ਸ਼ਾਮ ਨੂੰ ਸਾਰੀ ਗੱਲ ਬਾਬਾ ਜੀ ਨੂੰ ਦੱਸੀ ਅਤੇ ਬੇਨਤੀ ਕੀਤੀ, ਮਹਾਰਾਜ! ਕਿਰਪਾ ਕਰਕੇ ਸਾਹਬ ਦੇ ਬੰਗਲੇ ਚਰਨ ਪਾਉ। ਆਪ ਸੁਣਕੇ ਬੋਲੇ, ਅੱਛੇ ਜਿਵੇਂ ਗੁਰੂ ਨਾਨਕ ਨੂੰ ਭਾਵੇ। ਉਸੀ ਦਿਨ ਸ਼ਾਮ ਨੂੰ ਰੋਜ਼ ਦੀ ਤਰ੍ਹਾਂ ਬਾਹਰ ਘੁੰਮਣ ਜਾਂਦੇ ਹੋਏ, ਸੇਵਾ ਸਿੰਘ ਨੂੰ ਵੀ ਕਾਰ ਵਿੱਚ ਨਾਲ ਬਿਠਾ ਲਿਆ,* ਮਿਸਟਰ ਦਸੂਜਾ ਦੇ ਬੰਗਲੇ ਤੇ ਕਾਰ ਖੜੀ ਕੀਤੀ। ਸੇਵਾ ਸਿੰਘ ਦੇ ਦੱਸਣ ਤੇ, ਸਾਹਬ ਅੰਦਰੋ ਭੱਜਾ ਆਇਆ, ਬੜੀ ਸ਼ਰਧਾ ਨਾਲ ਨਮਸ਼ਕਾਰ ਕਰਕੇ ਇਕ ਬਹੁਤ ਸੁੰਦਰ ਹਾਰ

* *ਇਹ ਘਟਨਾ ਨਿਰਮਲ ਪੰਥ ਪ੍ਰਕਾਸ਼ ਨਾਮੇਂ ਸਿੰਧੀ ਪੁਸਤਕ ਵਿੱਚ ਦਰਜ ਹੈ, ਲੇਕਿਨ ਮਹੰਤ ਦਿਆਲ ਸਿੰਘ ਜੀ ਲਾਹੌਰ ਵਾਲਿਆਂ ਨੇ ਆਪਣੀ ਪੋਥੀ ਨਿਰਮਲ ਪੰਥ ਦਰਸ਼ਨ ਦੇ ਦੂਜੇ ਭਾਗ ਵਿੱਚ 120 ਪੰਨੇ ਤੇ ਲਿਖੀ ਹੈ। ਉਨ੍ਹਾਂ ਨੇ ਲਿਖਿਆ ਹੈ ਕਿ ਦੀਵਾਨ ਸੇਵਾ ਸਿੰਘ ਅੱਜ ਕੱਲ੍ਹ ਮੌਜੂਦ ਹਨ ਅਤੇ ਇਹ ਆਪ ਬੀਤੀ ਕਹਾਣੀ ਬੜੇ ਪ੍ਰੇਮ ਨਾਲ ਸੁਣਾਉਂਦੇ ਹਨ।*

ਗਲ ਵਿੱਚ ਪਾ ਕੇ ਅੰਦਰ ਲੈ ਕੇ ਗਿਆ। ਇਸ ਪ੍ਰਕਾਰ ਪੂਰਨ ਸਤਿਕਾਰ ਨਾਲ ਡਰਾਇੰਗ ਰੂਮ ਵਿੱਚ ਬਹੁਤ ਸੁੰਦਰ ਸੋਫੇ ਤੇ ਬਿਠਾ ਕੇ ਜਲ ਪਾਣੀ ਛਕਾਇਆ। ਕੁਝ ਬਚਨ ਬਿਲਾਸ ਕਰਕੇ, ਜਦ ਬਾਬਾ ਜੀ ਜਾਣ ਲਈ ਤਿਆਰ ਹੋਏ, ਤਾਂ ਫਲਾਂ ਦਾ ਇਕ ਪੂਰਾ ਟੋਕਰਾ ਭੇਟਾ ਕੀਤਾ, ਜੋ ਕਾਰ ਵਿੱਚ ਵੀ ਆਪ ਹੀ ਚੁੱਕ ਕੇ ਰੱਖਿਆ।

ਇਸ ਪ੍ਰਕਾਰ ਕਾਫੀ ਦਿਨ ਹੈਦਰਾਬਾਦ ਦੀਆਂ ਸੰਗਤਾਂ ਨੂੰ ਸਤ-ਉਪਦੇਸ਼ ਦੁਆਰਾ ਜੀਵਣ ਕਣੀ ਬਖਸ਼ ਕੇ ਅਤੇ ਹਰ ਪ੍ਰਕਾਰ ਨਾਲ ਸ਼ੁਭ ਕਾਮਨਾਵਾਂ ਪੂਰੀਆਂ ਕਰਕੇ ਕਰਾਚੀ ਗਏ। ਇਥੇ ਕੁਝ ਦਿਨ ਠਹਿਰਕੇ ਸ਼ਿਕਾਰਪੁਰ ਹੁੰਦੇ ਹੋਏ, ਸ੍ਰੀ ਅੰਮ੍ਰਿਤਸਰ ਆ ਪਹੁੰਚੇ। ਇਥੇ ਸਿੰਧੀ ਧਰਮਸ਼ਾਲਾ ਵਿੱਚ ਵਿਸ਼ਰਾਮ ਕੀਤਾ। ਇਸ ਧਰਮਸ਼ਾਲਾ ਦਾ ਮੈਨੇਜਰ ਸ੍ਰੀ ਪ੍ਰਤੀਮ ਦਾਸ ਬੇਲਾਨੀ ਸਿੰਧੀ ਪ੍ਰੇਮੀ, ਜੋ ਆਪ ਜੀ ਦਾ ਅਨਿੰਨ ਸੇਵਕ ਸੀ, ਆਪ ਜੀ ਨੇ ਜਦ ਵੀ ਸਿੰਧ ਜਾਣਾ ਹੁੰਦਾ, ਤਾਂ ਇਹ ਪ੍ਰੇਮੀ ਆਪ ਜੀ ਨੂੰ ਬੇਨਤੀ ਕਰਕੇ ਦੋ ਤਿੰਨ ਤਿੰਨ ਅੰਮ੍ਰਿਤਸਰ ਜ਼ਰੂਰ ਠਹਰਾਉਂਦਾ ਅਤੇ ਸੇਵਾ ਕਰਕੇ ਗਦ-ਗਦ ਹੁੰਦਾ। ਇਸ ਪ੍ਰੇਮੀ ਦੇ ਘਰ ਇਕ ਪੁੱਤਰ ਪੈਦਾ ਹੋਇਆ ਉਸਨੇ ਆਪਣੇ ਸ਼ਰਧਾ ਵਿਸ਼ਵਾਸ ਦੇ ਜ਼ੋਰੇ ਅਸਰ ਬਾਬਾ ਜੀ ਦੀ ਬਖਸ਼ਿਸ਼ ਜਾਣ ਕੇ ਬੇਟੇ ਦਾ ਨਾਮ ਵੀ ਗੁਰਬਖਸ਼ ਰੱਖਿਆ। ਬਾਬਾ ਜੀ ਦੀ ਬਖਸ਼ਿਸ਼ ਨਾਲ ਇਹ ਪ੍ਰੇਮੀ ਗੁਰਬਾਣੀ ਦੇ ਪਾਠ ਦਾ ਨਿੱਤਨੇਮੀ ਸੀ।

## ਸ੍ਰੀ ਨਵਲ ਰਾਏ

1929 ਦੀਆਂ ਗਰਮੀਆਂ ਵਿੱਚ ਸ੍ਰੀ ਟਹਿਲ ਰਾਮ ਕਪੜੇ ਦੇ ਵਪਾਰੀ ਦੀ ਬੇਨਤੀ ਪ੍ਰਵਾਨ ਕਰਕੇ ਬਾਬਾ ਜੀ ਮਨਸੂਰੀ ਪਹੁੰਚੇ। ਉਸ ਸਮੇਂ ਸ੍ਰੀ ਨਵਲ ਰਾਏ ਹੈਦਰਾਬਾਦ ਵਿੱਚ ਸਖ਼ਤ ਬਿਮਾਰ ਹੋ ਗਿਆ ਜੋ ਕਿ ਬਾਬਾ ਜੀ ਦਾ ਅਨਿੰਨ ਸੇਵਕ ਸੀ। ਕਾਫੀ ਇਲਾਜ ਕਰਵਾਇਆ ਮਗਰ ਰੋਗ ਵੱਧਦਾ ਹੀ ਗਿਆ। ਫਿਰ ਕਰਾਚੀ ਦੇ ਪ੍ਰਸਿੱਧ ਡਾਕਟਰ ਨਜ਼ਰਤ ਦੇ ਕੋਲ ਲੈ ਗਏ, ਉਸਨੇ ਵੀ ਕੁਝ ਦਿਨ ਇਲਾਜ ਕੀਤਾ, ਪਰ ਕੋਈ ਫਰਕ ਨਾ ਪਿਆ। ਫਿਰ ਕਿਸੇ ਨੇ ਦੱਸਿਆ, ਕਿ ਕਰਾਚੀ ਵਿੱਚ ਇੱਕ ਦੇਸੀ ਹਕੀਮ ਹੈ ਉਸਦੇ ਕੋਲ ਗਏ, ਪਰ ਕਿਤੋਂ ਕਾਮਯਾਬੀ ਨਾ ਮਿਲੀ। ਆਖਰ ਨਿਰਾਸ਼ ਹੋ ਕੇ ਨਵਲ ਰਾਏ ਨੇ ਵਾਪਸ ਹੈਦਰਾਬਾਦ ਆ ਕੇ ਆਪਣੀ ਸਾਰੀ ਜਾਇਦਾਦ ਦੀ ਵਸੀਅਤ ਪਰਿਵਾਰ ਦੇ ਨਾਂ ਕਰ ਦਿੱਤੀ ਅਤੇ ਮਨਸੂਰੀ ਤਾਰ ਦੇ ਕੇ ਬਾਬਾ ਜੀ ਨੂੰ ਸਭ ਕੁਝ ਦੱਸਿਆ। ਬਾਬਾ ਜੀ ਨੇ ਆਪਣੇ ਪਵਿੱਤਰ ਹੱਥਾਂ ਨਾਲ ਇਕ ਚਿੱਠੀ ਲਿਖਕੇ ਕਿਹਾ, ਕਿ ਕੋਈ ਚਿੰਤਾ ਨਾ ਕਰੋ, ਦਵਾਈ ਜੋ ਕਰਦੇ ਹੋ ਚਾਲੂ ਰੱਖੋ, ਕੜਾਹ ਪ੍ਰਸਾਦ ਬਣਾ ਕੇ ਗੁਰੂ ਮਹਾਰਾਜ ਜੀ ਦੇ ਹਜ਼ੂਰ ਅਰਦਾਸ ਕਰਾਓ। ਪਰਮੇਸ਼ਰ ਨੇ ਤੁਹਾਡੇ ਤੋਂ ਅਜੇ ਬਹੁਤ ਸੇਵਾ ਲੈਣੀ ਹੈ। ਚਿੱਠੀ ਮਿਲਦੇ ਹੀ ਨਵਲ ਰਾਏ ਨੇ ਇਕ ਅਖੰਡ ਪਾਠ ਹੈਦਰਾਬਾਦ ਰਖਵਾਇਆ ਅਤੇ ਇਕ ਪਾਠ ਰਿਸ਼ੀਕੇਸ਼ ਰਖਵਾਇਆ, ਅਤੇ ਆਗਿਆ ਅਨੁਸਾਰ ਕੜਾਹ ਪ੍ਰਸਾਦ ਦੀ ਦੇਗ ਬਣਾ ਕੇ ਅਰਦਾਸ ਕਰਵਾਈ।

ਜਿਸ ਦਿਨ ਅਖੰਡ ਪਾਠ ਸਾਹਿਬ ਦਾ ਭੋਗ ਪੈਣਾ ਸੀ, ਸੋਟੀ ਦੇ ਸਹਾਰੇ ਗੁਰਦੁਆਰਾ ਸਾਹਿਬ ਤੱਕ ਪਹੁੰਚਿਆ। ਹੁਕਮ ਅਨੁਸਾਰ ਦੇਸੀ ਹਕੀਮ ਕਿਸ਼ਨ ਚੰਦ ਦੀ ਦਵਾਈ ਚਾਲੂ ਰੱਖੀ। ਥੋੜੇ ਦਿਨਾਂ ਵਿੱਚ ਕਾਫੀ ਠੀਕ ਹੋ ਗਿਆ, ਫਿਰ ਝਰਕਾਨੇ ਚਲਿਆ ਗਿਆ, ਕਿਉਂਕਿ ਉਥੋਂ ਦਾ ਮੌਸਮ ਅੱਛਾ ਮੰਨਿਆ ਜਾਂਦਾ ਹੈ। ਇਸ ਪ੍ਰਕਾਰ ਉਥੇ ਦੋ ਮਹੀਨੇ ਠਹਿਰਕੇ ਬਿਲਕੁੱਲ ਠੀਕ ਹੋ ਗਿਆ, ਫਿਰ ਬਾਬਾ ਜੀ ਦੇ ਦਰਸ਼ਨਾਂ ਹਿੱਤ ਮਨਸੂਰੀ ਆਇਆ, ਨਾਲ ਆਪਣੀ ਉਹ ਲਿਖਤ ਵੀ ਲੈ ਕੇ ਆਇਆ, ਜੋ ਕਾਫੀ ਸਮੇਂ ਤੋਂ ਲਿਖ ਰਿਹਾ ਸੀ। ਬਾਬਾ ਜੀ ਤੋਂ ਸੁਧਾਈ ਕਰਾਉਣ ਬਾਅਦ, ਹੈਦਰਾਬਾਦ ਪਹੁੰਚ ਕੇ, ਉਹ ਪੁਸਤਕ ਸਿੰਧੀ ਭਾਸ਼ਾ ਵਿੱਚ ਛਪਵਾਈ। ਉਸਦਾ ਨਾਮ ਰੱਖਿਆ—**ਗੁਰੂ ਨਾਨਕ ਦੇਵ ਅਨਭਉ ਪ੍ਰਕਾਸ਼**। ਇਸ ਪ੍ਰਕਾਰ ਬਾਬਾ ਜੀ ਕਈ ਮਹੀਨੇ ਮਨਸੂਰੀ ਗੁਜ਼ਾਰ ਕੇ, ਰਿਸ਼ੀਕੇਸ਼ ਪਹੁੰਚਦੇ ਹੀ ਅਲਾਹਾਬਾਦ ਦੇ ਕੁੰਭ ਮੇਲੇ ਲਈ ਰਵਾਨਾ ਹੋ ਗਏ। ਉਧਰ ਲਖਨਉ ਉਨ੍ਹਾਂ ਦਾ ਸੇਵਕ ਟਹਿਲ ਰਾਮ ਸਖ਼ਤ ਬਿਮਾਰ ਸੀ, ਉਸਦੇ ਪਾਸ ਪਹੁੰਚੇ। ਬਚਨ ਕੀਤਾ, ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੇ ਘਰ ਦੀ ਦਵਾਈ ਵਰਤੋ। ਇਸ ਸ਼ਬਦ ਦਾ ਜਾਪ ਕਰੋ—

**ਘੋਰ ਦੁਖੵੰ ਅਨਿਕ ਹਤੵੰ ਜਨਮ ਦਾਰਿਦ੍ਰੰ ਮਹਾ ਬਿਖਾਦੰ॥**
**ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ ਜੈਸੇ ਪਾਵਕ ਕਾਸਟ ਭਸਮੰ ਕਰੋਤਿ॥**

*(ਸਲੋਕ ਸਹਸਕ੍ਰਿਤੀ ਪੰਨਾ—੧੩੫੫)*

ਟਹਿਲ ਰਾਮ ਆਗਿਆ ਅਨੁਸਾਰ ਇਸ ਸ਼ਬਦ ਦਾ ਜਾਪ ਕਰਕੇ ਕੁਝ ਦਿਨਾਂ ਵਿੱਚ ਬਿਲਕੁਲ ਠੀਕ ਹੋ ਗਿਆ। ਆਪ ਫਿਰ ਉਥੋਂ ਚੱਲਕੇ ਅਲਾਹਾਬਾਦ ਪਹੁੰਚੇ। ਕੁਝ ਦਿਨ ਉਥੇ ਠਹਿਰਕੇ ਕੁੰਭ ਦਾ ਮੇਲਾ ਸਮਾਪਤ ਹੋਣ ਤੇ, ਵਾਪਸ ਰਿਸ਼ੀਕੇਸ਼ ਆ ਗਏ।

## ਭਾਈ ਟੋਪਨ ਦਾਸ

ਸੰਨ 1930 ਈ: ਦੀਆਂ ਗਰਮੀਆਂ ਵਿੱਚ ਭਾਈ ਟੋਪਨ ਦਾਸ, ਸਤਰਾਮ ਦਾਸ ਬੇਨਤੀ ਕਰਕੇ ਸ਼ਿਮਲੇ ਲੈ ਕੇ ਗਿਆ। ਜਿੰਦਗੀ ਦੇ ਨਿਯਮ ਅਨੁਸਾਰ ਕਥਾ ਸਤਸੰਗ ਸ਼ੁਰੂ ਹੋਣ ਤੇ ਕਾਫੀ ਸੰਗਤਾਂ ਦੀ ਆਵਾਜਾਈ ਸ਼ੁਰੂ ਹੋ ਗਈ। ਇਕ ਦਿਨ ਦਾ ਜ਼ਿਕਰ ਭਾਈ ਟੋਪਨ ਦਾਸ ਦਾ ਭਤੀਜਾ ਜਿਸਦੇ ਸਿਰ ਵਿੱਚ ਇਕ ਪਾਸੇ ਦਰਦ ਹੁੰਦਾ ਰਹਿੰਦਾ ਸੀ, ਪਰਿਵਾਰ ਵਾਲੇ ਆਪ ਦੇ ਕੋਲ ਲੈ ਕੇ ਆਏ, ਪਵਿਤਰ ਚਰਨਾਂ ਵਿੱਚ ਨਮਸਕਾਰ ਕਰਕੇ ਅਰਜ਼ ਕੀਤੀ ਮਹਾਰਾਜ! ਕਿਰਪਾ ਕਰੋ ਇਹ ਲੜਕਾ ਆਪ ਦੀ ਸੇਵਾ ਦੇ ਲਾਇਕ ਹੋ ਜਾਵੇ, ਜਵਾਨ ਉਮਰ ਹੈ, ਬਹੁਤ ਕਸ਼ਟ ਉਠਾ ਰਿਹਾ ਹੈ। ਬਾਬਾ ਜੀ ਬਹੁਤ ਗੰਭੀਰਤਾ ਨਾਲ ਬੋਲੇ, ਕਿਸੇ ਡਾਕਟਰ ਦੀ ਸਲਾਹ ਨਹੀਂ ਲਈ? ਸਤਰਾਮ ਦਾਸ ਬੋਲਿਆ, ਮਹਾਰਾਜ ਇਲਾਜ ਤਾਂ ਬਹੁਤ ਕਰਵਾਏ, ਮਗਰ ਕੋਈ ਫਰਕ ਨਹੀਂ ਪਿਆ। ਡਾਕਟਰ ਬੋਲਦੇ ਹਨ ਇਸਨੂੰ ਵਲੈਤ ਲੈ ਕੇ ਜਾਉ ਉਥੇ ਅਪ੍ਰੇਸ਼ਨ ਨਾਲ ਠੀਕ ਹੋ ਜਾਵੇਗਾ ਇਧਰ ਇਸਦਾ ਕੋਈ ਇਲਾਜ ਨਹੀਂ ਹੈ। ਅਗਰ ਵਲੈਤ ਜਾਈਏ ਤਾਂ ਘੱਟ ਤੋਂ ਘੱਟ ਪੰਜਾਹ ਹਜ਼ਾਰ ਰੁਪਏ ਦਾ ਖਰਚਾ ਹੈ। ਸੁਣਕੇ ਬਾਬਾ ਜੀ ਬੋਲੇ ਫਿਰ ਗੁਰੂ ਨਾਨਕ ਦੇ ਘਰ ਦੀ ਦਵਾਈ ਵਰਤੋਂ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਮਰਿਆਦਾ ਨਾਲ ਸੰਪਟ ਪਾਠ ਕਰਵਾਉ, ਮਗਰ ਸ਼ਰਤ ਇਹ ਹੈ ਕਿ ਪਾਠੀ ਜੀਵਨ ਵਾਲੇ ਹੋਣੇ ਚਾਹੀਦੇ ਹਨ, ਗੁਰੂ ਨਾਨਕ ਮਿਹਰ ਕਰਨਗੇ। ਹੁਕਮ ਮੰਨਕੇ ਪਰਿਵਾਰ ਵਾਲਿਆਂ ਨੇ ਐਸਾ ਹੀ ਕੀਤਾ, ਲੜਕਾ ਕਾਫੀ ਠੀਕ ਹੋ ਗਿਆ, ਹੁਣ ਦੁਬਾਰਾ ਡਾਕਟਰਾਂ ਤੋਂ ਚੈੱਕ ਕਰਵਾਇਆ, ਤਾਂ ਡਾਕਟਰ ਬੋਲਿਆ, ਬਾਹਰ ਜਾਣ ਦੀ ਹੁਣ ਜ਼ਰੂਰਤ ਨਹੀਂ ਹੈ, ਕਿਉਂਕਿ ਜਿਹੜਾ-ਥੋੜਾ ਨੁਕਸ ਹੈ ਦਵਾਈਆਂ ਨਾਲ ਹੁਣ ਇਥੇ ਹੀ ਠੀਕ ਹੋ ਜਾਵੇਗਾ।

## ਸੰਤ ਆਤਮਾ ਸਿੰਘ ਜੀ ਨੂੰ ਮਹੰਤ ਥਾਪਨਾ

ਮਹੰਤ ਬਾਬਾ ਬੁੱਢਾ ਸਿੰਘ ਮਹਾਰਾਜ ਜੀ ਨੇ ਆਪਣੀ ਮੌਜ ਵਿੱਚ ਆ ਕੇ ਤਿੰਨ ਫਰਵਰੀ 1931 ਈ: ਨੂੰ ਆਪ ਜੀ ਦੇ ਵੱਡੇ ਸ਼ਿਸ਼ ਸੰਤ ਆਤਮਾ ਸਿੰਘ ਜੀ ਨੂੰ ਹਰ ਪ੍ਰਕਾਰ ਨਾਲ ਯੋਗ ਸਮਝ ਕੇ, ਸ੍ਰੀ ਨਿਰਮਲ ਆਸ਼ਰਮ ਰਿਸ਼ੀਕੇਸ਼, ਨਿਰਮਲ ਬਾਗ ਕਨਖ਼ਲ, (ਹਰਦੁਆਰ) ਅਤੇ ਕਰੁਣ ਘੰਟਾ ਸੰਗਤ ਗਿਆਨ ਗੁਫਾ ਕਾਸ਼ੀ ਆਦਿਕ ਸਭ ਅਸਥਾਨਾਂ ਦਾ ਆਪਣਾ ਉਤਰਾਧਿਕਾਰੀ ਥਾਪ ਦਿੱਤਾ। ਇਸ ਸਮੇਂ ਤੇ ਕਾਫੀ ਉੱਘੇ ਸੰਤ ਮਹਾਤਮਾ, ਸਿੰਧੀ ਅਤੇ ਪੰਜਾਬੀ ਸਿੱਖ ਸੇਵਕ ਸਨ। ਗੁਰੂ ਘਰ ਦੀ ਪੁਰਾਤਨ ਮਰਿਆਦਾ ਅਨੁਸਾਰ ਸੰਤ ਆਤਮਾ ਸਿੰਘ ਜੀ ਨੂੰ ਮਹੰਤੀ ਦੀ ਪੱਗ ਦਿੱਤੀ ਗਈ, ਉਪਰੰਤ ਖੁਸ਼ੀ ਵਿੱਚ ਖੁੱਲ੍ਹਾ ਭੰਡਾਰਾ ਵਰਤਿਆ।

ਇਸ ਤੋਂ ਤਕਰੀਬਨ ਸਾਢੇ ਤਿੰਨ ਸਾਲ ਬਾਅਦ ਯਾਨੀ 258 ਸਤੰਬਰ, 1934 ਈ: ਨੂੰ ਮਹੰਤ ਆਤਮਾ ਸਿੰਘ ਜੀ ਦੀ ਮਹੰਤੀ ਦੇ ਨਾਲ ਹੀ ਇੱਕ ਟਰੱਸਟ ਬਣਾ ਦਿੱਤਾ ਗਿਆ, ਜਿਸ ਵਿੱਚ ਮਹੰਤ ਬਾਬਾ ਬੁੱਢਾ ਸਿੰਘ ਜੀ ਨੇ ਆਪਣੇ ਪੰਜ ਯੋਗ ਸ਼ਿਸ਼ਾਂ ਨੂੰ ਨੀਯਤ ਕੀਤਾ—

(1) ਸੰਤ ਬਾਬਾ ਨਿੱਕਾ ਸਿੰਘ ਜੀ ਵਿਰੱਕਤ,

(2) ਸੰਤ ਮਾਨ ਸਿੰਘ ਜੀ,

(3) ਸੰਤ ਬਲਵੰਤ ਸਿੰਘ ਜੀ,

(4) ਸੰਤ ਕਰਤਾਰ ਸਿੰਘ ਜੀ,

(5) ਸੰਤ ਈਸ਼ਵਰ ਸਿੰਘ ਜੀ,

ਇਤਿਆਦਿਕ ਗੁਰ ਭਾਈਆਂ ਦੀ ਕਮੇਟੀ ਬਣਾ ਦਿੱਤੀ ਗਈ, ਲੇਕਿਨ ਮਹੰਤੀ ਪਦ ਪਰ ਮਹੰਤ ਆਤਮਾ ਸਿੰਘ ਜੀ ਨੂੰ ਹੀ ਥਾਪਿਆ।

## ਮਨਸੂਰੀ ਵਾਲਾ ਆਸ਼ਰਮ ਅਤੇ ਰਾਧਾ ਬਾਈ

ਸੰਨ 1932 ਈ: ਵਿੱਚ ਆਪ ਸੰਗਤ ਦੀ ਬੇਨਤੀ ਪ੍ਰਵਾਨ ਕਰਕੇ, ਹੈਦਰਾਬਾਦ ਪਹੁੰਚੇ ਹੋਏ ਸਨ। ਇੱਕ ਸਿੰਧੀ ਪ੍ਰੇਮੀ ਮੁੱਖੀ ਬੱਗੋ ਮੱਲ ਅਤੇ ਉਨ੍ਹਾਂ ਦੀ ਧਰਮ ਪਤਨੀ ਰਾਧਾ ਬਾਈ ਆਪ ਜੀ ਦੇ ਬਹੁਤ ਸ਼ਰਧਾਵਾਨ ਸੇਵਕ ਸਨ। ਉਨ੍ਹਾਂ ਦਿਨਾਂ ਵਿੱਚ ਰਾਧਾ ਬਾਈ ਦੇ ਛਾਤੀ ਵਿੱਚ ਫੋੜਾ ਨਿਕਲ ਆਇਆ। ਉਸਨੂੰ ਖਤਰਨਾਕ ਜਾਣਕੇ, ਡਾਕਟਰ ਅਪ੍ਰੇਸ਼ਨ ਤੋਂ ਵੀ ਡਰਦੇ ਸਨ। ਬੱਗੋ ਮੱਲ ਨੇ ਉਦਾਸ ਹੋ ਕੇ ਬਾਬਾ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ। ਆਪ ਜੀ ਨੇ ਹੁਕਮ ਕੀਤਾ, ਦਵਾਈ ਜੋ ਕਰਦੇ ਹੋ, ਉਹੀ ਕਰਦੇ ਰਹੋ। ਨਾਲ ਨਾਲ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਿਸ਼ ਕੀਤੀ ਮਲਮ ਵੀ ਲਗਾਉ ਭਾਵ, ਚੌਪਈ ਸਾਹਿਬ ਦਾ ਪਾਠ ਕਰਦੇ ਰਹੋ, ਗੁਰੂ ਸਾਹਿਬ ਮੇਹਰ ਕਰਨਗੇ। ਹੁਕਮ ਮੁਤਾਬਿਕ ਐਸਾ ਹੀ ਕੀਤਾ ਗਿਆ, ਥੋੜ੍ਹੇ ਦਿਨਾਂ ਵਿੱਚ ਬਿਲਕੁਲ ਠੀਕ ਹੋ ਗਈ। ਰਾਧਾ ਬਾਈ ਦੇ ਰਾਜ਼ੀ ਹੋਣ ਦੀ ਖੁਸ਼ੀ ਵਿੱਚ ਪਰਿਵਾਰ ਵੱਲੋਂ ਬਾਬਾ ਜੀ ਨੂੰ ਮਨਸੂਰੀ ਵਾਲੀ ਕੋਠੀ ਭੇਟਾ ਕੀਤੀ ਗਈ।

## 1934 ਤੇ 1935 ਦੀ ਸਿੰਧ ਯਾਤਰਾ

ਸੰਨ 1934 ਵਿੱਚ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਕੇ ਕਰਾਚੀ ਪਧਾਰੇ। ਇਥੇ ਸ੍ਰੀ ਨਰਾਇਣ ਦਾਸ ਲਾਲ ਚੰਦ ਪੰਜਾਬੀ ਦੇ ਬੰਗਲੇ ਜਾ ਬਿਰਾਜਮਾਨ ਹੋਏ, ਜੋ ਕਿ ਬੰਦਰ ਰੋਡ ਐਕਸਟੈਨਸ਼ਨ ਵਿੱਚ ਸੀ। ਥੋੜ੍ਹੇ ਦਿਨ ਸਤਿ ਉਪਦੇਸ਼ ਕਰਕੇ ਵਾਪਸ ਰਿਸ਼ੀਕੇਸ਼ ਆ ਗਏ।

ਫਿਰ 1935 ਈ: ਵਿੱਚ ਮਾਰਚ ਮਹੀਨੇ ਕੁਝ ਸ਼ਿਕਾਰਪੁਰੀ ਪ੍ਰੇਮੀਆਂ ਦੀ ਬੇਨਤੀ ਪ੍ਰਵਾਨ ਕਰਕੇ ਸ਼ਿਕਾਰਪੁਰ ਗਏ। ਉਥੇ ਵੀ ਥੋੜ੍ਹੇ ਦਿਨ ਸਤਿਸੰਗ ਰਾਹੀਂ ਅੰਮ੍ਰਿਤ ਵਰਸਾ ਕੇ ਵਾਪਸ ਰਿਸ਼ੀਕੇਸ਼ ਆ ਗਏ।

## ਹੇਮਨ ਦਾਸ ਮੂਲ ਚੰਦ ਸ਼ਿਵਲਾਨੀ

ਨਵੰਬਰ 1935 ਈ: ਵਿੱਚ ਦੀਵਾਨ ਤਾਰਾ ਚੰਦ ਆਦਿਕ ਪ੍ਰੇਮੀਆਂ ਦੀ ਬੇਨਤੀ ਪ੍ਰਵਾਨ ਕਰਕੇ ਕਰਾਚੀ ਪਧਾਰੇ, ਇਥੇ ਪਹੁੰਚ ਕੇ ਸ੍ਰੀ ਪੇਸੂ ਮੱਲ ਦੇ ਬੰਗਲੇ ਬਿਸ਼ਰਾਮ ਕੀਤਾ, ਜੋ ਕਿ ਬੰਦਰ ਰੋਡ ਐਕਸਟੈਨਸ਼ਨ ਵਿਖੇ ਸਥਿਤ ਸੀ। ਸਵੇਰੇ-ਸ਼ਾਮ ਦੇ ਸਤਸੰਗ ਦਾ ਲਾਭ ਉਠਾਉਣ ਲਈ ਕਾਫੀ ਗਿਣਤੀ ਵਿੱਚ ਸੰਗਤਾਂ ਜੁੜਦੀਆਂ ਸਨ। ਆਪ ਹਰ ਰੋਜ਼ ਗੁਰਬਾਣੀ ਦੇ ਕਿਸੇ ਸ਼ਬਦ ਦੀ ਵਿਆਖਿਆ ਕਰਦੇ ਅਤੇ ਮੋਹਨੀ ਜੋਤੂ ਸਿੰਘ ਮਨਸੁਖਾਨੀ ਹਰ ਰੋਜ਼ ਕੀਰਤਨ ਕਰਦੀ।*

ਇਸ ਪ੍ਰਕਾਰ ਹਰ ਰੋਜ਼ ਜਿਥੇ ਪ੍ਰਮਾਰਥਕ ਵਿਚਾਰਾਂ ਦਾ ਮੀਂਹ ਵਰਸ ਰਿਹਾ ਸੀ ਉਥੇ ਸੰਸਾਰਕ ਪਦਾਰਥਾਂ ਦੇ ਵੀ ਖੁੱਲ੍ਹੇ ਗੱਫੇ ਵਰਤ ਰਹੇ ਸਨ। ਇਉਂ ਕੁਝ ਸਮਾਂ ਕਰਾਚੀ ਵਿੱਚ ਸਤਸੰਗ, ਸਤਉਪਦੇਸ਼ ਦੁਆਰਾ ਦਰਗਾਹੀ ਕਾਰ ਕਰਕੇ ਹੈਦਰਾਬਾਦੀ ਸੰਗਤ ਦੀ ਬੇਨਤੀ ਪ੍ਰਵਾਨ ਕਰਦੇ ਹੋਏ, ਦਸੰਬਰ ਮਹੀਨੇ ਕਰਾਚੀ ਤੋਂ ਹੈਦਰਾਬਾਦ ਸਿੰਧ ਆ ਗਏ। ਇਥੇ ਇਕ ਪ੍ਰੇਮੀ ਮਿਸਟਰ ਹੇਮਨ ਦਾਸ ਮੂਲ ਚੰਦ ਸ਼ਿਵਲਾਨੀ ਜੋ ਕਿ ਐਗਜ਼ੈਕਟਿਵ ਇੰਜੀਨੀਅਰ ਦੇ ਦਫਤਰ ਵਿੱਚ ਇਕ ਡਰਾਫਟਸ ਮੈਨ ਸੀ, ਬੜੇ ਪ੍ਰੇਮ ਨਾਲ ਸੇਵਾ ਕਰਦਾ ਰਹਿੰਦਾ। ਬਾਬਾ ਜੀ ਜਦ ਵੀ ਹੈਦਰਾਬਾਦ ਜਾਂਦੇ, ਇਹ ਪ੍ਰੇਮੀ ਸਵੇਰੇ-ਸ਼ਾਮ ਖੂਹ ਤੋਂ ਪਾਣੀ ਲਿਆਉਣ ਦੀ ਸੇਵਾ ਕਰਦਾ ਅਤੇ ਕਦੇ-ਕਦਾਈਂ ਬਸਤਰ ਧੋਣ ਦੀ ਸੇਵਾ ਵੀ ਮਿਲ ਜਾਂਦੀ। ਇਕ ਦਿਨ ਇਕਾਂਤ ਦੇਖਕੇ ਇਸਨੇ ਆਪਣੇ ਮਨ ਦੀ ਇੱਛਾ ਜ਼ਾਹਿਰ ਕੀਤੀ, ਮਹਾਰਾਜ! ਮੇਰੀ ਸ਼ਾਦੀ ਹੋਈ ਨੂੰ ਪੰਝੀ ਸਾਲ ਹੋ ਗਏ ਹਨ, ਅਜੇ ਤੱਕ ਕੋਈ ਔਲਾਦ ਨਹੀਂ ਹੋਈ, ਆਪ ਮਿਹਰ ਕਰੋ ਇੱਕ ਪੁੱਤਰ ਪ੍ਰਾਪਤ ਹੋ ਜਾਵੇ। ਆਪ ਨੇ ਪੁੱਛਿਆ, ਕੋਈ ਪਾਠ ਪੂਜਾ ਵੀ ਕਰਦਾ ਹੈਂ? ਹਾਂ ਮਹਾਰਾਜ ਆਪ ਨੇ ਜਪੁਜੀ ਸਾਹਿਬ ਦਾ ਪਾਠ ਕਰਨ ਲਈ ਕਿਹਾ ਸੀ, ਮੈਂ ਉਸੀ ਸਮੇਂ ਤੋਂ ਰੋਜ਼ ਕਰਦਾ ਹਾਂ। ਬਚਨ ਕੀਤਾ ਪੰਜ ਬਾਣੀਆਂ ਦਾ ਪਾਠ ਰੋਜ਼ ਕਰਿਆ ਕਰ ਅਤੇ ਕੜਾਹ ਪ੍ਰਸ਼ਾਦ ਲੈ ਕੇ ਦਰਬਾਰ ਸਾਹਿਬ ਅਰਦਾਸ ਕਰਾਈਂ, ਗੁਰੂ ਨਾਨਕ ਮਿਹਰ ਕਰਨਗੇ। ਹੇਮਨ ਦਾਸ ਮੂਲ ਚੰਦ ਨੇ ਐਸਾ ਹੀ ਕੀਤਾ, ਕੁਝ ਸਮੇਂ ਬਾਅਦ ਲੜਕੇ ਨੇ ਜਨਮ ਲਿਆ।

---

* *ਇਹ ਦੀਵਾਨ ਰਾਮ ਚੰਦ ਊਧਾ ਰਾਮ ਦੀ ਪੋਤਰੀ ਅਤੇ ਚੇਤੀ ਬਾਈ ਤਾਰਾ ਚੰਦ ਦੀ ਬੇਟੀ ਹੈ। ਅੱਜ ਕੱਲ ਬਿਰਧ ਅਵੱਸਥਾ ਵਿੱਚ ਵੀ ਸ੍ਰੀ ਨਿਰਮਲ ਆਸ਼ਰਮ ਰਿਸ਼ੀਕੇਸ਼ ਵਿਖੇ, ਕਈ-ਕਈ ਮਹੀਨੇ ਰਹਿਕੇ ਕੀਰਤਨ ਕਰਦੀ ਰਹਿੰਦੀ ਹੈ, ਇਸ ਦਾ ਪਰਿਵਾਰ ਵਾਰਡਨ ਰੋਡ ਬੰਬਈ ਵਿਖੇ ਨਿਵਾਸ ਰੱਖਦਾ ਹੈ।*

## ਸ੍ਰੀ ਚੂਹੜ ਮੱਲ ਸਿਪਾਹੀ ਮਿਲਾਨੀ

ਇਨ੍ਹਾਂ ਦਿਨਾਂ ਦੀ ਹੀ ਗੱਲ ਹੈ ਇਕ ਪ੍ਰੇਮੀ ਸ੍ਰੀ ਚੂਹੜ ਮੱਲ ਸਿਪਾਹੀ ਮਿਲਾਨੀ ਹੈਦਰਾਬਾਦ ਵਿੱਚ ਮਸ਼ਹੂਰ ਵਕੀਲ ਸੀ। ਉਸਦਾ ਇਕ ਲੜਕਾ ਜਿਸ ਦਾ ਨਾਮ ਸੀ ਮੋਤੀ, ਪਾਣੀ ਵਿੱਚ ਡੁੱਬ ਕੇ ਗੁਜ਼ਰ ਗਿਆ, ਉਸਦੀ ਅਨਹੋਈ ਅਤੇ ਦੁਖਦਾਈ ਮੌਤ ਤੇ ਸਾਰੇ ਪਰਿਵਾਰ ਵਿੱਚ ਬਹੁਤ ਸ਼ੋਕ ਹੋਇਆ ਕਿਉਂਕਿ ਸ਼ੋਕ ਦਾ ਵੱਡਾ ਕਾਰਨ ਉਸਦਾ ਮ੍ਰਿਤਕ ਸਰੀਰ ਵੀ ਨਾ ਮਿਲਣਾ ਸੀ। ਮੋਤੀ ਦੇ ਵਿਜੋਗ ਵਿੱਚ ਦਿਨ-ਰਾਤ ਸਾਰਾ ਪਰਿਵਾਰ ਰੋਈ ਜਾਵੇ। ਇਕ ਦਿਨ ਕਿਸੇ ਪ੍ਰੇਮੀ ਦੇ ਕਹਿਣ ਤੇ, ਸ੍ਰੀ ਚੂਹੜ ਮੱਲ ਅਤੇ ਉਸਦੀ ਧਰਮ ਪਤਨੀ ਯਸ਼ੋਦੀ ਬਾਈ ਨੇ ਬਾਬਾ ਜੀ ਕੋਲ ਸਾਰੀ ਵਿਥਿਆ ਸੁਣਾਈ। ਬੇਨਤੀ ਕੀਤੀ, ਮਹਾਰਾਜ! ਆਪ ਜੀ ਪੂਰਨ ਪੁਰਸ਼ ਹੋ, ਕ੍ਰਿਪਾ ਕਰੋ ਮੋਤੀ ਵਾਪਸ ਆ ਜਾਵੇ। ਪਰਿਵਾਰ ਦੀ ਦੁਖਦਾਈ ਹਾਲਤ ਦੇਖਕੇ ਆਪ ਜੀ ਨੇ ਬਚਨ ਕੀਤਾ, ਭਾਈ! ਪਰਮੇਸ਼ਰ ਦਾ ਹੁਕਮ ਮੰਨਣ ਵਿੱਚ ਹੀ ਸੁੱਖ ਹੈ। ਹੁਕਮ ਤੋਂ ਇਧਰ-ਉਧਰ ਹੋ ਕੇ ਦੁੱਖ ਹੀ ਪੱਲੇ ਪੈਂਦਾ ਹੈ, ਅਗਰ ਦੁਬਾਰਾ ਆ ਵੀ ਜਾਵੇ, ਬਜਾਇ ਸੁੱਖ ਦੇਣ ਦੇ ਦੁੱਖ ਹੀ ਦੇਵੇਗਾ। ਇਸ ਲਈ ਉਸ ਨੂੰ ਭੁੱਲ ਜਾਣ ਵਿੱਚ ਹੀ ਸੁੱਖ ਹੈ। ਹਰ ਇਕ ਜੀਵ ਨੂੰ ਸੁਆਸ ਗਿਣਕੇ ਮਿਲਦੇ ਹਨ, ਪੂਰੇ ਹੋ ਜਾਣ ਤੇ ਸਭ ਨੂੰ ਜਾਣਾ ਪੈਂਦਾ ਹੈ। ਦੇਖੋ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਫੁਰਮਾਣ ਕਰਦੇ ਹਨ—

**ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥**
**ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥**

*(ਗ: ਬਾਵਨ ਅਖਰੀ, ਪੰਨਾ—੨੫੪)*

ਸਮਾਂ ਆ ਜਾਣ ਤੇ ਕਾਲ ਦੇ ਅੱਗੇ ਨਾ ਬਾਲਕ ਠਹਿਰ ਸਕਦਾ ਹੈ, ਨਾ ਜਵਾਨ, ਨਾ ਬੁੱਢਾ, ਸਭ ਨੂੰ ਜਾਣਾ ਪੈਂਦਾ ਹੈ। ਇਸ ਲਈ ਬੁੱਧੀਮਾਨ ਪੁਰਸ਼ ਉਹੀ ਮੰਨਿਆ ਜਾਂਦਾ ਹੈ, ਜੋ ਸੁਆਸਾਂ ਦੇ ਹੁੰਦੇ ਹੀ ਮਨੁੱਖ ਜਨਮ ਦੀ ਬਾਜ਼ੀ ਜਿੱਤ ਲਵੇ ਯਾਨੀ ਮੋਖਸ਼ ਰੂਪੀ ਉੱਚ ਪਦਵੀ ਹਾਸਲ ਕਰ ਲਵੇ। ਇਸ ਲਈ ਮੋਤੀ ਨੂੰ ਦਿਲੋਂ ਖਿਆਲੋਂ ਭੁਲਾ ਕੇ ਆਪਣੇ ਜੀਵਨ ਦੀ ਸਫਲਤਾ ਵੱਲ ਧਿਆਨ ਦਿਉ। ਐਸਾ ਉਪਦੇਸ਼ ਸੁਣਕੇ ਯਸ਼ੋਦੀ ਬਾਈ ਅਤੇ ਚੂਹੜ ਮੱਲ ਕੁਝ ਸ਼ਾਂਤ ਹੋਏ। ਅਰਜ਼ ਕੀਤੀ, ਮਹਾਰਾਜ! ਕੋਈ ਐਸਾ ਤਰੀਕਾ ਦੱਸੋ, ਜਿਸ ਨਾਲ ਮੋਤੀ ਦੀ ਯਾਦ ਭੁੱਲ ਜਾਵੇ, ਅਤੇ ਜੀਵਣ ਸਫਲ ਹੋ ਜਾਵੇ। ਬਾਬਾ ਜੀ ਮਿਹਰ ਦੇ ਘਰ ਆਏ ਯਸ਼ੋਦੀ ਬਾਈ ਨੂੰ ਹੁਕਮ ਕੀਤਾ, ਹਰ ਰੋਜ਼ ਨੇਮ ਨਾਲ ਸੁਖਮਨੀ ਸਾਹਿਬ ਦਾ ਪਾਠ ਕਰਦੇ ਰਹਿਣਾ ਅਤੇ ਚੂਹੜ ਮੱਲ ਨੂੰ ਕਿਹਾ, ਅਗਰ ਸ਼ਾਂਤੀ ਚਾਹੁੰਦਾ ਹੈਂ ਤਾਂ ਸਿੰਧੀ ਭਾਸ਼ਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖੋ। ਹੁਕਮ ਮੰਨਕੇ ਯਸ਼ੋਦੀ ਬਾਈ ਨੇ ਨਿਤਨੇਮ ਨਾਲ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਸ਼ੁਰੂ ਕੀਤਾ ਅਤੇ ਚੂਹੜ ਮੱਲ ਨੇ ਸਿੰਧੀ ਭਾਸ਼ਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਣਾ ਸ਼ੁਰੂ ਕੀਤਾ। ਹਰ ਇਕ ਸਲੋਕ ਮਹਲਾ ਲਾਲ ਸਿਆਹੀ ਨਾਲ ਅਤੇ ਬਾਕੀ ਗੁਰਬਾਣੀ ਕਾਲੀ ਸਿਆਹੀ ਨਾਲ ਲਿਖਦਾ। ਰੋਜ਼ ਜੋ ਲਿਖਿਆ ਜਾਂਦਾ, ਉਹ ਸੰਤ ਦੇਵਾ ਸਿੰਘ ਤੋਂ ਸ਼ੁੱਧੀ ਕਰਵਾਉਂਦਾ ਕਿਉਂਕ ਸੰਤ ਦੇਵਾ ਸਿੰਘ ਜੀ ਉਸ ਸਮੇਂ ਨਿਰਮਲ ਆਸ਼ਰਮ ਹੈਦਰਾਬਾਦ ਰਹਿੰਦੇ ਸਨ। ਲਿਖਣ ਵਿੱਚ ਚੂਹੜ ਮੱਲ ਦਾ ਮਨ ਇੰਨਾ ਲੱਗਿਆ, ਕਿ ਹੋਰ ਸੰਸਾਰ ਸਭ ਭੁੱਲ ਗਿਆ। ਇਸ ਪ੍ਰਕਾਰ ਤਿੰਨ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੰਧੀ ਭਾਸ਼ਾ ਵਿੱਚ ਲਿਖਕੇ ਸੰਪੂਰਨ ਕੀਤੇ। ਇਨ੍ਹਾਂ ਵਿੱਚੋਂ ਇਕ ਨਿਰਮਲ ਆਸ਼ਰਮ ਹੈਦਰਾਬਾਦ ਵਿੱਚ ਭੇਟਾ ਕੀਤਾ, ਦੂਸਰਾ ਗੁਰਸੰਗਤ ਹੈਦਰਾਬਾਦ ਅਤੇ ਤੀਜਾ ਆਪਣੇ ਘਰ ਪ੍ਰਕਾਸ਼ ਕੀਤਾ। ਇਸ ਪ੍ਰਕਾਰ ਮਹਾਂਪੁਰਸ਼ਾਂ ਦਾ ਬਚਨ ਮੰਨਕੇ **ਹਰਿ ਜਸੁ ਲਿਖਹਿ ਬੇਅੰਤੁ ਸੋਹਹਿ ਸੇ ਹਥਾ,** ਦੇ ਮਹਾਂਵਾਕ ਅਨੁਸਾਰ ਆਪਣਾ ਜਨਮ ਸਫਲਾ ਕੀਤਾ।*

---

* *ਸ੍ਰੀ ਚੂਹੜ ਮੱਲ ਸਿਪਾਹੀ ਮਿਲਾਨੀ ਦੇ ਦੋ ਪੁੱਤਰ ਅਤੇ ਚਾਰ ਬੇਟੀਆਂ ਸਨ ਜਿੰਨ੍ਹਾਂ ਵਿੱਚੋਂ ਇੱਕ ਪੁੱਤਰ ਮੋਤੀ ਤਾਂ ਪਾਣੀ ਵਿੱਚ ਡੁੱਬਕੇ ਗੁਜਰ ਗਿਆ ਦੂਸਰੇ ਦਾ ਨਾਮ ਗੋਬਿੰਦ, ਤੀਸਰੀ ਬੇਟੀ ਲੱਛਮੀ, ਚੌਥੀ ਸੁੰਦਰੀ, ਪੰਜਵੀਂ ਦੇਵਕੀ ਅਤੇ ਛੇਵੀਂ ਮੋਹਨੀ। ਪਾਕਿਸਤਾਨ ਬਣਨ ਸਮੇਂ ਇਹ ਪਰਿਵਾਰ ਉਹ ਹੱਥ ਲਿਖਤ ਵਾਲਾ ਇਕ ਸਰੂਪ ਤਾਂ ਖੁਦ ਬੰਬਈ ਲੈ ਆਏ ਅਤੇ ਦੂਸਰਾ ਗੁਰਸੰਗਤ ਮੰਦਰ ਵਾਲੇ ਵੀ ਬੰਬਈ ਲੈ ਆਏ। ਉਨ੍ਹਾਂ ਤੋਂ ਯਸ਼ੋਦੀ ਬਾਈ ਨੇ ਵਾਪਸ ਲੈ ਲਿਆ। ਉਸਨੇ ਇਕ ਸਰੂਪ ਬੇਟੀ ਦੇਵਕੀ ਨੂੰ ਦਿੱਤਾ, ਜੋ ਬੜੇ ਪਿਆਰ ਨਾਲ ਪਾਠ ਕਰਦੀ ਹੋਈ ਅੱਜਕੱਲ ਬੰਬਈ ਆਪਣਾ ਜੀਵਣ ਬਸਰ ਕਰ ਰਹੀ ਹੈ। ਦੂਸਰਾ ਸਰੂਪ ਸਭ ਤੋਂ ਛੋਟੀ ਬੇਟੀ ਮੋਹਨੀ ਨੂੰ ਦਿੱਤਾ, ਉਹ ਰੋਜ਼ ਪ੍ਰਕਾਸ਼ ਕਰਕੇ ਬੜੇ ਪ੍ਰੇਮ ਨਾਲ ਪਾਠ ਕਰਦੀ ਹੈ। ਅੱਜਕੱਲ ਬੰਬਈ ਮਾਹਿਮ ਵਿੱਚ ਵੱਸਦੀ ਹੈ। ਇਹ ਸਾਰਾ ਵੇਰਵਾ ਮੋਹਨੀ ਦੀ ਜ਼ਬਾਨੀ।*

ਇਸ ਪ੍ਰਕਾਰ ਸਿੰਧ ਵਿੱਚ ਤਪਦੇ ਮਨਾਂ ਨੂੰ ਸ਼ਾਂਤ ਕਰਕੇ ਦਸੰਬਰ ਦੇ ਮਹੀਨੇ ਵਾਪਸ ਲਾਹੌਰ ਆ ਗਏ। ਦੋ ਕੁ ਦਿਨ ਇੱਥੇ ਠਹਿਰ ਕੇ ਸਿੱਧੇ ਆਪਣੇ ਆਸ਼ਰਮ ਬਨਾਰਸ ਪਹੁੰਚੇ। ਕੁਝ ਦਿਨ ਬਨਾਰਸ ਠਹਿਰ ਕੇ ਇਥੋਂ ਦੇ ਸਾਧੂ ਸਮਾਜ ਨੂੰ ਤਕੜਾ ਭੰਡਾਰਾ ਕਰਕੇ ਵਾਪਸ ਰਿਸ਼ੀਕੇਸ਼ ਆ ਗਏ। 1936 ਵਿੱਚ ਅਲਾਹਾਬਾਦ ਅਰਧ ਕੁੰਭੀ ਮੇਲੇ ਤੇ ਗਏ, ਮੇਲਾ ਸਮਾਪਤ ਹੋਣ ਤੇ ਅਲਾਹਾਬਾਦ ਤੋਂ ਕਲਕੱਤਾ ਫਿਰ ਨਾਸਕ ਹੁੰਦੇ ਹੋਏ ਵਾਪਸ ਰਿਸ਼ੀਕੇਸ਼ ਆ ਗਏ।

## 1936 ਦੀ ਸਿੰਧ ਫੇਰੀ

ਸੰਗਤ ਦੀ ਬੇਨਤੀ ਪ੍ਰਵਾਨ ਕਰਕੇ ਸੰਨ 1936 ਈ: ਦੇ ਨਵੰਬਰ ਮਹੀਨੇ ਕਰਾਚੀ ਵਿੱਚ ਸੇਠ ਕੀਮਤ ਰਾਏ ਆਸੂ ਮੱਲ ਦੇ ਬੰਗਲੇ ਜਾ ਬਿਰਾਜਮਾਨ ਹੋਏ, ਜੋ ਕਿ ਕੁਲੇਟਨ ਰੋਡ ਉਪਰ ਪੁਰਾਣੇ ਗੁਰਦੁਆਰੇ ਦੇ ਪਿਛਲੇ ਪਾਸੇ ਸਥਿਤ ਸੀ। ਇਸ ਫੇਰੀ ਦੌਰਾਨ ਆਪ ਜੀ ਨਾਲ, ਸੰਤ ਕ੍ਰਿਪਾਲ ਹਰੀ, ਜੋਗੀ ਰਾਜ ਅਤੇ ਕੁਝ ਹੋਰ ਮਹਾਤਮਾ ਵੀ ਆਏ ਸਨ। ਇਨ੍ਹਾਂ ਦਿਨਾਂ ਵਿੱਚ ਆਪ ਜੀ ਹਰ ਰੋਜ਼ ਸਵੇਰ ਦੇ ਸਮੇਂ ਸੰਤ ਜੋਗੀ ਰਾਜ ਜੀ ਤੋਂ ਵਿਦਾਂਤ ਦਾ ਗ੍ਰੰਥ ਚੰਦਰਕਾਂਤ ਸੁਣਦੇ, ਅਤੇ ਸ਼ਾਮ ਨੂੰ ਸੰਤ ਬਲਵੰਤ ਸਿੰਘ ਜੀ ਤੋਂ ਕਲਗੀਧਰ ਚਮਤਕਾਰ ਸੁਣਦੇ ਜੋ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ। ਸ਼ਾਮ ਨੂੰ ਕਲਗੀਧਰ ਚਮਤਕਾਰ ਸੁਣ ਲਈ ਬਹੁਤ ਸੰਗਤ ਜੁੜਦੀ ਸੀ। ਇਸ ਪ੍ਰਕਾਰ ਕਰਾਚੀ ਵਿੱਚ ਕੁਝ ਦਿਨ ਗੁਜ਼ਾਰ ਕੇ ਹੈਦਰਾਬਾਦ ਸ਼ਿਕਾਰਪੁਰ ਹੁੰਦੇ ਹੋਏ, ਵਾਪਸ ਰਿਸ਼ੀਕੇਸ਼ ਆ ਗਏ।

## ਹੈਦਰਾਬਾਦ ਵਾਲੇ ਆਸ਼ਰਮ ਦੀ ਨੀਂਹ

ਜਨਵਰੀ 1937 ਈ: ਵਿੱਚ ਭਾਈ ਜੀਵਤ ਰਾਮ ਹਿਰਦੇਰਾਮਾਨੀ ਕੋਲੰਬੋ ਵਾਲੇ ਨੇ ਤਾਰ ਰਾਹੀਂ ਬੇਨਤੀ ਕੀਤੀ, ਮਹਾਰਾਜ! ਮਾਰਚ ਵਿੱਚ ਮੇਰੇ ਬੇਟੇ ਦੀ ਸ਼ਾਦੀ ਹੈ ਜੋ ਕਿ ਹੈਦਰਾਬਾਦ ਵਿੱਚ ਹੀ ਕਰਨੀਂ ਹੈ, ਇਸ ਲਈ ਆਪ ਕਿਰਪਾ ਕਰਕੇ ਮਾਰਚ ਦੇ ਸ਼ੁਰੂ ਵਿੱਚ ਹੀ ਹੈਦਰਾਬਾਦ ਦਰਸ਼ਨ ਦਿਉ। ਪ੍ਰੇਮੀ ਦੀ ਬੇਨਤੀ ਪ੍ਰਵਾਨ ਕਰਦੇ ਹੋਏ, ਆਪ ਮਾਰਚ, 1937 ਈ: ਵਿੱਚ ਹੈਦਰਾਬਾਦ ਜਾ ਕੇ ਸ੍ਰੀ ਸੁਖਰਾਮ ਦਾਸ ਗੁਰਬੇ ਮੱਲ ਦੇ ਬੰਗਲੇ ਵਿੱਚ ਜਾ ਬਿਰਾਜਮਾਨ ਹੋਏ, ਜੋ ਕਿ ਮਾਰਕੀਟ ਦੇ ਬਿਲਕੁੱਲ ਨਜ਼ਦੀਕ ਸੀ। ਸਵੇਰੇ ਸ਼ਾਮ ਹਰੀ ਕਥਾ, ਹਰੀ ਕੀਰਤਨ ਰਾਹੀਂ ਅੰਮ੍ਰਿਤ ਵਰਖਾ ਹੁੰਦੀ, ਲੇਕਿਨ ਦਰਸ਼ਨਾਂ ਜਾਂ ਸੰਸਾਰਕ ਇਛਾਵਾਂ ਦੀ ਪੂਰਤੀ ਲਈ ਸੰਗਤਾਂ ਸਾਰਾ ਦਿਨ ਆਉਂਦੀਆਂ ਰਹਿੰਦੀਆਂ। ਇਤਨੇ ਨੂੰ ਭਾਈ ਜੀਵਤ ਰਾਮ ਦੇ ਬੇਟੇ ਦੀ ਸ਼ਾਦੀ ਦਾ ਦਿਨ ਆ ਗਿਆ। ਦੋਨੋਂ ਬਹੁਤ ਅਮੀਰ ਪਰਿਵਾਰ ਸਨ ਇਸ ਲਈ ਬਹੁਤ ਧੂਮਧਾਮ ਨਾਲ ਸ਼ਾਦੀ ਹੋਈ। ਆਪ ਜੀ ਨੇ ਲੜਕੀ, ਲੜਕੇ ਨੂੰ ਸ਼ੁਭ ਅਸ਼ੀਰਵਾਦ ਦਿੰਦਿਆਂ, ਗ੍ਰਹਿਸਤ ਆਸ਼ਰਮ ਦੇ ਧਰਮ ਪਾਲਣ ਦੀ ਸਿੱਖਿਆ ਦਿੰਦਿਆਂ ਫੁਰਮਾਇਆ, ਕਿ ਸੰਸਾਰ ਦੇ ਸਾਰੇ ਕਾਰਜ ਕਰਦਿਆਂ ਅਗਰ ਪਰਮੇਸ਼ਰ ਨੂੰ ਹਾਜ਼ਰ-ਨਾਜ਼ਰ, ਸਨਮੁਖ ਜਾਣਕੇ ਕੀਤੇ ਜਾਣ ਤਾਂ ਗ੍ਰਹਿਸਤ ਵਿੱਚ ਰਹਿੰਦਿਆਂ ਵੀ ਮਨੁੱਖੀ ਜਨਮ ਨੂੰ ਸਫਲਾ ਕੀਤਾ ਜਾ ਸਕਦਾ ਹੈ। ਸ਼ਾਦੀ ਤੋਂ ਪਹਿਲਾਂ ਭਾਈ ਜੀਵਤ ਰਾਮ ਨੇ ਮਨ ਵਿੱਚ ਸੰਕਲਪ ਕੀਤਾ ਸੀ, ਕਿ ਦਾਜ ਵਿੱਚ ਜੋ ਪੈਸਾ ਮਿਲੇਗਾ, ਮੈਂ ਆਪਣੇ ਘਰ ਨਹੀਂ ਲਿਆਉਣਾ, ਬਾਬਾ ਬੁੱਢਾ ਸਿੰਘ ਜੀ ਦੇ ਚਰਨਾਂ ਵਿੱਚ ਭੇਟਾ ਕਰ ਦਿਆਂਗਾ। ਉਸਨੇ ਆਪਣੇ ਸੰਕਲਪ ਮੁਤਾਬਿਕ ਜੋ ਪੈਸਾ ਦਾਜ ਵਿੱਚ ਮਿਲਿਆ, ਆਪ ਜੀ ਦੇ ਚਰਨਾਂ ਵਿੱਚ ਭੇਟਾ ਕਰ ਦਿੱਤਾ। ਬਾਬਾ ਜੀ ਨੇ ਹੁਕਮ ਕੀਤਾ ਕਿ ਪੈਸਾ ਚੁੱਕ ਲਉ ਇਥੇ ਹੈਦਰਾਬਾਦ ਵਿੱਚ ਗੁਰੂ ਦਰਬਾਰ ਬਣਾਉਣ ਲਈ ਜ਼ਮੀਨ ਖਰੀਦ ਕੇ ਉਸ ਉਪਰ ਲਗਾ ਦਿਉ। ਪ੍ਰੇਮੀਆਂ ਨੇ ਦੋ ਚਾਰ ਦਿਨਾਂ ਵਿੱਚ ਜ਼ਮੀਨ ਦੇਖਕੇ ਖਰੀਦ ਲਈ। ਸੰਗਤ ਨੇ ਇਕੱਠੇ ਹੋ ਕੇ ਬਾਬਾ ਜੀ ਨੂੰ ਬੇਨਤੀ ਕੀਤੀ, ਅਪਣੇ ਪਵਿੱਤਰ ਹਸਤ ਕਮਲਾਂ ਦੁਆਰਾ ਇਸ ਪਾਵਨ ਦਰਬਾਰ ਦੀ ਨੀਂਹ ਰੱਖੋ। ਆਪ ਜੀ ਦੇ ਹੁਕਮ ਮੁਤਾਬਿਕ ਦੂਸਰੇ ਦਿਨ ਪ੍ਰੇਮੀਆਂ ਨੇ ਕੜਾਹ ਪ੍ਰਸ਼ਾਦਿ ਸਜਾ ਕੇ ਸਾਰੀ ਤਿਆਰੀ ਕਰ ਲਈ। ਅਰਦਾਸ ਤੋਂ ਬਾਅਦ ਆਪ ਜੀ ਨੇ ਪਵਿੱਤਰ ਹਸਤ ਕਮਲਾਂ ਨਾਲ ਨੀਂਹ ਰੱਖਕੇ, ਹੁਕਮ ਕੀਤਾ ਇਸ ਗੁਰੂ ਮੰਦਰ ਦੇ ਤਿਆਰ ਹੋਣ ਤੇ ਇਸ ਦਾ ਨਾਮ *ਨਿਰਮਲ ਆਸ਼ਰਮ* ਰੱਖਣਾ। ਇਸ ਪ੍ਰਕਾਰ ਹੈਦਰਾਬਾਦ ਕੁਝ ਦਿਨ ਠਹਿਰਕੇ ਵੈਸਾਖੀ ਤੋਂ ਪਹਿਲਾਂ ਰਿਸ਼ੀਕੇਸ਼ ਆ ਗਏ।

## ਸੱਚਖੰਡ ਤਿਆਰੀਆਂ

ਸਿੰਧੀ ਪ੍ਰੇਮੀ ਭਾਈ ਦੌਲਤ ਰਾਮ ਜੇਠੀ ਮਾਈ ਦੀ ਬੇਨਤੀ। ਪ੍ਰਵਾਨ ਕਰਕੇ 20 ਮਈ, 1937 ਈ: ਨੂੰ ਮਨਸੂਰੀ ਪਹੁੰਚੇ। ਇਸ ਵਕਤ ਆਪ ਜੀ ਦਾ ਸਰੀਰ ਕੁਝ ਢਿੱਲਾ ਰਹਿਣ ਲੱਗ ਗਿਆ। ਇਸ ਲਈ ਭਾਈ ਦੌਲਤ ਰਾਮ ਡਾਕਟਰ ਨੂੰ ਹਰ ਰੋਜ਼ ਘਰ ਬੁਲਾ ਕੇ ਚੈੱਕ ਕਰਵਾਉਂਦਾ, ਡਾਕਟਰ ਬਦਲ-ਬਦਲ ਕੇ ਦਵਾਈਆਂ ਦਿੰਦਾ, ਲੇਕਿਨ ਕੋਈ ਫਰਕ

ਨਾ ਪਿਆ। ਇਕ ਦਿਨ ਭਾਈ ਦੌਲਤ ਰਾਮ ਨੇ ਡਾਕਟਰ ਨੂੰ ਪੁੱਛਿਆ, ਆਖਰ ਮਰਜ਼ ਕੀ ਹੈ ਜਿਹੜੀ ਠੀਕ ਨਹੀਂ ਹੋ ਰਹੀ? ਡਾਕਟਰ ਕਹਿਣ ਲੱਗਿਆ, ਮਰਜ਼ ਤਾਂ ਕੋਈ ਵੀ ਨਹੀਂ, ਬੱਸ ਕਮਜ਼ੋਰੀ ਹੈ, ਮੈਂ ਦਵਾਈ ਵੀ ਤਾਕਤ ਦੀ ਹੀ ਦਿੰਦਾ ਹਾਂ। ਇਸ ਪ੍ਰਕਾਰ ਕੁਝ ਸਮਾਂ ਮਨਸੂਰੀ ਠਹਿਰੇ ਲੇਕਿਨ ਸਵਾਸਥ ਗਿਰਦਾ ਹੀ ਗਿਆ। ਆਖਰ ਮਨਸੂਰੀ ਤੋਂ ਵਾਪਸ ਨਿਰਮਲ ਬਾਗ ਕਨਖਲ ਆ ਗਏ ਅਤੇ ਭਾਈ ਦੌਲਤ ਰਾਮ ਵੀ ਨਾਲ ਹੀ ਆ ਗਿਆ। ਕਨਖਲ ਆ ਕੇ ਕੁਝ ਦਿਨ ਡਾਕਟਰ ਦੂਬੇ ਨੇ ਇਲਾਜ ਕੀਤਾ, ਪਰ ਕੋਈ ਫਰਕ ਨਾ ਪਿਆ। ਫਿਰ ਬੋਸ ਬਾਬੂ ਆਦਿਕ ਹੋਰ ਡਾਕਟਰਾਂ ਨੇ ਵੀ ਇਲਾਜ ਕੀਤਾ, ਮਗਰ ਕੋਈ ਫਾਇਦਾ ਨਾ ਹੋਇਆ। ਦੇਸੀ ਹਕੀਮ ਵੈਦ ਰਾਮ ਸਰੂਪ ਨੇ ਵੀ ਦੇਸੀ ਦਵਾਈਆਂ ਰਾਹੀਂ ਕੋਸ਼ਿਸ਼ ਕੀਤੀ, ਪ੍ਰੰਤੂ ਅਸਫਲ।

ਸਿਹਤ ਦਿਨ-ਪਰ-ਦਿਨ ਕਮਜ਼ੋਰ ਹੁੰਦੀ ਗਈ। ਇਨ੍ਹਾਂ ਦਿਨਾਂ ਵਿਚ ਆਪ ਜੀ ਨੇ ਬਿਰਤੀ ਇਤਨੀ ਅੰਤਰਮੁੱਖ ਕਰ ਲਈ ਕਿ ਕਿਸੇ ਨਾਲ ਛੇਤੀ ਬਚਨ ਨਾ ਕਰਦੇ। ਕਦੇ ਉਠਕੇ ਹੌਲੀ-ਹੌਲੀ ਤੁਰਨ ਫਿਰਨ ਲੱਗ ਜਾਂਦੇ, ਕਦੇ ਆਪਣੀ ਮੌਜ ਵਿੱਚ ਗੁਰਬਾਣੀ ਦੀ ਪੰਕਤੀ ਬੋਲ ਦਿੰਦੇ, ਮਗਰ ਹੋਰ ਕਿਸੇ ਦੇ ਬੁਲਾਉਣ ਤੇ ਚੁੱਪ ਰਹਿੰਦੇ, ਯਾਨੀ ਗਿਆਨ ਦੀ ਛੇਵੀਂ ਭੂਮਿਕਾ ਵਿੱਚ ਅਰੂਢ ਹੋ ਗਏ, ਜਿਸ ਨੂੰ ਪਦਾਰਥਾਭਾਵਨੀ ਕਿਹਾ ਜਾਂਦਾ ਹੈ, ਭਾਵ ਜਿਤਨਾ ਵੀ ਸੂਖਸ਼ਮ ਅਸਥੂਲ ਪਦਾਰਥ ਹੈ ਇਕ ਪਰਮਾਤਮਾ ਹੀ ਨਜ਼ਰ ਆਵੇ।

ਇਕ ਦਿਨ ਆਪਣੀ ਮੌਜ ਵਿੱਚ ਗੰਗਾ ਵੱਲ ਨਿਕਲੇ, ਸਿੰਧੀ ਸੇਵਕ ਕਿਸ਼ਨ ਚੰਦ ਕੇਸ਼ੀ ਵੀ ਨਾਲ-ਨਾਲ ਜਾ ਰਿਹਾ ਸੀ। ਅੱਗੇ ਇੱਕ ਖੋਤੇ ਨੂੰ ਖੜਾ ਦੇਖਕੇ ਕਿਸ਼ਨ ਚੰਦ ਨੂੰ ਬੋਲੇ, ਦੇਖ ਪਰਮੇਸ਼ਰ ਨੇ ਕੈਸਾ ਰੂਪ ਧਾਰਨ ਕੀਤਾ ਹੈ, ਇਸੇ ਤਰ੍ਹਾਂ ਬਾਂਦਰ, ਕੁੱਤਾ, ਜਿਸ ਪਰ ਵੀ ਨਜ਼ਰ ਗਈ—

ਨਿਰਗੁਨੁ ਆਪਿ ਸਰਗੁਨੁ ਭੀ ਓਹੀ॥

*(ਸੁਖਮਨੀ ਸਾਹਿਬ, ਪੰਨਾ—੨੮੭)*

ਇਸ ਤਰ੍ਹਾਂ ਆਪਣੀ ਮੌਜ ਵਿੱਚ ਬਚਨ ਕਰਦੇ। ਜਦ ਵਾਪਸ ਬਾਗ ਵਿੱਚ ਆਏ ਤਾਂ ਕੱਟਿਆ ਹੋਇਆ ਸੁੱਕਾ ਦਰਖਤ ਪਿਆ ਸੀ,ਉਸਦੇ ਖੂੰਡੀ ਮਾਰ ਕੇ ਕਹਿਣ ਲੱਗੇ ਇਸਦਾ ਵੀ ਸਾਡੇ ਨਾਲ ਕੁਝ ਪਿਛਲਾ ਸੰਬੰਧ ਸੀ।*

ਇਸ ਪ੍ਰਕਾਰ ਇਨ੍ਹਾਂ ਦਿਨਾਂ ਵਿੱਚ ਆਪਣੀ ਮੌਜ ਅਨੁਸਾਰ ਬਚਨ ਕਰੀ ਜਾਂਦੇ, ਲੇਕਿਨ ਕਿਸੇ ਦੇ ਬੁਲਾਏ ਨਹੀਂ ਸਨ ਬੋਲਦੇ। ਸੇਵਕਾਂ ਨੇ ਲੰਗਰ ਦੀ ਥਾਲੀ ਲਿਆਕੇ ਬੇਨਤੀਆਂ ਕਰਨੀਆਂ, ਮਹਾਰਾਜ ਲੰਗਰ ਛਕੋ, ਆਪ ਬੋਲਦੇ, ਹੋਰ ਲਿਆਉ, ਸੇਵਾਦਾਰ ਹੋਰ ਲਿਆਉਂਦਾ, ਫਿਰ ਬੋਲ ਦਿੰਦੇ ਹੋਰ ਲੈ ਕੇ ਆਉ ਲੇਕਿਨ ਖਾਂਦੇ ਬਿਲਕੁੱਲ ਨਾ। ਇਕ ਦਿਨ ਇਸ ਤਰ੍ਹਾਂ ਵਾਰ-ਵਾਰ ਮੰਗਾਈ ਗਏ, ਆਖਰ ਸੇਵਾਦਾਰ ਕਹਿਣ ਲੱਗਿਆ ਮਹਾਰਾਜ! ਹੋਰ ਤਾਂ ਗੁੰਨਿਆਂ ਹੋਇਆ ਆਟਾ ਵੀ ਨਹੀਂ ਹੈ, ਆਪ ਬੋਲੇ ਇਤਨਾ ਥੋੜਾ ਕਿਉਂ ਗੁੰਨਿਆਂ? ਗੁਰੂ ਨਾਨਕ ਦਾ ਲੰਗਰ ਹੋਵੇ ਤੇ ਗੁੰਨਿਆਂ ਆਟਾ ਮੁੱਕ ਜਾਵੇ? ਲੇਕਿਨ ਖਾਧੀ ਆਪ ਨੇ ਇਕ ਗਰਾਹੀ ਵੀ ਨਾ। ਕਿਸੇ ਤਰ੍ਹਾਂ ਬਾਗ ਵਿੱਚ ਫਲ ਖਾਣ ਲਈ ਬਾਂਦਰ ਆ ਜਾਂਦੇ, ਤਾਂ ਸੇਵਾਦਾਰ ਭਜਾ ਦਿੰਦੇ, ਬਾਬਾ ਜੀ ਆਖਦੇ, ਉਇ ਹਰੀ ਆਪ ਆਇਆ ਸੀ ਫਲ ਖਾਣ ਲਈ, ਪਰ ਤੁਸੀਂ ਨਹੀਂ ਪਹਿਚਾਨਿਆ। ਬਾਬਾ ਜੀ ਦੀ ਐਸੀ ਮੌਜ ਦੇਖਕੇ ਸੇਵਾਦਾਰਾਂ ਨੂੰ ਕੁਝ ਸੰਸਾ ਪੈਦਾ ਹੋ ਗਿਆ, ਕਿ ਆਪ ਦਿਮਾਗੀ ਤੌਰ ਤੇ ਠੀਕ ਨਹੀਂ, ਕਿਸੇ ਡਾਕਟਰ ਨੂੰ ਦਿਖਾਈਏ।

ਸਾਰੇ ਸੇਵਾਦਾਰ ਇਕੱਠੇ ਹੋਏ ਇਹ ਵਿਚਾਰ ਕਰ ਹੀ ਰਹੇ ਸਨ, ਇਤਨੇ ਨੂੰ ਅਚਾਨਕ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਆ ਗਏ। ਕਿਉਂਕਿ ਉਨ੍ਹਾਂ ਨੂੰ ਪਤਾ ਲੱਗਿਆ ਸੀ, ਕਿ ਬਾਬਾ ਜੀ ਦਾ ਸਰੀਰ ਕੁਝ ਢਿੱਲਾ ਹੈ। ਸੇਵਕਾਂ ਨੇ ਭਾਈ ਸਾਹਿਬ ਨੂੰ ਦੱਸਿਆ ਕਿ ਬਾਬਾ ਜੀ ਕਈ ਦਿਨ ਤੋਂ ਦਿਮਾਗੀ ਤੌਰ ਤੇ ਠੀਕ ਨਹੀਂ ਹਨ, ਇਸ ਲਈ ਕੱਲ ਕਿਸੇ ਦਿਮਾਗੀ ਡਾਕਟਰ ਕੋਲ ਲੈ ਕੇ ਜਾਣ ਦਾ ਪ੍ਰੋਗਰਾਮ ਬਣਾ ਰਹੇ ਹਾਂ। ਭਾਈ ਸਾਹਿਬ ਸੇਵਕਾਂ ਤੋਂ ਸੁਣਕੇ ਜਦ ਬਾਬਾ ਜੀ ਕੋਲ ਗਏ, ਅੱਗੋਂ ਆਪ ਜੀ ਨੇ ਬਹੁਤ ਪ੍ਰੇਮ ਨਾਲ ਭਾਈ ਸਾਹਿਬ ਨੂੰ ਕੋਲ ਬਿਠਾ ਕੇ ਦੱਸਿਆ, ਭਾਈ ਸਾਹਿਬ! ਸਾਨੂੰ ਤੁਹਾਡਾ ਲਿਖਿਆ ਹੋਇਆ ਕਲਗੀਧਰ ਚਮਤਕਾਰ ਸੁਣਕੇ ਬਹੁਤ ਅਨੰਦ ਆਇਆ, ਕਿਉਂਕਿ ਆਪ ਨੇ ਬਹੁਤ ਪ੍ਰੇਮ

---

* *ਬਾਬਾ ਜੀ ਦੇ ਸਰੀਰ ਛੱਡਣ ਤੋਂ ਬਾਅਦ ਉਸ ਸੁਕੇ ਬ੍ਰਿਛ ਦੀ ਪੇਟੀ ਬਣਾਈ, ਜਿਸ ਵਿੱਚ ਸਰੀਰ ਸਜਾ ਕੇ ਜਲ ਪ੍ਰਵਾਹ ਕੀਤਾ।*

ਨਾਲ ਗੁਰੂ ਜਸ ਵਰਨਣ ਕੀਤਾ ਹੈ। ਇਸ ਤਰ੍ਹਾਂ ਗੁਰੂ ਜਸ ਵਰਨਣ ਦਾ ਸੁਭਾਗ ਆਪ ਜੈਸੇ ਕਿਸੇ ਵਿਰਲੇ ਸੱਜਣ ਨੂੰ ਹੀ ਪ੍ਰਾਪਤ ਹੁੰਦਾ ਹੈ।

ਇਸ ਤਰ੍ਹਾਂ ਕੁਝ ਦੇਰ ਬਚਨ ਬਿਲਾਸ ਕਰਕੇ ਭਾਈ ਸਾਹਿਬ ਜਦ ਵਾਪਸ ਮੁੜ ਲੱਗੇ, ਤਾਂ ਆਪ ਜੀ ਨੇ ਬਚਨ ਕੀਤਾ, ਭਾਈ ਸਾਹਿਬ! ਸੰਤਰੇ ਛਕੋ! ਅੱਗੋਂ ਭਾਈ ਸਾਹਿਬ ਬੋਲੇ, ਮਹਾਂਪੁਰਸ਼ੋ ਇਸ ਵਕਤ ਤਾਂ ਕੋਈ ਇੱਛਾ ਨਹੀਂ ਹੈ, ਲੇਕਿਨ ਆਪ ਜੀ ਦਾ ਪ੍ਰਸ਼ਾਦਿ ਜਾਣ ਕੇ ਸੰਤਰੇ ਨਾਲ ਲੈ ਜਾਂਦੇ ਹਾਂ, ਦੇਹਰਾਦੂਨ ਜਾ ਕੇ ਛਕ ਲਵਾਂਗੇ। ਮਹਾਰਾਜ ਨੇ ਸੇਵਾਦਾਰ ਨੂੰ ਹੁਕਮ ਕੀਤਾ, ਅੰਦਰੋਂ ਜੂਸ ਕੱਢਣ ਵਾਲੀ ਮਸ਼ੀਨ, ਅਤੇ ਚਾਂਦੀ ਦਾ ਜੱਗ, ਜਿਹੜਾ ਸਿੰਧੀ ਪ੍ਰੇਮੀਆਂ ਨੇ ਭੇਟਾ ਕੀਤਾ ਸੀ ਲੈ ਕੇ ਆਉ। ਸੇਵਾਦਾਰ ਦੇ ਲਿਆਉਣ ਤੇ ਬਚਨ ਕੀਤਾ, ਭਾਈ ਸਾਹਿਬ ਇਹ ਵੀ ਨਾਲ ਲੈ ਜਾਉ, ਘਰ ਜਾ ਕੇ ਇਹਦੇ ਨਾਲ ਜੂਸ ਕੱਢ ਕੇ ਪੀਣਾ।*

ਭਾਈ ਸਾਹਿਬ ਨੇ ਬਾਹਰ ਆ ਕੇ ਸੇਵਕਾਂ ਨੂੰ ਦੱਸਿਆ, ਮਹਾਂਪੁਰਸ਼ ਬਿਲਕੁੱਲ ਠੀਕ ਹਨ, ਉਹ ਸੰਸਾਰ ਤੋਂ ਬੇਖਬਰ ਅਤੇ ਆਪਣੇ ਆਤਮ ਸਰੂਪ ਵਿੱਚ ਇਸਥਿਤ ਹੋਏ, ਯਾਨੀ ਪਦਾਰਥਾਭਾਵਨੀ ਅਵੱਸਥਾ ਵਿੱਚ ਵਿਚਰ ਰਹੇ ਹਨ। ਤੁਸੀਂ ਉਨ੍ਹਾਂ ਦਾ ਬਚਨ ਨਾ ਮੰਨ ਕੇ ਗਲਤੀ ਕਰ ਰਹੇ ਹੋ, ਮਹਾਂਪੁਰਸ਼ ਜੋ ਵੀ ਬਚਨ ਮੁੱਖ ਤੋਂ ਉਚਾਰ ਰਹੇ ਹਨ ਉਹ ਹਮੇਸ਼ਾਂ ਸਤ ਹੈ—

ਅਟਲ ਬਚਨ ਸਾਧੂ ਜਨਾ ਸਭ ਮਹਿ ਪ੍ਰਗਟਾਇਆ॥
ਜਿਸੁ ਜਨ ਹੋਆ ਸਾਧਸੰਗੁ ਤਿਸੁ ਭੇਟੈ ਹਰਿ ਰਾਇਆ॥

*(ਬਿਲਾਵਲੁ ਮ: ੫, ਪੰਨਾ-੮੧੨)*

ਯਥਾ — ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ॥
ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ॥

*(ਸਾਰਗ ਮ: ੫, ਪੰਨਾ-੧੨੦੪)*

ਇਸ ਤੋਂ ਬਾਅਦ ਮਹਾਰਾਜ ਜੀ ਦਾ ਸਰੀਰ ਜ਼ਿਆਦਾ ਢਿੱਲਾ ਹੋ ਗਿਆ। ਕਨਖਲ ਦੇ ਡਾਕਟਰ ਇਲਾਜ ਕਰੀਂ ਜਾ ਰਹੇ ਸਨ ਲੇਕਿਨ ਕੋਈ ਫਰਕ ਨਹੀਂ ਸੀ ਪੈ ਰਿਹਾ। ਆਖਰ ਮੰਗਲਵਾਰ ਵਾਲੇ ਦਿਨ ਆਪ ਜੀ ਸਵੇਰੇ ਇਸ਼ਨਾਨ ਕਰਕੇ ਮੰਜੇ ਉਪਰ ਲੇਟ ਗਏ, ਸੇਵਾਦਾਰ ਨੂੰ ਹੁਕਮ ਕੀਤਾ, ਜਪੁਜੀ ਸਾਹਿਬ ਦਾ ਪਾਠ ਸੁਣਾਉ। ਸੇਵਾਦਾਰ ਨੇ ਬੜੇ ਪ੍ਰੇਮ ਨਾਲ ਪਾਠ ਕੀਤਾ, ਪਾਠ ਪੂਰਾ ਹੋਣ ਤੋਂ ਬਾਅਦ ਆਪ ਜੀ ਨੇ ਗੁਰਬਾਣੀ ਦੀ ਇਕ ਪੰਕਤੀ ਉਚਾਰਨ ਕੀਤੀ—

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥
ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ॥

*(ਸਲੋਕ ਮ: ੯, ਪੰਨਾ-੧੪੨੯)*

ਇਹ ਪੰਕਤੀ ਉਚਾਰਨ ਤੋਂ ਬਾਅਦ ਆਪ ਜੀ ਨੇ ਜ਼ਬਾਨ ਬੰਦ ਕਰ ਲਈ ਅਤੇ ਨੇਤਰ ਮੀਟ ਲਏ। ਇਸੇ ਹਾਲਤ ਵਿੱਚ ਮੰਗਲਵਾਰ ਅਤੇ ਬੁੱਧਵਾਰ ਦਾ ਦਿਨ ਬਤੀਤ ਹੋ ਗਿਆ। ਦੋ ਦਿਨ ਨੇਤਰ ਨਾ ਖੋਲ੍ਹੇ, ਨਾ ਜ਼ਬਾਨ ਹਿਲਾਈ। ਐਸੀ ਹਾਲਤ ਦੇਖਕੇ ਸੇਵਕਾਂ ਵੱਲੋਂ ਅੰਮ੍ਰਿਤਸਰ, ਲਾਹੌਰ, ਕਰਾਚੀ ਅਤੇ ਹੈਦਰਾਬਾਦ ਆਦਿਕ ਥਾਵਾਂ ਤੇ ਪ੍ਰੇਮੀਆਂ ਨੂੰ ਤਾਰਾਂ ਦੇ ਦਿੱਤੀਆਂ ਗਈਆਂ। ਪਤਾ ਲਗਣ ਤੇ ਪ੍ਰੇਮੀ ਸੰਗਤਾਂ ਕਨਖਲ ਵੱਲ ਨੂੰ ਚੱਲ ਪਈਆਂ। ਕੁਝ ਕੁ ਪ੍ਰੇਮੀ ਵੀਰਵਾਰ ਵਾਲੇ ਦਿਨ ਕਨਖਲ ਪਹੁੰਚ ਵੀ ਗਏ, ਪ੍ਰੰਤੂ ਮਹਾਰਾਜ ਜੀ ਨੇ ਨਾ ਨੇਤਰ ਖੋਲ੍ਹੇ ਅਤੇ ਨਾ ਹੀ ਕਿਸੇ ਨਾਲ ਗੱਲ ਕੀਤੀ। ਵੀਰਵਾਰ ਵਾਲੇ ਦਿਨ ਸ਼ਾਮ ਦੇ ਅੱਠ ਵਜੇ ਸੁਆਸ ਕੁਝ ਤੇਜ਼ੀ ਨਾਲ ਚੱਲਣ ਲੱਗੇ, ਤਾਂ ਇਕ ਸੰਤ ਨੇ ਕਿਹਾ ਕਿ ਮੁੱਖ ਵਿੱਚ ਥੋੜ੍ਹਾ ਪਾਣੀ ਪਾ ਦਿਉ। ਤਿੰਨ ਦਿਨ ਜ਼ਬਾਨ ਬੰਦ ਰੱਖਣ ਤੋਂ ਬਾਅਦ ਅਚਾਨਕ ਆਪ ਜੀ ਦੇ ਪਵਿੱਤਰ ਬੁੱਲ੍ਹਾਂ ਵਿੱਚੋਂ ਆਵਾਜ਼ ਆਈ, ਅਜੇ ਨਹੀਂ। ਉਸ ਤੋਂ ਅੱਧਾ ਘੰਟਾ ਬਾਅਦ ਸੁਆਸਾਂ ਵਿੱਚ ਹੋਰ ਤੇਜ਼ੀ ਆ ਗਈ। ਜਦ ਹਾਲਤ ਜ਼ਿਆਦਾ

* *ਪਤਾ ਲੱਗਿਆ ਹੈ ਉਹ ਮਸ਼ੀਨ ਅਤੇ ਜੱਗ ਦੇਹਰਾਦੂਨ ਭਾਈ ਸਾਹਿਬ ਦੇ ਅਸਥਾਨ ਤੇ ਅਜੇ ਵੀ ਪਿਆ ਹੈ ਅਤੇ ਭਾਈ ਸਾਹਿਬ ਦੀ ਜੀਵਣ-ਪੋਥੀ (ਗੁਰਮੁਖ ਜੀਵਣ) ਵਿੱਚ ਵੀ ਇਸ ਘਟਨਾ ਦਾ ਜ਼ਿਕਰ ਹੈ।*

ਵਿਗੜਣੀ ਸ਼ੁਰੂ ਹੋਈ ਤਾਂ ਉਸੇ ਸੰਤ ਨੇ ਫਿਰ ਆਖਿਆ ਕਿ ਮੁੱਖ ਵਿੱਚ ਥੋੜ੍ਹਾ ਪਾਣੀ ਪਾਉ, ਤਾਂ ਕਿ ਸੁਆਸ ਕੁਝ ਟਿਕ ਜਾਣ। ਬੱਸ ਜਿਸ ਵਕਤ ਪਵਿੱਤਰ ਮੁੱਖ ਵਿੱਚ ਪਾਣੀ ਪਾਇਆ, ਤਾਂ ਉਸੇ ਵਕਤ ਪ੍ਰਾਣਾਂ ਦੀ ਗਤੀ ਬੰਦ ਹੋ ਗਈ। ਆਪਣੇ ਨਿੱਜ ਸਰੂਪ ਪਰਮਾਤਮ ਦੇਵ ਵਿੱਚ ਤਾਂ ਪਹਿਲਾਂ ਹੀ ਇਉਂ ਲੀਨ ਸਨ।

**ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥**

**ਮਿਟਿ ਗਏ ਗਵਨ ਪਾਏ ਬਿਸ੍ਰਾਮ॥ ਨਾਨਕ ਪ੍ਰਭ ਕੈ ਸਦ ਕੁਰਬਾਨ॥**

*(ਗ: ਸੁਖਮਨੀ ਸਾਹਿਬ, ਪੰਨਾ—੨੭੮)*

ਲੇਕਿਨ ਆਪ ਨੂੰ ਸ਼ਰੀਰ ਰੂਪੀ ਉਪਾਧੀ ਦਾ ਤਿਆਗ ਕਰਨ ਲਈ ਗਿਆਰਾਂ ਅਸੂ, ਅਸੂ ਵਦੀ ਬਾਰਾਂ, ਦਿਨ ਵੀਰਵਾਰ, ਮਹੀਨਾ ਸਤੰਬਰ 1937 ਈ: ਨੂੰ ਸ਼ਾਮ ਦੇ ਅੱਠ ਵਜ ਕੇ ਪੈਂਤੀ ਮਿੰਟ ਦਾ ਸਮਾਂ ਹੀ ਪਿਆਰਾ ਲੱਗਿਆ।

ਸੇਵਕਾਂ ਨੇ ਸ਼ਾਂਤ ਸਰੀਰ ਨੂੰ ਇਸ਼ਨਾਨ ਕਰਾਕੇ, ਨਵੇਂ ਵਸਤਰ ਆਦਿ ਪਹਿਣਾ ਕੇ, ਦੀਵਾਰ ਦੇ ਸਹਾਰੇ ਇਕ ਗੱਦੀ ਤੇ ਸਿਧਾਸਣ ਲਗਾ ਕੇ ਐਸੇ ਬਿਠਾਇਆ, ਜਿਵੇਂ ਸਮਾਧੀ ਇਸਥਿਤ ਹੋਣ। ਨੇਤਰ ਅਤੇ ਅੱਖਾਂ ਪਹਿਲਾਂ ਹੀ ਬੰਦ ਸਨ। ਸਾਰੀ ਰਾਤ ਕੀਰਤਨ ਅਤੇ ਸੁਖਮਨੀ ਸਾਹਿਬ ਦਾ ਪਾਠ ਹੁੰਦਾ ਰਿਹਾ। ਪ੍ਰੇਮੀ ਸੰਗਤਾਂ ਨੂੰ ਕਲਕੱਤਾ, ਕੋਲੰਬੋ, ਲਾਹੌਰ, ਕਰਾਚੀ ਅਤੇ ਹੈਦਰਾਬਾਦ ਆਦਿਕ ਥਾਵਾਂ ਤੇ ਤਾਰਾਂ ਦੇ ਦਿੱਤੀਆਂ ਗਈਆਂ। ਇਨ੍ਹਾਂ ਵਿੱਚੋਂ ਕੁਝ ਪ੍ਰੇਮੀ ਰਾਤੋ-ਰਾਤ ਪਹੁੰਚ ਵੀ ਗਏ। ਆਪ ਜੀ ਦੇ ਪਿਆਰੇ ਸਿਸ਼ ਜਿਵੇਂ ਮਹਾਰਾਜ ਨਿੱਕਾ ਸਿੰਘ ਜੀ ਵਿਰੱਕਤ, ਸੰਤ ਮਾਨ ਸਿੰਘ ਜੀ, ਗਿਆਨੀ ਬਲਵੰਤ ਸਿੰਘ ਜੀ, ਸੰਤ ਦੇਵਾ ਸਿੰਘ ਜੀ, ਸੰਤ ਖੀਵਨ ਸਿੰਘ ਜੀ, ਸੰਤ ਕਰਤਾਰ ਸਿੰਘ ਜੀ, ਸੰਤ ਈਸ਼ਵਰ ਸਿੰਘ ਜੀ, ਸੰਤ ਲਾਭ ਸਿੰਘ ਜੀ, ਪੰਡਿਤ ਅਰਜਨ ਸਿੰਘ ਜੀ ਭਿਖਸ਼ੂ ਅਤੇ ਮਹੰਤ ਆਤਮਾ ਸਿੰਘ ਜੀ ਆਦਿਕ ਸੰਤ ਪਹਿਲਾਂ ਹੀ ਸੇਵਾ ਵਿੱਚ ਹਾਜ਼ਰ ਸਨ। ਬਾਬਾ ਜੀ ਦੇ ਪਰਲੋਕ ਗਵਨ ਦੀ ਖਬਰ ਸਪਤ ਸਰੋਵਰ ਅਤੇ ਰਿਸ਼ੀਕੇਸ਼ ਤੱਕ ਪਹੁੰਚ ਗਈ। ਦੂਸਰੇ ਦਿਨ ਇਕ ਅਕਤੂਬਰ 1937 ਈ: ਵਾਲੇ ਦਿਨ ਨਿਰਮਲ ਪੰਚਾਇਤੀ ਅਖਾੜਾ, ਸਪਤ ਸਰੋਵਰ ਅਤੇ ਰਿਸ਼ੀਕੇਸ਼ ਤੋਂ ਵੱਡੀ ਗਿਣਤੀ ਵਿੱਚ ਸਾਧੂ ਮਹਾਤਮਾ ਨਿਰਮਲ ਬਾਗ ਕਨਖਲ ਪਹੁੰਚ ਗਏ। ਪਵਿੱਤਰ ਸਰੀਰ ਦੀ ਅੰਤਿਮ ਯਾਤਰਾ ਲਈ ਇਕ ਬਹੁਤ ਸੁੰਦਰ ਪਾਲਕੀ ਬਣਾ ਕੇ, ਉਸਨੂੰ ਬਹੁਤ ਅੱਛੇ ਵਸਤਰ ਅਤੇ ਫੁੱਲਾਂ ਨਾਲ ਸਜਾ ਕੇ ਇਕ ਬਹੁਤ ਕੀਮਤੀ ਸੋਨੇ ਰੰਗਾ ਰੁਮਾਲਾ ਪਾਇਆ ਗਿਆ। ਉਸ ਤੋਂ ਬਾਅਦ ਨਿਰਮਲ ਪੰਚਾਇਤੀ ਅਖਾੜੇ ਵੱਲੋਂ ਦੁਸ਼ਾਲਾ ਪਹਿਨਾਇਆ, ਫਿਰ ਡੇਰਿਆਂ ਦੇ ਸੰਤਾਂ ਮਹੰਤਾਂ ਅਤੇ ਗ੍ਰਹਿਸਤੀ ਪ੍ਰੇਮੀਆਂ ਵੱਲੋਂ ਰੁਮਾਲੇ ਅਤੇ ਫੁੱਲਾਂ ਦੀਆਂ ਮਾਲਾਂ ਅਰਪਨ ਕੀਤੀਆਂ ਗਈਆਂ। ਉਪਰੰਤ ਪਾਲਕੀ ਨੂੰ ਦਰਬਾਰ ਸਾਹਿਬ ਦੇ ਸਾਹਮਣੇ ਰੱਖਕੇ ਯਾਤਰਾ ਸ਼ੁਰੂ ਕਰਨ ਦੀ ਅਰਦਾਸ ਕੀਤੀ ਗਈ, ਅਰਦਾਸ ਹੁਕਮਨਾਮੇ ਤੋਂ ਬਾਅਦ ਸੰਤ ਮਹਾਤਮਾ ਨੇ ਪਾਲਕੀ ਨੂੰ ਮੋਢਾ ਲਾ ਕੇ ਯਾਤਰਾ ਸ਼ੁਰੂ ਕੀਤੀ। ਉਸ ਵੱਡੇ ਜਲੂਸ ਦੇ ਅੱਗੇ-ਅੱਗੇ ਬੈਂਡ-ਵਾਜੇ ਵੱਜਦੇ ਜਾ ਰਹੇ ਸਨ, ਬੈਂਡ ਦੇ ਪਿੱਛੇ ਵਿਦਿਆਰਥੀ ਸੋਨੇ ਦੀਆਂ ਗੁਰਜਾਂ ਲਾਠੀਆਂ ਲੈ ਕੇ ਚੱਲਦੇ ਸਨ। ਉਨ੍ਹਾਂ ਤੋਂ ਪਿੱਛੇ ਸੰਤ ਲੋਕ ਪਾਲਕੀ ਉਠਾ ਕੇ ਸਹਿਜੇ-ਸਹਿਜੇ ਚੱਲਦੇ ਸਤਿਨਾਮ ਦਾ ਜਾਪ ਕਰਦੇ ਹੋਏ ਜਾ ਰਹੇ ਸਨ। ਮਰਿਆਦਾ ਅਨੁਸਾਰ ਸਾਧੂ ਮਹਾਤਮਾ ਪਾਲਕੀ ਉਪਰ ਫੁੱਲ ਵਰਸਾ ਰਹੇ ਸਨ, ਲੇਕਿਨ ਕੁਝ ਸਿੰਧੀ ਪ੍ਰੇਮੀ ਪੈਸਿਆਂ ਦੀ ਵਰਖਾ ਕਰਦੇ ਜਾ ਰਹੇ ਸਨ। ਇਸ ਪ੍ਰਕਾਰ ਜਲੂਸ ਸ਼ਹਿਰ ਦੇ ਬਾਜ਼ਾਰਾਂ ਵਿੱਚ ਹੀ ਹੁੰਦਾ ਹੋਇਆ, ਗੰਗਾ ਤੱਟ ਦੇ ਪ੍ਰਸਿੱਧ ਅਸਥਾਨ ਨੀਲਧਾਰਾ ਤੇ ਪਹੁੰਚ ਗਿਆ। ਇਥੇ ਪਹੁੰਚਕੇ ਕੀਰਤਨ ਸੋਹਿਲੇ ਦੇ ਪਾਠ ਉਪਰੰਤ ਅਰਦਾਸ ਕਰਕੇ ਉਸ ਪਾਵਨ ਪਵਿੱਤਰ ਸਰੀਰ ਨੂੰ ਦੇਵਨਦੀ ਗੰਗਾ ਦੀ ਗੋਦ ਵਿੱਚ ਸਦਾ-ਸਦਾ ਲਈ ਅਰਪਨ ਕਰ ਦਿੱਤਾ।

ਗੁਰੂ ਘਰ ਦੀ ਮਰਿਆਦਾ ਅਨੁਸਾਰ ਉਸੇ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦਾ ਸਹਿਜ ਪਾਠ ਆਰੰਭ ਕੀਤਾ ਗਿਆ। ਸਾਧੂ ਮਹਾਤਮਾ ਨੇ ਮਿਲ ਕੇ ਬੜੇ ਪ੍ਰੇਮ ਨਾਲ ਸਹਿਜੇ-ਸਹਿਜੇ ਪਾਠ ਕੀਤਾ, ਅਤੇ ਪੰਦਰਾਂ ਦਿਨਾਂ ਬਾਅਦ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਕੇ ਸਤਾਰਵੇਂ ਦਿਨ ਭੋਗ ਪਾਏ ਗਏ। ਭੋਗ ਦੇ ਸਮੇਂ ਭਾਈ ਕਾਹਨ ਸਿੰਘ ਨਾਭਾ, ਭਾਈ ਅਰਜਨ ਸਿੰਘ ਬਾਗੜੀਆਂ ਆਦਿਕ ਵੱਡੇ-ਵੱਡੇ ਵਿਦਵਾਨ ਪਹੁੰਚੇ ਹੋਏ ਸਨ। ਸਭ ਨੇ ਆਪਣੇ-ਆਪਣੇ ਵਿਚਾਰਾਂ ਮੁਤਾਬਿਕ ਮਹਾਰਾਜ ਮਹੰਤ ਬਾਬਾ ਬੁੱਢਾ ਸਿੰਘ ਜੀ ਦੇ ਪਵਿੱਤਰ ਜੀਵਨ ਤੇ ਰੋਸ਼ਨੀ ਪਾਉਂਦਿਆਂ ਭਾਰੀ ਜਸ ਕੀਤਾ, ਉਪਰੰਤ ਗੁਰੂ ਕੇ ਲੰਗਰ ਦੇ ਖੁੱਲ੍ਹੇ ਭੰਡਾਰੇ ਵਰਤਾਏ ਗਏ।

## ਮਹੰਤ ਬਾਬਾ ਬੁੱਢਾ ਸਿੰਘ ਜੀ ਦੀ ਯਾਦ ਵਿੱਚ ਸਿੰਧੀ ਪ੍ਰੇਮੀਆਂ ਵੱਲੋਂ

## ਕੁਝ ਸਰਧਾ ਦੇ ਫੁੱਲ

1. ਬਾਬਾ ਬੁੱਢਾ ਸਿੰਘ ਮਹਾਰਾਜ ਦੀ ਯਾਦ ਵਿੱਚ ਸਿੰਧੀ ਪ੍ਰੇਮੀਆਂ ਵੱਲੋਂ ਪਿਆਰ ਵਿੱਚ ਭਿੱਜ ਕੇ ਲਿਖੇ ਕੁਝ ਬੰਦ।

ਸਤਿਗੁਰ ਸਚੇ ਪਾਤਸ਼ਾਹ, ਸਚ ਸ਼ਾਹ ਰਖਵਾਲੇ।
ਸਤ ਬਚਨ ਸਤ ਬਾਣੀ, ਸਤ ਮੱਤ ਦੇ ਰਖਵਾਲੇ।
ਸਤ ਉਸਕਾ ਧਰਮ ਥਾ, ਸਤ ਉਸਕਾ ਕਰਮ।
ਸਤ ਜਗਾਨਾ ਅਸੱਤ ਮਿਟਾਨਾ, ਲੀਆ ਪੁਰਸ਼ ਜਨਮ।
ਗੁਰ ਕੀ ਬਾਣੀ ਦੇਸ ਫੈਲਾਈ, ਲਾਖੋਂ ਸੇਵਕ ਬਣਾਏ।
ਅਨਜਾਣੋ ਕੋ ਸਮਝ ਦੇ ਕਰ, ਨਾਮ ਕੇ ਪ੍ਰੇਮੀ ਬਣਾਏ।
ਕਹਾ ਰਹੋ ਗ੍ਰਹਿਸਤ ਮੇਂ, ਕਰਤੱਬ ਕੀ ਰਖੋ ਸ਼ਾਨ।
ਗ੍ਰਹਿਸਤ ਭਗਤੀ ਸਦਾ ਸਾਥ ਹੈ, ਭੂਲ ਨਾ ਉਨਕਾ ਨਾਮ।
ਲਾਖੋਂ ਦੁਖਈ ਭੂਲੇ ਭਟਕੇ, ਜੋ ਸਦਾ ਸੁਖ ਮੁਹਤਾਜ।
ਬਾਬੇ ਕੇ ਚਰਨੋਂ ਮੇਂ, ਪਾਇਆ ਸੁਖ ਕਾ ਤਾਜ।
ਲਾਖੋਂ ਐਸੇ ਰੋਗੀ ਥੇ, ਹਰ ਹਕੀਮ ਆਏ ਬਾਜ।
ਬਾਬੇ ਕੇ ਸਤ ਬਚਨੋਂ ਨੇ, ਘਰੀ ਮੇਂ ਕੀਆ ਇਲਾਜ।
ਛੋਟੇ ਵੱਡੇ ਬੁੱਢੇ ਬੱਚੇ, ਸਿੱਖਿਆ ਸਭ ਕੋ ਦੇਤੇ।
ਕੈਸੀ ਤਕਲੀਫ ਕਿਉਂ ਨਾ ਹੋ, ਸਭ ਕੇ ਦੁਖ ਦੂਰ ਕਰਤੇ।
ਪ੍ਰਾਰਥਨਾ 'ਵਿਸ਼ੀ' ਉਸੇ ਯਿਹ, ਹਮ ਕੋ ਸ਼ਕਤੀ ਦੇਂ।
ਸਦਾ ਸੱਚ ਰਾਹ ਪੈ ਚਲੇ, ਸਤਿਨਾਮ ਨਾ ਭੂਲੇਂ।

*('ਵਿਸ਼ੀ')*

ਇਹ ਵਿਸ਼ੀ ਨਾਮ ਦਾ ਪ੍ਰੇਮੀ ਪਾਕਿਸਤਾਨ ਬਣਨ ਤੋਂ ਬਾਅਦ ਅੱਜਕੱਲ੍ਹ ਪੂਨੇ ਵਿੱਚ ਵੱਸਦਾ ਹੋਇਆ ਆਪਣੇ ਜੀਵਨ ਨੂੰ ਬਾਬਾ ਬੁੱਢਾ ਸਿੰਘ ਜੀ ਦੀ ਬਖਸ਼ਿਸ਼ ਸਮਝਦਾ ਹੈ, ਇਸ ਲਈ ਉਨ੍ਹਾਂ ਦੀ ਗੱਦੀ ਨਿਰਮਲ ਆਸ਼ਰਮ ਦਾ ਦਿਲੋਂ ਪ੍ਰੇਮੀ ਹੈ।

ਇਕ ਹੋਰ ਸਿੰਧੀ ਪ੍ਰੇਮੀ ਨੇ ਪਿਆਰ ਵਿੱਚ ਆ ਕੇ ਇਹ ਬੰਦ ਛਪਵਾਇਆ।

ਸ੍ਰੀਮਾਨ ੧੦੮ ਸ੍ਰੀ ਸਵਾਮੀ ਬੁੱਢਾ ਸਿੰਘ ਜੀ ਮਹਾਰਾਜ ਰਿਸ਼ੀਕੇਸ਼ ਨਿਵਾਸੀ ਦੇ ਚਰਨਾਂ ਕਮਲਾਂ ਵਿੱਚ ਭੇਟਾ—

ਸਿਫਤ ਕਰਾਂ ਕੀ ਨੂਰੀ ਸਤਾਰਿਆ ਵੇ,
ਸਿਫਤ ਕਰ ਰਿਹਾ ਸਾਰਾ ਸੰਸਾਰ ਤੇਰੀ।
ਤੇਰੀ ਮਾਲਾ ਦਾ ਕਿਸੇ ਨੇ ਕਿਹਾ ਮਣਕਾ,
ਮੰਨੀ ਕਿਸੇ ਨੇ ਨੂਰੀ ਦਸਤਾਰ ਤੇਰੀ।
ਤੇਰੀ ਸਾਦਗੀ ਕਿੰਨੇ ਪ੍ਰਵਾਨ ਕੀਤੀ,
ਲਈ ਨਿਮਰਤਾ ਕਿਸੇ ਵਿਚਾਰ ਤੇਰੀ।
ਮੈਂ ਤਾਂ ਕਵਾਂਗਾ ਇਹ ਸਤਿਗੁਰੂ ਜੀ,
ਸ਼ੋਭਾ ਜਾਪਦੀ ਅਪਰ ਅਪਾਰ ਤੇਰੀ।
ਤੇਰੇ ਮੱਥੇ ਦੇ ਨੂਰ ਵਿੱਚ ਰੱਬ ਚਮਕੇ,
ਬਰਕਤ ਬੁੱਲ੍ਹਾਂ ਦੇ ਵਿੱਚ ਪਈ ਹਸਦੀਏ।
ਤੇਰੇ ਦਿਲ ਤੇ ਦਯਾ ਮੁਕਾਮ ਕੀਤਾ,

ਅਤੇ ਲਛਮੀ ਪੈਰਾਂ ਵਿੱਚ ਵਸਦੀਏ।
ਮੇਰੇ ਨੈਣਾਂ ਦੇ ਨੂਰੀ ਸਤਾਰਿਆ ਵੇ,
ਏਦੂੰ ਵੱਧ ਕੀ ਕਵਾਂ ਮੈਂ ਹੋਰ ਕਿੰਨਾਂ।
ਦਿਲ ਨੇ ਕਿਹਾ ਤੂੰ ਚੰਨ ਹੈ ਚੌਧਵੀ ਦਾ,
ਇਹਨੂੰ ਕਵਾਂ ਫਿਰ ਦਸ ਚਕੋਰ ਕਿੰਨਾਂ।
ਦਾਤਾ ਦੁਨੀਆਂ ਦਾ ਦਿਲ ਚੁਰਾ ਲਿਆ ਤੂੰ,
ਤੈਨੂੰ ਕਵਾਂ ਫਿਰ ਦਿਲਾਂ ਦਾ ਚੋਰ ਕਿੰਨਾਂ।
ਲਿਆਈਂ ਦਿਲ ਤੇ ਦਿਲ ਕੋਲ ਰੱਖੀਂ,
ਦਿਲ ਦਿਲ ਦੇ ਕੋਲੋਂ ਨਾ ਦੂਰ ਕਰ ਲਈਂ।
ਪ੍ਰੀਤਮ ਦੇ ਲਿਖੇ ਹੋਏ ਪ੍ਰੇਮ ਪਯਾਰ ਦੇ ਬੰਦ ਦਾਤਾ,
ਹਸ ਕੇ ਨਾਲੇ ਮਨਜ਼ੂਰ ਕਰ ਲਈਂ।
ਇਕ ਨਹੀਂ ਅਨੇਕਾਂ ਤੋਂ ਮੈਂ ਸੁਣਿਆ,
ਹਰ ਇਕ ਦਾ ਕਰੇ ਸਵਾਲ ਪੂਰਾ।
ਕਰੇ ਉਸਦਾ ਤੁਧਦੇ ਕੋਲ ਜਿਹੜਾ,
ਦੱਸੇ ਦਿਲ ਦਾ ਖੋਲ੍ਹ ਹਵਾਲ ਪੂਰਾ।
ਤਕਾਂ ਤੱਕਦੇ ਨੂੰ ਆਹ ਦਿਨ ਆਏ ਮੈਨੂੰ,
ਬਾਬਾ ਬੁੱਢਾ ਸਿੰਘ ਜੀ ਬੇੜਾ ਕਰ ਪਾਰ ਪੂਰਾ।

*(ਭੇਟਾ ਪ੍ਰੀਤਮ ਦਾਸ ਬੇਲਾਨੀ)*

ਇਹ ਸਿੰਧੀ ਪ੍ਰੇਮੀ ਜਿਸ ਦਾ ਨਾਂ ਪ੍ਰੀਤਮ ਦਾਸ ਬੇਲਾਨੀ ਸੀ ਅਤੇ ਬਾਬਾ ਬੁੱਢਾ ਸਿੰਘ ਜੀ ਦਾ ਅਨੰਨ ਸੇਵਕ ਸੀ, ਖੁਦ ਤਾਂ ਗੁਜ਼ਰ ਚੁੱਕਿਆ ਹੈ ਉਸਦਾ ਬੇਟਾ ਗੁਰਬਖ਼ਸ਼ ਬੇਲਾਨੀ ਬੰਬਈ ਵਰਲੀ ਵਿਖੇ ਰਹਿੰਦਾ ਹੈ। ਇਹ ਸੱਜਣ ਗੁਰਬਾਣੀ ਦਾ ਬਹੁਤ ਪ੍ਰੇਮੀ ਆਸ਼ਰਮ ਅਤੇ ਮਹਾਂਪੁਰਸ਼ਾਂ ਨਾਲ ਪੂਰਨ ਤੌਰ ਤੇ ਜੁੜਿਆ ਹੋਇਆ, ਗ੍ਰਹਿਸਤ ਵਿੱਚ ਰਹਿ ਕੇ ਪਰਮਾਰਥਕ ਲਗਨ ਦੁਆਰਾ ਜੀਵਨ ਬਤੀਤ ਕਰ ਰਿਹਾ ਹੈ।

## ਮਹੰਤ ਬਾਬਾ ਬੁੱਢਾ ਸਿੰਘ ਜੀ ਦੀਆਂ ਸੰਖੇਪ ਜੀਵਣ ਝਲਕਾਂ

- ਆਪ ਜੀ ਦਾ ਜਨਮ 1861 ਈਸਵੀ ਵਿੱਚ ਪਿੰਡ ਹੱਲੋਵਾਲ ਜ਼ਿਲ੍ਹਾ ਸਿਆਲਕੋਟ, ਪਿਤਾ ਪ੍ਰਤਾਪ ਸਿੰਘ ਦੇ ਘਰ ਮਾਤਾ ਸੰਤੋ ਦੀ ਕੁੱਖੋਂ ਹੋਇਆ।
- 1871 ਈ: ਵਿੱਚ ਬਾਬਾ ਧਰਮ ਸਿੰਘ ਸਮਾਧੀ ਵਾਲਿਆਂ ਦੀ ਸ਼ਰਣ ਵਿੱਚ ਆਏ।
- 1883 ਈ: ਵਿੱਚ ਕਾਸ਼ੀ ਪੜ੍ਹਣ ਗਏ।
- 1885 ਈ: ਵਿੱਚ ਕਾਸ਼ੀ ਤੋਂ ਵਾਪਸ ਆਏ।
- 1890 ਈ: ਦੇ ਕਰੀਬ ਗੁਰਬਾਣੀ ਦਾ ਪ੍ਰਚਾਰ ਕਰਨ ਲਈ ਯਾਤਰਾ ਸ਼ੁਰੂ ਕੀਤੀ।
- 1896 ਈ: ਵਿੱਚ ਅਖਾੜੇ ਵੱਲੋਂ ਚੱਲ ਰਹੀ ਧਰਮ ਪ੍ਰਚਾਰ ਮੰਡਲੀ ਰੰਮਤ ਦੇ ਮੁੱਖੀਆ ਮਹੰਤ ਬਣੇ।
- 1897 ਈ: ਵਿੱਚ ਉਜੈਨ ਕੁੰਭ ਉਪਰ ਆਪ ਦੇ ਪ੍ਰਭਾਵਸ਼ਾਲੀ ਵਖਿਆਨ ਤੋਂ ਤਿੰਨ ਰਿਆਸਤਾਂ ਇੰਦੌਰ, ਉਜੈਨ ਅਤੇ ਗਵਾਲੀਅਰ ਦੇ ਰਾਜੇ ਪ੍ਰਭਾਵਿਤ ਹੋਏ।
- 1900 ਈ: ਵਿੱਚ ਸ੍ਰੀ ਨਿਰਮਲ ਆਸ਼ਰਮ ਰਿਸ਼ੀਕੇਸ਼ ਦੀ ਨੀਂਹ ਰੱਖੀ।
- 1907 ਈ: ਵਿੱਚ ਮਹੰਤ ਆਤਮਾ ਸਿੰਘ ਜੀ ਆਪ ਦੀ ਸ਼ਰਣ ਵਿੱਚ ਆਏ।
- 1908 ਈ: ਵਿੱਚ ਰੰਮਤ ਦੇ ਮੁੱਖੀਆ ਪਦ ਤੋਂ ਅਸਤੀਫਾ ਦੇ ਦਿੱਤਾ। ਇਸ ਪ੍ਰਕਾਰ ਬਾਰਾਂ ਸਾਲ ਨਿਰਮਲ ਪੰਥ ਦੀ ਨਿਰਚਾਹ ਹੋ ਕੇ ਨਿਰੰਤਰ ਸੇਵਾ ਕੀਤੀ।



ਪੂਜਨੀਕ ਮਹੰਤ ਬੁੱਢਾ ਸਿੰਘ ਜੀ ਕੁਝ ਸਤਿਕਾਰਯੋਗ ਹਸਤੀਆਂ ਦੇ ਨਾਲ
ਐਸ. ਐਸ. ਚਰਨ ਸਿੰਘ ਸ਼ਹੀਦ, ਭਾਈ ਕਾਹਨ ਸਿੰਘ ਨਾਭਾ, ਬਾਬੂ ਫੀਰੋਜ਼ਦੀਨ 'ਸ਼ਰਫ', ਸ੍ਰ: ਮੁਕੰਦ ਸਿੰਘ ਅਤੇ ਸ੍ਰ: ਧਰਮ ਸਿੰਘ

- 1911 ਈ: ਵਿੱਚ ਨਿਰਮਲ ਬਾਗ ਕਨਖਲ ਸਥਾਪਨ ਕੀਤਾ।
- 1923 ਈ: ਵਿੱਚ ਕਨਖਲ ਵਾਲੇ ਬਾਗ ਵਿੱਚ ਔਲੇ ਦੇ ਦਰਖਤ ਲਗਵਾਏ।
- 1924 ਈ: ਵਿੱਚ ਕਾਸ਼ੀ ਵਿਖੇ ਸੰਗਤ ਗਿਆਨ ਗੁਫਾ ਆਸ਼ਰਮ ਸਥਾਪਤ ਕੀਤਾ।
- 1927 ਈ: ਵਿੱਚ ਸੰਤ ਬਾਬਾ ਨਿੱਕਾ ਸਿੰਘ ਜੀ ਆਪ ਦੀ ਸ਼ਰਨ ਵਿੱਚ ਆਏ।
- 1931 ਈ: ਵਿੱਚ ਸੰਤ ਆਤਮਾ ਸਿੰਘ ਜੀ ਨੂੰ ਮਹੰਤੀ ਦੀ ਪੱਗ ਦਿੱਤੀ।
- 1932 ਈ: ਵਿੱਚ ਮਨਸੂਰੀ ਵਾਲਾ ਆਸ਼ਰਮ ਸਥਾਪਨ ਹੋਇਆ।
- ਆਪ ਜੀ ਜਦੋਂ ਸਿੰਧ ਵਿੱਚ ਜਾਂਦੇ ਤਾਂ ਪਹਿਲਾਂ-ਪਹਿਲਾਂ ਸਿੰਧੀ ਪ੍ਰੇਮੀ ਆਪ ਜੀ ਨੂੰ ਸਟੇਸ਼ਨ ਤੋਂ ਚਾਰ-ਛੇ ਘੋੜਿਆਂ ਵਾਲੀ ਬੱਘੀ ਵਿੱਚ ਸ਼ਹਿਨਸ਼ਾਹਾਂ ਦੀ ਤਰ੍ਹਾਂ ਲੈ ਕੇ ਜਾਂਦੇ ਸਨ। 1927-28 ਤੋਂ ਬਾਅਦ ਕਾਰ ਵਿੱਚ ਲੈ ਕੇ ਜਾਂਦੇ ਰਹੇ।
- ਸਟੇਸ਼ਨ ਦੇ ਪਲੇਟ ਫਾਰਮ ਤੋਂ ਕਾਰ ਤੱਕ ਚਿੱਟੇ ਕੱਪੜੇ ਦਾ ਥਾਨ ਵਿਛਾਉਂਦੇ, ਉਸਦੇ ਉਪਰ ਆਪ ਚੱਲਦੇ। ਪਿੱਛੇ-ਪਿੱਛੇ ਪ੍ਰੇਮੀ ਇਕੱਠਾ ਕਰ ਲੈਂਦੇ।
- ਇਕ ਸਿੰਧੀ ਪ੍ਰੇਮੀ ਸ੍ਰੀ ਠਾਕੁਰ ਦਾਸ ਮਨਸੁਖਾਨੀ ਜੋ ਕਿ ਸਿੰਧ ਹੈਦਰਾਬਾਦ ਤੋਂ ਆ ਕੇ ਅੱਜ ਕੱਲ ਵਡੇਰੀ ਉਮਰ ਵਿੱਚ ਆਪਣੇ ਪਰਿਵਾਰ ਸਮੇਤ ਬੰਬਈ ਦੇ ਸੱਤ ਬੰਗਲਾ ਏਰੀਏ ਵਿੱਚ ਵੱਸਦਾ ਹੈ, ਨੇ ਦੱਸਿਆ ਕਿ ਇਕ ਦਫਾ ਮੈਂ ਪੜ੍ਹਣ ਜਾ ਰਿਹਾ ਸੀ, ਸਵੇਰੇ-ਸਵੇਰੇ ਹੈਦਰਾਬਾਦ ਸਟੇਸ਼ਨ ਤੇ ਕਾਫੀ ਲੋਕ ਹੱਥਾਂ ਵਿੱਚ ਹਾਰ ਅਤੇ ਫੁੱਲ ਲਈ ਖੜੇ ਸਨ। ਮੇਰੇ ਪੁੱਛਣ ਤੇ ਉਨ੍ਹਾਂ ਨੇ ਦੱਸਿਆ ਕਿ ਰਿਸ਼ੀਕੇਸ਼ ਤੋਂ ਮਹੰਤ ਬਾਬਾ ਬੁੱਢਾ ਸਿੰਘ ਜੀ ਮਹਾਰਾਜ ਆ ਰਹੇ ਹਨ, ਤਾਂ ਮੈਂ ਵੀ ਰੁਕ ਗਿਆ। ਇਤਨੇ ਨੂੰ ਗੱਡੀ ਸਟੇਸ਼ਨ ਤੇ ਆ ਰੁਕੀ, ਡੱਬੇ ਵਿੱਚੋਂ ਇੱਕ ਬਹੁਤ ਨੂਰਾਨੀ ਚਿਹਰੇ ਵਾਲੇ ਮਹਾਂਪੁਰਖ ਉਤਰੇ ਤਾਂ ਸੰਗਤਾਂ ਨੇ ਜ਼ੋਰ-ਜ਼ੋਰ ਦੀ ਜੈਕਾਰੇ ਛੱਡੇ ਅਤੇ ਫੁੱਲਾਂ ਦੀ ਵਰਖਾ ਕੀਤੀ, ਗਲੇ ਵਿੱਚ ਹਾਰ ਪਾਏ, ਇਤਨੇ ਨੂੰ ਕੋਰੇ ਲੱਠੇ ਦਾ ਥਾਨ ਰੇਲਵੇ ਦੇ ਡੱਬੇ ਤੋਂ ਸਾਰੇ ਪਲੇਟਫਾਰਮ ਦੇ ਉਪਰ ਬਾਹਰ ਖੜੀ ਕਾਰ ਤੱਕ ਵਿਛਾਇਆ ਗਿਆ। ਬਾਬਾ ਬੁੱਢਾ ਸਿੰਘ ਜੀ ਮਹਾਰਾਜ ਉਸ ਕੱਪੜੇ ਪਰ ਚੱਲਕੇ ਕਾਰ ਵਿੱਚ ਸੁਸ਼ੋਭਿਤ ਹੋਏ, ਮਨਸੁਖਾਨੀ ਨੇ ਦੱਸਿਆ ਕਿ ਮੈਂ ਪਹਿਲੀ ਵਾਰ ਦਰਸ਼ਨ ਕੀਤੇ ਸਨ, ਇਹ ਗੱਲ ਗਾਲਬਨ 1935-1936 ਈ: ਦੀ ਹੈ।
- 1934 ਈ: ਨੂੰ ਨਿਰਮਲ ਆਸ਼ਰਮ ਦੀ ਸਾਰੀ ਜਾਇਦਾਦ ਦਾ ਇੱਕ ਟਰਸਟ ਬਣਾਇਆ।
- 30 ਸਿਤੰਬਰ 1937 ਨੂੰ ਸਚਖੰਡ ਜਾ ਬਿਰਾਜਮਾਨ ਹੋਏ।
- ਆਪ ਜੀ ਵੀਹ ਵਾਰ ਸਿੰਧ ਗਏ, ਨੌਂ ਵਾਰ ਮਨਸੂਰੀ ਅਤੇ ਤਿੰਨ ਵਾਰ ਸ਼ਿਮਲੇ।

## ਵਿਸ਼ੇਸ਼

ਮਹੰਤ ਬਾਬਾ ਬੁੱਢਾ ਸਿੰਘ ਮਹਾਰਾਜ ਜੀ ਦਾ ਸੰਖੇਪ ਜਿਹਾ ਜੀਵਨ ਵਿਰਤਾਂਤ ਪੜ੍ਹ ਸੁਣਕੇ ਕੁਝ ਦਾਨੇ ਸੱਜਣਾ ਨੂੰ ਸ਼ੰਕਾ ਪੈਦਾ ਹੋ ਸਕਦਾ ਹੈ ਕਿ ਸੰਤ ਜੀ ਸ਼ਾਇਦ ਕਰਾਮਾਤੀ ਸਨ। ਪ੍ਰੇਮੀਆਂ ਦਾ ਇਹ ਸ਼ੰਸਾ ਨਿਰਮੂਲ ਹੈ ਕਿਉਂਕਿ ਜਿਹੜਾ ਦਰਿਆ ਅਨੇਕਾਂ ਪਰਬਤਾਂ ਨਾਲ ਟਕਰਾ ਕੇ ਥਲਾਂ ਵਿੱਚ ਰੇਤ ਦੇ ਟਿੱਬਿਆਂ ਨੂੰ ਚੀਰਦਾ ਹੋਇਆ ਯਾਨੀ ਅਨੰਤ ਪ੍ਰਕਾਰ ਦੇ ਕਸ਼ਟ ਸਹਾਰ ਕੇ ਆਪਣੇ ਸਹੁ-ਸਮੁੰਦਰ ਵਿੱਚ ਜਾ ਮਿਲਿਆ ਉਹ ਵਾਪਸ ਮੁੜਕੇ ਕਦ ਦੇਖਦਾ ਹੈ ਕਿ ਮੇਰੇ ਵਿੱਚੋਂ ਪਾਣੀ ਪੀ ਕੇ ਕਿੰਨੇ ਜੀਵ ਪਿਆਸ ਬੁਝਾਉਂਦੇ ਹਨ ਅਤੇ ਕਿੰਨੇ ਇਸ਼ਨਾਨ ਆਦਿ ਦਾ ਲਾਭ ਉਠਾਉਂਦੇ ਹਨ? ਉਹ ਤਾਂ ਮਹਾਨ ਸਮੁੰਦਰ ਵਿੱਚ ਮਿਲਕੇ ਉਸਦਾ ਰੂਪ ਹੀ ਹੋ ਗਿਆ, ਉਸਦੀ ਨਜ਼ਰ ਵਿੱਚ ਹੁਣ ਸਮੁੰਦਰ ਅਤੇ ਵਿੱਚ ਵਸਣ ਵਾਲੇ ਜੀਵ ਅਲੱਗ ਨਹੀਂ ਰਹਿ ਗਏ। ਇਸੀ ਪ੍ਰਕਾਰ ਜਿਸ ਪੁਰਸ਼ ਨੇ, ਪੁਰਸ਼ਾਰਥ ਅਤੇ ਗੁਰੂ ਕ੍ਰਿਪਾ ਦੁਆਰਾ ਆਪਣੀ ਹਉਂ ਦਾ ਪੂਰਨ ਤੌਰ ਤੇ ਅਭਾਵ ਕਰਕੇ ਅਨੰਤ ਪ੍ਰਕਾਰ ਦੀ ਦਵੈਤ ਮਿਟਾ ਦਿੱਤੀ, ਉਸਦੇ ਸ਼ੁੱਧ ਹੋਏ ਹਿਰਦੇ ਰੂਪੀ ਅਕਾਸ਼ ਵਿੱਚ ਕਰਾਮਾਤ, ਯਾਨੀ ਵਰ-ਸਰਾਪ, ਭਲਾ-ਬੁਰਾ, ਆਪਣਾ-ਪਰਾਇਆ, ਰਾਗ-ਦਵੈਸ਼, ਖੁਸ਼ੀ-ਗਮੀ, ਸੁੱਖ-ਦੁੱਖ ਅਤੇ ਜਨਮ-ਮਰਨ ਆਦਿ ਜੋ ਦਵੰਧ ਹਨ, ਇਹ ਅਤੇ ਇਨ੍ਹਾਂ ਦੀ ਕਿਰਿਆ ਹੁਣ ਕਿਥੇ ਠਹਿਰ ਸਕਦੀ ਹੈ? ਉਹ ਤਾਂ ਹੁਣ ਨਿਸ਼ਕਿਰਿਆ ਪਦ ਵਿੱਚ ਸਥਿਤ ਹੋ ਚੁੱਕਿਆ ਹੈ ਯਾਨੀ ਪ੍ਰਤੀਤ ਦੇ ਰਹੀ ਹਰ ਇਕ ਕਿਰਿਆ ਵਿੱਚ ਆਪਣੇ ਪ੍ਰੀਤਮ ਨੂੰ ਹੀ ਦੇਖਦਾ ਹੈ ਅਤੇ ਸਾਰੀਆਂ ਕਿਰਿਆਵਾਂ ਆਪਣੇ ਪ੍ਰੀਤਮ ਵਿੱਚ ਹੋ ਰਹੀਆਂ ਪ੍ਰਤੱਖ ਦੇਖ ਰਿਹਾ

ਹੈ। ਐਸਾ ਪੁਰਸ਼ ਸਖ਼ਤ ਘਾਲਣਾ ਘਾਲ ਕੇ ਕਾਮ-ਕ੍ਰੋਧ, ਮਾਨ-ਅਪਮਾਨ, ਆਦਿ-ਬੇਅੰਤ ਪਰਬਤਾਂ ਨਾਲ ਟਕਰਾਉਂਦਾ ਹੋਇਆ, ਆਪਣਾ ਆਪ ਗੁਆ ਕੇ ਅਨੰਦਸਾਗਰ ਵਾਹਿਗੁਰੂ ਵਿੱਚ ਪ੍ਰਵੇਸ਼ ਕਰ ਜਾਵੇ ਫਿਰ ਉਸ ਵਿੱਚ ਦੂਸਰੇ ਨੂੰ ਸੁੱਖ ਦੇਣ ਦੀ ਸਮਰੱਥਾ ਸੁਭਾਵਕ ਆ ਜਾਂਦੀ ਹੈ, ਕਿਉਂਕਿ ਉਹ ਸੁੱਖ-ਸਰੂਪ ਪਰਮਾਤਮਾ ਨਾਲ ਅਭੇਦ ਜੋ ਹੋ ਗਿਆ, ਬਸ਼ਰਤੇ ਉਹ ਆਪਣੀ ਹਉਂ ਦਾ ਪੂਰਨ ਰੂਪ ਵਿੱਚ ਅਭਾਵ ਕਰ ਦੇਵੇ, ਫਿਰ **ਬ੍ਰਹਮ ਗਿਆਨੀ ਪਰਉਪਕਾਰ ਉਮਾਹਾ**, ਵਾਲੀ ਅਵੱਸਥਾ ਪ੍ਰਾਪਤ ਹੋ ਜਾਂਦੀ ਹੈ। ਇਸ ਅਵੱਸਥਾ ਵਿਚ ਪਹੁੰਚੇ ਪੁਰਸ਼ ਦਾ ਨਾਮ ਹੀ ਸਾਧ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਆਪਣੇ ਕਵਿੱਤ ਰਾਹੀਂ ਐਸੇ ਪੁਰਸ਼ ਦਾ ਹੀ ਵਰਨਣ ਕਰ ਰਹੇ ਹਨ—

**ਜੈਸੇ ਤਿਲ ਪੀੜ ਤੇਲ ਕਾਢੀਅਤ ਕਸ਼ਟ ਕੈ,**
**ਤਾਂ ਤੇ ਹੋਇ ਦੀਪਕ ਜਰਾਏ ਉਜਿਯਾਰੋ ਜੀ॥**
**ਜੈਸੇ ਰੋਮ ਰੋਮ ਕਰ ਕਾਟੀਐ ਅਜਾ ਕੋ ਤਨ,**
**ਤਾਂ ਕੀ ਤਾਤ ਬਾਜੈ ਰਾਗ ਰਾਗਨੀ ਸੋ ਪਯਾਰੋ ਜੀ॥**
**ਜੈਸੇ ਭਉ ਉਦਾਯ ਦਰਪਨ ਕੀਜੈ ਲੋਸਟ ਸੇਤੀ,**
**ਤਾਂ ਤੇ ਕਰ ਗਹਿ ਮੁਖ ਦੇਖਤ ਸੰਸਾਰੋ ਜੀ॥**
**ਤੈਸੇ ਦੂਖ ਭੂਖ ਸੁਧ ਸਾਧਨਾ ਕੈ ਸਾਧ ਭਏ,**
**ਤਾਹੀ ਤੇ ਜਗਤ ਕੋ ਕਰਤ ਨਿਸਤਾਰੋ ਜੀ॥**

ਅਰਥ — (1) ਜਿਵੇਂ ਕਸ਼ਟ ਉਠਾਕੇ ਤਿਲ ਪੀੜ ਕੇ ਤੇਲ ਕੱਢੀਦਾ ਹੈ, ਤਾਂ ਉਸ ਤੋਂ ਦੀਵਾ ਜਗਾਉਣ ਨਾਲ ਚਾਨਣ ਹੁੰਦਾ ਹੈ।

(2) ਜਿਵੇਂ ਟੋਟੇ-ਟੋਟੇ ਕਰਕੇ ਬੱਕਰੀ ਦਾ ਤਨ ਕੱਟੀਦਾ ਹੈ, ਫਿਰ ਉਸਦੀਆਂ ਆਂਦਰਾਂ ਤੋਂ ਤੰਦ ਬਣਾਈ ਦੀ ਹੈ ਫਿਰ ਉਸ ਤੋਂ ਪਿਆਰੇ ਰਾਗ ਰਾਗਨੀਆਂ ਵਜਾਈ ਦੀਆਂ ਹਨ।

(3) ਜਿਵੇਂ ਮਿੱਟੀ ਰੇਤ ਨੂੰ ਪਿਘਲਾ ਕੇ ਸੀਸਾ ਬਣਾ ਲਾਈਦਾ ਹੈ, ਫਿਰ ਸਾਰਾ ਸੰਸਾਰ ਉਸ ਨੂੰ ਹੱਥ ਵਿੱਚ ਫੜਕੇ ਉਸ ਵਿੱਚ ਆਪਣਾ ਚਿਹਰਾ ਦੇਖਦਾ ਹੈ।

(4) ਇਸੇ ਤਰ੍ਹਾਂ ਹੀ ਸਾਧਕ, ਦੁੱਖ ਭੁੱਖ ਤੇ ਸ਼ੁੱਧ ਸਾਧਨਾ ਕਰਕੇ *ਸਾਧ* ਬਣਦਾ ਹੈ, ਫਿਰ ਉਹ ਜਗਤ ਦਾ ਨਿਸਤਾਰਾ ਕਰਨ ਨੂੰ ਸਮਰੱਥ ਹੋ ਜਾਂਦਾ ਹੈ। ਭਾਵ ਸਾਧਨਾਂ ਨਾਲ ਹਉਮੈ ਦੀ ਮੈਲ ਦੂਰ ਹੋ ਜਾਂਦੀ ਹੈ, ਇਸ ਤਰ੍ਹਾਂ ਸਾਧਨਾਂ ਕਰਕੇ ਸ਼ੁੱਧ ਹੋਏ ਸਾਧੂ ਵਿੱਚ ਜਗਤ ਦੇ ਨਿਸਤਾਰੇ ਦੀ ਯੋਗਤਾ ਆ ਜਾਂਦੀ ਹੈ। ਭਾਈ ਸਾਹਿਬ ਜੀ ਹੋਰ ਕਈ ਮਿਸਾਲਾਂ ਦੇ ਕੇ ਦ੍ਰਿੜ ਕਰਾਉਂਦੇ ਹਨ—

1. **ਜੈਸੇ ਅੰਨਾਦਿ ਆਦਿ ਅੰਤ ਪਰਯੰਤ ਹੰਤ, ਸਗਲ ਸੰਸਾਰ ਕੋ ਆਧਾਰ ਭਯੋ ਤਾਂਹੀ ਸੈਂ॥**
2. **ਜੈਸੇ ਤਉ ਕਪਾਸ ਤ੍ਰਾਸ ਦੇਤ ਨ ਉਸਾਸ ਕਾਢੈ, ਜਗਤ ਕੀ ਕੂਟ ਭਏ ਅੰਬਰ ਦਿਵਾਹੀ ਸੈਂ॥**
3. **ਜੈਸੇ ਆਪਾ ਖੋਇ ਜਲ ਮਿਲੈ ਸਭਿ ਬਰਨ ਮੈਂ, ਖਰਾ ਮਿਰਗ ਮਾਨਸ ਤ੍ਰਿਪਤ ਗਤ ਯਾਹੀ ਸੈਂ॥**
4. **ਤੈਸੇ ਮਨ ਸਾਧਿ ਸਾਧਿ ਸਾਧਨਾ ਕੈ ਸਾਧ ਭਏ, ਯਾਹੀ ਤੇ ਸ਼ਕਲ ਕੋ ਉਧਾਰ ਅਵਗਾਹੀ ਸੈਂ॥**

ਅਰਥ — (1) ਜਿਵੇਂ ਅੰਨ ਆਦਿਕ ਪਦਾਰਥ ਮੁੱਢ ਤੋਂ ਅਖੀਰ ਤੱਕ ਕੁਟੀਂਦੇ (ਭਾਵ ਦੁੱਖ ਉਠਾਉਂਦੇ) ਰਹਿੰਦੇ ਹਨ, ਇਸੇ ਕਰਕੇ ਸਾਰੇ ਸੰਸਾਰ ਦਾ ਆਧਾਰ ਬਣ ਗਏ ਹਨ।

(2) ਜਿਵੇਂ ਕਪਾਹ ਮਾਰ ਪੈਂਦਿਆਂ, ਝੰਬੀਂਦਿਆਂ ਆਦਿ ਸਮੇਂ ਸਾਹ ਨਹੀਂ ਕੱਢਦੀ, ਤਦੇ ਹੀ ਕੱਪੜੇ ਦਿੰਦੀ ਹੈ ਅਤੇ ਜਗਤ ਦੀ ਓਟ ਯਾਨੀ ਪਰਦੇ ਢੱਕਦੀ ਹੈ।

(3) ਜਿਵੇਂ ਪਾਣੀ ਨੇ ਆਪਾ ਭਾਵ ਗਵਾਉਣ ਵਿੱਚ ਇਤਨਾ ਕਮਾਲ ਕੀਤਾ ਹੈ, ਕਿ ਸਾਰੇ ਰੰਗਾਂ ਨਾਲ ਤਦ ਰੂਪ ਹੋ ਜਾਂਦਾ ਹੈ, ਇਸ ਨਿਰਮਲ ਦਸ਼ਾ ਕਰਕੇ ਹੀ ਪਸ਼ੂ-ਪੰਛੀ ਤੇ ਮਨੁੱਖਾਂ ਨੂੰ ਤ੍ਰਿਪਤੀ ਦੇਣ ਦੀ ਗਤੀ ਵਾਲਾ ਹੋ ਗਿਆ ਹੈ।

(4) ਇਸੇ ਪ੍ਰਕਾਰ ਸਾਧੂ ਲੋਕ ਮਨ ਨੂੰ ਸਾਧਨਾ ਦੁਆਰਾ ਸਾਧ-ਸਾਧ ਕੇ ਸਾਧ ਹੋਏ ਹਨ, ਇਸ ਲਈ ਸਭ ਦਾ ਉਧਾਰ ਕਰਨ ਨੂੰ ਸਮਰੱਥ ਹੋ ਜਾਂਦੇ ਹਨ।

ਅਵਗਾਹੀ ਸ਼ਬਦ ਦਾ ਅਰਥ ਰਿੜਕਣਾ ਯਾ ਨਿਰਣਾ ਕਰਨਾ ਹੁੰਦਾ ਹੈ। ਭਾਈ ਸਾਹਿਬ ਬੜੀ ਦ੍ਰਿੜਤਾ ਨਾਲ ਕਹਿ ਰਹੇ ਹਨ ਕਿ ਇਹ ਨਿਰਣੇ ਕੀਤੀ ਹੋਈ ਗੱਲ ਹੈ ਐਵੇਂ ਢਕੌਂਸਲਾ ਨਹੀਂ। ਜਿਵੇਂ ਉਪਰੋਕਤ ਮਿਸਾਲਾਂ ਦੁਾਰਾ ਭਾਈ ਸਾਹਿਬ ਨੇ ਦੱਸਿਆ ਹੈ ਕਿ ਤਿਲ ਉਸ ਵਕਤ ਦੀਵਾ ਜਗਾਉਣ ਨੂੰ ਸਮਰੱਥ ਹੋਏਗਾ, ਜਦ ਘਾਣੀ ਵਿੱਚ ਪੀੜਿਆ ਕੇ ਆਪਣਾ ਆਪ ਗੁਆ ਦੇਵੇਗਾ। ਬੀਣਾਂ ਉਸ ਸਮੇਂ ਹੀ ਵੱਜ ਸਕੇਗੀ ਜਦ ਬੱਕਰੀ ਆਪਣਾ-ਆਪ ਗੁਆ ਕੇ ਤੰਦ ਦਾ ਰੂਪ ਧਾਰਣ ਕਰ ਲਏਗੀ। ਅੰਨ ਦਾ ਦਾਣਾ ਮਿੱਟੀ ਵਿੱਚ ਆਪਣਾ-ਆਪ ਗੁਆ ਕੇ ਹੀ ਹੋਰ ਪੌਧਾ ਪੈਦਾ ਕਰਦਾ ਹੈ, ਜਿਸ ਤੋਂ ਅਨੇਕਾਂ ਦਾਣੇ ਪੈਦਾ ਹੋ ਕੇ ਸੰਸਾਰ ਦੇ ਜੀਵਾਂ ਦੀ ਭੁੱਖ ਮਿਟਾਉਂਦੇ ਹਨ। ਇਸੀ ਪ੍ਰਕਾਰ ਜੋ ਇਨਸਾਨ ਆਪਣੇ ਮਨ ਨੂੰ ਸੰਸਾਰਕ ਵਾਸਨਾਵਾਂ ਤੋਂ ਸੰਕੋਚ ਕੇ ਅਤੇ ਹਰ ਪ੍ਰਕਾਰ ਦੀ ਦਵੈਤ ਨੂੰ ਮੇਟ ਕੇ ਪੂਰਨ ਰੂਪ ਵਿੱਚ ਹਉਂ ਰਹਿਤ ਕਰ ਦਿੰਦਾ ਹੈ, ਐਸੇ ਪੁਰਸ਼ ਅਤੇ ਪਰਮਾਤਮਾ ਵਿੱਚ ਰੱਤੀ ਮਾਤਰ ਵੀ ਫਰਕ ਨਹੀਂ ਰਹਿ ਜਾਂਦਾ, ਯਥਾ ਗੁਰੂ ਗੋਬਿੰਦ ਸਿੰਘ ਜੀ—

**ਹਰਿ ਹਰਿ ਜਨੁ ਦੁਇ ਏਕ ਹੈ ਬਿਬ ਬਿਚਾਰ ਕਛ ਨਾਹਿ॥**
**ਜਲ ਤੇ ਉਪਜ ਤਰੰਗ ਜਿਉਂ ਜਲ ਹੀ ਬਿਖੈ ਸਮਾਹਿ॥**

ਗੁਰੂ ਸਾਹਿਬ ਜੀ ਮਿਸਾਲ ਦੇ ਕੇ ਸਮਝਾਉਂਦੇ ਹਨ, ਜਿਵੇਂ ਪਾਣੀ ਅਤੇ ਪਾਣੀ ਦੀ ਲਹਿਰ ਇਕ ਹੀ ਹਨ, ਉਸੀ ਪ੍ਰਕਾਰ ਹਰੀ ਅਤੇ ਹਰੀ ਦੇ ਪਿਆਰੇ ਦੋਨੋਂ ਇੱਕ ਹੀ ਹਨ, ਇਸ ਵਿੱਚ ਦੂਸਰੀ ਕੋਈ ਵਿਚਾਰ ਹੀ ਨਹੀਂ ਹੈ। ਮਿਸਾਲ ਦੇ ਤੌਰ ਤੇ ਅੱਗ ਵਿੱਚ ਪਾਇਆ ਲੋਹਾ, ਅੱਗ ਵਰਗੇ ਗੁਣਾਂ ਵਾਲਾ ਹੀ ਹੋ ਜਾਂਦਾ ਹੈ; ਬਲਕਿ ਅੱਗ ਵਿਚ ਹੱਥ ਪਾਇਆ ਸ਼ਾਇਦ ਬਚ ਜਾਵੇ, ਲੇਕਿਨ ਅੱਗ ਵਿਚ ਤਪ ਕੇ ਲਾਲ ਹੋਏ ਲੋਹੇ ਨੂੰ ਅਗਰ ਹੱਥ ਸਪਰਸ਼ ਕਰ ਜਾਏ ਤਾਂ ਬਚਣਾਂ ਮੁਸ਼ਕਿਲ ਹੈ। ਇਸ ਲਈ ਪਰਮੇਸ਼ਰ ਆਕਾਸ਼ ਬਾਣੀ ਦੁਆਰਾ ਭਗਤ ਨਾਮਦੇਵ ਜੀ ਨੂੰ ਫੁਰਮਾਣ ਕਰਦੇ ਹਨ—

**ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥**
**ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥**

*(ਪੰਨਾ-੧੨੫੩)*

ਇਸ ਪਵਿੱਤਰ ਸ਼ਬਦ ਰਾਹੀਂ ਹਰੀ ਪਰਮੇਸ਼ਰ ਆਪਣੇ ਪਿਆਰਿਆਂ ਨੂੰ ਮਾਣ ਦੇ ਰਹੇ ਹਨ, ਲੇਕਿਨ ਭਗਤ ਜਨ, ਮਾਣ-ਅਪਮਾਨ ਦੋਨਾਂ ਤੋਂ ਨਿਰਲੇਪ ਆਪਣੇ ਜੀਵਨ ਰੂਪ ਪਰਮਾਤਮਾ ਵਿਚ ਹਮੇਸ਼ਾ ਲਈ ਇਸਥਿਤ ਹੋ ਜਾਂਦੇ ਹਨ। ਇਸ ਅਵਸਥਾ ਨੂੰ ਪਹੁੰਚਿਆ। ਪੁਰਸ਼ ਜਿਧਰ ਵੀ ਨਜ਼ਰ ਮਾਰਦਾ ਹੈ ਉਸ ਨੂੰ ਸਮੁੰਦਰ ਦੀ ਮੱਛੀ ਦੀ ਤਰ੍ਹਾਂ, ਅੱਗੇ-ਪਿੱਛੇ, ਨੀਚੇ-ਉੱਤੇ, ਅਤੇ ਸੱਜੇ-ਖੱਬੇ ਆਪਣਾ ਜੀਵਨ ਰੂਪ ਵਾਹਿਗੁਰੂ ਹੀ ਦ੍ਰਿਸ਼ਟੀ ਪੈਂਦਾ ਹੈ, ਕਿਉਂਕਿ ਗੁਰੂ ਅਮਰਦਾਸ ਮਹਾਰਾਜ ਜੀ ਦਾ ਪਵਿੱਤਰ ਵਾਕ ਹਿਰਦੇ ਵਿਚ ਪੂਰਨ ਤੌਰ ਤੇ ਘਟਿਤ ਹੋ ਚੁਕਿਆ ਹੈ।

**ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥**
**ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ॥**

*(ਅਨੰਦੁ ਸਾਹਿਬ, ਪੰਨਾ-੯੨੨)*

ਐਸੀ ਅਵਸਥਾ ਵਿੱਚ ਜਿਥੇ ਆਪ ਤੋਂ ਭਿੰਨ ਦੂਸਰਾ ਹੈ ਹੀ ਨਹੀਂ, ਫਿਰ ਕੌਣ ਕਿਸ ਨੂੰ ਵਰ ਸਰਾਪ ਦੇਵੇਗਾ। ਪ੍ਰੰਤੂ ਫਿਰ ਵੀ ਐਸੇ ਅਭੇਦ ਅਵੱਸਥਾ ਵਿੱਚ ਪ੍ਰਪੱਕ ਹੋ ਚੁੱਕੇ ਮਹਾਂਪੁਰਸ਼ਾਂ ਦੇ ਜੀਵਨ ਕਾਲ ਵਿੱਚ ਕੁਝ ਅਲੌਕਿਕ ਘਟਨਾਵਾਂ ਵਾਪਰਦੀਆਂ ਨਜ਼ਰ ਆਉਂਦੀਆਂ ਹਨ ਉਹ ਸਭ ਗੋਬਿੰਦ ਪ੍ਰਭੂ ਹੀ ਕਰਦਾ ਹੈ, ਕਿਉਂਕਿ ਉਸ ਸ਼ੁੱਧ ਹੋਏ ਹਿਰਦੇ ਰੂਪੀ ਸੇਜਾ ਤੇ ਹੁਣ ਪ੍ਰਭੂ ਬਿਰਾਜਮਾਨ ਹੈ। ਉਸ ਪਵਿੱਤਰ ਮੁੱਖ ਵਿੱਚੋਂ ਹੁਣ ਜੋ ਸ਼ਬਦ ਉਚਾਰਨ ਹੋਵੇਗਾ, ਉਹ ਨਿਸ਼ਚੇ ਹੀ ਪਰਮੇਸ਼ਰ ਦੀ ਆਵਾਜ਼ ਹੋਏਗੀ, ਕਿਉਂਕਿ ਉਸ ਮਹਾਂਪੁਰਸ਼ ਦੇ ਸਰੀਰ ਰੂਪੀ ਘਰ ਵਿੱਚ ਪਰਮੇਸ਼ਰ ਨੇ ਵਾਸਾ ਕਰ ਲਿਆ ਹੈ। ਯਥਾ ਗੁਰੂ ਅਰਜਨ ਦੇਵ ਜੀ—

**ਪ੍ਰਭ ਜੀ ਬਸਹਿ ਸਾਧ ਕੀ ਰਸਨਾ॥ ਨਾਨਕ ਜਨ ਕਾ ਦਾਸਨਿ ਦਸਨਾ॥**

*(ਸੁਖਮਨੀ ਸਾਹਿਬ, ਪੰਨਾ-੨੬੩)*

ਯਥਾ — **ਸਰਬ ਨਿਵਾਸੀ ਘਟਿ ਘਟਿ ਵਾਸੀ ਲੇਪੁ ਨਹੀ ਅਲਪਹੀਅਉ॥**
**ਨਾਨਕੁ ਕਹਤ ਸੁਨਹੁ ਰੇ ਲੋਗਾ ਸੰਤ ਰਸਨ ਕੋ ਬਸਹੀਅਉ॥** (*ਜੈਤਸਰੀ ਮ: ੫, ਪੰਨਾ-੭੦੦*)

ਜਿਹੜਾ ਪਰਮੇਸ਼ਰ ਇਕ ਛਿੰਨ ਵਿੱਚ ਕਰੋੜਾਂ ਬ੍ਰਹਮੰਡਾਂ ਦੀ ਸਾਜਨਾ ਕਰਕੇ ਦੂਸਰੇ ਛਿੰਨ ਵਿਚ ਪਰਲੋ ਦੁਆਰਾ ਨਾਸ ਕਰਨ ਨੂੰ ਸਮਰੱਥ ਹੈ, ਉਸ ਲਈ ਕਿਸੇ ਹਉਂ ਰਹਿਤ ਸ਼ੁੱਧ ਹੋਏ ਹਿਰਦੇ ਵਿੱਚ ਬੈਠਕੇ ਮਨੁੱਖੀ ਮਨ ਦੀ ਸੋਚ ਤੋਂ ਪਰੇ ਦੇ ਕੁਝ ਅਨੂਠੇ ਖੇਲ ਵਰਤਾਉਣੇ ਮਾਮੂਲੀ ਗੱਲ ਹੈ। ਇਸ ਲਈ ਅਕਾਲ ਪੁਰਖ ਵਾਹਿਗੁਰੂ ਆਪਣੀ ਸਾਜੀ ਹੋਈ ਸ੍ਰਿਸ਼ਟੀ ਵਿੱਚ ਸਮੇਂ-ਸਮੇਂ ਤੇ ਜੋ ਲੋਕ (ਨਾਸਤਿਕ) ਯਾਨੀ ਰੱਬ ਦੀ ਹੋਂਦ ਤੋਂ ਮੁਨਕਰ ਹੋ ਕੇ ਮਨੁੱਖ ਸੋਚ ਨੂੰ ਹੀ ਸਭ ਕੁਝ ਮੰਨਦੇ ਹਨ, ਉਨ੍ਹਾਂ ਨੂੰ ਆਪਣੀ ਅਦੁੱਤੀ ਹੋਂਦ ਦਾ ਵਿਸ਼ਵਾਸ ਬੰਨ੍ਹਾਉਣ ਲਈ ਅਤੇ ਆਪਣੇ ਪਿਆਰਿਆਂ ਦਾ ਸੰਸਾਰ ਵਿਚ ਜਸ ਕਰਾਉਣ ਲਈ ਐਸੇ ਅਸਚਰਜ ਕੌਤਕ ਵਰਤਾਉਂਦਾ ਹੈ, ਜਿੰਨ੍ਹਾਂ ਨੂੰ ਦੇਖ ਸੁਣ ਕੇ ਨਾਸਤਿਕ ਲੋਕ ਵੀ ਅਸਚਰਜ ਹੋ-ਹੋ ਕੇ ਆਸਤਿਕਤਾ ਦੇ ਰਾਹ ਪੈ ਜਾਂਦੇ ਹਨ ਅਤੇ ਆਸਤਿਕਾਂ ਦੇ ਮਨ ਵਿੱਚ ਵਿਸ਼ਵਾਸ ਹੋਰ ਦ੍ਰਿੜ ਹੋ ਜਾਂਦਾ ਹੈ ਕਿਉਂਕਿ ਹਰੀ ਪਰਮੇਸ਼ਰ ਨੂੰ ਆਪਣੇ ਪਿਆਰਿਆਂ ਦਾ ਜਸ ਹੁੰਦਾ ਹੀ ਚੰਗਾ ਲੱਗਦਾ ਹੈ। ਯਥਾ ਗੁਰੂ ਵਾਕ—

**ਜੋ ਹਰਿ ਦਾਸਨ ਕੀ ਉਸਤਿਤ ਹੈ ਸਾ ਹਰਿ ਕੀ ਵਿਡਆਈ॥**
**ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ॥**

(*ਸਲੋਕ ਮ: ੪, ਪੰਨਾ-੬੫੨*)

ਇਸ ਪ੍ਰਕਾਰ ਅਕਾਲ ਪੁਰਖ ਵਾਹਿਗੁਰੂ ਨੇ ਮਹੰਤ ਬਾਬਾ ਬੁੱਢਾ ਸਿੰਘ ਮਹਾਰਾਜ ਦੇ ਪਵਿੱਤਰ ਹਿਰਦੇ ਵਿੱਚ ਇਸਥਿਤ ਹੋ ਕੇ ਆਪਣੇ ਆਦਿ ਸਰੂਪ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਵੱਲੋਂ ਚਲਾਏ ਸਿੱਧੇ ਅਤੇ ਸੁਖਾਲੇ ਪ੍ਰੇਮਾਂ ਭਗਤੀ ਦੇ ਮਾਰਗ ਦਾ ਪ੍ਰਚਾਰ ਕਰਨ ਲਈ ਸਿੰਧ ਦੇਸ਼ ਵਿਚ ਅਨੇਕਾਂ ਕੌਤਕ ਕੀਤੇ, ਜੋ ਮਨੁੱਖੀ ਸੋਚ ਤੋਂ ਪਰੇ ਦੇ ਵਰਤਾਰੇ ਸਨ। ਆਮ ਸਾਧਾਰਨ ਲੋਕ ਇਸ ਨੂੰ ਕਰਾਮਾਤ ਆਖ ਦਿੰਦੇ ਹਨ।

---

*ਨੋਟ : ਮਹੰਤ ਬਾਬਾ ਬੁੱਢਾ ਸਿੰਘ ਮਹਾਰਾਜ ਜੀ ਦੇ ਪਵਿੱਤਰ ਜੀਵਨ ਦਾ ਇਸ ਪੋਥੀ ਦੇ ਰੂਪ ਵਿਚ ਛੋਟਾ ਜਿਹਾ ਮਹਿਲ ਉਸਾਰਨ ਲਈ ਜਿਆਦਾ ਸਮੱਗਰੀ (matter) ਮਿਲਣ ਦਾ ਮੂਲ ਸ੍ਰੋਤਾਂ ਤਾਂ ਨਿਰਮਲ ਪੰਥ ਪ੍ਰਕਾਸ਼ ਨਾਮੇ ਇੱਕ ਸਿੰਧੀ ਪੋਥੀ ਹੈ ਜੋ ਸਿੰਧੀ ਪ੍ਰੇਮੀਆਂ ਨੇ ਅੱਖੀਂ ਡਿੱਠੀਆਂ ਘਟਨਾਵਾਂ ਦਰਜ ਕਰਕੇ ਸੰਨ 1933 ਈ: ਵਿੱਚ ਯਾਨੀ ਬਾਬਾ ਬੁੱਢਾ ਸਿੰਘ ਜੀ ਮਹਾਰਾਜ ਦੇ ਸੱਚਖੰਡ ਪਿਆਨੇ ਤੋਂ ਚਾਰ ਸਾਲ ਪਹਿਲਾਂ ਸਿੰਧੀ ਭਾਸ਼ਾ ਵਿਚ ਛਪਵਾਈ ਸੀ, ਉਸ ਵਿੱਚੋਂ ਪ੍ਰਾਪਤ ਕੀਤੀ। ਕੁਝ ਘਟਨਾਵਾਂ ਬੰਬਈ ਵਾਸ ਦੇ ਦੌਰਾਨ ਸਿੰਧੀ ਬਜ਼ੁਰਗਾਂ ਜੋ ਉਨ੍ਹਾਂ ਨੇ ਆਪ ਦੇਖੀਆਂ ਜਾਂ ਆਪਣੇ ਬਜ਼ੁਰਗਾਂ ਤੋਂ ਸੁਣੀਆਂ ਸਨ ਉਨ੍ਹਾਂ ਪ੍ਰੇਮੀਆਂ ਤੋਂ ਪ੍ਰਾਪਤ ਕਰਕੇ ਪੋਥੀ ਰੂਪ ਇਸ ਪਵਿੱਤਰ ਮਹਿਲ ਵਿੱਚ ਅੰਕਿਤ ਕੀਤੀਆਂ ਹਨ। ਆਪਣੇ ਵੱਲੋਂ ਇਸ ਜੀਵਨ ਰੂਪੀ ਪਵਿੱਤਰ ਮਹਿਲ ਵਿੱਚ ਕੋਈ ਵੀ ਮਨ ਘੜਤ ਘਟਨਾ ਰੂਪੀ ਮਸਾਲਾ ਵਰਤਣ ਤੋਂ ਸੰਕੋਚ ਹੀ ਕੀਤਾ ਹੈ ਸਿਵਾਏ ਕੁਝ ਸ਼ਬਦਾਂ ਦੇ ਹੇਰ-ਫੇਰ ਤੋਂ।*

# ਮਹੰਤ
# ਆਤਮਾ ਸਿੰਘ ਜੀ
# ਮਹਾਰਾਜ



ਮਹੰਤ ਬਾਬਾ ਆਤਮਾ ਸਿੰਘ ਜੀ ਮਹਾਰਾਜ

ਅਧਿਆਇ 3

॥ ੴ ਸਤਿਗੁਰ ਪ੍ਰਸਾਦਿ ॥

# ਮਹੰਤ ਆਤਮਾ ਸਿੰਘ ਜੀ ਮਹਾਰਾਜ

## ਜੀਵਨ ਚਰਿੱਤਰ ਮਹੰਤ ਆਤਮਾ ਸਿੰਘ ਜੀ

ਹਿੰਦੁਸਤਾਨ ਦੇ ਖੁਸ਼ਹਾਲ ਪ੍ਰਾਂਤ ਪੰਜਾਬ ਦੇ ਦੱਖਣ ਪੱਛਮੀ ਭਾਗ ਵਿੱਚ ਇਕ ਜ਼ਿਲ੍ਹਾ ਫਿਰੋਜ਼ਪੁਰ ਹੈ। ਇਥੋਂ ਦੇ ਵਸਨੀਕ ਆਮ ਕਰਕੇ ਛਲ-ਕਪਟ ਤੋਂ ਰਹਿਤ, ਖੁਲ੍ਹੇ ਸੁਭਾਅ ਵਾਲੇ ਮੰਨੇ ਜਾਂਦੇ ਹਨ। ਇਸ ਜ਼ਿਲ੍ਹੇ ਵਿਚ ਇਕ ਮਸ਼ਹੂਰ ਪਿੰਡ ਹੈ *'ਪੱਤੋ ਹੀਰਾ ਸਿੰਘ'* ਇਥੋਂ ਦੇ ਵਸਨੀਕਾਂ ਕੋਲ ਜ਼ਮੀਨਾਂ ਖੁਲ੍ਹੀਆਂ ਹੋਣ ਕਾਰਨ ਮੁੱਖ ਕਿੱਤਾ ਖੇਤੀਬਾੜੀ ਹੈ। ਇਸ ਪਿੰਡ ਵਿਚ ਸਿੱਧੂ ਬਰਾੜ ਗੋਤ ਦਾ ਇਕ ਜ਼ਿੰਮੀਂਦਾਰ ਸਰਦਾਰ ਜਵਾਹਰ ਸਿੰਘ ਨਾਮੇ ਭਲਾ ਪੁਰਸ਼ ਵਸਦਾ ਸੀ ਜੋ ਪਿੰਡ ਦਾ ਨੰਬਰਦਾਰ ਵੀ ਸੀ। ਜਵਾਹਰ ਸਿੰਘ ਦੀ ਸਚਾਈ ਅਤੇ ਇਮਾਨਦਾਰੀ ਦਾ ਇਲਾਕੇ ਵਿੱਚ ਇਤਨਾਂ ਪ੍ਰਭਾਵ ਸੀ ਕਿ ਇਸ ਦਾ ਸਿੱਕਾ ਪਿੰਡ ਵਾਲੇ ਲੋਕ ਤਾਂ ਮੰਨਦੇ ਹੀ ਸਨ ਬਲਕਿ ਦੂਸਰੇ ਪਿੰਡਾਂ ਦੇ ਲੋਕ ਵੀ ਆ ਕੇ ਸਲਾਹ ਮਸ਼ਵਰਾ ਪੁੱਛਿਆ ਕਰਦੇ ਸਨ। ਇਸ ਨੇ ਆਪਣੇ ਖੇਤ ਵਿਚ ਸਮੇਂ ਅਨੁਸਾਰ ਇਕ ਕੱਚਾ ਕੋਠਾ ਬਣਾਇਆ ਹੋਇਆ ਸੀ, ਉਸ ਵਿੱਚ ਸਮੇਂ ਸਮੇਂ ਸਾਧੂ-ਮਹਾਤਮਾ ਟਿਕਦੇ ਸਨ। ਇਸ ਲਈ ਇਸ ਪ੍ਰੇਮੀ ਨੂੰ ਸੇਵਾ ਅਤੇ ਸਤਿਸੰਗ ਸਹਿਜੇ ਹੀ ਪ੍ਰਾਪਤ ਸੀ। ਸਤਿਸੰਗ ਦੇ ਜ਼ੇਰੇ ਅਸਰ ਕਾਫ਼ੀ ਉਦਾਰਚਿਤ ਅਤੇ ਦਇਆਵਾਨ ਬਿਰਤੀ ਵਾਲਾ ਸੁਭਾਅ ਸੀ। ਦਾਨੀ ਬਿਰਤੀ ਹੋਣ ਕਰਕੇ ਲੋੜਵੰਦਾਂ ਦੀ ਸਹਾਇਤਾ, ਗਰੀਬ ਲੋਕਾਂ ਦੀਆਂ ਲੜਕੀਆਂ ਦੀ ਸ਼ਾਦੀ ਤੇ ਯਥਾ-ਸ਼ਕਤ ਮਦਦ ਕਰਨੀ ਆਦਿਕ ਸ਼ੁਭ ਗੁਣਾਂ ਵਾਲਾ ਜੀਵਨ ਬਤੀਤ ਕਰ ਰਿਹਾ ਸੀ। ਜਵਾਹਰ ਸਿੰਘ ਦੇ ਘਰ ਪ੍ਰਤਾਪ ਸਿੰਘ ਨਾਮ ਦਾ ਇਕ ਲੜਕਾ ਸੀ ਜੋ ਫੌਜ ਵਿਚ ਸੂਬੇਦਾਰੀ ਰੈਂਕ ਤੇ ਸਰਵਿਸ ਕਰਦਾ ਸੀ। ਇਸ ਪ੍ਰਕਾਰ ਨੇਕੀ ਅਤੇ ਸੁੱਖ ਦੀ ਜ਼ਿੰਦਗੀ ਬਤੀਤ ਕਰਕੇ ਜਵਾਹਰ ਸਿੰਘ ਜੀ ਕੁਦਰਤ ਦੇ ਅਟੱਲ ਨਿਯਮ ਅਨੁਸਾਰ 1893 ਈ: ਵਿਚ ਪਰਲੋਕ ਗਵਨ ਕਰ ਗਏ। ਬਾਅਦ ਵਿੱਚ ਉਨ੍ਹਾਂ ਦੇ ਸਪੁੱਤਰ ਪ੍ਰਤਾਪ ਸਿੰਘ ਜੀ ਸੂਬੇਦਾਰੀ ਪੈਨਸ਼ਨ ਲੈ ਕੇ ਆਪਣੇ ਘਰ ਕੰਮ ਕਾਰ ਦੀ ਸੰਭਾਲ ਕਰਨ ਲੱਗੇ।

ਪ੍ਰਤਾਪ ਸਿੰਘ ਜੀ ਦੇ ਪੰਜ ਲੜਕੇ ਸਨ ਜਿਨ੍ਹਾਂ ਵਿੱਚੋਂ ਇਕ ਦਾ ਨਾਂ ਭਾਨ ਸਿੰਘ ਸੀ। ਭਾਨ ਸਿੰਘ ਦਾ ਜਨਮ 1885 ਈ: ਵਿਚ ਹੋਇਆ ਜੋ ਕਿ ਬਚਪਨ ਤੋਂ ਹੀ ਹੋਣਹਾਰ, ਸ਼ਾਂਤਚਿਤ ਅਤੇ ਸੰਤ-ਸੇਵੀ ਸੁਭਾਅ ਵਾਲਾ ਸੀ। ਇਸ ਪ੍ਰਕਾਰ ਭਾਨ ਸਿੰਘ ਦਾ ਬਚਪਨ ਅਤੇ ਕਿਸ਼ੋਰ-ਅਵਸਥਾ ਦਾ ਸਮਾਂ ਮਾਤਾ-ਪਿਤਾ ਦੀ ਆਗਿਆ ਵਿਚ ਰਹਿ ਕੇ ਘਰ ਦਾ ਕੰਮ-ਕਾਰ ਕਰਦਿਆਂ ਬਤੀਤ ਹੋਇਆ। ਹੁਣ ਜਵਾਨ ਅਵਸਥਾ ਵਿਚ ਪੈਰ ਰੱਖਦਿਆਂ ਹੀ ਪੂਰਬਲੇ ਜਨਮਾਂ ਦੇ ਕੀਤੇ ਨਿਸ਼ਕਾਮ ਪੁੰਨ ਕਰਮਾਂ ਦੇ ਜ਼ੇਰੇ-ਅਸਰ ਕਿਸੇ ਮਹਾਂਪੁਰਖ ਨੂੰ ਮਿਲਣ ਦੀ ਤੜਪ ਅਤੇ ਘਰ ਸੰਬੰਧੀ ਆਦਿ ਸੰਸਾਰਕ ਪਦਾਰਥਾਂ ਤੋਂ ਬੈਰਾਗ ਦਾ ਮਨ ਵਿੱਚ ਬੀਜ ਪੁੰਗਰ ਆਇਆ। ਕੁਝ ਸਮਾਂ ਤਾਂ ਐਸੇ ਹੀ ਉਦਾਸ ਮਨ ਦੇ ਨਾਲ ਘਰ ਵਿਚ ਗੁਜ਼ਾਰਿਆ, ਲੇਕਿਨ ਇਕ ਦਿਨ ਸੰਸਾਰ ਦੇ ਸਾਰੇ ਮੋਹ ਜਾਲ ਤੋਂ ਉਪਰਾਮ ਹੋ ਕੇ ਸੇਵਾ ਤੇ ਸਤਿਸੰਗ ਦਾ ਵਡਮੁੱਲਾ ਵਾਪਾਰ ਕਰਨ ਲਈ ਸ਼ਰਧਾ ਅਤੇ ਵਿਸ਼ਵਾਸ ਦਾ ਧਨ ਪੱਲੇ ਬੰਨ੍ਹ ਕੇ ਘਰ ਤੋਂ ਚੱਲ ਪਏ। ਕੱਚੀਆਂ ਪਗ-ਡੰਡੀਆਂ ਦੇ ਸਫ਼ਰ ਕਰਦੇ ਭੁੱਚੋ ਪਿੰਡ ਸਿੱਧ ਪੁਰਸ਼ ਸੰਤ ਹਰਨਾਮ ਸਿੰਘ ਜੀ ਦੇ ਡੇਰੇ ਪਹੁੰਚ ਗਏ। ਇਹ ਪਿੰਡ ਬਠਿੰਡਾ ਤੋਂ ਅੱਠ ਕੁ ਮੀਲ ਦੀ ਦੂਰੀ ਤੇ ਸਥਿਤ ਹੈ। ਇਥੇ ਇਕ ਦੋ ਦਿਨ ਠਹਿਰਨ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਅਸਥਾਨ ਸ੍ਰੀ ਦਮਦਮਾ ਸਾਹਿਬ ਜੀ ਦੇ ਜਾ ਦਰਸ਼ਨ ਦੀਦਾਰ ਕੀਤੇ। ਇਥੇ ਠਹਿਰ ਕੇ ਕੁਝ ਦਿਨ ਸੇਵਾ ਦਾ ਲਾਭ ਉਠਾਇਆ। ਇਤਨੇ ਨੂੰ ਕੁਝ ਸੰਗਤ ਹਰਿਦੁਆਰ ਦੀ ਅਰਧ-ਕੁੰਭੀ ਤੇ ਦਰਸ਼ਨ-ਇਸ਼ਨਾਨ ਕਰਨ ਵਾਸਤੇ ਤਿਆਰ ਹੋਈ ਤਾਂ ਆਪ ਨੇ ਵੀ ਨਾਲ ਜਾਣ ਦਾ ਵਿਚਾਰ ਬਣਾ ਲਿਆ। ਇਸ ਪ੍ਰਕਾਰ ਸੰਗਤਾਂ ਬਠਿੰਡਾ ਰੇਲਵੇ ਸਟੇਸ਼ਨ ਤੋਂ ਰੇਲ ਸਵਾਰ ਹੋ ਕੇ ਹਰਿਦੁਆਰ ਪਹੁੰਚ ਗਈਆਂ। ਅਰਧ-ਕੁੰਭੀ ਦੇ ਪਵਿੱਤਰ ਪੁਰਬ ਤੇ ਸਬ ਮੱਤਾਂ ਮਤਾਂਤਰਾਂ ਦੇ ਸਾਧੂ ਪਹੁੰਚੇ ਹੋਏ ਸਨ ਅਤੇ ਲੱਖਾਂ ਦੀ ਤਾਦਾਦ ਵਿਚ ਯਾਤਰੀਆਂ ਦਾ ਇਕੱਠ ਸੀ। ਸਤਿਸੰਗ ਵਿਚ ਸਭ ਮੱਤਾਂ ਦੇ ਸਾਧੂ ਮਨੁੱਖੀ ਜਨਮ ਦੀ ਸਫਲਤਾ ਦੇ ਢੰਗ-ਤਰੀਕਿਆਂ ਤੇ ਆਪੋ-ਆਪਣੇ ਮੱਤਾਂ ਅਨੁਸਾਰ ਕਥਾ ਵਖਿਆਨ ਕਰ ਰਹੇ ਸਨ। ਲੇਕਿਨ ਭਾਨ ਸਿੰਘ ਦੇ ਹਿਰਦੇ ਰੂਪੀ ਧਰਤੀ ਵਿਚ

ਗੁਰੂ ਨਾਨਕ ਦੇ ਘਰ ਦੇ ਸੰਸਕਾਰ-ਰੂਪੀ ਬੀਜ ਪਏ ਸਨ, ਇਸ ਲਈ ਕਿਸੇ ਵੀ ਮਹਾਤਮਾ ਤੇ ਸ਼ਰਧਾ ਨਾ ਬਣੀ। ਦੂਸਰੇ ਦਿਨ ਦੇ ਦੀਵਾਨ ਸਤਿਸੰਗ ਵਿਚ ਨਿਰਮਲ ਸੰਪ੍ਰਦਾਇ ਵੱਲੋਂ ਮਹੰਤ ਬਾਬਾ ਬੁੱਢਾ ਸਿੰਘ ਜੀ ਨੂੰ ਕਥਾ-ਪ੍ਰਵਚਨ ਕਰਨ ਲਈ ਬੇਨਤੀ ਕੀਤੀ ਗਈ। ਆਪ ਜੀ ਨੇ ਗੁਰਬਾਣੀ ਦੇ ਅਨੇਕਾਂ ਪ੍ਰਮਾਣ ਦੇ ਕੇ ਗੁਰੂ ਨਾਨਕ ਦੇ ਘਰ ਦੀ ਪ੍ਰੇਮਾ-ਭਗਤੀ ਮਾਰਗ ਦੀ ਵਿਸ਼ੇਸ਼ਤਾ ਦਰਸਾਈ। ਬਾਬਾ ਜੀ ਦਾ ਕਥਾ ਕਰਨ ਦਾ ਢੰਗ ਬਹੁਤ ਨਿਰਾਲਾ ਅਤੇ ਸੁੰਦਰ ਸੀ ਯਾਨੀ ਬਹੁਤ ਸਰਲ ਸ਼ਬਦਾਂ ਦੀ ਵਰਤੋਂ ਕਰਕੇ ਅਨੇਕਾਂ ਦ੍ਰਿਸ਼ਟਾਂਤ ਮਿਸਾਲਾਂ ਦੁਆਰਾ ਸਮਝਾਉਂਦੇ ਸਨ। ਇਸ ਲਈ ਹਜ਼ਾਰਾਂ ਦੀ ਤਾਦਾਦ ਵਿੱਚ ਯਾਤਰੀ ਅਤੇ ਸਾਧੂ-ਮਹਾਤਮਾ ਉਪਦੇਸ਼ ਸੁਣ ਕੇ ਗਦ-ਗਦ ਹੋ ਗਏ। ਏਧਰ ਭਾਨ ਸਿੰਘ ਨੇ ਤਾਂ ਇਕ-ਇਕ ਸ਼ਬਦ ਨੂੰ ਆਪਣੇ ਹਿਰਦੇ ਰੂਪੀ ਤਾਲਾਬ ਵਿਚ ਇਉਂ ਇਕੱਠਾ ਕਰ ਲਿਆ ਜਿਵੇਂ ਜ਼ੋਰਦਾਰ ਬਾਰਸ਼ ਦਾ ਪਾਣੀ ਉੱਚੇ ਥਾਵਾਂ ਤੋਂ ਰਿੜ੍ਹ ਕੇ ਨੀਵੇਂ ਥਾਂ ਨੂੰ ਲਬਾ-ਲਬ ਭਰ ਦਿੰਦਾ ਹੈ। ਮਨ ਵਿੱਚ ਵਿਸ਼ਵਾਸ਼ ਦ੍ਰਿੜ ਹੋ ਗਿਆ ਕਿ ਇਸ ਮਹਾਂਪੁਰਖ ਦੀ ਸ਼ਰਨ ਵਿਚ ਡਿੱਗ ਕੇ ਮਨੁਖੀ ਜਨਮ ਦੀ ਸਫ਼ਲਤਾ ਦਾ ਰਾਜ਼ ਖੁਲ੍ਹ ਸਕਦਾ ਹੈ। ਦੀਵਾਨ ਦੀ ਸਮਾਪਤੀ ਤੋਂ ਬਾਅਦ ਮਹੰਤ ਬਾਬਾ ਬੁੱਢਾ ਸਿੰਘ ਜੀ ਮਹਾਰਾਜ ਦੇ ਨਿਵਾਸ ਅਸਥਾਨ ਤੇ ਜਾ ਕੇ ਸ਼ਰਧਾ ਭਾਵ ਨਾਲ ਨਮਸ਼ਕਾਰ ਕਰ ਦੋਨੋਂ ਹੱਥ ਜੋੜ ਕੇ ਅਰਜ਼ ਕੀਤੀ—

ਗੁਰੁ ਦਾਤਾ ਦਾਤਾਰੁ ਹੈ ਹਉ ਮਾਗਉ ਦਾਨੁ ਗੁਰ ਪਾਸਿ॥
ਚਿਰੀ ਵਿਛੁੰਨਾ ਮੇਲਿ ਪ੍ਰਭ ਮੈ ਮਨਿ ਤਨਿ ਵਡੜੀ ਆਸ॥

*(ਮਾਰੂ ਮ: ੪, ਪੰਨਾ-੯੯੬)*

ਭਾਨ ਸਿੰਘ ਨੇ ਕੁਝ ਐਸੇ ਭਾਵਨ ਮਨ ਵਿਚ ਲੈ ਕੇ ਬੇਨਤੀ ਕੀਤੀ, ਮਹਾਰਾਜ! ਦਾਸ ਨੂੰ ਆਪਣੀ ਪਵਿੱਤਰ ਚਰਨ-ਸ਼ਰਨ ਬਖਸ਼ਿਸ਼ ਕਰੋ। ਮਹਾਂਪੁਰਸ਼ਾਂ ਨੇ ਬੜੇ ਪਿਆਰ ਨਾਲ ਕੋਲ ਬਿਠਾ ਕੇ ਨਾਮ, ਪਤਾ ਅਤੇ ਆਉਣ ਦਾ ਕਾਰਨ ਪੁੱਛਿਆ। ਭਾਨ ਸਿੰਘ ਤੋਂ ਸਾਰਾ ਹਾਲ ਸੁਣ ਕੇ ਬੋਲੇ, ਕਾਕਾ! ਫਕੀਰੀ ਬੜੀ ਔਖੀ ਸ਼ੈਅ ਹੈ, 'ਫਕੀਰ' ਉਰਦੂ ਦਾ ਸ਼ਬਦ ਹੈ ਜੋ ਕਿ (ਫੇ-ਕਾਫ਼-ਯੇ-ਰੇ) ਇਨ੍ਹਾਂ ਚਾਰ ਅੱਖਰਾਂ ਦੇ ਜੋੜ ਨਾਲ ਬਣਦਾ ਹੈ। ਜੇ ਵਿਚਾਰ ਦੁਆਰਾ ਇਨ੍ਹਾਂ ਅੱਖਰਾਂ ਦੇ ਅਰਥ ਵੇਖੀਏ ਤਾਂ 'ਫੇ' ਤੋਂ ਸੰਸਾਰ ਨੂੰ ਫਨਾਹ ਰੂਪ ਜਾਨਣਾ, 'ਕਾਫ਼' ਤੋਂ 'ਕਨਾਇਤ' ਸੰਤੋਖ ਧਾਰਨ ਕਰਨਾ ਯਾਨੀ ਜੋ ਪ੍ਰਾਰਬੱਧ ਅਨੁਸਾਰ ਮਿਲ ਜਾਵੇ ਉਸ ਪਰ ਪੂਰਨ ਤੌਰ ਤੇ ਸੰਤੁਸ਼ਟ ਰਹਿਣਾ, 'ਯੇ' ਸ਼ਬਦ ਦਾ ਅਰਥ ਹੈ ਪ੍ਰਮੇਸ਼ਰ ਦੀ ਯਾਦ ਵਿਚ ਸਦਾ ਜੁੜੇ ਰਹਿਣਾ, 'ਰੇ' ਦਾ ਭਾਵ ਹੈ ਉਸ ਅਕਾਲ ਪੁਰਖ ਵਾਹਿਗੁਰੂ ਨੂੰ ਸਾਰੇ ਰਮਿਆ ਹੋਇਆ ਵਿਆਪਕ ਜਾਨਣਾ ਅਤੇ ਮਾਨ-ਅਪਮਾਨ, ਭੁੱਖ-ਪਿਆਸ, ਸੁੱਖ-ਦੁੱਖ, ਗਰਮੀ-ਸਰਦੀ, ਦ੍ਵੰਦਾਂ ਨੂੰ ਸਹਿਣ ਕਰਕੇ ਇਨ੍ਹਾਂ ਤੋਂ ਉਪਰ ਵਿਚਰਨਾ ਯਾਨੀ ਮੁਰਦਾ ਹੋ ਕੇ ਜੀਵਨ ਬਤੀਤ ਕਰਨਾ, ਯਥਾ ਭਾਈ ਗੁਰਦਾਸ—

ਪੈਰੀ ਪੈਪਾਖਾਕ ਮੁਰੀਦੈ ਥੀਵਣਾ॥
ਗੁਰ ਮੂਰਤਿ ਮੁਸਤਾਕ ਮਰਿ ਮਰਿ ਜੀਵਣਾ॥
ਪਰਹਰ ਸਭੇ ਸਾਕ ਸੁਰੰਗ ਰੰਗੀਵਣਾ॥
ਹੋਰ ਨ ਝਖਣ ਝਾਕ ਸ਼ਰਨ ਮਨ ਸੀਵਣਾ॥
ਪਿਰਮ ਪਿਆਲਾ ਪਾਕ ਅਮਿਅ ਰਸੁ ਪੀਵਣਾ॥
ਮਸਕੀਨੀ ਅਉਤਾਕ ਅਸਥਿਰ ਥੀਵਣਾ॥
ਦਸ ਅਉਰਾਤ ਤਲਾਕ ਸਹਿਜ ਅਲੀਵਣਾ॥
ਸਾਵਧਾਨ ਗੁਰ ਵਾਕ ਨ ਮਨ ਭਰਮੀਵਣਾ॥
ਸਬਦ ਸੁਰਤ ਹੁਸ਼ਨਾਕ ਪਾਰਿ ਪਰੀਵਣਾ॥

ਅਰਥ — ਮੁਰੀਦ ਨੂੰ ਚਾਹੀਏ ਗੁਰੂ ਦੀ ਪੈਰੀਂ ਪੈ ਕੇ ਚਰਨ ਧੂੜ ਬਣੇ, ਗੁਰੂ ਮੂਰਤ ਦਾ ਆਸ਼ਕ ਜਾਂ ਪ੍ਰੇਮੀ ਬਣੇ, ਰੱਬ ਦੇ ਪਾਸੇ ਜੁੜਿਆ ਹੋਇਆ ਸੰਸਾਰ ਦੇ ਜੀਵਾਂ ਵਲੋਂ ਮਰੇ, ਸਾਰੇ ਸਾਕ-ਸੰਬੰਧੀਆਂ ਨੂੰ ਛੱਡ ਕੇ ਇਕ ਭਗਤੀ ਦੇ ਸੁਹਣੇ ਰੰਗ ਵਿਚ ਰੰਗਿਆ ਰਹੇ, ਹੋਰ ਪਾਸੇ ਝੱਖਾਂ ਨਾ ਮਾਰੇ, ਇਕ ਹਰੀ ਦੀ ਸ਼ਰਨ ਵਿਚ ਮਨ ਨੂੰ ਸਿਉਂ ਕੇ ਰੱਖੇ, ਪ੍ਰੇਮ ਪਿਆਲੇ ਦੇ ਪਵਿੱਤਰ ਅੰਮ੍ਰਿਤ ਰਸ ਨੂੰ ਪਾਨ ਕਰਦਾ ਰਹੇ, ਗਰੀਬੀ ਵਿਚ ਨਿਵਾਸ ਰਖੇ ਤਾਂ ਚਿਰੰਜੀਵੀ ਹੋ ਜਾਉ। ਦਸ ਇੰਦਰੀਆਂ ਨੂੰ ਤਲਾਕ

ਦੇਵੇ ਤਾਂ ਸਹਿਜ ਵਿਚ ਸਮਾਵੇਗਾ। ਗੁਰੂ ਵਾਕਾਂ ਵਿਖੇ ਸਾਵਧਾਨ ਰਹੇ, ਮਨ ਵਿਚ ਭਰਮ ਨਾ ਆਵੇ। ਸ਼ਬਦ ਦੀ ਹਮੇਸ਼ਾਂ ਯਾਦ-ਰੂਪੀ ਹੁਸ਼ਿਆਰੀ, ਮੁਰੀਦ ਨੂੰ ਸੰਸਾਰ ਸਮੁੰਦਰ ਤੋਂ ਪਾਰ ਕਰ ਦਿੰਦੀ ਹੈ। ਹਰ ਇਹ ਕੰਮ ਡਾਢਾ ਕਠਿਨ ਹੈ, ਗੱਲਾਂ ਨਾਲ ਜਾਂ ਦੇਖਾ-ਦੇਖੀ ਇਹ ਘਾਟੀ ਪਾਰ ਕਰਨੀ ਬੜੀ ਮੁਸ਼ਕਲ ਹੈ। ਦੇਖ ਭਾਈ ਸਾਹਿਬ ਹੋਰ ਸੁਚੇਤ ਕਰਦੇ ਹਨ—

ਮੁਰਦਾ ਹੋਇ ਮੁਰੀਦ ਨ ਗਲੀਂ ਹੋਵਣਾ॥
ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ॥
ਗੋਲਾ ਮੁਲ ਖਰੀਦ ਕਰੇ ਜੋਵਣਾ॥
ਨਾ ਤਿਸੁ ਭੁਖ ਨਾ ਨੀਂਦ ਨ ਖਾਣਾ ਸੋਵਣਾ॥
ਪੀਹਣਿ ਹੋਇ ਜਦੀਦ ਪਾਣੀ ਢੋਵਣਾ॥
ਪੱਖੇ ਦੀ ਤਾਗੀਦ ਪਗ ਮਲ ਧੋਵਣਾ॥
ਸੇਵਕ ਹੋਇ ਸੰਜੀਦ ਨ ਹੱਸਣ ਰੋਵਣਾ॥
ਦਰ ਦਰਵੇਸ ਰਸੀਦ ਪਿਰਮ ਰਸ ਭੋਵਣਾ॥
ਚੰਦ ਮੁਬਾਰਕ ਈਦ ਪੁਗ ਖਲੋਵਣਾ॥

ਅਰਥ — ਚੇਲਾ ਸੰਸਾਰ ਤੋਂ ਮਰ ਕੇ ਹੁੰਦਾ ਹੈ, ਗੱਲਾਂ ਨਾਲ ਨਹੀਂ ਹੁੰਦਾ। ਸੰਤੋਖੀ, ਭਰਮ ਤੇ ਡਰ ਨੂੰ ਦੂਰ ਕਰਕੇ ਸੱਚ ਪੁਰ ਸ਼ਹੀਦ ਹੁੰਦਾ ਹੈ। ਮੁੱਲ ਖਰੀਦੇ ਗੁਲਾਮ ਦੀ ਤਰ੍ਹਾਂ ਹੋਵੇ ਤਾਂ ਕਿ ਹਰ ਵੇਲੇ ਟਹਿਲ ਵਿਚ ਜੁੜਿਆ ਰਹੇ। ਆਪਣੇ ਸਰੀਰ ਲਈ ਉਹ ਨਾ ਭੁੱਖ ਤੇ ਨਾ ਨੀਂਦ ਦੀ ਪਰਵਾਹ ਕਰੇ। ਤਾਜ਼ਾ ਆਟਾ ਪੀਹ ਕੇ ਪਾਣੀ ਢੋਵੇ। ਗੁਰੂ ਦੇ ਚਰਨ ਮਲ-ਮਲ ਕੇ ਧੋਵੇ ਤੇ ਪੱਖਾ ਝੱਲੇ। ਸੇਵਕ ਗੰਭੀਰ ਐਸਾ ਹੋਵੇ, ਨਾ ਹੱਸੇ, ਨਾ ਰੋਵੇ ਭਾਵ ਗੁਰੂ ਦਾ ਭਾਣਾ ਮੰਨੇ।

ਜੇ ਗੁਰ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ॥

*(ਰਾਗੁ ਸੂਹੀ ਅਸਟਪਦੀਆ ਮ: ੪, ਘਰ ੨, ਪੰਨਾ-੭੫੮)*

ਇਸ ਪ੍ਰਕਾਰ ਜੋ ਦਰ ਦਾ ਦਰਵੇਸ ਹੋ ਕੇ ਪਹੁੰਚੇ, ਉਹ ਪਿਆਰੇ ਦੇ ਪ੍ਰੇਮ ਰਸ ਵਿਚ ਭਿੱਜ ਜਾਏਗਾ, ਉਸ ਪੁਰਸ਼ ਨੂੰ ਈਦ ਦੇ ਚੰਦ ਵਾਗੂੰ ਵਧਾਈਆਂ ਮਿਲਣਗੀਆਂ ਅਤੇ ਪੁੰਨਿਆਂ ਦੇ ਚੰਦ ਵਾਗੂੰ ਪੁੱਗ ਖਲੋਊ ਭਾਵ ਪੂਰਨ ਹੋ ਜਾਊ। ਪ੍ਰੇਮੀਆਂ! ਸੰਸਾਰ ਵਲੋਂ ਮਰ ਮੁੱਕ ਕੇ ਫਕੀਰੀ ਦੀ ਦਹਿਲੀਜ਼ ਤੇ ਪਹਿਲਾ ਕਦਮ ਰੱਖਿਆ ਜਾਂਦਾ ਹੈ, ਇਸ ਲਈ ਚੰਗਾ ਹੈ ਉਸ ਤੋਂ ਪਹਿਲਾਂ ਕਦਮ ਘਰ ਰਹਿ ਕੇ ਛਲ-ਕਪਟ ਤੋਂ ਰਹਿਤ ਨੇਕ-ਨੀਅਤ ਨਾਲ ਦਸਾਂ ਨਹੁੰਆਂ ਦੀ ਕਿਰਤ ਕਰਕੇ ਜੋ ਕਮਾਈ ਹੋਵੇ, ਉਸ ਵਿੱਚੋਂ ਯਥਾ-ਯੋਗ ਗਰੀਬਾਂ, ਲੋੜਵੰਦਾਂ ਤੇ ਖਰਚ ਕਰਦਾ ਹੋਇਆ ਜੀਵਨ ਬਸਰ ਕਰੇ। ਇਸ ਪ੍ਰਕਾਰ ਹੱਕ ਸੱਚ ਦੀ ਕਮਾਈ ਅਤੇ ਨਿਸ਼ਕਾਮ ਤਿਆਗ ਕਰਮ ਕਰਦਿਆਂ ਜਦ ਇਹ ਸ਼ੁੱਧ ਵਿਵਹਾਰ ਦੁਆਰਾ ਜੀਵਨ ਬਤੀਤ ਕਰਦਾ ਹੈ ਉਸ ਸਮੇਂ ਉਸ ਦਾ ਅਸਰ ਮਨ ਤੇ ਵੀ ਪੈਂਦਾ ਹੈ ਯਾਨੀ ਮਨ ਸ਼ੁੱਧ ਹੋਣ ਲੱਗ ਜਾਂਦਾ ਹੈ, ਫਿਰ ਸੰਸਾਰ ਵਿਚ ਉਤਰਾਅ-ਚੜਾਅ ਵੀ ਆਉਂਦੇ ਰਹਿੰਦੇ ਹਨ, ਕਦੇ ਕਿਸੇ ਸੰਬੰਧੀ ਦੀ ਮੌਤ ਦਾ ਦੁੱਖ, ਕਦੇ ਕਾਰੋਬਾਰ ਵਿਚ ਘਾਟਾ, ਕਦੇ ਮਾਨ ਵਡਿਆਈ ਨੂੰ ਠੋਕਰ ਯਾਨੀ ਅਪਮਾਨ, ਐਸੇ ਖੁਸ਼ੀ-ਗਮੀ ਦੇ ਸਮੇਂ ਇਸ ਸ਼ੁਧ ਹੋਏ ਮਨ ਤੇ ਬੈਰਾਗ ਉਤਪੰਨ ਕਰ ਦਿੰਦੇ ਹਨ, ਫਿਰ ਜਿਵੇਂ-ਜਿਵੇਂ ਬੈਰਾਗ ਦਾ ਬਲ ਵਧਦਾ ਹੈ, ਮਨ ਤੋਂ ਮਾਇਆ ਦਾ ਪਰਦਾ ਉਤਰਨਾ ਸ਼ੁਰੂ ਹੋ ਜਾਂਦਾ ਹੈ—

ਬਿਨੁ ਬੈਰਾਗ ਨ ਛੂਟਸਿ ਮਾਇਆ॥

*(ਗਉੜੀ ਕਬੀਰ ਜੀ, ਪੰਨਾ-੩੨੯)*

ਇਹ ਪਰਮੇਸ਼ਰ ਦਾ ਅਟੱਲ ਨਿਯਮ ਹੈ, ਬੈਰਾਗ ਤੋਂ ਬਿਨਾਂ ਮਨ ਤੋਂ ਮਾਇਆ ਦੀ ਭਰੰਤੀ ਦੂਰ ਨਹੀਂ ਹੁੰਦੀ। ਮਾਇਆ ਉਤਰੀ ਤੋਂ ਬਗੈਰ ਪਰਮੇਸ਼ਰ ਦਾ ਦੀਦਾਰ ਨਾਮੁਮਕਿਨ ਯਾਨੀ ਅਸੰਭਵ ਹੈ। ਇਸ ਲਈ ਹੁਣ ਤੂੰ ਸੋਚ ਫਕੀਰੀ ਕਰਨੀ ਹੈ ਜਾਂ ਵਾਪਸ ਘਰ ਨੂੰ ਜਾਣਾ ਹੈ। ਭਾਨ ਸਿੰਘ ਨੇ ਅਰਜ਼ ਕੀਤੀ ਮਹਾਰਾਜ! ਪਿਛਲੀ ਆਸ ਤਾਂ ਮੈਂ ਘਰ ਤੋਂ ਚੱਲਣ ਵੇਲੇ ਹੀ ਮੁੱਕਾ ਕੇ ਤੁਰਿਆ ਸੀ, ਹੁਣ ਤਾਂ ਆਪ ਮਿਹਰ ਕਰੋ ਹਜ਼ੂਰ ਦੇ ਪਵਿੱਤਰ ਚਰਨਾਂ ਦੀ ਸੇਵਾ ਕਰਦਿਆਂ ਜਨਮ

ਸਫਲ ਹੋ ਜਾਵੇ। ਮਹਾਂਪੁਰਸ਼ਾਂ ਨੇ ਡੂੰਘੀ ਦ੍ਰਿਸ਼ਟੀ ਨਾਲ ਤੱਕਿਆ ਕੋਈ ਪਰਉਪਕਾਰੀ ਰੂਹ ਹੈ, ਬਚਨ ਕਰ ਦਿੱਤਾ—ਠੀਕ ਹੈ ਤੈਥੋਂ ਗੁਰੂ ਨਾਨਕ ਨੇ ਆਪਣੇ ਘਰ ਦੀ ਸੇਵਾ ਲੈਣੀ ਹੈ ਤਕੜਾ ਹੋ ਕੇ ਕਰ। ਮੁਕਤੀ ਦਾ ਰਾਜ਼ ਸੇਵਾ ਵਿਚ ਹੀ ਛੁਪਿਆ ਹੈ। ਇਸ ਪ੍ਰਕਾਰ ਕੁਝ ਦਿਨ ਹਰਿਦੁਆਰ ਠਹਿਰ ਕੇ ਕੁੰਭੀ ਦਾ ਮੇਲਾ ਸਮਾਪਤ ਹੋਣ ਤੇ ਵਾਪਸ ਨਿਰਮਲ ਆਸ਼ਰਮ ਰਿਸ਼ੀਕੇਸ਼ ਪਹੁੰਚ ਗਏ। ਭਾਨ ਸਿੰਘ ਦਾ ਸੁਭਾਅ ਉਦਮੀ ਤਾਂ ਹੈ ਹੀ ਸੀ, ਦੋ-ਚਾਰ ਦਿਨਾਂ ਵਿੱਚ ਹੀ ਆਸ਼ਰਮ ਦੇ ਕੰਮਾਂ ਕਾਰਾਂ ਦਾ ਭੇਤ ਸਮਝ ਕੇ ਸੇਵਾ ਵਿਚ ਜੁਟ ਗਿਆ। ਮਹਾਂਪੁਰਸ਼ਾਂ ਨੇ ਹੁਕਮ ਕੀਤਾ ਕਿ ਸੇਵਾ ਦੇ ਨਾਲ ਨਾਲ ਗੁਰਬਾਣੀ ਦੀ ਸੰਥਯਾ ਵੀ ਸ਼ੁਰੂ ਕਰੋ। ਹੁਕਮ ਮੰਨ ਕੇ ਭਾਨ ਸਿੰਘ ਜੀ ਨੇ ਡਬਲ ਹਰਟ ਚਲਾਉਣਾ ਸ਼ੁਰੂ ਕਰ ਦਿਤਾ, ਯਾਨੀ ਸੇਵਾ ਤਾਂ ਆਸ਼ਰਮ ਦੀ ਸਾਰੀ ਸੰਭਾਲ ਹੀ ਲਈ ਸੀ ਨਾਲ-ਨਾਲ ਬਾਬਾ ਜੀ ਤੋਂ ਗੁਰਬਾਣੀ ਦੀ ਸੰਥਯਾ ਵੀ ਸ਼ੁਰੂ ਕਰ ਲਈ। ਇਸ ਪ੍ਰਕਾਰ ਸੇਵਾ-ਪਾਠ ਕਰਦਿਆਂ-ਕਰਦਿਆਂ ਜਦ ਕੁਝ ਸਮੇਂ ਬਾਅਦ ਮਨ ਕਾਫ਼ੀ ਸ਼ੁਧ ਹੋ ਗਿਆ ਤਾਂ ਇਕ ਦਿਨ ਮਹਾਂਪੁਰਖਾਂ ਦੇ ਚਰਨਾਂ 'ਚ ਅਰਜ਼ ਕੀਤੀ ਮਹਾਰਾਜ! ਕ੍ਰਿਪਾ ਕਰੋ, ਨਾਮ ਦੀ ਦਾਤ ਬਖਸ਼ਿਸ਼ ਕਰ ਦਿਓ। ਮਹਾਂਪੁਰਖ ਭਾਨ ਸਿੰਘ ਦੀ ਅਣਥੱਕ ਸੇਵਾ ਤੇ ਖੁਸ਼ ਤਾਂ ਪਹਿਲਾਂ ਹੀ ਬਹੁਤ ਸਨ, ਇਸ ਲਈ ਯੋਗ ਸਮਾਂ ਅਤੇ ਅਧਿਕਾਰੀ ਜਾਣ ਕੇ ਮਿਹਰਾਂ ਦੇ ਘਰ ਆਏ, ਨਾਮ ਉਪਦੇਸ਼ ਦੀ ਬਖਸ਼ਿਸ਼ ਕਰਕੇ ਭਗਵੇਂ ਰੰਗ ਦੇ ਵਸਤਰ ਪਹਿਨਾ ਦਿੱਤੇ ਅਤੇ ਨਾਮ ਭਾਨ ਸਿੰਘ ਦੀ ਬਜਾਏ ਆਤਮਾ ਸਿੰਘ ਰੱਖ ਦਿੱਤਾ। ਸੰਤ ਆਤਮਾ ਸਿੰਘ ਜੀ ਨੇ ਹੁਣ ਸਹਿਜੇ ਸਹਿਜੇ ਆਸ਼ਰਮ ਦੇ ਅੰਦਰਲੇ ਬਾਹਰਲੇ ਸਾਰੇ ਕੰਮ ਸੰਭਾਲ ਲਏ। ਨਿਮ੍ਰਤਾ ਤੇ ਸਹਿਣਸ਼ੀਲਤਾ ਵਰਗੇ ਦੈਵੀ ਗੁਣ ਤਾਂ ਆਪ ਵਿਚ ਕੁੱਟ ਕੁੱਟ ਕੇ ਭਰੇ ਹੋਏ ਹੀ ਸਨ, ਇਸ ਲਈ ਆਸ਼ਰਮ ਵਿਚ ਆਏ ਸਾਧੂ ਮਹਾਤਮਾ ਨੂੰ ਜਲ ਪਾਣੀ ਛਕਾ ਕੇ ਦਿਲੋਂ ਸਤਿਕਾਰ ਦਿੰਦੇ। ਇਸ ਪ੍ਰਕਾਰ ਸੇਵਾ-ਸਿਮਰਨ ਕਰਦਿਆਂ ਗੁਰਬਾਣੀ ਦੀ ਸੰਥਯਾ ਵੀ ਪੂਰੀ ਕਰ ਲਈ, ਹੁਣ ਵੱਡੇ ਮਹਾਂਪੁਰਖਾਂ ਨੇ ਪ੍ਰਮਾਰਥ ਮਾਰਗ ਦੇ ਹੋਰ ਸ਼ਾਸਤਰ ਜਿਵੇਂ ਸਾਰਕੁਤਾਲਵੀ, ਬੈਰਾਗਸ਼ਤਕ, ਅਧਿਆਤਮ ਰਮਾਇਣ, ਅਧਿਆਤਮ ਪ੍ਰਕਾਸ਼, ਤੁਲਸੀ ਕ੍ਰਿਤ ਰਾਮ ਚਰਿਤਰ ਮਾਣਸ ਆਦਿਕ ਗ੍ਰੰਥ ਪੜ੍ਹਾਉਣੇ ਸ਼ੁਰੂ ਕਰ ਦਿਤੇ। ਆਪ ਆਸ਼ਰਮ ਦੀ ਸੇਵਾ ਸੰਭਾਲ ਦੇ ਨਾਲ-ਨਾਲ ਵਿਦਿਆ ਵੀ ਗ੍ਰਹਿਣ ਕਰਦੇ ਗਏ। ਜਦ ਕਦੇ ਆਸ਼ਰਮ ਵਿਚ ਕੰਮ ਕਾਰ ਠੀਕ ਹੋਣਾ ਯਾਨੀ ਬਿਲਡਿੰਗ ਉਸਾਰੀ ਦਾ ਕੰਮ ਬੰਦ ਹੁੰਦਾ ਤਾਂ ਵੱਡੇ ਮਹਾਂਪੁਰਖ ਆਪ ਨੂੰ ਸਿੰਧ-ਯਾਤਰਾ ਤੇ ਨਾਲ ਲੈ ਜਾਂਦੇ। ਇਸ ਪ੍ਰਕਾਰ ਸਮਾਂ ਗੁਜ਼ਰਦਾ ਗਿਆ। ਸੰਨ 1911 ਵਿਚ ਜਦ ਕਨਖ਼ਲ ਵਾਲੀ ਜ਼ਮੀਨ ਖਰੀਦੀ ਉਹ ਬਹੁਤ ਬੇ-ਪੱਧਰੀ ਸੀ, ਦਰਿਆਵਾਂ ਦੇ ਕਿਨਾਰੇ ਅਕਸਰ ਜਿਵੇਂ ਹੁੰਦੇ, ਵੱਡੇ-ਵੱਡੇ ਟੋਏ, ਪਾਣੀ ਦੀਆਂ ਘਰਲਾਂ ਆਦਿਕ ਬੰਦ ਕਰਕੇ ਉਸ ਨੂੰ ਉਪਜਾਊ ਬਣਾਉਣਾ ਬਹੁਤ ਮਿਹਨਤ ਦਾ ਕੰਮ ਸੀ ਜੋ ਕਿ ਆਪ ਨੇ ਅਤੇ ਆਪ ਜੀ ਦੇ ਗੁਰ ਭਾਈ ਸੰਤ ਜੈਮਲ ਸਿੰਘ ਜੀ ਨੇ ਬਹੁਤ ਘਾਲਣਾ ਘਾਲ ਕੇ ਪੱਧਰੀ ਕੀਤੀ, ਫਿਰ ਉਸ ਵਿਚ ਖੂਹ ਲਾ ਕੇ ਬਾਗ ਲਾਇਆ ਜੋ ਅੱਜ ਤੱਕ ਮੌਜੂਦ ਹੈ। ਵੱਡੇ ਮਹਾਂਪੁਰਖ, ਸੰਤ ਆਤਮਾ ਸਿੰਘ ਵਲੋਂ ਅਸਥਾਨ ਦੀ ਸੰਭਾਲ ਦੇਖ ਡੇਰੇ ਵੱਲੋਂ ਬਿਲਕੁਲ ਬੇ-ਪਰਵਾਹ ਹੋ ਕੇ ਗੁਰਬਾਣੀ ਦੇ ਪ੍ਰਚਾਰ ਹਿਤ ਹੀ ਸਮਾਂ ਗੁਜ਼ਾਰਨ ਲੱਗੇ। ਜਦ ਕਦੇ ਯਾਤਰਾ ਤੋਂ ਵਾਪਸ ਆ ਜਾਂਦੇ ਤਾਂ ਅਸਥਾਨ ਤੇ ਰਹਿਣ ਵਾਲੇ ਸਾਧੂਆਂ ਨੂੰ ਕੋਈ ਗ੍ਰੰਥ ਪੜ੍ਹਾਉਂਦੇ ਰਹਿੰਦੇ ਸਨ। ਇਸ ਸਮੇਂ ਦੌਰਾਨ ਹੀ ਸੰਤ ਆਤਮਾ ਸਿੰਘ ਜੀ ਨੇ ਵੇਦਾਂਤ ਦਾ ਗ੍ਰੰਥ ਪੰਚਦਸੀ ਅਤੇ ਗੀਤਾ ਵੀ ਆਪ ਕੋਲੋਂ ਪੜ੍ਹ ਲਈ। ਵਡੇ ਮਹਾਂਪੁਰਖ ਸੰਤ ਬਾਬਾ ਬੁੱਢਾ ਸਿੰਘ ਜੀ ਮਹਾਰਾਜ ਜੀ ਵਲੋਂ ਕੀਤੇ ਗੁਰਬਾਣੀ ਦੇ ਪ੍ਰਚਾਰ ਦੇ ਫਲਸਰੂਪ ਹੁਣ ਤੱਕ ਸਿੰਧੀ ਸੰਗਤਾਂ ਭਾਰੀ ਗਿਣਤੀ ਵਿਚ ਗੁਰੂ-ਘਰ ਨਾਲ ਜੁੜ ਚੁੱਕੀਆਂ ਸਨ ਇਸ ਲਈ ਸੰਗਤਾਂ ਦੀ ਭਰਵੀਂ ਆਵਾਜਾਈ ਅਤੇ ਸਥਾਨ ਤੇ ਰਹਿਣ ਵਾਲੇ ਸਾਧੂ ਮਹਾਤਮਾਂ ਦੀ ਲੋੜ ਨੂੰ ਮੁੱਖ ਰੱਖ ਕੇ ਆਸ਼ਰਮ ਦੇ ਨਾਲ ਲਗਦੀ ਜਗ੍ਹਾ ਲੈ ਕੇ ਗਊਸ਼ਾਲਾ ਬਣਾਈ ਜਿਸ ਵਿਚ ਕਾਫ਼ੀ ਗਊਆਂ ਖਰੀਦ ਕੇ ਦੁੱਧ ਦੀ ਲੋੜ ਪੂਰੀ ਕੀਤੀ ਗਈ।*

ਸੰਗਤਾਂ ਦੇ ਠਹਿਰਣ ਲਈ ਜਗ੍ਹਾ ਦੀ ਤੰਗੀ ਮਹਿਸੂਸ ਕਰਕੇ ਹੋਰ ਕਮਰੇ ਬਣਵਾਏ ਗਏ, ਕਨਖ਼ਲ ਵਿਖੇ ਇਕ ਸੁੰਦਰ ਕੋਠੀ ਦੀ ਰਚਨਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਮੌਜੂਦਾ ਦਰਬਾਰ ਸਾਹਿਬ ਦੀ ਉਸਾਰੀ ਕੀਤੀ ਗਈ। ਡੇਰੇ ਦਾ ਇਹ ਸਾਰਾ ਪਸਾਰ ਭਾਵੇਂ ਹੋ ਤਾਂ ਮਹੰਤ ਬਾਬਾ ਬੁੱਢਾ ਸਿੰਘ ਮਹਾਰਾਜ ਜੀ ਦੀ ਅਪਾਰ ਕ੍ਰਿਪਾ ਅਤੇ ਸਰਪ੍ਰਸਤੀ ਹੇਠ ਹੀ ਰਿਹਾ ਸੀ, ਲੇਕਿਨ ਇਹ ਸਾਰੇ ਕਾਰੋਬਾਰ ਦਾ ਪ੍ਰਬੰਧ ਅਤੇ ਦੇਖਰੇਖ ਦਾ ਭਾਰ ਆਗਿਆਕਾਰੀ ਸੰਤ ਆਤਮਾ ਸਿੰਘ ਜੀ

* *ਇਸ ਗਊਸ਼ਾਲਾ ਵਿਚ ਸਮਾਂ ਪਾ ਕੇ ਯਾਨੀ ਸੰਨ 1930 ਈ: ਦੇ ਕਰੀਬ 55 ਗਊਆਂ ਰੱਖੀਆਂ ਹੋਈਆਂ ਸਨ।*

ਦੇ ਬਲੀ ਮੋਢਿਆਂ ਉਪਰ ਹੀ ਸੀ। ਸੰਤ ਆਤਮਾ ਸਿੰਘ ਜੀ ਸਰੀਰ ਦੇ ਇਤਨੇ ਬਲਵਾਨ ਸਨ ਕਿ ਪੰਝੀ ਫੁੱਟ ਲੰਮੇ ਭਾਰੇ ਗਾਰਡਰ ਇੱਕਲੇ ਹੀ ਉਠਾ ਕੇ ਛੱਤ ਉਪਰ ਪਹੁੰਚਾ ਦਿੰਦੇ ਸਨ। ਸੰਨ 1922 ਈ: ਵਿਚ ਸੰਤ ਨਾਰਾਇਣ ਸਿੰਘ ਜੀ ਜਦ ਕਿ ਸੋਲਾਂ-ਸਤਾਰਾਂ ਸਾਲ ਦੀ ਉਮਰ ਵਿਚ ਸਨ, ਪਹਿਲੀ ਵਾਰ ਆਸ਼ਰਮ ਆਏ। ਮਹੰਤ ਬੁੱਢਾ ਸਿੰਘ ਮਹਾਰਾਜ ਜੀ ਨੇ ਸੰਤ ਆਤਮਾ ਸਿੰਘ ਜੀ ਨੂੰ ਹੁਕਮ ਕੀਤਾ ਇਸ ਲੜਕੇ (ਮਹੰਤ ਨਾਰਾਇਣ ਸਿੰਘ ਜੀ) ਨੂੰ ਆਪਣੀ ਸਰਪ੍ਰਸਤੀ ਹੇਠ ਸੇਵਾ ਵਿਚ ਲਾ ਲਉ ਅਤੇ ਨਾਲ-ਨਾਲ ਗੁਰਬਾਣੀ ਦੀ ਸੰਸਥਾ ਕਰਵਾਉਂਦੇ ਰਹੋ। 1926 ਈ: ਵਿਚ ਮਹਾਰਾਜ ਬੁੱਢਾ ਸਿੰਘ ਜੀ ਦੱਖਣ-ਪੂਰਬ ਦੇ ਤੀਰਥ ਅਸਥਾਨਾਂ ਦੀ ਯਾਤਰਾ ਲਈ ਚੱਲੇ ਤਾਂ ਸੰਤ ਮਾਨ ਸਿੰਘ ਜੀ ਅਤੇ ਸੰਤ ਨਾਰਾਇਣ ਸਿੰਘ ਜੀ ਨੂੰ ਆਸ਼ਰਮ ਦੀਆਂ ਜਿੰਮੇਵਾਰੀਆਂ ਸੰਭਾਲ ਕੇ, ਸੰਤ ਆਤਮਾ ਸਿੰਘ ਜੀ ਅਤੇ ਸੰਤ ਬਲਵੰਤ ਸਿੰਘ ਜੀ ਨੂੰ ਨਾਲ ਲੈ ਕੇ ਚਾਲੇ ਪਾਏ। ਰਿਸ਼ੀਕੇਸ਼ ਤੋਂ ਚਲ ਕੇ ਰਸਤੇ ਦੇ ਤੀਰਥ ਉਜੈਨ, ਇੰਦੌਰ ਦੇ ਦਰਸ਼ਨ-ਦੀਦਾਰੇ ਕਰਦੇ ਹੋਏ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਪਹੁੰਚੇ। ਕੁਝ ਦਿਨ ਠਹਿਰ ਦੇ ਉਥੋਂ ਦੇ ਪਾਵਨ ਅਸਥਾਨਾਂ ਦੇ ਦਰਸ਼ਨ ਕਰਕੇ ਦੁਸਹਿਰੇ ਦਾ ਮੇਲਾ ਸਮਾਪਤ ਹੋਣ ਤੇ, ਹਜ਼ੂਰ ਸਾਹਿਬ ਤੋਂ ਚੱਲ ਕੇ ਚਿਤਰਕੂਟ ਹੁੰਦੇ ਹੋਏ ਅਲਾਹਾਬਾਦ ਪਹੁੰਚੇ। ਇਥੋਂ ਚੱਲ ਕੇ ਗਯਾ ਜੀ ਦੇ ਦਰਸ਼ਨ ਇਸ਼ਨਾਨ ਕਰਕੇ ਕਲਕੱਤੇ ਪਹੁੰਚ ਗਏ। ਕਲਕੱਤੇ ਕੁਝ ਦਿਨ ਠਹਿਰ ਕੇ ਗੁਰੂ ਸਾਹਿਬ ਜੀ ਨਾਲ ਸੰਬੰਧਤ ਬੜੀ ਸੰਗਤ, ਛੋਟੀ ਸੰਗਤ ਆਦਿਕ ਅਸਥਾਨਾਂ ਦੇ ਦਰਸ਼ਨ ਦੀਦਾਰੇ ਕਰਕੇ ਜਗਨਨਾਥ ਪੁਰੀ ਪਹੁੰਚ ਗਏ। ਇਥੇ ਇਕ ਦੋ ਦਿਨ ਠਹਿਰ ਕੇ ਬੈਜਨਾਥ ਆਦਿਕ ਹੁੰਦੇ ਹੋਏ ਪਟਨਾ ਸਾਹਿਬ ਦੀ ਪਾਵਨ ਭੂਮੀ ਤੇ ਆ ਪਧਾਰੇ। ਇਥੇ ਸੱਤ ਦਿਨ ਠਹਿਰ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਸਾਰੇ ਪਵਿੱਤਰ ਅਸਥਾਨਾਂ ਦੇ ਦਰਸ਼ਨ ਕੀਤੇ। ਫਿਰ ਇਥੋਂ ਚੱਲ ਕੇ ਬਨਾਰਸ ਆਪਣੇ ਅਸਥਾਨ ਸੰਗਤ ਗਿਆਨ-ਗੁਫਾ ਆ ਬਿਰਾਜਮਾਨ ਹੋਏ। ਇਥੇ ਸਾਧੂ ਮਹਾਤਮਾ ਲਈ ਖੁਲ੍ਹਾ ਭੰਡਾਰਾ ਕੀਤਾ ਅਤੇ ਸੰਤ ਆਤਮਾ ਸਿੰਘ ਜੀ ਨੂੰ ਹੁਕਮ ਕੀਤਾ ਕਿ ਆਪ ਇਥੇ ਠਹਿਰ ਕੇ ਸਾਰੇ ਮਕਾਨ ਦੀ ਮੁਰੰਮਤ ਅਤੇ ਰੰਗ ਵਗੈਰਾ ਕਰਾ ਕੇ ਫਿਰ ਵਾਪਸ ਆਉਣਾ। ਬਾਬਾ ਜੀ ਤਾਂ ਹੁਕਮ ਕਰਕੇ ਵਾਪਸ ਰਿਸ਼ੀਕੇਸ਼ ਆ ਗਏ ਲੇਕਿਨ ਸੰਤ ਆਤਮਾ ਸਿੰਘ ਜੀ ਕਾਸ਼ੀ ਮਕਾਨ ਦੀ ਮੁਰੰਮਤ ਅਤੇ ਰੰਗ ਵਗੈਰਾ ਦਾ ਕੰਮ ਕਰਵਾ ਕੇ ਫਿਰ ਵਾਪਸ ਆਏ।

## ਸੰਤ ਆਤਮਾ ਸਿੰਘ ਜੀ ਨੂੰ ਮਹੰਤ ਥਾਪਣਾ

ਮਹੰਤ ਬਾਬਾ ਬੁੱਢਾ ਸਿੰਘ ਜੀ ਨੇ ਸੰਤ ਆਤਮਾ ਸਿੰਘ ਜੀ ਵਿੱਚ ਹਰ ਪ੍ਰਕਾਰ ਨਾਲ ਯੋਗਤਾ ਅਨੁਭਵ ਕਰਕੇ, ਜਿਵੇਂ ਅਸਥਾਨ ਦੀ ਸੰਭਾਲ, ਸਾਦਾ ਜੀਵਨ, ਮਨ ਬੁੱਧੀ ਦੀ ਸਰਲਤਾ, ਹਿਰਦੇ ਵਿੱਚ ਗਰੀਬੀ, ਜ਼ਬਾਣ ਮਿੱਠੀ, ਸਾਧੂ ਦਾ ਸਤਿਕਾਰ, ਗ੍ਰਹਿਸਤੀ ਭਗਤਾਂ ਨਾਲ ਪਿਆਰ ਆਦਿਕ ਦੈਵੀ ਗੁਣ ਜੋ ਇਕ ਵੱਡੇ ਅਸਥਾਨ ਦੇ ਮਹੰਤ ਅਤੇ ਸਾਧੂ ਵਿੱਚ ਹੋਣੇ ਚਾਹੀਦੇ ਹਨ, ਜਿੰਨਾਂ ਤੋਂ ਸਾਰੀ ਸ੍ਰਿਸ਼ਟੀ ਨੂੰ ਸੁੱਖ ਮਿਲੇ ਐਸੇ ਗੁਣਾਂ ਨਾਲ ਸੰਤ ਆਤਮਾ ਸਿੰਘ ਜੀ ਨੂੰ ਭਰਪੂਰ ਦੇਖਕੇ, ਆਪਣਾ ਉਤਰਾਧਿਕਾਰੀ ਸਥਾਪਨ ਕਰਨ ਲਈ ਮਨ ਵਿੱਚ ਪੱਕਾ ਫੈਸਲਾ ਕਰ ਲਿਆ। ਉਸ ਵਿਚਾਰ ਨੂੰ ਅਮਲ ਵਿਚ ਲਿਆਉਣ ਲਈ ਤਿੰਨ ਫਰਵਰੀ 1931 ਈ: ਵਾਲੇ ਦਿਨ ਸਮੇਂ ਦੇ ਉਘੇ ਸੰਤ ਮਹਾਤਮਾ, ਸਿੰਧੀ ਅਤੇ ਪੰਜਾਬੀ ਸਿੱਖ ਸੇਵਕਾਂ ਦਾ ਇਕੱਠ ਬੁਲਾ ਕੇ ਆਪਣੇ ਸਾਰੇ ਅਸਥਾਨ, ਜਿਵੇਂ ਨਿਰਮਲ ਆਸ਼ਰਮ ਰਿਸ਼ੀਕੇਸ਼, ਨਿਰਮਲ ਬਾਗ ਕਨਖ਼ਲ (ਹਰਦੁਆਰ) ਅਤੇ ਸੰਗਤ ਗਿਆਨ ਗੁਫਾ ਕਾਸ਼ੀ, ਆਦਿਕ ਸਭ ਅਸਥਾਨਾਂ ਦਾ ਆਪਣਾ ਉਤਰਾਧਿਕਾਰੀ ਮਹੰਤ ਥਾਪ ਦਿੱਤਾ। ਗੁਰੂ ਘਰ ਦੀ ਪੁਰਾਤਨ ਮਰਿਆਦਾ ਅਨੁਸਾਰ ਪੱਗ ਦਿੱਤੀ ਗਈ, ਉਪਰੰਤ ਖੁੱਲ੍ਹਾ ਭੰਡਾਰਾ ਵਰਤਿਆ। ਜਿਵੇਂ ਦਰਖਤ ਪਰਉਪਕਾਰੀ ਸੁਭਾਅ ਦਾ ਹੋਣ ਕਰਕੇ ਸਭ ਨੂੰ ਸੁੱਖ ਦਿੰਦਾ ਹੈ, ਆਪ ਗਰਮੀ-ਸਰਦੀ, ਗੜੇ, ਬਰਸਾਤ ਆਦਿਕ ਕਸ਼ਟ ਆਪਣੇ ਸਿਰ ਤੇ ਸਹਿ ਕੇ ਦੂਸਰਿਆਂ ਨੂੰ ਬਚਾਉਂਦਾ ਹੈ। ਪੰਛੀ ਆਲ੍ਹਣੇ ਬਣਾ ਕੇ ਜੀਵਨ ਬਤੀਤ ਕਰਦੇ ਹਨ ਅਤੇ ਹੋਰ ਜੀਵ ਗਰਮੀ ਦੇ ਸਤਾਏ ਛਾਂ ਹੇਠ ਬੈਠ ਕੇ ਸੁੱਖ ਦਾ ਅਨੁਭਵ ਕਰਦੇ ਹਨ। ਫਿਰ ਫਲ ਲੱਗ ਕੇ ਪੱਕ ਜਾਣ ਤੋਂ ਬਾਅਦ ਤਾਂ ਨੀਚੇ ਦੀ ਤਰਫ ਝੁੱਕ ਜਾਂਦਾ ਹੈ ਤਾਂ ਕਿ ਫਲ ਖਾਣ ਵਾਲੇ ਆਸਾਨੀ ਨਾਲ ਤੋੜ ਸਕਣ।

ਇਸੇ ਤਰ੍ਹਾਂ ਸੰਤ ਆਤਮਾ ਸਿੰਘ ਜੀ ਦਾ ਸੁਭਾਵ ਤਾਂ ਭਾਵੇਂ ਪਹਿਲਾਂ ਵੀ ਤਿਆਗ ਬਿਰਤੀ ਦੁਆਰਾ ਦੂਸਰਿਆਂ ਦੀ ਸੇਵਾ ਕਰਨੀ ਯਾਨੀ ਪਰਉਪਕਾਰੀ ਹੀ ਸੀ ਲੇਕਿਨ ਮਹੰਤੀ ਦੇ ਪ੍ਰਤਿਸਠਤ ਪਦ ਨੂੰ ਪਾ ਕੇ ਤਾਂ ਫਲ ਵਾਲੇ ਬ੍ਰਿਛ ਦੀ ਤਰ੍ਹਾਂ ਨਿਮਰਤਾ ਵਿੱਚ ਹੋਰ ਵੀ ਭਿੱਜ ਗਏ। ਜਿਤਨੀ ਦੇਰ ਬਾਬਾ ਬੁੱਢਾ ਸਿੰਘ ਜੀ ਦਾ ਸਰੀਰ ਰਿਹਾ, ਉਤਨੀ ਦੇਰ ਉਨ੍ਹਾਂ ਦੇ ਹੁਕਮ ਵਿੱਚ ਰਹਿ ਕੇ ਅਸਥਾਨਾਂ ਦੇ ਪ੍ਰਬੰਧ ਆਦਿ ਦੀ ਕਾਰ ਕਰਦੇ ਰਹੇ, ਲੇਕਿਨ ਜਦ 1937 ਈ: ਵਿੱਚ

ਬਾਬਾ ਜੀ ਸਰੀਰ ਤਿਆਗ ਕੇ ਸੱਚਖੰਡ ਜਾ ਬਿਰਾਜਮਾਨ ਹੋਏ, ਫਿਰ ਛੋਟੇ ਮਹੰਤ ਮਾਨ ਸਿੰਘ ਜੀ, ਵਿੱਰਕਤ ਸ਼ੋਮਣੀ ਸੰਤ ਬਾਬਾ ਨਿੱਕਾ ਸਿੰਘ ਜੀ, ਸੰਤ ਬਲਵੰਤ ਸਿੰਘ ਜੀ, ਸੰਤ ਅਰਜਨ ਸਿੰਘ ਜੀ ਭਿਖਸ਼ੂ ਅਤੇ ਸੰਤ ਦੇਵਾ ਸਿੰਘ ਜੀ ਆਦਿਕ ਗੁਰੂ ਭਾਈਆਂ ਨੂੰ ਆਪਣਾ ਅੰਗ ਸਮਝ ਕੇ ਹਰ ਕੰਮ ਇਨ੍ਹਾਂ ਦੀ ਸਲਾਹ ਨਾਲ ਕਰਦੇ ਰਹੇ। ਇਸ ਤਰੀਕੇ ਡੇਰੇ ਦੀ ਚਾਲੀ ਮਰਿਆਦਾ ਪਹਿਲਾਂ ਵਾਲੀ ਹੀ ਚੱਲਦੀ ਰਹੀ, ਜਿਵੇਂ ਸਾਧੂਆਂ ਦਾ ਵਿਦਿਆ ਪੜ੍ਹਨਾ, ਲੰਗਰ ਗੁਰੂ ਦਾ ਅਤੁੱਟ ਚਲਦਾ ਰਹਿਣਾ ਅਤੇ ਸਮੇਂ-ਸਮੇਂ ਆਸ਼ਰਮ ਵਿੱਚ ਕਮਰੇ ਬਣਦੇ ਰਹਿਣਾ।

ਇਸ ਪ੍ਰਕਾਰ ਆਸ਼ਰਮ ਦੀ ਸੇਵਾ ਸੰਭਾਲ ਕਰਦਿਆਂ ਸਮਾਂ ਸੁੱਖ ਪੂਰਵਕ ਬਤੀਤ ਹੋ ਰਿਹਾ ਸੀ। ਉਧਰ ਸਿੰਧੀ ਸੰਗਤਾਂ ਆਪ ਜੀ ਨੂੰ ਬਾਬਾ ਬੁੱਢਾ ਸਿੰਘ ਜੀ ਦਾ ਰੂਪ ਸਮਝਦੀਆਂ ਹੋਈਆਂ ਸਿੰਧ ਜਾਣ ਵਾਸਤੇ ਬਾਰ-ਬਾਰ ਬੇਨਤੀਆਂ ਕਰ ਰਹੀਆਂ ਸਨ, ਲੇਕਿਨ ਆਪ ਆਸ਼ਰਮ ਦੇ ਕੁਝ ਕੰਮ-ਕਾਰ ਅਤੇ ਦੂਸਰੇ ਸੰਬੰਧਤ ਅਸਥਾਨਾਂ ਕਨਖ਼ਲ, ਮਨਸੂਰੀ ਅਤੇ ਕਾਸ਼ੀ ਦੇ ਦੇਖ ਰੇਖ ਦੀ ਵਜ੍ਹਾ ਕਰਕੇ ਡੇਢ ਸਾਲ ਕਿਤੇ ਨਹੀਂ ਗਏ। ਆਖਰ ਕਰਾਚੀ, ਹੈਦਰਾਬਾਦ ਦੀਆਂ ਸੰਗਤਾਂ ਬਹੁਤ ਬਿਹਬਲ ਹੋ ਰਹੀਆਂ ਸਨ, ਇਸ ਲਈ ਉਨ੍ਹਾਂ ਦੇ ਪ੍ਰੇਮਵਸ ਸਿੰਧ ਜਾਣ ਦਾ ਬਚਨ ਦੇ ਦਿੱਤਾ।

## ਮਹੰਤ ਬਨਣ ਤੋਂ ਬਾਅਦ ਪਹਿਲੀ ਸਿੰਧ ਫੇਰੀ

ਵੱਡੇ ਮਹਾਂਪੁਰਖ ਹੈਦਰਾਬਾਦ ਵਿਚ ਪਲਾਟ ਖਰੀਦ ਕੇ ਨਿਰਮਲ ਆਸ਼ਰਮ ਦੀ ਨੀਂਹ ਰੱਖ ਗਏ ਸਨ ਅਤੇ ਉਸਦੇ ਪ੍ਰਬੰਧ ਲਈ ਮੁਖੀ-ਮੁਖੀ ਪ੍ਰੇਮੀਆਂ ਦਾ ਟਰੱਸਟ ਬਣਾ ਗਏ ਸਨ। ਆਸ਼ਰਮ ਬਣਕੇ ਹੁਣ ਤਿਆਰ ਹੋ ਗਿਆ, ਉਸਦੇ ਮਹੂਰਤ ਲਈ ਟਰੱਸਟ ਦੇ ਕੁਝ ਮੈਂਬਰਾਂ ਨੇ ਮਹੰਤ ਆਤਮਾ ਸਿੰਘ ਜੀ ਨੂੰ ਰਿਸ਼ੀਕੇਸ਼ ਆ ਕੇ ਬੇਨਤੀ ਕੀਤੀ। ਆਪ ਨੇ ਬੇਨਤੀ ਪ੍ਰਵਾਨ ਕਰਕੇ ਸਿੰਧ ਜਾਣ ਦੀ ਤਿਆਰੀ ਕਰ ਲਈ। ਨੀਯਤ ਦਿਨ ਤੇ ਯਾਨੀ 25 ਜੁਲਾਈ, 1939 ਨੂੰ ਸੰਤ ਬਲਵੰਤ ਸਿੰਘ ਜੀ, ਸੰਤ ਨਾਰਾਇਣ ਸਿੰਘ ਜੀ, ਸੰਤ ਕਰਤਾਰ ਸਿੰਘ ਜੀ, ਸੰਤ ਦੇਵਾ ਸਿੰਘ ਜੀ ਅਤੇ ਪੰਡਿਤ ਸੁੱਚਾ ਸਿੰਘ ਜੀ ਨੂੰ ਨਾਲ ਲੈ ਕੇ ਰੇਲ ਰਾਹੀਂ ਸ੍ਰੀ ਅੰਮ੍ਰਿਤਸਰ ਪਹੁੰਚੇ। ਇਥੇ ਇਕ ਦੋ ਦਿਨ ਠਹਿਰਕੇ ਸ੍ਰੀ ਹਰਿਮੰਦਰ ਸਾਹਿਬ ਆਦਿਕ ਗੁਰੂ ਅਸਥਾਨਾਂ ਦੇ ਦੀਦਾਰੇ ਕਰਕੇ ਹੈਦਰਾਬਾਦ ਨੂੰ ਚਾਲੇ ਪਾਏ। ਹੈਦਰਾਬਾਦ ਸਟੇਸ਼ਨ ਤੇ ਭਾਰੀ ਗਿਣਤੀ ਵਿੱਚ ਸੰਗਤਾਂ ਪਹੁੰਚੀਆਂ ਹੋਈਆਂ ਸਨ। ਇਉਂ ਬੜੇ ਸਤਿਕਾਰ ਸਨਮਾਨ ਨਾਲ ਆਪ ਜੀ ਨੂੰ ਨਿਵਾਸ ਅਸਥਾਨ ਤੇ ਲੈ ਕੇ ਗਈਆਂ। ਵੱਡੇ ਮਹਾਂਪੁਰਖਾਂ ਦੀ ਤਰ੍ਹਾਂ ਸਵੇਰੇ-ਸ਼ਾਮ ਸਤਿਸੰਗ ਸ਼ੁਰੂ ਹੋਇਆ। ਸਵੇਰੇ ਗਿਆਨੀ ਬਲਵੰਤ ਸਿੰਘ ਜੀ ਗੁਰ ਸ਼ਬਦ ਦੀ ਕਥਾ ਕਰਦੇ, ਸ਼ਾਮ ਨੂੰ ਸੰਤ ਨਾਰਾਇਣ ਸਿੰਘ ਜੀ ਪ੍ਰਵਚਨ ਕਰਿਆ ਕਰਦੇ ਸਨ। ਪ੍ਰੇਮੀ ਜਨ ਵੱਡੇ ਮਹਾਂਪੁਰਖਾਂ ਦਾ ਰੂਪ ਜਾਣ ਕੇ ਆਪਣੇ ਘਰਾਂ ਵਿਚ ਚਰਨ ਪਵਾਉਂਦੇ ਅਤੇ ਪਰਮਾਰਥਕ ਲਗਨ ਵਾਲਿਆਂ ਦੇ ਸ਼ਾਂਕੇ ਦੂਰ ਕਰਦੇ। ਇਸ ਪ੍ਰਕਾਰ ਸਤਿਸੰਗ ਪਰਮਾਰਥਕ ਵਿਚਾਰਾਂ ਦੁਆਰਾ ਸਮਾਂ ਸਫਲ ਕਰਦਿਆਂ 11 ਜੁਲਾਈ, 1939 ਈ: ਵਾਲੇ ਦਿਨ ਨਵੇਂ ਬਣੇ ਨਿਰਮਲ ਆਸ਼ਰਮ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਖੰਡ ਪਾਠ ਭੋਗ ਉਪਰੰਤ ਉਦਘਾਟਨ ਸਮਾਰੋਹ ਕੀਤਾ ਗਿਆ। ਭੋਗ ਉਪਰੰਤ ਕਥਾ ਕੀਰਤਨ ਤੋਂ ਬਾਅਦ ਗੁਰੂ ਕੇ ਲੰਗਰ ਦੇ ਖੁੱਲ੍ਹੇ ਭੰਡਾਰੇ ਵਰਤੇ। ਇਸ ਸਮਾਗਮ ਤੇ ਕਰਾਚੀ, ਠੱਟੇ ਆਦਿਕ ਥਾਵਾਂ ਤੋਂ ਵੀ ਸੰਗਤਾਂ ਆਈਆਂ ਹੋਈਆਂ ਸਨ, ਇਸ ਲਈ ਦੂਸਰੇ ਦਿਨ ਤਾਰਾ ਚੰਦ ਚੇਤੀ ਬਾਈ ਅਤੇ ਠੱਟੇ ਦੀ ਸੰਗਤ ਗੋਪਾਲ ਆਦਿਕ ਪ੍ਰੇਮੀਆਂ ਦੀ ਬੇਨਤੀ ਪ੍ਰਵਾਨ ਕਰਕੇ ਕਰਾਚੀ ਪਹੁੰਚੇ।

ਇਥੇ ਕੁਝ ਦਿਨ ਸੰਗਤਾਂ ਦੀ ਸ਼ਰਧਾ ਭਾਵਨਾਂ ਪੂਰੀ ਕਰਦੇ ਹੋਏ, ਗੁਰਬਾਣੀ ਦੁਆਰਾ ਅੰਮ੍ਰਿਤਮਈ ਵਰਖਾ ਵਰਸਾ ਕੇ ਵਾਪਸ ਹੈਦਰਾਬਾਦ ਆ ਗਏ। ਇਧਰ ਵੱਡੇ ਮਹਾਂਪੁਰਖਾਂ ਦੀ ਬਰਸੀ ਨਜ਼ਦੀਕ ਆ ਗਈ ਸੀ, ਉਧਰ ਸੰਗਤਾਂ ਦਾ ਜ਼ਿਆਦਾ ਪ੍ਰੇਮ ਦੇਖਦੇ ਹੋਏ ਗਿਆਨੀ ਬਲਵੰਤ ਸਿੰਘ ਜੀ, ਸੰਤ ਦੇਵਾ ਸਿੰਘ, ਸੰਤ ਕਰਤਾਰ ਸਿੰਘ ਜੀ ਅਤੇ ਪੰਡਿਤ ਸੁੱਚਾ ਸਿੰਘ ਜੀ ਨੂੰ ਕੁਝ ਸਮੇਂ ਲਈ ਹੈਦਰਾਬਾਦ ਰੁਕਣ ਦਾ ਬਚਨ ਕਰਕੇ, ਆਪਣੇ ਸ਼ਿਸ਼ ਨਾਰਾਇਣ ਸਿੰਘ ਜੀ ਨੂੰ ਨਾਲ ਲੈ ਕੇ ਵਾਪਸ ਕਨਖ਼ਲ ਪਹੁੰਚ ਕੇ ਬਰਸੀ ਦੀ ਤਿਆਰੀ ਕੀਤੀ, ਜੋ ਕਿ 14 ਅਕਤੂਬਰ, 1939 ਈ: ਨੂੰ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਲੰਗਰ ਦੇ ਖੁੱਲ੍ਹੇ ਭੰਡਾਰੇ ਵਰਤਾ ਕੇ ਬੜੀ ਧੂਮ ਧਾਮ ਨਾਲ ਮਨਾਈ।

## ਸੇਠ ਸੱਤ ਰਾਮ ਦਾਸ ਦੀਆਂ ਬੇਟੀਆਂ ਦੀ ਸ਼ਾਦੀ

ਸਿੰਧੀ ਸੰਗਤਾਂ ਆਪ ਨੂੰ ਬਾਬਾ ਬੁੱਢਾ ਸਿੰਘ ਜੀ ਦਾ ਰੂਪ ਜਾਣ ਕੇ ਹੀ ਪ੍ਰੇਮ ਕਰਦੀਆਂ ਸਨ। ਪ੍ਰੇਮੀਆਂ ਨੇ ਕੋਈ ਵੀ ਕਾਰਜ ਕਰਨਾ ਹੁੰਦਾ ਆਪ ਤੋਂ ਸਲਾਹ ਜ਼ਰੂਰ ਪੁੱਛਦੇ। ਕੋਈ ਨਵੇਂ ਬਣਾਏ ਮਕਾਨ ਦੀ ਚੱਠ ਜਾਂ ਕੋਈ ਬਿਜ਼ਨਸ

ਆਦਿ ਸ਼ੁਰੂ ਕਰਨਾ ਹੁੰਦਾ ਤਾਂ ਮਹੂਰਤ ਆਪ ਜੀ ਤੋਂ ਹੀ ਕਰਵਾਉਂਦੇ ਸਨ। ਬੱਚਿਆਂ ਦੀਆਂ ਸ਼ਾਦੀਆਂ ਤਾਂ ਅਕਸਰ ਆਪ ਦੀ ਹਜ਼ੂਰੀ ਵਿਚ ਹੀ ਕਰਦੇ। ਇਸ ਲਈ ਸਾਲ ਦਾ ਅੱਧਾ ਸਮਾਂ ਤਾਂ ਸਿੰਧ, ਬੰਬਈ, ਦਿੱਲੀ ਜਾ ਲੰਕਾ ਆਦਿਕ ਥਾਵਾਂ ਵਿੱਚ ਵੀ ਗੁਜ਼ਰਦਾ ਸੀ। ਕਦੇ ਕਦੇ ਪ੍ਰੇਮੀਆਂ ਦੇ ਪ੍ਰੇਮਵਸ ਕੋਈ ਸ਼ਾਦੀ ਆਦਿਕ ਵਿਸ਼ੇਸ਼ ਮੌਕਿਆਂ ਤੇ, ਇਕ ਸਾਲ ਵਿਚ ਦੋ ਚੱਕਰ ਵੀ ਸਿੰਧ ਦੇ ਲੱਗ ਜਾਇਆ ਕਰਦੇ ਸਨ। ਇਸ ਤਰ੍ਹਾਂ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਕੇ 15 ਦਸੰਬਰ, 1946 ਨੂੰ ਹੈਦਰਾਬਾਦ ਪਹੁੰਚ ਕੇ ਨਿਰਮਲ ਆਸ਼ਰਮ ਵਿੱਚ ਨਿਵਾਸ ਕੀਤਾ। ਇਥੇ ਪੰਦਰਾਂ ਦਿਨ ਸਤਿਸੰਗ ਉਪਦੇਸ਼ ਕਰਕੇ ਦੀਵਾਨ ਸਤ ਰਾਮਦਾਸ ਚੈਨਾਨੀ ਦੀ ਬੇਨਤੀ ਪ੍ਰਵਾਨ ਕਰਦੇ ਹੋਏ 30 ਦਸੰਬਰ, 1946 ਈ: ਵਾਲੇ ਦਿਨ ਕਰਾਚੀ ਪਹੁੰਚੇ, ਕਿਉਂਕਿ ਇਸ ਪ੍ਰੇਮੀ ਨੇ ਆਪਣੀਆਂ ਤਿੰਨ ਲੜਕੀਆਂ ਦੀ ਸ਼ਾਦੀ ਲਈ ਬੇਨਤੀ ਕਰਕੇ ਪਹਿਲਾਂ ਹੀ ਸਮਾਂ ਲਿਆ ਹੋਇਆ ਸੀ। ਕਰਾਚੀ ਪਹੁੰਚ ਕੇ ਸ੍ਰੀ ਚੈਨਾਨੀ ਦੇ ਘਰ ਹੀ ਰਿਹਾਇਸ਼ ਰੱਖੀ। ਸਤਿਸੰਗ ਵਿਚ ਸੰਤ ਨਾਰਾਇਣ ਸਿੰਘ ਜੀ ਰੋਜ਼ ਕਥਾ ਕਰਿਆ ਕਰਦੇ ਸਨ। ਇਸ ਸਤਿਸੰਗ ਵਿੱਚ ਹੈਦਰਾਬਾਦ, ਸ਼ਿਕਾਰਪੁਰ ਕਰਾਚੀ ਅਤੇ ਠੱਟੇ ਦੀ ਸੰਗਤ ਆਉਂਦੀ ਰਹਿੰਦੀ ਸੀ। ਇਸ ਪ੍ਰਕਾਰ ਕੋਈ ਤਿੰਨ ਮਹੀਨੇ ਕਰਾਚੀ ਰੁਕੇ ਰਹੇ, ਆਖਰ ਅਪਰੈਲ, 1947 ਦੇ ਪਹਿਲੇ ਹਫ਼ਤੇ ਦੀਵਾਨ ਸਤ ਰਾਮਦਾਸ ਚੈਨਾਨੀ ਦੀ *ਬੇਟੀ ਸੁੰਦਰੀ ਦੀ ਸ਼ਾਦੀ ਇੰਦਰੂ ਨਾਲ, ਰਤਨਾ ਦੀ ਸ਼ਾਦੀ ਨਿਹਾਲ ਨਾਲ ਅਤੇ ਸਾਵਿਤਰੀ ਦੀ ਸ਼ਾਦੀ ਆਤੂ ਨਾਲ ਹੋਈ।

ਇਸ ਤਰ੍ਹਾਂ ਚੈਨਾਨੀ ਪਰਿਵਾਰ ਦੀਆਂ ਤਿੰਨ ਬੇਟੀਆਂ ਦੀ ਸ਼ਾਦੀ ਬੜੇ ਉਤਸ਼ਾਹ ਨਾਲ ਹੋਈ। ਆਪ ਸਭ ਨੂੰ ਸ਼ੁਭ ਅਸ਼ੀਰਵਾਦ ਦੇ ਕੇ ਆਖਰ 24 ਅਪ੍ਰੈਲ, 1947 ਈ: ਕਰਾਚੀ ਤੋਂ ਚੱਲ ਕੇ 27 ਅਪ੍ਰੈਲ, 1947 ਨੂੰ ਵਾਪਸ ਕਨਖਲ ਆ ਗਏ। ਇੱਥੇ ਥੋੜ੍ਹੇ ਦਿਨ ਠਹਿਰਣ ਤੋਂ ਬਾਅਦ ਬਨਾਰਸ ਵਾਲੇ ਅਸਥਾਨ ਦੀ ਦੇਖ-ਰੇਖ ਕਰਨ ਲਈ ਬਨਾਰਸ ਪਹੁੰਚੇ। ਉਥੇ ਕੁਝ ਦਿਨ ਠਹਿਰ ਕੇ ਸੰਤਾਂ ਨੂੰ ਭੰਡਾਰਾ ਕਰਨ ਉਪਰੰਤ ਵਾਪਸ ਕਨਖ਼ਲ ਆ ਗਏ। ਹੁਣ ਵੱਡੇ ਮਹਾਂਪੁਰਸ਼ਾਂ ਦੀ ਬਰਸੀ ਵੀ ਨੇੜੇ ਆ ਗਈ ਸੀ।*

## ਮਹੰਤ ਆਤਮਾ ਸਿੰਘ ਜੀ ਦੀ ਉਦਾਰਤਾ

ਦੀਵਾਲੀ ਦਾ ਤਿਉਹਾਰ ਅਤੇ ਹੋਰ ਗੁਰੂ ਅਸਥਾਨਾਂ ਦੇ ਦਰਸ਼ਨ ਕਰਨ ਲਈ 1954 ਈ: ਵਿੱਚ ਆਪ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ। ਕੁਝ ਦਿਨ ਏਥੇ ਠਹਿਰ ਕੇ ਦੀਵਾਲੀ ਦਾ ਮੇਲਾ ਸਮਾਪਤ ਹੋਣ ਤੇ ਤਰਨ ਤਾਰਨ, ਖੰਡੂਰ ਸਾਹਿਬ ਅਤੇ ਗੋਇੰਦਵਾਲ ਦਰਸ਼ਨ ਕਰਕੇ, ਫਤਹਿਗੜ੍ਹ ਸਾਹਿਬ (ਸਰਹਿੰਦ) ਆ ਗਏ। ਇਥੇ ਦਰਸ਼ਨ ਦੀਦਾਰੇ ਕਰਕੇ ਸ੍ਰੀ ਅਨੰਦਰਪੁਰ ਸਾਹਿਬ ਅਤੇ ਕੀਰਤਪੁਰ ਦੇ ਪਾਵਨ ਅਸਥਾਨਾਂ ਦੀ ਯਾਤਰਾ ਕੀਤੀ। ਇਸ ਪ੍ਰਕਾਰ ਪੰਜਾਬ ਵਿਚ ਪਵਿੱਤਰ ਗੁਰ ਅਸਥਾਨਾਂ ਦੀ ਯਾਤਰਾ ਕਰਕੇ ਵਾਪਸ ਕਨਖਲ ਪਹੁੰਚੇ, ਤਾਂ ਦੁਪਹਿਰ ਦਾ ਲੰਗਰ ਛਕਣ ਤੋਂ ਬਾਅਦ ਸੇਵਾਦਾਰਾਂ ਨੂੰ ਪੁੱਛਿਆ, ਅੱਜ ਵਿਰੱਕਤ ਕੁਟੀਆ ਦੇ ਵਿੱਚ ਲੰਗਰ ਦੀ ਘੰਟੀ ਨਹੀਂ ਸੁਣੀ? ਕਿਸੇ ਨੇ ਦੱਸਿਆ ਕਈ ਦਿਨ ਤੋਂ ਐਸਾ ਹੀ ਹੈ, ਕਦੇ ਸੁਣਦੀ ਹੈ, ਕਦੇ ਨਹੀਂ ਸੁਣਦੀ। ਆਪ ਚੱਲਕੇ ਵਿਰੱਕਤ ਕੁਟੀਆ ਗਏ, ਪਤਾ ਕੀਤਾ ਕਿ ਘੰਟੀ ਕਿਉਂ ਨਹੀਂ ਵੱਜੀ? ਸੰਤਾਂ ਨੇ ਦੱਸਿਆ ਕਈ ਦਿਨ ਤੋਂ ਰਾਸ਼ਣ ਨਹੀਂ ਹੈ, ਕਦੇ ਆ ਜਾਏ ਤਾਂ ਬਣਾ ਲੈਂਦੇ ਹਾਂ, ਨਾ ਹੋਵੇ ਪਰਮੇਸ਼ਰ ਦਾ ਸ਼ੁਕਰ ਕਰ ਛੱਡਦੇ ਹਾਂ। ਇਸ ਲਈ ਲੰਗਰ ਮਸਤ ਹੈ। ਸਾਧੂਆਂ ਦੀ ਐਸੀ ਹਾਲਤ ਦੇਖ ਕੇ ਮਨ ਪੰਘਰ ਗਿਆ, ਵਾਪਸ ਡੇਰੇ ਆ ਕੇ ਸਾਰੇ ਸੇਵਾਦਾਰ ਅਤੇ ਸੰਤਾਂ ਨੂੰ ਨਾਲ ਲੈ ਰਾਸ਼ਣ ਸਿਰਾਂ ਤੇ ਚੁੱਕ ਕੇ ਵਿਰੱਕਤ ਕੁਟੀਆ ਪਹੁੰਚਾਇਆ। ਕੁਟੀਆ ਦੇ ਪ੍ਰਬੰਧਕਾਂ ਨੂੰ ਬੋਲੇ, ਜਿਸ ਦਿਨ ਰਾਸ਼ਣ ਨਾ ਹੋਵੇ, ਸਾਨੂੰ ਦੱਸਣਾ, ਲੇਕਿਨ ਘੰਟੀ ਰੋਜ਼ ਵਜਾਉਣੀ, ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦਾ ਲੰਗਰ ਕਦੇ ਬੰਦ ਨਹੀਂ ਹੋਣਾ ਚਾਹੀਦਾ। ਉਥੋਂ ਕੁਝ ਸਾਧੂਆਂ ਨੂੰ ਨਾਲ ਲੈ ਕੇ ਆਸ਼ਰਮ ਵਿੱਚੋਂ ਹੋਰ ਰਾਸ਼ਣ ਚੁਕਾਇਆ, ਇਸ ਪ੍ਰਕਾਰ ਨਿਰਮਲ ਵਿਰੱਕਤ ਕੁਟੀਆ ਵਿਚ ਛੇ ਮਹੀਨੇ ਦਾ ਰਾਸ਼ਣ ਜਮ੍ਹਾ ਕਰ ਦਿੱਤਾ।

---

* *ਇਹ ਮਾਈ ਸੁੰਦਰੀ ਬਿਰਧ ਅਵਸਥਾ ਵਿੱਚ ਬੰਬਈ ਦੇ ਮਲਾੜ ਏਰੀਏ ਵਿਚ ਆਪਣਾ ਆਦਰਸ਼ਕ ਜੀਵਨ ਬਤੀਤ ਕਰ ਰਹੀ ਹੈ ਅਤੇ ਦੂਸਰੀਆਂ ਦੋਨੋਂ ਯਾਨੀ ਕਿ ਰਤਨਾਂ ਤੇ ਬੰਬਈ ਦੇ ਹੀ ਮੁਲੰਦ ਏਰੀਏ ਵਿੱਚ ਗੁਰੂ ਘਰ ਦੀ ਯਾਦ ਹਮੇਸ਼ਾਂ ਹਿਰਦੇ ਵਿਚ ਵਸਾ ਕੇ ਆਪਣਾ ਜੀਵਨ ਬਸਰ ਕਰ ਰਹੀਆਂ ਹਨ।*

## ਸ੍ਰੀ ਲੰਕਾ ਦੀ ਯਾਤਰਾ

ਕੋਲੰਬੋ ਤੋਂ ਸੇਠ ਭਗਵਾਨ ਦਾਸ ਹਿਰਦੇਰਮਾਨੀ ਨੇ ਇਕ ਪੱਤਰ ਰਾਹੀਂ ਬੇਨਤੀ ਕੀਤੀ, ਕਿ ਕ੍ਰਿਪਾ ਕਰਕੇ ਲੰਕਾ ਦੀ ਸੰਗਤ ਨੂੰ ਦਰਸ਼ਨ ਦੀਦਾਰੇ ਦਿਉ, ਅਤੇ ਪੱਤਰ ਦੇ ਨਾਲ ਹੀ ਰਸਤੇ ਦੇ ਖਰਚ ਲਈ ਮਨੀਆਡਰ ਰਾਹੀਂ ਕੁਝ ਰਕਮ ਵੀ ਭੇਜੀ। ਆਪ ਨੇ ਪ੍ਰੇਮੀਆਂ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਕੋਲੰਬੋ ਜਾਣ ਦਾ ਪ੍ਰੋਗਰਾਮ ਬਣਾ ਕੇ ਚਿੱਠੀ ਰਾਹੀਂ ਭਗਵਾਨ ਦਾਸ ਨੂੰ ਸੂਚਿਤ ਕਰ ਦਿੱਤਾ। ਉਧਰ ਦੀਵਾਨ ਦੀਵਾਨੇ ਮੱਲ ਦਾ ਪੱਤਰ ਆ ਗਿਆ ਜਿਸ ਵਿਚ ਬੰਬਈ ਦਰਸ਼ਨ ਦੇਣ ਲਈ ਬੇਨਤੀ ਕੀਤੀ ਗਈ ਸੀ। ਦੀਵਾਨੇ ਮੱਲ ਦੀ ਬੇਨਤੀ ਪ੍ਰਵਾਨ ਕਰਕੇ ਪੱਤਰ ਭੇਜ ਦਿੱਤਾ ਕਿ ਲੰਕਾ ਤੋਂ ਵਾਪਸ ਆ ਕੇ ਤੇਰੇ ਕੋਲ ਠਹਿਰਾਂਗੇ। ਕੁਛ ਦਿਨ ਆਸ਼ਰਮ ਦੇ ਕੰਮ ਕਾਜ ਦੀ ਦੇਖ-ਰੇਖ ਕਰਕੇ 17 ਫਰਵਰੀ, 1954 ਨੂੰ ਲੰਕਾ ਵੱਲ ਚਾਲੇ ਪਾਏ। ਰਸਤੇ ਵਿਚ ਇਕ ਦੋ ਦਿਨ ਨਾਗਪੁਰ ਰੁਕ ਕੇ ਇੱਕੀ ਫਰਵਰੀ ਨੂੰ ਮਦਰਾਸ ਪਹੁੰਚੇ। ਇਸ ਯਾਤਰਾ ਦੌਰਾਨ ਸੰਤ ਮਦਾਨ ਮੋਹਨ ਹਰੀ ਜੀ ਸੰਤ ਨਾਰਾਇਣ ਸਿੰਘ ਅਤੇ ਸੰਤ ਦਰਸ਼ਨ ਸਿੰਘ ਨਾਲ ਸਨ। ਮਦਰਾਸ ਸਟੇਸ਼ਨ ਤੇ ਸੇਠ ਲਾਲ ਚੰਦ, ਧਰਮ ਦਾਸ, ਪਰਮ ਰਾਮ ਅਤੇ ਸੁਖ ਰਾਮ ਮਹਿਤਾਨੀ ਆਦਿਕ ਸੇਵਕ ਸਵਾਗਤ ਲਈ ਪਹੁੰਚੇ ਹੋਏ ਸਨ। ਸੁਖ ਰਾਮ ਮਹਿਤਾਨੀ ਆਪਣੀ ਕਾਰ ਵਿੱਚ ਮਹਾਂਪੁਰਸ਼ਾਂ ਨੂੰ ਬੜੇ ਪ੍ਰੇਮ ਨਾਲ ਆਪਣੇ ਘਰ ਲੈ ਕੇ ਗਿਆ। ਲੰਕਾ ਜਾਣ ਵਾਸਤੇ ਕਾਗਜ਼ ਪੱਤਰ ਤਿਆਰ ਹੋਣ ਲਈ ਕਈ ਦਿਨ ਲਗ ਗਏ, ਉਤਨੇ ਦਿਨ ਸੇਠ ਰਾਮ ਦੇ ਘਰ ਹੀ ਸਤਿਸੰਗ ਹੁੰਦਾ ਰਿਹਾ। ਕਾਫੀ ਸੰਗਤਾਂ ਸਤਿਸੰਗ ਵਿਚ ਪਹੁੰਚ ਕੇ ਲਾਭ ਉਠਉਂਦੀਆਂ ਸਨ। ਕਾਗਜ ਪੱਤਰ ਤਿਆਰ ਹੋਣ ਤੇ 7 ਮਾਰਚ, 1954 ਵਾਲੇ ਦਿਨ ਹਵਾਈ ਜਹਾਜ਼ ਰਾਹੀਂ ਮਦਰਾਸ ਤੋਂ ਸ੍ਰੀ ਲੰਕਾ ਪਹੁੰਚੇ। ਅਗੇ ਬਹੁਤ ਸੰਗਤਾਂ ਹਵਾਈ ਅੱਡੇ ਤੇ ਪਹੁੰਚੀਆਂ ਹੋਈਆਂ ਸਨ। ਸੇਠ ਭਗਵਾਨ ਦਾਸ ਤਾਂ ਸਾਰੇ ਪਰਿਵਾਰ ਸਮੇਤ ਪਹੁੰਚਿਆ ਹੋਇਆ ਸੀ। ਸੰਗਤਾਂ ਨੇ ਹਾਰ ਵਗੈਰਾ ਪਾ ਕੇ ਸਨਮਾਨ ਕੀਤਾ, ਉਪਰੰਤ ਕਾਰ ਦੁਆਰਾ ਭਗਵਾਨ ਦਾਸ ਦੇ ਬੰਗਲੇ ਪਹੁੰਚੇ। ਗੁਰੂ ਘਰ ਦੀ ਮਰਿਆਦਾ ਅਨੁਸਾਰ ਗੁਰਬਾਣੀ ਵਿਚਾਰ, ਸਤਿਸੰਗ ਸ਼ੁਰੂ ਹੋਇਆ, ਸੰਗਤਾਂ ਵੀ ਕਾਫ਼ੀ ਗਿਣਤੀ ਵਿਚ ਆਉਣੀਆਂ ਸ਼ੁਰੂ ਹੋ ਗਈਆਂ। ਸਤਿਸੰਗ ਕਬੀਰ ਜੀ ਦੇ ਇਸ ਸ਼ਬਦ ਦੁਆਰਾ ਸ਼ੁਰੂ ਹੋਇਆ :

**ਭੂਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ॥**

*(ਸੋਰਠਿ ਕਬੀਰ ਜੀ, ਪੰਨਾ—੬੫੬)*

ਇਸ ਪਵਿੱਤਰ ਸ਼ਬਦ ਦੀ ਦੋ ਮਹੀਨੇ ਕਥਾ ਚਲਦੀ ਰਹੀ। ਇਸ ਪ੍ਰਕਾਰ ਕਾਫ਼ੀ ਗਿਣਤੀ ਵਿਚ ਸੰਗਤਾਂ ਪਹੁੰਚ ਕੇ ਲਾਭ ਉਠਾਉਂਦੀਆਂ ਰਹੀਆਂ। ਸੇਠ ਭਗਵਾਨ ਦਾਸ ਹਿਰਦੇਰੁਮਾਨੀ ਨੇ ਵੀ ਦੋ ਮਹੀਨੇ ਸੇਵਾ ਦਾ ਚੰਗਾ ਲਾਭ ਉਠਾਇਆ। ਮਹਾਂਪੁਰਸ਼ਾਂ ਨੂੰ ਆਪਣੀ ਕਾਰ ਵਿਚ ਬਿਠਾ ਕੇ ਲੰਕਾ ਦੀਆਂ ਖਾਸ-ਖਾਸ ਥਾਵਾਂ ਅਤੇ ਬੋਧੀ ਮੰਦਰਾਂ ਦੀ ਯਾਤਰਾ ਕਰਾਈ। ਉਧਰ ਬੰਬਈ ਦੀ ਸੰਗਤ ਨੂੰ ਆਪ ਨੇ ਲੰਕਾ ਤੋਂ ਬਾਅਦ ਬੰਬਈ ਪਹੁੰਚਣ ਦਾ ਵਚਨ ਦਿੱਤਾ ਸੀ ਇਸ ਲਈ ਲੰਕਾਂ ਦੀਆਂ ਸੰਗਤਾਂ ਨੂੰ ਪਿਆਰ, ਪ੍ਰੇਮ ਅਤੇ ਗੁਰਬਾਣੀ ਰੂਪੀ ਅੰਮ੍ਰਿਤ ਦੇ ਖੁਲ੍ਹੇ ਗੱਫੇ ਵਰਤਾ ਕੇ 9 ਮਈ, 1954 ਨੂੰ ਹਵਾਈ ਜਹਾਜ਼ ਰਾਹੀਂ ਲੰਕਾਂ ਤੋਂ ਮਦਰਾਸ ਆ ਗਏ। ਮਦਰਾਸ ਵਾਲਾ ਸੇਠ ਦੁਵਾਰਕਾ ਦਾਸ ਲੰਕਾ ਤੋਂ ਨਾਲ ਹੀ ਆਇਆ ਸੀ ਅਤੇ ਮਦਰਾਸ ਵਾਲੀ ਹੋਰ ਸੰਗਤ ਵੀ ਹਵਾਈ ਅੱਡੇ ਤੇ ਪਹੁੰਚੀ ਹੋਈ ਸੀ। ਸਭ ਸੰਗਤਾਂ ਆਪ ਜੀ ਨੂੰ ਬੜੇ ਪ੍ਰੇਮ ਸਤਿਕਾਰ ਨਾਲ ਮਿਲੀਆਂ, ਉਪਰੰਤ ਦੁਵਾਰਕਾ ਦਾਸ ਦੇ ਘਰ ਜਾ ਬਿਰਾਜਮਾਨ ਹੋਏ। ਇਕ ਹਫ਼ਤਾ ਇਥੇ ਸਤਿਸੰਗ ਪ੍ਰਵਚਨ ਕਰਕੇ 18 ਮਈ, 1954 ਨੂੰ ਮਦਰਾਸ ਤੋਂ ਰੇਲ ਦੁਆਰਾ ਬੰਬਈ ਪਹੁੰਚ ਗਏ। ਅਗੇ ਸਭ ਸੰਗਤਾਂ ਸਟੇਸ਼ਨ ਤੇ ਪਹੁੰਚੀਆਂ ਹੋਈਆਂ ਸਨ, ਸਭ ਨੂੰ ਮਿਲ ਮਿਲਾ ਕੇ ਦੀਵਾਨ ਦੀਵਾਨੇ ਮੱਲ ਨੂੰ ਦਿਤੇ ਬਚਨਾਂ ਅਨੁਸਾਰ ਉਸਦੇ ਘਰ ਜਾ ਨਿਵਾਸ ਕੀਤਾ। ਹਰ ਰੋਜ਼ ਦੋ ਵਕਤ ਸਤਿਸੰਗ ਵਿਚ ਸੰਤ ਨਾਰਾਇਣ ਸਿੰਘ ਜੀ ਕਥਾ ਪ੍ਰਵਚਨ ਕਰਿਆ ਕਰਦੇ ਸਨ। ਕਰਾਚੀ, ਹੈਦਰਾਬਾਦੀ, ਸ਼ਿਕਾਰਪੁਰੀ ਅਤੇ ਠੱਟੇ ਵਾਲੀਆਂ ਕਾਫ਼ੀ ਸੰਗਤਾਂ ਰੋਜ਼ ਪਹੁੰਚਿਆ ਕਰਦੀਆਂ ਸਨ। ਇਸ ਪ੍ਰਕਾਰ ਕੋਈ ਪੌਣੇ ਤਿੰਨ ਮਹੀਨੇ ਇਥੇ ਠਹਿਰ ਕੇ ਸਤਿ ਉਪਦੇਸ਼ ਗੁਰਬਾਣੀ ਦੇ ਸਿਧਾਂਤ ਦੁਆਰਾ ਸੰਗਤਾਂ ਦੇ ਮਨਾਂ ਵਿਚ ਪ੍ਰਮਾਰਥ ਦਾ ਬੀਜ ਬੀਜਦੇ ਰਹੇ। ਆਖਰ ਸਭ ਸੰਗਤਾਂ ਵਲੋਂ ਪ੍ਰਸੰਨਤਾ ਲੈ ਕੇ ਬਾਰਾਂ ਅਗਸਤ ਨੂੰ ਬੰਬਈ ਤੋਂ ਚੱਲ ਕੇ 15 ਅਗਸਤ, 1954 ਨੂੰ ਵਾਪਸ ਕਨਖ਼ਲ ਆ ਗਏ। ਇਥੇ ਠਹਿਰ ਕੇ ਰਿਸ਼ੀਕੇਸ਼, ਮਨਸੂਰੀ ਆਦਿਕ ਅਸਥਾਨਾਂ ਦੀ ਕੁਝ ਦਿਨ ਦੇਖ ਰੇਖ ਕੀਤੀ।

## ਸੰਤ ਮਾਨ ਸਿੰਘ ਜੀ ਦਾ ਪ੍ਰਲੋਕ ਗਵਨ

ਸੰਤ ਮਾਨ ਸਿੰਘ ਜੀ ਜੋ ਕਿ ਡੇਰੇ ਦੇ ਛੋਟੇ ਮਹੰਤ ਸਨ ਜਿਨ੍ਹਾਂ ਦਾ ਜਨਮ ਈਸਵੀ 1895 ਨੂੰ ਪਟਿਆਲਾ ਰਿਆਸਤ ਦੇ ਪਿੰਡ ਭੈਣੀ ਵਿਖੇ ਹੋਇਆ। ਬੱਤੀ ਸਾਲ ਦੀ ਉਮਰ ਵਿੱਚ ਅਰਥਾਤ, 1927 ਈ: ਨੂੰ ਮਹੰਤ ਬਾਬਾ ਬੁੱਢਾ ਸਿੰਘ ਜੀ ਦੀ ਸ਼ਰਨ ਵਿਚ ਆਏ। ਮਹਾਂਪੁਰਖਾਂ ਦੀ ਆਗਿਆ ਵਿਚ ਰਹਿ ਕੇ ਸੇਵਾ ਕਰਦੇ ਰਹੇ ਅਤੇ ਨਾਲ ਨਾਲ ਗੁਰੂ ਘਰ ਦੇ ਗ੍ਰੰਥ ਪੜ੍ਹਦੇ ਰਹੇ। ਵੱਡੇ ਮਹੰਤ ਸਾਹਿਬ ਜਿਥੇ ਜਾਂਦੇ ਸਨ ਉਥੇ ਅਕਸਰ ਆਪ ਨੂੰ ਨਾਲ ਲੈ ਕੇ ਜਾਇਆ ਕਰਦੇ ਸਨ। ਸੁਭਾਵ ਦੇ ਆਪ ਮੁਢੋਂ ਹੀ ਨਿਰਮਾਣ ਸਨ, ਜਿਸ ਕਰਕੇ ਛੇਤੀ ਹੀ ਵੱਡਿਆਂ ਦੀ ਕ੍ਰਿਪਾ ਦੇ ਪਾਤਰ ਬਣ ਗਏ। ਭਜਨ ਪਾਠ ਤੇ ਸਾਧੂ ਅਭਿਆਗਤਾਂ ਦੀ ਸੇਵਾ ਪਿਆਰ ਨਾਲ ਕਰਦਿਆਂ ਹੋਇਆਂ ਦੇਖ ਕੇ ਵੱਡੇ ਮਹੰਤ ਸਾਹਿਬ ਜੀ ਨੇ ਸ੍ਰੀਮਾਨ ਮਹੰਤ ਆਤਮਾ ਸਿੰਘ ਜੀ ਨੂੰ ਮਹੰਤੀ ਦੀ ਪੱਗ ਦੇਣ ਸਮੇਂ ਆਪ ਨੂੰ ਵੀ ਛੋਟਾ ਮਹੰਤ ਨੀਯਤ ਕਰ ਦਿਤਾ ਸੀ। ਵੱਡੇ ਮਹਾਂਪੁਰਖਾਂ ਦੇ ਪ੍ਰਲੋਕ ਗਵਨ ਤੋਂ ਬਾਦ ਆਪ ਰਿਸ਼ੀਕੇਸ਼ ਆਸ਼ਰਮ ਦੀ ਸੰਭਾਲ ਬੜੀ ਸੂਝ ਬੂਝ ਅਤੇ ਨਿਮਰ ਭਾਵ ਨਾਲ ਕਰਦੇ ਰਹੇ। ਕਦੇ ਕਦਾਈਂ ਕਲਕਤੇ ਬੰਬਈ ਆਦਿਕ ਥਾਵਾਂ ਦੀ ਯਾਤਰਾ ਤੇ ਵੀ ਮਹੰਤ ਆਤਮਾ ਸਿੰਘ ਜੀ ਨਾਲ ਲੈ ਜਾਂਦੇ ਸਨ। ਆਪ ਤਬੀਅਤ ਦੇ ਬਹੁਤ ਧੀਮੇ ਅਤੇ ਸਿਆਣੇ ਮਹਾਤਮਾ ਸਨ। ਹੱਥੀਂ ਸੇਵਾ ਕਰਨ ਦਾ ਮੁਢੋਂ ਹੀ ਸੁਭਾਵ ਸੀ। ਮਹੰਤ ਆਤਮਾ ਸਿੰਘ ਜੀ ਤਾਂ ਸੰਗਤਾਂ ਦੇ ਪਿਆਰ ਦੀ ਖਿੱਚ ਕਰਕੇ ਜ਼ਿਆਦਾ ਸਮਾਂ ਯਾਤਰਾ ਤੇ ਹੀ ਰਹਿੰਦੇ ਸਨ, ਪਿਛੋਂ ਸਾਰੇ ਅਸਥਾਨਾਂ ਦੀ ਸੇਵਾ-ਸੰਭਾਲ ਦਾ ਸਾਰਾ ਵਜ਼ਨ ਆਪ ਜੀ ਦੇ ਮੋਢਿਆਂ ਉਪਰ ਹੀ ਸੀ। ਇਸ ਪ੍ਰਕਾਰ ਸੇਵਾ ਰੂਪੀ ਭਾਰੀ ਤਪੱਸਿਆ ਅਤੇ ਭਜਨ ਸਿਮਰਨ ਕਰਦਿਆਂ ਸਮਾਂ ਗੁਜ਼ਰਦਾ ਗਿਆ। ਆਖ਼ਰ ਪ੍ਰਮੇਸ਼ਰ ਦੇ ਇਲਾਹੀ ਹੁਕਮ ਅਨੁਸਾਰ 24 ਜੁਲਾਈ, 1958 ਵਾਲੇ ਦਿਨ ਆਪ ਦੇ ਸਰੀਰ ਨੂੰ ਅਧਰੰਗ ਦਾ ਦੌਰਾ ਪੈ ਗਿਆ। ਮਹੰਤ ਆਤਮਾ ਸਿੰਘ ਜੀ ਨੇ ਆਪ ਜੀ ਨੂੰ ਕਨਖ਼ਲ ਡੇਰੇ ਵਿੱਚ ਰੱਖ ਕੇ ਚੰਗੇ-ਚੰਗੇ ਡਾਕਟਰਾਂ ਤੋਂ ਇਲਾਜ ਕਰਵਾਏ ਅਤੇ ਸਰੀਰ ਦੀ ਹਿਫਾਜ਼ਤ ਲਈ ਦੋ ਸੇਵਾਦਾਰ ਰਖੇ ਗਏ ਪ੍ਰੰਤੂ ਕੋਈ ਫ਼ਰਕ ਨਾ ਪਿਆ। ਦਵਾ ਦਾਰੂ, ਇਲਾਜ ਹਿਫਾਜ਼ਤ ਕਰਨ ਦੇ ਬਾਵਜੂਦ ਬਹੁਤ ਲੰਮਾ ਸਮਾਂ ਸਰੀਰ ਤੇ ਭਾਰੀ ਕਸ਼ਟ ਸਹਾਰ ਕੇ ਅੰਤ 17 ਫਰਵਰੀ, 1960 ਵਾਲੇ ਦਿਨ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਏ। ਸਾਰੇ ਗੁਰ-ਭਾਈਆਂ ਅਤੇ ਸੰਤ ਸਮਾਜ ਵਿੱਚ ਆਪ ਦੇ ਵਿਛੋੜੇ ਦਾ ਬਹੁਤ ਸ਼ੋਕ ਹੋਇਆ, ਕਿਉਂਕਿ ਆਪ ਸਭ ਨੂੰ ਨਿਮਰਤਾ ਭਾਵ ਨਾਲ ਦਿਲੋਂ ਪਿਆਰ ਕਰਦੇ ਸਨ। ਸਰੀਰ ਨੂੰ ਜਲ-ਪ੍ਰਵਾਹ ਕਰਨ ਤੋਂ ਬਾਅਦ ਮਹੰਤ ਆਤਮਾ ਸਿੰਘ ਜੀ ਨੇ ਗੁਰ-ਭਾਈਆਂ ਦੀ ਸਲਾਹ ਨਾਲ ਆਪ ਦੀ ਯਾਦ ਵਿਚ ਸੱਤ ਸ੍ਰੀ ਅਖੰਡ ਪਾਠ ਸਾਹਿਬ ਕੀਤੇ। ਸਤਾਈ ਫਰਵਰੀ ਵਾਲੇ ਦਿਨ ਪਾਠਾਂ ਦੀ ਸੰਪੂਰਨ ਸਮਾਪਤੀ ਤੇ ਸੰਤ ਮਹਾਂਪੁਰਸ਼ਾਂ ਵੱਲੋਂ ਭਰੇ ਦਿਲ ਨਾਲ ਭਰਪੂਰ ਸ਼ਰਧਾਂਜਲੀਆਂ ਭੇਟਾ ਕੀਤੀਆਂ ਗਈਆਂ, ਉਪਰੰਤ ਖੁਲ੍ਹੇ ਲੰਗਰ ਵਰਤੇ।

## ਲਖਨਊ ਤੇ ਬੰਬਈ ਦੀ ਯਾਤਰਾ

ਲਖਨਊ ਤੋਂ ਰਾਮ ਚੰਦ ਖੁਸ਼ਹਾਲ ਦਾਸ ਨੇ ਮਹੰਤ ਬਾਬਾ ਆਤਮਾ ਸਿੰਘ ਜੀ ਨੂੰ ਆਪਣੇ ਬੇਟੇ ਦੀ ਸ਼ਾਦੀ ਤੇ ਪਹੁੰਚਣ ਲਈ ਬੇਨਤੀ ਕੀਤੀ ਜੋ ਆਪ ਜੀ ਨੇ ਪ੍ਰਵਾਨ ਕਰ ਲਈ। ਆਪ ਤਿਆਰੀ ਕਰਕੇ ਨੀਯਤ ਦਿਨ ਤੇ ਰੇਲ ਰਾਹੀਂ 9 ਜਨਵਰੀ 1961 ਈ: ਨੂੰ ਲਖਨਊ ਪਹੁੰਚ ਗਏ। ਨੀਯਤ ਦਿਨ ਤੇ ਯਾਨੀ ਗਿਆਰਾਂ ਜਨਵਰੀ ਨੂੰ ਸ਼ਾਦੀ ਹੋਈ, ਆਪ ਜੀ ਨੇ ਜੋੜੀ ਨੂੰ ਆਸ਼ੀਰਵਾਦ ਅਤੇ ਸ਼ੁਭ ਸਿਖਿਆ ਦਿਤੀ। ਪੰਜਰਾਂ ਤਾਰੀਖ ਨੂੰ ਇਕ ਸੇਵਕ ਮੋਹਨ ਸਿੰਘ ਸਰੂਪ ਸਿੰਘ ਸਰੂਪ ਸਿੰਘ ਅਡਵਾਨੀ ਦੀ ਬੇਟੀ ਸ਼ਕੁੰਤਲਾ ਦੀ ਸ਼ਾਦੀ ਗੁਰਦੁਆਰਾ ਸਾਹਿਬ ਵਿਚ ਪੂਰਨ ਗੁਰ ਮਰਿਆਦਾ ਅਨੁਸਾਰ ਆਪ ਦੀ ਹਾਜ਼ਰੀ ਵਿਚ ਹੀ ਹੋਈ। ਇਸ ਪ੍ਰਕਾਰ ਕੁਝ ਦਿਨ ਲਖਨਊ ਠਹਿਰ ਕੇ ਰੁਕਮਾ ਦੇਵੀ ਅਤੇ ਕਿਸ਼ਨ ਮਲਕਾਨੀ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਬੰਬਈ ਪਹੁੰਚੇ। ਇਥੇ ਰੁਕਮਾ ਦੇਵੀ ਦੇ ਘਰ ਰਿਹਾਇਸ਼ ਰੱਖੀ। ਇਸ ਵਾਰੀ ਸੰਤ ਨਾਰਾਇਣ ਸਿੰਘ ਤੇ ਸੰਤ ਦਰਸ਼ਨ ਸਿੰਘ ਆਪ ਜੀ ਨਾਲ ਗਏ ਹੋਏ ਸਨ। ਹਰ ਰੋਜ਼ ਸਤਿਸੰਗ ਵਿਚ ਸੰਗਤ ਜੁੜਦੀ, ਸੰਤ ਨਾਰਾਇਣ ਸਿੰਘ ਜੀ ਰੋਜ਼ ਗੁਰਬਾਣੀ ਦੇ ਸ਼ਬਦ ਦੀ ਕਥਾ ਕਰਿਆ ਕਰਦੇ ਸਨ। ਇਨ੍ਹਾਂ ਦਿਨਾਂ ਵਿਚ ਹੀ ਕਿਸ਼ਨ ਮਲਕਾਨੀ ਦੀ ਮਾਇਆ* ਨਾਲ ਸ਼ਾਦੀ ਹੋਈ ਜਿਸ ਵਿਚ ਆਪ ਨੂੰ ਬੇਨਤੀ ਕਰਕੇ ਵਿਸ਼ੇਸ਼ ਤੌਰ ਤੇ ਬੁਲਾਇਆ ਗਿਆ ਸੀ। ਇਸ ਪ੍ਰਕਾਰ

* *ਇਹ ਪ੍ਰੇਮੀ ਕਿਸ਼ਨ ਮਲਕਾਨੀ ਅਤੇ ਉਨ੍ਹਾਂ ਦੀ ਧਰਮ ਪਤਨੀ ਮਾਇਆ ਬੰਬਈ ਵਾਲੇ ਆਸ਼ਰਮ ਦੇ ਬਿਲਕੁਲ ਨਜ਼ਦੀਕ ਹੀ ਵਸਦੇ ਹਨ ਜੋ ਕਿ ਆਸ਼ਰਮ ਨੂੰ ਦਿਲੋਂ ਪਿਆਰ ਕਰਦੇ ਹੋਏ ਸੇਵਾ ਦਾ ਹਰ ਪ੍ਰਕਾਰ ਨਾਲ ਲਾਭ ਉਠਾਉਂਦੇ ਰਹਿੰਦੇ ਹਨ।*

ਕੋਈ ਤਿੰਨ ਮਹੀਨੇ ਬੰਬਈ ਦੀਆਂ ਸੰਗਤਾਂ ਨੂੰ ਦਰਸ਼ਨ ਉਪਦੇਸ਼ ਦੁਆਰਾ ਨਿਹਾਲ ਕਰਕੇ ਅਤੇ ਕਈ ਪ੍ਰੇਮੀਆਂ ਦੇ ਸੰਸਾਰਕ ਕਾਰਜ ਰਾਸ ਕਰਕੇ 24 ਅਪ੍ਰੈਲ, 1961 ਨੂੰ ਵਾਪਸ ਕਨਖ਼ਲ ਆ ਗਏ।

## 1962 ਈ: ਦਾ ਕੁੰਭ ਮੇਲਾ

ਕੁੰਭ ਦੇ ਲੋਕ ਪ੍ਰਸਿੱਧ ਮੇਲੇ ਤੇ ਸਭ ਮੱਤਾਂ ਦੇ ਹਜ਼ਾਰਾਂ ਦੀ ਤਾਦਾਦ ਵਿਚ ਸਾਧੂ ਮਹਾਤਮਾ ਅਤੇ ਲੱਖਾਂ ਦੀ ਗਿਣਤੀ ਵਿਚ ਆਮ ਸ਼ਰਧਾਲੂ ਪਹੁੰਚਦੇ ਹਨ। ਹਰੇਕ ਸੰਪਰਦਾ ਵਲੋਂ ਆਪੋ-ਆਪਣੀ ਮਰਿਆਦਾ ਅਨੁਸਾਰ ਸ਼ਾਹੀ ਯਾਨੀ ਜਲੂਸ ਕੱਢਿਆ ਜਾਂਦਾ ਹੈ। ਨਿਰਮਲ ਸੰਪਰਦਾ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਸਾਹੀ ਨਿਕਲਦੀ ਹੈ। ਇਸ ਜਲੂਸ ਦਾ ਸਾਰਾ ਪ੍ਰਬੰਧ ਅਤੇ ਖਰਚਾ ਨਿਰਮਲ ਪੰਚਾਇਤੀ ਅਖਾੜਾ ਕਰਦਾ ਹੈ। ਇਹ ਮੇਲਾ ਕੋਈ ਇਕ ਮਹੀਨੇ ਦੇ ਕਰੀਬ ਚਲਦਾ ਹੈ ਜਿਸ ਵਿਚ ਨਿਰਮਲ ਸੰਪ੍ਰਦਾਇ ਵਲੋਂ ਕਲਗੀਧਰ ਪਾਤਸ਼ਾਹ ਦੀ ਬਖਸ਼ਿਸ਼ ਕੇਸਰੀ ਨਿਸ਼ਾਨ ਸਾਹਿਬ ਜਿਸ ਨੂੰ *ਧਰਮ-ਧਵਜਾ* ਕਿਹਾ ਜਾਂਦਾ ਹੈ, ਸੁਸ਼ੋਭਿਤ ਹੁੰਦਾ ਹੈ। ਜਿਸ ਦਿਨ ਤੋਂ ਇਹ ਨਿਸ਼ਾਨ ਸਾਹਿਬ ਖੜਾ ਕੀਤਾ ਜਾਵੇ ਜੋ ਕਿ ਮੇਲੇ ਦੀ ਸਮਾਪਤੀ ਤੋਂ ਤਕਰੀਬਨ ਇਕ ਮਹੀਨਾ ਪਹਿਲਾਂ ਹੁੰਦਾ ਹੈ ਉਸ ਦਿਨ ਤੋਂ ਨਿਰਮਲੇ ਸਾਧੂਆਂ ਦੀ ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਨਿਰਮਲ ਪੰਚਾਇਤੀ ਅਖਾੜੇ ਵਲੋਂ ਕੀਤਾ ਜਾਂਦਾ ਹੈ ਜੋ ਕਿ ਮੇਲੇ ਦੀ ਸਮਾਪਤੀ ਤੱਕ ਬਰਾਬਰ ਚਲਦਾ ਰਹਿੰਦਾ ਹੈ। ਇਸ ਵਿਚ ਰਾਜੇ ਮਹਾਰਾਜੇ ਅਤੇ ਵੱਡੇ-ਵੱਡੇ ਆਦਮੀ ਵੀ ਆਖਾੜੇ ਵਲੋਂ ਤਾਰੀਖ਼ ਲੈ ਕੇ ਲੰਗਰ ਕਰਦੇ ਰਹਿੰਦੇ ਹਨ। ਜਿਸ ਦਿਨ ਤੋਂ *ਧਰਮ ਧਵਜਾ* ਪੂਜਾ ਦਾ ਨਿਸ਼ਾਨ ਖੜ੍ਹਾ ਕੀਤਾ ਜਾਂਦਾ ਹੈ ਉਸ ਦਿਨ ਜਲੂਸ (ਨਗਰ ਕੀਰਤਨ) ਕੱਢਿਆ ਜਾਂਦਾ ਹੈ ਅਤੇ ਦੂਸਰਾ ਨਗਰ ਕੀਰਤਨ (ਜਲੂਸ) ਮੇਲੇ ਦੀ ਸਮਾਪਤੀ ਤੇ ਯਾਨੀ ਵਿਸਾਖੀ ਵਾਲੇ ਦਿਨ ਕੱਢਦੇ ਹਨ। ਇਸ ਨਗਰ ਕੀਰਤਨ ਵਿਚ ਸਭ ਤੋਂ ਅੱਗੇ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਉਸ ਤੋਂ ਪਿਛੇ ਨਿਰਮਲ ਆਖਾੜੇ ਦੇ ਸ੍ਰੀ ਮਹੰਤ ਸਜੇ ਹੋਏ ਹਾਥੀ ਤੇ ਸਵਾਰ ਹੁੰਦੇ ਹਨ। ਉਸ ਤੋਂ ਬਾਅਦ ਨਿਰਮਲ ਸਮਾਜ ਵਿੱਚੋਂ ਹੋਰ ਕੋਈ ਸੰਤ ਪ੍ਰਤਿਸ਼ਠਤ ਮਹਾਤਮਾ, ਉਨ੍ਹਾਂ ਤੋਂ ਪਿਛੇ ਦਰਜਾ ਬ-ਦਰਜਾ ਹਾਥੀਆਂ, ਰੱਥਾਂ ਤੇ ਸਾਧੂ ਮਹਾਤਮਾ ਸਜੇ ਹੁੰਦੇ ਹਨ। ਇਹ ਸਾਰਾ ਪ੍ਰਬੰਧ ਅਖਾੜੇ ਦੀ ਸਰਪ੍ਰਸਤੀ ਹੇਠ ਹੀ ਹੁੰਦਾ ਹੈ। ਇਸ ਵਾਰ *ਧਰਮ ਧਵਜਾ* ਵਾਲੇ ਦਿਨ ਜੋ ਪਹਿਲਾ ਜਲੂਸ (ਨਗਰ ਕੀਰਤਨ) ਨਿਕਲਿਆ ਉਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਅਦ ਸ੍ਰੀ ਮਹੰਤ ਸਾਹਿਬ ਸ੍ਰੀ ਮਾਨ ਸੁੱਚਾ ਸਿੰਘ ਜੀ ਇਕ ਸੁੰਦਰ ਤੇ ਸਜੇ ਹੋਏ ਹਾਥੀ ਉਤੇ ਸਵਾਰ ਸਨ। ਉਨ੍ਹਾਂ ਤੋਂ ਪਿਛੇ ਮਹੰਤ ਆਤਮਾ ਸਿੰਘ ਜੀ ਹਾਥੀ ਦੀ ਸਵਾਰੀ ਕਰ ਰਹੇ ਸਨ, ਬਾਅਦ ਵਿਚ ਹੋਰ ਸੰਤ ਮਹਾਤਮਾ ਹਾਥੀ ਰਥਾਂ ਤੇ ਸਵਾਰ ਸਨ। ਇਸ ਪ੍ਰਕਾਰ ਸਾਹੀ (ਜਲੂਸ) (ਨਗਰ ਕੀਰਤਨ) ਸ਼ਹਿਰ ਦੇ ਮੁੱਖ-ਮੁੱਖ ਬਜ਼ਾਰਾਂ ਵਿੱਚੋਂ ਹੀ ਹੁੰਦਾ ਹੋਇਆ ਸ਼ਾਮ ਨੂੰ ਨਿਰਮਲ ਛਾਉਣੀ ਜਾ ਕੇ ਸਮਾਪਤ ਹੋਇਆ। ਜਲੂਸ (ਨਗਰ ਕੀਰਤਨ) ਦੀ ਸਮਾਪਤੀ ਤੇ ਮਹੰਤ ਆਤਮਾ ਸਿੰਘ ਜੀ ਨੇ ਭਰੀ ਸਭਾ ਵਿਚ ਵਚਨ ਕੀਤਾ ਕਿ ਜਿਸ ਦਿਨ ਹੋਰ ਕਿਸੇ ਦਾ ਲੰਗਰ ਨਾ ਹੋਵੇ ਤਾਂ ਸਾਡੇ ਵਲੋਂ ਕੀਤਾ ਜਾਵੇ ਅਤੇ ਮੇਲੇ ਦੌਰਾਨ ਕੜਾਹ-ਪ੍ਰਸ਼ਾਦਿ ਦੀ ਅਰਦਾਸ ਸਾਡੇ ਵਲੋਂ ਹੋਵੇ। ਉਸੀ ਵਕਤ ਸ੍ਰੀ ਮਹੰਤ ਸਾਹਿਬ ਜੀਆਂ ਨੂੰ ਕਾਫ਼ੀ ਰਕਮ ਵੀ ਦਿਤੀ ਅਤੇ ਆਖਿਆ ਕਿ ਹੋਰ ਜਿਤਨਾ ਖਰਚਾ ਹੋਏਗਾ ਮੇਲੇ ਦੀ ਸਮਾਪਤੀ ਤੇ ਦੇ ਦਿਤਾ ਜਾਵੇਗਾ। ਵਿਸਾਖੀ ਵਾਲੇ ਦਿਨ ਮੇਲੇ ਦੀ ਸੰਪੂਰਨਤਾ ਤੇ ਜਲੂਸ (ਨਗਰ ਕੀਰਤਨ) ਦੀ ਤਿਆਰੀ ਕੀਤੀ ਗਈ। ਪਹਿਲੇ ਦੀ ਤਰ੍ਹਾਂ ਇਕ ਹਾਥੀ ਆਪ ਜੀ ਲਈ ਸਜਾਇਆ ਗਿਆ, ਲੇਕਿਨ ਆਪ ਨੇ ਹਾਥੀ ਤੇ ਬੈਠਣ ਤੋਂ ਇਨਕਾਰ ਕਰਦੇ ਹੋਏ ਕਿਹਾ ਕਿ ਅੱਜ ਕਿਸੇ ਹੋਰ ਮਹਾਤਮਾ ਨੂੰ ਮਾਣ ਦਿਓ, ਆਪ ਇੱਕ ਟੈਕਸੀ ਵਿਚ ਸਵਾਰ ਹੋਏ। ਇਸ ਪ੍ਰਕਾਰ ਮੇਲੇ ਦੀ ਸੰਪੂਰਨ ਸਮਾਪਤੀ ਹੋ ਗਈ।

## ਅੰਤਮ ਸੇਜ

ਇਸੀ ਪ੍ਰਕਾਰ ਸਮਾਂ ਆਪਣੀ ਚਾਲ ਗੁਜ਼ਰਦਾ ਗਿਆ। ਸੰਗਤਾਂ ਦੀ ਬੇਨਤੀ ਤੇ ਹਰ ਸਾਲ ਦਿੱਲੀ, ਬੰਬਈ, ਪੂਨਾ, ਲਖਨਊ ਅਤੇ ਕਲਕੱਤਾ ਆਦਿਕ ਥਾਵਾਂ ਤੇ ਜਾਂਦੇ ਸਨ। ਇਸ ਲਈ ਸਾਲ ਦਾ ਅੱਧ ਤੋਂ ਵੱਧ ਸਮਾਂ ਯਾਤਰਾ ਤੇ ਹੀ ਬਤੀਤ ਹੁੰਦਾ ਸੀ ਅਤੇ ਸਰੀਰ ਵੀ ਕਾਫੀ ਬਿਰਧ ਹੋ ਚੁਕਾ ਸੀ। ਇਸ ਲਈ ਇਕ ਦਿਨ ਦਾ ਜ਼ਿਕਰ ਸੰਨ 1967 ਜਨਵਰੀ ਦੇ ਦਿਨ ਸਨ ਸੰਤ ਨਾਰਾਇਣ ਸਿੰਘ ਜੀ ਨੂੰ ਬੁਲਾ ਕੇ ਹੁਕਮ ਕੀਤਾ, ਮਿਸਤਰੀ ਬੁਲਾਓ! ਇਕ ਥੜ੍ਹਾ ਬਣਾਉਣਾ ਹੈ। ਮਿਸਤਰੀ ਬੁਲਾਇਆ ਗਿਆ ਉਸ ਨੂੰ ਬੋਲੇ, ਦਰਬਾਰ ਸਾਹਿਬ ਅਤੇ ਗੱਦੀ ਵਾਲੇ ਕਮਰੇ ਦੇ ਦਰਮਿਆਨ ਛੇ ਫੁੱਟ ਲੰਮਾ ਅਤੇ ਚਾਰ ਫੁੱਟ ਚੌੜਾ ਇਕ ਥੜ੍ਹਾ ਬਣਾਓ। ਜਿਸ ਵਕਤ ਸਾਰਾ ਸਮਾਨ ਤਿਆਰ ਕਰਕੇ ਮਿਸਤਰੀ ਨੇ ਕੰਮ ਸ਼ੁਰੂ ਕੀਤਾ ਤਾਂ ਆਪ ਵੀ ਕੁਰਸੀ ਡਾਹ ਕੇ ਕੋਲ ਬੈਠੇ ਦੇਖਦੇ ਰਹੇ। ਦੂਸਰੇ ਸਾਰੇ ਸਾਧੂ ਆਸ਼ਰਮ ਵਿੱਚ ਇਕ ਦੂਜੇ ਨੂੰ ਥੜ੍ਹਾ ਬਣਾਉਣ

ਦਾ ਕਾਰਨ ਪੁੱਛਦੇ ਸਨ ਲੇਕਿਨ ਸਮਝ ਵਿਚ ਕੁਝ ਨਹੀਂ ਆਉਂਦਾ। ਆਖ਼ਿਰ ਸੰਤ ਕਰਤਾਰ ਸਿੰਘ ਜੀ ਨੇ ਤਕੜਾ ਜਿਹਾ ਦਿਲ ਕਰਕੇ ਪੁੱਛ ਹੀ ਲਿਆ ਮਹਾਰਾਜ! ਇਹ ਥੜ੍ਹੇ ਦਾ ਖੇਲ੍ਹ ਕਿਸ ਕੰਮ ਲਈ ਕੀਤਾ ਜਾ ਰਿਹਾ ਹੈ? ਆਪ ਥੋੜ੍ਹਾ ਮੁਸਕਰਾ ਕੇ ਬੋਲੇ, ਕਰਤਾਰ ਸਿੰਘ! ਸਰੀਰ ਜਿਸ ਵਕਤ ਜਿਆਦਾ ਥੱਕ ਗਿਆ ਇਹ ਥੜ੍ਹੇ ਤੇ ਆਰਾਮ ਕਰ ਲਏਗਾ।

## ਉਤਰਾਧਿਕਾਰੀ

ਮਹੰਤ ਆਤਮਾ ਸਿੰਘ ਜੀ ਨੇ ਆਪਣੇ ਸਰੀਰ ਦੀ ਬਿਰਧ ਅਵਸਥਾ ਨੂੰ ਤੱਕ ਕੇ ਅਤੇ ਆਗਿਆਕਾਰੀ ਸ਼ਿਸ਼ਯ ਸੰਤ ਨਾਰਾਇਣ ਸਿੰਘ ਜੀ ਦੀ ਸੇਵਾ ਤੇ ਪ੍ਰਸੰਨ ਹੋ ਕੇ ਉਨ੍ਹਾਂ ਨੂੰ ਆਪਣਾ ਉਤਰਾਧਿਕਾਰੀ ਸਥਾਪਨ ਕਰਨ ਦਾ ਮਨ ਵਿਚ ਪੱਕਾ ਫੈਸਲਾ ਕਰ ਲਿਆ। ਇਕ ਦਿਨ 24 ਅਪ੍ਰੈਲ, 1970 ਨੂੰ ਬਗੈਰ ਕਿਸੇ ਨੂੰ ਦੱਸੇ ਚੁਪਕੇ ਹੀ ਸੰਤ ਕਰਤਾਰ ਸਿੰਘ ਜੀ ਨੂੰ ਨਾਲ ਲੈ ਕੇ ਸਹਾਰਨਪੁਰ ਪਹੁੰਚੇ। ਡੇਰੇ ਦੇ ਸਾਰੇ ਜ਼ਰੂਰੀ ਕਾਗਜ਼ਾਤ ਤਾਂ ਨਾਲ ਲੈ ਕੇ ਹੀ ਗਏ ਸਨ। ਉਹ ਸਾਰੇ ਵਕੀਲ ਰਾਮ ਗੋਪਾਲ ਨੂੰ ਦਿਖਾ ਕੇ ਬੋਲੇ, ਕਿ ਡੇਰੇ ਦੀ ਜਿੰਨੀ ਚੱਲ-ਅਚੱਲ ਜਾਇਦਾਦ ਹੈ, ਉਹ ਸਾਰੀ ਦੀ ਵਸੀਅਤ ਸੰਤ ਨਾਰਾਇਣ ਸਿੰਘ ਦੇ ਨਾਮ ਲਿਖ ਦਿਓ, ਮੈਂ ਉਸਦੀ ਸੇਵਾ ਤੇ ਪ੍ਰਸੰਨ ਹੋ ਕੇ ਅਤੇ ਹਰ ਪ੍ਰਕਾਰ ਨਾਲ ਯੋਗ ਸਮਝ ਕੇ ਬਾਬਾ ਬੁੱਢਾ ਸਿੰਘ ਜੀ ਦੀ ਅਮਾਨਤ ਉਸਦੇ ਪੱਲੇ ਪਾ ਰਿਹਾ ਹਾਂ। ਵਕੀਲ ਨੇ ਦੱਸੇ ਮੁਤਾਬਕ ਵਸੀਅਤ ਲਿਖ ਕੇ ਜੱਜ ਤੋਂ ਰਜਿਸਟਰਡ ਕਰਵਾ ਦਿੱਤੀ। ਵਾਪਸ ਆਸ਼ਰਮ ਪਹੁੰਚ ਕੇ ਵੀ ਕਿਸੇ ਕੋਲ ਇਸ ਗੱਲ ਦਾ ਜ਼ਿਕਰ ਨਹੀਂ ਕੀਤਾ।

## ਛੇਤਰ ਸ਼ੁਰੂ ਕਰਨਾ

ਜ਼ਿਕਰ 1970 ਦੇ ਨੇੜੇ ਤੇੜੇ ਦਾ ਹੈ ਜਦੋਂ ਆਪ ਜੀ ਨੇ ਵਿਰੱਕਤ ਸ਼੍ਰੋਮਣੀ ਮਹਾਰਾਜ ਨਿੱਕਾ ਸਿੰਘ ਜੀਆਂ ਦੀ ਪ੍ਰੇਰਨਾ ਨਾਲ ਸਵੇਰ ਦਾ ਛੇਤਰ (ਗੁਰੂ ਕਾ ਲੰਗਰ) ਸ਼ੁਰੂ ਕੀਤਾ। ਗੰਗਾ ਦੇ ਕਿਨਾਰੇ ਤੇ ਤਪ ਸਾਧਨਾ ਕਰਨ ਵਾਲੇ ਸਾਧੂ-ਮਹਾਤਮਾ ਜਿਨ੍ਹਾਂ ਦਾ ਆਪਣਾ ਕੋਈ ਅਸਥਾਨ ਨਹੀਂ ਕੇਵਲ ਨੀਲੇ ਆਕਾਸ਼ ਦੀ ਛੱਤ ਹੇਠਾਂ ਹੀ ਪਿਆਰੇ ਦੀ ਖੋਜ ਵਿਚ ਲੱਗੇ ਹੋਏ ਸਨ ਅਤੇ ਝੋਂਪੜੀਆਂ ਵਾਲੇ ਗਰੀਬ, ਸੜਕਾਂ ਦੇ ਕਿਨਾਰਿਆਂ ਤੇ ਬੈਠੇ ਲੂਲੇ-ਲੰਗੜੇ, ਬਿਮਾਰ ਅਤੇ ਹੋਰ ਲੋੜਵੰਦਾਂ ਲਈ ਸਵੇਰੇ ਸੱਤ ਵਜੇ ਗਰਮ ਗਰਮ ਚਾਹ ਦੇ ਨਾਲ ਨਾਸ਼ਤਾ ਛੇਤਰ ਚਾਲੂ ਕੀਤਾ, ਤਾਂ ਕਿ ਸਾਰੀ ਰਾਤ ਸਰਦੀ ਨਾਲ ਠੁਰ-ਠੁਰ ਕਰਦਿਆਂ ਨੂੰ ਸਵੇਰੇ ਸਵੇਰੇ ਸਰਦੀ ਅਤੇ ਪੇਟ ਦੀ ਭੁੱਖ ਤੋਂ ਕੁਝ ਰਾਹਤ ਮਿਲੇ। ਗੁਰੂ ਨਾਨਕ ਦੇ ਘਰ ਦਾ ਮਿਸ਼ਨ, ਜੋ ਕਿ ਬਗੈਰ ਕਿਸੇ ਭੇਦ-ਭਾਵ ਅਤੇ ਮਜ਼੍ਹਬੀ ਖਿੱਚ ਧੂਹ ਤੋਂ ਉਪਰ ਉਠ ਕੇ ਲੋੜਵੰਦਾਂ ਦੀ ਸਹਾਇਤਾ ਕਰਨੀ ਆਦਿਕ ਪੂਰਾ ਹੋਵੇ। ਇਸ ਸ਼ੁਭ ਕਾਰਜ ਲਈ ਬੈਂਕ ਵਿਚ ਕੁਝ ਪੈਸਾ ਜਮ੍ਹਾਂ ਕਰਵਾ ਦਿਤਾ ਤਾਂ ਕਿ ਬਗੈਰ ਕਿਸੇ ਰੁਕਾਵਟ ਤੋਂ ਪਰਉਪਕਾਰ ਰੂਪੀ ਇਹ ਪੁਨੀਤ ਨਦੀ ਆਪਣੀ ਮੌਜ ਵਿਚ ਹਮੇਸ਼ਾਂ ਵਹਿੰਦੀ ਰਹੇ।

## ਅਖਾੜੇ ਪ੍ਰਤੀ ਸ਼ਰਧਾ ਅਤੇ ਜੀਵਨ ਦਾਤੇ ਦੀ ਨਿਰੰਤਰ ਯਾਦ

ਆਪ ਦਾ ਪਵਿਤਰ ਹਿਰਦਾ ਜਿਥੇ ਗਰੀਬਾਂ, ਲੋੜਵੰਦਾਂ ਅਤੇ ਸਾਧੂ ਮਹਾਤਮਾਵਾਂ ਦੀ ਸੇਵਾ ਲਈ ਸਮੁੰਦਰ ਦੇ ਸਮਾਨ ਵਿਸ਼ਾਲ ਸੀ ਉਥੇ ਨਿਰਮਲ ਪੰਚਾਇਤੀ ਅਖਾੜੇ ਪ੍ਰਤੀ ਵੀ ਸ਼ਰਧਾ ਨਾਲ ਭਰਪੂਰ ਸੀ। ਆਪ ਨੇ ਜਦੋਂ ਵੀ ਕਨਖ਼ਲ ਰਿਸ਼ੀਕੇਸ਼ ਤੋਂ ਬਾਹਰ ਯਾਤਰਾ ਲਈ ਜਾਣਾ ਹੁੰਦਾ ਜੋ ਕਿ ਸਾਲ ਵਿਚ ਇਕ ਵਾਰ ਤਾਂ ਪੱਕਾ ਹੀ ਸੀ ਲੇਕਿਨ ਕਦੇ ਕਦੇ ਦੋ ਜਾਂ ਤਿੰਨ ਚੱਕਰ ਵੀ ਲਗਦੇ ਸਨ ਪ੍ਰੰਤੂ ਪਹਿਲਾਂ ਅਖਾੜੇ ਜ਼ਰੂਰ ਜਾਂਦੇ। ਦਰਸ਼ਨ ਮੇਲਾ ਕਰਕੇ ਸ੍ਰੀ ਮਹੰਤ ਸਾਹਿਬ ਜੀ ਦੀ ਪੂਜਾ ਭੇਟਾ ਕਰਦੇ, ਇਸ ਤਰ੍ਹਾਂ ਯਾਤਰਾ ਤੋਂ ਵਾਪਸ ਆ ਕੇ ਵੀ ਕਰਦੇ। ਇਸ ਤੋਂ ਬਿਨਾਂ ਸ੍ਰੀ ਮਹੰਤ ਸਾਹਿਬ ਅਗਰ ਕਿਤੇ ਵੀ ਮਿਲ ਜਾਂਦੇ ਤਾਂ ਸੌ ਰੁਪਈਆ ਜ਼ਰੂਰ ਉਨ੍ਹਾਂ ਦੀ ਭੇਟਾ ਕਰਿਆ ਕਰਦੇ ਸਨ। ਆਪ ਨਿਰਮਲ ਪੰਚਾਇਤੀ ਅਖਾੜੇ ਨੂੰ ਨਿਰਮਲ ਭੇਖ ਵਿਚ ਸਭ ਤੋਂ ਸਰਬ-ਉੱਚ (Supreme) ਮੰਨਦੇ ਸਨ, ਇਸ ਲਈ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਸੋਨੇ-ਚਾਂਦੀ ਜੜਤ ਇਕ ਬਹੁਤ ਸੁੰਦਰ ਪਾਲਕੀ ਬਣਾ ਕੇ ਅਖਾੜੇ ਨੂੰ ਭੇਟਾ ਕੀਤੀ, ਜਿਸਦੀ ਅੱਜ ਦੇ ਸਮੇਂ ਵਿੱਚ ਕਈ ਲੱਖ ਰੁਪਏ ਕੀਮਤ ਹੈ। ਅਖਾੜੇ ਵਾਲੇ ਉਸ ਪਵਿਤਰ ਪਾਲਕੀ ਨੂੰ ਕਦੇ-ਕਦੇ ਯਾਨੀ ਕੁੰਭ ਵਰਗੇ ਵਿਸ਼ੇਸ਼ ਸਮਿਆਂ ਤੇ ਹੀ ਬਾਹਰ ਕੱਢਦੇ ਹਨ। ਇਸੇ ਤਰ੍ਹਾਂ ਆਪ ਨੇ ਜੀਵਨ ਦਾਤੇ ਮਹੰਤ ਬਾਬਾ ਬੁੱਢਾ ਸਿੰਘ ਮਹਾਰਾਜ ਜੀ ਦੀ ਪਵਿਤਰ ਯਾਦ ਨੂੰ ਤਾਜਾ ਰੱਖਣ ਲਈ 26 ਅਪ੍ਰੈਲ, 1971 ਨੂੰ ਨਿਰਮਲ ਪੰਚਾਇਤੀ ਅਖਾੜਾ ਕਨਖ਼ਲ ਦੁਆਰਾ

ਪੰਜਾਬ ਨੈਸ਼ਨਲ ਬੈਂਕ ਕਨਖ਼ਲ ਦੇ ਖਾਤੇ ਵਿਚ ਬੱਤੀ ਹਜ਼ਾਰ ਇਕ ਰੁਪਏ ਹਮੇਸ਼ਾਂ ਲਈ ਜਮ੍ਹਾਂ ਕਰਵਾ ਦਿੱਤੇ, ਤਾਂ ਕਿ ਉਸ ਦੇ ਵਿਆਜ ਨਾਲ ਬਾਬਾ ਬੁੱਢਾ ਸਿੰਘ ਮਹਾਰਾਜ ਜੀ ਦੀ ਯਾਦ ਵਿਚ ਹਰ ਮਹੀਨੇ ਇਕ ਸ੍ਰੀ ਸਹਿਜ ਪਾਠ ਦਾ ਭੋਗ ਅਤੇ ਹਰ ਰੋਜ਼ ਬਾਰਾਂ ਮਹੀਨੇ ਹੀ ਕੜਾਹ ਪ੍ਰਸ਼ਾਦਿ ਦੀ ਅਰਦਾਸ ਹੁੰਦੀ ਰਹੇਗੀ।

## ਮਿਟ ਗਏ ਗਵਨ

ੴ ਸਤਿਗੁਰ ਪ੍ਰਸਾਦਿ॥

ਮ੍ਰਿਤ ਮੰਡਲ ਜਗੁ ਸਾਜਿਆ ਜਿਉ ਬਾਲੂ ਘਰ ਬਾਰ॥
ਬਿਨਸਤ ਬਾਰ ਨ ਲਾਗਈ ਜਿਉ ਕਾਗਦ ਬੂੰਦਾਰ॥ ੧॥
ਸੁਨਿ ਮੇਰੀ ਮਨਸਾ ਮਨੈ ਮਾਹਿ ਸਤਿ ਦੇਖੁ ਬੀਚਾਰਿ॥
ਸਿਧ ਸਾਧਿਕ ਗਿਰਹੀ ਜੋਗੀ ਤਜਿ ਗਏ ਘਰ ਬਾਰ॥ ੧॥ ਰਹਾਉ॥
ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥
ਦ੍ਰਿਸਟੀਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ॥ ੨॥
ਕਹਾ ਸੁ ਭਾਈ ਮੀਤ ਹੈ ਦੇਖੁ ਨੈਨ ਪਸਾਰਿ॥
ਇਕਿ ਚਾਲੇ ਇਕਿ ਚਾਲਸਹਿ ਸਭਿ ਆਪਨੀ ਵਾਰ॥ ੩॥
ਜਿਨ ਪੂਰਾ ਸਤਿਗੁਰੁ ਸੇਵਿਆ ਸੇ ਅਸਥਿਰੁ ਹਰਿ ਦੁਆਰਿ॥
ਜਨੁ ਨਾਨਕੁ ਹਰਿ ਕਾ ਦਾਸੁ ਹੈ ਰਾਖੁ ਪੈਜ ਮੁਰਾਰਿ॥ ੮॥

*(ਰਾਗੁ ਬਿਲਾਵਲੁ ਮ: ੫, ਘਰੁ ੫, ਪੰਨਾ-੮੦੮)*

ਅਕਾਲ ਪੁਰਖ ਵਾਹਿਗੁਰੂ ਦੇ ਅਟੱਲ ਨੀਯਮ ਅਨੁਸਾਰ ਦੀ ਕੋਈ ਵਸਤੂ ਸਥਿਰ ਨਹੀਂ ਹੈ, ਇਸ ਲਈ ਹੀ ਇਸ ਦਾ ਨਾਮ ਮ੍ਰਿਤ ਮੰਡਲ ਹੈ, ਯਾਨੀ ਮੌਤ ਦਾ ਦੇਸ। ਹਰ ਇਕ ਜੀਵ ਜਨਮ ਹੁੰਦੇ ਸਾਰ ਹੀ ਮੌਤ ਦੇ ਵਿਕਰਾਲ ਮੂੰਹ ਵੱਲ ਸਫ਼ਰ ਸ਼ੁਰੂ ਕਰ ਦਿੰਦਾ ਹੈ। ਜਿਤਨੀ ਵੀ ਦ੍ਰਿਸ਼ਟੀਮਾਨ ਪ੍ਰਕਿਰਤੀ ਹੈ ਸਭ ਕਾਲ ਤੋਂ ਹੀ ਪੈਦਾ ਹੁੰਦੀ ਹੈ ਅਤੇ ਕਾਲ ਹੀ ਸਭ ਦਾ ਅੰਤ ਕਰ ਦਿੰਦਾ ਹੈ। ਯਥਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫਰਮਾਉਂਦੇ ਹਨ—**ਕਾਲ ਹੀ ਤੇ ਹੋਏ ਸਭ ਕਾਲ ਹੀ ਚਵਾਏ ਹੈ॥**

ਯਥਾ — ਕਾਲ ਪਾਇ ਬ੍ਰਹਮਾ ਬਪੁਧਰਾ॥ ਕਾਲ ਪਾਇ ਸਿਵਜੂ ਅਵਤਰਾ॥
ਕਾਲ ਪਾਇ ਕਰ ਬਿਸਨ ਪ੍ਰਕਾਸਾ॥ ਸਕਲ ਕਾਲ ਕਾ ਕੀਆ ਤਮਾਸਾ॥

ਸ੍ਰਿਸ਼ਟੀ ਦੀ ਉਪਤਪਤੀ, ਪਾਲਨਾ ਅਤੇ ਲੈਇ ਕਰਨ ਵਾਲੇ ਤਿੰਨ ਮੁੱਖ ਦੇਵਤੇ ਵੀ ਜਦ ਕਾਲ ਦੇ ਅਧੀਨ ਹਨ ਤਾਂ ਪੈਦਾ ਹੋਏ ਜੀਵਾਂ ਦੀ ਕੀਹ ਗਤੀ ਹੋਈ? ਇਸ ਲਈ—

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥

*(ਸਲੋਕ ਮ: ੯, ਪੰਨਾ—੧੪੨੯)*

ਯਥਾ — ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ॥

*(ਸਲੋਕ ਮ: ੯, ਪੰਨਾ-੧੪੨੯)*

ਯਥਾ — ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ॥
ਵਾਰੀ ਆਪੋ ਆਪਣੀ ਕੋਇ ਨਾ ਬੰਧੈ ਧੀਰ॥

*(ਦਖਣੀ ਓਅੰਕਾਰੁ, ਪੰਨਾ-੯੩੬)*

ਗੱਲ ਕੀ ਜਿਸ ਨੇ ਵੀ ਸਰੀਰ ਧਾਰਣ ਕੀਤਾ ਹੈ, ਰਾਣਾ ਰਾਉ, ਪੀਰ-ਫਕੀਰ, ਅਵਤਾਰ, ਯਾਨੀ ਦ੍ਰਿਸ਼ਟਮਾਨ ਹਰ ਵਸਤੂ ਕਾਲ ਦੇ ਅਧੀਨ ਹੈ। ਕਾਲ ਤੋਂ ਰਹਿਤ ਤਾਂ ਇੱਕ ਨਿਰਾਕਾਰ ਪ੍ਰਮਾਤਮਾ ਹੀ ਹੈ, ਜੋ ਅਕਾਲ, ਅਵਸਤੂ, ਅਦ੍ਰਿਸ਼ਟ ਹੈ। ਕਾਲ ਨਾਮ ਸਮੇਂ ਦਾ ਹੈ, ਜਿਹੜੀ ਵਸਤੂ ਹਰ ਸਮੇਂ ਹਰ ਜਗ੍ਹਾ ਵਿਆਪਕ ਹੈ ਉਸ ਵਿੱਚ ਕਾਲ ਦਾ ਨਾਮੋਂ ਨਿਸ਼ਾਨ ਨਹੀਂ। ਦਸਮ ਪਾਤਿਸ਼ਾਹ ਮਹਾਰਾਜ ਉਸ ਮਹਾਨ ਸ਼ਕਤੀ ਨੂੰ ਹੀ ਨਮਸਕਾਰ ਕਰ ਰਹੇ ਹਨ—

ਜਵਨ ਕਾਲੁ ਸਭ ਲੋਕ ਸਵਾਰਾ॥
ਨਮਸਕਾਰ ਹੈ ਤਾਹਿ ਹਮਾਰਾ॥

ਕਾਲ ਦੀ ਐਸੀ ਬਚਿੱਤਰ ਲੀਲਾ ਦੇ ਅਧੀਨ ਹੀ ਮਹੰਤ ਬਾਬਾ ਆਤਮਾ ਸਿੰਘ ਜੀ ਦਾ ਬਲੀ ਸਰੀਰ ਪਲ-ਪਲ, ਛਿਨ-ਛਿਨ, ਖੀਣ ਹੁੰਦਾ ਜਾ ਰਿਹਾ ਸੀ। ਬਿਮਾਰੀ ਕੋਈ ਨਹੀਂ ਸੀ, ਉਮਰ ਜ਼ਿਆਦਾ ਹੋਣ ਕਰਕੇ ਸਾਰੇ ਇੰਦਰੇ ਹੱਥ ਪੈਰ ਆਦਿ ਸੱਤਾ ਹੀਣ ਹੁੰਦੇ ਜਾ ਰਹੇ ਸਨ। ਸੰਤ ਨਾਰਾਇਣ ਸਿੰਘ ਜੀ ਡਾਕਟਰਾਂ ਨੂੰ ਬਾਰ-ਬਾਰ ਦਿਖਾ ਰਹੇ ਸਨ, ਲੇਕਿਨ ਡਾਕਟਰਾਂ ਦਾ ਕਹਿਣਾ ਸੀ, ਰੋਗ ਤਾਂ ਕੋਈ ਹੈ ਨਹੀਂ, ਕਮਜ਼ੋਰੀ ਹੈ ਇਸ ਨੂੰ ਦੂਰ ਕਰਨ ਲਈ ਤਾਕਤ ਦੇ ਕੈਪਸੂਲ ਦਿੰਦੇ ਰਹੋ। ਆਖਿਰ 9 ਅਗਸਤ, 1973 ਈ: ਵਾਲੇ ਦਿਨ ਅਚਾਨਕ ਤਬੀਅਤ ਕੁਝ ਖਰਾਬ ਹੋ ਗਈ। ਸੰਤ ਨਾਰਾਇਣ ਸਿੰਘ ਜੀ ਨੇ ਡਾਕਟਰ ਨੂੰ ਬੁਲਾਇਆ, ਡਾਕਟਰ ਨੇ ਇਕ ਟੀਕਾ ਲਗਾ ਕੇ ਪਾਣੀ ਨਾਲ ਗੋਲੀ ਦਿੱਤੀ, ਫਿਰ ਸਿਰਹਾਣਾ ਦੇ ਕੇ ਲਿਟਾ ਦਿੱਤੇ ਗਏ। ਆਖਰ ਸ਼ਾਮ ਦੇ ਚਾਰ ਵਜੇ ਆਪ ਖੁਦ ਹੀ ਉਠ ਕੇ ਬਾਹਰ ਬਣੇ ਥੜ੍ਹੇ ਉਪਰ ਲੇਟ ਗਏ। ਸੰਤ ਨਾਰਾਇਣ ਸਿੰਘ ਜੀ ਨੂੰ ਹੁਕਮ ਕੀਤਾ, ਸਾਡੇ ਸਰੀਰ ਤੋਂ ਬਾਅਦ ਵਿਰੱਕਤ ਮਹਾਰਾਜ ਜੀ ਨੂੰ ਸਾਡਾ ਰੂਪ ਜਾਨਣਾ। ਹਰ ਕੰਮ ਉਨ੍ਹਾਂ ਦੀ ਸਲਾਹ ਅਨੁਸਾਰ ਕਰਨਾ, ਡੇਰੇ ਆਏ ਹਰ ਅਤਿੱਥੀ ਨਾਲ ਸਨਮਾਨ ਪੂਰਵਕ ਵਿਵਹਾਰ ਕਰਨਾ, ਆਦਿਕ ਉਪਦੇਸ਼ ਕਰਦੇ-ਕਰਦੇ ਅਚਾਨਕ ਪੌਣੇ ਪੰਜ ਵਜੇ ਅੱਖਾਂ ਤੇ ਜ਼ਬਾਨ ਬੰਦ ਕਰ ਲਈ। ਜਲਦੀ ਨਾਲ ਡਾਕਟਰ ਨੂੰ ਬੁਲਾਇਆ ਗਿਆ, ਲੇਕਿਨ ਬਚਾਉਣ ਦੀਆਂ ਸਭ ਕੋਸ਼ਿਸ਼ਾਂ ਨੂੰ ਨਾਕਾਮ ਕਰਕੇ ਸ਼ਾਮ ਦੇ ਠੀਕ ਪੰਜ ਵਜੇ ਆਪਣੇ ਪੰਜ ਭੌਤਿਕ ਸਰੀਰ ਨੂੰ ਇਉਂ ਤਿਆਗ ਗਏ, ਜਿਵੇਂ ਸੱਪ ਕੁੰਜ ਤਿਆਗ ਜਾਂਦਾ ਹੈ। ਸੰਤ ਕਰਤਾਰ ਸਿੰਘ ਜੀ ਨੂੰ ਜੋ ਕਿ ਉਸ ਸਮੇਂ ਕੋਲ ਹੀ ਖੜੇ ਸਨ, ਸੱਤ ਸਾਲ ਪਹਿਲਾਂ ਦੇ ਕੀਤੇ ਬਚਨ ਇਕ ਦਮ ਯਾਦ ਆ ਗਏ — ਕਰਤਾਰ ਸਿੰਘ! ਸਰੀਰ ਜਿਸ ਵਕਤ ਜ਼ਿਆਦਾ ਥੱਕ ਗਿਆ, ਇਸ ਥੜ੍ਹੇ 'ਤੇ ਆਰਾਮ ਕਰ ਲਵੇਗਾ।

## ਅੰਤਿਮ ਕਿਰਿਆ

ਦੂਸਰਾ ਦਿਨ ਯਾਨੀ 10 ਅਗਸਤ, 1973 ਵਾਲੇ ਦਿਨ ਰਿਸ਼ੀਕੇਸ਼ ਅਤੇ ਹਰਦੁਆਰ ਕਨਖਲ ਤੋਂ ਕਾਫੀ ਗਿਣਤੀ ਵਿੱਚ ਸੰਤ ਮਹਾਤਮਾ ਅਤੇ ਡੇਰਿਆਂ ਦੇ ਮਹੰਤ ਨਿਰਮਲ ਆਸ਼ਰਮ ਪਹੁੰਚ ਗਏ। ਵਿਰੱਕਤ ਮਹਾਰਾਜ ਜੀ ਨੂੰ ਕਰਨਾਲ ਬੰਦਾ ਭੇਜ ਕੇ ਸੰਦੇਸ਼ ਦਿੱਤਾ ਗਿਆ। ਮਹਾਰਾਜ ਜੀ, ਭਗਤ ਲੱਭਾ ਰਾਮ ਸਮੇਤ ਕਾਰ ਵਿੱਚ ਸਾਵਰ ਹੋ ਕੇ ਰਿਸ਼ੀਕੇਸ਼ ਪਹੁੰਚ ਗਏ।

ਅਰਦਾਸ ਕਰਕੇ ਦਿਨ ਦੇ ਦੋ ਵਜੇ ਅੰਤਿਮ ਯਾਤਰਾ ਸ਼ੁਰੂ ਹੋਈ। ਮਾਤਮੀਂ ਜਲੂਸ ਸ਼ਹਿਰ ਦੇ ਮੁੱਖ ਬਜ਼ਾਰਾਂ ਵਿੱਚ ਦੀ ਹੁੰਦਾ ਹੋਇਆ, ਸ਼ਾਮ ਦੇ ਛੇ ਵਜੇ ਗੰਗਾ ਦੇ ਪਵਿੱਤਰ ਤਟ ਪਰ ਪਹੁੰਚਿਆ। ਆਖਰ ਕੀਰਤਨ ਸੋਹਿਲੇ ਦੇ ਪਾਠ ਤੋਂ ਬਾਅਦ ਅਰਦਾਸ ਕਰਕੇ ਪਵਿੱਤਰ ਸਰੀਰ ਨੂੰ ਬੇੜੀ ਰਾਹੀਂ ਗੰਗਾ ਦੀ ਪਵਿੱਤਰ ਗੋਦ ਵਿੱਚ ਸਦਾ ਦੀ ਨੀਂਦ ਸੁਲਾ ਦਿੱਤਾ। ਦੂਸਰੇ ਦਿਨ ਸੰਤ ਨਾਰਾਇਣ ਸਿੰਘ ਜੀ ਨੇ ਕਨਖਲ, ਅੰਮ੍ਰਿਤਸਰ, ਕਾਸ਼ੀ, ਬੰਬਈ ਅਤੇ ਦਿੱਲੀ ਆਦਿਕ ਥਾਵਾਂ ਤੇ ਤਾਰਾਂ, ਚਿੱਠੀਆਂ ਰਾਹੀਂ ਖਬਰ ਪਹੁੰਚਾ ਦਿੱਤੀ। 25 ਅਗਸਤ, 1973 ਨੂੰ ਆਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਰਸਮ ਦਸਤਾਰ ਬੰਦੀ ਹੋਈ। ਸਭ ਤੋਂ ਪਹਿਲਾਂ ਨਿਰਮਲ ਪੰਚਾਇਤੀ ਅਖਾੜੇ ਵੱਲੋਂ ਸ੍ਰੀ ਮਹੰਤ ਪੰਡਿਤ ਸੁੱਚਾ ਸਿੰਘ ਜੀ ਨੇ ਮਹੰਤ ਨਾਰਾਇਣ ਸਿੰਘ ਜੀ ਨੂੰ ਪੱਗ ਬਨ੍ਹਾਈ, ਉਪਰੰਤ ਹੋਰ ਅਸਥਾਨਾਂ, ਸੁਸਾਇਟੀਆਂ ਤੇ ਗ੍ਰਹਿਸਤੀ ਪ੍ਰੇਮੀਆਂ ਵੱਲੋਂ ਦਸਤਾਰਾਂ ਅਤੇ ਭੇਟਾਵਾਂ ਅਰਪਨ ਕੀਤੀਆਂ ਗਈਆਂ।


## ਕੁਝ ਖਾਸ ਝਲਕੀਆਂ

- ਆਪ ਜੀ ਦਾ ਜਨਮ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਪੱਤੋ ਹੀਰਾ ਸਿੰਘ ਵਿਖੇ ਸੰਨ 1885 ਈ: ਵਿੱਚ ਹੋਇਆ।
- ਆਪ 1908 ਈ: ਵਿੱਚ ਮਹੰਤ ਬਾਬਾ ਬੁੱਢਾ ਸਿੰਘ ਜੀ ਦੀ ਸ਼ਰਣ ਵਿੱਚ ਆਏ।
- 1931 ਈ: ਵਿੱਚ ਮਹੰਤ ਬਾਬਾ ਬੁੱਢਾ ਸਿੰਘ ਜੀ ਨੇ ਆਪ ਨੂੰ ਮਹੰਤੀ ਦੀ ਪੱਗ ਦੇ ਕੇ ਨਿਵਾਜਿਆ।
- 1966 ਈ: ਵਿੱਚ ਆਪ ਨੇ ਨਿਰਮਲ ਪੰਚਾਇਤੀ ਅਖਾੜੇ ਨੂੰ ਸੋਨੇ ਦੀ ਪਾਲਕੀ ਬਣਵਾ ਕੇ ਭੇਟਾ ਕੀਤੀ।
- 1967 ਈ: ਵਿੱਚ ਆਪ ਨੇ ਉਹ ਥੜ੍ਹਾ ਬਣਵਾਇਆ ਜਿਸ ਉਪਰ ਆਖਰੀ ਸਮੇਂ ਪ੍ਰਾਣ ਤਿਆਗੇ।
- 1970 ਈ: ਵਿੱਚ ਆਪ ਨੇ ਸੰਤ ਨਾਰਾਇਣ ਸਿੰਘ ਨੂੰ ਆਪਣਾ ਉਤਰਾਧਿਕਾਰੀ ਨੀਯਤ ਕੀਤਾ।
- 1970 ਈ: ਵਿੱਚ ਹੀ ਸਾਧੂ ਅਤੇ ਹੋਰ ਗਰੀਬ ਲੋਕਾਂ ਵਾਸਤੇ ਸਵੇਰ ਦੇ ਚਾਹ ਨਾਸ਼ਤੇ ਦਾ ਛੇਤਰ ਸ਼ੁਰੂ ਕੀਤਾ।
- 1971 ਈ: ਵਿੱਚ ਆਪ ਨੇ ਬਾਬਾ ਬੁੱਢਾ ਸਿੰਘ ਮਹਾਰਾਜ ਦੇ ਨਮਿੱਤ ਹਰ ਮਹੀਨੇ ਇਕ ਸਹਿਜ ਪਾਠ ਅਤੇ ਹਰ ਰੋਜ਼ ਕੜਾਹ ਪ੍ਰਸ਼ਾਦਿ ਦੀ ਦੇਗ ਬਣਾਉਣ ਲਈ ਨਿਰਮਲ ਪੰਚਾਇਤੀ ਅਖਾੜੇ ਦੇ ਨਾਮ ਬੱਤੀ ਹਜ਼ਾਰ ਇੱਕ ਰੁਪਏ ਬੈਂਕ ਵਿੱਚ ਜਮ੍ਹਾ ਕਰਵਾਏ।
- 1973 ਤੱਕ ਆਸ਼ਰਮ ਵਿੱਚ ਜਿੰਨੇ ਮਕਾਨ ਬਣੇ, ਉਨ੍ਹਾਂ ਵਿੱਚੋਂ ਜ਼ਿਆਦਾ ਦੀ ਸੇਵਾ ਆਪ ਦੇ ਹੱਥੀਂ ਹੀ ਹੋਈ। 9 ਅਗਸਤ 1973 ਨੂੰ ਸ਼ਾਮ ਦੇ 5 ਵਜੇ ਇਸ ਅਸਾਰ ਸੰਸਾਰ ਤੋਂ ਆਪਣੀ ਜੀਵਨ ਲੀਲਾ ਸੰਕੋਚ ਲਈ।

❑




1950 ਦੇ ਕੁੰਭ ਮੇਲੇ ਤੇ ਸ਼ਾਹੀ ਜਲੂਸ ਸਮੇਂ ਮਹੰਤ ਆਤਮਾ ਸਿੰਘ ਜੀ ਮਹਾਰਾਜ



ਸੋਨੇ ਚਾਂਦੀ ਜੜਤ ਸੁੰਦਰ ਪਾਲਕੀ ਮਹੰਤ ਆਤਮਾ ਸਿੰਘ ਜੀ ਮਹਾਰਾਜ ਦੁਆਰਾ ਨਿਰਮਲ ਪੰਚਾਇਤੀ ਅਖਾੜਾ ਕਨਖਲ ਨੂੰ ਭੇਟਾ ਕੀਤੀ ਗਈ।




ਸੰਤ ਮਾਨ ਸਿੰਘ ਜੀ



1962 ਦੇ ਕੁੰਭ ਮੇਲੇ ਤੇ ਸ਼ਾਹੀ ਜਲੂਸ ਸਮੇਂ ਮਹੰਤ ਆਤਮਾ ਸਿੰਘ ਜੀ ਮਹਾਰਾਜ

# ਮਹੰਤ
# ਨਾਰਾਇਣ ਸਿੰਘ ਜੀ
# ਮਹਾਰਾਜ



ਮਹੰਤ ਨਾਰਾਇਣ ਸਿੰਘ ਜੀ ਮਹਾਰਾਜ

ਅਧਿਆਇ

4

॥ ੧ੴ ਸਤਿਗੁਰ ਪ੍ਰਸਾਦਿ ॥

# ਮਹੰਤ ਨਾਰਾਇਣ ਸਿੰਘ ਜੀ ਮਹਾਰਾਜ

## ਜੀਵਨ ਚਰਿੱਤਰ ਮਹੰਤ ਨਾਰਾਇਣ ਸਿੰਘ ਜੀ

ਆਪ ਦਾ ਜਨਮ ਹੁਸ਼ਿਆਰਪੁਰ ਸ਼ਹਿਰ (ਪੰਜਾਬ) ਵਿੱਚ ਪਿਤਾ ਸੰਤੋਖ ਸਿੰਘ ਜੀ ਦੇ ਘਰ ਮਾਤਾ ਰਲੀ ਦੀ ਪਵਿੱਤਰ ਕੁੱਖ ਤੋਂ ਸੰਨ 1905 ਈ: ਵਿਚ ਹੋਇਆ। ਸਰਦਾਰ ਸੰਤੋਖ ਸਿੰਘ ਜੀ ਕਿਰਤ ਕਰਕੇ ਪਰਿਵਾਰ ਦਾ ਗੁਜਰਾਨ ਕਰਦੇ ਸਨ। ਆਪ ਦੇ ਪੰਜ ਬੱਚੇ ਸਨ, ਸਭ ਤੋਂ ਵੱਡੀ ਲੜਕੀ ਜਿਸਦਾ ਨਾਮ ਰਾਮਰੱਖੀ ਸੀ, ਉਸ ਤੋਂ ਛੋਟਾ ਲੜਕਾ ਹਰੀ ਸਿੰਘ ਸੀ ਜੋ ਬਾਅਦ ਵਿੱਚ ਸਾਧੂ ਬਣਕੇ ਜ਼ਿਆਦਾ ਸਮਾਂ ਕਾਸ਼ੀ ਰਹਿੰਦਾ ਰਿਹਾ, ਕੁਝ ਸਮਾਂ ਹਰਦੁਆਰ ਕਨਖਲ ਵੀ ਰਿਹਾ। ਤੀਜੇ ਨੰਬਰ ਤੇ ਨਾਰਾਇਣ ਸਿੰਘ, ਇਸ ਤੋਂ ਛੋਟਾ ਗੁਰਬਖਸ਼ ਸਿੰਘ ਅਤੇ ਪੰਜਵੇਂ ਤੇ ਰਾਮ ਸਿੰਘ ਸਨ। ਪਿਤਾ ਸੰਤੋਖ ਸਿੰਘ ਜੀ ਅਨਜਲ ਦੇ ਵਸ ਕਿਰਤ ਦੀ ਭਾਲ ਵਿੱਚ ਪਰਿਵਾਰ ਸਮੇਤ, ਰੌੜ੍ਹ ਜਾ ਵਸੇ ਜੋ ਕਿ ਹਿਮਾਚਲ ਪ੍ਰਦੇਸ਼ ਵਿੱਚ ਹੈ। ਕੁਝ ਸਮਾਂ ਇਥੇ ਠਹਿਰ ਕੇ ਕਾਰੋਬਾਰ ਕਰਦੇ ਰਹੇ, ਫਿਰ ਅਨਜਲ ਰਿਸ਼ੀਕੇਸ਼ ਲੈ ਆਇਆ। ਰਿਸ਼ੀਕੇਸ਼ ਰਹਿ ਕੇ ਕਾਰੋਬਾਰ ਸ਼ੁਰੂ ਕੀਤਾ, ਬਹੁਤ ਅੱਛਾ ਚੱਲਿਆ। ਆਪ ਦਾ ਵਿਚਕਾਰਲਾ ਪੁੱਤਰ ਨਾਰਾਇਣ ਸਿੰਘ ਬਚਪਨ ਤੋਂ ਹੀ ਧਾਰਮਿਕ ਸੰਸਕਾਰੀ ਹੋਣ ਕਰਕੇ ਸਾਧੂ ਮਹਾਤਮਾਵਾਂ ਦੀ ਸੰਗਤ ਵਿੱਚ ਅਕਸਰ ਜਾਂਦਾ ਰਹਿੰਦਾ ਸੀ।

ਰਿਸ਼ੀਕੇਸ਼ ਧਾਰਮਿਕ ਸ਼ਹਿਰ ਹੋਣ ਕਰਕੇ ਸਤਿਸੰਗ ਦੀ ਤਾਂ ਕਮੀ ਨਹੀਂ ਸੀ, ਲੇਕਿਨ ਆਪ ਦੇ ਸੰਸਕਾਰ ਗੁਰੂ ਘਰ ਦੇ ਹੋਣ ਕਰਕੇ ਜ਼ਿਆਦਾ ਆਉਣ-ਜਾਣ ਸ੍ਰੀ ਨਿਰਮਲ ਆਸ਼ਰਮ ਹੀ ਸੀ। ਭਾਵੇਂ ਉਸ ਸਮੇਂ ਗੁਰੂ ਨਾਨਕ ਘਰ ਦੇ ਪੰਜਾਬ ਸਿੰਧ ਛੇਤਰ, ਡੇਰਾ ਠਾਕੁਰਾਂ ਇਤਿਆਦਿਕ ਹੋਰ ਵੀ ਅਸਥਾਨ ਸਨ, ਲੇਕਿਨ ਨਿਰਮਲ ਸੰਪਰਦਾਇ ਇਵਚ ਮਹੰਤ ਬਾਬਾ ਬੁੱਢਾ ਸਿੰਘ ਜੀ ਦੇ ਤੇਜ ਪ੍ਰਤਾਪ ਦਾ ਸੂਰਜ ਉਸ ਸਮੇਂ ਸਿਖਰਾਂ ਤੇ ਸੀ, ਇਸ ਲਈ ਡੇਰੇ ਦੀ ਸੁੰਦਰ ਰਚਨਾ, ਅੱਛੀ ਮਰਿਆਦਾ ਅਤੇ ਮਹਾਂਪੁਰਸ਼ ਦੇ ਪ੍ਰਚੰਡ ਗਿਆਨਮਈ ਜੀਵਨ ਦੀਆਂ ਰੌਸ਼ਨ ਚਿਰਾਗ ਕਿਰਨਾਂ ਨੇ ਨਾਰਾਇਣ ਸਿੰਘ ਦੇ ਸੰਸਕਾਰੀ ਮਨ ਤੇ ਬਹੁਤ ਅਸਰ ਪਾਇਆ। ਪਹਿਲਾਂ-ਪਹਿਲ ਤਾਂ ਨਾਰਾਇਣ ਸਿੰਘ ਜੀ ਰੋਜ਼ ਆਸ਼ਰਮ ਆ ਕੇ ਸਤਿਸੰਗ ਅਤੇ ਸੇਵਾ ਕਰਕੇ ਸ਼ਾਮ ਨੂੰ ਘਰ ਚੱਲੇ ਜਾਂਦੇ। ਕੁਝ ਸਮਾਂ ਐਸਾ ਕਰਦਿਆਂ, ਯਾਨੀ ਸੇਵਾ ਸਤਿਸੰਗ ਦੁਆਰਾ ਮਨ ਕਾਫੀ ਸ਼ੁੱਧ ਹੋ ਗਿਆ। ਸ਼ੁੱਧ ਹੋਏ ਮਨ ਤੇ ਯਾਨੀ ਮਾਇਆ ਦਾ ਪਰਦਾ ਦੂਰ ਹੋਣ ਤੇ ਸਤਿਸੰਗ ਰੂਪੀ ਸੂਰਜ ਦੀਆਂ ਉਪਦੇਸ਼ ਰੂਪੀ ਕਿਰਨਾਂ ਦਾ ਪ੍ਰਕਾਸ਼ ਅਵੱਸ਼ ਪੈਂਦਾ ਹੈ, ਇਸ ਲਈ ਆਪ ਨੇ ਗੁਰੂ ਉਪਦੇਸ਼ — **ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰਿ ਰੇ** ਦੇ ਮਹਾਂਵਾਕ ਅਨੁਸਾਰ ਇਸ ਸਮੇਂ ਮੁਕਤੀ ਦਾ ਸਿੱਧਾ ਤੇ ਸੁਖੱਲਾ ਸਾਧਨ ਸੇਵਾ, ਸਿਮਰਨ ਅਤੇ ਸਤਿਸੰਗ ਵਿੱਚ ਨਿਰੰਤਰ ਜੀਵਨ ਬਤੀਤ ਕਰਨ ਦਾ ਦ੍ਰਿੜ ਨਿਸ਼ਚਾ ਧਾਰਣ ਕਰ ਲਿਆ। ਨਿਸ਼ਚੇ ਮੁਤਾਬਿਕ ਇਕ ਦਿਨ ਮਹੰਤ ਬਾਬਾ ਬੁੱਢਾ ਸਿੰਘ ਜੀ ਦੇ ਚਰਨਾਂ ਵਿੱਚ ਅਰਜ਼ ਕੀਤੀ, ਮਹਾਰਾਜ ਕ੍ਰਿਪਾ ਕਰੋ ਆਪ ਦੇ ਪਵਿੱਤਰ ਚਰਨਾਂ ਵਿੱਚ ਨਿਵਾਸ ਬਖਸ਼ਿਸ਼ ਕਰੋ, ਤਾਂ ਕਿ ਸੇਵਾ ਕਰਕੇ ਮਨੁੱਖ ਜਨਮ ਧਾਰਣ ਕੀਤਾ ਸਫਲ ਹੋ ਜਾਵੇ। ਮਹੰਤ ਬਾਬਾ ਬੁੱਢਾ ਸਿੰਘ ਜੀ ਨੇ ਯੁਵਕ ਨਾਰਾਇਣ ਸਿੰਘ ਦਾ ਦ੍ਰਿੜ ਨਿਸ਼ਚਾ ਅਤੇ ਪੂਰਨ ਸੰਜੋਗ ਜਾਣ ਕੇ ਮਹੰਤ ਆਤਮਾ ਸਿੰਘ ਜੀ ਨੂੰ ਹੁਕਮ ਕੀਤਾ ਕਿ ਇਸ ਲੜਕੇ ਨੂੰ ਆਪਣੀ ਸੁਪ੍ਰਸਤੀ ਹੇਠ ਸੇਵਾ ਵਿੱਚ ਲਾ ਲਉ ਅਤੇ ਨਾਲ-ਨਾਲ ਗੁਰਬਾਣੀ ਦੀ ਸੰਥਯਾ ਕਰਵਾਉ। ਇਸ ਪ੍ਰਕਾਰ ਆਪ ਸਤਾਰਾਂ ਸਾਲ ਦੀ ਉਮਰ ਵਿੱਚ ਯਾਨੀ 1922 ਈ: ਵਿੱਚ ਘਰ-ਬਾਰ ਛੱਡਕੇ, ਪੱਕੇ ਤੌਰ ਤੇ ਆਸ਼ਰਮ ਵਿੱਚ ਆ ਗਏ।

ਮਹੰਤ ਆਤਮਾ ਸਿੰਘ ਜੀ ਨੇ ਵੱਡੇ ਮਹਾਂਪੁਰਖਾਂ ਦੇ ਹੁਕਮ ਮੁਤਾਬਿਕ ਆਪ ਨੂੰ ਗੁਰਬਾਣੀ ਪੜਾਉਣੀ ਸ਼ੁਰੂ ਕੀਤੀ, ਅਤੇ ਨਾਲ-ਨਾਲ ਗਊਆਂ ਦੀ ਸੇਵਾ ਸੰਭਾਲ ਕਰਦਿਆਂ ਦੁੱਧ ਚੋਣਾ, ਆਦਿਕ ਸੇਵਾ ਵੀ ਸੰਭਾਲ ਦਿੱਤੀ। ਆਪ ਆਪਣੇ

ਨਿਮਰ ਸੁਭਾਵ ਅਤੇ ਅਣਥੱਕ ਸੇਵਾ ਆਦਿਕ ਸ਼ੁਭ ਗੁਣਾਂ ਦੀ ਬਦੌਲਤ ਛੇਤੀ ਹੀ ਵੱਡਿਆਂ ਦੀ ਕ੍ਰਿਪਾ ਦੇ ਪਾਤਰ ਬਣ ਗਏ। ਸੰਨ 1925 ਈ: ਵਿੱਚ ਪੰਡਿਤ ਰਾਮ ਬਸੰਤ ਸਿੰਘ ਜੀ ਪਟਿਆਲਾ ਵਾਲਿਆਂ ਨੇ ਅਨੰਦ ਭਵਨ ਰਿਸ਼ੀਕੇਸ਼ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸ਼ੁਰੂ ਕੀਤੀ, ਤਾਂ ਮਹੰਤ ਬਾਬਾ ਬੁੱਢਾ ਸਿੰਘ ਜੀ ਨੇ ਨਾਰਾਇਣ ਸਿੰਘ ਜੀ ਨੂੰ ਹੁਕਮ ਕੀਤਾ, ਕਿ ਆਪ ਵੀ ਪੰਡਿਤ ਜੀ ਤੋਂ ਅਰਥਾਂ ਸਮੇਤ ਸੰਪੂਰਨ ਗੁਰਬਾਣੀ ਦੀ ਸੰਥਯਾ ਕਰੋ। ਵੱਡਿਆਂ ਦਾ ਹੁਕਮ ਮੰਨਕੇ ਆਪ ਨੇ ਪੰਡਿਤ ਜੀ ਦੇ ਕੋਲ ਪੜ੍ਹਣਾ ਸ਼ੁਰੂ ਕੀਤਾ। ਪੜ੍ਹਾਈ ਦੇ ਨਾਲ-ਨਾਲ ਵਿਦਿਆ ਦਾਤੇ ਪੰਡਿਤ ਜੀ ਦੀ ਸੇਵਾ ਵੀ ਸੰਭਾਲ ਲਈ, ਜਿਵੇਂ-ਇਸ਼ਨਾਨ ਕਰਾਉਣਾ, ਵਸਤਰ ਧੋਣੇ, ਦੁੱਧ ਲੱਸੀ ਆਸ਼ਰਮ ਵਿੱਚੋਂ ਲਿਜਾ ਕੇ ਛਕਾਉਣਾ ਇਤਿਆਦਿਕ ਸੇਵਾ ਅਤੇ ਸ਼ੁਭ ਗੁਣਾਂ, ਜਿਵੇਂ ਛਲਕਪਟ ਤੋਂ ਰਹਿਤ ਸਰਲ ਮਨ, ਸਾਦਗੀ, ਨਿੰਮਰਤਾ, ਮਿਠਾਸ ਅਤੇ ਭੈ ਸੰਯੁਕਤ ਗੁਰੂ ਦੇ ਸਮਾਨ ਜਾਣ ਕੇ ਸੇਵਾ ਕਰਦੇ ਅਤੇ ਨਾਲ-ਨਾਲ ਗੁਰਬਾਣੀ ਦੀ ਅਰਥਾਂ ਸਹਿਤ ਸੰਥਯਾ ਕਰਦੇ ਰਹੇ। ਅਜਿਹੇ ਸ਼ੁੱਭ ਗੁਣਾਂ ਅਤੇ ਭੈ ਸੰਯੁਕਤ ਕੀਤੀ ਸੇਵਾ ਦਾ ਪੰਡਿਤ ਜੀ ਦੇ ਉਪਰ ਅਜਿਹਾ ਅਸਰ ਹੋਇਆ, ਉਹ ਆਪ ਨੂੰ ਬਿਨਾਂ ਸ਼ਾਗਿਰਦ ਦੇ ਪੁੱਤਰਾਂ ਸਮਾਨ ਪਿਆਰ ਕਰਨ ਲੱਗੇ।

ਇਸ ਪ੍ਰਕਾਰ ਵਿਦਯਾ ਪੜ੍ਹਦਿਆਂ ਅਤੇ ਸੇਵਾ ਕਰਦਿਆਂ ਛੇ ਮਹੀਨੇ ਗੁਜ਼ਰ ਗਏ। ਇਤਨੇ ਨੂੰ ਸੰਨ 1926 ਈ: ਦਾ ਕੁੰਭ ਮੇਲਾ ਆ ਗਿਆ। ਪੰਡਿਤ ਜੀ ਕੁੰਭ ਮੇਲੇ ਦੇ ਇਸ਼ਨਾਨ ਲਈ ਹਰਦੁਆਰ ਨਿਰਮਲ ਛਾਉਣੀ ਚਲੇ ਗਏ। ਇਧਰ ਸੰਤ ਨਾਰਾਇਣ ਸਿੰਘ ਜੀ ਵੀ ਮਹੰਤ ਆਤਮਾ ਸਿੰਘ ਜੀ ਤੋਂ ਆਗਿਆ ਲੈ ਕੇ ਪੰਡਿਤ ਜੀ ਦੀ ਸੇਵਾ ਲਈ ਨਾਲ ਹੀ ਚਲੇ ਗਏ। ਇਸ ਮੇਲੇ ਦੌਰਾਨ ਹੀ ਪੰਡਿਤ ਰਾਮ ਬਸੰਤ ਸਿੰਘ ਜੀ ਨੂੰ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਵੱਲੋਂ ਬੁਲਾਵਾ ਆ ਗਿਆ, ਕਿ ਪਟਿਆਲੇ ਨਿਵਾਸ ਰੱਖਕੇ ਰਾਜਕੁਮਾਰਾਂ ਨੂੰ ਵਿਦਯਾ ਪੜਾਉ। ਪੰਡਿਤ ਜੀ ਪਟਿਆਲਾ ਨਰੇਸ਼ ਦੀ ਬੇਨਤੀ ਤੇ ਪਟਿਆਲਾ ਪਹੁੰਚ ਗਏ, ਉਧਰ ਸੰਤ ਨਾਰਾਇਣ ਸਿੰਘ ਜੀ ਵਾਪਸ ਰਿਸ਼ੀਕੇਸ਼ ਚਲੇ ਗਏ। ਪੰਡਿਤ ਜੀ ਦਾ ਆਪ ਨਾਲ ਇੰਨਾਂ ਪ੍ਰੇਮ ਹੋ ਗਿਆ ਸੀ ਕਿ ਕਦੇ-ਕਦੇ ਪਟਿਆਲੇ ਤੋਂ ਬੰਦਾ ਭੇਜਕੇ ਆਪ ਨੂੰ ਪਟਿਆਲੇ ਬੁਲਾ ਲੈਂਦੇ ਸਨ। ਇਸ ਤਰ੍ਹਾਂ ਪਟਿਆਲੇ ਆਉਣ ਜਾਣ ਕਰਕੇ ਰਾਜ ਘਰਾਣੇ ਨਾਲ ਵੀ ਨੇੜਤਾ ਹੋ ਗਈ। ਇਹੀ ਵਜ੍ਹਾ ਹੈ ਕਿ ਰਾਜ ਘਰਾਣੇ ਦੇ ਕੁਝ ਮੈਂਬਰ ਅੱਜ ਤੱਕ ਆਸ਼ਰਮ ਨਾਲ ਜੁੜੇ ਹੋਏ ਹਨ। ਪੰਡਿਤ ਰਾਮ ਬਸੰਤ ਸਿੰਘ ਜੀ ਵੀ ਸੇਵਾ ਅਤੇ ਪ੍ਰੇਮ ਪਿਆਰ ਤੇ ਐਨੇ ਪ੍ਰਸੰਨ ਹੋਏ ਕਿ ਕੁਝ ਸਮੇਂ ਬਾਅਦ ਨਿਰਮਲ ਛਾਉਣੀ ਹਰਦੁਆਰ ਵਾਲੀ ਆਪਣੀ ਕੀਮਤੀ ਕੋਠੀ ਸੰਤ ਨਾਰਾਇਣ ਜੀ ਦੇ ਨਾਂ ਲਗਵਾ ਦਿੱਤੀ, ਜਿਸ ਦਾ ਨਾਮ ਆਪ ਨੇ ਆਪਣੇ ਜੀਵਨ ਦਾਤੇ ਮਹੰਤ ਆਤਮਾ ਸਿੰਘ ਜੀ ਦੇ ਨਾਮ ਤੇ ਆਤਮ ਨਿਵਾਸ ਰੱਖਿਆ, ਜੋ ਕਿ ਅੱਜ ਵੀ ਨਿਰਮਲ ਆਸ਼ਰਮ ਦੇ ਅਧਿਕਾਰ ਹੇਠ ਹੈ।

ਇਸ ਪ੍ਰਕਾਰ ਗੁਰਬਾਣੀ ਤਾਂ ਆਪ ਨੇ ਪੰਡਿਤ ਰਾਮ ਬਸੰਤ ਸਿੰਘ ਜੀ ਤੋਂ ਅਰਥਾਂ ਸਮੇਤ ਪੜ੍ਹ ਲਈ ਅਤੇ ਮਹੰਤ ਆਤਮਾ ਸਿੰਘ ਜੀ ਨੇ ਆਪ ਨੂੰ ਕੁਝ ਸੰਸਕ੍ਰਿਤ ਦੇ ਗ੍ਰੰਥ ਵੀ ਪੜ੍ਹਾਏ। ਪੜ੍ਹੀ ਵਿਦਯਾ ਦਾ, ਮੰਨਣ, ਨਿਧਿਆਸਣ ਅਤੇ ਹੁਕਮ ਵਿੱਚ ਰਹਿ ਕੇ ਸੇਵਾ ਕਰਦਿਆਂ, ਸਮਾਂ ਬਤੀਤ ਹੁੰਦਾ ਗਿਆ। ਵੱਡੇ ਮਹਾਂਪੁਰਖਾਂ ਦੇ ਪਰਲੋਕ ਗਵਨ ਤੋਂ ਬਾਅਦ ਮਹੰਤ ਆਤਮਾ ਸਿੰਘ ਜੀ ਜਦ ਸਿੰਧ ਦੀ ਯਾਤਰਾ ਜਾਂ ਦੇਸ ਦੀ ਵੰਡ ਤੋਂ ਬਾਅਦ ਜਿਥੇ-ਜਿਥੇ ਵੀ ਪ੍ਰੇਮੀ ਲੋਕ ਆ ਕੇ ਵਸੇ, ਜਿਵੇਂ, ਬੰਬਈ, ਕਲਕੱਤਾ, ਦਿੱਲੀ, ਲੰਕਾ ਅਤੇ ਲਖਨਊ ਆਦਿਕ ਥਾਵਾਂ ਤੇ ਪ੍ਰੇਮੀ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਕੇ ਜਾਂਦੇ, ਤਾਂ ਸੰਤ ਨਾਰਾਇਣ ਸਿੰਘ ਜੀ ਨੂੰ ਅਕਸਰ ਨਾਲ ਹੀ ਲੈ ਕੇ ਜਾਂਦੇ ਸਨ ਕਿਉਂਕਿ ਸੰਤ ਨਾਰਾਇਣ ਸਿੰਘ ਜੀ ਚੰਗੇ ਵਿਦਵਾਨ ਸਨ, ਇਸ ਲਈ ਦੋਨੋਂ ਸਮੇਂ ਸੰਗਤਾਂ ਵਿੱਚ ਕਥਾ ਪ੍ਰਵਚਨ ਕਰਿਆ ਕਰਦੇ ਸਨ। ਇਸ ਪ੍ਰਕਾਰ ਵੱਡਿਆਂ ਦੇ ਹੁਕਮ ਵਿੱਚ ਰਹਿ ਕੇ ਕਾਰ ਕਰਦਿਆਂ ਅਤੇ ਸਹਿਣਸ਼ੀਲਤਾ, ਨਿਮਰ ਸੁਭਾਵ ਆਦਿਕ ਦੈਵੀ ਗੁਣਾਂ ਤੇ ਪ੍ਰਸੰਨ ਹੋ ਕੇ ਆਪ ਨੂੰ ਮਹੰਤ ਆਤਮਾ ਸਿੰਘ ਜੀ ਨੇ ਸੰਤ 1970 ਈ: ਵਿੱਚ ਆਪਣਾ ਉਤਰਾਧਿਕਾਰੀ ਥਾਪ ਦਿੱਤਾ।

ਜਿਸ ਵਕਤ 1973 ਈ: ਵਿੱਚ ਮਹੰਤ ਜੀ ਦਾ ਪਰਲੋਕ ਗਵਨ ਹੋਇਆ ਤਾਂ 25 ਅਗਸਤ, 1973 ਈ: ਵਾਲੇ ਦਿਨ ਉਨ੍ਹਾਂ ਦੀ ਯਾਦ ਵਿੱਚ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਉਨ੍ਹਾਂ ਦੀ ਕੀਤੀ ਵਸੀਅਤ ਦੇ ਮੁਤਾਬਿਕ ਨਿਰਮਲ ਪੰਚਾਇਤੀ ਅਖਾੜਾ, ਸੰਤ ਸਮਾਜ ਅਤੇ ਗ੍ਰਹਿਸਤੀ ਸੰਗਤਾਂ ਵੱਲੋਂ ਆਪ ਜੀ ਨੂੰ ਮਹੰਤੀ ਦੇ ਪ੍ਰਤਿਸਠਤ ਪਦ ਲਈ ਦਸਤਾਰਾਂ, ਅਤੇ ਅਨੇਕ ਪ੍ਰਕਾਰ ਦੀਆਂ ਭੇਟਾਵਾਂ ਅਰਪਨ ਕਰਕੇ ਸਨਮਾਨਤ ਕੀਤਾ ਗਿਆ। ਮਹੰਤ ਆਤਮਾ ਸਿੰਘ ਜੀ ਦਾ ਸਰੀਰ ਜਿਵੇਂ-ਜਿਵੇਂ ਬੁਢਾਪੇ ਦੇ ਵਸ ਹੁੰਦਾ ਗਿਆ, ਤਿਵੇਂ-ਤਿਵੇਂ ਆਸ਼ਰਮ ਸੇਵਾ ਸੰਭਾਲ ਦੀ ਸਾਰੀ ਜ਼ਿੰਮੇਵਾਰੀ

ਤਾਂ ਸੰਭਾਲਦੇ ਹੀ ਗਏ ਸਨ, ਲੇਕਿਨ ਅੱਜ ਤੋਂ ਯਾਨੀ 25 ਅਗਸਤ, 1973 ਤੋਂ ਡੇਰੇ ਦੀ ਅੰਦਰ ਬਾਹਰ ਦੀ ਸਾਰੀ ਸੇਵਾ ਸੰਭਾਲ, ਸਾਧੂ ਸਮਾਜ ਨਾਲ ਸਨਮਾਨ ਸਹਿਤ ਮਿਲਵਰਤਣ ਅਤੇ ਸੰਗਤਾਂ ਨੂੰ ਆਤਮ ਭਾਵ ਨਾਲ ਯਾਨੀ ਆਪਣਾ ਹੀ ਰੂਪ ਜਾਣ ਕੇ ਪਿਆਰ ਦੇਣ ਇਤਿਆਦਕ ਮਹਾਨ ਗੁਣਾਂ ਨੂੰ ਆਪਣੇ ਜੀਵਨ ਦਾ ਪ੍ਰਮੁੱਖ ਅੰਗ ਬਣਾ ਲਿਆ।

ਸਿਆਣੇ ਪੁਰਸ਼ਾਂ ਨੇ ਉਤਰਾਧਿਕਾਰੀ ਦੇ ਗੁਣਾਂ ਦੀ ਵੰਡ (ਪ੍ਰੀਭਾਸ਼ਾ) ਤਿੰਨ ਹਿੱਸਿਆ ਵਿੱਚ ਕੀਤੀ ਹੈ: ਪੁੱਤਰ, ਸਪੁੱਤਰ ਅਤੇ ਕਪੁੱਤਰ। ਪੁੱਤਰ ਉਸ ਨੂੰ ਕਹਿੰਦੇ ਹਨ ਜੋ ਸੰਸਾਰ ਵਿੱਚ ਸਨਮਾਨ ਯਾਨੀ ਮਾਣ-ਵਡਿਆਈ, ਧਨ-ਜਾਇਦਾਦ ਅਤੇ ਰਾਜ-ਭਾਗ ਵਗੈਰਾ ਪਦਾਰਥ ਯਾਨੀ ਜੋ ਪਿਤਾ ਵੱਲੋਂ ਵਿਰਾਸਤ ਵਿੱਚ ਮਿਲੇ, ਉਸ ਨੂੰ ਆਪਣੇ ਜੀਵਨ ਪ੍ਰਯੰਤ ਘੱਟ ਨਾ ਹੋਣ ਦੇਵੇ, ਵਕਤੇ ਅਖੀਰ ਉਤਨਾ ਹੀ ਛੱਡਕੇ ਜਾਵੇ।

ਸਪੁੱਤਰ ਉਸ ਨੂੰ ਕਹਿੰਦੇ ਹਨ ਜੋ ਉਪਰੋਕਤ ਪਦਾਰਥਾਂ ਵਿੱਚੋਂ ਵੱਡਿਆਂ ਦੀ ਵਿਰਾਸਤ ਮਿਲੇ, ਉਸਨੂੰ ਆਪਣੇ ਮਿਹਨਤ, ਪ੍ਰੀਸ਼ਰਮ ਦੁਆਰਾ ਹੋਰ ਵਧਾ ਲਵੇ ਅਤੇ ਕਪੁੱਤਰ ਉਹ ਹੁੰਦਾ ਹੈ ਜੋ ਬੁਰੀ ਸੰਗਤ ਦੇ ਜ਼ੇਰੇ ਅਸਰ ਨਿੰਦਣੀਯ ਕਰਮਾਂ ਵਿੱਚ ਲੱਗ ਕੇ ਪੂਰਵਜਾਂ ਵੱਲੋਂ ਮਿਲੀ ਵਿਰਾਸਤ ਨੂੰ ਗਵਾ ਦੇਣ, ਜਾਂ ਘੱਟ ਕਰ ਦੇਣ।

ਪਰੰਤੂ ਸੰਸਾਰਕ ਦ੍ਰਿਸ਼ਟੀ ਨਾਲ ਦੇਖਿਆ ਇਸ ਦ੍ਰਿਸ਼ਟਾਂਤ ਦਾ ਬਹੁਤਾ ਲਾਭ ਨਹੀਂ ਹੋਵੇਗਾ, ਕਿਉਂਕਿ ਸੰਸਾਰਕ ਧਨ ਤਾਂ ਕੋਈ ਚਤੁਰਬੁੱਧੀ ਵਾਲਾ ਇਨਸਾਨ, ਬੁੱਧੀ ਦੀ ਚਤੁਰਤਾ ਨਾਲ ਦਗ਼ਾ, ਫਰੇਬ, ਠੱਗੀ, ਰਿਸ਼ਵਤ ਇਤਿਆਦਿਕ ਕਰਮਾਂ ਦੁਆਰਾ ਇਕੱਠਾ ਕਰ ਸਕਦਾ ਹੈ, ਲੇਕਿਨ ਇਹ ਧਨ—

**ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥**

*(ਆਸਾ ਮ: ੧, ਪੰਨਾ-੪੧੭)*

ਇਹ ਬਿਨਾਂ ਪਾਪਾਂ ਤੋਂ ਇਕੱਠਾ ਨਹੀਂ ਹੁੰਦਾ ਅਤੇ ਮਰਨ ਸਮੇਂ ਸਾਥ ਨਹੀਂ ਦਿੰਦਾ, ਬਲਕਿ ਇਹ ਧਨ ਇਕੱਠਾ ਕਰਨ ਵਾਲੇ ਇਨਸਾਨ ਨੂੰ ਤਾਂ ਗੁਰੂ ਸਾਹਿਬ ਬੁੱਧੀਹੀਣ ਦਾ ਦਰਜਾ ਦੇ ਰਹੇ ਹਨ—

ਯਥਾ — **ਕਾਚਾ ਧਨੁ ਸੰਚਹਿ ਮੂਰਖ ਗਾਵਾਰ॥ ਮਨਮੁਖ ਭੂਲੇ ਅੰਧ ਗਾਵਾਰ॥**
**ਬਿਖਿਆ ਕੈ ਧਨਿ ਸਦਾ ਦੁਖੁ ਹੋਇ॥ ਨਾ ਸਾਥਿ ਜਾਇ ਨ ਪਰਾਪਤਿ ਹੋਇ॥ ੧॥**
**ਸਾਚਾ ਧਨੁ ਗੁਰਮਤੀ ਪਾਏ॥ ਕਾਚਾ ਧਨੁ ਫੁਨਿ ਆਵੈ ਜਾਏ॥**

*(ਧਨਾਸਰੀ ਮ: ੩, ਪੰਨਾ-੬੬੫)*

ਬੁੱਧੀਮਾਨ ਪੁਰਸ਼ਾ ਦੀ ਨਜ਼ਰ ਵਿੱਚ ਸੰਸਾਰਕ ਧਨ ਦੀ ਬਹੁਤੀ ਅਹਿਮੀਅਤ ਨਹੀਂ ਹੁੰਦੀ, ਕਿਉਂਕਿ ਇਸ ਨੂੰ ਇਕੱਠਾ ਕਰਨ ਸਮੇਂ ਸਖਤ ਮਿਹਨਤ ਪ੍ਰੀਸ਼ਰਮ ਦੁਆਰਾ ਕਸ਼ਟ ਉਠਾਉਣਾ ਪੈਂਦਾ ਹੈ: ਫਿਰ ਇਸ ਦੀ ਸੰਭਾਲ ਲਈ ਯਤਨ ਕਰਨਾ ਪੈਂਦਾ ਹੈ: ਆਖਰ ਇਹ ਛਿਨ ਭੰਗੁਰ ਅਤੇ ਬਿਨਾਸੀ ਹੋਣ ਕਰਕੇ ਜਦ ਜਾਂਦਾ ਹੈ ਤਾਂ ਇਸ ਦੇ ਮਾਲਕ ਨੂੰ ਦੀਵਾਰਾਂ ਨਾਲ ਟੱਕਰਾਂ ਮਾਰਕੇ ਰੋਣਾ ਪੈਂਦਾ ਹੈ। ਇਸ ਬਿਨਾਸੀ ਧਨ ਦੇ ਮਾਰਗ ਚੱਲਿਆਂ, ਕਦੇ ਮੰਜ਼ਿਲ ਤੇ ਨਹੀਂ ਅਪੜੀਦਾ॥

ਯਥਾ — **ਸਹਸ ਖਟੇ ਲਖ ਕਉ ਉਠਿ ਧਾਵੈ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥**

*(ਸੁਖਮਨੀ ਸਾਹਿਬ, ਪੰਨਾ-੨੭੯)*

ਇਨ੍ਹਾਂ ਛਿਨ ਭੰਗੁਰ ਅਤੇ ਨਾਸਵੰਤ ਪਦਾਰਥਾਂ ਦੇ ਰਸਤੇ ਚੱਲਿਆਂ, ਕਦੇ ਤ੍ਰਿਪਤੀ ਨਹੀਂ ਆਉਂਦੀ, ਕਿਸੇ ਸੁਖਦਾਈ ਮੰਜ਼ਿਲ ਤੇ ਨਹੀਂ ਪਹੁੰਚ ਸਕੇਗਾ, ਬਲਕਿ ਇਹ ਤਾਂ ਇਉਂ ਮੰਜ਼ਿਲ ਹੀਣ ਹਨ, ਜਿਵੇਂ ਕੋਹਲੂ ਦੇ ਬੈਲ ਦਾ ਹਰ ਰੋਜ਼ ਦਿਨ ਚੜ੍ਹਦੇ ਨਾਲ ਸਫਰ ਸ਼ੁਰੂ ਹੋ ਜਾਂਦਾ ਹੈ, ਰਾਤ ਘਾਹ ਫੂਸ ਖਾ ਕੇ ਗੁਜ਼ਾਰੀ, ਸਵੇਰ ਹੁੰਦਿਆਂ ਫਿਰ ਉਹੀ ਸਫਰ, ਇਉਂ ਪੂਰੀ ਜ਼ਿੰਦਗੀ ਸਫਰ ਵੀ ਕੀਤਾ ਲੇਕਿਨ ਮੰਜ਼ਿਲ ਦੇ ਦਰਸ਼ਨ ਵੀ ਨਹੀਂ ਹੋਏ। ਇਹੀ ਹਾਲ ਸੰਸਾਰਕ ਧਨ ਦਾ ਹੈ। ਇਸਦੀ ਪ੍ਰਾਪਤੀ ਲਈ ਜੀਵਾਂ ਦਾ ਸਫ਼ਰ ਇਉਂ ਹੈ, ਜਿਵੇਂ ਵਸਤੂ ਚੜ੍ਹਦੇ ਵਾਲੇ ਪਾਸੇ ਹੋਵੇ ਅਤੇ ਸਫਰ ਲਹਿੰਦੇ ਵੱਲ ਨੂੰ ਕਰ ਰਿਹਾ ਹੋਵੇ। ਵਸਤੂ ਪ੍ਰਾਪਤ ਹੋਣ ਦੀ ਬਜਾਏ ਇਕ ਇਕ ਕਦਮ ਨਾਲ ਦੂਰੀ ਵੱਧਦੀ ਜਾਂਦੀ ਹੈ। ਇਸ ਤਰ੍ਹਾਂ ਹੀ ਇਹ ਜੀਵ ਅਨਹੋਏ ਧਨ ਦੇ ਭਰਮ ਵਿੱਚ ਵਾਸ਼ਨਾ ਅਨੁਸਾਰ ਚੌਰਾਸੀ ਲੱਖ ਜੂਨ ਦੇ ਚੱਕਰ ਕੱਟਦਾ ਰਹਿੰਦਾ ਹੈ, ਲੇਕਿਨ ਕੋਹਲੂ ਦੇ ਬੈਲ ਦੀ ਤਰ੍ਹਾਂ ਕਿਸੇ ਅਬਿਨਾਸੀ ਸੁੱਖ ਰੂਪ ਮੰਜ਼ਿਲ ਤੇ ਨਹੀਂ ਪਹੁੰਚਦਾ। ਪਰੰਤੂ ਸਿਆਣਾ ਪੁਰਸ਼ ਸਤਿਸੰਗ ਅਤੇ ਵਿਵੇਕ

ਦੁਆਰਾ ਉਸ ਧਨ ਦੀ ਪ੍ਰਾਪਤੀ ਲਈ ਯਤਨਸ਼ੀਲ ਹੋ ਜਾਂਦਾ ਹੈ ਜਿਸ ਦੀ ਬਾਬਤ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਦਾ ਸੁੰਦਰ ਫੁਰਮਾਣ ਹੈ—

**ਜਿਸੁ ਵਖਰ ਕਉ ਲੈਨਿ ਤੂ ਆਇਆ॥ ਰਾਮ ਨਾਮੁ ਸੰਤਨ ਘਰਿ ਪਾਇਆ॥**
**ਤਜਿ ਅਭਿਮਾਨੁ ਲੇਹੁ ਮਨ ਮੋਲਿ॥ ਰਾਮ ਨਾਮੁ ਹਿਰਦੇ ਮਹਿ ਤੋਲਿ॥**
**ਲਾਦਿ ਖੇਪ ਸੰਤਹ ਸੰਗਿ ਚਾਲੁ॥ ਅਵਰ ਤਿਆਗਿ ਬਿਖਿਆ ਜੰਜਾਲ॥**
**ਧੰਨਿ ਧੰਨਿ ਕਹੈ ਸਭੁ ਕੋਇ॥ ਮੁਖ ਊਜਲ ਹਰਿ ਦਰਗਹ ਸੋਇ॥**
**ਇਹੁ ਵਾਪਾਰੁ ਵਿਰਲਾ ਵਾਪਾਰੈ॥ ਨਾਨਕ ਤਾ ਕੈ ਸਦ ਬਲਿਹਾਰੈ॥**

*(ਸੁਖਮਨੀ ਸਾਹਿਬ, ਪੰਨਾ-੨੮੩)*

ਪ੍ਰੰਤੂ ਮੁਸ਼ਕਿਲ ਇਹ ਹੈ ਕਿ ਇਸ ਧਨ ਦਾ ਵਪਾਰੀ ਕੋਈ ਵਿਰਲਾ ਪੁਰਸ਼ ਹੀ ਹੁੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਕਹਿੰਦੇ ਮੈਂ ਐਸੇ ਵਾਪਾਰੀ ਤੋਂ ਹਮੇਸ਼ਾਂ-ਹਮੇਸ਼ਾਂ ਲਈ ਬਲਿਹਾਰ ਜਾਂਦਾ ਹਾਂ। ਮਹੰਤ ਨਾਰਾਇਣ ਸਿੰਘ ਜੀ ਤਾਂ ਕਿਸ਼ੋਰ ਅਵੱਸਥਾ ਤੋਂ ਹੀ ਇਸ ਸਦੀਵੀ ਵੱਖਰ ਦਾ ਵਾਪਾਰ ਕਰਨ ਵਿੱਚ ਲੱਗੇ ਹੋਏ ਸਨ। ਇਸ ਲਈ ਹੁਣ ਉਨ੍ਹਾਂ ਦੇ ਸਾਹਮਣੇ ਦੋ ਹੀ ਮੁੱਖ ਕੰਮ ਸਨ, ਇਕ ਤਾਂ ਅਸਥਾਨ ਨੂੰ ਵੱਡੇ-ਮਹਾਂਪੁਰਸ਼ਾਂ ਦੀ ਅਮਾਨਤ ਸਮਝਕੇ ਹੋਰ ਤਰੱਕੀ ਦੇ ਮਾਰਗ ਤੋਂ ਲੈ ਕੇ ਜਾਣਾ, ਤਾਂ ਕਿ ਜੰਤਾ ਨੂੰ ਜਨਾਰਧਨ ਯਾਨੀ ਹਰੀ ਦਾ ਰੂਪ ਜਾਣ ਕੇ ਵਧੇਰੇ ਸੇਵਾ ਦਾ ਅਵਸਰ ਮਿਲਦਾ ਰਹੇ। ਦੂਸਰਾ, ਵੱਡੇ ਮਹਾਂਪੁਰਖਾਂ ਵੱਲੋਂ ਜੁੜੀ ਆ ਰਹੀ ਸੰਗਤ ਨੂੰ ਦਿਲੋਂ ਪ੍ਰੇਮ ਪਿਆਰ ਦੇ ਕੇ ਪ੍ਰਮਾਰਥ ਪੰਥ ਵਿੱਚ ਹੋਰ ਅਗ੍ਰਸਰ ਕੀਤਾ ਜਾਵੇ।

ਇਨ੍ਹਾਂ ਗੱਲਾਂ ਨੂੰ ਮੁੱਖ ਰੱਖਕੇ ਆਪਨੇ ਮਕਾਨਾਂ ਦੀ ਘਾਟ ਮਹਿਸੂਸ ਕਰਦੇ ਹੋਏ ਅਪਨੇ ਵਡੇਰੇ ਅਤੇ ਪਰਮ ਪੂਜਨੀਕ ਸਿੱਧ ਪੁਰਸ਼ ਵਿਰੱਤਕ ਮਹਾਰਾਜ ਸੰਤ ਬਾਬਾ ਨਿੱਕਾ ਸਿੰਘ ਜੀਆਂ ਦੇ ਪਾਵਨ ਪਵਿੱਤਰ ਹਸਤ ਕਮਲਾਂ ਦੁਆਰਾ ਸੰਨ 1974 ਈ: ਵਿੱਚ ਮੌਜੂਦਾ ਵੱਡਾ ਹਾਲ ਅਤੇ ਨਾਲ ਵਾਲੇ ਬਿਆਲੀ ਕਮਰਿਆਂ ਦੀ ਨੀਂਹ ਰਖਾ ਕੇ ਥੋੜ੍ਹੇ ਸਮੇਂ ਵਿੱਚ ਤਿਆਰ ਕੀਤਾ, ਤਾਂ ਕਿ ਸੰਗਤਾਂ ਸੁੱਖ ਪੂਰਵਕ ਅਰਾਮ ਕਰ ਸਕਣ। ਇਸੇ ਤਰ੍ਹਾਂ ਵੱਡਿਆਂ ਵੱਲੋਂ ਸ਼ੁਰੂ ਕੀਤੇ, ਛੇਤਰ (ਲੰਗਰ) ਦੇ ਕਾਰਜ ਨੂੰ ਹੋਰ ਵਧਾਇਆ, ਤਾਂ ਕਿ ਹੋਰ ਜ਼ਿਆਦਾ ਲੋੜਵੰਦਾਂ ਦੀ ਸੇਵਾ ਦਾ ਮੌਕਾ ਮਿਲੇ।

ਸਿੰਧੀ ਸੰਗਤਾਂ ਆਪ ਨੂੰ ਵੱਡਿਆਂ ਦਾ ਹੀ ਰੂਪ ਜਾਣ ਕੇ ਬੰਬਈ, ਕਲੱਕਤੇ, ਅਤੇ ਲੰਕਾ ਆਦਿਕ ਥਾਵਾਂ ਤੇ ਹਰ ਸਾਲ ਬੁਲਾਉਂਦੀਆਂ ਰਹਿੰਦੀਆਂ ਸਨ। ਆਪ ਸਰੀਰਕ ਬੁਢਾਪਾ ਅਤੇ ਬੀਮਾਰੀਆਂ ਦੇ ਬਾਵਜੂਦ ਵੀ ਪ੍ਰੇਮੀਆਂ ਦੀ ਸ਼ਰਧਾ ਅਤੇ ਪ੍ਰੇਮ ਦੇ ਖਿੱਚੇ ਪਹੁੰਚਦੇ ਸਨ।

ਇਸ ਪ੍ਰਕਾਰ ਮਹਾਂਪੁਰਸ਼ਾਂ ਵੱਲੋਂ ਤਰੁੱਠ ਕੇ ਬਖਸ਼ਿਸ਼ ਕੀਤੀ, ਆਸ਼ਰਮ ਦੀ ਸੇਵਾ ਸੰਭਾਲ ਅਤੇ ਪਰਚਾਰ ਦੇ ਕੰਮ ਕਰਦਿਆਂ, ਸਮਾਂ ਗੁਜ਼ਰਦਾ ਗਿਆ, ਪ੍ਰੰਤੂ ਸਰੀਰ ਹੁਣ ਬੁਢਾਪੇ ਅਤੇ ਬੀਮਾਰੀ ਦੇ ਕਾਰਣ ਕੁਝ ਢਿੱਲਾ ਰਹਿਣ ਲੱਗ ਪਿਆ। ਇਸ ਲਈ ਆਪ ਵਿਰੱਕਤ ਮਹਾਰਾਜ ਜੀ ਦੇ ਚਰਨਾਂ ਵਿੱਚ ਬਾਰ-ਬਾਰ ਬੇਨਤੀ ਕਰਦੇ, ਮਹਾਰਾਜ! ਮੇਰਾ ਸਰੀਰ ਹੁਣ ਬੁਢਾਪੇ ਅਤੇ ਬੀਮਾਰੀ ਦੇ ਕਾਰਣ ਆਸ਼ਰਮ ਦੀਆਂ ਜ਼ਿੰਮੇਵਾਰੀਆਂ ਸੰਭਾਲਣ ਤੋਂ ਅਸਮੱਰਥ ਹੁੰਦਾ ਜਾ ਰਿਹਾ ਹੈ, ਆਪ ਕ੍ਰਿਪਾ ਕਰੋ ਕੋਈ ਯੋਗ ਪੁਰਸ਼ ਦਿਉ ਜੋ ਆਸ਼ਰਮ ਦੀਆਂ ਜ਼ਿੰਮੇਵਾਰੀਆਂ ਸੰਭਾਲਣ ਦੇ ਸਮੱਰਥ ਹੋਵੇ। ਆਪ ਦੀ ਗੱਲ ਸੁਣ ਮਹਾਰਾਜ ਚੁੱਪ ਰਹਿੰਦੇ, ਕੋਈ ਜਵਾਬ ਨਾ ਦਿੰਦੇ। ਆਪ ਜਦ ਵੀ ਵਿਰੱਕਤ ਮਹਾਰਾਜ ਜੀ ਦੇ ਦਰਸ਼ਨਾਂ ਲਈ ਜਾਂਦੇ, ਫਿਰ ਉਹੀ ਬੇਨਤੀ ਕਰਦੇ, ਕਿਉਂਕਿ ਆਪ ਨੂੰ ਇਹ ਵਿਸ਼ਵਾਸ਼ ਸੀ ਕਿ ਮਹਾਰਾਜ ਤ੍ਰਿਕਾਲ ਦਰਸ਼ੀ ਹਨ, ਆਉਣ ਵਾਲੇ ਸਮੇਂ ਵਿੱਚ ਆਸ਼ਰਮ ਵੱਲੋਂ ਜੀਵਾਂ ਦਾ ਜੋ ਭਲਾ ਹੋਣਾ ਹੈ ਉਸ ਲਈ ਯੋਗ ਪੁਰਸ਼ ਦੀ ਚੋਣ ਆਪ ਹੀ ਕਰ ਸਕਦੇ ਹਨ।

ਇਸ ਲਈ ਬਾਰ-ਬਾਰ ਬੇਨਤੀਆਂ ਕਰਦੇ ਰਹਿੰਦੇ, ਲੇਕਿਨ ਕਦੇ-ਕਦਾਈਂ ਮਹਾਰਾਜ ਜੀ ਆਪਣੀ ਮੌਜ ਵਿੱਚ ਆਖ ਦਿੰਦੇ—

**ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ॥**

*(ਸਲੋਕ ਮ: ੨, ਪੰਨਾ-੯੫੫)*

ਮਹੰਤ ਜੀ, ਤੁਸੀ ਚਿੰਤਾਂ ਕਿਉਂ ਕਰਦੇ ਹੋ?

ਯਥਾ — **ਜਿਸ ਦਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ॥**

*(ਸੂਹੀ ਮ: ੫, ਪੰਨਾ—੭੮੪)*

ਜਿਸ ਪਰਮੇਸ਼ਰ ਨੇ ਇਹ ਸੇਵਾ ਦਾ ਕਾਰਜ ਸ਼ੁਰੂ ਕੀਤਾ ਹੈ, ਉਸ ਨੂੰ ਖੁਦ ਫਿਕਰ ਹੈ। ਤੁਹਾਡੇ ਤੋਂ ਜਿੰਨੀ ਸੇਵਾ ਲੈਣੀ ਹੈ ਪੂਰੀ ਹੋਣ ਤੇ ਉਹ ਆਪ ਕਿਸੇ-ਨਾ-ਕਿਸੇ ਰੂਪ ਵਿੱਚ ਆ ਕੇ ਸੇਵਾ ਸੰਭਾਲ ਲਵੇਗਾ। ਇਸ ਲਈ ਤੁਸੀਂ ਨਿਸ਼ਚਿੰਤ ਰਹੋ। ਮਹਾਰਾਜ ਜੀ ਦੇ ਪਵਿੱਤਰ ਮੁੱਖ ਤੋਂ, ਮਹੰਤ ਜੀ ਐਸਾ ਸੁਣਕੇ ਸ਼ਾਂਤ ਹੋ ਜਾਂਦੇ, ਕਿਉਂਕਿ ਆਪ ਜਾਣਦੇ ਸਨ ਕਿ ਮਹਾਰਾਜ ਜੀ ਦੀ ਇਸ ਰਮਜ਼ ਦੇ ਪਿੱਛੇ ਕੋਈ ਭਾਰੀ ਰਾਜ਼ ਛੁਪਿਆ ਹੈ, ਜੋ ਸਮਾਂ ਹੋਣ ਤੇ ਆਪ ਹੀ ਪ੍ਰਗਟ ਹੋ ਜਾਵੇਗਾ। ਮਹਾਂਪੁਰਸ਼ ਰਮਜ਼ ਮਾਰਦਾ ਹੈ ਲੇਕਿਨ ਰਾਜ਼ ਨਹੀਂ ਦਿੰਦਾ। ਇਸ ਲਈ ਉਸ ਰੰਮਜ਼ ਦੇ ਰਾਜ਼ ਨੂੰ ਕੋਈ ਵਿਰਲਾ ਪੁਰਸ਼ ਹੀ ਜਾਣਦਾ ਹੈ।

ਯਥਾ — **ਦੱਦਾ ਆਖੇ ਦੂਰ ਬੜੀ, ਮੰਜ਼ਿਲ ਫਕੀਰ ਦੀ ਏ,**
**ਲੋਕਾਂ ਨੂੰ ਪਤਾ ਕੀ ਜਿਥੇ ਫਕਰ ਬਿਰਾਜਦੇ।**
**ਸੁੰਨ ਜੋ ਸਮਾਧ ਲੱਗੀ ਨਾਲ ਪਰਮਾਤਮਾ ਦੇ**
**ਦੁਨੀਆਂ ਕੀ ਜਾਣੇ ਬਈ ਸੁੱਤੇ ਐ ਕਿ ਜਾਗਦੇ।**
**ਹੱਥ ਤਸਬੀ ਨਾ ਮਾਲਾ,**
**ਭੇਖ ਭਗਵਾਂ ਨ ਕਾਲਾ ਕੋਈ,**
**ਸੁੰਨਤ ਸ਼ਰੀਅਤ ਕੋਈ ਕੰਮ ਨਾ ਨਿਵਾਜਦੇ।**
**ਲੋਕ ਬੇਗਿਆਤ ਮੁੱਲ ਪਾਂਵਦੇ ਪਖੰਡੀਆਂ ਦਾ,**
**ਵਿਰਲੇ ਸਰੋਤੇ ਕੋਈ ਫੱਕਰਾਂ ਦੇ ਰਾਜ਼ ਦੇ।**

ਅੱਜ ਮਹੰਤ ਨਾਰਾਇਣ ਸਿੰਘ ਜੀਆਂ ਦੀ ਬੇਨਤੀ ਦਾਤੇ ਦੇ ਦਰ ਪ੍ਰਵਾਨ ਹੋ ਗਈ, ਆਪ ਜੀ ਨੂੰ ਭਾਰ ਰਹਿਤ ਕਰਨ ਲਈ ਪਰਮੇਸ਼ਰ ਨੇ ਸਾਰੀ ਬਣਤ ਬਣਾ ਲਈ, ਕਿਉਂਕਿ ਉਹ —

**ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ॥**
**ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ॥**

*(ਮ: ੨, ਪੰਨਾ—੧੪੮)*

ਅਨੰਤ ਸ਼ਕਤੀਆਂ ਦਾ ਮਾਲਕ ਪ੍ਰਭੂ ਸਭ ਕਾਰਣਾਂ ਦੇ ਕਾਰਨ ਨੂੰ ਸਮਰੱਥ ਹੈ ਕਿਉਂਕਿ ਸਾਰੀ ਮਾਇਆ ਯਾਨੀ ਪ੍ਰਕਿਰਤੀ ਉਸ ਦੇ ਅਧੀਨ ਹੈ, ਇਸ ਲਈ ਅੱਜ ਉਸ ਨੇ—

**ਸਗਲੀ ਬਣਤ ਬਣਾਈ ਆਪੇ॥ ਆਪੇ ਕਰੇ ਕਰਾਏ ਥਾਪੇ॥**

*(ਮਾਝ ਮ: ੫, ਪੰਨਾ-੧੩੧)*

ਬਣਤ ਕੀ ਬਣਾਈ? ਵਿਰੱਕਤ ਮਹਾਰਾਜ ਜੀਆਂ ਨੇ ਆਪਣੇ ਚਰਨਾਂ ਦੇ ਪ੍ਰੇਮ ਵਿਚ ਭਿੱਜ ਕੇ ਸਰਸਾਰ ਹੋਏ ਸ੍ਰੀਮਾਨ ਰਾਮ ਸਿੰਘ ਜੀ ਨੂੰ ਸੰਤ ਪਦਵੀ ਤੇ ਸਥਾਪਨ ਕਰ ਦਿੱਤਾ। ਪਰਮੇਸ਼ਰ ਦਾ ਇਹ ਬਿਰਦ ਹੈ, ਜਿਸਦੇ ਹਿਰਦੇ ਵਿਚ ਪ੍ਰੇਮਾ ਭਗਤੀ ਦਾ ਨਿਵਾਸ ਹੋ ਜਾਵੇ ਉਸ ਨੂੰ ਸੰਤ ਬਣਾ ਲੈਂਦਾ ਹੈ, ਯਥਾ ਗੁਰਬਾਣੀ—

**ਪ੍ਰੇਮ ਭਗਤਿ ਉਧਰਹਿ ਸੇ ਨਾਨਕ ਕਰਿ ਕਿਰਪਾ ਸੰਤੁ ਆਪਿ ਕਰਿਓ ਹੈ॥**

*(ਸਵਯੇ ਸ੍ਰੀ ਮੁਖਬਾਕਮ: ੫, ਪੰਨਾ-੧੩੮੮)*

ਅੱਜ ਵਿਰੱਕਤ ਮਹਾਰਾਜ ਜੀ ਨੇ ਮਹੰਤ ਨਾਰਾਇਣ ਸਿੰਘ ਜੀ ਨੂੰ ਆਖ ਦਿਤਾ ਕਿ ਗੁਰੂ ਨਾਨਕ ਦੇ ਘਰ ਦੀ ਸੇਵਾ ਰੂਪੀ ਮਹੰਤੀ ਦੀ ਭਾਰੀ ਪੰਡ, ਸੰਤ ਰਾਮ ਸਿੰਘ ਦੇ ਬਲੀ ਮੋਢਿਆਂ ਤੇ ਰੱਖ ਦੇਵੋ। ਮਹੰਤਾਂ ਨੇ ਹੁਕਮ ਮੰਨ ਕੇ 1 ਜੂਨ, 1981 ਵਾਲੇ ਸੁਭਾਗ ਦਿਨ ਤੇ ਦੇਹਰਾਦੂਨ ਜਾ ਕੇ ਡੇਰੇ ਦੇ ਅਧੀਨ ਚੱਲ-ਅਚੱਲ ਜੋ ਵੀ ਜਾਇਦਾਦ ਸੀ, ਸਾਰੀ ਦੀ ਵਸੀਅਤ ਸੰਤ ਰਾਮ ਸਿੰਘ ਜੀ ਦੇ ਨਾਮ ਲਿਖ ਦਿੱਤੀ।*

---


* *ਪੂਜਯ ਮਹੰਤ ਰਾਮ ਸਿੰਘ ਜੀਆਂ ਦਾ ਜੀਵਨ ਬ੍ਰਿਤਾਂਤ ਵਿਸਥਾਰ ਵਿਚ ਅੱਗੇ ਆਵੇਗਾ।*

ਪਰਮ ਪੂਜਨੀਕ ਮਹੰਤ ਰਾਮ ਸਿੰਘ ਜੀ ਵਲੋਂ ਅਸਥਾਨ ਦੀ ਸਾਰੀ ਜਿੰਮੇਵਾਰੀ ਸੰਭਾਲ ਲੈਣ ਤੇ ਮਹੰਤ ਨਾਰਾਇਣ ਸਿੰਘ ਜੀ ਬਿਲਕੁਲ ਨਿਸਚਿੰਤ ਅਤੇ ਸ਼ਾਂਤ ਹੋ ਕੇ ਜੀਵਨ ਦਾ ਆਖਰੀ ਸਮਾਂ ਬਤੀਤ ਕਰਨ ਲੱਗੇ। ਇਸ ਸਮੇਂ ਸਰੀਰ ਉੱਪਰ ਬੁਢਾਪੇ ਨੇ ਵੀ ਆਪਣਾ ਪੂਰਾ ਬਲ ਪਾ ਲਿਆ, ਇਸ ਲਈ ਕਾਲ-ਗਤੀ ਦੇ ਅਧੀਨ ਸੀਰਰ ਥੋੜ੍ਹਾ ਬਹੁਤ ਢਿੱਲਾ ਤਾਂ ਪਹਿਲਾਂ ਹੀ ਰਹਿੰਦਾ ਸੀ ਲੇਕਿਨ ਅੱਜ ਉਸਨੇ ਆਪਣਾ ਭਿਆਨਕ ਰੂਪ ਧਾਰਨ ਕਰ ਲਿਆ ਭਾਵ ਬਰੇਨ ਹੈਮਰੇਜ (Brain Hemurrage) ਦਾ ਅਟੈਕ ਹੋ ਗਿਆ। ਆਪ ਜੀ ਨੂੰ ਬੰਗਾਲੀ ਹਸਪਤਾਲ ਕਨਖ਼ਲ ਵਿਚ ਦਾਖਲ ਕਰਾਇਆ ਗਿਆ। ਆਪ ਅੰਤਰ-ਮੁਖੀ ਬ੍ਰਿਤੀ ਕਰਕੇ ਸ਼ਾਂਤ ਲੇਟੇ ਰਹਿੰਦੇ ਸਨ। ਕੋਈ ਪੰਦਰਾਂ ਕੁ ਦਿਨਾਂ ਬਾਅਦ ਭਾਵ 25 ਅਕਤੂਬਰ, 1981 ਵਾਲੇ ਦਿਨ ਪਰਮ ਪੂਜਨੀਕ ਵਿਰੱਕਤ ਮਹਾਰਾਜ ਜੀ ਮਿਲਣ ਲਈ ਹਸਪਤਾਲ ਗਏ ਤਾਂ ਮਹੰਤ ਨਾਰਾਇਣ ਸਿੰਘ ਜੀ ਨੇ ਦੋਵੇਂ ਨੇਤਰ ਖੋਲ੍ਹ ਕੇ ਨਮਸ਼ਕਾਰ ਕੀਤੀ। ਨਮਸ਼ਕਾਰ ਕਰਦਿਆਂ ਹੀ ਮਨ ਅੰਦਰੋਂ ਗਦ-ਗਦ ਹੋ ਗਿਆ। ਖੁਸ਼ੀ ਵਿਚ ਨੇਤਰਾਂ 'ਚੋਂ ਪ੍ਰੇਮ ਦੇ ਹੰਝੂਆਂ ਦਾ ਜਲ ਬਹਿ ਤੁਰਿਆ। ਮਹਾਰਾਜ ਜੀ ਨੇ ਸਿਰ ਤੇ ਹੱਥ ਫੇਰ ਕੇ ਮਿਹਰ ਦੀ ਨਦਰਿ ਨਾਲ ਤੱਕਿਆ, ਥੋੜ੍ਹੇ ਮਿੰਟ ਕੋਲ ਰਹਿ ਕੇ ਵਾਪਸ ਆਸ਼ਰਮ ਆ ਗਏ। ਉੱਧਰ ਮਹੰਤ ਨਾਰਾਇਣ ਸਿੰਘ ਜੀ ਦੀ ਸ਼ਾਇਦ ਇਹੋ ਹੀ ਇਕ ਆਖਰੀ ਖਾਹਿਸ਼ ਸੀ ਜੋ ਪੂਰੀ ਹੋਈ ਜਾਣ ਕੇ ਉਸੇ ਦਿਨ, 25 ਅਕਤੂਬਰ, 1981 ਨੂੰ ਆਪਣੇ ਪੰਜ ਭੌਤਿਕ ਪਿੰਜਰੇ 'ਚੋਂ ਸਦਾ ਲਈ ਉਡਾਰੀ ਮਾਰ ਗਏ। ਦੂਸਰੇ ਦਿਨ ਰਿਸ਼ੀਕੇਸ਼ ਤੇ ਹਰਦੁਆਰ (ਕਨਖ਼ਲ) ਤੋਂ ਆਏ ਸਾਧੂਆਂ ਦੀ ਭਰਵੀਂ ਗਿਣਤੀ ਨਾਲ ਆਪ ਦੇ ਪਵਿੱਤਰ ਸਰੀਰ ਨੂੰ ਸਦਾ ਲਈ ਗੰਗਾ ਦੀ ਗੋਦ ਵਿੱਚ ਸੁਲਾ ਦਿੱਤਾ। ਫਿਰ ਸਤ੍ਹਾਰਵੇਂ ਦਿਨ ਤੇ ਯਾਨੀ 10 ਨਵੰਬਰ, 1982 ਵਾਲੇ ਦਿਨ ਸਾਧੂ ਸਮਾਜ, ਬੰਬਈ, ਦਿੱਲੀ ਅਤੇ ਪੰਜਾਬ ਦੀਆਂ ਸੰਗਤਾਂ ਆਪ ਦੀ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਈਆਂ, ਜਿਸ ਵਿੱਚ ਸਹਿਜ ਪਾਠ ਅਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸ਼ਰਧਾਂਜਲੀਆਂ ਅਰਪਣ ਕੀਤੀਆਂ ਗਈਆਂ ਉਪਰੰਤ ਗੁਰੂ ਕੇ ਲੰਗਰ ਦੇ ਖੁੱਲੇ ਭੰਡਾਰੇ ਵਰਤੇ।

❑



ਮਹੰਤ ਨਾਰਾਇਣ ਸਿੰਘ ਜੀ ਮਹਾਰਾਜ ਦੇ ਗੱਦੀਨਸ਼ੀਨ ਸਮੇਂ ਦਾ ਦ੍ਰਿਸ਼



1974 ਦੇ ਕੁੰਭ ਮੇਲੇ ਤੇ ਸ਼ਾਹੀ ਜਲੂਸ ਸਮੇਂ ਮਹੰਤ ਨਾਰਾਇਣ ਸਿੰਘ ਜੀ ਮਹਾਰਾਜ



1965 ਦੀ ਜੰਗ ਸਮੇਂ ਮਹੰਤ ਨਾਰਾਇਣ ਸਿੰਘ ਜੀ ਮਹਾਰਾਜ ਪ੍ਰਧਾਨ ਮੰਤ੍ਰੀ ਲਾਲ ਬਹਾਦੁਰ ਸ਼ਾਸਤ੍ਰੀ ਜੀ ਨੂੰ ਇਕ ਲੱਖ ਰੁਪਏ ਦਾ ਚੈਕ ਦਿੰਦੇ ਹੋਏ।



ਮਹੰਤ ਆਤਮਾ ਸਿੰਘ ਮਹਾਰਾਜ ਜੀਆਂ ਦੀ ਬਰਸੀ ਸਮੇਂ ਸ. ਗੁਰਚਰਨ ਸਿੰਘ ਜੀ ਟੌਹੜਾ ਸ਼ਰਧਾਂਜਲੀ ਅਰਪਣ ਕਰਦੇ ਹੋਏ।
ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਅਤੇ ਮਹੰਤ ਨਾਰਾਇਣ ਸਿੰਘ ਜੀ ਮਹਾਰਾਜ ਬਿਰਾਜਮਾਨ ਹਨ।



ਨਿਰਮਲ ਆਸ਼ਰਮ ਰਿਸ਼ੀਕੇਸ਼ ਵਿਖੇ ਗਿਆਨੀ ਜੈਲ ਸਿੰਘ ਜੀ ਛੇਤ੍ (ਗੁਰੂ ਕਾ ਲੰਗਰ) ਵਰਤਾਉਂਦੇ ਹੋਏ।
ਮਹੰਤ ਨਾਰਾਇਣ ਸਿੰਘ ਜੀ ਮਹਾਰਾਜ ਵੀ ਸੁਸ਼ੋਭਿਤ ਹਨ।




ਨਿਰਮਲ ਆਸ਼ਰਮ ਰਿਸ਼ੀਕੇਸ਼ ਵਿਖੇ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਛੇਤ੍ (ਗੁਰੂ ਕਾ ਲੰਗਰ) ਵਰਤਾਉਂਦੇ ਹੋਏ।
ਮਹੰਤ ਨਾਰਾਇਣ ਸਿੰਘ ਜੀ ਮਹਾਰਾਜ ਵੀ ਸੁਸ਼ੋਭਿਤ ਹਨ।



ਕਿਸੇ ਸਮੇਂ ਨਿਰਮਲ ਆਸ਼ਰਮ ਰਿਸ਼ੀਕੇਸ਼ ਵਿਖੇ ਮਹਾਰਾਜਾ ਪਟਿਆਲਾ ਅਤੇ ਹੋਰ ਮਹਾਨ ਹਸਤੀਆਂ




ਸ੍ਰੀਮਾਨ ਮਹੰਤ ਨਾਰਾਇਣ ਸਿੰਘ ਮਹਾਰਾਜ ਜੀਆਂ ਦੇ ਸ਼ਰੀਰ ਤਿਆਗਣ ਤੋਂ ਬਾਅਦ ਮਹੰਤ ਰਾਮ ਸਿੰਘ ਜੀ ਮਹਾਰਾਜ ਚਵਰ ਕਰਦੇ ਹੋਏ।

# ਵਿਰੱਕਤ ਸ਼੍ਰੋਮਣੀ
# ਸੰਤ ਨਿੱਕਾ ਸਿੰਘ ਜੀ
# ਮਹਾਰਾਜ

ਬੇਪਰਵਾਹ ਸਦਾ ਰੰਗਿ ਹਰਿ ਕੈ
(ਸ਼ਾਹੀ ਫਕੀਰ ਖੁਦਾਈ ਮੌਜ ਵਿਚ ਲੀਨ)







ਅਧਿਆਇ

5

॥ ੧ਓ ਸਤਿਗੁਰ ਪ੍ਰਸਾਦਿ ॥

# ਸੰਤ ਨਿੱਕਾ ਸਿੰਘ ਜੀ ਮਹਾਰਾਜ

## ਜੀਵਨ ਲੀਲਾ ਪਰਮ ਪੂਜਨੀਕ ਸ੍ਰੀਮਾਨ ੧੦੮ ਮਹਾਰਾਜ ਨਿੱਕਾ ਸਿੰਘ ਜੀ 'ਵਿਰੱਕਤ' ਜੰਗਲ ਤੋਂ ਮਾਲਵਾ

ਕਲਗੀਧਰ ਪਿਤਾ — ਡੱਲਿਆ! ਤੇਰਾ ਦੇਸ਼ ਤਾਂ ਮਾਲਵਾ ਹੈ ਵਈ।

ਡੱਲਾ — ਨਹੀਂ ਮਹਾਰਾਜ! ਇਹ ਤਾਂ ਜੰਗਲ ਦੇਸ਼ ਹੈ।

ਕਲਗੀਧਰ ਪਿਤਾ — ਔਹ ਵੇਖ ਡੱਲਿਆ, ਅੰਬ ਲੱਗੇ ਹੋਏ।

ਡੱਲਾ — ਨਹੀਂ ਮਹਾਰਾਜ! ਇਹ ਤਾਂ ਅੱਕਾਂ ਨੂੰ ਕੁੱਕੜ ਲੱਗੇ ਨੇ।

ਕਲਗੀਧਰ ਪਿਤਾ — ਔਹ ਵੇਖ ਡੱਲਿਆ! ਕਣਕ ਦੇ ਲਹਿ-ਲਹਾਉਂਦੇ ਕਿਤਨੇ ਸੁੰਦਰ ਖੇਤ ਹਨ।

ਡੱਲਾ — ਮਹਾਰਾਜ! ਇਹ ਤਾਂ ਦੱਭ, ਕਾਹੀ ਨਜ਼ਰ ਆਉਂਦੀ ਹੈ।

ਕਲਗੀਧਰ ਪਿਤਾ — ਜ਼ਰਾ ਧਿਆਨ ਨਾਲ ਵੇਖ ਡੱਲਿਆ, ਔਹ! ਪਾਣੀ ਦੀਆਂ ਨਹਿਰਾਂ ਵੱਗ ਰਹੀਆਂ ਹਨ।

ਡੱਲਾ — ਮਹਾਰਾਜ ਨਹਿਰਾਂ ਨਹੀਂ, ਇਹ ਤਾਂ ਰੇਤ ਚਮਕ ਰਿਹਾ ਹੈ।

ਕਲਗੀਧਰ ਪਾਤਸ਼ਾਹ —ਬਚਨ ਮੰਨ ਲੈਂਦਾ ਡੱਲਿਆ ਇਹ ਸਾਰਾ ਕੁਝ ਹੁਣ ਹੀ ਹੋ ਜਾਣਾ ਸੀ, ਪ੍ਰੰਤੂ ਹੁਣ ਕੁਝ ਸਮਾਂ ਪਾ ਕੇ ਹੋਏਗਾ। ਇਥੇ ਪਾਣੀ ਦੀਆਂ ਨਹਿਰਾਂ ਵਗਣਗੀਆਂ, ਫ਼ਲਦਾਰ ਬੂਟਿਆਂ ਦੇ ਬਾਗ ਲੱਗਣਗੇ, ਅਨਾਜ ਇਤਨਾ ਜ਼ਿਆਦਾ ਪੈਦਾ ਹੋਵੇਗਾ ਕਿ ਸਾਰੇ ਹਿੰਦੁਸਤਾਨ ਦੀ ਭੁੱਖ ਦੂਰ ਕਰੇਗਾ। ਇਥੋਂ ਦੇ ਵਸਨੀਕ ਹਰ ਪ੍ਰਕਾਰ ਤੋਂ ਖੁਸ਼ਹਾਲ ਹੋਣਗੇ ਅਤੇ ਉਹ ਮਾਣ ਨਾਲ ਕਿਹਾ ਕਰਨਗੇ ਕਿ ਅਸੀਂ ਗੁਰੂ ਕੇ ਮਾਲਵੇ ਦੇ ਵਾਸੀ ਹਾਂ। ਇਸ ਪ੍ਰਕਾਰ ਕਲਗੀਧਰ ਪਿਤਾ ਨੇ ਬੇਅੰਤ ਵਰ ਬਖਸ਼ਿਸ਼ ਕਰਕੇ ਮਾਲਵੇ ਨੂੰ ਮਾਲਾ-ਮਾਲ ਕਰ ਦਿੱਤਾ।

## ਮਾਤਲੋਕ ਸਵਰਗ ਲੋਕ ਤੋਂ ਉੱਤਮ ਹੈ

ਮਨੁੱਖੀ ਸਰੀਰ ਨੂੰ ਦਾਨੇ ਪੁਰਸ਼ਾਂ ਨੇ ਅਸ਼ੱਰਫ਼ ਮਖਲੂਕਾਤ ਭਾਵ ਤਮਾਮ ਜੂਨੀਆਂ ਦਾ ਬਾਦਸ਼ਾਹ ਜੂਨੀ ਮੰਨਿਆ ਹੈ—

**ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥**

*(ਆਸਾ ਮ: ੫, ਪੰਨਾ-੩੭੪)*

ਬਾਕੀ ਚੁਰਾਸੀ ਲੱਖ ਜੂਨ ਇਸ ਦੀ ਸੇਵਾ ਕਰਦੀ, ਭਾਵ ਇਸ ਦੇ ਅਧੀਨ ਹੈ ਜੋ ਕਿ ਅਤੀ ਉੱਤਮ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ। ਇਸ ਤੋਂ ਪਹਿਲਾਂ ਇਸ ਨੇ ਅਨੇਕਾਂ ਨਖਿੱਧ ਜੂਨਾਂ ਦਾ ਭ੍ਰਮਣ ਕੀਤਾ, ਜੈਸੇ ਗੁਰੂ ਵਾਕ—

**ਕਈ ਜਨਮ ਭਏ ਕੀਟ ਪਤੰਗਾ ॥**
**ਕਈ ਜਨਮ ਗਜ ਮੀਨ ਕੁਰੰਗਾ ॥**
**ਕਈ ਜਨਮ ਪੰਖੀ ਸਰਪ ਹੋਇਓ ॥**
**ਕਈ ਜਨਮ ਹੈਵਰ ਬ੍ਰਿਖ ਜੋਇਓ ॥**

*(ਗਾਉੜੀ ਗੁਆਰੇਰੀ ਮ: ੫, ਪੰਨਾ-੧੭੬)*

ਭਾਵ ਕਈ ਜਨਮ ਛੋਟੇ-ਛੋਟੇ ਕੜੇ ਪਤੰਗੇ ਹੋਇਆ, ਕਈ ਜਨਮ ਵੱਡੇ ਅਕਾਰ ਵਾਲੇ ਹਾਥੀ, ਮੱਛ ਆਦਿਕ ਅਤੇ ਜੰਗਲ ਦੇ ਮਿਰਗ ਆਦਿ ਜੂਨਾਂ ਭੋਗੀਆਂ। ਕਈ ਜਨਮ ਆਕਾਸ਼ ਵਿਚ ਉੱਡਣ ਵਾਲੇ ਪੰਛੀ ਅਤੇ ਕਈ ਜਨਮ ਧਰਤੀ

ਤੇ ਢਿੱਡ ਘਸਾ ਕੇ ਰੁੜ੍ਹਣ ਵਾਲੇ ਸੱਪ ਆਦਿਕ ਦੀਆਂ ਜੂਨਾਂ ਵਿੱਚੋਂ ਗੁਜ਼ਰਿਆ ਅਤੇ ਕਈ ਜਨਮ ਪਹਾੜ, ਜਿਨ੍ਹਾਂ ਦੀ ਉਮਰ ਲੱਖਾਂ ਸਾਲ ਹੁੰਦੀ ਹੈ ਅਤੇ ਕਈ ਜਨਮ ਬ੍ਰਿਛ ਆਦਿਕ ਜੂਨਾਂ ਵਿਚ ਗਿਆ। ਇਸ ਪ੍ਰਕਾਰ ਉਪਰੋਕਤ ਜੂਨਾਂ ਵਿਚ ਚੱਕਰ ਕੱਟਦੇ ਨੂੰ ਬਹੁਤ ਲੰਮਾ ਸਮਾ ਯਾਨੀ ਅਨੇਕਾਂ ਯੁੱਗ ਬੀਤ ਗਏ। ਸਿਆਣੇ ਪੁਰਸ਼ਾਂ ਨੇ ਚਾਰਾਂ ਯੁੱਗਾਂ ਦੀ ਕੋਈ ਤਰਤਾਲੀ ਕੁ ਲੱਖ ਸਾਲ ਉਮਰ ਮੰਨੀ ਹੈ, ਲੇਕਿਨ ਇਸ ਜੀਵ ਨੂੰ ਤਾਂ ਬਹੁਤ ਯੁੱਗ ਬੀਤ ਗਏ, ਜਿਵੇਂ ਗੁਰ ਵਾਕ—

**ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥**
**ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥**

*(ਸੋਰਠਿ ਮ: ੯, ਪੰਨਾ-੬੩੧)*

ਬਹੁਤ ਯੁੱਗ ਬੀਤ ਜਾਣ ਤੋਂ ਬਾਅਦ ਇਸ ਜੀਵ ਨੂੰ ਅਮੋਲਕ ਮਨੁੱਖ ਦੇਹੀ ਪ੍ਰਾਪਤ ਹੋਈ ਜਿਸਦਾ ਮੁੱਖ ਨਿਸ਼ਾਨਾ ਕੇਵਲ ਤੇ ਕੇਵਲ ਪ੍ਰਭੂ ਪ੍ਰਾਪਤੀ ਹੈ। ਜਿਵੇਂ—

**ਮਿਲੁ ਜਗਦੀਸ ਮਿਲਨ ਕੀ ਬਰੀਆ॥**
**ਚਿਰੰਕਾਲ ਇਹ ਦੇਹ ਸੰਜਰੀਆ॥**

*(ਗਾਉੜੀ ਗੁਆਰੇਰੀ ਮ: ੫, ਪੰਨਾ-੧੭੬)*

ਯਥਾ — **ਭਜਹੁ ਗੋਬਿੰਦ ਭੂਲਿ ਮਤ ਜਾਹੁ॥**
**ਮਾਨਸ ਜਨਮ ਕਾ ਏਹੀ ਲਾਹੁ॥**

*(ਭੈਰਉ ਬਾਣੀ ਕਬੀਰ ਜੀ, ਪੰਨਾ—੧੧੫੯)*

ਯਥਾ — **ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ॥**

*(ਗਉੜੀ ਮ: ੯, ਪੰਨਾ-੨੨੦)*

ਵਾਹਿਗੁਰੂ ਦੇ ਵਿਧਾਨ ਮੁਤਾਬਕ ਮਨੁੱਖ ਤੋਂ ਬਗੈਰ ਬਾਕੀ ਚੁਰਾਸੀ ਲੱਖ ਜੂਨ, ਭੋਗ ਜੂਨੀ ਹੈ। ਉਸ ਨੂੰ ਨਵਾਂ ਕਰਮ ਕਰਨ ਦਾ ਅਧਿਕਾਰ ਨਹੀਂ, ਜਾਂ ਇਉਂ ਕਿਹਾ ਜਾ ਸਕਦਾ ਹੈ ਕਿ ਬਾਕੀ ਦੀਆਂ ਤਮਾਮ ਜੂਨੀਆਂ ਮਨੁੱਖ ਜਨਮ ਦੇ ਕੀਤੇ ਕਰਮਾਂ ਦਾ ਫ਼ਲ ਹਨ, ਯਾਨੀ ਮਨੁੱਖ ਦੇਹ ਵਿਚ ਕੀਤੇ ਨਸ਼ਿਧ ਜਾਂ ਸਾਕਾਮ ਕਰਮਾਂ ਨੇ ਹੀ ਸ਼ਕਲਾਂ ਧਾਰਨ ਕੀਤੀਆਂ ਹਨ। ਇਸ ਲਈ ਇਹ ਮਨੁੱਖੀ ਸਰੀਰ ਸਭ ਜੂਨੀਆਂ ਦਾ ਬੀਜ ਰੂਪ ਹੈ। ਮਨੁੱਖ ਜੈਸੀ ਸੰਗਤ ਕਰਦਾ ਹੈ, ਉਸ ਤਰ੍ਹਾਂ ਦੇ ਖਿਆਲ ਹੋ ਜਾਇਆ ਕਰਦੇ ਹਨ। ਜਿਹੋ-ਜਿਹੇ ਖਿਆਲ ਹੋਣ ਉਹੋ-ਜਿਹੇ ਕਰਮ ਕਰਦਾ ਹੈ। ਜੈਸੇ ਕਰਮ ਕਰਦਾ ਹੈ ਵੈਸਾ ਹੀ ਫ਼ਲ ਪ੍ਰਾਪਤ ਹੁੰਦਾ ਹੈ। ਤਾਂ ਤੇ ਸਿੱਧ ਹੋਇਆ ਮਨੁੱਖ ਦੇਹੀ ਕਰਮਾਂ ਰੂਪੀ ਬੀਜ ਬੀਜਣ ਦਾ ਖੇਤ ਹੈ, ਜੈਸਾ ਕੋਈ ਬੀਜਦਾ ਹੈ ਵੈਸਾ ਫਲ ਪ੍ਰਾਪਤ ਕਰਦਾ ਹੈ, ਯਥਾ ਗੁਰ ਵਾਕ—

**ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥**

*(ਬਾਰਹ ਮਾਹਾ ਮਾਂਝ ਮ: ੫, ਪੰਨਾ-੧੩੪)*

ਕੁਸੰਗ ਦੇ ਜ਼ੇਰੇ ਅਸਰ ਇਨਸਾਨ ਬੁਰੇ ਕਰਮਾਂ ਵਿੱਚ ਪ੍ਰਵਿਰਤ ਹੋ ਕੇ ਨਖਿੱਧ ਜੂਨੀਆਂ ਅਤੇ ਨਰਕਾਂ ਆਦਿ ਦੇ ਅਨੰਤ ਕਾਲ ਤੱਕ ਅਸਹਿ ਦੁੱਖ ਭੋਗਦਾ ਰਹਿੰਦਾ ਹੈ। ਇਸ ਤੋਂ ਉਲਟ ਕੁਝ ਪੁਰਸ਼ ਐਸੇ ਹੁੰਦੇ ਹਨ ਜੋ ਬੁਰੇ ਕਰਮਾਂ ਤੋਂ ਤਾਂ ਭਾਵੇਂ ਬਚਦੇ ਹਨ ਲੇਕਿਨ ਤੱਤ ਮਿਥਿਆ ਦੇ ਵਿਵੇਕ ਤੋਂ ਹੀਣ ਹੋਣ ਕਰਕੇ ਜਿਸਮਾਨੀ ਸੁੱਖਾਂ ਨੂੰ ਹੀ ਸਭ-ਕੁਝ ਮਨ ਬੈਠਦੇ ਹਨ। ਇਸ ਲਈ ਸਾਕਾਮ ਕਰਮਾਂ ਦੁਆਰਾ ਸਵਰਗ ਆਦਿ ਦੀ ਪ੍ਰਾਪਤੀ ਲਈ ਦਾਨ-ਪੁੰਨ ਆਦਿਕ ਕਰਮ ਕਰਦੇ ਹਨ ਜੋ ਕਿ ਸਦੀਵੀ ਨਹੀਂ ਹੁੰਦੀ। ਯਥਾ ਗੁਰ ਵਾਕ—

**ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ ਨਿਹਚਲੁ ਕੋ ਥਾਉ ਨਾਹਿ॥**
**ਬਿਨੁ ਹਰਿ ਸੇਵਾ ਸੁਖਉ ਨਹੀ ਹੋ ਸਾਕਤ ਆਵਹਿ ਜਾਹਿ॥**

*(ਰਾਗੁ ਗੌੜੀ ਮਾਲਵਾ ਮ: ੫, ਪੰਨਾ-੨੧੪)*

ਇਸ ਪ੍ਰਕਾਰ ਗੁਰੂ ਸਾਹਿਬ ਜੀ ਦੇ ਇਸ਼ਾਰੇ ਮੁਤਾਬਕ ਸਵਰਗ, ਬ੍ਰਹਮ ਪੁਰ ਅਤੇ ਸ਼ਿਵਪੁਰੀ ਕੋਈ ਵੀ ਸਥਾਈ ਨਹੀਂ ਹਨ ਸਗੋਂ ਸਭ ਕਾਲ ਦੇ ਅਧੀਨ ਹਨ। ਤੀਸਰੇ ਉਹ ਨਿਸ਼ਕਾਮੀ ਲੋਕ ਹਨ ਜਿਨ੍ਹਾਂ ਦੇ ਸਤਿਸੰਗ ਅਤੇ ਵਿਵੇਕ ਦੁਆਰਾ ਗਿਆਨ ਚਕਸ਼ੂ ਖੁਲ੍ਹ ਚੁੱਕੇ ਹਨ। ਐਸੇ ਪੁਰਸ਼ਾਂ ਨੂੰ ਵਾਹਿਗੁਰੂ ਰੂਪੀ ਅਬਿਨਾਸੀ ਰਾਜ ਦੀ ਪ੍ਰਾਪਤੀ ਹੋ ਜਾਂਦੀ ਹੈ ਜਿਸ

ਤੋਂ ਮੁੜ ਕੇ ਡਿੱਗਣ ਨਹੀਂ ਹੁੰਦਾ ਅਤੇ ਜਨਮ ਮਰਨ ਆਦਿ ਤਮਾਮ ਦੁੱਖਾਂ ਤੋਂ ਬਰੀ ਹੋ ਕੇ ਕਾਲ ਵਰਗੇ ਮਹਾਂਬਲੀ ਨੂੰ ਹਮੇਸ਼ਾਂ ਲਈ ਜਿੱਤ ਲੈਂਦੇ ਹਨ। ਦੂਸਰੇ ਦਰਜੇ ਵਾਲੇ ਸਾਕਾਮੀ ਪੁਰਸ਼ਾਂ ਦੀ ਸੋਚ ਪਹਿਲੇ ਦਰਜੇ ਵਾਲੇ ਨਖਿੱਧ ਕਰਮੀ ਲੋਕਾਂ ਨਾਲੋਂ ਕੋਈ ਬਹੁਤੀ ਵਿਸ਼ੇਸ਼ ਨਹੀਂ ਮੰਨੀ ਜਾਂਦੀ, ਕਿਉਂਕਿ ਮਨੁੱਖੀ ਸਰੀਰ ਵਿਚ ਕੀਤੇ ਸਕਾਮ ਪੁੰਨਾਂ ਦਾ ਫ਼ਲ ਖਤਮ ਹੋਣ ਤੇ ਫ਼ਿਰ ਨੀਚੇ ਗਿਰਾ ਦਿੱਤੇ ਜਾਂਦੇ ਹਨ। ਇਸ ਪ੍ਰਕਾਰ ਜਨਮ-ਮਰਨ, ਹਰਖ-ਸ਼ੋਕ ਆਦਿ ਅਨੰਤ ਦੁੱਖਾਂ ਦੀ ਫਾਹੀ ਹਮੇਸ਼ਾਂ ਲਈ ਗਲ ਵਿਚ ਪਈ ਰਹਿੰਦੀ ਹੈ। ਸਾਕਾਮ ਕਰਮਾਂ ਦੁਆਰਾ ਪ੍ਰਾਪਤ ਕੀਤੇ ਸਵਰਗ ਲੋਕ ਦੇ ਦੇਵਤਾ ਵੀ ਇਸ ਮਨੁੱਖ ਦੇਹੀ ਦੀ ਚਾਹਣਾ ਕਰਦੇ ਹਨ—

**ਇਸ ਦੇਹੀ ਕਉ ਸਿਮਰਹਿ ਦੇਵ॥**
**ਸੋ ਦੇਹੀ ਭਜੁ ਹਰਿ ਕੀ ਸੇਵ॥**
**ਭਜਹੁ ਗੋੁਬਿੰਦ ਭੂਲਿ ਮਤ ਜਾਹੁ॥**
**ਮਾਨਸ ਜਨਮ ਕਾ ਏਹੀ ਲਾਹੁ॥**

*(ਭੈਰਉ ਬਾਣੀ ਭਗਤ ਕਬੀਰ ਜੀ, ਪੰਨਾ-੧੧੫੯)*

ਕਿਉਂ ਚਾਹੁੰਦੇ ਹਨ ਦੇਵਤਾ ਲੋਕ ਇਸ ਮਨੁਖਾ ਦੇਹੀ ਨੂੰ? ਜਿਵੇਂ ਇਕ ਦ੍ਰਿਸ਼ਟਾਂਤ—

ਇਕ ਸੇਠ ਜਿਸ ਕੋਲ ਬਹੁਤ ਜਿਆਦਾ ਧਨ-ਪਦਾਰਥ ਅਤੇ ਜ਼ਮੀਨ ਜਾਇਦਾਦ ਸੀ, ਇਨ੍ਹਾਂ ਪਦਾਰਥਾਂ ਦੀ ਬਹੁਲਤਾ ਕਰਕੇ ਲੋਕਾਂ ਵਿਚ ਮਾਣ ਸਤਿਕਾਰ ਵੀ ਚੰਗਾ ਸੀ। ਇਤਨਾ ਕੁਝ ਹੋਣ ਦੇ ਬਾਵਜੂਦ ਵੀ ਮਨ ਹਮੇਸ਼ਾਂ ਅਸ਼ਾਂਤ ਰਹਿੰਦਾ ਸੀ ਕਿਉਂਕਿ ਸੰਸਾਰ ਦੇ ਪਦਾਰਥ ਕਿੰਨੇ ਵੀ ਭਾਵੇਂ ਹੋਣ ਫਿਰ ਵੀ ਅਤ੍ਰਿਪਤੀ ਬਣੀ ਰਹਿੰਦੀ ਹੈ। ਸੇਠ ਦੀ ਅਸ਼ਾਂਤੀ ਦਾ ਕਾਰਨ ਉਸਦੇ ਘਰ ਔਲਾਦ ਦੀ ਅਣਹੋਂਦ ਸੀ। ਪੁੱਤਰ ਪ੍ਰਾਪਤੀ ਲਈ ਸੇਠ ਨੇ ਦਵਾਈ-ਬੂਟੀ, ਧਾਗੇ-ਤਵੀਤ, ਆਦਿਕ ਅਨੇਕਾਂ ਯਤਨ ਕੀਤੇ ਲੇਕਿਨ ਸਫ਼ਲਤਾ ਨਾ ਮਿਲੀ। ਦੇਵ ਨੇਤ ਨਾਲ ਇਕ ਦਿਨ ਕਿਸੇ ਸਿਆਣੇ ਪੁਰਸ਼ ਦਾ ਮਿਲਾਪ ਹੋਇਆ। ਸੇਠ ਨੇ ਉਸ ਕੋਲ ਆਪਣਾ ਦੁੱਖ ਦੱਸਿਆ। ਉਸ ਭਲੇ ਪੁਰਸ਼ ਨੇ ਸੇਠ ਨੂੰ ਪੁੱਛਿਆ ਅੱਜ ਤੱਕ ਕੋਈ ਯਤਨ ਕੀਤਾ ਹੈ ਇਸ ਇੱਛਾ ਦੀ ਪਰਤੀ ਲਈ? ਸੇਠ ਨੇ ਦੱਸਿਆ ਹਾਂ! ਇਲਾਜ ਮੁਆਲਜੇ ਅਤੇ ਹੋਰ ਵੀ ਹਰ ਪ੍ਰਕਾਰ ਦੇ ਯਤਨ ਕੀਤੇ ਲੇਕਿਨ ਕਿਤੋਂ ਵੀ ਖੈਰ ਨਹੀਂ ਪਈ। ਸੱਜਣ ਪੁਰਸ਼ ਬੋਲਿਆ, ਫੇਰ ਗੁਰੂ ਨਾਨਕ ਦੇ ਘਰ ਦੀ ਦਵਾਈ ਵਰਤੋ। ਜੋ ਕਿ ਇੱਕ ਪੁੱਤਰ ਤਾਂ ਕੀ, ਚਾਰੇ ਪਦਾਰਥ ਦੇਣ ਨੂੰ ਸਮਰਥ ਹੈ। ਵੇਖੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਇਕ ਲਾ-ਜਵਾਬ ਨੁਸਖ਼ਾ ਦੱਸਿਆ ਹੈ—

**ਚਾਰਿ ਪਦਾਰਥ ਜੇ ਕੋ ਮਾਗੈ॥**
**ਸਾਧ ਜਨਾ ਕੀ ਸੇਵਾ ਲਾਗੈ॥**

*(ਸ੍ਰੀ ਸੁਖਮਨੀ ਸਾਹਿਬ, ਪੰਨਾ-੨੬੬)*

ਇਹ ਨੁਸਖ਼ਾ ਅਗਰ ਵਿਧੀ ਪੂਰਵਕ ਠੀਕ-ਠੀਕ ਵਰਤੋਂ ਵਿਚ ਲਿਆਂਦਾ ਜਾਵੇ ਤਾਂ ਇਕ ਪੁੱਤਰ ਤਾਂ ਕੀ ਚਾਰੇ ਪਦਾਰਥ ਭਾਵ ਧਰਮ, ਅਰਥ, ਕਾਮ ਅਤੇ ਮੋਖ ਜਿਸ ਵਿਚ ਸੰਸਾਰ ਦੇ ਸਾਰੇ ਪਦਾਰਥ ਆ ਜਾਂਦੇ ਹਨ, ਆਦਿਕਾਂ ਦੀ ਪ੍ਰਾਪਤੀ ਸਹਿਜੇ ਹੀ ਹੋ ਜਾਇਆ ਕਰਦੀ ਹੈ। ਸੇਠ ਨੂੰ ਸੁਣ ਕੇ ਕੁਝ ਵਿਸ਼ਵਾਸ਼ ਆਇਆ, ਉਸ ਨੇ ਇਕ ਸੁੰਦਰ ਧਰਮਸ਼ਾਲਾ ਬਣਾਈ, ਜਿਸ ਵਿਚ ਹਰ ਰੋਜ਼ ਕਥਾ, ਸਤਿਸੰਗ, ਕੀਰਤਨ ਹੋਣ ਲੱਗਿਆ। ਆਉਂਦੇ ਜਾਂਦੇ ਰਾਹੀ, ਅਤਿਥੀ ਅਤੇ ਸਾਧੂ ਮਹਾਤਮਾ ਠਹਿਰਨ ਲੱਗੇ। ਸੇਠ ਅਤੇ ਸੇਠਾਣੀ ਹਰ ਆਏ ਗਏ ਸੱਜਣ ਦੀ ਲੰਗਰ ਪ੍ਰਸ਼ਾਦਾ ਬਣਾ ਕੇ ਹੱਥੀਂ ਸੇਵਾ ਕਰਦੇ। ਇਕ ਦਿਨ ਦਾ ਜ਼ਿਕਰ, ਇਕ ਕੋਈ ਵਾਹਿਗੁਰੂ ਪ੍ਰੇਮ ਵਿਚ ਮਗਨ, ਸ਼ਾਂਤ ਚਿੱਤ ਮਹਾਤਮਾ ਭ੍ਰਮਣ ਕਰਦੇ ਹੋਏ ਇਸ ਧਰਮਸ਼ਾਲਾ ਵਿਚ ਜਾ ਠਹਿਰੇ। ਸੇਠ ਨੇ ਨਿਯਮ ਅਤੇ ਸੁਭਾਅ ਮੁਤਾਬਕ ਪ੍ਰੇਮ ਨਾਲ ਸੇਵਾ ਕੀਤੀ। ਮਹਾਤਮਾ ਜਿਸ ਵਕਤ ਸਵੇਰੇ ਜਾਣ ਲੱਗੇ ਤਾਂ ਸੇਠ ਨੇ ਬੜੇ ਪ੍ਰੇਮ ਨਾਲ ਨਮਸਕਾਰ ਕੀਤੀ। ਮਹਾਤਮਾ, ਸੇਠ ਦੀ ਸੇਵਾ ਤੇ ਬਹੁਤ ਖੁਸ਼ ਹੋਏ, ਵਚਨ ਕੀਤਾ ਪ੍ਰੇਮੀਆਂ! ਤੂੰ ਇਤਨੀ ਸੇਵਾ ਕਿਸੇ ਕਾਮਨਾ ਨਾਲ ਕਰਦਾ ਹੈ ਜਾਂ ਨਿਸ਼ਕਾਮ? ਸੇਠ ਬੋਲਿਆ ਮਹਾਰਾਜ! ਜ਼ਮੀਨ ਜਾਇਦਾਦ, ਧਨ ਪਦਾਰਥ ਤਾਂ ਬਹੁਤ ਹੈ, ਇਲਾਕੇ ਵਿਚ ਮਾਣ-ਸਤਿਕਾਰ ਦੀ ਵੀ ਕਮੀ ਨਹੀਂ, ਲੇਕਿਨ ਘਰ ਵਿਚ ਅੱਗੇ ਪ੍ਰਕਾਸ਼ ਨਹੀਂ ਹੈ, ਇਸ ਲਈ ਔਲਾਦ ਦੀ ਅਣਹੋਂਦ ਸਾਰੇ ਪਦਾਰਥਾਂ ਨੂੰ ਕੌੜਾ ਬਣਾ ਰਹੀ ਹੈ। ਆਪ ਦੀ

ਕ੍ਰਿਪਾ ਹੋ ਜਾਵੇ ਘਰ ਦਾ ਦੀਵਾ ਜਗ ਪਵੇ, ਸਿਰਫ ਮਨ ਵਿਚ ਇਕ ਇਹੀ ਕਾਮਨਾ ਦਿਨ ਰਾਤ ਚੈਨ ਨਹੀਂ ਆਉਣ ਦਿੰਦੀ। ਮਹਾਂਪੁਰਖ ਉਸਦੀ ਅਣਥੱਕ ਸੇਵਾ ਤੇ ਖੁਸ਼ ਤਾਂ ਹੋਏ ਹੀ ਸਨ, ਬਚਨ ਕਰ ਦਿੱਤਾ ਅੱਛਾ ਪ੍ਰੇਮੀਆ! ਗੁਰੂ ਨਾਨਕ ਭਲੀ ਕਰਨਗੇ। ਕਾਦਰ ਦੇ ਅਟੱਲ ਨਿਯਮ ਅਨੁਸਾਰ ਬਸ ਫੇਰ ਕੀ ਦੇਰੀ ਸੀ—

ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧ॥
ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ॥

*(ਸਾਰਗ ਮ: ੫, ਪੰਨਾ-੧੨੦੪)*

ਦਿਨ, ਰਾਤ, ਤਾਰੇ, ਨਾਸਵੰਤ ਹਨ, ਸੂਰਜ ਅਤੇ ਚੰਦਰਮਾ ਵੀ ਸਥਿਰ ਨਹੀਂ। ਪਹਾੜ, ਧਰਤੀ, ਪਾਣੀ ਅਤੇ ਹਵਾ ਵੀ ਅਬਿਨਾਸੀ ਨਹੀਂ ਹਨ ਲੇਕਿਨ ਸਾਧ ਦਾ ਬਚਨ ਕਦੇ ਬਿਨਾਸ ਨਹੀਂ ਹੁੰਦਾ। ਮਹਾਂਪੁਰਖਾਂ ਦੇ ਬਚਨ ਅਨੁਸਾਰ ਗੁਰੂ ਨਾਨਕ ਨੇ ਮਿਹਰ ਕੀਤੀ, ਸੇਠ ਦੇ ਘਰ ਬੱਚੇ ਦੀ ਆਸ ਹੋਈ। ਸਤਪੁਰਸ਼ ਤਾਂ ਬਚਨ ਕਰਕੇ ਚਲੇ ਗਏ ਉੱਧਰ ਸੇਠਾਣੀ ਦੇ ਮਨ ਵਿਚ ਖਰਬੂਜ਼ਾ ਖਾਣ ਦੀ ਇੱਛਾ ਪੈਦਾ ਹੋ ਗਈ। ਸੇਠ ਕੋਲ ਧਨ ਦੀ ਤਾਂ ਕੋਈ ਕਮੀ ਨਹੀਂ ਸੀ, ਮਹਿੰਗੀ ਤੋਂ ਮਹਿੰਗੀ ਵਸਤੂ ਖਰੀਦ ਸਕਦਾ ਸੀ ਲੇਕਿਨ ਮੌਸਮ ਨਾ ਹੋਣ ਕਰਕੇ 'ਖਰਬੂਜ਼ਾ' ਕਿਸੇ ਵੀ ਕੀਮਤ ਤੇ ਮਿਲਣਾ ਅਸੰਭਵ ਹੋ ਗਿਆ। ਜਿਵੇਂ-ਜਿਵੇਂ ਸਮਾਂ ਬੀਤਦਾ ਜਾਵੇ ਸੇਠਾਣੀ ਦੇ ਮਨ ਵਿਚ ਖਰਬੂਜ਼ਾ ਖਾਣ ਦੀ ਇੱਛਾ ਵਧੇਰੇ ਪਰਬਲ ਹੁੰਦੀ ਜਾਵੇ। ਸਤਿਸੰਗੀ ਹੋਣ ਕਰਕੇ ਦੋਨੋਂ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੇ ਸਨ ਕਿ ਜਿਸ ਵਕਤ ਮਾਂ ਦੇ ਉਦਰ ਵਿੱਚ ਬੱਚਾ ਹੋਵੇ ਉਸ ਸਮੇਂ ਮਾਤਾ ਦੇ ਖਿਆਲਾਂ ਦਾ ਬੱਚੇ ਦੇ ਮਨ ਤੇ ਬਹੁਤ ਅਸਰ ਪੈਂਦਾ ਹੈ। ਸੋਚਣ ਲੱਗੇ ਮੌਸਮ ਨਾ ਹੋਣ ਕਰਕੇ ਖਰਬੂਜ਼ਾ ਮਿਲ ਵੀ ਨਹੀਂ ਰਿਹਾ ਪ੍ਰੰਤ ਖਰਬੂਜ਼ਾ ਖਾਣ ਦਾ ਫੁਰਨਾ ਬਜਾਇ ਮਿਟਣ ਦੇ ਹਰ ਰੋਜ਼ ਵਧਦਾ ਜਾ ਰਿਹਾ ਹੈ, ਐਸਾ ਨਾ ਹੋਏ ਕਿਤੇ ਇਸ ਫੁਰਨੇ ਦਾ ਅਸਰ ਬੱਚੇ ਤੇ ਪੈ ਜਾਵੇ, ਬੱਚਾ ਸਾਰੀ ਉਮਰ ਖਰਬੂਜ਼ੇ ਨੂੰ ਹੀ ਭਟਕਦਾ ਰਹੇ। ਹੋਰ ਕੋਈ ਚਾਰਾ ਨਾ ਚੱਲਣ ਤੇ ਸੋਚਿਆ, ਓਹੀ ਮਹਾਂਪੁਰਖ ਕ੍ਰਿਪਾ ਕਰ ਦੇਣ ਤਾਂ ਫੁਰਨਾ ਮਿਟ ਸਕਦਾ ਹੈ, ਵਰਨਾ ਇਹ ਅਸੰਭਵ ਹੈ। ਮਹਾਂਪੁਰਖਾਂ ਦੀ ਢੂੰਡ ਭਾਲ ਸ਼ੁਰੂ ਕੀਤੀ, ਦੇਵ ਨੇਤ ਨਾਲ ਇਕ ਦਿਨ ਟੱਕਰ ਗਏ। ਨਮਸਕਾਰ ਕਰਕੇ ਸੇਠ ਨੇ ਸਾਰੀ ਵਿਥਿਆ ਸੁਣਾਈ। ਮਹਾਂਪੁਰਖ ਬੋਲੇ ਪ੍ਰੇਮੀਆਂ, ਐਸਾ ਕਰ! ਉੱਤਰ ਦਿਸ਼ਾ ਵੱਲ ਫਲਾਣੀ ਜਗ੍ਹਾ ਇਕ ਪਹਾੜੀ ਹੈ, ਉਸਦੇ ਉੱਪਰ ਚੜ੍ਹ ਜਾਈਂ, ਥੋੜੀ ਦੂਰ ਜਾ ਕੇ ਉਸ ਪਹਾੜੀ ਤੇ ਇਕ ਦੇਵਤਾ ਰਹਿੰਦਾ ਹੈ ਉਸ ਤੋਂ ਜਿੰਨੇ ਮਰਜ਼ੀ ਖਰਬੂਜ਼ੇ ਲੈ ਆ। ਬਚਨ ਮੰਨ ਕੇ ਸੇਠ ਪਹਾੜੀ ਤੇ ਪਹੁੰਚਿਆ, ਕੀ ਦੇਖਦਾ ਹੈ, ਖਰਬੂਜ਼ਿਆਂ ਦੇ ਖੇਤਾਂ ਦੇ ਖੇਤ ਖੜ੍ਹੇ ਹਨ। ਜਿਥੇ ਮਾਤ ਲੋਕ ਵਿਚ ਇਕ ਖਰਬੂਜ਼ੇ ਨੂੰ ਭਟਕਦਾ ਸੀ, ਉਥੇ ਸਵਰਗ ਵਿਚ ਹਰ ਪ੍ਰਕਾਰ ਦੇ ਪਦਾਰਥ ਮੌਜਦ ਹਨ। ਅੱਗੇ ਗਿਆ ਤਾਂ ਇਕ ਦਿੱਬ੍ਯ ਸਰੂਪ ਦੇਵਤਾ ਬੈਠਾ ਹੈ, ਕੋਲ ਜਾ ਕੇ ਸੇਠ ਨੇ ਬੜੇ ਅਦਬ ਨਾਲ ਨਮਸਕਾਰ ਕੀਤੀ, ਅਗੋਂ ਦੇਵਤਾ ਨੇ ਵੀ ਖੜ੍ਹੇ ਹੋ ਕੇ ਸਤਿਕਾਰ ਕੀਤਾ ਅਤੇ ਮੁੱਖ ਤੋਂ ਉਚਾਰਨ ਕੀਤਾ—

ਧੰਨ ਮਾਤ ਲੋਕ! ਧੰਨ ਮਨੁਖਾ ਦੇਹੀ!!

ਸੇਠ ਨੇ ਆਉਣ ਦਾ ਕਾਰਨ ਦੱਸਿਆ ਤਾਂ ਦੇਵਤਾ ਕਹਿਣ ਲੱਗੇ ਇਕ ਖਰਬੂਜ਼ਾ ਕੀ ਜਿਤਨੇ ਲੋੜ ਹੈ ਲੈ ਜਾਓ। ਸੇਠ, ਜਿੰਨੇ ਖਰਬਜ਼ੇ ਚੁੱਕ ਸਕਦਾ ਸੀ, ਚੁੱਕ ਕੇ ਨਮਸਕਾਰ ਕੀਤੀ, ਅੱਗੋਂ ਦੇਵਤਾ ਨੇ ਵੀ ਐਸਾ ਹੀ ਕੀਤਾ ਅਤੇ ਓਹੀ ਸ਼ਬਦ ਫਿਰ ਦੁਹਰਾਇਆ—

ਧਨ ਮਾਤ ਲੋਕ! ਧੰਨ ਮਨੁਖਾ ਦੇਹੀ!!

ਸੇਠ ਖਰਬੂਜ਼ੇ ਲੈ ਕੇ ਘਰ ਪਹੁੰਚ ਗਿਆ, ਸੇਠਾਣੀ ਦੀ ਤਾਂ ਖਰਬੂਜ਼ਾ ਖਾਣ ਦੀ ਵਾਸਨਾ ਭਾਵੇਂ ਸ਼ਾਂਤ ਹੋ ਗਈ, ਲੇਕਿਨ ਸੇਠ ਦੇ ਮਨ ਵਿਚ ਇਕ ਸੰਸਾ ਕੰਡਾ ਬਣ ਕੇ ਦਿਨ ਰਾਤ ਰੜਕਣ ਲੱਗਾ, ਕਿ ਐਥੋਂ ਦੇ ਕਿਸੇ ਬਾਦਸ਼ਾਹ ਕੋਲ ਵੀ ਐਨੇ ਸੁੱਖ ਨਹੀਂ ਵੇਖੇ, ਜਿੰਨੇ ਸਵਰਗ ਲੋਕ ਦੇ ਇਕ ਛੋਟੇ ਤੋਂ ਛੋਟੇ ਦੇਵਤਾ ਕੋਲ ਦੇਖੇ ਸਨ, ਲੇਕਿਨ ਫਿਰ ਵੀ ਉਸ ਦੇਵਤਾ ਨੇ ਮਾਤ ਲੋਕ ਅਤੇ ਮਨੁਖਾ ਦੇਹੀ ਦੀ ਇਤਨੀ ਉਪਮਾ ਕੀਤੀ, ਇਸ ਗੱਲ ਵਿਚ ਕੀ ਰਾਜ਼ ਹੈ? ਅਗਰ ਹਰ ਕਿਸੇ ਨੂੰ ਸਵਰਗ ਵਿਚ ਜਾ ਕੇ ਰਹਿਣ ਦੀ ਖੁਲ੍ਹ ਹੋਵੇ ਤਾਂ ਇਸ ਮਾਤ ਲੋਕ ਵਿਚ ਇਕ ਵੀ ਰਹਿਣ ਨੂੰ ਨਹੀਂ ਤਿਆਰ ਹੋਵੇਗਾ। ਇਸ ਸੰਸੇ ਨੇ ਸੇਠ ਨੂੰ ਬੇਚੈਨ ਕਰ ਦਿਤਾ। ਇਕ ਦਿਨ ਸੰਸਾ ਨਵਿਰਤੀ ਲਈ ਮਹਾਤਮਾ ਕੋਲ ਪਹੁੰਚਿਆ, ਨਮਸਕਾਰ ਕਰਕੇ ਪਹਿਲਾਂ ਤਾਂ ਮਹਾਂਪੁਰਖਾਂ ਦਾ ਸ਼ੁਕਰਾਨਾ ਕੀਤਾ ਫਿਰ ਅਪਣਾ ਸੰਸਾ ਜ਼ਾਹਿਰ ਕੀਤਾ। ਮਹਾਰਾਜ! ਆਪ

ਨੇ ਕ੍ਰਿਪਾ ਕੀਤੀ ਜਿਥੇ ਪੁੱਤਰ ਭਾਵਨਾ 'ਚ ਤੜਪਦੇ ਨੂੰ ਸੰਸਾਰਕ ਪਦਾਰਥ ਦੀ ਬਖ਼ਸ਼ਿਸ਼ ਕੀਤੀ, ਉਥੇ ਸਵਰਗ ਦੇ ਦਰਸ਼ਨ ਵੀ ਕਰਵਾ ਦਿਤੇ ਜੋ ਕਿ ਮੇਰੇ ਲਈ ਦੁਰਲਭ ਸਨ, ਪ੍ਰੰਤੂ ਸਵਰਗ ਵਿਚ ਜਾ ਕੇ ਮੈਨੂੰ ਇਕ ਸੰਸਾ ਉਤਪੰਨ ਹੋ ਗਿਆ, ਆਪ ਦੀ ਕ੍ਰਿਪਾ ਨਾਲ ਸਵਰਗ ਵਿਚ ਪਹੁੰਚ ਕੇ ਵੇਖਿਆ ਕਿ ਜਿਤਨੇ ਪਦਾਰਥ ਦੇਵਤਿਆਂ ਨੂੰ ਪ੍ਰਾਪਤ ਹਨ ਇਤਨੇ ਮਾਤ ਲੋਕ ਦੇ ਕਿਸੇ ਸ਼ਹਿਨਸ਼ਾਹ ਕੋਲ ਵੀ ਨਹੀਂ ਹਨ, ਲੇਕਿਨ ਫਿਰ ਵੀ ਉਸ ਦੇਵਤਾ ਨੇ ਮਾਤ ਲੋਕ ਅਤੇ ਮਨੁੱਖ ਦੇਹੀ ਨੂੰ ਹੀ ਵਡਿਆਇਆ, ਜਦ ਕਿ ਮੇਰੀ ਸਮਝ ਮੁਤਾਬਕ ਮਾਤ ਲੋਕ ਤੇ ਮਨੁੱਖ ਸਰੀਰ ਸਵਰਗ ਦੇ ਮੁਕਾਬਲੇ ਵਿਚ ਤੁੱਛ ਹਨ। ਇਸ ਲਈ ਸੰਸਾਰੀ ਲੋਕ ਸਵਰਗ ਦੇ ਅਥਾਹ ਸੁੱਖਾਂ ਦੀ ਪ੍ਰਾਪਤੀ ਲਈ ਦਾਨ-ਪੁੰਨ ਅਤੇ ਹੋਰ ਅਨੇਕਾਂ ਕਰਮ ਕਰਦੇ ਹਨ, ਇਸ ਦਾ ਕੀ ਕਾਰਨ ਹੈ ? ਮਹਾਤਮਾ ਬੋਲੇ ਪ੍ਰੇਮੀਆ ! ਇਕ ਵਾਰ ਫਿਰ ਸਵਰਗ ਜਾਹ, ਉਹ ਦੇਵਤਾ ਹੀ ਤੇਰਾ ਸੰਸਾ ਦੂਰ ਕਰੇਗਾ। ਸੇਠ ਹੁਕਮ ਮੰਨ ਕੇ ਉਸੇ ਪਹਾੜੀ ਤੇ ਪਹੁੰਚਿਆ, ਦੇਵਤਿਆਂ ਨੂੰ ਨਮਸਕਾਰ ਕੀਤੀ, ਅੱਗੋਂ ਦੇਵਤਾ ਨੇ ਵੀ ਬਹੁਤ ਪ੍ਰੇਮ ਸਤਿਕਾਰ ਦੇ ਨਾਲ ਕੋਲ ਬਿਠਾਇਆ। ਸੇਠ ਨੇ ਆਪਣਾ ਸੰਸਾ ਜ਼ਾਹਿਰ ਕੀਤਾ ਕਿ ਮਾਤ ਲੋਕ ਵਿਚ ਮੈਂ ਇਕ ਖਰਬੂਜ਼ੇ ਨੂੰ ਤਰਸਦਾ ਸੀ ਲੇਕਿਨ ਇਥੇ ਮੈਂ ਖਰਬਜ਼ਿਆਂ ਦੇ ਖੇਤਾਂ ਦੇ ਖੇਤ ਵੇਖ ਰਿਹਾ ਹਾਂ। ਇਸੇ ਤਰ੍ਹਾਂ ਅਨੇਕਾਂ ਪ੍ਰਕਾਰ ਦੇ ਹੋਰ ਪਦਾਰਥ ਮੈਂ ਜੋ ਇਥੇ ਦੇਖ ਰਿਹਾ ਹਾਂ, ਇਨ੍ਹਾਂ ਦਾ ਮਾਤ ਲੋਕ ਵਿਚ ਨਾਮੋ ਨਿਸ਼ਾਨ ਨਹੀਂ, ਲੇਕਿਨ ਫਿਰ ਵੀ ਆਪ ਨੇ ਮਾਤ ਲੋਕ ਅਤੇ ਮਨੁੱਖ ਸਰੀਰ ਨੂੰ ਹੀ ਸਲਾਹਿਆ, ਇਸ ਦਾ ਕੀ ਕਾਰਨ ਹੈ ? ਦੇਵਤਾ ਬੋਲੇ ਪ੍ਰੇਮੀਆ ! ਇਹ ਸਭ ਮਾਤ ਲੋਕ ਅਤੇ ਮਨੁੱਖ ਸਰੀਰ ਦੀ ਹੀ ਕ੍ਰਿਪਾ ਹੈ। ਇਥੇ ਜੋ ਤੂੰ ਪਦਾਰਥ ਅਤੇ ਉਨ੍ਹਾਂ ਦੇ ਸੁਖ ਵੇਖ ਰਿਹਾ ਹੈਂ, ਇਹ ਸਭ ਮਾਤ ਲੋਕ ਵਿਚ ਮਨੁੱਖ ਸਰੀਰ ਨਾਲ ਕੀਤੇ ਕਰਮਾਂ ਦਾ ਫਲ ਹੀ ਹੈ। ਤੈਨੂੰ ਮੈਂ ਆਪਣੀ ਜੀਵਨ ਕਥਾ ਸੁਣਾਉਂਦਾ ਹਾਂ ਜ਼ਰਾ ਧਿਆਨ ਨਾਲ ਸੁਣ !

ਇਸ ਦੇਵ ਦੇਹੀ ਤੋਂ ਪਹਿਲੇ ਜਨਮ ਵਿਚ ਮੈਂ ਇਕ ਛੋਟੇ-ਜਿਹੇ ਪਿੰਡ ਵਿਚ ਰਹਿ ਕੇ ਸ਼ਾਹੂਕਾਰੇ ਦਾ ਕੰਮ ਕਰਦਾ ਸੀ, ਕੋਈ ਵੱਡਾ ਅਮੀਰ ਵੀ ਨਹੀਂ ਸੀ, ਲੇਕਿਨ ਧਾਰਮਿਕ ਸੰਸਕਾਰੀ ਹੋਣ ਕਰਕੇ ਜ਼ਿਆਦਾ ਵਿਆਜ ਲੈਣ ਤੋਂ ਵੀ ਸੰਕੋਚ ਕਰਦਾ ਸੀ। ਪੂੰਜੀ ਥੋੜ੍ਹੀ-ਜਿਹੀ ਸੀ ਓਹੀ ਲੋੜਵੰਦਾਂ ਨੂੰ ਦੇ ਕੇ ਜਾਇਜ਼ ਵਿਆਜ ਨਾਲ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਦਾ ਸੀ। ਮੇਰੇ ਮਨ ਵਿਚ ਕੁਝ ਸੰਸਕਾਰ ਪੈ ਚੁੱਕੇ ਸਨ ਕਿ ਸਵਰਗ ਵਿਚ ਬਹੁਤ ਸੁੱਖ ਹਨ, ਉਨ੍ਹਾਂ ਸੁੱਖਾਂ ਦੀ ਪ੍ਰਾਪਤੀ ਦਾਨ-ਪੁੰਨ ਕੀਤਿਆਂ ਹੀ ਹੁੰਦੀ ਹੈ। ਮੈਨੂੰ ਇਹ ਵੀ ਸੰਸਕਾਰ ਸਨ ਕਿ ਪਾਪ ਕਰਮ ਦਾ ਫ਼ਲ ਦੁੱਖ ਹੁੰਦਾ ਹੈ, ਇਸ ਲਈ ਬੁਰੇ ਕਰਮ ਅਤੇ ਪਰਾਏ ਹੱਕ ਤੋਂ ਹਮੇਸ਼ਾਂ ਬਚਦਾ ਰਹਿੰਦਾ ਸੀ। ਆਪਣੀ ਜਾਇਜ਼ ਕਮਾਈ ਵਿਚੋਂ ਸਵਰਗ ਦੀ ਕਾਮਨਾ ਮਨ ਵਿਚ ਰੱਖ ਕੇ ਯਥਾ-ਸ਼ਕਤ ਦਾਨ ਕਰਦਾ ਰਹਿੰਦਾ ਸੀ। ਖੇਤੀ ਕਰਨ ਵਾਲੇ ਗਰੀਬ ਲੋਕ ਮੇਰੇ ਕੋਲੋਂ ਪੈਸਾ ਲੈ ਜਾਂਦੇ ਸਨ, ਛੇ ਮਹੀਨੇ ਬਾਅਦ ਫ਼ਸਲ ਆਉਣ ਤੇ ਵਾਪਸ ਕਰ ਜਾਂਦੇ ਸਨ। ਮੇਰੀ ਇਮਾਨਦਾਰੀ ਅਤੇ ਘੱਟ ਤੋਂ ਘੱਟ ਵਿਆਜ ਲੈਣ ਦੇ ਕਾਰਨ ਸਾਰੇ ਇਲਾਕੇ ਵਿਚ ਪ੍ਰੇਮ ਪਿਆਰ ਬਣਿਆ ਹੋਇਆ ਸੀ। ਇਕ ਦਫਾ ਗਰਮੀ ਦੇ ਦਿਨ ਸਨ, ਹਾੜ੍ਹੀ ਦੀ ਫ਼ਸਲ ਕੱਟ ਕੇ ਕਿਸਾਨ ਲੋਕ ਦਾਣੇ ਵਗੈਰਾ ਕੱਢਣ ਦਾ ਕੰਮ ਕਰ ਰਹੇ ਸਨ। ਹਾੜੀ ਸਾਉਣੀ ਛੇ ਮਹੀਨੇ ਬਾਅਦ ਹਿਸਾਬ ਕੀਤਾ ਜਾਂਦਾ ਸੀ, ਮੈਂ ਸੋਚਿਆ ਕਿਸਾਨ ਵਿਚਾਰੇ ਆਪਣੇ ਕੰਮ ਛੱਡ ਕੇ ਹਿਸਾਬ ਕਰਨ ਲਈ ਮੇਰੇ ਕੋਲ ਆਉਣ ਦਾ ਕਸ਼ਟ ਕਰਨਗੇ, ਕਿਉਂ ਨਾ ਮੈਂ ਹੀ ਉਥੇ ਜਾ ਕੇ ਹਿਸਾਬ ਕਰ ਆਵਾਂ ! ਦਿਨ ਨੂੰ ਗਰਮੀ ਬਹੁਤ ਪੈਂਦੀ ਸੀ, ਪੈਦਲ ਰਸਤੇ ਸਨ, ਇਸ ਲਈ ਕਿਸਾਨਾਂ ਦੀ ਸੁਖ ਸੁਵਿਧਾ ਨੂੰ ਮੁੱਖ ਰੱਖ ਕੇ ਅਤੇ ਦਿਨ ਨੂੰ ਗਰਮੀ ਦੇ ਕਸ਼ਟ ਤੋਂ ਬਚਣ ਲਈ ਬਹੀਆਂ ਖਾਤੇ ਵਗੈਰਾ ਨਾਲ ਲੈ ਕੇ ਪਹਿਰ ਦੇ ਤੜਕੇ ਮੈਂ ਘਰੋਂ ਚੱਲ ਪਿਆ ਤਾਂ ਕਿ ਧੁੱਪ ਚੜ੍ਹਨ ਤੋਂ ਪਹਿਲਾਂ ਪਹਿਲਾਂ ਵਾਪਸ ਘਰ ਆ ਜਾਉਂ। ਅੰਧੇਰੀ ਰਾਤ ਸੀ, ਮੈਂ ਪੈਦਲ ਤੁਰਿਆ ਜਾ ਰਿਹਾ ਸੀ, ਅੱਗੇ ਜਾ ਕੇ ਮੇਰੇ ਕੰਨ ਵਿਚ ਕਿਸੇ ਬੱਚੇ ਦੇ ਰੋਣ ਦੀ ਆਵਾਜ਼ ਪਈ। ਮੈਂ ਹੋਰ ਤੇਜ਼ੀ ਨਾਲ ਤੁਰਿਆ, ਅੱਗੇ ਜਾ ਕੇ ਕੀ ਦੇਖਿਆ, ਇਕ ਕਿਸਾਨ ਇਕ ਬੱਚੇ ਨੂੰ ਮਾਰ-ਕੁੱਟ ਰਿਹਾ ਸੀ। ਮੈਂ ਆਪਣੇ ਰਹਿਮ ਦਿਲ ਸੁਭਾਅ ਮੁਤਾਬਕ ਪੁੱਛਿਆ, ਇਸ ਬੱਚੇ ਨੂੰ ਕਿਉਂ ਮਾਰ ਰਿਹਾ ਹੈਂ ? ਕਿਸਾਨ ਬੋਲਿਆ, ਇਸ ਨੇ ਮੇਰੇ ਖੇਤ ਵਿੱਚੋਂ ਖਰਬੂਜ਼ਾ ਤੋੜ ਲਿਆ। ਮੈਂ ਕਿਹਾ ਕੋਈ ਗੱਲ ਨਹੀਂ ਤਾਂ ਕੀ ਹੋ ਗਿਆ ਜੇ ਇਕ ਖਰਬੂਜ਼ਾ ਤੋੜ ਲਿਆ, ਗਰੀਬ ਹੈ, ਬੱਚਾ ਹੈ। ਕਿਸਾਨ ਕੁਝ ਮੇਰੇ ਨਾਲ ਵੀ ਲਾਲ ਪੀਲਾ ਹੋਣ ਲੱਗਾ। ਮੈਂ ਕਿਹਾ, ਮੈਂ ਇਹ ਨਹੀਂ ਕਹਿੰਦਾ ਕਿ ਚੋਰੀ ਚੰਗੀ ਹੁੰਦੀ ਹੈ, ਮੇਰੇ ਕਹਿਣ ਦਾ ਮਤਲਬ ਇਸ ਬੱਚੇ ਨੇ ਗੁਨਾਹ ਛੋਟਾ ਕੀਤਾ ਹੈ, ਲੇਕਿਨ ਸਜ਼ਾ ਜ਼ਿਆਦਾ ਦੇ ਰਿਹਾ ਹੈਂ। ਮੇਰੇ ਦਖਲ ਦੇਣ ਤੇ ਕਿਸਾਨ ਹੋਰ ਭੜਕ ਉੱਠਿਆ। ਮੈਨੂੰ ਕ੍ਰੋਧ ਨਾਲ ਬੋਲਿਆ, ਤੈਨੂੰ ਚੋਰਾਂ ਨਾਲ ਅਗਰ ਹਮਦਰਦੀ ਹੈ ਤਾਂ ਖਰਬੂਜ਼ੇ ਮੁੱਲ ਲੈ ਕੇ ਖੁਆ ਦੇ। ਜੇ ਸੁੱਕੀ ਹਮਦਰਦੀ ਹੈ

ਤਾਂ ਤੁਰਦਾ ਬਣ, ਮੈਨੂੰ ਜ਼ਿਆਦਾ ਸਿਖਿਆ ਦੀ ਲੋੜ ਨਹੀਂ। ਕਿਸਾਨ ਨੂੰ ਮੈਂ ਪੁੱਛਿਆ, ਖਰਬੂਜ਼ਿਆਂ ਦੇ ਪੂਰੇ ਖੇਤ ਦਾ ਦੱਸ ਕੀ ਲੈਣਾ ਹੈ? ਉਸ ਸਮੇਂ ਮੰਦੇ ਭਾਅ ਸਨ, ਕਿਸਾਨ ਨੇ ਵੀਹ ਰੁਪਏ ਮੰਗੇ, ਮੈਂ ਜੇਬ ਵਿੱਚੋਂ ਕੱਢ ਕੇ ਦੇ ਦਿਤੇ। ਨਜ਼ਦੀਕ ਕਿ ਗਰੀਬ ਲੋਕਾਂ ਦੀ ਬਸਤੀ ਸੀ ਉਨ੍ਹਾਂ ਨੂੰ ਢੰਡੋਰਾ ਦੇ ਦਿਤਾ ਕਿ ਸਾਰੇ ਖਰਬੂਜ਼ੇ ਤੋੜ ਕੇ ਖਾ ਲਓ! ਹੇ ਸੇਠ! ਇਹ ਜੋ ਤੂੰ ਖਰਬੂਜ਼ਿਆਂ ਦੇ ਖੇਤ ਵੇਖ ਰਿਹਾ ਹੈਂ, ਇਹ ਸਭ ਮਾਤ ਲੋਕ ਵਿਚ ਮਨੁੱਖ ਸਰੀਰ ਰਾਹੀਂ ਬੀਜੇ ਵੀਹ ਰੁਪਈਆਂ ਦਾ ਹੀ ਫਲ ਹੈ, ਜੋ ਬਾਰਾਂ ਮਹੀਨੇ ਇਸੇ ਤਰ੍ਹਾਂ ਲੱਗੇ ਰਹਿੰਦੇ ਹਨ ਅਤੇ ਜੋ ਤੂੰ ਹੋਰ ਪਦਾਰਥ ਤੇ ਉਨ੍ਹਾਂ ਦੇ ਸੁੱਖ ਵੇਖ ਰਿਹਾ ਹੈਂ ਇਹ ਵੀ ਸਭ ਮਨੁੱਖ ਸਰੀਰ ਵਿਚ ਕੀਤੇ ਸਾਕਾਮ ਕਰਮਾਂ ਦਾ ਹੀ ਫ਼ਲ ਹੈ। ਸਵਰਗ ਵਿਚ ਇਤਨੇ ਜਿਸਮਾਨੀ ਸੁੱਖ ਹੋਣ ਦੇ ਬਾਵਜੂਦ ਵੀ ਮਨ ਅਸ਼ਾਂਤ ਰਹਿੰਦਾ ਹੈ, ਜਿਵੇਂ ਮਾਤ ਲੋਕ ਵਿਚ ਦਰਜਾ-ਬ-ਦਰਜਾ ਗਰੀਬ ਅਮੀਰ ਹੁੰਦੇ ਹਨ, ਇਸੇ ਤਰ੍ਹਾਂ ਪੁੰਨਾਂ ਦੇ ਹਿਸਾਬ ਨਾਲ ਸਵਰਗ ਵਿਚ ਵੀ ਉਚੇ ਨਵੀਂ ਹੁੰਦੇ ਹਨ। ਆਪਣੇ ਦਰਜੇ ਤੋਂ ਛੋਟਿਆਂ ਨੂੰ ਵੇਖ ਕੇ ਮਨ ਵਿਚ ਹੰਕਾਰ ਉਤਪੰਨ ਹੁੰਦਾ ਹੈ ਅਤੇ ਵੱਡਿਆਂ ਨੂੰ ਵੇਖ ਕੇ ਈਰਖਾ ਹੁੰਦੀ ਰਹਿੰਦੀ ਹੈ। ਇਸ ਲਈ ਮਨ ਹਰਖ਼ ਸ਼ੋਕ ਨਾਲ ਸੜਦਾ ਰਹਿੰਦਾ ਹੈ। ਦੂਸਰੀ ਗੱਲ, ਸਵਰਗ ਕੋਈ ਸਦੀਵੀ ਟਿਕਾਣਾ ਨਹੀਂ, ਪੁੰਨ ਖਤਮ ਹੋਣ ਤੇ ਫਿਰ ਨੀਚੇ ਗਿਰਾ ਦਿਤਾ ਜਾਵੇਗਾ, ਮਨੁਖ ਸਰੀਰ ਛੁੱਟਣ ਤੋਂ ਬਾਅਦ ਮੇਰੇ ਪੁੰਨਾਂ ਦੇ ਬਲ ਕਰਕੇ ਧਰਮ ਰਾਜਾ ਨੇ ਜਦ ਮੈਨੂੰ ਸਵਰਗ ਵਿਚ ਭੇਜਿਆ, ਤਾਂ ਮੇਰੇ ਗਲ ਵਿਚ ਪੰਜਾਹ ਫੁੱਲਾਂ ਦੀ ਮਾਲਾ ਪਹਿਨਾ ਦਿਤੀ ਗਈ, ਜਿਸਦਾ ਭਾਵ ਸੀ ਕਿ ਸਵਰਗ ਦੇ ਸਮੇਂ ਅਨੁਸਾਰ ਮੈਂ ਪੰਜਾਹ ਸਾਲ ਸਵਰਗ ਲੋਕ ਵਿਚ ਰਹਿ ਸਕਾਂ। ਇਕ ਸਾਲ ਗੁਜ਼ਰ ਜਾਣ ਤੇ ਇਕ ਫੁੱਲ ਮੁਰਝਾ ਜਾਂਦਾ ਹੈ। ਫੁੱਲ ਦੇ ਮੁਰਝਾਉਣ ਤੇ ਮਨ ਨੂੰ ਝਟਕਾ ਲਗਦਾ ਹੈ ਕਿ ਸਵਰਗ ਜੀਵਨ ਦਾ ਇਕ ਸਾਲ ਹੋਰ ਘੱਟ ਗਿਆ। ਇਸ ਤਰੀਕੇ ਸਵਰਗ ਲੋਕ ਦੇ ਪ੍ਰਤੀਤੀ ਮਾਤਰ ਸੁੱਖ ਭਾਵੇਂ ਜਿਆਦਾ ਭਾਸਦੇ ਹਨ, ਲੇਕਿਨ ਮਾਤ ਲੋਕ ਨਾਲੋਂ ਦੁੱਖ, ਕਿੰਚਤ ਮਾਤਰ ਵੀ ਘੱਟ ਨਹੀਂ ਹਨ। ਹੇ ਸੇਠ! ਮੇਰਾ ਮਨ ਹੁਣ ਬਾਰ-ਬਾਰ ਪਛਤਾ ਰਿਹਾ ਹੈ ਕਿ ਹੀਰੇ ਵਰਗਾ ਮਨੁੱਖ ਜਨਮ ਵੀ ਮਿਲਿਆ ਲੇਕਿਨ ਉਸ ਤੋਂ ਕੋਈ ਲਾਭ ਨਾ ਉਠਾਇਆ, ਬਲਕਿ ਕਉਡੀਆਂ ਦੇ ਬਦਲੇ ਗੁਆ ਦਿਤਾ। ਹੇ ਸੇਠ! ਕੀਹ ਮਾਤ ਲੋਕ ਅਤੇ ਕੀਹ ਸਵਰਗ ਦੇ ਸੁੱਖ, ਮੇਰੀ ਨਜ਼ਰ ਵਿਚ ਦੋਨੋਂ ਸਮਾਨ ਹਨ? ਗਲ ਵਿਚ ਸੰਗਲ ਭਾਵੇਂ ਲੋਹੇ ਦਾ ਹੋਵੇ ਜਾਂ ਸੋਨੇ ਦਾ, ਵਜ਼ਨ ਅਤੇ ਬੰਧਨ ਵਿਚ ਕੋਈ ਅੰਤਰ ਨਹੀਂ। ਹੁਣ ਮੇਰੇ ਮਨ ਵਿਚ ਬਾਰ-ਬਾਰ ਵਿਚਾਰ ਉਠਦੇ ਹਨ ਕਿ ਕਦ ਮਨੁੱਖ ਜਨਮ ਪ੍ਰਾਪਤ ਹੋਵੇ, ਤਾਂ ਨਿਸ਼ਕਾਮ ਹੋ ਕੇ ਪਰਮੇਸ਼ਰ ਦਾ ਭਜਨ ਕਰਕੇ ਜਨਮ ਮਰਨ ਅਤੇ ਹਰਖ਼ ਸ਼ੋਕ ਆਦਿ ਦੇ ਤਮਾਮ ਦੁੱਖਾਂ ਤੋਂ ਛੁਟਕਾਰਾ ਹਾਸਲ ਕਰ ਲਵਾਂ। ਪ੍ਰੰਤੂ ਇਹ ਨਹੀਂ ਪਤਾ ਕਿ ਮਾਤ ਲੋਕ ਅਤੇ ਮਨੁੱਖ ਸਰੀਰ ਨੂੰ ਪ੍ਰਾਪਤ ਕਰਨ ਵਾਲੀ ਸੁਭਾਗੀ ਘੜੀ ਹੁਣ ਪ੍ਰਾਪਤ ਹੋਵੇਗੀ ਵੀ ਕਿ ਨਹੀਂ? ਇਸ ਲਈ ਮੈਂ ਆਖਿਆ ਸੀ, ਧੰਨ ਮਾਤ ਲੋਕ ਅਤੇ ਧੰਨ ਮਾਣਸ ਦੇਹੀ। ਸੇਠ ਨੇ ਪੁੱਛਿਆ, ਕੀ ਇਥੇ ਨਿਸ਼ਕਾਮ ਹੋ ਕੇ ਪਰਮੇਸ਼ਰ ਦਾ ਭਜਨ ਨਹੀਂ ਕੀਤਾ ਜਾ ਸਕਦਾ? ਦੇਵਤਾ ਬੋਲੇ ਸੇਠ ਜੀ! ਇਕ ਸਵਰਗ ਲੋਕ ਕੀ, ਬ੍ਰਹਮ ਲੋਕ ਆਦਿ ਉਪਰਲੇ ਲੋਕ ਅਤੇ ਮਨੁੱਖ ਤੋਂ ਬਗੈਰ ਚੁਰਾਸੀ ਲੱਖ ਜੀਵ-ਜੰਤੂ ਸਭ ਭੋਗ ਜੂਨੀਆਂ ਹਨ, ਇਸ ਲਈ ਕਿਸੇ ਨੂੰ ਵੀ ਨਵਾਂ ਕਰਮ ਕਰਨ ਦਾ ਅਧਿਕਾਰ ਨਹੀਂ। ਮਾਤ ਲੋਕ ਵਿਚ ਇਕ ਮਨੁੱਖ ਸਰੀਰ ਹੀ ਐਸਾ ਹੈ ਜੋ ਆਪਣੇ ਮੰਦ ਕਰਮਾਂ ਦੁਆਰਾ ਨਰਕ ਆਦਿਕ ਅਤੇ ਨਖਿੱਧ ਜੂਨੀਆਂ ਦੇ ਅਨੇਕਾਂ ਦੁੱਖਾਂ ਦਾ ਭਾਗੀ ਬਣਦਾ ਹੈ, ਅਤੇ ਮਨੁੱਖ ਹੀ ਹੈ ਜੋ ਸਾਕਾਮ ਕਰਮਾਂ ਦੁਆਰਾ ਉਪਰਲੇ ਲੋਕ ਸਵਰਗ ਆਦਿ ਵਿਚ ਪ੍ਰਵੇਸ਼ ਕਰ ਸਕਦਾ ਹੈ। ਹੇ ਸੇਠ! ਮਨੁੱਖ ਹੀ ਹੈ ਜੋ ਸਤਿਸੰਗ ਅਤੇ ਵਿਵੇਕ ਬਲ ਦੁਆਰਾ ਪੁਰਸ਼ਾਰਥ ਕਰਕੇ ਅਨੰਦਾ ਸਾਗਰ ਵਾਹਿਗੁਰੂ ਵਿਚ ਸਦਾ ਲਈ ਸਮਾ ਕਰਦਾ ਹੈ। ਸੇਠ ਨੇ ਪੁੱਛਿਆ, ਕੋਈ ਪ੍ਰਮਾਣ ਹੈ? ਦੇਵਤਾ; ਹਾਂ! ਦੇਖੋ ਗੁਰੂ ਨਾਨਕ ਦੇਵ ਜੀ ਇਸ ਮਾਤ ਲੋਕ ਰੂਪੀ ਧਰਮ ਖੰਡ ਦਾ ਹੀ ਵਰਨਣ ਕਰ ਰਹੇ ਹਨ—

ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥ ਤਿਸੁ ਵਿਚ ਜੀਅ ਜੁਗਤਿ ਕੇ ਰੰਗ॥
ਤਿਨ ਕੇ ਨਾਮ ਅਨੇਕ ਅਨੰਤ॥ ਕਰਮੀ ਕਰਮੀ ਹੋਇ ਵਿਚਾਰੁ।
ਸਚਾ ਆਪਿ ਸਚਾ ਦਰਬਾਰੁ॥ ਤਿਥੈ ਸੋਹਨਿ ਪੰਚ ਪਰਵਾਣੁ॥
ਨਦਰੀ ਕਰਮਿ ਪਵੈ ਨੀਸਾਣੁ॥ ਕਚ ਪਕਾਈ ਓਥੈ ਪਾਇ॥
ਨਾਨਕ ਗਇਆ ਜਾਪੈ ਜਾਇ॥ ਧਰਮ ਖੰਡ ਕਾ ਏਹੋ ਧਰਮੁ॥

*(ਜਪੁਜੀ ਸਾਹਿਬ, ਪੰਨਾ—੭)*

ਅਰਥ — ਉਪਰ ਆਕਾਸ਼ ਹਨ, ਦੁਆਲੇ ਹਵਾ, ਹੇਠਾਂ ਪਾਤਾਲ ਹਨ, ਵਿਚਕਾਰ ਇਹ ਮਾਤ ਲੋਕ ਦੀ ਧਰਤੀ ਹੈ, ਇਸ ਦੇ ਉੱਪਰ ਅਗਨੀ ਅਤੇ ਪਾਣੀ ਹਨ, ਇਸ ਧਰਤੀ ਵਿਚ ਰਾਤਾਂ, ਰੁੱਤਾਂ ਅਤੇ ਥਿੱਤਾਂ ਹਨ, ਭਾਵ ਇਥੋਂ ਦਾ ਪ੍ਰਬੰਧ ਚਲਾਉਣ ਲਈ ਪਰਮੇਸ਼ਰ ਨੇ ਕਾਲ ਗਤੀ ਰਚ ਕੇ ਇਸ ਧਰਤੀ ਨੂੰ ਧਰਮ ਕਮਾਉਣ ਦਾ ਸਥਾਨ ਸਥਾਪਿਤ ਕੀਤਾ। ਇਸ ਧਰਤੀ ਤੇ ਰਹਿਣ ਵਾਲੇ ਜੀਵਾਂ ਨੂੰ ਕਰਮ ਕਰਨਹਾਰ ਦੱਸਿਆ ਹੈ। ਇਸ ਲਈ ਧਰਮਸਾਲ ਜਾਂ ਧਰਮ ਖੰਡ ਵਰਨਣ ਕੀਤਾ ਹੈ। ਧਰਮ ਨਾਮ ਹੈ ਐਸੀਆਂ ਕਰਨੀਆਂ ਦਾ ਜੋ ਸੰਸਾਰ ਵਿਚ ਸ਼ੁੱਭ ਹੋਣ ਤੇ ਜੱਸ ਦਾ ਕਾਰਨ ਬਨਣ ਅਤੇ ਪ੍ਰਲੋਕ ਵਿਚ ਸਦਗਤੀ ਦੇਣ। ਇਸ ਅੱਧੀ ਪਉੜੀ ਵਿਚ ਦਸਿਆ ਹੈ ਕਿ ਜੀਵਾਂ ਦੀ ਵੀਚਾਰ, ਭਾਵ ਉਨ੍ਹਾਂ ਦੇ ਕੀਤੇ ਕਰਮਾਂ ਦੀ ਜਾਂਚ ਪੜਤਾਲ ਆਪੋ ਆਪਣੇ ਕਰਮਾਂ ਅਨੁਸਾਰ ਹੁੰਦੀ ਹੈ, ਕਿੱਥੇ ਹੁੰਦੀ ਹੈ ? ਤਾਂ ਅਗਲੀ ਅੱਧੀ ਪਉੜੀ ਵਿੱਚ ਫਰਮਾਉਂਦੇ ਹਨ ਕਿ ਸਰੀਰ ਤਿਆਗ ਜਾਣ ਤੋਂ ਬਾਅਦ — **ਨਾਨਕ ਗਇਆ ਜਾਪੈ ਜਾਇ॥** ਜਿੱਥੇ ਸੱਚਾ ਵਾਹਿਗੁਰ ਆਪ ਹੈ ਅਤੇ ਉਸ ਦਾ ਦਰਬਾਰ ਹੈ—**ਸਚਾ ਆਪਿ ਸਚਾ ਦਰਬਾਰ॥** ਉਥੇ ਜੀਵਾਂ ਦੇ ਕੀਤੇ ਕਰਮਾਂ ਅਤੇ ਕਮਾਏ ਧਰਮਾਂ ਦੀ ਕਚਿਆਈ ਪਕਿਆਈ ਦੀ ਜਾਂਚ ਪੜਤਾਲ ਹੁੰਦੀ ਹੈ। ਉੱਥੇ ਸੁਭਾਇਮਾਨ ਕੌਣ ਹੁੰਦੇ ਹਨ ? ਉੱਤਰ ਹੈ—**ਪੰਚ ਪਰਵਾਣੁ॥** ਜਿਨ੍ਹਾਂ ਤੇ ਮਿਹਰ ਦ੍ਰਿਸ਼ਟੀ ਵਾਲੇ ਦੀ ਬਖਸ਼ਿਸ਼ ਨਾਲ ਨਿਸ਼ਾਨ ਪੈਂਦਾ ਹੈ। ਹੁਣ ਕਾਲ ਚੱਕਰ ਇਨ੍ਹਾਂ ਤੇ ਨਹੀਂ ਪੈ ਸਕਦਾ—**ਬਖਸਿ ਲੀਏ ਨਾਹੀ ਜਮਕਾਣੇ॥** ਦੇਵਤਾ ਤੋਂ ਐਸਾ ਉਪਦੇਸ਼ ਸੁਣ ਕੇ, ਸੇਠ ਆਪ ਮੁਹਾਰੇ ਬੋਲ ਉਠਿਆ—

**ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ॥**
**ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ॥**
**ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ॥ ਰਹਾਉ॥**
**ਸੁਪਨੇ ਜਿਉ ਧਨੁ ਪਛਾਨੁ ਕਾਹੇ ਪਰਿ ਕਰਤ ਮਾਨੁ॥**
**ਬਾਰੂ ਕੀ ਭੀਤਿ ਜੈਸੇ ਬਸੁਧਾ ਕੋ ਰਾਜੁ ਹੈ॥**

*(ਰਾਗੁ ਜੈਜਾਵੰਤੀ ਮ: ੯, ਪੰਨਾ-੧੩੫੨)*

ਯਥਾ — **ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ॥**
**ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ॥**
**ਇਹ ਬਿਧਿ ਕੋ ਬਿਉਹਾਰੁ ਬਨਿਓ ਹੈ ਜਾ ਸਿਉ ਨੇਹੁ ਲਗਾਇਓ॥**
**ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ॥**

*(ਸੋਰਠਿ ਮ: ੯, ਪੰਨਾ-੬੩੪)*

ਯਥਾ — **ਪੁਤ੍ਰ ਕਲਤ੍ਰ ਗਿਰਸਤ ਕਾ ਫਾਸਾ॥**
**ਹੋਨੁ ਨ ਪਾਈਐ ਰਾਮ ਕੇ ਦਾਸਾ॥**

*(ਗਉੜੀ ਗੁਆਰੇਰੀ ਮ: ੫, ਪੰਨਾ—੧੮੦)*

ਯਥਾ — **ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮਤ ਅਰੁ ਭਾਈ॥**
**ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ॥**
**ਮੁਕਤਿ ਮਾਲ ਕਨਿਕ ਲਾਲ ਹੀਰਾ ਮਨ ਰੰਜਨ ਕੀ ਮਾਇਆ॥**
**ਹਾ ਹਾ ਕਰਤ ਬਿਹਾਨੀ ਅਵਧਹਿ ਤਾ ਮਹਿ ਸੰਤੋਖੁ ਨ ਪਾਇਆ॥**
**ਹਸਤਿ ਰਥ ਅਸ੍ਵ ਪਵਨ ਤੇਜ ਧਣੀ ਭੂਮਨ ਚਤੁਰਾਂਗਾ॥**
**ਸੰਗਿ ਨ ਚਾਲਿਓ ਇਨ ਮਹਿ ਕਛੂਐ ਉਠਿ ਸਿਧਾਇਓ ਨਾਂਗਾ॥**
**ਹਰਿ ਕੇ ਸੰਤ ਪ੍ਰਿਅ ਪ੍ਰੀਤਮ ਪ੍ਰਭ ਕੇ ਤਾ ਕੈ ਹਰਿ ਹਰਿ ਗਾਈਐ॥**
**ਨਾਨਕ ਈਹਾ ਸੁਖੁ ਆਗੈ ਮੁਖ ਊਜਲ ਸੰਗਿ ਸੰਤਨ ਕੈ ਪਾਈਐ॥**

*(ਜੈਤਸਰੀ ਮ: ੫, ਪੰਨਾ-੭੦੦)*

ਇਤਿਆਦਿਕ ਗੁਰੂ ਵਾਕਾਂ ਦੀ ਵਿਚਾਰ ਨੇ ਸੇਠ ਦੇ ਮਨ ਤੇ ਬਿਜਲੀ ਵਤ ਅਸਰ ਕੀਤਾ, ਸੋਚਣ ਲੱਗਿਆ, ਪਰਮੇਸ਼ਰ ਦੀ ਕਿਰਪਾ ਨਾਲ ਸੰਤਾਂ ਦਾ ਮਿਲਾਪ ਵੀ ਹੋਇਆ, ਲੇਕਿਨ ਮੰਦੇ ਭਾਗਾਂ ਦੀ ਨਿਸ਼ਾਨੀ ਮਹਾਂਪੁਰਖਾਂ ਤੋਂ ਕੂੜ ਹੀ ਮੰਗਿਆ।

ਯਥਾ — **ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥**

*(ਆਸਾ ਦੀ ਵਾਰ, ਪੰਨਾ-੪੬੮)*

ਸੇਠ ਨੇ ਬੈਰਾਗ ਦੇ ਯੁਕਤ ਹੋ ਕੇ ਮਹਾਂਪੁਰਖਾਂ ਤੋਂ ਉਪਦੇਸ਼ ਲੈ ਕੇ ਕਮਾਈ ਸਾਧਨਾਂ ਦੁਆਰਾ ਮਨੁੱਖ ਜਨਮ ਨੂੰ ਸਫਲਾ ਕੀਤਾ।

## ਮਾਤਲੋਕ ਵਿਚ ਭਾਰਤ-ਖੰਡ ਦੀ ਵਿਸ਼ੇਸ਼ਤਾ

ਉਪਰੋਕਤ ਵਿਚਾਰ ਤੋਂ ਸਪੱਸ਼ਟ ਹੋਇਆ ਕਿ ਸਵਰਗ ਆਦਿ ਉਪਰਲੇ ਲੋਕਾਂ ਦੀ ਨਿਸਬਤ ਮਾਨੋ ਮਾਤਲੋਕ ਸ੍ਰੇਸ਼ਟ ਹੈ। ਫਿਰ ਮਾਤਲੋਕ ਵਿੱਚ ਵੀ ਬਹੁਤ ਦੇਸ਼ ਹਨ, ਭਾਵੇਂ ਕਰਤਾਰ ਦੀ ਰਚਨਾ ਹੋਣ ਕਰਕੇ ਸਭ ਦੇਸ਼ ਅਤੇ ਉਥੋਂ ਦੇ ਵਸਨੀਕ ਆਪਣੀ-ਆਪਣੀ ਜਗਾ ਅੱਛੇ ਹਨ।

**ਆਪਿ ਸਤਿ ਕੀਆ ਸਭੁ ਸਤਿ॥**

*(ਸੁਖਮਨੀ ਸਾਹਿਬ, ਪੰਨਾ-੨੮੪)*

ਯਥਾ — **ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮਾਰੇ॥**

*(ਆਸਾ ਮ: ੫, ਪੰਨਾ-੩੮੩)*

ਲੇਕਿਨ ਕਿਸੇ ਵੀ ਕਾਰਜ ਦੀ ਸਫਲਤਾ ਤਦ ਹੀ ਸੰਭਵ ਹੈ ਜਦੋਂ ਪ੍ਰਸਥਿਤੀਆਂ ਅਨੁਕੂਲ ਹੋਣ ਅਤੇ ਵਾਯੂਮੰਡਲ ਸੁਗੰਧਤ ਅਤੇ ਸਹਾਇਕ ਹੋਵੇ। ਇਸ ਲਈ ਭਜਨ ਸਿਮਰਨ ਦੁਆਰਾ ਮਨੁੱਖ ਜਨਮ ਦੀ ਸਫਲਤਾ ਵਾਸਤੇ ਸਾਰੇ ਮਾਤਲੋਕ ਨਾਲੋਂ ਭਾਰਤ-ਖੰਡ ਜ਼ਿਆਦਾ ਸ੍ਰੇਸ਼ਟ ਹੈ, ਕਿਉਂਕਿ ਭਾਰਤਵਰਸ਼ ਦੀ ਪਾਵਨ ਭੂਮੀ ਤੇ ਹੀ ਚਾਰਾਂ ਯੁਗਾਂ ਦੇ ਅਵਤਾਰਾਂ ਨੇ ਪ੍ਰਗਟ ਹੋ ਕੇ ਇਥੋਂ ਦੇ ਵਾਯੂ-ਮੰਡਲ ਨੂੰ ਭਗਤੀ ਅਤੇ ਗਿਆਨ ਦੇ ਚਰਾਗ ਦੁਆਰਾ ਰੋਸ਼ਨ ਕੀਤਾ ਅਤੇ ਮਨੁੱਖ ਜਨਮ ਦੀ ਸਫਲਤਾ ਰੂਪੀ ਮਹਿਕ ਖਿਲਾਰੀ।

## ਭਾਰਤ-ਖੰਡ ਵਿਚ ਪੰਜਾਬ ਦੀ ਵਿਸ਼ੇਸ਼ਤਾ

ਸਮੁੱਚੇ ਮਾਤ ਲੋਕ ਨਾਲੋਂ ਪ੍ਰਭੂ ਭਗਤੀ ਦੇ ਬੀਜ ਜ਼ਿਆਦਾ ਹੋਣ ਕਰਕੇ ਭਾਰਤ ਵਰਸ਼ ਦੀ ਭਾਵੇਂ ਆਪਣੀ ਮਹਾਨਤਾ ਹੈ, ਲੇਕਿਨ ਪੰਜਾਬ ਦੀ ਧਰਤੀ ਇਸ ਤੋਂ ਵੀ ਵੱਧ ਭਾਗਸ਼ਾਲੀ ਹੈ ਕਿਉਂਕਿ ਇਥੇ ਹੀ ਮੁਲਤਾਨ ਦੇ ਇਲਾਕੇ ਵਿੱਚ ਸਤਿਯੁਗ ਦੇ ਸਮੇਂ ਬਾਵਨ ਅਵਤਾਰ ਪ੍ਰਗਟ ਹੋਏ ਅਤੇ ਪਟਿਆਲਾ ਜ਼ਿਲ੍ਹੇ ਦੇ ਘੜਾਮ ਨਗਰ ਨੂੰ ਤ੍ਰੇਤੇ ਯੁਗ ਦੇ ਅਵਤਾਰ ਭਗਵਾਨ ਰਾਮਚੰਦਰ ਜੀ ਦਾ ਨਾਨਕਾ ਨਗਰ ਹੋਣ ਦਾ ਮਾਨ ਪ੍ਰਾਪਤ ਹੈ ਅਤੇ ਤ੍ਰੇਤੇ ਯੁਗ ਵਿੱਚ ਹੀ ਸੱਤਿਆਵਤੀ ਸੀਤਾ ਜੀ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਅੱਠ ਕਿਲੋਮੀਟਰ ਦੂਰ ਰਾਮ ਤੀਰਥ ਵਾਲੀ ਜਗ੍ਹਾ ਤੇ ਤਪ ਸਾਧਨਾ ਕੀਤੀ ਅਤੇ ਇਸ ਪਵਿੱਤਰ ਜਗ੍ਹਾ ਤੇ ਹੀ ਬੇਦੀ ਅਤੇ ਸੋਢੀ ਦੋ ਉੱਤਮ ਕੁਲਾਂ ਦੇ ਵਡੇਰੇ ਲਵ ਅਤੇ ਕੁਸ਼ ਪ੍ਰਗਟ ਹੋਏ।

ਦੁਆਪੁਰ ਯੁਗ ਵਿੱਚ ਭਗਵਾਨ ਕ੍ਰਿਸ਼ਨ ਵੱਲੋਂ ਮਹਾਂਭਾਰਤ ਦੀ ਲੀਲਾ ਰਚਕੇ ਪ੍ਰਾਣੀ ਮਾਤਰ ਦੇ ਉਧਾਰ ਲਈ ਗੀਤਾ ਦੇ ਉਪਦੇਸ਼ ਦਾ ਉਚਾਰਨ ਵੀ ਇਸ ਖੁਸ਼ਨਸੀਬ ਧਰਤੀ ਤੇ ਹੀ ਹੋਇਆ।

ਕਲਯੁੱਗ ਦੇ ਸਮੇਂ ਵਿਚ ਅਕਾਲ ਪੁਰਖ ਵਾਹਿਗੁਰੂ ਨੇ ਆਪਣੇ-ਆਪ ਨੂੰ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਰੂਪ ਵਿਚ ਪ੍ਰਗਟ ਕੀਤਾ, ਫਿਰ ਦਸ ਜਾਮੇਂ ਧਾਰਣ ਕਰਕੇ ਜੋ ਮਹਿਕ ਖਿਲਾਰੀ ਉਹ ਅਕਥਨੀਯ ਹੈ, ਅਰਥਾਤ ਜ਼ਬਾਨ ਦਾ ਵਿਸ਼ਾ ਹੀ ਨਹੀਂ।

ਪੰਜਵੇਂ ਜਾਮੇ ਵਿੱਚ ਕਲਯੁਗੀ ਜੀਵਾਂ ਦੇ ਤਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਜਹਾਜ਼ ਦੀ ਰਚਨਾ ਕਰਕੇ ਹੋਰ ਵੀ ਮਹਾਨ ਪਰਉਪਕਾਰ ਕੀਤਾ। ਹਿੰਦੂ ਧਰਮ ਦੀ ਰੱਖਿਆ ਹਿੱਤ ਆਪ ਨੇ ਸੀਸ ਹੀ ਨਹੀਂ ਦਿੱਤੇ, ਸਗੋਂ ਸਰਬੰਸ

ਦਾ ਬਲੀਦਾਨ ਦੇ ਕੇ ਕੇਵਲ ਪੰਜਾਬ ਹੀ ਨਹੀਂ ਬਲਕਿ ਸਾਰੇ ਭਾਰਤ ਵਰਸ਼ ਦੇ ਬੱਚੇ-ਬੱਚੇ ਨੂੰ ਅਹਿਸਾਨ ਮੰਦ ਬਣਾਇਆ। ਇਸ ਧਰਤੀ ਨੂੰ ਹੀ ਰਾਜਾ ਬਲ ਅਤੇ ਦਾਨਵੀਰ ਕਰਨ ਵਰਗਿਆਂ ਦੀ ਕਰਮ ਭੂਮੀ ਅਖਵਾਉਣ ਦਾ ਮਾਣ ਪ੍ਰਾਪਤ ਹੈ। ਹਿੰਦੋਸਤਾਨ ਦੇ ਵਸਨੀਕਾਂ ਦੀ ਅਨਾਜ ਪੱਖੋਂ ਭੁੱਖ ਦੂਰ ਕਰਨ ਲਈ ਤਾਂ ਮਾਨੋ ਪੰਜਾਬ ਮੋਦੀਖਾਨਾ ਹੈ। ਇਸ ਲਈ ਪੰਜਾਬ ਦੀ ਪਵਿੱਤਰ ਭੂਮੀ ਦੀ ਮਹਾਨਤਾ ਭਾਰਤਵਰਸ਼ ਦੇ ਮੁਕਾਬਲੇ ਵਿੱਚ ਕਿਤੇ ਜ਼ਿਆਦਾ ਹੈ।

## ਪੰਜਾਬ ਵਿੱਚ ਮਾਲਵਾ ਦੇਸ਼ ਦੀ ਵਿਸ਼ੇਸ਼ਤਾ

ਪੰਜਾਬ ਦੀ ਪਵਿੱਤਰ ਤੇ ਸੁਹਾਵਣੀ ਬਾਗਾਂ ਅਤੇ ਜੰਗਲਾਂ ਨਾਲ ਸਰਸਬਜ਼, ਨਦੀ ਨਾਲੇ ਅਤੇ ਨਹਿਰਾਂ ਦੀ ਸੁੰਦਰ ਰਚਨਾ ਵਾਲੀ ਪੱਧਰੀ ਅਤੇ ਉਪਜਾਊ ਜ਼ਮੀਨ ਦੀ ਹਿੱਕ ਤੇ ਅੰਨ ਦੀ ਖਾਨ ਮਾਲਵਾ ਦੇਸ਼ ਹੈ। ਇਸ ਮਾਲਵੇ ਦੇਸ਼ ਇਵਚ ਜਿਥੇ ਬ੍ਰਹਮਗਿਆਨੀਆਂ, ਵਿਦਵਾਨਾਂ, ਸੰਤਾਂ, ਮਹੰਤਾਂ, ਯੋਧਿਆਂ, ਸੂਰਬੀਰਾਂ ਨੇ ਆਪਣੀ ਮਹਿਕ ਖਿਲਾਰੀ, ਉਥੇ ਸੱਤਵੇਂ ਪਾਤਸ਼ਾਹ ਅਤੇ ਦਸਵੇਂ ਸਤਿਗੁਰਾਂ ਨੇ ਖੁਸ਼ੀਆਂ ਵਿੱਚ ਆਕੇ ਮਾਲਵੇ ਦੀ ਇਸ ਪਵਿੱਤਰ ਭੂਮੀ ਨੂੰ ਬੇਅੰਤ ਵਰਦਾਨ ਦੇ ਕੇ ਮਾਲਾ-ਮਾਲ ਕਰ ਦਿੱਤਾ। ਇਸ ਪਵਿੱਤਰ ਦੇਸ਼ ਮਾਲਵਾ ਦੇ ਮੱਧ ਵਿਚਕਾਰ ਸਥਿਤ ਰਿਆਸਤ ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਨ ਨੇ ਕਲਗੀਧਰ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਲਈ ਸਰਹੰਦ ਵਿਚ 'ਹਾ' ਦਾ ਨਾਅਰਾ ਮਾਰਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਤੋਂ ਆਪਣੇ ਸ਼ਹਿਰ ਮਲੇਰਕੋਟਲਾ ਨੂੰ ਚਿਰੰਜੀਵੀ ਹੋਣ ਦਾ ਵਰਦਾਨ ਪ੍ਰਾਪਤ ਕੀਤਾ।

## ਮਾਲਵੇ ਦਾ ਕੁਝ ਪੁਰਾਤਨ ਇਤਿਹਾਸ

ਮਹਾਂਭਾਰਤ ਦੇ ਯੁੱਧ ਵਿੱਚ ਅਠਾਰਾਂ ਖੂਹਣੀਆਂ ਅਰਥਾਤ ਸਵਾ ਅਰਬ ਬੰਦਾ ਮਾਰਿਆ ਗਿਆ। ਇਕ ਤਰ੍ਹਾਂ ਨਾਲ ਪੁਰਾਤਨ ਵੰਸ਼ਾਂ ਦਾ ਨਾਸ ਹੀ ਹੋ ਗਿਆ। ਸਾਰਾ ਦੇਸ਼ ਉਜੜ-ਪੁਜੜ ਗਿਆ, ਕੰਗਾਲੀ ਨੇ ਪੈਰ ਜਮਾ ਲਏ, ਟਾਵਾਂ-ਟਾਵਾਂ ਬੰਦਾ ਇਸ ਦੇਸ਼ ਵਿਚ ਬਾਕੀ ਬਚਿਆ। ਪਰਮੇਸ਼ਰ ਦੇ ਇਲਾਹੀ ਕਾਨੂੰਨ ਮੁਤਾਬਿਕ ਜਿਵੇਂ ਹਰ ਪਤਝੜ ਕਿਸੇ ਬਸੰਤ ਰੁੱਤ ਦੀ ਦਾਤੀ ਹੁੰਦੀ ਹੈ, ਇਸੇ ਪ੍ਰਕਾਰ ਨਵੇਂ ਵੰਸ਼ ਸਾਜਨ ਲਈ ਹੀ ਸ਼ਾਇਦ ਪ੍ਰਮੇਸ਼ਰ ਵੱਲੋਂ ਇਹ ਮਹਾਂਭਾਰਤ ਦੀ ਖੇਡ ਖੇਡੀ ਗਈ ਸੀ।

ਯੁੱਧ ਦੀ ਸਮਾਪਤੀ ਤੋਂ ਬਾਅਦ ਮਹਾਰਾਜਾ ਯੁਧਿਸ਼ਟਰ ਨੇ ਛੱਤੀ ਸਾਲ ਬਹੁਤ ਧਰਮ ਦਾ ਰਾਜ ਕੀਤਾ, ਫਿਰ ਆਪਣੇ ਪੋਤਰੇ ਪ੍ਰੀਸ਼ਦ ਨੂੰ ਰਾਜ ਭਾਗ ਸੰਭਾਲ ਕੇ ਆਪ ਸਮੇਤ ਦਰੋਪਦੀ ਅਤੇ ਭਰਾਵਾਂ ਦੇ ਹਿਮਾਲੀਆ ਪਰਬਤ ਵੱਲ ਚਲੇ ਗਏ ਜਿਥੇ ਬਰਫਾਂ ਵਿੱਚ ਗਲ ਕੇ ਸਵਰਗ ਪੁਰੀ ਨੂੰ ਪਧਾਰ ਗਏ। ਸੋਨੀਪਤ ਸ਼ਹਿਰ ਵੀ ਇਸੇ ਧਰਮੀ ਰਾਜੇ ਨੇ ਆਬਾਦ ਕੀਤਾ। ਉਸ ਤੋਂ ਬਾਅਦ ਸੱਠ ਵਰਸ਼ ਪ੍ਰੀਸ਼ਦ ਨੇ ਧਰਮ ਦਾ ਰਾਜ ਕੀਤਾ, ਤੇ ਤੱਖੀ ਨਾਗ ਦੇ ਡੱਸਣ ਨਾਲ ਪਰਲੋਕ ਸਿਧਾਰ ਗਿਆ। ਉਸ ਤੋਂ ਬਾਅਦ ਉਸ ਦੇ ਪੁੱਤਰ ਜਨਮੇਜੇ ਨੂੰ ਰਾਜ ਤਿਲਕ ਹੋਇਆ, ਜੋ ਚੌਰਾਸੀ ਵਰਸ਼ ਰਾਜ ਦੇ ਸੁੱਖ ਭੋਗ ਕੇ ਸਰੀਰ ਤਿਆਗ ਗਿਆ। ਜਨਮੇਜੇ ਤੋਂ ਬਾਅਦ ਉਸਦਾ ਪੁੱਤਰ *ਸਤਾਨੀਕ ਅਸਮੰਧ* ਰਾਜ ਤਖਤ ਤੇ ਬੈਠਿਆ। ਜਨਮੇਜੇ ਦੀ ਇਕ ਦੂਸਰੀ ਰਾਣੀ *ਰਜ਼ੀਆ* ਨਾਮ ਧੋਬਣ ਸੀ। ਉਸ ਦੇ ਪੁੱਤਰ ਅਜੈ ਸਿੰਘ ਨੇ ਆਪਣੇ ਮਤ੍ਰੇਏ ਭਾਰਾਵਾਂ *ਸਤਾਨੀਕ ਅਸਮੰਧ* ਅਤੇ ਅਸਮੇਧਾਨ ਨੂੰ ਮਾਰ ਕੇ ਪ੍ਰੀਸ਼ਦ-ਗੜ ਜ਼ਿਲ੍ਹਾ ਮੇਰਠ ਦਾ ਰਾਜ ਸੰਭਾਲ ਲਿਆ। ਉਸ ਦੀ ਭੱਟਾਂ ਨੇ ਰਜ਼ੀਆ ਪੂਤ ਕਹਿ ਕੇ ਵਡਿਆਈ ਕੀਤੀ। ਸਮਾਂ ਪਾ ਕੇ ਰਜ਼ੀਆ ਪੂਤ ਨਾਮ ਵਿਗੜਕੇ ਰਾਜਪੂਤ ਨਾਮ ਪ੍ਰਸਿੱਧ ਹੋ ਗਿਆ, ਉਸ ਦੇ ਰਾਜ ਦਰਬਾਰੀਆਂ ਨੇ ਵੀ ਆਪਣੇ ਆਪ ਨੂੰ ਰਾਜਪੂਤ ਅਖਵਾਉਣਾ ਸ਼ੁਰੂ ਕਰ ਦਿੱਤਾ। ਇਸ ਪ੍ਰਕਾਰ ਸਮਾਂ ਪਾ ਕੇ ਪਾਂਡਵ ਕੁਲ ਦੀ ਥਾਂ ਰਾਜਪੂਤ ਕੁਲ ਪ੍ਰਚੱਲਤ ਹੋ ਗਈ। ਪੁਸ਼ਤ-ਦਰ-ਪੁਸ਼ਤ ਇਹੋ ਕੁਲ ਸੋਲਾਂ ਸੌ ਚੁਰੰਜਾ ਵਰਸ਼ ਤੱਕ ਰਾਜ ਕਰਦੀ ਰਹੀ।

ਇਤਨੇ ਸਮੇਂ ਵਿੱਚ ਤੀਹ ਰਾਜਿਆਂ ਨੇ ਰਾਜ ਕੀਤਾ। ਇਸ ਕੁੱਲ ਦੇ ਸਭ ਤੋਂ ਅਖੀਰਲੇ ਰਾਜਾ ਖਮਨ ਨੇ ਐਸ਼ ਆਰਾਮ ਵਿੱਚ ਰਾਜ ਕਾਜ ਛੱਡ ਦਿੱਤਾ। ਇਸਦਾ ਇਕ ਮੰਤਰੀ ਸੀ ਬਸਰਬਾ ਉਸਨੇ ਖਮਨ ਨੂੰ ਮਾਰ ਕੇ ਰਾਜ ਭਾਗ ਸੰਭਾਲ ਲਿਆ। ਉਸ ਸਮੇਂ ਤੋਂ ਬਾਅਦ ਮੁਲਕ ਵਿੱਚ ਹੱਫੜਾ-ਤਫੜੀ ਮੱਚ ਗਈ। ਨਾਮਧਰੀਕ ਰਾਜਪੂਤਾਂ ਨੇ ਘਟੀਆ ਕੰਮ ਕਰਨੇ ਸ਼ੁਰੂ

ਕਰ ਦਿੱਤੇ। ਇਸ ਹਾਲਤ ਵਿੱਚ ਪਰਜਾ ਦਾ ਦੁਖੀ ਹੋਣਾ ਸੁਭਾਵਕ ਹੀ ਸੀ। ਦੇਸ਼ ਵਿੱਚ ਹਾ-ਹਾ ਕਾਰ ਮੱਚੀ ਦੇਖ ਕੇ ਬ੍ਰਾਹਮਣਾਂ ਨੇ ਰਾਜਪੂਤਾਨੇ ਦੇ ਅਰਬਦ ਪਹਾੜ (ਆਬੂ) ਉਤੇ ਹਵਨ ਕਰਨਾ ਆਰੰਭ ਕੀਤਾ। ਹਵਨ ਦੇ ਅੰਤ ਸਮੇਂ ਅਗਨੀ ਕੁੰਡ ਵਿੱਚ ਵਸ਼ਿਸ਼ਟ ਵੰਸ਼ੀ ਬ੍ਰਾਹਮਣ ਦੀ ਆਹੂਤੀ ਦੇਣ ਤੇ ਮਹਾਬਲਵਾਨ ਯੋਧਾ ਮਾਰ ਮਾਰ ਕਰਦਾ ਪ੍ਰਗਟ ਹੋਇਆ। ਇਸ ਕਰਕੇ ਵਸ਼ਿਸ਼ਟ ਨੇ ਉਸਦਾ ਨਾਮ ਪਰਮਾਰ ਰੱਖਿਆ। *ਅੰਗਰਾ* ਦੇ ਆਹੂਤੀ ਦੇਣ ਤੇ ਪਰਹਾਰ ਪ੍ਰਗਟ ਹੋਇਆ, ਜੋ ਲੰਗੜਾ ਕੇ ਡਿੱਗ ਪਿਆ। ਇਸ ਲਈ ਉਸਦਾ ਉਕਤ ਨਾਮ ਪਰਹਾਰ ਕਲਪਿਆ ਗਿਆ। ਭਾਰਦਵਾਜ ਦੀ ਆਹੂਤੀ ਦੇਣ ਤੇ ਸੋਹਣੇ ਲੱਕ ਵਾਲਾ ਜਵਾਨ ਅਗਨੀ ਕੁੰਡ ਵਿੱਚੋਂ ਨਿਕਲਿਆ ਉਸਦਾ ਨਾਮ ਸੋ-ਲੰਕੀ ਰੱਖਿਆ ਗਿਆ। ਸਭ ਤੋਂ ਪਿੱਛੋਂ ਵਿਸ਼ਵਾਮਿੱਤਰ ਦੀ ਅਹੁਤੀ ਦੇਣ ਤੇ ਚੌੜੀ ਛਾਤੀ ਵਾਲਾ ਅਤੇ ਮਹਾਂਪ੍ਰਬਲ ਯੋਧਾ ਜੋ ਪ੍ਰਗਟ ਹੋਇਆ ਉਸਦਾ ਨਾਮ ਚੌਹਾਨ ਰੱਖਿਆ। ਇਨ੍ਹਾਂ ਚੌਹਾਂ ਆਗੂਆਂ ਨੂੰ ਪਿੱਛਲੀਆਂ ਯੋਧਾ ਕੌਮਾਂ ਦੇ ਜਰਨੈਲ ਥਾਪ ਕੇ ਭਿੰਨ-ਭਿੰਨ ਵੰਸ਼ਾਂ ਦੇ ਜ਼ੋਰਾਵਰ ਅਤੇ ਮਾਰਖੋਰੇ ਜਵਾਨਾਂ ਦੀ ਸੈਨਾ ਨੂੰ ਸ਼ਸਤਰ ਵਿਦਿਆ ਸਿਖਾ ਕੇ ਘਟੀਆ ਰਾਜਪੂਤਾਂ ਦੇ ਮੁਕਾਬਲੇ ਤੇ ਮਹਾਂ ਉਦਾਰ ਅਤੇ ਸਿਰਲੱਥ ਰਾਜਪੂਤ ਇੱਕ ਨਵੀਨ ਵੰਸ਼ ਤਿਆਰ ਕੀਤੀ ਗਈ ਜਿਸਨੇ ਉਸ ਹੋਛੀ ਸ਼੍ਰੇਣੀ ਦਾ ਨਾਸ਼ ਕਰਕੇ ਵਿਦੇਸ਼ੀ ਕੌਮਾਂ ਨੂੰ ਮੁੜ ਉਨ੍ਹਾਂ ਦੇ ਦੇਸੀਂ ਵਾੜ ਦਿੱਤਾ, ਜੋ 2000 ਸਾਲ ਤੱਕ ਭਾਰਤਵਰਸ਼ ਵੱਲ ਨਹੀਂ ਝਾਕੀਆਂ।

ਇਹ ਚਾਰੇ ਬਹਾਦਰ ਕੌਮਾਂ ਅਗਨੀ ਕੁੱਲ ਰਾਜਪੂਤ ਨਾਮ ਹੇਠ ਪ੍ਰਸਿੱਧ ਹੋਈਆਂ। ਇਨ੍ਹਾਂ ਨੇ ਆਪਣੇ ਤੇਜ ਬਲ ਨਾਲ ਬਹੁਤ ਸਾਰੇ ਇਲਾਕੇ ਜਿੱਤ ਕੇ ਆਪੋ ਆਪਣੀਆਂ ਰਾਜਧਾਨੀਆਂ ਕਾਇਮ ਕੀਤੀਆਂ। ਪਰਮਾਰਾਂ ਦੀ ਸੰਤਾਨ ਜ਼ਿਆਦਾ ਹੋਣ ਕਰਕੇ ਅਤੇ ਜਿੱਤ ਦਾ ਅੰਤਿਮ ਸੇਹਰਾ ਚੌਹਾਨਾਂ ਦੇ ਸਿਰ ਹੋਣ ਕਰਕੇ ਭਾਰਤਵਾਸੀਆਂ ਵਿੱਚ ਇਹ ਧਾਰਨਾ ਬਣ ਗਈ, *ਧਰੰਤੀ* ਪਰਹਾਰਾਂ ਦੀ ਤੇ ਫਤਹਿ *ਚੌਹਾਣਾਂ* ਦੀ। ਪਰਮਾਰਾਂ ਦੀ ਮੁੱਖ ਰਾਜਧਾਨੀ ਉਸ ਸਮੇਂ *ਅਚੱਲਗੜ੍ਹ* ਸੀ, ਜਿਸ ਵਿੱਚ ਜੈਪੁਰ ਦਾ ਇਲਾਕਾ ਸੀ। ਪਰਮਾਰਾਂ ਦੀ ਰਾਜਧਾਨੀ *ਮਹਿਸਮਤੀ* ਅਤੇ ਸੋ-ਲੰਕੀਆ ਦੀ *ਬਲਵੀਪੁਰ* ਸੀ। ਇਸ ਪ੍ਰਕਾਰ ਇਨ੍ਹਾਂ ਬਹਾਦਰ ਕੌਮਾਂ ਨੇ ਉਤਰੀ ਭਾਰਤ ਦੇ ਕਾਫੀ ਇਲਾਕਿਆਂ ਵਿੱਚ ਕੋਈ ਪੰਜ ਸੌ ਸਾਲ ਸੁਤੰਤਰ ਰਾਜ ਕੀਤਾ।

ਰਾਜ ਖੁੱਸ ਜਾਣ ਤੇ ਭੂਮੀਆਂ ਦੇ ਮਾਲਕ ਹੋਣ ਕਰਕੇ ਖੇਤੀ ਦਾ ਕਿੱਤਾ ਕਰਦੇ ਰਹੇ। ਜਿੰਮੀਂਦਾਰ ਹੋਣ ਕਰਕੇ ਰਾਜਪੂਤਾਂ ਤੋਂ ਨਾਮ ਜੱਟ ਪੈ ਗਿਆ ਅਤੇ ਕਈ ਪਹਾੜਾਂ ਵਿੱਚ ਰਜਵਾੜੇ ਬਣਾਕੇ ਆਪਣੇ-ਆਪ ਨੂੰ ਅਗਨੀ ਕੁੱਲ ਰਾਜਪੂਤ ਅਥਵਾ ਡੂਗਰ ਦੇਸ ਵਿਚ ਵੱਸਣ ਕਰਕੇ ਆਪ ਨੂੰ ਡੋਗਰਾ ਰਾਜਪੂਤ ਕਹਾਉਣ ਲੱਗੇ। ਇਹ ਸਭ ਉਨ੍ਹਾਂ ਅਗਨੀ ਕੁੱਲ ਦੇ ਚਾਰ ਸ਼ੁੱਧ ਰਾਜਪੂਤਾਂ ਵਿੱਚੋਂ ਹਨ। ਅਤੇ ਕੋਈ ਚੰਦਰਵੰਸ਼ੀ ਚੰਦੇਲ ਅਤੇ ਸੂਰਜਵੰਸ਼ੀ ਠਾਕੁਰਾਂ ਨਾਲ ਤੀਹ ਕੌਮਾਂ ਜੱਟਾਂ ਦੀਆਂ ਬਾਹਰੋਂ ਆਈਆਂ ਰਲ ਕੇ ਛੱਤੀ ਕੌਮਾਂ ਹਨ ਜੋ ਵਰਤਮਾਨ ਵਿੱਚ ਭਾਰਤੀ ਰਾਜਿਆਂ ਜਾਂ ਵੱਡੀਆਂ ਜਾਤਾਂ ਦੀਆਂ ਵਡਾਰੂ ਹਨ ਅਤੇ ਹਰੇਕ ਕੌਮ ਇਨ੍ਹਾਂ ਛੱਤੀਆਂ ਵਿੱਚ ਹੀ ਜਾ ਮਿਲਦੀ ਹੈ।

## ਚਾਹਲ ਵੰਸ਼

ਸਮਾਂ ਪਾ ਕੇ ਇਨ੍ਹਾਂ ਬਹਾਦਰ ਕੌਮਾਂ ਵਿੱਚੋਂ ਹੋਰ ਸ਼ਾਖਾਂ ਉਭਰ ਕੇ ਸਾਹਮਣੇ ਆਈਆਂ। ਚੌਹਾਨਾਂ ਦੀ ਕੁਲ ਵਿੱਚ ਕੋਈ 500 ਈ: ਦੇ ਨੇੜੇ-ਨੇੜੇ ਇਕ ਕੌਲ ਨਾਮ ਦਾ ਪੁਰਸ਼ ਪੈਦਾ ਹੋਇਆ ਜੋ ਬਹੁਤ ਤੇਜ ਪ੍ਰਤਾਪੀ ਸੀ। ਉਸਨੇ ਆਪਣੇ ਬਾਹੂਬਲ ਨਾਲ ਕਾਫੀ ਇਲਾਕੇ ਜਿੱਤ ਕੇ ਸਿਪਰਾ ਨਦੀ ਦੇ ਦੱਖਣੀ ਕਿਨਾਰੇ *ਉਜੈਨ* ਨੂੰ ਆਪਣੀ ਰਾਜਧਾਨੀ ਬਣਾਇਆ। ਉਸਦਾ ਤੇਜ ਪ੍ਰਤਾਪ ਇਤਨਾ ਵਧਿਆ, ਕਿ ਚੌਹਾਨ ਵੰਸ਼ ਵਿੱਚ ਉਸਦੇ ਨਾਮ ਤੇ ਕੌਲ ਵੰਸ਼ ਜਾਂ ਕੌਲੀ ਨਾਮ ਸ਼ਾਖਾ ਸ਼ੁਰੂ ਹੋ ਗਈਆਂ। ਉਸਦੀ ਵੰਸ਼ ਦਾ ਪੁਸ਼ਤ-ਦਰ-ਪੁਸ਼ਤ ਰਾਜ ਚਲਦਾ ਰਿਹਾ। ਕੌਲ ਤੋਂ ਦਸਵੀਂ ਪੀੜ੍ਹੀ ਵਿੱਚ ਇਕ ਤੇਜ ਪ੍ਰਤਾਪੀ ਪੁਰਸ਼ ਪੈਦਾ ਹੋਇਆ ਜਿਸਦਾ ਨਾਮ ਚਾਹਲ ਰੱਖਿਆ ਗਿਆ। ਚਾਹਲ ਨੇ ਆਪਣੇ ਸਮੇਂ ਤੇ ਆਪਣੇ ਪੂਰਵਜਾਂ ਦੇ ਜਸ ਨੂੰ ਇਤਨਾ ਵਧਾਇਆ ਕਿ ਉਸਦੇ ਉਤਰਾਧਿਕਾਰੀ ਆਪਣੇ-ਆਪ ਨੂੰ ਚਾਹਲ ਵੰਸ਼ੀ ਹੀ ਅਖਵਾਉਣ ਲੱਗੇ। ਇਸ ਪ੍ਰਕਾਰ ਚੌਹਾਨ ਤੋਂ ਕੌਲ ਵੰਸ਼ ਅਤੇ ਕੌਲ ਤੋਂ ਚਾਹਲ ਵੰਸ਼ ਪ੍ਰਚਲਤ ਹੋਈ। ਚਾਹਲ ਦਾ ਪੋਤਰਾ ਯਾਨੀ ਤੀਜੀ ਥਾਂ ਕ੍ਰਿਸ਼ਨ ਰਾਜ ਪੈਦਾ ਹੋਇਆ ਜਿਸਦਾ ਉਪ ਨਾਮ ਉਪੇਂਦ੍ਰ ਸੀ। ਉਹ ਬੜਾ ਮਹਾਂਬਲੀ ਅਤੇ ਪ੍ਰਭਾਵਸ਼ਾਲੀ ਰਾਜਾ ਸੀ, ਜਿਸਦਾ ਰਾਜ ਉਜੈਨ ਅਤੇ ਅਚੱਲ-ਗੜ੍ਹ ਯਾਨੀ ਅਬੂ ਪਹਾੜ ਕੋਲ ਸੀ। ਉਸਨੂੰ ਅਸਚਰਜ਼ ਸ਼ਕਤੀਆਂ ਅਤੇ ਅਨੂਪਮ ਚੋਜਾਂ ਦੇ ਦਿਖਾਉਣ ਸਦਕੇ ਜਨਤਾ ਨੇ ਉਪੇਂਦ੍ਰ ਦੀ ਉਪਾਧੀ ਦਿੱਤੀ ਸੀ। ਉਸ ਮਹਾਨ ਯੋਧੇ ਨੇ ਚਿਤੌੜ ਦੇ *ਮੁਰੀ ਪਰਮਾਰਾਂ*

ਦੀ ਸਹਾਇਤਾ ਲਈ ਖਲੀਫਾ, *ਹਸ਼ੀਮ* ਦੇ ਜਰਨੈਲ ਅਬਦਲ ਰਹਿਮਾਨ ਨੂੰ ਰਾਜਸਥਾਨ ਅਤੇ ਸਿੰਧ ਵਿੱਚ ਚਾਰ ਭਾਰੀ ਯੁੱਧ ਕਰਕੇ ਸਦਾ ਵਾਸਤੇ ਭਾਰਤ ਵਰਸ਼ ਵਿੱਚ ਵੜਨ ਤੋਂ ਰੋਕ ਦਿੱਤਾ। ਅੰਤ ਸਿੰਧ ਵਿੱਚੋਂ ਭਜੇ ਜਾਂਦੇ ਦਾ ਪਿੱਛਾ ਕਰਕੇ ਨੌਸ਼ੀਰਵਾ (ਅਜਮ-ਪਤਿ) ਦੇ ਇਸਾਈ ਪੁੱਤਰ *ਨੌਸੀ ਯਾਦ* ਦੀ ਸੈਨਾ ਦਾ ਵੀ ਮੂੰਹ ਮੋੜਕੇ ਸਾਰੇ ਰਾਜਸਥਾਨ ਨੂੰ ਤੁਰਕਾਂ ਤੋਂ ਖਾਲੀ ਕਰਵਾ ਲਿਆ ਸੀ। ਇਨ੍ਹਾਂ ਸੂਰਮਗਤੀਆਂ ਦੇ ਕਾਰਣ ਉਸ ਦਾ ਸਿੱਕਾ ਰਾਜਸਥਾਨ ਦੇ ਰਾਜਿਆਂ ਅਤੇ ਹੋਰ ਕੌਮਾਂ ਦੇ ਯੋਧਿਆਂ ਦੇ ਦਿਲਾਂ ਤੇ ਵੀ ਬੈਠ ਗਿਆ ਸੀ। ਆਖਰ ਇਸ ਬਹਾਦਰ ਰਾਜੇ ਨੇ ਗਿਆਰਵੀਂ ਸਦੀ ਦੇ ਅੰਤ ਵਿੱਚ ਰਾਜ ਭਾਗ ਆਪਣੇ ਪੁੱਤਰ ਵੈਰਸੀ ਵੈਰੀ ਸਿੰਘ ਨੂੰ ਸੌਂਪ ਕੇ ਆਪ ਸੰਨਿਆਸ ਲੈ ਲਿਆ। ਵੈਰੀ ਸਿੰਘ ਦੇ ਦੋ ਟੱਬਰ ਸਨ, ਇਕ ਦਾ ਪੁੱਤਰ ਰੱਲ੍ਹਾ ਸੀ ਜਿਸਨੇ ਜਾਖਲ ਦੇ ਨੇੜੇ ਰੱਲ੍ਹਾ ਪਿੰਡ ਵਸਾਇਆ। ਰੱਲ੍ਹੇ ਨੇ ਆਪਣੇ ਮਤ੍ਰੇਈ ਦੇ ਪੁੱਤਰ ਛੋਟੇ ਭਾਈ ਨੂੰ ਮਾਰ ਦਿੱਤਾ, ਤਾਂ ਉਸਦੇ ਭਤੀਜੇ ਜੁਗਰਾਜ ਨੇ ਵੱਡੇ ਹੋ ਕੇ ਆਪਣੇ ਤਾਏ ਰੱਲ੍ਹੇ ਨੂੰ ਛੱਪੜ ਦੇ ਕਿਨਾਰੇ ਦਾਤਨ ਕਰਦੇ ਨੂੰ ਮਾਰਕੇ ਆਪਣੇ ਪਿਤਾ ਦਾ ਵੈਰ ਲਿਆ ਅਤੇ ਉਸਤੋਂ ਅਲੱਗ *ਜੋਗਾ* ਪਿੰਡ ਆਪਣੇ ਨਾਮ ਉਤੇ ਵਸਾਇਆ। ਇਸ ਤਾਂ ਨੂੰ ਹਿੰਦੂ ਲੋਕ ਬਹੁਤ ਪਵਿੱਤਰ ਸਮਝਦੇ ਹਨ ਕਿਉਂਕਿ ਪੁਰਾਣੇ ਸਮੇਂ ਵਿੱਚ ਪੰਜੇ ਪਾਂਡਵ ਅਤੇ ਦਰੋਪਦੀ ਜਿਸ ਵਕਤ ਬਨਵਾਸ ਦਾ ਤੇਰਵਾਂ ਗੁਪਤ ਸਾਲ ਛੁਪਕੇ ਬਤੀਤ ਕਰ ਰਹੇ ਸਨ ਇਥੇ ਆਏ ਸਨ, ਤਾਂ ਇਸ ਥਾਂ ਦਰੋਪਦੀ ਨੇ ਇਸ਼ਨਾਨ ਕਰਕੇ ਇਸ਼ਨਾਨ ਕੁੰਡ ਤੀਰਥ ਅਸਥਾਪਨ ਕੀਤਾ ਸੀ, ਜਿਸਦੀ ਨਿਸ਼ਾਨੀ ਕੁਝ ਸਮਾਂ ਪਹਿਲਾਂ ਤੱਕ ਮੌਜੂਦ ਸੀ।

ਦੂਜੇ ਜੋਗੇ ਨੇ ਦੇਖਿਆ ਕਿ ਪੁਰਾਣੇ *ਪਲਾੜ ਨਗਰ* ਦੇ ਥੇਹ ਉੱਪਰ ਇਕ ਬੱਕਰੀ ਅਤੇ ਬਘਿਆੜ ਦਾ ਯੁੱਧ ਹੋ ਰਿਹਾ ਹੈ, ਜਿਸ ਵਿੱਚ ਬੱਕਰੀ ਬਘਿਆੜ ਨੂੰ ਭਜਾ ਕੇ ਆਪਣੇ ਬੱਚੇ ਨੂੰ ਬਚਾਉਣ ਵਿੱਚ ਸਫਲੀ ਹੋ ਗਈ। ਤਾਂ ਜੁਗਰਾਤ ਨੇ ਇਹ ਧਰਤੀ ਸੱਤਿਆ ਵਾਲੀ ਜਾਣਕੇ ਇਥੇ ਹੀ ਆਪਣੇ ਨਾਮ ਤੇ ਜੋਗਾ ਪਿੰਡ ਬੱਧਾ। ਸਮਾਂ ਪਾ ਕੇ ਇਨ੍ਹਾਂ ਜੋਗਾ, ਰੱਲ੍ਹਾ ਆਦਿਕ ਦੋ ਪਿੰਡਾਂ ਤੋਂ ਇਸੇ ਪਰਗਨੇ ਵਿੱਚ ਭੀਖੀ ਆਦਿਕ ਚਾਲ੍ਹੀ ਪਿੰਡ ਚਾਹਲਾਂ ਦੇ ਵਸ ਗਏ। ਇਹ ਗਿਆਰਵੀਂ ਸਦੀ ਦੇ ਅੰਤ ਦਾ ਸਮਾਂ ਸੀ। ਇਥੇ ਕਰੀਬ ਦੋ ਸੌ ਵਰਸ਼ ਚਾਹਲਾਂ ਦਾ ਸੁਤੰਤਰ ਰਾਜ ਰਿਹਾ। ਇਹ ਸਿਧਾਂ ਦਾ ਸਮਾਂ ਸੀ, ਸਿਧਾਂ ਦਾ ਜੋਰ ਹੋਣ ਕਰਕੇ ਚਾਹਲ ਸਿਧਾਂ ਦਾ ਚੇਲਾ ਹੋ ਗਿਆ। ਇਨ੍ਹਾਂ ਵਿੱਚੋਂ ਹੀ ਇਕ ਸਿਧ ਜੋਗੀ ਪੀਰ ਨਾਮੇ ਹੋਇਆ ਹੈ, ਜਿਸ ਨੂੰ ਸਭ ਚਾਹਲ ਵੰਸੀ ਪੂਜਦੇ ਹਨ। ਜਿਥੇ ਵੀ ਚਾਹਲਾਂ ਦਾ ਕੋਈ ਪਿੰਡ ਹੈ ਉਥੇ ਜੋਗੀ ਪੀਰ ਦੀ ਮਾੜੀ ਵੀ ਹੈ।

ਚਾਹਲ ਗੋਤ ਦਾ ਇਕ ਪਿੰਡ ਤਹਿਸੀਲ ਅਤੇ ਜ਼ਿਲ੍ਹਾ ਲਾਹੌਰ, ਥਾਣਾ ਵਰਕੀ ਵਿੱਚ ਹੈ। ਇਸ ਪਿੰਡ ਵਿੱਚ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਹੈ। ਇਥੇ ਸਤਿਗੁਰੂ ਜੀ ਦੇ ਨਾਨਕੇ ਸਨ। ਇਸ ਲਈ ਗੁਰੂ ਬਾਬਾ ਜੀ ਕਈ ਵਾਰ ਇਥੇ ਆਏ। ਬੀਬੀ ਨਾਨਕੀ ਜੀ ਦਾ ਜਨਮ ਵੀ ਇਥੇ ਹੀ ਹੋਇਆ ਸੀ। ਇਹ ਪਿੰਡ ਚਾਹਲ ਵੰਸੀ ਜੱਟਾਂ ਦਾ ਹੋਣ ਕਰਕੇ ਇਥੇ ਜੋਗੀਪੀਰ ਦੀ ਮਾੜੀ ਵੀ ਹੈ। ਇਸ ਪ੍ਰਕਾਰ ਗਿਆਰਾਂ ਸੌ ਈ: ਦੇ ਲਗਪਗ ਬਹਾਦੁਰ ਚੌਹਾਣਾਂ ਦੀ ਇਸ ਚਾਹਲ ਵੰਸ ਨੇ ਇਸ ਜੰਗਲ (ਅੱਜ ਦੇ ਮਾਲਵੇ ਦੇਸ਼ ਵਿਚ) ਸਨਾਮ ਕਸਬੇ ਤੋਂ ਦਸ ਮੀਨ ਲਹਿੰਦੇ ਵੱਲ ਸਭ ਤੋਂ ਪਹਿਲਾਂ ਇਹ ਦੋ ਪਿੰਡ *ਜੋਗਾ* ਅਤੇ ਰੱਲ੍ਹਾ ਵਸਾਏ ਸਨ। ਸੋਹੀ ਅਤੇ ਲੱਖੀ ਆਦਿਕ ਮਾਲਵੇ ਦੇ ਹੋਰ ਕਈ ਗੋਤ ਚਾਹਲਵੰਸ਼ ਵਿੱਚੋਂ ਹੀ ਉਤਪਨ ਹੋਏ ਹਨ। ਇਸ ਪ੍ਰਕਾਰ ਚਾਹਲਵੰਸ ਚੌਹਾਣਾਂ ਦੀ ਕੌਲ ਸ਼ਾਖਾ ਵਿਚੋਂ ਹੈ। ਚੌਹਾਣਾਂ ਦੀਆਂ ਮੂਲ ਚੌਵੀ ਸ਼ਾਖਾਂ ਹਨ। ਇਸ ਪ੍ਰਕਾਰ ਇਸ ਜੰਗਲ ਦੇਸ ਨੂੰ ਕਲਗੀਧਰ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਆਪਣੀਆਂ ਰਹਿਮਤਾਂ ਨਾਲ ਮਾਲਾ-ਮਾਲ ਕਰਕੇ ਮਾਲਵਾ ਦੇਸ਼ ਬਣਾ ਦਿੱਤੇ।

## ਸੀਹਾਂ ਦੌਦ

**ਜਿਹ ਕੁਲ ਸਾਧੁ ਬੈਸਨੌ ਹੋਇ॥**
**ਬਰਨ ਅਬਰਨ ਰੰਕੁ ਨਹੀ ਈਸੁਰੁ ਬਿਮਲ ਬਾਸੁ ਜਾਨੀਐ ਜਗਿ ਸੋਇ॥ ੧॥ ਰਹਾਉ॥**
**ਬ੍ਰਹਮਨ ਬੈਸ ਸੂਦ ਅਰੁ ਖਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ॥**

**ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ॥ ੧॥**
**ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ॥**
**ਜਿਨਿ ਪੀਆ ਸਾਰ ਰਸੁ ਤਜੇ ਆਨ ਰਸ ਹੋਇ ਰਸ ਮਗਨ ਡਾਰੇ ਬਿਖੁ ਖੋਇ॥ ੨॥**
**ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥**
**ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ॥ ੩॥**

*(ਬਾਣੀ ਰਵਿਦਾਸ, ਪੰਨਾ–੮੫੮)*

ਐਸਾ ਇਕ ਭਾਗਸ਼ਾਲੀ ਅਤੇ ਧੰਨਤਾ ਯੋਗ ਨਗਰ ਜਿਸ ਨੂੰ ਦੇਖਦਿਆਂ ਹੀ ਸ਼ਰਧਾ ਨਾਲ ਮਸਤਕ ਝੁੱਕ ਜਾਂਦਾ ਹੈ, ਗੁਰੂ ਸਾਹਿਬਾਨ ਤੋਂ ਵਰੋਸਾਏ *ਮਾਲਵਾ* ਦੇਸ਼ ਵਿੱਚ, ਇਤਿਹਾਸਕ ਸ਼ਹਿਰ ਮਲੇਰਕੋਟਲਾ ਤੋਂ ਅੱਠ ਕਿਲੋਮੀਟਰ ਦੂਰ ਚੜ੍ਹਦੇ ਵੱਲ, ਪੰਜਾਬ ਦੇ ਸਨਅਤੀ ਸ਼ਹਿਰ ਲੁਧਿਆਣਾ ਤੋਂ ਚਾਲੀ ਕਿਲੋਮੀਟਰ ਦੂਰ ਪੂਰਬ, ਦੱਖਣ ਵੱਲ, ਕਲੱਕਤਾ ਪਿਛਾਵਰ ਸ਼ਾਹੀ ਮਾਰਗ ਯਾਨੀ ਜੀ.ਟੀ. ਰੋਡ ਤੇ ਸਥਿਤ ਪ੍ਰਸਿੱਧ ਸ਼ਹਿਰ ਖੰਨਾ ਮੰਡੀ ਤੋਂ ਤੀਹ ਕਿਲੋਮੀਟਰ ਦੂਰ ਲਹਿੰਦੇ ਵੱਲ, ਪੁਰਾਤਨ ਕਸਬਾ ਮਲੌਦ ਤੋਂ ਚਾਰ ਕਿਲੋਮੀਟਰ ਦੱਖਣ ਵੱਲ, ਖੰਨਾ, ਮਲੇਰਕੋਟਲਾ ਰੋਡ ਤੇ ਸਥਿਤ ਮੰਡੀਆਂ ਪਿੰਡ ਤੋਂ ਦੋ ਕਿਲੋਮੀਟਰ ਦੂਰ ਉਤਰ ਵੱਲ, ਅੰਗਰੇਜ਼ੀ ਰਾਜ ਦੇ ਜ਼ਿਲ੍ਹਾ ਲੁਧਿਆਣਾ ਵਿੱਚ ਪਿੰਡ *ਸੀਹਾਂ ਦੌਦ* ਸਥਿਤ ਹੈ। ਜਿਸਨੂੰ ਇਕ ਬਖਸ਼ੀ ਰੂਹ ਨੇ ਪ੍ਰਗਟ ਹੋ ਕੇ **ਅਠਿਸਠਿ ਤੀਰਥਿ ਜਹ ਸਾਧ ਪਗਾਰ** ਧਰਹਿ ਦੇ ਮਹਾਂਵਾਕ ਅਨੁਸਾਰ ਤੀਰਥ ਰੂਪ ਅਤੇ ਧੰਨਤਾ ਯੋਗ ਬਣਾਇਆ। ਭਾਵੇਂ ਪੂਰਾ ਵੇਰਵਾ ਨਹੀਂ ਪ੍ਰਾਪਤ ਹੋਇਆ ਲੇਕਿਨ ਫਿਰ ਵੀ ਅੱਜ ਤੋਂ ਕਈ ਸਦੀਆਂ ਪਹਿਲਾਂ ਮਾਲਵੇ ਦੇ ਮਸ਼ਹੂਰ ਪਿੰਡ ਜੋਗਾ, ਰੱਲ੍ਹਾ ਤੋਂ ਚਾਹਲ ਵੰਸ਼ੀ ਬਜ਼ੁਰਗ *ਸੀਹਾਂ ਸਿੰਘ* ਨੇ ਇਸ ਪਿੰਡ ਨੂੰ ਅਬਾਦ ਕਰਕੇ ਆਪਣੇ ਨਾਮ ਤੇ ਸੀਹਾਂ ਦੌਦ ਨਾ ਰੱਖਿਆ।

ਸਤਲੁਜ ਦਰਿਆ ਅੱਜ ਭਾਵੇਂ ਇਸ ਨਗਰ ਤੋਂ ਪੰਜਾਹ ਕਿਲੋਮੀਟਰ ਦੂਰ ਲਹਿੰਦੇ ਵੱਲ ਨੂੰ ਪਿੱਛੇ ਹੱਟ ਗਿਆ, ਲੇਕਿਨ ਇਤਿਹਾਸ ਮੁਤਾਬਿਕ ਪੁਰਾਤਨ ਸਮੇਂ ਵਿੱਚ ਇਸ ਜਗ੍ਹਾ ਦੀ ਹੁੰਦਾ ਹੋਇਆ, ਬਠਿੰਡੇ ਵੱਲ ਨੂੰ ਵਹਿੰਦਾ ਸੀ। ਇਸ ਲਈ ਦਰਿਆ ਦਾ ਪੁਰਾਤਨ ਵਹਿਨ ਹੋਣ ਕਰਕੇ *ਸੀਹਾਂ ਦੌਦ* ਪਿੰਡ ਕੁਝ ਨੀਵੇਂ ਥਾਂ ਵੱਸਦਾ ਹੈ। ਬਰਸਾਤ ਦੇ ਦਿਨਾਂ ਵਿੱਚ ਜ਼ੋਰਦਾਰ ਬਾਰਿਸ਼ ਹੋਣ ਦੇ ਕਾਰਨ ਬਾਹਰੋਂ ਪਾਣੀ ਆ ਜਾਣ ਦਾ ਡਰ ਬਣਿਆ ਰਹਿੰਦਾ ਹੈ। ਇਸ ਲਈ ਕੁਝ ਸਮਾਂ ਪਹਿਲਾਂ *ਸੀਹਾਂ ਦੌਦ* ਦੇ ਕੁਝ ਪਰਿਵਾਰਾਂ ਨੇ ਪਿੰਡਾਂ ਤੋਂ ਇਕ ਕਿਲੋਮੀਟਰ ਦੂਰ ਉੱਤਰ ਪੱਛਣ ਵੱਲ ਉੱਚੀ ਜਗ੍ਹਾ ਜਾ ਰਿਹਾਇਸ਼ ਕੀਤੀ, ਇਸ ਲਈ ਉਸ ਪਿੰਡ ਦਾ ਨਾਮ *ਉੱਚੀ ਦੌਦ* ਪੈ ਗਿਆ।

ਇਸ ਪ੍ਰਕਾਰ *ਸੀਹਾਂ ਦੌਦ* ਪਿੰਡ ਤੋਂ ਉੱਤਰ ਵੱਲ ਬਿਲਕੁੱਲ ਨਜ਼ਦੀਕ ਹੀ ਕੁਝ ਪਰਿਵਾਰ ਜਾ ਵਸੇ, ਉਨ੍ਹਾਂ ਨੇ ਕਿਸੇ ਮੁਖੀਆ ਵਿਅਕਤੀ ਦੇ ਨਾਮ ਤੇ ਉਸ ਬਸਤੀ ਦਾ ਨਾਮ *ਮਾਲੋ ਦੌਦ* ਰੱਖਿਆ। ਇਸ ਤਰ੍ਹਾਂ ਚਹਿਲ ਵੰਸੀ ਜੱਟ ਸਿੱਖਾਂ ਦੇ ਨੇੜੇ-ਨੇੜੇ ਤਿੰਨ ਪਿੰਡ ਵਸ ਗਏ, ਲੇਕਿਨ ਤਿੰਨਾ ਪਿੰਡਾਂ ਵਿੱਚੋਂ ਵੱਡਾ ਅਤੇ ਪੁਰਾਤਨ ਹੋਣ ਕਰਕੇ ਮਹਾਨਤਾ ਅਤੇ ਪ੍ਰਸਿਧੀ *ਸੀਹਾਂ ਦੌਦ* ਹੀ ਰਹੀ।

ਸੀਹਾਂ ਦੌਦ ਨਗਰ ਵਿੱਚ ਤਕਰੀਬਨ ਇੱਕ ਹਜ਼ਾਰ ਘਰ ਵਸਦਾ ਹੈ; ਜਿਸ ਵਿੱਚੋਂ 50% ਘਰ ਚਹਿਲਵੰਸ਼ੀ ਜੱਟ ਸਰਦਾਰਾਂ ਦੇ ਹੀ ਹਨ, ਬਾਕੀ 25% ਮਹਾਜਨ ਅਤੇ 25% ਹੋਰ ਪਛੜੀਆਂ ਹੋਈਆਂ ਸ਼੍ਰੇਣੀਆਂ ਦੇ ਹਨ।

ਇਸ ਪਾਵਨ ਨਗਰ ਦੇ ਸੰਸਥਾਪਕ ਬਾਬਾ ਸੀਹਾਂ ਸਿੰਘ ਤੋਂ ਪੁਸ਼ਤ-ਦਰ-ਪੁਸ਼ਤ ਨੌਵੀਂ ਪੀੜੀ ਵਿੱਚ ਸਰਦਾਰ ਮੱਲ ਸਿੰਘ ਜੀ ਹੋਏ, ਜੋ ਬਚਪਨ ਤੋਂ ਧਾਰਮਿਕ ਸੰਸਕਾਰੀ, ਸੰਤ-ਸੇਵੀ ਅਤੇ ਨੇਕ ਸੁਭਾ ਵਾਲੇ ਇਨਸਾਨ ਸਨ। ਸਰਦਾਰ ਮੱਲ ਸਿੰਘ ਜੀ ਦੇ ਇੱਕ ਬਹੁਤ ਭਾਗਸ਼ਾਲੀ, ਖੁਸ਼ਨਸੀਬ ਅਤੇ ਤੇਜ ਪ੍ਰਤਾਪੀ ਪੁੱਤਰ ਪੈਦਾ ਹੋਇਆ ਜਿਸ ਦਾ ਨਾਮ ਜੱਸਾ ਸਿੰਘ ਰੱਖਿਆ। ਜੱਸਾ ਸਿੰਘ ਆਪਣੇ ਸਮੇਂ ਦੇ ਕੇਵਲ ਆਪਣੇ ਪਿੰਡ ਵਿਚ ਹੀ ਨਹੀਂ ਬਲਕਿ ਇਲਾਕੇ ਦੇ ਰੱਜਦੇ-ਪੁਜਦੇ ਖੁਸ਼ਹਾਲ ਜਿਮੀਂਦਾਰਾਂ ਵਿੱਚੋਂ ਇੱਕ ਸਨ। ਆਪ ਦਾ ਸੁਭਾਵ ਸੰਤ ਦੇਵੀ, ਪਰਉਪਕਾਰੀ, ਗਰੀਬ ਪਰਵਾਰ ਹੋਣ ਕਰਕੇ ਵਾਹਵਾ ਮਾਣ ਸਤਿਕਾਰ ਸੀ। ਉਸ ਸਮੇਂ ਵਿਰੱਕਤ ਮਹਾਤਮਾ ਵਿਰੱਕਤ ਮੰਡਲੀਆਂ ਦੇ ਰੂਪ ਵਿੱਚ ਆਮ ਵਿਚਰਦੇ ਸਨ। ਬਾਬਾ ਜੱਸਾ

ਸਿੰਘ ਆਪਣੇ ਸੰਤ ਸੇਵੀ ਸੁਭਾਵ ਅਨੁਸਾਰ ਸਾਧੂਆਂ ਦੀ ਦੁੱਧ, ਦਹੀਂ, ਅੰਨ ਜਾਂ ਕੱਪੜਾ ਆਦਿਕ ਵਸਤਾਂ ਦੀ ਸੇਵਾ ਬਹੁਤ ਪ੍ਰੇਮ ਨਾਲ ਕਰਦੇ। ਮੰਦਾ ਜਮਾਨਾ ਹੋਣ ਕਰਕੇ ਆਮ ਲੋਕਾਂ ਕੋਲ ਪੈਸੇ ਦੀ ਕਮੀ ਸੀ, ਇਸ ਲਈ ਆਪ ਗਰੀਬ ਲੋਕਾਂ ਦੀਆਂ ਲੜਕੀਆਂ ਦੀ ਸ਼ਾਦੀ ਤੇ ਯਥਾ ਸ਼ਕਤ ਸਹਾਇਤਾ ਕਰਦੇ। ਕਿਉਂਕਿ ਸਾਧੂ ਪੁਰਸ਼ਾਂ ਦੇ ਸਤਸੰਗੀ ਹੋਣ ਕਰਕੇ ਆਪ ਪਰਮਾਰਥ ਦੇ ਇਸ ਗੁੱਝੇ ਭੇਦ ਨੂੰ ਅੱਛੀ ਤਰ੍ਹਾਂ ਸਮਝਦੇ ਸਨ ਕਿ ਲੇਖਾ ਜੋਖਾ ਕਰਕੇ ਕਿਸੇ ਵੱਡੇ ਤੋਂ ਵੱਡੇ ਪੁੰਨ ਨਾਲੋਂ ਸਹਿਜ ਸੁਭਾਅ ਕੀਤੀ ਕਿਸੇ ਲੋੜਵੰਦ ਦੀ ਸਹਾਇਤਾ ਵਿਸ਼ੇਸ਼ ਫਲ ਦਾਇਕ ਹੋਇਆ ਕਰਦੀ ਹੈ। ਜਿਹੋ-ਜਿਹੀ ਭਾਵਨਾ ਵੈਸਾ ਫਲ ਪ੍ਰਾਪਤ ਹੋ ਜਾਂਦਾ। ਭਾਵਨਾਂ ਸਾਕਾਮ ਹੋਵੇ ਤਾਂ ਸੰਸਾਰਕ ਸੁੱਖਾਂ ਵਿੱਚ ਵ੍ਰਿਧੀ ਹੋ ਜਾਂਦੀ ਹੈ, ਅਗਰ ਨਿਸ਼ਕਾਮ ਹੋਵੇ ਤਾਂ ਪਰਮੇਸ਼ਰ ਪ੍ਰਾਪਤੀ ਦਾ ਦਵਾਰ ਖੁੱਲ ਜਾਂਦਾ ਹੈ। ਇਸ ਤਰ੍ਹਾਂ ਹਰ ਪ੍ਰਕਾਰ ਤੋਂ ਸੁੱਖਦਾਇਕ, ਪਰਉਪਕਾਰ ਦੀ ਮਿਠਾਸ ਅਤੇ ਸੁਗੰਧੀ ਸਹਿਤ ਜਿਸਨੂੰ "ਕੇਵਲ ਪਰ-ਉਪਕਾਰੀ ਹੀ ਅਨੁਭਵ ਕਰਦਾ ਹੈ" ਬਾਬਾ ਜੱਸਾ ਸਿੰਘ ਜੀਵਨ ਬਸਰ ਕਰ ਰਹੇ ਸਨ। ਸਮਾਂ ਗੁਜ਼ਰ ਜਾਣ ਤੇ ਆਪ ਦੇ ਘਰ ਤਿੰਨ ਪੁੱਤਰ ਪੈਦਾ ਹੋਏ, ਵੱਡੇ ਦਾ ਨਾਮ ਮਸਤਾਨ ਸਿੰਘ, ਦੂਸਰੇ ਦਾ ਬਹਾਲ ਸਿੰਘ ਅਤੇ ਤੀਸਰੇ ਦਾ ਨਾਮ ਗੁਲਾਬ ਸਿੰਘ ਰੱਖਿਆ ਗਿਆ।

ਸੰਸਾਰਕ ਪਦਾਰਥਾਂ ਦਾ ਪਰਮਾਰਥ ਵਿੱਚ ਤਾਂ ਭਾਵੇਂ ਕੋਈ ਵਿਸ਼ੇਸ਼ ਮੁੱਲ ਨਹੀਂ ਹੋਇਆ ਕਰਦਾ, ਲੇਕਿਨ ਸੰਸਾਰ ਵਿੱਚ ਤਾਂ ਇਨ੍ਹਾਂ ਧਨ ਪਦਾਰਥ, ਪੁੱਤਰ ਅਤੇ ਮਾਣ ਵਡਿਆਈ ਆਦਿਕਾਂ ਵਿੱਚੋਂ ਇਕ ਦੀ ਅਣਹੋਂਦ ਮਨ ਨੂੰ ਬੇਚੈਨ ਅਸ਼ਾਂਤ ਅਤੇ ਜੀਵਨ ਨੂੰ ਬੇ-ਰਸਾ ਬਣਾ ਦਿੰਦੀ ਹੈ। ਜਿਵੇਂ ਦੁੱਧ ਤੋਂ ਤਿਆਰ ਹੋਈ ਹਰ ਪ੍ਰਕਾਰ ਦੀ ਮਠਿਆਈ ਭਾਵੇਂ ਕਾਜੂ ਆਦਿਕ ਮੇਵਿਆਂ ਦੇ ਸਹਿਤ ਹੋਵੇ ਆਪਣੇ-ਆਪ ਮਿੱਠੀ ਨਹੀਂ ਹੁੰਦੀ, ਜਿਤਨੀ ਦੇਰ ਉਸ ਵਿੱਚ ਮਿੱਠੇ ਸੁਭਾਅ ਵਾਲੀ ਖੰਡ, ਸ਼ੱਕਰ ਆਦਿਕ ਨਾ ਮਿਲਾ ਦਿੱਤੀ ਜਾਵੇ। ਇਸੀ ਪ੍ਰਕਾਰ ਸੰਸਾਰਕ ਪਦਾਰਥਾਂ ਦੀ ਬਹੁਤਾਤ ਵੀ ਉਤਨੀ ਦੇਰ ਸੁੱਖਦਾਈ ਨਹੀਂ ਹੁੰਦੀ ਜਿਤਨੀ ਦੇਰ ਜੀਵਨ ਪਰਮਾਰਥੀ ਨਾ ਹੋਵੇ। ਕਿਉਂਕਿ ਪਰਮਾਤਮਾ ਤੋਂ ਬਗੈਰ ਸੰਸਾਰ ਦੀ ਕੋਈ ਵੀ ਵਸਤੂ ਆਪਣੇ-ਆਪ ਵਿੱਚ ਸੁੱਖ-ਸਰੂਪ ਨਹੀਂ ਹੈ। ਇਸ ਪ੍ਰਕਾਰ ਬਾਬਾ ਜੱਸਾ ਸਿੰਘ ਜੀ ਜਿਥੇ ਸੰਸਾਰਕ ਪਦਾਰਥਾਂ ਵਿੱਚ ਭਰਪੂਰ ਸਨ, ਉਥੇ ਪਰਉਪਕਾਰ ਅਤੇ ਸਤਿਸੰਗ ਦੇ ਅਨੂਠੇ ਮਿਠਾਸ ਰਸ ਰਾਹੀਂ ਸੁਖਦਾਈ ਜੀਵਨ ਬਤੀਤ ਕਰ ਰਹੇ ਸਨ। ਸਮਾਂ ਆਪਣੀ ਚਾਲ ਗੁਜ਼ਰਦਾ ਗਿਆ, ਆਪ ਨੇ ਵੱਡੇ ਸਪੁੱਤਰ ਮਸਤਾਨ ਸਿੰਘ ਦੇ ਜਵਾਨ ਹੋ ਜਾਣ ਤੇ ਉਸ ਦੀ ਸ਼ਾਦੀ ਜ਼ਿਲ੍ਹਾ ਲੁਧਿਆਣਾ ਦੇ ਬੌਂਦਲੀ ਪਿੰਡ ਵਿਚ ਇਕ ਨੇਕ ਘਰਾਣੇ ਦੀ ਸੁਸ਼ੀਲ ਬੀਬੀ ਈਸ਼ਰ ਕੌਰ ਨਾਲ ਕੀਤੀ। (ਇਹ ਪਿੰਡ ਸਮਰਾਲਾ ਦੇ ਨਜ਼ਦੀਕ ਪੈਂਦਾ ਹੈ)।

ਹੁਣ ਸਮਾਂ ਆ ਗਿਆ, ਬਾਬਾ ਜੱਸਾ ਸਿੰਘ ਦੀ ਨਿਰਛਲ ਨੇਕ ਕਮਾਈ ਅਤੇ ਨਿਸ਼ਕਾਮ ਪਰਉਪਕਾਰੀ ਜੀਵਨ ਨੂੰ ਫਲ ਲੱਗਣ ਦਾ।

## ਜਨਮ

ਸੰਨ 1894 ਈ: ਦੇ ਲੱਗ-ਭਗ ਜੱਸਾ ਸਿੰਘ ਦੇ ਵੱਡੇ ਸਪੁੱਤਰ ਸਰਦਾਰ ਮਸਤਾਨ ਸਿੰਘ ਦੇ ਘਰ ਮਾਤਾ ਈਸ਼ਰ ਕੌਰ ਦੀ ਪਵਿੱਤਰ ਕੁੱਖ ਤੋਂ, **ਆਪਿ ਤਰਿ ਤਾਰੇ ਕੁਲ ਦੋਇ** ਦੇ ਮਹਾਂਵਾਕ ਅਨੁਸਾਰ ਗੁਰੂ ਨਾਨਕ ਮਹਾਰਾਜ ਦੇ ਦਰੋਂ ਬਖਸ਼ੀ ਕੁਲਾਂ ਦੀ ਤਾਰਨਹਾਰ ਰੂਹ ਇੱਕ ਬੱਚੇ ਦੇ ਰੂਪ ਵਿੱਚ ਪ੍ਰਗਟ ਹੋਈ। ਪਰਿਵਾਰ ਵੱਲੋਂ ਬੜੀ ਖੁਸ਼ੀ ਨਾਲ ਉਸ ਸਾਈਂ ਦਰੋਂ ਬਖਸ਼ੀ ਰੂਪ ਦਾ ਨਾਮ ਸੁੰਦਰਤਾ ਅਤੇ ਪਵਿੱਤਰਤਾ ਦਾ ਲਖਾਇਕ ਨਿੱਕਾ ਸਿੰਘ ਰੱਖਿਆ ਗਿਆ।

**ਨੀਕੇ ਗੁਣ ਗਾਉ ਮਿਟਹੀ ਰੋਗ॥**

*(ਪੰਨਾ-੭੧੨)*

**ਸੰਤਹੁ ਰਾਮਦਾਸ ਸਰੋਵਰੁ ਨੀਕਾ॥ ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ॥**

*(ਸੋਰਠਿ ਮ: ੫, ਪੰਨਾ-੬੨੩)*

ਉਸ ਚੌੜੇ ਮੱਥੇ ਅਤੇ ਹਸਮੁੱਖ ਚਿਹਰੇ ਵਾਲੇ ਹੋਣਹਾਰ ਬਾਲਕ ਨਿੱਕਾ ਸਿੰਘ ਦਾ ਬਾਲਪਨ ਮਾਤਾ ਦੀ ਗੋਦ ਦਾ ਨਿੱਘ ਮਾਣਦਿਆਂ ਅਤੇ ਹਮਸਫ਼ਰ ਬਾਲਕਾਂ ਨਾਲ ਖੇਡਦਿਆਂ, ਖੁਸ਼ੀ-ਖੁਸ਼ੀ ਬਤੀਤ ਹੋ ਰਿਹਾ ਸੀ। ਅਚਾਨਕ ਛੇ ਸਾਲ ਦੀ ਉਮਰ ਵਿੱਚ ਮਾਤਾ ਜੀ ਗੁਰਪੁਰੀ ਪਿਆਨਾ ਕਰ ਗਏ। ਸੀਹਾਂ ਦੌਦ ਪਿੰਡ ਵਿੱਚ ਉਦਾਸੀਨ ਸੰਪਰਦਾਇ ਦਾ ਇਕ ਪੁਰਾਤਨ ਅਸਥਾਨ ਸੀ, ਜਿਸ ਵਿੱਚ ਚੰਗੇ ਜੀਵਨ ਵਾਲੇ ਦੋ ਮਹਾਤਮਾ ਬਿਰਾਜਦੇ ਸਨ।*

* *ਇਹ ਅਸਥਾਨ ਪਿੰਡ ਦੇ ਚੜ੍ਹਦੇ ਪਾਸੇ ਵੱਲ ਅੱਜ ਵੀ ਮੌਜੂਦ ਹੈ।*

ਇੱਕ ਦਾ ਨਾਮ ਬੁੱਧ ਦਾਸ ਅਤੇ ਦੂਸਰੇ ਦਾ ਨਾਮ ਤ੍ਰਿਬੈਣੀ ਦਾਸ ਸੀ। ਦੋਨੋਂ ਮਹਾਤਮਾ ਜਿਥੇ ਚੰਗੇ ਪੜ੍ਹੇ ਲਿਖੇ ਵਿਦਵਾਨ ਯਾਨੀ ਗੁਰਬਾਣੀ ਦੇ ਚੰਗੇ ਗਿਆਤਾ ਅਤੇ ਸੰਸਕ੍ਰਿਤ ਦੇ ਜਾਣੂ ਸਨ, ਉਥੇ ਜੀਵਨ ਦੀ ਸਵੱਛਤਾ ਦੇ ਕਾਰਨ ਲੋਕਾਂ ਵਿੱਚ ਸਤਿਕਾਰਤ ਵੀ ਸਨ। ਬਾਬਾ ਜੱਸਾ ਸਿੰਘ ਜੀ ਨੇ ਆਪਣੇ ਧਾਰਮਿਕ ਸੁਭਾ ਮੁਤਾਬਿਕ ਨਿੱਕਾ ਸਿੰਘ ਜੀ ਨੂੰ ਪੰਜਾਬੀ ਪੜ੍ਹਣ ਅਤੇ ਗੁਰਬਾਣੀ ਦਾ ਪਾਠ ਸਿੱਖਣ ਲਈ ਉਪਰੋਕਤ ਸੰਤਾਂ ਕੋਲ ਪੜ੍ਹਣ ਲਾ ਦਿੱਤਾ। ਉਸ ਹੋਣਹਾਰ ਅਤੇ ਉਦਮੀ ਬਾਲਕ ਨਿੱਕਾ ਸਿੰਘ ਨੇ ਆਪਣੇ ਪੂਰਬਲੇ ਸੰਸਕਾਰਾਂ ਮੁਤਾਬਿਕ ਪੰਜਾਬੀ ਦੇ ਅੱਖਰ ਸਿਖ ਕੇ ਗੁਰਬਾਣੀ ਦੀ ਸੰਥਯਾ ਸ਼ੁਰੂ ਕੀਤੀ ਤਾਂ ਕੁਝ ਸਾਲਾਂ ਬਾਅਦ ਪਿਤਾ ਮਸਤਾਨ ਸਿੰਘ ਜੀ ਵੀ ਚਲਾਣਾ ਕਰ ਗਏ।

ਪਿਤਾ ਦੇ ਗੁਜਰ ਜਾਣ ਤੋਂ ਬਾਅਦ ਆਪ ਦੋ ਚਾਚਿਆਂ ਨਾਲ ਖੇਤੀਬਾੜੀ ਦੇ ਕੰਮ ਵਿੱਚ ਸਹਾਇਤਾ ਕਰਨ ਲੱਗ ਗਏ। ਕੁਝ ਵਕਤ ਇਸ ਤਰ੍ਹਾਂ ਗੁਜਾਰਿਆ ਤਾਂ ਇਨੇ ਨੂੰ ਵਿਸ਼ਵ ਦੀ ਪਹਿਲੀ ਜੰਗ ਸ਼ੁਰੂ ਹੋ ਗਈ। ਉਸ ਸਮੇਂ ਸਰਕਾਰ ਬਰਤਾਨੀਆਂ ਨੇ ਨੌਜਵਾਨਾਂ ਨੂੰ ਫੌਜ ਵਿੱਚ ਭਰਤੀ ਕਰਨ ਲਈ ਜਗ੍ਹਾ-ਜਗ੍ਹਾ ਭਰਤੀ ਖੋਲ੍ਹ ਦਿੱਤੀ। ਆਪ ਵੀ ਅਨਜਲ ਦੀ ਪ੍ਰੇਰਨਾ ਅਤੇ ਫੌਜ ਦੀ ਨੌਕਰੀ ਦੀ ਸੱਚੀ ਸੁੱਚੀ ਕਿਰਤ ਜਾਣ ਕੇ ਸੀਹਾਂ ਦੌਦ ਦੇ ਸੂਬੇਦਾਰ ਸਵਾਈ ਸਿੰਘ ਨੂੰ ਨਾਲ ਲੈ ਕੇ ਫੌਜ ਵਿੱਚ ਜਾ ਭਰਤੀ ਹੋਏ। ਭਰਤੀ ਹੋ ਕੇ ਕੁਝ ਦੇਰ ਭੁਪਾਲ ਅਤੇ ਕੁਝ ਸਮਾਂ ਹੋਤੀ ਮਰਦਾਨ ਛਾਉਣੀ ਵਿੱਚ ਰੰਗਰੂਟੀ ਕਰਨ ਤੋਂ ਬਾਅਦ ਆਪਣੀ ਕੰਪਨੀ ਨਾਲ ਇਸਰਾਈਲ ਪਹੁੰਚ ਕੇ ਪਹਿਲੇ ਵਿਸ਼ਵ ਯੁੱਧ ਵਿੱਚ ਸ਼ਾਮਲ ਹੋਏ। ਕੁਝ ਸਮਾਂ ਉਥੇ ਠਹਿਰਨ ਤੋਂ ਬਾਅਦ ਫੌਜਾਂ ਵਿੱਚ ਇਕ ਬਗਾਵਤ ਪੈਦਾ ਹੋ ਗਈ। ਉਸ ਸਮੇਂ ਜਵਾਨਾਂ ਨੂੰ ਜੋ ਕਾਰਤੂਸ ਦਿੱਤੇ ਜਾਂਦੇ ਸਨ, ਉਨ੍ਹਾਂ ਉਪਰ ਇਕ ਟੋਪੀ ਜਿਹੀ ਚੜ੍ਹੀ ਹੁੰਦੀ ਸੀ, ਜੋ ਜਵਾਨ ਨੂੰ ਮੂੰਹ ਨਾਲ ਖਿੱਚ ਕੇ ਉਤਾਰਨੀ ਪੈਂਦੀ ਸੀ। ਉਸ ਤੋਂ ਫੌਜ ਵਿੱਚ ਅਫਵਾਹ ਪੈਦਾ ਹੋ ਗਈ ਕਿ ਇਹ ਟੋਪੀ ਗਊ ਅਤੇ ਸੂਰ ਦੇ ਚਮੜੇ ਤੋਂ ਬਣਦੀ ਹੈ। ਇਸ ਗੱਲ ਤੋਂ ਹਿੰਦੂ ਸਿੱਖ ਅਤੇ ਮੁਸਲਮਾਨ ਜਵਾਨਾਂ ਵਿੱਚ ਰੋਹ ਪੈਦਾ ਹੋ ਗਿਆ ਕਿ ਗੋਰੇ ਜਾਣ ਬੁੱਝ ਕੇ ਸਾਡਾ ਦੀਨ ਭ੍ਰਿਸ਼ਟ ਕਰਕੇ ਸਾਨੂੰ ਧਰਮ ਤੋਂ ਗਿਰਾ ਰਹੇ ਹਨ। ਇਸ ਗੱਲ ਨੂੰ ਲੈ ਕੇ ਫੌਜ ਦੇ ਕੁਝ ਜਵਾਨਾਂ ਨੇ ਬਗਾਵਤ ਕਰ ਦਿੱਤੀ, ਉਨ੍ਹਾਂ ਵਿੱਚ ਆਪ ਵੀ ਸਨ। ਅੰਗਰੇਜ਼ ਗੌਰਮਿੰਟ ਨੇ ਸਾਰੀਆਂ ਫੌਜਾਂ ਵਿੱਚ ਬਗਾਵਤ ਫੈਲ ਜਾਣ ਦੇ ਡਰੋਂ; ਗਿਣਵੇਂ-ਚੁਣਵੇਂ ਜਵਾਨਾਂ ਨੂੰ ਫੜਕੇ ਕੋਰਟ ਮਾਰਸ਼ਲ ਤੋਂ ਬਾਅਦ ਫੌਜ ਵਿੱਚੋਂ ਬਰਤਰਫ ਕਰ ਦਿੱਤਾ। ਨੌਕਰੀ ਛੱਡਣ ਤੋਂ ਬਾਅਦ ਆਪ ਹੋਰ ਜਵਾਨਾਂ ਨਾਲ ਇਸਰਾਈਲ ਤੋਂ ਪੈਦਲ ਚੱਲਕੇ ਇਰਾਨ ਦੇ ਰਸਤੇ ਹਿੰਦੋਸਤਾਨ ਵਾਪਸ ਆਏ।*

ਘਰ ਪਹੁੰਚ ਕੇ ਆਪ ਖੇਤੀਬਾੜੀ ਦਾ ਕੰਮ ਕਰਨ ਲੱਗ ਪਏ। ਪਰਮੇਸ਼ਰ ਦੀ ਨੇਤ ਐਸੀ ਹੋਈ ਉਨ੍ਹਾਂ ਦਿਨਾਂ ਵਿੱਚ ਪਲੇਗ ਵਰਗੀ ਇਕ ਭਿਆਨਕ ਬਿਮਾਰੀ ਫੈਲ ਗਈ ਜਿਸ ਨਾਲ ਮੌਤ ਨੇ ਪਿੰਡਾਂ ਦੇ ਪਿੰਡ ਖਾਲੀ ਕਰ ਦਿੱਤੇ। ਉਸ ਮਾਰੂ ਰੋਗ ਨੇ ਆਪ ਦੇ ਪਰਿਵਾਰ ਤੇ ਵੀ ਹਮਲਾ ਬੋਲਿਆ ਜਿਸ ਵਿਚ ਆਪ ਦੇ ਦੋ ਚਾਚੇ ਅਤੇ ਦੋ ਚਾਚੀਆਂ ਭਾਵ ਚਾਰ ਜੀਅ ਪਰਿਵਾਰ ਦੇ ਮੌਤ ਨੇ ਦਬੋਚ ਲਏ। ਕਾਲ ਬਲੀ ਨੇ ਆਪਣੀ ਇਕੋ ਝਪਟ ਨਾਲ ਇਸ ਸੁੱਖਾਂ ਲੱਧੇ ਪਰਿਵਾਰ ਨੂੰ ਕਮਾਊ ਪੁਰਸ਼ਾਂ ਤੋਂ ਮਾਨੋ ਸੱਖਣਾ ਹੀ ਕਰ ਦਿੱਤਾ। ਪਿੱਛੇ ਬਚੇ ਪ੍ਰੀਵਾਰ ਨਿਚ ਨਿੱਕਾ ਸਿੰਘ ਜੀ ਆਪ, ਅਤੇ ਗੁਜ਼ਰ ਚੁੱਕੇ ਚਾਚਿਆਂ ਦੀਆਂ ਭਾਨੋ ਅਤੇ ਕਾਨੋ ਦੋ ਲੜਕੀਆਂ ਅਤੇ ਲਛਮਣ ਸਿੰਘ ਜੋ ਅਜੇ ਬਚਪਨ ਵਿੱਚ ਹੀ ਸਨ, ਚੌਥਾ ਬਾਬਾ ਜੱਸਾ ਸਿੰਘ ਜੋ ਬੁਢਾਪੇ ਦਾ ਗ੍ਰਸਿਆ ਅਤੇ ਘਰ ਵਿਚ ਜੁਆਨ ਛੇ ਪੁੱਤਰਾਂ ਨੂੰਹਾਂ ਦੀ ਮੌਤ ਨਾਲ ਮਾਨਸਿਕ ਪੀੜਾ ਦਾ ਸਤਾਇਆ ਜੀਵਨ ਦੀਆਂ ਆਖਰੀ ਘੜੀਆਂ ਗਿਣਦਾ ਸਹਾਰੇ ਦਾ ਮੁਥਾਜ ਸੀ।

ਕਾਲ ਬਲੀ ਦੀ ਝਪਟ ਦਾ ਸ਼ਿਕਾਰ ਹੋਏ ਮਾਨਸਿਕ ਦਰਦ ਨਾਲ ਦੁਖੀ ਇਸ ਪਿੱਛੇ ਬਚੇ ਪੰਜ ਜੀਆਂ ਦੇ ਪਰਿਵਾਰ ਵਿਚ ਕਮਾਊ ਪੁਰਸ਼ ਕੇਵਲ ਤੇ ਕੇਵਲ ਇਕ ਨਿੱਕਾ ਸਿੰਘ ਜੀ ਹੀ ਸਨ। ਪਹਿਲਾਂ ਮਾਤਾ ਫਿਰ ਪਿਤਾ ਦੀ ਮੌਤ ਆਪ ਦੇ ਬਚਪਨ ਵਿਚ ਹੀ ਹੋ ਗਈ ਸੀ, ਇਸ ਲਈ ਉਨ੍ਹਾਂ ਦੀ ਤਰਫ਼ ਸ਼ਾਇਦ ਆਪ ਨੇ ਬਹੁਤਾ ਧਿਆਨ ਨਹੀਂ ਸੀ ਦਿੱਤਾ। ਕਿਉਂਕਿ ਸੁਭਾਅ ਦੇ ਆਪ ਬਹੁਤ ਬੇਪਰਵਾਹ ਸਨ, ਪ੍ਰੰਤੂ ਹੁਣ ਇਕੋ ਸਮੇਂ ਪ੍ਰੀਵਾਰ ਦੇ ਚਾਰ ਨੌਜਵਾਨ ਜੀਆਂ ਵਲੋਂ ਛੋਟੇ-ਛੋਟੇ ਤਿੰਨ ਬੱਚਿਆਂ ਅਤੇ ਬਿਰਧ ਪਿਤਾ ਨੂੰ ਪਿੱਛੇ ਛੱਡ ਕੇ ਆਪ ਮੌਤ ਦੇ ਵਾਪਸ ਨਾ ਆਉਣ ਵਾਲੇ ਰਸਤੇ ਸਵਾਰ ਹੋ ਕੇ ਅਣਡਿੱਠੇ ਦੇਸ਼ ਨੂੰ ਤੁਰ ਜਾਣ ਨਾਲ ਆਪ ਦੇ ਸੰਸਕਾਰੀ ਮਨ ਉੱਪਰ ਬੈਰਾਗ ਦਾ ਜ਼ਬਰਦਸਤ ਝਟਕਾ ਵੱਜਿਆ। ਆਪ ਦੇ ਸ਼ੁੱਧ ਮਨ ਨੇ ਸੰਸਾਰ ਦੀ ਅਸਲੀਅਤ ਚੰਗੀ ਤਰ੍ਹਾਂ ਸਮਝ ਲਈ ਕਿ ਇਸ ਵਿੱਚ ਸਾਰ ਕੁਝ ਨਹੀਂ। ਇਸ ਅਸਾਰ ਸੰਸਾਰ ਦੇ ਚਰਾਚਰ ਜਿਤਨੇ ਜੀਵ ਹਨ ਸਭ ਹਰ ਘੜੀ, ਹਰ ਪਲ ਅਤੇ ਹਰ ਛਿਨ ਕਾਲ ਦੇ ਮੂੰਹ ਵੱਲ ਬੜੀ ਤੇਜ਼ੀ

* *ਪਹਿਲੀ ਵਿਸ਼ਵ ਯੁੱਧ ਵਿੱਚ ਇਸਰਾਈਲ ਜਾਣਾ ਅਤੇ ਉਥੋਂ ਇਰਾਨ ਦੇ ਰਸਤੇ ਵਾਪਸ ਭਾਰਤ ਆਉਣਾ, ਹਜ਼ੂਰ ਨੇ ਕਿਸੇ ਸਮੇਂ ਆਪ ਸੁਣਾਇਆ ਸੀ।*

ਨਾਲ ਸਫ਼ਰ ਕਰ ਰਹੇ ਹਨ। ਜਿਹੜੇ ਜੀਵ ਆਪਣੇ-ਆਪ ਨੂੰ ਜ਼ਿੰਦਾ ਸਮਝਦੇ ਹਨ ਉਹ ਵੀ ਹਰ ਪਲ ਮਰ ਮੁੱਕ ਰਹੇ ਹਨ। ਜਨਮ ਨੂੰ ਬਚਪਨ ਨੇ ਖਾ ਲਿਆ, ਬਚਪਨ ਨੂੰ ਕਿਸ਼ੋਰ ਅਵਸਥਾ ਖਾ ਰਹੀ ਹੈ, ਕਿਸ਼ੋਰ ਅਵਸਥਾ ਨੂੰ ਜਵਾਨੀ ਨੇ ਖਾ ਜਾਣਾ ਹੈ, ਜਵਾਨੀ ਨੂੰ ਬੁਢਾਪਾ ਨਿੱਗਲ ਜਾਂਦਾ ਹੈ, ਬੁਢਾਪੇ ਦੀ ਹੋਂਦ ਮੌਤ ਮਿਟਾ ਦਿੰਦੀ ਹੈ। ਹਰ ਮਾਂ ਸਮਝਦੀ ਹੈ ਮੇਰਾ ਪੁੱਤਰ ਵੱਡਾ ਹੋ ਰਿਹਾ ਹੈ, ਵਾਸਤਵ ਵਿੱਚ ਜਨਮ ਤੋਂ ਬਾਅਦ ਹਰ ਜੀਵ ਘਟਣਾ ਸ਼ੁਰੂ ਹੋ ਜਾਂਦਾ ਹੈ। ਫਿਰ ਇਹ ਵੀ ਕੋਈ ਨਿਯਮ ਨਹੀਂ ਹੈ ਕਿ ਬੁਢਾਪੇ ਤੋਂ ਬਾਅਦ ਹੀ ਮੌਤ ਆਵੇਗੀ। ਕਈ ਮਾਤਾ ਦੇ ਉਦਰ ਵਿਚ ਹੀ ਗੁਜ਼ਰ ਜਾਂਦੇ ਹਨ, ਕਈ ਬਚਪਨ, ਕਈ ਜਵਾਨੀ ਸਮੇਂ ਅਤੇ ਕੁਝ ਬਚੇ-ਖੁਚੇ ਬੁਢਾਪੇ ਤੋਂ ਬਾਅਦ ਕਾਲ ਦੀ ਗਰਾਹੀ ਬਣ ਜਾਂਦੇ ਹਨ। ਗੁਰੂ ਸਾਹਿਬ ਜੀਆਂ ਦਾ ਫੁਰਮਾਨ ਹੈ—

ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥
ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥
ਗਿਆਨੀ ਧਿਆਨੀ ਚਤੁਰ ਪੇਖਿ ਰਹਨੁ ਨਹੀ ਇਹ ਠਾਇ॥
ਛਾਡਿ ਛਾਡਿ ਸਗਲੀ ਗਈ ਮੂੜ ਤਹਾ ਲਪਟਾਹਿ॥

*(ਗਉੜੀ ਬਾਵਨ ਅਖਰੀ, ਪੰਨਾ-੨੫੪)*

ਐਸੇ ਨਾਸ਼ਵੰਤ ਸੰਸਾਰ ਵਿੱਚ ਜ਼ਿੰਦਾ ਰਹਿਣ ਦੀ ਆਸ ਕੋਈ ਮੂਰਖ ਭਾਵ ਬੁੱਧੀਹੀਣ ਪੁਰਸ਼ ਹੀ ਕਰਦਾ ਹੈ, ਲੇਕਿਨ ਬੁੱਧੀਮਾਨ ਜਾਂ ਸਿਆਣਾ ਪੁਰਸ਼ ਓਹੀ ਮੰਨਿਆ ਜਾਂਦਾ ਹੈ ਜੋ ਇਸ ਛਿਨ-ਭੰਗੁਰ ਮਨੁੱਖ ਜੀਵਨ ਵਿਚ ਕਿਸੇ ਅਬਿਨਾਸੀ ਜੀਵਨ ਨੂੰ ਪ੍ਰਾਪਤ ਕਰਨ ਲਈ ਪੁਰਸ਼ਾਰਥ ਸਹਿਤ ਯਤਨਸ਼ੀਲ ਹੋ ਜਾਂਦਾ ਹੈ। ਇਹ ਵਿਚਾਰ ਆਪ ਦੇ ਨਿਰਮਲ ਮਨ ਤੇ ਬਾਰ ਬਾਰ ਉਤਪੰਨ ਹੋਣੇ ਸ਼ੁਰੂ ਹੋ ਗਏ। ਲੇਕਿਨ ਘਰ ਦੇ ਹਾਲਾਤ, ਪ੍ਰਸਥਿਤੀਆਂ ਕੁਝ ਐਸੀਆਂ ਬਣ ਗਈਆਂ ਸਨ ਕਿ ਇਕ ਦਮ ਇਸ ਦਿਸਦੇ ਵਸਦੇ ਸੰਸਾਰ ਨੂੰ ਪਿੱਠ ਦੇਣੀ ਵੀ ਮੁਸ਼ਕਲ ਸੀ, ਕਿਉਂਕਿ ਛੋਟੀ ਉਮਰ ਦੇ ਤਿੰਨ ਭੈਣ ਭਰਾ ਅਤੇ ਮੌਤ ਨੂੰ ਉਡੀਕ ਰਿਹਾ ਬਿਰਧ ਦਾਦਾ, ਜਿਨ੍ਹਾਂ ਦਾ ਨਿੱਕਾ ਸਿੰਘ ਤੋਂ ਬਗੈਰ ਸੰਸਾਰ ਵਿਚ ਹੋਰ ਕੋਈ ਸਹਾਰਾ ਵੀ ਨਹੀਂ ਸੀ। ਇਸ ਪ੍ਰਕਾਰ ਅੰਦਰੋਂ ਬੈਰਾਗ ਯੁਕਤ ਹੋਏ, ਬਾਹਰੋਂ ਘਰ ਪਰਿਵਾਰ ਦੇ ਸਾਰੇ ਕੰਮ ਕਾਜ ਦੀ ਸੰਭਾਲ ਕਰਨ ਲੱਗੇ। ਸਮਾਂ ਆਪਣੀ ਚਾਲ ਨਾਲ ਗੁਜ਼ਰਦਾ ਗਿਆ। ਇਕ ਦਿਨ ਬਾਬਾ ਜੱਸਾ ਸਿੰਘ ਨੇ ਕੋਲ ਬਿਠਾ ਕੇ ਆਖਿਆ ਨਿੱਕਾ ਸਿਆਂ! ਤੂੰ ਸ਼ਾਦੀ ਕਰ ਲੈ, ਕਿਉਂਕਿ ਘਰ ਦੇ ਸੁੱਖਾਂ ਰੂਪੀ ਬੁਝ ਚੁੱਕੇ ਦੀਵੇ ਵਿੱਚ ਕੁਝ ਖੁਸ਼ੀ ਰੂਪੀ ਚਰਾਗ ਦੀ ਕਿਰਨ ਜਗੇ। ਲੇਕਿਨ ਆਪ ਦੇ ਮਨ ਵਿਚ ਸੰਸਾਰ ਦੀਆਂ ਇਹ ਚਾਰ ਦਿਨਾਂ ਦੀਆਂ ਝੂਠੀਆਂ ਖੁਸ਼ੀਆਂ ਅਤੇ ਸੁੱਖਾਂ ਦੀ ਨਸ਼ਵਰਤਾ ਦ੍ਰਿੜ ਹੋ ਗਈ ਸੀ, ਇਸ ਲਈ ਆਪ ਨੇ ਆਖਿਆ ਬਾਬਾ! ਮੇਰਾ ਮਨ ਸੰਸਾਰ ਦੇ ਬੰਧਨਾਂ ਵਿਚ ਪੈਣ ਦਾ ਨਹੀਂ, ਸਮਾਂ ਆਉਣ ਤੇ ਲਛਮਣ ਸਿੰਘ ਦੀ ਸ਼ਾਦੀ ਕਰ ਲਵਾਂਗੇ। ਪੂਰਬਲੇ ਕਰਮਾਂ ਦੀ ਕੀਤੀ ਕਮਾਈ ਦੇ ਜ਼ੇਰੇ ਅਸਰ ਆਪ ਜੀ ਦੇ ਪਵਿੱਤਰ ਮਨ ਤੇ ਵਿਵੇਕ ਵੈਰਾਗ ਦਾ ਬਲ ਵੱਧਦਾ ਜਾ ਰਿਹਾ ਸੀ। ਇਸ ਲਈ ਘਰ ਦੇ ਕੰਮ ਕਾਜ ਦੀ ਸੰਭਾਲ ਦੇ ਨਾਲ ਨਾਲ ਗੁਰਬਾਣੀ ਵਿਚਾਰ ਅਤੇ ਸਤਿਸੰਗ ਵੱਲ ਜ਼ਿਆਦਾ ਧਿਆਨ ਦੇਣ ਲੱਗੇ। ਪਿੰਡ ਦੇ ਡੇਰੇ ਉਦਾਸੀ ਸੰਤ ਬੁੱਧ ਦਾਸ, ਤ੍ਰਿਵੈਣੀ ਦਾਸ ਆਦਿਕ ਜਿਨ੍ਹਾਂ ਦਾ ਜ਼ਿਕਰ ਪਿੱਛੇ ਆ ਚੁੱਕਿਆ ਹੈ, ਉਨ੍ਹਾਂ ਦੇ ਕੋਲੋਂ ਗੁਰਬਾਣੀ ਦੀ ਸੰਥਯਾ ਪੂਰੀ ਕਰ ਲਈ, ਅਤੇ ਜਿਥੇ ਕਿਤੇ ਪੂਰਨ ਮਹਾਂਪੁਰਸ਼ਾਂ ਦਾ ਪਤਾ ਲਗਦਾ, ਉਨ੍ਹਾਂ ਦੇ ਦਰਸ਼ਨ, ਸਤਿਸੰਗ ਦਾ ਲਾਭ ਉਠਾਉਣ ਲਈ ਵੀ ਜਾਂਦੇ।

ਇਕ ਵਾਰੀ ਉਸ ਸਮੇਂ ਦੇ ਪੂਰਨ ਮਹਾਂਪੁਰਸ਼, ਰਾਜ ਯੋਗੀ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ ਲੁਧਿਆਣੇ ਸਵੱਦੀ ਵਾਲਿਆਂ ਦੀ ਕੋਠੀ ਵਿਚ ਪਧਾਰੇ ਤਾਂ ਆਪ ਵੀ ਦਰਸ਼ਨਾਂ ਲਈ ਪਹੁੰਚੇ। ਮਹਾਂਪੁਰਸ਼ਾਂ ਨੇ ਦਸਮ-ਪਾਤਿਸ਼ਾਹ ਮਹਾਰਾਜ ਦੇ ਇਸ ਸਵਯੀਏ ਦੀ—**ਜਗਤ ਜੋਤ ਜਪੈ ਨਿਸ ਬਾਸਰ ਏਕ ਬਿਨਾ ਮਨ ਨੈਕ ਨ ਆਨੈ** ਬਹੁਤ ਭਾਵਪੂਰਤ ਅਤੇ ਵਿਸਥਾਰ ਸਹਿਤ ਵਿਆਖਿਆ ਕੀਤੀ ਜਿਸਦਾ ਸਰੋਤਿਆਂ ਦੇ ਮਨਾਂ ਦੇ ਡੂੰਘਾ ਅਸਰ ਪਿਆ। ਲੇਕਿਨ ਆਪ ਤਾਂ ਪਹਿਲਾਂ ਹੀ ਦ੍ਰਿਸ਼ਟਮਾਨ ਪਦਾਰਥਾਂ ਦਾ ਮਿਥਿਅਤਵ ਨਿਸ਼ਚੇ ਕਰਕੇ, ਕਿਸੇ ਐਸੀ ਨਿੱਤ ਵਸਤੂ ਜਿਸ ਵਿਚ ਸੁਪਨ-ਸੁਖੋਪਤ ਆਦਿ ਕਲਪਿਤ ਅਵਸਥਾਵਾਂ ਦਾ ਨਾਮੋ-ਨਿਸ਼ਾਨ ਵੀ ਨਹੀਂ, ਦੀ ਪਿਆਸ ਵਿਚ ਦਿਨ ਰਾਤ ਤੜਪ ਰਹੇ ਸਨ। ਮਹਾਂਪੁਰਖਾਂ ਦੇ ਪਵਿੱਤਰ ਮੁੱਖ ਤੋਂ ਕਿਸੇ ਐਸੀ ਪਰਮ-ਅਨੰਦਮਈ ਅਵਸਥਾ ਦੀ ਮਹਿਮਾ ਸੁਣ ਕੇ ਆਪ ਦੇ ਮਨ ਤੇ ਵਿਸ਼ੇਸ਼ ਅਸਰ ਹੋਇਆ।*

* *ਉਪਰੋਕਤ ਸਤਿਸੰਗ ਦੀਵਾਨ ਦਾ ਜ਼ਿਕਰ ਕਿਸੇ ਸਮੇਂ ਹਜ਼ੂਰ ਨੇ ਆਪ ਵਰਨਣ ਕੀਤਾ ਸੀ, ਅਤੇ ਸਹਿਜ ਕਥਾ ਦੀ 10 ਨੰਬਰ ਕਥਾ ਵਿਚ ਵੀ ਜ਼ਿਕਰ ਹੈ।*

## 1923 ਈ: ਕਾਰਸੇਵਾ ਵਿਚ ਬਾਬਾ ਬੁੱਢਾ ਸਿੰਘ ਮਹਾਰਾਜ ਜੀਆਂ ਦੇ ਪਹਿਲੇ ਦਰਸ਼ਨ

**ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ॥**

*(ਗੂਜਰੀ ਮ: ੪, ਪੰਨਾ-੪੯੩)*

ਯਥਾ — **ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥**

*(ਸੂਹੀ ਮ: ੫, ਪੰਨਾ-੭੮੩)*

ਯਥਾ — **ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ॥**

*(ਭਾਈ ਗੁਰਦਾਸ ਜੀ)*

ਐਸੇ ਉੱਤਮ ਗੁਣਾਂ ਅਤੇ ਅਕਥਨੀਯ ਮਹਿਮਾ ਨਾਲ ਭਰਪੂਰ ਅੰਮ੍ਰਿਤ ਦਾ ਸੋਮਾ ਜਿਸ ਵਿਚ ਸ਼ਰਧਾ ਭਾਵਨਾ ਨਾਲ ਇਸ਼ਨਾਨ ਕੀਤਿਆਂ ਜਨਮਾਂ ਜਨਮਾਤਰਾਂ ਦੀ ਪਾਪਾ ਰੂਪੀ ਮੈਲ ਦੂਰ ਹੋ ਜਾਂਦੀ ਹੈ, ਅਤੇ ਜਿਸ ਕਰਕੇ ਕਾਂ-ਰੂਪੀ ਭੱਖ-ਅਭੱਖ ਤੋਂ ਵਿਵੇਕਹੀਣ ਹੋਈ ਮੈਲੀ ਬੁੱਧੀ ਉਲਟ ਕੇ ਸਵੱਛ, ਯਾਨੀ ਸਤ ਅਸਤ ਦੇ ਵਿਵੇਕਵਾਲੀ ਵਿਚਾਰਸ਼ੀਲ ਹੰਸਵਤ ਹੋ ਜਾਂਦੀ ਹੈ, ਐਸੇ ਅੰਮ੍ਰਿਤ ਸਰੋਵਰ ਸ੍ਰੀ ਅੰਮ੍ਰਿਤਸਰ ਦੀ ਕਾਰ ਸੇਵਾ 17 ਜੂਨ, 1923 ਈ: ਨੂੰ ਸ਼ੁਰੂ ਹੋਈ। ਇਸ ਪਵਿੱਤਰ ਕਾਰਜ ਦੀ ਕਾਰ-ਸੇਵਾ ਵਿਚ ਸੇਵਾ ਦਾ ਆਪੋ ਆਪਣਾ ਯੋਗਦਾਨ ਪਾਉਣ ਲਈ ਦੇਸ਼ ਭਰ ਵਿੱਚ ਲੱਖਾਂ ਸੰਗਤਾਂ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੀਆਂ। ਇਕ ਸਰਕਾਰੀ ਅੰਦਾਜ਼ੇ ਮੁਤਾਬਕ ਆਪਣੇ ਸਾਧਨਾਂ ਰਾਹੀਂ ਆਉਣ ਵਾਲਿਆਂ ਤੋਂ ਬਿਨਾਂ ਨੌਂ-ਲੱਖ ਟਿਕਟਾਂ ਰੇਲ ਦੀਆਂ ਵਿਕੀਆਂ ਸਨ। ਆਪ ਵੀ ਪਿੰਡ ਦੇ ਕੁਝ ਹੋਰ ਵਿਅਕਤੀਆਂ ਨਾਲ ਸੇਵਾ ਦੇ ਉਸ ਮਹਾਨ ਪਵਿੱਤਰ ਕੁੰਭ ਵਿਚ ਗੋਤਾ ਲਾਉਣ ਲਈ ਸ੍ਰੀ ਅੰਮ੍ਰਿਤਸਰ ਪਹੁੰਚੇ। ਇਸ ਪਾਵਨ ਪੁਰਬ ਵਿਚ ਹਿੱਸਾ ਪਾਉਣ ਲਈ ਸਭ ਮੱਤਾਂ ਦੇ ਸਾਧੂ ਮਹਾਤਮਾ ਪਹੁੰਚੇ ਹੋਏ ਸਨ। ਹਰਿਦੁਆਰ-ਰਿਸ਼ੀਕੇਸ਼ ਤੋਂ ਵੀ ਕਾਫ਼ੀ ਗਿਣਤੀ ਵਿਚ ਸਾਧੂ ਮਹਾਤਮਾ ਪੁਹੰਚੇ ਹੋਏ ਸਨ ਜਿਨ੍ਹਾਂ ਵਿਚ ਮਹੰਤ ਬਾਬਾ ਬੁੱਢਾ ਸਿੰਘ ਜੀ ਵੀ ਆਏ ਹੋਏ ਸਨ। ਪੂਰਬਲੇ ਸੰਯੋਗ ਵੱਸ ਬਾਬਾ ਬੁੱਢਾ ਸਿੰਘ ਜੀ ਦਾ ਪਹਿਲਾ ਮਿਲਾਪ ਆਪ ਜੀ ਨੂੰ ਇਸ ਪਾਵਨ ਨਗਰੀ ਦੇ ਪਵਿੱਤਰ ਪੁਰਬ ਤੇ ਹੀ ਹੋਇਆ। ਦਰਸ਼ਨ ਕਰਕੇ ਕੁਝ ਵਿਚਾਰ ਸ੍ਰਵਣ ਕਰਨ ਉਪਰੰਤ ਮਨ ਨੇ ਖਿੱਚ ਖਾਧੀ, ਲੇਕਿਨ ਪੂਰਨ ਮਿਲਾਪ ਲਈ ਸ਼ਾਇਦ ਅਜੇ ਕੁਝ ਸਮੇਂ ਦੀ ਦੇਰੀ ਸੀ। ਇਸ ਪ੍ਰਕਾਰ ਸੇਵਾ ਅਤੇ ਗੁਰ ਅਸਥਾਨਾਂ ਦੇ ਦਰਸ਼ਨ ਦੀਦਾਰੇ ਕਰਕੇ, ਅੰਦਰ ਧੁੱਖ ਰਹੀ ਬਿਰਹਾ ਅਗਨੀ ਨੂੰ ਮਹਾਂਪੁਰਖਾਂ ਦੇ ਪਹਿਲੇ ਮਿਲਾਪ ਰੂਪੀ ਹਵਾ ਦੇ ਬੁੱਲ੍ਹੇ ਨਾਲ ਹੋਰ ਪ੍ਰਜ੍ਵੱਲਤ ਕਰਕੇ ਘਰ ਵਾਪਿਸ ਆ ਗਏ। ਹੁਣ ਆਪ ਛੇਤੀ ਤੋਂ ਛੇਤੀ ਸੰਸਾਰ ਦੇ ਤਮਾਮ ਬੰਧਨਾਂ ਤੋਂ ਮੁਕਤ ਹੋ ਕੇ ਪਰਮ-ਪਦ ਰੂਪੀ ਮਹਾਨ ਸ਼ਾਂਤ ਅਤੇ ਪਰਮ ਸੁਖਦਾਈ ਮੰਜ਼ਲ ਤੇ ਪਹੁੰਚਣ ਲਈ ਗੁਰੂ ਸ਼ਰਨ ਰੂਪੀ ਜਹਾਜ਼ ਤੇ ਸਵਾਰ ਹੋਣਾ ਚਾਹੁੰਦੇ ਸਨ ਕਿਉਂਕਿ ਪੂਰਬਲੇ ਜਨਮਾਂ ਦੇ ਕੀਤੇ ਨਿਸ਼ਕਾਮ ਕਰਮ ਅਤੇ ਸਤਿਸੰਗ ਦੇ ਬਲ ਕਰਕੇ ਆਪ ਇਸ ਰਾਜ਼ ਨੂੰ ਚੰਗੀ ਤਰ੍ਹਾਂ ਸਮਝ ਚੁੱਕੇ ਸਨ ਕਿ ਸੰਸਾਰ ਦੇ ਤਮਾਮ ਦੁੱਖਾਂ ਦਾ ਅਤਿਅੰਤਾਂ ਅਭਾਵ ਅਤੇ ਹਰ ਪ੍ਰਕਾਰ ਦੇ ਸੁੱਖਾਂ ਦਾ ਮਹਾਨ ਸਮੁੰਦਰ ਆਤਮ ਦੇਸ਼ ਹੀ ਹੈ। ਐਸੇ ਪਰਮ ਸੁਖਦਾਈ ਆਤਮ ਦੇਸ਼ ਵਿੱਚ ਪਹੁੰਚਣ ਲਈ ਗੁਰੂ ਸ਼ਰਨ ਰੂਪੀ ਜਹਾਜ਼ ਤੋਂ ਬਿਨਾਂ ਹੋਰ ਕੋਈ ਸਾਧਨ ਰੂਪੀ ਸਵਾਰੀ ਸਮਰਥ ਹੀ ਨਹੀਂ। ਲੇਕਿਨ ਬਗੈਰ ਸੰਜੋਗ ਅਤੇ ਸ਼ੁਭ ਨਿਸ਼ਕਾਮ ਕਰਮਾਂ ਤੋਂ ਐਸਾ ਪਰਮ ਸੁਖਦਾਈ ਜਹਾਜ਼ ਮਿਲਦਾ ਵੀ ਕਦ ਹੈ। ਇਸ ਲਈ ਹੁਣ ਆਪ ਨੇ ਵਿਵਹਾਰਕ ਫਰਜਾਂ ਦਾ ਭਾਰ ਹਲਕਾ ਕਰਨ ਲਈ ਯੋਗ ਟਿਕਾਣੇ ਦੇਖ ਕੇ ਦੋਨਾਂ ਭੈਣਾਂ ਦੀ ਸ਼ਾਦੀ ਯਾਨੀ ਭਾਨੋਂ ਦੀ ਸ਼ਾਦੀ 'ਧਾਂਦਰੇ' ਅਤੇ ਕਾਨ੍ਹੋਂ ਦੀ ਸ਼ਾਦੀ 'ਲੋਹਗੜ੍ਹ' ਜ਼ਿਲ੍ਹਾ ਲੁਧਿਆਣਾ ਵਿਚ ਕਰ ਦਿੱਤੀ। ਲਛਮਣ ਸਿੰਘ ਭਾਵੇਂ ਉਮਰ ਦਾ ਅਜੇ ਛੋਟਾ ਸੀ, ਲੇਕਿਨ ਆਪ ਨੇ ਸ਼ਾਦੀਵਾਲਾ ਫਰਜ਼ ਉਸਦਾ ਵੀ ਪੂਰਾ ਕਰ ਦਿੱਤਾ। ਹੁਣ ਆਪ ਦੇ ਜ਼ਿੰਮੇ ਇੱਕੋ-ਇਕ ਫਰਜ਼ ਬਿਰਧ ਬਾਬਾ ਜੱਸਾ ਸਿੰਘ ਦੀ ਸੇਵਾ ਰਹਿ ਗਿਆ ਸੀ। ਇਤਨੇ ਨੂੰ 1926 ਈ: ਦਾ ਹਰਿਦੁਆਰ ਦਾ ਕੁੰਭ ਮੇਲਾ ਆ ਗਿਆ, ਆਪ ਪਿੰਡ ਦੇ ਹੋਰ ਸੱਜਣਾ ਨਾਲ ਹਰਿਦੁਆਰ ਪਹੁੰਚ ਗਏ। ਸਭ ਨੇ ਕੁੰਭ ਦੇ ਪਵਿੱਤਰ ਪੁਰਬ ਤੇ ਸ਼ਰਧਾ ਪ੍ਰੇਮ ਨਾਲ ਇਸ਼ਨਾਨ ਕੀਤਾ, ਲੇਕਿਨ ਆਪ ਤਾਂ ਕੇਵਲ ਗੰਗਾ ਇਸ਼ਨਾਨ ਲਈ ਹੀ ਨਹੀਂ ਸਨ ਆਏ ਸਗੋਂ ਇਸ ਤੋਂ ਵੀ ਕਿਤੇ ਵਧੇਰੇ ਵਿਸ਼ੇਸ਼ ਕਾਰਜ—

**ਸੰਸਾਰਿ ਸਫਲੁ ਗੰਗਾ ਗੁਰ ਦਰਸਨੁ ਪਰਸਨ ਪਰਮ ਪਵਿਤ੍ਰ ਗਤੇ॥**
**ਜੀਤਹਿ ਜਮ ਲੋਕੁ ਪਤਿਤ ਜੇ ਪ੍ਰਾਣੀ ਹਰਿ ਜਨ ਸਿਵ ਗੁਰ ਗ੍ਯ਼ਾਨਿ ਰਤੇ॥**

*(ਸਵਈਏ ਮ: ੪ ਕੇ, ਪੰਨਾਂ-੧੪੦੧)*

ਦੇ ਮਹਾਂਵਾਕ ਅਨੁਸਾਰ ਐਸੇ ਮਹਾਂਪੁਰਖ ਦੇ ਦਰਸ਼ਨ ਕਰਨ ਲਈ ਆਏ ਸਨ, ਜਿਸ ਦੇ ਦਰਸ਼ਨ ਮਾਤਰ ਨਾਲ ਹੀ ਪਤਿਤ ਪ੍ਰਾਣੀ ਵੀ ਜਮ ਲੋਕ ਨੂੰ ਜਿੱਤ ਜਾਂਦਾ ਹੈ। ਇਸ ਪ੍ਰਕਾਰ ਆਪ ਨੇ ਗੰਗਾ ਇਸ਼ਨਾਨ ਤੋਂ ਬਾਅਦ ਮਹੰਤ ਬਾਬਾ ਬੁੱਢਾ ਸਿੰਘ ਜੀ ਦੇ ਦਰਸ਼ਨ ਕੀਤੇ। ਦੋ ਦਿਨ ਸਤਿਸੰਗ ਵਿਚ ਕਥਾ ਪ੍ਰਵਚਨ ਸੁਣਨ ਤੋਂ ਬਾਅਦ ਨਾਲ ਦੀ ਸੰਗਤ ਨੇ ਵਾਪਸੀ ਦਾ ਵਿਚਾਰ ਪ੍ਰਗਟ ਕੀਤਾ, ਲੇਕਿਨ ਆਪ ਦੇ ਮਨ ਨੂੰ *ਗੁਰੂ ਚਰਨਾਂ ਦੇ ਪ੍ਰੇਮ ਦੀ ਤੀਬਰ ਖਿੱਚ ਪੈ ਚੁੱਕੀ ਸੀ, ਪ੍ਰੰਤੂ ਫਿਰ ਵੀ ਬਿਰਧ ਬਾਬੇ ਦੀ ਸੇਵਾ ਸੰਭਾਲ ਦਾ ਸੰਕਲਪ ਵਾਪਸ ਘਰ ਲੈ ਆਇਆ।

ਕਿਸੇ ਵੀ ਕਾਰਜ ਦੀ ਸਫ਼ਲਤਾ ਲਈ ਜ਼ਰੂਰੀ ਹੈ ਕਿ ਸਮਾਂ ਢੁਕਵਾਂ ਆ ਜਾਵੇ ਅਤੇ ਪ੍ਰਸਥਿਤੀਆਂ ਅਨੁਕੂਲ ਹੋ ਜਾਣ। ਲੇਕਿਨ ਇਹ ਜੀਵ ਦੇ ਵੱਸ ਨਹੀਂ, ਬਲਕਿ ਇਨ੍ਹਾਂ ਕਾਰਨਾਂ ਦੀ ਸਿਰਜਣਾ ਖੁਦਾ, ਖੁਦ ਕਰਦਾ ਹੈ, ਕਿਉਂਕਿ ਸਾਰੇ ਕਾਰਨਾਂ ਦਾ ਕਰਤਾ ਕਰਤਾਰ ਤੋਂ ਬਗੈਰ ਕੋਈ ਦੂਸਰਾ ਹੈ ਹੀ ਨਹੀਂ, ਜੈਸੇ ਗੁਰੂ ਵਾਕ—

ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ॥
ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ॥

*(ਸਲੋਕ ਸਹਸਕ੍ਰਿਤੀ ਮ: ੧, ਪੰਨਾ-੧੩੫੩)*

ਯਥਾ — ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ॥

*(ਆਸਾ ਦੀ ਵਾਰ, ਪੰਨਾ-੪੬੬)*

ਇਸ ਲਈ ਨਿੱਕਾ ਸਿੰਘ ਜੀ ਦਾ ਆਤਮ ਦੇਸ਼ ਦੀ ਯਾਤਰਾ ਕਰਨ ਦਾ ਸਮਾਂ ਹੁਣ ਨਜ਼ਦੀਕ ਆਉਂਦਾ ਜਾ ਰਿਹਾ ਸੀ ਅਤੇ ਪ੍ਰਸਥਿਤੀਆਂ ਅਨੁਕੂਲ ਹੁੰਦੀਆਂ ਜਾ ਰਹੀਆਂ ਸਨ। ਅੰਨ ਜਲ ਦਾ ਕੁਝ ਖੇਡ ਬਣ ਗਿਆ ਕਿ ਲਛਮਣ ਸਿੰਘ ਫੌਜ ਵਿਚ ਜਾ ਭਰਤੀ ਹੋਇਆ, ਪਿੱਛੇ ਘਰ ਵਿਚ ਬਿਰਧ ਬਾਬਾ ਅਤੇ ਆਪ ਰਹਿ ਗਏ। ਕੁਝ ਸਮਾਂ ਆਪ ਘਰ ਦਾ ਕੰਮ ਕਾਜ ਅਤੇ ਬਾਬੇ ਦੀ ਸੇਵਾ ਸੰਭਾਲ ਕਰਦੇ ਰਹੇ, ਆਖ਼ਿਰ ਪਰਮੇਸ਼ਰ ਦੇ ਅਟੱਲ ਨਿਯਮ ਅਨੁਸਾਰ ਬਾਬੇ ਨੂੰ ਵੀ ਧੁਰ ਦੇ ਸੱਦੇ ਆ ਗਏ। ਬਾਬੇ ਦੇ ਅਣਡਿੱਠੇ ਦੇਸ਼ ਨੂੰ ਤੁਰ ਜਾਣ ਤੋਂ ਬਾਅਦ ਉਸਦੀਆਂ ਆਖਰੀ ਰਸਮਾਂ, ਸਮਾਜ ਦੀ ਰਵਾਇਤ ਮੁਤਾਬਕ ਆਪ ਨੇ ਸਭ ਸੰਪੂਰਨ ਕਰ ਦਿੱਤੀਆਂ। ਹੁਣ ਕੋਈ ਵੀ ਪ੍ਰਸਥਿਤੀ ਐਸੀ ਨਹੀਂ ਸੀ ਜੋ ਆਪ ਦੇ ਰਸਤੇ ਵਿਚ ਰੁਕਾਵਟ ਬਣ ਜਾਂਦੀ। ਬਾਬੇ ਦੀ ਮੌਤ ਨਾਲ ਆਪ ਦੇ ਸਭ ਬੰਧਨ ਅਤੇ ਸੰਕਲਪ ਸ਼ਾਂਤ ਹੋ ਚੁੱਕੇ ਸਨ। ਬੱਸ, ਇਕ ਹੀ ਸੰਕਲਪ ਬਾਕੀ ਰਹਿ ਗਿਆ ਸੀ, ਪ੍ਰੀਤਮ ਦੇ ਦੇਸ਼ ਜਾਣਾ। ਹੁਣ ਉਸ ਪਰਮ ਸੁਖਦਾਈ ਦੇਸ਼ ਦਾ ਸਫ਼ਰ ਤਹਿ ਕਰਨ ਲਈ ਆਪ ਲੱਕ ਬੰਨ੍ਹਣ ਦੀ ਤਿਆਰੀ ਵਿੱਚ ਲੱਗ ਗਏ।

## ਸ਼ਾਹ ਵਪਾਰੀ

ਇਕ ਕਿਸਾਨ ਨੇ ਆਪਣੇ ਖੇਤ ਦੀ ਸਿੰਚਾਈ ਕਰਨੀ ਹੋਵੇ ਤਾਂ ਖੂਹ ਜਾਂ ਟਿਊਬੈਲ ਦਾ ਸਾਰਾ ਪਾਣੀ ਕਿਆਰੇ ਤੱਕ ਪਹੁੰਚਣਾ ਜ਼ਰੂਰੀ ਹੈ, ਅਗਰ ਖਾਲ ਵਿਚ ਘਾਸ-ਫੂਸ ਦੀ ਵਜ੍ਹਾ ਕਰਕੇ ਪਾਣੀ ਵਿਰਲਾ ਰਾਹੀਂ ਪਿੱਛੇ ਹੀ ਟੁੱਟੀ ਜਾਵੇ ਤਾਂ ਅੱਗੇ ਜਾ ਕੇ ਖੇਤ ਦੀ ਸਿੰਚਾਈ ਅਸੰਭਵ ਹੈ। ਇਸ ਤਰ੍ਹਾਂ ਕਿਸੇ ਉੱਚੀ ਚੋਟੀ ਤੇ ਚੜ੍ਹਨਾ ਹੋਵੇ ਤਾਂ ਜਿਤਨਾ ਵਜ਼ਨ ਜਾਂ ਸਮਾਨ ਘੱਟ ਕਰ ਲਿਆ ਜਾਵੇ ਉਤਨਾ ਸਫ਼ਰ ਸੌਖਾ ਤਹਿ ਹੋ ਜਾਂਦਾ ਹੈ। ਇਸੀ ਪ੍ਰਕਾਰ ਅਨੰਦਾਂ ਦੇ ਸਮੁੰਦਰ ਵਾਹਿਗੁਰੂ ਦੇ ਦੇਸ਼ ਪਹੁੰਚਣ ਲਈ ਮਨ ਦਾ ਇੱਕਠਾ, ਇਕਾਗਰ ਅਤੇ ਹਲਕਾ ਹੋਣਾਂ ਅਤੀ ਜ਼ਰੂਰੀ ਹੈ। ਅਗਰ ਮਨ ਵਿਸ਼ੇ ਵਾਸ਼ਨਾ ਵਿੱਚ ਖਿੰਡਿਆ ਅਤੇ ਆਸਾ ਤ੍ਰਿਸ਼ਨਾ, ਅਰੁ ਪਦਾਰਥਾਂ ਦੇ ਭਾਰ ਨਾਲ ਲੱਦਿਆ ਹੋਇਆ ਹੈ ਤਾਂ ਪ੍ਰਮਾਰਥ ਮੰਜ਼ਿਲ ਵੱਲ ਇਕ ਕਦਮ ਉਠਾਉਣਾ ਵੀ ਮੁਸ਼ਕਲ ਹੈ।

ਪਰਮਾਰਥ ਦੇ ਰਸਤੇ ਵਿਚ ਆਮ ਕਰਕੇ ਚਾਰ ਕੁ ਚੀਜ਼ਾਂ ਰੁਕਾਵਟ ਦਾ ਕਾਰਨ ਮੰਨੀਆਂ ਜਾਂਦੀਆਂ ਹਨ। ਕੁਟੰਬ ਦਾ ਮੋਹ, ਵਿਵਹਾਰਕ ਅਸਕਤੀ, ਰਾਜ ਭਾਗ ਦੀ ਚਾਹ ਅਤੇ ਲੋਕ ਲੱਜਾ। ਇਨ੍ਹਾਂ ਦੇ ਮਨੋ ਤਿਆਗ ਤੋਂ ਬਿਨਾਂ ਪਰਮਾਰਥ

* *1923 ਈ: ਦੀ ਅੰਮ੍ਰਿਤਸਰ ਕਾਰਸੇਵਾ ਤੋਂ ਬਾਅਦ ਅਤੇ 1926 ਈ: ਦੇ ਕੁੰਭ ਮੇਲੇ ਦਰਮਿਆਨ ਸੰਭਵ ਹੈ ਕੋਈ ਦਰਸ਼ਨ ਮਿਲਾਪ ਦਾ ਸੰਯੋਗ ਬਣਿਆ ਹੋਵੇ, ਲੇਕਿਨ ਸਮਾਂ ਜ਼ਿਆਦਾ ਗੁਜ਼ਰ ਜਾਣ ਕਰਕੇ ਕੋਈ ਹਵਾਲਾ ਮਾਲੂਮ ਨਹੀਂ ਹੋਇਆ।*

ਦੇ ਰਸਤੇ ਤੁਰਨ ਵਾਲਾ ਦੋਨੋਂ ਪਾਸੇ ਦੇ ਸੁੱਖ ਗਵਾ ਲੈਂਦਾ ਹੈ। ਉਪਰੋਕਤ ਪਦਾਰਥਾਂ ਦੀ ਚਾਹ ਪਰਮਾਰਥ ਵਿਚ ਬਿਰਤੀ ਨੂੰ ਲੀਨ ਨਹੀਂ ਹੋਣ ਦਿੰਦੀ ਇਸ ਲਈ ਪਰਮ ਸੁੱਖ ਤੋਂ ਵਾਂਝਾ ਰਹਿ ਜਾਂਦਾ ਹੈ ਅਤੇ ਪਰਮਾਰਥੀ ਬਿਰਤੀ ਸੰਸਾਰਕ ਸੁੱਖ ਵਲੋਂ ਮੋੜਦੀ ਹੈ, ਇਸ ਲਈ ਸੰਸਾਰਕ ਸੁੱਖ ਵੀ ਨਹੀਂ ਲੈ ਸਕਦਾ, ਉਹ ਹੁੰਦਾ ਭਾਵੇਂ ਛਿਨ-ਭੰਗੁਰ ਹੀ ਹੈ। ਇਸ ਲਈ ਕਿਸੇ ਕਿਨਾਰੇ ਨਹੀਂ ਲਗਦਾ। ਸੰਸਾਰ ਦੇ ਸਫ਼ਰ ਜਿਉਂਦੇ ਜੀਅ ਸ਼ੁਰੂ ਹੁੰਦੇ ਹਨ ਲੇਕਿਨ ਪਰਮਾਰਥ ਦੇ ਮਾਰਗ ਜੀਵਨ ਭਾਵ ਤੋਂ ਮਰ ਮਿੱਟ ਕੇ।

ਕਿਸੇ ਸਮੇਂ ਆਪ ਜੀ ਨੇ ਕਥਾ ਕਰਨ ਤੋਂ ਬਾਅਦ ਕੋਲ ਬੈਠੀ ਸੰਗਤ ਨੂੰ ਪੁੱਛਿਆ, ਕਿ ਜੋ ਸੁਣਿਆ ਹੈ ਉਸ ਤੇ ਅਮਲ ਕਰੋਗੇ? ਖੋਖ ਪਿੰਡ ਤੋਂ ਮੁਖਿਤਆਰ ਸਿੰਘ ਨਾਂ ਦਾ ਇਕ ਪ੍ਰੇਮੀ ਬੋਲਿਆ, ਮਹਾਰਾਜ! ਕੋਸ਼ਿਸ਼ ਕਰਾਂਗੇ। ਆਪ ਬੋਲੇ, ਕੋਸ਼ਿਸ਼ ਦਾ ਕੀ ਕੰਮ, ਲੱਕ ਬੰਨੋ! ਤੀਜੇ ਦਿਨ ਨੂੰ ਕੰਮ ਬਣ ਜਾਊ। ਕੋਲ ਬੈਠੀ ਸੰਗਤ ਵਿੱਚੋਂ ਕੁਝ ਪ੍ਰੇਮੀ ਸੋਚਣ ਲੱਗੇ ਕਿ ਲੱਕ ਬੰਨ੍ਹਣ ਰੂਪੀ ਐਸੀ ਕਿਹੜੀ ਘਾਟੀ ਹੈ ਜਿਸ ਨੂੰ ਪਾਰ ਕਰਦਿਆਂ ਹੀ ਪ੍ਰੀਤਮ ਦੇ ਦੇਸ਼ ਪਹੁੰਚ ਜਾਈਦਾ ਹੈ। ਦੇਖੋ! ਅੱਜ ਖ਼ੁੱਧ ਉਸ ਦਵਾਈ ਦਾ ਪ੍ਰਯੋਗ ਕਰਕੇ ਦਿਖਾ ਰਹੇ ਹਨ ਜੋ ਬਾਅਦ ਵਿਚ ਹੋਰ ਮਰੀਜ਼ਾਂ ਨੂੰ ਦੱਸੀ, ਯਾਨੀ ਲੱਕ ਬੰਨ੍ਹਣ ਰੂਪੀ ਨਦੀ ਵਿਚ ਆਪਣੀ ਬੇੜੀ ਨੂੰ ਠੇਲ੍ਹ ਰਹੇ ਹਨ।

**ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥ ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥**
**ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ॥ ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥**
**ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ॥ ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ॥**
**ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥ ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ॥**
**ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥**

*(ਸਲੋਕ ਮ: ੧, ਪੰਨਾ-੪੬੮)*

ਯਥਾ — **ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥**

*(ਬਿਲਾਵਲੁ ਮ: ੫, ਪੰਨਾ-੮੧੧)*

ਗੁਰੂ ਸਾਹਿਬ ਜੀ ਦੇ ਉਪਰੋਕਤ ਨੁਸਖੇ ਦਾ ਆਪ ਅੱਜ ਪ੍ਰੈਕਟੀਕਲ ਕੀ ਕਰ ਰਹੇ ਹਨ, ਮਾਨੋ ਸਾਨੂੰ ਲੱਕ ਬੰਨਣ ਦੀ ਜਾਚ ਸਿਖਾ ਰਹੇ ਹਨ। ਸੀਹਾਂ ਦੌਦ ਪਿੰਡ ਵਿੱਚ ਨੈਣਾਂ ਤੇ ਸੰਤਾ ਪੰਡਿਤ ਦੋ ਸਕੇ ਭਰਾ ਵਸਦੇ ਸਨ, ਜੋ ਬੜੇ ਹੀ ਇਮਾਨਦਾਰ ਅਤੇ ਨੇਕ ਪੁਰਸ਼ ਸਨ। ਦੋਨਾਂ ਭਰਾਵਾਂ ਦਾ ਨਿੱਕਾ ਸਿੰਘ ਜੀ ਦੇ ਪਰਿਵਾਰ ਨਾਲ ਸਨੇਹ ਪੂਰਤ ਵਿਵਹਾਰ ਸੀ। ਆਪ ਨੇ ਅੱਜ ਸਵੇਰੇ ਹੀ ਉਨ੍ਹਾਂ ਦੇ ਘਰ ਜਾ ਕੇ ਕੁਝ ਸਮਾਨ ਦਿੱਤਾ, ਜਿਸ ਵਿੱਚ ਕੁਝ ਕਾਗਜ਼ਾਤ ਜੋ 'ਜ਼ਮੀਨ ਰਹਿਣ' ਦੇ ਸਨ, ਕੁਝ ਗਹਿਣੇ ਜੋ ਲਛਮਣ ਸਿੰਘ ਦੇ ਮੁਕਲਾਵੇ ਲਈ ਬਣਵਾਏ ਸਨ, ਅਤੇ ਕੁਝ ਨਕਦੀ ਦੇ ਕੇ ਦੋਨਾਂ ਪੰਡਿਤ ਭਰਾਵਾਂ ਨੂੰ ਆਖਿਆ, ਇਹ ਲਛਮਣ ਸਿੰਘ ਦੀ ਅਮਾਨਤ, ਹੈ, ਜਦੋਂ ਉਹ ਛੁੱਟੀ ਆਵੇ ਉਸ ਨੂੰ ਦੇ ਦੇਣੀ। ਘਰ ਪਹੁੰਚਕੇ ਚੌਂਕੀਦਾਰ ਨੂੰ ਕਹਿ ਦਿੱਤਾ ਕਿ ਪਿੰਡ ਵਿੱਚ ਹੋਕਾ ਦੇ-ਦੇਹ ਜਿਸ ਨੂੰ ਜੋ ਸਮਾਨ ਚਾਹੀਦਾ ਹੈ ਲੈ ਜਾਵੇ। ਆਪ ਨੇ ਘਰ ਦਾ ਦਰਵਾਜ਼ਾ ਖੋਲ੍ਹ ਦਿੱਤਾ, ਥੋੜ੍ਹੀ ਦੇਰ ਤਾਂ ਕੁਝ ਝਿਝਕ ਰਹੀ, ਲੇਕਿਨ ਜਦੋਂ ਬੇਪਰਵਾਹੀ ਨਾਲ ਖੁਲ੍ਹੇ ਭੰਡਾਰੇ ਵਰਤਦੇ ਦੇਖੇ ਤਾਂ ਸਭ ਟੁੱਟ ਕੇ ਪੈ ਗਏ। ਕਿਸੇ ਨੇ ਬਲਦ, ਕਿਸੇ ਨੇ ਊਠ, ਕਿਸੇ ਨੇ ਗਊ-ਮੱਝ, ਕਿਸੇ ਨੇ ਮੰਜੇ ਬਿਸਤਰੇ ਵਗੈਰਾ ਅਤੇ ਹੋਰ ਸਮਾਨ, ਅਤੇ ਕਿਸੇ ਨੇ ਦਾਣੇ ਫੱਕੇ, ਗੱਲ ਕੀ ਪਲਾਂ-ਘੜੀਆਂ ਵਿੱਚ ਸਾਰਾ ਘਰ ਖਾਲੀ ਕਰ ਦਿੱਤਾ। ਲੇਕਿਨ ਤਿੰਨ ਚੀਜ਼ਾਂ ਅਜੇ ਵੀ ਘਰ ਪਈਆਂ ਰਹਿ ਗਈਆਂ, ਇਕ ਲੋਹੇ ਦਾ ਟਰੰਕ ਜਿਹੜਾ ਫੌਜ ਵਿੱਚੋਂ ਘਰ ਵਾਪਸ ਆਉਣ ਸਮੇਂ ਆਪ ਨਾਲ ਲੈ ਕੇ ਆਏ ਸਨ। ਦੂਸਰਾ ਲੋਹੇ ਦਾ ਡੋਲ, ਖੂਹ ਵਿੱਚੋਂ ਪਾਣੀ ਕੱਢਣ ਵਾਲਾ ਅਤੇ ਇੱਕ ਹੱਥਾਂ ਨਾਲ ਆਟਾ ਪੀਸਣ ਵਾਲੀ ਚੱਕੀ। ਇਹ ਤਿੰਨ ਚੀਜ਼ਾਂ ਕਿਸੇ ਨੇ ਕਿਉਂ ਨਹੀਂ ਚੁੱਕੀਆਂ? ਖੁਦਾ ਜਾਣੇ ਲੇਕਿਨ ਨਿੱਕਾ ਸਿੰਘ ਜੀ ਤਾਂ ਇਸ ਪਰਾਏ ਦੇਸ਼ ਵਿੱਚੋਂ ਇਕ ਸ਼ਾਹ ਵਪਾਰੀ ਦੀ ਤਰ੍ਹਾਂ ਆਪਣਾ ਮਾਲ ਮਹਿੰਗੇ ਭਾਅ ਵੇਚ ਕੇ ਨਿੱਜ ਦੇਸ਼ ਬੇਗਮਪੁਰੇ ਸ਼ਹਿਰ ਦੇ ਰਾਹ ਪੈ ਗਏ।*

---

* *ਇਹ ਸਾਰੀ ਘਟਨਾ ਸਰਦਾਰ ਨਿਰਮਲ ਸਿੰਘ ਚਹਿਲ ਦੀ ਜ਼ਬਾਨੀ ਜੋ ਉਨ੍ਹਾਂ ਨੇ ਆਪਣੇ ਪਿਤਾ ਲਛਮਣ ਸਿੰਘ ਜੀ ਤੋਂ ਸੁਣਿਆ ਸੀ।*

## ਗੁਰੂ ਸ਼ਰਣ

ਜਬ ਲਗੁ ਦਰਸੁ ਨ ਪਰਸੈ ਪ੍ਰੀਤਮ ਤਬ ਲਗੁ ਭੂਖ ਪਿਆਸੀ॥
ਦਰਸਨੁ ਦੇਖਤ ਹੀ ਮਨੁ ਮਾਨਿਆ ਜਲ ਰਸਿ ਕਮਲ ਬਿਗਾਸੀ॥

*(ਸਾਰਗ ਮ: ੧, ਪੰਨਾ-੧੧੯੭)*

ਭਾਦਰੋਂ ਮਹੀਨੇ ਦਾ ਅਖੀਰ ਹੋਣ ਕਰਕੇ ਗਰਮੀ ਅਤੇ ਬਰਸਾਤ ਰੁਤ ਰੂਪੀ ਦੋਨੋਂ ਸਕੀਆਂ ਭੈਣਾਂ ਦੇ ਸਿਰ ਉਪਰ ਦੇ ਵਾਲ ਸਫੈਦ ਹੋ ਚੁੱਕੇ ਹਨ, ਮਾਨੋਂ ਬੁਢਾਪੇ ਦੇ ਵਸ ਪਈਆਂ, ਮੌਤ ਦੀਆਂ ਆਖਰੀ ਘੜੀਆਂ ਗਿਣ ਰਹੀਆਂ ਹਨ। ਸਰਦੀ ਨੇ ਅਜੇ ਜਨਮ ਹੀ ਨਹੀਂ ਲਿਆ। ਆਕਾਸ਼ ਵਿੱਚ ਬਦਲ ਬਣ ਕੇ ਆਪਣੇ ਪਰਉਪਕਾਰੀ ਸੁਭਾ ਮੁਤਾਬਿਕ ਕਦੇ-ਕਦਾਈਂ ਥੋੜ੍ਹੇ-ਬਹੁਤ ਛਿਟੇ ਵਰਸਾ ਕੇ ਮੌਸਮ ਨੂੰ ਹੋਰ ਵੀ ਸੁਹਾਵਣਾ ਬਣਾ ਜਾਂਦੇ ਹਨ। ਨੀਮ ਪਹਾੜੀ ਇਲਾਕਾ ਹੋਣ ਕਰਕੇ ਭਾਂਤ-ਭਾਂਤ ਦੇ ਬ੍ਰਿਛ ਬੂਟੇ, ਅਤੇ ਬੈਕੁੰਠ ਦੀ ਜੰਮ-ਪਲ ਕੇ ਜਵਾਨ ਹੋਈ ਸੱਤਿਆਵਾਨ ਧੀ (ਜਿਸ ਨੂੰ ਲੋਕ ਗੰਗਾ ਦੇਵੀ ਨਾਮ ਨਾਲ ਪੁਕਾਰਦੇ ਹਨ) ਦੀਆਂ ਮਨਮੋਹਕ ਲਹਿਰਾਂ ਨੇ ਬਹੁਤ ਦਿਲਕਸ਼ ਦ੍ਰਿਸ਼ ਪੈਦਾ ਕਰ ਰੱਖਿਆ ਹੈ। ਪਵਿੱਤਰ ਨਦੀ ਗੰਗਾ ਦੇ ਕਿਨਾਰੇ ਵਸੇ ਇਸ ਹਰਦੁਆਰ ਸ਼ਹਿਰ ਵਿੱਚ ਕਨਖਲ ਨਾਮੇ ਇਕ ਜਗ੍ਹਾ ਹੈ, ਜਿਸ ਨੂੰ ਤੀਜੇ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇ ਇੱਕੀ ਵਾਰ ਆਪਣੀ ਪਵਿੱਤਰ ਚਰਨ ਧੂੜੀ ਬਖਸ਼ਿਸ਼ ਕਰਕੇ ਤੀਰਥ ਰੂਪ ਬਣਾਇਆ।

ਇਸ ਪਵਿੱਤਰ ਅਸਥਾਨ ਤੋਂ ਇੱਕ ਮੀਲ ਲਹਿੰਦੇ ਪਾਸੇ ਇਕ ਸੁੰਦਰ ਅਸਥਾਨ ਸੁਸ਼ੋਭਿਤ ਹੈ, ਜਿਸ ਦਾ ਨਾਮ ਹੈ, ਨਿਰਮਲ ਬਾਗ। ਇਹ ਪਾਵਨ ਅਸਥਾਨ ਕੇਵਲ ਨਾਂ ਕਰਕੇ ਹੀ ਨਿਰਮਲ ਨਹੀਂ ਹੈ ਬਲਕਿ ਹੈ ਹੀ ਮੈਲ ਤੋਂ ਰਹਿਤ ਕਿਉਂਕਿ ਮੈਲ, ਰਜੋ, ਤਮੋ, ਸਤੋ ਆਦਿਕ ਤਿੰਨਾਂ ਗੁਣਾਂ ਕਰਕੇ ਹੀ ਹੁੰਦੀ ਹੈ, ਪ੍ਰੰਤੂ ਇਸ ਪਵਿੱਤਰ ਅਸਥਾਨ ਦੇ ਤਿੰਨਾਂ ਗੁਣਾਂ ਨੂੰ ਤਿੰਨ ਪਾਸਿਆਂ ਤੋਂ ਦੇਵ ਨਦੀ ਗੰਗਾਂ ਦੀਆਂ ਬਹਿ ਰਹੀਆਂ ਤਿੰਨ ਧਾਰਾਂ ਪਵਿੱਤਰ ਕਰ ਰਹੀਆਂ ਹਨ। ਇਸ ਪਾਵਨ ਅਸਥਾਨ ਦੇ ਚਾਰੋਂ ਤਰਫ ਦੀਵਾਰ ਕੀਤੀ ਹੋਈ ਹੈ ਜੋ ਬਹੁਤ ਉੱਚੀ ਨਹੀਂ। ਇਸ ਲਈ ਬਾਹਰੋਂ ਬੜੀ ਆਸਾਨੀ ਨਾਲ ਅੰਦਰ ਦਰਸ਼ਨ ਹੋ ਜਾਂਦੇ ਹਨ। ਇਹ ਪਵਿੱਤਰ ਅਸਥਾਨ ਆਪਣੇ ਚੁਫ਼ੇਰੇ ਨਾਲੋਂ ਕੁਝ ਨੀਵੀਂ ਜਗ੍ਹਾ ਹੈ, ਇਸ ਲਈ ਮਾਨੋ ਹਿਰਦੇ ਦੀ ਗਰੀਬੀ ਯਾਨੀ ਨਿਮਰਤਾ ਦਾ ਸੂਚਕ ਹੈ। ਇਸ ਵਿੱਚ ਬਹੁਤ ਸੁੰਦਰ ਬਗੀਚਾ ਲੱਗਿਆ ਹੋਇਆ ਹੈ ਜੋ ਆਪਣੇ ਪਰਉਪਕਾਰੀ ਸੁਭਾ ਮੁਤਾਬਿਕ ਠੰਡੀ-ਠੰਡੀ ਛਾਂ ਅਤੇ ਅੰਮ੍ਰਿਤ ਵਰਗੇ ਮਿੱਠੇ ਫਲਾਂ ਦੇ ਖੁੱਲ੍ਹੇ ਭੰਡਾਰੇ ਵਰਤਾਉਂਦਾ ਰਹਿੰਦਾ ਹੈ।

ਅੱਜ ਅਜੇ ਦਿਨ ਨਹੀਂ ਚੜ੍ਹਿਆ ਪ੍ਰੰਤੂ ਅੰਧੇਰਾ ਵੀ ਨਹੀਂ ਹੈ ਕਿਉਂਕਿ ਮਹਾਂਬਲੀ ਸੂਰਜ ਨੇ ਉਦਯ ਹੋਣ ਤੋਂ ਪਹਿਲਾਂ ਹੀ ਆਪਣੇ ਤੇਜ਼ ਬਲ ਦੀਆਂ ਪ੍ਰਕਾਸ਼ ਰੂਪ ਕਿਰਨਾਂ ਨਾਲ ਰਾਤ ਦੇ ਅੰਧਕਾਰ ਨੂੰ ਮਿਟਾ ਦਿੱਤਾ ਹੈ। ਚੜ੍ਹਦੇ ਪਾਸੇ ਦੇ ਆਕਾਸ਼ ਵਿੱਚ ਸੁੰਦਰ ਲਾਲੀ ਬਹੁਤ ਜਲੌ ਪੂਰਨ ਹੈ। ਇਕ ਕੋਈ ਤੀਹਾਂ ਪੈਂਤੀਆਂ ਦੀ ਉਮਰ ਦਾ ਦੈਵੀ ਚਿਹਰੇ ਵਾਲਾ ਨੌਜਵਾਨ ਜਿਸਦਾ ਭਰਵਾਂ ਕਦ, ਗੋਲ ਚਿਹਰਾ, ਕਮਲਾਂ ਵਰਗੇ ਸੁੰਦਰ ਨੈਣ ਅਤੇ ਚੌੜਾ ਮੱਥਾ ਜੋ ਪੂਰਬ ਦੀ ਲਾਲੀ ਨਾਲ ਇਕ-ਮਿਕ ਹੋਇਆ ਪਿਆ ਹੈ, ਦੀਵਾਰ ਦੇ ਉਪਰ ਦੀ ਬਗੀਚੇ ਦੇ ਅੰਦਰ ਆਪਣੀ ਮੌਜ ਵਿੱਚ ਘੁੰਮ ਰਹੇ ਮਹਾਂਪੁਰਖ ਦੀ ਤਰਫ਼ ਇੱਕ-ਟਕ ਨਜ਼ਰ ਜਮਾਈ ਦੇਖ ਰਿਹਾ ਹੈ।

ਮੱਥੇ ਤੇ ਡਲਕਾਂ ਮਾਰ ਰਹੀ ਬੇਪਰਵਾਹੀ ਦੇ ਕਾਰਨ ਸਰਸਰੀ ਜਿਹੀ ਨਜ਼ਰ ਨਾਲ ਤੱਕਿਆ ਭਾਵੇਂ ਸਿੱਧਾ-ਪਧਰਾ ਅਨਪੜ੍ਹ ਪੇਂਡੂ ਜੱਟ ਪ੍ਰਤੀਤ ਦੇ ਰਿਹਾ ਹੈ, ਲੇਕਿਨ ਅੱਜ 27 ਭਾਦੋਂ, 1927 ਈ: ਦੇ ਉਦਯ ਹੋ ਰਹੇ ਦਿਨ ਤੇ ਸਤਾਈ ਸਿਮਰਤੀਆਂ ਦੇ ਭਾਵ ਨੂੰ ਅੰਦਰ ਵਸਾ ਕੇ ਉਨ੍ਹਾਂ ਦੀ ਪਹੁੰਚ ਤੋਂ ਪਰੇ ਦੀ ਵਸਤੂ ਦਾ ਵਾਪਾਰ ਕਰਨ ਲਈ ਆਇਆ ਹੈ, ਜਿਸਦੀ ਬਾਬਤ ਫ਼ੁਰਮਾਣ ਹੈ—

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ॥
ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ॥

*(ਅਨੰਦੁ ਸਾਹਿਬ, ਪੰਨਾ-੯੨੦)*

ਕੈਸੇ ਹਨ ਉਹ ਮਹਾਂਪੁਰਖ ਜੋ ਬਗੀਚੇ ਦੇ ਅੰਦਰ ਟਹਿਲ ਰਹੇ ਹਨ? ਦੇਹ ਅਭਿਮਾਨ ਜਿੰਨ੍ਹਾਂ ਦਾ ਨਸ਼ਟ ਹੋ ਚੁੱਕਿਆ ਹੈ, ਇੰਦਰੀਆਂ ਰੂਪੀ ਬੱਕਰੀਆਂ ਜਿੰਨ੍ਹਾਂ ਦੇ ਅਧੀਨ ਹੋ ਚੁੱਕੀਆਂ ਹਨ, ਕਾਮ ਕ੍ਰੋਧ ਆਦਿ ਗਿਦੜ ਜਿੰਨ੍ਹਾਂ ਤੋਂ ਭੈ ਖਾਂਦੇ ਹਨ ਅਤੇ ਹੰਕਾਰ ਰੂਪੀ ਸ਼ੇਰ ਤੇ ਸਵਾਰੀ ਕਰਦੇ ਹਨ। ਐਸੇ ਸੂਰਮੇ ਜਿੰਨ੍ਹਾਂ ਦੀ ਬਾਬਤ ਫੁਰਮਾਣ ਹੈ—

ਸੋ ਸੂਰਾ ਵਰੀਆਮ ਜਿਨਿ ਵਿਚਹੁ ਦੁਸਟ ਅੰਹਕਰਣ ਮਾਰਿਆ॥

ਬਗੀਚੇ ਵਿੱਚ ਘੁੰਮਦਿਆਂ ਨੇ ਅਚਾਨਕ ਨਜ਼ਰ ਉਪਰ ਉਠਾਈ ਤਾਂ ਬਾਹਰੋਂ ਦੀਵਾਰ ਉਪਰ ਦੀ ਦੇਖ ਰਹੇ ਪੁਰਸ਼ ਤੇ ਪਈ। ਬਾਹਰੋਂ ਦੇਖ ਰਿਹਾ ਸੱਜਣ ਪੁਰਸ਼ ਇਸ਼ਾਰਾ ਸਮਝਕੇ ਅੰਦਰ ਆਇਆ, ਬੜੇ ਸ਼ਰਧਾ ਯੁਕਤ ਹੋ ਕੇ ਮਹਾਂਪੁਰਸ਼ਾਂ ਦੇ ਪਾਵਨ ਚਰਨਾ ਤੇ ਨਮਸ਼ਕਾਰ ਕੀਤੀ। ਮਾਨੋ ਸਿੰਧ ਸਾਗਰ ਦੀ ਸ਼ਰਣ ਆ ਪਿਆ ਹੈ, ਅਤੇ ਸੂਰਜ ਦੀ ਸ਼ਰਣ ਚਾਨਣ ਨੇ ਆ ਲਈ ਹੈ। ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ, ਵਾਲੀ ਅਵੱਸਥਾ ਹੋ ਗਈ। ਜਿੰਨ੍ਹਾਂ ਚਿਰ ਚਰਨੀਂ ਪਏ ਰਹੇ, ਮਿਲਾਪ-ਰਸ ਵਿੱਚ ਮਗਨ ਸੱਜਲ ਨੇਤਰ ਹੋਏ, ਮਾਨੋਂ ਚਰਨਾਂ ਵਿੱਚ ਲੀਨ ਹੋਏ ਪਏ ਹਨ। ਮਨ ਨੂੰ ਉਹ ਠੰਡ ਪ੍ਰਾਪਤ ਹੋਈ ਜੋ ਅਗੇ ਕਦੇ ਨਹੀਂ ਸੀ ਡਿੱਠੀ ਮਾਨੋਂ ਅੰਦਰੋਂ ਬਾਹਰੋਂ ਆਪਣਾ ਸਾਰਾ ਆਪਾ ਮਹਾਂਪੁਰਸ਼ਾਂ ਦੇ ਚਰਨਾਂ ਵਿੱਚ ਅਰਪਨ ਕਰ ਦਿੱਤਾ।

ਯਥਾ — ਜੋ ਅਪਨੇ ਤਨ ਮਨ ਹੁਤੋ ਅਰਪਨ ਗੁਰ ਆਗੈ॥
ਸਰਬਸ ਤਜ ਕੀਨੋ ਤਬੈ ਚਰਨਨ ਅਨੁਰਾਗੈ॥

ਉਪਰੰਤ ਦੋਨੋਂ ਹੱਥ ਜੋੜਕੇ ਅਰਦਾਸ ਕੀਤੀ ਜਿਸਦਾ ਭਾਵ ਕੁਝ ਇਉਂ ਦਾ ਸੀ—

ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ॥
ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ॥

*(ਸੂਹੀ ਮ: ੫, ਪੰਨਾ—੭੬੩)*

ਯਥਾ — ਮਹਾ ਪਵਿਤ੍ਰ ਸੰਤ ਆਸਨੁ ਮਿਲਿ ਸੰਗਿ ਗੋਬਿਦੁ ਧਿਆਇ॥
ਸਗਲ ਤਿਆਗਿ ਸਰਨਿ ਆਇਓ ਨਾਨਕ ਲੇਹੁ ਮਿਲਾਇ॥

*(ਕਾਨੜਾ ਮ: ੫, ਪੰਨਾ-੧੩੦੦)*

ਯਥਾ — ਮਨਸਾ ਮਾਨਿ ਏਕ ਨਿਰੰਕੇਰੈ॥ ਸਗਲ ਤਿਆਗਹੁ ਭਾਉ ਦੂਜੇਰੈ॥
ਕਵਨ ਕਹਾਂ ਹਉ ਗੁਨ ਪ੍ਰਿਅ ਤੇਰੈ॥ ਬਰਨਿ ਨ ਸਾਕਉ ਏਕ ਟੁਲੇਰੈ॥
ਦਰਸਨ ਪਿਆਸ ਬਹੁਤੁ ਮਨਿ ਮੇਰੈ॥ ਮਿਲੁ ਨਾਨਕ ਦੇਵ ਜਗਤ ਗੁਰ ਕੇਰੈ॥

*(ਕਾਨੜਾ, ਮ: ੫, ਪੰਨਾ-੧੩੦੪)*

ਯਥਾ — ਸਗਲ ਤਿਆਗਿ ਗੁਰ ਸਰਣੀ ਆਇਆ॥
ਮਿਟੇ ਅੰਦੇਸੇ ਨਾਨਕ ਸੁਖੁ ਪਾਇਆ॥

ਯਥਾ — ਸਗਲ ਦੁਆਰਿ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥
ਬਾਂਹਿ ਗਹੇ ਕਿ ਲਾਜ ਅਸਿ ਗੋਬਿੰਦ ਦਾਸ ਤੁਹਾਰ॥

*(ਸ੍ਰੀ ਗੁਰੂ ਗੋਬਿੰਦ ਸਿੰਘ ਜੀ)*

ਉਪਰੋਕਤ ਗੁਰੂ ਵਾਕਾਂ ਦਾ ਸਰੂਮ ਹਿਰਦੇ ਵਿੱਚ ਵਸਾ ਕੇ ਬਹੁਤ ਭਾਵ ਪੂਰਵਕ ਬੇਨਤੀਆਂ ਕੀਤੀਆਂ। ਮਹਾਂਪੁਰਖਾਂ ਨੇ ਮੁਸਕਾਨ ਭਰੇ ਨੇਤਰਾਂ ਨਾਲ ਤੱਕਦਿਆਂ ਪੁੱਛਿਆ ਪ੍ਰੇਮੀਆਂ! ਕਿਥੋਂ ਆਇਆ ਹੈਂ? ਨਾਮ ਕੀ ਹੈ? ਅਰਜ਼ ਕੀਤੀ ਮਹਾਰਾਜ! ਜ਼ਿਲ੍ਹਾ ਲੁਧਿਆਣਾ ਵਿੱਚ ਪਿੰਡ ਸੀਹਾਂ ਦੌਦ ਰਹਿੰਦਾ ਸੀ ਅਤੇ ਲੋਕ ਨਿੱਕਾ ਸਿੰਘ ਕਹਿਕੇ ਬੁਲਾਉਂਦੇ ਸਨ।

ਮਹਾਂਪੁਰਸ਼ — ਪੱਕੇ ਤੌਰ ਤੇ ਪਿੰਡ ਜਾਂ ਟਿਕਾਣਾ ਕਿਹੜਾ ਹੈ?

ਪ੍ਰੇਮੀ — ਮਹਾਰਾਜ ਮੈਨੂੰ ਖੁਦ ਨੂੰ ਪਤਾ ਨਹੀਂ ਲੱਗਿਆ, ਆਪ ਜੀ ਕੋਲ ਇਹ ਹੀ ਪੁੱਛਣ ਆਇਆ ਹਾਂ ਕਿ ਮੇਰਾ ਅਸਲ ਪਿੰਡ ਕਿਹੜਾ ਹੈ।

ਮਹਾਂਪੁਰਸ਼ — ਇਥੇ ਆਪ ਆਇਆ ਹੈਂ, ਕਿ ਕਿਸੇ ਨੇ ਬੁਲਾਇਆ ਹੈ?

ਪ੍ਰੇਮੀ — ਮਹਾਰਾਜ ਖੁਦ ਹੀ ਆਇਆ ਹਾਂ, ਬੁਲਾਉਣਾ ਮੈਨੂੰ ਕਿਸਨੇ ਸੀ?

ਮਹਾਂਪੁਰਸ਼ — ਬਸ ਇਹ ਹੀ ਇਕ ਭਰਮ ਹੈ ਆਪਣੇ ਘਰ ਨੂੰ ਨਾ ਜਾਨਣ ਦਾ, ਜਿਸ ਵਕਤ ਇਹ ਮਰ੍ਹਮ ਅੱਛੀ ਤਰ੍ਹਾਂ ਨਾਲ ਸਮਝ ਵਿੱਚ ਆ ਗਿਆ, ਕਿਮੈਂ ਇਥੇ ਆਪ ਆਇਆ ਹਾਂ ਜਾਂ ਅੰਦਰੋਂ ਕਿਸੇ ਨੇ ਤਾਰ ਹਿਲਾਈ ਹੈ; ਉਸੀ ਵਕਤ ਆਪਣੇ ਅਸਲੀ ਘਰ ਦੀ ਪਹਿਚਾਣ ਹੋ ਜਾਂਦੀ ਹੈ। ਜਾਓ ਹੁਣ ਲੰਗਰ ਵਿੱਚ ਜਾ ਕੇ ਦੁੱਧ ਵਗੈਰਾ ਛਕੋ, ਸਫਰ ਵਿਚੋਂ ਥੱਕ ਕੇ ਆਏ ਹੋ। ਬਸ ਹੰਸ ਮਾਨਸਰੋਵਰ ਤੇ ਪਹੁੰਚ ਗਿਆ, ਹੁਣ ਮੋਤੀਆ ਦਾ ਕੀ ਘਾਟਾ। ਵਪਾਰੀ ਨੂੰ ਥੋਕ ਕੀ ਦੁਕਾਨ ਪ੍ਰਾਪਤ ਹੋ ਗਈ, ਜਿਹੜੀ ਹਰ ਪ੍ਰਕਾਰ ਦੇ ਵਖਰ ਨਾਲ ਭਰਪੂਰ ਹੈ। ਵਸਤੂ ਦਾ ਮੁੱਲ ਤਾਂ ਆਪ ਨੇ ਕੱਲ੍ਹ ਹੀ ਸੀਹਾਂ ਦੌਦ ਤੋਂ ਡਰਾਫਟ ਬਣਾ ਕੇ ਫਰਮ ਦੇ ਨਾਮ ਪੋਸ ਕਰ ਦਿੱਤਾ ਸੀ, ਹੁਣ ਤਾਂ ਕੇਵਲ ਸਾਫ ਬਰਤਨ ਦੀ ਹੀ ਜ਼ਰੂਰਤ ਸੀ ਵਸਤੂ ਪਵਾਉਣ ਲਈ। ਕਿਉਂਕਿ ਜਿਸ ਦੁਰਲਭ ਵਸਤੂ ਦੇ ਵਪਾਰ ਲਈ ਆਪ ਆਏ ਹਨ, ਉਹ ਬੇ-ਕੀਮਤੀ ਵਸਤੂ ਸ਼ੁੱਧ ਬਰਤਨ ਤੋਂ ਬਗੈਰ ਟਿਕਦੀ ਨਹੀਂ, ਇਸ ਲਈ ਆਪ ਨੇ ਬਰਤਨ ਨੂੰ ਮਾਂਜਣਾ ਸ਼ੁਰੂ ਕਰ ਦਿੱਤਾ।

## ਘਾਲਣਾ

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥ ਗੁਰ ਕੀ ਆਗਿਆ ਮਨ ਮਹਿ ਸਹੈ॥
ਆਪਸ ਕਉ ਕਰਿ ਕਛੁ ਨ ਜਨਾਵੈ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥
ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥
ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥

*(ਸੁਖਮਨੀ ਸਾਹਿਬ, ਪੰਨਾ-੨੮੬)*

ਦੁਨੀਆਂ ਹੁਸ਼ਿਆਰ ਅਤੇ ਅਕਲਮੰਦ ਹੈ, ਇਸੇ ਕਰਕੇ ਮੰਨੀ ਦਰੁਸਤੀ ਤੇ ਚੱਲਦੀ ਹੈ। ਲੇਕਿਨ ਪ੍ਰੇਮ! ਦੀਵਾਨਾ ਤੇ ਮਸਤਾਨਾ ਹੈ, ਅਸਲ ਵਿੱਚ ਹੁਸ਼ਿਆਰ ਪ੍ਰੇਮ ਹੀ ਹੈ ਪਰ ਦੁਨੀਆਂ ਦੀ ਨਜ਼ਰ ਵਿਚ ਪ੍ਰੇਮ ਬਉਰਾ ਹੈ। ਇਸੇ ਕਰਕੇ ਦੁਨੀਆਂ ਦੇ ਸਿਆਣੇ, ਪ੍ਰੇਮੀਆਂ ਨੂੰ ਕਮਲਾ, ਬਉਰਾ ਜਾਂ ਸਧਾਰਨ ਸਮਝਦੇ ਹਨ। ਪ੍ਰੰਤੂ ਸਮਾਂ ਫੈਸਲਾ ਕਰ ਦਿੰਦਾ ਹੈ ਕਿ ਕੌਣ ਬੁੱਧੀਮਾਨ ਸੀ ਅਤੇ ਕੌਣ ਬੁੱਧੀਹੀਨ। ਇਸ ਪ੍ਰਕਾਰ ਲੋਕਾਂ ਭਾਣੇ ਤਾਂ ਨਿੱਕਾ ਸਿੰਘ ਘਰ ਉਜਾੜ ਕੇ ਗਿਆ ਹੈ, ਲੇਕਿਨ ਆਪ ਤਾਂ ਸੱਚੀ ਬਾਦਸ਼ਾਹੀ ਦੀ ਨੀਂਹ ਰੱਖਕੇ ਤਾਜ-ਤਖਤ ਦੇ ਕਾਰੀਗਰ ਕੋਲ ਪਹੁੰਚ ਗਏ ਹਨ। ਹੁਣ ਆਪ ਨੇ ਦਿਨ ਰਾਤ ਕਰਕੇ ਸੇਵਾ ਆਰੰਭ ਦਿੱਤੀ। ਮਹਾਂਪੁਰਸ਼ਾਂ ਦਾ ਇਸ਼ਨਾਨ ਕਰਵਾਉਣਾ, ਬਸਤਰ ਧੋਣੇ, ਲੰਗਰ ਦੀ ਸੇਵਾ ਕਰਨੀ ਅਤੇ ਬਰਤਨ ਆਦਿ ਮਾਂਜਣੇ ਇਤਿਆਦਿਕ ਸੇਵਾ ਕਰਦਿਆਂ, ਮਨ ਦੀ ਇਹ ਹਾਲਤ ਹੋ ਗਈ—

ਮਗਨੁ ਭਇਓ ਪ੍ਰਿਅ ਪ੍ਰੇਮ ਸਿਉ ਸੂਧ ਨ ਸਿਮਰਤ ਅੰਗ॥

*(ਪੰਨਾ-੧੩੬੪)*

ਪ੍ਰੰਤੂ ਇਹ ਸੇਵਾ ਕੌਣ ਕਰਵਾ ਰਿਹਾ ਹੈ? ਰਿਦੇ ਵਿਚੋਂ ਪੈਦਾ ਹੋਇਆ ਪ੍ਰੇਮ। ਆਪ ਦੇ ਅੰਦਰ ਕੋਈ ਸ਼ਕਾਮ ਜਾਂ ਕਮੀਨਕਾਮੇ ਵਾਲੀ ਢੱਠੀ ਹੋਈ ਸੁਰਤ ਇਹ ਕੰਮ ਨਹੀਂ ਕਰਾ ਰਹੀ, ਮਜ਼ਦੂਰ ਦੀ ਉਦਾਸ ਚਿੱਤ ਬਿਰਤੀ ਵਾਂਗ ਇਹ ਟਹਿਲ ਨਹੀਂ ਹੋ ਰਹੀ, ਸਗੋਂ ਇਹ ਤਾਂ ਉਤਸ਼ਾਹ ਅਤੇ ਪਿਆਰ ਦੇ ਰਸ ਭਰੇ ਕੰਮ ਹਨ, ਇਹ ਉਹ ਸੇਵਾ ਨਹੀਂ, ਜਿਸਨੂੰ ਬੇਖਬਰ ਨਾ-ਮਹਿਰਮ, ਮੀਨੀਅਲ ਸਰਵਿਸ ਯਾਨੀ ਕਮੀਨ ਸੇਵਾ ਆਖਣ।

ਉਹ ਕੀ ਜਾਨਣ ਕਿ ਇਹ ਸੇਵਾ ਸੀ ਜਾਂ ਪਾਤਿਸ਼ਾਹੀ ਤੋਂ ਵਧੀਕ ਉੱਚਾ ਦਿੱਲ ਕਰਨ ਵਾਲੀ ਸ਼ਹਿਣਸ਼ਾਹੀ ਸੀ? ਪਾਤਿਸ਼ਾਹ ਤਖਤ ਤੇ ਦਿਲਗੀਰ ਹੈ, ਪਰ ਨਿੱਕਾ ਸਿੰਘ ਜੀ ਗੁਰੂ ਸ਼ਰਣ ਵਿੱਚ ਰਸ-ਲੀਨ ਹੋਏ, ਉਤਸ਼ਾਹ ਭਰੇ ਚੜ੍ਹਦੀਆਂ ਕਲਾਂ ਵਿੱਚ ਹਨ। ਮਨ ਢਹਿੰਦੀਆਂ ਕਲਾਂ ਵਿੱਚ ਤਦ ਜਾਂਦਾ ਹੈ ਜਦ ਇਸ ਦੀ ਆਪਣੀ ਕਲਪੀ ਹੋਈ ਮਨੌਤ ਨੂੰ ਠੇਸ ਲੱਗੇ। ਲੇਕਿਨ ਇਥੇ ਤਾਂ ਮਨ ਹੀ ਗੁੰਮ ਹੈ, ਮਨ ਦੀ ਇਹ ਹਾਲਤ ਹੋ ਗਈ—

ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ॥
ਤੇਰੇ ਲਾਲੇ ਕਿਆ ਚਤੁਰਾਈ॥ ਸਾਹਿਬ ਕਾ ਹੁਕਮੁ ਨਾ ਕਰਣਾ ਜਾਈ॥

*(ਮਾਰੂ ਮ: ੧, ਪੰਨਾ—੯੯੧)*

ਯਥਾ — **ਜਿ ਕਰਾਵੈ ਸੋ ਕਰਣਾ॥ ਨਾਨਕ ਦਾਸ ਤੇਰੀ ਸਰਣਾ॥**

*(ਸੋਰਠਿ ਮ: ੫, ਪੰਨਾ-੬੨੭)*

ਇਸ ਪ੍ਰਕਾਰ ਪ੍ਰੇਮ ਰੰਗ ਵਿੱਚ ਭਿੱਜਿਆਂ ਨੇ ਦਿਨ-ਰਾਤ ਇੱਕ ਕਰ ਦਿੱਤੇ। ਐਸੀ ਚਿੱਤ ਦਸ਼ਾ ਦਾ ਵਰਨਣ ਕਰਨਾ ਅਸੰਭਵ ਹੈ, ਪ੍ਰੰਤੂ ਫਿਰ ਵੀ ਕਵੀ ਜੀ ਨੇ ਉਨ੍ਹਾਂ ਅੰਤਰੀਵ ਭਾਵਾਂ ਨੂੰ ਕੁਝ ਐਸੇ ਵਰਨਣ ਕੀਤਾ ਹੈ—

**ਭਈ ਪ੍ਰੀਤਿ ਨਹਿ ਜਾਇ ਵਖਾਨੀ। ਕੋ ਉਪਮਾ ਕਛੁ ਦੇਉ ਨਾ ਸਮਾਨੀ॥**
**ਅਲਪ ਪਤੰਗ ਮ੍ਰਿਗ ਕੀ ਜਾਨੀ। ਤਿਨ ਤੇ ਤੂਰਨਤਾ ਪਹਿਚਾਨੀ॥**
**ਸੀਸ ਦੇਣ ਕੀ ਹੁਇ ਜਿ ਰਜਾਈ। ਪਲਕ ਮਾਤ੍ਰ ਕਬਹਿ ਨ ਵਿਲਮਈ॥**

*(ਸੂਰਜ ਪ੍ਰਕਾਸ਼)*

ਆਪ ਦੀ ਐਸੀ ਅਣਥਕ ਪ੍ਰੇਮ-ਪੂਰਤ ਸੇਵਾ ਦੇਖਕੇ ਬਾਬਾ ਬੁੱਢਾ ਸਿੰਘ ਮਹਾਰਾਜ ਜੀ ਵੀ ਆਪ ਨੂੰ ਵਿਸ਼ੇਸ਼ ਪਿਆਰ ਦੇਣ ਲੱਗੇ। ਭਾਵੇਂ ਆਪ ਦੇ ਪਵਿੱਤਰ ਮਨ ਵਿੱਚ ਪ੍ਰੇਮ ਦਾ ਦੀਪਕ ਜਗਾ ਕੇ, ਉਸ ਵਿੱਚ ਕ੍ਰਿਪਾ ਰੂਪੀ ਘਿਉ ਪਾ ਕੇ ਉਸ ਨੂੰ ਪ੍ਰਕਾਸ਼ਮਾਨ ਕਰਨ ਵਾਲੇ ਬਾਬਾ ਬੁੱਢਾ ਸਿੰਘ ਮਹਾਰਾਜ ਆਪ ਹੀ ਸਨ ਲੇਕਿਨ ਹੁਣ ਆਪ ਦੇ ਪਵਿੱਤਰ ਮਨ ਦੀ ਦਸ਼ਾ ਐਸੀ ਹੋ ਗਈ—

**ਪਰਮ ਪ੍ਰੇਮ ਜਾਗਿਓ ਮਨ ਮਾਹੀ॥ ਰੰਗਿਯੋ ਰੰਗ ਭਗਤ ਮਨ ਯਾਹੀ॥**
**ਇਕ ਮਨ ਹ੍ਵੈ ਪਢਹਿ ਗੁਰਬਾਣੀ॥ ਸੁਣਹ ਗੁਣਹਿ ਕੀਰਤ ਚਿੱਤ ਮਾਨੀ॥**
**ਵਾਹਿਗੁਰੂ ਕੋ ਸਿਮਰਨ ਕਰਹੀ॥ ਉਮਗ ਉਮਗ ਮੁੱਖ ਸੁਜਸ ਉਚਰਿਹੀ॥**
**ਚੀਤ ਪ੍ਰਤੀ ਕੀ ਰੀਤ ਨਿਆਰੀ॥ ਲਿਵ ਲਾਗੀ ਨਿਸਦਿਨ ਸੁਖਕਾਰੀ॥**
**ਕਰਤਿਓ ਸੇਵਾ ਸਮਾਂ ਬਿਤਾਵਹਿ॥ ਯਗ ਕਾਰਜ ਕੋ ਰਿਦੈ ਨ ਆਵਹਿ॥**

*(ਸੂਰਜ ਪ੍ਰਕਾਸ਼)*

ਇਸ ਤਰ੍ਹਾਂ ਸਰੀਰ ਨਾਲ ਨਿਸ਼ਕਾਮ ਸੇਵਾ ਤੇ ਮਨ ਹਮੇਸ਼ਾਂ ਉਚੇ ਭਾਵ ਵਿੱਚ ਵਿਚਰਦਾ ਹੈ, ਮਾਨੋਂ ਮਹਾਰਾਜ ਨਿੱਕਾ ਸਿੰਘ ਜੀ ਦਾ ਸਿੱਖੀ ਚਮਨ ਦਿਨੋਂ-ਦਿਨ ਖਿੜਦਾ ਜਾ ਰਿਹਾ ਹੈ। ਇਉਂ ਸੇਵਾ ਵਿੱਚ ਲੀਨ ਹੋਇਆਂ ਕਾਫੀ ਸਮਾਂ ਗੁਜ਼ਰ ਗਿਆ।

## ਕਾਸ਼ੀ ਪੜ੍ਹਣ ਜਾਣਾ

ਸਾਧਕ ਦੇ ਪਰਮੇਸ਼ਰ ਮਿਲਾਪ ਵਿੱਚ ਵਿਸ਼ੇਸ਼ ਕਰਕੇ ਦੋ ਚੀਜ਼ਾਂ ਪ੍ਰਤੀ ਬੰਧਕ ਹੋਇਆ ਕਰਦੀਆਂ ਹਨ। ਇੱਕ ਤਾਂ ਹਿਰਦੇ ਦੀ ਡੂੰਘਾਈ ਵਿੱਚ ਪਿਆ ਸੂਖਸ਼ਮ ਹੰਕਾਰ, ਦੂਸਰਾ ਕੋਈ ਪੂਰਬਲੀ ਪਾਸਨਾਂ ਦਾ ਬੀਜ, ਜੋ ਸਾਧਕ ਤੋਂ ਤਾਂ ਸ਼ਾਇਦ ਛੁਪਿਆ ਹੋਵੇ, ਲੇਕਿਨ ਪੂਰਨ ਪੁਰਸ਼ ਦੀ ਦ੍ਰਿਸ਼ਟੀ ਵਿੱਚ ਹਸਤ ਅਮਲਵਤ ਪ੍ਰਤੱਖ ਹੋਇਆ ਕਰਦਾ ਹੈ। ਸਿਆਣਾ ਧੋਬੀ ਆਪਣੇ ਕੋਲ ਆਏ ਕੀਮਤੀ ਵਸਤਰ ਨੂੰ ਰੰਗਨ ਤੋਂ ਪਹਿਲਾਂ ਹਰ ਪ੍ਰਕਾਰ ਦੀ ਮੈਲ ਉਤਾਰ ਕੇ ਸਾਫ ਕਰਦਾ ਹੈ, ਫਿਰ ਰੰਗ ਚੜ੍ਹਾਉਂਦਾ ਹੈ। ਇਸ ਤਰ੍ਹਾਂ ਤੱਤ੍ਵ ਦਰਸ਼ੀ ਪੁਰਸ਼ ਅੰਤਰਯਾਮਤਾ ਦੁਆਰਾ ਸ਼ਰਣਾਗਤ ਦੇ ਹਿਰਦੇ ਸਥੱਲ ਨੂੰ ਹਮੇਸ਼ਾਂ ਦੇਖਦਾ ਰਹਿੰਦਾ ਹੈ, ਕਿ ਇਸ ਦੇ ਹਿਰਦੇ ਵਿੱਚ ਪੂਰਬ ਦਾ ਕੋਈ ਵਾਸਨਾਂ ਸ਼ੁੱਧ ਰੂਪੀ ਬੀਜ ਤਾਂ ਨਹੀਂ ਪਿਆ? ਕਿਉਂਕਿ ਈਸ਼੍ਵਰੀ ਕਾਨੂੰਨ ਹੈ ਜਿਤਨੀ ਦੇਰ ਹਿਰਦਾ ਕਿਸੇ ਵੀ ਸੂਖਸ਼ਮ-ਤੋਂ-ਸੂਖਸ਼ਮ ਵਾਸਨਾਂ ਜਾਂ ਰਤੀ ਮਾਤਰ ਵੀ ਹੰਕਾਰ ਤੋਂ ਨਿਰਬੀਜ ਯਾਨੀ ਸ਼ੁੱਧ ਨਾ ਹੋ ਜਾਵੇ, ਉਤਨੀ ਦੇਰ ਹਰੀ ਰੂਪੀ ਪੱਕਾ ਮਜੀਠੀ ਰੰਗ ਨਹੀਂ ਚੜ੍ਹਿਆ ਕਰਦਾ। ਇਸ ਲਈ ਤੱਤ੍ਵ ਬੇਤਾ ਮਹਾਂਪੁਰਸ਼ ਸ਼ਰਣਾਗਤ ਦੇ ਅੰਤਰਹਕਰਣ ਨੂੰ ਪਹਿਲਾਂ ਹਰ ਕਿਸਮ ਦੇ ਸ਼ੁੱਭ-ਅਸ਼ੁੱਭ ਵਾਸਨਾਵਾਂ ਰੂਪੀ ਬੀਜ ਤੋਂ ਸ਼ੁੱਧ ਕਰਦਾ ਹੈ। ਇਹ ਉਸਦੀ ਆਪਣੀ ਮੌਜ ਹੈ ਕਿ ਉਸਨੇ ਸਾਧਕ ਨੂੰ ਕਿਸੇ ਸਾਧਨਾਂ ਰੂਪੀ ਘਾਟੀ ਤਾਈਂ ਲੰਘਾਉਣਾ ਹੈ ਜਾਂ ਨਦਰ ਦ੍ਰਿਸ਼ਟੀ ਰਾਹੀਂ ਸ਼ੁੱਧ ਕਰ ਦੇਣਾ ਹੈ। ਕਿਉਂਕਿ ਉਹ ਹਰ ਪ੍ਰਕਾਰ ਨਾਲ ਸਮਰੱਥ ਪੁਰਸ਼ ਹੈ। ਪ੍ਰੰਤੂ ਸੰਸਾਰ ਵੱਲੋਂ ਥੱਕ ਟੁੱਟ ਕੇ ਸ਼ਰਣ ਡਿੱਗੇ ਨੂੰ ਰੰਗਣਾ ਉਸ ਨੇ ਹਰ ਹਾਲਤ ਵਿੱਚ ਹੈ। ਕੋਈ ਸੰਸਾਰ ਵਲੋਂ ਪੂਰਨ ਤੌਰ ਤੇ ਹੱਥ ਖੜੇ ਕਰਕੇ ਕਿਸੇ ਸਮਰੱਥ ਪੁਰਸ਼ ਦੀ ਸ਼ਰਣ ਵਿਚ ਡਿੱਗਿਆ ਵੀ ਹੋਵੇ, ਅੱਗੋਂ ਉਹ ਬਗੈਰ ਹਰੀ ਦਾ ਰੰਗ ਚਾੜ੍ਹੇ ਵਾਪਸ ਕਰ ਦੇਵੇ ਇਹ ਤਾਂ ਬਾਤ ਹੀ ਅਸੰਭਵ ਹੈ। ਚੁੰਬਕ ਦੀ ਮਾਰ ਵਿਚ ਆਇਆ ਲੋਹਾ ਬਚਕੇ ਕਿਵੇਂ ਜਾ ਸਕਦਾ ਹੈ। ਪਾਰਸ ਨਾਲ ਟੱਚ ਕੀਤਾ ਤਾਂਬਾ, ਤਾਂਬਾ ਹੀ ਰਹਿ ਜਾਵੇ ਇਹ ਤਾਂ ਗੱਲ ਹੀ ਅਨਹੋਣੀ ਹੈ। ਸ਼ੇਰ ਦੇ ਪੰਜੇ ਜਾਂ ਬਾਜ ਦੀ ਝਪਟ ਵਿੱਚ

ਆਇਆ ਕੋਈ ਜਾਨਵਰ ਜਾਂ ਪੰਛੀ ਸ਼ਾਇਦ ਕੋਈ ਆਪਣੇ ਆਪ ਨੂੰ ਬਚਾਉਣ ਵਿੱਚ ਸਫਲ ਹੋ ਜਾਵੇ, ਲੇਕਿਨ ਪੂਰਨ ਪੁਰਸ਼ ਦੀ ਦ੍ਰਿਸ਼ਟੀ ਵਿੱਚ ਆਏ ਸ਼ਰਣਾਗਤ ਦਾ ਸੂਖਸ਼ਮ-ਤੋਂ-ਸੂਖਸ਼ਮ ਹੰਕਾਰ ਜਾਂ ਵਾਸਨਾ, ਜੋ ਜਨਮ-ਮਰਣ ਆਦਿ ਤਮਾਮ ਦੁੱਖਾਂ ਦਾ ਮੂਲ ਕਾਰਨ ਹਨ, ਆਪਣੀ ਜਾਨ ਬਚਾਉਣ ਵਿੱਚ ਸਫਲ ਹੋ ਜਾਣ, ਇਹ ਤਾਂ ਗੱਲ ਹੀ ਨਾਮੁਮਕਿਨ ਹੈ। ਇਸ ਪ੍ਰਕਾਰ ਮਹੰਤ ਬਾਬਾ ਬੁੱਢਾ ਸਿੰਘ ਰੂਪੀ ਲਿਲਾਰੀ ਨੂੰ ਸੰਤ ਨਿੱਕਾ ਸਿੰਘ ਨੇ ਆਪਣਾ ਮਨ ਰੂਪੀ ਕੱਪੜਾ ਅਰਪਨ ਤਾਂ ਕਰ ਹੀ ਦਿੱਤਾ ਸੀ, ਹੁਣ ਤਾਂ ਲਿਲਾਰੀ ਦਾ ਕੰਮ ਹੈ, ਉਸ ਮਨ ਰੂਪੀ ਵਸਤਰ ਨੂੰ ਹਰ ਪ੍ਰਕਾਰ ਦੀ ਮੈਲ ਤੋਂ ਸ਼ੁੱਧ ਕਰਕੇ ਪੱਕਾ ਰੰਗ ਚੜ੍ਹਾਉਣਾ। ਗਿਆਨਵਾਨ ਪੁਰਸ਼ ਨੂੰ ਆਪਣੇ ਸ਼ਿਸ਼ ਸੇਵਕ ਤੋਂ ਇਹ ਨਹੀਂ ਪੁੱਛਣਾ ਪੈਂਦਾ, ਕਿ ਤੇਰੇ ਮਨ ਵਿੱਚ ਕੀ ਫੁਰਨਾ ਹੈ, ਤ੍ਰਿਕਾਲ ਦਰਸ਼ੀ ਹੋਣ ਕਰਕੇ ਹਰ ਇਕ ਦੇ ਹਿਰਦੇ ਦਾ ਸਾਖਸ਼ੀ ਹੈ ਕਿਉਂਕਿ ਗੁਰੂ ਸਾਹਿਬ ਦਾ ਫੁਰਮਾਣ ਹੈ—

**ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥**

*(ਸੋਰਠਿ ਮ: ੫, ਪੰਨਾ-੬੧੦)*

ਯਥਾ — **ਘਟਿ ਘਟਿ ਕੇ ਅੰਤਰ ਕੀ ਜਾਨਤ॥**
**ਭਲੇ ਬੁਰੇ ਕੀ ਪੀਰ ਪਛਾਨਤ॥**

ਜਿਸ ਪੁਰਸ਼ ਨੇ ਚੌਰਾਸੀ ਲੱਖ ਜੀਆਂ ਜੂਨ ਦੇ ਹਿਰਦਿਆਂ ਵਿੱਚ ਰਮੇਂ ਹੋਏ ਵਿਆਪਕ ਰਾਮ ਨੂੰ ਪਛਾਣ ਲਿਆ, ਉਸ ਤੋਂ ਕਿਹੜੇ-ਕਿਹੜੇ ਹਿਰਦੇ ਦੀ ਬਾਤ ਛੁਪੀ ਹੋਈ ਰਹਿ ਸਕਦੀ ਹੈ। ਐਸੀ ਅਸਚਰਜਮਈ ਅਵਸਥਾ ਵਿਚ ਸਥਿਤ ਮਹੰਤ ਬਾਬਾ ਬੁੱਢਾ ਸਿੰਘ ਜੀ ਨੇ ਆਪਣੇ ਅਨਿੰਨ ਸੇਵਕ ਸੰਤ ਨਿੱਕਾ ਸਿੰਘ ਜੀ ਦੇ ਹਿਰਦੇ ਦੀ ਡੂੰਘੀ ਤਹਿ ਵਿਚ ਪਏ ਵਿਦਿਆ ਪੜ੍ਹਨ ਦੇ ਸੰਸਕਾਰ ਰੂਪੀ ਬੀਜ ਨੂੰ ਤੱਕ ਕੇ ਬਚਨ ਕੀਤਾ, ਪੁਰਖਾ! ਅਗਰ ਇੱਛਾ ਹੈ ਤਾਂ ਕਾਸ਼ੀ ਜਾ ਕੇ ਸੰਸਕ੍ਰਿਤ ਪੜ੍ਹ ਲਓ। ਓਥੇ ਆਪਣਾ ਸਥਾਨ ਹੈ ਸੰਗਤ ਗਿਆਨ ਗੁਫਾ, ਉਸ ਵਿਚ ਰਹਿਣਾ। ਜਦੋਂ ਤੁਹਾਡਾ ਮਨ ਨਾ ਲੱਗੇ ਵਾਪਸ ਆ ਜਾਣਾ। ਆਪ ਨੇ ਵੀ ਵੇਖਿਆ ਕਿ ਕਦੇ-ਕਦੇ ਸੰਕਲਪ ਉਠਦਾ ਤਾਂ ਹੈ ਪ੍ਰੰਤੂ ਅੱਜ ਤਾਂ ਘਟ ਘਟ ਕੇ ਅੰਤਰ ਕੀ ਜਾਨਣਹਾਰ ਨੇ ਆਪ ਹੀ ਹੁਕਮ ਕਰ ਦਿਤਾ, ਇਸ ਲਈ ਅੰਤਰਯਾਮੀ ਦਾਤੇ ਤੇ ਦ੍ਰਿੜ ਨਿਸਚਾ ਧਾਰ ਕੇ ਕਾਸ਼ਈ ਪਹੁੰਚ ਗਏ। ਕੁਝ ਦਿਨ ਠਹਿਰਨ ਤੋਂ ਬਾਅਦ ਪੜ੍ਹਾਈ ਸ਼ੁਰੂ ਕੀਤੀ। ਜੋ ਪੜ੍ਹਦੇ ਉਸ ਉੱਤੇ ਵਿਚਾਰ ਕਰਦੇ ਰਹਿੰਦੇ, ਜਦੋਂ ਸਮਾਂ ਮਿਲਦਾ, ਵਿਚਾਰਵਾਨਾਂ ਦੀ ਜਾਂ ਸਤਪੁਰਸ਼ਾਂ ਦੀ ਸੰਗਤ ਕਰਦੇ ਰਹਿੰਦੇ। ਇਸ ਪ੍ਰਕਾਰ ਕੋਈ ਦੋ ਕੁ ਸਾਲ ਦਾ ਸਮਾਂ ਗੁਜ਼ਰ ਗਿਆ। ਹੁਣ ਆਪ ਦੇ ਮਨ ਵਿਚ ਇਕ ਵਿਚਾਰ ਬਾਰ-ਬਾਰ ਉਠਣ ਲੱਗਿਆ ਕਿ ਕੇਵਲ ਪੜ੍ਹਨ ਮਾਤਰ ਨਾਲ ਹੀ ਤਾਂ ਜ਼ਿੰਦਗੀ ਦਾ ਨਿਸ਼ਾਨਾ (Aim of life) ਪੂਰਾ ਪੂਰਾ ਨਹੀਂ ਹੋ ਜਾਣਾ। ਮਰੀਜ਼, ਡਾਕਟਰ ਦੇ ਲਿਖੇ ਪਰਚੇ ਨੂੰ ਤਾਂ ਬਾਰ-ਬਾਰ ਪੜ੍ਹੀ ਜਾਵੇ, ਲੇਕਿਨ ਪਰਚੇ ਉਪਰ ਜੋ ਦਵਾਈ ਲਿਖੀ ਹੈ ਅਤੇ ਪਥ ਪ੍ਰਹੇਜ ਦੱਸੇ ਹਨ ਉਨ੍ਹਾਂ ਨੂੰ ਵਰਤੋਂ ਵਿਚ ਨਾ ਲਿਆਵੇ ਕੀਹ ਰੋਗ ਹੱਟ ਜਾਊ ? ਠੀਕ ਹੈ, ਸ਼ਾਸਤਰਾਂ ਦਾ ਪੜ੍ਹਨਾ ਪੜ੍ਹਾਉਣਾ ਕਿਸੇ ਹੱਦ ਤੱਕ ਜ਼ਰੂਰੀ ਵੀ ਹੈ ਕਿਉਂਕਿ ਜੀਵ ਦਾ ਮਾਰਗ ਦਰਸ਼ਨ ਕਰਦੇ ਹਨ। ਲੇਕਿਨ ਸ਼ਾਸਤਰਾਂ ਨੂੰ ਮੰਜ਼ਿਲ ਸਮਝ ਲੈਣਾ ਤਾਂ ਭੁੱਲ ਹੈ। ਮੰਜ਼ਿਲ ਤੇ ਪਹੁੰਚਣ ਲਈ ਤਾਂ ਸ਼ਾਸਤਰਾਂ ਦਾ ਇਸ਼ਾਰਾ ਸਮਝ ਕੇ ਸਫ਼ਰ ਤਹਿ ਕਰਨਾ ਪਏਗਾ। ਗੁਰੂ ਸਾਹਿਬ ਜੀ ਸ਼ਾਇਦ ਤਾਂ ਹੀ ਸਾਨੂੰ ਸੁਚੇਤ ਕਰਦੇ ਹਨ—

**ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥**
**ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥**

*(ਆਸਾ ਦੀ ਵਾਰ, ਪੰਨਾ-੪੬੭)*

ਇਹੀ ਕੁਝ ਇਥੇ ਪ੍ਰਤੱਖ ਵੇਖ ਹੀ ਰਹੇ ਹਾਂ ਕਿ ਪੰਡਿਤ ਲੋਕ ਕੋਈ ਦਸ ਸਾਲ ਦਾ ਇਥੇ ਪੜ੍ਹ ਰਿਹਾ ਹੈ, ਕੋਈ ਵੀਹ ਸਾਲ ਦਾ, ਕਿਸੇ ਨੂੰ ਵਿਦਿਆ ਦੀ ਚਰਚਾ ਕਰਦਿਆਂ ਪੂਰੀ ਜ਼ਿੰਦਗੀ ਬੀਤ ਗਈ, ਲੇਕਿਨ ਇਹ ਲੋਕ ਬਜਾਏ ਸ਼ਾਂਤਚਿੱਤ ਹੋਣ ਦੇ, ਜੋ ਮਨੁੱਖ ਜਨਮ ਦਾ ਅਸਲੀ ਕਾਰਜ ਹੈ ਆਪੋ-ਆਪਣੇ ਮੱਤ ਅਤੇ ਆਪੋ-ਆਪਣੀ ਬੁੱਧੀ ਨੂੰ ਉੱਚਾ ਸਿੱਧ ਕਰਨ ਦੇ ਯਤਨ ਵਿਚ ਬਾਂਸਾਂ ਦੀ ਅੱਗ ਵਾਂਗ ਸੜ ਰਹੇ ਹਨ। ਜਿਸ ਵਿਦਿਆ ਨੇ ਹੰਕਾਰ ਅਤੇ ਅਵਿਦਿਆ ਦੇ ਅੰਧਕਾਰ ਨੂੰ ਮੇਟ ਕੇ ਸ਼ਾਂਤਚਿੱਤ ਕਰ ਦੇਣਾ ਸੀ, ਓਹੀ ਵਿਦਿਆ ਇਨ੍ਹਾਂ ਤੇ ਹੰਕਾਰ ਦਾ ਰੂਪ ਧਾਰਨ ਕਰਕੇ ਭਾਰ-ਰੂਪ ਹੋ ਰਹੀ ਹੈ। ਸ਼ਾਇਦ ਇਨ੍ਹਾਂ ਤੇ ਤਰਸ ਖਾ ਕੇ ਹੀ ਗੁਰੂ ਸਾਹਿਬ ਜੀ ਨੇ ਫੁਰਮਾਇਆ ਸੀ।

ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥
ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥

*(ਮਲਾਰ ਮ: ੩, ਪੰਨਾ-੧੨੬੧)*

ਇਹ ਵਿਚਾਰੇ ਗੁਰੁ ਕ੍ਰਿਪਾ ਤੋਂ ਹੀਣ ਪੁਰਸ਼, ਨਾਮ ਰਸ ਤੋਂ ਸੱਖਣੇ, ਸ਼ਾਸਤਰਾਂ ਦੇ ਅਸਲੀ ਮਰ੍ਹਮ ਤੋਂ ਅਣਜਾਣ ਹੋਣ ਕਰਕੇ ਸ਼ਾਸਤਰਾਂ ਦੇ ਵਾਦ ਵਿਵਾਦ ਨੂੰ ਹੀ ਮੰਜ਼ਿਲ ਸਮਝ ਬੈਠੇ ਹਨ, ਜਦਕਿ ਗੁਰੂ ਸਾਹਿਬ ਜੀ ਨੇ ਸਪੱਸ਼ਟ ਇਸ਼ਾਰਾ ਕਰ ਦਿੱਤਾ ਹੈ—

ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥

*(ਸਲੋਕ ਸ੍ਰੀ ਸੁਖਮਨੀ ਸਾਹਿਬ, ਪੰਨਾ-੨੬੫)*

ਯਥਾ — ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥
ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥

*(ਸੂਹੀ ਮ: ੫, ਪੰਨਾ-੭੬੧)*

ਯਥਾ — ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥

*(ਮਾਝ ਕੀ ਵਾਰ ਪਉੜੀ, ਪੰਨਾ—੧੪੮)*

ਯਥਾ — ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥
ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥

*(ਸਿਰੀਰਾਗੁ ਮ: ੩, ਪੰਨਾ-੩੯)*

ਉਪਰੋਕਤ ਗੁਰੂ ਵਾਕਾਂ ਦੀ ਵਿਚਾਰ ਨੇ ਆਪ ਦੇ ਸ਼ੁੱਧ ਮਨ ਨੂੰ ਹੁਣ ਕਾਸ਼ੀ ਤੋਂ ਵਾਪਸ ਆਉਣ ਲਈ ਬੇਚੈਨ ਕਰ ਦਿਤਾ। ਯਾਨੀ ਵਿਦਿਆ ਦਾ ਸਾਰ, ਤੱਤੂ ਸਮਝ ਵਿਚ ਆ ਜਾਣ ਤੇ ਮਾਨੋ ਵਿਦਿਆ ਪੜ੍ਹਨ ਰੂਪੀ ਘਾਟੀ ਵੀ ਪਾਰ ਕਰ ਲਈ। ਇਕ ਸਮੇਂ ਦਾ ਜ਼ਿਕਰ ਹੈ ਫ਼ਕੀਰ ਬੁਲ੍ਹੇ ਸ਼ਾਹ ਨੂੰ ਕਿਸੇ ਪ੍ਰੇਮੀ ਨੇ ਪੁੱਛਿਆ, ਬੁਲ੍ਹਿਆ! ਤੂੰ ਮੁਸਲਮਾਨ ਹੋ ਕੇ ਨਾ ਕਦੇ ਨਿਮਾਜ਼ ਪੜ੍ਹਦਾ ਹੈਂ; ਨਾ ਕਦੀ ਰੋਜ਼ੇ ਰੱਖਦਾ ਹੈਂ, ਤੇਰੇ ਉੱਪਰ ਮੌਲਾ ਦਾ ਫਜ਼ਲ ਕਿਵੇਂ ਹੋਵੇਗਾ? ਬੁਲ੍ਹਾ ਬੋਲਿਆ—

ਰੋਜਾ ਨਿਵਾਜ ਤੇ ਮਉਲਾ ਕੀ ॥ ਗੱਲ ਸਮਝ ਲਈ ਤਾਂ ਰੌਲਾ ਕੀ ॥

ਇਸ ਲਈ ਆਪ ਤਾਂ ਵਿਦਿਆ ਦਾ ਸਾਰ ਸਮਝਣ ਲਈ ਹੀ ਗਏ ਸਨ, ਨਾ ਕਿ ਵਿਵਹਾਰ ਮਾਤਰ ਲਈ। ਜਿਵੇਂ ਗੁਰੂ ਸਾਹਿਬ ਦਾ ਹੁਕਮ ਹੈ—

ਪੰਡਿਤ ਲੋਗਹ ਕਉ ਬਿਉਹਾਰ ॥
ਗਿਆਨਵੰਤ ਕਉ ਤਤੁ ਬੀਚਾਰ ॥

*(ਗਉੜੀ ਬਾਵਨ ਅਖਰੀ ਕਬੀਰ ਜੀਉ, ਪੰਨਾ-੩੪੩)*

ਆਪ ਨੇ ਮਨ ਨਾਲ ਆਖਰੀ ਫ਼ੈਸਲਾ ਕਰਕੇ *ਹੁਕਮ ਕਰ ਦਿਤਾ—

ਉਠ ਮਨਾ ਪਰਦੇਸੀਆ ਮੁੜ ਚੱਲ ਆਪਣੇ ਦੇਸ ॥
ਕਰ ਕਮਾਈ ਨਾਮ ਦੀ ਧਾਰ ਗਰੀਬੀ ਵੇਸ ॥

## ਸੁਪਨਾ

ਪਿੱਛੇ ਜ਼ਿਕਰ ਆ ਚੁੱਕਾ ਹੈ ਕਿ ਆਪ ਜੀ ਕਾਸ਼ੀ ਪੜ੍ਹਨ ਸਮੇਂ ਸਮਾਂ ਮਿਲਣ ਤੇ ਸਾਧੂਆਂ ਵਿਦਵਾਨਾਂ ਦੀ ਸੰਗਤ

* *ਕਿਸੇ ਸਮੇਂ ਹਜ਼ੂਰ ਨੇ ਆਪਣੀ ਮੌਜ ਵਿਚ ਆਪ ਹੀ ਫੁਰਮਾਇਆ ਸੀ ਕਿ ਅਸੀਂ ਬਹੁਤਾ ਸਮਾਂ ਕਾਸ਼ੀ ਨਹੀਂ ਰਹੇ, ਕਿਉਂ ਕਿ ਛੇਤੀ ਹੀ ਬਹੁ ਜਿਹਾ ਲੱਗ ਗਿਆ ਸੀ ਫਿਰ ਰਹਿਣ ਨੂੰ ਮਨ ਨਹੀਂ ਕਰਿਆ।*

ਕਰਿਆ ਕਰਦੇ ਸਨ। ਇਕ ਦਿਨ ਵਿਚਾਰ ਚੱਲਿਆ ਕਿ ਗੁਰਬਾਣੀ ਤਥਾ ਸਤ ਸ਼ਾਸਤਰਾਂ ਵਿਚ ਨਾਮ ਦੀ ਮਹਿਮਾ ਦਾ ਵਰਨਣ ਹੈ। ਬਲਕਿ ਕਲਯੁੱਗ ਦੇ ਸਮੇਂ ਲਈ ਤਾਂ ਵਿਸ਼ੇਸ਼ ਹੈ, ਯਥਾ ਭਾਈ ਗੁਰਦਾਸ ਜੀ—

ਕਲਿਯੁਗ ਕੀ ਸੁਣ ਸਾਧਣਾ ਕਰਮ ਕਿਰਤ ਕੀ ਚਲੈ ਨ ਕਾਈ॥
ਬਿਨਾ ਭਜਨ ਬਗਵਾਨ ਕੇ ਭਾਉ ਭਗਤਿ ਬਿਨ ਠਉੜਿ ਨ ਪਾਈ॥
ਲਹੇ ਕਮਾਣਾ ਏਤ ਜੁਗਿ ਪਿਛਲੀ ਜੁਗੀਂ ਕਰੀ ਕਮਾਈ॥
ਪਾਇਆ ਮਾਨਸ ਦੇਹਿ ਕਉ ਐਥੌਂ ਚੁਕਿਆ ਠਉਰ ਨ ਠਾਈ॥
ਕਲਿਜੁਗ ਦੇ ਉਪਕਾਰਿ ਸੁਣਿ ਜੈਸੇ ਬੇਦ ਅਥਰਵਣ ਗਾਈ॥
ਭਾਉ ਭਗਤਿ ਪਰਵਾਨ ਹੈ ਜਗ ਹੋਮ ਗੁਰ ਪੁਰਬਿ ਕਮਾਈ॥
ਕਰਿਕੇ ਨੀਚ ਸਦਾਵਣਾ ਤਾਂ ਪ੍ਰਭ ਲੇਖੈ ਅੰਦਰਿ ਪਾਈ॥
ਕਲਿਜੁਗਿ ਨਾਵੈ ਕੀ ਵਡਿਆਈ॥

*(ਭਾਈ ਗੁਰਦਾਸ ਜੀ ਪਉੜੀ ੧੮)*

ਇਸ ਪ੍ਰਕਾਰ ਕਲਜੁੱਗ ਵਿਚ ਪ੍ਰੇਮਾਂ ਭਗਤੀ ਦੁਆਰੇ ਨਾਮ ਤੋਂ ਬਗੈਰ ਕੋਈ ਵੀ ਸਾਧਨਾ ਪਰਮੇਸ਼ਰ ਮਿਲਾਪ ਲਈ ਸਮਰਥ ਨਹੀਂ। ਫਿਰ ਵਿਚਾਰ ਚੱਲਿਆ ਕਿ ਇਹ ਤਾਂ ਠੀਕ ਹੈ ਕਲਯੁੱਗ ਵਿਚ ਨਾਮ ਤੋਂ ਬਗੈਰ ਮੋਕਸ਼ ਨਹੀਂ, ਪ੍ਰੰਤੂ ਨਾਮ ਤਾਂ ਅਨੰਤ ਹਨ, ਫਿਰ ਵਿਸ਼ੇਸ਼ਤਾਂ ਕਿਹੜੇ ਨਾਮ ਦੀ ਹੈ? ਸਾਰੇ ਵਿਦਵਾਨਾਂ ਨੇ ਆਪੋ ਆਪਣੇ ਵਿਚਾਰ ਦਿਤੇ ਲੇਕਿਨ ਆਖਰੀਂ ਨਿਰਣਾਂ ਸੋਹੰ ਸ਼ਬਦ ਤੇ ਹੋਇਆ। ਕਿਉਂਕਿ *ਸੋ-ਹੰ* ਇਸ ਸ਼ਬਦ ਦਾ ਉਚਾਰਣ ਹੀ ਅਭੇਦਤਾ ਦਾ ਸੂਚਕ ਹੈ, ਇਸ ਲਈ ਸਾਰਿਆਂ ਨੇ ਆਪਣੇ-ਆਪਣੇ ਗੁਰੂਆਂ ਵਲੋਂ ਮਿਲੇ ਨਾਮ ਨੂੰ ਛੱਡ ਕੇ *ਸੋਹੰ* ਸ਼ਬਦ ਦਾ ਜਾਪ ਸ਼ੁਰੂ ਕਰ ਦਿਤਾ। ਆਪ ਨੇ ਤਾਂ ਉਤਰਕਾਸ਼ੀ ਦੀ ਯਾਤਰਾ ਸਮੇਂ ਵੀ ਕੁਝ ਸਾਧੂਆਂ ਤੋਂ ਸੋਹੰ ਸ਼ਬਦ ਦੀ ਮਹਾਨਤਾ ਬਾਰੇ ਸੁਣਿਆ ਸੀ ਲੇਕਿਨ ਹੁਣ ਹੋਰ ਵਿਸ਼ਵਾਸ ਦ੍ਰਿੜ ਹੋ ਗਿਆ ਕਿ ਸੋਹੰ ਸ਼ਬਦ ਹੀ ਮੋਕਸ਼ ਦੇਣ ਨੂੰ ਸਮਰਥ ਹੈ। ਇਹ ਤਾਂ ਵਿਸ਼ਵਾਸ਼ ਪਹਿਲਾਂ ਹੀ ਆਪ ਜੀ ਦੇ ਮਨ ਵਿਚ ਦ੍ਰਿੜ ਸੀ ਕਿ ਨਾਮ ਤੋਂ ਬਗੈਰ ਸਭ ਕੂੜ ਹੈ, ਇਸ ਲਈ ਕਾਸ਼ੀ ਨੂੰ ਅਲਵਿਦਾ ਕਹਿ ਵਾਪਸ ਰਿਸ਼ੀਕੇਸ ਪਹੁੰਚਣ ਲਈ ਸੋਹੰ ਸ਼ਬਦ ਦਾ ਜਾਪ ਕਰਦੇ ਗੱਡੀ ਵਿਚ ਜਾ ਸਵਾਰ ਹੋਏ। ਗੱਡੀ ਆਪਣੀ ਰਫ਼ਤਾਰ ਚੱਲਣ ਲੱਗੀ, ਆਪ ਨਾਮ ਜਪਣ ਦੀ ਕਾਰ ਵਿਚ ਲੀਨ ਹੋ ਗਏ। ਗੱਡੀ ਛੋਟੇ-ਵੱਡੇ ਸਟੇਸ਼ਨਾਂ ਤੋਂ ਗੁਜ਼ਰਦੀ ਹੋਈ ਆਪਣੀ ਮੰਜ਼ਿਲ ਵੱਲ ਤੇਜ਼ੀ ਨਾਲ ਵੱਧਣ ਲੱਗੀ। ਇਧਰ ਸਫ਼ਰ ਕਰਦਿਆਂ ਸੰਤ ਨਿੱਕਾ ਸਿੰਘ ਜੀ ਨੂੰ ਨੀਂਦ ਨੇ ਥੋੜ੍ਹਾ ਝੂਟਾ ਦਿਤਾ, ਹਲਕੀ ਜਿਹੀ ਨੀਂਦ ਵਿਚ ਇਕ ਸੁਪਨਾ ਆਇਆ, ਕੀ ਦੇਖ ਰਹੇ ਹਨ ਕਿ ਬੇੜੀ ਵਿਚ ਸਵਾਰ ਹੋ ਕੇ ਇਕ ਯਾਤਰੀ ਵੱਡੇ ਭਾਰੇ ਸਮੁੰਦਰ ਦੀ ਸੈਰ ਕਰ ਰਿਹਾ ਹੈ, ਉਸ ਸਮੁੰਦਰ ਵਿਚ ਹੋਰ ਵੀ ਅਣਗਿਣਤ ਬੇੜੀਆਂ ਯਾਤਰੀਆਂ ਨਾਲ ਭਰੀਆਂ ਘੁੰਮ ਰਹੀਆਂ ਹਨ। ਸਮੁੰਦਰ ਵਿਚ ਜ਼ੋਰਦਾਰ ਤੂਫ਼ਾਨ ਅਤੇ ਵੱਡੀਆਂ-ਵੱਡੀਆਂ ਲਹਿਰਾਂ ਉੱਠ ਕੇ ਭਿਆਨਕ ਰੂਪ ਧਾਰਨ ਕਰ ਰਹੀਆਂ ਹਨ। ਦੇਖਦੇ-ਦੇਖਦੇ ਬਹੁਤ ਬੇੜੀਆਂ ਯਾਤਰੀਆਂ ਦੀਆਂ ਭਰੀਆਂ ਭਰਾਈਆਂ ਤੂਫਾਨਾਂ ਦਾ ਸ਼ਿਕਾਰ ਹੋ ਕੇ ਆਪਣੀ ਹੋਂਦ ਮਿਟਾ ਰਹੀਆਂ ਹਨ, ਮੁੜ ਕੇ ਪਤਾ ਹੀ ਨਹੀਂ ਚਲਦਾ, ਕਿਧਰ ਗਈਆਂ। ਕੁਝ ਕੁ ਐਸੀਆਂ ਹਨ ਜੋ ਤੂਫ਼ਾਨਾਂ ਦੀਆਂ ਪਛਾੜੀਆਂ ਬੇਸੁਰਤਾਂ ਵਾਂਗ ਆਪਣੇ ਮਾਰਗ ਤੋਂ ਖੁੰਝ ਕੇ ਇਧਰ ਉਧਰ ਭਟਕ ਰਹੀਆਂ ਹਨ। ਇਸ ਤਰ੍ਹਾਂ ਸਮੁੰਦਰ ਵਿਚ ਘੁੰਮਦਿਆਂ ਅਨੇਕਾਂ ਪ੍ਰਕਾਰ ਦੀਆਂ ਸਰੀਰਕ ਅਤੇ ਮਾਨਸਿਕ ਪੀੜਾਂ ਅਨੁਭਵ ਕਰਦਿਆਂ ਬਹੁਤ ਸਮਾਂ ਗੁਜ਼ਰ ਗਿਆ। ਇਉਂ ਪ੍ਰਤੀਤ ਹੋ ਰਿਹਾ ਹੈ ਮਾਨੋ ਬਹੁਤ ਯੁੱਗ ਬੀਤ ਗਏ। ਆਖਰ ਇਕ ਦਿਨ ਬੇੜੀ ਇਕ ਟਾਪੂ ਦੇ ਕਿਨਾਰੇ ਲੱਗੀ, ਚਾਰੋਂ ਤਰਫ਼ ਇਸ ਦੇ ਪਾਣੀ ਹੀ ਪਾਣੀ ਹੈ ਲੇਕਿਨ ਥੋੜੀ ਜਗ੍ਹਾ ਇਸ ਟਾਪੂ ਦੀ ਸੁੱਕੀ ਹੈ। ਯਾਤਰੀ ਬੇੜੀ ਵਿੱਚੋਂ ਉੱਤਰ ਕੇ ਕੀ ਵੇਖ ਰਿਹਾ ਹੈ, ਅਨੇਕਾਂ ਬੇੜੀਆਂ ਲੱਗੀਆਂ ਖੜੀਆਂ ਹਨ, ਚਾਰੋਂ ਤਰਫ਼ ਅਨੇਕਾਂ ਕਿਸਮ ਦੇ ਮਨ ਨੂੰ ਮੋਹਣ ਵਾਲੇ ਦ੍ਰਿਸ਼ ਹਨ, ਬਦੋ ਬਦੀ ਮਨ ਉਨ੍ਹਾਂ ਵੱਲ ਖਿੱਚਿਆ ਜਾ ਰਿਹਾ ਹੈ। ਲੇਕਿਨ ਯਾਤਰੀ ਉਨ੍ਹਾਂ ਵੱਲ ਧਿਆਨ ਨਹੀਂ ਦੇ ਰਿਹਾ, ਸ਼ਾਇਦ ਉਹ ਇਨ੍ਹਾਂ ਦੀ ਅਸਲੀਅਤ ਨੂੰ ਜਾਣਦਾ ਹੈ, ਜਾਂ ਉਸ ਨੂੰ ਇਨ੍ਹਾਂ ਮਨਮੋਹਕ ਦ੍ਰਿਸ਼ਾਂ ਤੇ ਸ਼ੱਕ ਹੈ। ਅਨੇਕਾਂ ਲੋਕਾਂ ਨੂੰ ਬੇੜੀਆਂ ਵਿਚ ਸਵਾਰ ਹੋ ਰਹੇ ਦੇਖ ਕੇ ਯਾਤਰੀ ਸੋਚਣ ਲੱਗਿਆ ਯੁੱਗਾਂ ਪਿਛੋਂ ਤਾਂ ਇਹ ਥੋੜ੍ਹਾ-ਜਿਹਾ 'ਸੁਕਾ

ਥਾਂ ਮਿਲਿਆ ਹੈ, ਲੇਕਿਨ ਇਹ ਲੋਕ ਫ਼ਿਰ ਸਮੁੰਦਰ ਦੀਆਂ ਦੁਖਦਾਈ ਲਹਿਰਾਂ ਵਿਚ ਭਰ-ਭਰ ਕੇ ਆਪਣੀਆਂ ਬੇੜੀਆਂ ਠੇਲੀ ਜਾ ਰਹੇ ਹਨ। ਇਧਰ ਉਧਰ ਧਿਆਨ ਨਾਲ ਤੱਕਿਆ ਕੀ ਦੇਖਦੇ ਹਨ ਕਿ ਥੋੜ੍ਹੀ ਦੂਰ ਇਕਾਂਤ ਵਿਚ ਇਕ ਪੁਰਸ਼ ਬੈਠਾ ਹੈ ਜਿਸਦੇ ਚਿਹਰੇ ਤੇ ਸਚਾਈ ਦਾ ਨੂਰ ਡਲ੍ਹਕਾਂ ਮਾਰ ਰਿਹਾ ਹੈ। ਗਹੁ ਨਾਲ ਤੱਕਿਆਂ ਇਉਂ ਪ੍ਰਤੀਤ ਦੇ ਰਿਹਾ ਹੈ ਜਿਵੇਂ ਹਰ ਪ੍ਰਕਾਰ ਦੀ ਬਾਹਰੀ ਬਨਾਵਟ ਤੋਂ ਰਹਿਤ, ਛਲ-ਕਪਟ ਜਾਂ ਵਿਖਾਵੇ ਤੋਂ ਦੂਰ ਅੰਦਰੋਂ ਬਾਹਰੋਂ ਇਕ ਹੋਵੇ। ਕਿਸੇ ਦੂਸਰੇ ਦੀ ਤਰਫ਼ ਧਿਆਨ ਹੀ ਨਹੀਂ ਦਿੰਦਾ, ਜੇ ਕਦੀ ਕਦਾਈਂ ਆਪਣੀ ਮੌਜ ਵਿਚ ਥੋੜ੍ਹੀ ਬਹੁਤ ਨਜ਼ਰ ਘੁੰਮਾਉਂਦਾ ਵੀ ਹੈ ਤਾਂ ਇਉਂ ਲਗਦਾ ਹੈ ਜਿਵੇਂ ਹਰ ਸ਼ੈਅ ਨੂੰ ਆਪਣਾ ਆਪ ਹੀ ਤੱਕ ਕੇ ਵਿਸਮਾਦਿਤ ਹੋ ਰਿਹਾ ਹੋਵੇ। ਯਾਤਰੀ ਚੱਲ ਕੇ ਕੋਲ ਗਿਆ, ਸ਼ਰਧਾ ਨਾਲ ਨਮਸ਼ਕਾਰ ਕਰਕੇ ਅਰਜ਼ ਕੀਤੀ ਮਹਾਰਾਜ! ਮੈਂ ਬਹੁਤ ਸਮਾਂ ਪਹਿਲੇ ਬੇੜੀ ਤੇ ਸਵਾਰ ਹੋਇਆ ਸੀ, ਸਮੁੰਦਰ ਪਾਰ ਕਰਨ ਲਈ। ਮੈਨੂੰ ਇਉਂ ਲੱਗ ਰਿਹਾ ਹੈ ਜਿਵੇਂ ਬਹੁਤ ਯੁੱਗ ਬੀਤ ਗਏ ਇਸ ਦੁਖਦਾਈ ਲਹਿਰਾਂ ਵਿਚ ਭਟਕਦੇ ਨੂੰ। ਲੇਕਿਨ ਮੇਰੀ ਬੇੜੀ ਬਜਾਏ ਕਿਸੇ ਕਿਨਾਰੇ ਲੱਗਣ ਦੇ ਉੱਥੇ ਹੀ ਮੁੜ ਕੇ ਫਿਰ ਆ ਗਈ, ਆਪ ਕੋਈ ਤਰੀਕਾ ਦੱਸੋ ਪਾਰ ਲੱਗਣ ਦਾ। ਮਹਾਂਪੁਰਸ਼ ਬੋਲੇ, ਪ੍ਰੇਮੀਆਂ! ਇਸ ਸਥਾਨ ਦਾ ਨਾਂ ਸਾਕਾਮੀ ਘਾਟ ਹੈ, ਇਥੋਂ ਦੀ ਕੋਈ ਬੇੜੀ ਪਾਰ ਨਹੀਂ ਲੱਗ ਸਕੇਗੀ ਕਿਉਂਕਿ ਇਨ੍ਹਾਂ ਦੇ ਕੋਲ ਪਾਰ ਜਾਣ ਦਾ ਪਰਮਿਟ ਹੀ ਨਹੀਂ। ਇਸ ਲਈ ਪਾਰ ਲੱਗ ਜਾਣਾ ਇਨ੍ਹਾਂ ਦਾ ਅਸੰਭਵ ਹੈ। ਹਾਂ, ਸਮੁੰਦਰ ਦੀ ਸੈਰ ਇਹ ਬਹੁਤ ਕਰਵਾ ਸਕਦੀਆਂ ਹਨ। ਅਗਰ ਤੇਰੀ ਇੱਛਾ ਪਾਰ ਜਾਣ ਦੀ ਹੈ ਤਾਂ ਐਹ ਪਹਾੜੀ ਉੱਪਰ ਚੜ੍ਹ ਜਾ! ਪੈਂਡਾ ਤਾਂ ਥੋੜਾ ਬਿਖੜਾ ਹੀ ਹੈ, ਪ੍ਰੰਤੂ ਜੇ ਪਾਰ ਹੋਣ ਦਾ ਮਨ ਵਿਚ ਪੱਕਾ ਫੈਸਲਾ ਕਰ ਹੀ ਲਿਆ ਤਾਂ ਔਖੀਆਂ ਘਾਟੀਆਂ ਵੀ ਸੁਖਦਾਈ ਹੋ ਨਿਬੜਦੀਆਂ ਹਨ। ਇਸ ਪਹਾੜੀ ਉੱਪਰ ਦੂਜੇ ਪਾਸੇ ਇਕ ਸੁੰਦਰ ਘਾਟ ਹੈ, ਜਿਸ ਦਾ ਨਾਮ ਹੈ ਨਿਸ਼ਕਾਮੀ ਤੱਟ। ਬੇੜੀਆਂ ਤਾਂ ਉਥੇ ਵੀ ਬਹੁਤ ਖੜ੍ਹੀਆਂ ਹਨ ਅਤੇ ਪਾਰ ਲਾਉਣ ਨੂੰ ਸਮਰਥ ਵੀ ਹਨ, ਲੇਕਿਨ ਇਕ ਗੱਲ ਦਾ ਖਿਆਲ ਰੱਖੀ ਕਿ ਕੋਈ ਵੀ ਬੇੜੀ ਤੰਦਰੁਸਤ ਮਲਾਹ ਤੋਂ ਬਗੈਰ ਪਾਰ ਨਹੀਂ ਲੱਗਣੀ। ਬੇੜੀ ਭਾਵੇਂ ਕਿਤਨੀ ਵੀ ਹੀਰੇ ਰਤਨਾਂ ਦੇ ਜੜ੍ਹਤ ਹੋਵੇ, ਰੋਗੀ ਮਲਾਹ ਉਸ ਨੂੰ ਵੀ ਪਾਰ ਨਹੀਂ ਲਾ ਸਕਦਾ। ਇਸ ਲਈ *ਨਿਸ਼ਕਾਮੀ ਤੱਟ* ਉੱਪਰ ਪਹੁੰਚ ਕੇ ਉਸ ਬੇੜੀ ਵਿਚ ਸਵਾਰ ਹੋਵੀਂ ਜਿਸ ਦੇ ਮਲਾਹ ਦੀ ਨਜ਼ਰ ਪੂਰੀ ਹੋਵੇ ਅਤੇ ਬਾਹਵਾਂ ਦੋਨੋਂ ਬਲ-ਸ਼ਾਲੀ ਹੋਣ। ਕਿਉਂਕਿ ਪਾਰਦਰਸ਼ੀ ਨਜ਼ਰ ਵਾਲਾ ਮਲਾਹ ਹੀ ਪਾਰ ਲਾ ਸਕਦਾ ਹੈ; ਅਤੇ ਬਲਸ਼ਾਲੀ ਬਾਹਵਾਂ ਹੀ ਚੱਪੂ ਮਾਰ ਕੇ ਸਮੁੰਦਰ ਵਿਚ ਉੱਠ ਰਹੇ ਤੂਫ਼ਾਨਾਂ ਅਤੇ ਅਣਗਿਣਤ ਲਹਿਰਾਂ ਨੂੰ ਪਛਾੜ ਕੇ ਬੇੜੀ ਨੂੰ ਪਾਰ ਲਾ ਸਕਦੀਆਂ ਹਨ। ਐਸੇ ਗੁਣਾਂ ਵਾਲੇ ਮਲਾਹ ਤੋਂ ਬਗੈਰ ਬੇੜੀ ਭਾਵੇਂ ਕਿੰਨੀ ਵੀ ਸੁੰਦਰ ਹੋਵੇ ਪਾਰ ਨਹੀਂ ਲਾ ਸਕਦੀ। ਇਸ ਲਈ ਨਿਸ਼ਕਾਮੀ ਤੱਟ ਤੇ ਪਹੁੰਚਕੇ ਬੇੜੀ ਵੱਲ ਧਿਆਨ ਘੱਟ ਦੇਵੀਂ, ਤੰਦਰੁਸਤ ਮਲਾਹ ਵੱਲ ਜ਼ਿਆਦਾ। ਜਾਹ! ਹੁਣ ਦੇਰੀ ਨਾ ਕਰ। ਉਸ ਪਰਉਪਕਾਰੀ ਮਹਾਂਪੁਰਸ਼ ਨੂੰ ਨਮਸ਼ਕਾਰ ਕਰਕੇ ਪਹਾੜੀ ਉੱਪਰ ਚੜ੍ਹਨਾ ਸ਼ੁਰੂ ਕੀਤਾ, ਸਹਿਜੇ ਸਹਿਜੇ ਉਪਰਲੀ ਚੋਟੀ ਪਾਰ ਕਰਕੇ ਨਿਸ਼ਕਾਮੀ ਤੱਟ ਤੇ ਪਹੁੰਚ ਗਿਆ। ਕੀ ਦੇਖਦਾ ਹੈ ਕਿ ਬਹੁਤ ਸ਼ਾਂਤ ਜਗ੍ਹਾ ਹੈ, ਬੰਦਿਆਂ ਦੀ ਭੀੜ ਨਹੀਂ, ਕਿਤੇ ਦੂਰ ਦਰੇਡੇ ਕੋਈ ਟਾਵਾਂ-ਵਿਰਲਾ ਬੰਦਾ ਹੀ ਨਜ਼ਰ ਆਉਂਦਾ ਹੈ। ਯਾਤਰੀ ਦੇਖ ਕੇ ਬੜਾ ਅਸਚਰਜ ਹੋਇਆ ਕਿ *ਸ਼ਾਕਾਮੀ ਘਾਟ* ਤੇ ਤਾਂ ਲੋਕਾਂ ਦੀ ਭੀੜ ਲੱਗੀ ਹੋਈ ਸੀ, ਲੇਕਿਨ ਉਸ ਦੇ ਮੁਕਾਬਲੇ ਵਿਚ ਇੱਥੇ ਉਜਾੜ ਵਰਗੀ ਹਾਲਤ ਹੈ, ਪ੍ਰੰਤੂ ਮਨ ਕਿਸੇ ਵਿਸ਼ੇਸ਼ ਕਿਸਮ ਦਾ ਅਨੰਦ ਜਿਹਾ ਮਹਿਸੂਸ ਕਰ ਰਿਹਾ ਹੈ। ਮਨ ਇਨ੍ਹਾਂ ਸੋਚਾਂ ਵਿਚ ਹੀ ਸੀ ਕਿ ਇਕ ਮਨੁੱਖ ਨਜ਼ਰੀਂ ਪਿਆ ਜਿਸਦੇ ਨੇਤਰਾਂ ਵਿੱਚ ਅਕਰਖਣ, ਚਿਹਰੇ ਤੇ ਵਿਸ਼ੇਸ਼ ਕਿਸਮ ਦੀ ਮੁਸਕਾਨ ਅਤੇ ਅੰਦਰੋਂ ਬਾਹਰੋਂ ਪ੍ਰਸੰਨ ਚਿਤ ਨਜ਼ਰ ਆ ਰਿਹਾ ਹੈ। ਉਸ ਪੁਰਸ਼ ਨੇ ਯਾਤਰੀ ਦੇ ਕੋਲ ਆ ਕੇ ਪੁੱਛਿਆ, ਪ੍ਰੇਮੀਆਂ ਸਮੁੰਦਰ ਪਾਰ ਕਰਨਾ ਹੈ? ਯਾਤਰੀ ਨੇ ਹੈਰਾਨ ਹੋ ਕੇ ਪੁੱਛਿਆ, ਆਪ ਨੂੰ ਕਿਵੇਂ ਪਤਾ ਹੈ ਕਿ ਮੈਂ ਸਮੁੰਦਰ ਪਾਰ ਕਰਨ ਲਈ ਆਇਆ ਹਾਂ? ਦੈਵੀ ਚਿਹਰੇ ਵਾਲਾ ਮਨੁੱਖ ਬੋਲਿਆ, ਇਸ ਤੱਟ ਤੇ ਸਮੁੰਦਰ ਦੀ ਸੈਰ ਕਰਨ ਵਾਲੇ ਨਹੀਂ ਆਉਂਦੇ, ਉਹ ਸਭ ਸਾਕਾਮੀ ਘਾਟ ਤੇ ਹੀ ਘੁੰਮਦੇ ਹਨ, ਕਿਉਂਕਿ ਉੱਥੇ ਭਾਂਤ-ਭਾਂਤ ਦੇ ਪ੍ਰਤੀਤੀ ਮਾਤਰਾ ਰਸਾਂ-ਕਸਾਂ ਦੀਆਂ ਦੁਕਾਨਾਂ ਆਮ ਹਨ, ਇਸ ਲਈ ਆਮ ਲੋਕ ਤਾਂ ਉਥੇ ਹੀ ਪਰਚ ਜਾਂਦੇ ਹਨ, ਕੋਈ ਵਿਰਲਾ ਪੁਰਸ਼ ਉਨ੍ਹਾਂ ਨੂੰ ਪਛਾੜ ਕੇ ਇਸ ਨਿਸ਼ਕਾਮੀ ਤੱਟ ਤੱਕ ਪਹੁੰਚਦਾ ਹੈ, ਉਹ ਨਿਸ਼ਚੇ ਹੀ ਪਾਰ ਹੋਣ ਲਈ ਆਇਆ ਹੈ, ਇਸ ਲਈ ਇਸ ਵਿਚ ਅਸਚਰਜਤਾ ਵਾਲੀ ਕਿਹੜੀ ਗੱਲ ਹੈ। ਯਾਤਰੀ ਨੇ ਪੁੱਛਿਆ ਕਰਾਇਆ ਕਿੰਨਾਂ ਲੱਗੇਗਾ ਪਾਰ

ਹੋਣ ਲਈ, ਸਫ਼ਰ ਦਾ? ਮਲਾਹ ਬੋਲਿਆ, ਜਿਸ ਵਕਤ ਕੋਈ ਮਨੁੱਖ ਸਾਕਾਮੀ ਘਾਟ ਤੋਂ ਇਸ ਜਗ੍ਹਾ ਯਾਨੀ ਨਿਸ਼ਕਾਮੀ ਤੱਟ ਲਈ ਯਾਤਰਾ ਸ਼ੁਰੂ ਕਰਦਾ ਹੈ, ਕਰਾਇਆ ਤਾਂ ਉਸੀ ਵਕਤ ਵਸਲੂ ਕਰ ਲਿਆ ਜਾਂਦਾ ਹੈ। ਬਸ ਹੁਣ ਨਿਸਚਿੰਤ ਹੋ ਕੇ ਐਹ ਬੇੜੀ ਵਿਚ ਸਵਾਰ ਹੋ ਜਾਹ! ਹਾਂ, ਇਕ ਗੱਲ ਜ਼ਰੂਰ ਹੈ ਕਿ ਰਸਤੇ ਲਈ ਸ਼ਰਧਾ ਅਤੇ ਵਿਸ਼ਵਾਸ ਦੀ ਖੁਰਾਕ ਜ਼ਰੂਰ ਪੱਲੇ ਬੰਨ੍ਹ ਲਈ। ਯਾਤਰੀ ਮਲਾਹ ਤੇ ਵਿਸ਼ਵਾਸ਼ ਕਰਕੇ ਬੇੜੀ ਵਿਚ ਸਵਾਰ ਹੋ ਗਿਆ। ਬੇੜੀ ਸਹਿਜੇ-ਸਹਿਜੇ ਪੈਂਡਾ ਮੁਕਾਉਣ ਲੱਗੀ। ਇਸ ਤਰੀਕੇ ਕਾਫ਼ੀ ਦਿਨ ਖੁਸ਼ੀ-ਖੁਸ਼ੀ ਸਫ਼ਰ ਕਰਦਿਆਂ ਬਤੀਤ ਹੋ ਗਏ, ਹੁਣ ਉਸ ਥਾਂ ਪਹੁੰਚ ਗਏ ਜਿਥੇ ਨਾ ਨਿਸ਼ਕਾਮੀ ਤੱਟ ਨਜ਼ਰ ਆਉਂਦਾ ਹੈ ਅਤੇ ਨਾ ਹੀ ਅਗਲਾ ਕਿਨਾਰਾ। ਯਾਤਰੀ ਨੇ ਇਧਰ ਉਧਰ ਤੱਕਿਆ ਕੁਝ ਹੋਰ ਬੇੜੀਆਂ ਨਜ਼ਰ ਪਈਆਂ ਜਿਨ੍ਹਾਂ ਦੀ ਬਾਹਰੀ ਬਨਾਵਟ ਬਹੁਤ ਸੁੰਦਰ ਹੈ। ਗਹੁ ਨਾਲ ਤੱਕਿਆਂ ਪ੍ਰਤੀਤ ਦੇ ਰਿਹਾ ਹੈ ਕਿ ਇਹ ਵੀ ਕਿਸੇ ਸਮੇਂ ਨਿਸ਼ਕਾਮੀ ਤੱਟ ਤੋਂ ਹੀ ਚੱਲੀਆਂ ਹਨ ਅਤੇ ਪਾਰ ਲੱਗਣ ਲਈ ਹੀ ਗਤੀਸ਼ੀਲ ਹਨ। ਮਨ ਵਿਚ ਉਮਾਹ ਉੱਠਿਆ ਕਿ ਇਹ ਬੇੜੀ ਛੱਡ ਕੇ ਦੂਸਰੀ ਵਿਚ ਸਵਾਰ ਹੋ ਜਾਈਏ ਕਿਉਂਕਿ ਉਸਦੀ ਬਾਹਰੀ ਸੁੰਦਰਤਾ ਵੀ ਬਹੁਤ ਹੈ, ਅਤੇ ਸਫ਼ਰ ਵੀ ਸ਼ਾਇਦ ਜ਼ਿਆਦਾ ਮੁਕਾ ਰਹੀ ਹੈ। ਬੇੜੀ ਬਦਲਣ ਦੀ ਕੋਸ਼ਿਸ਼ ਕਰ ਰਹੇ ਪਾਂਧੀ ਵੱਲ ਤੱਕ ਕੇ ਮਲਾਹ ਬੋਲਿਆ, ਖ਼ਬਰਦਾਰ! ਭਰਮ ਵੱਸ ਹੋ ਕੇ ਹੁਣ ਬੇੜੀ ਬਦਲਨਾ ਖ਼ਤਰੇ ਤੋਂ ਖਾਲੀ ਨਹੀਂ, ਬਜਾਏ ਇਧਰ ਉਧਰ ਤੱਕਣ ਦੇ ਆਰਾਮ ਨਾਲ ਬੈਠ ਕੇ ਸ਼ਰਧਾ ਅਤੇ ਵਿਸ਼ਵਾਸ ਰੂਪੀ ਉਹ ਖੁਰਾਕ ਖਾਹ ਜੋ ਰਸਤੇ ਲਈ ਨਾਲ ਲੈ ਕੇ ਚੱਲਿਆ ਸੀ, ਬਾਕੀ ਸਾਰੀ ਜ਼ਿੰਮੇਵਾਰੀ ਮੇਰੀ ਹੈ। ਇਹ ਸੁਣ ਕੇ ਯਾਤਰੀ ਕੁਝ ਸ਼ਾਂਤ ਹੋਇਆ। ਇਤਨੇ ਨੂੰ ਗੱਡੀ ਦੀ ਕੂਕ ਸੁਣ ਕੇ ਆਪ ਜੀ ਦੀ ਅੱਖ ਖੁੱਲ੍ਹੀ, ਸੁਪਨਾ ਟੁੱਟਿਆ, ਬਾਹਰ ਨਜ਼ਰ ਮਾਰੀ, ਗੱਡੀ ਹਰਿਦੁਆਰ ਸਟੇਸ਼ਨ ਤੇ ਖੜੀ ਹੈ। ਅਸਥਾਨ ਤੇ ਪਹੁੰਚ ਕੇ ਮਹੰਤ ਬਾਬਾ ਬੁੱਢਾ ਸਿੰਘ ਮਹਾਰਾਜ ਜੀ ਦੇ ਪਵਿੱਤਰ ਮੁੱਖ ਤੋਂ ਬੋਲੇ ਜੋ ਅਸੀਂ ਨਾਮ ਦਿਤਾ ਸੀ, ਜਾਪ ਉਸਦਾ ਕਰਦਾ ਹੈਂ! ਜਾਂ ਸੋਹੰ ਸ਼ਬਦ ਦਾ? ਆਪ ਅਸਚਰਜ ਹੋਏ ਕਿ ਮਹਾਰਾਜ ਤਾਂ **ਘਟ ਘਟ ਕੇ ਅੰਤਰ ਕੀ ਜਾਨਤ** ਹਨ। ਥੋੜ੍ਹਾ ਝਿਜਕ ਕੇ ਬੋਲੇ ਮਹਾਰਾਜ! 'ਸੋ ਹੰ' ਸ਼ਬਦ ਦਾ। ਬਾਬਾ ਬੁੱਢਾ ਸਿੰਘ ਜੀ ਬੋਲੇ ਸਮੁੰਦਰ ਦੇ ਮੰਝਧਾਰ ਸਫ਼ਰ ਕਰਦਿਆਂ ਬੇੜੀ ਬਦਲਣੀ ਖ਼ਤਰੇ ਤੋਂ ਖਾਲੀ ਨਹੀਂ ਹੁੰਦੀ॥ ਬੇੜੀ ਵਾਲੀ ਗੱਲ ਬਾਬਾ ਜੀ ਦੇ ਮੁੱਖ ਤੋਂ ਸੁਣ ਕੇ ਤਾਂ ਹੈਰਾਨੀ ਵਾਲੀ ਹੱਦ ਨਾ ਰਹੀ, ਅਸਚਰਜ ਹੋ ਰਹੇ ਹਨ ਕਿ ਮਹਾਰਾਜ ਤਾਂ ਸਾਡੇ ਸੁਪਨੇ ਦੀ ਵੀ ਸ਼ਾਖਸੀ ਹਨ। ਵਿਸਮਾਦ ਦੀ ਕਿਸੇ ਅਕਹਿ ਦਸ਼ਾ ਵਿਚ ਆਪ ਦੇ ਦੋਨੋਂ ਹੱਥ ਜੁੜ ਗਏ, ਅਰਜ਼ ਕੀਤੀ, ਮਹਾਰਾਜ! ਭੁੱਲ ਹੋ ਗਈ, ਬਖਸ਼ੋ! ਬਾਬਾ ਬੁੱਢਾ ਸਿੰਘ ਜੀ ਕਹਿਣ ਲੱਗੇ, ਜੀਵ ਕਹੋ ਜਾਂ ਸੰਸਾਰ ਦੋਨੋਂ ਭੁੱਲ ਦੇ ਹੀ ਦੂਸਰੇ ਨਾਮ ਹਨ। ਅਗਰ ਭੁੱਲ ਨਿਕਲ ਜਾਵੇ ਤਾਂ ਨਾ ਕਿਤੇ ਸੰਸਾਰ ਨਜ਼ਰ ਆਉਂਦਾ ਹੈ, ਨਾ ਜੀਵ। ਪਾਣੀ ਦਾ ਗਿਆਨ ਹੋ ਜਾਣ ਨਾਲ ਲਹਿਰਾਂ ਤੇ ਬੁਲਬੁਲੇ ਬਿਲਾਸ-ਮਾਤਰ ਹੀ ਰਹਿ ਜਾਂਦੇ ਹਨ। ਇਸ ਲਈ ਇਸ ਭੁੱਲ ਦੇ ਦੇਸ਼ ਵਿਚੋਂ ਨਿਕਲਣ ਵਾਸਤੇ ਹੀ ਪ੍ਰਮਾਰਥ ਦਾ ਸਫ਼ਰ ਸ਼ੁਰੂ ਕਰਨਾ ਪੈਂਦਾ ਹੈ। ਪ੍ਰਮਾਰਥ ਦਾ ਸਫ਼ਰ ਵੀ ਸਾਕਾਮੀ ਘਾਟ ਤੋਂ ਨਿਸ਼ਕਾਮੀ ਤੱਟ ਤੱਕ ਹੀ ਥੋੜ੍ਹਾ ਕਠਨ ਹੈ ਕਿਉਂਕਿ ਇਹ ਭਿਆਨਕ ਜੰਗਲ ਵਿਚ ਦੀ ਇੱਕਲਿਆਂ ਤਹਿ ਕਰਨਾ ਪੈਂਦਾ ਹੈ। ਨਿਸ਼ਕਾਮੀ ਤੱਟ ਤੇ ਮਲਾਹ ਪਹਿਲਾਂ ਹੀ ਖੜਾ ਉਡੀਕ ਰਿਹਾ ਹੁੰਦਾ ਹੈ ਕਿ ਕੋਈ ਯਾਤਰੀ ਆਵੇ ਤਾਂ ਬੇੜੀ ਵਿਚ ਬਿਠਾਵਾਂ। ਬਸ ਯਾਤਰੀ ਨੂੰ ਵੇਖਦਿਆਂ ਹੀ ਬੇੜੀ ਵਿਚ ਬਿਠਾ ਕੇ ਮੰਜ਼ਿਲ ਵੱਲ ਚਾਲੇ ਪਾ ਦਿੰਦਾ ਹੈ। ਫਿਰ ਯਾਤਰੀ ਨੂੰ ਯਾਤਰਾ ਕਸ਼ਟਦਾਇਕ ਨਹੀਂ ਰਹਿ ਜਾਂਦੀ, ਸਗੋਂ ਯਾਤਰਾ ਕਰਦਾ ਹੋਇਆ ਮਨ ਕਿਸੇ ਖੇੜੇ ਵਿਚ ਰਹਿੰਦਾ ਹੈ, ਹਾਂ! ਥੋੜ੍ਹੀ ਸਾਵਧਾਨਤਾ ਰੂਪੀ ਖੁਰਾਕ ਤਾਂ ਪੱਲੇ ਰੱਖਣੀ ਹੀ ਪੈਂਦੀ ਹੈ, ਤਾਂ ਕਿ ਕੋਈ ਸ਼ੰਕਾ ਰੂਪੀ ਤੋਤਾ ਵਿਸ਼ਵਾਸ ਰੂਪੀ ਫਲ ਨੂੰ ਚੁੰਜ ਨਾ ਮਾਰ ਦੇਵੇ। ਯਾਤਰੀ ਦਾ ਬੇੜੀ ਵਿਚ ਬੈਠਦਿਆਂ ਹੀ ਥਕਾਵਟ ਜਾਂ ਕਸ਼ਟ ਤਾਂ ਦੂਰ ਹੋ ਹੀ ਜਾਂਦਾ ਹੈ ਬਸ ਫਿਰ ਤਾਂ ਇਸ ਦਾ ਇਕ ਹੀ ਕੰਮ ਰਹਿ ਜਾਂਦਾ ਹੈ ਕਿ ਕਿਸੇ ਵੀ ਕਿਸਮ ਦੇ ਸ਼ੰਕਾ ਰੂਪੀ ਤੋਤੇ ਨੂੰ ਸ਼ਰਧਾ ਰੂਪੀ ਟਹਿਣੀ ਤੇ ਬੈਠਣ ਨਾ ਦੇਵੇ, ਅਗਰ ਬੈਠ ਹੀ ਜਾਵੇ ਤਾਂ ਤੁਰੰਤ ਉਡਾ ਦੇਵੇ, ਜੇ ਥੋੜੀ ਅਣਗਹਿਲੀ ਕਰ ਲਈ ਤਾਂ ਉਸ ਨੇ ਵਿਸ਼ਵਾਸ ਰੂਪੀ ਫ਼ਲ ਨੂੰ ਚੁੰਜ ਮਾਰ ਕੇ ਦਾਗੀ ਕਰ ਦੇਣਾ ਹੈ। ਸ਼ਰਧਾ ਅਤੇ ਵਿਸ਼ਵਾਸ਼ ਤੋਂ ਬਗੈਰ ਪ੍ਰਮਾਰਥ ਪੰਧ ਵਿਚ ਇਕ ਵੀ ਕਦਮ ਉਠਾਉਣਾ ਮੁਸ਼ਕਲ ਹੈ। ਇਸ ਲਈ ਨਾਮ ਭਾਵੇਂ ਸਾਰੇ ਨਾਮੀ ਦੇ ਹੀ ਹਨ ਅਤੇ ਪ੍ਰੀਤਮ ਦੇ ਮਿਲਾਪ ਲਈ ਸਮਰਥ ਵੀ ਹਨ, ਲੇਕਿਨ ਸਾਧਕ ਨੂੰ ਪਾਰ ਉਸ ਨਾਮ ਜਾਂ ਉਪਦੇਸ਼ ਰੂਪੀ ਬੇੜੀ ਨੇ ਹੀ ਲਾਉਣਾ ਹੈ ਜਿਸ ਵਿਚ ਗੁਰੂ ਨੇ ਬਿਠਾ ਦਿਤਾ। ਜਿਸ ਵਕਤ ਸਾਧਕ ਆਪਣੇ

ਮਨ ਨੂੰ ਇਧਰ ਉਧਰ ਦੀਆਂ ਬੇਕਾਰ-ਲਹਿਰਾਂ ਤੋਂ ਸੰਕੋਚ ਕੇ ਸ਼ਰਧਾ ਅਤੇ ਵਿਸ਼ਵਾਸ਼ ਦੇ ਸੰਯੁਕਤ ਹੋ ਕੇ ਗੁਰੂ ਉਪਦੇਸ਼ ਰੂਪੀ ਬੇੜੀ ਵਿਚ ਸਵਾਰ ਹੋ ਜਾਂਦਾ ਹੈ ਫਿਰ ਸੰਸਾਰ ਸਮੁੰਦਰ ਦਾ ਪਾਰਲਾ ਕਿਨਾਰਾ ਅਤੇ ਪ੍ਰੀਤਮ ਦਾ ਦੇਸ਼ ਦੂਰ ਨਹੀਂ ਰਹਿ ਜਾਂਦਾ। ਜਾਹ! ਹੁਣ ਲੰਗਰ-ਪਾਣੀ ਛੱਕ ਲੈ।*

## ਸਖ਼ਤ ਘਾਲ ਅਤੇ ਰਸ ਦੇਸ ਦੀ ਯਾਤਰਾ

ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋ ਦੇ ਘਾਲਿ ਕਮਾਈ॥
ਰੇਤੁ ਅੱਕੁ ਆਹਾਰੁ ਕਰਿ ਰੋੜਾ ਕੀ ਗੁਰਿ ਕੀਅ ਵਿਛਾਈ॥
ਭਾਰੀ ਕਰੀ ਤਪਸਿਆ ਵਡੇ ਭਾਗਿ ਹਰਿ ਸਿਉ ਬਣਿ ਆਈ॥

*(ਭਾਈ ਗੁਰਦਾਸ ਜੀ)*

ਯਥਾ — ਇਹ ਬਿਧ ਕਰਤ ਤਪਸਯਾ ਭਯੋ॥
ਦ੍ਵੈ ਤੇ ਏਕ ਰੂਪ ਹੋਇ ਗਯੋ॥

*(ਗੁਰੂ ਗੋਬਿੰਦ ਸਿੰਘ ਜੀ)*

ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਘਰ ਵਿਚ ਪਰਮੇਸ਼ਰ ਮਿਲਾਪ ਲਈ ਪ੍ਰੇਮਾ ਭਗਤੀ ਹੀ ਮੁੱਖ ਮਾਰਗ ਹੈ। ਪ੍ਰੇਮਾ ਭਗਤੀ ਦਾ ਪਹਿਲਾ ਤੇ ਆਖਰੀ ਅਰੁ ਬਹੁਤ ਜ਼ਰੂਰੀ ਅੰਗ ਹੈ ਗੁਰੂ ਪਰਮੇਸਰ ਏਕੋ ਜਾਨ। ਇਹ ਅਵਸਥਾ ਜਿਤਨੀ ਜਿਤਨੀ ਦ੍ਰਿੜ ਹੁੰਦੀ ਜਾਵੇ ਉਤਨੀ-ਉਤਨੀ ਪਰਮੇਸ਼ਰ ਮਿਲਾਪ ਰੂਪੀ ਮੰਜ਼ਿਲ ਨਜ਼ਦੀਕ ਆਉਂਦੀ ਜਾਂਦੀ ਹੈ। ਹੋਰ ਸਾਰੇ ਸੇਵਾ ਪਰਉਪਕਾਰ ਦੇ ਸਾਧਨ ਇਸ ਦੀਆਂ ਸ਼ਾਖਾਵਾਂ ਹਨ ਲੇਕਿਨ ਮੂਲ ਸਾਧਨ ਗੁਰੂ ਪਰਮੇਸ਼ਰ ਨੂੰ ਅਭੇਦ ਨਿਸ਼ਚੇ ਕਰਨਾ ਹੀ ਹੈ। ਪ੍ਰੰਤੂ ਇਹ ਨਿਸ਼ਚਾ ਸਿੱਖ ਲਈ ਕਠਿਨ ਕੰਮ ਹੈ, ਜਿਨ੍ਹੀ ਦੇਰ ਗੁਰੂ ਆਪ ਨਾ ਜਣਾਵੇ। ਇੱਕ ਸੁੱਤਾ ਹੋਇਆ ਪੁਰਸ਼ ਕੋਲ ਬੈਠੇ ਕਿਸੇ ਜਾਗਦੇ ਪੁਰਸ਼ ਨੂੰ ਨਹੀਂ ਜਾਣ ਸਕਦਾ, ਜਿਤਨੀ ਦੇਰ ਜਾਗ੍ਰਤ ਪੁਰਸ਼ ਸੁੱਤੇ ਨੂੰ ਜਗਾ ਨਾ ਦੇਵੇ। ਇਸੀ ਤਰ੍ਹਾਂ ਸ਼ਿਸ਼ ਵੀ ਅਗਿਆਨ ਨਿੰਦਰਾ ਵਿੱਚ ਸੁੱਤਾ ਹੋਇਆ ਸੰਸਾਰ ਰੂਪੀ ਸੁਪਨੇ ਵਿਚ ਲੀਨ ਹੈ। ਜਿਸ ਵਕਤ ਇਸ ਦੇ ਜਨਮਾਂ ਜਨਮਾਤਰਾਂ ਦੇ ਕੀਤੇ ਨਿਸ਼ਕਾਮ ਸ਼ੁੱਭ ਆਪਣਾ ਫਲ ਦੇਣ ਲਈ ਸਨਮੁੱਖ ਹੁੰਦੇ ਹਨ, ਉਸ ਵਕਤ ਇਸ ਨੂੰ ਵਾਹਿਗੁਰੂ ਦੇ ਅਟੱਲ ਨਿਯਮ ਅਨੁਸਾਰ—

ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ॥

*(ਸਿਰੀਰਾਗੁ ਮ: ੫, ਪੰਨਾ-੭੧)*

ਦੇ ਮਹਾਂਵਾਕ ਅਨੁਸਾਰ ਮੋਹ ਨਿੰਦਰਾ ਵਿੱਚੋਂ ਜਾਗ ਚੁੱਕੇ ਕਿਸੇ ਤੱਤ੍ਵ ਦਰਸ਼ੀ ਮਹਾਂਪੁਰਖ ਦਾ ਮਿਲਾਪ ਹੋ ਜਾਂਦਾ ਹੈ ਫਿਰ ਐਸੇ ਜਾਗਰਤ ਪੁਰਸ਼ ਦੁਆਰਾ—

ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ॥

*(ਸ੍ਰੀਰਾਗੁ ਮ: ੫, ਪੰਨਾ-੭੧)*

ਵਾਲੀ ਅਵਸਥਾ ਘਟਿਤ ਹੁੰਦੀ ਜਾਂਦੀ ਹੈ। ਐਸਾ ਆਤਮਦਰਸ਼ੀ ਮਹਾਂਪੁਰਸ਼ ਆਪਣੇ ਸ਼ਿਸ਼ਯ ਨੂੰ ਆਪਣੀ ਸਰਬੱਗਤਾ ਅਤੇ ਅੰਤਰਯਾਮਤਾ ਦੁਆਰਾ ਚੋਟ ਮਾਰ ਕੇ ਵਾਰ ਵਾਰ ਜਗਾਉਂਦਾ ਰਹਿੰਦਾ ਹੈ। ਸਾਧਕ ਆਪਣੇ ਮਨ ਦੇ ਫੁਰਨੇ ਜਾਂ ਸੰਕਲਪਾਂ ਦੀ ਖਿੱਚ ਨੂੰ ਤਾਂ ਪ੍ਰਤੱਖ ਦੇਖਦਾ ਅਤੇ ਸਮਝਦਾ ਹੈ, ਲੇਕਿਨ ਹਿਰਦੇ ਦੀ ਡੂੰਘਾਈ ਹੇਠ ਅਪ੍ਰਤਖ ਰੂਪ ਵਿਚ ਪਏ ਸੰਸਕਾਰਾਂ ਦੇ ਬੀਜ ਨੂੰ ਨਹੀਂ ਜਾਣਦਾ। ਪ੍ਰੰਤੂ ਤੱਤ੍ਵ ਦਰਸ਼ੀ ਮਹਾਂਪੁਰਸ਼ ਸਾਧਕ ਦੇ ਮਨ ਦੇ ਵਰਤਮਾਨ ਫੁਰਨੇ ਅਤੇ ਭਵਿੱਖ ਵਿਚ ਪ੍ਰਗਟ ਹੋਣ ਵਾਲੇ ਛੁਪੇ ਸੰਸਕਾਰਾਂ ਦੇ ਬੀਜਾਂ ਨੂੰ ਵੀ ਹਸਤਅਮਲਵਤ ਜਾਣਦਾ ਹੈ ਕਿਉਂਕਿ ਉਸ ਨੇ ਦੇਹ ਇੰਦਰੀਆਂ ਤੋਂ ਨਿਰਲੇਪ ਚਾਰੇ ਖਾਣੀਆਂ ਦੇ ਹਿਰਦੀਆਂ ਵਿਚ ਭਰਪੂਰ ਵਿਆਪਕ ਰਾਮ ਨੂੰ ਪਛਾਣ ਲਿਆ ਹੈ। ਫਿਰ ਐਸੇ ਪੁਰਸ਼ ਤੋਂ—

ਤਿਸ ਕੈ ਭਾਣੈ ਕੋਇ ਨਾ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥

*(ਸੋਰਠਿ ਮ: ੫, ਪੰਨਾ-੬੧੦)*

---

* *ਬਾਬਾ ਬੁੱਢਾ ਸਿੰਘ ਮਹਾਰਾਜ ਜੀ ਵੱਲੋਂ ਦਿੱਤੇ ਨਾਮ ਨੂੰ ਛੱਡ ਕੇ ਸੋਹੰ ਦਾ ਜਾਪ ਸ਼ੁਰੂ ਕਰਨ ਅਤੇ ਬਾਬਾ ਜੀ ਵਲੋਂ ਖੁਦ ਹੀ ਪੁੱਛਣਾ, ਕਿਸੇ ਸਮੇਂ ਹਜ਼ੂਰ ਨੇ ਆਪ ਹੀ ਫੁਰਮਾਇਆ ਸੀ।*

ਕਿਹੜਾ ਹਿਰਦਾ ਅਤੇ ਹਿਰਦੇ ਵਿਚ ਛੁਪੇ ਸੰਸਕਾਰਾਂ ਰੂਪੀ ਬੀਜ ਛੁੱਪੇ ਰਹਿ ਸਕਦੇ ਹਨ। ਅਜਿਹੀ ਅਸਚਰਜ ਮਈ ਅਵਸਥਾ ਵਿਚ ਸਥਿਤ ਬਾਬਾ ਬੁੱਢਾ ਸਿੰਘ ਜੀ ਨੇ ਸੰਤ ਨਿੱਕਾ ਸਿੰਘ ਜੀ ਦੇ ਹਿਰਦੇ ਵਿਚ ਪ੍ਰਤੱਖ ਅਤੇ ਅਪ੍ਰਤੱਖ ਰੂਪ ਵਿਚ ਸੰਸਕਾਰਾਂ ਦੇ ਪਏ ਬੀਜ, ਰਸਤੇ ਦੇ ਸੰਕਲਪ ਅਤੇ ਸੋਹੰ ਸ਼ਬਦ ਦੇ ਜਾਪ ਵਾਲੀ ਘਟਨਾ ਨੂੰ ਆਪਣੀ ਅੰਤਰਯਾਤਮਾ ਦੁਆਰਾ ਤੱਕ ਕੇ ਜ਼ਬਰਦਸਤ ਚੋਟ ਮਾਰੀ। ਬੋਲੇ, ਮੰਜ਼ਿਲ ਤੇ ਉਸੇ ਨਾਮ ਨੇ ਪਹੁੰਚਾਉਣਾ ਹੈ ਜੋ ਗੁਰੂ ਤੋਂ ਪ੍ਰਾਪਤ ਹੋਇਆ ਹੋਵੇ, ਨਾ ਕਿ ਮਨਮਰਜ਼ੀ ਦੇ ਕਲਪੇ ਜਾਂ ਕਿਸੇ ਦੂਸਰੇ ਤੋਂ ਸੁਣੇ ਸ਼ਬਦ ਨੇ। ਬਾਬਾ ਜੀ ਦੇ ਪਵਿੱਤਰ ਮੁੱਖ ਤੋਂ ਸੁਣਦਿਆਂ ਹੀ ਆਪ ਜੀ ਦੇ ਮਨ ਜ਼ਬਰਦਸਤ ਹਲੂਣਾ ਆਇਆ, ਅੰਦਰ ਸ਼ਰਧਾ ਅਤੇ ਵਿਸ਼ਵਾਸ਼ ਕੜ ਤੋੜ ਕੇ ਫੁੱਟ ਪਏ। ਹੈਂ! ਇਹ ਪੂਰਨਤਾ!! ਇਹ ਅੰਤਰਯਾਮਤਾ!!! ਐਸੀ ਸਰਬਗਤਾ!!!! ਮਨ ਜੋ ਹੁਣ ਤੱਕ ਸੰਕਲਪਾਂ ਵਿਕਲਪਾਂ ਦੀ ਸੜਕ ਤੇ ਭੱਜਿਆ ਫਿਰਦਾ ਸੀ ਇਕ ਦਮ ਸ਼ਾਂਤ ਅਤੇ ਕਿੰਤੂਆਂ ਪ੍ਰੰਤੂਆਂ ਤੋਂ ਰਹਿਤ ਹੋ ਕੇ ਨਿਸ਼ਚਾ ਦੇ ਘਰ ਅਡੋਲ, ਅਹਿੱਲ, ਗੱਡ ਗਿਆ ਥੰਮ ਵਾਗੂੰ, ਕਿ ਇਹ ਪੂਰਨ ਪਰਮੇਸ਼ਰ ਹਨ। ਹੁਣ ਤੱਕ ਇਹ ਤਾਂ ਜਾਣਦੇ ਸਨ ਕਿ ਬਾਬਾ ਜੀ ਮਹਾਂਪੁਰਸ਼ ਹਨ, ਲੇਕਿਨ ਅੱਜ ਦੇ ਤੀਰ ਨੇ ਮਨ ਨੂੰ ਪੂਰਨ ਰੂਪ ਵਿਚ ਘਾਇਲ ਕਰਕੇ ਸੁੱਟ ਦਿੱਤਾ। ਪੂਰਨ ਗੁਰੂ ਦੁਆਰਾ ਸਿੰਨ੍ਹ ਕੇ ਛਾਤੀ ਵਿਚ ਮਾਰੇ ਨਿਸ਼ਾਨੇ ਨਾਲ ਫੱਟੜ ਹੋਇਆ ਮਨ ਵਾਰ ਵਾਰ ਉਚਾਰਨ ਕਰੀਂ ਜਾ ਰਿਹਾ ਹੈ—

ਨਿਰਗੁਨੁ ਆਪਿ ਸਰਗੁਨੁ ਭੀ ਓਹੀ॥
ਨਿਰਗੁਨੁ ਆਪਿ ਸਰਗੁਨੁ ਭੀ ਓਹੀ॥

*(ਸ੍ਰੀ ਸੁਖਮਨੀ ਸਾਹਿਬ ੧੯ਵੀਂ ਅਸ਼ਟਪਦੀ ਪੰਨਾ-੨੮੭)*

ਯਥਾ — ਮਾਨੁਖ ਕਾ ਕਰਿ ਰੂਪ ਨ ਜਾਨੁ॥
ਮਾਨੁਖ ਕਾ ਕਰਿ ਰੂਪ ਨ ਜਾਨੁ॥

*(ਰਾਮਕਲੀ ਮ: ੫, ਪੰਨਾ-੮੯੫)*

ਯਥਾ — ਭੇਦੁ ਨ ਜਾਣਹੁ ਮਾਣਸ ਦੇਹਾ॥
ਭੇਦੁ ਨ ਜਾਣਹੁ ਮਾਣਸ ਦੇਹਾ॥

*(ਮਾਰੂ ਸੋਲਹੇ ਮ: ੫, ਪੰਨਾ-੧੦੭੬)*

ਮਨ ਹੁਣ ਪੂਰਨ ਵਿਸ਼ਵਾਸ਼ ਵਿਚ ਆ ਗਿਆ ਕਿ ਇਹ ਪੂਰਨ ਪਰਮੇਸ਼ਰ ਹਨ। ਅੱਜ ਤੋਂ ਬਾਬਾ ਬੁੱਢਾ ਸਿੰਘ ਜੀ ਦੀ ਹਰੇਕ ਕਿਰਿਆ ਅਤੇ ਹਰ ਇਕ ਸ਼ਬਦ ਅਗੰਮੀ ਭਾਸ਼ਣ ਲੱਗੇ। ਹੁਣ ਮਨ ਪ੍ਰੇਮ-ਰਸ ਵਿੱਚ ਭਿੱਜਿਆ ਹਮੇਸ਼ਾ ਸੇਵਾ ਸਿਮਰਨ ਵਿਚ ਲੀਨ ਰਹਿੰਦਾ ਹੈ।

ਇਨ੍ਹਾਂ ਦਿਨਾਂ ਵਿੱਚ ਬਾਬਾ ਬੁੱਢਾ ਸਿੰਘ ਜੀ ਨੇ ਗਿਆਨੀ ਬਲਵੰਤ ਸਿੰਘ ਜੀ ਨੂੰ ਵਿਸ਼ੇਸ਼ ਤੌਰ ਤੇ ਅੰਮ੍ਰਿਤਸਰ ਭੇਜ ਕੇ ਗਿਆਨੀ ਸਰੋਵਰ ਸਿੰਘ ਜੀ ਨੂੰ ਬੁਲਾ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਲੜੀਵਾਰ ਕਥਾ ਸ਼ੁਰੂ ਕਰਵਾਈ ਜੋ ਕਈ ਮਹੀਨੇ ਵਿਚ ਸੰਪਰੂਨ ਹੋਈ। ਸੰਤ ਬਾਬਾ ਨਿੱਕਾ ਸਿੰਘ ਜੀ ਨੇ ਵੀ ਇਹ ਪਾਵਨ ਕਥਾ ਬੜੇ ਧਿਆਨ ਨਾਲ ਸ੍ਰਵਣ ਕੀਤੀ। ਕਥਾ ਦੀ ਸਮਾਪਤੀ ਤੇ ਬਾਬਾ ਜੀ ਨੇ ਗਿਆਨੀ ਸਰੋਵਰ ਸਿੰਘ ਜੀ ਨੂੰ ਕਾਫ਼ੀ ਸਾਰਾ ਧਨ, ਕੱਪੜਾ ਅਤੇ ਹੋਰ ਸਮੱਗਰੀ ਅਰਪਨ ਕੀਤੀ। ਗੱਲ ਕੀ, ਗਿਆਨੀ ਜੀ ਨੂੰ ਭਰਮਾ ਸਤਿਕਾਰ ਦੇ ਕੇ ਬੇਨਤੀ ਕੀਤੀ ਕਿ ਅਸੀਂ ਕੁਝ ਸਮਾਂ *ਸਿੰਧ* ਜਾਣਾ ਹੈ, ਕਿਉਂਕਿ ਉਥੋਂ ਦੇ ਪ੍ਰੇਮੀ ਬਾਰ-ਬਾਰ ਬੇਨਤੀਆਂ ਕਰੀ ਜਾ ਰਹੇ ਹਨ। ਇਸ ਲਈ ਸਾਡੇ ਉਥੋਂ ਵਾਪਸ ਆਉਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਸੰਪੂਰਨ ਕਥਾ ਨਿਰਮਲ ਬਾਗ ਕਨਖ਼ਲ ਵੀ ਕਰਨੀ। ਬਾਬਾ ਜੀ ਜਦੋਂ ਸਿੰਧ ਨੂੰ ਜਾਣ ਲੱਗੇ ਤਾਂ ਆਪ ਜੀ ਨੇ ਉਤਰਾਖੰਡ ਦੇ ਦੇਵ ਅਸਥਾਨਾਂ ਦੀ ਯਾਤਰਾ ਲਈ ਆਗਿਆ ਮੰਗੀ। ਬਾਬਾ ਜੀ ਨੇ ਹੁਕਮ ਕਰ ਦਿਤਾ ਕਿ ਠੀਕ ਹੈ, ਯਾਤਰਾ ਕਰ ਆਓ। ਜਿਸ ਸਮੇਂ ਕਨਖ਼ਲ ਕਥਾ ਸ਼ੁਰੂ ਹੋਵੇ ਉਸ ਸਮੇਂ ਨੂੰ ਵਾਪਸ ਆ ਜਾਣਾ। ਆਪ ਆਗਿਆ ਲੈ ਕੇ '*ਝਾੜੀ*' ਵਿੱਚੋਂ ਕੁਝ ਵਿਰੱਕਤ ਮਹਾਤਮਾ ਨਾਲ ਯਾਤਰਾ ਲਈ ਚੱਲ ਪਏ। ਇਸ ਯਾਤਰਾ ਦੌਰਾਨ ਬਦਰੀਨਾਥ, ਸ਼੍ਰੀ ਹੇਮ-ਕੁੰਟ ਸਾਹਿਬ, ਕਾਗੇ ਭਸੁੰਡ ਦੀ ਪੁਰੀ, ਆਦਿ ਕਈ ਕੁ ਪਵਿੱਤਰ ਅਸਥਾਨਾਂ ਦੇ ਦਰਸ਼ਨ ਦੀਦਾਰੇ ਕੀਤੇ। ਇਸ ਪ੍ਰਕਾਰ ਹਿਮਾਲੀਆ ਦੀਆਂ ਬਰਫ਼ਾਨੀ ਚੋਟੀਆਂ ਤੇ ਕਈ ਮਹੀਨੇ ਪੈਦਲ ਸਫ਼ਰ ਕਰਕੇ ਵਾਪਸ ਰਿਸ਼ੀਕੇਸ ਆ ਗਏ। ਇਤਨੇ ਨੂੰ ਬਾਬਾ ਜੀ ਵੀ ਸਿੰਧੀ ਸੰਗਤ ਨੂੰ ਪ੍ਰੇਮ ਦੇ ਖੁਲ੍ਹੇ ਭੰਡਾਰੇ ਵਰਤਾ ਕੇ ਵਾਪਸ ਆਉਂਦੇ ਹੋਏ ਅੰਮ੍ਰਿਤਸਰ ਤੋਂ ਗਿਆਨੀ ਸਰੋਵਰ ਸਿੰਘ ਜੀ ਨੂੰ ਨਾਲ ਲੈ ਕੇ ਕਨਖ਼ਲ ਪਹੁੰਚ ਗਏ। ਰਿਸ਼ੀਕੇਸ਼ ਤੋਂ ਸੰਤ ਨਿੱਕਾ ਸਿੰਘ ਜੀ ਅਤੇ ਕੁਝ ਹੋਰ ਮਹਾਤਮਾ ਵੀ ਕਨਖ਼ਲ ਆ ਗਏ। ਗਿਆਨੀ ਸਰੋਵਰ ਸਿੰਘ ਜੀ ਨੇ ਨੀਯਤ ਦਿਨ ਤੇ ਕਥਾ ਸ਼ੁਰੂ ਕਰ ਦਿੱਤੀ। ਕਥਾ

ਵਿਚ ਆਪਣੇ ਡੇਰੇ ਦੇ ਸਾਧੂਆਂ ਤੋਂ ਬਿਨਾਂ ਆਸ ਪਾਸ ਅਤੇ ਦੂਰ ਨੇੜੇ ਦੇ ਅਸਥਾਨਾਂ ਤੋਂ ਵੀ ਸਾਧੂ ਮਹਾਤਮਾ ਰੋਜ਼ ਕਥਾ ਸੁਨਣ ਲਈ ਆਉਣ ਲੱਗੇ। ਉਨ੍ਹਾਂ ਦਿਨਾਂ ਵਿਚ ਸੰਤ ਹਰੀਚਰਨ ਸਿੰਘ ਜੀ ਹਰੀ *ਅਮਰ ਵਸਤੂ* ਵਾਲੇ ਨਿਰਮਲ ਵਿਰੱਕਤ ਕੁਟੀਆ ਵਿਚ ਬਿਰਾਜਦੇ ਸਨ, ਉਹ ਵੀ ਵਿਰੱਕਤ ਕੁਟੀਆਂ ਦੇ ਹੋਰ ਸਾਧੂਆਂ ਨਾਲ ਰੋਜ਼ ਕਥਾ ਸੁਨਣ ਆਉਂਦੇ। ਬਾਬਾ ਬੁੱਢਾ ਸਿੰਘ ਜੀ ਵਲੋਂ ਲੰਗਰ ਦੇ ਸੇਵਾਦਾਰਾਂ ਨੂੰ ਵਿਸ਼ੇਸ਼ ਤੌਰ ਤੇ ਆਗਿਆ ਸੀ ਕਿ ਕਥਾ ਸ੍ਰਵਣ ਕਰਨ ਲਈ ਆਉਣ ਵਾਲੇ ਸਭ ਸਾਧੂ ਮਹਾਤਮਾ ਨੂੰ ਲੰਗਰ ਪਾਣੀ ਛਕਣ ਤੋਂ ਬਗੈਰ ਨਹੀਂ ਜਾਣ ਦੇਣਾ। ਇਸ ਪ੍ਰਕਾਰ ਕਈ ਮਹੀਨੇ 'ਨਿਰਮਲ ਬਾਗ' ਵਿਚ ਗੁਰਬਾਣੀ ਦੁਆਰਾ ਰੱਬੀ ਗਿਆਨ ਦੀ ਜ਼ੋਰਦਾਰ ਅੰਮ੍ਰਿਤਮਈ ਵਰਖਾ ਅਤੇ ਦੁੱਧ ਲੰਗਰ ਦੇ ਖੁਲ੍ਹੇ ਭੰਡਾਰੇ ਵਰਤਦੇ ਰਹੇ। ਗਿਆਨੀ ਸਰੋਵਰ ਸਿੰਘ ਜੀ ਅਸਥੂਲ ਨੇਤਰਾਂ ਤੋਂ ਤਾਂ ਭਾਵੇਂ ਸੂਰਦਾਸ ਸਨ ਪ੍ਰੰਤੂ ਹਿਰਦੇ ਦੇ ਗਿਆਨ ਚਕਸ਼ੂ ਖੁਲ੍ਹੇ ਹੋਣ ਕਰਕੇ ਕਥਾ ਬਹੁਤ ਭਾਵ-ਪੂਰਤ ਕਰਦੇ ਸਨ। ਕਥਾ ਕਰਨ ਸਮੇਂ ਜਿਥੇ ਆਪ ਸੇਵਾ, ਸਿਮਰਨ ਅਤੇ ਗਿਆਨ ਦਾ ਸੁਮੇਲ ਰੱਖਦੇ ਸਨ, ਉਥੇ ਜਗ੍ਹਾ ਜਗ੍ਹਾ ਗੁਰ ਇਤਿਹਾਸ ਦੀਆਂ ਬਾ-ਦਲੀਲ ਟੂਕਾਂ ਦੇ ਕੇ ਕਥਾ ਨੂੰ ਬਹੁਤ ਰੌਚਿਕ ਬਣਾ ਦਿੰਦੇ ਸਨ।*

ਇਸ ਪ੍ਰਕਾਰ ਨਿਰਮਲ ਬਾਗ਼ ਵਿਚ ਗੁਰਬਾਣੀ ਅਤੇ ਗੁਰੂ ਇਤਿਹਾਸ ਦੀ ਵਿਚਾਰ ਦਾ ਕਈ ਮਹੀਨੇ ਵਾਹਵਾ ਰੰਗ ਬੱਝਿਆ। ਕਥਾ ਦੀ ਸੰਪੂਰਨ ਸਮਾਪਤੀ ਤੇ ਸਿੰਧ ਵਿੱਚੋਂ ਕੁਝ ਪ੍ਰੇਮੀ ਬਾਬਾ ਬੁੱਢਾ ਸਿੰਘ ਜੀ ਨੂੰ ਸਿੰਧ ਲੈ ਕੇ ਜਾਣ ਲਈ ਆਏ ਹੋਏ ਸਨ। ਉਨ੍ਹਾਂ ਦੀ ਬੇਨਤੀ ਪ੍ਰਵਾਨ ਕਰਕੇ ਬਾਬਾ ਬੁੱਢਾ ਸਿੰਘ ਜੀ ਨੇ ਸਿੰਧ ਜਾਣ ਦਾ ਪ੍ਰੋਗਰਾਮ ਬਣਾਇਆ। ਇਧਰ ਆਪ ਜੀ ਨੇ ਪੰਜਾਬ ਵਿੱਚ ਗੁਰੂ ਅਸਥਾਨਾਂ ਦੇ ਦਰਸ਼ਨ ਦੀਦਾਰੇ ਕਰਨ ਦਾ ਆਪਣਾ ਸੰਕਲਪ ਬਾਬਾ ਬੁੱਢਾ ਸਿੰਘ ਜੀ ਕੋਲ ਜ਼ਾਹਿਰ ਕੀਤਾ। ਬਾਬਾ ਜੀ ਨੇ ਹੁਕਮ ਕੀਤਾ, ਜਿਸ ਵਕਤ ਹਿਰਦੇ ਵਿੱਚੋਂ *ਮੈਂ ਮੇਰੀ ਦੀ ਜ਼ਹਿਰ* ਪੂਰਨ ਤੌਰ ਤੇ ਨਿਕਲ ਜਾਵੇ ਫਿਰ ਸਗਲੀ ਧਰਤੀ ਤੇ ਸਾਰਾ ਸੰਸਾਰ ਆਪਣਾ ਹੋ ਭਾਸਦਾ ਹੈ। ਕੁਝ ਵੀ ਪਰਾਇਆ ਨਹੀਂ ਰਹਿ ਜਾਂਦਾ, ਸਭ ਕੁਝ ਹਰੀ ਵਿਚ ਅਭੇਦ ਅਤੇ ਆਪਣਾ-ਆਪ ਜਾਣ ਕੇ ਸੁਛੰਦ ਬਿਚਰੋ। ਨਾ ਕਾਹੂ ਸਿਉ ਦੋਸਤੀ ਨਾ ਕਾਹੂ ਸਿਉ ਬੈਰ ਵਾਲੀ ਅਵਸਥਾ ਵਿਚ ਸਥਿੱਤ ਰਹੋ, ਗੁਰੂ ਸਾਹਿਬਾਂ ਦੀ ਪਾਵਨ ਚਰਨ ਧੂੜੀ ਨਾਲ ਪਵਿੱਤਰ ਹੋਏ ਗੁਰੂ ਅਸਥਾਨਾਂ ਦੇ ਦਰਸ਼ਨ ਕਰੋ। ਸਾਡੇ ਸਿੰਧ ਤੋਂ ਵਾਪਸ ਆਉਣ ਸਮੇਂ ਤੱਕ ਰਿਸ਼ੀਕੇਸ਼ ਮੁੜ ਆਉਣਾ।

ਆਪ ਨੇ ਆਗਿਆ ਪਾ ਕੇ ਪੂਰਨ ਵਿਰੱਕਤੀ ਠਾਠ ਵਿਚ ਪੈਦਲ ਚਾਲੇ ਪਾ ਦਿੱਤੇ। ਜਿੱਥੇ ਭੁੱਖ ਲਗਣੀ, ਭਿੱਖਿਆ ਕਰਕੇ ਲੰਗਰ ਛੱਕ ਲੈਣਾ ਅਤੇ ਰਾਤ ਪੈ ਜਾਣ ਤੇ ਬਸਤੀ ਤੋਂ ਦੂਰ ਕਿਸੇ ਖੂਹ ਵਗੈਰਾ ਤੇ ਕੁਝ ਘੰਟੇ ਆਰਾਮ ਕਰ ਲੈਣਾ। ਇਸ ਪ੍ਰਕਾਰ ਗੁਰੂ ਪ੍ਰੇਮ ਵਿੱਚ ਰੱਤੇ ਅਤੇ ਨਾਮ-ਰਸ ਵਿਚ ਲੀਨ ਹੋਏ, ਸੰਸਾਰ ਅਤੇ ਸੰਸਾਰਕ ਸੰਬੰਧਾਂ ਤੋਂ ਬੇਖ਼ਬਰੀ ਦੇ ਕਿਸੇ ਅਕਹਿ ਅਨੰਦ ਦੀ ਮਸਤੀ ਵਿਚ ਝੂਮਦੇ ਹੋਏ ਕੁਝ ਸਮੇਂ ਬਾਅਦ ਸ੍ਰੀ ਗੋਇੰਦਵਾਲ ਸਾਹਿਬ ਪਹੁੰਚ ਗਏ। ਗੁਰੂ ਅਮਰਦਾਸ ਮਹਾਰਾਜ ਜੀ ਦੀ ਪਾਵਨ ਚਰਨ ਧੂੜੀ ਮਸਤਕ ਨੂੰ ਲਾਈ, ਪਵਿੱਤਰ ਅਸਥਾਨ ਦੇ ਪਹਿਲੀ ਵਾਰ ਦਰਸ਼ਨ ਦੀਦਾਰੇ ਕੀਤੇ। ਲੰਗਰ ਵਿੱਚੋਂ ਪ੍ਰਸ਼ਾਦਿ ਪਾਵੀ ਛੱਕ ਕੇ ਅਸਥਾਨ ਤੋਂ ਕੁਝ ਕੁ ਦੂਰ ਬਿਆਸਾ ਦਰਿਆ ਦੇ ਕਿਨਾਰੇ ਇਕ ਦਰੱਖ਼ਤ ਦੇ ਹੇਠ ਰਾਤ ਗੁਜ਼ਾਰੀ। ਸਵੇਰੇ ਸਵੱਖਤੇ ਹੀ ਅਸਥਾਨ ਤੇ ਪਹੁੰਚ ਕੇ ਬਉਲੀ ਦੇ ਪਵਿੱਤਰ ਜਲ ਵਿਚ ਇਸ਼ਨਾਨ ਕੀਤਾ, ਲੋੜ ਅਨੁਸਾਰ ਲੰਗਰ ਵਿੱਚੋਂ ਪ੍ਰਸ਼ਾਦਿ ਪਾਣੀ ਛਕ ਲੈਣਾ, ਫਿਰ ਸਾਰਾ ਸਮਾਂ ਬਿਆਸਾ ਦਰਿਆ ਦੇ ਕਿਨਾਰੇ ਦਰਖ਼ਤਾਂ ਦੇ ਸੰਘਣੇ ਜਮ-ਘਟ ਵਿਚ ਜਾ ਕੇ ਅੰਤਰਮੁੱਖ ਹੋਏ ਨਾਮ ਰੰਗ ਵਿਚ ਲੀਨ ਰਹਿਣਾ।

ਇਸ ਪ੍ਰਕਾਰ ਕਈ ਦਿਨ ਗੁਜ਼ਰ ਜਾਣ ਤੋਂ ਬਾਅਦ ਆਪ ਦੇ ਮਨ ਵਿੱਚ ਸੰਕਲਪ ਉਤਪੰਨ ਹੋਇਆ, ਕਿ ਗੁਰੂ ਅਮਰਦਾਸ ਮਹਾਰਾਜ ਜਿਸ ਜਗ੍ਹਾਂ ਆਪਣੇ ਪਵਿੱਤਰ ਕੇਸ ਕੀਲੀ ਨਾਲ ਬੰਨ੍ਹ ਕੇ ਸਾਰੀ ਰਾਤ ਸਾਲਾਂ ਬੱਧੀ ਸਿਮਰਨ ਕਰਦੇ ਰਹੇ ਹਨ, ਉਸ ਪਵਿੱਤਰ ਅਸਥਾਨ ਤੇ ਸਿਮਰਨ, ਭਜਨ ਦੇ ਸੂਖਮ ਤਤ ਅੱਜ ਵੀ ਜ਼ਰੂਰ ਮੌਜੂਦ ਹੋਣਗੇ, ਕਿਉਂ ਨਾ ਉਥੋਂ ਲਾਭ ਉਠਾਈਏ?** ਇਸ ਵਿਚਾਰ ਨਾਲ ਆਪ ਦਿਨ ਨੂੰ ਤਾਂ ਦਰਿਆ ਦੇ ਕਿਨਾਰੇ ਸੰਘਣੇ ਦੱਰਖਤਾਂ ਵਿਚ ਚਲੇ

* *ਕਿਸੇ ਸਮੇਂ ਸੰਤ ਮਹਾਰਾਜ ਨਿੱਕਾ ਸਿੰਘ ਜੀ ਨੇ ਗਿਆਨੀ ਜੀ ਤੋਂ ਕਥਾ ਸੁਣਨ ਦਾ ਆਪ ਵੀ ਜ਼ਿਕਰ ਕੀਤਾ ਸੀ ਅਤੇ ਫੁਰਮਾਇਆ ਸੀ ਕਿ ਗਿਆਨੀ ਜੀ ਦਾ ਕਥਾ ਕਰਨ ਦਾ ਢੰਗ ਬਹੁਤ ਬਚਿੱਤਰ ਸੀ।*

** *ਗੋਇੰਦਵਾਲ ਸਾਹਿਬ ਦੀ ਯਾਤਰਾ, ਬਉਲੀ ਇਸ਼ਨਾਨ ਵਾਲੀ ਸਾਧਨਾਂ, ਅਤੇ ਕੀਲੀ ਸਾਹਿਬ ਵਾਲੇ ਅਸਥਾਨ ਤੇ ਕੁਝ ਰਾਤਾਂ ਗੁਜਾਰਨੀਆਂ ਇਤਿਆਦਿਕ ਘਟਨਾਵਾਂ ਦਾ ਜ਼ਿਕਰ ਕਿਸੇ ਸਮੇਂ ਮਹਾਰਾਜ ਜੀ ਨੇ ਅਸਰਪੁਰ ਪਿੰਡ ਰਾਤ ਦੇ ਸਮੇਂ ਆਪ ਕੀਤਾ ਸੀ ਜਿਸ ਵਿੱਚ ਇੱਕ-ਦੋ ਹੋਰ ਬੰਦਿਆਂ ਤੋਂ ਇਲਾਵਾ ਹਰਦਿਆਲ ਸਿੰਘ ਜੀ ਵੀ ਸੀ।*

ਜਾਂਦੇ, ਰਾਤ ਨੂੰ ਉਸ ਪਵਿੱਤਰ ਅਸਥਾਨ ਤੇ ਆ ਜਾਣਾ। ਫਿਰ ਸਾਰੀ ਰਾਤ ਉਸ ਕੀਲੀ ਵਾਲੇ ਅਸਥਾਨ ਤੇ ਹਰੀ ਸਿਮਰਨ ਵਿੱਚ ਲੀਨ ਰਹਿਣਾ। ਇਉਂ ਕਈ ਰਾਤਾਂ ਉਸ ਪਵਿੱਤਰ ਅਸਥਾਨ ਤੇ ਸਾਂਈ ਦੀ ਯਾਦ ਵਿੱਚ ਗੁਜ਼ਾਰੀਆਂ। ਹੁਣ ਆਪ ਦੇ ਮਨ ਵਿੱਚ ਫੁਰਨਾ ਉਤਪੰਨ ਹੋਇਆ ਕਿ ਗੁਰੂ ਅਮਰਦਾਸ ਮਹਾਰਾਜ ਨੇ ਬਾਉਲੀ ਦੀ ਸਿਰਜਨਾ ਸਮੇਂ ਚੌਰਾਸੀ ਪਉੜੀਆਂ ਹੀ ਬਣਾਉਣੀਆਂ ਕਿਉਂ ਠੀਕ ਸਮਝੀਆਂ? ਇਸ ਗੱਲ ਪਿਛੇ ਵੀ ਗੁਰੂ ਸਾਹਿਬ ਜੀ ਦਾ ਕੋਈ ਗਹਿਰਾ ਰਾਜ਼ ਹੈ। ਕਥਾ ਸਮੇਂ ਗਿਆਨੀ ਸਰੋਵਰ ਸਿੰਘ ਜੀ ਨੇ ਵੀ ਬਾਉਲੀ ਦੀ ਮਹਿਮਾ ਕਰਦਿਆਂ ਦੱਸਿਆ ਸੀ ਕਿ ਗੁਰੂ ਅਮਰਦਾਸ ਮਹਾਰਾਜ ਨੇ ਇਹ ਵਰ ਦਿੱਤਾ ਸੀ, ਕਿ ਜੋ ਕੋਈ ਸ਼ਰਧਾ ਵਿਸ਼ਵਾਸ਼ ਨਾਲ ਬਾਉਲੀ ਦੇ ਚੌਰਾਸੀ 'ਡੰਡਿਆਂ ਤੇ ਜਪੁਜੀ ਸਾਹਿਬ ਦੇ ਚੌਰਾਸੀ ਪਾਠ ਅਤੇ ਇਤਨੇ ਹੀ ਇਸ਼ਨਾਨ ਕਰੇਗਾ, ਉਹ ਚੌਰਾਸੀ ਕੱਟ ਕੇ ਜਨਮ ਮਰਨ ਦੇ ਚੱਕਰ ਤੋਂ ਰਹਿਤ ਹੋ ਜਾਵੇਗਾ। ਮਰਿਆਦਾ ਅਨੁਸਾਰ ਇਕ ਡੰਡੇ ਤੇ ਬੈਠ ਕੇ ਜਪੁਜੀ ਸਾਹਿਬ ਦਾ ਪੂਰਾ ਪਾਠ ਕਰਨਾ, ਫਿਰ ਚੌਰਾਸੀ ਪਉੜੀਆਂ ਹੇਠਾਂ ਉਤਰ ਕੇ ਬਾਉਲੀ ਦੇ ਪਵਿੱਤਰ ਜਲ ਵਿੱਚ ਇਸ਼ਨਾਨ ਕਰਨਾ; ਫਿਰ ਉਨ੍ਹਾਂ ਹੀ ਗਿੱਲੇ ਵਸਤਰਾਂ ਨਾਲ ਉਪਰ ਆ ਕੇ ਦੂਜੇ ਡੰਡੇ ਤੇ ਬੈਠ ਕੇ ਜਪੁਜੀ ਸਾਹਿਬ ਦਾ ਪਾਠ ਕਰਨਾ, ਫਿਰ ਨੀਚੇ ਜਾ ਕੇ ਇਸ਼ਨਾਨ ਕਰਨਾ। ਇਸ ਪ੍ਰਕਾਰ ਪੂਰੇ ਅਨੁਸ਼ਠਾਨ ਵਿੱਚ ਸਰੀਰਕ, ਯਾਨੀ ਮਲ ਮੂਤਰ ਦੀ ਕੋਈ ਕਿਰਿਆ ਨਹੀਂ ਕਰਨੀ, ਅਤੇ ਨਾ ਹੀ ਗਿੱਲੇ ਵਸਤਰ ਬਦਲਣੇ ਹਨ। ਇਸ ਪ੍ਰਕਾਰ ਚੌਰਾਸੀ ਜੁਪਜੀ ਸਾਹਿਬ ਦੇ ਪਾਠ ਅਤੇ ਇਤਨੇ ਹੀ ਬਾਉਲੀ ਦੇ ਇਸ਼ਨਾਨ ਨਿਰੰਤਰ ਕਰਨੇ ਹੁੰਦੇ ਹਨ। ਇਹ ਸਾਧਨਾ ਕਈ ਘੰਟਿਆਂ ਵਿੱਚ ਸੰਪੂਰਨ ਹੁੰਦੀ ਹੈ, ਜੋ ਆਪ ਜੀ ਨੇ ਸਫ਼ਲਤਾ ਪੂਰਵਕ ਕੀਤੀ। ਗੁਰੂ ਅਮਰਦਾਸ ਮਹਾਰਾਜ ਜੀ ਨੇ ਕਿਸੇ ਸਮੇਂ ਇਸ ਪਵਿੱਤਰ ਧਰਤੀ ਨੂੰ ਆਪਣੀ ਸਖਤ ਘਾਲਣਾ ਘਾਲ ਕੇ ਰੁਸ਼ਨਾਇਆ, ਮਹਕਾਇਆ ਸੀ। ਸਮੇਂ-ਸਮੇਂ ਤੇ ਸ਼ਰਧਾਵਨ ਮੁਮੁਕਸ਼ੂ ਜਨ ਪਵਿੱਤਰ ਅਸਥਾਨ ਤੋ ਗੁਰੂ ਪ੍ਰੇਮ ਦੀ ਜਾਂਚ, ਭਗਤੀ ਦੀ ਮਹਿਕ ਅਤੇ ਗਿਆਨ ਦੀ ਰੌਸ਼ਨੀ ਪ੍ਰਾਪਤ ਕਰਦੇ ਰਹੇ ਹਨ। ਆਪ ਜੀ ਨੇ ਵੀ ਇਸ ਅਸਥਾਨ ਤੇ ਕਈ ਦਿਨ ਅਤੇ ਕਈ ਰਾਤਾਂ ਨਿਰੰਤਰ ਨੀਂਦ ਭੁੱਖ ਤੋਂ ਬਿਲਕੁੱਲ ਬੇਖ਼ਬਰ ਗੁਰੂ ਅਮਰਦਾਸ ਮਹਾਰਾਜ ਜੀ ਦੀ ਨਿੱਘੀ ਗੋਦ ਵਿੱਚ ਬੈਠ ਕੇ ਗੁਜ਼ਾਰੀਆਂ। ਆਪ ਅੱਜ ਕਿਸੇ ਅਕਹਿ ਅਨੰਦ ਵਿੱਚ ਰਸ਼ਾਵੇਸ਼ ਹੋਇਆਂ ਨੇ ਖੰਡੂਰ ਵਲ ਨੂੰ ਉਸੇ ਰਸਤੇ ਚਾਲੇ ਪਾ ਦਿੱਤੇ, ਜਿਸ ਰਸਤੇ ਕਿਸੇ ਸਮੇਂ ਦੀਨ ਦੁਨੀਆਂ ਦੇ ਸ਼ਹਿਨਸ਼ਾਹ ਗੁਰੂ ਅਮਰਦਾਸ ਮਹਾਰਾਜ ਗੁਰੂ ਪ੍ਰੇਮ ਵਿੱਚ ਪ੍ਰਬੇਧੇ ਬਾਰਾਂ ਸਾਲ ਗਾਗਰਾਂ ਢੋਂਦੇ ਰਹੇ ਸਨ।

ਗੋਇੰਦਵਾਲ ਸਾਹਿਬ ਤੋਂ ਕੋਈ ਦੋ ਕੋਹ ਦੇ ਕਰੀਬ ਇਕ ਅਸਥਾਨ ਆਇਆ, ਜਿਸ ਨੂੰ ਲੋਕ ਸ਼ਰਧਾ ਨਾਲ ਨਮਸ਼ਕਾਰਾਂ ਕਰਦੇ ਸਨ। ਪੁੱਛਣ ਤੇ ਪਤਾ ਲੱਗਿਆ ਕਿ ਇਹ ਉਹ ਪਵਿੱਤਰ ਅਸਥਾਨ ਹੈ ਜਿਥੇ ਗੁਰੂ ਅਮਰਦਾਸ ਮਹਾਰਾਜ ਪਾਣੀ ਦੀ ਗਾਗਰ ਲੈ ਕੇ ਜਾਂਦੇ ਸਮੇਂ ਥੋੜਾ ਦਮ ਲੈਂਦੇ ਸਨ, ਇਸ ਕਰਕੇ ਇਸ ਦਾ ਨਾਮ ਦਮਦਮਾ ਸਾਹਿਬ* ਪੈ ਗਿਆ। ਇਕ ਕੱਚਾ ਥੜਾ ਬਣਿਆ ਹੋਇਆ ਹੈ ਜਿਸ ਨੂੰ ਸ਼ਰਧਾਵਾਨ ਲੋਕ ਲਿਪ-ਪੋਚ ਕੇ ਝਾੜੂ ਵਗੈਰਾ ਨਾਲ ਸਵੱਛ ਰੱਖਦੇ ਹਨ। ਆਪ ਸਮਝ ਗਏ ਕਿ ਇਹ ਉਹੀ ਪਵਿੱਤਰ ਅਸਥਾਨ ਹੈ ਜਿਸ ਦੀ ਬਾਬਤ ਗਿਆਨੀ ਜੀ ਤੋਂ ਕਥਾ ਵਿੱਚ ਸੁਣਿਆ ਸੀ ਕਿ ਜਿਸ ਦਿਨ ਗੁਰੂ ਅਮਰਦਾਸ ਮਹਾਰਾਜ ਜੀ ਦੀ ਸਾਧਨਾਂ ਸੰਪੂਰਨ ਹੋਈ, ਉਸ ਦਿਨ ਇਕ ਹੱਠ ਜੋਗੀ ਦੀ ਹੱਡੀ ਆਪ ਦੇ ਪਵਿੱਤਰ ਚਰਨਾ ਨੂੰ ਛੋਹੰਦਿਆਂ ਹੀ ਲੱਖਾਂ ਸਾਲਾਂ ਤੋਂ ਭਟਕ ਰਹੀ ਰੂਹ ਸਦਗਤੀ ਨੂੰ ਪ੍ਰਾਪਤ ਹੋ ਗਈ ਸੀ। ਆਪ ਜੀ ਦੇ ਮਨ ਵਿੱਚ ਆਇਆ ਕਿ ਅੱਜ ਦੀ ਰਾਤ ਇਸ ਪਵਿੱਤਰ ਥੜ੍ਹੇ ਤੇ ਗੁਜ਼ਾਰ ਕੇ ਗੁਰੂ ਅਮਰਦਾਸ ਮਹਾਰਾਜ ਦੇ ਆਤਮ ਮੰਡਲਾਂ ਵਿੱਚ ਵਰਤ ਰਹੇ, ਅਸ਼ਚਰਜ ਕੌਤਕਾਂ ਦੇ ਪ੍ਰਤੱਖ ਦਰਸ਼ਨ ਕਰੀਏ। ਉਸ ਪਾਵਨ ਅਸਥਾਨ ਦੀ ਪਰਮ ਪਵਿੱਤਰਤਾ ਨੂੰ ਮੁੱਖ ਰੱਖ ਕੇ ਆਪ ਨੇ ਕਿਸੇ ? ਖੂਹ ਵਗੈਰਾ ਤੇ ਇਸ਼ਨਾਨ ਕੀਤਾ, ਫਿਰ ਉਸ ਪਵਿੱਤਰ ਥੜ੍ਹੇ ਦੇ ਕੋਲ ਆ ਕੇ ਅਰਦਾਸ ਕੀਤੀ, ਹੇ ਗੁਰੂ ਅਮਰਦਾਸ ਮਹਾਰਾਜ! ਤੁਸੀਂ ਕਿਸੇ ਸਮੇਂ ਗੁਰੂ ਅੰਗਦ ਦੇਵ ਮਹਾਰਾਜ ਜੀ ਦੀ ਬੇਅੰਤ ਘਾਲਣਾ ਘਾਲਕੇ ਅਣੱਥਕ ਸੇਵਾ ਹੀ ਨਹੀਂ ਕੀਤੀ, ਬਲਕਿ ਆਪਣਾ ਆਪ ਹੀ ਉਨ੍ਹਾਂ ਦੇ ਪਵਿੱਤਰ ਚਰਨਾਂ ਦੀ ਭੇਟ ਚੜ੍ਹਾ ਦਿੱਤਾ ਸੀ, ਜਿਸ ਤੋਂ ਖੁਸ਼ ਹੋ ਕੇ ਸ੍ਰੀ ਗੁਰੂ ਅੰਗਦ ਦੇਵ ਮਹਾਰਾਜ ਨੇ ਆਪ ਨੂੰ ਅਨੇਕਾਂ ਵਰਦਾਨ ਅਤੇ ਲੋਕ ਪਰਲੋਕ ਦੇ ਖਜ਼ਾਨਿਆਂ ਦੀਆਂ ਚਾਬੀਆਂ ਹੀ ਨਹੀਂ ਬਖਸ਼ੀਆਂ, ਸਗੋਂ ਆਪਣਾ ਆਪ ਹੀ ਤੁਹਾਡੀ ਹਿਰਦੇ ਰੂਪੀ ਝੋਲੀ ਵਿੱਚ ਪਾ ਦਿੱਤਾ।

* *ਦਮਦਮਾ ਸਾਹਿਬ ਰਾਤ ਗੁਜਾਰਨ ਦਾ ਜ਼ਿਕਰ ਇਕ ਕਥਾ ਦੀ ਕੈਸਿਟ ਵਿੱਚ ਵੀ ਹੈ ਅਤੇ ਇਹ ਜ਼ਿਕਰ ਕਈ ਵਾਰ ਮਹਾਰਾਜ ਜੀ ਦੇ ਪਵਿੱਤਰ ਮੁੱਖ ਤੋਂ ਸੁਣਿਆ ਸੀ।*

ਉਨ੍ਹਾਂ ਗੁਰੂ ਬਖਸ਼ਸ਼ਾ ਸਦਕਾ ਹੀ ਆਪ ਤੋਂ ਸ਼ਰਧਾਵਾਨ ਨਿਮਾਣਿਆ ਨੂੰ ਮਾਣ, ਨਿਤਾਣਿਆਂ ਨੂੰ ਤਾਣ ਪ੍ਰਾਪਤ ਹੋ ਰਿਹਾ ਹੈ, ਨਿਓਟਿਆਂ ਦੀ ਓਟ ਬਣ ਰਹੇ ਹੋਂ, ਨਿਆਸਰਿਆ ਦਾ ਆਸਰਾ, ਨਿਧਰਿਆਂ ਦੀ ਧਿਰ ਅਤੇ ਨਿਥਾਵਿਆਂ ਨੂੰ ਥਾਉਂ ਬਖਸ਼ ਰਹੇ ਹੋ। ਅਕਬਰ ਵਰਗਿਆਂ ਨੂੰ ਰਾਜ ਭਾਗ ਦੇ ਭੰਡਾਰੇ ਅਤੇ ਆਪਣੇ ਦਿਆਲੂ ਕ੍ਰਿਪਾਲੂ ਸੁਭਾਵ ਅਨੁਸਾਰ ਲੱਖਾਂ ਸਾਲਾਂ ਤੋਂ ਭਟਕ ਰਹੀ ਹੱਠ ਜੋਗੀ ਦੀ ਅਵਗਤ ਰੂਹ ਨੂੰ ਆਪਣੇ ਪਵਿੱਤਰ ਚਰਨਾਂ ਦੀ ਧੂੜੀ ਬਖਸ਼ ਕੇ ਬਿਨਾਂ ਮੰਗਿਆ ਮੁਕਤੀ ਦੇ ਰਹੇ ਹੋ। ਗੱਲ ਕੀ ਸੰਸਾਰਕ ਭਾਵਨਾ ਵਾਲਿਆਂ ਨੂੰ ਸੰਸਾਰਕ ਪਦਾਰਥ, ਰਾਜ ਭਾਗ ਦੀ ਇੱਛਾ ਵਾਲਿਆਂ ਨੂੰ ਰਾਜ ਅਤੇ ਮੁਕਤੀ ਦੀ ਇੱਛਾ ਵਾਲਿਆਂ ਨੂੰ ਮੁਕਤ ਪਦਾਰਥ ਬਖਸ਼ ਰਹੇ ਹੋ, ਲੇਕਿਨ ਇਹ ਦਾਸ ਆਪਦੇ ਚਰਨਾਂ ਵਿੱਚੋਂ ਰਾਜ ਨਹੀਂ ਮੰਗਦਾ, ਮੁਕਤੀ ਨਹੀਂ ਮੰਗਦਾ, ਬੱਸ ਕੇਵਲ-ਤੇ-ਕੇਵਲ—

**ਮਨਿ ਪ੍ਰੀਤਿ ਚਰਨ ਕਮਲਾਰੇ॥ ਮਨਿ ਪ੍ਰੀਤਿ ਚਰਨ ਕਮਲਾਰੇ॥ ਮਨਿ ਪ੍ਰੀਤਿ ਚਰਮ ਕਮਲਾਰੇ॥**

*(ਦੇਵਗੰਧਾਰੀ, ਪੰਨਾ—੫੩੪)*

ਅਰਦਾਸ ਕਰਦੇ-ਕਰਦੇ ਮਨ ਗੁਰੂ ਅਮਰਦਾਸ ਮਹਾਰਾਜ ਦੇ ਚਰਨਾਂ ਵਿੱਚ ਲੀਨ ਹੋ ਗਿਆ, ਸਾਰੀ ਰਾਤ ਗੁਰੂ ਅਮਰਦਾਸ ਦੇ ਨਿਜ-ਦੇਸ਼ ਦੇ ਅਲੌਕਿਕ ਰੰਗਾਂ ਵਿੱਚ ਇਉਂ ਗੁਜ਼ਰ ਗਈ, ਜਿਵੇਂ ਪਲ ਛਿਨ ਹੀ ਬਤੀਤ ਹੋਇਆ ਹੋਵੇ। ਅੰਮ੍ਰਿਤ ਵੇਲੇ ਉਸ ਸਮੇਂ ਹੀ ਖੰਡੂਰ ਵੱਲ ਨੂੰ ਚਾਲੇ ਪਾ ਦਿੱਤੇ, ਜਿਸ ਸਮੇਂ ਪਾਣੀ ਦੀ ਗਾਗਰ ਚਾ ਕੇ ਇਸ ਅਸਥਾਨ ਤੋਂ ਚੱਲਿਆ ਕਰਦੇ ਸਨ, ਨਿਥਾਵਿਆਂ ਦੇ ਥਾਉਂ ਸ਼ਹਿਨਸ਼ਾਹ ਆਪਣੇ ਪਿਆਰੇ ਗੁਰੂ ਦਾ ਇਸ਼ਨਾਨ ਕਰਾਉਣ ਲਈ। ਖੰਡੂਰ ਸਾਹਿਬ ਪਹੁੰਚਕੇ ਗੁਰੂ ਅੰਗਦ ਦੇਵ ਮਹਾਰਾਜ ਦੇ ਪਾਵਨ ਅਸਥਾਨ ਦੀ ਪਵਿੱਤਰ ਧੂੜੀ ਮਸਤਕ ਨੂੰ ਲਾਈ, ਨਮਸ਼ਕਾਰ ਕਰਦਿਆਂ ਹੀ ਪਿਆਰੇ ਗੁਰੂ ਦੇ ਅਵਤਾਰ ਕੌਤਕ ਜੋ ਕਿਸੇ ਸਮੇਂ ਇਥੇ ਵਰਤਾਏ ਸਨ, ਅੱਖਾਂ ਦੇ ਸਾਹਮਣੇ ਤੇਜ਼ ਗਤੀ ਨਾਲ ਫਿਲਮ ਦੀ ਤਰ੍ਹਾਂ ਲੰਘੇ।

ਉਨ੍ਹਾਂ ਨੂੰ ਤੱਕ-ਤੱਕ ਕੇ ਮਨ ਕਿਸੇ ਵਿਸਮਾਦੀ ਰੰਗ ਵਿੱਚ ਲੀਨ ਹੁੰਦਾ-ਹੁੰਦਾ ਆਪਣੀ ਵੱਖਰੀ ਹੋਂਦ ਤੋਂ ਬਿਲਕੁੱਲ ਬੇਖ਼ਬਰ ਹੋ ਗਿਆ। ਕਿਤਨਾ ਕਾਲ ਉਸ ਅਕਹਿ ਅਨੰਦ ਵਿੱਚ ਗੁਜ਼ਰ ਗਿਆ ਦੂਸਰਾ ਕੌਣ ਜਾਣੇ? ਕੁਝ ਸਮੇਂ ਬਾਅਦ ਉਥਾਨ ਹੋਏ। ਗੁਰੂ ਪ੍ਰੇਮ ਦੇ ਅਲੌਕਿਕ ਰੰਗ ਵਿੱਚ ਸਰਸਾਰ ਹੋਏ, ਨੇਤਰ ਕਦੇ ਬੰਦ ਹੋ ਜਾਂਦੇ ਹਨ, ਕਦੇ ਥੋੜਾ ਝਲਕਾਰਾ ਮਾਰਕੇ ਨੇਤਰਾਂ ਦੇ ਛੱਪਰ ਫਿਰ ਨੀਚੇ ਗਿਰ ਜਾਂਦੇ ਹਨ। ਐਸੀ ਦਸ਼ਾ ਵਿੱਚ ਰਸ ਦੇ ਗਹਿਰੇ ਸਮੁੰਦਰ ਵਿੱਚ ਰਸ਼ਾ-ਵੇਸ਼ ਹੋਏ ਅਗੰਮੀ ਮਸਤੀ ਵਿੱਚ ਝੂਮਦੇ-ਝੂਮਦੇ ਜਾ ਪਹੁੰਚੇ ਉਸ ਟਿਕਾਣੇ ਜਿਥੇ ਕਿਸੇ ਸਮੇਂ **ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ,** ਦੇ ਖੁੱਲੇ ਭੰਡਾਰੇ ਵਰਤਦੇ ਸਨ। ਲੋੜ ਅਨੁਸਾਰ ਪ੍ਰਸ਼ਾਦਿ ਪਾਣੀ ਛਕਿਆ, ਫਿਰ ਸਾਰੇ ਦੇਵ ਅਸਥਾਨਾਂ ਦੇ ਦਰਸ਼ਨ ਦੀਦਾਰੇ ਕੀਤੇ। ਸ਼ਾਮ ਨੂੰ ਸ਼ਹਿਰ ਤੋਂ ਬਾਹਰ ਖੇਤਾਂ ਵਿੱਚ ਜਾ ਕੇ ਇੱਕ ਖੂਹ ਤੇ ਇਸ਼ਨਾਨ ਵਗੈਰਾ ਕੀਤਾ, ਰਾਤ ਉਥੇ ਹੀ ਇਕ ਤੂਤ ਦੇ ਬ੍ਰਿਛ ਹੇਠ ਗੁਜ਼ਾਰੀ। ਦਿਨ ਚੜ੍ਹੇ ਇਸ਼ਨਾਨ ਆਦਿ ਕਿਰਿਆ ਕਰਕੇ ਸ਼ਹਿਰ ਵਿੱਚ ਤਪਿਆਣਾ ਸਾਹਿਬ ਅਸਥਾਨ ਤੇ ਆ ਗਏ, ਜਿਥੇ ਗੁਰੂ ਅੰਗਦ ਦੇਵ ਮਹਾਰਾਜ ਤਪ ਕਰਿਆ ਕਰਦੇ ਸਨ। ਜਿਸ ਵਕਤ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਨੇ ਸਾਰੀਆਂ ਪ੍ਰੀਖਿਆਵਾਂ ਵਿੱਚੋਂ ਪੂਰੇ ਉਤਰੇ, ਆਪਣੇ ਪ੍ਰਾਣਾਂ ਤੋਂ ਪਿਆਰੇ ਸੇਵਕ ਲਹਿਣਾ ਜੀ ਉਪਰ ਬਖਸ਼ਿਸ਼ਾਂ ਦੀ ਝੜੀ ਵਰਸਾਈ, ਜੋ ਇਸ ਪ੍ਰਕਾਰ ਸੀ—

**ਜੋ ਉਚਰਹੁ ਸੋ ਹੋਵਹਿ ਸਾਚੀ। ਪੁਨ ਅਸ ਕਰਹੁ ਨ ਗਿਰਾ ਉਬਾਚੀ॥**
**ਆਇਸ ਮਨਹੁ ਅਸਮਤ ਮੇਰੋ। ਤੂੰ ਸਭ ਕੋ ਗੁਰ, ਹ੍ਵੈ ਜਗ ਚੇਰੋ॥**
**ਅੰਗਦ ਨਾਮ ਆਜ ਤੇ ਹੋਹੀ। ਨਿਜ ਅੰਗਨ ਤੇ ਕੀਨੋ ਤੋਹੀ॥**
**ਸਿਮਰਨ ਸਤ ਨਾਮ ਪ੍ਰਗਟਾਵੋ। ਜਹਿ ਤਹਿ ਸਿਖੀ ਰਾਹ ਚਲਾਵੋ॥**

*(ਸੂਰਜ ਪ੍ਰਕਾਸ਼)*

ਐਸੇ ਵਰਾਂ ਨਾਲ ਮਾਲਾ ਮਾਲ ਕਰਕੇ ਲਹਿਣਾ ਜੀ ਤੋਂ ਗੁਰੂ ਅੰਗਦ ਦੇਵ ਬਣਾ ਕੇ ਹੁਕਮ ਕੀਤਾ ਕਿ ਕਰਤਾਰ ਦੀ ਮੌਜ ਕੁਝ ਐਸੀ ਹੈ, ਆਪ ਖੰਡੂਰ ਚਲੇ ਜਾਵੋ। ਹੁਕਮ ਸੁਣਕੇ ਗੁਰ ਅੰਗਦ ਦੇਵ ਜੀ ਨੇ ਬੇਨਤੀ ਕੀਤੀ, ਮਹਾਰਾਜ! ਫਿਰ ਦਰਸ਼ਨ ਕਰਨ ਕਦੋਂ ਆਵਾਂ? ਹੁਕਮ ਹੋਇਆ ਹੁਣ ਤੂੰ ਨਹੀਂ ਆਉਣਾ, ਅਸੀਂ ਤੇਰੇ ਕੋਲ ਆਪ ਆਵਾਂਗੇ। ਗੁਰੂ ਅੰਗਦ ਦੇਵ ਮਹਾਰਾਜ ਇਲਾਹੀ ਹੁਕਮ ਮੰਨਕੇ ਖੰਡੂਰ ਮਾਈ ਵਿਰਾਈ ਦੇ ਘਰ ਆ ਠਹਿਰੇ। ਦਿਨ ਨੂੰ ਤਾਂ ਮਾਈ ਵਿਰਾਈ

ਦੇ ਘਰ ਇਕ ਕੋਠੇ ਵਿੱਚ ਬੈਠ ਕੇ ਗੁਰੂ ਯਾਦ ਵਿੱਚ ਜੁੜੇ ਰਹਿੰਦੇ, ਸ਼ਾਮ ਨੂੰ ਸ਼ਹਿਰੋਂ ਚਲੇ ਜਾਣ, ਤੇ ਜਿਥੇ ਹੁਣ ਤਪਿਆਣਾ ਹੈ ਬੈਠਕੇ ਮਗਨਾਨੰਦ ਵਾਹਿਗੁਰੂ ਵਿੱਚ ਲਿਵਲੀਨ ਸਮਾਧੀ ਲਾ ਕੇ ਟਿਕੇ ਰਹਿਣਾ। ਇਸ ਪ੍ਰਕਾਰ ਕੋਈ ਅੱਠ ਮਹੀਨੇ ਕਹਿਰਾਂ ਵਾਲੀਆਂ ਜੁਦਾਈਆਂ ਦੇ ਗੁਰੂ ਅੰਗਦ ਨੇ ਪਿਆਰੇ ਸਤਿਗੁਰੂ ਦੇ ਧਿਆਨ ਵਿਚ ਰਹਿ ਕੇ ਗੁਜ਼ਾਰੇ ਸਨ। ਇਸ ਪਵਿੱਤਰ ਅਸਥਾਨ ਤਪਿਆਣੇ ਦੇ ਮਹਾਰਾਜ ਨਿੱਕਾ ਸਿੰਘ ਜੀ ਨੇ ਦਰਸ਼ਨ ਕਰਨ ਉਪਰੰਤ ਮਨ ਵਿੱਚ ਪ੍ਰੇਮ ਉਮਗਿਆ, ਕਿ ਗੁਰੂ ਅੰਗਦ ਦੇਵ ਮਹਾਰਾਜ ਨੇ ਲਗਾਤਾਰ ਅੱਠ ਮਹੀਨੇ ਗੁਰੂ ਨਾਨਕ ਨਿਰੰਕਾਰੀ ਦੀ ਪਿਆਰੀ ਰਸ ਭਈ ਯਾਦ ਵਿੱਚ ਇਸ ਥਾਂ ਬਤੀਤ ਕੀਤੇ ਸਨ। ਕਿਉਂ ਨਾ ਇਸ ਪਵਿੱਤਰ ਅਸਥਾਨ ਤੇ ਕੁਝ ਸਮਾਂ ਪਿਆਰੇ ਦੀ ਯਾਦ ਵਿੱਚ ਗੁਜ਼ਾਰਿਆ ਜਾਵੇ। ਇਸ ਪਾਵਨ ਅਸਥਾਨ ਦੀ ਇਲਾਹੀ ਮਹਿਕ ਦਾ ਅਨੂਪਮ ਰਸ ਰੱਖਣ ਲਈ ਅਤੇ ਗੁਰੂ ਅੰਗਦ ਦੇਵ ਮਹਾਰਾਜ ਜੀ ਦੇ ਦਰ ਆਪਣੀ ਹਾਜ਼ਰੀ ਲਵਾਉਣ ਲਈ ਪਿਆਰੇ ਦੀ ਯਾਦ ਵਿੱਚ ਲੀਨ ਹੋਏ ਸਾਰੀ ਰਾਤ ਇਸ ਪਵਿੱਤਰ ਅਸਥਾਨ ਤੇ ਗੁਜ਼ਾਰਦੇ। ਦਿਨ ਚੜ੍ਹੇ ਸ਼ਹਿਰ ਤੋਂ ਬਾਹਰ ਉਸੇ ਖੂਹ ਤੇ ਚਲੇ ਜਾਂਦੇ, ਲੰਗਰ ਲੋੜ ਅਨੁਸਾਰ ਮਾਤਾ ਖੀਵੀ ਦੇ ਦਰੋਂ ਛਕ ਲੈਂਦੇ।

ਇਸ ਪ੍ਰਕਾਰ ਕਾਫੀ ਦਿਨ ਗੁਰੂ ਅੰਗਦ ਦੇਵ ਮਹਾਰਾਜ ਦੇ ਚਰਨਾਂ ਵਿੱਚ ਬੈਠਕੇ ਸਾਂਈ ਦੀ ਪਿਆਰੀ ਯਾਦ ਵਿੱਚ ਗੁਜ਼ਾਰੇ। ਏਨੇ ਸਮੇਂ ਵਿੱਚ ਖੂਹ ਵਾਲੇ ਜਿਮੀਂਦਾਰ ਆਪ ਦਾ ਅਲੌਕਿਕ ਜੀਵਣ ਦੇਖਕੇ ਪ੍ਰਭਾਵਤ ਹੋ ਚੁੱਕੇ ਸਨ। ਬਾਰ-ਬਾਰ ਆਪ ਜੀ ਨੂੰ ਲੰਗਰ ਛੱਕਣ ਜਾਂ ਕੱਪੜੇ ਵਸਤਰ ਦੀਆਂ ਬੇਨਤੀਆਂ ਕਰਦੇ, ਲੇਕਿਨ ਆਪ ਆਪਣੇ ਤਿਆਗੀ ਸੁਭਾਵ ਅਨੁਸਾਰ ਕੁਝ ਵੀ ਅੰਗੀਕਾਰ ਨਾ ਕਰਦੇ। ਇਉਂ ਆਪ ਨੇ ਹੁਣ ਤਰਨ-ਤਾਰਨ ਸਾਹਿਬ ਅਤੇ ਆਸ ਪਾਸ ਦੇ ਹੋਰ ਗੁਰ ਅਸਥਾਨਾਂ ਅਤੇ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਦੀਦਾਰ ਕਰਨ ਦਾ ਸੰਕਲਪ ਕੀਤਾ। ਖੇਤ ਵਾਲੇ ਪ੍ਰੇਮੀ ਬੇਨਤੀਆਂ ਕਰੀਂ ਜਾਣ ਮਹਾਰਾਜ ਕੁਝ ਸਮਾਂ ਹੋਰ ਇਥੇ ਠਹਿਰੋ। ਉਨ੍ਹਾਂ ਦੇ ਪ੍ਰੇਮ ਵਸ ਹੋਇਆਂ ਬਚਨ ਕੀਤਾ, ਪ੍ਰੇਮੀਓ! ਅਸੀਂ ਠਹਿਰ ਤਾਂ ਜਾਂਦੇ ਹਾਂ, ਪਰ ਇਕ ਸ਼ਰਤ ਹੈ ਕਿ ਤੁਸੀਂ ਸਾਡੀ ਮੌਜ ਵਿੱਚ ਦਖਲ ਨਾ ਦਿਉ। ਪ੍ਰੇਮੀਆਂ ਨੇ ਅਰਜ਼ ਕੀਤੀ, ਮਹਾਰਾਜ! ਹੋਰ ਜਿਵੇਂ ਮਰਜ਼ੀ ਹੈ ਰਹੋ, ਲੇਕਿਨ ਲੰਗਰ ਦੀ ਸੇਵਾ ਸਾਨੂੰ ਬਖਸ਼ ਦਿਉ। ਆਪ ਨੇ ਬਚਨ ਕਰ ਦਿੱਤਾ, ਠੀਕ ਹੈ ਤੁਸੀਂ ਇਕ ਵਕਤ ਲੰਗਰ ਲਿਆ ਕੇ ਸਿ ਤੂਤ ਨਾਲ ਬੰਨ੍ਹ ਜਾਇਆ ਕਰੋ, ਜਦੋਂ ਸਾਡੀ ਇੱਛਾ ਬਣੀ ਖੋਲ੍ਹ ਕੇ ਛੱਕ ਲਵਾਂਗੇ, ਲੇਕਿਨ ਤੁਸੀਂ ਕਿਸੇ ਨੇ ਸਾਨੂੰ ਬੁਲਾਉਣਾ ਨਹੀਂ। ਆਪ ਜੀ ਨੇ ਨਾਲ ਲੱਗਦੇ ਕਮਾਦ ਦੇ ਖੇਤ ਵਿੱਚ ਚਾਰ ਪੰਜ ਮੇਹੜੇ ਗੰਨਿਆਂ ਦੇ ਉਪਰੋਂ ਆਗ ਪੱਤੇ ਇੱਕਠੇ ਕਰਕੇ ਬੰਨ ਲਏ। ਮਾਨੋ ਕੁੱਲੀ ਦੀ ਸ਼ਕਲ ਬਣਾ ਲਈ। ਥੱਲੇ ਜਗ੍ਹਾ ਪਧਰੀ ਕਰਕੇ ਉਪਰ ਪੱਤੀ ਵਿਛਾ ਲਈ ਮਨੋ ਮਖਮਲੀ ਆਸਣ ਤਿਆਰ ਕਰ ਲਿਆ। ਖੰਡੂਰ ਸਾਹਿਬ ਜਾ ਕੇ ਗੁਰੂ ਅੰਗਦ ਦੇਵ ਮਹਾਰਾਜ ਦੇ ਚਰਨਾਂ ਵਿਚ ਅਰਦਾਸ ਕਰਕੇ ਉਸੇ ਖੂਹ ਪਰ ਆ ਗਏ। ਉਸ ਮਖਮਲੀ ਸੇਜ ਪਰ ਚੌਂਕੜਾ ਮਾਰ ਜਪੁਜੀ ਸਾਹਿਬ ਦੇ ਪਾਠ ਸ਼ੁਰੂ ਕਰ ਲਏ। ਪ੍ਰੇਮੀ ਪਰਿਵਾਰ ਪ੍ਰਸ਼ਾਦਾ ਤੂਤ ਨਾਲ ਬੰਨ੍ਹ ਜਾਇਆ ਕਰੇ, ਆਪ ਕਦੇ ਤਾਂ ਖੋਲ ਕੇ ਛਕ ਲੈਂਦੇ, ਕਦੇ ਬੰਨ੍ਹੇ ਬੰਨ੍ਹਾਏ ਹੀ ਰਹਿ ਜਾਂਦੇ। ਕਦੇ-ਕਦੇ ਕੰਨਾਂ ਵਿਚ ਮਧੁਰ ਸੁਰ ਨਾਲ ਰਸ ਭਰੀ ਆਵਾਜ਼ ਪੈਂਦੀ—

**ਜਿਨ੍ਹਾਂ ਨਾਲ ਸਾਂਈ ਦੇ ਦੋਸਤੀ ਸੁਣ ਤਿੰਨਾਂ ਦੀ ਗੁਫਤਾਰ,**
**ਉਨ੍ਹਾਂ ਅੰਨ ਨਾ ਖਾਧਾ ਰੱਜ ਕੇ ਨਾ ਸੁੱਤੇ ਪੈਰ ਪਸਾਰੁ,**
**ਉਹ ਕਰਨ ਲੜਾਈ ਨਫ਼ਸ ਨਾਲ ਲੈ ਹੱਥ ਵਿੱਚ ਇਹ ਹਥਿਆਰ।**

ਉਪਰੋਂ ਜ਼ੋਰਦਾਰ ਸਰਦੀ ਪੈਂਦੀ ਸੀ, ਕੇਵਲ ਇਕ ਚਾਦਰ ਸੀ ਖੱਦਰ ਦੀ ਜੋ ਉਪਰ ਓੜ੍ਹ ਕੇ ਪਿਆਰੇ ਦੇ ਪ੍ਰੇਮ ਵਿੱਚ ਭਿਜੇ ਬੈਠੇ ਰਹਿੰਦੇ ਸਨ ਦਿਨ ਰਾਤ। ਇਸ ਪ੍ਰਕਾਰ ਚਾਲੀ ਦਿਨ ਗੁਜ਼ਰ ਗਏ। ਖੇਤ ਵਾਲਿਆਂ ਨੇ ਚਾਲੀ ਦਿਨਾਂ ਬਾਅਦ ਬਾਹਰ ਆਇਆਂ ਦੇ ਅੱਜ ਦਰਸ਼ਨ ਕੀਤੇ, ਘਰੋਂ ਦੁੱਧ ਲਿਆ ਕੇ ਛਕਾਇਆ। ਆਪ ਨੇ ਬਚਨ ਕੀਤਾ, ਪ੍ਰੇਮੀਓ! ਅਸੀਂ ਗੁਰੂ ਰਾਮਦਾਸ ਮਹਾਰਾਜ ਦੇ ਚਰਨਾਂ ਵਿੱਚ ਪਹੁੰਚਣਾ ਹੈ ਸ੍ਰੀ ਅੰਮ੍ਰਿਤਸਰ ਸਾਹਿਬ। ਉਥੇ ਲੋਕ ਪ੍ਰਸ਼ਾਦਿ ਜਾਂ ਹੋਰ ਭੇਟਾਵਾਂ ਅਰਪਨ ਕਰਦੇ ਹਨ ਗੁਰੂ ਸਾਹਿਬ ਨੂੰ, ਅਸੀਂ ਵਿਰੱਕਤ ਹਾਂ ਮਾਇਆ ਕੋਲ ਨਹੀਂ ਰੱਖਦੇ, ਹੋਰ ਕੋਈ ਸੰਸਾਰਕ ਵਸਤੂ ਸਾਡੇ ਕੋਲ ਨਹੀਂ ਹੈ ਜੋ ਗੁਰੂ ਸਾਹਿਬਾਂ ਦੇ ਚਰਨਾਂ ਵਿੱਚ ਭੇਟਾ ਕਰੀਏ, ਸਾਡਾ ਵਿਚਾਰ ਹੈ, ਕਿ ਇਹ ਗੰਨੇ ਜਿਨ੍ਹਾਂ ਥੱਲੇ ਬੈਠ ਕੇ ਚਾਲੀ ਦਿਨ ਗੁਜ਼ਾਰੇ ਹਨ, ਜਿਨ੍ਹਾਂ ਦੀ ਯਾਦ ਵਿੱਚ ਉਨ੍ਹਾਂ ਦੇ ਪਿਆਰੇ ਚਰਨਾਂ ਵਿੱਚ ਭੇਟਾ ਕਰ ਦੇਈਏ।

ਖੇਤ ਵਾਲੇ ਪ੍ਰੇਮੀਆਂ ਨੂੰ ਚਾਅ ਚੜ ਗਿਆ, ਦਾਤੀ ਗੰਡਾਸੀ ਵਗੈਰਾ ਲਿਆ ਕੇ ਚਾਰੇ ਪੰਜੇ ਮੋਹੜੇ ਕੱਟ ਲਏ, ਛੋਟੇ-ਛੋਟੇ ਟੋਟੇ ਬਣਾ ਕੇ ਭਰੀ ਬੰਨ੍ਹ ਲਈ, ਸਿਰ ਤੇ ਉਠਾ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਰਾਹ ਪੈ ਗਏ। ਸਨੇ-ਸਨੇ ਸਫਰ ਕਰਦੇ ਸ੍ਰੀ ਤਰਨਤਾਰਨ, ਬਾਬੇ ਬੁੱਢੇ ਦੀ ਬੀੜ, ਸੰਨ੍ਹ ਸਾਹਿਬ, ਅਤੇ ਛੇਹਰਟਾ ਸਾਹਿਬ ਦੇ ਦਰਸ਼ਨ ਦੀਦਾਰੇ ਕਰਦੇ-ਕਰਦੇ ਵੀਹ-ਬਾਈ ਮੀਲ ਦਾ ਪੈਂਡਾ ਤੈਹ ਕਰਕੇ ਜਾ ਪਹੁੰਚੇ ਸ੍ਰੀ ਗੁਰੂ ਰਾਮਦਾਸ ਜੀ ਦੇ ਪਵਿੱਤਰ ਚਰਨਾਂ ਵਿੱਚ। ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕਰਕੇ ਜਿਸ ਵਕਤ ਦਰਸ਼ਨੀ ਡਿਉਡੀ ਪਹੁੰਚੇ ਤਾਂ ਪਹਿਰੇਦਾਰ ਨੇ ਰੋਕ ਲਏ, ਬੋਲਿਆ ਮਹਾਂਪੁਰਸ਼ੋ! ਇਸ ਤੋਂ ਅੱਗੇ ਗੰਨੇ ਲੈ ਕੇ ਜਾਣ ਦੀ ਆਗਿਆ ਨਹੀਂ ਹੈ। ਆਪ ਬੋਲੇ, ਪ੍ਰੇਮੀਆਂ! ਅਸੀਂ ਹਰਿਮੰਦਰ ਸਾਹਿਬ ਗੁਰੂ ਰਾਮਦਾਸ ਮਹਾਰਾਜ, ਅਤੇ ਗੁਰੂ ਅਰਜਨ ਦੇਵ ਮਹਾਰਾਜ ਦੇ ਪਵਿੱਤਰ ਚਰਨਾਂ ਵਿੱਚ ਇਹ ਪ੍ਰਸ਼ਾਦ ਭੇਟਾ ਕਰਨਾ ਹੈ। ਸੇਵਾਦਾਰ ਬੋਲਿਆ, ਮਹਾਂਪੁਰਸ਼ੋ! ਮਰਿਆਦਾ ਅਨੁਸਾਰ ਇਥੇ ਕੜਾਹ ਪ੍ਰਸ਼ਾਦ ਹੀ ਭੇਟਾ ਕੀਤਾ ਜਾਂਦਾ ਹੈ। ਸੇਵਾਦਾਰ ਦੇ ਰੋਕਣ ਤੇ ਆਪ ਜੀ ਨੇ ਅੰਤਰ ਧਿਆਨ ਹੋ ਕੇ ਦਰਬਾਰ ਸਾਹਿਬ ਸਨਮੁੱਖ ਖਲੋ ਕੇ ਅਰਦਾਸ ਕੀਤੀ*—

**ਹੁਣਿ ਲਾਵਹੁ ਭੋਗੁ ਹਰਿ ਰਾਏ॥**
**ਹੁਣਿ ਲਾਵਹੁ ਭੋਗੁ ਹਰਿ ਰਾਏ॥**

*(ਪੰਨਾ-੧੨੬੬)*

ਬਸ ਕਮਲਾਂ ਵਰਗੇ ਨੇਤਰ ਖੋਲ੍ਹਕੇ ਉਥੇ ਹੀ ਪ੍ਰਸ਼ਾਦ ਵਰਤਾਉਣਾ ਸ਼ੁਰੂ ਕਰ ਦਿੱਤਾ। ਪਹਿਲਾ ਗੰਨਾ ਉਸ ਸੇਵਾਦਾਰ ਨੂੰ ਹੀ ਬਖਸ਼ਿਆ, ਬਾਕੀ ਇਕ-ਇਕ ਕਰਕੇ ਸਾਰੇ ਹੀ ਗੰਨੇ ਪ੍ਰਕਰਮਾਂ ਵਿੱਚ ਖੜ੍ਹੀ ਸੰਗਤ ਨੂੰ ਵਰਤਾ ਦਿੱਤੇ। ਕਿੰਨੇ ਭਾਗਸ਼ਾਲੀ ਹੋਣਗੇ ਉਹ ਲੋਕ ਜਿੰਨ੍ਹਾਂ ਨੂੰ ਉਹ ਅੰਮ੍ਰਿਤ ਰੂਪ ਪ੍ਰਸ਼ਾਦ ਪ੍ਰਾਪਤ ਹੋਇਆ? ਕਾ...ਸ਼ ਨਸੀਬਾਂ ਵਿੱਚ ਹੁੰਦੀ ਇੱਕ ਅੱਧ ਪੋਰੀ!

## ਮਹਾਰਾਜਾ ਪਟਿਆਲਾ

**ਕਬੀਰ ਫਲ ਲਾਗੇ ਫਲਨਿ ਪਾਕਨਿ ਲਾਗੇ ਆਂਬ॥**
**ਜਾਇ ਪਹੂਚਹਿ ਖਸਮ ਕਉ ਜਉ ਬੀਚਿ ਨ ਖਾਹੀ ਕਾਂਬ॥**

*(ਸਲੋਕ ਕਬੀਰ, ਪੰਨਾ-੧੩੭੧)*

ਪਾਲਾ ਸਹਿਜੇ-ਸਹਿਜੇ ਤੁਰ ਗਿਆ, ਬਸੰਤ ਮਗਰ-ਮਗਰ ਰਿੜਿਆ ਆਵੇ, ਪਰ ਬੱਦਲ ਦੂਤ ਦਾ ਕੰਮ ਕਰਕੇ ਮੁੜ-ਮੁੜ ਪਾਲੇ ਨੂੰ ਲਿਆਉਣ ਮੋੜ-ਮੋੜ; ਨਿੱਘ ਫਿਰ ਵੀ ਵੱਧਦੀ ਗਈ ਤੇ ਬਸੰਤ ਦਾ ਰੰਗ ਲਗਦਾ ਗਿਆ। ਮਾਘ-ਫਗਣ ਬੀਤਦੇ ਗਏ, ਚੇਤਰ ਚੜ੍ਹਿਆ ਖਿੜ ਪਈ ਖੁੱਲ੍ਹੀ ਬਸੰਤ, ਖਿੜ ਪਈਆਂ ਬਹਾਰਾਂ, ਰੰਗ ਲੱਗ ਗਏ ਗੁਲਜ਼ਾਰਾਂ ਨੂੰ, ਬਨ ਵੀ ਫੁੱਲ ਖਲੋਤੇ। ਅਜਿਹੀ ਮਨਮੋਹਕ ਰੁੱਤ ਸਮੇਂ ਗੁਰੂ ਕ੍ਰਿਪਾ ਦੁਆਰਾ ਕੀਤੀ ਹੋਈ ਸਖਤ ਘਾਲਣਾ ਨਾਲ ਸੰਤ ਨਿੱਕਾ ਸਿੰਘ ਮਹਾਰਾਜ ਦਾ ਮਨ ਸ਼ੁੱਧ ਹੋ ਕੇ ਬਾਰਾਂ ਬੰਨੀ ਦੇ ਸੋਨੇ ਵਾਂਗ ਲਿਸ਼ਕਾਂ ਮਾਰ ਉਠਿਆ। ਬਸੰਤ ਰੁੱਤ ਦੀ ਬਨਾਸਪਤੀ ਵਾਂਗ ਮੌਲ ਗਿਆ। ਬਿਨਾਂ ਕਿਸੇ ਕਾਂਦੇ ਖਾਧੇ ਜਿਉਂ ਦਾ ਤਿਉਂ ਲਹਿ-ਲਹਿ ਕਰਦਾ ਅਤੇ ਪੱਕ ਕੇ ਸੂਹਾ ਲਾਲ ਹੋ ਚੁੱਕਿਆ, ਇਹ ਅੰਬ ਮਾਲਕ ਦੇ ਦਰ ਅਪੜ ਗਿਆ। ਹੁਣ ਆਪ ਦੀ ਕਿਰਿਆ ਇਹ ਹੋ ਗਈ, ਕਿ ਅੰਦਰੋਂ ਤਾਂ ਮਨ ਕਿਸੇ ਬਿਸਮਾਦੀ ਛੋਹ ਵਿੱਚ ਲੀਨ ਰਹਿੰਦਾ ਹੈ ਅਤੇ ਬਾਹਰਲੀ ਕਿਰਿਆ ਸਭ ਸਹਿਜ ਵਿਚ ਹੋ ਰਹੀ ਹੈ। ਅੱਧ ਮੀਟੇ ਨੈਣਾਂ ਵਿੱਚ ਕੋਈ ਮਿਠਾਸ ਭਰਿਆ ਤੇਜ ਹੈ ਅਤੇ ਮੱਥੇ ਤੇ ਨੂਰ ਇਉਂ ਦਮਕਾਂ ਮਾਰ ਰਿਹਾ ਹੈ, ਜਿਵੇਂ ਪੂਰਬ ਵਿੱਚੋਂ ਆਪਣੇ ਜਲਾਉ ਪੂਰਨ ਤੇਜ ਨਾਲ ਸੂਰਜ ਉਦਯ ਹੋ ਰਿਹਾ ਹੋਵੇ। ਇਸ ਪ੍ਰਕਾਰ ਰਿਸ਼ੀਕੇਸ਼ ਕਨਖਲ ਵਿੱਚ ਵਿਚਰਦਿਆਂ ਕਈ ਮਹੀਨੇ ਗੁਜ਼ਰ ਗਏ। ਇਧਰ ਚੇਤ ਮਹੀਨੇ ਤੋਂ ਲੈ ਕੇ ਭਾਦੋਂ ਤੱਕ ਦੇ ਮਹੀਨਿਆਂ ਵਿੱਚ ਬਾਬਾ ਬੁੱਢਾ ਸਿੰਘ ਮਹਾਰਾਜ ਦੇ ਪਵਿੱਤਰ ਸਰੀਰ ਦੀ ਸਤਿਆ ਸਿੰਮਦੇ ਘੜੇ ਵਿੱਚੋਂ ਪਾਣੀ ਦੇ ਸ਼ਨੇ-ਸ਼ਨੇ ਘਟਣ ਵਾਗੂੰ ਮੁਕਤੀ ਗਈ।

ਆਪ ਚਰਨਾਂ ਵਿੱਚ ਰਹਿ ਕੇ ਦਿਨ ਰਾਤ ਸੇਵਾ ਕਰਦੇ ਰਹੇ। ਬਾਬਾ ਜੀ ਆਖਰ 13 ਅਸੂ, 1937 ਈ: ਵਾਲੇ ਦਿਨ ਸੱਚਖੰਡ ਜਾ ਬਿਰਾਜੇ। ਉਨ੍ਹਾਂ ਦੇ ਪਵਿੱਤਰ ਸਰੀਰ ਦੀ ਅੰਤਿਮ ਕਿਰਿਆ, ਜਦ ਸਭ ਸੰਪੂਰਨ ਹੋ ਗਈ, ਤਾਂ ਆਪ 'ਝਾੜੀ'

* *ਖੰਡੂਰ ਸਾਹਿਬ ਅਤੇ ਹਰਿਮੰਦਰ ਸਾਹਿਬ ਵਾਲੇ ਕੌਤਕ ਅੱਗੇ ਤੋਂ ਅੱਗੇ ਕੁਝ ਸਮਕਾਲੀ ਸਾਧੂਆਂ ਤੋਂ ਪ੍ਰਾਪਤ ਹੋਏ।*

ਵਿੱਚ ਚਲੇ ਗਏ। ਝਾੜੀ ਵਿੱਚ ਗੰਗਾ ਦੇ ਕਿਨਾਰੇ ਘਾਸ ਫੂਸ ਦੀਆਂ ਚੌਦਾਂ ਕੁੱਲੀਆਂ ਬਣੀਆਂ ਹੋਈਆਂ ਸਨ, ਜਿਨ੍ਹਾਂ ਵਿੱਚ ਇਕ-ਇਕ ਮਹਾਤਮਾ ਰਹਿੰਦਾ ਸੀ। ਗਿਆਨ ਚਰਚਾ ਸਮੇਂ ਸਾਰੇ ਮਹਾਤਮਾ ਇਕ ਥਾਂ ਇਕੱਠੇ ਹੋ ਜਾਂਦੇ, ਲੇਕਿਨ ਬਾਕੀ ਦਾ ਸਮਾਂ ਆਪੋ ਆਪਣੀਆਂ ਜਗਾਂ ਸਿਮਰਨ ਭਜਨ ਵਿੱਚ ਲੀਨ ਰਹਿੰਦੇ। ਉਨ੍ਹਾਂ ਦਿਨਾਂ ਵਿੱਚ ਮਹਾਰਾਜ ਭੁਪਿੰਦਰ ਸਿੰਘ ਪਟਿਆਲਾ ਪਤੀ ਸਮੇਤ ਪਰਿਵਾਰ ਦੇ ਫੌਜ ਦਾ ਦਸਤਾ ਨਾਲ ਲੈ ਕੇ ਹਰਦੁਆਰ ਰਿਸ਼ੀਕੇਸ਼ ਆਇਆ। ਪੂਰਨ ਪੁਰਸ਼ਾਂ ਦੀ ਭਾਲ ਵਿੱਚ ਇਧਰ-ਉਧਰ ਘੁੰਮਦੇ ਨੂੰ ਪਤਾ ਲੱਗਿਆ, ਕਿ ਰਿਸ਼ੀਕੇਸ਼ ਗੰਗਾ ਕਿਨਾਰੇ ਝਾੜੀ ਵਿੱਚ ਕੁਝ ਵਿਰੱਕਤ ਮਹਾਤਮਾ ਬਿਰਾਜਦੇ ਹਨ। ਦਰਸ਼ਨਾਂ ਲਈ ਝਾੜੀ ਵਿੱਚ ਪਹੁੰਚਿਆਂ, ਪਰ ਰਾਜਾ ਦੀ ਬਦਕਿਸਮਤੀ ਕੋਈ ਸਾਧੂ ਉਸ ਨੂੰ ਕੋਲ ਨਾ ਬੈਠਣ ਦੇਵੇ। ਆਖਰ ਮਹਾਰਾਜ ਨਿੱਕਾ ਸਿੰਘ ਜੀ ਕੋਲ ਆਇਆ, ਆਪ ਨੇ ਬੜੇ ਸਤਿਕਾਰ ਨਾਲ ਚਟਾਈ ਤੇ ਬਿੱਠਾ ਕੇ ਖੇਮਕੁਸ਼ਲ ਪੁੱਛੀ, ਫਿਰ ਬਚਨ ਕੀਤਾ, ਸੁਣਾ ਰਾਜਨ ਆਪਣੀ ਜ਼ਿੰਦਗੀ ਦਾ ਅਨੁਭਵ? ਰਾਜਾ ਬੋਲਿਆ, ਮਹਾਰਾਜ! ਔਰੰਗਜ਼ੇਬ ਨੇ ਜਿਸ ਵਕਤ ਗੁਰੂ ਤੇਗ ਬਹਾਦਰ ਮਹਾਰਾਜ ਨੂੰ ਸ਼ਹੀਦ ਕਰਵਾ ਦਿੱਤਾ, ਉਸ ਵਕਤ ਤੋਂ ਬਾਅਦ ਔਰੰਗਜ਼ੇਬ ਦਿੱਲੀ ਵਿੱਚ ਸੁੱਖ ਦੀ ਨੀਂਦ ਨਹੀਂ ਸੌਂ ਸਕਿਆ। ਮੇਰੇ ਨਾਲ ਵੀ ਇਸੇ ਤਰ੍ਹਾਂ ਹੋਇਆ। ਮੈਂ ਆਪਣੀ ਜ਼ਿੰਦਗੀ ਵਿੱਚ ਪੂਰਨ ਗੁਰ ਸਿਖ ਇਕ ਦੇਖਿਆ, ਸਰਦਾਰ ਸੇਵਾ ਸਿੰਘ ਠੀਕਰੀ ਵਾਲਾ, ਪਰ ਮੇਰੀ ਬਦਕਿਸਮਤੀ ਉਹਦੇ ਨਾਲ ਮੇਰਾ ਸਿਰ ਦਾ ਵੈਰ ਹੋ ਗਿਆ। ਅੱਜ ਤੋਂ ਕੁਝ ਸਮਾਂ ਪਹਿਲਾਂ ਉਹ ਜੇਲ ਵਿੱਚ ਪ੍ਰਾਣ ਤਿਆਗ ਗਿਆ। ਉਸ ਦਿਨ ਤੋਂ ਮੇਰੇ ਮਨ ਦੀ ਸਾਰੀ ਸ਼ਾਂਤੀ ਭੰਗ ਹੋ ਕੇ ਨੀਂਦ ਹਰਾਮ ਹੋ ਗਈ। ਸ਼ਾਹੀ ਰਾਜ ਠਾਠ ਅਤੇ ਬਾਦਸ਼ਾਹੀ ਦੇ ਸਾਰੇ ਸੁੱਖ ਮੈਨੂੰ ਕੌੜੇ-ਕੌੜੇ ਪ੍ਰਤੀਤ ਦੇ ਰਹੇ ਹਨ। ਮਹਾਰਾਜ ਆਪ ਨੇ ਨਿਰਇਛਤ ਹੋ ਕੇ ਤਪਸਿਆ ਕੀਤੀ, ਜਿਸ ਦਾ ਫਲ ਆਪ ਅਬਿਨਾਸੀ ਰਾਜ ਦਾ ਸਦੀਵੀ ਸੁੱਖ ਮਾਣ ਰਹੇ ਹੋ। ਲੇਕਿਨ ਤਪਸਿਆ ਮੈਂ ਵੀ ਕੀਤੀ, ਕਿਉਂਕਿ ਰਾਜ ਭਾਗ, ਬਗੈਰ ਤਪ ਕੀਤਿਆਂ ਪ੍ਰਾਪਤ ਨਹੀਂ ਹੁੰਦਾ, ਪ੍ਰੰਤੂ ਮਾੜੀ ਕਿਸਮਤ ਨਾਲ ਮੈਂ ਕੱਚੀ ਸਰੋਂ ਪੀੜ ਬੈਠਿਆਂ। ਜਿਵੇਂ ਕਬੀਰ ਸਾਹਿਬ ਦਾ ਫੁਰਮਾਣ ਹੈ—

**ਕਬੀਰ ਜਉ ਤੁਹਿ ਸਾਧ ਪਿਰੰਮ ਕੀ ਪਾਕੇ ਸੇਤੀ ਖੇਲੁ॥**
**ਕਾਚੀ ਸਰਸਉਂ ਪੇਲਿ ਕੈ ਨਾ ਖਲਿ ਭਈ ਨਾ ਤੇਲੁ॥**

*(ਸਲੋਕ ਕਬੀਰ, ਪੰਨਾ-੧੩੭੭)*

ਕਚੀ ਸਰਸੋਂ ਪੀੜ ਕੇ ਖਲ ਅਤੇ ਤੇਲ ਦੋਨੋਂ ਗਵਾ ਲਏ, ਯਾਨੀ ਰਾਜ ਭਾਗ ਦੀ ਇੱਛਾ ਰੱਖਕੇ ਤਪ ਕੀਤਾ, ਜਿਸਦਾ ਫਲ ਰਾਜ ਭਾਗ ਪ੍ਰਾਪਤ ਵੀ ਹੋ ਗਿਆ, ਲੇਕਿਨ ਰਾਜ ਭਾਗ ਦੇ ਸੁੱਖਾਂ ਵਿੱਚ ਗਲਤਾਨ ਹੋ ਕੇ ਹੱਕ-ਨਿਹੱਕ ਵਿਧ ਨਿਸ਼ੇਧ ਦੀ ਬੁੱਧੀ ਗਵਾ ਲਈ, ਫਲਸਰੂਪ ਲੋਕ ਅਤੇ ਪਰਲੋਕ ਦੋਨੋਂ ਦਾਗੀ ਕਰ ਲਏ। ਹੁਣ ਮੈਂ ਅਸ਼ਾਂਤ ਮਨ ਨਾਲ ਰਾਜ ਮਹਿਲਾਂ ਵਿੱਚੋਂ ਚੱਲਿਆ ਹਾਂ, ਆਪ ਜੈਸੇ ਸ਼ਾਂਤ ਪੁਰਸ਼ਾਂ ਦੇ ਦੀਦਾਰ ਕਰਨ ਲਈ ਜਿੰਨ੍ਹਾਂ ਨੇ ਸੰਸਾਰ ਰੂਪੀ ਬਾਜ਼ੀ ਜਿੱਤ ਲਈ ਹੈ ਅਤੇ ਮਨਰੂਪੀ ਦੁਸ਼ਮਣ ਨੂੰ ਵਸ ਵਿੱਚ ਕਰ ਲਿਆ ਹੈ। ਆਪ ਕ੍ਰਿਪਾ ਕਰੋ ਮੈਨੂੰ ਕਿਸੇ ਸ਼ੁਭ ਮਾਰਗ ਪਾਉ।

ਬਾਦਸ਼ਾਹ ਨੂੰ ਦੁੱਖੀ ਦੇਖ ਕੇ ਹਜ਼ੂਰ ਨੇ ਬਚਨ ਕੀਤਾ, ਰਾਜਨ! ਸ਼ਾਸਤਰ ਭਰੇ ਪਏ ਹਨ ਉਪਦੇਸ਼ ਨਾਲ ਅਤੇ ਉਪਦੇਸ਼ ਸਾਰਾ ਮਨ ਪ੍ਰਥਾਇ ਹੀ ਹੈ। ਜਿਸ ਇਨਸਾਨ ਦਾ ਆਪਣਾ ਮਨ ਸ਼ਾਂਤ ਹੈ, ਉਸ ਨੂੰ ਸਾਰਾ ਸੰਸਾਰ ਸੁਖੀ ਨਜ਼ਰ ਆਉਂਦਾ ਹੈ। ਇਸ ਦੇ ਵਿਪਰੀਤ ਜਿਸ ਦਾ ਆਪਣਾ ਮਨ ਅਸ਼ਾਂਤ ਹੈ ਉਸ ਨੂੰ ਸਾਰਾ ਸੰਸਾਰ ਅੱਗ ਵਿੱਚ ਸੜ ਰਿਹਾ ਪ੍ਰਤੀਤ ਹੁੰਦਾ ਹੈ। ਰਾਜਨ! ਸਾਰੇ ਸੰਸਾਰ ਨੂੰ ਵੱਸ ਵਿੱਚ ਕਰਨਾ ਕਠਨ ਕੰਮ ਹੈ। ਜਿਸ ਇਨਸਾਨ ਨੇ ਆਪਣੇ ਮਨ ਨੂੰ ਵਸ ਵਿੱਚ ਕਰ ਲਿਆ, ਮਾਨੋਂ ਉਸ ਨੇ ਜੀਵਨ ਦੀ ਬਾਜ਼ੀ ਹਮੇਸ਼ਾਂ ਵਾਸਤੇ ਜਿੱਤ ਲਈ। ਕਿਉਂਕਿ ਸਭ ਤੋਂ ਵੱਡਾ ਦੁਸ਼ਮਣ ਆਪਣਾ ਮਨ ਹੀ ਹੈ, ਇਸੇ ਲਈ ਭਰਥਰੀ ਹਰੀ ਜੀ ਕਹਿੰਦੇ ਹਨ—

**ਮਨ ਰਿਪ ਜੀਤੇ, ਸਭ ਰਿਪ ਜੀਤੇ॥**
**ਮਨ ਰਿਪ ਜੀਤੇ, ਸਭ ਰਿਪ ਜੀਤ॥**

ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦਾ ਵੀ ਇਹੀ ਉਪਦੇਸ਼ ਹੈ, **ਮਨ ਜੀਤੇ ਜਗਿ ਜੀਤ।**

ਰਾਜਨ! ਪੁਰਸ਼ਾਰਥ ਅਤੇ ਗੁਰੂ ਕ੍ਰਿਪਾ ਦੁਆਰਾ ਮਨ ਜਿਸ ਵਕਤ ਵੱਸ ਵਿੱਚ ਆ ਜਾਂਦਾ ਹੈ, ਫਿਰ ਇਸ ਵਰਗਾ ਕੋਈ ਸੱਚਾ ਮਿੱਤਰ ਵੀ ਨਹੀਂ।? ਗੁਰੂ ਬਾਬਾ ਜੀ ਨੇ ਇਕ ਨੁਸਖਾ ਬਖਸ਼ਿਸ਼ ਕੀਤਾ ਹੈ, ਰਾਜੇ ਲੋਕਾਂ ਦੇ ਵਰਤਣ ਯੋਗ।

ਅਗਰ ਉਹ ਨੁਸਖਾ ਠੀਕ ਤਰੀਕੇ ਵਰਤ ਲਿਆ ਜਾਵੇ, ਤਾਂ ਸੰਸਾਰ ਵਿੱਚ ਵੀ ਸਮਾਂ ਸੁਖੀ ਬਤੀਤ ਹੁੰਦਾ ਹੈ ਅਤੇ ਪਰਲੋਕ ਵੀ ਸੁਹੇਲਾ ਹੋ ਜਾਂਦਾ ਹੈ। ਕੀ ਹੈ ਉਹ ਨੁਸਖਾ ?*

ਰਾਜੇ ਚੁਲੀ ਨਿਆਵ ਕੀ

ਯਥਾ — ਸਾਚ ਸੀਲਿ ਚਾਲਹੁ ਸੁਲਤਾਨ

ਜਾਓ ਕੋਸ਼ਿਸ਼ ਕਰੋ ਇਹ ਨੁਸਖਾ ਵਰਤਨ ਦੀ।

## ਪੂਰਬ ਦੀ ਸੰਜੋਗੀ

ਸਾਰਾ ਸਰਦ ਰੁੱਤ ਦਾ ਸਮਾਂ ਆਪ ਜੀ ਨੇ 'ਝਾੜੀ' ਵਿੱਚ ਗੁਜ਼ਾਰਿਆ। ਇਤਨੇ ਨੂੰ 1938 ਵਾਲਾ ਹਰਦੁਆਰ ਦਾ ਕੁੰਭ ਮੇਲਾ ਆ ਗਿਆ। ਉਸ ਕੁੰਭ ਪੁਰਬ ਲਈ ਆਪ ਹੋਰ ਸਾਧੂਆਂ ਨਾਲ ਕਨਖਲ ਆ ਗਏ। ਕੁੰਭ ਦੇ ਮਹਾਨ ਪੁਰਬ ਤੇ ਦੂਰੋਂ ਨੇੜਿਉਂ ਹਜ਼ਾਰਾਂ ਦੀ ਤਾਦਾਦ ਵਿੱਚ ਸਾਧੂ ਮਹਾਤਮਾ ਪਹੁੰਚਦੇ ਹਨ। ਇਸ ਸਮੇਂ ਪੂਰਬ ਦੇ ਸੰਜੋਗੀ ਤਿੰਨ ਮਹਾਂਪੁਰਸ਼ਾਂ ਦਾ ਆਪ ਜੀ ਨਾਲ ਪਹਿਲਾ ਮਿਲਾਪ ਹੋਇਆ। ਬਾਬਾ ਬੇਅੰਤ ਸਿੰਘ ਜੀ ਅਵਧੂਤ, ਸੰਤ ਭਗਤ ਸਿੰਘ ਜੀ, ਜੋ ਕਿ ਉਸ ਸਮੇਂ ਸ਼ੇਖੂਪੁਰੇ ਬਿਰਾਜਦੇ ਸਨ, ਤੀਜੇ ਸੰਤ ਦਰਸ਼ਨ ਸਿੰਘ ਜੀ ਵਿਰੱਕਤ।

ਤਿੰਨੇ ਮਹਾਂਪੁਰਸ਼ਾਂ ਦਾ ਆਪ ਨਾਲ ਪਹਿਲਾ ਮਿਲਾਪ ਕੀ ਹੋਇਆ, ਮਾਨੋ ਹਮੇਸ਼ਾਂ ਲਈ ਪੂਰਨ ਤੌਰ ਤੇ ਆਪ ਨਾਲ ਇਕ ਮਿਕ ਹੋ ਗਏ, ਯਾਨੀ ਅਵਿਛੜ ਵਿਲਾਪ ਘਟਿਤ ਹੋ ਗਿਆ।

## ਬਾਬਾ ਬੇਅੰਤ ਸਿੰਘ ਜੀ

ਆਪ ਦਾ ਜਨਮ ਜ਼ਿਲ੍ਹਾ ਲਾਹੌਰ, ਪਿੰਡ ਬਘਿਆਣਾ ਦੇ ਦਰਜ਼ੀ ਪਰਿਵਾਰ ਵਿੱਚ ਹੋਇਆ। ਜਿਸ ਵਕਤ ਉਮਰ ਜਵਾਨ ਹੋਈ ਤਾਂ ਕਿਸੇ ਕੁਸੰਗ ਦੇ ਜ਼ੇਰੇ ਅਸਰ ਆਪ ਨੂੰ ਪੁਲਿਸ ਨੇ ਪਕੜ ਲਿਆ। ਕੇਸ ਬਣਾ ਕੇ ਜਿਸ ਵਕਤ ਜੱਜ ਦੇ ਪੇਸ਼ ਕੀਤਾ, ਤਾਂ ਪਰਮੇਸ਼ਰ ਦੀ ਨੇਤ ਐਸੀ ਹੋਈ, ਜਾਂ ਕੋਈ ਸਮਾਂ ਸੰਜੋਗ ਐਸਾ ਬਣ ਗਿਆ, ਕਿ ਜੱਜ ਨੂੰ ਪਰਮੇਸ਼ਰ ਨੇ ਅੰਦਰੋਂ ਪ੍ਰੇਰਨਾ ਕਰ ਦਿੱਤੀ। ਜੱਜ, ਬੋਲਿਆ, ਕਾਕਾ! ਇਹ ਹੀਰੇ ਵਰਗਾ ਮਨੁੱਖ ਜਨਮ, ਜਵਾਨ ਉਮਰ, ਸੁੰਦਰ ਦੇਹੀ ਤੈਨੂੰ ਜੇਲਾਂ ਦੇ ਨਰਕ ਭਗਤਾਉਣ ਲਈ ਪ੍ਰਾਪਤ ਹੋਈਆਂ ਹਨ?

ਇਹ ਤਾਂ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ ਪਰਮੇਸ਼ਰ ਮਿਲਾਪ ਲਈ। ਲੇਕਿਨ ਇਸ ਦੀ ਤੂੰ ਗਲਤ ਵਰਤੋਂ ਕਰਕੇ ਮਨੁੱਖੀ ਕਦਰਾਂ ਕੀਮਤਾਂ ਤੋਂ ਵੀ ਹੇਠਾਂ ਡੇਗ ਰਿਹਾ ਹੈਂ, ਹੁਣ ਦਸ ਜੇਲ ਜਾਣਾ ਹੈ ਕਿ ਪਰਮੇਸ਼ਰ ਦਾ ਭਜਨ ਕਰਕੇ ਜਨਮ ਮਰਨ ਆਦਿ ਤਮਾਮ ਜੇਲ੍ਹਾਂ ਤੋਂ ਛੁਟਕਾਰਾ ਹਾਸਲ ਕਰਨਾ ਹੈ? ਆਪ ਜੱਜ ਦੀ ਗੱਲ ਸੁਣ ਕੇ ਅਸ਼ਚਰਜ ਹੋ ਗਏ ਕਿ ਮੇਰੇ ਨਾਲ ਇਤਨੀ ਹਮਦਰਦੀ! ਇਹ ਜੱਜ ਹੈ ਜਾਂ ਮਹਾਂਪੁਰਸ਼? ਅੰਦਰੋਂ ਜ਼ਬਰਦਸਤ ਝਟਕਾ ਲੱਗਿਆ। ਜੱਜ ਨੇ ਸਿੱਖਿਆ ਕੀ ਦਿੱਤੀ, ਮਾਨੋਂ ਅੰਦਰ ਪਏ ਪੂਰਬਲੇ ਭਗਤੀ ਦੇ ਬੀਜ ਨੂੰ ਪੁੰਗਰਨ ਲੀ ਲੋੜੀਂਦਾ ਪਾਣੀ ਦੇ ਦਿੱਤਾ। ਬਸ ਅੱਜ ਆਖਰੀ ਦਿਨ ਸੀ ਸੰਸਾਰ ਦੀ ਕਿਸੇ ਕੋਰਟ ਵਿੱਚ ਜਾਣ ਦਾ। ਆਪ ਨੇ ਮਨ ਵਿੱਚ ਦ੍ਰਿੜ ਫੈਸਲਾ ਕਰ ਲਿਆ, ਕਿ ਹੁਣ ਐਹ ਲੋਕ ਤਾਂ ਕੀ ਪਰਲੋਕ ਦੀਆਂ ਕੋਰਟਾਂ ਦੇ ਵੀ ਲੇਖੇ ਪਤੇ ਸਭ ਪਾੜ ਸੁਟਣੇ ਹਨ।

ਹੁਣ ਪਰਮੇਸ਼ਰ ਕਰੇ ਉਹ ਅਵੱਸਥਾ ਪ੍ਰਾਪਤ ਹੋ ਜਾਵੇ—

ਰੇ ਰੇ ਦਰਗਹ ਕਹੈ ਨ ਕੋਊ॥
ਆਉ ਬੈਠੁ ਆਦਰੁ ਸੁਭ ਦੇਊ॥

*(ਬਾਵਨ ਅਖਰੀ, ਪੰਨਾ—੨੫੨)*

ਐਸਾ ਦ੍ਰਿੜ ਨਿਸ਼ਚਾ ਮਨ ਵਿਚ ਹੋਇਆ ਦੇਖਕੇ ਜੱਜ ਨੇ ਹੱਥਕੜੀ ਖੁਲਵਾ ਦਿੱਤੀ। ਆਪ ਹੁਣ ਬਜਾਏ ਵਾਪਸ ਘਰ ਜਾਣ ਦੇ ਉਸ ਟਿਕਾਣੇ ਦੇ ਰਾਹ ਪੈ ਗਏ, ਜਿਥੇ ਕਦੇ ਸੁਣਿਆ ਸੀ, ਦਰਗਾਹ ਦੇ ਬਸੀਠ ਬੈਠੇ ਹਨ। ਉਨ੍ਹਾਂ ਦਿਨਾਂ ਵਿੱਚ ਲਾਹੌਰ ਜ਼ਿਲੇ ਦੇ ਲੰਮੇ ਪਿੰਡ ਵਿੱਚ ਇਕ ਪੂਰਨ ਅਤੇ ਪ੍ਰਸਿੱਧ ਮਹਾਂਪੁਰਸ਼ ਰਹਿੰਦੇ ਸਨ ਜਿੰਨ੍ਹਾਂ ਦੀ ਰੂਹਾਨੀਅਤ ਮਹਿਕ

* *ਉਪਰ ਲਿਖਿਆ ਮਹਾਰਾਜਾ ਪਟਿਆਲਾ ਦਾ ਵਿਰਤਾਂਤ ਕਿਸੇ ਸਮੇਂ ਹਜ਼ੂਰ ਨੇ ਆਪਣੇ ਮੁਖਾਰਬਿੰਦ ਤੋਂ ਆਪ ਹੀ ਸੁਣਾਇਆ ਸੀ।*

ਦੂਰ-ਦੂਰ ਤੱਕ ਪਸਰੀ ਹੋਈ ਸੀ। ਆਪ ਲਾਹੌਰ ਕੋਰਟ ਵਿੱਚੋਂ ਲੰਮਿਆਂ ਦੇ ਰਾਹ ਪੈ ਗਏ। ਜਾ ਕੇ ਮਹਾਂਪੁਰਖਾਂ ਦੇ ਪਵਿੱਤਰ ਚਰਨਾਂ ਤੇ ਨਮਸ਼ਕਾਰ ਕੀਤੀ, ਉਨ੍ਹਾਂ ਨੇ ਵੀ ਅਧਿਕਾਰੀ ਜਾਣ ਕੇ ਉਪਦੇਸ਼ ਬਖਸ਼ ਦਿੱਤਾ। ਕੁਝ ਸਮਾਂ ਤਾਂ ਡੇਰੇ ਵਿੱਚ ਰਹਿ ਕੇ ਸੇਵਾ ਸਿਮਰਨ ਕਰਦੇ ਰਹੇ, ਫਿਰ ਮਹਾਂਪੁਰਖਾਂ ਤੋਂ ਆਗਿਆ ਲੈ ਕੇ ਲਾਹੌਰ ਜ਼ਿਲ੍ਹੇ ਦੀ ਚੂਨੀਆਂ ਤਹਿਸੀਲ ਦੇ ਪਿੰਡ ਜਾਗੂਵਾਲ, ਚੱਕ ਨੰਬਰ ਚਾਰ ਪਹੁੰਚ ਗਏ। ਪਿੰਡ ਤੋਂ ਦੂਰ ਖੇਤਾਂ ਵਿੱਚ ਜੌੜੀਆਂ ਦੋ ਟਾਹਲੀਆਂ ਖੜੀਆਂ ਸਨ ਉਨ੍ਹਾਂ ਹੇਠਾਂ ਘਾਹ ਫੂਸ ਦੀ ਕੁੱਲੀ ਬਣਾ ਕੇ ਤਪੱਸਿਆ ਕਰਨ ਲੱਗ ਗਏ। ਕਈ ਸਾਲ ਨਿਰੰਤਰ ਇਤਨੀ ਸਖ਼ਤ ਘਾਲਣਾ ਕੀਤੀ, ਕਿ ਲੋਕ ਟਾਹਲੀਆਂ ਵਾਲੇ ਸੰਤ ਕਰਕੇ ਜਾਨਣ ਲੱਗੇ ਪਏ। ਉਸ ਤੋਂ ਬਾਅਦ ਵਿਰੱਕਤ ਮਹਾਰਾਜ ਜੀਆਂ ਨਾਲ ਆਪ ਦਾ ਐਸਾ ਸੰਬੰਧ ਜੁੜਿਆ ਜੋ ਆਖਰ ਤੱਕ ਨਿਭਿਆ ਕਿਉਂਕਿ ਵਾਸੀ ਦੋਨੋਂ ਇਕ ਦੇਸ਼ ਦੇ ਸਨ।

## ਮਹਾਰਾਜ ਭਗਤ ਸਿੰਘ ਜੀ

ਆਪ ਦਾ ਜਨਮ ਸੰਨ 180 ਦੇ ਕਰੀਬ ਪਿਤਾ ਹਰੀ ਚੰਦ ਦੇ ਘਰ ਮਾਤਾ ਭਗਵਾਨ ਦੇਈ ਦੀ ਪਵਿੱਤਰ ਕੁੱਖ ਤੋਂ *ਤਖਤ ਹਜ਼ਾਰੇ* (ਅੱਜ ਕੱਲ ਪਾਕਿਸਤਾਨ ਵਿੱਚ) ਹੋਇਆ। ਦਸ ਸਾਲ ਦੀ ਉਮਰ ਵਿੱਚ ਚਾਚੇ ਨਾਲ ਹਰਦੁਆਰ ਗਏ, ਉਥੇ ਕਿਸੇ ਆਸ਼ਰਮ ਵਿੱਚ ਰਹਿ ਕੇ ਸੇਵਾ ਅਤੇ ਸਤਸੰਗ ਦਾ ਲਾਭ ਉਠਾਉਂਦੇ ਰਹੇ। ਇਸ ਪ੍ਰਕਾਰ ਕਾਫੀ ਸਮਾਂ ਗੁਜ਼ਰ ਗਿਆ। ਇਕ ਦਿਨ ਕਿਸੇ ਮਹਾਤਮਾ ਨੂੰ ਬੇਨਤੀ ਕੀਤੀ, ਕਿ ਮੈਨੂੰ ਫਕੀਰੀ ਵੇਸ ਧਾਰਣ ਕਰਵਾ ਦਿਉ। ਮਹਾਤਮਾ ਮਰਿਆਦਾ ਵਿੱਚ ਰਹਿ ਕੇ ਜੀਵਨ ਬਤੀਤ ਕਰਨ ਵਾਲੇ ਮਹਾਂਪੁਰਸ਼ ਸਨ, ਬਚਨ ਕੀਤਾ, ਕਿ ਪਹਿਲਾਂ ਘਰ ਜਾ ਕੇ ਮਾਤਾ ਤੋਂ ਆਗਿਆ ਲੈ ਕੇ ਆਉ, ਫਿਰ ਫਕੀਰੀ ਬਾਰੇ ਸੋਚਣਾ। ਆਗਿਆ ਮੰਨ ਕੇ ਕਾਫੀ ਸਮੇਂ ਬਾਅਦ ਘਰ ਆਏ ਦੇਖਕੇ ਮਾਤਾ ਨੂੰ ਚਾਅ ਚੜ ਗਿਆ। ਆਪ ਨੇ ਫਕੀਰੀ ਵਾਲੀ ਮਨ ਦੀ ਸਿੱਕ ਮਾਤਾ ਨੂੰ ਦੱਸੀ, ਮਾਤਾ ਨੇ ਮੋਹ ਵਿੱਚ ਆ ਕੇ ਸੰਸਾਰਕ ਜਾਲ ਤਾਣ ਲਿਆ। ਇਕ ਨੇਕ ਘਰਾਣੇ ਦੀ ਲੜਕੀ ਲਛਮੀ ਦੇਵੀ ਨਾਲ ਸ਼ਾਦੀ ਕਰ ਦਿੱਤੀ। ਹੁਣ ਜ਼ਰੂਰੀ ਸੀ ਗੁਜ਼ਾਰੇ ਲਈ ਕੋਈ ਵਿਵਹਾਰ ਕਰਨਾ।

ਇਸ ਲਈ ਆਪ ਨੇ ਦਰਜ਼ੀ ਦਾ ਕੰਮ ਸ਼ੁਰੂ ਕਰ ਦਿੱਤਾ। ਮਾਤਾ ਜਾਂ ਸੰਜੋਗਾਂ ਦੇ ਸੁਮੇਲ ਨੇ ਭਾਵੇਂ ਆਪ ਨੂੰ ਪੂਰੀ ਤਰ੍ਹਾਂ ਗ੍ਰਹਿਸਤ ਰੂਪੀ ਪਿੰਜਰੇ ਵਿੱਚ ਪਾ ਦਿੱਤਾ ਲੇਕਿਨ ਆਪ ਦਾ ਸੰਸਕਾਰੀ ਮਨ ਰੂਪੀ ਤੋਤਾ, ਪਿੰਜਰਾ ਤੋੜ ਕੇ ਉਡਾਰੀ ਮਾਰਨ ਦੀ ਹਮੇਸ਼ਾ ਤਾਕ ਵਿੱਚ ਰਹਿੰਦਾ ਕਿਉਂਕਿ ਆਪ ਨੂੰ ਸਾਧੂਆਂ ਦੀ ਸੰਗਤ ਵਿੱਚ ਰਹਿ ਕੇ ਇਹ ਗੱਲ ਦ੍ਰਿੜ ਨਿਸਚੇ ਹੋ ਚੁੱਕੀ ਸੀ।

**ਪੁਤ੍ਰ ਕਲਤ੍ਰ ਗਿਰਸਤ ਕੇ ਫਾਸਾ॥ ਹੋਨੁ ਨ ਪਾਈਐ ਰਾਮ ਕੇ ਦਾਸਾ॥**

*(ਗਾ: ਮ: ੫, ਪੰਨਾ-੧੮੦)*

ਇਸ ਪ੍ਰਕਾਰ ਗ੍ਰਹਿਸਤ ਵਿੱਚ ਰਹਿ ਕੇ ਨੇਕ ਕਮਾਈ ਦੁਆਰਾ ਕਿਰਤ ਕਰਦੇ ਹੋਏ, ਜੋ ਚਾਰ ਪੈਸੇ ਕਮਾਉਂਦੇ, ਉਸ ਨਾਲ ਪਰਿਵਾਰ ਦਾ ਸਾਦਗੀ ਵਾਲਾ ਜੀਵਨ ਬਸਰ ਕਰਦੇ ਅਤੇ ਕੁਝ ਪੈਸੇ ਬਚਾ ਕੇ ਇਕ ਚੱਕਰ ਸਾਲ ਵਿਚ ਹਰਦੁਆਰ, ਰਿਸ਼ੀਕੇਸ਼ ਦਾ ਜ਼ਰੂਰ ਲਾ ਆਉਂਦੇ। ਕਿਉਂਕਿ ਇਥੇ ਰਹਿਣ ਵਾਲੇ ਵਿਰੱਕਤ ਮਹਾਤਮਾਵਾਂ ਦੇ ਤਿਆਗੀ ਅਤੇ ਉਚੇ ਸੁੱਚੇ ਜੀਵਨ ਦੇਖਕੇ ਆਪ ਪਹਿਲਾਂ ਹੀ ਬਹੁਤ ਪ੍ਰਭਾਵਤ ਹੋ ਚੁੱਕੇ ਸਨ। ਇਸ ਲਈ ਜੇਬ ਜਿਤਨੀ ਇਜ਼ਾਜਤ ਦਿੰਦੀ, ਕਪੜਾ ਆਦਿਕ ਜ਼ਰੂਰੀ ਵਸਤਾਂ ਨਾਲ ਸੇਵਾ ਕਰ ਦਿੰਦੇ। ਇਸ ਤਰ੍ਹਾਂ ਗ੍ਰਹਿਸਤ ਅਤੇ ਤਿਆਗ ਦੀ ਕਸ਼-ਮਕਸ਼ ਵਿੱਚ ਜੀਵਨ ਬਤੀਤ ਕਰਦਿਆਂ ਕਈ ਸਾਲ ਗੁਜ਼ਰ ਗਏ। ਇਸ ਸਮੇਂ ਦੌਰਾਨ ਆਪ ਜੀ ਦੇ ਘਰ ਸੰਜੋਗ ਵਸ ਚਾਰ ਬੱਚਿਆਂ ਨੇ ਜਨਮ ਲਿਆ। ਕ੍ਰਿਸ਼ਨਾਂ ਅਤੇ ਰਾਮ ਭੇਜੀ ਦੋ ਬੇਟੀਆਂ, ਗੋਪਾਲ ਸਿੰਘ ਅਤੇ ਰਾਮ ਸਿੰਘ ਦੋ ਬੇਟੇ। ਇਉਂ ਬਾਹਰੋਂ ਤਾਂ ਆਪ ਦੀ ਗ੍ਰਹਿਸਤ ਰੂਪੀ ਗੱਡੀ ਭਾਵੇਂ ਠੀਕ ਪਟੜੀ ਤੇ ਚਲਦੀ ਨਜ਼ਰ ਆ ਰਹੀ ਸੀ, ਲੇਕਿਨ ਅੰਦਰੋਂ ਦਿਨ ਪਰ ਦਿਨ ਖੋਖਲੀ ਹੁੰਦੀ ਜਾ ਰਹੀ ਸੀ। ਆਪ ਮਨੁੱਖ ਜਨਮ ਦੀ ਅਹਿਮੀਅਤ ਨੂੰ ਅੱਛੀ ਤਰ੍ਹਾਂ ਸਮਝਦੇ ਹੋਏ ਜਾਣਦੇ ਸਨ ਕਿ ਭਾਵੇਂ ਕੋਈ ਬਾਦਸ਼ਾਹੀ ਦੇ ਸੁੱਖ ਵੀ ਕਿਉਂ ਨਾ ਭੋਗ ਰਿਹਾ ਹੋਵੇ, ਪ੍ਰੰਤੂ ਆਤਮ ਧਨ ਤੋਂ ਸੱਖਣਾ ਮਨੁੱਖ ਕੰਗਾਲ ਹੀ ਹੈ। ਇਸ ਲਈ ਆਪ ਦਾ ਮਨ ਹਮੇਸ਼ਾ ਇਸੇ ਉਡੀਕ ਵਿੱਚ ਰਹਿੰਦਾ ਕਿ ਕਦੋਂ ਆਵੇ ਜਦੋਂ ਇਸ ਕੰਗਾਲੀ ਦੇ ਦੇਸ਼ ਵਿੱਚੋਂ ਉਡਾਰੀ ਮਾਰਕੇ

ਕਿਸੇ ਆਤਮ ਧਨ ਦੇ ਸ਼ਾਹ ਕੋਲ ਜਾ ਨੌਕਰੀ ਕਰੀਏ। ਜਿਥੋਂ ਨਾਮ ਧਨ ਰੂਪੀ ਹੀਰੇ ਜਵਾਹਰਾਤ ਅਤੇ ਬ੍ਰਹਮ ਗਿਆਨ ਰੂਪੀ ਲਾਲ ਪ੍ਰਾਪਤ ਕਰਕੇ ਜਨਮ ਮਰਨ ਆਦਿ ਕੈਦ ਅਤੇ ਹਰਖ ਸ਼ੋਕ ਰੂਪ ਆਦਿ ਕੰਗਾਲੀ ਤੋਂ ਹਮੇਸ਼ਾਂ ਵਾਸਤੇ ਛੁਟਕਾਰਾ ਹਾਸਲ ਕਰ ਲਈਏ।

ਇਸ ਪ੍ਰਕਾਰ ਅੰਦਰੋਂ ਘੁਣ ਖਾਧੀ ਲੱਕੜੀ ਕਿੰਨੇ ਕੁ ਦਿਨ ਸਥਿਰ ਰਹਿ ਸਕਦੀ ਸੀ ? ਆਖਰ 1920 ਈ: ਦੇ ਕਰੀਬ ਘਰ ਪਰਿਵਾਰ ਅਤੇ ਸੱਕੇ ਸਨਬੰਧੀਆਂ ਨੂੰ ਹਮੇਸ਼ਾਂ ਲਈ ਅਲਵਿਦਾ ਕਹਿ ਕੇ ਕਿਸੇ ਪੂਰਨ ਪੁਰਸ਼ ਦੀ ਤਲਾਸ਼ ਵਿੱਚ ਘਰੋਂ ਚੱਲ ਪਏ। ਕਾਫੀ ਦੇਰ ਭ੍ਰਮਣ ਕਰਨ ਤੋਂ ਬਾਅਦ ਇਕ ਨਿਰਮਲੇ ਸੰਤ ਨਾਰਾਇਣ ਸਿੰਘ ਜੀ ਲਾਇਲਪੁਰ ਵਾਲਿਆਂ ਨਾਲ ਮਿਲਾਪ ਹੋ ਗਿਆ। ਕੁਝ ਦਿਨ ਕੋਲ ਰਹਿ ਕੇ ਸੇਵਾ ਕਰਦਿਆਂ ਮਨ ਵਿੱਚ ਸ਼ਰਧਾ ਹੋ ਆਈ। ਪੂਰਬ ਦੇ ਸੰਜੋਗ ਮੁਤਾਬਿਕ ਉਨ੍ਹਾਂ ਤੋਂ ਗੁਰ ਦੀਖਿਆ ਪ੍ਰਾਪਤ ਕਰਕੇ ਸ਼ਿਸ਼ ਭਾਵ ਗ੍ਰਹਿਣ ਕੀਤਾ। ਇਸ ਪ੍ਰਕਾਰ ਗੁਰ ਉਪਦੇਸ਼ ਦੀ ਕਮਾਈ ਕਰਦਿਆਂ ਨੇ ਦੂਰ-ਦੂਰ ਦੇ ਪੁਰਾਤਨ ਤੀਰਥ ਅਸਥਾਨਾਂ ਜਿਵੇਂ ਦੱਖਣ ਵਿੱਚ ਰਮੇਸ਼ਵਰ, ਦੁਆਰਕਾ ਅਤੇ ਸ੍ਰੀਨਗਰ ਕਸ਼ਮੀਰ ਆਦਿ ਦੀ ਪੈਦਲ ਯਾਤਰਾ ਕੀਤੀ। ਇਸ ਸਮੇਂ ਦੌਰਾਨ ਜਿਥੇ ਆਪ ਨੇ ਭੁੱਖ ਪਿਆਸ ਦੇ ਕਸ਼ਟ ਸਹਾਰ ਕੇ ਸਖਤ ਘਾਲਣਾ ਕੀਤੀ, ਉਥੇ ਪਰਮਾਰਥ ਪੰਧ ਦੇ ਵੱਡੇ-ਵੱਡੇ ਜਾਣੂ ਮਹਾਂਪੁਰਖਾਂ ਨੂੰ ਵੀ ਮਿਲੇ।

ਇਤਨੀ ਸਖ਼ਤ ਘਾਲਣਾ ਘਾਲ ਕੇ ਅਤੇ ਆਤਮ ਧਨ ਨਾਲ ਮਾਲਾ ਮਾਲ ਸ਼ਾਹਾਂ ਨੂੰ ਮਿਲਣ ਦੇ ਬਾਵਜੂਦ ਵੀ ਆਪ ਅੰਦਰੋਂ ਅਜੇ ਕੁਣ ਕਮੀ, ਕੁਝ ਸੱਖਣਾਪਣ ਮਹਿਸੂਸ ਕਰ ਰਹੇ ਸਨ। ਉਧਰ ਸਰੀਰ ਦੀ ਬਿਰਧ ਅਵੱਸਥਾ ਵੀ ਇਉਂ ਨੇੜੇ-ਨੇੜੇ ਆ ਰਹੀ ਸੀ ਜਿਵੇਂ ਬਰਸਾਤਾਂ ਤੋਂ ਬਾਅਦ ਪਤਝੜ।

ਪੈਦਲ ਯਾਤਰਾ ਦਾ ਸਫ਼ਰ, ਭੁੱਖ, ਪਿਆਸ ਦੇ ਫਾਕੇ ਅਤੇ ਹੱਠ ਨਾਲ ਕੀਤੀ ਸਖ਼ਤ ਘਾਲਣਾ ਨੇ ਸਰੀਰ ਨੂੰ ਹੋਰ ਕ੍ਰਿਸ਼ ਕਰ ਦਿੱਤਾ ਸੀ। ਗੱਲ ਕੀ ਮਨ ਅਤੇ ਸਰੀਰ ਨੂੰ ਹੋਰ ਘਾਲਣਾ ਵਿੱਚ ਪਾਉਣ ਦੀ ਰਤੀ ਭਰ ਵੀ ਗੁੰਜਾਇਸ਼ ਨਹੀਂ ਸੀ। ਸੰਸਾਰ ਰੂਪ ਕਿਨਾਰਾ ਬਹੁਤ ਪਿੱਛੇ ਰਹਿ ਚੁੱਕਿਆ ਸੀ, ਅਗਲੇ ਕਿਨਾਰੇ ਦਾ ਅਜੇ ਵਿਸ਼ਵਾਸ਼ ਨਹੀਂ ਸੀ ਆ ਰਿਹਾ। ਤੁਲਸੀ ਕ੍ਰਿਤ ਰਾਮਾਇਣ ਦੀਆਂ ਪ੍ਰੇਮ ਸੰਬੰਧੀ ਚੌਪਈਆਂ ਪੜ੍ਹ-ਪੜ੍ਹ ਕੇ ਨੇਤਰ ਹਮੇਸ਼ਾਂ ਹੰਝੂਦਾਰ ਹੋਏ ਰਹਿੰਦੇ। ਬ੍ਰਿਹਾਂ ਦੀ ਅਗਨੀ ਇਤਨੀ ਪ੍ਰਜ੍ਵਲਤ ਹੋ ਚੁੱਕੀ ਸੀ ਕਿ ਉਸਨੇ ਸੰਸਾਰ ਰੂਪੀ ਕੂੜਾ ਕਰਕਟ ਤਾਂ ਸਾਰਾ ਸਾੜ ਕੇ ਸੁਆਹ ਕਰ ਹੀ ਦਿੱਤਾ ਸੀ, ਲੇਕਿਨ ਸਾਵਨ ਦੇ ਜਲ ਨਾਲ ਭਰਪੂਰ ਬੱਦਲ ਅਜੇ ਕਿਤੇ ਨਜ਼ਰ ਨਹੀਂ ਸੀ ਆ ਰਿਹਾ ਜੋ ਬ੍ਰਿਹਾ ਅਗਨੀ ਨਾਲ ਤਪ ਰਹੀ ਹਿਰਦੇ ਰੂਪੀ ਭੂਮੀ ਨੂੰ ਵਰਸ ਕੇ ਸ਼ਾਂਤ ਕਰ ਦਿੰਦਾ। ਐਸੀ ਅਸਹਿ ਪਰ ਬੇ-ਕੀਮਤੀ ਅਵੱਸਥਾ ਤੇ ਰੀਝ ਕੇ ਅਕਾਲ ਪੁਰਖ ਵਾਹਿਗੁਰੂ ਨੇ ਨਿਰਗੁਨ ਤੋਂ ਸਰਗੁਨ ਯਾਨੀ ਮਹਾਰਾਜ ਨਿੱਕਾ ਸਿੰਘ ਜੀ ਦਾ ਰੂਪ ਧਾਰਣ ਕਰਕੇ ਉਪਦੇਸ਼ ਰੂਪੀ ਐਸੀ ਜ਼ੋਰਦਾਰ ਬਾਰਸ਼ ਕੀਤੀ ਤੇ ਸੰਤ ਭਗਤ ਸਿੰਘ ਜੀ ਦਾ ਹਿਰਦਾ ਪ੍ਰੇਮ ਨਾਲ ਲਬਾ-ਲਬ ਭਰਕੇ ਬਾਹਰ ਚਾਰੋਂ ਤਰਫ ਨੂੰ ਉਛਾਲੇ ਮਾਰ ਕੇ ਪ੍ਰੇਮ ਇਉਂ ਵਹਿ ਤੁਰਿਆ, ਜਿਵੇਂ ਭਰਵੀਂ ਬਰਸਾਤ ਤੋਂ ਬਾਅਦ ਛੋਟੇ ਵੱਡੇ ਛੱਪੜ ਪਾਣੀ ਨਾਲ ਭਰ ਕੇ ਚਾਰੋਂ ਤਰਫ ਨੂੰ ਵਹਿ ਤੁਰਦੇ ਹਨ। ਹਿਰਦੇ ਦੇ ਅੰਦਰੋਂ ਅਤੇ ਬਾਹਰੋਂ ਤੂੰ-ਹੀ, ਤੂੰ-ਹੀ ਦੀ ਆਵਾਜ਼ ਇਕ ਰਸ ਇਉਂ ਸੁਣਾਈ ਦੇ ਰਹੀ ਹੈ ਜਿਵੇਂ ਸਾਵਨ ਦੇ ਮਹੀਨੇ ਪਹਿਲੀ ਜ਼ੋਰਦਾਰ ਬਾਰਸ਼ ਤੋਂ ਬਾਅਦ ਟਿਕੀ ਰਾਤ ਵਿੱਚ ਡੱਡੂ (ਮੇਂਡਕਾਂ) ਦੀਆਂ ਆ ਰਹੀਆਂ ਇਕ ਰਸ ਆਵਾਜ਼ਾਂ ਦੀ ਘਨਕੋਰ ਵਿੱਚ ਦੂਸਰੀਆਂ ਸਭ ਆਵਾਜ਼ਾਂ ਮੱਠੀਆਂ ਪੈ ਜਾਂਦੀਆਂ ਹਨ। ਅੰਦਰੋਂ ਸੱਖਣਾਪਣ ਸਭ ਭਰ ਗਿਆ-*ਜਤ ਦੇਖਾਂ ਤਤ ਤੂ ਵਾਲੀ* ਅਵੱਸਥਾ ਘਟਤ ਹੋ ਗਈ। ਇਹੀ ਇਕ ਰਾਜ਼ ਸੀ ਉਨ੍ਹਾਂ ਵੱਲੋਂ ਮਹਾਰਾਜ ਨਿੱਕਾ ਸਿੰਘ ਜੀ ਉਪਰੋਂ ਪੂਰੀ ਜ਼ਿੰਦਗੀ ਤਨ-ਮਨ ਕਰਕੇ ਵਾਰਨੇ ਬਲਿਹਾਰਨੇ ਜਾਣ ਦਾ।*

---

* *ਇਕ ਦਫਾ ਰਾਤ ਦੇ ਸਮੇਂ ਵਿਰੱਕਤ ਮਹਾਰਾਜ ਨਿੱਕਾ ਸਿੰਘ ਜੀਆਂ ਦੇ ਪਵਿੱਤਰ ਚਰਨਾਂ ਵਿੱਚ ਬੈਠੇ ਉਨ੍ਹਾਂ ਦੇ ਪਰਮ ਸ਼ਿਸ਼ ਮਹੰਤ ਰਾਮ ਸਿੰਘ ਜੀਆਂ ਨੇ ਬੇਨਤੀ ਕੀਤੀ, ਮਹਾਰਾਜ! ਸੰਤ ਭਗਤ ਸਿੰਘ ਜੀਆਂ ਨੂੰ ਕਰਨਾਲ ਦੀ ਕਿੰਨੀ ਸੰਗਤ ਮੰਨਦੀ ਪੂਜਦੀ ਹੈ, ਲੇਕਿਨ ਜਦੋਂ ਆਪ ਜੀ ਕਤਦੇ ਛੋਟੀ ਕੁਟੀਆ ਜਾਂਦੇ ਹੋ, ਤਾਂ ਉਨ੍ਹਾਂ ਨੂੰ ਹੱਥਾਂ ਪੈਰਾਂ ਦੀ ਪੈ ਜਾਂਦੀ ਹੈ। ਕਿਥੇ ਬਿਠਾਈਏ, ਕਿਹੜਾ ਕੱਪੜਾ ਹੇਠਾਂ ਵਿਛਾਈਏ, ਕਿਹੜੇ ਸ਼ਬਦਾਂ ਨਾਲ ਪ੍ਰਣਾਮ ਕਰੀਏ ਇਤਿਆਦਿਕ ਗੱਲਾਂ ਮਨ ਵਿੱਚ ਸੋਚਦਿਆਂ ਪ੍ਰੇਮ ਵਿੱਚ ਆ ਕੇ ਉਨ੍ਹਾਂ ਦੀ ਹਾਲਤ ਬਾਉਰਿਆਂ ਵਰਗੀ ਹੋ ਜਾਂਦੀ ਹੈ। ਆਪਣੇ-ਆਪ ਨੂੰ ਇਉਂ ਸਮਝਦੇ ਹਨ ਜਿਵੇਂ ਕੀੜੀ ਦੇ ਘਰ ਨਾਰਾਇਣ ਆਇਆ ਹੋਵੇ ਜਦੋਂ ਕਿ ਵਾਸੀ ਉਹ ਵੀ ਆਪ ਦੇ ਦੇਸ਼ ਦੇ ਹੀ ਹਨ; ਫਿਰ ਐਸਾ ਕਿਉਂ ? ਵਿਰੱਕਤ ਮਹਾਰਾਜ ਨਿੱਕਾ ਸਿੰਘ ਜੀ ਬੋਲੇ, ਓ ਭਾਈ! ਉਨ੍ਹਾਂ ਨੂੰ ਸਾਡੇ ਤੋਂ ਕੁਝ ਥੌਹ ਲੱਗਿਆ ਹੈ।*

## ਸੰਤ ਦਰਸ਼ਨ ਸਿੰਘ ਜੀ ਵਿਰੱਕਤ

ਸ੍ਰੀਮਾਨ ਸੰਤ ਦਰਸ਼ਨ ਸਿੰਘ ਜੀ ਦਾ ਜਨਮ ਸੰਨ 1915 ਈ: ਦੇ ਕਰੀਬ ਪਿਤਾ ਸਰਦਾਰ ਰਲਾ ਸਿੰਘ, ਪਿੰਡ ਚੱਕ ਮੱਲਾਂ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਹੋਇਆ। ਇਹ ਪਿੰਡ ਚੱਕ ਮੱਲਾ ਹੁਸ਼ਿਆਰਪੁਰ ਚੰਡੀਗੜ੍ਹ ਰੋਡ ਤੇ ਹੁਸ਼ਿਆਰਪੁਰ ਤੋਂ ਬਾਰਾਂ ਕੁ ਕਿਲੋਮੀਟਰ ਦੂਰ ਚੰਡੀਗੜ੍ਹ ਵਾਲੇ ਪਾਸੇ ਮੇਨ ਰੋਡ ਤੋਂ ਦੋ ਕੁ ਕਿਲੋਮੀਟਰ ਪਿੱਛੇ ਹੱਟਕੇ ਸਥਿਤ ਹੈ। ਸਰਦਾਰ ਰਲਾ ਸਿੰਘ ਜੀ ਚੌਹਾਨ ਗੋਤ ਦੇ ਰੱਜਦੇ ਪੁਜਦੇ ਜ਼ਿਮੀਂਦਾਰ ਸਨ। ਇਨ੍ਹਾਂ ਦੇ ਦੋ ਸਪੁੱਤਰ ਵੱਡਾ ਜਵਾਲਾ ਸਿੰਘ ਜੀ ਅਤੇ ਛੋਟਾ ਦਰਸ਼ਨ ਸਿੰਘ ਜੀ ਸਨ। ਦਰਸ਼ਨ ਸਿੰਘ ਜੀ ਬਚਪਨ ਤੋਂ ਹੀ ਪਰਮਾਰਥੀ ਖਿਆਲਾਂ ਦੇ ਹੋਣ ਕਰਕੇ ਸਤਿਸੰਗ, ਸੰਤ ਸੇਵਾ ਆਦਿਕ ਉੱਤਮ ਕਾਰਜਾਂ ਵਿੱਚ ਜ਼ਿਆਦਾ ਰੁੱਚੀ ਰੱਖਦੇ ਸਨ। ਯਾਨੀ **ਮਿਲ ਸਾਧ ਸੰਗਤ ਭਜੁ ਕੇਵਲ ਨਾਮ** ਵਾਲਾ ਬੇ-ਕੀਮਤਾ ਨੁਸਖਾ ਮਨ ਵਿੱਚ ਬਚਪਨ ਤੋਂ ਕਾਫੀ ਦ੍ਰਿੜ ਸੀ। ਅੱਠਵੀਂ ਜਮਾਤ ਤੱਕ ਵਿਦਿਆ ਆਪ ਨੇ ਪਿੰਡ ਦੇ ਸਕੂਲ ਵਿੱਚ ਹੀ ਪ੍ਰਾਪਤ ਕੀਤੀ, ਉਪਰੰਤ ਆਪ ਦਾ ਮਨ ਸੰਸਾਰ ਵੱਲੋਂ ਉਚਾਟ ਹੋ ਗਿਆ। ਚੱਕ ਮੱਲਾਂ ਤੋਂ ਤਿੰਨ ਕੁ ਕਿਲੋਮੀਟਰ ਦੂਰ ਪਿੰਡ ਛੋਟੀ ਲੈਹਲੀ ਇਕ ਵਿਰੱਕਤ ਮਹਾਤਮਾ ਸ੍ਰੀਮਾਨ ਸੰਤ ਵਸਾਵਾ ਸਿੰਘ ਜੀ ਕੁਟੀਆ ਵਿੱਚ ਰਹਿੰਦੇ ਸਨ, ਉਨ੍ਹਾਂ ਦੇ ਚਰਨਾਂ ਵਿੱਚ ਪਹੁੰਚ ਕੇ ਸੇਵਾ ਕਰਨ ਲੱਗ ਗਏ। ਸ੍ਰੀਮਾਨ ਸੰਤ ਵਸਾਵਾ ਸਿੰਘ ਜੀ ਪੂਰਨ ਪੁਰਸ਼ ਸਿੱਧ ਜੋਗੀ ਮਹਾਤਮਾ ਸਨ।

ਉਨ੍ਹਾਂ ਦੇ ਪਵਿੱਤਰ ਚਰਨਾਂ ਦੀ ਸੇਵਾ ਕਰਦਿਆਂ ਜਦ ਕੁਝ ਸਮਾਂ ਬਤੀਤ ਹੋਇਆ, ਤਾਂ ਸੰਤ ਵਸਾਵਾ ਸਿੰਘ ਜੀ ਨੇ ਖੁਸ਼ ਹੋ ਕੇ ਉਪਦੇਸ਼ ਦੀ ਬਖਸ਼ਿਸ਼ ਕਰਕੇ ਪਰਮਾਰਥ ਦੇ ਰਾਹ ਪਾ ਦਿੱਤੇ। ਸੰਤ ਵਸਾਵਾ ਸਿੰਘ ਜੀ ਤਾਂ ਕੁਝ ਦੇਰ ਬਾਅਦ ਕਿਸੇ ਸੰਜੋਗ ਵਸ ਜਾਂ ਅਨਜਲ ਦੀ ਪ੍ਰੇਰਨਾ ਤੇ ਆਪਣੀ ਵਿਰੱਕਤੀ ਠਾਠ ਵਿੱਚ ਲੈਹਲੀ ਤੋਂ ਸੀਂਗੜੀਵਾਲਾ ਜੋ ਜਲੰਧਰ ਰੋਡ ਤੇ ਹੁਸ਼ਿਆਰਪੁਰ ਤੋਂ ਤਿੰਨ ਕੁ ਕਿਲੋਮੀਟਰ ਦੀ ਦੂਰੀ ਦੇ ਸਥਿਤ ਹੈ ਚਲੇ ਗਏ। ਸੰਤ ਵਸਾਵਾ ਸਿੰਘ ਜੀ ਦਾ ਜਨਮ ਨਗਰ *ਡਗਾਣਾ* ਵੀ ਸੀਂਗੜੀ ਵਾਲਾ ਤੋਂ ਦੋ ਕੁ ਕਿਲੋਮੀਟਰ ਦੀ ਦੂਰੀ ਤੇ ਨਾਲ ਹੀ ਸਥਿਤ ਹੈ। ਲੇਕਿਨ ਸੰਤ ਦਰਸ਼ਨ ਸਿੰਘ ਜੀ ਕੁਝ ਸਮਾਂ ਇਸੇ ਨਗਰ ਛੋਟੀ ਲੈਹਲੀ ਕੁਟੀਆ ਹੀ ਟਿਕੇ ਰਹੇ। ਪ੍ਰਸ਼ਾਦਾ ਰੋਜ਼ ਭਿੱਖਿਆ ਕਰਕੇ ਛਕਦੇ, ਕਦੇ-ਕਦੇ ਆਪਣੇ ਜਨਮ ਨਗਰ *ਚੱਕ ਮੱਲਾਂ* ਵੀ ਮਧੂਕੜੀ ਕਰਨ ਜਾਂਦੇ। ਉਥੇ ਵੀ ਕਿਸੇ ਦੇ ਘਰ ਬੈਠ ਕੇ ਨਾ ਛਕਦੇ, ਸਗੋਂ ਜਿਸ ਘਰ ਤੋਂ ਪ੍ਰਸ਼ਾਦਾ ਲਿਆ, ਉਸਦੇ ਅੱਗੇ ਗਲੀ ਵਿੱਚ ਖੜ ਕੇ ਛੱਕ ਲੈਂਦੇ।

ਹੁਣ ਕੋਈ ਪੁਰਾਤਨ ਸੰਜੋਗ ਸਫੁਟ ਹੋਇਆ, 1938 ਦਾ ਹਰਦੁਆਰ ਕੁੰਭ ਮੇਲਾ ਆ ਗਿਆ। ਆਪ ਆਪਣੀ ਵਿਰੱਕਤੀ ਠਾਠ ਵਿੱਚ ਵਿਚਰਦੇ ਕੁੰਭ ਮੇਲੇ ਦੇ ਦਰਸ਼ਨ ਕਰਨ ਲਈ ਹਰਦੁਆਰ ਪਹੁੰਚੇ। ਇਥੇ ਕੋਈ ਗੂੜ੍ਹੇ ਪੁਰਾਤਨ ਸੰਜੋਗ ਵਸ ਪਰਮ ਪੂਜਨੀਕ ਸ੍ਰੀਮਾਨ ੧੦੮ ਸੰਤ ਬਾਬਾ ਨਿੱਕਾ ਸਿੰਘ ਵਿਰੱਕਤ ਮਹਾਰਾਜ ਜੀ ਨਾਲ ਪਹਿਲਾ ਮਿਲਾਪ ਹੋਇਆ। ਮਿਲਾਪ ਕੀ ਹੋਇਆ ਫਿਰ ਤਾਂ ਪੂਰੀ ਜ਼ਿੰਦਗੀ ਲਈ ਮਾਨੋਂ ਉਨ੍ਹਾਂ ਦੇ ਹੀ ਹੋ ਗਏ। ਵਿਰੱਕਤ ਮਹਾਰਾਜ ਜੀਆਂ ਨਾਲ ਪੂਰੀ ਜ਼ਿੰਦਗੀ ਪੂਰਨ ਵਿਰੱਕਤੀ ਠਾਠ ਵਿੱਚ ਵਿਚਰਨਾ ਅਤੇ ਪੂਰਨ ਤੌਰ ਤੇ ਹੁਕਮ ਵਿੱਚ ਰਹਿਣਾ ਇਤਿਆਦਿਕ ਜੀਵਨ ਦੇ ਕੌਤਕ ਇਸ਼ਾਰੇ ਮਾਤਰ ਪੂਜਯ ਵਿਰੱਕਤ ਮਹਾਰਾਜ ਜੀਆਂ ਦੀ ਜੀਵਨ ਲੀਲਾ ਵਿੱਚ ਸਮੇਂ-ਸਮੇਂ ਅੱਗੇ ਵਰਨਣ ਹੁੰਦੇ ਰਹਿਣਗੇ।

## ਪਿੰਡ ਅਸਰਪੁਰ

ਪਹਿਲੇ ਸਮੇਂ ਸਾਡੇ ਦੇਸ਼ ਵਿੱਚ ਹੁਣ ਵਾਂਗ ਪੱਕੀਆਂ ਸੜਕਾਂ ਨਹੀਂ ਹੁੰਦੀਆਂ ਸਨ, ਅਤੇ ਨਾ ਹੀ ਬੱਸਾਂ ਆਦਿ ਦਾ ਕੋਈ ਪ੍ਰਬੰਧ ਹੁੰਦਾ ਸੀ। ਖੇਤਾਂ ਵਿੱਚ ਦੀ ਖੁੱਲੀਆਂ-ਖੁੱਲੀਆਂ ਪਗ ਡੰਡੀਆਂ, ਜਾਂ ਫਿਰ ਖੁੱਲ੍ਹੇ-ਖੁੱਲ੍ਹੇ ਕੱਚੇ ਰਸਤੇ ਹੁੰਦੇ ਸਨ। ਆਮ ਲੋਕ ਪੜ੍ਹੇ ਲਿਖੇ ਵੀ ਜ਼ਿਆਦਾ ਨਹੀਂ ਹੁੰਦੇ ਸਨ। ਭੋਲੇ-ਭਾਲੇ ਅਨਪੜ੍ਹ ਅਤੇ ਛਲ ਕਪਟ ਤੋਂ ਰਹਿਤ ਸਿੱਧੇ-ਸਾਦੇ ਪੇਂਡੂ ਲੋਕ ਇਨ੍ਹਾਂ ਕੱਚੇ ਰਸਤਿਆਂ ਵਿੱਚੋਂ ਗੁਜ਼ਰ ਕੇ ਆਪਣੀ ਜ਼ਿੰਦਗੀ ਦਾ ਸਫਰ ਪੂਰਾ ਕਰਿਆ ਕਰਦੇ ਸਨ। ਇਕ ਸ਼ਹਿਰ ਤੋਂ ਦੂਸਰੇ ਸ਼ਹਿਰ ਤੱਕ ਦਾ ਛੋਟਾ ਮੋਟਾ ਵਿਉਪਾਰ ਵੀ ਬੈਲ ਗਡੀਆਂ, ਗੱਡਿਆਂ ਰਾਹੀਂ ਇਨ੍ਹਾਂ ਰਾਹਾਂ ਤੇ ਹੀ ਹੁੰਦਾ ਸੀ। ਅਜਿਹਾ ਸੀ ਇਕ ਰਸਤਾ ਅੰਬਾਲਾ ਸ਼ਹਿਰ ਤੋਂ ਜੋ ਕਾਫੀ ਖੁੱਲੇ ਚੌੜੇ ਰੂਪ ਵਿੱਚ ਲਹਿੰਦੇ ਵੱਲ ਨੂੰ ਮੰਜੌਲੀ ਬਘੌਰਾ, ਸਿਆਲੂ, ਭਟਮਾਜਰਾ, ਚਪੜਸੀਲ, ਜੋਗੀਪੁਰ, ਅਸਰਪੁਰ ਅਤੇ ਚੌਰਾ ਆਦਿਕ ਪਿੰਡਾਂ ਨੂੰ ਹੁੰਦਾ ਹੋਇਆ ਵੀਹ-ਪੰਜੀ ਮੀਲ ਦਾ ਸਫਰ ਤੈਅ ਕਰਕੇ ਪਟਿਆਲੇ ਸ਼ਹਿਰ ਪਹੁੰਚਤਦਾ ਸੀ। ਪਟਿਆਲਾ ਤੋਂ ਅੰਬਾਲੇ ਸ਼ਹਿਰ ਨੂੰ ਮਿਲਾਉਣ ਵਾਲਾ ਸਭ ਤੋਂ

ਸਿੱਧਾ ਰਸਤਾ ਇਹ ਹੀ ਸੀ। ਉਸ ਇਲਾਕੇ ਦੀ ਧਰਤੀ ਜ਼ਿਆਦਾ ਚੀਕਨੀ ਹੋਣ ਕਰਕੇ ਬਰਸਾਤਾਂ ਦੇ ਦਿਨਾਂ ਵਿੱਚ ਦੋ ਤਿੰਨ ਮਹੀਨੇ ਲਈ ਇਸ ਮਾਰਗ ਤੇ ਆਵਾਜਾਈ ਕੁਝ ਘੱਟ ਹੋ ਜਾਂਦੀ ਸੀ, ਲੇਕਿਨ ਬਾਕੀ ਦੇ ਨੌ ਮਹੀਨੇ ਦਿਨ ਰਾਤ ਆਵਾਜਾਈ ਬਣੀ ਰਹਿੰਦੀ ਸੀ।

ਇਹ ਰਾਹ ਆਪਣੇ ਪਰਉਪਕਾਰੀ ਸੁਭਾ ਅਨੁਸਾਰ ਜਿਥੇ ਸੰਸਾਰ ਦੇ ਲੋਕਾਂ ਨੂੰ ਵਿਵਹਾਰਕ ਕਾਰਜਾਂ ਦੀ ਪੂਰਤੀ ਲਈ ਆਉਣ ਜਾਣ ਦਾ ਮਾਰਗ ਦਰਸ਼ਨ ਕਰਦਾ ਸੀ ਅਤੇ ਵਾਪਾਰੀ ਲੋਕਾਂ ਦੇ ਵਾਪਾਰਕ ਕਾਰਜ ਵਿੱਚ ਵੀ ਪੂਰੀ ਤਰ੍ਹਾਂ ਸਹਾਈ ਹੋ ਰਿਹਾ ਸੀ, ਉਥੇ ਪੂਰਬ ਦੇ ਪੁੰਨ ਕਰਮ ਉਦਯ ਹੋਏ-ਹੋਏ ਵਡਭਾਗੇ ਲੋਕਾਂ ਦੇ ਵਾਪਾਰ ਕਾਰਜ ਵਿੱਚ ਵੀ ਵੱਡਾ ਸਹਾਇਕ ਸਾਬਤ ਹੋ ਰਿਹਾ ਸੀ। ਭਾਵੇਂ ਇਸ ਬੇ-ਕੀਮਤੇ ਵਖਰ ਦੇ ਵਾਪਾਰੀ ਬਹੁਤ ਨਹੀਂ ਹੋਇਆ ਕਰਦੇ, ਲੇਕਿਨ ਇਸ ਰਸਤੇ ਵੱਲੋਂ ਆਪਣੀ ਡਿਊਟੀ ਨਿਭਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਰੱਖੀ ਜਾਂਦੀ ਸੀ। ਕਿਹੜਾ ਹੈ ਉਹ ਵਡਮੁੱਲਾ ਵਾਪਾਰ, ਜਿਸਦੇ ਵਾਪਾਰੀ ਬਹੁਤੇ ਨਹੀਂ ਹੁੰਦੇ? ਕਿਤੇ ਉਹੀ ਤਾਂ ਨਹੀਂ, ਜਿਸ ਦੀ ਬਾਬਤ ਗੁਰੂ ਅਰਜਨ ਦੇਵ ਮਹਾਰਾਜ ਇਸ਼ਾਰਾ ਕਰਦੇ ਹਨ—

**ਇਹੁ ਵਾਪਾਰੁ ਵਿਰਲਾ ਵਾਪਾਰੈ॥ ਨਾਨਕ ਤਾ ਕੈ ਸਦ ਬਲਿਹਾਰੈ॥**

*(ਸੁਖਮਨੀ ਸਾਹਿਬ, ਪੰਨਾ-੨੮੩)*

ਯਥਾ — **ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ॥**
**ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ॥**
**ਧਨੁ ਵਾਪਾਰੀ ਨਾਨਕਾ ਭਾਇ ਮੇਲਿ ਕਰੇ ਵਾਪਾਰੁ॥**


*(ਸੋਰਠਿ ਮ: ੧, ਪੰਨਾ-੬੨੬)*

ਗੁਰੂ ਬਾਬਾ ਜੀ ਫੁਰਮਾਣ ਕਰਦੇ ਹਨ ਉਹ ਵਪਾਰੀ ਧੰਨ ਹੈ, ਭਾਈ! ਜੋ ਆਪਣੇ ਸਰੀਰ ਰੂਪੀ ਹੱਟ ਵਿੱਚੋਂ ਹੀ ਤਮਾਮ ਦੁੱਖਾਂ ਦੇ ਨਾਸ਼ਕ ਨਾਮ ਧਨ ਰੂਪੀ ਵੱਖਰ ਨੂੰ ਪ੍ਰਗਟ ਕਰ ਲੈਂਦਾ ਹੈ। ਐਸੀ ਮਹਾਨ ਵਸਤੂ ਦੇ ਵਿਰਲੇ ਵਪਾਰੀ ਇਸ ਪਟਿਆਲਾ ਅੰਬਾਲਾ ਵਾਲੇ ਸ਼ਾਹ ਰਾਹ ਤੇ ਪੰਜਾਬ ਵੱਲੋਂ ਹਰਦੁਆਰ ਰਿਸ਼ੀਕੇਸ਼ ਜਾਣ ਲਈ ਅਤੇ ਵਾਪਸ ਪੰਜਾਬ ਵਲ ਜਾਣ ਲਈ ਸਾਧੂ ਮਹਾਤਮਾ ਅਕਸਰ ਪੈਦਲ ਲੰਘਦੇ ਹੀ ਰਹਿੰਦੇ ਸਨ, ਕਦੇ ਵਿਰੱਕਤ ਮਹਾਤਮਾ ਮੰਡਲੀ ਦੇ ਰੂਪ ਵਿੱਚ ਕਦੇ ਇੱਕਲੇ, ਦਕੁੱਲੇ। ਜਿਥੇ ਰਾਤ ਪੈ ਜਾਣੀ ਉਥੇ ਹੀ ਗੁਜ਼ਾਰ ਲੈਣੀ, ਲੰਗਰ ਨੇੜੇ ਦੇ ਕਿਸੇ ਪਿੰਡ ਤੋਂ ਭਿੱਖਿਆ ਕਰਕੇ ਛਕ ਲੈਣਾ। ਇਸ ਪ੍ਰਕਾਰ ਇਸ ਰਾਹ ਤੇ ਸੰਸਾਰਕ ਅਤੇ ਪਰਮਾਰਥਕ ਧਨ ਦੇ ਵਪਾਰੀਆਂ ਦਾ ਆਮ ਆਉਣਾ ਜਾਣਾ ਬਣਿਆ ਰਹਿੰਦਾ ਸੀ। ਇਸ ਰਸਤੇ ਤੇ ਵਸਣ ਵਾਲੇ ਪਿੰਡਾਂ ਦੇ ਪੁੰਨਵਾਨ ਲੋਕਾਂ ਨੂੰ ਸੇਵਾ ਸਤਿਸੰਗ ਯਾਨੀ ਗੁਰਮੁਖ ਜਨਾਂ ਦੀ ਦੋਸਤੀ ਦਾ ਅਵਸਰ ਸਹਿਜੇ ਹੀ ਪ੍ਰਾਪਤ ਹੁੰਦਾ ਰਹਿੰਦਾ ਸੀ, ਜਿਸ ਦੀ ਬਾਬਤ ਫੁਰਮਾਣ ਹੈ।


**ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ॥**
**ਜੰਮਣ ਮਰਣ ਕਾ ਮੂਲੁ ਕਟੀਐ ਤਾਂ ਸੁਖੁ ਹੋਵੀ ਮਿਤ॥**

*(ਪੰਨਾ-੧੪੨੧)*

ਐਸੇ ਗੁਰਮੁਖ ਜਨਾਂ ਦੀ ਚਰਨ ਧੂੜੀ ਇਸ ਪਟਿਆਲਾ ਅੰਬਾਲਾ ਮਾਰਗ ਨੂੰ ਅਕਸਰ ਪ੍ਰਾਪਤ ਹੁੰਦੀ ਰਹਿੰਦੀ ਸੀ। ਇਸ ਰਾਹ ਤੇ ਅੰਬਾਲਾ ਤੋਂ ਪੰਦਰਾਂ ਕੁ ਮੀਲ ਲਹਿੰਦੇ ਵਲ ਅਤੇ ਪਟਿਆਲਾ ਤੋਂ ਛੇ ਕੁ ਮੀਲ ਚੜ੍ਹਦੇ ਵੱਲ ਇਕ ਪਿੰਡ ਵਸਦਾ ਹੈ ਅਸਰਪੁਰ। ਇਸ ਪਿੰਡ ਵਿੱਚ ਆਮ ਕਰਕੇ ਕੰਬੋਜ ਜਾਤੀ ਦੇ ਲੋਕ ਹੀ ਵਸਦੇ ਹਨ। ਇਸ ਪਿੰਡ ਤੋਂ ਕੋਈ ਮੀਲ ਕੁ ਦੀ ਵਿੱਥ ਤੇ ਉੱਤਰ ਵਾਲੇ ਪਾਸੇ ਪਟਿਆਲਾ, ਅੰਬਾਲਾ ਮਾਰਗ ਗੁਜ਼ਰਦਾ ਸੀ। ਮਾਰਗ ਤੋਂ ਕੁਝ ਕਦਮ ਪਿੱਛੇ ਹਟਕੇ ਇਕ ਖੂਹ ਸੀ ਜਿਸ ਉਪਰ ਵੱਡਾ ਭਾਰਾ ਬੋਹੜ ਦਾ ਬ੍ਰਿਛ ਲੱਗਿਆ ਹੋਇਆ ਸੀ। ਇਉਂ ਇਹ ਜਗ੍ਹਾ ਪਿੰਡ ਤੋਂ ਮੀਲ ਕੁ ਦੂਰ ਇਕਾਂਤ ਵੀ ਸੀ, ਅਤੇ ਪਾਣੀ ਅਤੇ ਛਾਂ ਦੀ ਜੀਵਨ ਲਈ ਕੁਝ ਸਹੂਲਤ ਵੀ ਸੀ। ਇਸ ਲਈ ਇਸ ਰਸਤੇ ਤੋਂ ਗੁਜ਼ਰਨ ਵਾਲੇ ਸਾਧੂ ਮਹਾਤਮਾ ਅਕਸਰ ਇੱਥੇ ਠਹਿਰ ਜਾਇਆ ਕਰਦੇ ਸਨ। ਇਹੀ ਵਜ੍ਹਾ ਸੀ ਅਸਰਪੁਰ ਪਿੰਡ ਦੇ ਲੋਕਾਂ ਦੇ ਸੰਤ ਸੇਵਾ ਅਤੇ ਸਤਿਸੰਗ ਦੇ ਬੀਜ ਕੁਝ ਪੁੰਗਰੇ ਹੋਏ ਸਨ। ਸੰਜੋਗ ਵੱਸ ਜਦੋਂ ਵੀ ਕੋਈ ਮਹਾਤਮਾ ਰਾਤ ਗੁਜ਼ਾਰਨ ਲਈ ਇਥੇ ਰੁਕਦਾ, ਤਾਂ ਇਹ ਲੋਕ ਬਹੁਤ ਪ੍ਰੇਮ ਨਾਲ ਸੇਵਾ ਕਰਦੇ।



ਪੂਜਯ ਸੰਤ ਨਿੱਕਾ ਸਿੰਘ ਜੀ ਮਹਾਰਾਜ



ਪੂਜਯ ਸੰਤ ਭਗਤ ਸਿੰਘ ਜੀ ਮਹਾਰਾਜ



ਸੰਤ ਦਰਸ਼ਨ ਸਿੰਘ ਜੀ ਮਹਾਰਾਜ



ਸੰਤ ਗੋਪਾਲ ਸਿੰਘ ਜੀ ਮਹਾਰਾਜ

ਜ਼ਿਕਰ 1940 ਈ: ਦੇ ਕਰੀਬ ਚੇਤ ਮਹੀਨੇ ਦਾ ਹੈ, ਜਦੋਂ ਇਨ੍ਹਾਂ ਲੋਕਾਂ ਦੇ ਨਿਸ਼ਕਾਮ ਪੁੰਨਾਂ ਅਤੇ ਦੈਵੀ ਗੁਣਾਂ ਦੀ ਪ੍ਰੇਰਨਾਂ ਦੇ ਪ੍ਰੇਰੇ ਸੰਤ ਮਹਾਰਾਜ ਨਿੱਕਾ ਸਿੰਘ ਜੀ ਵਿਰੱਕਤ ਅੰਬਾਲਾ ਤੋਂ ਪਟਿਆਲਾ ਵੱਲ ਨੂੰ ਜਾਂਦੇ ਹੋਏ, ਉਸ ਬੋਹੜ ਵਾਲੇ ਖੂਹ ਤੇ ਠਹਿਰ ਗਏ। ਇਸ ਪਿੰਡ ਦੇ ਕੁਝ ਬੰਦੇ ਜਿਹੜੇ ਕੋਈ ਡੰਗਰ ਚਰਾ ਰਿਹਾ ਸੀ, ਕੋਈ ਖੇਤ ਵਿੱਚ ਕੰਮ ਕਰਦਾ ਸੀ, ਆਪਣੇ ਸੰਤ ਸੇਵੀ ਸੁਭਾ ਮੁਤਾਬਿਕ ਕੋਈ ਸਾਧੂ ਆਇਆ ਦੇਖਕੇ ਖੂਹ ਤੇ ਪਹੁੰਚੇ, ਨਮਸ਼ਕਾਰ ਕੀਤੀ, ਖੂਹ ਗੇੜ ਕੇ ਜਲ ਛਕਾਇਆ, ਫਿਰ ਬੇਨਤੀ ਕੀਤੀ, ਮਹਾਰਾਜ! ਇਥੇ ਠਹਿਰੋ ਅਸੀਂ ਪਿੰਡੋਂ ਦੁੱਧ ਪ੍ਰਸ਼ਾਦਾ ਲਿਆਉਂਦੇ ਹਾਂ। ਹਜ਼ੂਰ ਬੋਲੇ, ਪ੍ਰੇਮੀਓ! ਰਾਤ ਤਾਂ ਇਥੇ ਹੀ ਠਹਿਰਨ ਦਾ ਵਿਚਾਰ ਹੈ, ਲੇਕਿਨ ਪ੍ਰਸ਼ਾਦਿ ਅਸੀਂ ਭਿੱਖਿਆ ਦਾ ਹੀ ਛੱਕਦੇ ਹਾਂ। ਆਪ ਨੇ ਬੋਹੜ ਦੇ ਹੇਠਾਂ ਹੀ ਆਸਣ ਲਾ ਲਿਆ। ਲੰਗਰ ਦਾ ਸਮਾਂ ਹੋਣ ਦੇ ਬੁੱਢਣ ਪੁਰ ਪਿੰਡ ਤੋਂ ਪ੍ਰਸ਼ਾਦਾ ਲੈ ਕੇ ਛੱਕ ਲਿਆ। ਰਾਤ ਨੂੰ ਅਸਰਪੁਰ ਦੇ ਕੁਝ ਪ੍ਰੇਮੀ ਦੁੱਧ ਲੈ ਕੇ ਆ ਗਏ, ਵੱਡੀ ਰਾਤ ਹੋਣ ਤੱਕ ਆਪ ਉਨ੍ਹਾਂ ਨੂੰ ਪਰਮਾਰਥ ਸੰਬੰਧੀ ਵਿਚਾਰਾਂ ਸੁਣਾਉਂਦੇ ਰਹੇ। ਉਹ ਸੱਜਣ ਕੁਝ ਐਸੇ ਪ੍ਰਭਾਵਤ ਹੋਏ, ਸਵੇਰੇ ਸਵਖਤੇ ਹੀ ਦੁੱਧ ਲੈ ਕੇ ਆ ਗਏ, ਬੇਨਤੀ ਕੀਤੀ, ਮਹਾਰਾਜ ਕੁਝ ਦਿਨ ਇਥੇ ਹੀ ਠਹਿਰੋ। ਉਨ੍ਹਾਂ ਦਾ ਪ੍ਰੇਮ ਦੇਖਕੇ ਅਤੇ ਚੰਗੀ ਇਕਾਂਤ ਜਾਣ ਕੇ ਆਪ ਨੇ ਬਚਨ ਕਰ ਦਿੱਤਾ, ਠੀਕ ਹੈ ਜਿਤਨੇ ਦਿਨ ਈਸ਼ੂਰ ਨੇ ਚਾਹਿਆ, ਰਹਾਂਗੇ। ਪ੍ਰੇਮੀਆਂ ਨੇ ਸਰਕੜੇ ਦੀ ਇੱਕ ਕੁੱਲੀ ਜਿਹੀ ਬਣਾ ਦਿੱਤੀ। ਆਪ ਇੱਕ ਵਕਤ ਨੇੜੇ ਦੇ ਕਿਸੇ ਪਿੰਡ ਤੋਂ ਪ੍ਰਸ਼ਾਦਾ ਲੈ ਕੇ ਛੱਕ ਆਉਂਦੇ। ਤਿੰਨ ਚਾਰ ਪਿੰਡ ਨੇੜੇ ਪੈਂਦੇ ਸਨ, ਜਿਵੇਂ ਅਸਰਪੁਰ, ਪੂਨੀਆਂ ਜੋਗੀਪੁਰ ਅਤੇ ਬੁੱਢਣਪੁਰ ਇਤਿਆਦਿਕ। ਦੋ ਚਾਰ ਦਿਨ ਇਕ ਪਿੰਡ ਤੋਂ ਲੰਗਰ ਛੱਕ ਆਉਂਦੇ, ਫਿਰ ਦੋ ਚਾਰ ਦਿਨ ਦੂਸਰੇ ਪਿੰਡ ਤੋਂ, ਇਸ ਪ੍ਰਕਾਰ ਵਾਰੀ ਨਾਲ ਜਾਂਦੇ ਸਨ। ਦਿਨ ਨੂੰ ਤੀਜੇ ਪਹਿਰ ਗੁਰਬਾਣੀ ਦੀ ਕਿਸੇ ਪੋਥੀ ਕੀ ਕਥਾ ਕਰਦੇ, ਜਿਸ ਨੂੰ ਸੁਨਣ ਲਈ ਸਹਿਜੇ-ਸਹਿਜੇ ਉਪਰੋਕਤ ਤਿੰਨਾਂ-ਚਾਰਾਂ ਪਿੰਡਾਂ ਦੇ ਲੋਕ ਆਉਣੇ ਸ਼ੁਰੂ ਹੋ ਗਏ। ਫਿਰ ਕੁਝ ਦਿਨਾਂ ਬਾਅਦ ਅਸਰਪੁਰ ਦੇ ਦੋ-ਤਿੰਨ ਸਿਆਣੀ ਉਮਰ ਦੇ ਬੰਦੇ ਰਾਤ ਨੂੰ ਵੀ ਕੋਲ ਰਹਿਣ ਲੱਗ ਪਏ ਉਨ੍ਹਾਂ ਨੂੰ ਰਾਤ ਨੂੰ ਪਰਮੇਸ਼ਰ ਸੰਬੰਧੀ ਕੁਝ ਬਚਨ ਸੁਣਾਉਂਦੇ ਰਹਿੰਦੇ। ਇਸ ਪ੍ਰਕਾਰ ਉਨ੍ਹਾਂ ਲੋਕਾਂ ਦੇ ਪ੍ਰੇਮਵਸ ਹੋਇਆਂ ਨੇ ਚੇਤ, ਵੈਸਾਖ ਅਤੇ ਜੇਠ ਆਦਿਕ ਤਿੰਨ ਮਹੀਨੇ ਇਥੇ ਹੀ ਗੁਜ਼ਾਰ ਦਿੱਤੇ।

ਹੁਣ ਆਪ ਨੇ ਇਥੋਂ ਅੱਗੇ ਨੂੰ ਜਾਣ ਦਾ ਸੰਕਲਪ ਕੀਤਾ। ਪ੍ਰੇਮੀਆਂ ਨੇ ਬੇਨਤੀ ਕੀਤੀ, ਮਹਾਰਾਜ! ਅਜੇ ਇਥੇ ਹੀ ਠਹਿਰੋ। ਆਪ ਬੋਲੇ, ਭਾਈ ਬਰਸਾਤ ਦਾ ਸਮਾਂ ਨੇੜੇ ਆ ਰਿਹਾ ਹੈ। ਇਹ ਜਗ੍ਹਾ ਬਰਸਾਤਾਂ ਵਿੱਚ ਠਹਿਰਨ ਵਾਲੀ ਨਹੀਂ ਹੈ, ਇਸ ਲਈ ਤੁਸੀਂ ਕਦੇ ਕਿਸੇ ਹੋਰ ਸਾਧੂ ਨੂੰ ਵੀ ਬਰਸਾਤ ਦੇ ਦਿਨਾਂ ਵਿੱਚ ਇਥੇ ਠਹਿਰਨ ਲਈ ਨਾ ਆਖਿਉ। ਅਸਰਪੁਰ ਦੇ ਕੁਝ ਪ੍ਰੇਮੀਆਂ ਨੇ ਨਾਮ ਲਈ ਅਰਜ਼ ਕੀਤੀ, ਆਪ ਨੇ ਦਿਆਲਤਾਂ ਦੇ ਘਰ ਆ ਕੇ ਭਗਤ ਸਿੰਘ, ਅਤਰ ਸਿੰਘ, ਪ੍ਰਤਾਪ ਸਿੰਘ, ਸੰਪੂਰਨ ਸਿੰਘ, ਹਰਦਮ ਸਿੰਘ ਅਤੇ ਹਰਦਿਆਲ ਸਿੰਘ ਆਦਿਕ ਪ੍ਰੇਮੀਆਂ ਨੂੰ ਨਾਮ ਦੀ ਬਖਸ਼ਿਸ਼ ਕੀਤੀ, ਨਾਲ ਹੀ ਅਭਿਆਸ ਦਾ ਤਰੀਕਾ ਦੱਸਿਆ, ਕਿ ਸੁਆਸ ਜਦੋਂ ਉੱਪਰ ਨੂੰ ਜਾਵੇ, ਸਤਿਨਾਮ, ਜਦੋਂ ਹੇਠਾਂ ਆਵੇ ਵਾਹਿਗੁਰੂ ਜਪਣਾ। ਇਸ ਪ੍ਰਕਾਰ ਉਪਦੇਸ਼ ਦੇ ਕੇ ਬਚਨ ਦਿੱਤਾ, ਜਿਸ ਵਕਤ ਇੱਧਰ ਦੁਬਾਰਾ ਆਏ, ਕੋਈ ਸਾਧੂ ਨਾਲ ਲੈ ਕੇ ਆਵਾਂਗੇ, ਜੋ ਤੁਹਾਨੂੰ ਗੁਰਬਾਣੀ ਪੜ੍ਹਾਵੇਗਾ। ਜਦੋਂ ਤੁਰਨ ਲੱਗੇ ਕੁਝ ਪ੍ਰੇਮੀਆਂ ਨੇ ਅਰਜ਼ ਕੀਤੀ, ਮਹਾਰਾਜ, ਸਾਨੂੰ ਵੀ ਨਾਮ ਦੀ ਦਾਤ ਬਖਸ਼ਿਸ਼ ਕਰ ਦਿਉ! ਹਜ਼ੂਰ ਬੋਲੇ, ਹੁਣ ਸਮਾਂ ਨਹੀਂ ਹੈ, ਤੁਸੀਂ ਸਾਰਿਆਂ ਨੇ ਅੰਮ੍ਰਿਤ ਛਕ ਲੈਣਾ, ਮਾਈਆਂ ਨੂੰ ਵੀ ਛਕਾਉਣਾ। ਇਸ ਪ੍ਰਕਾਰ ਅੰਮ੍ਰਿਤਰੂਪੀ ਉਪਦੇਸ਼ ਦਾ ਛੱਟਾ ਦੇ ਕੇ ਅਤੇ ਦੁਬਾਰਾ ਆਉਣ ਦਾ ਬਚਨ ਕਰਕੇ ਅੱਗੇ ਨੂੰ ਵਹਿੰਦੇ ਹੋਏ ਦਰਿਆ ਦੀ ਤਰ੍ਹਾਂ ਇਲਾਹੀ ਮੌਜ ਵਿੱਚ ਅੱਗੇ ਵੱਲ ਤੁਰ ਪਏ।

## ਪਹਿਲੀ ਵਾਰ ਦੌਂਦ ਜਾਣਾ

ਗੱਲ ਸ਼ਾਇਦ 1940 ਈ: ਦੇ ਅਖੀਰ ਹੈ, ਜਦੋਂ ਵਰਖਾ ਰੁੱਤ ਤਾਂ ਅੱਠ-ਨੌਂ ਮਹੀਨੇ ਦੀ ਛੁੱਟੀ ਕੱਟਣ ਲਈ ਆਪਣੇ ਵਤਨਾਂ ਨੂੰ ਚਾਲੇ ਪਾ ਗਈ। ਉਸਦਾ ਸਿੰਘਾਸਣ ਖਾਲੀ ਪਿਆ ਦੇਖਕੇ ਅੱਸੂ ਕੱਤਕ ਦੀ ਸੁਹਾਵਣੀ ਰੁੱਤ ਨੇ ਆ ਮੱਲਿਆ। ਲੇਕਿਨ, **ਜੋ ਉਪਜਿਓ ਸੋ ਬਿਨਸ ਹੈ** ਦੇ ਅਟੱਲ ਨਿਯਮ ਅਨੁਸਾਰ ਇਹ ਵੀ ਜਿਆਦਾ ਚਿਰ ਪੈਰ ਨਾ ਜਮਾ ਸਕੀ, ਕਿਉਂਕਿ ਇਸ ਤੋਂ ਬਲਵਾਨ ਸਰਦ ਰੁੱਤ ਨੇ ਇਸ ਨੂੰ ਪਹਿਲੇ ਹਮਲੇ ਵਿੱਚ ਹੀ ਪਛਾੜ ਦਿੱਤਾ।? ਮੱਘਰ ਮਹੀਨੇ ਦੇ ਆਖਰੀ ਦਿਨ ਸਨ ਜਦੋਂ ਇਕ ਦਿਨ ਸੰਤ ਦਰਸ਼ਨ ਸਿੰਘ ਜੀ ਨੂੰ ਨਾਲ ਲੈ ਕੇ ਅਰਸ਼ੀ ਪ੍ਰੀਤਮ ਜਾ ਪਹੁੰਚਿਆ ਪਿੰਡ ਸੀਹਾਂ ਦੌਂਦ ਦੀਆਂ ਉਨ੍ਹਾਂ ਗਲੀਆਂ ਵਿੱਚ, ਜਿਥੇ ਬਿਤਾਇਆ ਸੀ ਕਦੇ ਬਾਲਪਨ, ਗੁਜ਼ਾਰੀ ਸੀ ਕਿਸ਼ੋਰ ਅਵੱਸਥਾ ਅਤੇ ਕੀਤੇ ਸਨ ਸੰਸਾਰਕ-

ਵਿਵਹਾਰ ਕਦੇ ਜਵਾਨ ਉਮਰਾਂ ਵਿੱਚ। ਪਿੰਡ ਦੇ ਲਹਿੰਦੇ ਪਾਸੇ ਤੋਂ ਇੱਕ ਤੰਗ ਗਲੀ ਵਿੱਚ ਹੀ ਹੁੰਦੇ ਹੋਏ, ਸਤਿਨਾਮ ਬੋਲ ਕੇ ਜਾ ਖਲੋਤੇ ਉਸ ਘਰ ਅੱਗੇ, ਜਿੱਥੋਂ ਕਦੇ ਚਲੇ ਸੀ ਸ਼ਾਹੀ ਵਪਾਰ ਕਰਨ ਲਈ। ਅੰਦਰੋਂ ਲਛਮਣ ਸਿੰਘ ਦੇ ਘਰੋਂ ਬੀਬੀ ਗਿਆਨ ਕੌਰ ਨੇ ਇਹ ਜਾਣਦੇ ਹੋਏ ਕਿ ਕੋਈ ਫਕੀਰ ਹਨ, ਮੱਕੀ ਦੇ ਪ੍ਰਸ਼ਾਦੇ ਉਪਰ ਸਾਗ ਧਰਕੇ ਲਿਆ ਹੱਥਾਂ ਉਪਰ ਰੱਖੇ, ਲੇਕਿਨ ਜਦ ਧਿਆਨ ਚਹਿਰੇ ਵੱਲ ਮਾਰਿਆ ਤਾਂ ਇਕ ਤਾਂ ਵੀਹਾਂ-ਪੰਝੀਆਂ ਵਰ੍ਹਿਆ ਦਾ ਸ਼ਾਂਤ ਚਿਹਰੇ ਵਾਲਾ ਸਾਧੂ ਹੈ, ਦੂਸਰਾ ਕੋਈ ਚਾਲੀ ਪੰਜਾਹ ਦੇ ਦਰਮਿਆਨ ਦੀ ਉਮਰਾ ਵਿੱਚੋਂ ਗੁਜ਼ਰ ਰਿਹਾ ਮਹਾਤਮਾ ਹੈ ਜਿਸਦਾ ਤੇਜ ਮਈ ਚਿਹਰਾ ਲਾਲ ਵਾਂਗੂੰ ਦਮਕਾਂ ਮਾਰ ਰਿਹਾ ਹੈ, ਨੇਤਰਾਂ ਦੇ ਛੱਪਰ ਕਿਸੇ ਅਲੌਕਿਕ ਮਸਤੀ ਵਿੱਚ ਇੰਨੇ ਨੀਵੇਂ ਡਿੱਗੇ ਹਨ, ਕਿ ਪੈਰਾਂ ਤੋਂ ਉਪਰ ਨਜ਼ਰ ਹੀ ਨਹੀਂ ਜਾਂਦੀ, ਅਤੇ ਨਾ ਹੀ ਇਹ ਪਛਾਣਦੇ ਹਨ ਕਿ ਸਾਹਮਣੇ ਕੋਈ ਮਰਦ ਖੜਾ ਜਾਂ ਤ੍ਰੀਮਤ। ਬੀਬੀ ਨੂੰ ਅੰਦਰੋਂ ਤਾਰ ਖੜਕੀ, ਕਿਤੇ ਉਹੀ ਨਾ ਹੋਣ ਜੋ ਸੁਣਿਆ ਸੀ ਸਾਡੇ ਘਰੋਂ ਸਾਧੂ ਬਣ ਕੇ ਰਿਸ਼ੀਕੇਸ਼ ਰਹਿੰਦੇ ਹਨ। ਸੋਚੀਂ ਪੈ ਗਈ, ਕਿ ਅਰਜ਼ ਕਰਾਂ ਮਹਾਰਾਜ! ਕਿਰਪਾ ਕਰੋ ਬੈਠ ਕੇ ਪ੍ਰਸ਼ਾਦਾ ਛੱਕ ਲਉ, ਲੇਕਿਨ ਚਿਹਰੇ ਦੇ ਸੂਰਜ ਵਰਗੇ ਤੇਜ ਤੋਂ ਝਿਜਕ ਅਤੇ ਪੇਂਡੂ ਮਾਈਆਂ ਦੇ ਸ਼ਰਮੀਲੇ ਸੁਭਾ ਅਨੁਸਾਰ ਚੁੱਪ ਨਾ ਖੁੱਲ੍ਹੀ। ਆਪ ਉਥੇ ਹੀ ਖੜੇ ਪ੍ਰਸ਼ਾਦੇ ਛੱਕ ਕੇ ਤੰਗ ਗਲੀਆਂ ਵਿੱਚ ਦੀ ਗੁਜ਼ਰਦੇ, ਪਿੰਡ ਤੋਂ ਬਾਹਰ ਚੜ੍ਹਦੇ ਪਾਸੇ ਵੱਲ ਛੱਪੜ ਦੇ ਕਿਨਾਰੇ ਖੜੇ, ਬੋਹੜ ਦੇ ਬ੍ਰਿਛ ਹੇਠ ਜਾ ਬੈਠੇ। ਆਪ ਨੂੰ ਗਲੀ ਵਿੱਚੋਂ ਲੰਘਦਿਆਂ ਸਭ ਤੋਂ ਪਹਿਲਾਂ ਬਾਣੀਆਂ ਪਰਿਵਾਰ ਵਿੱਚੋਂ ਇੱਕ ਮਾਈ ਨੇ ਪਛਾਣ ਲਿਆ, ਕਿ ਇਹ ਤਾਂ ਉਹੀ ਨਿੱਕਾ ਸਿੰਘ ਹੈ ਜੋ ਬਾਰਾਂ ਤੇਰਾਂ ਸਾਲ ਪਹਿਲਾਂ ਘਰ ਦਾ ਤਿਆਗ ਕਰਕੇ ਸੰਤ ਬਣ ਗਿਆ ਸੀ। ਉਸ ਬਨਿਆਣੀ ਮਾਈ ਨੇ ਜਲਦੀ ਨਾਲ ਲਛਮਣ ਸਿੰਘ ਦੇ ਘਰ ਜਾ ਦੱਸਿਆ। ਮਾਈ ਗਿਆਨ ਕੌਰ ਤਾਂ ਪਹਿਲਾਂ ਹੀ ਅੰਦਰੋਂ-ਅੰਦਰ ਪਛਤਾ ਰਹੀ ਸੀ ਕਿ ਭਾਵੇਂ ਕੋਈ ਵੀ ਹੋਵੇ, ਹੈ ਤਾਂ ਸਾਧੂ ਹੀ ਸੀ। ਬੀਬੀ ਦੇ ਪੇਕੇ *ਬੜੀ ਟਿੱਬੇ* ਪਿੰਡ ਸਨ, ਉਥੇ ਬਚਪਨ ਵਿੱਚ ਸਾਧੂ ਮਹਾਤਮਾ ਆਉਂਦੇ ਜਾਂਦੇ ਵੇਖੇ ਸਨ ਅਤੇ ਲੋਕਾਂ ਵਿੱਚ ਸਤਿਕਾਰ ਵੀ ਹੁੰਦਾ ਦੇਖਿਆ ਸੀ ਨਾਲ ਇਹ ਵੀ ਪਤਾ ਸੀ ਕਿ ਵਿਰੱਕਤ ਮਹਾਤਮਾ ਕਿਸੇ ਦੇ ਘਰ ਬੈਠ ਕੇ ਘੱਟ ਹੀ ਪ੍ਰਸ਼ਾਦਾ ਛੱਕਦੇ ਹਨ।

ਲੇਕਿਨ ਬੇਨਤੀ ਕਰਨਾ ਤਾਂ ਮੇਰਾ ਫਰਜ਼ ਸੀ, ਬਨਿਆਣੀ ਮਾਈ ਦੇ ਦਸਣ ਤੇ ਤਾਂ ਚਿੰਤਾਂ ਦੇ ਗਹਿਰੇ ਸਮੁੰਦਰ ਵਿੱਚ ਡੁੱਬ ਗਈ। ਇਤਨੇ ਨੂੰ ਅੱਗੇ ਤੋਂ ਅੱਗੇ ਸਾਰੇ ਪਿੰਡ ਵਿੱਚ ਖਬਰ ਫੈਲ ਗਈ ਕਿ ਨਿੱਕਾ ਸਿੰਘ ਜੀ ਸੰਤ ਬਣਕੇ ਪਹਿਲੀ ਵਾਰ ਆਏ ਹਨ। ਹਜੂਰ ਦੇ ਪੁਰਾਣੇ ਸਾਥੀ ਨੰਬਰਦਾਰ ਬਚਿੰਤ ਸਿੰਘ, ਜਵਾਲਾ ਸਿੰਘ ਅਤੇ ਕਾਕੂ ਦਰਜ਼ੀ ਇਤਿਆਦਿਕ ਹੋਰ ਵੀ ਕਈ ਸੱਜਣ ਬੋਹੜ ਹੇਠਾਂ ਆਪ ਨੂੰ ਬਹੁਤ ਪ੍ਰੇਮ ਨਾਲ ਆ ਕੇ ਮਿਲੇ। ਇਤਨੇ ਨੂੰ ਪਤਾ ਲੱਗਣ ਤੇ ਲਛਮਣ ਸਿੰਘ ਵੀ ਆ ਪਹੁੰਚਿਆ। ਡੇਢ ਪਹਿਰ ਰਾਤ ਗਈ ਤਕ ਬੋਹੜ ਹੇਠਾਂ ਬੈਠੇ ਬਚਪਨ ਦੀਆਂ ਕੁਝ ਯਾਦਾਂ ਚਿਤਾਰ ਕੇ ਪਿੰਡ ਵਾਲੇ ਪ੍ਰੇਮੀ ਅਸਚਰਜ ਹੋ ਰਹੇ ਹਨ ਕਿ ਇਸ ਹੋਣਹਾਰ ਬਿਰਵਾ ਕੇ ਚਿਕਨੇ-ਚਿਕਨੇ ਪਾਤ ਉਸ ਸਮੇਂ ਹੀ ਇਸ਼ਾਰਾ ਕਰਦੇ ਸਨ ਕਿ ਇਹ ਮਾਨਸਰੋਵਰ ਦਾ ਹੰਸ ਕਿਸੇ ਖਾਸ ਸੰਜੋਗਵਸ ਹੀ ਸ਼ੀਹਾਂ ਦੌਦ ਆਇਆ ਹੈ, ਵਰਨਾਂ ਇਹ ਵਾਸੀ ਤਾਂ ਕਿਸੇ ਹੋਰ ਦੇਸ਼ ਦਾ ਹੈ। ਹਜੂਰ ਨੇ ਵੀ ਆਪਣੇ ਅਮੀਰ ਦੇਸ਼ ਦੀਆਂ ਗੱਲਾਂ ਸੁਣਾ ਕੇ ਉਨ੍ਹਾਂ ਨੂੰ ਕੰਗਾਲੀ ਦੇ ਦੇਸ਼ ਵਿੱਚੋਂ ਨਿਕਲਣ ਲਈ ਉਕਸਾਇਆ। ਇਤਨੇ ਨੂੰ ਵੱਡੀ ਰਾਤ ਹੋ ਗਈ ਜਾਣ ਕੇ ਸਭ ਨੂੰ ਕਿਹਾ, ਕਿ ਜਾਉ ਹੁਣ ਆਪਣੇ ਘਰਾਂ ਨੂੰ। ਇਕ-ਇਕ ਕਰਕੇ ਨਮਸ਼ਕਾਰਾਂ ਕਰਦੇ ਹੋਏ, ਸਭ ਸੱਜਣ ਆਪਣੇ ਘਰਾਂ ਨੂੰ ਚਲੇ ਗਏ, ਲੇਕਿਨ ਲਛਮਣ ਸਿੰਘ ਮੋਹ ਵਸ ਅਜੇ ਵੀ ਬੈਠਾ ਰਿਹਾ। ਸਭ ਦੇ ਜਾਣ ਤੋਂ ਬਾਅਦ ਬੇਨਤੀ ਕੀਤੀ, ਮਹਾਰਾਜ ਘਰ ਚਲੋ! ਹਜੂਰ ਬੋਲੇ, ਤੂੰ ਆਪਣੇ ਘਰ ਜਾਹ ਭਾਈ! ਸਾਨੂੰ, ਜੈਸੇ ਦੂਸਰੇ ਲੋਕ ਵੈਸਾ ਤੂੰ। ਲਛਮਣ ਸਿੰਘ ਨੂੰ ਫਿਰ ਦੁਬਾਰਾ ਹੌਸਲਾ ਨਹੀਂ ਪਿਆ ਬੇਨਤੀ ਕਰਨ ਦਾ। ਉਸ ਦੇ ਜਾਣ ਤੋਂ ਬਾਅਦ ਆਪ ਵੀ ਉਥੋਂ ਉਠ ਕੇ ਖੇਤਾਂ ਵੱਲ ਨੂੰ ਚੱਲ ਪਏ। ਪਿੰਡ ਤੋਂ ਕੁਝ ਥੋੜ੍ਹੀ ਦੂਰੀ ਤੇ ਇਕ ਕੱਟੇ ਹੋਏ ਕਮਾਦ ਦੇ ਖਾਲੀ ਖੇਤ ਵਿੱਚ ਜਾ ਬੈਠੇ। ਚੰਦ ਦੀ ਖਿੜੀ ਹੋਈ ਰਾਤ ਸੀ, ਇਕ ਕੋਈ ਚੜ੍ਹਦੀ ਉਮਰ ਦਾ ਨੌਜਵਾਨ ਕਣਕ ਨੂੰ ਨਹਿਰ ਦਾ ਪਾਣੀ ਲਾ ਰਿਹਾ ਸੀ। ਚੰਦ ਦੇ ਚਾਨਣੇ ਉਸਦੀ ਨਜ਼ਰ ਦੋ ਸਾਧੂਆਂ ਤੇ ਪਈ, ਤਾਂ ਕੋਲ ਆ ਕੇ ਨਮਸ਼ਕਾਰ ਕਰ ਅਰਜ਼ ਕੀਤੀ, ਮਹਾਰਾਜ! ਘਰੋਂ ਰੋਟੀ ਲੈ ਕੇ ਆਵਾਂ? ਆਪ ਬੋਲੇ ਨਹੀਂ ਭਾਈ, ਅਸੀਂ ਛੱਕ ਲਈ ਹੈ। ਮਹਾਰਾਜ ਮੈਂ ਘਰੋਂ ਦੋ ਰਜ਼ਾਈਆਂ ਲੈ ਆਉਂਦਾ ਹਾਂ, ਰਾਤ ਇਥੇ ਹੀ ਗੁਜਾਰ ਲਉ! ਨਹੀਂ ਭਾਈ ਸਾਨੂੰ ਰਜ਼ਾਈਆਂ ਦੀ ਵੀ ਲੋੜ ਨਹੀਂ ਹੈ। ਇਹ ਕਹਿੰਦਿਆਂ ਹਜੂਰ ਦੇ ਚਿਹਰੇ ਤੇ ਇਤਨਾ ਜਲਾਲ ਆ

ਗਿਆ, ਕਿ ਚੰਦਰਮਾ ਦਾ ਪ੍ਰਕਾਸ਼ ਵੀ ਛਿੱਥਾ ਪੈ ਗਿਆ। ਕਿਸੇ ਦੈਵੀ ਰੰਗ ਵਿੱਚ ਆ ਕੇ ਪਵਿੱਤਰ ਬੁੱਲ ਫਰਕੇ, ਮਿੱਠੀ-ਮਿੱਠੀ ਸਵਰ, ਪਰ ਉੱਚੀ ਆਵਾਜ਼ ਨਾਲ ਮਾਹੀ ਦੀ ਸਦ ਇਉਂ ਗਾਵੀ—

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ॥
ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਿਣਾ॥
ਸੂਲ ਸੁਰਾਹੀ ਖੰਜਰ ਪਿਆਲਾ ਵਿੰਗ ਕਸਾਈਆਂ ਦੇ ਸਹਿਣਾ॥
ਯਾਰੜੇ ਦਾ ਸਾਨੂੰ ਸਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ॥

ਇਹ ਉਚਾਰਦੇ ਹੋਏ ਹਜ਼ੂਰ ਕਿਸੇ ਅਲੌਕਿਕ ਅਨੰਦ ਵਿੱਚ ਲੀਨ ਹੋ ਗਏ। ਪ੍ਰੇਮੀ ਨੇ ਫਿਰ ਬੇਨਤੀ ਕੀਤੀ, ਮਹਾਰਾਜ! ਸਰਦੀ ਬਹੁਤ ਜ਼ਿਆਦਾ ਹੈ, ਇਹ ਗੰਨੇ ਦਾ ਖੇਤ ਸਵੇਰ ਨੂੰ ਕੋਰੇ ਨਾਲ ਚਿੱਟਾ ਹੋ ਜਾਂਦਾ ਹੈ, ਆਪ ਦੇ ਕੋਲ ਇਕ ਚਾਦਰ ਤੋਂ ਬਗੈਰ ਕੋਈ ਮੋਟਾ ਕੱਪੜਾ ਵੀ ਨਹੀਂ ਹੈ, ਇਸ ਲਈ ਰਾਤ ਕਿਵੇਂ ਗੁਜ਼ਰੇਗੀ? ਹਜ਼ੂਰ ਬੋਲੇ, ਤੇਰਾ ਨਾਮ ਕੀ ਹੈ? ਜੀ ਮੁਖਤਿਆਰ ਸਿੰਘ ਹੈ। ਕਿਸਦਾ ਲੜਕਾ ਹੈਂ ਤੂੰ? ਮਹਾਰਾਜ ਹਰੀ ਸਿੰਘ ਦਾ। ਉਹ---ਜਿਹੜਾ ਛੋਟੂ-ਜਿਹਾ ਹੁੰਦਾ ਸੀ। ਹਾਂ ਮਹਾਰਾਜ! ਤੂੰ ਰਜਾਈ ਨਹੀਂ ਲਈ ਤੇਰੀ ਰਾਤ ਕਿਵੇਂ ਗੁਜ਼ਰੇਗੀ? ਮਹਾਰਾਜ ਮੈਂ ਤਾਂ ਕਣਕ ਨੂੰ ਪਾਣੀ ਲਾ ਰਿਹਾ ਹਾਂ, ਇਸ ਲਈ ਕੰਮ ਕਰਦੇ ਨੂੰ ਠੰਡ ਨਹੀਂ ਲੱਗਦੀ! ਹਜ਼ੂਰ ਬੋਲੇ, ਅਸੀਂ ਹੀ ਨਿਕੰਮੇਂ ਹਾਂ? ਜਾਹ ਆਪਣਾ ਪਾਣੀ ਸੰਭਾਲ। ਆਪ ਅਤੇ ਸੰਤ ਦਰਸ਼ਨ ਸਿੰਘ ਜੀ ਉਥੇ ਹੀ ਕਮਾਦ ਦੇ ਖਾਲੀ ਹੋਏ ਖੇਤ ਦੀ ਪੱਤੀ ਵਿੱਚ ਬੈਠ ਗਏ। ਮੁਖਤਿਆਰ ਸਿੰਘ ਪਹੁ ਫੁਟਾਲੇ ਨਾਲ ਜਦੋਂ ਦੁੱਧ ਪਾਣੀ ਪੁੱਛਣ ਗਿਆ, ਤਾਂ ਉਸਨੂੰ ਦਰਸ਼ਨ ਨਹੀਂ ਹੋਏ; ਹਾਂ! ਪੱਤੀ ਵਿੱਚ ਦੋ ਨਿਸ਼ਾਨ ਜ਼ਰੂਰ ਬੋਲ ਰਹੇ ਸਨ ਕਿ ਇਥੇ ਦੋ ਰੂਹਾਂ ਨੇ ਕੁਝ ਘੰਟੇ ਗੁਜ਼ਾਰੇ ਹਨ।

## ਭਗਤ ਮਿਲਾਪ ਕਿ ਭਰਤ ਮਿਲਾਪ?

ਆਮ ਕਹਾਵਤ ਹੈ ਕਿ ਪ੍ਰੇਮ ਵਿੱਚ ਨੇਮ ਨਹੀਂ ਰਹਿੰਦਾ। ਅਕਾਲ ਪੁਰਖ ਵਾਹਿਗੁਰੂ ਵੀ ਆਪਣੇ ਭਗਤ ਵਸ਼ਲ ਸੁਭਾ ਅਨੁਸਾਰ ਪ੍ਰੇਮੀਆਂ ਦੇ ਪ੍ਰੇਮ ਵੱਸ ਹੋਇਆ, ਆਪਣੇ ਹੀ ਬਣਾਏ ਨਿਯਮਾਂ ਤੇ ਮਰਿਆਦਾ ਦੀ ਪ੍ਰਵਾਹ ਨਹੀਂ ਕਰਦਾ, ਬਸ਼ਰਤੇ ਪ੍ਰੇਮ ਸੱਚਾ ਹੋਵੇ।

ਭਗਵਾਨ ਰਾਮ ਜਿਸ ਵਕਤ ਪੰਚਵਟੀ ਤੋਂ ਚਲੇ, ਰਸਤੇ ਵਿੱਚ ਬਥੇਰੇ ਵੱਡੇ-ਵੱਡੇ ਮੱਠਾਂ ਵਾਲਿਆਂ ਨੇ ਬੇਨਤੀਆਂ ਕੀਤੀਆਂ, ਆਪਣੇ-ਆਪਣੇ ਆਸ਼ਰਮਾਂ ਵਿੱਚ ਲਿਜਾਣ ਲਈ, ਲੇਕਿਨ ਆਪ ਬਗੈਰ ਕਿਸੇ ਵੱਡੇ-ਤੋਂ-ਵੱਡੇ ਦੀ ਪ੍ਰਵਾਹ ਕੀਤਿਆਂ, ਇਕ ਸੂਦ੍ਰ ਜਾਤੀ ਦੀ ਔਰਤ ਸ਼ਬਰੀ ਦੇ ਪ੍ਰੇਮ ਵਿੱਚ ਬੱਝੇ ਬੜੀ ਛੇਤੀ ਨਾਲ ਉਸ ਦੀ ਛੱਪਰੀ ਵਿਚ ਪਹੁੰਚੇ, ਕਿਉਂਕਿ ਉਸ ਦੇ ਹਿਰਦੇ ਦੀ ਡੂੰਘਾਈ ਵਿਚੋਂ ਪ੍ਰੇਮ ਦੀ ਜ਼ਬਰਦਸਤ ਧੂਹ ਪੈ ਰਹੀ ਸੀ। ਇਸੇ ਤਰ੍ਹਾਂ ਹੀ ਜਿਸ ਵਕਤ ਚੌਦਾਂ ਸਾਲ ਦਾ ਬਨਵਾਸ ਗੁਜ਼ਾਰ ਕੇ ਭਗਵਾਨ ਅਯੁੱਧਿਆ ਪਹੁੰਚੇ, ਤਾਂ ਸਭ ਵਿਦਵਾਨ ਵਸ਼ਿਸ਼ਟ ਆਦਿ ਗੁਰੂ ਲੋਕ, ਸਭ ਪਰਿਵਾਰ ਦੇ ਜੀਅ ਅਤੇ ਸ਼ਹਿਰ ਦੇ ਤਮਾਮ ਨਰ ਨਾਰੀਆਂ ਸ਼ਹਿਰ ਤੋਂ ਬਾਹਰ ਦਰਸ਼ਨ ਅਤੇ ਸਵਾਗਤ ਲਈ ਪਹੁੰਚੇ ਹੋਏ ਸਨ। ਭਗਵਾਨ ਰਾਮ ਮਰਿਆਦਾ ਪ੍ਰਸ਼ੋਤਮ ਅਵਤਾਰ ਮੰਨੇ ਜਾਂਦੇ ਹਨ। ਮਰਿਆਦਾ ਅਨੁਸਾਰ ਪਹਿਲਾਂ ਵਸ਼ਿਸ਼ਟ ਆਦਿ ਗੁਰੂਆਂ ਨੂੰ ਮਿਲਣਾ ਬਣਦਾ ਸੀ, ਫਿਰ ਕੌਸ਼ੱਲਿਆਂ ਆਦਿਕ ਮਾਤਾਵਾਂ ਨੂੰ ਮਿਲਣਾ ਮਰਿਆਦਾ ਅਨੁਕੂਲ ਸੀ, ਫਿਰ ਭਰਾਵਾਂ ਅਤੇ ਹੋਰ ਸ਼ਹਿਰ ਵਾਸੀਆਂ ਨੂੰ ਲੇਕਿਨ ਹੋਇਆ ਇਸਦੇ ਬਿਲਕੁੱਲ ਉਲਟ। ਭਗਵਾਨ ਨੇ ਗੁਰੂ ਜਨਾਂ ਵੱਲ ਵੀ ਧਿਆਨ ਨਹੀਂ ਦਿੱਤਾ ਅਤੇ ਮਾਤਾਵਾਂ ਦੇ ਪਿਆਰ ਦੀ ਵੀ ਪ੍ਰਵਾਹ ਨਹੀਂ ਕੀਤੀ ਸਗੋਂ ਸਭ ਤੋਂ ਪਹਿਲਾਂ ਛੋਟੇ ਭਰਾ ਭਰਤ ਨੂੰ ਜੱਫੀ ਵਿੱਚ ਜਾ ਲਿਆ, ਪਿਆਰ ਦਿੱਤਾ, ਕੁਸ਼ਲ ਖੇਮ ਪੁੱਛੀ, ਫਿਰ ਮਰਿਆਦਾ ਅਨੁਸਾਰ ਹੋਰ ਸਭ ਨੂੰ ਮਿਲੇ। ਭਗਵਾਨ ਦੀ ਇਸ ਕਿਰਿਆ ਤੇ, ਬੁੱਧੀਵਾਨ ਲੋਕਾਂ ਨੇ ਕਿੰਤੂ ਪ੍ਰੰਤੂ ਕੀਤਾ।

ਅਰਜ਼ ਕੀਤੀ, ਮਹਾਰਾਜ! ਮਰਿਆਦਾ ਪ੍ਰਸ਼ੋਤਮ ਹੁੰਦੇ ਹੋਏ ਵੀ ਆਪ ਮਰਿਆਦਾ ਦਾ ਹਨਨ ਕਰ ਰਹੇ ਹੋ, ਫਿਰ ਹੋਰ ਲੋਕਾਂ ਦਾ ਕੀ ਹਾਲ? ਭਗਵਾਨ ਬੋਲੇ! ਮਰਿਆਦਾ ਦਾ ਹਨਨ ਨਹੀਂ ਕੀਤਾ, ਇਹ ਮੇਰਾ ਧੁਰੋਂ ਦੀ ਬਿਰਦ ਚਲਿਆ ਆ ਰਿਹਾ ਹੈ, ਕਿ ਮੇਰੇ ਪ੍ਰੇਮੀਆਂ ਦੀ ਪਿਆਰ ਭਰੀ ਯਾਦ ਨੂੰ ਮੈਂ ਇਕ ਛਿਨ ਵੀ ਅਨਗੌਲਿਆ ਨਹੀਂ ਕਰ ਸਕਦਾ। ਮੈਂ ਇਹ ਨਹੀਂ ਕਹਿ ਰਿਹਾ, ਕਿ ਆਪ ਦੇ ਅੰਦਰ ਪ੍ਰੇਮ ਨਹੀਂ ਹੈ, ਸਗੋਂ ਮੈਂ ਜਾਣਦਾ ਹਾਂ ਆਪ ਸਭ ਪ੍ਰੇਮ ਦੇ ਬੱਝੇ ਹੀ ਆਏ ਸਵੇਰ ਦੇ ਉਡੀਕ ਕਰ ਰਹੇ ਹੋ। ਮੈਂ ਇਹ ਵੀ ਜਾਣਦਾ ਹਾਂ ਕਿ ਮਰਿਆਦਾ ਅਨੁਸਾਰ ਪਹਿਲਾਂ ਗੁਰੂ ਲੋਕਾਂ ਦਾ ਪੂਜਨ ਕਰਨਾ

ਚਾਹੀਦਾ ਸੀ ਅਤੇ ਮਾਤਾਵਾਂ ਦਾ ਸਤਿਕਾਰ ਕਰਨਾ ਬਣਦਾ ਸੀ, ਲੇਕਿਨ ਭਰਤ ਨੇ ਆਪਣੇ ਅੰਦਰ-ਹੀ-ਅੰਦਰ ਠਾਣ ਰੱਖੀ ਸੀ ਕਿ ਫਲਾਂ ਸਮੇਂ ਤੱਕ ਅਗਰ ਦਰਸ਼ਨ ਨਾ ਹੋਏ, ਤਾਂ ਮੈਂ ਪ੍ਰਾਣ ਤਿਆਗ ਦਿਆਂਗਾ। ਇਸ ਲਈ ਇਕ ਛਿਨ ਦੀ ਦੇਰੀ ਵੀ ਮੇਰੀ ਭਗਤ ਵੱਛਲਤਾ ਨੂੰ ਧੱਬਾ ਸੀ। ਸ਼ਾਇਦ ਅੱਜ ਵੀ ਕੁਝ ਅਜਿਹੀ ਹੀ ਖਿੱਚ ਪੈ ਰਹੀ ਹੈ।

ਮੁਰਗੇ ਦੀ ਬਾਂਗ ਤੋਂ ਮਲੂਮ ਹੋ ਰਿਹਾ ਹੈ ਕਿ ਪਹਿਰ, ਸਵਾ ਪਹਿਰ ਰਾਤ ਰਹਿ ਗਈ। ਚੰਦਰਮਾ ਵੀ ਸ਼ਾਇਦ ਸਰਦੀ ਦਾ ਸਤਾਇਆ ਆਪਣੇ ਬੈਡਰੂਮ ਵਿੱਚ ਜਾ ਆਰਾਮ ਵਸ ਹੋਇਆ, ਜਾਂ ਫਿਰ ਇਥੋਂ ਸਰਦੀ ਦੀ ਪੰਡ ਪੱਲੇ ਬੰਨ੍ਹਕੇ ਆਪਣੇ ਪਰਉਪਕਾਰੀ ਸੁਭਾ ਅਨੁਸਾਰ ਕਿਸੇ ਤਪ ਰਹੀ ਧਰਤੀ ਉਤੇ ਸੀਤਲ ਕਿਰਨਾਂ ਵਰਸਾਉਣ ਲਈ ਕਿਸੇ ਹੋਰ ਟਿਕਾਣੇ ਚਲਿਆ ਗਿਆ। ਗੱਲ ਕੋਈ ਵੀ ਹੋਵੇ ਲੇਕਿਨ ਇਥੋਂ ਜ਼ਰੂਰ ਕੂਚ ਕਰ ਗਿਆ।

ਇਲਾਹੀ ਹੁਕਮ ਹੋਇਆ, ਦਰਸ਼ਨ ਸਿਆਂ! ਬਈ ਨੌਕਰੀ ਕੀ ਤੇ ਅਰਾਮ ਕੀ? ਜਿਸ ਮਾਲਕ ਦੀ ਨੌਕਰੀ ਕਰਨੀ ਹੈ ਚੌਵੀ ਘੰਟੇ ਉਸ ਦੀ ਅਰਦਲ ਵਿੱਚ ਹਾਜ਼ਰ ਰਹਿਣਾ ਹੀ ਤਾਂ ਜੀਵਨ ਹੈ। ਨੌਕਰ ਨੇ ਤਾਂ ਕੇਵਲ ਹੁਕਮ ਮੰਨਣਾ ਹੈ ਅੱਗੋਂ ਮਾਲਕ ਦੀ ਮਰਜ਼ੀ ਹੈ ਦੇਸ਼ ਰੱਖੇ, ਭਾਵੇਂ ਪ੍ਰਦੇਸ਼ ਭੇਜੇ। ਰਾਤ ਭਰ ਤੋਂ ਅੰਦਰੋਂ ਕਿਸੇ ਦੂਰ ਵਤਨਾਂ ਦੀ ਤਾਰ ਖੜਕੀ ਜਾ ਰਹੀ ਹੈ, ਬਈ ਚੱਲ ਇਥੋਂ ਤਾਂ ਟੁਰੀਏ, ਅੱਗੇ ਜਿਥੇ ਲੈ ਜਾਵੇਗਾ ਉਸ ਦੀ ਮਰਜ਼ੀ। ਆਪਾਂ ਤਾਂ ਹੁਕਮ ਹੀ ਮੰਨਣਾ ਹੈ ਬਾਕੀ ਕਰਨ ਕਰਾਉਣ ਵਾਲਾ ਉਹ ਆਪ ਹੀ ਹੈ। ਗੰਨੇ ਦੇ ਖੇਤ ਵਿੱਚੋਂ ਉਠ ਕੇ ਨਹਿਰ ਦੇ ਪਾਣੀ ਵਿੱਚ ਇਸ਼ਨਾਨ ਕੀਤਾ, ਬਸ ਮਾਲਕ ਦੇ ਹੁਕਮ ਦੀ ਤਾਮੀਲ ਕਰਨ ਲਈ ਕਿਸੇ ਦੂਰ ਵਤਨਾਂ ਵੱਲ ਨੂੰ ਚਾਲੇ ਪਾ ਦਿੱਤੇ। ਜਿੱਥੇ ਸਰੀਰ ਨੇ ਆਪਣੀ ਲੋੜ ਜ਼ਾਹਿਰ ਕਰਨੀ ਮਧੁਕੜੀ ਕਰਕੇ ਇਸਦੀ ਲੋੜ ਪੂਰੀ ਕਰ ਦੇਣੀ, ਜਿੱਥੇ ਇਨ੍ਹੇ ਥਕਾਵਟ ਮਹਿਸੂਸ ਕਰਨੀ ਚਾਰ ਘੰਟੇ ਆਰਾਮ ਕਰਾ ਦੇਣਾ। ਆਰਾਮ ਕੀ ਕਰਨਾ ਮਾਨੋਂ ਪਿਆਰੇ ਦੇ ਪ੍ਰੇਮ ਵਿੱਚ ਓਤ-ਪ੍ਰੋਤ ਹੋਇਆਂ ਨੇ ਇਸ ਸਰੀਰ ਰੂਪੀ ਘੋੜੇ ਨੂੰ ਲੇਟ ਮਰਵਾ ਦੇਣੀ। ਫਿਰ ਉਠਾ ਕੇ ਉਹੀ ਸਫਰ, ਉਹੀ ਯਾਤਰਾ।

ਇਤਨੀ ਤੇਜ਼ੀ ਨਾਲ ਸਫਰ ਕਿਉਂ ਕਰ ਰਹੇ ਹਨ? ਪੂਰਾ-ਪੂਰਾ ਤਾਂ ਉਹ ਆਪ ਹੀ ਜਾਨਣ ਜਾਂ ਉਨ੍ਹਾਂ ਦਾ ਹੁਕਮੀ, ਲੇਕਿਨ ਪ੍ਰਤੀਤ ਇਉਂ ਦੇ ਰਿਹਾ ਹੈ ਜਿਵੇਂ ਉਨ੍ਹਾਂ ਦੇ ਮਾਲਕ ਨੇ ਕਿਸੇ ਜ਼ਰੂਰੀ ਕੰਮ ਨੂੰ ਛੇਤੀ-ਤੋਂ-ਛੇਤੀ ਪੂਰਾ ਕਰਨ ਲਈ ਹੁਕਮ ਕੀਤਾ ਹੈ। ਇਉਂ ਦਿਨ ਕਿਤੇ, ਰਾਤ ਕਿਤੇ, ਬੜੀ ਤੇਜ਼ੀ ਨਾਲ ਸਫਰ ਤੈਅ ਕਰਦੇ ਕੁਝ ਦਿਨਾਂ ਬਾਅਦ ਲਾਹੌਰ ਪਹੁੰਚ ਗਏ। ਪੰਜਾਂ ਦਰਿਆਵਾਂ ਦੀ ਵਿਚਾਲੜੀ ਭੈਣ ਰਾਵੀ ਦੇ ਕਿਨਾਰੇ ਇਕ ਬ੍ਰਿਛ ਹੇਠ ਰਾਤ ਗੁਜ਼ਾਰੀ। ਅੰਮ੍ਰਿਤ ਵੇਲੇ ਰਾਵੀ ਵਿੱਚ ਇਸ਼ਨਾਨ ਕਰਕੇ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਦੇ ਪਾਵਨ ਅਸਥਾਨ ਦੀ ਪਵਿੱਤਰ ਧੂੜੀ ਮਸਤਕ ਨੂੰ ਲਾਈ, ਗੁਰੂ ਕੇ ਲੰਗਰ ਵਿੱਚ ਪ੍ਰਸ਼ਾਦ ਪਾਣੀ ਛੱਕਿਆ, ਫਿਰ ਅੱਗੇ ਨੂੰ ਚਾਲੇ ਪਾ ਦਿੱਤੇ। ਕਿਉਂਕਿ ਕੋਈ ਅਗੰਮੀ ਧੂਹ ਬੜੀ ਤੇਜ਼ੀ ਨਾਲ ਅੱਗੇ ਨੂੰ ਖਿੱਚੀ ਜਾ ਰਹੀ ਹੈ। ਇਉਂ ਹਵਾ ਵਰਗੀ ਤੇਜ਼ੀ ਨਾਲ ਪੈਂਡਾ ਤੈਅ ਕਰਕੇ ਸ਼ੇਖੂਪੁਰੇ ਪਹੁੰਚ ਗਏ।

ਸ਼ਹਿਰ ਤੋਂ ਬਾਹਰ ਖੇਤਾਂ ਵਿੱਚ ਇਕ ਛੋਟੀ-ਜਿਹੀ ਕੁਟੀਆ ਬਣੀ ਹੋਈ ਹੈ ਲੇਕਿਨ ਇਸ ਵਕਤ ਉਸਦਾ ਬੂਹਾ ਬੰਦ ਹੈ, ਬਾਹਰ ਇਕ ਸਾਦਾ ਜਿਹਾ ਤਖਤ ਪੋਸ਼ ਪਿਆ ਹੈ, ਹੋਰ ਕਿਸੇ ਕਿਸਮ ਦੀ ਪ੍ਰਵਿਰਤੀ ਵਾਲੀ ਸ਼ੈਅ ਨਜ਼ਰ ਨਹੀਂ ਆਉਂਦੀ। ਜ਼ਰਾ ਗਹੁ ਨਾਲ ਤੱਕਿਆਂ ਇਉਂ ਪ੍ਰਤੀਤ ਦੇ ਰਿਹਾ ਹੈ, ਜਿਵੇਂ ਕੋਈ ਹੱਦ ਤੋਂ ਜ਼ਿਆਦਾ ਤਿਆਗ ਬਿਰਤੀ ਵਾਲਾ ਮਹਾਤਮਾ ਇਥੇ ਸਮਾਂ ਗੁਜ਼ਾਰ ਰਿਹਾ ਹੋਵੇ। ਆਪ ਜਿਸ ਵਕਤ ਉਸ ਕੁਟੀਆ ਕੋਲ ਪਹੁੰਚੇ ਤਾਂ ਕਿਸੇ ਅਗੰਮੀ ਵਿਸ਼ਮਾਦ ਦੇ ਅਕਹਿ ਰੰਗ ਵਿੱਚ ਰੱਤੇ ਹੋਏ ਪਵਿੱਤਰ ਮੁੱਖ ਤੋਂ ਬੋਲੇ, ਫਕੀਰ ਉਹੀ ਹੈ ਜੋ ਹਮੇਸ਼ਾਂ ਵਰਤਮਾਨ ਵਿੱਚ ਵਿਚਰੇ, ਉਪਰਾਮਤਾ ਦੀ ਆਖਰੀ ਹੱਦ ਤੇ ਡੇਰਾ ਲਾਵੇ, ਯਾਨੀ ਬੀਤ ਚੁੱਕੇ ਦਾ ਰੱਤੀ ਮਾਤਰ ਵੀ ਅੰਸ਼ ਮਨ ਤੇ ਨਾ ਆਉਣ ਦੇਵੇ, ਅਤੇ ਭਵਿੱਖ ਦੀ ਕਲਪਨਾ ਤੋਂ ਪੂਰਨ ਤੌਰ ਤੇ ਅਛੋਹ ਰਹੇ, ਭੂਤਕਾਲ ਦੀਆਂ ਘਟਨਾਵਾਂ ਨੂੰ ਵਾਰ-ਵਾਰ ਮਨ ਵਿਚ ਚਿਤਾਰਕੇ ਨੇਤਰਾਂ ਵਿੱਚੋਂ ਜਲ ਵਹਾਈ ਜਾਣਾਂ ਫਕੀਰ ਨੂੰ ਸ਼ੋਭਾ ਨਹੀਂ ਦਿੰਦਾ। ਹਰ ਇਕ ਰੰਗ ਵਿੱਚ ਪਿਆਰੇ ਨੂੰ ਵਰਤਦਾ ਦੇਖਣਾ ਫਕੀਰੀ ਦੀ ਆਖਰੀ ਮੰਜ਼ਿਲ ਹੈ ਅਤੇ ਇਹ ਹੀ ਫਕੀਰ ਦਾ ਨਿੱਜ ਦੇਸ਼ ਹੈ।

ਇਸ ਤੋਂ ਹੇਠ ਯਾਨੀ ਭੂਤ ਭਵਿੱਖਤ ਦੀ ਕਲਪਨਾਂ ਦੇ ਦੇਸ਼ ਵਿਚ ਸੰਸਾਰੀ ਵਿਚਰਦੇ ਹਨ, ਫਕੀਰ ਨਹੀਂ। ਕੋਠੇ ਦੇ ਅੰਦਰ ਇਕ ਤਿਆਗ ਮੂਰਤੀ ਸੰਤ ਭਗਤ ਸਿੰਘ ਜੀ ਬੈਠੇ ਬੈਰਾਗ ਦੇ ਹੜ ਨਾਲ ਨੇਤਰਾਂ ਵਿੱਚੋਂ ਪਰਲ-ਪਰਲ ਜਲ ਵਹਾ ਰਹੇ ਸਨ। ਜਦੋਂ ਇਹ ਜਾਣੀ ਪਛਾਣੀ ਆਵਾਜ਼ ਕੰਨਾਂ ਵਿੱਚ ਦੀ ਗੁਜ਼ਰ ਕੇ, ਹਿਰਦੇ ਦੀ ਡੂੰਘਾਈ ਤੱਕ ਉਤਰੀ,

ਇੰਨੀ ਕਾਹਲੀ ਨਾਲ ਉਠੇ ਕਿ ਸਭ ਕੁਝ ਭੁੱਲ ਗਿਆ, ਕੁਝ ਨਾ ਸੁੱਝੇ ਕਿ ਕੀ ਕਰਾਂ, ਕਿਥੇ ਬਿਠਾਵਾਂ, ਕਿਹੜਾ ਕੱਪੜਾ ਹੇਠਾਂ ਵਿਛਾਵਾਂ, ਕਾਹਲੀ-ਕਹਾਲੀ ਵਿਚ ਆਪਣੀ ਪੱਗ ਹੀ ਉਤਾਰ ਕੇ ਹੇਠਾਂ ਵਿਛਾਉਣ ਲੱਗੇ, ਪ੍ਰੰਤੂ ਹਜ਼ੂਰ ਨੇ ਐਸਾ ਨਹੀਂ ਕਰਨ ਦਿੱਤਾ, ਚਰਨਾਂ ਉਪਰ ਡਿੱਗਣ ਲੱਗੇ, ਪਰ ਉਪਰੋਂ ਹੀ ਫੜ ਕੇ ਜੱਫੀ ਵਿੱਚ ਲੈ ਲਏ। ਨੇਤਰਾਂ ਵਿੱਚੋਂ ਤਾਂ ਪਾਣੀ ਪਹਿਲਾਂ ਹੀ ਵਗ ਰਿਹਾ ਸੀ, ਉਹ ਤਾਂ ਜਿਉਂ ਦਾ ਤਿਉਂ ਉਵੇਂ ਹੀ ਵਹਿ ਰਿਹਾ ਹੈ, ਲੇਕਿਨ ਰੰਗ ਬਦਲ ਗਿਆ, ਪਹਿਲਾਂ ਬੈਰਾਗ ਦੀ ਨਦੀ ਵਹਿ ਰਹੀ ਸੀ, ਹੁਣ ਪ੍ਰੇਮ ਦਾ ਦਰਿਆ ਠਾਠਾਂ ਮਾਰਨ ਲੱਗ ਪਿਆ। ਕੁਝ ਇਉਂ ਪ੍ਰਤੀਤ ਦੇ ਰਿਹਾ ਹੈ ਜਿਵੇਂ ਕੋਈ ਗਹਿਰਾ ਰਾਜ਼ ਸਮਝ ਵਿੱਚ ਆ ਗਿਆ ਹੋਵੇ। ਜਾਂ ਕਿਸੇ ਛੋਟੀ-ਮੋਟੀ ਰੁਕਾਵਟ ਵਿੱਚ ਰੁਕੀ ਹੋਈ ਗੱਡੀ, ਥੋੜ੍ਹੇ ਧੱਕੇ ਨਾਲ ਹੀ ਨਿਕਲ ਕੇ ਕਿਸੇ ਮੰਜ਼ਿਲ ਤੇ ਅਪੜ ਗਈ ਹੋਵੇ। ਗੱਲ ਕੋਈ ਵੀ ਹੋਵੇ ਇਹ ਉਹੀ ਜਾਨਣ ਲੇਕਿਨ ਨੈਣਾਂ ਵਿਚੋਂ ਪ੍ਰੇਮ ਜਲ ਦੇ ਟੇਪੇ ਅਜੇ ਵੀ ਡਿੱਗੀ ਜਾ ਰਹੇ ਹਨ, ਪ੍ਰੰਤੂ ਚਿਹਰਾ ਕਿਸੇ ਸ਼ਾਂਤ ਰਸ ਅਤੇ ਅਗੰਮੀ ਨੂਰ ਨਾਲ ਇਉਂ ਮੌਲ ਉਠਿਆ ਜਿਵੇਂ ਬਸੰਤ ਰੁਤ ਵਿੱਚ ਬਨਸਪਤੀ, ਅਤੇ ਸਾਰੇ ਤਉ ਸਹਾਰ ਲੈਣ ਤੋਂ ਬਾਅਦ ਜਿਵੇਂ ਬਾਰਾਂ ਬੰਨੀ ਦਾ ਸੋਨਾ ਲਿਸ਼ਕਾਂ ਮਾਰ ਉਠਦਾ ਹੈ, ਜਾਂ ਇਉਂ ਸਮਝੋ ਜਿਵੇਂ ਪਾਰਸ ਨਾਲ ਸਪਰਸ਼ ਕੀਤਿਆਂ ਲੋਹੇ ਤੋਂ ਸ਼ੁੱਧ ਕੰਚਨ ਬਣ ਜਾਂਦਾ ਹੈ। ਕੋਲ ਖੜੇ ਸੰਤ ਦਰਸ਼ਨ ਸਿੰਘ ਜੀ ਅਸ਼ਚਰਜ ਹੋ ਰਹੇ ਹਨ ਕਿ ਇਹ ਭਗਤ ਮਿਲਾਪ ਹੈ ਜਾ ਭਰਤ ਮਿਲਾਪ?

ਮਹਾਰਾਜ ਨੇ ਬੜੇ ਪ੍ਰੇਮ ਨਾਲ ਸੰਤ ਭਗਤ ਸਿੰਘ ਜੀ ਨੂੰ ਬਰਾਬਰ ਤਖਤਪੋਸ਼ ਤੇ ਬਿਠਾਇਆ, ਬਚਨ ਕੀਤਾ, ਤੁਸੀਂ ਕੁੰਭ ਦੇ ਮੇਲੇ ਤੇ ਇਥੇ ਆਉਣ ਦਾ ਬਚਨ ਕਰਵਾ ਲਿਆ ਸੀ, ਉਹ ਅੱਜ ਕਰਤਾਰ ਨੇ ਪੂਰਾ ਕਰਵਾ ਦਿੱਤਾ। ਇਸ ਤਰ੍ਹਾਂ ਸੰਤ ਭਗਤ ਸਿੰਘ ਜੀ ਦੇ ਪ੍ਰੇਮ ਪ੍ਰਵੇਧਿਆਂ ਨੇ ਕਾਫੀ ਦਿਨ ਇਥੇ ਹੀ ਗੁਜ਼ਾਰੇ। ਸੰਤ ਭਗਤ ਸਿੰਘ ਜੀਆਂ ਦੀ ਇਥੇ ਕਾਫੀ ਸੰਗਤ ਸੀ, ਸਭ ਨੂੰ ਮਹਾਰਾਜ ਜੀ ਦੇ ਚਰਨੀਂ ਲਾਇਆ। ਲਾਹੌਰ ਤੋਂ ਸ੍ਰੀ ਜਸਵੰਤ ਲਾਲ ਬਤਰਾ ਵੀ ਆਏ ਹੋਏ ਸਨ, ਉਨ੍ਹਾਂ ਨੇ ਬੇਨਤੀ ਕੀਤੀ, ਮਹਾਰਾਜ ਲਾਹੌਰ ਚੱਲੋ! ਹਜ਼ੂਰ ਬੋਲੇ, ਹੁਣ ਤਾਂ ਸਾਡਾ ਅੱਗੇ ਨੂੰ ਜਾਣ ਦਾ ਵਿਚਾਰ ਹੈ ਫਿਰ ਕਦੇ ਕਰਤਾਰ ਨੇ ਚਾਹਿਆ ਤਾਂ ਜ਼ਰੂਰ ਆਵਾਂਗੇ। ਇਸ ਤਰ੍ਹਾਂ ਲਾਇਲਪੁਰ ਦੇ ਇੱਕ ਸੌ ਪੰਦਰਾਂ ਚੱਕ ਵਿੱਚ ਰਹਿਣ ਵਾਲਾ ਮੁਕੰਦ ਲਾਲ ਪਟਵਾਰੀ ਵੀ ਆਇਆ ਸੀ, ਉਸਨੇ ਬੇਨਤੀ ਕੀਤੀ, ਮਹਾਰਾਜ! ਕਿਰਪਾ ਕਰਕੇ ਲਾਇਲਪੁਰ ਚੱਲੋ।

ਆਪ ਬੋਲੇ ਸਾਡਾ ਸੰਕਲਪ ਗੁਰੂ ਨਾਨਕ ਦੇਵ ਮਹਾਰਾਜ ਦੇ ਪਵਿੱਤਰ ਅਸਥਾਨ ਚੂਹੜ-ਕਾਣੇ ਸੱਚਾ ਸੌਦਾ ਅਤੇ ਨਨਕਾਣਾ ਸਾਹਿਬ ਦੇ ਦਰਸ਼ਨ ਕਰਨ ਦਾ ਹੈ, ਫਿਰ ਜਿਵੇਂ ਕਰਤਾਰ ਨੇ ਚਾਹਿਆ। ਪਟਵਾਰੀ ਨੇ ਬੇਨਤੀ ਕੀਤੀ, ਮਹਾਰਾਜ ਮਾਘ ਦੇ ਮਹੀਨੇ ਮੈਂ ਹਰ ਸਾਲ ਅਖੰਡ ਪਾਠ ਕਰਵਾ ਕੇ ਜਿਤਨਾ ਹੋ ਸਕੇ, ਲੰਗਰ ਆਦਿ ਕਰਦਾ ਹਾਂ, ਇਸ ਲਈ ਆਪ ਕਿਰਪਾ ਕਰੋ, ਮਾਘ ਦੀ ਕੋਈ ਤਾਰੀਖ ਬਖਸ਼ਿਸ਼ ਕਰ ਦਿਉ। ਹਜ਼ੂਰ ਨੇ ਹੁਕਮ ਕਰ ਦਿੱਤਾ, ਠੀਕ ਹੈ ਫਲਾਂ ਤਾਰੀਕ ਨੂੰ ਆ ਜਾਵਾਂਗੇ। ਇਸ ਪ੍ਰਕਾਰ ਕਾਫੀ ਦਿਨ ਸੰਤ ਭਗਤ ਸਿੰਘ ਜੀ ਦੇ ਪ੍ਰੇਮਵਸ ਸ਼ੇਖੂਪੁਰੇ ਗੁਜ਼ਾਰ ਕੇ ਅੱਗੇ ਨੂੰ ਚਾਲੇ ਪਾ ਦਿੱਤੇ।

## ਪਾਕਪਟਨ ਦੀ ਯਾਤਰਾ

ਸ਼ੇਖੂਪੁਰੇ ਤੋਂ ਚਾਲੇ ਪਾ ਕੇ ਸ਼ਨੇ-ਸ਼ਨੇ ਸਫ਼ਰ ਕਰਦੇ, ਚੂਹੜਕਾਣੇ ਪਹੁੰਚ ਗਏ। ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦੇ ਪਵਿੱਤਰ ਅਸਥਾਨ ਸੱਚਾ ਸੌਦਾ ਦੇ ਦਰਸ਼ਨ ਦੀਦਾਰੇ ਕੀਤੇ। ਇਕ-ਦੋ-ਦਿਨ ਇਥੇ ਠਹਿਰ ਕੇ ਸ੍ਰੀ ਨਨਕਾਣਾ ਸਾਹਿਬ ਦੀ ਪਵਿੱਤਰ ਧਰਤੀ ਤੇ ਪਹੁੰਚੇ। ਜਗਤ ਗੁਰੂ ਬਾਬਾ ਜੀ ਦੇ ਜਨਮ ਅਸਥਾਨ ਦੀ ਚਰਨ ਧੂੜੀ ਮਸਤਕ ਨੂੰ ਲਾਈ। ਕਈ ਦਿਨ ਇਥੇ ਠਹਿਰ ਸੰਬੰਧਤ ਅਸਥਾਨਾਂ ਪੱਟੀ ਸਾਹਿਬ, ਕਿਆਰਾ ਸਾਹਿਬ, ਜੰਡ ਸਾਹਿਬ, ਯਾਨੀ ਜਿਥੇ-ਜਿਥੇ ਗੁਰੂ ਬਾਬਾ ਜੀ ਨੇ ਬਾਲ ਉਮਰਾਂ ਵਿੱਚ ਅਸਚਰਜ ਕੌਤਕ ਕੀਤੇ ਸਨ, ਉਪਰੋਕਤ ਸਭ ਗੁਰ ਅਸਥਾਨਾਂ ਦੇ ਦਰਸ਼ਨ ਦੀਦਾਰੇ ਕਰਕੇ ਪਟਵਾਰੀ ਮੁਕੰਦ ਲਾਲ ਨੂੰ ਦਿੱਤੇ ਬਚਨਾਂ ਅਨੁਸਾਰ ਲਾਇਲਪੁਰ ਇਕ ਸੌ ਪੰਦਰਾਂ ਨੰਬਰ ਚੱਕ ਪਹੁੰਚੇ। ਪਟਵਾਰੀ ਦੇ ਖੇਤ ਵਿੱਚ ਖੂਹ ਤੇ ਰਿਹਾਇਸ਼ ਕੀਤੀ। ਪਟਵਾਰੀ ਪਰਿਵਾਰ ਬਹੁਤ ਪ੍ਰੇਮ ਨਾਲ ਸੇਵਾ ਕਰਨ ਲੱਗਿਆ। ਹਰ ਸਾਲ ਦੀ ਤਰ੍ਹਾਂ ਇਸ ਨੇ ਆਪਣੇ ਘਰ ਸ੍ਰੀ ਅਖੰਡ ਪਾਠ ਸਾਹਿਬ ਕਰਵਾਇਆ, ਭੋਗ ਉਪਰੰਤ ਗੁਰੂ ਕੇ ਲੰਗਰ ਦੇ ਖੁੱਲੇ ਭੰਡਾਰੇ ਵਰਤੇ। ਇਸ ਤਰ੍ਹਾਂ ਪਟਵਾਰੀ ਦਾ ਕਾਰਜ ਸੰਪੂਰਨ ਹੋ ਜਾਣ ਤੇ ਹੁਣ ਆਪ ਨੇ ਅੱਗੇ ਨੂੰ ਜਾਣ ਦੀ ਤਿਆਰੀ ਕੀਤੀ, ਤਾਂ ਇੱਕ ਪ੍ਰੇਮੀ ਪਰਿਵਾਰ ਜ਼ੈਲਦਾਰ ਸ੍ਰੀ ਜਗਤ ਸਿੰਘ ਚਾਹਲਵੰਸ਼ੀ, ਜਿਸ ਦਾ ਪਿਛੋਕੜ ਤਾਂ ਸ਼ੇਰਪੁਰ ਗਰਿੰਡ ਜ਼ਿਲ੍ਹਾ ਹੁਸ਼ਿਆਰਪੁਰ ਦਾ ਸੀ, ਲੇਕਿਨ ਇਥੇ ਜ਼ਮੀਨ ਅਲਾਟ ਹੋਣ ਕਰਕੇ ਹੁਣ ਪਰਿਵਾਰ ਸਮੇਤ ਇਥੇ ਹੀ ਰਹਿੰਦਾ ਸੀ, ਕਈ ਦਿਨ ਤੋਂ ਉਹ

ਵੀ ਆਪ ਦੇ ਦਰਸ਼ਨ ਦੀਦਾਰੇ ਅਤੇ ਸਤਿਸੰਗ ਕਰ ਰਿਹਾ ਸੀ, ਉਸ ਨੇ ਬੇਨਤੀ ਕੀਤੀ, ਮਹਾਰਾਜ ਕੁਝ ਦਿਨ ਮੇਰੇ ਬਾਗ ਵਿੱਚ ਠਹਿਰੋ। ਹਜ਼ੂਰ ਨੇ ਉਸ ਦਾ ਪ੍ਰੇਮ ਦੇਖਕੇ ਉਸ ਦੇ ਬਾਗ਼ ਵਿੱਚ ਜਾ ਨਿਵਾਸ ਕੀਤਾ। ਆਪ ਦੋ ਸਮੇਂ ਗੁਰਬਾਣੀ ਦੀ ਕਿਸੇ ਪੋਥੀ ਦੀ ਕਥਾ ਕਰਿਆ ਕਰਦੇ, ਤਾਂ ਇਕ ਸੌ ਪੰਦਰਾਂ ਚੱਕ ਦੇ ਨੇੜੇ ਨੇੜੇ ਦੇ ਕਾਫੀ ਲੋਕ ਸਤਿਸੰਗ ਵਿੱਚ ਸ਼ਾਮਲ ਹੁੰਦੇ। ਆਈਆਂ ਸੰਗਤਾਂ ਅਤੇ ਮਹਾਂਪੁਰਸ਼ਾਂ ਦੀ ਜ਼ੈਲਦਾਰ ਜਗਤ ਸਿੰਘ ਅਤੇ ਪਟਵਾਰੀ ਮੁਕੰਦ ਲਾਲ ਨੇ ਮਿਲਕੇ ਇਤਨੀ ਸੇਵਾ ਕੀਤੀ, ਕਿ ਹਜ਼ੂਰ ਨੇ ਇਨ੍ਹਾਂ ਦੇ ਪ੍ਰੇਮਵਸ ਹੋਏ ਤਿੰਨ ਮਹੀਨੇ ਇਥੇ ਹੀ ਗੁਜ਼ਾਰ ਦਿੱਤੇ। ਹੁਣ ਇਥੋਂ ਸੰਤ ਦਰਸ਼ਨ ਸਿੰਘ ਜੀ ਨੂੰ ਨਾਲ ਲੈ ਕੇ ਅਤੇ ਇਥੋਂ ਦੀਆਂ ਸੰਗਤਾਂ ਦੇ ਮਨ ਵਿੱਚ ਪ੍ਰੇਮ ਕਣੀ ਪੈਦਾ ਕਰਕੇ, ਅੱਗੇ ਨੂੰ ਚਾਲੇ ਪਾ ਦਿੱਤੇ। ਯਾਤਰਾ ਹੁਣ ਸਹਜਿ ਵਿੱਚ ਹੋ ਰਹੀ ਹੈ, ਜਿਥੇ ਰਾਤ ਪੈ ਜਾਵੇ ਗੁਜ਼ਾਰ ਲੈਣੀ, ਜਿਥੇ ਭੁੱਖ ਲੱਗੇ, ਮਧੂਕੜੀ ਕਰਕੇ ਪੇਟ ਪੂਰਤੀ ਕਰ ਲੈਣੀ, ਸ਼ਾਇਦ ਕਰਤਾਰ ਦਾ ਹੁਕਮ ਹੁਣ ਕੁਝ ਇਸੇ ਤਰ੍ਹਾਂ ਹੀ ਹੈ। ਇਸ ਪ੍ਰਕਾਰ ਹਰੀ ਦੀ ਰਜ਼ਾ ਵਿੱਚ ਰਾਜ਼ੀ ਰਹਿ ਕੇ ਸਫ਼ਰ ਕਰਦਿਆਂ ਨੂੰ ਕੁਝ ਦਿਨਾਂ ਬਾਅਦ ਇਕ ਘਣਾ ਜੰਗਲ ਆਇਆ। ਸੰਤ ਦਰਸ਼ਨ ਜੀ ਨੇ ਅਰਜ਼ ਕੀਤੀ, ਮਹਾਰਾਜ! ਵੱਡਾ ਭਾਰਾ ਜੰਗਲ ਹੈ, ਮਨੁੱਖ ਵੀ ਕਦੇ ਕਦਾਈਂ ਘੱਟ ਹੀ ਨਜ਼ਰ ਆਉਂਦਾ ਹੈ।

ਹਜ਼ੂਰ ਬੋਲੇ, ਦਰਸ਼ਨ ਸਿਆਂ! ਸ਼ਾਇਦ ਇਹ ਉਹੀ ਜੰਗਲ ਹੈ, ਜਿਥੇ ਬਾਬੇ ਫਰੀਦ ਨੇ ਭੁੱਖ ਪਿਆਸ ਦੇ ਫਾਕੇ ਅਤੇ ਗਰਮੀ ਸਰਦੀ ਦੇ ਕਸ਼ਟ ਸਹਾਰੇ ਸਨ ਛਤੀਹ ਬਰਸ; ਭਾਰੀ ਜੋਹਦ ਕਰਦਿਆਂ ਨੇ, ਇਹੋ ਜਿਹੇ ਸ਼ਬਦ ਵੀ ਸ਼ਾਇਦ ਇਥੇ ਦੀ ਬਾਬਤ ਹੀ ਉਚਾਰੇ ਸਨ—

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥
ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ॥

*(ਸਲੋਕ ਫਰੀਦ, ਪੰਨਾ—੧੩੭੯)*

ਇਤਨੀ ਸਖ਼ਤ ਤਪਸਿਆ ਕੀਤੀ ਬਾਬੇ ਫਰੀਦ ਨੇ ਲੇਕਿਨ ਖੁਦਾ ਦਾ ਦੀਦਾਰ ਨਾ ਹੋਇਆ। ਨਿਰਾਸ ਹੋ ਕੇ ਸਰੀਰ ਤੋਂ ਵੀ ਇੰਨੀ ਨਫਰਤ ਹੋ ਗਈ, ਕਿ ਕਾਵਾਂ, ਕੁੱਤਿਆਂ ਦੇ ਅੱਗੇ ਸੁੱਟ ਦਿੱਤਾ, ਬੇਪਰਵਾਹ ਹੋ ਕੇ ਕਹਿ ਦਿੱਤਾ, ਕਿ ਅੱਖਾਂ ਨੂੰ ਛੱਡ ਕੇ ਬਾਕੀ ਭਾਵੇਂ ਸਾਰਾ ਖਾ ਲਉ। ਉਸ ਸਮੇਂ ਦਾ ਇਸ਼ਾਰਾ ਵੀ ਮਿਲਦਾ ਹੈ—

ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ॥
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥

*(ਸਲੋਕ ਫਰੀਦ, ਪੰਨਾ-੧੩੮੨)*

ਦਰਸ਼ਨ ਸਿਆਂ ਇਤਨੀ ਤੜਪ ਸੀ ਦੀਦਾਰ ਦੀ ਬਾਬੇ ਫਰੀਦ ਦੇ ਮਨ ਵਿੱਚ। ਐਸੀ ਅਵਸਥਾ ਪਰਥਾਇ ਹੀ ਕਿਸੇ ਪ੍ਰੇਮੀ ਨੇ ਉਚਾਰਨ ਕੀਤਾ ਹੈ—

ਅਸਾਂ ਤਲਬ ਦੀਦਾਰ ਦੀ, ਬਿਆ ਤਲਬ ਨਾ ਕਾਈ॥

ਵੈਸੇ ਵੀ ਪ੍ਰੇਮ ਦੀ ਅਗਨੀ ਸਾਧਕ ਦੇ ਹਿਰਦੇ ਵਿਚ ਜਿਸ ਵਕਤ ਮਘਦੀ ਹੈ, ਉਸ ਵਕਤ ਸਰੀਰ, ਮਨ, ਬੁੱਧੀ ਅਤੇ ਇੰਦਰੀਆਂ ਵਿੱਚੋਂ ਮੈਂ, ਮੇਰੀ ਦੇ ਕੁਬਾੜ ਨੂੰ ਸਾੜ ਕੇ ਸੁਆਹ ਬਣਾ ਦਿੰਦੀ ਹੈ। ਯਥਾ—

ਪ੍ਰੇਮ ਅਗਨ ਜਾ ਤਨ ਲਗੈ ਜਾਰੇ ਮਨ ਬੁੱਧਿ ਦੇਹ॥
ਸੁਲਗ ਸੁਲਗ ਕੋਈ ਕਾਲ ਮਹਿ ਸਭ ਇੰਦਰੀ ਹੋਈ ਖੇਹ॥

ਐਸੀ ਹਾਲਤ ਬਾਬਾ ਫਰੀਦ ਦੀ ਹੋ ਗਈ, ਪ੍ਰੰਤੂ ਫਿਰ ਵੀ ਅਜੇ ਖੁਦਾ ਦਾ ਦੀਦਾਰ ਨਾ ਹੋਇਆ। ਇਕ ਦਿਨ ਸਾਂਈ ਦਿਆਲੁਤਾ ਦੇ ਘਰ ਆਇਆ, ਅਕਾਸ਼ ਬਾਣੀ ਹੋਈ ਫਰੀਦਾ! ਅਗਰ ਮਨ ਵਿੱਚ ਸਿੱਕ ਹੈ ਖੁਦਾ ਦੇ ਦੀਰਾ ਦੀ, ਤਾਂ ਮਿਲਿਆਂ ਹੋਇਆਂ ਨੂੰ ਮਿਲ। ਬੇਮੁਰਸ਼ਦੇ ਪੁਰਸ਼ ਨੂੰ ਅੱਜ ਤੱਕ ਕਦੇ ਖੁਦਾ ਨਹੀਂ ਮਿਲਿਆ। ਵਰਮੀ ਕੁਟਣ ਨਾਲ ਸੱਪ ਨਹੀਂ ਮਰ ਜਾਣਾ, ਇਹ ਤਾਂ ਕਿਸੇ ਗਾਰੜੂ ਦੇ ਮੰਤਰ ਨਾਲ ਵੱਸ ਵਿੱਚ ਆਵੇਗਾ। ਇਸ ਲਈ ਜੇ ਚਾਹ ਹੈ ਇਸ ਮਨ ਰੂਪੀ ਸੱਪ ਨੂੰ ਪੂਰਨ ਤੌਰ ਤੇ ਵੱਸ ਵਿਚ ਕਰਨ ਦੀ ਤਾਂ ਪਹੁੰਚ ਪਾਕਪਟਨ ਉਥੇ ਬੈਠਾ ਹੈ ਇਸ ਦਾ ਗਾਰੜੂ।

ਫਰੀਦ ਇਸ਼ਾਰਾ ਸਮਝਕੇ ਪਹੁੰਚਿਆ ਪਾਕਪਟਨ ਪੂਰਨ ਫਕੀਰ ਦੀ ਸ਼ਰਨ ਵਿੱਚ। ਚਰਨਾਂ ਤੇ ਨਮਸ਼ਕਾਰ ਕਰਦਿਆਂ ਹੀ ਉਹ ਅਨਭੂਤੀ, ਉਹ ਆਨੰਦ, ਉਹ ਸ਼ਾਂਤੀ ਪ੍ਰਾਪਤੀ ਹੋਈ ਜੋ ਛੱਤੀ ਬਰਸਾਂ ਵਿੱਚ ਅੱਜ ਤੱਕ ਕਦੇ ਨਹੀਂ ਸੀ ਮਹਿਸੂਸ

ਕੀਤੀ। ਇਸ ਪ੍ਰਕਾਰ ਬਾਬੇ ਫਰੀਦ ਦੀ ਸਖਤ ਘਾਲਣਾ ਦੀ ਚਰਚਾ ਕਰਦਿਆਂ, ਦਿਨ ਰਾਤ ਸਫ਼ਰ ਕਰਦੇ ਜਾ ਪਹੁੰਚੇ ਪਾਕਪਟਨ ਸ਼ਹਿਰ, ਜੋ ਦਰਿਆ ਸਤਲੁਜ ਦੇ ਕੰਢੇ ਵੱਸਦਾ ਹੈ। ਬਾਬੇ ਫਰੀਦ ਦੇ ਅਸਥਾਨ ਦੇ ਦਰਸ਼ਨ ਕੀਤੇ, ਜਿੱਥੋਂ ਫਰੀਦ ਨੂੰ ਆਪਣੇ ਮੁਰਸ਼ਦ ਦੀ ਸੇਵਾ ਕਰਦਿਆਂ ਉਸ ਦੀ ਅਜਹਦ ਖੁਸ਼ੀ ਪ੍ਰਾਪਤ ਹੋਈ ਸੀ, ਜਿਸ ਦਾ ਫਲ਼ ਹਿਰਦੇ ਦੇ ਅੰਦਰ ਹੀ ਪਿਆਰੇ ਦਾ ਦੀਦਾਰ ਪ੍ਰਾਪਤ ਹੋਇਆ। ਫਿਰ ਫਰੀਦ ਨੇ ਐਸਾ ਉਚਾਰਨ ਕੀਤਾ—

**ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥**
**ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥**

*(ਸਲੋਕ ਫਰੀਦ, ਪੰਨਾ-੧੩੭੮)*

ਇਸ ਪ੍ਰਕਾਰ ਇਥੇ ਕਾਫੀ ਸਮਾਂ ਗੁਜ਼ਾਰਿਆ। ਬਾਬਾ ਫਰੀਦ ਜੀ ਵੰਸ਼ਜ ਨੂੰ ਮਿਲੇ ਅਤੇ ਗੱਦੀ ਦੇ ਵਾਰਸਾਂ ਨਾਲ ਗਿਆਨ ਗੋਸਟਿ ਕੀਤੀ। ਇਉਂ ਕਾਫੀ ਸਮਾਂ ਪਾਕਪਟਨ ਅਤੇ ਆਲੇ ਦੁਆਲੇ ਦੇ ਇਲਾਕੇ ਵਿੱਚ ਗੁਜ਼ਾਰ ਕੇ ਸ਼ਾਹਜੀਵਣੇ ਵੱਲ ਮੁਹਾਰਾਂ ਮੋੜੀਆਂ। ਸਹਿਜੇ-ਸਹਿਜੇ ਸਫਰ ਕਰਦੇ ਸ਼ਾਹਜੀਵਣੇ ਜਾ ਪਹੁੰਚੇ।

ਜਿਸ ਵਕਤ ਗੁਰੂ ਅਮਰਦਾਸ ਜੀ ਨੇ ਬਾਈ ਮੁੱਖੀ-ਮੁੱਖੀ ਸਿੱਖਾਂ ਨੂੰ ਬ੍ਰਹਮਗਿਆਨ ਦੀ ਇਲਾਹੀ ਦਾਤ ਬਖਸ਼ ਕੇ ਗੁਰੂ ਨਾਨਕ ਦੇ ਘਰ ਦਾ ਉਪਦੇਸ਼ ਪ੍ਰਚਾਰਨ ਲਈ ਦੂਰ-ਦੂਰ ਇਲਾਕਿਆਂ ਵਿੱਚ ਭੇਜਿਆ ਸੀ, ਉਸ ਸਮੇਂ *ਮਥੋ ਮਰਾਰੀ* ਨੂੰ ਵੀ ਇਕ ਮੰਜੀ ਬਖਸ਼ ਕੇ ਇਥੇ ਭੇਜਿਆ ਸੀ। ਉਸ ਸਮੇਂ ਤੋਂ ਗੁਰੂ ਘਰ ਦੀ ਇਸ ਮਹਾਨ ਗੱਦੀ ਤੇ ਵੱਡੀ-ਵੱਡੀ ਕਰਨੀ ਵਾਲੇ ਮਹਾਂਪੁਰਸ਼ ਹੁੰਦੇ ਆਏ ਹਨ। ਇਸ ਲਈ ਆਪ ਕਿਸੇ ਇਲਾਹੀ ਹੁਕਮ ਵਿੱਚ ਬੱਝੇ ਇਸ ਪਵਿੱਤਰ ਅਸਥਾਨ ਦੇ ਦੀਦਾਰ ਕਰਨ ਇਥੇ ਪਹੁੰਚੇ ਸਨ। ਇਥੋਂ ਦੇ ਗੱਦੀ ਨਸ਼ੀਨ ਮਹਾਂਪੁਰਖਾਂ ਨੇ ਆਪ ਜੀ ਦਾ ਬਹੁਤ ਸਤਿਕਾਰ ਕੀਤਾ, ਇਸ ਲਈ ਉਨ੍ਹਾਂ ਦੇ ਪ੍ਰੇਮ ਵੱਸ ਹੋ ਕੇ ਇਥੇ ਕਈ ਮਹੀਨੇ ਗੁਜ਼ਾਰ ਦਿੱਤੇ। ਫਿਰ ਇਥੋਂ ਚਾਲੇ ਪਾ ਕੇ ਸਹਿਜੇ-ਸਹਿਜੇ ਸਫਰ ਕਰਦੇ, ਜਸਵੰਤ ਲਾਲ ਬਤਰਾ ਨੂੰ ਦਿੱਤੇ ਬਚਨ ਅਨੁਸਾਰ ਲਾਹੌਰ ਪਹੁੰਚ ਗਏ। ਰਾਵੀ ਦੇ ਕਿਨਾਰੇ ਬਾਹਰ ਕਿਤੇ ਟਿਕਾਣਾ ਕੀਤਾ। ਪਤਾ ਲੱਗਣ ਤੇ ਜਸਵੰਤ ਲਾਲ ਬਤਰਾ ਜੀ ਵੀ ਆ ਪਹੁੰਚੇ। ਇਹ ਪ੍ਰੇਮੀ ਪਰਿਵਾਰ ਕਈ ਦਿਨ ਬਹੁਤ ਪ੍ਰੇਮ ਨਾਲ ਸੇਵਾ ਕਰਦਾ ਰਿਹਾ। ਇਕ ਦਿਨ ਬੇਨਤੀ ਕੀਤੀ ਮਹਾਰਾਜ ਮੈਨੂੰ ਨਾਮ ਦੀ ਦਾਤ ਬਖਸ਼ੋ। ਹੁਕਮ ਕੀਤਾ, ਅਜੇ ਗੁਰਬਾਣੀ ਦਾ ਪਾਠ ਨੇਮ ਨਾਲ ਕਰਦਾ ਰਹਿ, ਜਦੋਂ ਫਿਰ ਆਏ ਨਾਮ ਦਿਆਂਗੇ। ਜਸਵੰਤ ਲਾਲ ਨੇ ਅਰਜ਼ ਕੀਤੀ ਇਸ ਵਕਤ ਆਪ ਦਾ ਕਿਥੇ ਜਾਣ ਦਾ ਪ੍ਰੋਗਰਾਮ ਹੈ?

ਹੁਕਮ ਹੋਇਆ ਰਿਸ਼ੀਕੇਸ਼ ਜਾਣਾ ਹੈ। ਜਸਵੰਤ ਲਾਲ ਨੇ ਬੇਨਤੀ ਕਰਕੇ ਰੇਲ ਦੀਆਂ ਟਿਕਟਾਂ ਲੈ ਦਿੱਤੀਆਂ, ਇਉਂ ਵਾਪਸ ਰਿਸ਼ੀਕੇਸ਼ ਪਹੁੰਚ ਗਏ।

## ਦੂਜੀ ਵਾਰ ਅਸਰਪੁਰ

ਗੱਲ ਸ਼ਾਇਦ 1942 ਦੇ ਅਖੀਰ ਦੀ ਹੈ ਜਦੋਂ ਆਪ ਜੀ, ਬਾਬਾ ਬੇਅੰਤ ਸਿੰਘ ਜੀ ਅਤੇ ਸੰਤ ਦਰਸ਼ਨ ਸਿੰਘ ਨੂੰ ਨਾਲ ਲੈ ਕੇ ਅਸਰਪੁਰ ਪਿੰਡ ਪਹੁੰਚੇ। ਕਿਉਂਕਿ ਆਪ ਨੇ ਦੋ ਸਾਲ ਪਹਿਲਾਂ ਉਨ੍ਹਾਂ ਲੋਕਾਂ ਨੂੰ ਬਚਨ ਦਿੱਤਾ ਸੀ ਕਿ ਜਦੋਂ ਦੁਬਾਰਾ ਆਏ ਕੋਈ ਸੰਤ ਨਾਲ ਲੈ ਕੇ ਆਵਾਂਗੇ, ਜਿਹੜਾ ਤੁਹਾਨੂੰ ਗੁਰਬਾਣੀ ਪੜ੍ਹਾਵੇਗਾ। ਸੰਗਤਾਂ ਤਾਂ ਆਪ ਦੀ ਗਿਆਨ ਮਹਿਕ ਤੋਂ ਪਹਿਲਾਂ ਹੀ ਬਹੁਤ ਪ੍ਰਭਾਵਤ ਸਨ ਇਸ ਲਈ ਪਤਾ ਲੱਗਣ ਤੇ ਆਲੇ ਦੁਆਲੇ ਦੀਆਂ ਸਭ ਸੰਗਤਾਂ ਆਉਣੀਆਂ ਸ਼ੁਰੂ ਹੋ ਗਈਆਂ। ਸੰਤ ਦਰਸ਼ਨ ਸਿੰਘ ਜੀ ਕੋਲ ਕੁਝ ਬੰਦੇ ਪੰਜਾਬੀ ਸਿੱਖਣ ਲੱਗ ਗਏ ਅਤੇ ਜਿਹੜੇ ਪਹਿਲਾਂ ਕੁਝ ਪੰਜਾਬੀ ਜਾਣਦੇ ਸਨ, ਉਹ ਨਿਤਨੇਮ ਦੀਆਂ ਬਾਣੀਆਂ, ਪੰਜ ਗ੍ਰੰਥੀ ਆਦਿਕ ਪੋਥੀਆਂ ਦੀ ਸੰਥਯਾ ਕਰਨ ਲੱਗ ਗਏ। ਆਪ ਜੀ ਨੇ ਸ਼ਾਮ ਨੂੰ ਤੀਜੇ ਪਹਿਰ ਗੁਰ ਇਤਿਹਾਸ ਯਾਨੀ ਸੂਰਜ ਪ੍ਰਕਾਸ਼ ਦੀ ਕਥਾ ਸ਼ੁਰੂ ਕੀਤੀ। ਸਹਿਜੇ-ਸਹਿਜੇ ਕਥਾ ਵਿੱਚ ਕਾਫੀ ਸੰਗਤ ਆਉਣੀ ਸ਼ੁਰੂ ਹੋ ਗਈ। ਅਸਰਪੁਰ ਤੋਂ ਬਿਨਾਂ ਹੋਰ ਦੋ-ਤਿੰਨ ਪਿੰਡਾਂ ਦੇ ਲੋਕ ਆਉਣ ਲੱਗੇ। ਮਠੈੜਾਂ ਪਿੰਡ ਦਾ ਤੇਜਾ ਸਿੰਘ ਮੂਲ ਪਾਠ ਦੀ ਪੰਕਤੀ ਪੜ੍ਹਦਾ ਅਤੇ ਆਪ ਉਸਦੀ ਭਾਵ-ਪੂਰਕ ਵਿਆਖਿਆ ਕਰਦੇ ਸਨ।

ਗੁਰ ਇਤਿਹਾਸ ਰੌਚਕ ਹੋਣ ਕਰਕੇ ਦਿਨ ਬਦਿਨ ਸੰਗਤ ਵਧਦੀ ਹੀ ਗਈ। ਪੂੰਨੀਆਂ ਪਿੰਡ ਦੇ ਹੋਰ ਬੰਦਿਆਂ ਤੋਂ ਇਲਾਵਾ ਸਰਵਨ ਸਿੰਘ ਨੰਬਰਦਾਰ ਅਤੇ ਜੱਥੇਦਾਰ ਵਜ਼ੀਰ ਸਿੰਘ ਤਾਂ ਨਿਰੰਤਰ ਆਉਂਦੇ ਸਨ, ਨਾਲ ਲਗਵਾਂ ਪਿੰਡ

ਬੁੱਢਣਪੁਰ ਵਿੱਚ ਜ਼ਿਆਦਾ ਵਸੋਂ ਮੁਸਲਮਾਨ ਭਰਾਵਾਂ ਦੀ ਸੀ, ਉਥੋਂ ਵੀ ਸਿਆਣੀ ਉਮਰ ਦੇ ਦੋ-ਤਿੰਨ ਬਜ਼ੁਰਗ ਰੋਜ਼ ਆਉਂਦੇ ਸਨ। ਕਿਉਂਕਿ ਕਥਾ ਉਪਦੇਸ਼-ਅਦਵੈਤ ਵਾਦੀ ਹੋਣ ਕਰਕੇ ਕਿਸੇ ਦੇ ਮਨ ਨੂੰ ਚੋਟ ਨਹੀਂ ਸੀ ਲੱਗਦੀ, ਸਗੋਂ ਰਸ ਮਹਿਸੂਸ ਹੁੰਦਾ ਸੀ। ਇਸੇ ਕਰਕੇ ਕਮੋਅ, ਸਿੱਖ ਜਿਮੀਂਦਾਰ, ਬ੍ਰਾਹਮਣ ਅਤੇ ਮੁਸਲਮਾਨ ਇਤਿਆਦਿਕ ਸਭ ਫਿਰਕਿਆਂ ਦੇ ਲੋਕ ਪਹੁੰਚ ਕੇ ਬੜੇ ਪ੍ਰੇਮ ਨਾਲ ਕਥਾ ਸਰਵਨ ਕਰਦੇ ਸਨ। ਇਉਂ ਗੁਰੂ ਨਾਨਕ ਪ੍ਰਕਾਸ਼ ਤੋਂ ਸ਼ੁਰੂ ਕਰਕੇ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਤੱਕ ਕਥਾ ਕਰਦਿਆਂ ਕਾਫੀ ਸਮਾਂ ਗੁਜ਼ਰ ਗਿਆ, ਸਭ ਲੋਕ ਬਹੁਤ ਪ੍ਰੇਮ ਨਾਲ ਸੁਣਦੇ ਰਹੇ। ਜਿਸ ਵਕਤ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਿੰਘ ਸਾਹਿਬ ਜੀ ਦੀ ਜੀਵਨ ਲੀਲਾ ਸ਼ੁਰੂ ਹੋਈ, ਉਸ ਵਿੱਚ ਜੰਗੀ ਮਸ਼ਕਾਂ, ਘੋੜ ਸਵਾਰੀ, ਇਤਿਆਦਿਕ ਸ਼ਾਹੀ ਸਾਜ਼ ਬਾਜ਼ ਦੀਆਂ ਤਿਆਰੀਆਂ ਸ਼ੁਰੂ ਹੋਈਆਂ ਤਾਂ ਮੁਸਲਮਾਨ ਭਰਾ ਜੋ ਰੋਜ਼ ਕਥਾ ਸੁਣਨ ਆਉਂਦੇ ਸਨ ਉਨ੍ਹਾਂ ਦੇ ਮਨ ਵਿੱਚ ਕੁਝ ਸ਼ੰਕਾਵਾਂ ਜਿਹੀਆਂ ਉਤਪੰਨ ਹੋਣੀਆਂ ਸ਼ੁਰੂ ਹੋ ਗਈਆਂ, ਕਿ ਕਥਾ ਸੁਣਕੇ ਹਿੰਦੂ ਸਿੱਖਾਂ ਦੇ ਮਨ ਵਿੱਚ ਮੁਸਲਮਾਨਾਂ ਪ੍ਰਤੀ ਘ੍ਰਿਣਾਂ ਪੈਦਾ ਹੋ ਜਾਏਗੀ। ਫਿਰ ਇਕ ਦਿਨ ਕਥਾ ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਹਿਲੇ ਯੁੱਧ ਦਾ ਵਰਨਣ ਆਇਆ, ਯੁੱਧ ਵਿੱਚ ਖੰਡਾ ਖੜਕਣਾ ਲਾਜ਼ਮੀ ਹੀ ਸੀ। ਸੁਣਕੇ ਬੁੱਢਣਪੁਰ ਵਾਲੇ ਮੁਸਲਮਾਨ ਭਰਾਵਾਂ ਵਿੱਚੋਂ ਇਕ ਬਜ਼ੁਰਗ ਬੋਲਿਆ, ਮਹਾਰਾਜ! ਅੱਗੇ ਤਾਂ ਕਥਾ ਹਰ ਰੋਜ਼ ਬੜੀ ਸਹਿਜ ਅਤੇ ਸ਼ਾਂਤ ਰਸ ਵਿੱਚ ਕਰਦੇ ਸੀ ਲੇਕਿਨ ਅੱਜ ਤਾਂ ਹੋਰ ਹੀ ਰੰਗ ਬੰਨ੍ਹ ਦਿੱਤਾ। ਮਹਾਰਾਜ ਬੋਲੇ, ਮੀਆਂ ਜੀ! ਗੁਰੂ ਘਰ ਕਿਸੇ ਜ਼ਾਤ ਮਜ਼ਬ ਜਾਂ ਫਿਰਕੇ ਦਾ ਵਿਰੋਧੀ ਨਹੀਂ ਸੀ, ਹਾਂ! ਜ਼ੁਲਮ ਦੇ ਵਿਰੋਧੀ ਜ਼ਰੂਰ ਸਨ।

ਗਿਆਨਵਾਨ ਪੁਰਸ਼ ਦੀ ਦ੍ਰਿਸ਼ਟੀ ਫਿਰਕਿਆਂ ਮਜ਼ਬਾਂ ਦੀ ਜ਼ਹਿਰ ਤੋਂ ਬਹੁਤ ਉਪਰ ਹੁੰਦੀ ਹੈ, ਉਹ ਸਭ ਜੀਵਾਂ ਵਿੱਚ ਇਕ ਖੁਦਾ ਦਾ ਹੀ ਦੀਦਾਰ ਕਰਦਾ ਹੈ, ਉਸ ਦੀ ਨਜ਼ਰ ਵਿੱਚ ਕੋਈ ਪਰਾਇਆ ਨਹੀਂ ਹੁੰਦਾ। ਫਿਰ ਗੁਰੂ ਸਾਹਿਬ ਜੀ ਤਾਂ ਜਿਨ੍ਹਾਂ ਦੇ ਜੀਵਨ ਚਰਿੱਤਰ ਸੁਣ ਰਹੇ ਹੋਂ, ਉਹ ਤਾਂ ਹੈ ਹੀ ਖੁਦਾ ਦੇ ਨੂਰ ਸਨ! ਉਨ੍ਹਾਂ ਦੀ ਦ੍ਰਿਸਟੀ ਵਿੱਚ ਤਾਂ ਰੱਤੀ ਮਾਤਰ ਵੀ ਦਵੈਤ ਦੀ ਗੁੰਜਾਇਸ਼ ਨਹੀਂ ਸੀ। ਤੁਸੀਂ ਪਿਛਲੇ ਦਿਨਾਂ ਵਿੱਚ ਗੁਰੂ ਨਾਨਕ ਪ੍ਰਕਾਸ਼ ਸੁਣਿਆ ਹੀ ਹੈ ਕਿ ਏਮਨਾਬਾਦ ਵਿੱਚ ਗੁਰੂ ਬਾਬਾ ਜੀ ਨੇ ਬਾਬਰ ਦੇ ਜ਼ੁਲਮ ਤੱਕ ਕੇ ਕਿਵੇਂ ਖਰੀਆਂ-ਖਰੀਆਂ ਸੁਣਾਈਆਂ, ਅਤੇ ਫਿਰ ਸ਼ਰਨ ਡਿੱਗੇ ਨੂੰ ਕਈ ਪੁਸ਼ਤਾਂ ਤੱਕ ਪਾਤਿਸ਼ਾਹੀ ਦਾ ਵਰਦਾਨ ਵੀ ਬਖਸ਼ ਦਿੱਤਾ। ਉਸ ਦੀ ਕੈਦ ਵਿੱਚੋਂ ਕੇਵਲ ਹਿੰਦੂ ਹੀ ਨਹੀਂ ਛੁਡਾਏ, ਬਲਕਿ ਮੁਸਲਮਾਨ ਲੜਕੇ ਲੜਕੀਆਂ ਵੀ ਛੁਡਾਈਆਂ ਅਤੇ ਹੁਣ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਜੀਵਨ ਲੀਲ੍ਹਾ ਤੇ ਵਿਚਾਰ ਚੱਲ ਰਿਹਾ ਹੈ। ਪਿਛਲੇ ਦਿਨਾਂ ਵਿੱਚ ਜ਼ਿਕਰ ਆਇਆ ਸੀ ਕਿ ਇਕ ਲਾਵਾਰਸ ਮੁਸਲਮਾਨ ਲੜਕੇ ਪੈਂਦੇ ਖਾਨ ਨੂੰ ਛੇਵੇਂ ਪਾਤਿਸ਼ਾਹ ਮਹਾਰਾਜ ਨੇ ਚਰਨ ਸ਼ਰਨ ਹੀ ਨਹੀਂ ਬਖਸ਼ੀ ਸਗੋਂ ਪੁੱਤਰਾਂ ਵਾਂਗੂ ਪਾਲਣ ਪੋਸ਼ਣ ਕੀਤਾ। ਹਰ ਪ੍ਰਕਾਰ ਦੀ ਵਿਦਿਆ ਪੜ੍ਹਾ ਕੇ ਨਿਪੁੰਨ ਬਣਾਇਆ, ਇਕ ਰੱਜਦੇ-ਪੁੱਜਦੇ ਮੁਸਲਮਾਨ ਘਰ ਵਿੱਚ ਸ਼ਾਦੀ ਕੀਤੀ ਅਤੇ ਮਾਣ ਇਤਨਾ ਦਿੱਤਾ ਕਿ ਕਿਸੇ ਆਮ ਆਹੁਦੇ ਦੀ ਬਜਾਏ ਸੈਨਾਪਤੀ ਥਾਪਿਆ। ਹੁਣ ਦੱਸੋ ਗੁਰੂ ਸਾਹਿਬ ਕਿਸੇ ਮਜ਼ਬ ਦੇ ਵਿਰੋਧੀ ਸਨ ਕਿ ਜ਼ੁਲਮ ਦੇ? ਹਜ਼ੂਰ ਦੀ ਰਸਨਾਂ ਤੋਂ ਐਸਾ ਅਦਵੈਤ ਵਾਦੀ ਉਪਦੇਸ਼ ਸੁਣਕੇ ਮੁਸਲਿਮ ਭਰਾਵਾਂ ਦੇ ਸਭ ਸ਼ੰਕੇ ਦੂਰ ਹੋ ਗਏ। ਇਸ ਪ੍ਰਕਾਰ ਲਗਾਤਾਰ ਕਈ ਮਹੀਨੇ ਇਥੇ ਠਹਿਰ ਕੇ ਸੂਰਜ ਪ੍ਰਕਾਸ਼ ਦੀ ਕਥਾ ਸੰਪੂਰਨ ਕੀਤੀ। ਸੰਤ ਦਰਸ਼ਨ ਸਿੰਘ ਜੀ ਨੂੰ ਹੁਕਮ ਕੀਤਾ ਕਿ ਤੁਸੀਂ ਇਥੇ ਠਹਿਰ ਕੇ ਇਨ੍ਹਾਂ ਲੋਕਾਂ ਨੂੰ ਗੁਰਮੁਖੀ ਅੱਖਰ ਅਤੇ ਗੁਰਬਾਣੀ ਸਿਖਾਉ! ਲੇਕਿਨ ਆਪ ਇਨ੍ਹਾਂ ਪ੍ਰੇਮੀਆਂ ਨੂੰ ਗੁਰਬਾਣੀ ਅਤੇ ਗੁਰ ਇਤਿਹਾਸ ਦੁਆਰਾ ਜੀਵਨ ਦੀ ਸੱਚੀ ਸੁੱਚੀ ਸੇਧ ਬਖਸ਼ ਕੇ ਆਪਣੇ ਪਰਉਪਕਾਰੀ ਸੁਭਾਅ ਅਨੁਸਾਰ ਸੂਰਜ ਦੀ ਨਿਆਂਈ ਕਿਸੇ ਹੋਰ ਦੇਸ਼ ਵਿੱਚ ਪ੍ਰਕਾਸ਼ ਰੂਪ ਕਿਰਨਾਂ ਵਰਸਾਉਣ ਲਈ ਰਵਦੇ ਹੋਏ।

## ਕਸ਼ਮੀਰ ਯਾਤਰਾ

"ਰਹੀ ਵਾਸਤੇ ਘੱਤ ਸਮੇਂ ਨੇ ਇਕ ਨਾ ਮੰਨੀ,
ਪਲ-ਪਲ ਗਈ ਵਿਹਾ, ਸਮੇਂ ਖਿਸਕਾਈ ਕੰਨੀ,
ਬਾਜੀ ਜਾਂਦੇ ਜਿੱਤ, ਕਦਰ ਜੋ ਸਮੇਂ ਦੀ ਕਰਦੇ,
ਜੋ ਰਹਿੰਦੇ ਬੇਪ੍ਰਵਾਹ, ਨਿੱਤ ਨਿੱਤ ਜੰਮਦੇ ਮਰਦੇ।"

ਮਹਾਰਾਜ! ਬਸੰਤ ਰਾਣੀ ਆਪਣੀ ਜਵਾਨ ਉਮਰਾਂ ਦੀ ਮਹਿਕ ਭਾਵੇਂ ਖਿਲਾਰ ਤਾਂ ਹਰ ਪਾਸੇ ਰਹੀ ਹੈ ਲੇਕਿਨ ਇਥੇ ਤਾਂ ਇਸਦਾ ਸੁਹੱਪਣ ਕੁਝ ਵਿਲੱਖਣ ਹੀ ਹੈ। ਇਹ ਹੀ ਵਜ੍ਹਾ ਹੈ, ਸੰਸਾਰੀ ਲੋਕ ਧਨ ਖਰਚ ਕਰਕੇ, ਸਰੀਰਕ ਕਸ਼ਟ ਉਠਾ ਕੇ ਅਤੇ ਕੁਝ ਸਮੇਂ ਲਈ ਸੰਬੰਧੀਆਂ ਤੋਂ ਵਿਛੜ ਕੇ ਆਉਂਦੇ ਹਨ ਸੁੰਦਰਤਾ ਨਾਲ ਭਰਪੂਰ ਕਸ਼ਮੀਰ ਦੀ ਇਹ ਰਮਨੀਕ ਵਾਦੀ ਦੇਖਣ ਲਈ। ਪ੍ਰੰਤੂ ਇਕ ਹੋਰ ਅਸਚਰਜ ਮੈਂ ਇਥੇ ਕਈ ਦਿਨਾਂ ਤੋਂ ਤੱਕ ਰਿਹਾ ਹਾਂ, ਕਿ ਇਹ ਜੇਹਲਮ ਦਰਿਆ ਦਾ ਪਾਣੀ ਦਿਨ ਰਾਤ ਬੜੀ ਤੇਜ਼ੀ ਨਾਲ ਸਫ਼ਰ ਕਰੀਂ ਜਾ ਰਿਹਾ ਹੈ। ਇਕ ਛਿਨ ਲਈ ਵੀ ਖੜੋ ਕੇ ਇੱਧਰ ਉੱਧਰ ਨਹੀਂ ਤੱਕਦਾ, ਕੀ ਇਸਨੂੰ ਇਹ ਵਿਸ਼ਾਲ ਸੁੰਦਰਤਾ ਚੰਗੀ ਨਹੀਂ ਲੱਗਦੀ, ਜਾਂ ਇਸ ਨੂੰ ਸ਼ੱਕ ਹੈ ਇਸਦੇ ਸੁਹੱਪਣ ਤੇ? ਦਰਸ਼ਨ ਸਿਆਂ! ਇਹ ਬੜਾ ਬੁੱਧੀਵਾਨ ਹੈ ਬਈ, ਇਸਨੂੰ ਬੜਾ ਲੰਮਾ ਸਮਾਂ ਬੀਤ ਗਿਆ ਇਸ ਵਾਦੀ ਦੇ ਦਰਸ਼ਨ ਕਰਦੇ ਨੂੰ। ਇਹ ਅੱਛੀ ਤਰ੍ਹਾਂ ਜਾਣਦਾ ਹੈ, ਚਾਰ ਦਿਨਾਂ ਦੀ ਚਾਂਦਨੀ, ਫਿਰ ਅੰਧਿਆਰੀ ਰਾਤ, ਕਿ ਇਸ ਬਸੰਤ ਰੁੱਤ ਦੀ ਜਵਾਨ ਉਮਰਾਂ ਨੂੰ ਨਾਸ਼ ਕਰਨ ਲਈ ਗ੍ਰੀਸ਼ਮ ਰੁੱਤ ਰੂਪੀ ਕਾਲ ਨੇ ਜਨਮ ਲੈ ਲਿਆ ਹੈ, ਉਸ ਨੇ ਜਵਾਨ ਹੁੰਦਿਆਂ ਹੀ ਇਸ ਬਸੰਤ ਰੁੱਤ ਦਾ ਨਾਮੋ ਨਿਸ਼ਾਨ ਮਿਟਾ ਦੇਣਾ ਹੈ।

ਫਿਰ ਇਹ ਇਸ ਵਿੱਚ ਛੁਪੇ ਗੁੱਝੇ ਰਾਜ਼ ਨੂੰ ਵੀ ਚੰਗੀ ਤਰ੍ਹਾਂ ਸਮਝਦਾ ਹੈ, ਕਿ ਇਥੋਂ ਦੀ ਹਰ ਸ਼ੈਅ ਤਾਂ ਬਲਬ ਜਾਂ ਟਿਊਬ ਦੇ ਸਮਾਨ ਹੈ, ਜਿਸ ਵਿੱਚ ਪ੍ਰਕਾਸ਼ ਰੂਪੀ ਸ਼ਕਤੀ ਤਾਂ ਕਿਸੇ ਪਾਵਰ ਹਾਊਸ ਤੋਂ ਆਉਂਦੀ ਹੈ। ਫਿਰ ਕਿਉਂ ਨਾ ਉਸ ਅਨੰਤ ਸ਼ਕਤੀਆਂ ਦੇ ਮਾਲਕ ਜਿਸ ਵਿੱਚ ਹਮੇਸ਼ਾਂ ਬਸੰਤ ਖਿੜੀ ਰਹਿੰਦੀ ਹੈ ਉਸ ਦੇ ਹੀ ਦੀਦਾਰ ਕੀਤੇ ਜਾਣ। ਇਸ ਲਈ ਇਹ ਇਥੋਂ ਦੀ ਹਰ ਸ਼ੈ ਨੂੰ ਬਨਾਵਟੀ ਅਤੇ ਛਲ ਰੂਪ ਜਾਣ ਕੇ ਇਸ ਦੀ ਤਰਫ ਧਿਆਨ ਨਹੀਂ ਦਿੰਦਾ, ਸਗੋਂ ਦਿਨ ਰਾਤ ਯਾਤਰਾ ਕਰੀ ਜਾ ਰਿਹਾ ਹੈ, ਪਾਵਰ ਹਾਊਸ ਰੂਪੀ ਆਪਣੇ ਸਹੁ ਸਮੁੰਦਰ ਵਿੱਚ ਅਭੇਦ ਹੋਣ ਲਈ।

ਇਉਂ ਬਚਨ ਹੋ ਹੀ ਰਹੇ ਸਨ ਕਿ ਪਹੁ ਫੁਟਾਲਾ ਜ਼ਿੰਦਗੀ ਦੇ ਆਖਰੀ ਛਿਨ ਗੁਜ਼ਾਰ ਕੇ ਆਪਣੇ ਲਉ ਲਸ਼ਕਰ ਤਾਰਿਆਂ ਆਦਿ ਸਮੇਤ ਕੰਨੀ ਖਿਸਕਾ ਗਿਆ ਅਤੇ ਸਮੇਂ ਰੂਪੀ ਤਖ਼ਤ ਉਪਰ ਸੂਰਜ ਬਲੀ ਨੇ ਕਬਜ਼ਾ ਆ ਕੀਤਾ। ਇਤਨੇ ਨੂੰ ਹਜ਼ੂਰ ਦੀ ਸਵੱਲੀ ਨਜ਼ਰ ਦਰਿਆ ਦੇ ਕਿਨਾਰੇ ਘੁੰਮ ਰਹੇ ਇਕ ਪੁਰਸ਼ ਤੇ ਪਈ ਜਿਸ ਨੇ ਸਫੈਦ ਵਸਤਰ ਪਹਿਨੇ ਹੋਏ ਹਨ। ਉਹ ਇੱਧਰ ਉੱਧਰ ਘੁੰਮੀ ਜਾ ਰਿਹਾ ਹੈ ਲੇਕਿਨ ਕਿਸੇ ਦੂਸਰੇ ਪੁਰਸ਼ ਕੋਲ ਨਹੀਂ ਜਾਂਦਾ, ਕਿਸੇ ਨਾਲ ਗੱਲ ਨਹੀਂ ਕਰਦਾ। ਇੱਧਰ-ਉੱਧਰ ਤੱਕਣਾ ਤਾਂ ਕੀ ਸੀ, ਨੇਤਰ ਪੈਰਾਂ ਤੋਂ ਉਪਰ ਨਹੀਂ ਉਠਾ ਰਿਹਾ ਲੇਕਿਨ ਸੱਜਾ ਹੱਥ ਉਸਦਾ ਇਉਂ ਚਲੀ ਜਾ ਰਿਹਾ ਹੈ ਜਿਵੇਂ ਕਿਸੇ ਨਾਲ ਸਨਮੁੱਖ ਗੱਲਾਂ ਕਰ ਰਿਹਾ ਹੋਵੇ। ਜ਼ਰਾ ਗਹੁ ਨਾਲ ਤੱਕਿਆਂ ਇਉਂ ਪ੍ਰਤੀਤ ਦੇ ਰਿਹਾ ਹੈ ਜਿਵੇਂ ਮਨ ਕੋਈ ਗਹਿਰੀ ਚੋਟ ਖਾ ਕੇ ਸੰਸਾਰ ਦੀ ਹਰ ਵਸਤੂ ਨੂੰ ਛਲ ਜਾਂ ਧੋਖਾ ਸਮਝ ਕੇ ਭੈਭੀਤ ਹੋ ਰਿਹਾ ਹੋਵੇ, ਯਾਨੀ ਕਿਸੇ ਵੀ ਵਸਤੂ ਨੂੰ ਸਥਿਰ ਨਾ ਦੇਖਕੇ ਪੂਰਨ ਤੌਰ ਤੇ ਨਿਰਾਸ਼ ਹੋ ਚੁੱਕਿਆ ਹੋਵੇ। ਖੈਰ, ਹੁਕਮ ਕੀਤਾ ਦਰਸ਼ਨ ਸਿਆਂ! ਇਸ ਪੁਰਸ਼ ਨੂੰ ਬੁਲਾ ਕੇ ਲਿਆ। ਹੁਕਮ ਮੰਨ ਕੇ ਸੰਤ ਦਰਸ਼ਨ ਸਿੰਘ ਜੀ ਉਸ ਪੁਰਸ਼ ਕੋਲ ਗਏ, ਬਚਨ ਕੀਤਾ ਪ੍ਰੇਮੀਆਂ! ਔਹ ਸਾਹਮਣੇ ਬੈਠੇ ਮਹਾਰਾਜ ਆਪ ਨੂੰ ਬੁਲਾ ਰਹੇ ਹਨ। ਪੁਰਸ਼ ਬਗੈਰ ਜ਼ਬਾਨ ਤੋਂ ਕੋਈ ਸ਼ਬਦ ਬੋਲੇ, ਨਾਲ ਚੱਲ ਪਿਆ।

ਹਜ਼ੂਰ ਦੇ ਚਰਨਾਂ ਵਿੱਚ ਨਮਸ਼ਕਾਰ ਕੀਤੀ, ਉਪਰੰਤ ਦੋਨੋਂ ਹਥ ਜੋੜ ਕੇ ਸਨਮੁਖ ਖਲੋ ਗਿਆ ਲੇਕਿਨ ਸ਼ਬਦ ਹੁਣ ਵੀ ਕੋਈ ਨਹੀਂ ਬੋਲਿਆ। ਹਜ਼ੂਰ ਨੇ ਪੁੱਛਿਆ, ਪ੍ਰੇਮੀਆਂ! ਅਸੀਂ ਕਈ ਦਿਨ ਤੋਂ ਤੈਨੂੰ ਇਥੇ ਦਰਿਆ ਦੇ ਕਿਨਾਰੇ ਤੇ ਘੁੰਮਦੇ ਨੂੰ ਦੇਖ ਰਹੇ ਹਾਂ, ਗੱਲ ਤੂੰ ਕਿਸੇ ਨਾਲ ਕਰਦਾ ਨਹੀਂ, ਨਜ਼ਰ ਨੂੰ ਉਪਰ ਨਹੀਂ ਉਠਾਉਂਦਾ ਲੇਕਿਨ ਹੱਥ ਨੂੰ ਇਉਂ ਹਿਲਾਉਂਦਾ ਰਹਿੰਦਾ ਹੈ ਜਿਵੇਂ ਕਿਸੇ ਨਾਲ ਗੱਲਾਂ ਕਰ ਰਿਹਾ ਹੋਵੇ, ਇਸ ਵਿਚ ਕੀ ਰਾਜ਼ ਹੈ, ਅਸਲ ਗੱਲ ਕੀ ਹੈ? ਪੁਰਸ਼ ਬੋਲਿਆ ਮਹਾਰਾਜ! ਮੈਂ ਕੋਟੇ ਸ਼ਹਿਰ ਦਾ ਰਹਿਣ ਵਾਲਾ ਹਾਂ, ਮੇਰਾ ਵੱਡਾ ਪਰਿਵਾਰ ਸੀ, ਧਨ ਪਦਾਰਥ ਦੀ ਵੀ ਕਮੀਂ ਨਹੀਂ ਸੀ ਯਾਨੀ ਹਰ ਪੱਖ ਤੋਂ ਸੰਸਾਰ ਵਿੱਚ ਸੁਖੀ ਸੀ ਲੇਕਿਨ ਇੱਕ ਦਿਨ ਮੇਰੇ ਦੇਖਦੇ-ਦੇਖਦੇ ਸਾਰਾ ਕੋਟਾ ਸ਼ਹਿਰ ਧਰਤੀ ਵਿੱਚ ਗਰਕ ਗਿਆ, ਮੇਰੇ ਪੂਰੇ ਪਰਿਵਾਰ ਵਿੱਚੋਂ ਕੇਵਲ ਇੱਕ ਮੈਂ ਹੀ ਬਚਿਆ, ਬਾਕੀ ਸਭ ਪਰਿਵਾਰ ਮੇਰੇ ਅੱਖਾਂ ਦੇ ਸਾਹਮਣੇ ਹੀ ਖਤਮ ਹੋ ਗਿਆ। ਉਸ ਦਿਨ ਤੋਂ ਮੈਨੂੰ ਸੰਸਾਰ ਦੀ ਕੋਈ ਵੀ ਵਸਤੂ, ਕੋਈ ਵੀ ਪਦਾਰਥ ਕੋਈ ਵੀ ਸੁੱਖ ਚੰਗਾ ਨਹੀਂ ਲੱਗਦਾ, ਜ਼ਬਾਨ ਤੋਂ ਤਾਂ ਬੋਲਣ ਨੂੰ ਤਾਂ ਮੇਰਾ ਮਨ ਹੀ ਨਹੀਂ ਕਰਦਾ, ਮੇਰਾ ਹੱਥ ਬਿਨਾਂ ਹਿਲਾਏ, ਆਪਣੇ-ਆਪ ਹੀ ਹਿਲੀਂ ਜਾ ਰਿਹਾ ਹੈ ਮਾਨੋ ਕਹਿ ਰਿਹਾ ਹੈ ਇਥੇ ਕੁਝ ਨਹੀਂ! ਇਥੇ ਕੁਝ ਨਹੀਂ!! ਇਥੇ ਕੁਝ ਨਹੀਂ!!!

## ਪੰਜਾ ਸਾਹਿਬ ਅਤੇ ਪਠਾਨ ਦੇਸ਼ ਦੀ ਯਾਤਰਾ

ਦਰਿਆ ਜੇਹਲਮ ਦੇ ਕਿਨਾਰੇ ਕੁਝ ਦਿਨ ਠਹਿਰਕੇ ਸ੍ਰੀ ਅਮਰਨਾਥ, ਮਟਨ ਤੀਰਥ ਆਦਿਕ ਕਸ਼ਮੀਰ ਦੇ ਹੋਰ ਦੇਵ ਅਸਥਾਨਾਂ ਦੇ ਦਰਸ਼ਨ ਦੀਦਾਰੇ ਕਰਕੇ ਪੰਜਾਂ ਸਾਹਿਬ ਨੂੰ ਚਾਲੇ ਪਾਏ। ਰਸਤੇ ਵਿੱਚ ਮੁਜ਼ਫਰਾਬਾਦ ਆਦਿਕ ਥਾਵਾਂ ਤੇ ਪੜਾਅ ਕਰਦੇ ਹੋਏ ਸਹਿਜੇ-ਸਹਿਜੇ ਸ੍ਰੀ ਪੰਜਾ ਸਾਹਿਬ ਪਹੁੰਚ ਗਏ। ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦੇ ਪਾਵਨ ਅਸਥਾਨ ਦੀ ਧੂੜੀ ਮੱਥੇ ਨੂੰ ਲਾਈ, ਕੁਝ ਦਿਨ ਇਥੇ ਗੁਜ਼ਾਰ ਕੇ ਪਵਿੱਤਰ ਅਸਥਾਨਾਂ ਅਤੇ ਹੋਰ ਆਲੇ-ਦੁਆਲੇ ਦੇ ਦਰਸ਼ਨ ਦੀਦਾਰੇ ਕਰਕੇ ਅੱਗੇ ਨੂੰ ਚਾਲੇ ਪਾ ਦਿੱਤੇ। ਸ਼ਨੇ-ਸ਼ਨੇ ਪੜਾਅ ਵਾਰ ਸਫ਼ਰ ਕਰਦੇ ਪਠਾਣਾਂ ਦੇ ਖ਼ੂੰ-ਖਾਰ ਇਲਾਕੇ ਸੂਬਾ ਸਰਹੱਦ ਤੋਂ ਵੀ ਅਗਲੇਰੇ ਕਾਬਲ ਦੇ ਇਲਾਕੇ ਜਾ ਪ੍ਰਵੇਸ਼ ਹੋਏ। ਇਸ ਇਲਾਕੇ ਵਿੱਚ ਕੁਝ ਦਿਨ ਠਹਿਰ ਕੇ ਪਤਾ ਲੱਗਿਆ ਕਿ ਇਥੇ ਵੱਡੇ-ਵੱਡੇ ਅਮੀਰ ਪਠਾਣਾਂ ਕੋਲ ਬਾਜ਼ ਰੱਖੇ ਹੋਏ ਹਨ; ਜੋ ਸ਼ਰਤਾਂ ਲਾ ਕੇ ਮੁਕਾਬਲੇ ਕਰਵਾਉਂਦੇ ਹਨ। ਮਨ ਵਿਚ ਆਇਆ ਕਿ ਅਕਾਸ਼ 'ਚੋਂ ਉੱਡਣ ਵਾਲੇ ਪੰਛੀਆਂ ਵਿੱਚ ਬਾਜ਼ ਦੀ ਵਿਸ਼ੇਸ਼ ਥਾਂ ਹੀ ਨਹੀਂ ਬਲਕਿ ਇਸ ਨੂੰ ਪੰਛੀਆਂ ਦਾ ਰਾਜਾ ਮੰਨਿਆ ਜਾਂਦਾ ਹੈ, ਫਿਰ ਬਾਜ਼ ਦਾ ਗੁਰੂ ਘਰ ਨਾਲ ਵੀ ਬਹੁਤ ਗੂੜ੍ਹਾ ਸੰਬੰਧ ਰਿਹਾ ਹੈ।

ਪਹਿਲਾਂ ਛੇਵੇਂ ਪਾਤਿਸ਼ਾਹ ਮਹਾਰਾਜ ਵੀ ਬਾਜ਼ ਰੱਖਦੇ ਹਨ, ਫਿਰ ਦਸ਼ਮ ਪਾਤਿਸ਼ਾਹ ਨੂੰ ਤਾਂ ਬਾਜਾਂ-ਵਾਲਾ ਕਰਕੇ ਹੀ ਪੁਕਾਰਿਆ ਜਾਂਦਾ ਹੈ ਅਤੇ ਗਿਆਨਵਾਨਾਂ ਦਾ ਮਨ ਪਰਥਾਇ ਇੱਕ ਮੁਹਾਵਰਾ ਵੀ ਮਸ਼ਹੂਰ ਹੈ—

ਮਨ ਪੰਖੀ ਫਿਰੇ ਅਕਾਸ਼ ਵਿੱਚ, ਉਡ ਉਡ ਦਹਿ ਦਿਸ ਜਾਏ॥
ਗਿਆਨ ਬਾਜ਼ ਦੀ ਝਪਟ ਮਹਿ, ਜਬ ਲੱਗ ਆਇਆ ਨਾਹਿ॥

ਫਿਰ ਇਹ ਵੀ ਸੁਣਿਆ ਹੈ ਕਿ ਇਨ੍ਹਾਂ ਬਾਜ਼ਾਂ ਦੀਆਂ ਕਿਸਮਾਂ ਵੀ ਬਹੁਤ ਹਨ ਜਿਵੇਂ — ਬਾਜ਼, ਮੁਸ਼ਖੋਰ, ਬਾਜ਼ ਢੋਕਾ ਟੋਪੀ ਵਾਲਾ, ਲਗੜ, ਚਰਗ, ਬਹਿਰੀ, ਤੁਰਮਤੀ, ਢੇਤੀ, ਬਾਸਾ, ਉਕਬ, ਸ਼ਿਕਰਾ, ਸੀਚਾਨਾ, ਕੁਹੀ ਜਾਂ ਸ਼ਾਹੀਨ ਅਤੇ ਕੁਰਲ ਇਤਿਆਦਿਕ ਕਾਫੀ ਕਿਸਮਾਂ ਦੇ ਹਨ। ਕੁਝ ਐਸੇ ਵਿਚਾਰ ਨਾਲ ਜਾਂ ਕੋਈ ਹੋਰ ਕਾਰਨ ਸੀ ਉਹ ਆਪ ਹੀ ਜਾਨਣ ਲੇਕਿਨ ਸੰਕਲਪ ਮਨ ਵਿੱਚ ਪੱਕਾ ਕਰ ਲਿਆ ਕਿ ਕਿਸੇ ਪਠਾਣ ਦੇ ਘਰ ਜਾ ਕੇ ਬਾਜ਼ ਜ਼ਰੂਰ ਦੇਖੀਏ। ਪਤਾ ਕਰਕੇ ਇਕ ਪਠਾਣ ਦੇ ਘਰ ਪਹੁੰਚੇ, ਉਹ ਅੱਗੇ ਮੰਜੇ ਉਪਰ ਬੈਠਾ ਹੁੱਕਾ ਪੀ ਰਿਹਾ ਸੀ। ਇਹ ਦੇਖਕੇ ਕਿ ਕੋਈ ਫਕੀਰ ਆਏ ਹਨ, ਕਾਹਲੀ ਨਾਲ ਉਠਿਆ, ਫਟਾ-ਫਟ ਇੱਕ ਮੰਜਾ ਡਾਹ ਕੇ ਉਪਰ ਸਾਫ ਕੱਪੜਾ ਵਿਛਾਇਆ, ਸਲਾਮ ਕਰਕੇ ਬੜੇ ਅਦਬ ਨਾਲ ਆਪ ਨੂੰ ਉਪਰ ਬਿਠਾ ਕੇ ਅਰਜ਼ ਕੀਤੀ, ਖੁਦਾ ਕੇ ਫਜ਼ਲ ਨਾਲ ਆਪ ਅੱਲ੍ਹਾ ਪਾਕ ਕੇ ਪਿਆਰੇ ਫਕੀਰ ਘਰ ਆਏ ਹੋ, ਦੱਸੋ ਕੀ ਛਕਸ਼ਾਂ। ਹਜ਼ੂਰ ਬੋਲੇ, ਖਾਨ ਜੀ, ਛੱਕਣਾ ਤਾਂ ਕੁੱਝ ਨਹੀਂ, ਖੁਦਾ ਨੇ ਪ੍ਰੇਰਨਾ ਕੀਤੀ ਹੈ, ਤੁਹਾਡੇ ਬਾਜਾਂ ਦੇ ਦਰਸ਼ਨ ਕਰਨ ਲਈ।

ਉਹ ਵੀ ਹੋ ਜਾਸੀ! ਪਹਿਲੇ ਜੇ ਹੋਰ ਨਹੀਂ ਤਾਂ ਥੋੜਾ ਦੁੱਧ ਛੱਕ ਲੈਸਾਂ। ਮਹਾਰਾਜ ਜੀ ਬੋਲੇ, ਇਸ ਵੇਲੇ ਤਾਂ ਸਰੀਰ ਕੁਝ ਨਹੀਂ ਚਾਹੁੰਦਾ ਫਿਰ ਕੋਈ ਲੋੜ ਹੋਈ ਛੱਕ ਲਵਾਂਗੇ। ਬੁੱਢੇ ਪਠਾਨ ਨੇ ਉਠ ਕੇ ਇੱਕਲੇ-ਇੱਕਲੇ ਬਾਜ਼ ਦੇ ਦਰਸ਼ਨ ਕਰਵਾਏ, ਤੇ ਉਨ੍ਹਾਂ ਇਕ-ਇਕ ਦੇ ਗੁਣ ਜਾਤ ਅਤੇ ਕਿਸਮਾਂ ਬਾਰੇ ਦੱਸਿਆ। ਬਾਅਦ ਵਿੱਚ ਪਠਾਨ ਨੇ ਖੁਦਾ ਦੇ ਬਾਰੇ ਵਿੱਚ ਜਾਨਣਾ ਚਾਹਿਆ। ਆਪ ਨੇ ਬੜੇ ਪ੍ਰੇਮ ਨਾਲ ਉਤਰ ਦੇ ਕੇ ਸਮਝਾਇਆ, ਖਾਨ ਸਾਹਿਬ! ਖੁਦ ਸੰਨਾਸੀ, ਖੁਦਾ ਸੰਨਾਸੀ, ਖਾਨ ਜੀ ਜਿਸਨੇ ਖੁਦ ਨੂੰ ਪਛਾਣ ਲਿਆ, ਉਸ ਤੋਂ ਖੁਦਾ ਅਨਪਛਾਤਾ ਨਹੀਂ ਰਹਿ ਜਾਂਦਾ, ਫਿਰ ਐਸਾ ਖੁਦ ਸੰਨਾਸੀ ਇਨਸਾਨ ਇਸ ਸੰਗਾ ਦੇ ਜ਼ੱਰੇ-ਜ਼ੱਰੇ ਵਿੱਚ ਅਤੇ ਹਰ ਇਕ ਹਿਰਦੇ ਵਿੱਚ ਖੁਦਾ ਦਾ ਹੀ ਦੀਦਾਰ ਕਰਦਾ ਹੈ। ਬਸ ਇਸੀ ਦਾ ਨਾਮ ਮੰਜ਼ਿਲੇ ਮਕਸੂਦ ਹੈ, ਸੋ ਇਸ ਅਵਸਥਾ ਤੇ ਪਹੁੰਚਣ ਲਈ ਹੀ ਯਾਨੀ ਖੁਦ ਹੀ ਪਹਿਚਾਣ ਕਰਨ ਵਾਸਤੇ ਹੀ ਸਾਰੀ ਸਾਧਨਾਂ ਘਾਲਣਾਂ ਜੋਹਦ ਹਨ।

ਦੇਖੋ ਸਾਡੇ ਗੁਰੂ ਸਾਹਿਬ ਜੀ ਇਸ਼ਾਰਾ ਕਰ ਰਹੇ ਹਨ—

ਯਥਾ — ਆਪੁ ਪਛਾਣਹਿ ਪ੍ਰੀਤਮੁ ਮਿਲੈ ਵੁਠਾ ਛਹਬਰ ਲਾਇ॥

*(ਵਾਰਾਂ ਤੇ ਵਧੀਕ, ਪੰਨਾ—੧੪੨੦)*

ਯਥਾ — ਆਪੁ ਪਛਾਣੈ ਹਰਿ ਮਿਲੈ ਬਹੁੜਿ ਨ ਮਰਣਾ ਹੋਇ॥

*(ਵਾਰਾਂ ਤੇ ਵਧੀਕ, ਪੰਨਾ—੧੪੧੦)*

ਯਥਾ — ਆਪੁ ਪਛਾਣੈ ਸੋਈ ਜਨੁ ਨਿਰਮਲੁ ਬਾਣੀ ਸਬਦੁ ਸੁਣਾਇਦਾ॥

(ਮਾਰੂ ਮ: ੩, ਪੰਨਾ-੧੦੬੫)

ਯਥਾ — ਆਪੁ ਪਛਾਣਹਿ ਤਾ ਸਚੁ ਜਾਣਹਿ ਸਾਚੇ ਸੋਝੀ ਹੋਈ॥

(ਸੂਹੀ ਮ: ੩, ਪੰਨਾ-੭੬੯)

ਯਥਾ — ਆਪੁ ਪਛਾਣਿ ਹਰਿ ਪਾਵੈ ਸੋਇ॥ ਸਾਚੀ ਬਾਣੀ ਮਹਲੁ ਪਰਾਪਤਿ ਹੋਇ॥

(ਆਸਾ ਮ: ੩, ਪੰਨਾ-੪੨੩)

ਯਥਾ — ਆਪੁ ਪਛਾਣੈ ਘਰਿ ਵਸੈ ਹਉਮੈ ਤ੍ਰਿਸਨਾ ਜਾਇ॥

(ਸਿਰੀਰਾਗੁ ਮ: ੧, ਪੰਨਾ-੫੭)

ਯਥਾ — ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ॥ ਆਪੁ ਪਛਾਣੈ ਬੂਝੈ ਸੋਇ॥

(ਸਿਰੀਰਾਗੁ ਮ: ੧, ਪੰਨਾ-੨੫)

ਯਥਾ — ਆਪੁ ਪਛਾਣੈ ਮਨੁ ਨਿਰਮਲੁ ਹੋਇ॥ ਜੀਵਨ ਮੁਕਤਿ ਹਰਿ ਪਾਵੈ ਸੋਇ॥

(ਗ:ਮ: ੩, ਪੰਨਾ-੧੬੧)

ਯਥਾ — ਆਪੁ ਪਛਾਣਿ ਮਿਲੈ ਪ੍ਰਭੁ ਸੋਇ॥

(ਆਸਾ ਮ: ੩, ਪੰਨਾ-੩੬੪)

ਯਥਾ — ਆਪੁ ਪਛਾਨੈ ਆਪੈ ਆਪ॥ ਰੋਗੁ ਨ ਬਿਆਪੈ ਤੀਨੌ ਤਾਪ॥

(ਗ: ਕਬੀਰ ਜੀ, ਪੰਨਾ-੩੨੭)

ਯਥਾ — ਸੋ ਬਉਰਾ ਜੋ ਆਪੁ ਨ ਪਛਾਨੈ॥ ਆਪੁ ਪਛਾਨੈ ਤ ਏਕੈ ਜਾਨੈ॥

(ਬਿਲਾਵਲੁ ਕਬੀਰ, ਪੰਨਾ-੮੫੫)

ਸੋ ਖਾਨ ਜੀ ਇਥੇ ਪਹੁੰਚ ਕੇ ਮਨੁੱਖ ਜਮਨ ਦੀ ਸਫਲਤਾ ਹੈ। ਲੇਕਿਨ ਇਨਸਾਨ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਵੀ ਐਸੀ ਅਨੰਦਮਈ ਅਵੱਸਥਾ ਨੂੰ ਆਪਣੇ-ਆਪ ਪ੍ਰਾਪਤ ਨਹੀਂ ਕਰ ਸਕਦਾ, ਜਿਤਨੀ ਦੇਰ ਪੂਰਨ ਮੁਰਸ਼ਦ ਦੀ ਸ਼ਰਨ ਵਿੱਚ ਨਾ ਡਿੱਗੇ, ਕਿਉਂਕਿ ਇਹ ਜੀਵ ਮੋਹ ਨਿੰਦਰਾਂ ਦੀ ਘੂਕ ਨੀਂਦ ਵਿੱਚ ਸੁੱਤਾ ਹੋਇਆ ਸੰਸਾਰ ਰੂਪੀ ਸੁਪਨਾ ਦੇਖ ਰਿਹਾ ਹੈ। ਸੁਪਨੇ ਵਿੱਚ ਗਲਤਾਨ ਪੁਰਸ਼ ਜਾਗਰਤ ਅਵੱਸਥਾ ਬਾਰੇ ਕਲਪਨਾ ਵੀ ਨਹੀਂ ਕਰ ਸਕਦਾ। ਖੁਦਾ ਫਜ਼ਲ ਕਰੇ ਇਸ ਨੂੰ ਕਿਸੇ ਜਾਗੇ ਹੋਏ ਪੁਰਸ਼ ਦਾ ਮਿਲਾਪ ਹੋ ਜਾਵੇ, ਫਿਰ ਇਸ ਦੇ ਜਾਗਣ ਵਿੱਚ ਦੇਰੀ ਨਹੀਂ ਲੱਗਿਆ ਕਰਦੀ। ਦੇਖੋ ਸਾਡੇ ਗੁਰੂ ਸਾਹਿਬ ਜੀ ਇਸ਼ਾਰਾ ਕਰਦੇ ਹਨ:

ਆਪੁ ਪਛਾਣੈ ਜਾ ਸਤਿਗੁਰੁ ਪਾਵੈ॥

(ਬਿਲਾਵਲੁ ਥਿਤੀ, ਪੰਨਾ-੮੪੦)

ਸੋ ਖਾਨ ਜੀ ਖੁਦ ਸੰਨਾਸੀ ਹੋਣ ਲਈ ਯਾਨੀ ਖੁਦ ਹੀ ਪਹਿਚਾਣ ਕਰਨ ਲਈ ਕਿਸੇ ਜਾਗਰਤ ਪੁਰਸ਼ ਦੀ ਅਜਹੱਦ ਜ਼ਰੂਰ ਹੈ। ਬੱਸ ਸੁੱਤੇ ਹੋਏ ਪੁਰਸ਼ ਨੂੰ ਫਿਰ ਜਾਗਣ ਲਈ ਕੋਈ ਹੋਰ ਯਤਨ ਨਹੀਂ ਕਰਨਾ ਪੈਂਦਾ। ਇਉਂ ਉਸ ਦਾਨੇ ਪਠਾਨ ਦੇ ਸਭ ਸ਼ੰਕੇ ਦੂਰ ਕੀਤੇ।

ਇਸ ਪ੍ਰਕਾਰ ਕਈ ਬਹਾਨੇ ਬਣਾ ਕੇ ਭਾਵੇਂ ਬਾਜ਼ ਦੇਖਣ ਦਾ, ਭਾਵੇਂ ਕੋਈ ਹੋਰ, ਪਠਾਨਾਂ ਦੇ ਇਸ ਖੂੰ-ਖਾਰ ਇਲਾਕੇ ਵਿੱਚ ਵੀ ਪ੍ਰੇਮ ਦੀ ਰੱਬੀ ਦਾਤ ਦੇ ਖੁੱਲ੍ਹੇ ਭੰਡਾਰੇ ਵਰਤਾਉਂਦਿਆਂ ਨੇ ਕਈ ਮਹੀਨੇ ਗੁਜ਼ਾਰ ਦਿੱਤੇ। ਹੁਣ 1944 ਦੀ ਅਰਧ ਕੁੰਭੀ ਨੇੜੇ ਆਈ ਜਾਣ ਕੇ ਵਾਪਸ ਵਤਨਾਂ ਵੱਲ ਚਾਲੇ ਪਾ ਦਿੱਤੇ। ਭਾਵੇਂ ਘਟ-ਘਟ ਵਾਸੀ ਹੋਣ ਕਰਕੇ ਹਰ ਥਾਂ ਉਨ੍ਹਾਂ ਦਾ ਆਪਣਾ ਹੀ ਵਤਨ ਹੈ, ਕੋਈ ਵਸਤੂ, ਕੋਈ ਥਾਂ, ਕੋਈ ਹਿਰਦਾ ਪਰਾਇਆ ਨਹੀਂ, ਹਰ ਥਾਂ ਭਰਪੂਰ ਵੀ ਹਨ ਅਤੇ ਨਿਰਲੇਪ ਵੀ—**ਸਰਬ ਨਿਵਾਸੀ ਘਟਿ ਘਟਿ ਵਾਸੀ ਲੇਪੁ ਨਹੀ ਅਲਪਹੀਅਉ,** ਵਾਲੀ ਅਵੱਸਥਾ ਵਿੱਚ ਵਿਚਰਦੇ ਹਨ ਲੇਕਿਨ ਵਿਵਹਾਰ ਵਿੱਚ ਕਹਿਣਾ ਹੀ ਪਵੇਗਾ ਕਿ ਹਰਦੁਆਰ ਵੱਲ ਨੂੰ ਚਾਲੇ ਪਾ ਦਿੱਤੇ। ਖੁਦਾ ਦੇ ਰੰਗ ਵਿੱਚ ਰੰਗੇ ਨਾਲ ਪੂਰਬ ਦੇ ਸੰਜੋਗੀ ਦਰਸ਼ਨ ਸਿੰਘ ਨੂੰ ਲੈ ਕੇ ਵਤਨਾਂ ਵੱਲ ਨੂੰ ਸਹਿਜੇ-ਸਹਿਜੇ ਸਫ਼ਰ ਕਰ ਰਹੇ ਹਨ, ਰਾਤ ਜਿੱਥੇ ਪੈ ਗਈ

ਗੁਜਾਰ ਲੈਣੀ, ਦਿਨ ਫਿਰ ਸਫਰ। ਇਸ ਪ੍ਰਕਾਰ ਸਫਰ ਕਰਦੇ ਜੇਹਲਮ ਦਰਿਆ ਤੇ ਪਹੁੰਚ ਗਏ। ਦਰਿਆ ਦੇ ਕਿਨਾਰੇ ਤੇ ਖਲੋਲ ਪਿੰਡ ਦੇ ਨੇੜੇ ਇੱਕ ਬਗੀਚੇ ਵਿੱਚ ਰਾਤ ਗੁਜ਼ਾਰੀ। ਇਸ ਬਗੀਚੇ ਦਾ ਮਾਲਕ ਗੁਰਦਿੱਤ ਸਿੰਘ ਚੱਢਾ* ਨਾਮ ਦਾ ਇਕ ਸਰਦਾਰ ਸੀ ਜਿਸ ਨੂੰ ਲੋਕ ਸ਼ਾਹ-ਜੀ ਸ਼ਾਹ-ਜੀ ਕਹਿ ਕੇ ਬੁਲਾਉਂਦੇ ਸਨ। ਇਹ ਪ੍ਰੇਮੀ ਗੁਰਦਿੱਤ ਸਿੰਘ ਸੁਭਾਵਾ ਦਾ ਬਹੁਤ ਨੇਕ ਅਤੇ ਸੰਤ ਸੇਵੀ ਸੰਸਕਾਰਾਂ ਦੇ ਸੰਯੁਕਤ ਸੀ। ਇਹ ਥਾਂ ਬੇੜੀਆਂ ਦਾ ਘਾਟ ਹੋਣ ਕਰਕੇ ਪਾਰ-ਉਰਾਰ ਜਾਣ ਵਾਲੇ ਹਰ ਮੱਤ ਦੇ ਸਾਧੂ ਮਹਾਤਮਾ ਅਕਸਰ ਇਥੋਂ ਦੀ ਹੀ ਗੁਜ਼ਰਦੇ ਸਨ। ਉਨ੍ਹਾਂ ਸਭ ਲਈ ਗੁਰਦਿੱਤ ਸਿੰਘ ਵੱਲੋਂ ਰਿਹਾਇਸ਼ ਅਤੇ ਲੰਗਰ ਆਦਿ ਦਾ ਚੰਗਾ ਪ੍ਰਬੰਧ ਕੀਤਾ ਹੋਇਆ ਸੀ। ਇਸਦਾ ਪਿਆਰ ਭਰਿਆ ਵਰਤਾਵ ਦੇਖ ਕੇ ਸਾਧੂ ਮਹਾਤਮਾ ਅਕਸਰ ਇੱਥੇ ਠਹਿਰ ਜਾਇਆ ਕਰਦੇ ਸਨ। ਅੱਜ ਇਸਦੇ ਪ੍ਰੇਮ-ਵਸ ਮਹਾਰਾਜ ਜੀ ਵੀ ਰਾਤ ਗੁਜ਼ਾਰਨ ਲਈ ਇਸ ਪ੍ਰੇਮੀ ਦੇ ਬਗੀਚੇ ਵਿੱਚ ਹੀ ਠਹਿਰ ਗਏ। ਦਿਨ ਚੜ੍ਹੇ ਕਿਸੇ ਹੋਰ ਪ੍ਰੇਮੀ ਦੇ ਪ੍ਰੇਮ ਵਿੱਚ, ਵਹਿੰਦੇ ਹੋਏ ਦਰਿਆ ਦੀ ਤਰ੍ਹਾਂ ਅੱਗੇ ਨੂੰ ਰਵਦੇ ਗਏ।

## ਖੋਖ ਪਿੰਡ ਪਹਿਲੀ ਵਾਰ ਜਾਣਾ

**ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥**

*(ਗ: ਮ: ੫, ਪੰਨਾ-੨੦੪)*

ਨਾਭਾ ਸ਼ਹਿਰ ਤੋਂ ਕੋਈ ਛੇ ਕੁ ਮੀਲ ਦੀ ਦੂਰੀ ਤੇ ਉਤਰ ਵਾਲੇ ਪਾਸੇ ਇੱਕ ਪਿੰਡ ਵਸਦਾ ਹੈ, ਖੋਖ। ਇਸ ਪਿੰਡ ਵਿੱਚ ਜ਼ਿਆਦਾ ਵਸੋਂ ਖਹਿਰੇ ਗੋਤ ਦੇ ਜੱਟ ਸਰਦਾਰਾਂ ਦੀ ਹੈ। ਵਸਦੇ ਭਾਵੇਂ ਇੱਥੇ ਹੋਰ ਵੀ ਰਲੇ-ਮਿਲੇ ਸਭ ਕੌਮਾਂ ਦੇ ਲੋਕ ਹਨ, ਲੇਕਿਨ ਜ਼ਿਆਦਾ ਵਸੋਂ ਖਹਿਰਿਆਂ ਦੀ ਹੀ ਹੈ। ਜ਼ਰਾ ਦੂਰ-ਦ੍ਰਿਸ਼ਟੀ ਨਾਲ ਦੇਖਿਆਂ ਪਤਾ ਚਲਦਾ ਹੈ, ਕਿ ਇਹ ਲੋਕ ਗੁਰੂ ਘਰ ਨਾਲ ਕਾਫੀ ਸਮੇਂ ਤੋਂ ਜੁੜੇ ਆ ਰਹੇ ਹਨ। ਜਿਸ ਸਮੇਂ ਦਾ ਜ਼ਿਕਰ ਚੱਲ ਰਿਹਾ ਹੈ, ਉਸ ਵਕਤ ਹੁਣ ਵਾਂਗ ਪਿੰਡ-ਪਿੰਡ ਗੁਰਦੁਆਰੇ ਨਹੀਂ ਸਨ ਬਣੇ ਹੋਏ, ਕਿਸੇ ਟਾਂਵੇਂ ਵਿਰਲੇ ਪਿੰਡ ਹੀ ਗੁਰਦੁਆਰਾ ਹੁੰਦਾ ਸੀ, ਪ੍ਰੰਤੂ ਇਸ ਪਿੰਡ ਵਿੱਚ ਉਸ ਸਮੇਂ ਤੋਂ ਵੀ ਪੁਰਾਤਨ ਗੁਰਦੁਆਰਾ ਸਾਹਿਬ ਬਣਿਆ ਹੋਇਆ ਸੀ। ਇਸ ਲਈ ਇਹ ਲੋਕ ਗੁਰੂ ਘਰ ਦੇ ਪ੍ਰੇਮੀ ਤਾਂ ਸਨ, ਗੁਰਬਾਣੀ ਨੂੰ ਮੰਨਦੇ, ਪੂਜਦੇ ਵੀ ਸਨ, ਲੇਕਿਨ ਗੁਰਬਾਣੀ ਦੇ ਅੰਤਰੀਵ ਭਾਵਾਂ ਤੋਂ ਬਿਲਕੁੱਲ ਸੁਨ ਸਨ। ਜਾਂ ਇਉਂ ਸਮਝੀਏ ਕਿ ਸਰਕਾਰ ਨੇ ਕਿਸੇ ਸਮੇਂ ਡਿਸਪੈਂਸਰੀ ਤਾਂ ਇਸ ਪਿੰਡ ਵਿੱਖ ਖੋਲ੍ਹ ਦਿੱਤੀ ਸੀ, ਜਿਸ ਵਿੱਚ ਦਵਾਈਆਂ ਵੀ ਹਰ ਪ੍ਰਕਾਰ ਨਾਲ ਮੌਜੂਦ ਸਨ, ਲੇਕਿਨ ਕੋਈ ਡਾਕਟਰ ਨਹੀਂ ਸੀ ਭੇਜਿਆ, ਜਿਸ ਕਰਕੇ ਲੋਕਾਂ ਨੂੰ ਪੂਰਾ-ਪੂਰਾ ਲਾਭ ਨਹੀਂ ਸੀ ਪ੍ਰਾਪਤ ਹੋ ਰਿਹਾ।

ਸਰਕਾਰ ਕੋਲ ਡਾਕਟਰਾਂ ਦੀ ਕਮੀ ਸੀ ਜਾਂ ਇਨ੍ਹਾਂ ਲੋਕਾਂ ਦੀ ਸਰਕਾਰ ਕੋਲ ਕੋਈ ਪਹੁੰਚ ਨਹੀਂ ਸੀ, ਜਾਂ ਕੋਈ ਤੀਸਰਾ ਹੋਰ ਕਾਰਨ ਸੀ ਇਹ ਸਰਕਾਰ ਹੀ ਜਾਣੇ। ਉਂਞ ਇਹ ਲੋਕ ਵੀ ਪਿੰਡ ਵਿੱਚ ਹਸਪਤਾਲ ਖੁੱਲ੍ਹ ਜਾਣ ਨਾਲ ਹੀ ਸੰਤੁਸ਼ਟ ਸਨ, ਸ਼ਾਇਦ ਡਾਕਟਰਾਂ ਦੀ ਬਹੁਤੀ ਲੋੜ ਵੀ ਨਹੀਂ ਸਨ ਮਹਿਸੂਸ ਕਰਦੇ। ਪ੍ਰੰਤੂ ਅੱਜ ਕੁਝ ਇਉਂ ਲੱਗ ਰਿਹਾ ਹੈ ਜਿਵੇਂ ਇਨ੍ਹਾਂ ਲੋਕਾਂ ਦੇ ਕਿਸੇ ਪੂਰਬਲੇ ਸ਼ੁੱਭ ਕਰਮਾ ਦੀ ਸਿਫਾਰਸ਼ ਤੇ, ਜਾ ਫਿਰ ਖੁਦ ਹੀ ਦਯਾਵਾਨ ਹੋ ਕੇ ਸਰਕਾਰ ਨੇ ਕੋਈ ਸਪੈਸ਼ਲਿਸਟ ਡਾਕਟਰ ਭੇਜਣ ਦਾ ਫੈਸਲਾ ਕਰ ਲਿਆ ਹੈ।

ਦਿਨ ਦੇ ਗਿਆਰਾਂ ਕੁ ਵਜੇ ਦਾ ਵਕਤ ਹੈ, ਮਹੀਨਾਂ ਭਾਦੋਂ ਦਾ ਹੋਣ ਕਰਕੇ ਮੌਸਮ ਵਿੱਚ ਅਜੇ ਗਰਮੀ ਹੈ, ਪਿੰਡ ਦੇ ਚੜ੍ਹਦੇ ਪਾਸੇ ਗੁਰਦੁਆਰਾ ਸਾਹਿਬ ਦੇ ਵਿਹੜੇ ਵਿੱਚ ਤੀਹਾਂ ਪੈਂਤੀਆਂ ਦੀ ਉਮਰ ਵਿੱਚ ਗੁਰਨਾਮ ਸਿੰਘ ਨਾਮ ਦਾ ਇੱਕ ਸੱਜਣ ਕੰਧ ਨਾਲ ਢੋਹ ਲਾਈ ਆਪਣੇ ਆਲੇ-ਦੁਆਲੇ ਤੋਂ ਬਿਲਕੁੱਲ ਬੇਖਬਰ ਬੈਠਾ ਪਾਠ ਕਰ ਰਿਹਾ ਹੈ। ਇਤਨੇ ਨੂੰ ਕਿਸੇ ਤੁਰੇ ਆ ਰਹੇ ਪੁਰਸ਼ ਦੇ ਪੈਰਾਂ ਦੀ ਆਵਾਜ਼ ਜਦ ਇਸ ਦੇ ਕੰਨਾਂ ਵਿੱਚ ਪਈ ਤੇ ਸਾਹਮਣੇ ਦੇਖਿਆ ਤਾਂ ਇੱਕ ਕੋਈ ਸਿਆਣੀ ਉਮਰ ਦਾ ਅਵਧੂਤ ਮਹਾਤਮਾ ਅੱਗੇ ਖੜਾ ਹੈ ਜਿਸ ਦਾ ਲੰਮਾ ਭਰਵਾਂ ਕੱਦ ਅਤੇ ਸੁੰਦਰ ਚਿਹਰਾ ਹੈ।

* *ਕਸ਼ਮੀਰ ਅਤੇ ਕਾਬਲ ਵਾਲੀਆਂ ਉਪਰੋਕਤ ਦੋਨੋਂ ਘਟਨਾਵਾਂ ਮਹਾਰਾਜ ਜੀ ਦੇ ਪਵਿੱਤਰ ਮੁਖਾਰਬਿੰਦ ਤੋਂ ਕਿਸੇ ਸਮੇਂ ਖੁਦ ਸੁਣੀਆਂ ਸਨ।*

* *ਉਪਰੋਕਤ ਵਰਨਣ ਹੋਇਆ ਗੁਰਦਿੱਤ ਸਿੰਘ ਨਾਮ ਦੇ ਪ੍ਰੇਮੀ ਸਰਦਾਰ ਉਜਾਗਰ ਸਿੰਘ ਸੂਰੀ ਗੋਰਾਂਇਆਂ ਵਾਲਿਆਂ ਦਾ ਨਾਨਾ ਸੀ।*

ਕੁਪੀਨ ਦੇ ਉੱਪਰ ਲੱਕ ਨਾਲ ਵਲੇਟੇ ਇੱਕ ਪਰਨੇ ਤੋਂ ਬਗੈਰ ਕੋਲ ਕੋਈ ਹੋਰ ਦੂਸਰਾ ਵਸਤਰ ਨਹੀਂ ਹੈ। ਇੱਕ ਹੱਥ ਵਿੱਚ ਖੂੰਡਾ ਫੜਿਆ ਹੈ ਅਤੇ ਇੱਕ ਸਿਰ ਉੱਪਰ ਮੂਧਾ ਮਾਰਿਆ ਖੱਪ ਜਿਹਾ ਹੈ ਜੋ ਬਰਤਨ ਦੀ ਸ਼ਕਲ ਦਾ ਬਣਿਆ ਲੱਕੜ ਦਾ ਪ੍ਰਤੀਤ ਦੇ ਰਿਹਾ ਹੈ।

ਪਾਠ ਕਰ ਰਿਹਾ ਸੱਜਣ ਗੁਰਨਾਮ ਸਿੰਘ, ਜੋ ਕਿ ਅੱਜ ਤੋਂ ਪਹਿਲਾਂ ਕਿਸੇ ਸਾਧੂ ਮਹਾਤਮਾ ਨੂੰ ਨਹੀਂ ਸੀ ਮੰਨਦਾ, ਇੱਕ ਦਮ ਉਠਿਆ ਨਮਸ਼ਕਾਰ ਕਰਕੇ ਬੇਨਤੀ ਕੀਤੀ, ਮਹਾਰਾਜ ਪਾਣੀ ਛੱਕ ਲਉ! ਹਾਂ ਪ੍ਰੇਮੀਆਂ ਪਿਆਸ ਤਾਂ ਲੱਗੀ ਹੈ। ਗੁਰਨਾਮ ਸਿੰਘ ਨੇ ਹਲਟੀ ਗੇੜੀ ਜੋ ਗੁਰਦੁਆਰੇ ਦੇ ਵਿਹੜੇ ਵਿੱਚ ਹੀ ਹੈ, ਠੰਡਾ ਪਾਣੀ ਕੱਢ ਕੇ ਛਕਾਇਆ ਫਿਰ ਬੇਨਤੀ ਕੀਤੀ, ਮਹਾਰਾਜ! ਗਰਮੀ ਬਹੁਤ ਹੈ ਇਸ਼ਨਾਨ ਕਰ ਲਉ! ਮਹਾਤਮਾ ਬੋਲੇ ਹਾਂ ਬਈ ਇਸ਼ਨਾਨ ਵੀ ਕਰਨਾ ਤਾਂ ਹੈ। ਗੁਰਨਾਮ ਸਿੰਘ ਹਲਟੀ ਗੇੜਦਾ ਗਿਆ, ਮਹਾਤਮਾ ਇਸ਼ਨਾਨ ਕਰਦੇ ਰਹੇ। ਇਸ਼ਨਾਨ ਕਰਨ ਤੋਂ ਬਾਅਦ ਗੁਰਨਾਮ ਸਿੰਘ ਨੇ ਅਰਜ਼ ਕੀਤੀ, ਮਹਾਰਾਜ! ਲੰਗਰ ਦਾ ਵਕਤ ਹੋ ਗਿਆ ਕ੍ਰਿਪਾ ਕਰਕੇ ਘਰ ਲੰਗਰ ਛਕ ਲਉ! ਮਹਾਤਮਾ ਕੁਝ ਦੇਰ ਚੁੱਪ ਖੜੇ ਰਹੇ ਜਿਵੇਂ ਕੁਝ ਸੋਚ ਰਹੇ ਹੋਣ। ਕੁਝ ਪਲਾਂ ਬਾਅਦ ਬੋਲੇ, ਠੀਕ ਹੈ ਭਾਈ ਚੱਲ ਛੱਕ ਲੈਂਦੇ ਹਾਂ! ਘਰ ਚਲੇ ਗਏ, ਗੁਰਨਾਮ ਸਿੰਘ ਜੀ ਮਾਤਾ ਜੀ ਨੇ ਹੇਠਾਂ ਇੱਕ ਕੱਪੜਾ ਵਿੱਛਾ ਦਿੱਤਾ, ਮਹਾਤਮਾ ਉਪਰ ਬੈਠ ਗਏ। ਮਾਈ ਨੇ ਸ਼ੱਕਰ ਘਿਉ ਦਾ ਇੱਕ ਵੱਡਾ ਕੌਲਾ ਰਲਾ ਕੇ ਬੜੇ ਪ੍ਰੇਮ ਨਾਲ ਲੰਗਰ ਛਕਾਇਆ, ਬਾਅਦ ਵਿੱਚ ਚਾਰ ਗਜ਼ ਖੱਦਰ ਦੇ ਨਵੇਂ ਕੱਪੜੇ ਉਤੇ ਇੱਕ ਰੁਪੱਈਆ ਰੱਖ ਕੇ ਮੱਥਾ ਟੇਕਿਆ। ਮਹਾਤਮਾ ਬੋਲੇ, ਮਾਈ ਇਹ ਕੀ ਹੈ? ਮਹਾਰਾਜ ਇਹ ਆਪ ਜੀ ਦੀ ਭੇਟਾ ਹੈ। ਮਹਾਤਮਾਂ ਬੋਲੇ ਮਾਈ ਇਹ ਰੁਪਇਆ ਆਪਣਾ ਚੁੱਕ ਲੈ! ਲੈਣਾ ਤਾਂ ਅਸੀਂ ਕੱਪੜਾ ਵੀ ਨਹੀਂ ਸੀ ਪਰ ਅੱਜ ਕਰਤਾਰ ਦਾ ਹੁਕਮ ਕੁਝ ਐਸਾ ਹੀ ਹੈ ਇਹ ਲੈ ਜਾਂਦੇ ਹਾਂ। ਮਹਾਤਮਾ ਨੇ ਕੱਪੜਾ ਆਪਣੇ ਸਿਰ ਤੇ ਰੱਖ ਲਿਆ, ਜਦੋਂ ਚੱਲਣ ਲੱਗੇ ਤਾਂ ਗੁਰਨਾਮ ਸਿੰਘ ਨੇ ਅਰਜ਼ ਕੀਤੀ, ਮਹਾਰਾਜ ਮੇਰੇ ਖੂਹ ਤੇ ਕੋਠਾ ਬਣਿਆ ਹੋਇਆ ਹੈ, ਨਾਲੇ ਇਕਾਂਤ ਵੀ ਬਹੁਤ ਹੈ, ਆਪ ਕੁਝ ਦੇਰ ਆਰਾਮ ਕਰ ਲਉ! ਮਹਾਤਮਾ ਫਿਰ ਕਿਸੇ ਗਹਿਰੀ ਚੁੱਪ ਵਿੱਚ ਸੋਚਣ ਲੱਗੇ, ਕੁਝ ਪਲਾਂ ਬਾਅਦ ਬੋਲੇ ਠੀਕ ਹੈ, ਚੱਲ ਦੇਖ ਲੈਂਦੇ ਹਾਂ! ਗੁਰਨਾਮ ਸਿੰਘ ਇੱਕ ਮੰਜਾ ਸਿਰ ਤੇ ਉਠਾ ਕੇ ਅੱਗੇ ਹੋ ਗਿਆ ਨਾਲ-ਨਾਲ ਮਹਾਤਮਾ ਵੀ ਚਲਦੇ ਹੋਏ ਖੂਹ ਤੇ ਪਹੁੰਚ ਗਏ।

ਖੂਹ ਪਿੰਡ ਤੋਂ ਕਾਫੀ ਦੂਰ, ਇਕਾਂਤ ਅਤੇ ਸੁੰਦਰ ਜਗ੍ਹਾ ਜਾਣਕੇ ਬੋਲੇ ਪ੍ਰੇਮੀਆ! ਕਰਤਾਰ ਅੱਜ ਦੀ ਖੇਡ ਵਰਤਾ ਰਿਹਾ ਹੈ? ਅਸੀਂ ਅੱਜ ਤੱਕ ਕਿਸੇ ਦੇ ਘਰ ਬੈਠ ਕੇ ਪ੍ਰਸ਼ਾਦਾ ਨਹੀਂ ਛਕਿਆ, ਭਿੱਖਿਆ ਕਰਕੇ ਛੱਕਦੇ ਹਾਂ ਲੇਕਿਨ ਤੇਰਾ ਅੱਜ ਕੋਈ ਸੰਜੋਗ ਜਾਂ ਪ੍ਰੇਮ ਵਲੇਟੇ ਜਿਹੇ ਮਾਰੀ ਜਾ ਰਿਹਾ ਹੈ। ਇਹ ਇਕਾਂਤ ਜਗ੍ਹਾ ਦੇਖਕੇ ਹੁਣ ਮਨ ਕਰਦਾ ਹੈ ਕਿ ਇਥੇ ਕੁਝ ਦੇਰ ਠਹਿਰ ਜਾਈਏ! ਗੁਰਨਾਮ ਸਿੰਘ ਨੇ ਅਰਜ਼ ਕੀਤੀ, ਮਹਾਰਾਜ! ਮੈਨੂੰ ਬਹੁਤ ਖੁਸ਼ੀ ਹੋਵੇਗੀ ਅਗਰ ਆਪ ਇਥੇ ਠਹਿਰ ਜਾਵੋ। ਕਰਤਾਰ ਦਾ ਹੁਕਮ ਜਾਣ ਕੇ ਮਹਾਤਮਾ ਅੱਜ ਠਹਿਰ ਗਏ ਇਥੇ ਹੀ। ਲੰਗਰ ਤਾਂ ਆਪ ਭਿੱਖਿਆ ਦਾ ਹੀ ਛੱਕਦੇ ਸਨ, ਲੇਕਿਨ ਦੁੱਧ ਗੁਰਨਾਮ ਸਿੰਘ ਰੋਜ਼ ਘਰੋਂ ਲੈ ਆਉਂਦਾ। ਲੰਗਰ ਛੱਕਣ ਲਈ ਇਕ ਵਾਰ ਪਿੰਡ ਵਿੱਚ ਜਾਂਦੇ, ਕਿਸੇ ਘਰ ਦੇ ਅੱਗੇ ਜਾ ਕੇ ਸਤਿਨਾਮ ਬੋਲਦੇ, ਗਲੀ ਵਿੱਚ ਖੜ੍ਹੇ ਹੀ ਪ੍ਰਸ਼ਾਦੇ ਹੱਥਾਂ ਵਿੱਚ ਲੈ ਲੈਂਦੇ, ਦਾਲ ਲੱਕੜ ਦੇ ਖੱਪਰ ਵਿੱਚ ਪਵਾ ਲੈਂਦੇ, ਉਸੇ ਖੱਪਰ ਚ ਹੀ ਬਾਅਦ ਵਿੱਚ ਲੱਸੀ ਪਵਾ ਕੇ ਛੱਕ ਲੈਂਦੇ। ਭੁੱਖ ਪੂਰੀ ਹੋ ਗਈ ਤਾਂ ਉਥੋਂ ਹੀ ਵਾਪਸ ਆ ਜਾਂਦੇ, ਅਗਰ ਨਾ ਪੂਰੀ ਹੋਈ ਤਾਂ ਦੂਸਰੇ ਘਰ ਅੱਗੇ ਜਾ ਸਤਿਨਾਮ ਬੋਲਣਾ। ਲੰਗਰ ਛੱਕਣ ਤੋਂ ਬਾਅਦ ਉਹ ਦਾਲ ਲੱਸੀ ਵਾਲਾ ਖੱਪਰ ਧੋ ਕੇ ਸਿਰ ਤੇ ਮੂਧਾ ਮਾਰ ਲੈਣਾ। ਜਦ ਸਾਰੇ ਪਿੰਡ ਦੀ ਵਾਰੀ ਪੂਰੀ ਹੋ ਜਾਣੀ ਤਾਂ ਕੋਟਲੀ, ਬਿਰੜਵਾਲ, ਕਦੇ ਅਗੌਲ ਆਦਿਕ ਪਿੰਡ ਤੋਂ ਵੀ ਜਾ ਛਕਦੇ। ਇਸ ਪ੍ਰਕਾਰ ਸਮਾਂ ਗੁਜ਼ਰਦਾ ਗਿਆ ਹੌਲੀ-ਹੌਲੀ ਪਿੰਡ ਦੇ ਹੋਰ ਲੋਕ ਆਉਣੇ ਸ਼ੁਰੂ ਹੋ ਗਏ। ਕੋਟਲੀ ਪਿੰਡ ਤੋਂ ਸ. ਛੱਜਾ ਸਿੰਘ ਦਾ ਪਰਿਵਾਰ ਗੁਰਨਾਮ ਸਿੰਘ ਦੀ ਜ਼ਮੀਨ ਵਟਾਈ ਵਗੈਰਾ ਤੇ ਵਾਹੁੰਦਾ ਸੀ, ਇਸ ਲਈ ਆਪਣੇ ਕੰਮ ਵਾਸਤੇ ਤਾਂ ਇਨ੍ਹਾਂ ਪ੍ਰੇਮੀਆਂ ਨੇ ਰੋਜ਼ ਆਉਣਾ ਹੀ ਸੀ, ਸੋ ਦਰਸ਼ਨ ਸੇਵਾ ਅਤੇ ਸਤਿਸੰਗ ਦਾ ਲਾਭ ਇਨ੍ਹਾਂ ਨੂੰ ਆਮ ਲੋਕਾਂ ਨਾਲੋਂ ਜ਼ਿਆਦਾ ਪ੍ਰਾਪਤ ਸੀ। ਵੈਸੇ ਵੀ ਇਹ ਪਰਿਵਾਰ ਛਲ-ਕਪਟ ਤੋਂ ਕਾਫੀ ਹੱਦ ਤੱਕ ਦੂਰ, ਸੰਤੋਸ਼ੀ ਸੁਭਾ ਦਾ ਹੋਣ ਕਰਕੇ ਮਹਾਂਪੁਰਖਾਂ ਤੋਂ ਖੁਸ਼ੀਆਂ ਕੁਝ ਵੱਧ ਹੀ ਪ੍ਰਾਪਤ ਕਰ ਰਿਹਾ ਸੀ। ਕੁਝ ਸਮੇਂ ਬਾਅਦ ਜਦ ਪਿੰਡ ਦੇ ਕਾਫੀ ਲੋਕ ਆਉਣੇ ਸ਼ੁਰੂ ਹੋ ਗਏ, ਤਾਂ ਮਹਾਂਪੁਰਖਾਂ ਨੇ ਪ੍ਰੇਰਨਾ ਕਰਕੇ ਪਿੰਡ

ਦੇ ਸਭ ਲੋਕਾਂ ਤੋਂ ਸਾਂਝਾ ਯਗ ਕਰਵਾਇਆ ਯਾਨੀ ਲੋਕਾਂ ਦੇ ਮਨਾਂ ਵਿੱਚ ਦਾਨ ਬ੍ਰਿਤੀ ਜਾਗਰਤ ਕਰਨੀ ਸ਼ੁਰੂ ਕੀਤੀ। ਇਸ ਪ੍ਰਕਾਰ ਕਈ ਮਹੀਨੇ ਗੁਜ਼ਾਰ ਕੇ ਦੁਬਾਰਾ ਫਿਰ ਆਉਣ ਦਾ ਬਚਨ ਦੇ ਕੇ ਅੱਗੇ ਨੂੰ ਚਲੇ ਗਏ। ਕੁਝ ਸਮੇਂ ਬਾਅਦ ਦੁਬਾਰਾ ਫਿਰ ਆ ਗਏ। ਉਸੇ ਤਰ੍ਹਾਂ ਲੋਕਾਂ ਤੋਂ ਫਿਰ ਯਗ ਕਰਵਾਇਆ ਅਤੇ ਪ੍ਰੇਰਨਾ ਕਰਕੇ ਹੋਰ ਕਈ ਪਰਉਪਕਾਰ ਦੇ ਕਾਰਜ, ਜਿਵੇਂ ਕੱਚੇ ਰਸਤਿਆਂ ਵਿੱਚ ਮਿੱਟੀ ਪਵਾਉਣੀ, ਨਿਰਬੋਲ ਪਸ਼ੂਆਂ ਨੂੰ ਪਾਣੀ ਦੀ ਕਿੱਲਤ ਦੇਖਕੇ ਟੋਬ੍ਹਾ ਪਟਵਾਇਆ, ਇਤਿਆਦਿਕ ਭਲੇ ਕਾਰਜਾਂ ਵਿੱਚ ਲੋਕਾਂ ਨੂੰ ਪ੍ਰਵਿਰਤ ਕੀਤਾ।

ਇਉਂ ਦੋ-ਤਿੰਨ ਵਾਰੀ ਆ ਕੇ ਕਈ-ਕਈ ਮਹੀਨੇ ਇਥੇ ਠਹਿਰਦੇ ਰਹੇ, ਇਸ ਸਮੇਂ ਦੌਰਾਨ ਖੋਖ, ਕੋਟਲੀ ਆਦਿਕ ਪਿੰਡਾਂ ਦੇ ਲੋਕਾਂ ਨੂੰ ਯਗ, ਪੁੰਨਦਾਨ, ਜੀਵ ਭਲਾਈ, ਮੈਤ੍ਰੀ ਭਾਵ ਇਤਿਆਦਿਕ ਧਰਮ ਦੇ ਕਾਰਜਾਂ ਵਿੱਚ ਇਤਨਾ ਦ੍ਰਿੜ ਕਰ ਦਿੱਤਾ, ਮਾਨੋਂ ਇੱਕ ਸਫਲ ਕਿਸਾਨ ਦੀ ਤਰ੍ਹਾਂ ਜ਼ਮੀਨ ਨੂੰ ਵਾਹ ਸਵਾਰ ਕੇ ਬੀਜਣ ਦੇ ਲਾਇਕ ਬਣਾ ਦਿੱਤਾ। ਹੁਣ 1944 ਦੀ ਅਰਧ ਕੁੰਭੀ ਦਾ ਸਮਾਂ ਨੇੜੇ ਆਇਆ ਜਾਣ ਕੇ ਆਪ ਨੇ ਹਰਦੁਆਰ ਜਾਣ ਦਾ ਸੰਕਲਪ ਕੀਤਾ, ਪ੍ਰੰਤੂ ਸੰਗਤ ਬਾਰ-ਬਾਰ ਬੇਨਤੀ ਕਰੀਂ ਜਾਵੇ ਮਹਾਰਾਜ ਆਪ ਇਥੇ ਹੀ ਰਹੋ। ਆਪ ਬੋਲੇ ਪ੍ਰੇਮੀਉ! ਤੁਸੀਂ ਚਿੰਤਾਂ ਕਿਉਂ ਕਰਦੇ ਹੋ ਤੁਹਾਨੂੰ ਇੱਕ ਪੂਰਨ ਮਹਾਂਪੁਰਸ਼ ਦੇ ਦਰਸ਼ਨ ਕਰਵਾਂਵਾਂਗੇ, ਅਸੀਂ ਜਦੋਂ ਦੁਬਾਰਾ ਆਏ ਉਨ੍ਹਾਂ ਨੂੰ ਨਾਲ ਲੈ ਕੇ ਆਵਾਂਗੇ। ਪਿੰਡ ਵਾਲੀ ਸਭ ਸੰਗਤ ਨੂੰ ਪਿਆਰ ਦੇ ਕੇ ਘਰਾਂ ਨੂੰ ਤੋਰ ਦਿੱਤਾ। ਦੂਸਰੇ ਦਿਨ ਸਵਖਤੇ ਹੀ ਗੁਰਨਾਮ ਸਿੰਘ ਜਿਸ ਵਕਤ ਘਰੋਂ ਦੁੱਧ ਲੈ ਕੇ ਕੋਲ ਪਹੁੰਚਿਆਂ ਤਾਂ ਆਪ ਤੁਰਨ ਦੀ ਤਿਆਰੀ ਵਿੱਚ ਸਨ, ਸ਼ਾਇਦ ਇਸੇ ਨੂੰ ਉਡੀਕ ਰਹੇ ਸਨ। ਦੁੱਧ ਛੱਕ ਕੇ ਹੁਣ ਆਪ ਨੇ ਪੈਦਲ ਹੀ ਚਾਲੇ ਪਾ ਦਿੱਤੇ, ਕਿਉਂਕਿ ਆਪ ਕਿਸੇ ਗੱਡੀ ਮੋਟਰ ਤੇ ਨਹੀਂ ਸਨ ਚੜ੍ਹਦੇ। ਗੁਰਨਾਮ ਸਿੰਘ ਵੀ ਭਰੇ ਮਨ ਨਾਲ ਚੱਲ ਪਿਆ ਲੇਕਿਨ ਥੋੜ੍ਹੀ ਦੂਰ ਜਾ ਕੇ ਗੁਰਨਾਮ ਸਿੰਘ ਨੂੰ ਹੁਕਮ ਕੀਤਾ, ਤੂੰ ਹੁਣ ਮੁੜ ਜਾ ਭਾਈ! ਗੁਰਨਾਮ ਸਿੰਘ ਦੀਆਂ ਅੱਖਾਂ ਵਿਚ ਪਾਣੀ ਆ ਗਿਆ, ਗਲਾ ਭਰ ਆਇਆ, ਦੋਨੋਂ ਹੱਥ ਜੋੜ ਕੇ ਖੜ੍ਹ ਗਿਆ।

ਬਾਬਾ ਜੀ ਬੋਲੇ, ਤੂੰ ਰੋਂਦਾ ਕਿਉਂ ਹੈਂ ਭਾਈ! ਤੈਨੂੰ ਇੱਕ ਪੂਰਨ ਮਹਾਂਪੁਰਸ਼ ਮਿਲਾਵਾਂਗੇ, ਤੂੰ ਉਦਾਸ ਨਾ ਹੋ, ਆਪਣਾ ਕੰਮ ਕਰ ਜਾ ਕੇ। ਗੁਰਨਾਮ ਸਿੰਘ ਉਸ ਸਮੇਂ ਕੁਝ ਨਿਰਾਸ਼ਾ ਦੇ ਦੌਰ ਵਿਚੋਂ ਗੁਜਰ ਰਿਹਾ ਸੀ, ਕਿਉਂਕਿ ਉਸ ਦੇ ਘਰੋਂ ਮਾਈ ਛੋਟੀਆਂ-ਛੋਟੀਆਂ ਦੋ ਬੱਚੀਆਂ ਛੱਡ ਕੇ ਗੁਜਰ ਚੁੱਕੀ ਸੀ। ਇਸ ਨੇ ਦੁਬਾਰਾ ਸ਼ਾਦੀ ਕਰਵਾਈ ਉਸ ਤੋਂ ਵੀ ਇੱਕ ਲੜਕਾ ਪੈਦਾ ਹੋ ਕੇ ਗੁਜ਼ਰ ਗਿਆ। ਇਸ ਲਈ ਕਾਫੀ ਮਾਨਸਿਕ ਪ੍ਰੇਸ਼ਾਨੀ ਦਾ ਸਮਾਂ ਬਤੀਤ ਕਰ ਰਿਹਾ ਸੀ। ਉਧਰ ਸੱਚੀ ਸਰਕਾਰ ਨੇ ਇਨ੍ਹਾਂ ਲੋਕਾਂ ਦੇ ਜ਼ਬਰਦਸਤ ਪੁੰਨ ਕਰਮਾਂ ਦੀ ਸਿਫਾਰਸ਼ ਤੇ, ਜਾਂ ਵੈਸੇ ਹੀ ਆਪਣੇ ਪਰਜਾਪਾਲਕ ਸੁਭਾ ਅਨੁਸਾਰ ਇਨ੍ਹਾਂ ਦੇ ਪਿੰਡ ਰੂਹਾਨੀ ਡਾਕਟਰਾਂ ਦੀ ਇੱਕ ਪੂਰੀ ਟੀਮ ਭੇਜਣ ਦਾ ਫੈਸਲਾ ਕਰ ਲਿਆ। ਡਾਕਟਰ ਤਾਂ ਪਹਿਲਾਂ ਵੀ ਹਰ ਪ੍ਰਕਾਰ ਦੀ ਯੋਗਤਾ ਨਾਲ ਭਰਪੂਰ, ਬਾਬਾ ਬੇਅੰਤ ਸਿੰਘ ਦੇ ਰੂਪ ਵਿੱਚ ਕੰਮ ਕਰ ਹੀ ਰਿਹਾ ਸੀ, ਜੋ ਮਰੀਜ਼ ਦੀ ਹਰ ਪ੍ਰਕਤਾਰ ਦੀ ਮਰਜ਼ ਦਾ ਵਾਕਫ ਅਤੇ ਰੋਗ ਹਟਾਉਣ ਲਈ ਪੂਰਨ ਤੌਰ ਤੇ ਸਮਰੱਥ ਵੀ ਸੀ, ਲੇਕਿਨ ਫਿਰ ਵੀ ਕਿਸੇ ਵੱਡੇ ਪੁੰਨ-ਕਰਮ ਦੀ ਸਿਫਾਰਸ਼ ਤੇ ਇਨ੍ਹਾਂ ਦੇ ਨਾਲ ਸਪੈਸ਼ਲਿਸਟ, ਐਸਿਸਟੈਂਟਾਂ ਦੀ ਪੂਰੀ ਟੀਮ ਭੇਜਣ ਦੇ ਇਲਾਹੀ ਆਰਡਰ ਕਰ ਦਿੱਤੇ। ਅਰਧ ਕੁੰਭੀ ਦਾ ਮੇਲਾ ਸਮਾਪਤ ਹੋਣ ਤੇ ਕੁਝ ਸਮੇਂ ਬਾਅਦ ਬਾਬਾ ਬੇਅੰਤ ਸਿੰਘ ਜੀ, ਸੰਤ ਮਹਾਰਾਜ ਨਿੱਕਾ ਜੀ ਵਿਰੱਕਤ ਅਤੇ ਸੰਤ ਦਰਸ਼ਨ ਜੀ ਨੂੰ ਨਾਲ ਲੈ ਕੇ ਖੋਖ ਪਿੰਡ ਪਹੁੰਚ ਏ। ਗੁਰਨਾਮ ਸਿੰਘ ਦਰਸ਼ਨ ਕਰਦਿਆਂ ਹੀ ਬੜੀ ਜਲਦੀ ਨਾਲ ਬਾਬਾ ਬੇਅੰਤ ਸਿੰਘ ਜੀ ਦੇ ਚਰਨਾਂ ਤੇ ਡਿੱਗਣ ਲੱਗਿਆਂ ਤਾਂ ਬਾਬਾ ਜੀ ਨੇ ਉਪਰ ਹੀ ਫੜਕੇ ਹੁਕਮ ਕੀਤਾ, ਪਹਿਲਾਂ ਇੱਧਰ ਨਮਸ਼ਕਾਰ ਕਰ, ਭਾਵ ਵਿਰੱਕਤ ਮਹਾਰਾਜ ਜੀ ਵੱਲ।

ਗੁਰਨਾਮ ਸਿੰਘ ਸਮਝ ਗਿਆ ਕਿ ਸ਼ਾਇਦ ਇਹ ਉਹੀ ਮਹਾਂਪੁਰਸ਼ ਹਨ ਜਿਨ੍ਹਾਂ ਬਾਰੇ ਬਾਬਾ ਜੀ ਨੇ ਬਚਨ ਕੀਤਾ ਸੀ, ਕਿ ਤੂੰ ਰੋ ਨਾ ਤੈਨੂੰ ਇੱਕ ਪੂਰਨ ਰੂਹਾਨੀ ਵੈਦ ਮਿਲਾਵਾਂਗੇ। ਖੈਰ! ਗੁਰਨਾਮ ਸਿੰਘ ਨੇ ਤਿੰਨਾਂ ਮਹਾਂਪੁਰਸ਼ਾਂ ਨੂੰ ਬੜੀ ਸ਼ਰਧਾ ਨਾਲ ਨਮਸ਼ਕਾਰ ਕੀਤੀ, ਦੁੱਧ ਪਾਣੀ ਲਿਆ ਕੇ ਛਕਾਇਆ। ਇਤਨੇ ਨੂੰ ਬਾਕੀ ਸਭ ਸੰਗਤ ਨੂੰ ਵੀ ਪਤਾ ਲੱਗ ਗਿਆ ਕਿ ਬਾਬਾ ਜੀ ਦੋ ਹੋਰ ਸੰਤਾਂ ਨੂੰ ਨਾਲ ਲੈ ਕੇ ਆ ਗਏ ਹਨ, ਅਤੇ ਇਹ ਵੀ ਸਭ ਪ੍ਰੇਮੀ ਸਮਝ ਗਏ, ਕਿ ਬਾਬਾ ਜੀ ਬਚਨ ਦੇ ਕੇ ਗਏ ਸਨ ਕਿ ਤੁਹਾਨੂੰ ਪੂਰਨ ਮਹਾਂਪੁਰਸ਼ਾਂ ਦੇ ਦਰਸ਼ਨ ਕਰਾਵਾਂਗੇ, ਸ਼ਾਇਦ ਉਹਨਾਂ ਮਹਾਂਪੁਰਖਾਂ ਨੂੰ ਹੀ ਨਾਲ ਲੈ ਕੇ ਆਏ ਹੋਣ।

ਇਸ ਪ੍ਰਕਾਰ ਜਿਵੇਂ-ਜਿਵੇਂ ਪਤਾ ਚਲਦਾ ਗਿਆ, ਸੰਗਤਾਂ ਆ ਕੇ ਦਰਸ਼ਨ ਕਰਦੀਆਂ ਰਹੀਆਂ। ਲੰਗਰ ਆਪ ਰੋਜ਼ ਉਹੀ ਛਕਦੇ ਜਿਸ ਦੀ ਬਾਬਤ ਕਬੀਰ ਸਾਹਿਬ ਦਾ ਫੁਰਮਾਣ ਹੈ—

**ਕਬੀਰ ਭਲੀ ਮਧੂਕਰੀ ਨਾਨਾ ਬਿਧਿ ਕੋ ਨਾਜੁ ॥**
**ਦਾਵਾ ਕਾਹੂ ਕੋ ਨਹੀ ਬਡਾ ਦੇਸੁ ਬਡ ਰਾਜੁ ॥**

*(ਪੰਨਾ-੧੩੭੩)*

ਕਿਉਂਕਿ ਵਿਰੱਕਤ ਮਹਾਂਪੁਰਸ਼ਾਂ ਵੱਲੋਂ, ਛਕਿਆ ਭਿਖਿਆ ਦਾ ਅੰਨ ਹੀ ਛੱਤੀ ਪ੍ਰਕਾਰ ਦਾ ਭੋਜਨ ਹੋਇਆ ਕਰਦਾ ਹੈ। ਨਦੀਆਂ ਦਾ ਜਲ ਹੀ ਪਾਨ ਹੋਇਆ ਕਰਦਾ ਹੈ, ਭੂਮ ਆਸਣ ਹੀ ਮਖਮਲੀ ਸਿਹਜਾ ਹੋਇਆ ਕਰਦੀ ਹੈ, ਰੋਹੀਆਂ ਜੰਗਲਾਂ ਵਿੱਚ ਗੁਜਰਨਾਂ ਹੀ ਘੁਗ ਵਸਦਾ ਸ਼ਹਿਰ ਹੈ, ਪਿਆਰੇ ਦੀ ਯਾਦ ਵਿੱਚ ਅੱਠੇ ਪਹਿਰ ਲੀਨ ਰਹਿਣਾ ਹੀ ਮਾਨੋ ਬਾਦਸ਼ਾਹ ਦਾ ਤਾਜਤਖਤ ਹੈ। ਇਸ ਪ੍ਰਕਾਰ ਲੰਗਰ ਛੱਕਣ ਲਈ ਕਦੇ ਇਕੱਠੇ ਇੱਕ ਪਿੰਡ ਵੀ ਚਲੇ ਜਾਂਦੇ, ਕਦੇ ਤਿੰਨੇ ਮਹਾਂਪੁਰਸ਼ ਅਲੱਗ-ਅਲੱਗ ਪਿੰਡਾਂ ਤੋਂ ਭਿਛਿਆ ਕਰਕੇ ਛਕਦੇ। ਇਉਂ ਇੱਕ ਵਾਰ ਲੰਗਰ ਛੱਕ ਕੇ ਬਾਕੀ ਦਾ ਸਾਰਾ ਸਮਾਂ ਪਿਆਰੇ ਪ੍ਰੀਤਮ ਦੀ ਯਾਦ ਵਿੱਚ ਲੀਨ ਰਹਿੰਦੇ। ਸੰਗਤਾਂ ਵੀ ਸਵੇਰੇ ਸ਼ਾਮ ਜਾਂ, ਆਪੋ ਆਪਣੇ ਸਮੇਂ ਮੁਤਾਬਿਕ ਦਰਸ਼ਨ ਕਰਨ ਆਉਂਦੀਆਂ ਰਹਿੰਦੀਆਂ। ਉਨ੍ਹਾਂ ਨੂੰ ਅਧਿਕਾਰ ਦੇ ਮੁਤਾਬਿਕ ਨਾਮ ਬਾਣੀ ਦਾ ਉਪਦੇਸ਼ ਵੀ ਹੁੰਦਾ ਰਹਿੰਦਾ। ਇਸ ਪ੍ਰਕਾਰ ਅੱਠੇ ਪਹਿਰ ਇਕੋ ਰੰਗ ਵਿੱਚ ਗੁਜਰਦੇ ਸਨ, ਇਉਂ ਕਾਫੀ ਸਮਾਂ ਗੁਜਰ ਗਿਆ। ਅੱਜ ਇਉਂ ਮਹਿਸੂਸ ਹੋ ਰਿਹਾ ਹੈ ਜਿਵੇਂ ਕੋਈ ਸੱਚੀ ਸਰਕਾਰੋਂ ਸੰਦੇਸ਼ਾ ਆਇਆ ਹੈ, ਜਾਂ ਆਪ ਹੀ ਦਿਆਲਤਾ ਦੇ ਘਰ ਆਏ ਹਨ, ਜਾਂ ਫਿਰ ਮਰੀਜ਼ ਦੀ ਕੋਈ ਪੁਰਾਤਨ ਸਿਆਣ ਨਿਕਲ ਆਈ ਹੈ। ਇਤਿਆਦਿਕ ਕਾਰਨਾਂ ਵਿਚੋਂ ਕੋਈ ਵੀ ਹੋਵੇ, ਜਾਂ ਇਨ੍ਹਾਂ ਤੋਂ ਅਲੱਗ ਕੋਈ ਹੋਰ ਕਾਰਨ ਹੋਵੇ, ਇਹ ਤਾਂ ਉਹ ਆਪ ਹੀ ਜਾਨਣ, ਕਿਉਂਕਿ ਉਹ ਗੱਲਬਾਤ ਕਿਸੇ ਹੋਰ ਦੇਸ਼ ਦੀ ਭਾਸ਼ਾ ਵਿੱਚ ਕਰ ਰਹੇ ਹਨ, ਜੋ ਸਾਡੀ ਸਮਝ ਗੋਚਰੀ ਨਹੀਂ। ਹਾਂ ਉਨ੍ਹਾਂ ਦੇ ਅੱਜ ਦੇ ਕਰਨਿਆਂ ਤੋਂ ਇਉਂ ਪ੍ਰਤੀਤ ਹੋ ਰਿਹਾ ਹੈ ਜਿਵੇਂ ਕੋਈ ਸਾਡੀ ਮਨ ਬੁੱਧੀ ਤੋਂ ਪਰੇ ਦਾ ਕਾਰਜ ਕਰਨ ਦੀ ਤਿਅਰੀ ਕਰ ਰਹੇ ਹੋਣ।

ਖੇਡ ਕਹੀਏ ਜਾਂ ਕਿਰਤ, ਪੂਰਾ-ਪੂਰਾ ਤਾਂ ਉਹੀ ਜਾਨਣ ਲੇਕਿਨ ਜਾਪ ਇਉਂ ਰਿਹਾ ਹੈ ਜਿਵੇਂ ਕਿਸੇ ਪੁਰਾਣੇ ਮਰੀਜ਼ ਦੇ ਅਪ੍ਰੇਸ਼ਨ ਦੀ ਤਿਆਰੀ ਵਿੱਚ ਹੋਣ। ਅਨੁਮਾਨ ਕੁਝ ਐਸਾ ਲੱਗ ਰਿਹਾ ਹੈ ਜਿਵੇਂ ਇਹ ਅਪ੍ਰੇਸ਼ਨ ਕਈ ਘੰਟਿਆਂ ਵਿੱਚ ਪੂਰਾ ਹੋਵੇਗਾ।

ਅੱਜ ਸਵੇਰੇ ਹੀ ਗੁਰਨਾਮ ਸਿੰਘ ਨੂੰ ਹੁਕਮ ਕਰ ਦਿੱਤਾ, ਕਿ ਅਸੀਂ ਇਸ ਕੋਠੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦਾ ਇਕ ਸਹਿਜ ਪਾਠ ਕਰਨਾ ਹੈ ਇਸ ਲਈ ਗੁਰੂ ਸਾਹਿਬ ਦੇ ਇਕ ਸਰੂਪ ਦਾ ਇੰਤਜ਼ਾਮ ਕਰੋ। ਤੁਸੀਂ ਸਰੂਪ ਲੈ ਆਉ ਅਸੀਂ ਕਮਰਾ ਸਾਫ ਕਰਦੇ ਹਾਂ। ਸਾਰੀ ਤਿਆਰੀ ਕਰਕੇ ਮਹਾਰਾਜ ਦਾ ਪਾਵਨ ਸਰੂਪ ਲਿਆਂਦਾ, ਫਿਰ ਸਹਿਜ ਪਾਠ ਆਰੰਭ ਕਰ ਲਿਆ। ਸ਼ਾਮ ਨੂੰ ਜਦੋਂ ਗੁਰਨਾਮ ਸਿੰਘ ਘਰੋਂ ਦੁਧ ਲੈ ਕੇ ਪਹੁੰਚਿਆ ਤਾਂ ਜਾਂਦੇ ਨੂੰ ਸੰਤ ਦਰਸ਼ਨ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਦੇ ਤਾਬੇ ਬੈਠੇ ਦੋਨਾਂ ਹੱਥਾਂ ਨਾਲ ਚੌਰ ਕਰੀਂ ਜਾ ਰਹੇ ਹਨ ਅਤੇ ਮੁਖ ਤੋਂ ਉਚੀ ਸੁਰ ਵਿੱਚ ਰਹਿਰਾਸ ਦਾ ਪਾਠ ਕਰ ਰਹੇ ਹਨ। ਦੋਨੋਂ ਮਹਾਂਪੁਰਸ਼ ਬਾਬਾ ਬੇਅੰਤ ਸਿੰਘ ਅਤੇ ਬਾਬਾ ਨਿੱਕਾ ਸਿੰਘ ਜੀ ਮਹਾਰਾਜ ਇਕ ਪਾਸੇ ਬੈਠੇ ਪਾਠ ਸੁਣ ਰਹੇ ਹਨ। ਗੁਰਨਾਮ ਸਿੰਘ ਵੀ ਨਮਸ਼ਕਾਰ ਕਰਕੇ ਬੈਠ ਗਿਆ ਕਿ ਪਾਠ ਦੀ ਸਮਾਪਤੀ ਤੇ ਦੁੱਧ ਛਕਾਵਾਂਗੇ। ਰਹਿਰਾਸ ਦਾ ਪਾਠ ਸੰਪੂਰਨ ਹੋਣ ਤੋਂ ਬਾਅਦ ਬਾਬਾ ਬੇਅੰਤ ਸਿੰਘ ਜੀ ਉਠੇ, ਇਕ ਹੱਥ ਵਿੱਚ ਖੂੰਡਾ ਫੜ ਲਿਆ, ਗੁਰੂ ਗ੍ਰੰਥ ਸਾਹਿਬ ਦੇ ਦੁਆਲੇ ਪ੍ਰਕਰਮਾਂ ਕਰਨੀ ਸ਼ੁਰੂ ਕਰ ਦਿੱਤੀ ਅਤੇ ਮੁੱਖ ਤੋਂ ਉੱਚੀ ਸੁਰ ਨਾਲ ਸਤਿਨਾਮ ਵਾਹਿਗੁਰੂ ਦਾ ਜਾਪ ਸ਼ੁਰੂ ਕਰ ਦਿੱਤਾ। ਉਨ੍ਹਾਂ ਦੇ ਪਿੱਛੇ ਸੰਤ ਬਾਬਾ ਨਿੱਕਾ ਸਿੰਘ ਜੀ ਹੋ ਗਏ, ਦੋਨੋਂ ਮਹਾਂਪੁਰਸ਼ ਪ੍ਰਕਰਮਾਂ ਕਰਨ ਦੇ ਨਾਲ-ਨਾਲ ਸਤਿਨਾਮ ਵਾਹਿਗੁਰੂ ਦਾ ਜਾਪ ਮਿਲਵੀਂ ਸੁਰ ਵਿੱਚ ਉਚਾਰੀ ਜਾ ਰਹੇ ਹਨ। ਥੋੜੀ ਦੇਰ ਤਾਂ ਗੁਰਨਾਮ ਸਿੰਘ ਨੇ ਦੇਖਿਆ ਕਿ ਹੁਣ ਰੁਕਦੇ ਹਨ, ਲੇਕਿਨ ਜਦੋਂ ਲੱਗਿਆ ਕਿ ਦੋਨੋਂ ਮਹਾਂਪੁਰਸ਼ ਤਾਂ ਕਿਸੇ ਅੰਤਰੀਵ ਰੰਗ ਵਿੱਚ ਰੰਗੀਜ ਕੇ ਬਾਹਰੋਂ ਬਿਲਕੁਲ ਬੇਖਬਰ ਹੋਏ ਆਪਣੀ ਮੌਜ ਵਿੱਚ ਚਲੀਂ ਜਾ ਰਹੇ ਹਨ ਤਾਂ ਆਪ ਵੀ ਪਿੱਛੇ ਹੋ ਤੁਰਿਆ। ਘੰਟਾ ਬੀਤ ਗਿਆ, ਦੋ ਬੀਤੇ, ਚਾਰ ਘੰਟੇ ਗੁਜ਼ਰੇ, ਨਾ ਆਵਾਜ਼ ਵਿੱਚ ਫਰਕ ਹੈ, ਨਾ ਰਫਤਾਰ ਵਿੱਚ ਕੋਈ ਕਮੀ ਤੇਜੀ। ਗੱਲ ਕੀ ਸਾਰੀ ਰਾਤ ਉਸ ਅਕਾਲ, ਅਦੇਸ਼, ਅਵਸਤੂ, ਵਿੱਚ ਲੀਨ ਹੋ ਕੇ ਇਉਂ ਗੁਜਾਰ ਦਿੱਤੀ, ਜਿਵੇਂ ਕੁਝ ਪਲ ਘੜੀਆਂ ਹੀ ਬੀਤੀਆਂ ਹੋਣ। ਸੰਤ ਦਰਸ਼ਨ ਸਿੰਘ ਜੀ ਪੂਰੀ ਰਾਤ ਹਜ਼ੂਰ ਤੇ ਚੌਰ ਝੁਲਾਉਂਦੇ ਰਹੇ। ਹੁਣ ਪਹੁ ਫੁਟਾਲੇ ਤੋਂ ਬਾਅਦ ਸੂਰਜ ਦੇਵਤਾ ਦੇ ਦੂਤਾਂ ਨੇ ਵੀ ਆਪਣੇ ਮਾਲਕ ਦੀ ਆਗਿਆ ਦਾ ਪਾਲਣ

ਕਰਦੇ ਹੋਏ ਲਾਲ ਰੰਗ ਦਾ ਚੰਦੋਆ ਤਾਨਣਾ ਸ਼ੁਰੂ ਕਰ ਦਿੱਤਾ। ਇੱਧਰ ਆਪ ਨੇ ਵੀ ਅਪ੍ਰੇਸ਼ਨ ਨੂੰ ਸਫਲਤਾ ਪੂਰਵਕ ਸੰਪੂਰਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਮਸ਼ਕਾਰ ਕੀਤੀ। ਇਸ ਟਿਕੇ ਸ਼ਾਂਤ ਵਾਤਾਵਰਣ ਵਿੱਚ ਇੱਕ ਮਿੱਠੀ-ਮਿੱਠੀ ਅਵਾਜ਼ ਕੰਨਾਂ ਵਿੱਚ ਇਕ ਰਸ ਇਉਂ ਪੈ ਰਹੀ ਹੈ:—

**ਵੈਦਾ ਸੰਦਾ ਸੰਗੁ ਇਕਠਾ ਹੋਇਆ॥**
**ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ॥**
**ਜੋ ਜੋ ਓਨਾ ਕਰਮ ਸੁਕਰਮ ਹੋਇ ਪਸਰਿਆ॥**
**ਹਰਿਹਾਂ ਦੂਖ ਰੋਗ ਸਭਿ ਪਾਪ ਤਨ ਤੇ ਖਿਸਰਿਆ॥***

*(ਫੁਨਹੇ ਮਹਲਾ ੫, ਪੰਨਾ-੧੩੬੩)*

## ਪੱਛਮੀਂ ਪੰਜਾਬ ਦੀ ਯਾਤਰਾ

1944 ਈ: ਦੇ ਅਖੀਰ ਜਾਂ 1945 ਈ: ਦੇ ਸ਼ੁਰੂ ਦਾ ਜ਼ਿਕਰ ਹੈ ਜਦੋਂ ਆਪ ਤਿੰਨ ਚਾਰ ਸਾਧੂਆਂ ਦੀ ਮੰਡਲੀ ਨਾਲ ਲੈ ਕੇ ਪੱਛਮੀ ਪੰਜਾਬ ਦੀ ਯਾਤਰਾ ਲਈ ਚੱਲੇ। ਪਹਿਲਾਂ ਦੌਦ ਪਿੰਡ ਪਹੁੰਚੇ। ਇਥੇ ਜੋਗੀਪੀਰ ਵਿੱਚ ਰਿਹਾਇਸ਼ ਰੱਖ ਕੇ ਦੋ-ਤਿੰਨ ਦਿਨ ਠਹਿਰੇ, ਸਮੇਂ-ਸਮੇਂ ਲੰਗਰ ਭਿੱਖਿਆ ਕਰਕੇ ਛਕਦੇ ਰਹੇ, ਇਸ ਪ੍ਰਕਾਰ ਕੁਝ ਦਿਨ ਇੱਥੇ ਠਹਿਰ ਕੇ ਹੁਣ ਅੱਗੇ ਨੂੰ ਚਾਲੇ ਪਾਏ। ਸਹਿਜੇ-ਸਹਿਜੇ ਪੈਦਲ ਸਫਰ ਕਰਦੇ ਦਿਨ ਕਿਤੇ, ਰਾਤ ਕਿਤੇ ਗੁਜਾਰਦੇ ਲਾਹੌਰ ਪਹੁੰਚ

---

* *ਇਕ ਸਮੇਂ ਖੋਖ ਕੁਟੀਆ ਬੈਠੇ ਸੰਤ ਮਹਾਰਾਜ ਨਿੱਕਾ ਸਿੰਘ ਜੀ ਬਾਈ ਵਾਰਾਂ ਅਰਥਾਂ ਸਮੇਤ ਪੜ੍ਹਾ ਰਹੇ ਸਨ। ਉਸ ਸਮੇਂ ਗੋਇੰਦਵਾਲ ਦੀ ਸਾਖੀ ਚੱਲੀ ਕਿ ਉਥੇ ਕੁਝ ਗੁਪਤ ਰੂਹਾਂ ਰਹਿੰਦੀਆਂ ਸਨ ਜੋ ਗੋਂਦੇ ਨਾਮ ਦੇ ਖੱਤਰੀ ਨੂੰ ਪਿੰਡ ਨਹੀਂ ਸਨ ਬੰਨ੍ਹਣ ਦਿੰਦੀਆਂ। ਗੋਂਦਾ ਕਿਸੇ ਸਿਆਣੇ ਪੁਰਸ਼ ਦੀ ਸਲਾਹ ਤੇ ਗੁਰੂ ਅੰਗਦ ਦੇਵ ਮਹਾਰਾਜ ਜੀ ਦੇ ਚਰਨਾਂ ਵਿੱਚ ਖੰਡੂਰ ਸਾਹਿਬ ਆਇਆ, ਅਰਜ਼ ਕੀਤੀ ਮਹਾਰਾਜ! ਮੇਰੇ ਕੋਲ ਧਨ ਪਦਾਰਥ, ਜ਼ਮੀਨ ਜਾਇਦਾਦ ਬਹੁਤ ਹੈ ਮੈਂ ਚਾਹੁੰਦਾ ਹਾਂ, ਬਿਆਸ ਦਰਿਆ ਦੇ ਕਿਨਾਰੇ ਮੇਰੀ ਜ਼ਮੀਨ ਵਿੱਚ ਮੇਰੇ ਨਾਮ ਤੇ ਇਕ ਪਿੰਡ ਵਸ ਜਾਵੇ, ਤਾਂ ਕਿ ਸੰਸਾਰ ਵਿੱਚ ਮੇਰਾ ਨਾਮ ਰਹਿ ਜਾਵੇ। ਮੈਂ ਕਾਫੀ ਕੋਸ਼ਿਸ਼ ਕੀਤੀ ਪਿੰਡ ਬੰਨਣ ਦੀ ਲੇਕਿਨ ਸਭ ਅਸਫਲ, ਕਿਉਂਕਿ ਉਥੇ ਕੁਝ ਗੁਪਤ ਰੂਹਾਂ ਰਹਿੰਦੀਆਂ ਹਨ, ਜੋ ਬੰਨ੍ਹਣ ਨਹੀਂ ਦਿੰਦੀਆਂ, ਮਕਾਨ ਬਣਾਉਣ ਲਈ ਜੋ ਦੀਵਾਰਾਂ ਮੇਰੇ ਰਾਜ ਮਜ਼ਦੂਰ ਦਿਨ ਨੂੰ ਬਣਾਉਂਦੇ ਹਨ ਉਹ ਰਾਤ ਨੂੰ ਢਹਿ ਜਾਂਦੇ ਹਨ। ਇਸ ਲਈ ਮੈਂ ਥੱਕ ਕੇ ਆਪ ਦੇ ਦੁਆਰੇ ਆਇਆ ਹਾਂ, ਆਪ ਪੂਰਨ ਪੁਰਸ਼ ਹੋ, ਰੱਬੀ ਅਵਤਾਰ ਹੋ, ਮੇਰਾ ਇਹ ਕਾਰਜ ਕਰਨ ਨੂੰ ਸਮਰੱਥ ਹੋ, ਸਭ ਦ੍ਰਿਸ਼ਟ-ਅਦ੍ਰਿਸ਼ਟ ਸ਼ਕਤੀਆਂ ਆਪ ਦੇ ਅਧੀਨ ਹਨ, ਕ੍ਰਿਪਾ ਕਰੋ ਉਥੇ ਪਿੰਡ ਬੰਨਕੇ ਆਪਣੇ ਸਿੱਖਾਂ, ਸੇਵਕਾਂ ਸਮੇਤ ਰਹੋ, ਮੇਰਾ ਨਾਮ ਰਹਿ ਜਾਏਗਾ। ਗੁਰੂ ਅੰਗਦ ਦੇਵ ਮਹਾਰਾਜ ਨੇ ਭਵਿੱਖ ਨੂੰ ਵਾਚ ਕੇ ਸ੍ਰੀ ਅਮਰਦਾਸ ਜੀ ਨੂੰ ਹੁਕਮ ਕੀਤਾ, ਕਿ ਜਾਉ ਉਥੇ ਇਸ ਪ੍ਰੇਮੀ ਦੇ ਨਾਂ ਤੇ ਗੋਇੰਦਵਾਲ ਨਗਰ ਵਸਾਉ! ਅਮਰਦਾਸ ਜੀ ਨੇ ਅਰਜ਼ ਕੀਤੀ ਮਹਾਰਾਜ! ਉਥੇ ਬੜੀ ਸਖਤ ਜਗ੍ਹਾ ਹੈ ਇਹ ਕਾਰਜ ਤਾਂ ਆਪ ਜੀ ਦੀ ਕ੍ਰਿਪਾ ਦੁਆਰਾ ਹੀ ਹੋਵੇਗਾ। ਗੁਰੂ ਅੰਗਦ ਦੇਵ ਮਹਾਰਾਜ ਨੇ ਆਪਣੇ ਹੱਥ ਦੀ ਇੱਕ ਛਟੀ ਦੇ ਕੇ ਹੁਕਮ ਕੀਤਾ, ਇਹ ਛਟੀ ਜਾ ਕੇ ਅਕਾਸ਼ ਵਿੱਚ ਘੁਮਾ ਦਿਉ। ਗੁਪਤ ਰੂਹਾਂ ਜੋ ਉਥੇ ਵਸਦੀਆਂ ਹਨ ਸਭ ਦੌੜ ਜਾਣਗੀਆਂ। ਇਸੇ ਤਰ੍ਹਾਂ ਕੀਤਾ ਗਿਆ, ਗੋਇੰਦਵਾਲ ਨਗਰ ਵਸ ਗਿਆ। ਇਹ ਕਥਾ ਸੁਣਕੇ ਵਿਰੱਕਤ ਮਹਾਰਾਜ ਨਿੱਕਾ ਸਿੰਘ ਜੀ ਬੋਲੇ, ਐਸੀਆਂ ਰੂਹਾਂ ਹੁੰਦੀਆਂ ਤਾਂ ਹਨ। ਖੋਖ ਪਿੰਡ ਵੱਲ ਹੱਥ ਦਾ ਇਸ਼ਾਰਾ ਕਰਕੇ ਫੁਰਮਾਇਆ, ਇਸ ਪਿੰਡ ਵਿੱਚ ਵੀ ਸਨ।*

*ਇਥੇ ਜਵਾਨ ਉਮਰ ਦੇ ਲੜਕਿਆਂ ਦੀ ਮੌਤ ਹੁੰਦੀ ਸੀ। ਇੱਕ ਦਿਨ ਬਾਬਾ ਬੇਅੰਤ ਸਿੰਘ ਜੀ ਸਾਨੂੰ ਕਹਿਣ ਲੱਗੇ, ਮਹਾਰਾਜ! ਰਾਤ ਇਥੇ ਖੂਹ ਚਲਾਉਂਦੇ ਦੋ ਬੰਦੇ ਆਪਸ ਵਿਚ ਗੱਲਾਂ ਕਰ ਰਹੇ ਸਨ ਕਿ ਗੁਰਨਾਮ ਸਿੰਘ ਦੇ ਲੜਕਾ ਨਹੀਂ ਹੁੰਦਾ, ਇਹਦੀ ਜਮੀਨ ਜਾਇਦਾਦ ਐਂਵੇ ਜਾਊ। ਅਸੀਂ ਹੱਸਦੇ ਹੋਏ ਕਿਹਾ, ਬਾਬਾ ਜੀ! ਅੱਜ ਕਿਹੜੇ ਰੰਗ ਵਿਚ ਚਲੇ ਗਏ? ਬਾਬਾ ਜੀ ਬੋਲੇ, ਮਹਾਰਾਜ! ਲੋਕ ਕੀ ਕਹਿਣਗੇ ਕਿ ਤਿੰਨ ਸਾਧੂ ਖੂਹ ਤੇ ਬੈਠੇ ਨੇ ਖੂਹ ਵਾਲਾ ਔਲਾਦ ਤੋਂ ਖਾਲੀ ਜਾ ਰਿਹਾ। ਮਹਾਰਾਜ ਮੁਸਕਰਾਉਂਦੇ ਹੋਏ ਦੱਸ ਰਹੇ ਸਨ ਕਿ ਬਾਬੇ ਨੂੰ ਖੂੰਡਾ ਫੜ ਕੇ ਇਕ ਰਾਤ ਲਾਈ ਸੀ, ਥੋੜੇ ਸਾਹਮਣੇ ਲਾ ਦਿੱਤਾ ਨਾ ਬਾਗ, ਗੁਰਨਾਮ ਸਿੰਘ ਦੇ ਘਰ! ਮਹਾਰਾਜ ਜੀ ਨੇ ਤਾਂ ਇਨ੍ਹੀਂ ਹੀ ਸੁਣਾਈ ਸੀ, ਲੇਕਿਨ ਰਾਤ ਕਿਵੇਂ ਲੱਗੀ? ਇਹ ਸਾਰੀ ਵਾਰਤਾ ਬਾਅਦ ਵਿੱਚ ਗੁਰਨਾਮ ਸਿੰਘ ਨੇ ਸੁਣਾਈ। ਉਪਰੋਕਤ ਘਟਨਾ ਤੋਂ ਬਾਅਦ ਜਿਸਦਾ ਵੇਰਵਾ ਵਿਸਥਾਰ ਵਿੱਚ ਉਪਰ ਆ ਚੁੱਕਾ ਹੈ, ਸਾਲ-ਕੁ ਜਾਂ ਇਸ ਤੋਂ ਕੁਝ ਵੱਧ ਸਮੇਂ ਪਿਛੋਂ ਯਾਨੀ 1946 ਈ: ਦੇ ਬਸੰਤ ਪੰਚਮੀ ਵਾਲੇ ਦਿਨ ਗੁਰਨਾਮ ਸਿੰਘ ਦੇ ਘਰ ਪੁੱਤਰ ਪੈਦਾ ਹੋਇਆ, ਜਿਸਦਾ ਨਾਮ ਅਜੀਤ ਸਿੰਘ ਰੱਖਿਆ। ਉਸ ਤੋਂ ਬਾਅਦ ਚਾਰ ਲੜਕੇ ਅਤੇ ਇਕ ਲੜਕੀ ਹੋਰ ਹੋਏ।*

ਗਏ। ਇਥੇ ਰਿਹਾਇਸ਼ ਤਾਂ ਰਾਵੀ ਦਰਿਆ ਦੇ ਕਿਨਾਰੇ ਹੀ ਰੱਖੀ, ਪ੍ਰੰਤੂ ਲੰਗਰ ਪਾਣੀ ਦੀ ਸੇਵਾ ਜਸਵੰਤ ਲਾਲ ਬੱਤਰਾ ਕਰਦਾ ਰਿਹਾ। ਇਸ ਸਮੇਂ ਦੌਰਾਨ ਇਸ ਪਿਛਲੀ ਫੇਰੀ ਸਮੇਂ ਦਿੱਤੇ ਬਚਨਾਂ ਅਨੁਸਾਰ ਨਾਮ ਦੀ ਦਾਤ ਵੀ ਬਖਸ਼ਿਸ਼ ਕਰ ਦਿੱਤੀ। ਇਥੇ ਹੀ ਸ਼ਾਇਦ ਗੁਪਾਲ ਸਿੰਘ ਜੀ ਨੂੰ ਆਪ ਦੇ ਪਹਿਲੀ ਵਾਰ ਦਰਸ਼ਨ ਹੋਏ ਕਿਉਂਕਿ ਜਸਵੰਤ ਲਾਲ ਬੱਤਰਾ ਅਤੇ ਗੋਪਾਲ ਸਿੰਘ ਨਜ਼ਦੀਕੀ ਰਿਸ਼ਤੇਦਾਰ ਸਨ। ਸੰਭਵ ਹੈ ਕਿ ਗੋਪਾਲ ਸਿੰਘ ਜੀ ਇਥੋਂ ਹੀ ਤਖ਼ਤ ਹਜ਼ਾਰੇ ਆਉਣ ਦਾ ਬਚਨ ਲੈ ਕੇ ਗਏ ਹੋਣ।

ਇਸ ਪ੍ਰਕਾਰ ਕੁਝ ਦਿਨ ਲਾਹੌਰ ਠਹਿਰਕੇ ਅੱਗੇ ਨੂੰ ਚਾਲੇ ਪਾਏ। ਪੜਾਅ ਵਾਰ ਸਫਰ ਕਰਦੇ, ਸੰਤ ਭਗਤ ਸਿੰਘ ਜੀ ਦੀ ਪ੍ਰੇਮ ਖਿੱਚ ਦੇ ਪ੍ਰਬੇਧੇ ਸ਼ੇਖੂਪੁਰੇ ਪਹੁੰਚ ਗਏ। ਉਨ੍ਹਾਂ ਦੇ ਪ੍ਰੇਮ-ਵਸ ਕੁਝ ਦਿਨ ਇਨ੍ਹਾਂ ਕੋਲ ਠਹਿਰ ਕੇ ਅੱਗੇ ਲਾਇਲਪੁਰ ਡੇਰੇ ਜਾ ਲਾਏ। ਇਥੇ ਇਕ ਸੌ ਪੰਦਰਾਂ ਚੱਕ ਵਿੱਚ ਮੁਕੰਦ ਲਾਲ ਪਟਵਾਰੀ ਅਤੇ ਜ਼ੈਲਦਾਰ ਜਗਤ ਸਿੰਘ ਚਹਿਲ ਪੁਰਾਣੇ ਸੇਵਕ ਵਸਦੇ ਸਨ ਉਨ੍ਹਾਂ ਕੋਲ ਜਾ ਠਹਿਰੇ। ਪਟਵਾਰੀ ਨੇ ਮਹਾਰਾਜ ਜੀ ਤੋਂ ਦਿਨ ਲੈ ਕੇ ਹਰ ਸਾਲ ਦੀ ਤਰ੍ਹਾਂ ਅਖੰਡ ਪਾਠ ਕਰਵਾਇਆ, ਉਪਰੰਤ ਗੁਰੂ ਨਾਨਕ ਦੀਆਂ ਬਖਸ਼ੀਆਂ ਦਾਤਾਂ ਵਿੱਚੋਂ ਲੰਗਰ ਦੇ ਖੁਲ੍ਹੇ ਭੰਡਾਰੇ ਵਰਤਾਏ। ਇਥੇ ਇਕ ਸੌ ਪੰਦਰਾਂ ਚੱਕ ਵਿੱਚ ਪੁਟਵਾਰੀ ਮੁਕੰਦ ਲਾਲ ਅਤੇ ਜੈਲਦਾਰ ਜਗਤ ਸਿੰਘ ਪ੍ਰੇਮੀਆਂ ਨੇ ਇਤਨਾ ਪ੍ਰੇਮ ਕੀਤਾ ਕਿ ਮਹਾਰਾਜ ਜੀ ਇਨ੍ਹਾਂ ਦੇ ਪ੍ਰੇਮ-ਵਸ ਹੋਏ ਆਪਣੀ ਸੰਤ ਮੰਡਲੀ ਸਮੇਤ ਦੋ ਮਹੀਨੇ ਇਥੇ ਹੀ ਠਹਿਰੇ। ਸਮਾਂ ਪਾ ਕੇ ਹੋਰ ਦੂਰ ਨੇੜੇ ਦੀਆਂ ਸੰਗਤਾਂ ਵੀ ਇਥੇ ਪਹੁੰਚ ਕੇ ਸੇਵਾ ਤੇ ਸਤਿਸੰਗ ਦਾ ਚੋਖਾ ਲਾਭ ਉਠਾਉਂਦੀਆਂ ਰਹਿੰਦੀਆਂ। ਹੁਣ ਜਦੋਂ ਇਥੋਂ ਅੱਗੇ ਨੂੰ ਚਾਲੇ ਪਾਉਣ ਦੀ ਤਿਆਰੀ ਕੀਤੀ, ਤਾਂ ਜ਼ੈਲਦਾਰ ਜਗਤ ਸਿੰਘ ਨੇ ਅਰਜ਼ ਕੀਤੀ ਫਿਰ ਕਦੋਂ ਦਰਸ਼ਨ ਹੋਣਗੇ? ਹਜ਼ੂਰ ਨੇ ਥੋੜ੍ਹਾ ਮੁਸਕਰਾਉਂਦਿਆਂ ਫੁਰਮਾਇਆ, ਹੁਣ ਇਧਰ ਨਹੀਂ, ਉਧਰ ਹੀ ਮਿਲਾਂਗੇ। ਭਵਿੱਖ ਵਿੱਚ ਆਉਣ ਵਾਲੇ ਸਮੇਂ ਦਾ ਐਸਾ ਇਸ਼ਾਰਾ ਕਰਕੇ ਹੁਣ ਅੱਗੇ ਨੂੰ ਚਾਲੇ ਪਾ ਸਹਿਜੇ-ਸਹਿਜੇ ਜਾ ਪਹੁੰਚੇ ਤਖ਼ਤ ਹਜ਼ਾਰੇ। ਬਸਤੀ ਤੋਂ ਕੁਝ ਦੂਰ ਦੋ-ਤਿੰਨ ਮੀਲ ਤੇ ਬਾਹਰ ਠਹਿਰੇ। ਪਤਾ ਲੱਗਣ ਤੇ ਗੋਪਾਲ ਸਿੰਘ ਜੀ ਵੀ ਆ ਗਏ ਅਤੇ ਹੋਰ ਨੇੜੇ ਤੇੜੇ ਦੀਆਂ ਸੰਗਤਾਂ ਆਉਣੀਆਂ ਸ਼ੁਰੂ ਹੋ ਗਈਆਂ।

ਲੰਗਰ ਤਾਂ ਆਪ ਮਧੂਕੜੀ ਕਰਕੇ ਹੀ ਛਕਦੇ ਸਨ ਲੇਕਿਨ ਦੁੱਧ ਵਗੈਰਾ ਸੰਗਤਾਂ ਲੈ ਆਉਂਦੀਆਂ। ਗੋਪਾਲ ਸਿੰਘ ਜੀ ਉਨ੍ਹਾਂ ਦਿਨਾਂ ਵਿੱਚ ਦਰਜ਼ੀ ਦੀ ਕਿਰਤ, ਯਾਨੀ ਕੱਪੜੇ ਸੀਣ ਦਾ ਕੰਮ ਕਰਦੇ ਸਨ। ਬਾਅਦ ਵਿੱਚ ਭਾਵੇਂ ਮਨਾਂ ਨੂੰ ਸੀਨ ਦੀ ਕਾਰ ਵੀ ਕੀਤੀ। ਉਸ ਸਮੇਂ ਸ਼ਾਇਦ ਕੋਈ ਸੰਜੋਗ ਘਟਿਤ ਹੋ ਰਿਹਾ ਸੀ ਜਾਂ ਕੋਈ ਹੋਰ ਕਾਰਨ, ਇਹ ਤਾਂ ਰੱਬ ਜਾਣੇ ਲੇਕਿਨ ਆਪ ਸਵੇਰੇ ਹੀ ਚਰਨਾਂ ਵਿੱਚ ਪਹੁੰਚ ਜਾਂਦੇ। ਸਾਰਾ ਦਿਨ ਸਤਿਸੰਗ, ਸੇਵਾ ਵਿੱਚ ਗੁਜ਼ਾਰਦੇ, ਹੋਰ ਸੰਗਤਾਂ ਤਾਂ ਸ਼ਾਮ ਨੂੰ ਸਤਿਸੰਗ ਤੋਂ ਬਾਅਦ ਵਾਪਸ ਘਰਾਂ ਨੂੰ ਚਲੀਆਂ ਜਾਂਦੀਆਂ, ਲੇਕਿਨ ਗੋਪਾਲ ਸਿੰਘ ਜੀ ਰਾਤ ਦੇ ਦਸ ਗਿਆਰਾਂ ਵਜੇ ਘਰ ਪਹੁੰਚਦੇ, ਉਹ ਵੀ ਸ਼ਾਇਦ ਮਹਾਰਾਜ ਹੁਕਮ ਕਰਕੇ ਹੀ ਭੇਜਦੇ ਹੋਣ। ਇਸ ਪ੍ਰਕਾਰ ਕੁਝ ਦਿਨ ਇਥੇ ਠਹਿਰ ਕੇ ਕਿਸੇ ਪੁਰਾਣੇ ਪੁਰਾਤਨ ਸੰਜੋਗ ਵਸ ਕਿਸੇ ਛੁਪੇ ਹੋਏ ਬੀਜ ਨੂੰ ਪਾਣੀ ਨਾਲ ਸਿੰਜ ਕੇ ਇਲਾਹੀ ਨੂਰ ਨੇ ਆਪਣੀ ਸੰਤ ਮੰਡਲੀ ਸਮੇਤ ਹੁਣ ਅੱਗੇ *ਸ਼ਾਹ ਜੀਵਨੇ* ਵੱਲ ਨੂੰ ਚਾਲੇ ਪਾਏ। ਰਸਤੇ ਵਿੱਚ ਦਰਿਆ ਝਨਾਂ ਪਾਰ ਕਰਨ ਲਈ ਬੇੜੀ ਵਿੱਚ ਸਵਾਰ ਹੋਏ ਤਾਂ ਮਲਾਹ ਨੇ ਕਿਰਾਇਆ ਮੰਗਿਆ। ਆਪ ਬੋਲੇ ਭਾਈ! ਅਸੀਂ ਤਾਂ ਵਿਰੱਕਤ ਸਾਧੂ ਹਾਂ, ਪੈਸਾ ਕੋਲ ਨਹੀਂ ਰੱਖਦੇ, ਇਸ ਲਈ ਕਿਰਾਇਆ ਕਿੱਥੋਂ ਦੇਈਏ? ਮਲਾਹ ਬੋਲਿਆ, ਬਗੈਰ ਪੈਸੇ ਮੈਂ ਨਹੀਂ ਲਿਜਾ ਸਕਦਾ। ਹਜ਼ੂਰ ਨੇ ਬਾਕੀ ਸਾਧੂਆਂ ਨੂੰ ਬੇੜੀ ਵਿੱਚੋਂ ਉਤਾਰ ਕੇ ਰਾਤ ਗੁਜਾਰਨ ਲਈ ਦਰਿਆ ਦੇ ਕਿਨਾਰੇ ਖੜ੍ਹੇ ਇੱਕ ਬ੍ਰਿਛ ਹੇਠਾਂ ਜਾ ਡੇਰਾ ਲਾਇਆ।

ਦੇਖੋ! ਕਰਤੇ ਦੇ ਅਸਚਰਜ ਖੇਡ, ਅੱਜ ਤੱਕ ਇਹ ਤਾਂ ਸੁਣਿਆ ਸੀ ਕਿ ਦਰਿਆ ਆਪਣੇ ਸਹੁ ਸਾਗਰ ਵਿੱਚ ਅਭੇਦ ਹੋਣ ਲਈ ਦਿਨ ਰਾਤ ਸਫਰ ਦੇ ਕਸ਼ਟ ਸਹਾਰਦਾ ਹੈ ਲੇਕਿਨ ਇਸ ਦੇ ਉਲਟ ਅੱਜ ਮਹਾਨ ਸਮੁੰਦਰ ਆਪਣੀ ਮਰਿਯਾਦਾ ਛੱਡ ਕੇ ਕਿਸੇ ਗਹਿਰੇ ਪ੍ਰੇਮ ਦਾ ਬੰਨ੍ਹਿਆ, ਦਰਿਆ ਦੇ ਕਿਨਾਰੇ ਰਾਤ ਗੁਜ਼ਾਰ ਰਿਹਾ ਹੈ, ਆਪ ਨੇ ਮੰਡਲੀ ਵਾਲੇ ਬਾਕੀ ਸਾਧੂਆਂ ਨੂੰ ਪੁੱਛਿਆ, ਦੱਸੋ ਪੈਸੇ ਕਿਸ ਦੇ ਕੋਲ ਹਨ? ਸੰਤ ਨਾਰਾਇਣ ਸਿੰਘ ਬੋਲੇ, ਮਹਾਰਾਜ, ਐਨੇ ਕੁ ਪੈਸੇ ਮੇਰੇ ਕੋਲ ਹਨ। ਹਜ਼ੂਰ ਬੋਲੇ, ਅਸੀਂ ਵੀ ਸੋਚਦੇ ਹਾਂ ਕਿ ਮਲਾਹ ਨੇ ਸਾਡਾ ਅਪਮਾਨ ਕਿਉਂ ਕੀਤਾ। ਜਦ ਤੋਂ ਸਾਧੂ ਹੋਏ ਹਾਂ ਸਾਥੋਂ ਤਾਂ ਪੈਸਾ ਕਿਸੇ ਨੇ ਮੰਗਿਆ ਹੀ ਨਹੀਂ, ਇਹ ਅੱਜ ਪਹਿਲੀ ਵਾਰ ਐਸਾ ਹੋਇਆ ਹੈ। ਖੈਰ! ਗੱਲ ਆਈ ਗਈ ਕਰਕੇ ਰਾਤ ਹਰੀ ਰੰਗ ਵਿਚ ਗੁਜਾਰੀ, ਉਧਰ ਹੁਣ ਬੇੜੀ ਵਾਲੇ ਦੇ ਹੋਸ਼ ਟਿਕਾਣੇ ਆ ਗਏ।

ਦੇਖ ਰਿਹਾ ਹੈ ਕਿ ਬਗੈਰ ਕਿਸੇ ਕ੍ਰੋਧ ਈਰਖਾ ਦਵੈਸ਼ ਤੋਂ ਭੁੱਖੇ ਭਾਣੇ ਰਹਿ ਕੇ ਸ਼ਾਂਤ ਚਿੱਤ ਦਰਿਆ ਦੇ ਕਿਨਾਰੇ ਇਕ ਬ੍ਰਿਛ ਹੇਠਾਂ ਹੀ ਰਾਤ ਗੁਜ਼ਾਰ ਦਿੱਤੀ। ਸ਼ਾਇਦ ਆਪਣੀ ਕੀਤੀ ਦਾ ਕੁਰਾਹੇ ਪਾਇਆ ਮਲਾਹ ਪਛਤਾਵੇ ਦੇ ਭਿਆਨਕ ਜੰਗਲਾਂ ਵਿੱਚ ਘੁੰਮਦਾ ਸਾਰੀ ਰਾਤ ਇਹੀ ਸੋਚ ਸੋਚ ਕੇ ਆਪਣੇ ਮਨ ਨੂੰ ਫਿਟਕਾਰਾਂ ਪਾਉਂਦਾ ਰਿਹਾ, ਓਇ ਮੂਰਖਾ! ਇਹ ਯਾਤਰੀ ਨਹੀਂ ਸਨ, ਇਹ ਤਾਂ ਕੋਈ ਤੀਰਥ ਸਨ। ਪਾਂਧੀ ਨਹੀਂ ਸਨ, ਕੋਈ ਮੰਜ਼ਿਲ ਸਨ, ਕੋਈ ਆਮ ਪੁਰਸ਼ ਨਹੀਂ ਸਨ, ਬਲਕਿ ਬੇੜੀਆਂ ਦੇ ਮਾਲਕ ਸਨ, ਜਾਪਦੈ ਪਾਰ ਹੋਣ ਲਈ ਨਹੀਂ ਸਨ ਆਏ, ਸ਼ਾਇਦ ਪਾਰ ਕਰਨ ਲਈ ਆਏ ਸਨ। ਕਾ....ਸ਼ ਇਹ ਬੁੱਧੀ ਕਲ੍ਹ ਆ ਜਾਂਦੀ। ਖੈਰ, ਸਵੇਰੇ ਸਵਖਤੇ ਹੀ ਉਠ ਕੇ ਮਹਾਂਪੁਰਖਾਂ ਦੇ ਚਰਨਾਂ ਵਿੱਚ ਪਹੁੰਚਿਆ, ਦੋਨੋਂ ਹੱਥ ਜੋੜ ਕੇ ਅਰਜ਼ ਕੀਤੀ, ਮਹਾਰਾਜ! ਮੁਆਫ ਕਰੋ, ਮੇਰੇ ਤੋਂ ਭੁੱਲ ਹੋ ਗਈ, ਆਪ ਕ੍ਰਿਪਾ ਕਰਕੇ ਬੇੜੀ ਵਿੱਚ ਬੈਠੋ, ਮੈਨੂੰ ਪੂਰੀ ਰਾਤ ਨੀਂਦ ਨਹੀਂ ਆਈ। ਹਜ਼ੂਰ ਬੋਲੇ, ਭਾਈ ! ਤੇਰਾ ਕੋਈ ਕਸੂਰ ਨਹੀਂ ਹੈ, ਕਸਰ ਤਾਂ ਸਾਡੇ ਵਿਚ ਹੀ ਸੀ। ਜਿਸ ਗ੍ਰਿਹਸਤੀ ਕੋਲ ਚਾਰ ਪੈਸੇ ਨਹੀਂ, ਉਸਦਾ ਸੰਸਾਰ ਵਿੱਚ ਕੌਡੀ ਮੁੱਲ ਨਹੀਂ ਹੁੰਦਾ, ਇਸੇ ਤਰ੍ਹਾਂ ਜਿਹੜੇ ਫਕੀਰ ਕੋਲ ਚਾਰ ਪੈਸੇ ਹਨ ਉਸਦੇ ਕੋਲ ਫਕੀਰੀ ਵੀ ਕੌਡੀ ਦੀ ਨਹੀਂ ਹੁੰਦੀ। ਇਸ ਪ੍ਰਕਾਰ ਮਲਾਹ ਤੇ ਤਰੁੱਠ ਕੇ ਕੁਝ ਸਤਿ ਉਪਦੇਸ਼ ਕਰਕੇ ਬੇੜੀ ਵਿੱਚ ਬੈਠ ਦਰਿਆ ਪਾਰ ਕਰ ਲਿਆ। ਥੋੜ੍ਹੀ ਦੂਰ ਅੱਗੇ ਜਾ ਕੇ ਦਰਿਆ ਦੇ ਕਿਨਾਰੇ ਲੁਹਾਰੇ ਵਾਰ ਸਾਧੂ ਈਸ਼ਰ ਦਾਸ ਦੇ ਡੇਰੇ ਪਹੁੰਚ ਗਏ। ਇਹ ਇਕ ਚੰਗੀ ਬ੍ਰਿਤੀ ਵਾਲਾ ਸਾਧੂ ਸੀ ਅਤੇ ਸਾਧੂਆਂ ਦਾ ਦਿਲੋਂ ਪ੍ਰੇਮੀ ਹੋਣ ਕਰਕੇ ਹੋਰ ਵੀ ਕਈ ਸਾਧੂ ਮਹਾਤਮਾ ਅਕਸਰ ਇਹਦੇ ਡੇਰੇ ਠਹਿਰ ਜਾਇਆ ਕਰਦੇ ਸਨ। ਆਪ ਵੀ ਇਸਦੇ ਪ੍ਰੇਮਵਸ ਕਾਫੀ ਦਿਨ ਇਥੇ ਠਹਿਰੇ। ਫਿਰ ਇੱਥੋਂ ਚਾਲੇ ਪਾ ਕੇ *ਸ਼ਾਹ ਜੀਵਨੇ* ਪਹੁੰਚ ਗਏ।

ਇਸ ਅਸਥਾਨ ਤੇ ਅਤੇ ਆਲੇ ਦੁਆਲੇ ਦੇ ਇਲਾਕੇ ਵਿੱਚ ਕਾਫੀ ਸਮਾਂ ਗੁਜ਼ਾਰਿਆ। ਹੁਣ ਵਤਨਾਂ ਵੱਲ ਵਾਪਸੀ ਦਾ ਵਿਚਾਰ ਕਰਕੇ ਚਾਲੇ ਪਾ ਦਿੱਤੇ, ਕਿਉਂਕਿ ਧੁਰੋਂ ਬਖਸ਼ੀ ਨਾਮ ਜਪਾਉਣ ਦੀ ਕਾਰ ਕਰਦਿਆਂ ਨੂੰ ਇਸ ਇਲਾਕੇ ਵਿੱਚ ਕਾਫੀ ਸਮਾਂ ਬਤੀਤ ਹੋ ਚੁਕਿਆ ਸੀ। ਇਥੋਂ ਚੱਲ ਕੇ ਸਾਧੂ ਈਸ਼ਰ ਦਾਸ ਦੇ ਪ੍ਰੇਮ ਵਿੱਚ ਖਿੱਚੇ ਸਹਿਜੇ-ਸਹਿਜੇ ਝਨਾਂ ਦੇ ਕਿਨਾਰੇ ਉਸ ਦੇ ਡੇਰੇ ਫਿਰ ਆ ਪਹੁੰਚੇ। ਸਾਧੂ ਨੇ ਐਸੇ ਪ੍ਰੇਮ ਦੀ ਡੋਰੀ ਨਾਲ ਬੰਨ੍ਹੇ ਕਿ ਕਾਫੀ ਦਿਨ ਉਥੇ ਹੀ ਗੁਜ਼ਾਰ ਦਿੱਤੇ, ਕਿਉਂਕਿ ਸਾਧੂ ਈਸ਼ਰਦਾਸ ਜੀ ਆਪ ਨਾਲ ਆਤਮ ਵਿਚਾਰ ਕਰਕੇ ਕੁਝ ਵਿਸ਼ੇਸ਼ ਕਿਸਮ ਦਾ ਅਨੁਭਵ ਕਰਿਆ ਕਰਦੇ ਸਨ ਅਤੇ ਮਹਾਰਾਜ ਜੀ ਵੀ ਉਸਦੀ ਤਿਆਗ ਬ੍ਰਿਤੀ, ਸੰਤ ਸੇਵਾ ਅਤੇ ਸ਼ੁੱਭ ਗੁਣਾਂ ਦੀ ਕਦਰ ਕਰਦੇ ਸਨ, ਇਸ ਲਈ ਉਨ੍ਹਾਂ ਦੇ ਪ੍ਰੇਮ ਵਿਚ ਬੰਨ੍ਹੇ ਕਾਫੀ ਦਿਨ ਇਥੇ ਗੁਜ਼ਾਰ ਕੇ ਵਾਪਸ ਚੱਲ ਪਏ। ਉਥੋਂ ਚਲ ਕੇ ਆਪ ਸਹਿਜੇ-ਸਹਿਜੇ ਜਿਸ ਵਕਤ ਲਾਹੌਰ ਪਹੁੰਚੇ ਤਾਂ ਅੱਗੇ ਮੁਸਲਮਾਨ ਲੋਕ ਜਲੂਸ ਦੀ ਸ਼ਕਲ ਵਿੱਚ ਇਕੱਠੇ ਹੋਏ ਨਾਰੇ ਮਾਰ ਰਹੇ ਸਨ, ਲੈ-ਕੇ ਰਹਾਂਗੇ ਪਾਕਿਸਤਾਨ, ਲੈ-ਕੇ ਰਹਾਂਗੇ ਪਾਕਿਸਤਾਨ, ਇਤਿਆਦਿਕ। ਹਜ਼ੂਰ ਬੋਲੇ! ਇਉਂ ਪਾਕਿਸਤਾਨ ਮਿਲ ਜਾਊ ? ਤਖਤ ਹਜਾਰੇ ਗੋਪਾਲ ਸਿੰਘ ਨੂੰ ਵੀ ਸੂੰਹ ਲੱਗ ਗਈ ਕਿ ਮਹਾਰਾਜ ਲਾਹੌਰ ਪਹੁੰਚੇ ਹੋਏ ਹਨ। ਪਤਾ ਲੱਗਦੇ ਹੀ ਉਹ ਦਰਸ਼ਨਾਂ ਲਈ, ਕਿ ਮਿਲਾਪ ਲਈ ਤਖਤ ਹਜ਼ਾਰਿਉਂ ਸਾਈਕਲ ਤੇ ਹੀ ਚਾਲੀ ਪੰਜਾਹ ਮੀਲ ਦਾ ਪੈਂਡਾ ਤੈਹ ਕਰਕੇ ਲਾਹੌਰ ਪਹੁੰਚ ਗਏ। ਆ ਕੇ ਦੋ ਚਾਰ ਦਿਨ ਚਰਨਾਂ ਵਿੱਚ ਗੁਜਾਰੇ, ਕੁਝ ਸੇਵਾ, ਸਤਿਸੰਗ ਦਾ ਲਾਭ ਉਠਾਇਆ, ਇਤਨੇ ਨੂੰ ਮਹਾਰਾਜ ਜੀ ਨੇ ਹਰਦੁਆਰ ਵੱਲ ਨੂੰ ਚਾਲੇ ਪਾ ਦਿੱਤੇ। ਗੋਪਾਲ ਸਿੰਘ ਜੀ* ਨੂੰ ਦਰਸ਼ਨ ਤਾਂ ਭਾਵੇਂ ਹੋ ਗਏ, ਲੇਕਿਨ ਮਿਲਾਪ ਵਿੱਚ ਸ਼ਾਇਦ ਅਜੇ ਕੁਝ ਸਮੇਂ ਦੀ ਦੇਰੀ ਸੀ।

## ਹਰਖੋਵਾਲ

ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥
ਓਥੈ ਅੰਮ੍ਰਿਤ ਵੰਡੀਐ ਕਰਮੀ ਹੋਇ ਪਸਾਉ॥
ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ॥
ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ॥

* *ਸੰਤ ਗੋਪਾਲ ਸਿੰਘ ਜੀ ਦਾ ਉਪਰੋਕਤ ਵਰਨਣ ਉਨ੍ਹਾਂ ਦੇ ਸਪੁੱਤਰ ਪ੍ਰੋਫੈਸਰ ਮਦਨ ਲਾਲ ਗੁਲਾਟੀ ਜੀ ਦੁਆਰਾ ਪ੍ਰਾਪਤ ਹੋਇਆ, ਜੋ ਉਸ ਸਮੇਂ ਅੱਠ ਨੌਂ ਸਾਲ ਦੀ ਉਮਰ ਵਿੱਚ ਸਨ।*

ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥
ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥
ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ॥
ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ॥

*(ਸਲੋਕ ਮ: ੨, ਪੰਨਾ-੧੪੬)*

ਮਹੀਨਾ ਹਾੜ ਦਾ ਹੋਣ ਕਰਕੇ ਮੌਸਮ ਵਿੱਚ ਭਾਵੇਂ ਤਪਸ਼ ਤਾਂ ਹੈ ਪ੍ਰੰਤੂ ਫਿਰ ਵੀ ਇਥੇ ਗਰਮੀ ਦਾ ਬਲ ਕੁਝ ਕਮਜ਼ੋਰ ਹੈ, ਕਿਉਂਕਿ ਇਲਾਕਾ ਦੁਆਬੇ ਦਾ ਹੋਣ ਕਰਕੇ ਦੋ-ਆਬ ਜੋ ਦੋਨੀਂ ਪਾਸੇ ਬਹਿੰਦੇ ਹੋਏ। ਪੱਛਮ ਵੱਲ ਬਿਆਸਾ ਅਤੇ ਪੂਰਬ ਪਾਸੇ ਸਤਲੁਜ। ਫਿਰ ਦੋਨਾਂ ਭਰਾਵਾਂ ਦੀ ਆਪਸ ਵਿੱਚ ਸੰਧੀ ਹੋਣ ਕਰਕੇ ਇਕ ਦੂਜੇ ਨੂੰ ਸੁੱਖ ਦੁੱਖ ਦੇ ਸੰਦੇਸ਼ੇ ਹਵਾ ਦੇ ਠੰਡੇ ਬੁਲ੍ਹਿਆਂ ਰਾਹੀਂ ਅਕਸਰ ਦਿੰਦੇ ਹੀ ਰਹਿੰਦੇ ਹਨ। ਇਸ ਸੁੱਖਾਂ ਲੱਧੇ ਦੁਆਬੇ ਵਿੱਚ ਫਗਵਾੜਾ ਹੁਸ਼ਿਆਰਪੁਰ ਰੋਡ ਤੋਂ, ਕੋਈ ਵੀਹ ਕੁ ਕਿਲੋਮੀਟਰ ਫਗਵਾੜੇ ਵਾਲੇ ਪਾਸੇ, ਰੋਡ ਤੋਂ ਥੋੜ੍ਹਾ ਪਿੱਛੇ ਹੱਟ ਕੇ ਇੱਕ ਪਿੰਡ ਵਸਦਾ ਹੈ, ਹਰਖੋਵਾਲ। ਇਥੇ ਪਿੰਡਾਂ ਦੀ ਆਬਾਦੀ ਤੋਂ ਥੋੜ੍ਹਾ ਦੂਰ ਅੰਬਾਂ ਦੇ ਵੱਡੇ-ਵੱਡੇ ਅਤੇ ਸੰਘਣੇ ਜਮਘਟ ਵਿੱਚ ਇਕ ਸੁੰਦਰ ਅਸਥਾਨ ਬਣਿਆ ਹੈ ਸੰਤਗੜ। ਇਸ ਅਸਥਾਨ ਦੇ ਸੰਸਥਾਪਕ ਇੱਕ ਸ਼ਾਂਤ ਚਿੱਤ ਮਹਾਤਮਾ ਸੰਤ ਮਹਾਰਾਜ ਜਵਾਲਾ ਸਿੰਘ ਜੀ ਕਈ ਸਾਲਾਂ ਤੋਂ ਆਪਣੇ ਨਿਜ ਦੇਸ ਬੇਗਮਪੁਰੇ ਦੀ ਅਗੰਮੀ ਮਹਿਕ ਦੁਆਰਾ ਇਲਾਕੇ ਨੂੰ ਰੁਸ਼ਨਾ-ਮਹਿਕਾ ਰਹੇ ਹਨ।

ਆਪ ਦੇ ਮਨ ਰੂਪੀ ਕੰਨਾਂ ਵਿੱਚ ਗੁਰੂ ਬਾਬਾ ਜੀ ਦੀ ਇੱਕ ਪੰਕਤੀ ਹਮੇਸ਼ਾਂ ਗੂੰਜਦੀ ਰਹਿੰਦੀ ਹੈ:—

ਸੰਤਹ ਚਰਨ ਹਮਾਰੋ ਮਾਥਾ।

ਭਾਵੇਂ ਆਪ ਇਸੇ ਦੇਸ਼ ਦੇ ਵਾਸੀ ਹਨ ਪ੍ਰੰਤੂ ਫਿਰ ਵੀ ਇਹ ਸਿੱਕ ਹਮੇਸ਼ਾਂ ਬਣੀ ਰਹਿੰਦੀ ਹੈ। ਇਹ ਹੀ ਵਜ੍ਹਾ ਹੈ ਕਿ ਪ੍ਰੇਮ ਜ਼ੰਜੀਰ ਦੇ ਖਿੱਚੇ ਸਾਧੂ ਮਹਾਤਮਾ ਕਾਫੀ-ਕਾਫੀ ਸਮਾਂ ਇਥੇ ਆ ਕੇ ਠਹਿਰਦੇ ਹਨ। ਸੰਤ ਬਾਬਾ ਜਵਾਲਾ ਸਿੰਘ ਜੀ ਦੇ ਪ੍ਰੇਮ ਜਾਂ ਕਿਸੇ ਪੂਰਬੇਲ ਸੰਜੋਗ ਵਸ ਪੂਜਯ ਸੰਤ ਮਹਾਰਾਜ ਨਿੱਕਾ ਸਿੰਘ ਜੀ ਵੀ ਅਕਸਰ ਇਥੇ ਆਉਂਦੇ ਜਾਂਦੇ ਰਹਿੰਦੇ ਹਨ। ਹੁਣ ਵੀ ਕਾਫੀ ਦਿਨਾਂ ਤੋਂ ਇਥੇ ਰੁੱਕੇ ਹੋਏ ਹਨ। ਅਸਥਾਨ ਦੇ ਨਾਲ ਇੱਕ ਬਰਸਾਤੀ ਨਾਲਾ ਹੈ, ਇਸ ਵਿੱਚ ਪਾਣੀ ਤਾਂ ਬਰਸਾਤ ਦੇ ਦਿਨਾਂ ਵਿੱਚ ਹੀ ਬਹਿੰਦਾ ਹੈ, ਬਾਕੀ ਸਾਲ ਦਾ ਸਾਰਾ ਸਮਾਂ ਸੁੱਕਾ ਰਹਿੰਦਾ ਹੈ। ਹੁਣ ਵੀ ਅਜੇ ਹਾੜ ਦੇ ਦਿਨ ਚਲ ਰਹੇ ਹਨ, ਬਰਸਾਤ ਅਜੇ ਸ਼ੁਰੂ ਨਹੀਂ ਹੋਈ, ਇਸ ਕਰਕੇ ਪਾਣੀ ਤਾਂ ਸੁੱਕਾ ਹੈ, ਇਸ ਦੀ ਬਰੇਤੀ ਰਾਤ ਨੂੰ ਠੰਡੀ ਹੋ ਜਾਂਦੀ ਹੈ। ਇਸ ਭਾਗਾਂ ਭਰੀ ਬਰੇਤੀ ਤੇ ਬੇਗਮੁਪਰੇ ਸ਼ਹਿਰ ਦੇ ਦੋ ਵਸਨੀਕ ਸੰਤ ਮਹਾਰਾਜ ਨਿੱਕਾ ਸਿੰਘ ਜੀ ਅਤੇ ਸੰਤ ਮਹਾਰਾਜ ਜਵਾਲਾ ਸਿੰਘ ਜੀ ਇਕ ਦੂਜੇ ਤੋਂ ਥੋੜ੍ਹੇ ਫਰਕ ਨਾਲ ਅਸਥੂਲ ਸੂਖਸ਼ਮ ਅਤੇ ਕਾਰਨ ਆਦਿ ਤਿੰਨਾਂ ਸਰੀਰਾਂ ਤੋਂ ਬ੍ਰਿਤੀ ਨੂੰ ਸੰਕੋਚ ਕੇ ਪਦਾਰਥਾਭਾਵਨੀ ਦੇ ਵਿਸ਼ੇਸ਼ ਅਨੰਦ ਵਿੱਚ ਸਤਿ ਹੋ ਕੇ ਦੇਸ਼ ਕਾਲ ਵਸਤੂ ਤੋਂ ਬਿਲਕੁਲ ਬੇਖਬਰ ਸਾਰੀ ਰਾਤ ਰਸਲੀਨ ਹੋਏ ਬੈਠੇ ਰਹਿੰਦੇ ਸਨ। ਫਿਰ ਜਿਸ ਸਮੇਂ—

ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ॥
ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ॥

*(ਸਲੋਕ ਮ: ੫, ਪੰਨਾ-੩੧੯)*

ਵਾਲਾ ਸਮਾਂ ਆਉਂਦਾ ਹੈ, ਯਾਨੀ ਚਿੜੀਆਂ ਦੀ ਚੁਹ ਚੁਹ ਤੇ ਪਹੁ ਫੁਟਾਲੇ ਤੋਂ ਕੁਝ ਪਹਿਲਾਂ ਉਠਕੇ ਇਕ ਦੂਜੇ ਦੇ ਕੋਲ ਚਲੇ ਜਾਂਦੇ ਹਨ। ਫਿਰ ਦੋਨੋਂ ਬੈਠ ਕੇ ਪ੍ਰੀਤਮ ਦੇ ਨਿਜ ਦੇਸ਼ ਜਿਸ ਦੀ ਸਾਰੀ ਰਾਤ ਯਾਤਰਾ ਕੀਤੀ ਹੈ, ਉਸਦੀ ਕੁਝ ਵਿਚਾਰ ਚਰਚਾ ਉਥੋਂ ਦੀ ਭਾਸ਼ਾ ਵਿੱਚ ਜਿੰਨੇ ਕੁ ਸ਼ਬਦ ਬਣ ਸਕਣ ਕਰਦੇ ਹਨ। ਸ਼ਾਇਦ ਇਹ ਵੀ ਕੋਈ ਅਨੰਦ ਦਾ ਹੀ ਹਿੱਸਾ ਹੋਵੇ ਲੇਕਿਨ ਸਾਡੀ ਸਮਝ ਤੋਂ ਅਗੋਚਰ ਹੈ। ਅੱਜ ਤਿੰਨ ਪਹਿਰ ਰਾਤ ਗੁਜਰ ਚੁੱਕੀ, ਇੱਕ ਪਹਿਰ ਅਜੇ ਬਾਕੀ ਹੈ। ਰੋਜ਼ ਦੀ ਤਰ੍ਹਾਂ ਸੰਤ ਜਵਾਲਾ ਸਿੰਘ ਜੀ ਉਠ ਕੇ ਮਹਾਰਾਜ ਨਿੱਕਾ ਸਿੰਘ ਜੀ ਕੋਲ ਆ ਕੇ ਬੋਲੇ, ਮਹਾਰਾਜ! ਬੇਗਮਪੁਰੇ ਦੇ ਬਾਰੇ ਤਾਂ ਰੋਜ਼ ਥੋੜ੍ਹਾ ਬਹੁਤ ਜ਼ਿਕਰ ਚੱਲਦਾ ਹੀ ਹੈ ਲੇਕਿਨ ਅੱਜ ਕਿਸੇ ਐਸੇ ਫਕੀਰ ਦੀ ਗੱਲ ਸੁਣਾਉ ਜੋ ਹਮੇਸ਼ਾਂ ਉਸੇ ਦੇਸ਼ ਵਿੱਚ ਵੱਸਦਾ ਹੋਵੇ, ਜਿਸ ਦੀ ਬਾਬਤ ਭਾਈ ਸਾਹਿਬ ਭਾਈ ਗੁਰਦਾਸ ਜੀ ਇਸ਼ਾਰਾ ਕਰਦੇ ਹਨ—

ਗਲੀ ਸਾਦੁ ਨ ਆਵਈ ਜਿਚਰੁ ਮੁਹੁ ਖਾਲੀ।
ਮੁਹੁ ਭਰਿਐ ਕਿਉ ਬੋਲੀਐ ਰਸ ਜੀਭ ਰਸਾਲੀ।

**ਸਬਦੁ ਸੁਰਤਿ ਸਿਮਰਣ ਉਲੰਘਿ ਨਹਿ ਨਦਰਿ ਨਿਹਾਲੀ।**
**ਪੰਥੁ ਕੁਪੰਥੁ ਨ ਸੁਝਈ ਅਲਮਸਤ ਖਿਆਲੀ।**
**ਡਗਮਗ ਚਾਲ ਸੁਢਾਲ ਹੈ ਗੁਰਮਤਿ ਨਿਰਾਲੀ।**
**ਚੜਿਆ ਚੰਦੁ ਨ ਲੁਕਈ ਢਕਿ ਜੋਤਿ ਕੁਨਾਲੀ।**

*(ਵਾਰ-੧੩, ਪਉੜੀ-੬)*

ਆਪ ਨੇ ਦੇਸ਼ ਦਾ ਬਹੁਤ ਭ੍ਰਮਣ ਕੀਤਾ ਹੈ, ਕਿਸੇ ਐਸੇ ਅਲਮਸਤ ਖਿਆਲੀ ਫਕੀਰ ਦੀ ਕੋਈ ਗਲ ਸੁਣਾਉ। ਮਹਾਰਾਜ ਨਿੱਕਾ ਸਿੰਘ ਜੀ ਬੋਲੇ, ਮਹਾਂਪੁਰਸ਼ੋ! ਤੁਸੀਂ ਮਸਤਾਂ ਦੇ ਜ਼ਿਆਦਾ ਦਰਸ਼ਨ ਕੀਤੇ ਹਨ ਤੁਸੀਂ ਸੁਣਾਉ। ਸੰਤ ਜਵਾਲਾ ਸਿੰਘ ਜੀ ਕਹਿਣ ਲੱਗੇ ਇੱਕ ਦਫਾ ਦਾ ਜ਼ਿਕਰ ਹੈ ਕਿ ਅਸੀਂ ਆਪਣੇ ਗੁਰੂ ਅਸਥਾਨ ਤੇ ਜਾਣਾ ਸੀ ਹੋਤੀ ਮਰਦਾਨ। ਸਾਨੂੰ ਪਤਾ ਲੱਗਿਆ ਕਿ ਲਾਹੌਰ ਇੱਕ ਮਸਤ ਫਕੀਰ ਰਹਿੰਦਾ ਹੈ ਦੁਨੀਆਂ ਤੋਂ ਬਿਲਕੁਲ ਬੇਖਬਰ। ਅਸੀਂ ਮਨ ਵਿੱਚ ਫੈਸਲਾ ਕਰ ਲਿਆ ਕਿ ਉਸਦੇ ਦਰਸ਼ਨ ਜ਼ਰੂਰ ਕਰਕੇ ਜਾਵਾਂਗੇ। ਲਾਹੌਰ ਉਤਰ ਕੇ ਉਸਦੇ ਕੋਲ ਗਏ, ਅੱਗੇ ਉਹ ਬਿਲਕੁੱਲ ਨਗਨ ਹਾਲਤ ਵਿੱਚ ਇੱਕ ਚੌਂਕ ਵਿਚ ਲਿਟਿਆ ਪਿਆ ਸੀ। ਉਸਦੇ ਕੋਲ ਇੱਕ ਮਿੱਟੀ ਦਾ ਬਰਤਨ ਪਿਆ ਸੀ, ਸਰਧਾਵਾਨ ਲੋਕ ਕੋਈ ਉਸ ਵਿੱਚ ਦੁੱਧ ਪਾ ਦਿੰਦਾ, ਕੋਈ ਖਾਣ ਵਾਲੀ ਹੋਰ ਵਸਤੂ। ਕਾਂ, ਕੁੱਤੇ ਵੀ ਉਸੇ ਬਰਤਨ ਵਿੱਚ ਖਾਈ ਜਾਂਦੇ ਸਨ ਤੇ ਆਪ ਵੀ ਉਸੇ ਵਿੱਚੋਂ ਹੀ ਖਾਂਦੇ। ਜਦੋਂ ਅਸੀਂ ਉਥੇ ਪਹੁੰਚੇ ਉਸ ਬਰਤਨ ਵਿੱਚ ਕਿਸੇ ਪ੍ਰੇਮੀ ਨੇ ਦੁੱਧ ਪਾਇਆ ਤਾਂ ਕੁੱਤਾ ਆ ਕੇ ਪੀਣ ਲਗ ਗਿਆ। ਮਸਤ ਨੇ ਕੁੱਤੇ ਨੂੰ ਹਟਾਇਆ, ਉਹੀ ਦੁੱਧ ਆਪ ਪੀਣ ਲੱਗ ਗਿਆ। ਸਾਡੇ ਮਨ ਵਿੱਚ ਆਇਆ ਕਿ ਜਿ ਇਹ ਜੂਠੇ ਦੁੱਧ ਦੀ ਇੱਕ ਘੁੱਟ ਆਪ ਬੁਲਾ ਕੇ ਸਾਨੂੰ ਦੇਵੇ ਫਿਰ ਸਮਝੀਏ ਫਕੀਰ ਪੂਰਾ ਹੈ। ਮਸਤ ਦੁੱਧ ਪੀਂਦਾ-ਪੀਂਦਾ ਕਹਿਣ ਲੱਗਿਆ, ਲੈ ਪੀ ਲੈ! ਕਦੋਂ ਦਾ ਮੰਗ ਰਿਹਾ ਹੈਂ। ਮੈਂ ਜਿਸ ਵਕਤ ਇੱਕ ਘੁੱਟ ਉਸ ਦੀ ਪੀਤੀ ਐਸਾ ਅਨੰਦ, ਐਸਾ ਰਸ ਅਨੁਭਵ ਹੋਇਆ, ਜੋ ਪਹਿਲਾਂ ਕਦੇ ਨਹੀਂ ਸੀ ਦੇਖਿਆ। ਖੈਰ ਉਥੋਂ ਰੇਲ ਫੜਕੇ ਹੋਤੀ ਮਰਦਾਨ ਪਹੁੰਚੇ, ਅਸਥਾਨ ਜਾ ਕੇ ਜਦੋਂ ਮਹਾਰਾਜ ਆਇਆ ਸਿੰਘ ਜੀ ਦੇ ਚਰਨਾਂ ਤੇ ਨਮਸ਼ਕਾਰ ਕੀਤੀ, ਅੱਗੋਂ ਬੋਲੇ, ਫਕੀਰਾਂ ਦੀ ਸੇਵਾ ਕਰੀਦੀ ਹੈ, ਫਕੀਰਾਂ ਦੇ ਦਰਸ਼ਨ ਕਰੀਦੇ ਹਨ ਪ੍ਰੰਤੂ ਜੂਠਾ ਨਹੀਂ ਖਾਈਦਾ ਤੂੰ ਪੰਜ ਕੱਕਿਆਂ ਵਾਲਾ ਹੈਂ।

ਮਨ ਅਸਚਰਜ ਹੋ ਗਿਆ, ਹੈ! ਐਨੀ ਸਰਬੱਗਤਾ! ਇਤਨੀ ਅੰਤਰਯਾਮਤਾ! ਖੈਰ ਕਈ ਦਿਨ ਠਹਿਰ ਕੇ ਸੇਵਾ ਸਤਿਸੰਗ ਦਾ ਲਾਭ ਉਠਾਇਆ, ਫਿਰ ਵਾਪਸ ਆਉਣ ਦੀ ਆਗਿਆ ਮੰਗੀ ਜੋ ਪ੍ਰਵਾਨ ਹੋ ਗਈ। ਰੇਲ ਚੜ੍ਹਕੇ ਜਦੋਂ ਲਾਹੌਰ ਪਹੁੰਚੇ ਤਾਂ ਫਿਰ ਉਹੀ ਫੁਰਨਾ, ਕਿ ਮਸਤ ਦੇ ਦਰਸ਼ਨ ਕਰੀਏ। ਉਤਰ ਕੇ ਜਦੋਂ ਚੌਂਕ ਵਿੱਚ ਗਏ ਤਾਂ ਅੱਗੇ ਮਸਤ ਲੇਟਿਆ ਲਟਾਇਆ ਹੀ ਸੇਬ ਖਾ ਰਿਹਾ ਸੀ, ਮਨ ਵਿੱਚ ਫਿਰ ਉਹੀ ਜੂਠੇ ਦੁੱਧ ਦੇ ਅਨੰਦ ਰਸ ਵਾਲੀ ਸਿੱਕ ਜਾਗੀ, ਭਾਵੇਂ ਅੰਤਰਜਾਮੀ ਗੁਰੂ ਨੇ ਰੋਕਿਆ ਸੀ ਪ੍ਰੰਤੂ ਫਿਰ ਵੀ ਮਨ ਉਸ ਅਨੰਦ ਨੂੰ ਅਜੇ ਭੁਲਿਆ ਨਹੀਂ ਸੀ। ਇਸ ਲਈ ਮਨ ਵਿੱਚ ਫੁਰਨਾ ਕੀਤਾ ਕਿ ਜੇ ਮਸਤ ਜੂਠਾ ਸੇਬ ਦੇਵੇ। ਮਸਤ ਸੇਬ ਖਾਂਦਾ ਖਾਂਦਾ ਬੋਲਿਆ ਤੇਰਾ ਗੁਰੂ ਤਾਂ ਕਹਿੰਦਾ ਸੀ ਤੂੰ ਮਸਤਾਂ ਦਾ ਜੂਠਾ ਨਾ ਖਾਇਆ ਕਰ, ਤੂੰ ਪੰਜ ਕੱਕਿਆਂ ਵਾਲਾ ਹੈਂ, ਲੇਕਿਨ ਤੂੰ ਫਿਰ ਮੰਗੀ ਜਾਨੈ, ਜਾਹ ਹੁਣ ਨਹੀਂ ਮੈਂ ਦਿੰਦਾ। ਇਉਂ ਗੱਲ ਕਰਦਿਆਂ ਨੂੰ ਦਿਨ ਚੜ੍ਹ ਆਇਆ। ਸੰਤ ਜਵਾਲਾ ਸਿੰਘ ਜੀ ਬੋਲੇ, ਮਹਾਰਾਜ! ਐਥੋਂ ਪੰਜ ਸੱਤ ਮੀਲ ਤੇ ਫਿਲੌਰ ਵਾਲੇ ਪਾਸੇ ਇੱਕ ਉਹੋ-ਜਿਹਾ ਹੀ ਮਸਤ ਰਹਿੰਦਾ ਹੈ ਜੇ ਤੁਹਾਡਾ ਵਿਚਾਰ ਹੈ ਤਾਂ ਅੱਜ ਦਰਸ਼ਨ ਕਰੀਏ? ਮਹਾਰਾਜ ਨਿੱਕਾ ਸਿੰਘ ਜੀ ਬੋਲੇ, ਬਹੁਤ ਬੜੀਆ। ਡੇਰੇ ਆ ਕੇ ਕੁਝ ਜਲ ਪਾਣੀ ਛੱਕ ਕੇ ਦੋਨੋਂ ਮਹਾਂਪੁਰਸ਼ ਮਸਤ ਕੋਲ ਨੂੰ ਚੱਲ ਪਏ। ਜਦੋਂ ਕੋਲ ਪਹੁੰਚੇ ਤਾਂ ਮਸਤ ਲੇਟਿਆ ਪਿਆ ਸੀ, ਉਸਦੀ ਇੱਕ ਲੱਤ ਗੋਡੇ ਤੋਂ ਹੇਠਾਂ ਬੁਰੀ ਤਰ੍ਹਾਂ ਗਲੀ ਸੜੀ ਪਈ ਸੀ, ਉਸ ਵਿੱਚ ਹਜ਼ਾਰਾਂ ਦੀ ਤਦਾਦ ਨਾਲ ਕੀੜੇ ਫਿਰ ਰਹੇ ਸਨ, ਦਵਾਈ ਕੋਈ ਲਾਉਣ ਨਹੀਂ ਦਿੰਦਾ, ਕਹਿੰਦਾ ਇਹ ਤਾਂ ਮੇਰਾ ਪਰਿਵਾਰ ਹੈ। ਉਸ ਮਸਤ ਕੋਲ ਇੱਕ ਵੱਡੇ ਤਕੜੇ ਸਰੀਰ ਵਾਲਾ ਸੇਵਾਦਾਰ ਸੇਵਾ ਕਰਦਾ ਸੀ ਜੋ ਦਿਨ ਰਾਤ ਕੋਲ ਹੀ ਰਹਿੰਦਾ ਸੀ। ਉਸ ਸੇਵਾਦਾਰ ਨੂੰ ਮਸਤ ਬੋਲਿਆ ਤੂੰ ਐਨੇ ਪਾਪ ਕਰਮ ਕੀਤੇ ਸਨ ਕਿ ਉਨ੍ਹਾਂ ਪਾਪਾਂ ਦਾ ਫਲ ਤੇਰੀਆਂ ਦੋਵੇਂ ਲੱਤਾਂ ਕੱਟੀਆਂ ਜਾਣੀਆਂ ਸਨ, ਤੈਂ ਮੇਰੀ ਸੇਵਾ ਬਹੁਤ ਕੀਤੀ ਹੈ ਇਸ ਲਈ ਇੱਕ ਲੱਤ

ਤਾਂ ਤੇਰੀ ਮੈਂ ਲੈ ਲਈ, ਮਹਾਰਾਜ ਨਿੱਕਾ ਸਿੰਘ ਜੀ ਵੱਲ ਇਸ਼ਾਰਾ ਕਰਕੇ ਬੋਲਿਆ, ਦੂਜੀ ਲੱਤ ਇਨ੍ਹਾਂ ਤੋਂ ਮੰਗ ਲੈ, ਇਹ ਮੇਰੇ ਪਿਛਲੇ ਜਨਮ ਦੇ ਗੁਰ ਭਾਈ ਹਨ, ਇਸ ਗੱਲ ਨੂੰ ਇਹ ਨਹੀਂ ਜਾਣਦੇ ਮੈਂ ਜਾਣਦਾ ਹਾਂ।*

## ਪਿੰਡ ਲੋਹ ਸਿੰਬਲੀ

ਜੰਮਣੁ ਮਰਣਹੁ ਬਾਹਰੇ ਪਰਉਪਕਾਰੀ ਜਗ ਵਿੱਚ ਆਏ॥
ਭਾਉ ਭਗਤਿ ਉਪਦੇਸੁ ਕਰਿ ਸਾਧ ਸੰਗਤਿ ਸਚਖੰਡਿ ਵਸਾਏ॥
ਮਾਨਸਰੋਵਰ ਪਰਮਹੰਸ ਗੁਰਮੁਖਿ ਸਬਦ ਸੁਰਤਿ ਲਿਵ ਲਾਏ॥
ਚੰਦਨ ਵਾਸ ਵਣਾਸਪਤਿ ਅਫਲ ਸਫਲ ਚੰਦਨ ਮਹਿਕਾਏ॥
ਭਵਜਲ ਅੰਦਰਿ ਬੋਹਥੈ ਹੋਇ ਪਰਵਾਰ ਸਧਾਰ ਲੰਘਾਏ॥
ਲਹਿਰ ਤਰੰਗ ਨ ਵਿਆਪਈ ਮਾਇਆ ਵਿਚਿ ਉਦਾਸੁ ਰਹਾਏ॥
ਗੁਰਮੁਖਿ ਸੁਖ ਫਲੁ ਸਹਿਜ ਸਮਾਏ॥

*(ਭਾਈ ਗੁਰਦਾਸ ਵਾਰ-੧੨, ਪੌੜੀ-੧੮)*

ਅੰਬਾਲਾ ਸ਼ਹਿਰ ਤੋਂ ਪੰਜ ਕੁ ਕਿਲੋਮੀਟਰ ਲਹਿੰਦੇ ਵੱਲ ਇੱਕ ਭਾਗਸ਼ਾਲੀ ਨਗਰ ਵੱਸਦਾ ਹੈ, ਲੋਹ ਸਿੰਬਲੀ। ਇਸ ਪਿੰਡ ਦੀ ਪਾਵਨ ਧਰਤੀ ਨੂੰ ਸਮੇਂ-ਸਮੇਂ ਅਵਤਾਰਾਂ ਅਤੇ ਪੂਰਨ ਪੁਰਸ਼ਾਂ ਦੀ ਚਰਨ ਛੋਹ ਪ੍ਰਾਪਤ ਹੁੰਦੀ ਰਹੀ ਹੈ। ਕਿਸੇ ਸਮੇਂ ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਆਪਣੀ ਪਵਿੱਤਰ ਚਰਨ-ਰਜ ਇਸ ਧਰਤੀ ਨੂੰ ਬਖਸ਼ਿਸ਼

---

* *ਇੱਕ ਦਫਾ ਦਾ ਜ਼ਿਕਰ ਹੈ ਕਿ ਬਾਬਾ ਬੇਅੰਤ ਸਿੰਘ ਜੀ ਦੀ ਬਰਸੀ ਸੀ ਖੋਖ ਪਿੰਡ। ਮਹਾਰਾਜ ਨਿੱਕਾ ਸਿੰਘ ਜੀ ਕਥਾ ਕਰਨ ਤੋਂ ਬਾਅਦ ਕੁਟੀਆ ਚੋਂ ਉਠ ਕੇ ਕੋਟਲੀ ਪਿੰਡ ਇੱਕ ਖੂਹ ਤੇ ਆ ਬੈਠੇ। ਪ੍ਰਤਾਪ ਸਿੰਘ ਨਾਭੇ ਵਾਲਾ ਆਪਣੇ ਟਰੱਕ ਵਿੱਚ ਬਰਸੀ ਤੇ ਨਾਭੇ ਤੋਂ ਸੰਗਲ ਲੈ ਕੇ ਆਇਆ ਸੀ। ਕੁਟੀਆ ਵਿੱਚ ਲੰਗਰ ਛੱਕ ਕੇ ਪ੍ਰਤਾਪ ਸਿੰਘ, ਮਾਸਟਰ ਗੁਰਚਰਨ ਸਿੰਘ ਅਤੇ ਭਾਗ ਸਿੰਘ ਇਤਿਆਦਿਕ ਨਾਭੇ ਦੀ ਸੰਗਤ ਮਹਾਰਾਜ ਜੀ ਕੋਲ ਖੂਹ ਤੇ ਆ ਗਈ। ਮਹਾਰਾਜ ਆਪਣੀ ਮੌਜ ਵਿੱਚ ਖੁਸ਼ ਹੋਏ ਬਾਬਾ ਬੇਅੰਤ ਸਿੰਘ ਜੀ ਦੀਆਂ ਗੱਲਾਂ ਸੁਣਾ ਰਹੇ ਸਨ, ਫਿਰ ਵਿੱਚੋਂ ਹੀ ਮਹਾਰਾਜ ਜੀ ਨੇ ਸੰਤ ਜਵਾਲਾ ਸਿੰਘ ਦੀ ਗੱਲ ਚਲਾਈ ਕਿ ਉਹ ਮਸਤ ਫਕੀਰਾਂ ਦਾ ਬਹੁਤ ਪ੍ਰੇਮੀ ਸੀ। ਐਸੇ ਫਕੀਰਾਂ ਦੇ ਦਰਸ਼ਨਾਂ ਲਈ ਤਾਂ ਉਹ ਦੂਰ ਦੂਰ ਤੱਕ ਚਲੇ ਜਾਂਦੇ ਸਨ। ਮਹਾਰਾਜ ਕਹਿਣ ਲੱਗੇ, ਉਨ੍ਹਾਂ ਦੇ ਡੇਰੇ ਕੋਲ ਇੱਕ ਨਾਲਾ ਬਹਿੰਦਾ ਹੈ, ਅਸੀਂ ਰਾਤ ਨੂੰ ਉਹਦੇ ਵਿੱਚ ਬੈਠੇ ਹੁੰਦੇ ਸੀ ਤੇ ਸੰਤ ਜਵਾਲਾ ਸਿੰਘ ਜੀ ਵੀ ਸਾਥੋਂ ਥੋੜ੍ਹੀ ਦੂਰ ਉਸ ਵਿੱਚ ਬੈਠੇ ਹੁੰਦੇ ਸਨ। ਸਵੇਰੇ ਪਹਿਰ ਦੇ ਤੜਕੇ ਉਥੋਂ ਉਠ ਕੇ ਸਾਡੇ ਕੋਲ ਆ ਜਾਂਦੇ। ਫਿਰ ਇਹੀ ਕਹਿੰਦੇ ਮਹਾਰਾਜ ਕਿਸੇ ਮਸਤ ਫਕੀਰ ਦੀ ਗੱਲ ਸੁਣਾਉ। ਇਕ ਦਿਨ ਉਨ੍ਹਾਂ ਨੇ ਲਾਹੌਰ ਵਾਲੀ, ਆਪਣੇ ਗੁਰੂ ਸੰਤ ਆਇਆ ਸਿੰਘ ਵਾਲੀ ਘਟਨਾ ਸੁਣਾਈ। ਪ੍ਰਤਾਪ ਸਿੰਘ ਅਤੇ ਮਾਸਟਰ ਗੁਰਚਰਨ ਸਿੰਘ ਨੇ ਸ਼ਾਇਦ ਪਹਿਲਾਂ ਸੁਣੀ ਹੋਈ ਸੀ, ਬੇਨਤੀ ਕੀਤੀ, ਮਹਾਰਾਜ ਉਹ ਮਸਤ ਆਪ ਜੀ ਨੂੰ ਕੀ ਕਹਿੰਦਾ ਸੀ, ਉਹ ਸੁਣਾਉ। ਮਹਾਰਾਜ ਕੁਝ ਦੇਰ ਤਾਂ ਟਾਲਦੇ ਰਹੇ, ਲੇਕਿਨ ਜਦ ਉਨ੍ਹਾਂ ਜ਼ਿਆਦਾ ਖਹਿੜਾ ਕੀਤਾ ਤਾਂ ਆਪ ਜੀ ਨੇ ਪ੍ਰੇਮ-ਵਸ ਹੋ ਕੇ ਜਾਂ ਭਵਿੱਖਤ ਨੂੰ ਜਾਣਕੇ ਉਪਰੋਕਤ ਮਸਤ ਵਾਲੀ ਸਾਰੀ ਘਟਨਾ ਸੁਣਾਈ। ਪ੍ਰਤਾਪ ਸਿੰਘ ਨੇ ਫਿਰ ਪੁੱਛਿਆ, ਮਹਾਰਾਜ ਉਹ ਸੇਵਾਦਾਰ ਦਾ ਫਿਰ ਕੀ ਬਣਿਆ। ਹਜ਼ੂਰ ਬੋਲੇ, ਮਸਤ ਨੇ ਉਹ ਸਾਡੇ ਪਿੱਛੇ ਪਾ ਦਿੱਤੇ, ਅਸੀਂ ਉਸ ਨੂੰ ਬਥੇਰਾ ਕਿਹਾ ਕਿ ਇਹ ਪੂਰਨ ਪੁਰਸ਼ ਨੇ ਇਨ੍ਹਾਂ ਤੋਂ ਹੀ ਬਖਸ਼ਾ ਲੈ ਦੂਜੀ ਲੱਤ, ਪਰ ਮਸਤ ਉਸਨੂੰ ਗਾਲ੍ਹਾਂ ਦੇ ਕੇ ਸਾਡੇ ਵੱਲ ਧੱਕੀ ਜਾਵੇ, ਮਹਾਰਾਜ ਕਹਿੰਦੇ ਅਸੀਂ ਸੁਭਾਵਕ ਹੀ ਕਹਿ ਦਿੱਤਾ ਤੂੰ ਫਕੀਰ ਦੀ ਸੇਵਾ ਕਰਦਾ ਹੈਂ, ਕਰੀਂ ਜਾਹ, ਇਨ੍ਹਾਂ ਨੂੰ ਛੱਡਕੇ ਕਿਤੇ ਨਾ ਜਾਂਈ ਤੈਨੂੰ ਕੁਝ ਨਹੀਂ ਹੁੰਦਾ। ਇਹ ਕਹਿਕੇ ਅਸੀਂ ਤਾਂ ਹਰਖੋਵਾਲ ਨੂੰ ਚਲੇ ਗਏ। ਕੁਝ ਸਮੇਂ ਬਾਅਦ ਪਤਾ ਲੱਗਿਆ ਕਿ ਉਹ ਸੇਵਾਦਾਰ ਗੁਰਦਾਸ ਪੁਰ ਜਿਲ੍ਹੇ ਦਾ ਤਕੜਾ ਪਹਿਲਵਾਨ ਨਾਲੇ ਇਲਾਕੇ ਦਾ ਮੰਨਿਆ—ਪਰਮੰਨਿਆ ਬਦਮਾਸ਼ ਵੀ ਸੀ। ਕਤਲ ਵਗੈਰਾ ਐਸੇ ਬੁਰੇ ਕੰਮ ਉਸਨੇ ਬਹੁਤ ਕੀਤੇ ਸਨ। ਜਦੋਂ ਪੁਲਿਸ ਨੇ ਪਿੱਛਾ ਕੀਤਾ ਤਾਂ ਉਹ ਇਲਾਕਾ ਛੱਡਕੇ ਇਥੇ ਜੰਗਲ ਵਿੱਚ ਛੁਪਕੇ ਮਸਤ ਦੀ ਸੇਵਾ ਕਰਨ ਲੱਗ ਗਿਆ। ਕੁਝ ਸਮੇਂ ਬਾਅਦ ਉਸ ਦੇ ਸੰਬੰਧੀਆਂ ਨੂੰ ਪਤਾ ਲੱਗ ਗਿਆ। ਉਸ ਦੀ ਭੈਣ ਕਿਸੇ ਪਿੰਡ ਉਧਰ ਹੀ ਵਿਆਹੀ ਹੋਈ ਸੀ, ਉਨ੍ਹਾਂ ਦਾ ਕਿਸੇ ਨਾਲ ਜ਼ਮੀਨ ਦਾ ਝਗੜਾ ਸੀ, ਉਨ੍ਹੇ ਆ ਕੇ ਇਹਨੂੰ ਤਾਹਨੇ-ਮੇਹਣੇ ਮਾਰੇ ਤੂੰ ਕਾਹਦਾ ਬਦਮਾਸ਼ ਹੈਂ ਇਥੇ ਸਾਧਾਂ ਕੋਲ ਛੁਪਿਆ ਬੈਠਾ ਹੈਂ, ਉਧਰ ਫਲਾਣਿਆਂ ਨੇ ਸਾਡੀ ਜ਼ਮੀਨ ਦੱਬ ਲਈ। ਉਹ ਪਹਿਲਵਾਨ ਕਿਸੇ ਦੀ ਘੋੜੀ ਮੰਗ ਕੇ ਗਿਆ ਆਪਣੀ ਭੈਣ ਦੀ ਜ਼ਮੀਨ ਛਡਾਉਣ, ਅੱਗੇ ਦੂਜੀ ਪਾਰਟੀ ਵਾਲੇ ਪਹਿਲਾਂ ਹੀ ਤਿਆਰੀ ਕਰੀ ਬੈਠੇ ਸਨ, ਉਨ੍ਹਾਂ ਦੇ ਇਹਦੀ ਘੋੜੀ ਦੇ ਉਪਰ ਬੈਠੇ ਦੀ ਹੀ ਇੱਕ ਲੱਤ ਵੱਢ ਦਿੱਤੀ।*

ਕੀਤੀ ਸੀ। ਉਨ੍ਹਾਂ ਦੀ ਪਵਿੱਤਰ ਯਾਦ ਵਿੱਚ ਪਿੰਡ ਦੇ ਵਿਚਕਾਰ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਫਿਰ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਮਾਲਵੇ ਦੇ ਪ੍ਰਸਿੱਧ ਮਹਾਂਪੁਰਖ ਸੰਤ ਬਾਬਾ ਅਤਰ ਸਿੰਘ ਜੀ ਮਸਤੁਆਣੇ ਵਾਲੇ ਵੀ ਇਸ ਪਿੰਡ ਕਈ ਵਾਰ ਆਏ ਸਨ। ਜ਼ਿਕਰ ਸ਼ਾਇਦ 1948 ਈ: ਦਾ ਹੈ ਜਦੋਂ ਕੋਈ ਪੂਰਬਲਾ ਸੰਜੋਗ ਬਾਬਾ ਬੇਅੰਤ ਸਿੰਘ ਜੀ ਨੂੰ ਅੱਜ-ਲੋਹ-ਸਿੰਬਲੀ ਲੈ ਆਇਆ। ਬਾਹਰ ਖੇਤਾਂ ਵਿੱਚ ਇੱਕ ਛੋਟੀ-ਜਿਹੀ ਪੁਰਾਤਨ ਕੁਟੀਆ ਬਣੀ ਹੋਈ ਹੈ, ਖਾਲੀ ਪਈ ਜਾਣ ਕੇ ਉਸ ਵਿੱਚ ਠਹਿਰ ਗਏ। ਕਰਨੇ-ਕਰਤਾਰ ਦੇ ਕਿ ਕਿਸੇ ਐਸੇ ਰੰਗ ਵਿੱਚ ਲੀਨ ਹੋਏ ਦੋ ਦਿਨ ਅੰਦਰ ਹੀ ਬੈਠੇ ਰਹੇ। ਨੇੜੇ ਦੇ ਖੇਤਾਂ ਵਾਲਿਆਂ ਨੇ ਦੇਖਿਆ ਕਿ ਕੋਈ ਅਵਧੂਤ ਮਹਾਤਮਾ ਦੋ ਦਿਨ ਤੋਂ ਭੁੱਖਣ ਭਾਣੇ ਅੰਦਰ ਹੀ ਬੈਠੇ ਹਨ, ਨਾ ਬਾਹਰ ਆਉਂਦੇ ਹਨ ਤੇ ਨਾ ਕਿਸੇ ਨਾਲ ਗੱਲ ਕਰਦੇ ਹਨ।

ਇਉਂ ਕੁਝ ਪ੍ਰੇਮੀ ਇਕੱਠੇ ਹੋ ਕੇ ਕੋਲ ਆਏ ਨਮਸ਼ਕਾਰ ਕਰਕੇ ਅਰਜ਼ ਕੀਤੀ, ਬਾਬਾ ਜੀ! ਆਪ ਜੀ ਨੇ ਦੋ ਦਿਨ ਤੋਂ ਕੁਝ ਨਹੀਂ ਛਕਿਆ, ਹੁਕਮ ਕਰੋ ਤਾਂ ਪ੍ਰਸ਼ਾਦਾ ਲੈ ਆਈਏ। ਬਾਬਾ ਜੀ ਨੇ ਪੁੱਛਿਆ, ਭਾਈ ਸ਼ਰਾਬ ਮਾਸ ਤਾਂ ਨਹੀਂ ਵਰਤਦੇ? ਨਹੀਂ ਬਾਬਾ ਜੀ! ਹੁਕਮ ਹੋਇਆ ਫਿਰ ਪ੍ਰਸ਼ਾਦਾ ਛਕ ਲੈਂਦੇ ਹਾਂ। ਪ੍ਰੇਮੀਆਂ ਨੇ ਪਿੰਡੋਂ ਲਿਆ ਕੇ ਪ੍ਰਸ਼ਾਦਾ ਛਕਾਇਆ, ਬਾਬਾ ਜੀ ਨੇ ਹੁਕਮ ਕੀਤਾ, ਹੁਣ ਤੋਂ ਬਾਅਦ ਪ੍ਰਸ਼ਾਦਾ ਇਥੇ ਨਹੀਂ ਲੈ ਕੇ ਆਉਣਾ, ਅਸੀਂ ਆਪ ਹੀ ਪਿੰਡ ਜਾ ਕੇ ਛੱਕ ਲਿਆ ਕਰਾਂਗੇ। ਜਦੋਂ ਭੁੱਖ ਲੱਗਣੀ ਇਕ ਵਾਰ ਪਿੰਡ ਜਾ ਕੇ ਭਿਖਿਆ ਕਰਕੇ ਲੰਗਰ ਛਕ ਲੈਣਾ, ਫਿਰ ਪਿਆਰੇ ਦੀ ਯਾਦ ਵਿਚ ਚੌਵੀ ਘੰਟੇ ਲੀਨ ਰਹਿਣਾ। ਇਸ ਪ੍ਰਕਾਰ ਜਦ ਕੁਝ ਦਿਨ ਗੁਜ਼ਰ ਗਏ ਤਾਂ ਪਿੰਡ ਦੀ ਕੁਝ ਸੰਗਤ ਕੋਲ ਆਉਣੀ ਸ਼ੁਰੂ ਹੋ ਗਈ। ਬਚਨ ਸਿੰਘ ਮੰਢੌਰੀਆ ਨਾਂ ਦਾ ਇੱਕ ਪ੍ਰੇਮੀ ਇਕ ਦਿਨ ਸਵੇਰੇ ਚਾਹ ਲੈ ਕੇ ਆਇਆ, ਨਮਸ਼ਕਾਰ ਕਰਕੇ ਚਾਹ ਪੀਣ ਲਈ ਅਰਜ਼ ਕੀਤੀ। ਬਾਬਾ ਜੀ ਨੇ ਪੁੱਛਿਆ, ਭਾਈ ਸ਼ਰਾਬ, ਮਾਸ ਦਾ ਸੇਵਨ ਤਾਂ ਨਹੀਂ ਕਰਦਾ? ਅਰਜ਼ ਕੀਤੀ ਨਹੀਂ ਮਹਾਰਾਜ! ਉਸ ਦੀ ਦਾੜ੍ਹੀ ਬੰਨ੍ਹੀ ਦੇਖਕੇ ਬਾਬਾ ਜੀ ਨੇ ਆਪਣੇ ਹੱਥ ਨਾਲ ਖੋਲ੍ਹ ਦਿੱਤੀ, ਹੁਕਮ ਕੀਤਾ ਅੱਗੇ ਨੂੰ ਕਦੇ ਨਹੀਂ ਬੰਨਣੀ! ਮੜ੍ਹੀ ਮਸਾਣੀ ਨੂੰ ਕਦੇ ਮੱਥਾ ਨਹੀਂ ਟੇਕਣਾ! ਉਸ ਤੋਂ ਬਚਨ ਲੈ ਕੇ ਫਿਰ ਚਾਹ ਛੱਕ ਲਈ।

ਲੰਗਰ ਛੱਕਣ ਲਈ ਇੱਕ ਵਾਰ ਜਦੋਂ ਪਿੰਡ ਵਿੱਚ ਜਾਂਦੇ ਤਾਂ ਦਸਮੇਸ਼ ਪਿਤ ਦੀ ਯਾਦ ਵਿੱਚ ਬਣੇ ਗੁਰਦੁਆਰਾ ਸਾਹਿਬ ਜ਼ਰੂਰ ਨਮਸ਼ਕਾਰ ਕਰਦੇ। ਆਪ ਨੇ ਦੇਖਿਆ ਕਿ ਗੁਰਦੁਆਰਾ ਸਾਹਿਬ ਦੀ ਹਾਲਤ ਬਹੁਤ ਖਸਤਾ ਹੈ, ਤਾਂ ਲੋਕਾਂ ਨੂੰ ਪ੍ਰੇਰਨਾ ਕੀਤੀ,. ਕਿ ਕਲਗੀਧਰ ਪਿਤਾ ਦੀ ਯਾਦ ਵਿੱਚ ਅਸਥਾਨ ਹੋਵੇ, ਤੇ ਹਾਲਤ ਉਸਦੀ ਇਤਨੀ ਢਿਲੀ ਹੋਵੇ, ਇਹ ਗੱਲ ਤੁਹਾਨੂੰ ਨਗਰ ਨਿਵਾਸੀਆਂ ਨੂੰ ਤੇ ਸਾਨੂੰ ਗੁਰੂ ਨਾਨਕ ਨਾਮ ਲੇਵਾ ਨੂੰ ਸ਼ੋਭਾ ਨਹੀਂ ਦਿੰਦੀ। ਲੋਕਾਂ ਨੇ ਉਤਸ਼ਾਹ ਯੁਕਤ ਹੋ ਕੇ ਸੇਵਾ ਸ਼ੁਰੂ ਕੀਤੀ। ਬਾਬਾ ਜੀ ਨੇ ਆਪ ਜਾ ਕੇ ਕਹੀ ਫੜਨੀ, ਤਸਲੇ ਚੁੱਕਣੇ ਅਤੇ ਸੰਗਤਾਂ ਨੂੰ ਹੱਲ੍ਹਾ ਸ਼ੇਰੀ ਦੇਣੀ, ਭਾਈ ਗੁਰੂ ਕੀ ਸੇਵਾ ਉਸ ਖੁਸ਼ ਨਸੀਬ ਪੁਰਸ਼ ਨੂੰ ਪ੍ਰਾਪਤ ਹੁੰਦੀ ਹੈ ਜਿਸ ਦੇ ਅਤੀ ਉਤਮ ਭਾਗ ਹੋਣ, ਯਾਨੀ ਸੈਂਕੜੇ ਜਨਮਾਂ ਦੇ ਨਿਸ਼ਕਾਮ ਪੁੰਨ ਸਨਮੁੱਖ ਹੋ ਚੁੱਕੇ ਹੋਣ।

ਗੁਰੂ ਸਾਹਿਬ ਦੇ ਸੁੱਖ-ਆਸਣ ਲਈ ਇੱਕ ਵੱਡਾ ਪਲੰਘ ਬਣਾਇਆ, ਇਤਿਆਦਿਕ ਜ਼ਰੂਰੀ-ਜ਼ਰੂਰੀ ਸੇਵਾਵਾਂ ਸੰਪੂਰਨ ਕਰਕੇ ਗੁਰਦੁਆਰਾ ਸਾਹਿਬ ਦੇ ਸੁਚੱਜੇ ਪ੍ਰਬੰਧ ਲਈ ਇੱਕ ਪੰਜ ਮੈਂਬਰੀ ਕਮੇਟੀ ਬਣਾਈ, ਜਿਸ ਵਿੱਚ ਅਮਰ ਸਿੰਘ, ਬਲਬੀਰ ਸਿੰਘ, ਬਖਸ਼ੀਸ਼ ਸਿੰਘ, ਨਰਾਤਾ ਸਿੰਘ ਅਤੇ ਮਿਹਰ ਸਿੰਘ ਆਦਿਕ ਸੱਜਣ ਚੁਣੇ। ਬਾਬਾ ਜੀ ਨੇ ਹੁਕਮ ਕੀਤਾ ਕਿ ਅੱਜ ਤੋਂ ਤੁਸੀਂ ਦਾੜ੍ਹੀਆਂ ਖੁਲ੍ਹੀਆਂ ਰੱਖਣੀਆਂ ਹਨ। ਸ਼ਰਾਬ ਮਾਸ ਦਾ ਸੇਵਨ ਨਹੀਂ ਕਰਨਾ ਅਤੇ ਨਾ ਹੀ ਕਿਸੇ ਮੜ੍ਹੀ ਮਸਾਣੀ ਨੂੰ ਪੂਜਣਾ ਹੈ। ਹਰ ਪੂਰਨਮਾਸ਼ੀ ਅਤੇ ਸੰਗ੍ਰਾਂਦ ਨੂੰ ਦੇਸੀ ਘਿਉ ਦੀ ਖੁੱਲ੍ਹੀ ਦੇਗ ਬਣਾ ਕੇ ਵਰਤਾਉਣੀ ਹੈ, ਗੁਰੂ ਘਰ ਦੀ ਸੇਵਾ ਸੰਭਾਲ ਤਨੋ ਮਨੋ ਕਰਨੀ ਹੈ, ਹੋਰ ਬੁਰੇ ਕੰਮਾਂ ਤੋਂ ਬਚਣਾ ਹੈ, ਹੁਣ ਤੱਕ ਦੇ ਤੁਹਾਡੇ ਕੀਤੇ ਪਾਪ ਕਰਮਾਂ ਦਾ ਮੈਂ ਜਿੰਮੇਵਾਰ ਹਾਂ ਉਨ੍ਹਾਂ ਦੀ ਚਿੰਤਾਂ ਛੱਡ ਦਿਉ।

ਪ੍ਰੇਮੀਆਂ ਨੇ ਗੁਰਦੁਆਰਾ ਸਾਹਿਬ ਦੀ ਸੇਵਾ ਠੀਕ ਤਰੀਕੇ ਅਤੇ ਬੜੇ ਪ੍ਰੇਮ ਨਾਲ ਸੰਭਾਲ ਲਈ। ਹੁਣ ਬਾਬਾ ਜੀ ਦਾ ਧਿਆਨ ਪਿੰਡ ਵਿੱਚ ਪੀਣ ਵਾਲੇ ਪਾਣੀ ਦੀ ਤਰਫ ਗਿਆ, ਲੋਕ ਪਾਣੀ ਲਈ ਬਹੁਤ ਕਸ਼ਟ ਉਠਾ ਰਹੇ ਸਨ। ਪਿੰਡ ਵਿੱਚ ਦੋ ਖੂਹ ਤਾਂ ਪੁਰਾਤਨ ਸਨ ਲੇਕਿਨ ਹਰਟ ਉਪਰ ਨਾ ਹੋਣ ਕਰਕੇ ਖੜ੍ਹਾ ਪਾਣੀ ਖਰਾਬ ਹੋ ਰਿਹਾ ਸੀ, ਲੋਕ ਮਜਬੂਰੀ ਵੱਸ ਉਹੀ ਪੀ ਕੇ ਗੁਜਾਰਾ ਕਰਦੇ ਸਨ। ਇਹ ਦੋਨਾਂ ਖੂਹ ਇੱਕ ਪੱਟੀ ਵਾਲਾ ਅਤੇ ਦੂਸਰਾ ਅਕਾਲੀਆਂ ਵਾਲਾ ਕਰਕੇ ਜਾਣੇ ਜਾਂਦੇ ਸਨ। ਇਨ੍ਹਾਂ ਦੋਨਾਂ ਉਪਰ ਲੋਕਾਂ ਨੂੰ ਪ੍ਰੇਰਨਾਂ ਕਰਕੇ ਦੋ ਹਰਟ ਲਵਾਏ, ਦੋਨਾਂ ਤੇ ਚਬੱਚੇ ਅਤੇ ਖੇਲ੍ਹਾਂ

ਬਣਵਾਈਆਂ ਤਾਂ ਕਿ ਨਿਰਬੋਲ ਪਸ਼ੂ ਵੀ ਵਿਚਾਰੇ ਪਾਣੀ ਪੀ ਸਕਣ। ਹਰਟਾਂ ਨੂੰ ਗੇੜ ਕੇ ਰੋਜ਼ ਪਾਣੀ ਕੱਢਣ ਲਈ ਘਰ ਵਾਈਜ਼ ਲੋਕਾਂ ਦੀ ਡਿਊਟੀ ਲਗਾ ਦਿੱਤੀ, ਕਿ ਇੱਕ ਘਰ ਇੱਕ ਦਿਨ ਹਰਟ ਗੇੜ ਕੇ ਚੁਬੱਚੇ ਭਰੇ ਅਤੇ ਦੂਜੇ ਦਿਨ ਦੂਸਰਾ ਘਰ। ਇਸ ਪ੍ਰਕਾਰ ਸਭ ਲੋਕਾਂ ਨੂੰ ਸੇਵਾ ਵੀ ਪ੍ਰਾਪਤ ਹੋ ਗਈ ਅਤੇ ਪੀਣ ਵਾਲੇ ਪਾਣੀ ਦੀ ਮੁਸ਼ਕਲ ਵੀ ਹੱਲ ਹੋ ਗਈ। ਇੱਕ ਮਾਈ ਜਗੀਸਰ ਕੌਰ ਨੂੰ ਪ੍ਰੇਰਨਾ ਕਰਕੇ ਤੀਜਾ ਖੂਹ ਹੋਰ ਲਗਵਾਇਆ। ਇਸ ਪ੍ਰਕਾਰ ਪਿੰਡ ਦੇ ਜੀਵਾਂ ਅਤੇ ਪਸ਼ੂਆਂ ਲਈ ਜ਼ਿੰਦਗੀ ਦੀ ਇੱਕ ਜ਼ਰੂਰੀ ਲੋੜ ਤਾਂ ਪੂਰੀ ਹੋ ਗਈ, ਲੇਕਿਨ ਪਿੰਡ ਨੂੰ ਇੱਕ ਹੋਰ ਸਮੱਸਿਆ ਨੇ ਘੇਰ ਲਿਆ। ਪਾਣੀ ਖੁੱਲ੍ਹਾ ਮਿਲਣ ਕਰਕੇ ਪਿੰਡ ਦੀਆਂ ਕੱਚੀਆਂ ਗੱਲੀਆਂ, ਨਾਲੀਆਂ ਵਿੱਚ ਚਿੱਕੜ ਹੋ ਗਿਆ।

ਲੋਕਾਂ ਨੂੰ ਘਰਾਂ ਵਿੱਚੋਂ ਬਾਹਰ ਨਿਕਲਣ ਲਈ ਮੁਸੀਬਤ ਖੜੀ ਹੋ ਗਈ। ਬਾਬਾ ਜੀ ਨੇ ਪੰਚਾਇਤ ਅਤੇ ਸਭ ਨਗਰ ਨਿਵਾਸਿਆਂ ਨੂੰ ਗਲੀਆਂ ਤੇ ਨਾਲੀਆਂ ਪੱਕੀਆਂ ਕਰਨ ਲਈ ਪ੍ਰੇਰਤ ਕੀਤਾ। ਪ੍ਰਮੇਸ਼ਰ ਨੇ ਮਿਹਰ ਕੀਤੀ, ਥੋੜ੍ਹੇ ਸਮੇਂ ਵਿੱਚ ਹੀ ਪਿੰਡ ਦੀਆਂ ਸਭ ਗਲੀਆਂ ਤੇ ਨਾਲੀਆਂ ਪੱਕੀਆਂ ਹੋ ਗਈਆਂ। ਇਸ ਪ੍ਰਕਾਰ ਬਾਬਾ ਜੀ ਨੇ ਲੋਕਾਂ ਨੂੰ ਸੁਖਦਾਈ ਜੀਵਨ ਦੀ ਸੇਧ ਬਖਸ਼ ਕੇ, ਲੋਕ-ਪਰਲੋਕ ਦੇ ਰਸਤੇ ਸੰਵਾਰਨ ਦੀ ਜਾਂਚ ਸਿਖਾ ਕੇ ਇਥੋਂ ਜਾਣ ਦਾ ਸੰਕਲਪ ਕੀਤਾ, ਪ੍ਰੰਤੂ ਲੋਕ ਕਿਵੇਂ ਸਹਿਣ ਕਰਨ ਐਸੇ ਮਸੀਹੇ ਦੇ ਵਿਜੋਗ ਨੂੰ ਜਿਸਨੇ ਨਰਕ ਵਰਗੇ ਦੇਸ਼ ਵਿੱਚੋਂ ਕੱਢ ਕੇ ਸਵਰਗ ਦੀ ਸੈਰ ਕਰਵਾ ਦਿੱਤੀ ਸੀ। ਇਕੱਠੇ ਹੋ ਕੇ ਅਰਜ਼ ਕੀਤੀ, ਬਾਬਾ ਜੀ ਇਥੋਂ ਜਾਵੋ ਨਾ। ਬਾਬਾ ਜੀ ਬੋਲੇ ਜੋ ਕਰਤਾਰ ਨੇ ਡਿਊਟੀ ਬਖਸ਼ੀ ਸੀ ਉਹ ਪੂਰੀ ਕਰਵਾ ਲਈ, ਹੁਣ ਜਿਥੇ ਹੋਰ ਡਿਊਟੀ ਬਖਸ਼ੇਗਾ, ਕਰਵਾ ਲਵੇਗਾ। ਲੇਕਿਨ ਸੰਗਤ ਜ਼ਿਆਦਾ ਰੁਦਨ ਕਰਨ ਲੱਗੀ, ਤਾਂ ਬਾਬਾ ਜੀ ਬੋਲੇ ਤੁਸੀਂ ਚਿੰਤਾਂ ਨਾ ਕਰੋ, ਕਰਤਾਰ ਚੰਗਾ ਹੀ ਕਰੇਗਾ। ਇਸੇ ਤਰ੍ਹਾਂ ਪਰਉਪਕਾਰ ਦੇ ਕੰਮ ਕਰਦੇ ਰਹੋ, ਦਸਵੰਧ ਕੱਢਕੇ ਸਾਰੇ ਇਕੱਠੇ ਹੋ ਕੇ ਸਾਲ ਵਿੱਚ ਇੱਕ ਸਾਂਝਾ ਅਖੰਡ ਪਾਠ ਸਾਹਿਬ ਕਰਵਾਇਆ ਕਰੋ, ਉਸ ਦਿਨ ਗੁਰੂ ਕਾ ਲੰਗਰ ਅਟੁੱਟ ਚਲਾਉਣਾ, ਅਸੀਂ ਤੁਹਾਨੂੰ ਇੱਕ ਐਸਾ ਪੂਰਨ ਮਹਾਂਪੁਰਖ ਮਿਲਾਵਾਂਗੇ, ਜੋ ਤੁਹਾਨੂੰ ਰੱਬੀ ਬਾਣੀ ਦੀ ਜਾਂਚ ਸਿਖਾਵੇਗਾ, ਜਿਸ ਨੂੰ ਪੜ੍ਹ, ਵਿਚਾਰ ਅਤੇ ਅਮਲ ਕਰਕੇ ਲੋਕ-ਪਰਲੋਕ ਦੋਨੋਂ ਸਵਰ ਜਾਂਦੇ ਹਨ।

ਇਸ ਪ੍ਰਕਾਰ ਸੰਗਤ ਨੂੰ ਦਿਲਾਸਾ ਦੇ ਕੇ ਇਥੋਂ ਕਿਸੇ ਹੋਰ ਪਾਸੇ ਨੂੰ ਚਲੇ ਗਏ, ਲੇਕਿਨ ਕੋਈ ਦੋ ਕੁ ਸਾਲ ਬਾਅਦ ਵਿਰੱਕਤ ਮਹਾਰਾਜ ਨਿੱਕਾ ਸਿੰਘ ਜੀ ਨੂੰ ਨਾਲ ਲੈ ਕੇ ਫਿਰ ਆ ਗਏ। ਸੰਗਤ ਨੂੰ ਬੋਲੇ, ਤੁਹਾਨੂੰ ਬਚਨ ਦੇ ਕੇ ਗਏ ਸੀ ਕਿ ਇੱਕ ਪੂਰਨ ਮਹਾਂਪੁਰਖ ਦੇ ਦਰਸ਼ਨ ਕਰਾਵਾਂਗੇ, ਕਰਤਾਰ ਨੇ ਉਹ ਬਚਨ ਪੂਰਾ ਕਰ ਦਿੱਤਾ ਹੈ, ਇਹ ਸਾਖਸ਼ਾਤ ਪਰਮੇਸ਼ਰ ਹਨ, ਸਰੀਰ ਦੀ ਕੋਈ ਸ਼ੰਕਾ ਨਾ ਕਰ ਬੈਠਿਉ ਮਨ ਵਿੱਚ। ਗੁਰੂ ਸਾਹਿਬ ਨੇ ਅਜਿਹੇ ਮਹਾਂਪੁਰਸ਼ਾਂ ਲਈ ਹੀ ਫੁਰਮਾਣ ਕੀਤਾ ਹੈ—

ਮਾਨੁਖ ਕਾ ਕਰਿ ਰੂਪੁ ਨ ਜਾਨੁ॥

*(ਰਾਮਕਲੀ ਮ: ੫, ਪੰਨਾ ੮੯੫)*

ਇਸ ਲਈ ਜੋ ਕੋਈ ਲੋਕ ਪਰਲੋਕ ਦੀ ਲੁੱਟ-ਲੁਟਣਾ ਚਾਹੁੰਦਾ ਹੈ ਤਾਂ ਲੁੱਟ ਲਵੇ। ਲੋਕ ਵਿਰੱਕਤ ਮਹਾਰਾਜ ਜੀ ਤੋਂ ਤਰੀਕਾਂ ਲੈ ਕੇ ਘਰਾਂ ਵਿੱਚ ਆਖੰਡ ਪਾਠ ਸਾਹਿਬ ਕਰਵਾਉਣ ਲੱਗੇ। ਮਹਾਰਾਜ ਭੋਗ ਉਪਰੰਤ ਗੁਰ ਸ਼ਬਦ ਦੀ ਕਥਾ ਕਰਦੇ, ਅੱਜ ਕਿਸੇ ਦੇ ਘਰ, ਕੱਲ੍ਹ ਦੂਸਰੇ ਘਰ ਇਸ ਪ੍ਰਕਾਰ ਰੱਬੀ ਬਾਣੀ ਦੀ ਅੰਮ੍ਰਿਤ ਮਈ ਵਰਖਾ ਕਈ ਮਹੀਨੇ ਹੁੰਦੀ ਰਹੀ। ਇੱਕ ਦਿਨ ਵਿਰੱਕਤ ਮਹਾਰਾਜ ਜੀ ਨੇ ਬਚਨ ਕੀਤਾ, ਬਾਬਾ ਜੀ! ਸਾਧ ਨੂੰ ਇੱਕ ਜਗ੍ਹਾ ਜ਼ਿਆਦਾ ਚਿਰ ਨਹੀਂ ਰਹਿਣਾ ਚਾਹੀਦਾ, ਕਿਉਂਕਿ ਉਥੋਂ ਦੀ ਜਗ੍ਹਾ ਤੇ ਬੰਦਿਆਂ ਨਾਲ ਮੋਹ ਜਿਹਾ ਪੈ ਜਾਂਦਾ ਹੈ, ਇਸ ਲਈ ਚਲੋ ਹੁਣ ਇਥੋਂ ਕਿਤੇ ਹੋਰ ਚਲੀਏ। ਬਾਬਾ ਬੇਅੰਤ ਸਿੰਘ ਜੀ ਬੋਲੇ, ਮਹਾਰਾਜ! ਸਰੀਰ ਬੁੱਢਾ ਹੋ ਗਿਆ, ਚੱਲਣ ਫਿਰਨ ਤੋਂ ਅਸਮਰਥ ਹੁੰਦਾ ਜਾ ਰਿਹਾ ਹੈ, ਇਸ ਲਈ ਬੈਠੇ ਹਾਂ। ਵਿਰੱਕਤ ਮਹਾਰਾਜ ਜੀ ਮੁਸਕਰਾ ਕੇ ਬੋਲੇ, ਜਦ ਧੱਕੇ ਮਾਰਕੇ ਕੱਢਣਗੇ ਫਿਰ ਵੀ ਤਾਂ ਨਿਕਲਾਂਗੇ। ਬਾਬਾ ਬੇਅੰਤ ਸਿੰਘ ਜੀ ਹੱਸਕੇ ਕਹਿਣ ਲੱਗੇ, ਮਹਾਰਾਜ! ਅੱਜ ਕਿਹੜੀ ਮੌਜ ਵਿੱਚ ਜਾ ਕੇ ਵਰਦਾਨ ਦੇ ਰਹੇ ਹੋਂ? ਦੋਨੋਂ ਮਹਾਂਪੁਰਖ ਬਹੁਤ ਹੱਸੇ। ਹੱਸਣ ਦਾ ਪੂਰਾ ਕਾਰਨ ਤਾਂ ਉਹ ਆਪ ਹੀ ਜਾਨਣ, ਲੇਕਿਨ ਗਹੁ ਨਾਲ ਤੱਕਿਆਂ ਇਉਂ ਪ੍ਰਤੀਤ ਦੇ ਰਿਹਾ ਹੈ ਕਿ ਇਸ ਬਚਨ ਤੋਂ ਭਵਿੱਖ ਵਿੱਚ ਨਿਕਲਣ ਵਾਲੇ ਸਿੱਟਿਆਂ ਨੂੰ ਅਨੁਭਵ ਕਰਕੇ ਪ੍ਰਮੇਸ਼ਰ ਦੇ ਰੰਗ ਦੇਖ ਕੇ ਹੱਸ ਰਹੇ ਹੋਣ। ਖੈਰ ਕੁਝ ਦਿਨਾਂ ਬਾਅਦ ਵਿਰੱਕਤ ਮਹਾਰਾਜ ਜੀ ਤਾਂ ਅਕਾਲ ਦੀ ਮੌਜ ਵਿੱਚ ਕਿਸੇ ਹੋਰ ਥਾਂ ਨੂੰ ਚਾਲੇ ਪਾ ਗਏ, ਲੇਕਿਨ ਬਾਬਾ ਬੇਅੰਤ ਸਿੰਘ ਜੀ ਕਰਤਾਰ ਦੇ ਰੰਗ ਵਿੱਚ ਇਥੇ ਹੀ ਬੈਠੇ ਰਹੇ। ਕੁਝ ਦਿਨਾਂ ਬਾਅਦ ਪ੍ਰਮੇਸ਼ਰ ਦਾ ਉਹ ਖੇਡ ਵਰਤਿਆ ਜਿਸ ਦੀ ਬਾਬਤ ਸ੍ਰੀ ਗੁਰੂ ਅਰਜਨ ਦੇਣ ਮਹਾਰਾਜ ਨੇ ਇਸ਼ਾਰਾ ਕੀਤਾ ਹੈ—

**ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ॥**
**ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ॥**

*(ਸਾਰਗ ਮ: ੫, ਪੰਨਾ ੧੨੦੪)*

ਜਿਸ ਕੁਟੀਆਂ ਵਿੱਚ ਬਾਬਾ ਬੇਅੰਤ ਸਿੰਘ ਜੀ ਰਹਿੰਦੇ ਸਨ, ਉਸਦੇ ਨਜ਼ਦੀਕ ਇੱਕ ਬੋਹੜ ਦਾ ਬ੍ਰਿਛ ਖੜ੍ਹਾ ਸੀ। ਖੇਤ ਵਾਲਿਆਂ ਨੇ ਉਹ ਖੜ੍ਹਾ ਹੀ ਵੇਚ ਦਿੱਤਾ, ਜਿੰਨ੍ਹਾਂ ਨੇ ਖ੍ਰੀਦਿਆ ਸੀ ਉਹ ਪੁੱਟਣ ਲਈ ਆ ਲੱਗੇ। ਬਾਬਾ ਜੀ ਬੋਲੇ, ਇਹਨੂੰ ਕਿਉਂ ਪੁੱਟਦੇ ਹੋ? ਬ੍ਰਿਛ ਲਾਉਣਾ ਤਾਂ ਪੁੰਨ ਕਰਮ ਮੰਨਿਆਂ ਜਾਂਦਾ ਹੈ, ਫਿਰ ਇਤਨਾਂ ਵੱਡਾ ਤਾਂ ਸੈਂਕੜੇ ਸਾਲਾਂ ਵਿੱਚ ਜਾ ਕੇ ਹੁੰਦਾ ਹੈ, ਦੇਖੋ ਉਸ ਦੀ ਛਾਂ ਤੋਂ ਕਿਤਨੇ ਲੋਕ ਲਾਭ ਉਠਾਉਂਦੇ ਹਨ, ਕਿਤਨੇ ਪੰਛੀ ਇਸ ਵਿੱਚ ਆਲ੍ਹਣੇ ਬਣਾ ਕੇ ਰਹਿੰਦੇ ਹਨ ਫਲਦਾਰ ਅਤੇ ਛਾਂਦਾਰ ਬ੍ਰਿਛਾਂ ਦਾ ਲਾਉਣਾ ਸ਼ਾਸਤਰਾਂ ਵਿੱਚ ਪੁੰਨ ਕਰਮ ਲਿਖਿਆ ਹੈ, ਕਿਤਨੇ ਜੀਵ ਇਸਤੋਂ ਸੁੱਖ ਲੈਂਦੇ ਹਨ ਇਸਨੂੰ ਨਾ ਪੁੱਟੋ। ਖਰੀਦਣ ਵਾਲੇ ਲੋਕ ਬਚਨ ਮੰਨ ਕੇ ਮੁੜ ਗਏ, ਜਾ ਕੇ ਮਾਲਕ ਨੂੰ ਸਾਰੀ ਗੱਲ ਦੱਸੀ, ਉਹ ਸੁਣਦੇ ਸਾਰ ਹੀ ਕ੍ਰੋਧ ਵਿੱਚ ਭੜਕ ਉਠਿਆ। ਖੇਤ ਜਾ ਕੇ ਬਾਬਾ ਜੀ ਨੂੰ ਅਪ-ਸ਼ਬਦ ਬੋਲੇ। ਬਾਬਾ ਜੀ ਸ਼ਾਂਤ ਚਿੱਤ ਸੁਣਦੇ ਰਹੇ, ਅੱਗੋਂ ਕੋਈ ਸ਼ਬਦ ਨਹੀਂ ਬੋਲਿਆ। ਦਿਨ ਤਾਂ ਗੁਜਰ ਗਿਆ, ਜਦ ਰਾਤ ਹੋਈ ਬਾਬਾ ਜੀ ਚੁਪ ਚੁਪੀਤੇ ਹੀ ਬਗੈਰ ਕਿਸੇ ਨੂੰ ਦੱਸੇ ਉਥੋਂ ਤੁਰ ਗੇ। ਰੋਜ਼ ਦੇ ਨਿਤਨੇਮੀ ਸੇਵਕ ਜੋ ਸਵੇਰੇ ਚਾਹ-ਦੁੱਧ ਲੈ ਕੇ ਦਰਸ਼ਨ ਕਰਨ ਜਾਂਦੇ ਸਨ ਜਦ ਕੁਟੀਆ ਪਹੁੰਚੇ ਅੱਗੋਂ ਕੁਟੀਆ ਖਾਲੀ ਮਿਲੀ, ਥੋੜ੍ਹੀ ਦੇਰ ਤਾਂ ਇੱਧਰ ਉਧਰ ਦੇਖਿਆ, ਕਿ ਬਾਹਰ ਗਏ ਹੋਣਗੇ ਆ ਜਾਂਦੇ ਹਨ, ਲੇਕਿਨ ਜਦ ਕਾਫੀ ਦੇਰ ਨਾ ਆਏ, ਫਿਰ ਪੁੱਛ ਗਿੱਛ ਕਰਨ ਤੇ ਕੱਲ੍ਹ ਵਾਲੀ ਸਾਰੀ ਗੱਲ ਦਾ ਪਤਾ ਲੱਗ ਗਿਆ। ਕਈ ਬੰਦੇ ਲੱਭਣ ਲਈ ਹੋਰ ਟਿਕਾਣਿਆਂ ਨੂੰ ਗਏ, ਤਾਂ ਬਾਬਾ ਜੀ ਬੂਹੇ ਪਿੰਡ ਮਿਲ ਗਏ।

ਪ੍ਰੇਮੀਆਂ ਨੇ ਅਰਜ਼ ਕੀਤੀ, ਬਾਬਾ ਜੀ ਵਾਪਸ ਚੱਲੋ! ਆਪ ਦਾ ਅਪਮਾਨ ਇੱਕ ਬੰਦੇ ਨੇ ਕੀਤਾ ਹੈ, ਲੇਕਿਨ ਬੇਚੈਨ ਸਾਰਾ ਪਿੰਡ ਹੋ ਰਿਹਾ ਹੈ। ਸਾਡੇ ਤੋਂ ਕੋਈ ਭੁੱਲ ਹੋ ਗਈ ਮੁਆਫ ਕਰ ਦਿਉ, ਅਗਰ ਉਥੇ ਨਹੀਂ ਰਹਿਣਾ, ਹੋਰ ਜਿਸ ਖੂਹ ਤੇ ਚਾਹੋ ਰਹੋ, ਸਾਰੀ ਧਰਤੀ ਤੁਹਾਡੀ ਹੈ, ਪ੍ਰੰਤੂ ਚੱਲੋ ਜ਼ਰੂਰ। ਬਾਬਾ ਜੀ ਬੋਲੇ, ਪ੍ਰੇਮੀਓ! ਸਾਨੂੰ ਕਿਸੇ ਤੇ ਰੋਸ ਨਹੀਂ, ਅਸੀਂ ਤਾਂ ਕਰਤਾਰ ਦੇ ਹੁਕਮ ਵਿੱਚ ਬੈਠੇ ਸੀ, ਹੁਕਮ ਵਿੱਚ ਹੀ ਇਥੇ ਆ ਗਏ ਹਾਂ, ਅਗਰ ਫਿਰ ਕਦੇ ਕਰਤਾਰ ਦਾ ਹੁਕਮ ਹੋਇਆ, ਤਾਂ ਆ ਜਾਵਾਂਗੇ, ਸਾਡੀ ਸਾਰੀ ਕਿਰਿਆ ਉਸ ਦੇ ਅਧੀਨ ਹੈ:

**ਜਿ ਕਰਾਵੈ ਸੋ ਕਰਣਾ॥ ਨਾਨਕ ਦਾਸ ਤੇਰੀ ਸਰਣਾ॥**

*(ਸੋ:ਮ: ੫ ਪੰਨਾ-੬੨੭)*

ਸੋ ਤੁਸੀਂ ਘਰਾਂ ਨੂੰ ਜਾਉ ਚਿੰਤਾਂ ਨਾ ਕਰੋ, ਸਾਨੂੰ ਰੱਤੀ ਮਾਤਰ ਵੀ ਕਿਸੇ ਤੇ ਰੰਜਸ਼ ਨਹੀਂ ਹੈ, ਅਗਰ ਕਰਤਾਰ ਨੇ ਚਾਹਿਆ ਤਾਂ ਜ਼ਰੂਰ ਆਵਾਂਗੇ। ਪ੍ਰੇਮੀ ਉਸ ਵਕਤ ਤਾਂ ਮੁੜ ਗਏ, ਲੇਕਿਨ ਕੁਝ ਸਮੇਂ ਬਾਅਦ ਫਿਰ ਆ ਕੇ ਬੇਨਤੀਆਂ ਕਰਨ ਲੱਗੇ। ਕਰੁਣਾ ਦੇ ਸਮੁੰਦਰ ਬਾਬਾ ਜੀ ਬੇਨਤੀ ਮੰਨ ਕੇ ਨਾਲ ਚਲੇ ਗਏ, ਜਾ ਕੇ ਲਾਭ ਸਿੰਘ ਦੇ ਖੂਹ ਉਪਰ ਟਿਕਾਣਾ ਕੀਤਾ, ਲੇਕਿਨ ਉਸ ਪੁਰਾਤਨ ਕੁਟੀਆ ਵਿੱਚ ਨਹੀਂ ਗਏ। ਪੂਜਯ ਵਿਰੱਕਤ ਮਹਾਰਾਜ ਜੀ ਵੀ ਸਮੇਂ-ਸਮੇਂ ਲੋਹਸਿੰਬਲੀ ਜਾਂਦੇ ਰਹੇ, ਉਹ ਵੀ ਲਾਭ ਸਿੰਘ ਵਾਲੇ ਖੂਹ ਤੇ ਹੀ ਠਹਿਰਦੇ ਰਹੇ, ਉਸ ਪੁਰਾਤਨ ਕੁਟੀਆ ਵਿੱਚ ਮੁੜਕੇ ਨਹੀਂ ਗਏ।

ਕੀ ਇਹ ਪਰਿਵਾਰ ਆਪਣੀ ਭੁੱਲ ਨਹੀਂ ਬਖਸ਼ਾ ਸਕੇਗਾ? ਕੀ ਇਹ ਵਿਚਾਰੇ ਸਦਾ ਲਈ ਗੁਰੂ ਘਰ ਤੋਂ ਧੱਕੇ ਗਏ? ਐਸਾ ਨਹੀਂ ਹੈ, ਬਖਸ਼ਾਵੇਗਾ ਵੀ ਜ਼ਰੂਰ, ਅਤੇ ਬਖਸ਼ਣਗੇ ਵੀ ਜ਼ਰੂਰ, ਲੇਕਿਨ ਕਿਸੇ ਹੋਰ ਜਾਮੇ ਵਿੱਚ।*

---

* *ਬਾਬਾ ਬੇਅੰਤ ਸਿੰਘ ਮਹਾਰਾਜ ਅਤੇ ਪੂਜਯ ਵਿਰੱਕਤ ਮਹਾਰਾਜ ਜੀ ਜਦੋਂ ਆਪਣੇ ਜੀਵਨ ਕਾਲ ਵਿੱਚ ਇਸ ਕੁਟੀਆ ਨਾਂ ਗਏ, ਫਿਰ ਇਸ ਪਰਿਵਾਰ ਨੇ ਆਪਣੀ ਭੁੱਲ ਤੇ ਪਛਤਾਵਾ ਕਰਨਾ ਸ਼ੁਰੂ ਕੀਤਾ। ਸਮਾਂ ਗੁਜਰ ਜਾਣ ਤੋਂ ਬਾਅਦ ਜਿਸ ਵਕਤ ਗੱਦੀ ਤੇ ਪੂਜਯ ਮਹੰਤ ਮਹਾਰਾਜ ਰਾਮ ਸਿੰਘ ਜੀ ਆਏ, ਇਹ ਪਰਿਵਾਰ ਪਛਤਾਵਾ ਕਰਕੇ ਚਰਨਾਂ ਵਿੱਚ ਵਾਰ-ਵਾਰ ਬੇਨਤੀਆਂ ਕਰਨ ਲੱਗਿਆ ਕਿ ਕੁਟੀਆ ਚਰਨ ਪਾਉ, ਅਸੀਂ ਉਥੇ ਕਮਰਾ ਅਤੇ ਬਾਥਰੂਮ ਬਗੈਰਾ ਹੋਰ ਸਹੂਲਤ ਬਣਾ ਦਿੰਦੇ ਹਾਂ, ਆਪ ਕ੍ਰਿਪਾ ਕਰਕੇ ਉਥੇ ਜ਼ਰੂਰ ਠਹਿਰੋ। ਆਪ ਜੀ ਨੇ ਵੀ ਕਾਫੀ ਸਮਾਂ ਤਾਂ ਉਨ੍ਹਾਂ ਦੀਆਂ ਬੇਨਤੀਆਂ ਵੱਲ ਧਿਆਨ ਨਹੀਂ ਦਿੱਤਾ ਲੇਕਿਨ ਜਦੋਂ ਅੰਤਰ ਦ੍ਰਿਸ਼ਟੀ ਨਾਲ ਤੱਕਿਆ ਕਿ ਇਨ੍ਹਾਂ ਨੇ ਆਪਣੇ ਕੀਤੇ ਹੋਏ ਗੁਨਾਹ ਨੂੰ ਪਸ਼ਚਾਤਾਪ ਦੇ ਜਲ ਨਾਲ ਕਾਫੀ ਧੋ ਲਿਆ ਹੈ ਤਾਂ ਇਕ ਦਿਨ ਮਿਹਰਾਂ ਦੇ ਘਰ ਆਏ, ਉਸ ਪਰਿਵਾਰ ਦੀ ਬੇਨਤੀ ਪ੍ਰਵਾਨ ਕਰਕੇ ਸੰਗਤ ਨੂੰ ਨਾਲ ਲੈ ਉਸ ਪੁਰਾਤਨ ਕੁਟੀਆ ਵਿਚ ਪਹੁੰਚੇ। ਇੱਕ ਘੰਟਾ ਉਸ ਕੁਟੀਆ ਵਿੱਚ ਬੈਠਕੇ ਸਤਸੰਗ ਕੀਤਾ ਉਪਰੰਤ ਸੰਗਤਾਂ ਨੂੰ ਪ੍ਰਸ਼ਾਦ ਵਰਤਾ ਕੇ ਪਰਿਵਾਰ ਦੀ ਭੁੱਲ ਮੁਆਫ ਕੀਤੀ।*

## ਪਿੰਡ ਸਈਆ-ਖੇੜਾ ਕਿ ਸਊਆ-ਕਲਾਣਾ

ਸੋਨੀਪਤ ਸ਼ਹਿਰ ਤੋਂ ਪੰਦਰਾਂ ਕਿਲੋਮੀਟਰ ਪੱਛਮ ਵੱਲ, ਕਸਬਾ ਗਨੌਰ ਤੋਂ ਦਸ ਕਿਲੋਮੀਟਰ ਲਹਿੰਦੇ ਪਾਸੇ ਇਕ ਪਿੰਡ ਵੱਸਦਾ ਹੈ ਸਈਆਂ ਖੇੜਾ (ਸਊਆ-ਕਲਾਣਾ)। ਇਸ ਪਿੰਡ ਵਿੱਚ ਭਾਵੇਂ ਵਸਦੇ ਤਾਂ ਰਲੇ ਮਿਲੇ ਸਭ ਕੌਮਾਂ ਦੇ ਲੋਕ ਹਨ, ਪ੍ਰੰਤੂ ਜ਼ਿਆਦਾ ਵਸੋਂ ਪੰਗਾਲ ਗੋਤ ਦੇ ਜਾਟਾਂ ਦੀ ਹੈ। ਹਰਿਆਣਾ ਪ੍ਰਾਂਤ ਦਾ ਇਹ ਕੋਈ ਪੰਜ ਕੁ ਸਦੀਆਂ ਪੁਰਾਣਾ ਪਿੰਡ ਹੈ। ਇਸ ਪਿੰਡ ਵਿੱਚ ਇੱਕ ਨਿਰਮਲੇ ਸਾਧੂ ਰਹਿੰਦੇ ਸਨ ਸੰਤ ਬਚਿੱਤਰ ਸਿੰਘ ਜੀ, ਜੋ ਬੜੇ ਨੇਕ ਅਤੇ ਉਚੇ ਜੀਵਨ ਦੇ ਧਾਰਣੀਯ ਬਾਹਰ ਖੇਤਾਂ ਵਿੱਚ ਕੁਟੀਆ ਬਣਾ ਕੇ ਰਹਿੰਦੇ ਸਨ। ਨੇੜੇ-ਨੇੜੇ ਦੇ ਇੱਕ-ਦੋ ਪਿੰਡਾਂ ਦੇ ਬੱਚਿਆਂ ਅਤੇ ਜ਼ਰੂਰਤ ਮੰਦਾਂ ਨੂੰ ਗੁਰਮੁਖੀ ਅਤੇ ਗੁਰਬਾਣੀ ਦੀ ਸੰਥਯਾ ਅਕਸਰ ਕਰਾਉਂਦੇ ਰਹਿੰਦੇ ਸਨ। 1939-1940 ਦਾ ਜ਼ਿਕਰ ਹੈ ਜਦੋਂ ਦੇਸ਼ ਰਟਨ ਕਰਦੇ ਹੋਏ ਕਿਸੇ ਸੰਜੋਗਵਸ ਜਾਂ ਦੇਵਨੇਤ ਨਾਲ ਵਿਰੱਕਤ ਮਹਾਰਾਜ ਸੰਤ ਨਿੱਕਾ ਸਿੰਘ ਜੀ ਇਧਰ ਨਿਕਲ ਆਏ। ਸੰਤ ਬਚਿੱਤਰ ਸਿੰਘ ਦੇ ਪ੍ਰੇਮ-ਵਾਸ ਇਥੇ ਕੁਝ ਦਿਨ ਠਹਿਰ ਗਏ। ਉਸ ਸਮੇਂ ਆਪ ਭਾਵੇਂ ਜ਼ਿਆਦਾ ਇਕਾਂਤ ਯਾਨੀ ਆਮ ਸੰਗਤਾਂ ਤੋਂ ਦੂਰ ਹੀ ਰਹਿੰਦੇ ਸਨ, ਲੇਕਿਨ ਫਿਰ ਵੀ ਖੁਸ਼ਬੂ ਦਾਰ ਫੁੱਲ ਦਾ ਭੌਰਿਆਂ ਤੋਂ ਛੁਪ ਕੇ ਰਹਿਣਾ ਮੁਸ਼ਕਲ ਹੈ। ਇਨ੍ਹਾਂ ਦਿਨਾਂ ਵਿੱਚ ਸ਼ਾਮ ਸਿੰਘ ਨਾਂ ਦਾ ਇੱਕ ਸੱਜਣ ਆਪ ਦੇ ਚਰਨਾਂ ਵੱਲ ਵਿਸ਼ੇਸ਼ ਖਿੱਚਿਆ ਗਿਆ, ਉਹ ਆਪ ਦੇ ਚਰਨਾਂ ਵਿੱਚ ਰਹਿ ਕੇ ਗੁਰਬਾਣੀ ਅਤੇ ਹੋਰ ਵੇਦਾਂਤ ਦੇ ਗ੍ਰੰਥ ਵਿਚਾਰਦਾ ਰਹਿੰਦਾ। ਇਸ ਪ੍ਰਕਾਰ ਸੰਤ ਬਚਿੱਤਰ ਸਿੰਘ ਜੀ ਅਤੇ ਇਹ ਪ੍ਰੇਮੀ ਸ਼ਾਮ ਸਿੰਘ ਦੇ ਪ੍ਰੇਮ ਵਸ ਕੁਝ ਸਮਾਂ ਇਥੇ ਗੁਜ਼ਾਰਕੇ ਆਪ ਅੱਗੇ ਨੂੰ ਚਾਲੇ ਪਾ ਗਏ। ਸਮੇਂ-ਸਮੇਂ ਫਿਰ ਇੱਥੇ ਆਉਂਦੇ ਰਹੇ, ਇਸ ਸਮੇਂ ਤੱਕ ਪਿੰਡ ਦੀਆਂ ਹੋਰ ਸੰਗਤਾਂ ਵੀ ਭਾਵੇਂ ਕਾਫੀ ਆਪ ਦੇ ਚਰਨਾਂ ਨਾਲ ਜੁੜ ਚੁੱਕੀਆਂ ਸਨ ਲੇਕਿਨ ਸਤਿਸੰਗ ਅਤੇ ਸੇਵਾ ਦਾ ਜ਼ਿਆਦਾ ਲਾਭ ਸ਼ਾਮ ਸਿੰਘ ਦਾ ਪਰਿਵਾਰ ਹੀ ਉਠਾਉਂਦਾ ਰਿਹਾ। ਸਮਾਂ ਆਪਣੀ ਰਫਤਾਰ ਗੁਜ਼ਰਦਾ ਗਿਆ ਇਤਨੇ ਨੂੰ 1950 ਦਾ ਹਰਦੁਆਰ ਕੁੰਭ ਮੇਲਾ ਆ ਗਿਆ। ਹੋਰ ਲੱਖਾਂ ਯਾਤਰੀਆਂ ਦੀ ਤਰ੍ਹਾਂ ਇਸ ਪਿੰਡ ਸਈਆਂ ਖੇੜਾ ਤੋਂ ਵੀ ਕਾਫੀ ਸੰਗ ਇੱਕਠਾ ਹੋ ਕੇ ਕੁੰਭ ਇਸ਼ਨਾਨ ਲੀ ਹਰਦੁਆਰ ਪਹੁੰਚਿਆ। ਇਥੇ ਰਹਿ ਕੇ ਇਕ ਦੋ ਦਿਨ ਦਰਸ਼ਨ ਇਸ਼ਨਾਨ ਕੀਤੇ, ਆਖਰ ਵੈਸਾਖੀ ਵਾਲੇ ਦਿਨ ਦੇਵਨੇਤ ਨਾਲ ਹਰ-ਕੀ-ਪੌੜੀ ਤੇ ਵਿਰੱਕਤ ਮਹਾਰਾਜ ਜੀ ਦੇ ਦਰਸ਼ਨ ਹੋ ਗਏ। ਸੰਗਤਾਂ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਈਆਂ। ਸ਼ਰਧਾ ਪ੍ਰੇਮ ਨਾਲ ਨਮਸ਼ਕਾਰਾਂ ਕੀਤੀਆਂ, ਮਨ ਦੀ ਗਦ-ਗਦਤਾ ਵਿੱਚ ਅਰਜ਼ ਕੀਤੀ, ਮਹਾਰਾਜ! ਪ੍ਰਮੇਸ਼ਰ ਦੀ ਕ੍ਰਿਪਾ ਹੋਈ ਆਪ ਜੀ ਦੇ ਦਰਸ਼ਨ ਕਰਨ ਨਾਲ ਸਾਡੀ ਕੁੰਭ ਯਾਤਰਾ ਸਫਲੀ ਹੋ ਗਈ, ਆਪ ਕ੍ਰਿਪਾ ਕਰੋ ਸਾਡੇ ਨਾਲ ਸਈਆ-ਖੇੜਾ ਚਲੋ।

ਹਜ਼ੂਰ ਨੇ ਬਚਨ ਕੀਤਾ, ਅਸੀਂ ਤਾਂ ਹੁਣ ਰਿਸ਼ੀਕੇਸ਼ ਚਲੇ ਹਾਂ, ਅਗਰ ਤੁਹਾਡੇ ਕੋਲ ਸਮਾਂ ਹੈ ਤਾਂ ਤੁਸੀਂ ਵੀ ਰਿਸ਼ੀਕੇਸ਼ ਦਰਸ਼ਨ ਕਰ ਜਾਉ। ਸੰਗਤ ਬਚਨ ਮਨ ਕੇ ਨਿਰਮਲ ਆਸ਼ਰਮ ਰਿਸ਼ੀਕੇਸ਼ ਪਹੁੰਚ ਗਈ। ਰਾਤ ਨੂੰ ਆਸ਼ਰਮ ਵਿੱਚ ਠਹਿਰੇ, ਲੰਗਰ ਪਾਣੀ ਗੁਰੂ ਦੇ ਲੰਗਰੋਂ ਛੱਕਿਆ, ਮਹਾਂਪੁਰਸ਼ਾਂ ਦੇ ਦਰਸ਼ਨ ਸੇਵਾ ਦਾ ਲਾਭ ਉਠਾਇਆ। ਸਵੇਰੇ ਉਠਕੇ ਜਿਸ ਵਕਤ ਵਿਰੱਕਤ ਮਹਾਰਾਜ ਜੀ ਦੇ ਦਰਸ਼ਨ ਕਰਨ ਗਏ, ਤਾਂ ਸ਼ਾਮ ਸਿੰਘ ਦੀ ਮਾਤਾ ਨੇ ਮਹਾਰਾਜ ਜੀ ਦੇ ਚਰਨ ਫੜ ਲਏ, ਅਰਜ਼ ਕੀਤੀ, ਮਹਾਰਾਜ! ਪੰਜ ਪੋਤਰੀਆਂ ਹਨ, ਪੋਤਰਾ ਕੋਈ ਨਹੀਂ, ਆਪ ਕ੍ਰਿਪਾ ਕਰੋ ਪੋਤਰੇ ਦੀ ਦਾਤ ਬਖਸ਼ੋਂ! ਮਹਾਰਾਜ ਮੁਸਕਰਾ ਕੇ ਬੋਲੇ, ਮਾਈ! ਗੁਰੂ ਨਾਨਕ ਦੇ ਘਰ ਪਦਾਰਥਾਂ ਦੇ ਖਜਾਨੇ ਭਰੇ ਪਏ ਹਨ ਅਤੇ ਦੇਣ ਨੂੰ ਸਮਰੱਥ ਵੀ ਹਨ, ਇਸ ਲਈ ਉਨ੍ਹਾਂ ਦੀ ਸ਼ਰਨ ਡਿੱਗਕੇ ਇਕ ਪੋਤਰਾ ਕੀ, ਜੋ ਮਰਜ਼ੀ ਲੈ ਲਵੋ। ਮਾਈ ਨੇ ਚਰਨ ਨਾ ਛੱਡੇ, ਚਰਨਾਂ ਤੇ ਲਿਪਟੀ ਹੋਈ ਅਰਜ਼ ਕਰੀਂ ਜਾਵੇ, ਮਹਾਰਾਜ ਗੁਰੂ ਨਾਨਕ ਸਾਨੂੰ ਕਿਥੇ ਮਿਲਣਗੇ, ਆਪ ਹੀ ਕ੍ਰਿਪਾ ਕਰੋ! ਹਜ਼ੂਰ ਬੋਲੇ ਮਹੰਤਾਂ ਨੂੰ ਬੁਲਾਉ! ਥੋੜ੍ਹੀ ਦੇਰ ਬਾਅਦ ਮਹੰਤ ਆਤਮਾ ਸਿੰਘ ਜੀ ਆ ਗਏ। ਮਹਾਰਾਜ ਜੀ ਨੇ ਬਚਨ ਕੀਤਾ, ਮਹੰਤ ਜੀ ਇਸ ਮਾਈ ਨੇ ਅਖੰਡ ਪਾਠ ਸਾਹਿਬ ਕਰਵਾਉਣਾ ਹੈ, ਦੇਖੋ ਜੇ ਪਾਠੀਆਂ ਦਾ ਇੰਤਜਾਮ ਹੈ ਤਾਂ ਅੱਜ ਹੀ ਰੱਖ ਦਿਉ! ਪਾਠ ਆਰੰਭ ਕਰਕੇ ਭੋਗ ਉਪਰੰਤ ਮਹਾਰਾਜ ਜੀ ਨੇ ਹੁਕਮ ਕੀਤਾ ਕਿ ਮਾਈ ਜਾਉ ਹੁਣ ਘਰਾਂ ਨੂੰ, ਗੁਰੂ ਨਾਨਕ ਦੇ ਦਰ ਤੋਂ ਇੱਕ ਕੀ ਜਿਤਨੇ ਮਰਜ਼ੀ ਪੋਤਰੇ ਲੈ ਜਾਉ।

ਸਾਰੀ ਸੰਗਤ ਪਿੰਡ ਨੂੰ ਵਾਪਸ ਮੁੜ ਗਈ। ਇਸ ਗੱਲ ਦੀ ਚਰਚਾ ਸਾਰੇ ਪਿੰਡ ਵਿੱਚ ਹੋ ਗਈ ਕਿ ਸ਼ਾਮ ਸਿੰਘ ਪੁੱਤਰ ਪ੍ਰਾਪਤੀ ਲਈ ਰਿਸ਼ੀਕੇਸ਼ ਅਖੰਡ ਪਾਠ ਕਰਵਾ ਕੇ ਆਇਆ ਹੈ। ਪਿੰਡ ਵਿੱਚ ਇੱਕ ਨੰਬਰਦਾਰ ਸੀ ਘਾਸੀ ਰਾਮ ਜੋ ਕੱਟੜ ਸਨਾਤਨੀ ਖਿਆਲਾਂ ਦਾ ਸੀ, ਉਹ ਬੋਲਿਆ ਦੇਖ ਲਵਾਂਗੇ ਜਦੋਂ ਪੱਤਰੇ ਮੁੰਡਾ ਦੇ ਦੇਣਗੇ!

ਉਧਰ ਗੁਰੂ ਨਾਨਕ ਨੇ ਮਿਹਰ ਕੀਤੀ, ਦਸ ਮਹੀਨੇ ਬਾਅਦ ਸ਼ਾਮ ਸਿੰਘ ਦੇ ਘਰ ਪੁੱਤਰ ਪੈਦਾ ਹੋਇਆ, ਘਰ ਵਿੱਚ ਖੁਸ਼ੀਆਂ ਮਨਾਈਆਂ ਗਈਆਂ। ਸ਼ਾਮ ਸਿੰਘ ਦੇ ਦੋ ਸ਼ਾਦੀਆਂ ਸਨ, ਗੁਰੂ ਨਾਨਕ ਨੇ ਮਿਹਰ ਕੀਤੀ, ਮਹਾਂਪੁਰਸ਼ਾਂ ਦਾ ਬਚਨ ਫਲੀਭੂਤ ਹੋਇਆ, ਦੋਨਾਂ ਸ਼ਾਦੀਆਂ ਤੋਂ ਇੱਕ ਇੱਕ ਕਰਕੇ ਛੇ ਪੁੱਤਰ ਪੈਦਾ ਹੋਏ, ਇਉਂ ਸ਼ਾਮ ਸਿੰਘ ਦੇ ਘਰ ਪੁੱਤਰਾਂ ਦਾ ਬਾਗ ਲੱਗ ਗਿਆ। ਕਈ ਸਾਲਾਂ ਬਾਅਦ ਵਿਰੱਕਤ ਮਹਾਰਾਜ ਜੀ ਸਈਆਂ ਖੇੜਾ ਗਏ ਤਾਂ ਸ਼ਾਮ ਸਿੰਘ ਦਾ ਪਰਿਵਾਰ ਅਤੇ ਹੋਰ ਸੰਗਤਾਂ ਬਹੁਤ ਪ੍ਰੇਮ ਨਾਲ ਮਿਲੀਆਂ, ਬੇਨਤੀ ਕੀਤੀ, ਮਹਾਰਾਜ! ਆਪ ਨੇ ਕ੍ਰਿਪਾ ਕੀਤੀ, ਇਕ ਪੁੱਤਰ ਨੂੰ ਤਰਸਦੇ ਸੀ ਆਪ ਨੇ ਛੇ ਬਖਸ਼ ਦਿੱਤੇ! ਹਜ਼ੂਰ ਬੋਲੇ, ਨੰਬਰਦਾਰ ਘਾਸੀ ਰਾਮ ਹੈ? ਨਹੀਂ ਮਹਾਰਾਜ ਉਹ ਤਾਂ ਗੁਜ਼ਰ ਗਿਆ। ਮਹਾਰਾਜ ਥੋੜਾ ਮੁਸਕਰਾਕੇ ਚੁੱਪ ਹੋ ਗਏ, ਇੱਕ ਦੋ ਦਿਨ ਠਹਿਰਣ ਤੋਂ ਬਾਅਦ ਹਜ਼ੂਰ ਕਿਸੇ ਪਾਸੇ ਹੋਰ ਚਲੇ ਗਏ। ਕੁਝ ਸਮੇਂ ਬਾਅਦ ਆਪ ਰਿਸ਼ੀਕੇਸ਼ ਟਿਕੇ ਹੋਏ ਸਨ, ਸਈਆਂ ਖੇੜਾ ਪਿੰਡ ਤੋਂ ਕੁਝ ਸੰਗਤ ਰਿਸ਼ੀਕੇਸ਼ ਆਈ, ਅਰਜ਼ ਕੀਤੀ, ਮਹਾਰਾਜ! ਆਪ ਕ੍ਰਿਪਾ ਕਰਕੇ ਸਈਆਂ ਖੇੜਾ ਚੱਲੋ, ਉਥੋਂ ਦੀਆਂ ਸੰਗਤਾਂ ਨੂੰ ਦਰਸ਼ਨ ਬਖਸ਼ਿਸ਼ ਕਰੋ! ਹਜ਼ੂਰ ਬੋਲੇ ਉਥੇ ਹੁਣ ਨਹੀਂ ਜਾਣਾ।

ਸੰਗਤ ਨੇ ਅਰਜ਼ ਕੀਤੀ, ਮਹਾਰਾਜ! ਸਾਥੋਂ ਕੀ ਗੁਨਾਹ ਹੋ ਗਿਆ ਆਪ ਕਿਉਂ ਨਹੀਂ ਜਾਂਦੇ। ਹਜ਼ੂਰ ਬੋਲੇ, ਨੰਬਰਦਾਰ ਘਾਸੀ ਰਾਮ ਤਾਂ ਉਥੇ ਹੁਣ ਹੈ ਨਹੀਂ, ਗੁਜ਼ਰ ਗਿਆ ਹੁਣ ਕਿਸ ਲਈ ਜਾਈਏ? ਸੰਗਤ ਬੋਲੀ, ਮਹਾਰਾਜ ਉਹ ਤਾਂ ਆਪ ਦਾ ਕੱਟੜ ਵਿਰੋਧੀ ਸੀ ਆਪ ਉਸ ਨਾਲ ਇਤਨਾ ਪ੍ਰੇਮ ਕਿਉਂ ਕਰ ਰਹੇ ਹੋ? ਹਜ਼ੂਰ ਬੋਲੇ, ਬਾਤ ਵਿਰੋਧ ਜਾਂ ਪ੍ਰੇਮ ਦੀ ਨਹੀਂ ਹੈ, ਅਸੀਂ ਤਾਂ ਉਸਨੂੰ ਪੁੱਛਣ ਜਾਣਾ ਸੀ ਕਿ ਪੱਤਰੇ ਮੁੰਡਾ ਦੇ ਸਕਦੇ ਹਨ ਕਿ ਨਹੀਂ! ਇਸ ਤਰ੍ਹਾਂ ਸੰਗਤਾਂ ਪ੍ਰੇਮ ਬਿਲਾਸ ਕਰਕੇ ਵਾਪਸ ਭੇਜ ਦਿੱਤੀਆਂ।*

## ਪਹਿਲੀ ਵਾਰ ਕਰਨਾਲ ਜਾਣਾ

**ਸੰਤ ਰਹਤ ਸੁਨਹੁ ਮੇਰੇ ਭਾਈ॥ ਉਆ ਕੀ ਮਹਿਮਾ ਕਥਨੁ ਨ ਜਾਈ॥ ਰਹਾਉ॥**
**ਵਰਤਨਿ ਜਾ ਕੈ ਕੇਵਲ ਨਾਮ॥ ਅਨਦ ਰੂਪ ਕੀਰਤਨੁ ਬਿਸ੍ਰਾਮ॥**
**ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ॥ ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ॥**
**ਕੋਟਿ ਕੋਟਿ ਅਘ ਕਾਟਨਹਾਰਾ॥ ਦੁਖ ਦੂਰਿ ਕਰਨ ਜੀਅ ਕੇ ਦਾਤਾਰਾ॥**
**ਸੂਰਬੀਰ ਬਚਨ ਕੇ ਬਲੀ॥ ਕਉਲਾ ਬਪੁਰੀ ਸੰਤੀ ਛਲੀ॥**
**ਤਾ ਕਾ ਸੰਗੁ ਬਾਛਹਿ ਸੁਰਦੇਵ॥ ਅਮੋਘ ਦਰਸੁ ਸਫਲ ਜਾ ਕੀ ਸੇਵ॥**
**ਕਰ ਜੋੜਿ ਨਾਨਕੁ ਕਰੇ ਅਰਦਾਸਿ॥ ਮੋਹਿ ਸੰਤਹ ਟਹਲ ਦੀਜੈ ਗੁਣਤਾਸਿ॥**

*(ਆਸਾ ਮ: ੫, ਪੰਨਾ-੩੯੨)*

ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਸੰਤ ਦੀ ਰਹਿਤ ਯਾਨੀ ਮਹਿਮਾ ਦਾ ਵਰਨਣ ਕਰ ਰਹੇ ਹਨ। ਗੁਰੂ ਬਾਬਾ ਜੀ ਫੁਰਮਾਉਂਦੇ ਹਨ ਕਿ ਵੈਸੇ ਤਾਂ ਸੰਤ ਦੀ ਮਹਿਮਾ ਕਹਿਣ ਕਥਨ ਵਿੱਚ ਆ ਹੀ ਨਹੀਂ ਸਕਦੀ, ਕਿਉਂਕਿ ਉਹ ਜ਼ੁਬਾਨ ਦਾ ਵਿਸ਼ਾ ਹੀ ਨਹੀਂ, ਉਹ ਤਾਂ 'ਸਵੰਸੰਵੇਦਯ' ਮਹਿਮਾ ਮਹਾਂਪੁਰਖਾਂ ਦੇ ਆਪਣੇ ਜਾਨਣ ਯੋਗ ਹੀ ਵਿਸ਼ਾ ਹੈ ਕਿਉਂਕਿ—

**ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ॥**

*(ਸੁਖਮਨੀ ਪੰਨਾ-੨੭੩)*

ਯਾਨੀ ਗਿਆਨਵਾਨ ਖੁਦ ਹੀ ਜਾਣਦਾ ਹੈ ਦੂਸਰਾ ਨਹੀਂ। ਬਲਕਿ ਲਗਦਾ ਤਾਂ ਕੁਝ ਇਉਂ ਹੈ ਕਿ ਇਸ ਮਹਿਮਾ ਨੂੰ ਜਾਨਣ ਵਿੱਚ ਬਾਧਕ ਕਹੋ ਜਾਂ ਰੁਕਾਵਟ ਹੈ ਹੀ ਦੂਸਰਾ।

---

* *ਮਹਾਂਪੁਰਸ਼ਾਂ ਦੀ ਕ੍ਰਿਪਾ ਨਾਲ ਇਸ ਪ੍ਰੇਮੀ ਸ਼ਾਮ ਸਿੰਘ ਦੇ ਘਰ ਦੋ ਪਤਨੀਆਂ ਤੋਂ ਯਾਨੀ ਮਾਤਾ ਸ਼ਾਂਤੀ ਦੇਵੀ ਅਤੇ ਸੁੰਦਰ ਦੇਵੀ ਦੀ ਕੁੱਖੋਂ 6 ਲੜਕੇ ਪੈਦਾ ਹੋਏ, ਵੱਡੇ ਦਾ ਨਾਮ ਦਯਾ ਸਿੰਘ, ਚਰਨ ਸਿੰਘ, ਸਤਨਾਮ ਸਿੰਘ, ਰਾਜ ਸਿੰਘ, ਗੋਪਾਲ ਸਿੰਘ ਇਹ ਪੰਜ ਤਾਂ ਇਸ ਸਮੇਂ ਜਿੰਦਾਂ ਹਨ, ਛੇਵਾਂ ਗੁਜਰ ਚੁੱਕਿਆ ਹੈ। ਇਨ੍ਹਾਂ ਦਾ ਪਿਤਾ ਭਾਈ ਸ਼ਾਮ ਸਿੰਘ ਅਜੇ ਤਕੜੀ ਸਿਹਤ ਵਿੱਚ ਹੈ।*

ਕਿਸੇ ਸਿਆਣੇ ਨੇ ਸਵਾਲ ਕੀਤਾ ਮਹਾਰਾਜ ਸੰਤ ਦੀ ਮਹਿਮਾ ਪੂਰੀ-ਪੂਰੀ ਕਿਵੇਂ ਜਾਣੀ ਜਾਵੇ? ਜਵਾਬ ਮਿਲਿਆ—

ਹਉ ਹਉ ਮੈ ਮੈ ਵਿਚਹੁ ਖੋਵੈ॥ ਦੂਜਾ ਮੇਟੈ ਏਕੋ ਹੋਵੈ॥

*(ਪੰਨਾ—੯੪੩)*

ਮਹਾਰਾਜ ਇਹ ਕੰਮ ਤਾਂ ਡਾਢਾ ਕਠਨ ਲੱਗ ਰਿਹਾ ਹੈ, ਕੋਈ ਪਰਸੰਵੇਦਯ ਮਹਿਮਾ ਹੀ ਸੁਣਾ ਦਿਉ, ਜਿਸ ਨੂੰ ਸਾਡੀ ਅਸਥੂਲ ਬੁੱਧੀ ਵੀ ਥੋੜ੍ਹੀ ਸਮਝ ਲਵੇ। ਗੁਰੂ ਅਰਜਨ ਦੇਵ ਜੀ ਨੇ ਦਇਆ ਦੇ ਘਰ ਆ ਕੇ ਉਪਰੋਕਤ ਸ਼ਬਦ ਵਿੱਚ ਮਹਾਂਪੁਰਖਾਂ ਦੇ ਕੁਝ ਬਾਹਝ ਲਛਣਾਂ ਦਾ ਵਰਨਣ ਕੀਤਾ। ਐਸੇ ਮਹਾਂਪੁਰਖਾਂ ਦਾ ਵਰਤਾਵ ਚੌਵੀ ਘੰਟੇ ਕੇਵਲ ਨਾਮ ਨਾਲ ਹੀ ਹੁੰਦਾ ਹੈ, ਪਰਮੇਸ਼ਰ ਦੀ ਜਸ ਕੀਰਤੀ ਯਾਨੀ ਗੁਨਾਣ ਵਾਦ ਰੂਪੀ ਅਨੰਦ ਵਿੱਚ ਹੀ ਉਹ ਵਿਸ਼ਰਾਮ ਕਰਦੇ ਹਨ, ਦੁਸ਼ਮਣ ਤੇ ਮਿੱਤਰ ਦੋਨੋਂ ਉਨ੍ਹਾਂ ਨੂੰ ਇਕ ਸਮਾਨ ਹਨ। ਆਪਣੇ ਪਿਆਰੇ ਪ੍ਰੀਤਮ ਤੋਂ ਬਿਨਾਂ ਉਹ ਦੂਸਰਾ ਜਾਣਦੇ ਹੀ ਨਹੀਂ ਯਾਨੀ ਉਨ੍ਹਾਂ ਦੀ ਦ੍ਰਿਸ਼ਟੀ ਵਿੱਚ ਦਵੈਤ ਦਾ ਨਾਮੋਂ ਨਿਸ਼ਾਨ ਨਹੀਂ।

ਯਥਾ — ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

*(ਬਿਲਾਵਲੁ ਮ: ੫, ਪੰਨਾ-੮੪੬)*

ਐਸੇ ਏਕੇ ਵਿੱਚ ਸਮਾਏ ਹੋਏ ਮਹਾਂਪੁਰਖ ਕਰੋੜਾਂ-ਕਰੋੜਾਂ ਪਾਪ ਕੱਟਣ ਨੂੰ ਸਮਰੱਥ ਹਨ। ਜੀਵਾਂ ਦੇ ਦੁੱਖ ਦੂਰ ਕਰਨ ਵਾਲੇ ਅਥਵਾ ਜੀਅ ਦਾਨ ਦਾਣ ਵਾਲੇ ਦਾਤੇ ਹਨ। ਐਸੇ ਮਹਾਂਪੁਰਸ਼ਾਂ ਦਾ ਸੰਗ ਸਵਰਗ ਰਾਜ ਇੰਦਰ ਵੀ ਲੋਚਦਾ ਹੈ। ਐਸੇ ਪੁਰਸ਼ਾ ਦੇ ਦਰਸ਼ਨ ਪਾਪਾਂ ਦੇ ਕਟਣ ਨੂੰ ਮਾਨੋ ਅਮੋਘ ਬਾਣ ਹਨ ਅਤੇ ਉਨ੍ਹਾਂ ਦੀ ਸੇਵਾ ਸਾਰੇ ਫਲਾਂ ਦੀ ਦਾਤੀ ਹੈ। ਜਿਸ ਮਾਇਆ ਦੀ ਠੱਗੀ ਤੋਂ ਸਾਰਾ ਸੰਸਾਰ ਅਤੇ ਤੇਤੀ ਕਰੋੜ ਦੇਵਤਾ ਹੀ ਨਹੀਂ ਬਲਕਿ ਬ੍ਰਹਮਾ, ਬਿਸ਼ਨ ਅਤੇ ਮਹਾਦੇਉ ਆਦਿਕ-ਆਦਿਕ ਵੀ ਨਹੀਂ ਬਚ ਸਕੇ—

ਬ੍ਰਹਮ ਲੋਕ ਅਰੁ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ॥
ਸਾਧਸੰਗਤਿ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ॥
ਅਬ ਮੋਹਿ ਆਇ ਪਰਿਓ ਸਰਨਾਇ॥
ਗੁਹਜ ਪਾਵਕੋ ਬਹੁਤ ਪ੍ਰਜਾਰੈ ਮੋ ਕਉ ਸਤਿਗੁਰਿ ਦੀਓ ਹੈ ਬਤਾਇ॥ ਰਹਾਉ॥
ਸਿਧ ਸਾਧਿਕ ਅਰੁ ਜਖ੍ਯ ਕਿੰਨਰ ਨਰ ਰਹੀ ਕੰਠਿ ਉਰਝਾਇ॥
ਜਨ ਨਾਨਕ ਅੰਗੁ ਕੀਆ ਪ੍ਰਭਿ ਕਰਤੈ ਜਾ ਕੈ ਕੋਟਿ ਐਸੀ ਦਾਸਾਇ॥

*(ਗੂਜਰੀ ਮ: ੫, ਪੰਨਾ-੫੦੦)*

ਇਤਿਆਦਿਕ ਮਾਇਆ ਵਰਗੀਆਂ ਕਰੋੜਾਂ ਦਾਸੀਆਂ ਹਨ ਐਸੇ ਜਨਾਂ ਦੀਆਂ। ਲੇਕਿਨ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਐਸੇ ਮਹਾਂਪੁਰਖਾਂ ਵਿੱਚ ਉਪਰੋਕਤ ਗੁਣਾਂ ਤੋਂ ਵੀ ਇਕ ਵਿਸ਼ੇਸ਼ ਗੁਣ ਦਾ ਜ਼ਿਕਰ ਕਰ ਰਹੇ ਹਨ—

ਸੂਰਬੀਰ ਬਚਨ ਕੇ ਬਲੀ॥

*(ਆਸਾ ਮ: ੫, ਪੰਨਾ—੩੯੨)*

ਜੋ ਬਚਨ ਇਕ ਦਫਾ ਜਬਾਨ ਵਿੱਚੋਂ ਦੇ ਦਿੱਤਾ, ਉਹ ਹਰ ਹਾਲਤ ਵਿੱਚ ਪੂਰਾ ਕਰਨਾ। ਇਸ ਤੋਂ ਉਲਟ ਮਾਇਆ ਦੇ ਭ੍ਰਮਾਏ ਹੋਏ ਸੰਸਾਰੀ ਜੀਵ ਬਚਨ ਦੇ ਕੇ ਸ਼ਾਇਦ ਇੱਧਰ ਉਧਰ ਹੋ ਜਾਂਦੇ ਹੋਣ, ਤਾਂ ਹੀ ਗੁਰੂ ਸਾਹਿਬ ਜੀ ਨੂੰ ਲਿਖਣਾ ਪਿਆ—

ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ॥

*(ਡਖਣੇ ਮ: ੫, ਪੰਨਾ-੧੦੯੯)*

ਪ੍ਰਕਾਸ਼ ਕਰਨਾ ਅੱਗ ਦਾ ਜਿਵੇਂ ਸੁਭਾਵ ਹੀ ਹੈ, ਇਸੇ ਤਰ੍ਹਾਂ ਬਚਨ ਦੇ ਕੇ ਪੂਰਾ ਕਰਨਾ ਸ਼ਾਇਦ ਇਨ੍ਹਾਂ ਦਾ ਧੁਰੋਂ ਹੀ ਸੁਭਾਵ ਹੈ। ਗੁਰੂ ਤੇਗ ਬਹਾਦੁਰ ਮਹਾਰਾਜ ਜੀ ਨੇ ਬਚਨ ਦਿੱਤਾ, ਕਸ਼ਮੀਰੀ ਪੰਡਿਤਾਂ ਨੂੰ। ਬਚਨ ਪਾਲਣ ਵਾਲੇ ਨੇ ਸੀਸ ਤਾਂ ਦੇ ਦਿੱਤਾ, ਲੇਕਿਨ ਸੀ ਨਹੀਂ ਉਚਾਰੀ॥

ਰਘੁ ਕੁਲ ਰੀਤ ਸਦਾ ਚਲ ਆਈ॥ ਪ੍ਰਾਣ ਜਾਹੂੰ ਪਰ ਬਚਨ ਨ ਜਾਈ॥

ਔਹ ਦੇਖੋ! ਇਧਰ ਵੀ ਅੱਜ ਕੁਝ ਐਸਾ ਹੀ ਪ੍ਰਤੀਤ ਦੇ ਰਿਹਾ ਹੈ ਕਿ ਪੂਜਯ ਵਿਰੱਕਤ ਮਹਾਰਾਜ ਜੀ ਸ਼ਾਇਦ ਕਿਸੇ ਐਸੇ ਪੂਰਬ ਦੇ ਦਿੱਤੇ ਬਚਨ ਨੂੰ ਪੂਰਾ ਕਰਨ ਲਈ ਹੀ ਮਾਲੀਆਂ ਦੀ ਮੰਡਲੀ ਨੂੰ ਨਾਲ ਲੈ ਕੇ ਕਿਤੇ ਜਾਣ ਦੀ ਤਿਆਰੀ ਕਰ ਰਹੇ ਹਨ।

1950 ਦਾ ਅੱਜ ਵੈਸਾਖੀ ਵਾਲਾ ਦਿਨ ਗੁਜ਼ਰ ਜਾਣ ਦੇ ਨਾਲ ਹੀ ਕੁੰਭ ਦਾ ਮੇਲਾ ਵੀ ਬਾਰਾਂ ਸਾਲਾਂ ਦੀ ਲੰਬੀ ਛੁੱਟੀ ਲੈ ਕੇ ਵਤਨਾਂ ਨੂੰ ਚਾਲੇ ਪਾ ਗਿਆ। ਕੁੰਭ ਦੇ ਮੇਲੇ ਤੇ ਇਸ਼ਨਾਨ ਕਰਨ ਆਏ ਲੱਖਾਂ ਗ੍ਰਹਿਸਤੀ ਭਗਤ ਅਤੇ ਹਜ਼ਾਰਾਂ ਸਾਧੂ ਮਹਾਤਮਾ ਵੀ ਟਾਂਵੇਂ-ਟਾਂਵੇਂ ਨੂੰ ਛੱਡ ਕੇ ਬਾਕੀ ਸੱਭ ਹਰਦੁਆਰ ਨੂੰ ਇਉਂ ਅਲਵਿਦਾ ਕਹਿ ਰਹੇ ਹਨ, ਜਿਵੇਂ ਚੇਤ ਚੜ੍ਹਦੇ ਹੀ ਮੈਦਾਨੀ ਇਲਾਕੇ ਨੂੰ ਕੂੰਜਾਂ।

ਕਿਸੇ ਸਮੇਂ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਨੇ ਆਪਣੇ ਸਰੂਪ ਗੁਰੂ ਅੰਗਦ ਦੇਵ ਜੀ ਨੂੰ ਸਖ਼ਤ ਘਾਲਣਾ ਘਾਲਦਿਆਂ ਨੂੰ ਦੇਖਕੇ ਕਿਹਾ ਸੀ, ਤੂੰ ਇਤਨੀ ਸਖ਼ਤ ਘਾਲਣਾ ਕਿਉਂ ਘਾਲੇਂ? ਅਸੀਂ ਆਪਣੀ ਸਾਰੀ ਕਮਾਈ ਤੇਰੇ ਜੋ ਪੱਲੇ ਪਾ ਦਿੱਤੀ। ਐਸਾ ਹੀ ਅਲੌਕਿਕ ਖੇਡ ਅੱਜ ਨਜ਼ਰ ਆ ਰਿਹੀ ਹੈ।

ਬਾਹਰ ਤੌਰ ਤੇ ਭਾਵੇਂ ਸੰਤ ਭਗਤ ਸਿੰਘ ਜੀ ਹੀ ਕੁੰਭ ਮੇਲੇ ਤੇ ਆਪ ਨੂੰ ਬੇਨਤੀ ਕਰਕੇ ਗਏ ਸਨ ਕਰਨਾਲ ਆਉਣ ਦੀ, ਲੇਕਿਨ ਮੁੱਖ ਕਾਰਨ ਸ਼ਾਇਦ ਕੋਈ ਹੋਰ ਹੈ। ਇਉਂ ਲੱਗ ਰਿਹਾ ਹੈ ਜਿਵੇਂ ਕਿਸੇ ਪੂਰਬ ਦੇ ਦਿੱਤੇ ਬਚਨ ਨੂੰ ਪੂਰਾ ਕਰਨ ਹੀ ਚੱਲੇ ਹਨ। ਪਤਾ ਲੱਗਿਆ ਹੈ ਕਿ ਪਰਮ ਪੁਰਖ ਦਾ ਇਕ ਦਾਸ ਸ਼ਹਿਜ਼ਾਦੇ ਦੇ ਰੂਪ ਵਿਚ ਕੋਈ ਤਿੰਨ-ਕੁ ਮਹੀਨੇ ਨੂੰ ਕਰਨਾਲ ਆ ਰਿਹਾ ਹੈ, ਜਗਤ ਤਮਾਸ਼ਾ ਦੇਖਣ ਲਈ। ਆਪ ਨੇ ਸ਼ਾਇਦ ਕੁਝ ਸਮਾਂ ਪਹਿਲਾਂ ਉਸਦੀ ਕਿਸੇ ਖਾਸ ਸੇਵਾ ਤੇ ਖੁਸ਼ ਹੋ ਕੇ ਆਪਣੇ ਦਿਆਲੂ ਸੁਭਾ ਅਨੁਸਾਰ ਬਚਨ ਦੇ ਦਿੱਤਾ ਸੀ ਕਿ ਠੀਕ ਹੈ—

ਗੁਰਮੁਖਿ ਆਵੈ ਜਾਇ ਨਿਸੰਗੁ ॥*

*(ਦਖਣੀ ਓਅੰਕਾਰੁ, ਪੰਨਾ-੯੩੨)*

ਆਪਣੀ ਮੌਜ ਵਿੱਚ ਆ ਜਾਣਾ ਅਸੀਂ ਤੇਰੇ ਜਗਤ ਖੇਡ ਦੇਖਣ ਲਈ ਇਕ ਸੁੰਦਰ ਬਾਗ ਲਾ ਕੇ ਰੱਖਾਂਗੇ, ਹੁਣ ਤੈਨੂੰ ਹੋਰ ਕਸ਼ਟਦਾਇਕ ਘਾਲਣਾ ਘਾਲਣ ਦੀ ਲੋੜ ਨਹੀਂ, ਕਿਉਂਕਿ ਸੂਰਬੀਰ ਬਲੀ ਜੋ ਹੋਏ ਬਚਨ ਪਾਲਣ ਦੇ। ਇਸ ਲਈ ਦਿੱਤੇ ਬਚਨਾਂ ਅਨੁਸਾਰ ਸੰਤ ਬਾਬਾ ਬੇਅੰਤ ਸਿੰਘ ਜੀ, ਸੰਤ ਦਰਸ਼ਨ ਸਿੰਘ ਜੀ, ਸੰਤ ਸ਼ੋਮ ਸਿੰਘ ਜੀ ਅਤੇ ਸੁਆਮੀ ਸੱਚਦਾਨੰਦ ਜੀ ਠੁੱਲੀਵਾਲ ਵਾਲੇ ਆਦਿਕ ਮਹਾਂਪੁਰਖ ਕੀ, ਮਾਨੋਂ ਮਾਲੀਆਂ ਦਾ ਇੱਕ ਗਰੁੱਪ ਲੈ ਕੇ ਹਾੜ੍ਹ ਦੇ ਮਹੀਨੇ ਕਰਨਾਲ ਪਹੁੰਚ ਗਏ, ਸੰਤ ਭਗਤ ਸਿੰਘ ਜੀ ਦੀ ਕੁਟੀਆ। ਸ਼ਹਿਜ਼ਾਦਾ ਕਿ ਸ਼ਹਿਨਸ਼ਾਹ ਉਸਦਾ ਆਗਮਨ ਤਾਂ ਅੱਸੂ ਜਾਂ ਕੱਤਿਕ ਵਿੱਚ ਸੀ ਲੇਕਿਨ ਆਪ ਨੇ ਤਿੰਨ ਮਹੀਨੇ ਪਹਿਲਾਂ ਹੀ ਬਾਗ ਦੀ ਪਰਵਰਸ਼ ਸ਼ੁਰੂ ਕਰ ਦਿੱਤੀ। ਇੱਕ ਛੋਟੀ-ਜਿਹੀ ਬਗੀਚੀ ਤਾਂ ਸੰਤ ਭਗਤ ਸਿੰਘ ਮਹਾਰਾਜ ਨੇ ਪਹਿਲਾਂ ਹੀ ਲਾ ਰੱਖੀ ਸੀ ਜੋ ਕਰਨਾਲ ਪਹੁੰਚਦਿਆਂ ਹੀ ਆਪ ਦੇ ਚਰਨਾਂ ਵਿੱਚ ਇਉਂ ਕਹਿ ਕੇ ਭੇਟਾ ਚੜ੍ਹਾ ਦਿੱਤੀ, ਕਿ ਇਹ ਦੋ ਭੁਜਾਂ ਸਾਖਸ਼ਾਤ ਵਿਸ਼ਨੂੰ ਭਗਵਾਨ ਹਨ। ਤੁਹਾਡੀ ਜੋ ਇੱਛਾ ਹੋਵੇ, ਯਾਨੀ ਧਰਮ, ਅਰਥ, ਕਾਮ, ਮੋਖ ਆਦਿਕ ਚਾਰੇ ਪਦਾਰਥਾਂ ਦੇ ਦੇਣ ਨੂੰ ਹਰ ਪ੍ਰਕਾਰ ਨਾਲ ਸਮਰੱਥ ਹਨ।

ਹੁਣ ਆਪ ਨੇ ਉਸ ਬਗੀਚੀ ਦੀ ਪਰਵਰਸ਼ ਦੇ ਨਾਲ-ਨਾਲ ਹਰ ਪ੍ਰਕਾਰ ਦੇ ਨਵੇਂ ਪੌਦੇ ਲਾਉਣੇ ਸ਼ੁਰੂ ਕਰ ਦਿੱਤੇ। ਇੱਕ-ਦੋ ਦਿਨ ਤੋਂ ਬਾਅਦ ਵਿਰੱਕਤ ਮਹਾਰਾਜ ਜੀ ਨੇ ਰਾਤ ਦੇ ਸਮੇਂ ਬਾਬਾ ਬੇਅੰਤ ਸਿੰਘ ਜੀ ਨਾਲ ਸੁਭਾਵਕ ਗੱਲ ਕੀਤੀ, ਕਿ ਬਾਬਾ ਜੀ! ਸੰਗਤ ਹੈ ਤਾਂ ਸ਼ੁਭ ਸੰਸਕਾਰੀ ਪਰਮਾਰਥਕ ਖਿਆਲਾਂ ਦੀ, ਲੇਕਿਨ ਗੁਰੂ ਨਾਨਕ ਦੇ ਘਰ ਦੀ ਗੱਲ ਬਹੁਤ ਘੱਟ ਦੇਖਣ ਵਿੱਚ ਆ ਰਹੀ ਹੈ। ਬਾਬਾ ਬੇਅੰਤ ਸਿੰਘ ਜੀ ਮੁਸਕਰਾ ਕੇ ਬੋਲੇ, ਮਹਾਰਾਜ! ਫਿਰ ਦੇਰੀ ਕਿਉਂ ਕਰਦੇ ਹੋ, ਗੱਡ ਦਿਉ ਮੋਹੜੀ ਗੁਰੂ ਨਾਨਕ ਦੇ ਘਰ ਦੀ! ਦੂਸਰੇ ਦਿਨ ਤੋਂ ਆਪ ਜੀ ਨੇ ਸ੍ਰੀ ਜਪੁਜੀ ਸਾਹਿਬ ਦੀ ਲੜੀਵਾਰ ਕਥਾ ਸ਼ੁਰੂ ਕਰ ਦਿੱਤੀ। ਮਾਤਾ ਵਿਦਿਆਵਤੀ ਅਤੇ ਗਿਆਨੀ ਹਰਬੰਸ ਸਿੰਘ ਜੀ, ਸ੍ਰੀ ਹੰਸਰਾਜ ਜੀ ਛਾਬੜਾ, ਸ੍ਰੀ ਪਿਆਰਾ ਲਾਲ ਅਤੇ ਮਾਤਾ ਭਾਵਾਂ ਰਾਣੀ, ਮਾਤਾ ਵੇਦ ਕੁਮਾਰੀ, ਮਾਤਾ ਸੀਤਾ, ਮਾਤਾ ਸ਼ਾਂਤੀ ਦੇਵੀ, ਗਿਆਨ ਸਿੰਘ

---

* *ਇਸ ਤੋਂ ਤਿੰਨ ਮਹੀਨੇ ਬਾਅਦ ਮਹੰਤ ਰਾਮ ਸਿੰਘ ਜੀਆਂ ਦੇ ਪਵਿੱਤਰ ਸਰੀਰ ਦਾ ਇਸ ਸੰਸਾਰ ਤੇ ਆਉਣਾ ਹੋਇਆ।*

ਜੀ ਅਤੇ ਮਾਤਾ ਬਿਮਲਾ ਦੇਵੀ ਇਤਿਆਦਿਕ ਦੋ ਚਾਰ ਸਤਸੰਗੀ ਪਰਿਵਾਰਾਂ ਦੀ ਛੋਟੀ ਜਿਹੀ ਬਗੀਚੀ ਤਾਂ ਪਹਿਲਾਂ ਹੀ ਲੱਗੀ ਹੋਈ ਸੀ, ਹੁਣ ਜਪੁਜੀ ਸਾਹਿਬ ਦੀ ਕਥਾ ਸ਼ੁਰੂ ਹੋਣ ਤੇ ਹੋਰ ਕਾਫੀ ਸੰਗਤਾਂ ਆਉਣੀਆਂ ਸ਼ੁਰੂ ਹੋ ਗਈਆਂ। ਕਿਉਂਕਿ ਇਹ ਲੋਕ ਦੇਸ਼ ਗਰਦੀ ਦੀ ਬਿਪਤਾ ਵਿੱਚੋਂ ਗੁਜ਼ਰੇ ਸਨ, ਧਨ ਪਦਾਰਥ ਅਤੇ ਘਰ-ਘਾਟ ਤਾਂ ਸਭ ਦੇ ਉਜੜ ਹੀ ਚੁੱਕੇ ਸਨ, ਕਈਆਂ ਦੇ ਸਕੇ ਸੰਬੰਧੀ ਵੀ ਇਸ ਦੇਸ਼ ਦੀ ਦੁਖਦਾਈ ਵੰਡ ਦਾ ਸ਼ਿਕਾਰ ਹੋ ਚੁੱਕੇ ਸਨ, ਇਸ ਲਈ ਇਨ੍ਹਾਂ ਦੇ ਮਨ ਗਹਿਰੀ ਮਾਨਸਿਕ ਚੋਟ ਖਾ ਕੇ ਬੁਰੀ ਤਰ੍ਹਾਂ ਫੱਟੜ ਹੋ ਚੁੱਕੇ ਸਨ। ਇਨ੍ਹਾਂ ਵਿੱਚੋਂ ਕੁਝ ਐਸੇ ਸਨ ਜਿਵੇਂ ਲੱਭਾ ਰਾਮ ਜੀ ਇਕ ਮਸੀਤ ਵਿੱਚ ਦਿਨ ਕੱਟ ਰਹੇ ਸਨ ਅਤੇ ਮਾਤਾ ਭਾਵਾਂ ਰਾਣੀ ਜੈਸੇ ਆਪਣੇ ਛੋਟੇ-ਛੋਟੇ ਬਚਿਆਂ ਸਮੇਤ ਮਹਿਲਾ ਆਸ਼ਰਮ ਵਿੱਚ ਸਮਾਂ ਗੁਜ਼ਾਰਨ ਲਈ ਮਜਬੂਰ ਸਨ। ਐਸੀ ਦੁੱਖਾਂ ਦੀ ਕਾਲੀ ਬੋਲੀ ਰਾਤ ਵਿੱਚ ਕੋਈ ਰਸਤਾ ਦਿਖਾਉਣ ਵਾਲਾ ਹੋਵੇ, ਫਿਰ ਹੋਰ ਕੀ ਚਾਹੀਏ—ਅੰਨਿਆਂ, ਤੈਨੂੰ ਦੋ ਨੈਣ।

ਸੋ ਸੰਭਵ ਹੈ ਇਨ੍ਹਾਂ ਲੋਕਾਂ ਦੇ ਵੀ ਕੁਝ ਨਿਸ਼ਕਾਮ ਪੁੰਨ-ਕਰਮ ਫਲ ਦੇਣ ਲਈ ਸਨਮੁਖ ਹੋ ਗਏ ਹੋਣ। ਕਿਉਂਕਿ ਬਗੈਰ ਵੱਡੇ ਨਸੀਬਾਂ ਤੋਂ ਐਸੇ ਸੁੰਦਰ ਬਾਗ ਵਿੱਚ ਟਿਕਾਣਾ ਵੀ ਕਿਥੇ ਮਿਲਦਾ ਹੈ। ਇਸ ਪ੍ਰਕਾਰ ਕੋਈ ਪੰਦਰਾਂ ਕੁ ਦਿਨਾਂ ਵਿਚ ਜਪੁਜੀ ਸਾਹਿਬ ਦੀ ਕਥਾ ਸੰਪੂਰਨ ਹੋ ਗਈ ਅਤੇ ਇਤਨੇ ਥੋੜ੍ਹੇ ਸਮੇਂ ਵਿੱਚ ਹੀ ਬਾਗ ਦਾ ਵੀ ਕਾਫੀ ਵਿਸਥਾਰ ਹੋ ਗਿਆ। ਇਥੇ ਨਵੇਂ ਅਤੇ ਪੁਰਾਣੇ ਪੌਧਿਆਂ ਨੂੰ ਖੁਰਾਕ ਅਤੇ ਪਾਣੀ ਨਾਲ ਤਰੋ-ਤਾਜ਼ਾ ਕਰਕੇ ਸੰਤ ਭਗਤ ਸਿੰਘ ਜੀ ਅਤੇ ਹੋਰ ਸੰਗਤ ਨੂੰ ਜਲਦੀ ਹੀ ਦੁਬਾਰਾ ਆਉਣ ਦਾ ਬਚਨ ਦੇ ਕੇ ਕਿਸੇ ਪਿਆਰ ਪ੍ਰੋਤੀ ਹੋਰ ਰੂਹ ਦੀ ਤਪਸ਼ ਮਿਟਾਉਣ ਲਈ ਪਰਉਪਕਾਰੀ ਬਦਲਾਂ ਦੀ ਤਰ੍ਹਾਂ ਅਗੇ ਨੂੰ ਚਲਦੇ ਹੋਏ।

## ਸੰਤ ਗੋਪਾਲ ਸਿੰਘ ਜੀ

**ਕਬੀਰ ਬੇੜਾ ਜਰਜਰਾ ਫੂਟੇ ਛੇਂਕ ਹਜਾਰ॥**
**ਹਰੂਏ ਹਰੂਏ ਤਿਰਿ ਗਏ ਡੂਬੇ ਜਿਨ ਸਿਰ ਭਾਰ॥**

*(ਕਬੀਰ ਸਲੋਕ, ਪੰਨਾ-੧੩੬੬)*

**ਕਬੀਰ ਡੂਬਾ ਥਾ ਪੈ ਉਬਰਿਓ ਗੁਨ ਕੀ ਲਹਿਰ ਝਬਕਿ॥**
**ਜਬ ਦੇਖਿਓ ਬੇੜਾ ਜਰਜਰਾ ਤਬ ਉਤਰਿ ਪਰਿਓ ਹਉ ਫਰਕਿ॥** *(ਕਬੀਰ, ਪੰਨਾ-੧੩੬੮)*

ਗੋਪਾਲ ਸਿੰਘ ਜੀ ਨੂੰ ਫਕੀਰੀ ਮਿਲੀ ਤਾਂ ਭਾਵੇਂ ਸੰਤ ਪਿਤਾ ਭਗਤ ਸਿੰਘ ਜੀ ਤੋਂ ਵਿਰਾਸਤ ਵਿੱਚ ਹੀ ਸੀ, ਕਿਉਂਕਿ ਜਦੋਂ ਉਹ ਸ਼ੇਖੂਪੁਰੇ ਰਹਿੰਦੇ ਸਨ ਤਾਂ ਆਪ ਤਖਤ ਹਜ਼ਾਰਿਉਂ ਸਾਈਕਲ ਤੇ ਹੀ ਸਫਰ ਕਰਕੇ ਅਕਸਰ ਸ਼ੇਖੂਪੁਰੇ ਸਤਿਸੰਗ ਕਰਦੇ ਰਹਿੰਦੇ ਸਨ। ਸੰਤ ਭਗਤ ਸਿੰਘ ਜੀ ਰਾਮਾਇਣ ਦੇ ਭਾਰੀ ਵਿਦਵਾਨ ਸਨ, ਇਸ ਲਈ ਉਨ੍ਹਾਂ ਤੋਂ ਅਰਥਾਂ ਸਹਿਤ ਰਮਾਇਣ ਸੁਣਕੇ ਪਰਮੇਸ਼ਰ ਮਿਲਾਪ ਲਈ ਅੰਦਰ ਤੜਪ ਤਾਂ ਬਹੁਤ ਪੈਦਾ ਹੋ ਗਈ ਪ੍ਰੰਤੂ ਪੂਰਬਲੇ ਸੰਸਕਾਰ ਹਿਰਦੇ ਅੰਦਰ ਗੁਰੂ ਨਾਨਕ ਦੇ ਘਰ ਦੇ ਕੁਝ ਜ਼ਿਆਦਾ ਸਨ। ਇਹੀ ਵਜ੍ਹਾ ਸੀ ਜਦੋਂ 1923-24 ਵਿੱਚ ਸਿੱਖ ਪੰਥ ਵੱਲੋਂ ਅੰਗਰੇਜ਼ ਸਰਕਾਰ ਦੇ ਖਿਲਾਫ ਗੰਗਸਰ ਜੈਤੋਂ ਦਾ ਮੋਰਚਾ ਲਾਇਆ ਗਿਆ ਸੀ ਆਪ ਉਸ ਵਿੱਚ ਸ਼ਾਮਲ ਹੋ ਕੇ ਕੁਝ ਸਮਾਂ ਜੇਲ੍ਹ ਅੰਦਰ ਰਹੇ ਸਨ। ਆਪ ਦੇ ਅੰਦਰ ਹੋਰ ਧਾਰਮਿਕ ਗ੍ਰੰਥਾ ਨਾਲੋਂ ਗੁਰਬਾਣੀ ਪ੍ਰਤੀ ਸ਼ਰਧਾ ਸਤਿਕਾਰ ਤਾਂ ਕਿਤੇ ਜ਼ਿਆਦਾ ਹੈ ਹੀ ਸੀ, ਪਰੰਤੂ ਗੁਰਮੁਖੀ ਅੱਖਰਾਂ ਨੂੰ ਵੀ ਬੜੀ ਸ਼ਰਧਾ ਨਾਲ ਇਹ ਜਾਣਕੇ ਸਿਰ ਨਿਵਾਉਂਦੇ ਸਨ ਕਿ ਇਹ ਪਵਿੱਤਰ ਅੱਖਰ ਗੁਰੂ ਅੰਗਦ ਦੇਵ ਮਹਾਰਾਜ ਜੀ ਨੇ ਸਿਰਜੇ ਹਨ। ਰਸਤੇ ਵਿੱਚ ਜਾਂਦੇ ਸਮੇਂ ਅਗਰ ਕੋਈ ਗੁਰਮੁਖੀ ਅੱਖਰਾਂ ਵਾਲਾ ਕਾਗਜ਼ ਦਾ ਟੁਕੜਾ ਧਰਤੀ ਤੇ ਪਿਆ ਨਜ਼ਰ ਆ ਜਾਂਦਾ ਤਾਂ ਉਸ ਨੂੰ ਝਾੜ ਸੰਵਾਰ ਕੇ ਪਹਿਲਾਂ ਮੱਥੇ ਨਾਲ ਲਾਉਂਦੇ ਫਿਰ ਬਾਅਦ ਵਿੱਚ ਕਿਸੇ ਨਹਿਰ ਵਗੈਰਾ ਵਿੱਚ ਜਲ ਪ੍ਰਵਾਹ ਕਰ ਦਿੰਦੇ। ਇਸ ਪ੍ਰਕਾਰ ਦੀ ਭਾਵੁਕ ਜਿਹੀ ਜ਼ਿੰਦਗੀ ਬਸਰ ਕਰਦਿਆਂ ਨੂੰ ਕਿਸੇ ਦੈਵੀ ਸੰਜੋਗ-ਵਸ ਪੂਜਯ ਵਿਰੱਕਤ ਮਹਾਰਾਜ ਜੀ ਦਾ ਮਿਲਾਪ ਹੋ ਗਿਆ। ਬੱਸ ਪਹਿਲੇ ਮਿਲਾਪ ਨਾਲ ਹੀ ਮਨ ਪੂਰੀ ਤਰ੍ਹਾਂ ਚਰਨਾਂ ਵੱਲ ਖਿੱਚਿਆ ਗਿਆ। ਦੂਰ ਨੇੜੇ ਜਿਥੇ ਆਇਆਂ ਦਾ ਪਤਾ ਲੱਗਦਾ ਆਪਣੇ ਜ਼ਿੰਦਗੀ ਦੇ ਅਨੇਕਾਂ ਜ਼ਰੂਰੀ ਕੰਮ ਛੱਡਕੇ ਚਰਨਾਂ ਵਿੱਚ ਪਹੁੰਚ ਜਾਂਦੇ, ਸੇਵਾ ਕਰਦੇ, ਵਿਰੱਕਤ ਮਹਾਰਾਜ ਜੀ ਦੇ ਪਵਿੱਤਰ ਮੁੱਖ ਤੋਂ ਗੁਰਬਾਣੀ ਉਪਦੇਸ਼ ਦੇ ਅੰਮ੍ਰਿਤ ਪਿਆਲੇ ਭਰ-ਭਰ ਕੇ ਪੀਂਦੇ, ਜਿਸ ਦਾ ਫਲ ਇਹ ਹੋਇਆ ਕਿ ਉਹ ਇਲਾਹੀ

ਅੰਮ੍ਰਿਤ ਦੇ ਬਾਟੇ ਪੀ-ਪੀ ਕੇ ਅੰਦਰ ਸੰਸਾਰਕ ਰਸਾਂ ਦੀ, ਸੰਸਾਰਕ ਸੰਬੰਧਾਂ ਦੀ ਅਤੇ ਸੰਸਾਰਕ ਪਦਾਰਥਾਂ ਦੀ ਅੱਗ ਤਾਂ ਭਾਵੇਂ ਕੁਝ ਮੱਠੀ ਪੈ ਗਈ, ਪਰ ਇੱਕ ਹੋਰ ਅਗਨੀ ਜ਼ੋਰਦਾਰ ਭੜਕ ਉਠੀ, ਜਿਸ ਦੀ ਬਾਬਤ ਬਾਬੇ ਫਰੀਦ ਜੀ ਦਾ ਜ਼ਿਕਰ ਹੈ—

**ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥**
**ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥**

*(ਫਰੀਦ, ਪੰਨਾ—੧੩੭੯)*

ਐਸੀ ਬਿਰਹਾ ਅਗਨੀ ਦਾ ਜ਼ਿਕਰ ਆਪ ਸੰਤ ਪਿਤਾ ਮਹਾਰਾਜ ਭਗਤ ਸਿੰਘ ਜੀ ਕੋਲ ਅਕਸਰ ਕਰਦੇ ਰਹਿੰਦੇ ਸਨ। ਸੰਤ ਭਗਤ ਸਿੰਘ ਜੀ ਨੇ ਜਗਿਆਸੂ ਪੁੱਤਰ ਦਾ ਦ੍ਰਿੜ ਨਿਸ਼ਚਾ ਜਾਣ ਕੇ ਅਤੇ ਇਨ੍ਹਾਂ ਦੇ ਹਿਰਦੇ ਵਿੱਚ ਮੌਜੂਦ ਗੁਰੂ ਨਾਨਕ ਦੇ ਘਰ ਦਾ ਸੰਸਕਾਰੀ ਬੀਜ ਦੇਖਕੇ ਇਕ ਦਿਨ ਬਚਨ ਕਰ ਦਿੱਤਾ; ਪੁੱਤਰ! ਅਗਰ ਇੱਛਾ ਹੈ ਪ੍ਰੇਮ ਅਗਨ ਵਿੱਚ ਕੁੱਦਣ ਦੀ ਤਾਂ ਵਿਰੱਕਤ ਮਹਾਰਾਜ ਜੀ ਦੇ ਬੇੜੇ ਵਿੱਚ ਸਵਾਰ ਹੋ ਜਾ। ਉਹ ਪੂਰਨ ਮਲਾਹ ਹਨ ਅਤੇ ਬੇੜੇ ਨੂੰ ਪਾਰ ਲਾਉਣ ਦੇ ਸਮਰੱਥ ਹਨ।

ਹੁਣ ਗੁਲਾਟੀ ਪਰਿਵਾਰ ਰੂਪੀ ਬ੍ਰਿਛ ਦਾ ਗੁਪਾਲ ਸਿੰਘ ਰੂਪੀ ਇੱਕ ਟਹਿਣਾ ਅੰਦਰੇ-ਅੰਦਰ ਤ੍ਰੇੜ ਖਾਂਦਾ ਜਾ ਰਿਹਾ ਹੈ। ਅਜਿਹੇ ਤ੍ਰੇੜ ਖਾਧੇ ਟਹਿਣੇ ਨੂੰ ਹਵਾ ਦਾ ਜ਼ੋਰਦਾਰ ਇੱਕ ਬੁੱਲ੍ਹਾ ਹੀ ਅਲੱਗ ਕਰਕੇ ਰੱਖ ਦਿੰਦਾ ਹੈ। ਕੁਝ ਅਜਿਹਾ ਹੀ ਖੇਡ ਵਾਪਰਿਆ, ਸੰਨ 1947 ਦਾ ਗਦਰ ਉਪਰ ਦੀ ਬੀਤਿਆ, ਘਰ ਮਾਲ ਬਰਬਾਦ ਕਰਾ ਕੇ ਜਾਨਾਂ ਬਚਾਉਂਦੇ ਮਸਾਂ-ਮਸਾਂ *ਸ਼ਾਹਪੁਰ* ਅੰਬਾਲਾ ਪਹੁੰਚੇ। ਕੁਝ ਦਿਨ 1950 ਤੱਕ ਯਾਨੀ ਮਸਾਂ-ਮਸਾਂ ਦੋ ਢਾਈ ਸਾਲ ਦੁੱਖਾਂ-ਸੁੱਖਾਂ ਵਿੱਚ ਗੁਜ਼ਾਰੇ ਸਨ ਤੇ ਇਕ ਦਿਨ ਸਾਈਕਲ ਤੇ ਜਾਂਦਿਆਂ ਫੌਜ ਦੀ ਕਿਸੇ ਗੱਡੀ ਨਾਲ ਐਕਸੀਡੈਂਟ ਹੋ ਕੇ ਕਾਫੀ ਸੱਟਾ ਲੱਗੀਆਂ। ਹੁਣ ਮਨ ਵਿੱਚ ਇਹ ਸੋਚ ਗਹਿਰੀ ਉਤਰ ਗਈ ਕਿ ਮਨਾਂ! ਜੇ ਅੱਜ ਪ੍ਰਾਣ ਪੂਰੇ ਹੋ ਜਾਂਦੇ, ਤਾਂ ਮਨੁੱਖ ਜਨਮ ਤਾਂ ਕੌਡੀਆਂ ਦੇ ਬਦਲੇ ਹੀ ਵਿਕ ਗਿਆ ਸੀ, ਫਿਰ ਪਤਾ ਨਹੀਂ ਸਮਾਂ ਹੱਥ ਲੱਗੇ ਕਿ ਨਾ। ਇਨ੍ਹਾਂ ਸੋਚਾਂ ਵਿੱਚ ਹੀ ਸਨ ਇਤਨੇ ਨੂੰ ਉਧਰ ਘਰ ਵਿੱਚ ਵੀ ਸ਼ਾਇਦ ਕੋਈ ਪ੍ਰਤੀਕੂਲ ਪ੍ਰਸਥਿਤੀ ਵਾਪਰ ਗਈ, ਜਿਸ ਨਾਲ ਮਨ ਵੀ ਗਹਿਰੀ ਚੋਟ ਖਾ ਕੇ ਘਾਇਲ ਹੋ ਗਿਆ, ਇਹ ਦੋ ਘਟਨਾਵਾਂ ਕੀ ਵਾਪਰੀਆਂ ਮਾਨੋਂ ਤੇਜ਼ ਹਵਾ ਦੇ ਲਗਾਤਾਰ ਦੋ ਤੇਜ਼ ਬੁੱਲ੍ਹਿਆ ਨੇ ਗੋਪਾਲ ਸਿੰਘ ਰੂਪੀ ਟਹਿਣੇ ਨੂੰ ਗ੍ਰਹਿਸਤ ਰੂਪੀ ਬ੍ਰਿਛ ਤੋਂ ਅਲੱਗ ਕਰ ਦਿਤਾ। ਸਮੇਂ ਦੀ ਤਾਕ ਵਿੱਚ ਤਾਂ ਆਪ ਦੇਰ ਤੋਂ ਸਨ ਹੀ, ਲੇਕਿਨ ਅੱਜ ਤਾਂ ਉਹ ਗ੍ਰਹਿਸਤ ਰੂਪੀ ਹਜ਼ਾਰਾਂ ਛੇਕਾਂ ਵਾਲੇ ਜਰਜਰੇ ਬੇੜੇ ਵਿੱਚੋਂ ਛਲਾਂਗ ਮਾਰਕੇ ਇਸ ਨੂੰ ਹਮੇਸ਼ਾਂ ਲਈ ਅਲਵਿਦਾ ਕਹਿ, ਵਿਰੱਕਤ ਮਹਾਰਾਜ ਜੀਆਂ ਦੇ ਬੇੜੇ ਵਿੱਚ ਜਾ ਸਵਾਰ ਹੋਏ, ਟਿਕਟ ਦੀ ਰਿਜ਼ਰਵੇਸ਼ਨ ਸ਼ਾਇਦ ਕਿਤੇ ਪਹਿਲਾਂ ਹੀ ਕਰਵਾਈ ਹੋਈ ਸੀ।

## ਪਿੰਡ ਬਾਬਰਪੁਰ

**ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ॥**
**ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ॥**

*(ਕਬੀਰ, ਪੰਨਾ-੧੩੬੮)*

**ਨਿਰਵੈਰੈ ਸੰਗਿ ਵੈਰੁ ਰਚਾਏ ਪਹੁਚਿ ਨ ਸਕੈ ਗਵਾਰੈ॥**
**ਕਹੁ ਨਾਨਕ ਸੰਤਨ ਕਾ ਰਾਖਾ ਪਾਰਬ੍ਰਹਮੁ ਨਿਰੰਕਾਰੈ॥**

*(ਸਾਰਗ ਮ: ੫, ਪੰਨਾ—੧੨੦੫)*

**ਨਿਰਵੈਰੈ ਸੰਗਿ ਵੈਰੁ ਰਚਾਵੈ ਰਹਿ ਦਰਗਹ ਓਹੁ ਹਾਰੈ॥**
**ਆਦਿ ਜੁਗਾਦਿ ਪ੍ਰਭ ਦੀ ਵਡਿਆਈ ਜਨ ਕੀ ਪੈਜ ਸਵਾਰੈ॥**

*(ਸਾਰਗ ਮ: ੫, ਪੰਨਾ—੧੨੧੭)*

**ਸਤਿਗੁਰ ਪੁਰਖੁ ਨਿਰਵੈਰੁ ਹੈ ਨਿਤ ਹਿਰਦੈ ਹਰਿ ਲਿਵ ਲਾਇ॥**
**ਨਿਰਵੈਰੈ ਨਾਲਿ ਵੈਰੁ ਰਚਾਇਦਾ ਅਪਣੈ ਘਰਿ ਲੂਕੀ ਲਾਇ॥**

*(ਵਾਰਾਂ ਤੇ ਵਧੀਕ—੧੪੧੫)*

**ਨਿਰਵੈਰਾ ਨਾਲਿ ਜਿ ਵੈਰੁ ਚਲਾਇਦੇ ਤਿਨ ਵਿਚਹੁ ਤਿਸਟਿਆ ਨ ਕੋਇ॥**
**ਸਤਿਗੁਰੁ ਸਭਨਾ ਦਾ ਭਲਾ ਮਨਾਇਦਾ ਤਿਸ ਦਾ ਬੁਰਾ ਕਿਉ ਹੋਇ॥**

*(ਸਲੋਕ ਮ: ੪, ਪੰਨਾ—੩੦੨)*

**ਨਿਰਵੈਰੈ ਨਾਲਿ ਜਿ ਵੈਰੁ ਰਚਾਏ ਸਭੁ ਪਾਪੁ ਜਗਤੈ ਕਾ ਤਿਨਿ ਸਿਰ ਲਇਆ॥**
**ਓਸੁ ਅਗੈ ਪਿਛੈ ਢੋਈ ਨਾਹੀ ਜਿਸੁ ਅੰਦਰਿ ਨਿੰਦਾ ਮੁਹਿ ਅੰਬੁ ਪਾਇਆ॥**

*(ਮ: ੪, ਪੰਨਾ—੩੦੭)*

ਬਰਸਾਤਾਂ ਲੰਘ ਚੁੱਕੀਆਂ, ਅੰਸੂ ਕੱਤਿਕ ਦੀ ਸੁਹਾਵਣੀ ਰੁੱਤ ਆ ਗਈ, ਯਾਨੀ ਨਾ ਜ਼ਿਆਦਾ ਗਰਮੀ ਹੈ ਨਾ ਸਰਦੀ। ਸੰਨ 1947 ਦੀ ਦੇਸ਼-ਗਰਦੀ ਵਿੱਚੋਂ ਉਠੀ ਮਜ਼ਹਬੀ ਸੜਾਂਦ ਦਾ ਖਤਰਨਾਕ ਵਾ-ਵਰੋਲਾ ਗੁਜ਼ਰੇ ਨੂੰ ਅਜੇ ਜ਼ਿਆਦਾ ਦੇਰ ਨਹੀਂ ਹੋਈ। ਕੁਝ ਸ਼ੁੱਧ ਹਿਰਦਿਆਂ ਵਾਲੇ ਪੁਰਸ਼ ਤਾਂ ਉਸ ਵਰਤੇ ਰੱਬੀ ਭਾਣੇ ਨੂੰ ਦੇਖ-ਦੇਖ ਕੇ ਅਜੇ ਵੀ ਭੈ-ਭੀਤ ਹੋ ਰਹੇ ਹਨ ਕਿ ਐਸਾ ਭਾਣਾ ਫਿਰ ਨਾ ਵਰਤ ਜਾਵੇ, ਲੇਕਿਨ ਮੈਲੇ ਮਨਾਂ ਵਾਲੇ ਪੁਰਸ਼ਾਂ ਨੇ ਸ਼ਾਇਦ ਇਸ ਤੋਂ ਕੁਝ ਸਿੱਖਿਆ ਨਹੀਂ ਲਈ। ਪਾਪ ਹੁੰਦਾ ਤਾਂ ਭਾਵੇਂ ਬੁਰਾ ਹੀ ਹੈ ਲੇਕਿਨ ਮੈਲੇ ਮਨਾਂ ਨੂੰ ਪਿਆਰਾ ਲੱਗਦਾ ਹੈ—

**ਪਾਪ ਬੁਰਾ ਪਾਪੀ ਕਉ ਪਿਆਰਾ॥**

*(ਪੰਨਾ—੯੩੫)*

ਬੱਸ ਮੈਲੇ ਜਾਂ ਸ਼ੁੱਧ ਮਨ ਨੂੰ ਪਰਖਣ ਦਾ ਇਹੀ ਇਕ ਮਾਤਰ ਥਰਮਾਮੀਟਰ ਹੈ — ਦੂਸਰੇ ਦੇ ਗੁਣਾਂ ਨੂੰ ਦੇਖਕੇ ਸੜਨਾਂ, ਈਰਖਾ, ਨਿੰਦਾ, ਬਖੀਲੀ, ਬੁਰਾਈ, ਚੋਰੀ, ਯਾਰੀ, ਠੱਗੀ, ਰਿਸ਼ਵਤ ਇਤਿਆਦਿਕ ਔਗੁਣਾਂ ਵਿੱਚ ਮਨ ਦੀ ਪ੍ਰਵਿਰਤੀ ਹੋਣੀ, ਮਾਨੋ ਮਨ ਨਿਹਾਇਤ ਮੈਲਾ ਹੈ। ਇਸ ਦੇ ਵਿਪਰੀਤ ਉਪਰੋਕਤ ਔਗੁਣਾਂ ਵਿੱਚ ਮਨ ਨੂੰ ਨਫਰਤ ਹੋਣੀ ਕਾਫੀ ਸ਼ੁੱਧ ਮਨ ਦੀ ਨਿਸ਼ਾਨੀ ਹੈ। ਕਰੁਣਾ, ਮੈਤ੍ਰੀ, ਮੁਦਤਾ, ਪਰਉਪਕਾਰ, ਲੋਕ ਭਲਾਈ, ਦਾਨ ਪੁੰਨ, ਸਤਿਸੰਗ ਅਤੇ ਸੰਤਸੇਵਾ ਵਰਗੇ ਵਡਮੁੱਲੇ ਗੁਣਾਂ ਵਿੱਚ ਮਨ ਦਾ ਪ੍ਰਵਿਰਤ ਹੋਣਾ ਹੋਰ ਵੀ ਸੋਨੇ ਤੇ ਸੁਹਾਗਾ ਹੈ।

ਜਗਤ ਜਲੰਦੇ ਉਪਰ ਗੁਰੂ ਨਾਨਕ ਦੀ ਸੀਤਲ ਬਾਣੀ ਦਾ ਮੀਂਹ ਵਰਸਾਉਂਦੇ ਹੋਏ ਸੰਤ ਦਰਸ਼ਨ ਸਿੰਘ ਜੀ ਨੂੰ ਨਾਲ ਲੈ ਕੇ ਜਾ ਪਹੁੰਚੇ ਅੱਜ ਪਿੰਡ ਬਾਬਰਪੁਰ ਜੋ ਕਿ ਨਾਭਾ ਸ਼ਹਿਰ ਤੋਂ ਪੱਛਮ ਦਿਸ਼ਾ ਵਿੱਚ ਅੱਠ ਕੁ ਮੀਲ ਦੀ ਦੂਰੀ ਤੇ ਸਥਿਤ ਹੈ। ਪਿੰਡ ਤੋਂ ਪੌਣਾ ਕੁ ਮੀਲ ਪੱਛਮ ਵੱਲ ਇੱਕ ਨਹਿਰੀ ਰਜਵਾਹਾ ਵੱਗਦਾ ਹੈ, ਉਸ ਦੇ ਕਿਨਾਰੇ ਚੰਨਣ ਸਿੰਘ ਦੇ ਬਾਗ ਵਿੱਚ ਜਾ ਡੇਰਾ ਲਾਇਆ। ਲੰਗਰ ਦੇ ਸਮੇਂ ਪਿੰਡ ਵਿੱਚੋਂ ਪ੍ਰਸ਼ਾਦੇ ਮੰਗਕੇ ਛੱਕ ਲੈਣੇ, ਰਾਤ ਬਾਗ ਦੇ ਬ੍ਰਿਛਾਂ ਹੇਠ ਗੁਜ਼ਾਰ ਲੈਣੀ, ਸਵੇਰੇ ਇਸ਼ਨਾਨ ਰਜਵਾਹੇ ਵਿੱਚ ਕਰਕੇ ਦਿਨ ਨੂੰ ਕੁਝ ਸਮਾਂ ਸੰਕਰਭਾਸਯ ਗੀਤਾ ਵਿਚਾਰਦੇ ਰਹਿਣਾ। ਇਕ ਦਿਨ ਬਾਬਰਪੁਰ ਦਾ ਇੱਕ ਪੰਡਿਤ ਦੇਵਨੇਤ ਨਾਲ ਜਾਂ ਕਿਸੇ ਦੇ ਦੱਸਣ ਤੇ ਇੱਧਰ ਨਿਕਲ ਆਇਆ, ਗੀਤਾ ਦੀ ਵਿਚਾਰ ਸੁਣਕੇ ਮਨ ਗਦ-ਗਦ ਹੋ ਗਿਆ ਅਤੇ ਮਹਾਂਪੁਰਸ਼ਾਂ ਪ੍ਰਤੀ ਮਨ ਵਿੱਚ ਸ਼ਰਧਾ ਉਤਪੰਨ ਹੋ ਗਈ।

ਬਰਸਾਤ ਦਾ ਮੌਸਮ ਖਤਮ ਹੋਣ ਤੇ ਅੱਸੂ ਕੱਤਿਕ ਦੇ ਮਹੀਨੇ ਪਸ਼ੂਆਂ ਵਿੱਚ ਮੂੰਹ ਖੁਰ ਦੀ ਬੀਮਾਰੀ ਫੈਲ ਜਾਂਦੀ ਹੈ ਅਤੇ ਕਈ ਦਫਾ ਬਰਸਾਤਾਂ ਦੀ ਵਜ੍ਹਾ ਕਰਕੇ ਪਸ਼ੂਆਂ ਦੇ ਚਾਰੇ ਤੇ ਜੀਵ ਜੰਤੂ ਪੈਦਾ ਹੋ ਜਾਂਦੇ ਹਨ, ਜਿਸ ਨੂੰ ਖਾਣ ਨਾਲ ਪਸ਼ੂਆਂ ਨੂੰ ਬੰਨ੍ਹ ਜਾਂ ਹੋਰ ਕਈ ਕਿਸਮ ਦੇ ਭਿਆਨਕ ਰੋਗ ਪੈਦਾ ਹੋ ਜਾਂਦੇ ਹਨ, ਜਿੰਨ੍ਹਾਂ ਨਾਲ ਪਸ਼ੂ ਇਕ ਦੋ ਦਿਨਾਂ ਵਿੱਚ ਹੀ ਪ੍ਰਾਣ ਤਿਆਗ ਜਾਂਦਾ ਹੈ। ਉਸ ਸਮੇਂ ਹੁਣ ਵਾਂਗ ਪਿੰਡਾਂ ਵਿੱਚ ਇਲਾਜ ਆਦਿ ਦੀ ਸਹੂਲਤ ਨਹੀਂ ਸੀ ਹੁੰਦੀ। ਕਈ ਚਤਰ ਬੁੱਧੀ ਵਾਲੇ ਲੋਕ, ਸਮਾਜ ਦੇ ਭੋਲੇ ਭਾਲੇ ਲੋਕਾਂ ਨੂੰ ਟੂਣੇ-ਟਾਮਣ ਦੇ ਭੁਲੇਖੇ ਵਿੱਚ ਪਾ ਕੇ ਠੱਗਦੇ ਰਹਿੰਦੇ ਸਨ।

ਇਸ ਪਿੰਡ ਵਿੱਚ ਵੀ ਬੀਮਾਰੀ ਨੇ ਪਸ਼ੂਆਂ ਤੇ ਜ਼ੋਰਦਾਰ ਹਮਲਾ ਬੋਲਿਆ ਹੋਇਆ ਹੈ, ਕਈ-ਕਈ ਪਸ਼ੂ ਪਿੰਡ ਵਿੱਚ ਰੋਜ਼ ਮਰਦੇ ਹਨ, ਲੋਕ ਪੁਰਾਣੇ ਸੁਭਾਅ ਮੁਤਾਬਿਕ ਟੂਣੇ-ਟਾਮਣ ਬਾਰੇ ਸੋਚ ਰਹੇ ਸਨ ਤਾਂ ਉਸ ਪੰਡਿਤ ਨੇ ਸਲਾਹ ਦਿੱਤੀ, ਕਿ ਚੰਨਣ ਸਿੰਘ ਦੇ ਬਾਗ ਵਿੱਚ ਦੋ ਮਹਾਂਪੁਰਸ਼ ਆਏ ਹੋਏ ਹਨ ਮੈਂ ਉਨ੍ਹਾਂ ਦੀ ਦੋ-ਤਿੰਨ ਦਿਨ ਤੋਂ ਸੰਗਤ ਕਰ ਰਿਹਾ ਹਾਂ। ਮੈਨੂੰ ਲੱਗ ਰਿਹਾ ਹੈ ਉਹ ਪਹੁੰਚੇ ਹੋਏ ਪੂਰਨ ਫਕੀਰ ਹਨ, ਅਗਰ ਟੂਣਾ ਕਰਵਾਉਣਾ ਹੈ ਤਾਂ ਉਨ੍ਹਾਂ ਤੋਂ ਹੀ ਕਿਉਂ ਨਾ ਕਰਵਾ ਲਈਏ। ਪੰਡਿਤ ਦੀ ਨੇਕ ਸਲਾਹ ਜਾਣਕੇ ਲੋਕ ਇਕੱਠੇ ਹੋ ਕੇ ਮਹਾਂਪੁਰਸ਼ਾਂ ਕੋਲ ਬਾਗ ਵਿੱਚ ਆਏ, ਅਤੇ ਟੂਣੇ ਬਾਰੇ ਆਪਣੀ ਬੇਨਤੀ ਕੀਤੀ। ਮਹਾਰਾਜ ਸ਼ਾਂਤ ਮੁਦਰਾ ਵਿੱਚ ਬੋਲੇ, ਭਾਈ ਟੂਣਾ-ਟਾਮਣ ਤਾਂ ਅਸੀਂ ਨਹੀਂ ਜਾਣਦੇ,

ਹਾਂ! ਅਗਰ ਤੁਹਾਡਾ ਵਿਸ਼ਵਾਸ਼ ਬੱਝਦਾ ਹੈ ਤਾਂ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬਾਣੀ ਦਾ ਸ੍ਰੀ ਅਖੰਡ ਪਾਠ ਸਾਹਿਬ ਕਰਵਾ ਦਿਉ; ਅਰਦਾਸ ਪਸ਼ੂਆਂ ਦੇ ਨਮਿੱਤ ਕਰਵਾਉਣੀ, ਗੁਰੂ ਨਾਨਕ ਭਲੀ ਕਰਨਗੇ। ਲੋਕਾਂ ਨੇ ਪਾਠੀਆਂ ਦਾ ਇੰਤਜ਼ਾਮ ਕਰਕੇ ਹੁਕਮ ਅਨੁਸਾਰ ਅਖੰਡ ਪਾਠ ਸਾਹਿਬ ਕਰਵਾਇਆ, ਪਰਮੇਸ਼ਰ ਦੀ ਨੇਤ ਐਸੀ ਹੋਈ, ਬੀਮਾਰੀ ਰੁੱਕ ਗਈ, ਲੋਕਾਂ ਦੇ ਮਨਾਂ ਵਿੱਚ ਮਹਾਂਪੁਰਸ਼ਾਂ ਪ੍ਰਤੀ ਸ਼ਰਧਾ ਭਾਵ ਜਾਗਰਤ ਹੋ ਗਿਆ, ਬਹੁਤ ਲੋਕ ਦਰਸ਼ਨ ਸਤਿਸੰਗ ਲਈ ਆਉਣੇ ਸ਼ੁਰੂ ਹੋ ਗਏ, ਲੇਕਿਨ ਈਰਖਾਲੂ ਪੁਰਸ਼ਾਂ ਦੇ ਹਿਰਦੇ ਸੜਨੇ ਸ਼ੁਰੂ ਹੋ ਗਏ।

ਬਾਬਰਪੁਰ ਪਿੰਡ ਦਾ ਇੱਕ ਨੰਬਰਦਾਰ ਤੇ ਨੌਹਰੇ ਪਿੰਡ ਦੇ ਇੱਕ ਬੰਦੇ ਨੇ ਪੁਲਿਸ ਵਿੱਚ ਰਿਪੋਰਟ ਕਰ ਦਿੱਤੀ, ਕਿ ਬਾਬਰਪੁਰ ਪਿੰਡ ਸਾਧਾਂ ਦੇ ਰੂਪ ਵਿੱਚ ਪਾਕਿਸਤਾਨ ਦੇ ਦੋ ਏਜੰਟ ਬੈਠੇ ਹਨ, ਉਨ੍ਹਾਂ ਨੇ ਬਹੁਤ ਲੋਕਾਂ ਨੂੰ ਵਰਗਾਲਾ ਲਿਆ ਹੈ ਅਤੇ ਸਾਰੇ ਇਲਾਕੇ ਦਾ ਭੇਦ ਇਕੱਠਾ ਕਰ ਰਹੇ ਹਨ। ਥਾਣੇਦਾਰ ਜੰਗੀਰ ਸਿੰਘ ਆਪਣੀ ਪੁਲਿਸ ਪਾਰਟੀ ਲੈ ਕੇ ਮੌਕੇ ਤੇ ਪਿੰਡ ਬਾਬਰਪੁਰ ਪਹੁੰਚਿਆ। ਮਹਾਂਪੁਰਸ਼ਾਂ ਨੂੰ ਆ ਕੇ ਪੁੱਛ-ਗਿੱਛ ਕਰਨੀ ਸ਼ੁਰੂ ਕੀਤੀ, ਇਤਨੇ ਨੂੰ ਸਾਡੇ ਪਿੰਡ ਦੇ ਹੋਰ ਲੋਕ ਵੀ ਇਕੱਠੇ ਹੋ ਕੇ ਆ ਗਏ, ਸਭ ਨੇ ਮਿਲਕੇ ਥਾਣੇਦਾਰ ਨੂੰ ਕਿਹਾ, ਕਿ ਪੂਰਨ ਮਹਾਂਪੁਰਸ਼ ਹਨ, ਇਨ੍ਹਾਂ ਨੇ ਸਾਡੇ ਪਿੰਡ ਵਿੱਚ ਅਖੰਡ ਪਾਠ ਸਾਹਿਬ ਕਰਵਾਕੇ ਸਭ ਦੇ ਭਲੇ ਦਾ ਕੰਮ ਕਰਵਾਇਆ ਹੈ, ਅਤੇ ਫਿਰ ਸਾਡੀ ਦਿੱਤੀ ਕਿਸੇ ਚੀਜ਼ ਨੂੰ ਸਵੀਕਾਰ ਵੀ ਨਹੀਂ ਕਰਦੇ, ਕਿਸੇ ਦੇ ਘਰ ਬੈਠ ਕੇ ਪ੍ਰਸ਼ਾਦਾ ਛੱਕਣ ਦੀ ਬਜਾਏ ਭਿਖਿਆ ਦੁਆਰਾ ਹੱਥਾਂ ਉਪਰ ਹੀ ਛੱਕ ਲੈਂਦੇ ਹਨ। ਥਾਣੇਦਾਰ ਨੂੰ ਇਕ ਗੀਤਾ ਅਤੇ ਇੱਕ ਦੋ ਪੋਥੀਆਂ ਗੁਰਬਾਣੀ ਦੀਆਂ ਤੋਂ ਬਗੈਰ ਹੋਰ ਕੋਈ ਕਾਗਜ਼ ਜਾਂ ਵਸਤੂ ਕੋਲ ਨਜ਼ਰ ਨਾ ਆਈ ਦੇਖਕੇ ਸ਼ਰਮਿੰਦਗੀ ਹੋਈ, ਮਹਾਰਾਜ ਜੀ ਦੇ ਪਵਿੱਤਰ ਚਰਨਾਂ ਤੇ ਡਿੱਗਕੇ ਮੁਆਫੀ ਮੰਗਕੇ ਭੁੱਲ ਬਖਸ਼ਾਈ।

ਮਹਾਰਾਜ ਬੋਲੇ, ਭਾਈ ਤੇਰੀ ਜਿੰਮੇਵਾਰੀ ਹੈ ਇਲਾਕੇ ਵਿਚ ਅਮਨ-ਅਮਾਨ ਰੱਖਣਾ, ਇਸ ਲਈ ਤੈਂ ਕੋਈ ਗਲਤੀ ਨਹੀਂ ਕੀਤੀ। ਥਾਣੇਦਾਰ ਸ਼ਿਕਾਇਤੀ ਬੰਦਿਆਂ ਦੀ ਝਾੜ-ਝੰਬ ਕਰਕੇ ਵਾਪਸ ਮੁੜ ਗਿਆ, ਇਧਰ ਮਹਾਰਾਜ ਤਾਂ—

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿੰਨਾਂ ਨ ਮਾਰੇ ਘੁੰਮਿ॥

*(ਫਰੀਦ, ਪੰਨਾ—੧੩੭੮)*

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥

*(ਫਰੀਦ, ਪੰਨਾ—੧੩੮੨)*

ਵਾਲੀ ਉਚੀ ਚੋਟੀ ਤੇ ਬਿਰਾਜਦੇ ਸਨ। ਇਸ ਪ੍ਰਕਾਰ ਕੁਝ ਦਿਨ ਕਰਤਾਰ ਦੇ ਹੁਕਮ ਵਿੱਚ ਡਿਊਟੀ ਵਜਾਕੇ, ਯਾਨੀ ਨਾਮ ਬਾਣੀ ਦੁਆਰਾ ਜੀਵਾਂ ਨੂੰ ਸੁਮਾਰਗ ਦੀ ਸੋਝੀ ਬਖਸ਼ ਕੇ ਇਲਾਹੀ ਹੁਕਮ ਅਨੁਸਾਰ ਅੱਗੇ ਨੂੰ ਰਵਦੇ ਹੋਏ।

## ਦੂਜੀ ਵਾਰ ਕਰਨਾਲ ਜਾਣਾ

ਤੇਜ਼ ਗਰਮੀ ਦੀ ਰੁੱਤ ਗੁਜ਼ਰ ਗਈ, ਬਰਸਾਤਾਂ ਸਮਾਪਤ ਹੋ ਗਈਆਂ, ਅੱਸੂ-ਕੱਤਿਕ ਦੀ ਮਿੱਠੀ-ਮਿੱਠੀ ਰੁੱਤ ਵੀ ਆਪਣੀ ਉਮਰਾਂ ਭੋਗ ਕੇ ਅਲੋਪ ਹੋ ਗਈ, ਤੇਜ਼ ਸਰਦੀ ਦੇ ਦਿਨ ਹੁਣ ਸ਼ੁਰੂ ਹੋ ਰਹੇ ਹਨ। ਆਪਣੀ ਮੌਜ ਵਿੱਚ ਇਕ ਦਿਨ ਹੁਕਮ ਕੀਤਾ ਸੱਚੀ ਸਰਕਾਰ ਨੇ, ਦਰਸ਼ਨ ਸਿਆਂ! ਛੇ ਮਹੀਨੇ ਗੁਜ਼ਰ ਗਏ ਬਗੀਚੇ ਵਿੱਚੋਂ ਆਇਆ ਨੂੰ! ਹਿਰਦੇ ਵਿੱਚ ਰਾਤ ਭਰ ਤੋਂ ਤਾਰ ਖੜਕੀ ਜਾ ਰਹੀ ਹੈ ਪ੍ਰੇਮੀਆਂ ਦੀ ਪ੍ਰੇਮ ਖਿੱਚ ਦੀ, ਚੱਲਕੇ ਸਾਰ ਕਰੀਏ ਬਗੀਚੇ ਦਾ ਕਿਤੇ ਕੋਈ ਪੌਧਾ ਕਮਲਾ ਨਾ ਜਾਵੇ, ਡਿਊਟੀ ਜੋ ਮਾਲਕ ਨੇ ਲਾ ਦਿੱਤੀ, ਉਸ ਬਾਗ ਦੀ ਸੇਵਾ ਸੰਭਾਲ ਦੀ। ਫਿਰ ਬਚਨ ਵੀ ਦੇ ਬੈਠੇ ਹਾਂ ਪ੍ਰਾਣਾਂ ਤੋਂ ਪਿਆਰੇ ਕਿਸੇ ਪ੍ਰੇਮੀ ਨੂੰ, ਉਠ ਚਾਲੇ ਪਾਈਏ, ਨੌਕਰੀ ਕੀ ਤੇ ਅਰਾਮ ਕੀ! ਪਿਆਰੇ ਦੀ ਲਿਵਤਾਰ ਵਿੱਚ ਪ੍ਰੋਤੇ ਸ਼ਨੇ-ਸ਼ਨੇ ਸਫਰ ਕਰਦੇ ਪਹੁੰਚ ਗਏ ਕਰਨਪੁਰੀ ਛੋਟੀ ਕੁਟੀਆ। ਸੰਤ ਭਗਤ ਸਿੰਘ ਜੀ ਅਤੇ ਹੋਰ ਸੰਗਤਾਂ ਜੋ ਵਿਯੋਗ ਵਿੱਚ ਪਹਿਲਾਂ ਹੀ ਬਿਹਬਲ ਹੋ ਰਹੀਆਂ ਸਨ, ਦਰਸ਼ਨ ਕਰਕੇ ਗਦ-ਗਦ ਹੋ ਗਈਆਂ। ਬੂੰਦਾਂ-ਬਾਂਦੀ ਤਾਂ ਸੰਤ ਭਗਤ ਸਿੰਘ ਜੀ ਰੂਪ ਬੱਦਲ ਵੱਲੋਂ ਅਕਸਰ ਰੋਜ਼ ਹੁੰਦੀ ਹੀ ਰਹਿੰਦੀ ਸੀ, ਲੇਕਿਨ ਹੁਣ ਜ਼ਰੂਰਤ ਸੀ ਜ਼ੋਰਦਾਰ ਬਾਰਸ਼ ਦੀ।

ਸਮੁੰਦਰ ਵਿੱਚੋਂ ਜਲ ਨਾਲ ਭਰਪੂਰ ਹੋ ਕੇ ਇਹ ਬੱਦਲ ਆਏ ਵੀ ਸ਼ਾਇਦ ਬਰਸਣ ਲਈ ਹੀ ਹਨ।

ਇੱਕ ਦੋ ਦਿਨ ਠਹਿਰਨ ਤੋਂ ਬਾਅਦ ਵਿਰੱਕਤ ਮਹਾਰਾਜ ਜੀ ਦੇ ਪਵਿੱਤਰ ਹਿਰਦੇ ਵਿੱਚ ਸੰਕਲਪ ਉਤਪੰਨ ਹੋਇਆ ਕਿ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਸੁਖਮਨੀ ਸਾਹਿਬ ਦੀ ਇੱਕ ਐਸੀ ਪਵਿੱਤਰ ਬਾਣੀ ਉਚਾਰਨ ਕੀਤੀ ਹੈ,

ਜਿਸ ਵਿੱਚ ਚਾਰ ਵੇਦ, ਛੇ ਸ਼ਾਸਤਰ, ਅਠਾਰਾਂ ਪੁਰਾਣ, ਸਤਾਈ ਸਿਮ੍ਰਿਤੀਆਂ, ਤੌਰੇਤ, ਅੰਜੀਲ, ਬਾਈਬਲ ਅਤੇ ਕੁਰਾਣ ਆਦਿਕ ਸੰਸਾਰ ਦੇ ਸਾਰੇ ਧਾਰਮਿਕ ਗ੍ਰੰਥਾਂ ਦਾ ਨਿਚੋੜ ਹੈ। ਇਸ ਤੋਂ ਸਾਰੇ ਨਵੇਂ ਪੁਰਾਣੇ ਸਾਧਕ ਲਾਭ ਉਠਾ ਸਕਦੇ ਹਨ, ਇਸ ਲਈ ਕਿਉਂ ਨਾ ਇਸਦਾ ਤਾਤਪਰਜ ਖੋਲ੍ਹਿਆ ਜਾਵੇ। ਹਿਰਦੇ ਵਿੱਚੋਂ ਉੱਠੀ ਇਸ ਇਲਾਹੀ ਰਮਜ਼ ਨੂੰ ਸਮਝ ਕੇ ਆਪ ਜੀ ਨੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਤਾਂ ਭਾਵੇਂ ਕੁਝ ਪ੍ਰੇਮੀ ਪਹਿਲਾਂ ਵੀ ਰੋਜ਼ਾਨਾ ਕਰਦੇ ਹੀ ਸਨ, ਲੇਕਿਨ ਉਸ ਦੇ ਗੁਝੇ ਭੇਦਾਂ ਤੋਂ ਅਨਜਾਣ ਸਨ, ਕਿਉਂਕਿ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਨੇ ਪ੍ਰਮਾਰਥ ਦੇ ਕੀਮਤੀ ਲਾਲਾਂ ਨੂੰ ਸ਼ਬਦਾਂ ਰੂਪੀ ਤਾਲਿਆਂ ਅੰਦਰ ਸੰਭਾਲ ਕੇ ਰੱਖਿਆ ਹੈ। ਅੱਜ ਇਨ੍ਹਾਂ ਲੋਕਾਂ ਦੇ ਕਿਸੇ ਸ਼ੁੱਭ ਕਰਮ ਦੀ ਸਿਫਾਰਸ਼ ਤੇ ਉਨ੍ਹਾਂ ਨੇ ਆਪਣੇ ਕੋਈ ਖਾਸ ਦੂਤ ਸਾਰੇ ਖ਼ਜਾਨਿਆਂ ਦੀਆਂ ਚਾਬੀਆਂ ਦੇ ਕੇ ਭੇਜਿਆ ਹੈ ਕਿ ਜਾਉ ਇਨ੍ਹਾਂ ਨੂੰ ਦਰਸ਼ਨ ਕਰਾ ਦਿਉ! ਸੋ ਇਲਾਹੀ ਹੁਕਮ ਵਿੱਚ ਇਕ ਹੋ ਕੇ ਵਿਰੱਕਤ ਮਹਾਰਾਜ ਜੀ ਨੇ ਦੋ-ਤਿੰਨ ਮਹੀਨੇ ਵਿੱਚ ਸੁਖਮਨੀ ਸਾਹਿਬ ਦੀ ਪਵਿੱਤਰ ਬਾਣੀ ਦੀ ਗਿਆਨ ਰੂਪੀ ਗਰਜਨਾਂ ਨਾਲ ਉਪਦੇਸ਼ ਰੂਪੀ ਵਰਖਾ ਐਸੀ ਜ਼ੋਰਦਾਰ ਕੀਤੀ, ਕਿ ਕੁਟੀਆ ਦੇ ਚਾਰੋਂ ਤਰਫ ਪ੍ਰੇਮਾ ਭਗਤੀ ਰੂਪੀ ਜਲ ਹੀ ਜਲ ਹੋ ਗਿਆ, ਠੰਡ ਵਰਤ ਗਈ ਹਰ ਪ੍ਰਕਾਰ ਦੇ ਪਿਆਸਿਆਂ ਨੂੰ ਨਿਰਮਲ ਜਲ ਪ੍ਰਾਪਤ ਹੋਇਆ, ਜਿਹੜੇ ਪ੍ਰੇਮੀ ਸੰਸਾਰ ਅਤੇ ਪ੍ਰਮਾਰਥ ਦੋਨੋਂ ਚਾਹੁੰਦੇ ਸਨ ਉਨ੍ਹਾਂ ਨੂੰ ਸੇਧ ਮਿਲੀ—

**ਚਾਰਿ ਪਦਾਰਥ ਜੇ ਕੋ ਮਾਗੈ॥ ਸਾਧ ਜਨਾ ਕੀ ਸੇਵਾ ਲਾਗੈ॥**

*(ਸੁਖਮਨੀ, ਪੰਨਾ—੨੬੬)*

ਜੋ ਕੇਵਲ ਸੰਸਾਰਕ ਸੰਬੰਧੀਆਂ ਦੇ ਮੋਹ ਵਿੱਚ ਗ੍ਰਸੇ ਸਨ, ਉਨ੍ਹਾਂ ਨੂੰ ਵੀ ਜਗਾਇਆ—

**ਜਹ ਮਾਤ ਪਿਤਾ ਸੁਤ ਮੀਤ ਨ ਭਾਈ॥**
**ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥**

*(ਸੁਖਮਨੀ, ਪੰਨਾ—੨੬੪)*

ਕੁਝ ਕੁ ਸਰੀਰਕ ਬਿਆਧੀਆਂ ਦੇ ਸ਼ਿਕਾਰ ਹੋ ਕੇ ਕਸ਼ਟ ਉਠਾ ਰਹੇ ਸਨ, ਉਨ੍ਹਾਂ ਨੂੰ ਵੀ ਰਸਤੇ ਮਿਲੇ।

**ਸਰਬ ਰੋਗ ਕਾ ਅਉਖਦੁ ਨਾਮੁ॥**

*(ਸੁਖਮਨੀ, ਪੰਨਾ—੨੭੪)*

ਕੁਝ ਐਸੇ ਪ੍ਰੇਮੀ ਵੀ ਸਨ ਜਿੰਨ੍ਹਾਂ ਦੇ ਸਕੇ ਸੰਬੰਧੀ ਸਨ 1947 ਦੀ ਗੜਬੜ ਵਿੱਚ ਮਾਰੇ ਜਾ ਚੁੱਕੇ ਸਨ, ਉਨ੍ਹਾਂ ਦੇ ਅਸ਼ਾਂਤ ਮਨਾਂ ਨੂੰ ਵੀ ਇਨ੍ਹਾਂ ਇਸ਼ਾਰਿਆਂ ਨਾਲ ਧਰਵਾਸ ਆਇਆ—

**ਨਹ ਕਿਛੁ ਜਨਮੈ ਨਹਿ ਕਿਛੁ ਮਰੈ॥ ਆਪਨ ਚਲਿਤੁ ਆਪ ਹੀ ਕਰੈ॥**

*(ਸੁਖਮਨੀ, ਪੰਨਾ—੨੮੧)*

ਕੁਝ ਕੁ ਸੱਜਣ ਗਿਆਨ ਮਾਰਗੀ ਸਨ ਜਿਹੜੇ ਉਪਰੋਕਤ ਉਪਦੇਸ਼ ਨੂੰ ਮੱਧਮ ਦਰਜੇ ਦਾ ਸਮਝਦੇ ਸਨ ਤੇ ਆਪਣੇ-ਆਪ ਨੂੰ ਉੱਤਮ ਜਗਿਆਸੂ ਸਮਝਦੇ ਹੋਏ ਸ਼ਾਂਤ ਨਹੀਂ ਸਨ ਹੋ ਰਹੇ, ਉਨ੍ਹਾਂ ਨੂੰ ਇਸ਼ਾਰਾ ਕੀਤਾ—

**ਅਬਿਨਾਸੀ ਸੁਖ ਆਪਨ ਆਸਨ॥ ਤਹ ਜਨਮ ਮਰਨ ਕਹੁ ਕਹਾ ਬਿਨਾਸਨ॥**

*(ਸੁਖਮਨੀ, ਪੰਨਾ—੨੮੧)*

ਇਸ ਪ੍ਰਕਾਰ ਆਪ ਦੇ ਪਵਿੱਤਰ ਮੁੱਖ ਤੋਂ ਭਿਆਨਕ ਰੌਚਕ ਅਤੇ ਯਥਾਰਥ ਬਚਨਾਂ ਦੁਆਰਾ ਸਰਬ ਸਾਂਝਾ ਅਤੇ ਏਕਤਾ ਵਾਦੀ ਉਪਦੇਸ਼ ਸ੍ਰਵਣ ਕਰਕੇ, ਹਰ ਪ੍ਰਕਾਰ ਦੇ ਉੱਤਮ, ਮੱਧਮ ਸਾਧਕ ਅਤੇ ਗ੍ਰਿਹਸਤੀ ਪ੍ਰੇਮੀ ਸ਼ਾਂਤ ਹੋ ਗਏ।

ਇਤਨੇ ਨੂੰ ਸਰਦ ਰੁੱਤ ਨੇ ਜਾਣ ਲਈ ਆਪਣੇ ਬੋਰੀਏ ਬਿਸਤਰੇ ਬੰਨ੍ਹ ਲਏ ਅਤੇ ਬਸੰਤ ਰੁੱਤ ਆਪਣੇ ਲਉ ਲਸ਼ਕਰ ਸਮੇਤ ਆ ਪਹੁੰਚੀ, ਲੇਕਿਨ ਹੁਣ ਇੱਧਰ ਵੀ ਕੁਝ ਮਹੀਨੇ ਪਹਿਲਾਂ ਲਾਇਆ ਬਗੀਚਾ ਪੂਰੀ ਤਰ੍ਹਾਂ ਮੌਲ ਉਠਿਆ। ਹੁਣ ਆਪ ਜੀ ਦੇ ਅੰਦਰ ਵੀ ਹੁਕਮ ਦੀਆਂ ਤਾਰਾਂ ਸ਼ਾਇਦ ਕਿਸੇ ਹੋਰ ਰੁੱਖ ਦੀਆਂ ਖੜਕ ਰਹੀਆਂ ਹਨ, ਇਸ ਲਈ ਦੁਬਾਰਾ ਫਿਰ ਜਲਦੀ ਆਉਣ ਦਾ ਬਚਨ ਦੇ ਕੇ ਅੱਗੇ ਨੂੰ ਰਵਦੇ ਹੋਏ।

ਕਰੀਬ ਢਾਈ-ਕੁ ਮਹੀਨੇ ਕਿਸੇ ਪਾਸੇ ਹੋਰ ਸ਼ਾਂਤੀ ਅਤੇ ਪ੍ਰਕਾਸ਼ ਰੂਪ ਕਿਰਨਾਂ ਵਰਸਾ ਕੇ ਜ਼ੋਰਦਾਰ ਗਰਮੀ ਦੇ ਮੌਸਮ ਵਿੱਚ ਫਿਰ ਕਰਨਾਲ ਆ ਗਏ। ਪ੍ਰਤੀਤ ਹੋ ਰਿਹਾ ਹੈ ਇਸ ਬਾਗ ਦੇ ਪੌਦਿਆਂ ਦੀਆਂ ਜੜ੍ਹਾਂ ਨੂੰ ਪ੍ਰੇਮ ਦਾ ਜਲ ਅਤੇ

ਸਤਿਸੰਗ ਦੀ ਖੁਰਾਕ ਪਾ ਕੇ ਹੋਰ ਮਜ਼ਬੂਤ ਕਰਨਾ ਚਾਹੁੰਦੇ ਹਨ। ਇੱਕ-ਦੋ ਦਿਨ ਠਹਿਰਣ ਤੋਂ ਬਾਅਦ ਸੰਤ ਮਹਾਰਾਜ ਭਗਤ ਸਿੰਘ ਜੀ ਨੂੰ ਬਚਨ ਕੀਤਾ, ਮਹਾਂਪੁਰਸ਼ੋ ਰਮਾਇਣ ਦੀ ਸੰਪੂਰਨ ਕਥਾ ਸੁਣਾਉ!

ਸੰਤਾਂ ਨੇ ਬਚਨ ਮੰਨ ਕੇ ਬੋਹੜ ਦੇ ਬ੍ਰਿਛ ਹੇਠਾਂ ਰਾਮਾਇਣ ਦੀ ਕਥਾ ਸ਼ੁਰੂ ਕੀਤੀ, ਸੰਗਤਾਂ ਵੀ ਭਾਰੀ ਗਿਣਤੀ ਵਿੱਚ ਜਮ ਕੇ ਸੁਣਦੀਆਂ ਸਨ। ਰਾਮਾਇਣ ਵਿੱਚ ਪ੍ਰੇਮਾਂ ਭਗਤੀ ਤਾਂ ਕੁਟ-ਕੁਟ ਕੇ ਭਰੀ ਹੋਈ ਹੀ ਹੈ, ਇਧਰ ਸੰਤ ਭਗਤ ਸਿੰਘ ਜੀ ਦਾ ਪਵਿੱਤਰ ਹਿਰਦਾ ਵੀ ਪ੍ਰੇਮ ਨਾਲ ਭਰਪੂਰ ਹੈ ਇਸ ਲਈ ਕਥਾ ਕਰਦਿਆਂ ਦੇ ਨੇਤਰ ਪ੍ਰੇਮ ਜਲ ਨਾਲ ਤਰ ਹੋਏ ਰਹਿੰਦੇ ਹਨ। ਕਦੇ-ਕਦੇ ਤਾਂ ਜਿਵੇਂ ਸੀਤਾ ਹਰਣ, ਭਰਤ ਮਿਲਾਪ ਜਦ ਅਜਿਹੇ ਡੂੰਘੇ ਪ੍ਰੇਮ ਦੇ ਪ੍ਰਕਰਣ ਆਉਂਦੇ, ਤਾਂ ਆਪ ਦਾ ਗਲਾ ਭਰ ਆਉਂਦਾ, ਕੰਠ ਰੁੱਕ ਜਾਂਦਾ, ਜੁਬਾਨ ਬੰਦ ਹੋ ਜਾਂਦੀ ਅਤੇ ਅੱਖਾਂ ਵਿੱਚੋਂ ਪਰਲ-ਪਰਲ ਪਾਣੀ ਵਹਿਣ ਲੱਗ ਜਾਂਦਾ, ਸੰਤ ਭਗਤ ਸਿੰਘ ਦੀ ਐਸੀ ਵੈਰਾਗਮਈ ਹਾਲਤ ਦੇਖਕੇ ਆਪ ਬਚਨ ਕਰਦੇ, ਸੰਤੋ! ਇਹ ਨੌਂ ਲੱਖ ਸਾਲ ਪੁਰਾਣੀ ਗੱਲ ਹੈ ਤ੍ਰੇਤੇ ਯੁਗ ਦੀ, ਹੁਣ ਕਲਯੁਗ ਬੀਤ ਰਿਹਾ ਹੈ, ਵਰਤਮਾਨ ਵਿੱਚ ਵਿਚਰੋ, ਸੁੱਖ ਇਸੇ ਵਿੱਚ ਹੈ ਅਤੇ ਫਕੀਰ ਦਾ ਨਿੱਜਦੇਸ਼ ਵੀ ਇਹੀ ਹੈ! ਬਚਨ ਦਾ ਸਾਰ ਸਮਝ ਕੇ ਸੰਤ ਭਗਤ ਸਿੰਘ ਜੀ ਫਿਰ ਕਥਾ ਸ਼ੁਰੂ ਕਰ ਦਿੰਦੇ। ਇਸ ਪ੍ਰਕਾਰ ਰਾਮਾਇਣ ਦੀ ਸੰਪੂਰਨ ਕਥਾ ਕੀਤੀ ਗਈ। ਸੰਗਤਾਂ ਨੇ ਵੀ ਪੂਰਾ ਲਾਭ ਉਠਾਇਆ, ਇਉਂ ਆਪ ਨੇ ਸੰਗਤਾਂ ਨੂੰ ਪ੍ਰੇਮ ਦੇ ਖੁੱਲ੍ਹੇ ਭੰਡਾਰੇ ਵਰਤਾ ਕੇ ਜਦ ਅੱਗੇ ਨੂੰ ਜਾਣ ਦਾ ਸੰਕਲਪ ਕੀਤਾ ਤਾਂ ਸੰਗਤਾਂ ਨੇ ਬੇਨਤੀ ਕੀਤੀ, ਮਹਾਰਾਜ! ਭਗਤਾਂ ਦੀ ਬਾਣੀ ਕੁਝ ਕਠਨ ਹੈ ਜੋ ਆਮ ਬੁੱਧੀ ਦੀ ਸਮਝ ਗੋਚਰੀ ਨਹੀਂ, ਇਸ ਲਈ ਆਪ ਕ੍ਰਿਪਾ ਕਰੋ ਉਸ ਦੀ ਕਥਾ ਵਿਆਖਿਆ ਦੁਆਰਾ ਤਾਤਪਰਜ ਸਮਝਾ ਦਿਉ। ਆਪ ਬੋਲੇ, ਇਸ ਵਕਤ ਤਾਂ ਸਾਡਾ ਕਿਸੇ ਹੋਰ ਪਾਸੇ ਜਾਣ ਦਾ ਖਿਆਲ ਹੈ, ਪਰਮੇਸ਼ਰ ਨੇ ਚਾਹਿਆ ਤਾਂ ਫਿਰ ਕਿਸੇ ਸਮੇਂ ਆ ਕੇ ਭਗਤ ਬਾਣੀ ਦੀ ਸੰਪੂਰਨ ਕਥਾ ਕਰਾਂਗੇ। ਇਸ ਪ੍ਰਕਾਰ ਸੰਗਤਾਂ ਨੂੰ ਧੀਰਜ ਵਿਸ਼ਵਾਸ ਅਤੇ ਫਿਰ ਆਉਣ ਦਾ ਬਚਨ ਦੇ ਕੇ ਇਲਾਹੀ ਹੁਕਮ ਵਿਚ ਕਿਸੇ ਹੋਰ ਟਿਕਾਣੇ ਨੂੰ ਚਾਲੇ ਪਾ ਦਿੱਤੇ।

## ਪਿੰਡ ਬੂਹਾ

ਰਾਜਪੁਰਾ ਸ਼ਹਿਰ ਤੋਂ ਚੰਡੀਗੜ੍ਹ ਰੋਡ ਤੇ ਛੇ ਕੁ ਕਿਲੋਮੀਟਰ ਦੂਰ ਥੋੜ੍ਹਾ ਪਿਛਾਂਹ ਹੱਟਕੇ ਇੱਕ ਪਿੰਡ ਵੱਸਦਾ ਹੈ ਬੂਹਾ। ਇਹ ਕਾਫੀ ਵੱਡਾ ਪਿੰਡ ਹੈ। ਇਸ ਪਿੰਡ ਵਿੱਚ ਭਾਵੇਂ ਰਲੇ ਮਿਲੇ ਸਭ ਕੌਮਾਂ ਦੇ ਲੋਕ ਵਸਦੇ ਹਨ, ਪਰ ਜ਼ਿਆਦਾ ਆਬਾਦੀ ਕੰਬੋਜ ਬਰਾਦਰੀ ਦੀ ਹੈ।

ਜਿਕਰ 1952 ਦੇ ਕਰੀਬ ਦਾ ਹੈ ਜਦੋਂ ਦੈਵ ਯਾ ਸੰਜੋਗ ਦੀ ਪ੍ਰੇਰਨਾ ਦੇ ਪਰੇਰੇ ਸੰਤ ਬਾਬਾ ਬੇਅੰਤ ਸਿੰਘ ਜੀ ਇਸ ਨਗਰ ਆ ਪਹੁੰਚੇ। ਲੰਗਰ ਤਾਂ ਆਪ ਭਿਖਿਆ ਕਰਕੇ ਹੀ ਛਕਦੇ ਸਨ ਅਤੇ ਰਾਤ ਕਿਸੇ ਦਰਖਤ ਹੇਠ ਹੀ ਗੁਜ਼ਾਰ ਲੈਂਦੇ ਸਨ, ਲੇਕਿਨ ਅੱਜ ਇੱਕ ਪ੍ਰੇਮੀ ਸੰਤ ਸਾਵਨ ਸਿੰਘ ਦੀ ਬੇਨਤੀ ਤੇ ਉਸ ਦੇ ਖੂਹ ਤੇ ਕੋਠੇ ਵਿੱਚ ਠਹਿਰ ਗਏ। ਇਲਾਹੀ ਹੁਕਮ ਦੇ ਬੰਨ੍ਹੇ ਇਥੇ ਕੁਝ ਦਿਨ ਰੁਕ ਗਏ। ਆਪ ਦੇ ਉਚੇ-ਸੁੱਚੇ ਜੀਵਨ ਦਾ ਪ੍ਰਭਾਵ ਲੋਕਾਂ ਦੇ ਮਨਾਂ ਤੇ ਪੈਂਦਿਆਂ ਹੀ ਚੁੰਬਕ ਦੀ ਤਰ੍ਹਾਂ ਲੋਕ ਖਿੱਚੇ ਆਉਣੇ ਸ਼ੁਰੂ ਹੋ ਗਏ। ਇੱਕ ਦਿਨ ਪਿੰਡ ਦਾ ਸਰਪੰਚ ਮਿਹਰ ਸਿੰਘ ਵੀ ਦੇਵਨੇਤ ਨਾਲ ਮਹਾਂਪੁਰਸ਼ਾਂ ਦੇ ਚਰਨਾਂ ਵਿੱਚ ਆ ਗਿਆ। ਆਪ ਨੇ ਪੁੱਛਿਆ, ਪ੍ਰੇਮੀਆ! ਸ਼ਰਾਬ ਮਾਸ ਦਾ ਸੇਵਨ ਤਾਂ ਨਹੀਂ ਕਰਦਾ? ਮਹਾਰਾਜ ਸਭ ਕੁਝ ਕਰਦਾ ਹਾਂ! ਫਿਰ ਤਾਂ ਬਹੁਤ ਬੁਰਾ ਕਰਦਾ ਹੈਂ, ਬਿਨਾਂ ਕੋਈ ਪਾਪ ਕੀਤਿਆਂ ਹੀ ਪਾਪਾਂ ਦੀ ਪੰਡ ਸਿਰ ਤੇ ਧਰੀਂ ਜਾਂਦਾ ਹੈਂ। ਸ਼ਾਸਤਰਾਂ ਵਿੱਚ ਲਿਖਿਆ ਹੈ ਕਿ ਭਾਵੇਂ ਦੇਸ਼ ਦਾ ਰਾਜਾ ਹੋਵੇ ਜਾਂ ਪਿੰਡ ਦਾ ਆਗੂ, ਉਨ੍ਹਾਂ ਦਾ ਜਿਹੋ-ਜਿਹਾ ਜੀਵਨ ਹੋਵੇ ਉਸਦਾ ਪ੍ਰਭਾਵ ਲੋਕਾਂ ਤੇ ਅਵੱਸ਼ ਪੈਂਦਾ ਹੈ, ਅਗਰ ਆਗੂ ਦਾ ਜੀਵਨ ਨੀਵਾਂ ਹੈ ਤਾਂ ਉਸਦਾ ਅਸਰ ਲੋਕਾਂ ਤੇ ਪੈਣ ਕਰਕੇ ਲੋਕ ਵੀ ਨੀਵੇਂ ਜੀਵਨ ਵਾਲੇ ਹੋ ਜਾਂਦੇ ਹਨ। ਉਸ ਦਾ ਫਲ ਪਾਪਾਂ ਦੀ ਪੰਡ ਬਿਨਾਂ ਕੀਤਿਆਂ ਹੀ ਆਗੂ ਦੇ ਸਿਰ ਤੇ ਆ ਟਿਕਦੀ ਹੈ। ਅਗਰ ਆਗੂ ਉਚੇ ਜੀਵਨ ਵਾਲਾ ਹੈ ਤਾਂ ਉਸ ਦੇ ਪ੍ਰਭਾਵ ਕਰਕੇ ਲੋਕ ਵੀ ਉਚੇ ਜੀਵਨ ਵਾਲੇ ਹੋ ਜਾਂਦੇ ਹਨ, ਤਾਂ ਆਗੂ ਨੂੰ ਬਿਨਾਂ ਕੀਤਿਆਂ ਹੀ ਪੁੰਨਾਂ ਦੀ ਪ੍ਰਾਪਤੀ ਹੋ ਜਾਂਦੀ ਹੈ, ਹੁਣ ਤੂੰ ਦੇਖ ਕਿਸ ਰਸਤੇ ਚਲਣਾ ਹੈ?

ਸਰਪੰਚ ਬੋਲਿਆ, ਮਹਾਰਾਜ! ਮਿਹਰ ਕਰ ਦਿਉ ਸ਼ਰਾਬ ਮਾਸ ਛੁਟ ਜਾਏ, ਲੇਕਿਨ ਮੇਰੇ ਤੋਂ ਆਪ ਨਹੀਂ ਛੁਟਣੀ। ਬਚਨ ਕੀਤਾ, ਘਰੋਂ ਕੜਾਹ ਪ੍ਰਸ਼ਾਦ ਬਣਾ ਕੇ ਲੈ ਆ। ਸਰਪੰਚ ਮਿਹਰ ਸਿੰਘ ਦੇਸੀ ਘਿਉ ਦਾ ਪ੍ਰਸ਼ਾਦ ਘਰੋਂ ਬਣਾ ਕੇ

ਲੈ ਆਇਆ, ਬਾਬਾ ਜੀ ਨੇ ਹੁਕਮ ਕੀਤਾ ਪਰਮੇਸ਼ਰ ਦੇ ਅੱਗੇ ਅਰਦਾਸ ਕਰ, ਸਰਪੰਚ ਬੋਲਿਆ ਮਹਾਰਾਜ ਮੈਨੂੰ ਤਾਂ ਅਰਦਾਸ ਆਉਂਦੀ ਨਹੀਂ! ਬਾਬਾ ਜੀ ਨੇ ਬਚਨ ਕੀਤਾ ਓ ਭਾਈ! ਪਰਮੇਸ਼ਰ ਅੱਖਰ ਨਹੀਂ ਦੇਖਦਾ ਉਹ ਤਾਂ ਭਾਵਨਾ ਦੇਖਦਾ ਹੈ, ਇਸ ਲਈ ਹੱਥ ਜੋੜ ਕੇ ਉਸ ਤੋਂ ਕ੍ਰਿਪਾ ਮੰਗ ਸ਼ਰਾਬ ਛੱਡਣ ਦੀ। ਸਰਪੰਚ ਨੇ ਇਸੇ ਤਰ੍ਹਾਂ ਕੀਤਾ, ਬਾਬਾ ਜੀ ਬੋਲੇ, ਹੁਣ ਪ੍ਰਸ਼ਾਦ ਵੰਡ ਦੇ ਭਾਈ! ਮਹਾਰਾਜ ਇਥੇ ਤਾਂ ਕੋਈ ਬੰਦਾ ਹੈ ਨਹੀਂ ਕਿਸਨੂੰ ਵਰਤਾਵਾਂ! ਹੁਕਮ ਹੋਇਆ, ਉਚੇ ਥਾਂ ਖੜ ਕੇ ਦੇਖ ਜੋ ਨਜ਼ਰ ਆਉਂਦਾ ਹੈ ਉਸ ਨੂੰ ਬੁਲਾ ਲੈ।

ਸਰਪੰਚ ਨੇ ਦੂਰ ਤੱਕ ਦੇਖਿਆ ਇੱਕ ਬੰਦਾ ਨਜ਼ਰ ਆਇਆ, ਉਸ ਨੂੰ ਆਵਾਜ਼ ਮਾਰੀ ਤੈਨੂੰ ਬਾਬਾ ਜੀ ਬੁਲਾਉਂਦੇ ਹਨ। ਬੰਦਾ ਸੁਣਕੇ ਅਸਚਰਜ ਹੋ ਗਿਆ ਕਿ ਮੇਰਾ ਜੀਵਨ ਕਿਹੋ-ਜਿਹਾ ਹੈ, ਪਰ ਸੰਤਾਂ ਨੇ ਮੈਨੂੰ ਕਿਵੇਂ ਬੁਲਾ ਲਿਆ? ਖੈਰ ਸੰਤਾਂ ਵੱਲ ਨੂੰ ਚੱਲ ਤਾਂ ਪਿਆ ਲੇਕਿਨ ਅੰਦਰ ਦੇ ਪਾਪਾਂ ਦੇ ਭੈ ਨਾਲ ਪਸੀਨਾ-ਪਸੀਨਾ ਹੁੰਦਾ ਜਾਵੇ। ਕੋਲ ਜਾ ਕੇ ਨਮਸਕਾਰ ਕੀਤੀ, ਮਹਾਂਪੁਰਸ਼ਾਂ ਨੇ ਵੀ ਮਿਹਰ ਦੀ ਨਜ਼ਰ ਨਾਲ ਤੱਕਿਆ, ਲੇਕਿਨ ਬਾਤ ਕੋਈ ਨਾ ਕੀਤੀ। ਥੋੜ੍ਹੀ ਦੇਰ ਬੈਠ ਕੇ ਬਿਨਾਂ ਕੋਈ ਗੱਲ ਕੀਤਿਆਂ ਚਲਾ ਗਿਆ, ਲੇਕਿਨ ਅੰਦਰ ਕੋਈ ਧੂਹ ਜਿਹੀ ਪੈ ਗਈ। ਦੂਸਰੇ ਦਿਨ ਉਸ ਧੂਹ ਦਾ ਖਿੱਚਿਆ ਫਿਰ ਚਰਨਾਂ ਵਿੱਚ ਪਹੁੰਚਿਆ। ਇਉਂ ਚਾਰ ਦਿਨ ਲਗਾਤਾਰ ਜਾਂਦਾ ਰਿਹਾ, ਮੱਥਾ ਟੇਕ ਕੇ ਬਿਨਾਂ ਕੋਈ ਗੱਲ ਬਾਤ ਕੀਤਿਆਂ ਵਾਪਸ ਆ ਜਾਣਾ। ਚੌਥੇ ਦਿਨ ਮੱਥਾ ਟੇਕ ਕੇ ਥੋੜ੍ਹਾ ਪਿੱਛੇ ਹੱਟ ਕੇ ਬੈਠ ਗਿਆ, ਕੁਝ ਮਿੰਟਾਂ ਬਾਅਦ ਮਹਾਂਪੁਰਸ਼ਾਂ ਨੇ ਪੁੱਛਿਆ, ਪ੍ਰੇਮੀਆ ਕੀ ਕੰਮ ਕਰਦਾ ਹੈਂ? ਮਹਾਰਾਜ! ਚੋਰੀ, ਡਕੈਤੀ, ਸ਼ਰਾਬ ਕੱਢਕੇ ਵੇਚਣੀ, ਆਦਿ ਹੋਰ ਵੀ ਜਿਤਨੇ ਬੁਰੇ ਕਰਮ ਹਨ ਮੈਂ ਸਭ ਕਰਦਾ ਹਾਂ। ਤੇਰਾ ਨਾਮ ਕੀ ਹੈ? ਜੀ! ਪੰਡਿਤਾਂ ਦੇ ਘਰ ਦਾ ਜਨਮ ਹੈ, ਨਾਮ ਕਸ਼ਮੀਰੀ ਹੈ। ਤੇਰੇ ਪਿੰਡ ਵਿੱਚ ਹੋਰ ਕਿੰਨੇ ਕਸ਼ਮੀਰੀ ਹਨ? ਜੀ ਇਕੱਲਾ ਹਾਂ! ਸਹੁਰਿਆਂ! ਇਕੱਲਾ ਕਿਉਂ ਹੈਂ? ਅਸੀਂ ਤੇਰੇ ਨਾਲ ਹਾਂ, ਆ ਸਾਡੇ ਕੋਲ! ਕੰਡ ਤੇ ਥਾਪੜਾ ਦਿੱਤਾ, ਤੂੰ ਚਿੰਤਾ ਨਾ ਕਰ, ਪਿਛਲੀ ਭੁੱਲ ਜਾ, ਹੁਣ ਅੱਗੇ ਦੀ ਸੋਚ। ਪੰਡਿਤ ਦੇ ਕੰਡ ਤੇ ਹੱਥ ਕੀ ਰੱਖਿਆ, ਮਾਨੋਂ ਬਿਜਲੀ ਦੀ ਸ਼ਾਟ ਲਾ ਕੇ ਅੰਦਰਲੇ ਬਿਕਾਰ ਸਾੜ ਰਹੇ ਹਨ, ਪੰਡਿਤ ਦਾ ਸਰੀਰ ਪਸੀਨੋ-ਪਸੀਨਾਂ ਹੋ ਗਿਆ, ਅੱਖਾਂ ਵਿੱਚੋਂ ਜਲ ਵਹਿ ਤੁਰਿਆ, ਚਰਨਾਂ ਤੇ ਡਿੱਗ ਪਿਆ, ਅਰਜ਼ ਕੀਤੀ, ਬਾਬਾ ਜੀ, ਮੈਨੂੰ ਆਪਣਾ ਚੇਲਾ ਬਣਾ ਲਉ! ਹੁਕਮ ਹੋਇਆ, ਅਸੀਂ ਚੇਲਾ ਨਹੀਂ ਬਣਾਉਣਾ, ਤੂੰ ਸ਼ਾਦੀ ਕਰਵਾ ਕੇ ਨੇਕ ਗ੍ਰਿਹਿਸਤੀਆਂ ਵਾਲਾ ਜੀਵਨ ਜੀਅ! ਮਹਾਰਾਜ ਮੇਰੀ ਸ਼ਾਦੀ ਕਿਸ ਨੇ ਕਰਨੀ ਹੈ? ਮੈਂ ਇਲਾਕੇ ਵਿੱਚ ਬਦਨਾਮ ਹਾਂ, ਮਕਾਨ ਮੇਰਾ ਰਹਿਣ ਕੀਤਾ ਹੈ ਚਾਰ ਸੌ ਰੁਪਏ ਵਿੱਚ, ਛਡਾਉਣ ਲਈ ਪੈਸਾ ਮੇਰੇ ਕੋਲ ਹੈ ਨਹੀਂ; ਪੈਸਾ ਮੈਂ ਚੋਰੀ ਰਾਹੀਂ ਕਮਾਉਣਾ ਸੀ ਉਹ ਹੁਣ ਕਰਨੀ ਨਹੀਂ, ਪੈਸੇ ਬਿਨਾਂ ਮਕਾਨ ਨੇ ਛੁਟਣਾ ਨਹੀਂ, ਸ਼ਾਦੀ ਹੋਣੀ ਨਹੀਂ। ਹੁਕਮ ਹੋਇਆ, ਖੇਤੀ ਦਾ ਕਿੱਤਾ ਸ਼ੁਰੂ ਕਰ, ਇਹ ਨਾਮ ਦਾ ਜਾਪ ਕਰਦਾ ਰਿਹਾ ਕਰ, ਤੇਰਾ ਸਭ ਕੁਛ ਬਣ ਜਾਏਗਾ। ਪੰਡਿਤ ਨੇ ਸਭ ਬਿਕਾਰ ਛੱਡ ਦਿੱਤੇ, ਕਿਸੇ ਦੇ ਨਾਲ ਰਲਕੇ ਖੇਤੀ ਦਾ ਕਿੱਤਾ ਸ਼ੁਰੂ ਕਰ ਲਿਆ, ਥੋੜ੍ਹੀ ਦੇਰ ਬਾਅਦ ਸਾਰੇ ਢੁਕਾਉ-ਢੁਕ ਗਏ, ਗਹਿਣੇ ਵਾਲਾ ਮਕਾਨ ਛੁਟ ਗਿਆ, ਸ਼ਾਦੀ ਹੋ ਗਈ, ਨੇਕ ਗ੍ਰਿਹਿਸਤੀਆਂ ਵਾਲਾ ਜੀਵਨ ਸ਼ੁਰੂ ਹੋ ਗਿਆ।

ਪੰਡਿਤ ਦੇ ਖੇਤ ਕੋਲ ਇੱਕ ਸੰਨਿਆਸੀ ਸਾਧੂਆਂ ਦਾ ਡੇਰਾ ਸੀ, ਪੰਡਿਤ ਕਦੇ-ਕਦੇ ਖੇਤ ਵਿੱਚੋਂ ਉਨ੍ਹਾਂ ਕੋਲ ਚਲਿਆ ਜਾਂਦਾ। ਇੱਕ ਦਿਨ ਸੰਨਿਆਸੀ ਮਹਾਤਮਾ ਨੇ ਪੁੱਛਿਆ, ਤੇਰਾ ਗੁਰੂ ਕੌਣ ਹੈ? ਪੰਡਿਤ ਬੋਲਿਆ, ਇਕ ਨਿਰਮਲੇ ਸੰਤ ਹਨ। ਸੰਨਿਆਸੀ ਨੇ ਕਿਹਾ, ਬ੍ਰਾਹਮਣ ਦਾ ਗੁਰੂ ਨਿਰਮਲਾ ਕਿਵੇਂ ਹੋ ਸਕਦਾ ਹੈ? ਬ੍ਰਾਹਮਣ ਦਾ ਗੁਰੂ ਤਾਂ ਸੰਨਿਆਸੀ ਹੋਣਾ ਚਾਹੀਦਾ ਹੈ। ਪੰਡਿਤ ਜੀ ਨੇ ਬਾਬਾ ਜੀ ਕੋਲ ਆ ਕੇ ਅਰਜ਼ ਕੀਤੀ, ਕਿ ਸੰਨਿਆਸੀ ਇਉਂ ਕਹਿੰਦਾ ਸੀ, ਬਾਬਾ ਜੀ ਬੋਲੇ, ਸੰਨਿਆਸੀ ਨੂੰ ਜਾ ਕੇ ਪੁੱਛੀ, ਕਿ ਸੰਨਿਆਸੀ, ਉਦਾਸੀ ਤੇ ਨਿਰਮਲੇ ਦੇ ਅਰਥ ਕੀ ਹੁੰਦੇ ਹਨ? ਪੰਡਿਤ ਨੇ ਜਾ ਕੇ ਪੁੱਛਿਆ? ਸੰਨਿਆਸੀ ਬੋਲਿਆ ਕਿ ਵਿਚਾਰ ਕੇ ਦੇਖੀਏ ਤਾਂ ਅਰਥ ਸਾਰਿਆਂ ਦੇ ਇਕੋ ਹੀ ਹਨ, ਪੰਡਿਤ ਨੇ ਆਖਿਆ ਮੇਰਾ ਗੁਰੂ, ਇਨ੍ਹਾਂ ਨਾਮ ਧਰੀਕ ਵਿਸ਼ੇਸ਼ਣਾਂ, ਮਜ੍ਹਬਾਂ, ਫਿਰਕਿਆਂ ਤੋਂ ਬਹੁਤ ਉਪਰ ਵਿਚਰਦਾ ਹੈ। ਸੁਣਕੇ ਸੰਨਿਆਸੀ ਚੁੱਪ ਹੋ ਗਿਆ।

ਇਸ ਪ੍ਰਕਾਰ ਪਤਿਤਾਂ ਨੂੰ ਪਾਵਨ ਕਰਦਿਆਂ ਬਾਬਾ ਜੀ ਨੇ ਇਥੇ ਕਾਫੀ ਸਮਾਂ ਗੁਜ਼ਾਰ ਦਿੱਤਾ, ਇਤਨੇ ਨੂੰ ਪਿੰਡ ਦੀ ਕਾਫੀ ਸੰਗਤ ਆਉਣੀ ਸ਼ੁਰੂ ਹੋ ਗਈ। ਪਸ਼ੂਆਂ ਨੂੰ ਪੀਣ ਵਾਲੇ ਪਾਣੀ ਦੀ ਕਿੱਲਤ ਦੇਖਕੇ ਬਾਬਾ ਜੀ ਨੇ ਪਿੰਡ ਦੇ ਲੋਕਾਂ ਨੂੰ ਪ੍ਰੇਰਨਾ ਕੀਤੀ, ਕਿ ਇੱਕ ਵੱਡਾ ਤਕੜਾ ਟੋਬ੍ਹਾ ਪੁੱਟੋ, ਜਿਸ ਵਿੱਚ ਪੂਰਾ ਸਾਲ ਪਾਣੀ ਖੜ੍ਹਾ ਰਹੇ ਤਾਂ ਕਿ ਇਹ

ਵਿਚਾਰੇ ਬੇ-ਜ਼ੁਬਾਨ ਪਸ਼ੂ ਪੂਰਾ ਸਾਲ ਲਾਭ ਉਠਾਉਂਦੇ ਰਹਿਣ। ਪਿੰਡ ਦੇ ਲੋਕ ਬਾਬਾ ਜੀ ਦਾ ਬਚਨ ਮੰਨਕੇ ਟੋਬ੍ਹਾ ਪੁਟਣ ਲੱਗ ਗਏ, ਕਸ਼ਮੀਰੀ ਲਾਲ ਪੰਡਿਤ ਦਾ ਭਰਾ ਗੌਰਮਿੰਟ ਦੇ ਜੰਗਲ ਤੋੜ ਮਹਿਕਮੇ ਵਿੱਚ ਕਰਨੇ ਡਰਾਈਵਰ ਸੀ, ਉਸਦੇ ਰਾਹੀਂ ਮਹਿਕਮੇ ਤੋਂ ਪੰਜਾਹ ਰੁਪਏ ਰੋਜ਼ ਦੇ ਕਰੇਨ ਕਿਰਾਏ ਪਰ ਲੈ ਲਈ, ਉਸ ਦੀ ਸਹਾਇਤਾ ਨਾਲ ਟੋਬ੍ਹਾ ਜਲਦੀ ਪੁਟਿਆ ਗਿਆ, ਜੋ ਅੱਜ ਤੱਕ ਮੌਜੂਦ ਹੈ।

ਇਸੇ ਪ੍ਰਕਾਰ ਪਿੰਡ ਦੇ ਰਸਤਿਆਂ ਵਿੱਚ ਮਿੱਟੀ ਪਵਾ ਕੇ ਉੱਚੇ ਕਰਵਾਏ, ਤਾਂ ਕਿ ਸਭ ਲੋਕ ਅਸਾਨੀ ਨਾਲ ਆ ਜਾ ਸਕਣ। ਫਿਰ ਪਿੰਡ ਦੇ ਲੋਕਾਂ ਨੂੰ ਹੁਕਮ ਕੀਤਾ, ਕਿ ਦੇਸੀ ਘਿਉ ਦਾ ਕੜਾਹ ਪ੍ਰਸ਼ਾਦ ਬਣਾ ਕੇ ਜੱਗ ਚਲਾਉ। ਪ੍ਰੇਮੀਆਂ ਨੇ ਹੁਕਮ ਮੰਨਕੇ ਯੱਗ ਸ਼ੁਰੂ ਕੀਤਾ ਤਾਂ ਸਭ ਗਰੀਬ ਅਮੀਰ ਛਕਦੇ ਰਹੇ, ਲੇਕਿਨ ਦੁਪਹਿਰ ਤੋਂ ਬਾਅਦ ਸੰਗਤ ਨੂੰ ਕੁਝ ਐਸਾ ਲੱਗਿਆ ਕਿ ਯੱਗ ਮੁਕਦਾ ਜਾ ਰਿਹਾ ਹੈ, ਬਾਬਾ ਜੀ ਕੋਲ ਆ ਕੇ ਅਰਜ਼ ਕੀਤੀ, ਬਾਬਾ ਜੀ ਬੋਲੇ! ਗੁਰੂ ਨਾਨਕ ਦਾ ਯੱਗ ਕਿਵੇਂ ਥੁੜ ਸਕਦਾ ਹੈ, ਤੁਸੀਂ ਡਰੋ ਨਾ, ਯੱਗ ਤੇ ਗੁਰੂ ਨਾਨਕ ਦਾ ਮਿਹਰਾਂ ਭਰਿਆ ਹੱਥ ਹੈ। ਇਤਨੇ ਨੂੰ ਨਲਵੀ ਪਿੰਡ ਤੋਂ ਬਾਬਾ ਜੀ ਦੇ ਪੁਰਾਣੇ ਸੰਗੀ ਦੋ ਪੀਪੇ ਦੇਸੀ ਘੀ ਦੇ ਲੈ ਕੇ ਪਹੁੰਚ ਗਏ, ਦੇਖਕੇ ਸੇਵਕਾਂ ਦੇ ਸਭ ਸੰਸੇ ਦੂਰ ਹੋ ਗਏ। ਇਤਨੇ ਨੂੰ ਕਿਸੇ ਈਰਖਾਵਾਦੀ ਨੇ ਡੂਮਣੇ ਸ਼ਹਿਗਦ ਦੀ ਮੱਖੀਆਂ ਨੂੰ ਉਡਾ ਦਿੱਤਾ, ਤਾਂ ਮੱਖੀਆਂ ਦੇਖਕੇ ਸੰਗਤ ਭੱਜਣ ਲੱਗੀ, ਬਾਬਾ ਜੀ ਬੋਲੇ ਡਰੋ ਨਾ, ਇਹ ਤਾਂ ਗੁਰੂ ਨਾਨਕ ਦੇ ਹੁਕਮ ਨਾਲ ਲੰਗਰ ਵਿੱਚ ਅੰਮ੍ਰਿਤ ਵਰਗਾ ਸ਼ਹਿਦ ਪਾਉਣ ਲਈ ਆਈਆਂ ਹਨ, ਇਸ ਨਾਲ ਲੰਗਰ ਹੋਰ ਸਵਾਦੀ ਹੋ ਜਾਵੇਗਾ। ਅਜਿਹਾ ਹੀ ਹੋਇਆ, ਥੋੜ੍ਹੀ ਦੇਰ ਬਾਅਦ ਸਭ ਮੱਖੀਆਂ ਲੰਘ ਗਈਆਂ, ਯੱਗ ਸ਼ਾਮ ਤੱਕ ਅਟੁੱਟ ਵਰਤਦਾ ਰਿਹਾ। ਹੁਣ ਬਾਬਾ ਜੀ ਦਾ ਇਥੋਂ ਜਾਣ ਦਾ ਸੰਕਲਪ ਕੀਤਾ ਦੇਖਕੇ, ਸੰਗਤ ਨੇ ਅਰਜ਼ ਕੀਤੀ, ਮਹਾਰਾਜ ਆਪ ਜੀ ਇਥੋਂ ਜਾਉ ਨਾ, ਕ੍ਰਿਪਾ ਕਰਕੇ ਇਥੇ ਹੀ ਰਹੋ। ਬਾਬਾ ਜੀ ਬੋਲੇ ਹੁਣ ਤਾਂ ਸਾਡਾ ਜਾਣ ਦਾ ਸੰਕਲਪ ਹੈ ਫਿਰ ਕਿਸੇ ਸਮੇਂ ਆਵਾਂਗੇ, ਨਾਲ ਇੱਕ ਪੂਰ ਪੁਰਖ ਲੈ ਕੇ ਆਵਾਂਗੇ, ਜੋ ਤੁਹਾਨੂੰ ਗੁਰਬਾਣੀ ਦੇ ਗੁੱਝੇ ਭੇਦ ਸਮਝਾਵੇਗਾ। ਇਸ ਪ੍ਰਕਾਰ ਸੰਗਤਾਂ ਨੂੰ ਪ੍ਰੇਮ ਅਤੇ ਦੁਬਾਰਾ ਆਉਣ ਦਾ ਬਚਨ ਦੇ ਕੇ ਚਲੇ ਗਏ। ਕੁਝ ਮਹੀਨਿਆਂ ਬਾਅਦ ਯਾਨੀ 1954 ਦੇ ਕਰੀਬ ਵਿਰੱਕਤ ਮਹਾਰਾਜ ਜੀ ਨੂੰ ਨਾਲ ਲੈ ਕੇ ਫਿਰ ਬੂਹੇ ਪਿੰਡ ਆਏ। ਇਸ ਫੇਰੀ ਸਮੇਂ ਬਾਬਾ ਬੇਅੰਤ ਸਿੰਘ ਜੀ ਤਾਂ ਪੁਰਾਣੀ ਜਗ੍ਹਾਂ ਸੰਤ ਸਾਵਨ ਸਿੰਘ ਦੇ ਖੂਹ ਤੇ ਹੀ ਰਹੇ, ਲੇਕਿਨ ਵਿਰੱਕਤ ਮਹਾਰਾਜ ਜੀ ਗੁਰਦਿਆਲ ਸਿੰਘ ਦੇ ਖੇਤ ਵਿੱਚ ਘਾਸ-ਫੂਸ ਦੀ ਇੱਕ ਛੋਟੀ ਕੁੱਲੀ ਬਣਾ ਕੇ ਰਹੇ। ਉਸ ਤੋਂ ਬਾਅਦ ਵਿਰੱਕਤ ਮਹਾਰਾਜ ਜਿਤਨੀ ਵਾਰ ਵੀ ਬੂਹੇ ਗਏ ਇਸੇ ਛੰਨ* ਵਿੱਚ ਠਹਿਰਦੇ ਰਹੇ। ਇਤਨੇ ਸਮੇਂ ਵਿੱਚ ਪਿੰਡ ਦੀਆਂ ਕਾਫੀ ਸੰਗਤਾਂ ਵੀ ਆਪ ਦੇ ਚਰਨਾਂ ਨਾਲ ਜੁੜ ਗਈਆਂ ਜੋ ਆਖਰ ਤੱਕ ਲੱਗੀਆਂ ਰਹੀਆਂ।

## ਲੱਭਾ ਰਾਮ ਜੀ ਅਤੇ ਕੁਝ ਹੋਰ ਪ੍ਰੇਮੀਆਂ ਦਾ ਸ਼ਰਨ ਵਿੱਚ ਆਉਣਾ

ਪਿੱਛੇ ਦਿੱਤੇ ਬਚਨਾਂ ਅਨੁਸਾਰ ਆਪ 1953 ਵਿੱਚ ਕਰਨਾਲ ਪਹੁੰਚ ਗਏ। ਜਿਵੇਂ-ਜਿਵੇਂ ਸੰਗਤਾਂ ਨੂੰ ਪਤਾ ਲਗਦਾ ਗਿਆ, ਦਰਸ਼ਨਾਂ ਲਈ ਆਉਣੀਆਂ ਸ਼ੁਰੂ ਹੋ ਗਈਆਂ। ਸਤਿਸੰਗ ਤਾਂ ਮਹਾਰਾਜ ਭਗਤ ਸਿੰਘ ਜੀ ਰੋਜ਼ ਕਰਦੇ ਹੀ ਸਨ, ਇਸ ਲਈ ਸੰਗਤਾਂ ਵੀ ਰੋਜ਼ ਆਉਂਦੀਆਂ ਹੀ ਸਨ ਪ੍ਰੰਤੂ ਆਪ ਜੀ ਦੇ ਪਹੁੰਚਣ ਤੇ ਸੰਗਤਾਂ ਦੀ ਹੋਰ ਚੋਖੀ ਗਿਣਤੀ ਵਧ ਗਈ। ਪ੍ਰੇਮੀਆਂ ਨੇ ਬੇਨਤੀ ਕੀਤੀ ਮਹਾਰਾਜ ਆਪ ਨੇ ਬਚਨ ਕੀਤਾ ਸੀ ਜਦੋਂ ਦੁਬਾਰਾ ਆਏ, ਭਗਤ ਬਾਣੀ ਦੀ ਕਥਾ ਕਰਾਂਗੇ, ਇਸ ਲਈ ਕ੍ਰਿਪਾ ਕਰੋ, ਹੁਣ ਸੁਣਾਉ! ਪ੍ਰੇਮੀਆਂ ਦੀ ਬੇਨਤੀ ਪ੍ਰਵਾਨ ਕਰਕੇ ਆਪ ਨੇ ਭਗਤ ਬਾਣੀ ਦੀ ਲੜੀ ਵਾਰ ਕਥਾ ਸ਼ੁਰੂ ਕੀਤੀ। ਮਹੀਨਾ ਸ਼ਾਇਦ ਕੁਝ ਗਰਮੀ ਦਾ ਸੀ ਇਸ ਲਈ ਵਿਹੜੇ ਵਿੱਚ ਖੜੇ ਬੋਹੜ ਦੇ ਬ੍ਰਿਛ ਹੇਠਾਂ ਬੈਠ ਕੇ ਕਥਾ ਕਰਿਆ ਕਰਦੇ ਸਨ। ਕਥਾ ਵਿੱਚ ਆਪ ਪਰਮਾਰਥ ਦੇ ਸਾਰੇ ਵਿਸ਼ਿਆਂ ਨੂੰ ਜਿਵੇਂ ਨਿਸ਼ਕਾਮ ਕਰਮ, ਨਿਸ਼ਕਾਮ ਸੇਵਾ, ਨਾਮ ਦੀ ਨਿਰੰਤਰਤਾ, ਪ੍ਰੇਮਾ ਭਗਤੀ ਅਤੇ ਗਿਆਨ ਮਾਰਗ ਨੂੰ ਪੂਰੀ ਤਰ੍ਹਾਂ ਖੋਲ੍ਹਦੇ ਸਨ, ਲੇਕਿਨ ਬਹੁਤ ਸਰਲ ਸ਼ਬਦਾਂ ਵਿੱਚ। ਸੁਣਨ ਵਾਲੇ ਹਰ ਇੱਕ ਮਾਈ ਭਾਈ ਨੂੰ ਅੱਛੀ ਤਰ੍ਹਾਂ ਸਮਝ ਲੱਗ ਜਾਇਆ ਕਰਦੀ ਸੀ। ਇਸ ਲਈ ਦਿਨ-ਪਰ-ਦਿਨ ਸੰਗਤਾਂ ਦੀ ਆਵਾਜਾਈ ਵੱਧਦੀ ਗਈ। ਮਾਤਾ ਬਿਮਲਾ ਅਤੇ ਗੁਰਬਚਨ ਸਿੰਘ ਡਾਇਮੰਡ ਵਾਲੇ

* *ਬੂਹੇ ਪਿੰਡ ਬਹੁਤ ਸੁੰਦਰ ਰੂਪ ਵਿੱਚ ਬਣੀ ਮੌਜੂਦਾ ਕੁਟੀਆਂ ਠੀਕ ਉਸੇ ਥਾਂ ਸੁਸ਼ੋਭਿਤ ਹੈ ਜਿਥੇ ਵਿਰੱਕਤ ਮਹਾਰਾਜ ਜੀ ਛੰਨ ਬਣਾ ਕੇ ਜੀਵਾਂ ਦਾ ਉਧਾਰ ਕਰਦੇ ਰਹੇ ਹਨ।*

ਵੀ ਇਨ੍ਹਾਂ ਦਿਨਾਂ ਵਿੱਚ ਹੀ ਸ਼ਰਨ ਆਏ। ਇਨ੍ਹਾਂ ਲੋਕਾਂ ਦੇ ਘਰ ਘਾਟ ਤਾਂ ਪਾਕਿਸਤਾਨ ਵਿੱਚ ਰਹਿ ਗਏ ਸਨ, ਇਸ ਲਈ ਇਧਰ ਅਜੇ ਬਹੁਤੇ ਮਸਜਿਦਾਂ ਜਾਂ ਸਰਕਾਰੀ ਕੈਂਪਾਂ ਵਿੱਚ ਦਿਨ ਗੁਜ਼ਾਰ ਰਹੇ ਸਨ।

ਐਸੀ ਹੀ ਇਕ ਬੇ-ਘਰ ਹੋਈ ਵਿਧਵਾ ਮਾਈ ਜਿਸਦਾ ਨਾਮ ਭਾਵਾਂ ਰਾਣੀ ਸੀ, ਜੋ ਇਕ ਲੜਕੀ, ਪਿਆਰਾ ਲਾਲ ਤੇ ਜਗਨ ਨਾਥ ਦੋ ਲੜਕਿਆਂ ਦਾ ਪਾਲਣ ਪੋਸ਼ਣ ਲੋਕਾਂ ਦੇ ਘਰਾਂ ਵਿੱਚ ਮਿਹਨਤ ਮਜ਼ਦੂਰੀ ਕਰਕੇ ਕਰਦੀ ਸੀ, ਲੇਕਿਨ ਘਰ ਨਾ ਹੋਣ ਕਰਕੇ ਰਿਹਾਇਸ਼ ਮਹਿਲਾ ਆਸ਼ਰਮ ਵਿੱਚ ਹੀ ਰੱਖੀ ਹੋਈ ਸੀ। ਇਹ ਮਾਈ ਦੇ ਧਾਰਮਿਕ ਅਤੇ ਸੰਤ ਸੇਵੀ ਸੰਸਕਾਰ ਤਕੜੇ ਸਨ ਇਸ ਲਈ ਛੋਟੀ ਕੁਟੀਆ ਸਤਿਸੰਗ ਕਥਾ ਪ੍ਰਵਚਨ ਸੁਨਣ ਲਈ ਅਕਸਰ ਰੋਜ਼ ਹੀ ਜਾਂਦੀ ਸੀ। ਇਹ ਮਾਈ ਲੱਭਾ ਮਲ ਨਾਮ ਦੇ ਇਕ ਸੇਠ ਦੇ ਘਰ ਮਜ਼ਦੂਰੀ ਕਰਦੀ ਸੀ, ਇਸ ਲਈ ਲੱਭਾ ਰਾਮ ਦੇ ਘਰੋਂ ਮਾਈ ਕਰਤਾਰ ਕੌਰ ਨੂੰ ਰੋਜ਼ ਪ੍ਰੇਰਨਾ ਕਰਦੀ ਰਹਿੰਦੀ ਸੀ ਕਿ ਆਪ ਕੁਟੀਆ ਚਲਕੇ ਵੇਖੋ ਉਥੇ ਰੋਜ਼ ਅੰਮ੍ਰਿਤ ਵਰਸਦਾ ਹੈ, ਇੱਕ ਬਹੁਤ ਉਚੇ ਮਹਾਂਪੁਰਖ ਕੁਟੀਆ ਆਏ ਹੋਏ ਹਨ ਜੋ ਹਰ ਰੋਜ਼ ਭਗਤ ਬਾਣੀ ਦੀ ਕਥਾ ਕਰਦੇ ਹਨ। ਮਾਈ ਕਰਤਾਰ ਕੌਰ ਭਾਵੇਂ ਸੰਤ ਸੇਵੀ ਸੁਭਾ ਵਾਲੀ ਸੀ, ਲੇਕਿਨ ਲੱਭਾ ਰਾਮ ਦਾ ਪਿਛੋਕੜ ਚੂਹੜਕਾਣੇ ਦਾ ਸੀ ਜਿਥੇ ਗੁਰੂ ਨਾਨਕ ਸਾਹਿਬ ਨੇ ਸੱਚਾ ਸੌਦਾ ਕੀਤਾ ਸੀ, ਇਸ ਲਈ ਉਸਦੀ ਨੇਸ਼ਠਾ ਗੁਰੂ ਨਾਨਕ ਸਾਹਿਬ ਤੋਂ ਬਿਨਾਂ ਕਿਸੇ ਹੋਰ ਸਾਧੂ ਸੰਤ ਤੇ ਨਹੀਂ ਸੀ। ਇਸ ਲਈ ਮਾਤਾ ਕਰਤਾਰ ਕੌਰ ਵੀ ਉਸਦੀ ਆਗਿਆ ਬਿਨਾਂ ਕਿਤੇ ਜਾ ਨਹੀਂ ਸੀ ਸਕਦੀ ਲੇਕਿਨ ਮਾਤਾ ਭਾਵਾਂ ਰਾਣੀ ਆਪਣੇ ਸੁਭਾਵ ਮੁਤਾਬਿਕ ਰੋਜ਼ ਪ੍ਰੇਰਨਾ ਕਰਦੀ ਰਹਿੰਦੀ ਸੀ।

ਇਸ ਪ੍ਰਕਾਰ ਕੁਝ ਬਿਨ ਕਥਾ ਦੇ ਗੁਜ਼ਰ ਚੁੱਕੇ, ਹੁਣ ਸ਼ਾਇਦ ਕੋਈ ਸੰਜੋਗ ਦਾ ਸਮਾਂ ਆਇਆ, ਸ੍ਰੀ ਹੰਸ ਰਾਜ ਛਾਬੜਾ ਦਾ ਲੱਭਾ ਰਾਮ ਨਾਲ ਕੁਝ ਪ੍ਰੇਮ ਸੀ, ਉਹ ਇਕ ਦਿਨ ਪ੍ਰੇਰਨਾ ਕਰਕੇ ਲੱਭਾ ਰਾਮ ਨੂੰ ਕਥਾ ਸਤਿਸੰਗ ਵਿੱਚ ਲੈ ਆਇਆ। ਲੱਭਾ ਰਾਮ ਨੂੰ ਕਥਾ ਸੁਣਕੇ ਕੁਝ ਸ਼ਾਂਤੀ ਮਹਿਸੂਸ ਹੋਈ। ਫਲਸਵਰੂਪ ਰੋਜ਼ ਆਉਣਾ ਸ਼ੁਰੂ ਕਰ ਦਿੱਤਾ, ਲੇਕਿਨ ਮਹਾਰਾਜ ਜੀ ਦੇ ਨੇੜੇ ਬਹੁਤ ਘੱਟ ਆਉਂਦਾ ਸੀ, ਸਭ ਤੋਂ ਪਿਛਾਂਹ ਬੈਠ ਕੇ ਕਥਾ ਸੁਨਣੀ, ਉਥੋਂ ਹੀ ਵਾਪਸ ਮੁੜ ਜਾਣਾ। ਇਕ ਦਿਨ ਦਿਲਾਂ ਦੀ ਜਾਨਣਹਾਰ ਦਾਤੇ ਨੇ ਕੋਲ ਬੁਲਾ ਕੇ ਪੁੱਛਿਆ, ਤੇਰੇ ਘਰ ਲੱਸੀ ਹੁੰਦੀ ਹੈ? ਹਾਂ ਮਹਾਰਾਜ ਦੁੱਧ ਤਾਂ ਰੋਜ਼ ਰਿੜਕਦੇ ਹਾਂ, ਅਗਰ ਆਪ ਦਾ ਹੁਕਮ ਹੋਵੇ ਤਾਂ ਲੈ ਆਵਾਂ! ਮਹਾਰਾਜ ਬੋਲੇ ਹਾਂ ਪ੍ਰੇਮੀਆਂ ਲੱਸੀ ਪੀਣੀ ਤਾਂ ਹੈ। ਘਰ ਜਾ ਕੇ ਕਰਤਾਰ ਕੌਰ ਨੂੰ ਸਾਰੀ ਗੱਲ ਦੱਸੀ। ਉਹ ਤਾਂ ਪਹਿਲਾਂ ਹੀ ਰੋਜ਼ ਉਨ੍ਹਾਂ ਦੀ ਸ਼ੋਭਾ ਸੁਣਦੀ ਸੀ, ਬੱਸ ਦੋਨੋਂ ਮੀਆਂ ਬੀਵੀ ਘਰੋਂ ਮੱਖਣ ਅਤੇ ਲੱਸੀ ਲੈ ਕੇ ਕੁਟੀਆ ਪਹੁੰਚੇ। ਸਾਰੇ ਮਹਾਂਪੁਰਖਾਂ ਨੂੰ ਪ੍ਰੇਮ ਨਾਲ ਮੱਖਣ ਲੱਸੀ ਛਕਾਇਆ। ਬੱਸ ਅੱਜ ਤੋਂ ਇਹ ਸੇਵਾ ਰੋਜ਼ਾਨਾ ਲਈ ਸ਼ੁਰੂ ਹੋ ਗਈ।

ਫਿਰ ਇੱਕ ਦਿਨ ਲੱਭਾ ਰਾਮ ਨੇ ਬੇਨਤੀ ਕੀਤੀ, ਮਹਾਰਾਜ ਮੇਰੇ ਘਰ ਚੱਲਕੇ ਲੰਗਰ ਛਕੋ! ਆਪ ਜੀ ਨੇ ਹੁਕਮ ਕੀਤਾ, ਕੱਲ੍ਹ ਚਲਾਂਗੇ, ਪਰ ਸ਼ਰਤ ਇਹ ਹੈ ਕਿ ਲੰਗਰ ਵਿੱਚ ਮਿਸੇ ਪ੍ਰਸ਼ਾਦੇ ਤੇ ਲੱਸੀ ਹੀ ਹੋਵੇ ਹੋਰ ਕੁਝ ਨਹੀਂ ਬਣਾਉਣਾ, ਅਤੇ ਆਵਾਂਗੇ ਵੀ ਪੰਜ ਸਾਧੂ। ਇਹ ਪਹਿਲਾ ਦਿਨ ਸੀ ਵਿਰੱਕਤ ਮਹਾਰਾਜ ਜੀਆਂ ਦਾ ਕਿਸੇ ਦੇ ਘਰ ਜਾ ਕੇ ਪ੍ਰਸ਼ਾਦਾ ਛੱਕਣਾ। ਇਸ ਪ੍ਰਕਾਰ ਗੁਰੂ ਨਾਨਕ ਦੇ ਘਰ ਦਾ ਬਗੀਚਾ ਦਿਨ ਰਾਤ ਵੱਧਣ-ਫੁੱਲਣ ਲੱਗਿਆ। ਕੋਈ-ਢਾਈ ਮਹੀਨੇ ਭਗਤ ਬਾਣੀ ਦੀ ਪਾਵਨ ਕਥਾ ਦੁਆਰਾ ਅੰਮ੍ਰਿਤ ਮਈ ਵਰਖਾ ਹੁੰਦੀ ਰਹੀ, ਯਾਨੀ ਢਾਈ ਮਹੀਨੇ ਵਿੱਚ ਕਥਾ ਸੰਪੂਰਨ ਹੋਈ। ਇਹ ਸਾਰੀ ਕਥਾ ਇਕ ਮਾਈ ਤੇਜ ਕੌਰ ਵਕੀਲਣੀ ਨਾਲ-ਨਾਲ ਲਿਖਦੀ ਰਹੀ। ਹੁਣ ਆਪ ਕਿਸੇ ਪਾਸੇ ਹੋਰ ਜਾਣਾ ਚਾਹੁੰਦੇ ਸਨ ਪਰੰਤੂ ਸੰਗਤ ਬਹੁਤ ਰੁਦਨ ਕਰੀ ਜਾ ਰਹੀ ਸੀ, ਬਾਰ-ਬਾਰ ਬੇਨਤੀਆਂ ਕਰਦੇ ਸਨ, ਮਹਾਰਾਜ ਜਾਉ ਨਾ। ਹਜ਼ੂਰ ਬੋਲੇ, ਹੁਣ ਤਾਂ ਬਾਬੇ ਨਾਨਕ ਦਾ ਹੁਕਮ ਕੁਝ ਅਜਿਹਾ ਹੀ ਹੈ, ਕਦੇ ਫਿਰ ਕਰਤਾਰ ਨੇ ਚਾਹਿਆ ਤਾਂ ਆ ਜਾਵਾਂਗੇ। ਇਉਂ ਸੰਗਤਾਂ ਨੂੰ ਧਰਵਾਸ ਦੇ ਕੇ ਇਲਾਹੀ ਹੁਕਮ ਦੀ ਤਾਰ ਵਿੱਚ ਪ੍ਰੋਤੇ ਕਿਸੇ ਹੋਰ ਦੁਖੀਏ ਦਾ ਦਰਦ ਦੂਰ ਕਰਨ ਲਈ ਨਵੇਂ ਟਿਕਾਣੇ ਵੱਲ ਚਾਲੇ ਪਾ ਦਿੱਤੇ।*

* *ਹੰਸ ਰਾਜ ਛਾਬੜਾ ਅਤੇ ਪਿਆਰਾ ਲਾਲ ਦੇ ਆਧਾਰਤ।*

# ਪੂਰਬ ਦੀ ਯਾਤਰਾ

ਜ਼ਿਕਰ 1954 ਦੇ ਕਿਸੇ ਵੇਲੇ ਦਾ ਹੈ। ਇਕ ਦਿਨ ਸਵੱਖਤੇ ਹੀ ਹੁਕਮ ਹੋਇਆ, ਦਰਸ਼ਨ ਸਿਆਂ! ਬਈ ਰੱਬੀ ਨਾਦ ਹੋ ਰਿਹਾ ਹੈ, ਦਰਸ਼ਨ ਕਰੀਏ ਉਨ੍ਹਾਂ ਪਵਿੱਤਰ ਅਸਥਾਨਾਂ ਦੇ, ਜਿਨ੍ਹਾਂ ਨੂੰ ਕਦੇ ਰੰਗ ਬਖਸ਼ਿਆ ਸੀ, ਦੀਨ ਦੁਨੀ ਦੇ ਮਾਲਕ ਨੇ ਆਦਿ ਜਾਮੇ ਵਿੱਚ ਅਤੇ ਪਵਿੱਤਰ ਕੀਤਾ ਸੀ। ਪਵਿੱਤਰ ਚਰਨ ਧੂੜੀ ਦੇ ਜਲ ਨਾਲ ਨੌਵੇਂ ਜਾਮੇਂ ਵਿੱਚ, ਜਿਸ ਸਮੇਂ ਕਹਾਇਆ ਸੀ ਹਿੰਦ ਦੀ ਚਾਦਰ। ਸੰਤ ਦਰਸ਼ਨ ਸਿੰਘ ਜੀ ਦੇ ਮੁੱਖ ਤੋਂ ਤਾਂ ਸ਼ਾਇਦ ਨਾਂਹ ਜੀ ਸ਼ਬਦ ਕਦੇ ਨਿਕਲਿਆ ਹੀ ਨਹੀਂ ਸੀ। ਬਚਨ ਸੁਣਕੇ ਸੰਤ ਸੋਮ ਸਿੰਘ ਜੀ ਨੇ ਵੀ ਨਾਲ ਜਾਣ ਦੀ ਆਗਿਆ ਮੰਗੀ ਜੋ ਪ੍ਰਵਾਨ ਹੋ ਗਈ। ਸ਼ਨੇ-ਸ਼ਨੇ ਸਫ਼ਰ ਕਰਦੇ ਪੁਰਾਤਨ ਦੇਵ ਅਸਥਾਨਾਂ ਦੇ ਅਤੇ ਗੁਰ ਅਸਥਾਨਾਂ ਦੇ ਦਰਸ਼ਨ ਕਰਦੇ ਹੋਏ ਪਹੁੰਚ ਗਏ ਸ੍ਰੀ ਪਰਿਯਾਗ ਰਾਜ ਤੀਰਥ, ਜਿਥੇ ਸਮਾਉਂਦੀਆਂ ਹਨ ਜਮੁਨਾਂ ਅਤੇ ਸਰਸਵਤੀ, ਗੰਗਾ ਵਿੱਚ ਸ਼ਾਇਦ ਇਹੀ ਅਸਥਾਨ ਹੈ ਜਿਥੇ ਲੀਨ ਹੁੰਦੇ ਹਨ ਮਾਇਆ ਦੇ ਦੋ ਗੁਣ ਤਮੋ ਤੇ ਰਜੋ, ਸਤੋ ਵਿੱਚ। ਸ਼ਾਇਦ ਇਥੋਂ ਹੀ ਕੋਈ ਰਸਤਾ ਨਿਕਲਦਾ ਹੈ 'ਤੁਰੀਆ ਪੁਰੀ' ਦੇ ਮਹਾਨ ਦੇਸ ਜਾਣ ਲਈ। ਠੀਕ ਹੈ, ਰਜੋ, ਤਮੋ ਆਦਿ ਨਿਚਲੇ ਦੇਸ਼ਾਂ ਦੇ ਜੀਵ ਤਾਂ ਇਥੇ ਆਉਂਦੇ ਹੋਣਗੇ ਆਪਣੇ ਗੁਣਾਂ ਦੇ ਕਰਨਿਆਂ ਦੀ ਮੈਲ ਉਤਾਰਨ ਲਈ, ਲੇਕਿਨ ਇਹ ਤਾਂ ਤੁਰੀਆ ਪੁਰੀ ਦੇ ਵਾਸੀ ਨਜ਼ਰ ਆਉਂਦੇ ਹਨ, ਇਹ ਇਥੇ ਕਿਸ ਲਈ ਆਏ ਹਨ? ਅੱਗੋਂ ਉਤਰ ਮਿਲਿਆ ਇਹ ਮਾਲਕ ਹਨ ਇਨ੍ਹਾਂ ਅਸਥਾਨਾਂ ਦੇ, ਇਨ੍ਹਾਂ ਨੇ ਆਪਣੇ ਪਰਉਪਕਾਰੀ ਸੁਭਾ ਅਨੁਸਾਰ ਕਦੇ ਸਿਰਜਨਾ ਕੀਤੀ ਸੀ ਜੀਵਾਂ ਦੇ ਭਲੇ ਲਈ ਇਨ੍ਹਾਂ ਮਾਤ ਲੋਕ ਦੇ ਤੀਰਥਾਂ ਦੀ, ਕਿ ਇਹ ਵਿਚਾਰੇ ਜੀਵ ਇਥੋ ਸਤੋ ਗੁਣੀ ਸੜਕ ਪੈ ਕੇ ਪਹੁੰਚ ਜਾਣ ਸੁਖਦਾਈ ਦੇਸ ਤੁਰੀਆ ਪੁਰੀ। ਫਿਰ ਸਮੇਂ-ਸਮੇਂ ਚੱਕਰ ਲਾਉਂਦੇ ਰਹਿੰਦੇ ਹਨ ਇਨ੍ਹਾਂ ਸਥਾਨਾਂ ਦੀ ਸੰਭਾਲ ਅਤੇ ਸ਼ੁੱਧਤਾ ਲਈ, ਕਿਉਂਕਿ ਇਨ੍ਹਾਂ ਦੇ ਮਾਲਕ ਜੋ ਹੋਏ।

ਇਹ ਪਰਉਪਕਾਰੀ ਆਪਣੇ ਦੇਸ਼ ਤੋਂ ਇਕ ਦਵਾਈ ਲੈ ਕੇ ਆਉਂਦੇ ਹਨ ਇਥੇ ਸਪਰੇਹ ਕਰਨ ਲਈ, ਜਿਸ ਦਾ ਨਾਮ ਕਹਿੰਦੇ ਹਨ, ਚਰਨ ਧੂੜੀ। ਜੇ ਅਜਿਹਾ ਨਾ ਕਰਨ ਤਾਂ ਇਥੇ ਵੀ ਤਾਂ ਰਜੋ, ਤਮੋ ਦੀ ਦੁਰਗੰਧ ਫੈਲ ਜਾਵੇ। ਸ਼ੰਕਾਵਾਦੀ ਨੇ ਸਵਾਲ ਕੀਤਾ, ਹੋਈ ਲਿਖਤੀ ਸਬੂਤ ਹੈ ਇਸ ਗੱਲ ਦਾ? ਉੱਤਰ ਮਿਲਿਆ ਇੱਕ ਨਹੀਂ, ਅਨੰਤ ਹਨ, ਲਉ ਸੁਣੋ-

**ਤੀਰਥ ਨਾਤੈ ਪਾਪ ਜਾਹਿ ਪਤਿਤ ਉਧਾਰਣ ਨਾਉ ਧਰਾਇਆ॥**
**ਤੀਰਥ ਹੋਣ ਸਕਾਰਥੇ ਸਾਧ ਜਨਾ ਦਾ ਦਰਸਨੁ ਪਾਇਆ॥**

ਫਿਰ ਸ਼ੰਕਾ ਹੋਈ ਕਿ ਐਸੇ ਸਾਧ ਦੇ ਲੱਛਣ ਕੀ ਹਨ? ਤਾਂ ਜਵਾਬ ਮਿਲਿਆ

**ਸਾਧ ਹੋਇ ਮਨ ਸਾਧਿਕੈ, ਚਰਨ ਕਵਲ ਗੁਰ ਚਿਤ ਵਸਾਇਆ।**
**ਉਪਮਾ ਸਾਧ ਅਗਾਧਿ ਬੋਧ, ਕੋਇ ਮਧੇ ਕੋ ਸਾਧੁ ਸੁਣਾਇਆ।**
**ਗੁਰਸਿਖ ਸਾਧ ਅਸੰਖ ਜਗਿ, ਧਰਮਸਾਲ ਥਾਇ ਥਾਇ ਸੁਹਾਇਆ।**
**ਪੈਰੀ ਪੈ ਪੈਰ ਧੋਵਣੇ ਚਰਣੋਦਕੁ ਲੈ ਪੈਰ ਪੁਜਾਇਆ।**

*(ਵਾਰ ੨੩ ਪੰਉੜੀ ੨)*

**ਗੁਰਮੁਖਿ ਸੁਖ ਫਲੁ ਅਲਖੁ ਲਖਾਇਆ।**

*(ਭਾਈ ਗੁਰਦਾਸ ਜੀ)*

ਯਥਾ — **ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥**
**ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥**

*(ਮਲਾਰ ਮ: ੪, ਪੰਨਾ-੧੨੬੩)*

ਯਥਾ — **ਨਾਨਕ ਧੂੜਿ ਪੁਨੀਤ ਸਾਧ ਲਖ ਕੋਟਿ ਪਿਰਾਗੇ॥**

*(ਪਉੜੀ, ਪੰਨਾ-੩੨੨)*

ਇਥੇ ਕੁਝ ਦਿਨ ਠਹਿਰ ਕੇ ਹੁਣ ਅੱਗੇ ਨੂੰ ਚਾਲੇ ਪਾ ਕੇ ਦਰਸ਼ਨ ਕੀਤੇ ਉਸ ਅਯੁੱਧਿਆ ਪੁਰੀ ਦੇ, ਜਿਥੇ ਤ੍ਰੇਤੇ ਯੁਗ ਵਿੱਚ ਹਰੀ ਨੇ ਕੁਝ ਕੀਤੇ ਸਨ ਖੇਡ ਨਾਟਕ। ਫਿਰ ਇਥੋਂ ਚਲਕੇ ਕਾਸ਼ੀ ਜਾ ਪਹੁੰਚੇ, ਜਿਥੇ ਕੁਝ ਸਮਾਂ ਗੁਜ਼ਾਰਿਆ

ਸੀ, ਵਿਦਿਆ ਪੜ੍ਹਣ ਦੇ ਬਹਾਨੇ। ਇਥੇ ਕੁਝ ਦਿਨ ਠਹਿਰ ਕੇ ਪੁਰਾਣੇ ਸੰਗੀ ਸਾਥੀਆਂ ਨੂੰ ਮਿਲੇ, ਫਿਰ ਅੱਗੇ ਪ੍ਰਸਥਾਨ ਕੀਤਾ ਸਹਿਜੇ-ਸਹਿਜੇ ਪਹੁੰਚ ਗਏ ਉਸ ਟਿਕਾਣੇ ਜਿਥੇ ਕਦੇ ਹਰੀ ਨੇ ਕੀਤੇ ਸਨ ਬਾਲ ਕੌਤਕ ਦਸਵਾਂ ਜਾਮਾਂ ਧਾਰਣ ਕਰਕੇ ਪਟਨਾ ਸਾਹਿਬ। ਇਥੇ ਕਈ ਦਿਨ ਗੁਰਦੁਆਰਾ ਮੈਣੀ ਸੰਗਤ ਠਹਿਰ ਕੇ ਜਨਮ ਅਸਥਾਨ ਅਤੇ ਬਾਲ ਲੀਲਾ ਆਦਿਕ ਪਵਿੱਤਰ ਅਸਥਾਨਾਂ ਦੇ ਦਰਸ਼ਨ ਦੀਦਾਰੇ ਕਰਕੇ ਸ਼ਨੇ-ਸ਼ਨੇ ਗੁਰੂ ਨਾਨਕ ਅਤੇ ਗੁਰੂ ਤੇਗ ਬਹਾਦਰ ਦੇ ਪਵਿੱਤਰ ਅਸਥਾਨਾਂ ਦੇ ਦਰਸ਼ਨ ਕਰਦੇ, ਗਯਾ ਜੀ ਪਹੁੰਚ ਗਏ। ਇਥੇ ਕੁਝ ਦਿਨ ਟਿਕੇ, ਫਿਰ ਇਕ ਨਿਰਮਲਾ ਸੰਤ ਕਿਸ਼ਨ ਹੀਰ ਵੀ ਆਗਿਆ ਲੈ ਕੇ ਨਾਲ ਹੋ ਗਿਆ। ਇਥੋਂ ਬੁੱਧ ਗਯਾ ਦੇ ਦਰਸ਼ਨ ਕਰਦੇ ਹੋਏ, ਕਲਕੱਤੇ ਵੱਲ ਨੂੰ ਚਾਲੇ ਪਾਏ ਸਹਿਜੇ-ਸਹਿਜੇ ਕਲਕੱਤੇ ਪਹੁੰਚ ਗਏ। ਇਥੇ ਗੁਰੂ ਸਾਹਿਬਾਂ ਨਾਲ ਸੰਬੰਧਤ ਕੁਝ ਅਸਥਾਨ ਹਨ ਜਿਵੇਂ ਗੁਰਦੁਆਰਾ ਬੜੀ ਸੰਗਤ, ਛੋਟੀ ਸੰਗਤ ਆਦਿਕ ਅਸਥਾਨ ਅਤੇ ਗੰਗਾ ਸਾਗਰ ਦੀ ਯਾਤਰਾ ਕਰਕੇ ਪਿਛਾਂਹ ਤਿਰੋਹਿਤ ਦੇਸ਼ ਵੱਲ ਨੂੰ ਮੁਹਾਰਾਂ ਮੋੜੀਆਂ। ਰਾਜਗਿਰੀ ਆਦਿਕ ਅਸਥਾਨਾਂ ਦੇ ਦਰਸ਼ਨ ਕਰਦੇ ਹੋਏ ਰਾਂਚੀ ਪਹੁੰਚ ਗਏ। ਇਥੇ ਸ਼ਹਿਰ ਤੋਂ ਬਾਹਰ ਛੋਟੀ ਜਿਹੀ ਨਦੀ ਦੇ ਕਿਨਾਰੇ ਇਕ ਜਗ੍ਹਾ ਹੈ ਜਿਸ ਨੂੰ ਲੋਕ ਟੂਟੀ ਝਰਨਾ ਕਰਕੇ ਜਾਣਦੇ ਹਨ। ਇਸ ਜਗ੍ਹਾ ਇਕ ਵੱਡੇ ਬ੍ਰਿਛ ਦੇ ਹੇਠ ਆਸਣ ਲਗਾ ਲਏ। ਸ਼ਹਿਰ ਦਾ ਇਥੇ ਕੋਈ ਬੰਦਾ ਨਹੀਂ ਆਉਂਦਾ, ਕਿਉਂਕਿ ਬਿਲਕੁੱਲ ਨਾਲ ਹੀ ਇਕ ਆਸ਼ਰਮ ਹੈ ਦਿਮਾਗੀ ਪਰੇਸ਼ਾਨ ਬੰਦਿਆਂ ਦਾ, ਜਿਸ ਨੂੰ ਆਮ ਲੋਕਾਂ ਦੀ ਬੋਲੀ ਵਿੱਚ ਪਾਗਲਖਾਨਾ ਕਿਹਾ ਜਾਂਦਾ ਹੈ। ਇਹਨਾਂ ਲੋਕਾਂ ਨੂੰ ਨੀਂਦ ਵਗੈਰਾ ਨਹੀਂ ਹੁੰਦੀ ਇਸ ਲਈ ਦਿਨ ਰਾਤ ਇਕ ਦੂਜੇ ਨੂੰ ਗਾਲੀ ਗਲੋਚ ਕਰਦੇ ਰਹਿੰਦੇ ਹਨ। ਖੁਦਾ ਜਾਣੇ ਰਾਜੇ ਜਨਕ ਵਾਂਗ ਆਪ ਦਾ ਇਸ ਸੰਜਵਣੀ ਪੁਰੀ ਵਿੱਚ ਡੇਰਾ ਲਾਉਣ ਦਾ ਕੀ ਕਾਰਨ ਹੈ? ਇਹ ਇਨਸਾਨੀ ਬੁੱਧੀ ਤੋਂ ਪਰੇ ਦਾ ਸਵਾਲ ਹੈ। ਖੈਰ ਭੁੱਖ ਲੱਗਣ ਤੇ ਇਕ ਵਾਰੀ ਕਿਸੇ ਬਸਤੀ ਵਿੱਚੋਂ ਪ੍ਰਸ਼ਾਦੇ ਲੈ ਕੇ ਛੱਕ ਲੈਣੇ, ਫਿਰ ਚੌਵੀ ਘੰਟੇ ਕਿਸੇ ਇਲਾਹੀ ਰੰਗ ਵਿੱਚ ਲੀਨ ਰਹਿਣਾ। ਇਉਂ ਕਈ ਦਿਨ ਬੀਤ ਗਏ।

ਇਕ ਦਿਨ ਸੰਤ ਕਿਸ਼ਨ ਹਰੀ ਨੇ ਅਰਜ਼ ਕੀਤੀ, ਮਹਾਰਾਜ! ਇਥੋਂ ਕਿਸੇ ਜਗ੍ਹਾ ਦੂਰ ਜਾ ਕੇ ਟਿਕਾਣਾ ਕਰ ਲਈਏ, ਇਹ ਪਾਗਲ ਲੋਕ ਸਾਰੀ ਰਾਤ ਸੌਣ ਨਹੀਂ ਦਿੰਦੇ! ਆਪ ਬੋਲੇ ਸੰਤ ਜੀ! ਨੌਕਰੀ ਕੀ, ਤੇ ਨੀਂਦ ਕੀ? ਜਿਸਦੇ ਅੱਗੇ ਨੌਕਰੀ ਕਰਨੀ ਹੈ ਉਸਦੇ ਅੱਗੇ ਨਖਰਾ ਕੀ? ਉਹ ਜਿਥੇ ਚਾਹੇ ਰੱਖੇ। ਡਾਕਟਰ ਕੀ, ਤੇ ਮਰੀਜ ਤੋਂ ਸੂਗ ਕੀ? ਦੇਵਨੇਤ ਨਾਲ ਕਰਤਾਰ ਦੀ ਖੇਡ ਅੱਜ ਕੁਝ ਐਸੀ ਹੋਈ ਇੱਕ ਪ੍ਰੇਮੀ ਇੱਧਰ ਆ ਨਿਕਲਿਆ, ਜਾ ਤਾਂ ਉਹ ਕੁਝ ਦਿਨਾਂ ਤੋਂ ਦੇਖ ਰਿਹਾ ਸੀ ਜਾਂ ਕਿਸੇ ਅਣਡਿੱਠ ਸ਼ਕਤੀ ਦਾ ਪ੍ਰੇਰਿਆ, ਇਹ ਗੁਰੂ ਜਾਣੇ। ਆ ਕੇ ਦੇਖਿਆ ਇਹ ਪੁਰੀਆਂ ਦੇ ਮਾਲਕ ਪ੍ਰਤੀਤ ਦੇ ਰਹੇ ਹਨ, ਲੇਕਿਨ ਬੈਠੇ ਹਨ ਪਾਗਲ ਖਾਨੇ ਦੇ ਨਜ਼ਦੀਕ ਨਾਲੇ ਦੇ ਕਿਨਾਰੇ ਇੱਕ ਦਰੱਖਤ ਹੇਠ ਹੀ। ਫਿਰ ਮਨ ਵਿਚ ਆਇਆ—

**ਸਗਲੀ ਧਰਤੀ ਸਾਧ ਕੀ**

ਇਹ ਤਾਂ ਸਾਰੀ ਧਰਤੀ ਕੀ, ਬ੍ਰਹਮੰਡਾਂ ਦੇ ਮਾਲਕ ਹਨ, ਜਿਥੇ ਚਾਹੁਣ ਬੈਠਣ, ਇਨ੍ਹਾਂ ਨੂੰ ਕੌਣ ਰੋਕ ਸਕਦਾ ਹੈ। ਇਥੇ ਬੈਠਣ ਦਾ ਵੀ ਇਨ੍ਹਾਂ ਦਾ ਕੋਈ ਖਾਸ ਪ੍ਰਯੋਜਨ ਹੋ ਸਕਦਾ ਹੈ। ਖੈਰ ਬੇਨਤੀ ਕਰ ਲੈਂਦੇ ਹਾਂ, ਜੇ ਪ੍ਰਵਾਨ ਹੋ ਗਈ ਖੁਸ਼ ਨਸੀਬੀ, ਨਾ ਪ੍ਰਵਾਨ ਹੋਈ ਤਾਂ ਸਮਝੋ ਅਜੇ ਕਰਮ ਸਾਥ ਨਹੀਂ ਦੇ ਰਹੇ। ਕੋਲ ਜਾ ਕੇ ਬੜੀ ਸ਼ਰਧਾ ਨਾਲ ਨਮਸ਼ਕਾਰ ਕੀਤੀ, ਫਿਰ ਅਰਜ਼ ਗੁਜ਼ਾਰੀ ਮਹਾਰਾਜ! ਮੇਰਾ ਬਾਗ ਹੈ ਸ਼ਹਿਰ ਦੇ ਨੇੜੇ, ਆਪ ਕ੍ਰਿਪਾ ਕਰੋ ਉਸ ਵਿੱਚ ਡੇਰੇ ਲਾਉ! ਹਜੂਰ ਬੋਲੇ, ਪ੍ਰੇਮੀਆਂ! ਤੇਰਾ ਨਾਮ ਕੀ ਹੈ, ਕੰਮ ਕੀ ਕਰਦਾ ਹੈਂ? ਮਹਾਰਾਜ ਮੇਰਾ ਨਾਮ ਕਰਤਾਰ ਸਿੰਘ ਹੈ, ਕੱਪੜੇ ਦਾ ਵਪਾਰ ਕਰਦਾ ਹਾਂ। ਉਸ ਦਾ ਪ੍ਰੇਮ ਦੇਖਕੇ ਨਾਲ ਚੱਲ ਪਏ, ਜਾ ਡੇਰੇ ਲਾਏ ਬਾਗ ਵਿੱਚ।

ਕਰਤਾਰ ਸਿੰਘ ਨੇ ਅਰਜ਼ ਕੀਤੀ, ਮਹਾਰਾਜ ਲੰਗਰ ਰੋਜ਼ ਮੇਰੇ ਘਰੋਂ ਆ ਜਾਇਆ ਕਰੇਗਾ, ਇਸ ਲਈ ਆਪ ਭਿਖਿਆ ਕਰਨ ਨਾ ਜਾਇਓ, ਇਹ ਸੇਵਾ ਸਾਨੂੰ ਬਖਸ਼ ਦਿਉ। ਹਜੂਰ ਉਸ ਦੇ ਪ੍ਰੇਮ ਤੇ ਰੀਝ ਕੇ ਬੋਲੇ, ਪ੍ਰੇਮੀਆਂ ਜੇ ਤੇਰੀ ਇਹੀ ਇੱਛਾ ਹੈ ਤਾਂ ਐਸਾ ਕਰ, ਬਜਾਏ ਲੰਗਰ ਘਰੋਂ ਭੇਜਣ ਦੇ ਇਥੇ ਸੁੱਕਾ ਰਾਸ਼ਣ ਭੇਜ ਦੇ, ਅਸੀਂ ਖੁਦ ਹੀ ਪਕਾ ਕੇ ਛੱਕ ਲਿਆ ਕਰਾਂਗੇ। ਕਰਤਾਰ ਸਿੰਘ ਨੇ ਅਰਜ਼ ਕੀਤੀ, ਮਹਾਰਾਜ! ਫਿਰ ਇਥੇ ਮੈਂ ਇੱਕ ਨੌਕਰ ਛੱਡ ਦਿੰਦਾ ਹਾਂ, ਉਹ ਪਕਾ ਕੇ ਛਕਾ ਦਿਆ ਕਰੇਗਾ। ਹਜੂਰ ਨੇ ਪ੍ਰਵਾਨਗੀ ਦੇ ਦਿੱਤੀ। ਇਸ ਪ੍ਰਕਾਰ ਪਿਆਰੇ ਦੀ ਲਿਵਤਾਰ ਵਿੱਚ ਪਰੋਤੇ ਸਮਾਂ ਬਤੀਤ ਹੋ ਰਿਹਾ ਸੀ। ਹੁਣ ਪਰਮੇਸ਼ਰ ਵੱਲੋਂ ਇੱਕ ਖੇਡ ਕੀ ਵਰਤਿਆ, ਮਾਨੋਂ ਕਰਤਾਰ ਸਿੰਘ ਨੂੰ ਇਕ ਜ਼ਬਰਦਸਤ

ਖਰਚਾ ਪੈ ਗਿਆ। ਉਸ ਨੇ ਆਪਣੀ ਲੜਕੀ ਦੀ ਸਗਾਈ ਪਟਨਾ ਸਾਹਿਬ ਕੀਤੀ ਹੋਈ ਸੀ ਉਸ ਦੀ ਸ਼ਾਦੀ ਤੈਹ ਹੋ ਗਈ, ਘਰ ਸਭ ਸਮਾਨ ਇਕੱਠਾ ਕਰਕੇ ਸ਼ਾਦੀ ਦੀ ਪੂਰੀ ਤਿਆਰੀ ਕਰ ਲਈ। ਬਰਾਤ ਆਉਣ ਵਿੱਚ ਕੇਵਲ ਦੋ ਦਿਨ ਰਹਿ ਗਏ, ਘਰ ਹਲਵਾਈ ਪਕਵਾਨ ਬਣਾ ਰਹੇ ਹਨ, ਆਪ ਖੁਸ਼ੀ-ਖੁਸ਼ੀ ਨਾਲ ਸਵੇਰੇ-ਸਵੇਰੇ ਘਰੋਂ ਦੁੱਧ ਲੈ ਕੇ ਹਜ਼ੂਰ ਦੇ ਦਰਸ਼ਨ ਕਰਨ ਗਿਆ, ਅੱਗੋਂ ਅਰਸ਼ੀ ਪ੍ਰੀਤਮ ਉੱਚੀ ਸੁਰ ਵਿੱਚ ਪੜ ਰਹੇ ਹਨ—

ਦੁਖੁ ਵਿੱਚ ਸੁਖ ਮਨਾਈ, ਪਿਆਰੇ, ਦੁਖ ਵਿਚ ਸੁਖ ਮਨਾਈ॥
ਦੁਖੁ ਵਿਚ ਸੁਖ ਮਨਾਈ, ਪਿਆਰੇ, ਦੁਖ ਵਿਚ ਸੁਖ ਮਨਾਈ॥
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥

*(ਗ: ਮ: ੯, ਪੰਨਾ—੨੧੯)*

ਸ਼ਬਦ ਪੂਰਾ ਕਰਕੇ ਮਹਾਰਾਜ ਕਿਸੇ ਗੰਭੀਰ ਮੁਦਰਾ ਵਿੱਚ ਚੁਪ ਹੋ ਗਏ। ਕਰਤਾਰ ਸਿੰਘ ਘਰ ਆ ਕੇ ਆਪਣੇ ਕਾਰੋਬਾਰ ਵਿੱਚ ਪਰਚ ਗਿਆ। ਉਸੇ ਦਿਨ ਸ਼ਾਮ ਨੂੰ ਲੀਲਾ ਵਰਤੀ, ਉਸ ਦਾ ਦਸ ਕੁ: ਸਾਲ ਦਾ ਬੇਟਾ ਖੇਡ ਰਿਹਾ ਸੀ ਉਸਦੇ ਪੈਰ ਵਿੱਚ ਕੱਚ ਦਾ ਟੁਕੜਾ ਲੱਗਕੇ ਕਾਫੀ ਅੰਦਰ ਚਲਾ ਗਿਆ। ਜਲਦੀ ਨਾਲ ਡਾਕਟਰਾਂ ਕੋਲ ਪਹੁੰਚਾਇਆ, ਸਾਰੀ ਰਾਤ ਡਾਕਟਰ ਇਲਾਜ ਕਰਦੇ ਰਹੇ ਲੇਕਿਨ ਬੱਚੇ ਦੀ ਹਾਲਤ ਵਿਗੜਦੀ ਗਈ, ਆਖਰ ਥੋੜ੍ਹਾ ਦਿਨ ਚੜ੍ਹੇ ਬੱਚਾ, ਪ੍ਰਾਣ ਤਿਆਗ ਗਿਆ। ਘਰ ਵਿੱਚ ਕੁਰਾਲਹਟ ਮੱਚ ਗਈ, ਸ਼ਾਦੀ ਦਾ ਰੰਗ ਦੁੱਖ ਵਿੱਚ ਬਦਲ ਗਿਆ, ਕੁਝ ਲੋਕ ਕਹਿਣ ਲੱਗੇ, ਬਰਾਤ ਕੱਲ੍ਹ ਆਉਣੀ ਹੈ ਉਸਨੂੰ ਅੱਜ ਹੀ ਰੋਕ ਦਿੱਤਾ ਜਾਵੇ, ਸ਼ਾਦੀ ਕੁਝ ਦਿਨ ਅੱਗੇ ਪਾ ਦਿੱਤੀ ਜਾਵੇ, ਆਦਿ।

ਕਰਤਾਰ ਸਿੰਘ ਦੇ ਕੰਨਾਂ ਵਿੱਚ ਮਹਾਰਾਜ ਦੇ ਉਹ ਸ਼ਬਦ ਗੂੰਜਣ ਲੱਗੇ, ਦੁਖੁ ਵਿੱਚ ਸੁਖ ਮਨਾਈ। ਹੈਰਾਨ ਹੋ ਰਿਹਾ ਹੈ ਕਿ ਮਹਾਰਾਜ ਪਹਿਲਾਂ ਹੀ ਜਾਣਦੇ ਸਨ ਕਿ ਇਹ ਘਟਨਾ ਵਾਪਰਨ ਵਾਲੀ ਹੈ। ਹੁਣ ਅੰਦਰ ਦ੍ਰਿੜ ਵਿਸ਼ਵਾਸ਼ ਪੈਦਾ ਹੋ ਗਿਆ, ਸਭ ਨੂੰ ਕਹਿ ਦਿੱਤਾ ਕਿ ਬਰਾਤ ਨਹੀਂ ਰੋਕਣੀ, ਜੋ ਕੁਝ ਹੋਣਾ ਸੀ ਹੋ ਗਿਆ, ਇਹ ਪਹਿਲਾਂ ਹੀ ਨੀਯਤ ਸੀ, ਤਦ ਮਹਾਰਾਜ ਜੀ ਨੇ ਕੱਲ੍ਹ ਸਵੇਰੇ ਹੀ ਇਸ਼ਾਰਾ ਕਰ ਦਿੱਤਾ ਸੀ, ਪਰ ਮੈਂ ਨਹੀਂ ਸੀ ਸਮਝਿਆ। ਬਾਗ ਵਿੱਚ ਜਾ ਕੇ ਮਹਾਰਾਜ ਜੀ ਦੇ ਪਵਿੱਤਰ ਚਰਨਾਂ ਵਿੱਚ ਨਮਸ਼ਕਾਰ ਕਰਕੇ ਸਾਰੀ ਗੱਲ ਦੱਸੀ। ਹਜ਼ੂਰ ਨੇ ਵੀ ਧਰਵਾਸ ਦਿੱਤਾ, ਭਾਈ! ਇਹੀ ਗੁਰਮੁਖਿ ਜੀਵਨ ਹੈ। ਹਰ ਦੁੱਖ-ਸੁੱਖ ਵਿੱਚ ਪਿਆਰੇ ਦਾ ਹੁਕਮ ਹੀ ਵਰਤਦਾ ਦੇਖਣਾ। ਹੁਕਮ ਸਾਡੇ ਕਰਮਾਂ ਅਨੁਸਾਰ ਵਰਤਦਾ ਹੈ, ਕਰਤਾ ਹਮੇਸ਼ਾ ਅਲੇਪ ਹੈ—

ਸੁਖੁ ਦੁਖੁ ਪੁਰਬ ਜਨਮ ਕੇ ਕੀਏ॥ ਸੋ ਜਾਣੈ ਜਿਨਿ ਦਾਤੈ ਦੀਏ॥

*(ਪੰਨਾ—੧੦੩੦)*

ਸੁੱਖ-ਦੁੱਖ ਸਾਡੇ ਹੀ ਪੂਰਬ ਦੇ ਕੀਤੇ ਕਰਮਾਂ ਦਾ ਫਲ ਹੁੰਦਾ ਹੈ ਲੇਕਿਨ ਫਲ ਪਰਦਾਤਾ ਪਰਮੇਸ਼ਰ ਹਮੇਸ਼ਾਂ ਦੇਖ ਰਿਹਾ ਹੈ, ਇਸ ਲਈ ਉਸ ਦੀ ਰਜ਼ਾ ਵਿੱਚ ਰਾਜ਼ੀ ਰਹਿਣਾ ਹੀ ਉਸ ਨਾਲ ਸੱਚਾ ਪ੍ਰੇਮ ਹੈ। ਖੈਰ! ਜਿਵੇਂ-ਕਿਵੇਂ ਕਰਕੇ ਸ਼ਾਦੀ ਦਾ ਕਾਰਜ ਪੂਰਾ ਹੋ ਗਿਆ। ਹੁਣ ਕਰਤਾਰ ਸਿੰਘ ਦੀ ਸ਼ਰਧਾ ਨੇਸ਼ਠਾ ਮਹਾਰਾਜ ਤੇ ਚਟਾਨ ਵਾਂਗ ਮਜ਼ਬੂਤ ਹੋ ਗਈ।

ਇਨ੍ਹਾਂ ਦਿਨਾਂ ਵਿੱਚ ਧਰਮ ਸਿੰਘ ਸੇਠੀ ਰਾਮ ਦਾ ਇੱਕ ਪ੍ਰੇਮੀ ਮਹਾਰਾਜ ਦੇ ਚਰਨਾਂ ਵਿੱਚ ਆਉਣ ਲੱਗਿਆ। ਇਹ ਪ੍ਰੇਮੀ ਰਾਂਚੀ ਵਿੱਚ ਹੀ ਕੋਈ ਠੇਕੇਦਾਰੀ ਦਾ ਕਿੱਤਾ ਕਰਦਾ ਸੀ, ਕੰਮ ਵੀ ਚੰਗਾ ਚਲਦਾ ਸੀ, ਪਰੰਤੂ ਕਿਸੇ ਕਰਮ ਵੱਸ ਪਿਛਲੇ ਕੁਝ ਸਮੇਂ ਵਿੱਚ ਇਸ ਦੇ ਕਾਰੋਬਾਰ ਨੂੰ ਧੱਕਾ ਲੱਗਿਆ, ਮਨ ਨੇ ਗਹਿਰੀ ਚੋਟ ਖਾ ਕੇ ਪ੍ਰਮਾਰਥ ਵਾਲੇ ਪਾਸੇ ਦਾ ਰੁਖ ਕੀਤਾ। ਲੰਗਰ ਦੇ ਸਮੇਂ ਮਹਾਰਾਜ ਨੂੰ ਲੰਗਰ ਛਕਾਉਣਾ, ਬਰਤਨ ਆਦਿ ਸਾਫ ਕਰਨੇ, ਫਿਰ ਸਾਰਾ ਦਿਨ ਗੁਰਬਾਣੀ ਪੜ੍ਹਨੀ, ਜਾਂ ਕਿਸੇ ਪੋਥੀ ਦੀ ਵਿਚਾਰ ਕਰਦਾ ਰਹਿਣਾ। ਇੱਕ ਦਿਨ ਮਹਾਰਾਜ ਆਪਣੀ ਮੌਜ ਵਿੱਚ ਅੰਬ ਦੇ ਬ੍ਰਿਛ ਦੇ ਹੇਠਾਂ ਬੈਠੇ ਸਨ, ਇਹ ਸੇਠੀ ਪ੍ਰੇਮੀ ਲੰਗਰ ਲੈ ਕੇ ਆ ਗਿਆ। ਜਦੋਂ ਹਜ਼ੂਰ ਲੰਗਰ ਛਕਣ ਲੱਗੇ ਤਾਂ ਇੱਕ ਕੁੱਤਾ ਨੇੜੇ ਆ ਗਿਆ। ਮਹਾਰਾਜ ਬੋਲੇ, ਮਾਰ ਓਇ ਇਹਦੇ ਡੰਢਾ! ਸੇਠੀ ਕੋਲ ਹੋ ਕੇ ਕਹਿਣ ਲੱਗਿਆ, ਮਹਾਰਾਜ! ਬਲਿਹਾਰੀ ਕੁਦਰਤ ਵਸਿਆ। ਹਜ਼ੂਰ ਬੋਲੇ ਫਿਰ ਦੇਖਾਂਗੇ ਤੇਰਾ ਗਿਆਨ, ਤੂੰ ਇਸਨੂੰ ਪਰੇ ਹਟਾ।

ਲੰਗਰ ਛੱਡ ਕੇ ਕਹਿਣ ਲੱਗੇ, ਸੁੱਕੇ ਬ੍ਰਹਮ ਦਾ ਉਦੋਂ ਪਤਾ ਲੱਗਦਾ ਹੈ, ਜਦੋਂ ਕੋਈ ਸੱਟ ਪੈਂਦੀ ਹੈ, ਚਾਰ ਅੱਖਰ ਪੜ੍ਹ-ਸੁਣ ਲੈਣ ਨਾਲ ਬ੍ਰਹਮ ਨਹੀਂ ਬਣ ਜਾਂਦਾ, ਉਹ ਤਾਂ ਕਿਸੇ ਇਸਥਿਤੀ ਦਾ ਨਾਮ ਹੈ, ਘਟ-ਘਟ ਮੈ ਹਰਿ ਜੂ ਵਸੈ, ਕੇਵਲ ਪਾਣੀ ਦੀ ਗਾਈਡ ਪੜ੍ਹ ਲੈਣ ਨਾਲ ਪਿਆਸ ਬੁਝ ਨਹੀਂ ਜਾਂਦੀ, ਜਿਤਨੀ ਦੇਰ ਪ੍ਰਗਟ ਕਰਕੇ ਪਾਣੀ ਪੀ ਨਾ ਲਿਆ ਜਾਵੇ।

ਇਸ ਪ੍ਰਕਾਰ ਕਿਸੇ ਅਲੋਕਿਕ ਰੰਗ ਦੀ ਖੁਮਾਰੀ ਵਿੱਚ ਕਈ ਮਹੀਨੇ ਗੁਜ਼ਰ ਗਏ। ਇਧਰ ਕਰਨਾਲ ਦੀਆਂ ਸੰਗਤਾਂ ਨੂੰ ਕਰੀਬ ਡੇਢ ਵਰ੍ਹਾਂ ਬੀਤ ਗਿਆ ਦਰਸ਼ਨ ਕੀਤਿਆਂ ਨੂੰ। ਐਨਾ ਪ੍ਰੇਮ ਬਖਸ਼ ਦੇਣਾ, ਫਿਰ ਡੇਢ ਵਰ੍ਹਾਂ ਦਰਸ਼ਨ ਨਾ ਦੇਣੇ, ਕਿਵੇਂ ਸਹਿਣ ਹੋਵੇ ਐਨਾਂ ਲੰਮਾ ਵਿਛੋੜਾ? ਸੰਗਤਾਂ ਬਿਹਬਲ ਹੋ ਉਠੀਆਂ, ਹਿਰਦੀਆਂ ਵਿੱਚ ਅਜਿਹੇ ਸ਼ਬਦ ਅੱਠੇ ਪਹਿਰ ਗੂੰਜੀ ਜਾਣ—

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥

*(ਮ: ੨, ਪੰਨਾ—੮੩)*

ਆਪੋ ਆਪਣੇ ਤਰੀਕੇ ਗੁਰਦੁਆਰਿਆਂ, ਮੰਦਰਾਂ ਵਿੱਚ ਲੱਗੇ ਅਰਦਾਸਾਂ ਕਰਨ—

ਮਾਧੋ ਸਾਧੂ ਜਨ ਦੇਹੁ ਮਿਲਾਇ॥
ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ॥

*(ਬਸੰਤ ਹਿੰਡੋਲ ਮ: ੪, ਪੰਨਾ—੧੧੭੮)*

ਪਰੰਤੂ ਕਿਸੇ ਪਾਸੇ ਸੂਹ ਨਾ ਲੱਗੀ। ਇਕ ਦਿਨ ਕੁਝ ਸੰਗਤ ਨੇ ਇਕੱਠੀ ਹੋ ਕੇ ਵਿਚਾਰ ਕੀਤਾ, ਇਥੋਂ ਪਤਾ ਕਰੀਏ, ਉਥੋਂ ਪਤਾ ਕਰਨਾ ਚਾਹੀਦਾ ਹੈ, ਆਦਿ। ਅਖੀਰ ਵਿੱਚ ਫੈਸਲਾ ਹੋਇਆ, ਕਿ ਅਖਬਾਰ ਵਿੱਚ ਖਬਰ ਦੇ ਦੇਣੀ ਚਾਹੀਦੀ ਹੈ, ਤਾਂ ਕਿ ਕੋਈ ਪ੍ਰੇਮੀ ਅਖਬਾਰ ਵਿੱਚ ਖਬਰ ਪੜ੍ਹਕੇ ਚਿੱਠੀ ਵਗੈਰਾ ਪਾ ਦੇਵੇ। ਫੈਸਲੇ ਮੁਤਾਬਿਕ ਖਬਰ ਦੇ ਦਿੱਤੀ ਗਈ, ਕਿ ਅਗਰ ਕਿਸੇ ਨੂੰ ਮਹਾਰਾਜ ਬਾਰੇ ਪਤਾ ਲੱਗੇ ਤਾਂ ਇਸ ਪਤੇ ਤੇ ਚਿੱਠੀ ਪਾ ਦੇਵੇ, ਸਾਰੀ ਸੰਗਤ ਉਸ ਦੀ ਦਿਲੋਂ ਧੰਨਵਾਦੀ ਹੋਵੇਗੀ। ਕੁਝ ਦਿਨਾਂ ਬਾਅਦ ਡਾਇਮੰਡ ਸੋਡਾ ਵਾਟਰ ਫਰਮ ਦੇ ਨਾਮ ਤੇ ਇਕ ਪੋਸਟ ਕਾਰਡ ਆਇਆ, ਜਿਸ ਉਪਰ ਦੋਨੋਂ ਪਾਸੇ ਓਮ ਸਤਿਨਾਮ, ਫਿਰ ਓਮ ਸਤਿਨਾਮ ਹੀ ਲਿਖਿਆ ਹੋਇਆ ਸੀ। ਇਸ ਤੋਂ ਬਗੈਰ ਨਾ ਕਿਸੇ ਦਾ ਨਾਮ ਸੀ, ਨਾ ਐਡਰੈਸ (ਸਿਰਨਾਵਾਂ)।

ਸਾਰੀ ਚਿੱਠੀ ਸੰਗਤ ਨੂੰ ਪੜ੍ਹਾਈ ਗਈ, ਸਭਨੇ ਚਿੱਠੀ ਨੂੰ ਨਮਸਕਾਰ ਕੀਤੀ, ਕੁਝ ਧਰਵਾਸ ਵੀ ਹੋਇਆ, ਲੇਕਿਨ ਸਿਰਨਾਵਾਂ ਕੋਈ ਨਹੀਂ, ਕਿਸ ਪਾਸੇ ਜਾਇਆ ਜਾਵੇ, ਕਿਥੋਂ ਪਤਾ ਕੀਤਾ ਜਾਵੇ? ਆਖਰ ਗੁਰਬਚਨ ਸਿੰਘ ਡਾਇਮੰਡ ਵਾਲਾ ਇੱਕ ਲੜਕੇ ਪਿਆਰਾ ਲਾਲ ਨੂੰ ਨਾਲ ਲੈ ਕੇ ਡਾਕਖਾਨੇ ਪਹੁੰਚਿਆ। ਡਾਕਖਾਨੇ ਵਾਲਿਆਂ ਨੇ ਚਿੱਠੀ ਦੇਖਕੇ ਦੱਸਿਆ ਕਿ ਇਹ ਚਿੱਠੀ ਰਾਂਚੀ ਤੋਂ ਪੋਸਟ ਹੋਈ ਹੈ ਕਿਉਂਕਿ ਮੋਹਰ ਰਾਂਚੀ ਦੀ ਲੱਗੀ ਹੋਈ ਹੈ। ਬਸ ਕੁਝ ਸੇਧ ਜਿਹੀ ਮਿਲ ਗਈ। ਹਰਬੰਸ ਸਿੰਘ ਗਿਆਨੀ, ਗੁਰਬਚਨ ਸਿੰਘ ਡਾਇਮੰਡ ਅਤੇ ਲੱਭਾ ਮਲ ਜੀ ਆਦਿਕ ਤਿੰਨੇ ਸੱਜਣ ਰਾਂਚੀ ਨੂੰ ਚੱਲ ਪਏ। ਰਸਤੇ ਵਿੱਚ ਕਿਸੇ ਥਾਂ ਜਾ ਕੇ ਲੱਭਾ ਮਲ ਦੀ ਤਬੀਅਤ ਕੁਛ ਖਰਾਬ ਹੋ ਗਈ, ਇਸ ਲਈ ਉਹ ਤਾਂ ਵਾਪਸ ਮੁੜ ਆਇਆ, ਦੂਸਰੇ ਦੋਨੋਂ ਰਾਂਚੀ ਪਹੁੰਚ ਗਏ। ਇੱਕ ਦੋ ਦਿਨ ਭਾਲ ਕਰਨ ਤੇ ਪਤਾ ਲੱਗ ਗਿਆ, ਤਾਂ ਜਾ ਮਹਾਰਾਜ ਜੀ ਦੇ ਚਰਨਾਂ ਤੇ ਨਮਸਕਾਰ ਕੀਤੀ। ਮਹਾਰਾਜ ਨੇ ਵੀ ਮੁਸਕਰਾਉਂਦੇ ਚਿਹਰੇ ਨਾਲ ਬਹੁਤ ਕਰੁਣਾਮਈ ਦ੍ਰਿਸ਼ਟੀ ਪਾ ਕੇ ਨਿਹਾਰਿਆ। ਦੋਨਾਂ ਨੇ ਮਹਾਰਾਜ ਦੇ ਸਨਮੁਖ ਸਾਰਾ ਹਾਲ ਸੁਣਾਇਆ ਕਿ ਸਾਰੀ ਸੰਗਤ ਆਪ ਦੇ ਪਵਿੱਤਰ ਦਰਸ਼ਨਾਂ ਨੂੰ ਮੱਛੀ ਵਾਂਗ ਤੜਫ਼ ਕੇ ਵਿਆਕੁਲ ਹੋ ਰਹੀ ਹੈ, ਕ੍ਰਿਪਾ ਕਰੋ ਕਰਨਾਲ ਚੱਲਕੇ ਸੰਗਤਾਂ ਨੂੰ ਦਰਸ਼ਨ ਬਖਸ਼ਿਸ਼ ਕਰੋ! ਕ੍ਰਿਪਾ ਸਿੰਧੂ ਦਾਤੇ ਦਾ ਭਗਤ ਵਸਲ ਬ੍ਰਿਦ ਵਾਲਾ ਹਿਰਦਾ ਪੰਘਰ ਗਿਆ, ਉਸੇ ਸਮੇਂ ਕਰਨਾਲ ਨੂੰ ਚਾਲੇ ਪਾ ਦਿੱਤੇ।

---

* *ਸੰਤ ਕਿਸ਼ਨ ਹਰੀ ਜੀ ਦੀ ਜ਼ਬਾਨੀ ਜੋ ਉਸ ਯਾਤਰਾ ਵਿੱਚ ਨਾਲ ਸਨ, ਅਤੇ ਕਰਨਾਲ ਵਾਲਾ ਸਾਰਾ ਹਾਲ ਪਿਆਰਾ ਲਾਲ ਦੀ ਜ਼ਬਾਨੀ।*

## ਲੱਭਾ ਮਲ

1957 ਦੇ ਕਿਸੇ ਸਮੇਂ ਦਾ ਜ਼ਿਕਰ ਹੈ ਜਦੋਂ ਲੱਭਾ ਮਲ ਜੀ, ਕੁਝ ਦਿਮਾਗੀ ਪਰੇਸ਼ਾਨ ਜਿਹੇ ਹੋ ਗਏ ਸਨ। ਇਸ ਦੇ ਸਪਸ਼ਟ ਕਾਰਨ ਤਾਂ ਦੋ ਹੀ ਨਜ਼ਰ ਆਉਂਦੇ ਸਨ, ਇਕ ਤਾਂ ਕਾਰੋਬਾਰ ਵਿੱਚ ਮੰਦਾਪਨ, ਕਿਉਂਕਿ ਦੇਸ ਦੀ ਵੰਡ ਤੋਂ ਪਹਿਲਾਂ ਆਪ ਜ਼ਿਲ੍ਹੇ ਸ਼ੇਖੂਪੁਰੇ ਦੇ ਇੱਕ ਪਿੰਡ ਵਿੱਚ ਵੱਸਦੇ ਸਨ। ਉਥੇ ਕੁਝ ਜ਼ਮੀਨ ਵੀ ਸੀ ਅਤੇ ਕੁਝ ਦੁਕਾਨ ਵਗੈਰਾ ਦਾ ਕੰਮ ਸੀ ਇਸ ਲਈ ਇਲਾਕੇ ਦੇ ਚੰਗੇ ਸਾਹੂਕਾਰਾਂ ਵਾਲਾ ਜੀਵਨ ਬਸਰ ਕਰ ਰਹੇ ਸਨ। ਪਰਮੇਸ਼ਰ ਦਾ ਭਾਣਾ, ਦੇਸ਼ ਦੇ ਬਟਵਾਰੇ ਵਾਲਾ ਖੇਡ ਵਰਤ ਗਿਆ, ਸਭ ਕੁਝ ਲੁਟਾ ਕੇ ਛੋਟੇ-ਛੋਟੇ ਬੱਚਿਆਂ ਨੂੰ ਨਾਲ ਲੈ ਕੇ ਜਾਨਾਂ ਬਚਾਉਂਦੇ ਮਸਾਂ ਕਰਨਾਲ ਪਹੁੰਚੇ, ਇਥੇ ਇੱਕ ਮਸਜਿਦ ਵਿੱਚ ਰਿਹਾਇਸ਼ ਕੀਤੀ। ਕੁਝ ਸਮੇਂ ਬਾਅਦ ਗੌਰਮਿੰਟ ਨੇ ਪਾਕਿਸਤਾਨ ਵਾਲੀਆਂ ਜਾਇਦਾਦਾਂ ਦੀ ਅਲਾਟਮੈਂਟ ਸ਼ੁਰੂ ਕੀਤੀ, ਤਾਂ ਇਨ੍ਹਾਂ ਨੂੰ ਕਰਨਾਲ ਵਿੱਚ ਇੱਕ ਛੋਟਾ-ਮੋਟਾ ਮਕਾਨ ਮਿਲ ਗਿਆ ਅਤੇ ਕੁਝ ਸਾਢੇ-ਕੁ ਤਿੰਨ ਏਕੜ ਜ਼ਮੀਨ ਕਰਨਾਲ ਦੇ ਨੇੜੇ ਡਬਰੀ ਪਿੰਡ ਵਿੱਚ ਅਲਾਟ ਹੋ ਗਈ। ਪਹਿਲੀ ਉਮਰ ਚਾਰ ਪੈਸਿਆਂ ਵਾਲੇ ਚੱਲਦੇ ਪੁੱਜਦੇ ਘਰ ਵਿੱਚ ਬਤੀਤ ਹੋਈ ਸੀ, ਲੇਕਿਨ ਹੁਣ ਮਿਹਨਤ ਮਜ਼ਦੂਰੀ ਕਰਕੇ ਦਿਨ ਕੱਟਣ ਵਾਲੀ ਗੱਲ ਸੀ। ਪੰਜ ਬੱਚੇ ਕੇ ਦੋ ਆਪ ਯਾਨੀ ਸੱਤ ਜੀਆਂ ਵਾਲੇ ਪਰਿਵਾਰ ਦਾ ਗੁਜ਼ਰਾਨ ਹੁਣ ਮੁਸ਼ਕਿਲ ਹੋ ਗਿਆ ਸੀ। ਵੱਡੇ ਦੋ ਲੜਕੇ ਬਨਾਰਸੀ ਲਾਲ ਅਤੇ ਅਮਰੀਕ ਚੰਦ ਪੀਪਿਆਂ ਨੂੰ ਢੱਕਣ ਲਾਉਣੇ ਅਤੇ ਟਰੰਕ ਵਗੈਰਾ ਦੀ ਮੁਰੰਮਤ ਕਰਕੇ ਘਰ ਦੇ ਸੰਕੋਚਵੇਂ ਖਰਚ ਨਾਲ ਗੁਜਰਾਨ ਕਰਦੇ ਸਨ, ਬਾਕੀ ਤਿੰਨ ਬੱਚੇ ਯਾਨੀ ਦੋ-ਲੜਕੇ ਅਤੇ ਇੱਕ ਲੜਕੀ ਅਜੇ ਛੋਟੇ ਸਨ।

ਇਕ ਤਾਂ ਮੁੱਖ ਕਾਰਨ ਇਹ ਸੀ ਲੱਭਾ ਮਲ ਜੀ ਪਰੇਸ਼ਾਨੀ ਦਾ ਯਾਨੀ ਸ਼ਾਹੂਕਾਰੀ ਤੋਂ ਮਜ਼ਦੂਰਾਂ ਵਾਲਾ ਜੀਵਨ ਬਤੀਤ ਕਰਨ ਦਾ, ਦੂਸਰਾ ਕਾਰਨ ਸੀ ਦੁੱਖਾਂ-ਸੁੱਖਾਂ ਵਿਚ ਸਹਾਈ ਹੋਣ ਵਾਲੇ ਵਿਰੱਕਤ ਮਹਾਰਾਜ ਜੀਆਂ ਨਾਲ ਅਤਿ ਦਾ ਸਨੇਹ, ਜੋ ਚੂਹੜਕਾਣੇ ਵਿੱਚ ਸੱਚਾ ਸੌਦਾ ਦੇ ਰਚਨਹਾਰ ਜਗਤ ਗੁਰੂ, ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੀ ਪਵਿੱਤਰ ਯਾਦ ਬਾਰ-ਬਾਰ ਤਾਜ਼ੀ ਕਰਵਾਉਂਦਾ ਸੀ। ਚੂਹੜਕਾਣੇ ਨਿਵਾਸ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਪਵਿੱਤਰ ਅਸਥਾਨ ਸੱਚਾ ਸੌਦਾ ਦੇ ਰੋਜ਼ ਦਰਸ਼ਨ ਕਰਦਿਆਂ, ਮਾਨੋਂ ਗੁਰੂ ਸਾਹਿਬ ਦੇ ਦਰਸ਼ਨ ਹੋ ਜਾਂਦੇ ਸਨ, ਉਸ ਗੁਰੂ ਯਾਦ ਦੇ ਵਿਛੋੜੇ ਨੂੰ ਵਿਰੱਕਤ ਮਹਾਰਾਜ ਜੀ ਦੇ ਮਿਲਾਪ ਨੇ ਬਹੁਤ ਹੱਦ ਤੱਕ ਪੂਰ ਦਿੱਤਾ ਸੀ, ਲੇਕਿਨ ਹੁਣ ਵਿਰੱਕਤ ਮਹਾਰਾਜ ਜੀ ਦੇ ਵਿਛੋੜੇ ਵਿੱਚ ਵੀ ਡੇਢ ਸਾਲ ਦਾ ਲੰਮਾ ਅਰਸਾ ਗੁਜ਼ਰ ਚੁੱਕਿਆ ਸੀ ਅਤੇ ਅੱਗੋਂ ਕੋਈ ਸੂਹ ਵੀ ਨਹੀਂ ਸੀ ਲਗ ਰਹੀ। ਇਸ ਪ੍ਰਕਾਰ ਨੀਮ ਸ਼ੁਦਾਈਆਂ ਵਾਲੀ ਹਾਲਤ ਹੋ ਗਈ ਸੀ। ਅਚਾਨਕ ਹਜ਼ੂਰ ਦੀ ਰਾਂਚੀ ਕਨਸੋਹ ਪਈ, ਹੌਸਲੇ ਨਾਲ ਲੈਣ ਵੀ ਚੱਲੇ, ਲੇਕਿਨ ਸੰਜੋਗ ਅਜੇ ਸ਼ਾਇਦ ਸਾਥ ਨਹੀਂ ਸੀ ਦੇ ਰਿਹਾ, ਇਸ ਲਈ ਸਰੀਰ ਦੀ ਕਿਸੇ ਬਿਮਾਰੀ ਦੇ ਕਾਰਨ ਰਸਤੇ ਵਿੱਚੋਂ ਹੀ ਵਾਪਸ ਆਉਣਾ ਪਿਆ। ਹੁਣ ਤਾਂ ਦਿਲ ਮੂਲੋਂ ਹੀ ਟੁੱਟ ਗਿਆ, ਹੇ ਦਾਤਾ! ਮੈਂ ਐਨਾ ਨਿਭਾਗਾ, ਨਾਲ ਦੇ ਸੱਜਣ ਤੇਰੇ ਦਰਸ਼ਨ ਕਰਨ, ਮੈਂ ਬਦਨਸੀਬ ਰਸਤੇ ਵਿੱਚੋਂ ਹੀ ਵਾਪਸ ਆ ਗਿਆ। ਹੁਣ ਬਿਲਕੁਲ ਦਿਲ ਹਾਰ ਗਿਆ, ਘਰ ਦੇ ਅੰਦਰ ਵੜ ਕੇ ਸਾਰਾ-ਸਾਰਾ ਦਿਨ ਪਿਆ ਰਹਿਣਾ ਕਿਸੇ ਨਾਲ ਗੱਲ ਨਾ ਕਰਨੀ। ਆਖਰ ਘਰ ਵਾਲਿਆਂ ਨੇ ਡਾਕਟਰ ਨੂੰ ਦਿਖਾਇਆ, ਡਾਕਟਰ ਨੇ ਦੱਸਿਆ ਬਿਮਾਰੀ ਤਾਂ ਕੋਈ ਨਹੀਂ ਹੈ, ਇਹਨੂੰ ਤਾਂ ਕੋਈ ਦਿਮਾਗੀ ਪਰੇਸ਼ਾਨੀ ਨਜ਼ਰ ਆ ਰਹੀ ਹੈ। ਇਉਂ ਸਮਾਂ ਗੁਜ਼ਰ ਰਿਹਾ ਸੀ। ਇਤਨੇ ਨੂੰ ਦੁਖੀਆਂ ਦੇ ਸਹਾਰੇ, ਮਰੀਜ਼ਾਂ ਦੇ ਵੈਦ, ਕ੍ਰਿਪਾ ਦੇ ਸਮੁੰਦਰ ਵਿਰੱਕਤ ਮਹਾਰਾਜ ਜੀ ਕਰਨਾਲ ਕੁਟੀਆ ਆ ਠਹਿਰੇ। ਉਸ ਸਮੇਂ ਆਪ ਜੀ ਨਾਲ ਦੋਨੋਂ ਤਿਆਗ ਮੂਰਤੀਆਂ ਸੰਤ ਦਰਸ਼ਨ ਸਿੰਘ ਅਤੇ ਸੰਤ ਸੋਮ ਸਿੰਘ ਜੀ ਵੀ ਸਨ। ਇੱਕ ਦੋ ਦਿਨ ਠਹਿਰ ਕੇ ਦੇਖਿਆ, ਬਰਸਾਤਾਂ ਦੀ ਵਜ੍ਹਾ ਕਰਕੇ ਛੋਟੀ ਕੁਟੀਆ ਦੇ ਆਲੇ ਦੁਆਲੇ ਪਾਣੀ ਇਕੱਠਾ ਹੋ ਗਿਆ, ਜਿਸ ਵਜ੍ਹਾ ਕਰਕੇ ਕਾਫੀ ਬੂ-ਜਿਹੀ ਫੈਲ ਗਈ। ਆਪ ਨੇ ਉਥੋਂ ਉਠਕੇ ਬਾਈਪਾਸ ਵਾਲੇ ਪਾਸੇ ਸ਼ਹਿਰ ਤੋਂ ਕੁਝ ਦੂਰ ਬਿਜਲੀ ਘਰ ਦੇ ਨੇੜੇ ਬਾਬੂ ਅਹੂਜਾ ਦੇ ਬਾਗ ਵਿੱਚ ਜਾ ਡੇਰਾ ਲਾਇਆ। ਉਸ ਬਾਗ ਵਿੱਚ ਇੱਕ ਕੋਠਾ ਵੀ ਬਣਿਆ ਹੋਇਆ ਸੀ, ਬਰਸਾਤ ਦੇ ਸਮੇਂ ਉਸ ਵਿੱਚ ਆਰਾਮ ਕਰ ਲੈਂਦੇ। ਹੁਣ ਸੰਗਤਾਂ ਦਾ ਰੁੱਖ ਵੀ ਇਸ ਪਾਸੇ ਵੱਲ ਸ਼ੁਰੂ ਹੋ ਗਿਆ। ਦੋਨੋਂ ਵਕਤ ਗੁਰਬਾਣੀ ਦੀ ਕਿਸੇ ਪੋਥੀ ਵਿੱਚੋਂ ਕਥਾ ਸਤਿਸੰਗ ਦਾ ਸੋਹਣਾ ਪਿੜ ਬੱਝ ਗਿਆ।

ਇੱਧਰ ਲੱਭਾ ਮਲ ਪਰਿਵਾਰ ਨੂੰ ਵੀ ਕਨਸੋਹ ਮਿਲ ਗਈ, ਕਿ ਮਹਾਰਾਜ ਜੀ ਆ ਪਹੁੰਚੇ ਹਨ, ਮਾਤਾ ਕਰਤਾਰ ਕੌਰ ਇਕ ਬਰਤਨ ਵਿੱਚ ਲੱਸੀ ਪਾ ਕੇ ਲੱਭਾ ਮਲ ਜੀ ਨੂੰ ਨਾਲ ਲੈ ਕੇ ਜਾ ਪਹੁੰਚੀ ਬਾਬੂ ਅਹੂਜਾ ਦੇ ਬਾਗ਼ ਵਿੱਚ। ਅੱਗੇ

ਜਾ ਕੇ ਕੀਹ ਦੇਖਦੇ ਹਨ ਕਿ **ਘਟ ਘਟ ਕੇ ਅੰਤਰ ਕੀ ਜਾਨਤ** ਚਿੱਪੀ ਨਾਲ ਬੂਟਿਆਂ ਵਿੱਚ ਪਾਣੀ ਪਾ ਰਹੇ ਹਨ। ਉਪਰੋਂ ਦੇਖਿਆ ਤਾਂ ਕਿਸੇ ਬੂਟੇ ਵਿੱਚ ਪਾਣੀ ਪਾ ਰਹੇ ਹਨ, ਲੇਕਿਨ ਗਹੁ ਨਾਲ ਤੱਕਿਆਂ ਪ੍ਰਤੀਤ ਹੋ ਰਿਹਾ ਹੈ, ਜਿਵੇਂ ਕਿਸੇ ਸੰਜੋਗ ਰੂਪੀ ਪੌਦੇ ਦੀ ਜੜ੍ਹ ਸਿੰਜ ਰਹੇ ਹਨ। ਖੈਰ ਲੱਭਾ ਰਾਮ ਨੇ ਨਮਸ਼ਕਾਰ ਕੀਤੀ, ਹਜ਼ੂਰ ਮੁਸਕਰਾਕੇ ਬੋਲੇ, ਲੱਭਾ ਰਾਮ! ਕੇਵਲ ਪੜ੍ਹ ਲੈਣ ਨਾਲ ਰੋਗ ਨਹੀਂ ਹੱਟ ਜਾਂਦਾ—

**ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥**

*(ਆਸਾ ਘਰੁ ੯ ਮ: ੫, ਪੰਨਾ—੩੯੪)*

ਨੁਸਖਾ ਵਰਤਿਆਂ ਹੀ ਰੋਗ ਮੁਕਤ ਹੋਈਦਾ ਹੈ। ਨੁਸਖਾ ਹੈ ਕਿਹੜਾ?

**ਸਿਮਰਿ ਸਿਮਰਿ ਤਿਸੁ ਸਦਾ ਸਮਾਲੇ॥**

*(ਪੰਨਾ — ੩੯੪)*

ਮਾਤਾ ਕਰਤਾਰ ਕੌਰ ਨੂੰ ਹਜੂਰ ਨੇ ਕਿਹਾ, ਇਹਨੂੰ ਸ਼ਰਬਤ ਵਗੈਰਾ ਪਿਲਾਉ, ਸਿਰ ਦੀ ਗਰਮੀ ਖੁਸ਼ਕੀ ਦੂਰ ਹੋ ਜਾਵੇ। ਲੱਭਾ ਮਲ ਥੋੜ੍ਹੇ ਦਿਨਾਂ ਵਿੱਚ ਹੀ ਵੱਲ ਹੋ ਗਿਆ।* ਇਧਰ ਰੂਹਾਨੀ ਵੈਦ ਲੋਕ-ਪਰਲੋਕ ਦੇ ਖੁੱਲ੍ਹੇ ਭੰਡਾਰੇ ਵਰਤਾ ਰਿਹਾ ਹੈ ਅਤੇ ਸੰਗਤਾਂ ਵੀ ਚੋਖੀ ਗਿਣਤੀ ਵਿੱਚ ਲਾਭ ਉਠਾ ਰਹੀਆਂ ਹਨ। ਕੁਟੀਆ ਦੇ ਆਸ ਪਾਸ ਵਾਲੀਆਂ ਬਸਤੀਆਂ ਵਜ਼ੀਰ ਚੰਦ ਕਲੋਨੀ, ਮਾਡਲ ਟਾਊਨ ਆਦਿ ਥਾਵਾਂ ਤੋਂ ਬਿਜਲੀ ਘਰ ਕੁਝ ਦੂਰ ਹੋਣ ਕਰਕੇ ਇਥੋਂ ਦੀ ਸੰਗਤ ਨੂੰ ਦਰਸ਼ਨ ਸਤਿਸੰਗ ਦੀ ਰੂਹਾਨੀ ਖੁਰਾਕ ਵਿੱਚ ਕੁਝ ਕਮੀ ਹੋ ਗਈ ਜਾਣ ਕਰਕੇ ਸੰਤ ਭਗਤ ਸਿੰਘ ਜੀ ਅਤੇ ਸੰਗਤ ਨੇ ਮਿਲਕੇ ਬੇਨਤੀ ਕੀਤੀ, ਮਹਾਰਾਜ! ਦਿਨ ਨੂੰ ਕਿਸੇ ਸਮੇਂ ਕੁਟੀਆ ਵਿੱਚ ਇਕ ਵਾਰ ਦਰਸ਼ਨ ਜ਼ਰੂਰ ਬਖਸ਼ਿਆ ਕਰੋ ਕਿਉਂਕਿ ਆਪ ਜੀਆਂ ਦੀ ਇਸ ਫੁਲਵਾੜੀ ਵਿੱਚ ਕੁਝ ਬ੍ਰਿਧ ਹਨ ਜੋ ਬਿਜਲੀ ਘਰ ਨਹੀਂ ਆ ਸਕਦੇ। ਮਿਹਰਾਂ ਦੇ ਸਾਂਈ ਨੇ ਪ੍ਰਵਾਨਗੀ ਦੇ ਦਿੱਤੀ, ਕਿ ਠੀਕ ਹੈ ਤੀਸਰੇ ਪਹਿਰ ਦਾ ਸਤਿਸੰਗ ਕੁਟੀਆ ਕਰਿਆ ਕਰਾਂਗੇ। ਸ਼ਾਇਦ ਕੁਝ ਅਜਿਹੇ ਕੌਤਕਾਂ ਤੋਂ ਹੀ ਸਿਆਣੇ ਸੱਜਣਾਂ ਨੇ ਆਪ ਦੇ ਦਿਆਲੂ ਕ੍ਰਿਪਾਲੂ ਆਦਿਕ ਹਜ਼ਾਰਾਂ ਨਾਮ ਕਲਪੇ ਹਨ, ਕਿ ਕੂਆਂ ਖੁਦ ਪਿਆਸਿਆਂ ਕੋਲ ਚੱਲਕੇ ਆਉਂਦਾ ਹੈ, ਰੋਜ਼ ਪਿਆਸ ਬੁਝਾਉਣ ਲਈ।**

## ਨਗਰ ਸ਼ੇਰਪੁਰ ਗਿੱਡ ਅਤੇ ਸੰਤ ਜਵਾਲਾ ਸਿੰਘ ਜੀ ਦਾ ਗੁਰਪੁਰੀ ਪਿਆਨਾ

ਸੰਨ-1957 ਦੇ ਅੱਸੂ ਮਹੀਨੇ ਦਾ ਜ਼ਿਕਰ ਹੈ ਜਦੋਂ ਪੂਜਯ ਵਿਰੱਕਤ ਮਹਾਰਾਜ ਜੀ ਦੁਆਬੇ ਵਿੱਚ ਵਿਚਰ ਰਹੇ ਸਨ। ਆਪ ਆਪਣੀ ਮੌਜ ਵਿੱਚ ਵਿਚਰਦੇ ਹੋਏ, *ਸ਼ੇਰਪੁਰ ਗਿੱਡ* ਨਗਰ ਜਾ ਪਹੁੰਚੇ। ਇਹ ਨਗਰ ਹੁਸ਼ਿਆਰਪੁਰ ਤੋਂ 8 ਕਿਲੋਮੀਟਰ ਲਹਿੰਦੇ ਵੱਲ ਟਾਂਡਾ ਰੋਡ ਤੇ ਸਥਿਤ ਹੈ। ਇਸ ਨਗਰ ਵਿੱਚ ਦੇਸ਼ ਦੀ ਵੰਡ ਸਮੇਂ ਪਾਕਿਸਤਾਨੋਂ ਉੱਠ ਕੇ ਆਏ ਜਿਮੀਂਦਾਰ ਭਰਾ ਆਬਾਦ ਹੋਏ ਹਨ। ਆਪ ਵੀ ਅਗੰਮੀ ਪ੍ਰੇਰਨਾ ਦੇ ਪ੍ਰੇਰੇ ਕਿਸੇ ਪੂਰਬ ਸੰਜੋਗ ਵਸ ਅੱਜ ਇਸ ਨਗਰ ਆ ਠਹਿਰੇ। ਲੰਗਰ ਦੇ ਸਮੇਂ ਪਿੰਡ ਵਿੱਚੋਂ ਭਿੱਖਿਆ ਕਰਕੇ ਲੰਗਰ ਛੱਕ ਲਿਆ, ਉਪਰੰਤ ਬਾਹਰ ਖੇਤਾਂ ਵੱਲ ਜਾ ਕੇ ਇਕ ਖੂਹ ਤੇ ਦਰੱਖਤ ਹੇਠ ਆਸਣ ਲਾ ਕੇ ਬੈਠ ਗਏ। ਦਿਨ ਛੁਪਾ ਤੇ ਚਲਾ ਗਿਆ, ਤੇ ਰਾਤ ਆ ਗਈ, ਲੇਕਿਨ ਆਪ ਕਿਸੇ ਅਗੰਮੀ ਖੇੜੇ ਵਿੱਚ ਸਥਿਤ ਹੋਏ, ਨਾ ਲੰਗਰ ਛੱਕਣ ਜਾ ਰਹੇ ਹਨ, ਨਾ ਕੋਈ ਕੋਲ ਕੱਪੜਾ ਹੈ, ਬੱਸ ਲੱਕ ਨਾਲ ਬੰਨ੍ਹੀ ਚਾਦਰ ਤੇ ਸੀਸ ਤੇ ਬੰਨਿਆ ਛੋਟਾ ਦਸਤਾਰਾ। ਸ਼ਾਇਦ ਇਨ੍ਹਾਂ ਦੋ ਕੱਪੜਿਆਂ ਵੱਲ ਵੀ ਆਪ ਦਾ ਧਿਆਨ ਨਹੀਂ ਜਾਂਦਾ, ਹੋ ਸਕਦੈ ਇਹ ਵੀ ਸਰੀਰ ਦੀ ਪ੍ਰਾਰਬਧ ਵੱਸ ਪਰਛਾਈਂ ਦੀ ਤਰ੍ਹਾਂ ਨਾਲ-ਨਾਲ ਰਹਿੰਦੇ ਹੋਣ। ਖੈਰ ਕੁਝ ਵੀ ਹੋਵੇ, ਹਿ ਤਾਂ ਉਹੀ ਜਾਨਣ ਪਰ ਰਾਤ ਸਾਰੀ ਅੱਜ ਇਸੇ ਰੰਗ ਵਿੱਚ ਗੁਜ਼ਾਰ ਦਿੱਤੀ। ਹੁਣ ਰਾਤ ਖਤਮ ਹੋਣ ਤੇ ਆ ਗਈ। ਸੰਸਾਰੀ ਲੋਕ ਦਿਨ ਚੜ੍ਹਣ ਦੀ ਉਡੀਕ ਵਿੱਚ ਹਨ ਤਾਂ ਕਿ ਆਪਣੇ ਕਾਰ ਵਿਵਹਾਰ ਸ਼ੁਰੂ ਕਰੀਏ, ਲੇਕਿਨ ਆਪ ਸੂਰਜ ਦੀ ਉਡੀਕ ਨਹੀਂ ਕਰ ਰਹੇ, ਆਪ ਤਾਂ ਅੰਮ੍ਰਿਤ ਜਲ ਨਾਲ ਭਰਪੂਰ ਹੋ ਕੇ ਬੱਦਲ ਦਾ ਰੂਪ ਧਾਰਣ ਕਰ ਕਿਸੇ ਦੀ ਸੁੱਕੀ ਕਮਲਾਈ ਖੇਤੀ ਨੂੰ ਹਰਾ ਭਰਾ ਕਰਨ ਆਏ ਹਨ। ਕੈਲਾਸ਼ ਦੀ ਤਰ੍ਹਾਂ ਅਡੋਲ, ਅਹਿੱਲ ਅਤੇ ਸਮੁੰਦਰ ਦੀ ਨਿਆਂਈ ਗੰਭੀਰ

* *ਹੰਸ ਰਾਜ ਛਾਬੜਾ, ਪਿਆਰਾ ਲਾਲ ਅਤੇ ਜਗਨਨਾਥ ਦੀ ਜ਼ੁਬਾਨੀ।*

** *ਹੁਣ ਤੋਂ ਬਾਅਦ ਲੱਭਾ ਮਲ ਜੀ ਹਜ਼ੂਰ ਦੇ ਚਰਨਾਂ ਨਾਲ ਇਤਨੇ ਤਕੜੇ ਹੋ ਕੇ ਲੱਗੇ ਕਿ ਹਜ਼ੂਰ ਨੇ ਵੀ ਤਰੁੱਠ ਕੇ ਭਗਤ ਦੀ ਪਦਵੀ ਬਖਸ਼ਿਸ਼ ਕਰ ਦਿੱਤੀ, ਇਸ ਸਮੇਂ ਤੋਂ ਬਾਅਦ ਆਮ ਲੋਕ ਭਗਤ ਲੱਭਾ ਰਾਮ ਕਰਕੇ ਜਾਨਣ ਲੱਗੇ।*

ਲੇਕਿਨ ਪ੍ਰਸੰਨ ਮੁਦਰਾ ਵਿੱਚ ਬ੍ਰਿਛ ਦੇ ਹੇਠ ਸਸ਼ੋਭਿਤ ਹਨ। ਇਤਨੇ ਨੂੰ ਖੇਤ ਵਾਲਾ ਪ੍ਰੇਮੀ ਜਿਸਦਾ ਨਾਮ ਜੈਲਦਾਰ ਜਗਤ ਸਿੰਘ ਹੈ, ਇਥੇ ਆ ਪਹੁੰਚਿਆ। ਦੂਰੋਂ ਦੇਖਿਆ ਕੋਈ ਮਹਾਤਮਾ ਬੈਠੇ ਹਨ, ਜਿਵੇਂ-ਜਿਵੇਂ ਨੇੜੇ ਆ ਰਿਹਾ ਹੈ ਮਨ ਵਿੱਚ ਵਿਸ਼ਵਾਸ ਬੱਝਦਾ ਜਾ ਰਿਹਾ ਹੈ ਕਿ ਇਹ ਤਾਂ ਮਹਾਰਾਜ ਜੀ ਹਨ। ਆ ਕੇ ਚਰਨਾਂ ਤੇ ਡਿੱਗ ਪਿਆ, ਮਹਾਰਾਜ ਬਹੁਤ ਕ੍ਰਿਪਾ ਕੀਤੀ, ਕਿਤਨੇ ਸਾਲਾਂ ਬਾਅਦ ਦਰਸ਼ਨ ਬਖਸ਼ੇ, ਮਹਾਰਾਜ! ਆਪ ਨੂੰ ਪਤਾ ਸੀ ਕਿ ਪਾਕਿਸਤਾਨ ਬਨਣ ਵਾਲਾ ਹੈ, ਤਦ ਹੀ ਆਪ ਜੀ ਨੇ ਬਚਨ ਕੀਤਾ ਸੀ ਕਿ ਹੁਣ ਇੱਧਰ ਨਹੀਂ ਉਧਰ ਮਿਲਾਂਗੇ।

ਅਗਰ ਸਾਨੂੰ ਸਪਸ਼ਟ ਇਸ਼ਾਰਾ ਕਰ ਦਿੰਦੇ, ਅਸੀਂ ਵੀ ਉਦੋਂ ਹੀ ਉਠ ਆਉਂਦੇ, ਪਿਛੋਂ ਜੋ ਕਸ਼ਟ ਸਹਾਰਨੇ ਪਏ, ਉਨ੍ਹਾਂ ਤੋਂ ਬਚ ਜਾਂਦੇ। ਹਜ਼ੂਰ ਬੋਲੇ, ਭਾਈ—

**ਹਰਿ ਕੀ ਗਤਿ ਨਹਿ ਕੋਊ ਜਾਨੈ॥**
**ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ॥ ਰਹਾਉ॥**
**ਛਿਨ ਮਹਿ ਰਾਉ ਰੰਗ ਕਉ ਕਰਈ ਰਾਉ ਰੰਕ ਕਰਿ ਡਾਰੇ॥**
**ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ॥**

*(ਰਾਗੁ ਬਿਹਾਗੜਾ ਮ: ੯, ਪੰਨਾ—੫੩੭)*

ਭਾਈ ਹਰੀ ਦੀ ਗਤ ਉਹੀ ਜਾਣਦਾ ਹੈ, ਅਸੀਂ ਜਿਸ ਵਕਤ ਤੁਹਾਡੇ ਕੋਲੋਂ ਚਲਕੇ ਲਾਹੌਰ ਪਹੁੰਚੇ, ਉਥੇ ਮੁਸਲਮਾਨ ਇਕੱਠੇ ਹੋ ਕੇ ਨਾਰੇ ਮਾਰ ਰਹੇ ਸਨ, "ਲੈ ਕੇ ਰਹਾਂਗੇ ਪਾਕਿਸਾਨ" ਅਸੀਂ ਕਿਹਾ ਇਉਂ ਪਕਿਸਤਾਨ ਮਿਲ ਜਾਊ? ਜੇ ਸਾਨੂੰ ਪਤਾ ਹੁੰਦਾ ਤਾਂ ਅਸੀਂ ਇਉਂ ਕਿਉਂ ਕਹਿੰਦੇ? ਜੈਲਦਾਰ ਜਗਤ ਸਿੰਘ ਹਜ਼ੂਰ ਦੇ ਚਰਨਾਂ ਉਪਰ ਲੇਟਿਆ ਹੀ ਆਖੀਂ ਜਾ ਰਿਹਾ ਹੈ, ਮਹਾਰਾਜ ਆਪ ਦੀ ਮੌਜ ਆਪ ਹੀ ਜਾਣੋ, ਅਸੀਂ ਜੀਵ ਨਹੀਂ ਜਾਣ ਸਕਦੇ। ਜੈਲਦਾਰ ਦੌੜ ਕੇ ਘਰੋਂ ਦੁੱਧ ਲੈ ਕੇ ਆਇਆ, ਸਾਰੇ ਪਰਿਵਾਰ ਨੂੰ ਦਸਿਆ ਮਹਾਰਾਜ ਖੂਹ ਤੇ ਆਏ ਹਨ, ਸਭ ਪਰਿਵਾਰ ਦਰਸ਼ਨਾਂ ਲਈ ਆਇਆ, ਪਰਿਵਾਰ ਦੇ ਸਾਰੇ ਜੀਆਂ ਨੂੰ ਬਹੁਤ ਖੁਸ਼ੀ ਹੋਈ, ਕਈ ਸਾਲਾਂ ਬਾਅਦ ਹਜ਼ੂਰ ਦੇ ਦਰਸ਼ਨ ਕਰਕੇ। ਖੈਰ ਇਥੇ ਕਈ ਦਿਨ ਠਹਿਰੇ ਪਿੰਡ ਦੀ ਹੋਰ ਸੰਗਤ ਵੀ ਆਉਣੀ ਸ਼ੁਰੂ ਹੋ ਗਈ, ਹਜ਼ੂਰ ਨੇ ਜੈਲਦਾਰ ਨੂੰ ਹੁਕਮ ਕੀਤਾ, ਕਿ ਗੁਰਦੁਆਰਾ ਸਾਹਿਬ ਬਣਾਉ, ਹੱਥੀਂ ਸੇਵਾ ਕਰਨੀ, ਆਏ ਗਏ ਅਤਿਥੀ ਨੂੰ ਲੰਗਰ ਪਾਣੀ ਛਕਾਉਣਾ, ਰਾਤ ਠਹਿਰਨ ਵਾਲੇ ਨੂੰ ਰਹਿਣ ਆਦਿ ਦਾ ਪ੍ਰਬੰਧ ਕਰਨਾ, ਅਤੇ ਬਾਣੀ ਨਾਲ ਜੁੜੇ ਰਹਿਣਾ, ਐਸਾ ਉਪਦੇਸ਼ ਯਾਨੀ ਪਰਿਵਾਰ ਨੂੰ ਪਰਉਪਕਾਰ ਦੇ ਰਾਹ ਪਾ ਕੇ ਅੱਗੇ ਨੂੰ ਚਾਲੇ ਪਾਏ। ਸਹਿਜੇ-ਸਹਿਜੇ ਚੱਲਦੇ ਹੋਏ ਜਾ ਪਹੁੰਚੇ, "ਭੁੰਗਰਨੀ" ਨਗਰ ਜੋ ਹੁਸ਼ਿਆਰਪੁਰ, ਫੁਗਵਾੜਾ ਰੋਡ ਤੇ ਸਥਿਤ ਹੈ। ਪਿੰਡ ਤੋਂ ਬਾਹਰ ਠਹਿਰ ਗਏ, ਲੰਗਰ ਦੇ ਸਮੇਂ ਮਧੂਕੜੀ ਕਰਕੇ ਛੱਕ ਲੈਣਾ, ਬਾਕੀ ਸਮਾਂ ਪਿਆਰੇ ਦੀ ਮੌਜ ਵਿੱਚ ਲੀਨ ਰਹਿਣਾ। ਇਸ ਪ੍ਰਕਾਰ ਕੁਝ ਦਿਨ ਗੁਜਰੇ ਤਾਂ ਪਿੰਡ ਦੀਆਂ ਸੰਗਤਾਂ ਪੂਰਨ ਫਕੀਰ ਜਾਣ ਕੇ ਕੋਲ ਆਉਣੀਆਂ ਸ਼ੁਰੂ ਹੋ ਗਈਆਂ। ਆਪ ਵੀ ਗੁਰਬਾਣੀ ਦੁਆਰਾ ਆਈਆਂ ਸੰਗਤਾਂ ਨੂੰ ਯਥਾਰਥ ਉਪਦੇਸ਼ ਕਰਦੇ ਰਹਿੰਦੇ। ਕੁਝ ਦਿਨਾਂ ਬਾਅਦ ਲੋਕਾਂ ਦੇ ਮਨਾਂ ਅੰਦਰ ਗੁਰਬਾਣੀ ਦਾ ਪ੍ਰੇਮ ਜਗਾ ਕੇ ਬਚਨ ਕੀਤਾ, ਤੁਸੀਂ ਗੁਰੂ ਘਰ ਦੇ ਸੇਵਕ ਤਾਂ ਹੋ ਲੇਕਿਨ ਗੁਰੂ ਦਾ ਘਰ ਕੋਈ ਨਹੀਂ। ਲੋਕਾਂ ਨੇ ਅਰਜ਼ ਕੀਤੀ ਮਹਾਰਾਜ ਕ੍ਰਿਪਾ ਕਰੋ ਪਿੰਡ ਵਿੱਚ ਗੁਰਦੁਆਰਾ ਸਾਹਿਬ ਬਣ ਜਾਵੇ! ਆਪ ਨੇ ਹੁਕਮ ਕੀਤਾ, ਕੜਾਹ ਪ੍ਰਸ਼ਾਦ ਸਜਾ ਕੇ ਗੁਰੂ ਨਾਨਕ ਦੇ ਚਰਨਾਂ ਵਿੱਚ ਅਰਦਾਸ ਕਰਕੇ, ਗੁਰਦੁਆਰਾ ਸਾਹਿਬ ਬਣਾਉਣਾ ਸ਼ੁਰੂ ਕਰ ਦਿਓ, ਬੱਸ ਬਣਾਉਣਾ ਤਾਂ ਗੁਰੂ ਸਾਹਿਬ ਜੀ ਨੇ ਆਪ ਹੀ ਹੈ, ਦੂਸਰਾ ਕੌਣ ਉਸਦਾ ਘਰ ਬਣਾ ਸਕਦਾ ਹੈ, ਕਿਉਂਕਿ ਉਹ ਤਾਂ—**ਥਾਪਿਆ ਨ ਜਾਇ ਕੀਤਾ ਨ ਹੋਇ॥ ਆਪੇ ਆਪਿ ਨਿਰੰਜਨੁ ਸੋਇ॥** ਹੈ; ਤੁਹਾਨੂੰ ਤਾਂ ਉਸਨੇ ਤੁਹਾਡੇ ਭਲੇ ਲਈ ਸੇਵਾ ਬਖਸ਼ਿਸ਼ ਕੀਤੀ ਹੈ। ਸੰਗਤ ਨੇ ਅਰਜ਼ ਕੀਤੀ, ਮਹਾਰਾਜ ਗੁਰਦੁਆਰਾ ਸਾਹਿਬ ਦੀ ਨੀਂਹ ਆਪ ਰੱਖੋ! ਹਜ਼ੂਰ ਨੇ ਅਰਦਾਸ ਕਰਵਾ ਕੇ ਨੀਂਹ ਰੱਖ ਦਿੱਤੀ। ਕੁਝ ਦਿਨ ਇਥੇ ਨਿਰਮਲੇ ਸੰਤ ਜੋਤਾ ਸਿੰਘ ਵਿਰੱਕਤ ਜੀ ਦੀ ਕੁਟੀਆ ਠਹਿਰ ਕੇ ਸੰਗਤਾਂ ਨੂੰ ਸੇਵਾ ਲਈ ਉਤਸ਼ਾਹ ਬਖਸ਼ਿਸ਼ ਕਰਦੇ ਰਹੇ। ਫਿਰ ਆਪ ਜੀ ਨੂੰ ਪਤਾ ਲੱਗਿਆ ਕਿ ਸੰਤ ਜਵਾਲਾ ਸਿੰਘ ਜੀ ਦਾ ਸਰੀਰ ਕਾਫੀ ਢਿੱਲਾ ਹੈ, ਇਸ ਲਈ ਸੰਗਤਾਂ ਨੂੰ ਸੇਵਾ ਵਿੱਚ ਲਾ ਕੇ ਆਪ ਜੀ ਨੇ ਸੰਤ ਜਵਾਲਾ ਸਿੰਘ ਜੀ ਨੂੰ ਮਿਲਣ ਲਈ ਹਰਖੋਵਾਲ ਵੱਲ ਨੂੰ ਚਾਲੇ ਪਾ ਦਿੱਤੇ। ਅੱਗੇ ਜਾ ਕੇ ਪਤਾ ਲੱਗਿਆ, ਕਿ ਸੰਤ ਤਾਂ ਡੁਮੇਲੀ ਹਨ, ਆਪ ਬਜਾਏ ਹਰਖੋਵਾਲ ਦੇ ਡੁਮੇਲੀ ਪਹੁੰਚ ਗਏ। ਸੰਤਾਂ ਦਾ

ਸਰੀਰ ਬੁਢਾਪੇ ਦੇ ਕਾਰਨ ਕ੍ਰਿਸ਼ ਹੋਇਆ ਪਿਆ ਸੀ। ਦੋਨੋਂ ਮਹਾਂਪੁਰਸ਼ ਪ੍ਰਸਪਰ ਬਹੁਤ ਪ੍ਰੇਮ ਨਾਲ ਮਿਲੇ। ਮਿਲਦੇ ਤਾਂ ਸਮੇਂ-ਸਮੇਂ ਭਾਵੇਂ ਪਹਿਲਾਂ ਵੀ ਕਿੰਨੀ ਵਾਰ ਰਹੇ ਹਨ ਅਤੇ ਸੰਤ ਜਵਾਲਾ ਸਿੰਘ ਜੀ ਦੇ ਪ੍ਰੇਮ-ਵਸ ਲਗਾਤਾਰ ਤਿੰਨ-ਤਿੰਨ ਮਹੀਨੇ ਕੋਲ ਰਹਿ ਕੇ ਕਥਾ ਵੀ ਕਰਦੇ ਰਹੇ ਹਨ ਲੇਕਿਨ ਅੱਜ ਦਾ ਮਿਲਾਪੁ ਕੁਝ ਵਿਲੱਖਣ ਹੈ, ਜ਼ਰਾ ਗਹੁ ਨਾਲ ਦੇਖਿਆਂ ਇਉਂ ਲੱਗ ਰਿਹਾ ਹੈ ਜਿਵੇਂ ਇਹ ਮਿਲਣੀ ਪਹਿਲੀ ਜਾਂ ਆਖਰੀ ਹੋਵੇ।

ਖੈਰ ਕੁਛ ਵੀ ਹੋਵੇ, ਲੇਕਿਨ ਇਹ ਮਿਲਣੀ ਗਹਿਰੀ ਪ੍ਰੇਮ ਦੀ ਸੂਚਕ ਸੀ।

ਵਿਰੱਕਤ ਮਾਰਾਜ ਜੀ ਨੇ ਬਚਨ ਕੀਤਾ, ਮਹਾਂਪੁਰਸ਼ੋ! ਕੋਲ ਬੈਠੀ ਸੰਗਤ ਤੁਹਾਡੇ ਚਰਨਾਂ ਦੀ ਪ੍ਰੇਮਣ ਹੈ, ਸਰੀਰ ਦਾ ਸੰਜੋਗ ਹਮੇਸ਼ਾਂ ਨਹੀਂ ਬਣਿਆ ਰਹਿੰਦਾ, ਲੇਕਿਨ ਸਤਿਪੁਰਸ਼ਾਂ ਦੇ ਬਚਨ ਹਮੇਸ਼ਾਂ ਸੱਚ ਅਤੇ ਸਦੀਵੀ ਹੁੰਦੇ ਹਨ, ਇਸ ਲਈ ਕੋਈ ਐਸਾ ਬਚਨ ਸੁਣਾਉ, ਜੋ ਪਰਮਾਰਥ ਦਾ ਸਾਰ, ਯਾਨੀ ਤੱਤ ਰੂਪ ਹੋਵੇ, ਸੰਤ ਜਵਾਲਾ ਸਿੰਘ ਜੀ ਬੋਲੇ, ਮਹਾਰਾਜ! ਆਪ ਸਾਖਸ਼ਾਤ ਸਾਰ ਰੂਪ ਹੀ ਤਾਂ ਖੜੇ ਹੋ, ਇਸ ਤੋਂ ਉਪਰ ਅਸੀਂ ਹੋਰ ਕੀ ਕਹੀਏ। ਮਹਾਰਾਜ ਬੋਲੇ, ਮਹਾਪੁਰਸ਼ੋ! ਇਹ ਸਬ ਸੰਗਤਾਂ ਆਪ ਦੇ ਪਵਿੱਤਰ ਮੁੱਖ ਤੋਂ ਹੀ ਸੁਨਣ ਲਈ ਆਈਆਂ ਹਨ, ਇਸ ਲਈ ਇਨ੍ਹਾਂ ਨੂੰ ਸ਼ਬਦ ਰੂਪੀ ਪ੍ਰਕਾਸ਼ ਬਖਸ਼ਿਸ਼ ਕਰੋ! ਸੰਤ ਜਵਾਲਾ ਸਿੰਘ ਜੀ ਬੋਲੇ, ਮਹਾਰਾਜ! ਸਾਨੂੰ ਤਾਂ ਫਿਰ ਇਹੀ ਲੱਗ ਰਿਹਾ ਹੈ, ਕਿ—

**ਜੋ ਤੁਧੁ ਭਾਵੈ ਸਾਈ ਭਲੀ ਕਾਰ॥**
**ਤੂ ਸਦਾ ਸਲਾਮਤਿ ਨਿਰੰਕਾਰ॥**

*(ਜਪੁਜੀ ਸਾਹਿਬ, ਪੰਨਾ—੩)*

ਸੰਤ ਜਵਾਲਾ ਸਿੰਘ ਜੀ ਬੋਲੇ, ਮਹਾਰਾਜ ਆਪ ਵੀ ਕੁਝ ਸੁਣਾਉ! ਮਹਾਰਾਜ ਬੋਲੇ, ਜੋ ਆਪ ਨੇ ਸੁਣਾਇਆ ਹੈ, ਇਸ ਤੋਂ ਉਪਰ ਹੋਰ ਕੀ ਕਹੀਏ? ਨਹੀਂ ਮਹਾਰਾਜ! ਇਨ੍ਹਾਂ ਸੰਗਤਾਂ ਨੂੰ ਆਪ ਵੀ ਕੋਈ ਪ੍ਰਸ਼ਾਦ ਬਖਸ਼ਿਸ਼ ਕਰੋ। ਵਿਰੱਕਤ ਮਹਾਰਾਜ ਬੋਲੇ, ਮਹਾਂਪੁਰਸ਼ੋ ਸਾਨੂੰ ਵੀ ਕੁਝ ਇਦਾਂ ਹੀ ਲੱਗ ਰਿਹਾ ਹੈ—

**ਨਾਨਕ ਏਕੋ ਰਵਿ ਰਹਿਆ ਦੂਸਰ ਹੋਆ ਨ ਹੋਗੁ॥**

*(ਬਾਵਨ ਅਖਰੀ, ਪੰਨਾ—੨੫੦)*

ਇਸ ਪ੍ਰਕਾਰ ਦੋਨੋਂ ਮਹਾਂਪੁਰਖਾਂ ਨੇ ਕੁਝ ਪਰਮਾਰਥ ਦੇ ਬਚਨ ਕੀਤੇ, ਉਪਰੰਤ ਵਿਰੱਕਤ ਮਹਾਰਾਜ ਜੀ ਤਾਂ ਕਿਸੇ ਹੋਰ ਟਿਕਾਣੇ ਨੂੰ ਚਾਲੇ ਪਾ ਗਏ, ਉਪਰ ਸੰਤ ਜਵਾਲਾ ਸਿੰਘ ਜੀ ਮਹਾਰਾਜ ਇਕ-ਦੋ ਦਿਨਾਂ ਬਾਅਦ ਯਾਨੀ 28 ਕੱਤਕ, 1957 ਵਾਲੇ ਦਿਨ ਗੁਰਪੁਰੀ ਪਿਆਨਾ ਕਰ ਗਏ।

## ਪਿੰਡ ਬਖਤਗੜ੍ਹ ਤੇ ਭੋਤਨੇ

ਬਰਨਾਲਾ-ਮੋਗਾ ਰੋਡ ਤੇ ਬਰਨਾਲੇ ਤੋਂ ਤੇਰਾ ਕਿਲੋਮੀਟਰ ਪੱਛਮ ਵੱਲ, ਅਤੇ ਮੋਗੇ ਤੋਂ ਤੀਹ ਕੁ ਕਿਲੋਮੀਟਰ ਬਰਨਾਲੇ ਵਾਲੇ ਪਾਸੇ ਦੋ ਪਿੰਡ ਵਸਦੇ ਹਨ, ਭੋਤਨੇ ਅਤੇ ਬਖਤਗੜ੍ਹ। ਭੋਤਨੇ ਪਿੰਡ ਤਾਂ ਮੁੱਖ ਸੜਕ ਦੇ ਬਿਲਕੁੱਲ ਉਪਰ ਹੀ ਸਥਿਤ ਹੈ ਲੇਕਿਨ ਬਖਤਗੜ੍ਹ ਥੋੜ੍ਹਾ ਪਿਛੇ ਹੱਟ ਕੇ। ਦੋਨਾਂ ਪਿੰਡਾਂ ਦੀ ਆਬਾਦੀ ਕਾਫੀ ਹੈ ਅਤੇ ਲੋਕ ਵੀ ਇਲਾਕਾ ਮਾਲਵੇ ਦਾ ਹੋਣ ਕਰਕੇ ਖੁੱਲ੍ਹੇ ਸੁਭਾਵ ਦੇ ਮਾਲਕ ਹਨ। ਪਿੰਡ ਬਖਤਗੜ੍ਹ ਇੱਕ ਖਾਲਸਾ ਹਾਈ ਸਕੂਲ ਸਥਾਪਤ ਹੈ, ਇਸ ਸਕੂਲ ਦਾ ਹੈੱਡ ਮਾਸਟਰ ਸਰਦਾਰ ਜਸਵੰਤ ਸਿੰਘ ਧਾਲੀਵਾਲ ਇੱਕ ਦਫਾ ਪਿੰਡ ਰਾਜਗੜ੍ਹ ਕਿਸੇ ਕੰਮ ਲਈ ਗਿਆ, ਉਥੇ ਜਾ ਕੇ ਪਤਾ ਲੱਗਿਆ ਕਿ ਇਥੇ ਸਾਧੂਆਂ ਦੇ ਡੇਰੇ ਇੱਕ ਵਿਰੱਕਤ ਮਹਾਤਮਾ ਆਏ ਹਨ, ਜੋ ਗੁਰਬਾਣੀ ਦੇ ਚੰਗੇ ਵਿਦਵਾਨ ਹਨ। ਹੈੱਡ ਮਾਸਟਰ ਨੇ ਡੇਰੇ ਪਹੁੰਚ ਕੇ ਜਦੋਂ ਕੁਝ ਗੁਰਬਾਣੀ ਦੀ ਵਿਚਾਰ ਮਹਾਂਪੁਰਸ਼ਾਂ ਨਾਲ ਕੀਤੀ, ਤਾਂ ਮਨ ਵਿੱਚ ਸ਼ਰਧਾ ਜਾਗੀ, ਕਿ ਇਨ੍ਹਾਂ ਦੇ ਕੋਲ ਠਹਿਰ ਦੇ ਕੁਝ ਪਰਮਾਰਥਕ ਲਾਭ ਉਠਾਈਏ। ਬੇਨਤੀ ਕੀਤੀ, ਬਾਬਾ ਜੀ ਕਿਸੇ ਸਮੇਂ ਬਖਤਗੜ੍ਹ ਦਰਸ਼ਨ ਦਿਉ! ਸੰਤ ਗੋਪਾਲ ਸਿੰਘ ਜੀ ਬੋਲੇ ਅਗਰ ਕਦੇ ਹਰੀ ਦੀ ਮਰਜ਼ੀ ਅਤੇ ਅੰਨਜਲ ਦਾ ਸਮਾਂ ਸੰਜੋਗ ਬਣਿਆ ਤਾਂ ਆ ਜਾਵਾਂਗੇ। ਕੁਝ ਸਮੇਂ ਬਾਅਦ ਪਰਮੇਸ਼ਰ ਨੇ ਸੰਜੋਗ ਬਣਾ ਦਿੱਤਾ, ਯਾ ਇਉਂ ਕਹੋ ਕਿ ਬਣਿਆ ਹੋਇਆ ਤਾਂ ਪਹਿਲਾਂ ਹੀ ਸੀ, ਕੇਵਲ ਸਮੇਂ ਦੀ ਉਡੀਕ ਵਿੱਚ ਸੀ।

ਸੰਤ ਗੋਪਾਲ ਸਿੰਘ ਜੀ ਕਿਸੇ ਦੈਵੀ ਪ੍ਰੇਰਨਾ ਦੇ ਪ੍ਰੇਰੇ ਜਦੋਂ ਪਿੰਡ ਬਖਤਗੜ੍ਹ ਪਹੁੰਚੇ, ਤਾਂ ਪਿੰਡ ਤੋਂ ਦੂਰ ਬਿਸ਼ਨ ਸਿੰਘ ਨਾਮੀ ਕਿਸਾਨ ਦਾ ਇੱਕ ਕੱਚਾ ਕੋਠਾ ਸੀ, ਉਸ ਵਿੱਚ ਜਾ ਕੇ ਠਹਿਰ ਗਏ। ਸਰਦੀ ਦਾ ਮੌਸਮ ਚੱਲ ਰਿਹਾ ਸੀ, ਅੱਠਾਂ ਪਹਿਰਾਂ ਬਾਅਦ ਪਿੰਡ ਵਿੱਚੋਂ ਇਕ ਦਫਾ ਲੰਗਰ ਭਿੱਖਿਆ ਕਰਕੇ ਛੱਕ ਲੈਣਾ, ਬਾਕੀ ਸਮਾਂ ਪਿਆਰੇ ਦੀ ਯਾਦ ਵਿੱਚ ਲੀਨ ਰਹਿਣਾ। ਇੱਕ ਦੋ ਦਿਨ ਗੁਜ਼ਰ ਜਾਣ ਤੋਂ ਬਾਅਦ ਆਪ ਦੇ ਉੱਚੇ ਜੀਵਨ ਦਾ ਪ੍ਰਭਾਵ ਪਿੰਡ ਦੀਆਂ ਕੁਝ ਸੰਗਤਾਂ ਤੇ ਪੈਣਾ ਸ਼ੁਰੂ ਹੋਇਆ ਤਾਂ ਦਰਸ਼ਨ ਸਤਿਸੰਗ ਲਈ ਆਉਣੀਆਂ ਸ਼ੁਰੂ ਹੋ ਗਈਆਂ। ਆਪ ਨੇ ਵੀ ਸੰਗਤਾਂ ਨੂੰ ਸ਼ਰਧਾਵਾਨ ਦੇਖਕੇ ਸ਼ਾਮ ਦੇ ਸਮੇਂ ਕਥਾ ਕਰਨੀ ਸ਼ੁਰੂ ਕਰ ਦਿੱਤੀ, ਫਿਰ ਹੋਰ ਸੰਗਤਾਂ ਦੀ ਵੀ ਆਵਾਜਾਈ ਵੱਧਦੀ ਗਈ। ਕੁੱਝ ਦਿਨਾਂ ਬਾਅਦ ਸੰਗਤਾਂ ਨੂੰ ਪ੍ਰੇਰਨਾ ਕਰਕੇ ਉਸੇ ਕੋਠੇ ਵਿੱਚ ਆਖੰਡ ਪਾਠ ਸਾਹਿਬ ਕਰਵਾਇਆ ਤੇ ਆਪ ਦੋ ਦਿਨ ਕਥਾ ਕਰਦੇ ਰਹੇ। ਇਤਨੇ ਨੂੰ ਕੋਈ ਗੁਰਪੁਰਬ ਆ ਗਿਆ, ਉਸ ਸਮੇਂ ਤੇ ਖਾਲਸਾ ਸਕੂਲ ਦੀ ਮੈਨੇਜਮੈਂਟ ਨੇ ਸਟਾਫ ਅਤੇ ਬੱਚਿਆਂ ਵੱਲੋਂ ਪਿੰਡ ਵਿੱਚ ਨਗਰ ਕੀਰਤਨ ਦਾ ਪ੍ਰੋਗਰਾਮ ਬਣਾਇਆ, ਉਸਦੀ ਅਗਵਾਈ ਕਰਨ ਲਈ ਮੈਨੇਜਮੈਂਟ ਨੇ ਆਪ ਨੂੰ ਬੇਨਤੀ ਕੀਤੀ, ਜੋ ਆਪ ਨੇ ਪ੍ਰਵਾਨ ਕਰ ਲਈ। ਇਸ ਪ੍ਰਕਾਰ ਇਹ ਪਿੰਡ ਗੁਰੂ ਘਰ ਦਾ ਸੇਵਕ ਤਾਂ ਪੁਰਾਤਨ ਹੀ ਸੀ ਲੇਕਿਨ ਸੰਤ ਗੋਪਾਲ ਸਿੰਘ ਜੀ ਨੇ ਬੱਚਿਆਂ, ਬੁੱਢਿਆਂ ਅਤੇ ਆਮ ਲੋਕਾਂ ਦੇ ਮਨਾਂ ਵਿੱਚ ਗੁਰਬਾਣੀ ਦੇ ਬੀਜ ਦਾ ਵੀ ਸਿੱਟਾ ਦੇ ਦਿੱਤਾ। ਇਉਂ ਪਿੰਡ ਅਤੇ ਇਲਾਕੇ ਦੀਆਂ ਸੰਗਤਾਂ ਨੂੰ ਗੁਰਬਾਣੀ ਪੜ੍ਹਣ ਅਤੇ ਵਿਚਾਰ ਦੇ ਸੰਸਕਾਰ ਉਤਪੰਨ ਕਰਕੇ ਅੰਨਜਲ ਵਸ ਆਪ ਹੁਣ ਇਥੋਂ ਕਿਤੇ ਹੋਰ ਟਿਕਾਣੇ ਲਈ ਰਵਾਨਾ ਹੋ ਗਏ। ਕੋਈ ਇੱਕ ਸਾਲ ਬਾਅਦ ਦੁਬਾਰਾ ਫਿਰ ਇਸ ਪਿੰਡ ਬੰਤਾ ਸਿੰਘ ਦੇ ਖੂਹ ਤੇ ਆ ਗਏ। ਸੰਗਤਾਂ ਨੂੰ ਉਹੀ ਗੁਰਬਾਣੀ ਪੜ੍ਹਾਉਣ ਵਾਲੀ ਕਾਰ ਫਿਰ ਸ਼ੁਰੂ ਹੋ ਗਈ। ਜੋਰਾ ਸਿੰਘ, ਸਰਵਨ ਸਿੰਘ ਅਤੇ ਕੁੰਢਾ ਸਿੰਘ ਆਦਿਕ ਭੋਤਨੇ ਪਿੰਡ ਦੇ ਪ੍ਰੇਮੀਆਂ ਨੇ ਆਪ ਜੀ ਤੋਂ ਗੁਰਬਾਣੀ ਦੀ ਸੰਥਯਾ ਲੈਣੀ ਸ਼ੁਰੂ ਕਰ ਦਿੱਤੀ। ਇਉਂ ਗੁਰੂ ਨਾਨਕ ਦੇ ਘਰ ਦੀ ਕਾਰ ਕਰਦਿਆਂ ਅਜੇ ਕੋਈ ਡੇਢ ਕੁ ਮਹੀਨਾ ਬਤੀਤ ਹੋਇਆ ਸੀ ਜਦੋਂ ਪਰਮੇਸ਼ਰ ਨੇ ਇਨ੍ਹਾਂ ਲੋਕਾਂ ਦੀ ਕਿਸੇ ਫਰਿਆਦ ਤੇ ਇਥੇ ਵੱਡੀ ਸਰਕਾਰ ਦੇ ਆਉਣ ਦਾ ਸਾਹਾ ਸੰਜੋਗ ਰੱਚ ਦਿੱਤਾ। ਸੰਤ ਗੋਪਾਲ ਸਿੰਘ ਜੀ ਨੂੰ ਸੂੰਹ ਲੱਗੀ ਕਿ ਠੀਕਰੀ ਵਾਲਾ ਕਿਸੇ ਸਾਧੂ ਅਸਥਾਨ ਤੇ ਠਹਿਰਕੇ ਹਜੂਰ ਵਿਰੱਕਤ ਮਹਾਰਾਜ ਜੀ ਕਈ ਦਿਨਾਂ ਤੋਂ ਸੱਤਿ ਉਪਦੇਸ਼ ਦਾ ਮੀਂਹ ਵਰਸਾ ਕੇ ਅਨੇਕਾਂ ਸੰਗਤਾਂ ਨੂੰ ਕ੍ਰਿਤਾਰਥ ਕਰ ਰਹੇ ਹਨ। ਸੰਤ ਗੋਪਾਲ ਸਿੰਘ ਜੀ ਕੁਝ ਪ੍ਰੇਮੀਆਂ ਨੂੰ ਨਾਲ ਲੈ ਕੇ ਠੀਕਰੀਵਾਲੇ ਹਜ਼ੂਰ ਦੇ ਚਰਨਾਂ ਵਿੱਚ ਹਾਜ਼ਰ ਹੋਏ। ਦਰਸ਼ਨ ਕਰਕੇ ਅਰਜ਼ ਕੀਤੀ, ਗਰੀਬ ਨਿਵਾਜ਼ ਮਿਹਰ ਕਰੋ, ਭੋਤਨੇ ਨਗਰ ਦੀ ਸੰਗਤ ਨੂੰ ਦਰਸ਼ਨ ਦੀਦਾਰੇ ਬਖਸ਼ਿਸ਼ ਕਰੋ, ਅਸੀਂ ਸਭ ਸੰਗਤਾਂ ਨੂੰ ਦੱਸਕੇ ਆਏ ਹਾਂ ਕਿ ਤੁਹਾਨੂੰ ਹੱਥਾਂ ਪੈਰਾਂ ਵਾਲੇ ਰੱਬ ਦੇ ਦਰਸ਼ਨ ਕਰਾਂਵਾਗੇ। ਹਜ਼ੂਰ ਨੇ ਰੱਬੀ ਪ੍ਰੇਰਨਾ ਜਾਣਕੇ ਪ੍ਰਵਾਨਗੀ ਦੇ ਦਿੱਤੀ, ਉਪਰੰਤ ਸੰਤ ਦਰਸ਼ਨ ਸਿੰਘ ਜੀ ਅਤੇ ਸੰਤ ਹਰਬੰਸ ਸਿੰਘ ਜੀ ਨੂੰ ਨਾਲ ਲੈ ਕੇ ਬਖਤਗੜ੍ਹ, ਭੋਤਨੇ ਪਹੁੰਚ ਗਏ। ਬੰਤਾ ਸਿੰਘ ਦੇ ਖੂਹ ਤੇ ਇੱਕ ਕੱਖਾਂ ਕਾਨਿਆਂ ਦੀ ਛੰਨ ਬਣਾ ਕੇ ਹਜ਼ੂਰ ਵਿਰੱਕਤ ਮਹਾਰਾਜ ਆਪਣੇ ਤਾਰਾ ਗਣਾ ਸਮੇਤ ਲੱਗੇ ਭੋਗ ਮੋਖ ਦੀਆਂ ਦਾਤਾਂ ਵੰਡਣ। ਇਹ ਥਾਂ ਦੋਨਾਂ ਪਿੰਡਾਂ ਦੇ ਦਰਮਿਆਨ ਹੋਣ ਕਰਕੇ ਸਤਿਸੰਗ ਦਾ ਲਾਭ ਉਠਾਉਣ ਲਈ ਦੋਨਾਂ ਪਿੰਡਾਂ ਦੀਆਂ ਸੰਗਤਾਂ ਦੀ ਆਵਾਜਾਈ ਚੋਖੀ ਵੱਧ ਗਈ। ਹੁਣ ਹਜ਼ੂਰ ਨੇ ਵੀ ਸਭ ਦੇ ਭਲੇ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੀ ਕਥਾ ਸ਼ੁਰੂ ਕੀਤੀ, ਤਾਂ ਕਿ ਉੱਤਮ, ਮੱਧਮ ਸਭ ਪ੍ਰਕਾਰ ਦੇ ਜਗਿਆਸੂ ਲਾਭ ਉਠਾ ਸਕਣ। ਸੰਤ ਗੋਪਾਲ ਸਿੰਘ ਜੀ ਮੂਲ ਦੀ ਪੰਕਤੀ ਦਾ ਪਾਠ ਪੜ੍ਹਦੇ, ਹਜ਼ੂਰ ਉਸ ਦੀ ਭਾਵਪੂਰਤ ਵਿਆਖਿਆ ਕਰਦੇ। ਇਸ ਪ੍ਰਕਾਰ ਪੂਰੇ ਸੁਖਮਨੀ ਸਾਹਿਬ ਦੀ ਕਥਾ ਸੰਪੂਰਨ ਕੀਤੀ ਗਈ। ਸੰਗਤਾਂ ਦਾ ਪ੍ਰੇਮ ਵੀ ਹੁਣ ਤੱਕ ਕਾਫੀ ਵੱਧ ਚੁੱਕਿਆ ਸੀ, ਲੇਕਿਨ ਹਜ਼ੂਰ ਨੇ ਹੁਣ ਇਥੋਂ ਕਿਸੇ ਹੋਰ ਤਪਤ ਭੂਮੀ ਤੇ ਵਰਸਣ ਲਈ ਜਾਣ ਦਾ ਸੰਕਲਪ ਕੀਤਾ, ਪ੍ਰੰਤੂ ਸੰਗਤਾਂ ਵਿੱਚ ਪ੍ਰੇਮ ਹੁਣ ਇਤਨਾ ਵੱਧ ਚੁੱਕਿਆ ਸੀ ਕਿ ਉਹ ਨਹੀਂ ਚਾਹੁੰਦੀਆਂ ਸਨ ਕਿ ਇਥੋਂ ਕਿਤੇ ਹੋਰ ਜਾਣ। ਇਸ ਲਈ ਬਾਰ-ਬਾਰ ਬੇਨਤੀਆਂ ਕਰੀਂ ਜਾਂਦੇ, ਮਹਾਰਾਜ! ਕ੍ਰਿਪਾ ਕਰੋ ਇਥੇ ਹੀ ਦਰਸ਼ਨ ਦੀਦਾਰੇ ਬਖਸ਼ਿਸ਼ ਕਰਦੇ ਰਹੋ! ਹਜ਼ੂਰ ਬੋਲੇ, ਹੁਣ ਤੁਸੀਂ ਗੋਪਾਲ ਸਿੰਘ ਤੋਂ ਗੁਰਬਾਣੀ ਦੀ ਸੰਥਯਾ ਪੂਰੀ ਕਰ ਲਉ, ਅਸੀਂ ਕੁਝ ਸਮੇਂ ਬਾਅਦ ਫਿਰ ਆਵਾਂਗੇ। ਇਉਂ ਸੰਗਤਾਂ ਨੂੰ ਦੁਬਾਰਾ ਆਉਣ ਦਾ ਬਚਨ ਦੇ ਕੇ ਇਲਾਹੀ ਹੁਕਮ ਅਨੁਸਾਰ ਹੁਣ ਕਿਸੇ ਹੋਰ ਟਿਕਾਣੇ ਨੂੰ ਚਾਲੇ ਪਾ ਦਿੱਤੇ। ਪਿਛੋਂ ਸੰਤ ਗੋਪਾਲ ਸਿੰਘ ਜੀ ਨੇ ਸੰਥਯਾ ਚਲਦੀ ਸੀ ਸੰਪੂਰਨ ਕਰਵਾ ਦਿੱਤੀ।

ਤਕਰੀਬਨ ਇੱਕ ਸਾਲ ਬਾਅਦ ਵਿਰੱਕਤ ਮਹਾਰਾਜ ਜੀ ਸਮੇਤ ਆਪਣੇ ਦੇਵਗਣਾਂ ਦੇ ਫਿਰ ਇਥੇ ਆ ਪਹੁੰਚੇ। ਜਿਨ੍ਹਾਂ ਵਿਚ ਸੰਤ ਗੋਪਾਲ ਸਿੰਘ ਜੀ, ਸੰਤ ਦਰਸ਼ਨ ਸਿੰਘ ਅਤੇ ਸੰਤ ਹਰਬੰਸ ਸਿੰਘ ਜੀ ਨਾਲ ਸਨ। ਟਿਕਾਣਾ ਤਾਂ ਆ ਕੇ ਬੰਤਾ ਸਿੰਘ ਦੇ ਖੂਹ ਤੇ ਹੀ ਕੀਤਾ, ਪਰੰਤੂ ਕੁਝ ਦਿਨਾਂ ਬਾਅਦ ਕੁੰਢਾ ਸਿੰਘ ਨੇ ਬੇਨਤੀ ਕੀਤੀ, ਕਿ ਮਹਾਰਾਜ! ਕੁਝ ਦਿਨ ਮੇਰੇ ਖੂਹ ਤੇ ਠਹਿਰਨ ਦੀ ਵੀ ਕ੍ਰਿਪਾ ਕਰੋ। ਉਸਦਾ ਪ੍ਰੇਮ ਦੇਖਕੇ ਹਜੂਰ ਨੇ ਆਪਣੀ ਮੌਜ ਵਿੱਚ ਹੁਣ ਉਸਦੇ ਖੂਹ ਤੇ ਜਾ ਡੇਰਾ ਲਾਇਆ। ਇਹ ਥਾਂ ਕੁਝ ਪਿੰਡ ਦੇ ਨਜ਼ਦੀਕ ਵੀ ਪੈਂਦਾ ਸੀ, ਇਸ ਲਈ ਸੰਗਤਾਂ ਨੂੰ ਆਉਣ ਜਾਣ ਦੀ ਸਹੂਲਤ ਵੀ ਸੀ। ਸੰਗਤ ਵਿੱਚ ਕੁਝ ਵਿਚਾਰਵਾਨ ਸੱਜਣ ਦੇਖਕੇ ਮਹਾਂਪੁਰਸ਼ਾਂ ਨੇ ਇਥੇ ਵਿਚਾਰ ਸਾਗਰ ਦੀ ਕਥਾ ਸ਼ੁਰੂ ਕੀਤੀ, ਜਿਸਦੀ ਪੰਕਤੀ ਦਾ ਪਾਠ ਸਰਵਨ ਸਿੰਘ ਕਰਦਾ ਅਤੇ ਮਹਾਰਾਜ ਜੀ ਉਸਨੂੰ ਸੌਖੇ ਤਰੀਕੇ ਖੋਲ੍ਹਕੇ ਸਮਝਾਉਂਦੇ। ਇਸ ਪ੍ਰਕਾਰ ਇਥੇ ਦੋ ਵਾਰ ਵਿਚਾਰ ਸਾਗਰ ਦੀ ਕਥਾ ਸੰਪੂਰਨ ਕੀਤੀ, ਵਾਹਵਾ ਰੰਗ ਬੱਝਿਆ। ਵੇਦਾਂਤ ਦੀ ਪ੍ਰਕਿਰਿਆ ਭਾਵੇਂ ਹਰ ਇਕ ਦੇ ਸਮਝਣ ਦਾ ਵਿਸ਼ਾ ਨਹੀਂ ਹੁੰਦਾ, ਲੇਕਿਨ ਹਜ਼ੂਰ ਨੇ ਇਤਨੇ ਸੌਖੇ ਤਰੀਕੇ ਨਾਲ ਸਮਝਾਇਆ ਕਿ ਸੰਗਤਾਂ ਹਰ ਰੋਜ਼ ਜਮ ਕੇ ਸੁਣਦੀਆਂ। ਭਾਵੇਂ ਸੰਗਤ ਤਾਂ ਹੋਰ ਵੀ ਚੋਖੀ ਆਉਂਦੀ ਸੀ ਲੇਕਿਨ ਭਾਈ ਪਿਆਰਾ ਸਿੰਘ, ਹੀਰਾ ਸਿੰਘ, ਜਮਾਦਾਰ ਕੌਰ ਸਿੰਘ, ਈਸਰ ਸਿੰਘ, ਬਖਤੌਰ ਸਿੰਘ, ਬਹਾਦਰ ਸਿੰਘ, ਬੰਤਾ ਸਿੰਘ, ਝੰਡਾ ਸਿੰਘ, ਪ੍ਰੀਤਮ ਸਿੰਘ, ਜੀਤਾ ਸਿੰਘ, ਜੋਰਾ ਸਿੰਘ ਅਤੇ ਫਜ਼ਲ ਆਦਿ ਪ੍ਰੇਮੀ ਤਾਂ ਨਿਰੰਤਰ ਆਉਣ ਵਾਲੇ ਸਨ। ਵਿਚਾਰ ਸਾਗਰ ਦੀ ਕਥਾ ਸੰਪੂਰਨ ਹੋਣ ਤੇ ਹਜੂਰ ਨੇ ਇਥੇ ਹੀ ਸ੍ਰੀ ਆਖੰਡ ਪਾਠ ਸਾਹਿਬ ਕਰਵਾਇਆ। ਹੁਣ ਆਪ ਦੇ ਮਨ ਵਿੱਚ ਇਥੋਂ ਕਿਤੇ ਹੋਰ ਜਾਣ ਦਾ ਸੰਕਲਪ ਉਤਪੰਨ ਹੋਇਆ ਸੁਣਕੇ, ਕਈ ਨਗਰਾਂ ਦੀ ਸੰਗਤ ਨੇ ਆਪਣੇ-ਆਪਣੇ ਪਿੰਡ ਲੈ ਕੇ ਜਾਣ ਦੀ ਅਰਜ਼ ਕੀਤੀ। ਮਹਾਰਾਜ ਬੋਲੇ, ਸਾਡਾ ਆਪਣਾ ਤਾਂ ਕੋਈ ਵਿਸ਼ੇਸ਼ ਸੰਕਲਪ ਨਹੀਂ ਹੈ ਕਿਸੇ ਖਾਸ ਥਾਂ ਦਾ, ਤੁਸੀਂ ਇਉਂ ਕਰੋ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਪਰਚੀਆਂ ਪਾ ਲਉ, ਜਿਥੋਂ ਦੀ ਨਿਕਲ ਆਏ, ਤੁਰ ਚਲਾਂਗੇ। ਕਈ ਪਿੰਡਾਂ ਦੀ ਸੰਗਤ ਨੇ ਪਰਚੀਆਂ ਪਾਈਆਂ, ਲੇਕਿਨ ਭਾਗ ਅਠੂਰ ਦੀ ਸੰਗਤ ਦੇ ਜਾਗੇ। ਭੋਤਨੇ, ਬਖਤਗੜ੍ਹ ਦੀ ਸੰਗਤ ਇਥੇ ਠਹਿਰਨ ਲਈ ਅਰਜ਼ ਕਰੀਂ ਜਾਵੇਂ, ਲੇਕਿਨ ਹਜੂਰ ਬੋਲੇ, ਹੁਣ ਜਗਤ-ਗੁਰੂ ਨੇ ਫੈਸਲਾ ਕਰ ਦਿੱਤਾ ਹੈ। ਇਸ ਲਈ ਹੁਣ ਤਾਂ ਅਠੂਰ ਜਾਵਾਂਗੇ, ਅੱਗੋਂ ਫਿਰ ਕਿਸੇ ਸਮੇਂ ਇਥੇ ਵੀ ਜ਼ਰੂਰ ਆਵਾਂਗੇ। ਭੋਤਨੇ, ਬਖਤਗੜ੍ਹ ਵਾਲੀ ਸੰਗਤ ਨੂੰ ਦਿਲਾਸਾ ਦੇ ਕੇ ਅਠੂਰ ਵੱਲ ਨੂੰ ਰਵਦੇ ਹੋਏ।

## ਦੁਰਾਹਾ ਅਤੇ ਆਸ-ਪਾਸ ਦੇ ਪਿੰਡਾਂ ਵਿੱਚ ਆਗਮਨ

ਸੰਨ 1958 ਦਾ ਜ਼ਿਕਰ ਹੈ ਜਦੋਂ ਸੰਤ ਗੋਪਾਲ ਸਿੰਘ ਜੀ ਆਪਣੀ ਮੌਜ ਵਿੱਚ ਵਿਚਰਦੇ ਦੁਰਾਹਾ ਮੰਡੀ ਪਹੁੰਚੇ, ਜੋ ਜੀ.ਟੀ. ਰੋਡ ਤੇ ਲੁਧਿਆਣਾ ਅਤੇ ਖੰਨਾ ਮੰਡੀ ਦੇ ਦਰਮਿਆਨ ਇੱਕ ਵੱਡੀ ਨਹਿਰ ਦੇ ਕਿਨਾਰੇ ਸਥਿਤ ਹੈ। ਇਤੇ ਨਹਿਰ ਦੇ ਕਿਨਾਰੇ ਹੀ ਇੱਕ ਵੱਡੇ ਬ੍ਰਿਛ ਹੇਠ ਆਸਣ ਲਾ ਲਿਆ, ਜਦੋਂ ਲੰਗਰ ਦਾ ਸਮਾਂ ਹੋਣਾ ਤਾਂ ਕਿਸੇ ਨੇੜੇ ਦੇ ਪਿੰਡ ਤੋਂ ਜਾਂ ਦੁਰਾਹਾ ਸ਼ਹਿਰ ਤੋਂ ਭਿਖਿਆ ਕਰਕੇ ਛੱਕ ਲੈਣਾ, ਫਿਰ ਦਿਨ ਭਰ ਗੁਰਬਾਣੀ ਦੀ ਕੋਈ ਪੋਥੀ ਵਿਚਾਰਦੇ ਰਹਿਣਾ। ਇਸ ਪ੍ਰਕਾਰ ਦੀ ਸਖ਼ਤ ਘਾਲਣਾ ਘਾਲਦਿਆਂ ਜਦੋਂ ਕੁਛ ਦਿਨ ਗੁਜ਼ਰੇ ਤਾਂ ਨੇੜੇ ਤੇੜੇ ਦੇ ਕੁਝ ਲੋਕ ਪ੍ਰਭਾਵਤ ਹੋ ਕੇ ਕੋਲ ਆਉਣੇ ਸ਼ੁਰੂ ਹੋਏ। ਆਪ ਨੇ ਵੀ ਬਜਾਏ ਕੋਈ ਇਧਰ ਉਧਰ ਦੀ ਗੱਲ ਕਰਨ ਤੋਂ ਗੁਰਬਾਣੀ ਦੁਆਰਾ ਸਤਿ ਉਪਦੇਸ ਕਰਦੇ ਰਹਿਣਾ। ਇਕ ਦਿਨ ਸ਼ਹਿਰ ਦੇ ਕੁਝ ਪ੍ਰੇਮੀਆਂ ਨੇ ਬੇਨਤੀ ਕੀਤੀ, ਬਾਬਾ ਜੀ ਆਪ ਕ੍ਰਿਪਾ ਕਰੋ, ਗੁਰਦੁਆਰਾ ਸਿੰਘ ਸਭਾ ਠਹਿਰ ਕੇ ਕੁਝ ਸਮਾਂ ਕਥਾ ਵਿਚਾਰ ਦਾ ਬਖਸ਼ੋ, ਉਥੇ ਕਾਫੀ ਸੰਗਤ ਜੁੜਦੀ ਹੈ, ਸਭ ਲੋਕ ਲਾਭ ਉਠਾਉਣਗੇ। ਆਪ ਨੇ ਈਸ਼ਰੀ ਇਸ਼ਾਰਾ ਸਮਝ ਕੇ ਬਚਨ ਕਰ ਦਿੱਤਾ ਠੀਕ ਹੈ, ਅੰਮ੍ਰਿਤ ਵੇਲੇ ਕਥਾ ਕਰਿਆ ਕਰਾਂਗੇ।

ਦੂਸਰੇ ਦਿਨ ਆਪ ਨੇ ਆਦਿ ਬਾਣੀ ਸ੍ਰੀ ਜਪੁਜੀ ਸਾਹਿਬ ਦੀ ਲੜੀਵਾਰ ਕਥਾ ਸ਼ੁਰੂ ਕੀਤੀ, ਇਕ ਪਉੜੀ ਦੀ ਵਿਆਖਿਆ ਰੋਜ਼ ਕਰਦੇ ਸਨ। ਸੰਗਤ ਵਿੱਚ ਸਹਿਜਧਾਰੀ ਅਤੇ ਸਿੱਖ, ਦੋਨੋਂ ਫਿਰਕਿਆਂ ਦੇ ਲੋਕ ਜੁੜਦੇ ਸਨ। ਉਹ ਸਭ ਗੁਰਬਾਣੀ ਦੀ ਬਾ-ਦਲੀਲ ਵਿਆਖਿਆ ਸੁਣਕੇ ਕਦੇ-ਕਦੇ ਪ੍ਰਸ਼ੰਸਾ ਕਰਦੇ ਬਾਬਾ ਜੀ! ਸਾਧੂ ਦੀ ਸੰਗਤ ਬਿਨਾਂ ਗੁਰਬਾਣੀ ਸਮਝ ਵਿੱਚ ਨਹੀਂ ਆਉਂਦੀ, ਹੁਣ ਤੱਕ ਜਪੁਜੀ ਸਾਹਿਬ ਦਾ ਪਾਠ ਰੋਜ਼ ਕਰਦੇ ਹੀ ਸੀ ਲੇਕਿਨ ਪੱਲੇ ਕੁਝ ਨਹੀਂ ਸੀ ਪੈਂਦਾ। ਹੁਣ ਤੁਹਾਡੀ ਕ੍ਰਿਪਾ ਨਾਲ ਕੁਝ ਸਮਝ ਵਿੱਚ ਆਇਆ ਹੈ, ਆਪ ਕ੍ਰਿਪਾ ਕਰੋ ਇਥੇ ਪੱਕਾ ਟਿਕਾਣਾ ਹੀ ਬਣਾ ਲਵੋ।

ਸੰਤ ਬੋਲੇ, ਭਾਈ! ਸਾਧੂ ਤਾਂ ਤੁਸੀਂ ਅਜੇ ਦੇਖਿਆ ਹੀ ਨਹੀਂ ਹੈ, ਪਰਮੇਸ਼ਰ ਕ੍ਰਿਪਾ ਕਰੇ ਤੁਹਾਨੂੰ ਦਰਸ਼ਨ ਕਰਾਵਾਂਗੇ ਸਾਡੇ ਗੁਰੂਦੇਵ ਸੰਤ ਬਾਬਾ ਨਿੱਕਾ ਸਿੰਘ ਮਹਾਰਾਜ ਜੀ ਦੇ, ਉਹ ਹਨ ਸੰਤ। ਸੰਤ ਕੀ ਹਨ, ਹੱਥਾਂ ਪੈਰਾਂ ਵਾਲਾ ਚਲਦਾ ਫਿਰਦਾ ਰੱਬ ਹਨ, ਸਾਖਸ਼ਾਤ ਪਰਮੇਸ਼ਰ ਹਨ। ਸੰਗਤਾਂ ਸੁਣਕੇ ਹੈਰਾਨ ਹੋਈਆਂ ਕਿ ਕਿੰਨੀ ਵਧੀਆ ਗੁਰਬਾਣੀ ਦੀ ਕਥਾ ਕਰਦੇ ਹਨ, ਕਿੰਨਾ ਤਿਆਗੀ ਜੀਵਨ ਹੈ, ਪੈਸੇ ਨੂੰ ਹੱਥ ਨਹੀਂ ਲਾਉਂਦੇ, ਉਜਾੜਾਂ ਵਿੱਚ ਰਹਿੰਦੇ ਹਨ, ਬਜਾਏ ਮਕਾਨਾਂ ਦੇ, ਦਰੱਖਤਾਂ ਹੇਠ ਜਾਂ ਕੁੱਲੀਆਂ ਵਿੱਚ ਸੌਂਦੇ ਹਨ, ਥਾਲੀਆਂ ਵਿੱਚ ਪ੍ਰਸ਼ਾਦ ਪ੍ਰੋਸ ਦੇ ਛੱਕਣ ਦੀ ਵਜਾਏ ਰੋਟੀ ਮੰਗ ਕੇ ਬਗੈਰ ਕਿਸੇ ਬਰਤਨ ਤੋਂ ਹੱਥਾਂ ਉਪਰ ਰੱਖਕੇ ਹੀ ਛੱਕ ਲੈਂਦੇ ਹਨ, ਚੌਵੀ ਘੰਟੇ ਗੁਰਬਾਣੀ ਤੋਂ ਬਿਨਾਂ ਗੱਲ ਨਹੀਂ ਕਰਦੇ। ਗਰਮ ਰੇਤ ਤੇ ਬੈਠਕੇ ਸਾਰਾ-ਸਾਰਾ ਦੁਪਹਿਰ ਤਪਸਿਆ ਕਰਦੇ ਗੁਜ਼ਾਰ ਦਿੰਦੇ ਹਨ, ਕਿੰਨਾ ਉੱਚਾ ਜੀਵਨ ਹੈ। ਪਰੰਤੂ ਫਿਰ ਵੀ ਆਪਣੇ ਗੁਰੂਦੇਵ ਸੰਤ ਮਹਾਂਪੁਰਖਾਂ ਦੀ ਇਤਨੀ ਉਪਮਾ ਕਰਦੇ ਹਨ, ਪਰਮੇਸ਼ਰ ਕਰੇ ਛੇਤੀ ਦੀਦਾਰ ਹੋਣ ਅਜਿਹੇ ਅਗੰਮੀ ਮਹਾਂਪੁਰਖ ਦੇ।

ਇਸ ਪ੍ਰਕਾਰ ਸੰਤ ਗੋਪਾਲ ਸਿੰਘ ਜੀ ਦਾ ਉੱਚ ਜੀਵਨ ਸਖ਼ਤ ਘਾਲਣਾ ਅਤੇ ਗੁਰਬਾਣੀ ਦਾ ਪਿਆਰ ਸਤਿਕਾਰ ਅਤੇ ਉਸਦੀ ਵਿਚਾਰ ਦਾ ਸੰਗਤਾਂ ਦੇ ਮਨਾਂ ਤੇ ਗਹਿਰਾ ਅਸਰ ਪੈ ਗਿਆ। ਮਹੀਨੇ ਤੋਂ ਜ਼ਿਆਦਾ ਸਮਾਂ ਹੋ ਗਿਆ, ਜਪੁਜੀ ਸਾਹਿਬ ਦੀ ਕਥਾ ਹੁੰਦੀ ਨੂੰ ਲੇਕਿਨ ਦੋ ਤਿੰਨ ਪਉੜੀਆਂ ਦੀ ਕਥਾ ਅਜੇ ਬਾਕੀ ਸੀ, ਜਦੋਂ ਇੱਕ ਦਿਨ ਇਕ ਸਹਿਜਧਾਰੀ ਪ੍ਰੇਮੀ ਨੇ ਆ ਕੇ ਦੱਸਿਆ ਕਿ ਸੰਤ ਮਹਾਰਾਜ ਨਿੱਕਾ ਸਿੰਘ ਜੀ ਵਿਰੱਕਤ ਅੱਜ ਰੇਲ ਵਿੱਚ ਲੁਧਿਆਣਾ ਵੱਲ ਨੂੰ ਗਏ ਹਨ। ਪ੍ਰੇਮੀ ਨੇ ਦੱਸਿਆ ਕਿ ਉਸੇ ਗੱਡੀ ਵਿਚ ਮੈਂ ਸਫਰ ਕਰ ਰਿਹਾ ਸੀ, ਮੈਨੂੰ ਦਰਸ਼ਨ ਕਰਦੇ ਹੀ ਮਨ ਵਿੱਚ ਆਇਆ ਕਿ ਇਹ ਉਹੀ ਮਹਾਂਪੁਰਖ ਨਾ ਹੋਣ ਜਿੰਨ੍ਹਾਂ ਬਾਰੇ ਬਾਬਾ ਜੀ ਅਕਸਰ ਜ਼ਿਕਰ ਕਰਦੇ ਰਹਿੰਦੇ ਹਨ। ਨਾਲ ਸਫ਼ਰ ਕਰ ਰਹੇ ਪ੍ਰੇਮੀ ਨੇ ਮੇਰੇ ਪੁੱਛਣ ਤੇ ਦੱਸਿਆ ਕਿ ਇਹ ਮਹਾਰਾਜ ਨਿੱਕਾ ਸਿੰਘ ਜੀ ਵਿਰੱਕਤ ਹਨ, ਮੈਂ ਇਨ੍ਹਾਂ ਨੂੰ ਆਪਣੇ ਪਿੰਡ ਖਟਕੜ ਕਲਾਂ ਲੈ ਕੇ ਚਲਿਆ ਹਾਂ, ਪੂਰਨ ਸਿੰਘ ਮੇਰਾ ਨਾਮ ਹੈ। ਸੰਤ ਗੋਪਾਲ ਸਿੰਘ ਜੀ ਦੇ ਸੁਣਦਿਆਂ ਹੀ ਚਿਹਰੇ ਤੇ ਉਦਾਸੀ ਛਾ ਗਈ, ਨਿਰਾਸਤਾ ਵਿੱਚ ਬੋਲੇ, ਓ! ਹੋ! ਰੱਬ ਕੋਲ ਦੀ ਲੰਘ ਗਿਆ? ਖੈਰ ਸਭ ਸੰਗਤ ਨੂੰ ਦੱਸ ਕੇ ਬਚਨ ਕੀਤਾ ਕਿ ਗੁਰੂ ਮਹਾਰਾਜ ਦੇ ਅੱਗੇ ਅਰਦਾਸ ਕਰਕੇ ਕਥਾ ਸ਼ੁਰੂ ਕੀਤੀ ਸੀ ਜਪੁਜੀ ਸਾਹਿਬ ਦੀ, ਇਸ ਲਈ ਇਹ ਤਾਂ ਹੁਣ ਪੂਰੀ ਕਰਨੀ ਹੈ, ਜੋ ਕਿ ਦੋ ਦਿਨਾਂ ਵਿੱਚ ਸੰਪੂਰਨ ਹੋ ਜਾਵੇਗੀ, ਉਸ ਤੋਂ ਬਾਅਦ ਅਸੀਂ ਮਹਾਰਾਜ ਜੀ ਦੀ ਪਿੱਛੇ ਜਾ ਕੇ ਭਾਲ ਕਰਾਂਗੇ। ਸੰਗਤ ਨੇ ਅਰਜ਼ ਕੀਤੀ, ਅਸੀਂ ਵੀ ਨਾਲ ਚੱਲ ਕੇ ਮਹਾਰਾਜ ਜੀ ਦੇ ਚਰਨਾਂ ਵਿੱਚ ਅਰਜ਼ ਕਰ ਲੈਂਦੇ ਹਾਂ ਜੇ ਇਥੇ ਦਰਸ਼ਨ ਦੇ ਦੇਣ। ਸੰਤ ਬੋਲੇ, ਬਹੁਤ ਹੀ ਚੰਗਾ ਹੈ। ਦੋ ਦਿਨਾਂ ਵਿੱਚ ਕਥਾ ਸੰਪੂਰਨ ਕਰਕੇ ਧਰਮ ਸਿੰਘ ਅਤੇ ਤੇਜਾ ਸਿੰਘ ਆਦਿਕ ਬੰਦੇ ਨਾਲ ਲੈ ਕੇ ਖਟਕੜਕਲਾਂ ਪਹੁੰਚੇ, ਇਹ ਪਿੰਡ ਜਲੰਧਰ ਸ਼ਹਿਰ ਦੇ ਨੇੜੇ ਪੈਂਦਾ ਹੈ। ਉਥੇ ਪਹੁੰਚਕੇ ਜਦੋਂ ਪਤਾ ਕੀਤਾ ਤਾਂ ਮਹਾਰਾਜ ਇਥੋਂ ਅਗਲੇਰੇ ਪਿੰਡ ਪਹੁੰਚ ਗਏ ਸਨ। ਪਤਾ ਕਰਦੇ ਹੀ ਉਥੇ ਪਹੁੰਚੇ ਤਾਂ ਪਤਾ ਲੱਗਿਆ ਮਹਾਰਾਜ ਤਾਂ ਫਲਾਣੇ ਦੇ ਖੂਹ ਤੇ ਰੁਕੇ ਹੋਏ ਹਨ। ਖੂਹ ਤੇ ਪਹੁੰਚ ਕੇ ਜਦੋਂ ਹਜ਼ੂਰ ਦੇ ਦਰਸ਼ਨ ਕੀਤੇ, ਮਨ ਗਦ-ਗਦ ਹੋ ਗਏ, ਅੱਗੋਂ ਮਹਾਰਾਜ ਜੀ ਨੇ ਵੀ ਖੇਮਕੁਸ਼ਲ ਪੁੱਛੀ। ਫਿਰ ਅਰਜ਼ ਕੀਤੀ, ਮਹਾਰਾਜ ਇਹ ਪ੍ਰੇਮੀ ਦੁਰਾਹੇ ਤੋਂ ਆਏ ਹਨ ਆਪ ਦੇ ਚਰਨਾਂ ਵਿੱਚ ਬੇਨਤੀ ਕਰਨ ਲਈ ਕਿ ਆਪ ਦੁਰਾਹੇ ਦਰਸ਼ਨ ਬਖਸ਼ਿਸ਼ ਕਰੋ। ਦੁਰਾਹੇ ਤੋਂ ਚੱਲਣ ਸਮੇਂ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਦੋ ਪਰਚੀਆਂ ਪਾ ਕੇ ਆਗਿਆ ਲਈ ਸੀ ਕਿ ਹਜ਼ੂਰ ਨੂੰ ਦੁਰਾਹੇ ਲਿਆਉਣ ਲਈ ਬੇਨਤੀ ਕਰੀਏ ਕਿ ਨਾ, ਤਾਂ ਸੱਚੀ ਦਰਗਾਹੋਂ ਪਰਚੀ ਦੁਆਰਾ ਹੁਕਮ ਹੋ ਗਿਆ ਸੀ ਆਪ ਜੀਆਂ ਨੂੰ ਦੁਰਾਹੇ ਲੈ ਕੇ ਜਾਣ ਲਈ ਅਰਜ਼ ਕਰਨ ਦਾ। ਇਸ ਲਈ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਆਗਿਆ ਲੈ ਕੇ ਹੀ ਆਪ ਜੀ ਦੇ ਪਵਿੱਤਰ ਚਰਨਾਂ ਵਿੱਚ ਪਹੁੰਚੇ ਹਾਂ, ਅਰਜ਼ ਪ੍ਰਵਾਨ ਕਰੋ। ਪੂਜਯ ਵਿਰੱਕਤ ਮਹਾਰਾਜ ਜੀ ਮੁਸਕਰਾ ਕੇ ਬੋਲੇ, ਸਾਡਾ ਤਾਂ ਵਿਚਾਰ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਜਾਣ ਦਾ ਸੀ ਲੇਕਿਨ ਹੁਣ ਜਿਵੇਂ ਈਸ਼ੂਰ ਦੀ ਮੌਜ, ਤੁਸੀਂ ਫੈਸਲਾ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਕਰਵਾ ਲਿਆ, ਪਰੰਤੂ ਅੱਗੇ ਨੂੰ ਐਸਾ ਨਾ ਕਰਨਾ।

ਦੂਸਰੇ ਦਿਨ ਗੱਡੀ ਫੜਕੇ ਦੁਰਾਹੇ ਪਹੁੰਚ ਗਏ। ਆਪ ਜੀ ਦੇ ਅਲੌਕਿਕ ਮਹਿਮਾ ਤਾਂ ਸੰਗਤਾਂ ਇੱਕ ਮਹੀਨਾ ਪਹਿਲਾਂ ਤੋਂ ਸੁਣ ਹੀ ਰਹੀਆਂ ਸਨ ਇਸ ਲਈ ਜਿਵੇਂ-ਜਿਵੇਂ ਪਤਾ ਲੱਗਦਾ ਗਿਆ, ਸੰਗਤਾਂ ਗੁਰਦੁਆਰਾ ਸ੍ਰੀ ਸਿੰਘ ਸਭਾ ਪਹੁੰਚਦੀਆਂ ਗਈਆਂ, ਇਉਂ ਕਾਫੀ ਸੰਗਤਾਂ ਨੇ ਦਰਸ਼ਨ ਪਰਸ਼ਨ ਕੀਤੇ। ਕੁਝ ਦੇਰ ਇੱਥੇ ਰੁਕਣ ਤੋਂ ਬਾਅਦ ਮਹਾਰਾਜ ਜੀ ਨੇ ਹੁਕਮ ਕੀਤਾ, ਅਸੀਂ ਠਹਿਰਾਂਗੇ ਤਾਂ ਸ਼ਹਿਰ ਤੋਂ ਬਾਹਰ ਕਿਸੇ ਖੂਹ ਤੇ।

ਸ਼ਹਿਰ ਦੇ ਚੜਦੇ ਪਾਸੇ ਇੱਕ ਪਿੰਡ ਵੱਸਦਾ ਹੈ ਅੜ੍ਹੈਚਾਂ, ਉਥੇ ਮਹੰਤਾਂ ਦੇ ਖ਼ੂਹ ਤੇ ਸੰਗਤ ਨੇ ਰਹਿਣ ਦਾ ਇੰਤਜ਼ਾਮ ਕਰ ਦਿੱਤਾ। ਸ਼ਹਿਰ ਦੀ ਸੰਗਤ ਸਾਰੀ ਰਲੀ ਮਿਲੀ, ਯਾਨੀ ਹਿੰਦੂ ਸਿੱਖ ਆਦਿਕ ਸਭ ਫਿਰਕਿਆਂ ਦੇ ਲੋਕ ਸਨ ਜੋ ਦਰਸ਼ਨਾਂ ਦਾ ਲਾਭ ਉਠਾ ਰਹੇ ਸਨ। ਇਕ ਦਿਨ ਸੰਗਤ ਨੇ ਅਰਜ਼ ਕੀਤੀ, ਮਹਾਰਾਜ ਸ਼ਹਿਰ ਵਿੱਚ ਕਿਸੇ ਐਸੇ ਥਾਂ ਕਥਾ ਕਰਨ ਦਾ ਸਮਾਂ ਨੀਯਤ ਕੀਤਾ ਜਾਵੇ ਜਿਥੇ ਸਭ ਸੰਗਤਾਂ ਮਾਈ ਭਾਈ ਮਿਲਕੇ ਕਥਾ ਦਾ ਲਾਭ ਉਠਾ ਸਕਣ। ਹਜ਼ੂਰ ਨੇ ਪ੍ਰਵਾਨਗੀ ਦੇ ਦਿੱਤੀ ਕਿ ਜਿਸ ਥਾਂ ਸ਼ਹਿਰ ਨਿਵਾਸੀ ਸੰਗਤਾਂ ਨੂੰ ਇਕੱਠੇ ਹੋਣ ਵਿੱਚ ਸਹੂਲਤ ਹੈ ਉਸ ਥਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਲਉ, ਅਸੀਂ ਵੀ ਆ ਜਾਵਾਂਗੇ। ਸੰਗਤਾਂ ਨੇ ਆਗਿਆ ਪਾ ਕੇ ਟੰਡਨ ਮਿੱਲ ਵਿੱਚ ਸਾਰਾ ਇੰਤਜ਼ਾਮ ਕਰ ਲਿਆ, ਜਿਸ ਵਿੱਚ ਹਜ਼ੂਰ ਨੇ ਦੋ ਦਿਨ ਕਥਾ ਕੀਤੀ। ਇਸ ਕਥਾ ਸਮਾਗਮ ਵਿੱਚ ਹਿੰਦੂ ਭਰਾਵਾਂ ਦੀ ਗਿਣਤੀ ਦੂਜੇ ਫਿਰਕੇ ਸਿੱਖ ਆਦਿਕ ਸੰਗਤਾਂ ਤੋਂ ਕਿਤੇ ਜ਼ਿਆਦਾ ਸੀ। ਹਜ਼ੂਰ ਨੇ ਉਪਦੇਸ਼ ਕੀਤਾ, ਜਿਨ੍ਹਾਂ ਪੱਥਰਾਂ ਨੂੰ ਤੁਸੀਂ ਮੱਥੇ ਟੇਕਦੇ ਹੋ, ਉਨ੍ਹਾਂ ਤੋਂ ਕੁਝ ਪ੍ਰਾਪਤ ਹੋਣ ਵਾਲਾ ਨਹੀਂ ਹੈ, ਕਿਉਂਕਿ ਉਹ ਜੜ੍ਹ ਹੋਣ ਵਜ੍ਹਾ ਕਰਕੇ ਤੁਹਾਡੇ ਸੰਸੇ ਨਵਿਰਤ ਨਹੀਂ ਕਰ ਸਕਦੇ। ਪਰਮੇਸ਼ਰ ਨੇ ਦੁਆਪਰ ਯੁੱਗ ਵਿੱਚ ਅਵਤਾਰ ਧਾਰਨ ਕਰ ਕੇ ਜੀਵਾਂ ਦੇ ਭਲੇ ਲਈ ਗੀਤਾਂ ਦਾ ਮਹਾਨ ਉਪਦੇਸ਼ ਉਚਾਰਨ ਕੀਤਾ, ਉਸਨੂੰ ਪੜ੍ਹੋ, ਵਿਚਾਰੋ, ਫਿਰ ਅਮਲ ਵਿੱਚ ਲਿਆਉ, ਐਸਾ ਕਰਨ ਨਾਲ ਜਨਮ ਸਫਲਾ ਕਰ ਸਕਦੇ ਹੋ। ਪਰਮੇਸ਼ਰ ਨੇ ਹੋਰ ਮਿਹਰ ਕੀਤੀ, ਕਲਯੁਗੀ ਜੀਵਾਂ ਦੀ ਮਨ-ਬੁੱਧੀ ਛੋਟੀ ਅਤੇ ਕਮਜ਼ੋਰ ਜਾਣ ਕੇ ਸੰਸਕ੍ਰਿਤ ਨੂੰ ਸਮਝਣ ਤੋਂ ਅਸਮਰਥ ਜਾਣ ਕੇ ਗੁਰੂ ਨਾਨਕ ਦਾ ਰੂਪ ਧਾਰਣ ਕਰਕੇ ਸੌਖੀ ਅਤੇ ਸਮੇਂ ਦੇ ਮੁਤਾਬਿਕ ਗੁਰਬਾਣੀ ਉਚਾਰਨ ਕੀਤੀ, ਤਾਂ ਕਿ ਸਭ ਲੋਕ ਲਾਭ ਉਠਾ ਸਕਣ, ਲੇਕਿਨ ਤੁਸੀਂ ਇਸ ਨੂੰ ਕੇਵਲ ਸਿੱਖਾਂ ਦੀ ਜਾਣ ਕੇ ਨੇੜੇ ਨਹੀਂ ਗਏ, ਇਸ ਲਈ ਗਿਆਨ ਦੇ ਮਹਾਨ ਸਮੁੰਦਰ ਜੋ ਗੁਣਾਂ ਦਾ ਅਥਾਹ ਭੰਡਾਰ ਹੈ ਉਸ ਤੋਂ ਵਾਂਝੇ ਰਹਿ ਗਏ। ਪਰਮੇਸ਼ਰ ਨੇ ਬਾਣੀ ਜਾਂ ਗੀਤਾ, ਕਿਸੇ ਇੱਕ ਫਿਰਕੇ ਲਈ ਉਚਾਰਨ ਨਹੀਂ ਕੀਤੀ, ਸਗੋਂ ਉਪਦੇਸ਼ ਚਹੁਵਰਨਾਂ ਕਉ ਸਾਂਝਾ ਹੈ, ਇਸ ਲਈ ਕੱਟੜਪਣੇ ਤੋਂ ਉਪਰ ਉੱਠਕੇ ਮਨੁੱਖ ਜਨਮ ਦੀ ਸਫਲਤਾ ਬਾਰੇ ਸੋਚੋ, ਨਾ ਕਿ ਮਜ਼ਹਬੀ ਦਾਇਰਿਆਂ ਦੇ ਚਿੱਕੜ ਵਿੱਚ ਫਸਕੇ ਜਨਮ ਬਰਬਾਦ ਕਰੋ। ਸਾਡਾ ਤਾਂ ਮਨ ਕਰਦਾ ਹੈ ਚੌਵੀ ਘੰਟੇ ਸਾਡੇ ਕੰਨਾਂ ਵਿਚ ਗੁਰਬਾਣੀ ਸੁਣਾਈ ਦਿੰਦੀ ਰਹੇ ਲੇਕਿਨ ਤੁਸੀਂ ਇਸ ਨੂੰ ਸਿੱਖਾਂ ਦੀ ਸਮਝਕੇ ਦੂਰ ਰਹੇ ਹੋਂ, ਦੂਰ ਕੀ ਰਹੇ ਮਾਨੋਂ ਜਨਮ ਮਰਨ ਤੋਂ ਰਹਿਤ ਕਰਨ ਵਾਲੇ ਅੰਮ੍ਰਿਤ ਤੋਂ ਵਾਂਝੇ ਰਹਿ ਗਏ। ਕਥਾ ਸੁਣਕੇ ਉਸ ਦਿਨ ਤੋਂ ਬਾਅਦ ਕਾਫੀ ਹਿੰਦੂ ਪਰਿਵਾਰਾਂ ਵਿੱਚ ਬਾਣੀ ਪੜ੍ਹਨ ਦਾ ਪ੍ਰੇਮ ਪੈਦਾ ਹੋਇਆ, ਜੋ ਅੱਜ ਤੱਕ ਪੜ੍ਹ ਰਹੇ ਹਨ।

ਫਿਰ ਸੰਗਤ ਨੇ ਮਿਲਕੇ ਗੁਰਦਵਾਰਾ ਸਿੰਘ ਸਭਾ ਵਿੱਚ ਕੁਝ ਦਿਨ ਕਥਾ ਕਰਨ ਲਈ ਅਰਜ਼ ਕੀਤੀ, ਜੋ ਆਪ ਨੇ ਪ੍ਰਵਾਨ ਕਰਕੇ ਕਈ ਦਿਨ ਗੁਰਦਵਾਰਾ ਸਾਹਿਬ ਵਿੱਚ ਗੁਰਬਾਣੀ ਦੁਆਰਾ ਪ੍ਰਮਾਰਥ ਦੇ ਗੂਹੜ ਭਾਵਾਂ ਨੂੰ ਖੋਲ੍ਹ ਕੇ ਅੰਮ੍ਰਿਤ ਵਰਸ਼ਾ ਕੀਤੀ। ਇਨ੍ਹਾਂ ਦਿਨਾਂ ਵਿੱਚ ਹੀ ਇੱਕ ਦਿਨ *ਕਨੇਚ ਪਿੰਡ* ਦੀ ਕੁਝ ਸੰਗਤ ਨੇ ਆਪਣੇ ਪਿੰਡ ਦੇ ਗੁਰਦਵਾਰਾ ਸਾਹਿਬ ਵਿੱਚ ਕਥਾ ਕਰਨ ਲਈ ਅਰਜ਼ ਕੀਤੀ। ਇਸ ਪਿੰਡ ਕਿਸੇ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਮੁਬਾਰਕ ਚਰਨ ਪਏ ਸਨ, ਉਨ੍ਹਾਂ ਦੀ ਪਵਿੱਤਰ ਯਾਦ ਵਿੱਚ ਇੱਕ ਸੁੰਦਰ ਗੁਰੂ ਅਸਥਾਨ ਸੁਸ਼ੋਭਿਤ ਹੈ। ਹਜ਼ੂਰ ਬੋਲੇ, ਗੁਰੂਆਂ ਦਾ ਯਾਦਗਾਰੀ ਇਤਿਹਾਸਕ ਅਸਥਾਨ ਹੈ ਇਸ ਲਈ ਉਥੇ ਇਤਿਹਾਸਕ ਦਿਨ ਤੇ ਹੀ ਦਰਸ਼ਨ ਕਰਾਂਗੇ। ਇੱਕ ਦੋ ਦਿਨਾਂ ਬਾਅਦ ਸ੍ਰੀ ਗੁਰੂ ਅਮਰਦਾਸ ਮਹਾਰਾਜ ਦੇ ਜੋਤੀ-ਜੋਤ ਸਮਾਉਣ ਦਾ ਪੁਰਬ ਸੀ, ਉਸ ਦਿਨ ਉਥੇ ਕਥਾ ਕਰਨ ਦਾ ਬਚਨ ਦੇ ਦਿੱਤਾ। ਨੀਯਤ ਸਮੇਂ ਤੇ ਧਰਮ ਸਿੰਘ ਆਪਣੇ ਟਰੱਕ ਵਿੱਚ ਆ ਕੇ ਲੈ ਗਿਆ, ਹਜ਼ੂਰ ਨੇ ਕਲਗੀਧਰ ਮਹਾਰਾਜ ਜੀਆਂ ਦੀ ਪਵਿੱਤਰ ਯਾਦ ਵਿੱਚ ਸੁਸ਼ੋਭਿਤ ਗੁਰਅਸਥਾਨ ਤੇ ਗੁਰਬਾਣੀ ਅਤੇ ਗੁਰੂ ਇਤਿਹਾਸ ਦੁਆਰਾ ਭਰਪੂਰ ਵਿਆਖਿਆ ਕੀਤੀ। ਇਸ ਸ਼ੁੱਭ ਸਮਾਗਮ ਤੇ ਸੰਗਤ ਵੀ ਕਾਫੀ ਜੁੜੀ ਹੋਈ ਸੀ। ਕਥਾ ਦੀ ਸਮਾਪਤੀ ਤੋਂ ਬਾਅਦ ਕੁਝ ਪ੍ਰੇਮੀਆਂ ਨੇ ਆਪਣੇ-ਆਪਣੇ ਘਰਾਂ ਵਿੱਚ ਚਰਨ ਪਵਾਉਣ ਲਈ ਅਰਜ਼ਾਂ ਕੀਤੀਆਂ, ਜੋ ਆਪ ਨੇ ਪ੍ਰਵਾਨ ਕਰਕੇ ਕਾਫੀ ਘਰਾਂ ਵਿੱਚ ਜਾ ਕੇ ਸਤਿ ਉਪਦੇਸ਼ ਕੀਤਾ। ਜਦੋਂ ਧਰਮ ਸਿੰਘ ਦੇ ਘਰ ਗਏ, ਉਸਨੇ ਅਰਜ਼ ਕੀਤੀ, ਮਹਾਰਾਜ! ਇਹ ਮੇਰੇ ਘਰੋਂ ਕਾਫੀ ਸਾਲਾਂ ਤੋਂ ਬਿਮਾਰ ਰਹਿੰਦੀ ਹੈ, ਇਸ ਤੇ ਕੁਝ ਮਿਹਰ ਕਰੋ! ਹਜ਼ੂਰ ਬੋਲੇ, ਐਹ ਗੋਪਾਲ ਸਿਉਂ ਕਈ ਦਵਾਈਆਂ ਚੰਗੀਆਂ ਜਾਣਦਾ ਹੈ। ਇਸ ਤੋਂ ਕੋਈ ਦਵਾਈ ਦਿਵਾ ਦਿਉ। ਸੰਤ ਗੋਪਾਲ ਸਿੰਘ ਜੀ ਤੁਰੰਤ ਹੀ ਬੋਲੇ,

ਧਰਮ ਸਿਆਂ! ਬੀਬੀ ਤਾਂ ਸਮਝੋ ਠੀਕ ਹੋ ਗਈ, ਕਿਉਂਕਿ ਅਸਲ ਦਵਾਈ ਤਾਂ ਮਹਾਰਾਜ ਜੀ ਨੇ ਦੇ ਦਿੱਤੀ, ਬਾਕੀ ਤਾਂ ਹੁਣ ਦਵਾਈ ਦਾ ਬਹਾਨਾ ਰਹਿ ਗਿਆ, ਉਹ ਦੋ ਗੋਲੀਆਂ ਦੇ ਕੇ ਪੂਰਾ ਕਰ ਦਿੰਦੇ ਹਾਂ।*

ਹਜ਼ੂਰ ਰਾਤ ਠਹਿਰਣ ਲਈ ਬਾਹਰ ਕਿਸੇ ਖੂਹ ਤੇ ਚਲੇ ਗਏ। ਸਵੇਰੇ ਆਪ ਨੇ ਧਰਮ ਸਿੰਘ ਨੂੰ ਕਿਹਾ ਕਿ ਇਸ ਰਸਤੇ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਅਨੰਦਪੁਰ ਸਾਹਿਬ ਤੋਂ ਚੱਲਕੇ ਗਏ ਸਨ ਮਾਲਵੇ ਦੇਸ਼ ਨੂੰ ਸਾਬੋ ਕੀ ਤਲਵੰਡੀ ਵੱਲ। ਇਸ ਲਈ ਸਾਡਾ ਵੀ ਵਿਚਾਰ ਹੈ ਕਿ ਇਥੋਂ ਇਸੇ ਰਸਤੇ ਚੱਲਕੇ ਅਨੰਦਪੁਰ ਸਾਹਿਬ ਵੱਲ ਦੇ ਮਾਛੀਵਾੜਾ, ਝਾੜ ਸਾਹਿਬ ਆਦਿਕ ਪਵਿੱਤਰ ਅਸਥਾਨਾਂ ਦੇ ਦਰਸ਼ਨ ਕਰੀਏ। ਧਰਮ ਸਿੰਘ ਕਹਿਣ ਲੱਗਿਆ, ਮੇਰਾ ਟਰੱਕ ਲੈ ਚੱਲਦੇ ਹਾਂ, ਇਸ ਵਿੱਚ ਚੱਲੋ! ਹਜ਼ੂਰ ਬੋਲੇ, ਸਾਡੀ ਕਿਹੜਾ ਕਿਸੇ ਨੂੰ ਤਾਰੀਕ ਦਿੱਤੀ ਹੋਈ ਹੈ ਕਿ ਜਲਦੀ ਪਹੁੰਚਣਾ ਹੈ, ਸਹਿਜੇ-ਸਹਿਜੇ ਪੈਦਲ ਹੀ ਵਿਚਰਾਂਗੇ। ਧਰਮ ਸਿੰਘ ਨੇ ਅਰਜ਼ ਕੀਤੀ, ਮਹਾਰਾਜ! ਦੁਰਾਹੇ ਤਾਂ ਮੇਰਾ ਟਰੱਕ ਜਾਣਾ ਹੀ ਹੈ ਇਸ ਲਈ ਰੇਰੂ ਸਾਹਿਬ ਤੱਕ ਤਾਂ ਇਸ ਵਿੱਚ ਚੱਲੋ। ਬੇਨਤੀ ਪ੍ਰਵਾਨ ਕਰਕੇ ਹਜ਼ੂਰ ਰੇਰੂ ਸਾਹਿਬ ਤੱਕ ਤਾਂ ਟਰੱਕ ਵਿਚ ਆਏ, ਇਥੋਂ ਧਰਮ ਸਿੰਘ ਆਦਿ ਪ੍ਰੇਮੀਆਂ ਨੂੰ ਵਾਪਸ ਭੇਜ ਦਿੱਤਾ ਆਪ ਮਾਛੀਵਾੜੇ ਦੇ ਅਤਿ ਭਾਗਸ਼ਾਲੀ ਜੰਗਲਾਂ ਅਤੇ ਉਨ੍ਹਾਂ ਖੁਸ਼ਨਸੀਬ ਟਿਕਾਣਿਆਂ ਦੇ ਰਾਹ ਪੈ ਗਏ ਜਿੰਨ੍ਹਾਂ ਨੂੰ ਕਦੇ ਪ੍ਰਾਪਤ ਹੋਈ ਸੀ ਪਵਿੱਤਰ ਚਰਨ ਧੂੜੀ ਦਸਮੇਸ਼ ਪਿਤਾ ਦੇ ਮੁਬਾਰਕ ਚਰਨਾਂ ਦੀ।

## ਬਾਬਾ ਬੇਅੰਤ ਸਿੰਘ ਜੀ ਦਾ ਗੁਰਪੁਰੀ ਪਿਆਨਾ

ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ॥
ਸਚੀ ਦਰਗਹ ਜਾਇ ਸਚਾ ਪਿੜੁ ਮਲਿਆ॥
ਗੁਰਮੁਖਿ ਭੋਜਨੁ ਭਾਉ ਚਾਉ ਅਲਲਿਆ॥
ਗੁਰਮੁਖਿ ਨਿਹਚਲ ਚਿਤੁ ਨ ਹਲੈ ਹਲਿਆ॥
ਗੁਰਮੁਖਿ ਸਚੁ ਅਲਾਉ ਭਲੀ ਹੂੰ ਭਲਿਆ॥
ਗੁਰਮੁਖਿ ਸਦੇ ਜਾਨਿ ਆਵਨਿ ਘਲਿਆ॥

*(ਵਾਰ 19 ਪਉੜੀ 14) (ਭਾਈ ਗੁਰਦਾਸ)*

ਜ਼ਿਕਰ 1958 ਦੇ ਹਾੜ ਮਹੀਨੇ ਦਾ ਹੈ ਜਦੋਂ ਬਾਬਾ ਬੇਅੰਤ ਸਿੰਘ ਜੀ ਪਿੰਡ ਬੂਹੇ ਰੁਕੇ ਹੋਏ ਸਨ। ਉਨ੍ਹਾਂ ਦਿਨਾਂ ਵਿੱਚ ਸਰੀਰ ਤੇ ਜ਼ਰਾ ਰੋਗ ਨੇ ਪੂਰਨ ਤੌਰ ਤੇ ਆਪਣਾ ਨਿਯੰਤਰਣ ਜਮਾ ਲਿਆ ਸੀ, ਲੇਕਿਨ ਫਿਰ ਵੀ ਆਪ ਅਲੇਪ, ਅਸੰਗ, ਹਮੇਸ਼ਾਂ ਇਕ ਰਸ ਰਹਿਣ ਵਾਲੀ ਆਤਮ ਸੱਤਾ ਵਿੱਚ ਸਥਿਤ ਹੋਏ, **ਗੁਰਮੁਖਿ ਬੁਢੇ ਕਦੇ ਨਾਹੀ,** ਵਾਲੀ ਅਵਸਥਾ ਵਿੱਚ ਵਿਚਰਦੇ ਪਰਉਪਕਾਰੀ ਕਾਰਜਾਂ ਵਿੱਚ ਸਮਾਂ ਬਤੀਤ ਕਰ ਰਹੇ ਸਨ।

ਇਕ ਦਿਨ ਖੋਖ ਪਿੰਡ ਦੇ ਤਿੰਨ ਪ੍ਰੇਮੀ, ਗੁਰਨਾਮ ਸਿੰਘ, ਗੰਡਾ ਸਿੰਘ ਅਤੇ ਦਲੀਪ ਸਿੰਘ ਬੂਹੇ ਪਹੁੰਚੇ। ਇੱਕ-ਦੋ ਦਿਨ ਚਰਨਾਂ ਵਿੱਚ ਰਹਿ ਕੇ ਅਰਜ਼ ਕੀਤੀ, ਬਾਬਾ ਜੀ ਖੋਖ ਚੱਲੋ! ਪ੍ਰੇਮੀਆਂ ਦੀ ਬੇਨਤੀ ਸੁਣਕੇ ਬਾਬਾ ਜੀ ਬਿਲਕੁੱਲ ਚੁੱਪ ਹੋ ਗਏ, ਧਿਆਨ ਨਾਲ ਤੱਕਿਆ ਕੁਝ ਇਉਂ ਪ੍ਰਤੀਤ ਦੇ ਰਹੇ ਹਨ ਜਿਵੇਂ ਭਵਿੱਖ ਦਾ ਨਕਸ਼ਾ ਪੜ੍ਹ ਰਹੇ ਹੋਣ। ਥੋੜੀ ਦੇਰ ਬਾਅਦ ਬੋਲੇ ਠੀਕ ਹੈ, ਚੱਲਦੇ ਹਾਂ। ਬੂਹੇ ਤੋਂ ਪੈਦਲ ਚੱਲ ਪਏ ਕਿਉਂਕਿ ਆਪ ਕਿਸੇ ਸਵਾਰੀ ਵਿੱਚ ਤਾਂ ਬੈਠਦੇ ਨਹੀਂ ਸਨ।

(ਇਕ ਦਫਾ ਪਹਿਲਾਂ ਲੋਹ ਸਿੰਬਲੀ ਪਿੰਡ ਤੋਂ ਖੋਖ ਵਾਲੀ ਸੰਗਤ ਲੈਣ ਆਈ ਉਸ ਸਮੇਂ ਆਪ ਦਾ ਸਵੱਸਥ ਠੀਕ ਨਹੀਂ ਸੀ, ਇਸ ਲਈ ਸੰਗਤ ਨੇ ਅਰਜ਼ ਕੀਤੀ ਬਾਬਾ ਜੀ! ਅੰਬਾਲੇ ਤੋਂ ਰੇਲ ਰਾਹੀਂ ਨਾਭੇ ਪਹੁੰਚ ਜਾਈਏ, ਕਿਉਂਕਿ ਆਪ ਦਾ ਸਰੀਰ ਠੀਕ ਨਹੀਂ ਹੈ, ਇਸ ਲਈ ਪੈਦਲ ਚਲਣਾ ਮੁਸ਼ਕਿਲ ਹੋਏਗਾ। ਆਪ ਬੋਲੇ, ਭਾਈ! ਸਾਡੀ ਪ੍ਰਾਰਬਧ ਵਿੱਚ ਕਿਸੇ ਸਵਾਰੀ ਰਾਹੀਂ ਸਫਰ ਕਰਨਾ ਲਿਖਿਆ ਹੀ ਨਹੀਂ। ਜਦ ਸੰਗਤ ਨੇ ਜ਼ਿਆਦਾ ਬੇਨਤੀਆਂ ਕੀਤੀਆਂ, ਤਾਂ ਆਪ ਬੋਲੇ, ਅਗਰ ਤੁਹਾਨੂੰ ਸਾਡੇ ਬਚਨ ਤੇ ਵਿਸ਼ਵਾਸ਼ ਨਹੀਂ ਹੈ, ਤਾਂ ਗੁਰੂ ਗ੍ਰੰਥ ਸਾਹਿਬ ਦੇ ਤਾਬੇ ਪਰਚੀਆਂ ਪਾ ਲਉ।

---

* *ਦਵਾਈ ਖਾ ਕੇ ਬੀਬੀ ਠੀਕ ਹੋ ਗਈ ਅਤੇ ਸਾਰੀ ਜ਼ਿੰਦਗੀ ਬਿਲਕੁਲ ਤੰਦਰੁਸਤੀ ਵਿਚ ਗੁਜ਼ਾਰੀ।*

ਅਗਰ ਪਰਚੀ ਗੱਡੀ ਵਾਲੀ ਨਿਕਲ ਆਈ, ਤਾਂ ਚੜ੍ਹ ਚਲਾਂਗੇ। ਪਰਚੀਆਂ ਪਾ ਕੇ ਅਰਦਾਸ ਕੀਤੀ, ਜਦੋਂ ਚੁੱਕੀ ਤਾਂ ਪੈਦਲ ਵਾਲੀ ਨਿਕਲੀ।) ਇਸੇ ਤਰ੍ਹਾਂ ਹੀ ਅੱਜ ਬੂਹੇ ਤੋਂ ਖੋਖ ਨਗਰ ਦੇ ਤਿੰਨ ਪ੍ਰੇਮੀਆਂ ਨਾਲ ਚੱਲ ਪਏ, ਉਸ ਟਿਕਾਣੇ ਨੂੰ ਜਿਥੇ ਪਹੁੰਚਕੇ ਸਰੀਰ ਦਾ ਅਸਥੂਲ ਸੂਖਸ਼ਮ ਸਭ ਵਿਵਹਾਰ ਵਾਪਾਰ ਸੰਕੋਚ ਦੇਣਾ ਹੈ। ਤੇਜ਼ ਗਰਮੀ ਦਾ ਮੌਸਮ ਹੋਣ ਕਰਕੇ ਸੜਕ ਦੀ ਲੁੱਕ ਪੰਘਰੀ ਹੋਈ ਹੈ ਅਤੇ ਚਰਨਾਂ ਵਿੱਚ ਕਦੇ ਜੁੱਤਾ ਆਪ ਨੇ ਪਾਇਆ ਹੀ ਨਹੀਂ, ਇਸ ਲਈ ਪੰਘਰੀ ਹੋਈ ਲੁੱਕ ਨੇ ਚਰਨਾਂ ਦੇ ਹੇਠ ਛਾਲੇ ਕਰ ਦਿੱਤੇ। ਥੋੜ੍ਹੀ ਦੂਰ ਜਾ ਕੇ ਪੈਰ ਬਿਲਕੁੱਲ ਜਵਾਬ ਦੇ ਗਏ ਯਾਨੀ ਆਪਣੀ ਚੱਲਣ ਰੂਪ ਕਿਰਿਆ ਤੋਂ ਉਕੇ ਹੀ ਅਸਮੱਰਥ ਹੋ ਗਏ, ਇਸ ਲਈ ਰਾਤ ਫਿਰ ਉਥੇ ਹੀ ਗੁਜ਼ਾਰੀ। ਸਵੇਰੇ ਕੁਝ ਰਾਤ ਰਹਿੰਦੀ ਫਿਰ ਸਫ਼ਰ ਸ਼ੁਰੂ ਕੀਤਾ, ਉਸੇ ਤਰ੍ਹਾਂ ਉਨ੍ਹਾਂ ਹਾਲਤਾਂ ਵਿੱਚ ਹੀ ਪਟਿਆਲੇ ਸ਼ਹਿਰ ਪਹੁੰਚ ਗਏ, ਲੇਕਿਨ ਹੁਣ ਹੋਰ ਗੁੰਜਾਇਸ਼ ਨਹੀਂ ਰਹੀ ਚੱਲਣ ਦੀ ਕਿਉਂਕਿ ਗਰਮ ਲੁੱਕ ਨੇ ਚਰਨਾਂ ਦੇ ਹੇਠਲਾ ਮਾਸ ਪੂਰੀ ਤਰ੍ਹਾਂ ਉਧੇੜ ਦਿੱਤਾ। ਪੈਰ ਚੱਲਣ ਤੋਂ ਪੂਰੀ ਤਰ੍ਹਾਂ ਅਸਮੱਰਥ ਹੋ ਗਏ। ਸਵਾਰੀ ਕਿਸੇ ਤੇ ਚੜਣਾ ਨਹੀਂ, ਤੇ ਖੋਖ ਪਹੁੰਚਣਾ ਵੀ ਜ਼ਰੂਰ ਹੈ, ਕਿਉਂਕਿ ਨੀਯਤ ਕੀਤੇ ਕਿਸੇ ਖਾਸ ਕੰਮ ਦਾ ਸਮਾਂ ਨੇੜੇ ਆ ਰਿਹਾ ਹੈ, ਜੋ ਸ਼ਾਇਦ ਖੋਖ ਪਿੰਡ ਹੀ ਸੰਪੂਰਨ ਕਰਨਾ ਹੈ। ਇਸ ਲਈ ਹੁਣ ਟਿਕਾਣੇ ਪਹੁੰਚਣ ਲਈ ਇਕ ਯੁਕਤੀ ਫੁਰੀ, ਕਿ ਦੋ ਜਣੇ ਆਪਸ ਵਿੱਚ ਬਾਹਵਾਂ ਫੜਕੇ ਜਿਵੇਂ ਕਿਸਾਨ ਕਣਕ ਦੀ ਬੋਰੀ ਚੁੱਕਦੇ ਹਨ, ਇਸ ਤਰ੍ਹਾਂ ਬਾਬਾ ਜੀ ਨੂੰ ਬਾਹਵਾਂ ਤੇ ਬਿਠਾ ਕੇ ਚੱਲਣ, ਇਸ ਤਰੀਕੇ ਸਫਰ ਤੈਹ ਕੀਤਾ ਜਾਵੇ। ਇਸੇ ਤਰ੍ਹਾਂ ਕਰਦੇ ਜਿਵੇਂ ਕਿਵੇਂ ਤਿੰਨੇ ਜਣੇ ਬਾਬਾ ਜੀ ਨੂੰ ਲੈ ਕੇ ਖੋਖ ਪਿੰਡ ਪਹੁੰਚ ਗਏ। ਜਿਸ ਵਕਤ ਖੋਖ ਪਹੁੰਚੇ, ਇਤਨੀ ਜ਼ੋਰਦਾਰ ਬਾਰਸ਼ ਹੋਈ ਕਿ ਜਿਸ ਜਗ੍ਹਾ ਬਾਬਾ ਜੀ ਠਹਿਰਦੇ ਸਨ ਯਾਨੀ ਗੁਰਨਾਮ ਸਿੰਘ ਦੇ ਖੂਹ ਤੇ ਧਰਤੀ ਨੀਵੀਂ ਹੋਣ ਕਰਕੇ ਪਾਣੀ-ਹੀ-ਪਾਣੀ ਹੋ ਗਿਆ। ਫਿਰ ਪਿੰਡ ਵਿੱਚ ਸਭ ਤੋਂ ਉੱਚੀ ਜਗ੍ਹਾ ਜਾਣ ਕੇ ਅਲੌਹਰੀਆਂ ਦੇ ਖੂਹ ਤੇ, ਜੋ ਮੌਜੂਦਾ ਕੁਟੀਆਂ ਦੇ ਬਿਲਕੁੱਲ ਨਜ਼ਦੀਕ ਹੀ ਹੈ ਉਸ ਕੋਠੇ ਵਿੱਚ ਬਾਬਾ ਜੀ ਦੇ ਰਹਿਣ ਦਾ ਪ੍ਰਬੰਧ ਕੀਤਾ। ਥੋੜ੍ਹੇ ਦਿਨ ਇਥੇ ਠਹਿਰ ਕੇ ਬਾਬਾ ਜੀ ਦੇ ਪੈਰ ਤਾਂ ਬਿਲਕੁੱਲ ਠੀਕ ਹੋ ਗਏ ਲੇਕਿਨ ਕੰਡ ਉੱਤੇ ਇਕ ਛੋਟੀ-ਜਿਹੀ ਫੁਨਸੀ ਨਿਕਲ ਆਈ। ਫੁਨਸੀ ਕੀ ਨਿਕਲੀ, ਮਾਨੋਂ ਕੋਈ ਧੁਰੋਂ ਸੰਦੇਸੇ ਦੀ ਚਿੱਠੀ ਆਈ ਹੈ। ਬਾਬਾ ਜੀ ਖੇਤਾਂ ਵਿੱਚੋਂ ਬੂਟੀ ਪੁੱਟ ਕੇ ਉਪਰ ਲਗਾ ਲੈਂਦੇ, ਪ੍ਰੰਤੂ ਦਵਾਈ ਕੋਈ ਨਾ ਕਰਨ ਦਿੰਦੇ। ਜਿਵੇਂ-ਜਿਵੇਂ ਦਿਨ ਟੱਪਦੇ ਗਏ ਫੁਨਸੀ ਬਜਾਏ ਹੱਟਣ ਦੇ ਭਿਆਨਕ ਰੂਪ ਧਾਰਦੀ ਗਈ, ਯਾਨੀ ਵੱਡਾ ਫੋੜਾ ਹੋ ਗਿਆ। ਫਿਰ ਸੰਗਤ ਨੇ ਬੇਨਤੀ ਕਰਕੇ ਨਾਭੇ ਤੋਂ ਆਸ਼ਤਾ ਕੁਮਾਰ ਡਾਕਟਰ ਲਿਆਂਦਾ। ਉਹ ਵੀ ਕੁਝ ਦਿਨ ਮੱਲ੍ਹਮ ਪੱਟੀ ਕਰਦਾ ਰਿਹਾ, ਲੇਕਿਨ ਫੋੜਾ ਵੱਧਦਾ ਹੀ ਗਿਆ। ਆਖਰ ਡਾਕਟਰ ਨੇ ਸੰਗਤ ਨੂੰ ਦੱਸਿਆ ਕਿ ਅਪ੍ਰੇਸ਼ਨ ਤੋਂ ਬਗੈਰ ਫੋੜਾ ਠੀਕ ਨਹੀਂ ਹੋਣਾ, ਇਸ ਲਈ ਇਸ ਸਟੇਜ ਤੇ ਅਪ੍ਰੇਸ਼ਨ ਕਰਨਾ ਜ਼ਰੂਰੀ ਹੈ, ਪ੍ਰੰਤੂ ਬਾਬਾ ਜੀ ਨੇ ਅਪ੍ਰੇਸ਼ਨ ਤੋਂ ਜਵਾਬ ਦੇ ਦਿੱਤਾ। ਸੰਗਤ ਨੇ ਇਕੱਠੀ ਹੋ ਕੇ ਬੇਨਤੀ ਕੀਤੀ ਅਤੇ ਬਾਰ-ਬਾਰ ਕਰਦੀ ਰਹੀ ਤਾਂ ਇੱਕ ਦਿਨ ਬਾਬਾ ਜੀ ਨੇ ਸਹਿਮਤੀ ਦੇ ਦਿੱਤੀ। ਦੂਸਰੇ ਦਿਨ ਡਾਕਟਰ ਆਪਣੇ ਔਜ਼ਾਰ ਯਾਨੀ ਅਪ੍ਰੇਸ਼ਨ ਕਰਨ ਦਾ ਸਮਾਨ ਲੈ ਕੇ ਆ ਗਿਆ। ਇਸ ਪ੍ਰਕਾਰ ਪੂਰੀ ਤਿਆਰੀ ਕਰਨ ਤੋਂ ਬਾਅਦ ਬਾਬਾ ਜੀ ਨੂੰ ਕਲੋਰਾਫਰਮ ਸੁੰਘਾਉਣ ਬਾਰੇ ਬੇਨਤੀ ਕੀਤੀ, ਲੇਕਿਨ ਆਪ ਜੀ ਨੇ ਜਵਾਬ ਦਿੱਤਾ। ਆਪ ਚੌਂਕੜਾ ਮਾਰ ਕੇ ਬੈਠ ਗਏ, ਗੁਰਨਾਮ ਸਿੰਘ ਇਤਿਆਦਿਕ ਪ੍ਰੇਮੀਆਂ ਨੂੰ ਹੁਕਮ ਕਰ ਦਿੱਤਾ, ਕਿ ਜਪੁਜੀ ਸਾਹਿਬ ਦਾ ਪਾਠ ਸ਼ੁਰੂ ਕਰ ਦਿਉ। ਉਧਰ ਡਾਕਟਰ ਨੂੰ ਬੋਲ ਦਿੱਤਾ, ਜੋ ਕਰਨਾ ਹੈ ਕਰੋ! ਡਾਕਟਰ ਨੇ ਬਹੁਤ ਸਿਆਣਪ ਨਾਲ ਅਪ੍ਰੇਸ਼ਨ ਕੀਤਾ, ਜਿਸ ਨਾਲ ਗੰਦਾ-ਗੰਦਾ ਮਾਸ ਤਾਂ ਭਾਵੇਂ ਉਤਾਰ ਦਿੱਤਾ ਪਰੰਤੂ ਕੰਡ ਵਿੱਚ ਬਹੁਤ ਵੱਡਾ ਜ਼ਖਮ ਹੋ ਗਿਆ, ਖੈਰ! ਉਪਰੰਤ ਪੱਟੀ ਕਰ ਦਿੱਤੀ। ਇਸੀ ਤਰੀਕੇ ਡਾਕਟਰ ਨਾਭੇ ਤੋਂ ਰੋਜ਼ ਪੱਟੀ ਕਰਨ ਆਉਂਦਾ, ਬਾਬਾ ਜੀ ਚੌਂਕੜਾ ਮਾਰਕੇ ਬੈਠ ਜਾਂਦੇ, ਗੁਰਨਾਮ ਸਿੰਘ ਜਾਂ ਕਿਸੇ ਹੋਰ ਪ੍ਰੇਮੀ ਨੂੰ ਜਪੁਜੀ ਸਾਹਿਬ ਦਾ ਪਾਠ ਕਰਨ ਲਾ ਦਿੰਦੇ। ਕੰਡ ਵਿੱਚ ਜਖਮ ਇਤਨਾ ਵੱਡਾ ਹੋ ਗਿਆ ਸੀ ਕਿ ਪੱਟੀ ਕਰਨ ਸਮੇਂ ਡਾਕਟਰ ਦਾ ਪੂਰਾ ਹੱਥ ਉਸ ਵਿੱਚ ਪੈ ਜਾਂਦਾ, ਲੇਕਿਨ ਆਪ ਜਪੁਜੀ ਸਾਹਿਬ ਦੇ ਪਾਠ ਨਾਲ ਤਦ ਰੂਪ ਹੋਏ ਅਡੋਲ ਬੈਠੇ ਰਹਿੰਦੇ। ਇਸ ਪ੍ਰਕਾਰ ਰੋਜ਼ ਮੱਲ੍ਹਮ ਪੱਟੀ ਕਰਦਿਆਂ, ਕੁਝ ਦਿਨਾਂ ਵਿੱਚ ਜ਼ਖਮ ਕਾਫੀ ਠੀਕ ਹੋ ਗਿਆ। ਆਪ ਜੀ ਦੀ ਸੇਵਾ ਵਿੱਚ ਉਸ ਸਮੇਂ ਸੰਤ ਦਰਸ਼ਨ ਸਿੰਘ ਜੀ, ਛੱਜਾ ਸਿੰਘ ਜੀ ਕੋਟਲੀ, ਅਤੇ ਪ੍ਰੀਤਮ ਸਿੰਘ ਜੀ ਭੋੜਿਆਂ ਵਾਲੇ ਜੋ ਬਾਅਦ ਵਿੱਚ ਸੰਤ ਮੋਨੀ ਜੀ ਦੇ ਨਾਮ ਨਾਲ ਪ੍ਰਸਿੱਧ ਹੋਏ ਆਦਿਕ ਤਿਨੋਂ ਜਣੇ ਬਹੁਤ ਪ੍ਰੇਮ ਨਾਲ ਸੇਵਾ ਕਰਦੇ ਸਨ। ਇਸ ਪ੍ਰਕਾਰ ਫੋੜੇ ਦਾ ਜ਼ਖਮ ਤਾਂ ਭਾਵੇਂ ਠੀਕ ਹੁੰਦਾ ਜਿਹਾ ਪ੍ਰਤੀਤ ਦੇ ਰਿਹਾ ਸੀ, ਲੇਕਿਨ ਜੀਵਨ ਸੱਤਾ ਦਿਨ-ਪਰ-ਦਿਨ ਆਪਣੇ ਅੰਤ ਵੱਲ ਵੱਧਦੀ ਜਾ ਰਹੀ ਸੀ। ਆਖਰ ਇੱਕ ਦਿਨ ਬਾਬਾ ਜੀ ਨੇ ਛੱਜਾ ਸਿੰਘ ਕੋਟਲੀ ਵਾਲੇ ਨੂੰ

ਪੁੱਛਿਆ, ਅੱਜ ਦਿਨ ਕੀ ਹੈ? ਬਾਬਾ ਜੀ ਸ਼ੁੱਕਰਵਾਰ ਹੈ। ਭਾਈ ਪੂਰਨਮਾਸ਼ੀ ਕਦੋਂ ਹੈ? ਛੱਜਾ ਸਿੰਘ ਨੇ ਅਰਜ਼ ਕੀਤੀ, ਬਾਬਾ ਜੀ ਪਰਸੋਂ ਹੈ! ਆਖਰ ਉਹ ਪਸੋਂ ਯਾ ਪੂਰਨਮਾਸ਼ੀ ਆ ਗਈ, ਜਿਸ ਦੀ ਬਾਬਤ ਪੁੱਛਿਆ ਸੀ। ਅੱਜ ਸਵੇਰੇ ਨੌਂ ਵਜੇ ਅੱਸੂ ਦੀ ਪੂਰਨਮਾਸ਼ੀ ਵਾਲੇ ਦਿਨ ਪੂਰਨ ਹੁੰਦੇ ਹੋਏ ਹੀ ਪੂਰਨ ਵਿੱਚ ਸਮਾ ਗਏ। ਸੰਗਤ ਨੇ ਇਕੱਠੇ ਹੋ ਕੇ ਵਿਰੱਕਤ ਮਹਾਰਾਜ ਜੀਆਂ ਦੀ ਭਾਲ ਸ਼ੁਰੂ ਕੀਤੀ, ਕਿਤੋਂ ਪਤਾ ਚੱਲਿਆ, ਕਿ ਦੁਰਾਹੇ ਟਿਕੇ ਹੋਏ ਹਨ, ਸੰਗਤ ਉਥੇ ਪਹੁੰਚੀ, ਲੇਕਿਨ ਉਥੋਂ ਪਤਾ ਚੱਲਿਆ ਕਿ ਮਹਾਰਾਜ ਜੀ ਮਾਛੀਵਾੜੇ ਵੱਲ ਨੂੰ ਚਾਲੇ ਪਾ ਗਏ ਹਨ। ਪ੍ਰੇਮੀ ਸਾਰੇ ਟਿਕਾਣਿਆਂ ਤੇ ਭਾਲ ਕਰਦੇ-ਕਰਦੇ ਜਦੋਂ ਅੱਗੇ ਗਏ ਤਾਂ ਪੂਜਯ ਵਿਰੱਕਤ ਮਹਾਰਾਜ ਜੀ ਝਾੜ ਸਾਹਿਬ ਮਿਲ ਗਏ। ਸੰਗਤ ਨੇ ਸਾਰਾ ਹਾਲ ਸੁਣਾਇਆ, ਸੁਣਕੇ ਮਹਾਰਾਜ ਜੀ ਵੀ ਨਾਲ ਚੱਲ ਪਏ, ਇਸ ਪ੍ਰਕਾਰ ਸਮਰਾਲੇ ਤੋਂ ਟੈਕਸੀ ਦੁਆਰਾ ਖੋਖ ਪਿੰਡ ਪਹੁੰਚ ਗਏ। ਮਹਾਰਾਜ ਜੀ ਦੇ ਹੁਕਮ ਨਾਲ ਖੋਖ, ਕੋਟਲੀ ਪਿੰਡ ਦੀ ਹੱਦ ਤੇ ਯਾਨੀ ਦੋਨਾਂ ਪਿੰਡਾਂ ਦੀ ਥੋੜ੍ਹੀ-ਥੋੜ੍ਹੀ ਜਗ੍ਹਾ ਲੈ ਕੇ ਪੂਜਯ ਬਾਬਾ ਬੇਅੰਤ ਸਿੰਘ ਜੀ ਦੇ ਪਵਿੱਤਰ ਸਰੀਰ ਦਾ ਸਸਕਾਰ ਕਰ ਦਿੱਤਾ। ਤੀਸਰੇ ਦਿਨ ਪੂਜਯ ਵਿਰੱਕਤ ਮਹਾਰਾਜ ਨਿੱਕਾ ਸਿੰਘ ਜੀਆਂ ਦੇ ਹੁਕਮ ਅਨੁਸਾਰ ਅਸਥੀਆਂ ਇਕੱਤਰ ਕੀਤੀਆਂ ਗਈਆਂ ਉਪਰੰਤ ਪੂਜਯ ਵਿਰੱਕਤ ਮਹਾਰਾਜ ਜੀਆਂ ਨੇ ਖੁਦ ਹੋਰ ਸੰਗਤਾਂ ਨੂੰ ਨਾਲ ਲੈ ਕੇ ਕਨਖਲ ਸਤੀ ਘਾਟ ਦੇ ਪਵਿੱਤਰ ਅਸਥਾਨ ਤੇ ਗੁਰੂ ਅਮਰਦਾਸ ਜੀਆਂ ਦੇ ਪਾਵਨ ਚਰਨਾਂ ਵਿੱਚ ਗੰਗਾ ਪ੍ਰਵਾਹ ਕਰ ਦਿੱਤੀਆਂ। ਫਿਰ ਵਾਪਸ ਖੋਖ ਪਹੁੰਚ ਕੇ ਪੂਜਯ ਬਾਬਾ ਜੀ ਦੇ ਨਿਮਤ ਇਲਾਹੀ ਬਾਣੀ ਦਾ ਸਹਿਜ ਪਾਠ ਪਰਾਰੰਭ ਕੀਤਾ, ਜੋ ਦੁਸਿਹਰੇ ਵਾਲੇ ਦਿਨ ਭੋਗ ਉਪਰੰਤ ਗੁਰੂ ਦੇ ਲੰਗਰ ਦੇ ਖੁੱਲ੍ਹੇ ਭੰਡਾਰੇ ਵਰਤਾ ਕੇ ਸਾਰੀਆਂ ਰਸਮਾਂ ਸੰਪੂਰਨ ਕੀਤੀਆਂ।

## ਦੱਖਣ ਦੀ ਯਾਤਰਾ

ਜ਼ਿਕਰ 1958 ਦੇ ਨਵੰਬਰ ਮਹੀਨੇ ਦਾ ਹੈ ਜਦੋਂ ਆਪ ਜੀ ਨੇ ਕਿਸੇ ਇਲਾਹੀ ਹੁਕਮ ਦੀ ਪ੍ਰੇਰਨਾ ਨਾਲ ਦੱਖਣ ਦੇ ਪਾਵਨ ਅਸਥਾਨਾਂ ਦੇ ਦਰਸ਼ਨ ਦੀਦਾਰਿਆਂ ਲਈ ਚਾਲੇ ਪਾਏ। ਚੱਲੇ ਵੀ ਕਿਵੇਂ?

ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ॥
ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ॥

*(ਦਖਣੀ ਓਅੰਕਾਰੁ, ਪੰਨਾ—੯੩੦)*

ਦੇ ਮਹਾਂਵਾਕ ਅਨੁਸਾਰ ਹਰ ਪ੍ਰਕਾਰ ਦੀ ਦਵੈਤ ਯਾਨੀ ਅਸਥੂਲ ਸੁਖਸ਼ਮ ਰੂਪੀ ਉਪਾਧੀਆਂ ਤੋਂ ਰਹਿਤ ਕੇਵਲ-ਤੇ-ਕੇਵਲ ਇੱਕਲੇ ਹੀ। ਦਿੱਲੀ ਤੋਂ ਰੇਲ ਸਵਾਰ ਹੋ ਕੇ ਜਾ ਉਤਰੇ ਗਵਾਲੀਅਰ, ਜਿਥੇ ਕਦੇ ਪਹੁੰਚੇ ਸੀ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ, ਜਿਨ੍ਹਾਂ ਨੇ ਜਹਾਂਗੀਰ ਦੀ ਜੇਲ੍ਹ ਵਿੱਚ ਸੜ ਰਹੇ ਪਹਾੜੀ ਰਾਜਿਆਂ ਦੀ ਬੰਦ ਖਲਾਸੀ ਕਰਾ ਕੇ ਕਹਾਇਆ ਸੀ ਬੰਦੀਛੋੜ। ਇਹ ਅਸਥਾਨ ਉੱਚੀ ਪਹਾੜੀ ਤੇ ਸਥਿਤ ਹੋਣ ਕਰਕੇ ਬਹੁਤ ਮਨਮੋਹਕ ਹੈ, ਅਤੇ ਗੁਰੂ ਸਾਹਿਬ ਜੀ ਦੀ ਪਵਿੱਤਰ ਯਾਦ ਵਿੱਚ ਸੁੰਦਰ ਅਸਥਾਨ ਸੁਸ਼ੋਭਿਤ ਹੈ। ਇਸ ਦੇ ਦਰਸ਼ਨ ਦੀਦਾਰੇ ਕਰਕੇ ਅੱਗੇ ਨੂੰ ਚਾਲੇ ਪਾਏ, ਸਹਿਜੇ-ਸਹਿਜੇ ਸਫਰ ਕਰਦੇ ਜਾ ਪਹੁੰਚੇ ਸੱਚਖੰਡ ਹਜ਼ੂਰ ਸਾਹਿਬ ਨਾਦੇੜ, ਜਿਥੇ ਕਿਸੇ ਸਮੇਂ ਹਰੀ ਨੇ ਮਨੁੱਖੀ ਨਾਟ ਰੱਚਕੇ ਵਰਤਾਏ ਸਨ ਅਲੌਕਿਕ ਖੇਡ ਕਲਗੀਧਰ ਦੇ ਰੂਪ ਵਿੱਚ ਅੱਜ ਤੋਂ ਕੁਝ ਸਮਾਂ ਪਹਿਲਾਂ। ਇਥੇ ਪਹੁੰਚ ਕੇ ਹਜ਼ੂਰ ਦੀ ਯਾਦ ਵਿੱਚ ਬਣੇ ਪਵਿੱਤਰ ਅਸਥਾਨਾਂ ਦੀ ਪਾਵਨ ਚਰਨ ਧੂੜੀ ਮਸਤਕ ਨੂੰ ਲਾਈ। ਗੁਰੂ ਕੇ ਲੰਗਰੋਂ ਪ੍ਰਸ਼ਾਦਾ ਛਕਿਆ, ਉਪਰੰਤ ਪ੍ਰਬੰਧਕਾਂ ਨੇ ਕੋਈ ਵਿਰੱਕਤ ਮਹਾਤਮਾ ਜਾਣਕੇ ਠਹਿਰਨ ਲਈ ਕਮਰਾ ਖੋਲ੍ਹ ਦਿੱਤਾ।

ਆਪ ਜੀ ਰਾਤ ਤਾਂ ਉਸ ਕਮਰੇ ਵਿੱਚ ਠਹਿਰ ਜਾਂਦੇ, ਦਿਨ ਨੂੰ ਹੋਰ ਅਸਥਾਨਾਂ ਦੇ ਦਰਸ਼ਨ ਦੀਦਾਰ ਕਰਦੇ। ਸਮਾਂ ਮਿਲਣ ਤੇ ਸੂਰਜ ਪ੍ਰਕਾਸ਼ ਦੀ ਪੋਥੀ ਵਿੱਚੋਂ ਹਜ਼ੂਰ ਸਾਹਿਬ ਦੇ ਕੁਛ ਪ੍ਰਕਰਣ ਵਿਚਾਰਦੇ ਰਹਿੰਦੇ। ਕੁਛ ਦਿਨ ਐਸਾ ਕਰਦਿਆਂ ਸਮਾਂ ਬਤੀਤ ਹੋ ਰਿਹਾ ਸੀ ਤਾਂ ਕੁਝ ਪੰਜਾਬੀ ਯਾਤਰੀ ਜਾਂ ਉਥੋਂ ਦੇ ਪ੍ਰਬੰਧਕਾਂ ਵਿੱਚੋਂ ਵੀ ਸੰਗਤ ਆਪ ਜੀ ਕੋਲ ਆਉਣੀ ਸ਼ੁਰੂ ਹੋ ਗਈ। ਆਪ ਬਜਾਏ ਹੋਰ ਗੱਲਾਂ ਕਰਨ ਸੁਣਨ ਦੇ ਸੂਰਜ ਦੀ ਕਥਾ ਸੁਣਾ ਦਿੰਦੇ। ਹੌਲੀ-ਹੌਲੀ ਇਹ ਗੱਲ ਸੱਚਖੰਡ ਦੇ ਪ੍ਰਬੰਧਕਾਂ ਕੋਲ ਵੀ ਪਹੁੰਚ ਗਈ, ਕਿ ਪੰਜਾਬ ਵਿੱਚੋਂ ਵਿਰੱਕਤ ਮਹਾਤਮਾ ਆਏ ਹਨ ਉਹ ਕਥਾ

ਬਹੁਤ ਸੁੰਦਰ ਕਰਦੇ ਹਨ। ਪ੍ਰਬੰਧਕਾਂ ਵਿੱਚੋਂ ਇੱਕ-ਦੋ ਪ੍ਰੇਮੀਆਂ ਨੇ ਇਕ ਦਿਨ ਮਹਾਰਾਜ ਜੀ ਦੇ ਕੋਲ ਜਾ ਕੇ ਕਥਾ ਸੁਣੀ, ਸਬੱਬ ਨਾਲ ਉਸ ਦਿਨ ਕਲਗੀਧਰ ਵੱਲੋਂ ਸੱਚਖੰਡ ਵਿੱਚ ਵਰਤਾਏ ਕੌਤਕਾਂ ਦਾ ਹੀ ਵਰਨਣ ਹੋ ਰਿਹਾ ਸੀ। ਕਥਾ ਦੀ ਸਮਾਪਤੀ ਤੇ ਪ੍ਰਬੰਧਕਾਂ ਨੇ ਅਰਜ਼ ਕੀਤੀ, ਮਹਾਰਾਜ! ਆਪ ਜੀ ਦਾ ਕਥਾ ਕਰਨ ਦਾ ਢੰਗ ਬਹੁਤ ਸਰਲ ਅਤੇ ਸੁੰਦਰ ਹੈ, ਕਿੰਨਾ ਚੰਗਾ ਹੋਵੇ ਜਿ ਆਪ ਇਹੀ ਕਥਾ ਤਖਤ ਸਾਹਿਬ ਤੇ ਕਰੋਂ, ਪਰੰਤੂ ਉਥੇ ਇਕ ਮਰਿਆਦਾ ਦੀ ਰੁਕਾਵਟ ਹੈ ਕਿ ਤਖਤ ਸਾਹਿਬ ਤੇ ਬੈਠ ਕੇ ਅੰਮ੍ਰਿਤਧਾਰੀ ਹੀ ਕਥਾ ਕਰ ਸਕਦਾ ਹੈ, ਲੇਕਿਨ ਆਪ ਵਿਰੱਕਤ ਹੋਂ, ਤਿਆਗੀ ਮਹਾਂਪੁਰਸ਼ ਹੋਂ, ਆਪ ਕਥਾ ਤਾਂ ਇਥੇ ਵੀ ਰੋਜ਼ ਕਰਦੇ ਹੀ ਹੋਂ, ਅਗਰ ਤਖਤ ਸਾਹਿਬ ਦੇ ਨਾਲ ਆਪ ਦਾ ਆਸਣ ਲਗਾ ਦਿੱਤਾ ਜਾਵੇ, ਇਹੀ ਕਥਾ ਆਪ ਉਥੇ ਬੈਠਕੇ ਕਰੋਂ, ਤਾਂ ਜ਼ਿਆਦਾ ਸੰਗਤਾਂ ਲਾਭ ਉਠਾਉਣ! ਮਹਾਰਾਜ ਬੋਲੇ, ਭਾਈ! ਅਸੀਂ ਕੋਈ ਮਰਿਆਦਾ ਭੰਗ ਕਰਨ ਲਈ ਨਹੀਂ ਆਏ ਅਸੀਂ ਤਾਂ ਗੁਰੂ ਕਲਗੀਧਰ ਪਾਤਸ਼ਾਹ ਦੇ ਚਰਨਾਂ ਵਿੱਚ ਹਾਜ਼ਰੀ ਲਗਵਾਉਣ ਲਈ ਆਏ ਹਾਂ। ਬਸ ਸਾਡਾ ਇਸ ਤੋਂ ਵੱਧ ਹੋਰ ਕੋਈ ਪ੍ਰਯੋਜਨ ਨਹੀਂ ਅਤੇ ਨਾ ਹੀ ਕੋਈ ਕਥਾ ਸੁਣਾਉਣ ਆਏ ਹਾਂ ਅਤੇ ਨਾ ਹੀ ਸਾਡਾ ਕੋਈ ਸੰਕਲਪ ਹੈ ਕਿ ਸਾਡੇ ਕੋਲ ਬਹੁਤ ਸੰਗਤ ਆਵੇ। ਹਾਂ! ਅਗਰ ਤੁਸੀਂ ਇਹ ਸਮਝਦੇ ਹੋ ਕਿ ਸਾਡੇ ਕਥਾ ਕਰਨ ਨਾਲ ਕਿਸੇ ਨੂੰ ਲਾਭ ਪਹੁੰਚਦਾ ਹੈ ਤਾਂ ਅਸੀਂ ਤਖਤ ਸਾਹਿਬ ਦੇ ਹੇਠ ਬੈਠਕੇ ਕਥਾ ਕਰ ਦਿਆ ਕਰਾਂਗੇ, ਸਾਨੂੰ ਕੀ ਫਰਕ ਪੈਂਦਾ ਹੈ, ਅਸੀਂ ਤਾਂ ਕਾਰ ਉਹੀ ਕਰਨੀ ਹੈ ਜੋ ਕਰਤਾਰ ਕਰਾਵੇ। ਪ੍ਰਬੰਧਕਾਂ ਨੇ ਬੜੀ ਖੁਸ਼ੀ ਨਾਲ ਤਖਤ ਸਾਹਿਬ ਦੇ ਹੇਠ ਆਸਣ ਲਗਾ ਦਿੱਤਾ, ਮਹਾਰਾਜ ਉਸ ਉਪਰ ਬੈਠ ਕੇ ਰੋਜ਼ ਕਥਾ ਕਰਨ ਲੱਗੇ ਅਤੇ ਸੰਗਤਾਂ ਵੀ ਭਾਰੀ ਗਿਣਤੀ ਵਿੱਚ ਜੁੜਨ ਲੱਗ ਗਈਆਂ। ਇੱਕ ਪੰਜਾਬੀ ਲੜਕਾ ਅਠਾਰਾਂ ਉਂਨੀ ਸਾਲ ਦੀ ਉਮਰ ਦਾ ਕਥਾ ਤੋਂ ਇੰਨਾਂ ਪ੍ਰਭਾਵਤ ਹੋਇਆ, ਕਿ ਹਮੇਸ਼ਾਂ ਮਹਾਰਾਜ ਦੇ ਕੋਲ ਰਹਿਣ ਲੱਗ ਗਿਆ। ਲੰਗਰ ਦੇ ਸਮੇਂ ਲੰਗਰ ਵਿਚੋਂ ਪ੍ਰਸ਼ਾਦਾ ਲਿਆਕੇ ਛਕਾ ਦੇਣਾ, ਵਸਤਰ ਵਗੈਰਾ ਧੋ ਦੇਣਾ। ਇਸ ਪ੍ਰਕਾਰ ਸੇਵਾ ਕਰਦਿਆਂ ਦੋ-ਚਾਰ ਦਿਨ ਜਦੋਂ ਹੋਏ ਤਾਂ ਇੱਕ ਦਿਨ ਬੇਨਤੀ ਕੀਤੀ, ਮਹਾਰਾਜ! ਮੈਂ ਵਿਦਿਆ ਪੜ੍ਹਨੀ ਚਾਹੁੰਦਾ ਹਾਂ ਆਪ ਕ੍ਰਿਪਾ ਕਰੋ ਮੈਨੂੰ ਪੜ੍ਹਾ ਦਿਉ! ਹਜ਼ੂਰ ਨੇ ਪੁਛਿਆ ਤੇਰਾ ਨਾਂ ਕੀ ਹੈ? ਕਿਥੋਂ ਦਾ ਰਹਿਣ ਵਾਲਾ ਹੈਂ? ਮਹਾਰਾਜ ਮੇਰਾ ਨਾਮ ਇੰਦਰਜੀਤ ਸਿੰਘ ਹੈ, ਪਿੰਡ ਮੇਰਾ ਪੰਜਾਬ ਵਿੱਚ ਲੁਧਿਆਣੇ ਦੇ ਨਜ਼ਦੀਕ 'ਰਕਬਾ' ਹੈ। ਸੁਣਕੇ ਹਜ਼ੂਰ ਉਸਦੇ ਮੱਥੇ ਵੱਲ ਗਹਿਰੀ ਦ੍ਰਿਸਟੀ ਨਾਲ ਇਉਂ ਤੱਕ ਰਹੇ ਹਨ ਜਿਵੇਂ ਕੋਈ ਪੂਰਬ ਦਾ ਲਿਖਿਆ ਸੰਜੋਗ ਪੜ੍ਹ ਰਹੇ ਹੋਣ। ਫਿਰ ਕੁਝ ਦੇਰ ਚੁੱਪ ਰਹਿ ਕੇ ਬੋਲੇ, ਕਾਕਾ! ਅਗਰ ਤੇਰੀ ਵਿਦਯਾ ਪੜ੍ਹਨ ਦੀ ਇੱਛਾ ਹੈ ਤਾਂ ਐਸਾ ਕਰ, ਪੰਜਾਬ ਵਿੱਚ ਸੰਤ ਗੁਰਬਚਨ ਸਿੰਘ ਜੀ ਭਿੰਡਰਾਂ ਵਾਲੇ ਪੜ੍ਹਾਉਂਦੇ ਹਨ, ਉਨ੍ਹਾਂ ਦੇ ਕੋਲ ਹਰ ਸਮੇਂ ਕਾਫੀ ਵਿਦਿਆਰਥੀ ਪੜ੍ਹਦੇ ਰਹਿੰਦੇ ਹਨ, ਤੂੰ ਉਨ੍ਹਾਂ ਵਿੱਚ ਸ਼ਾਮਲ ਹੋ ਜਾਹ, ਅਸੀਂ ਤਾਂ ਵਿਰੱਕਤ ਹਾਂ, ਅੱਜ ਕਿਤੇ, ਕੱਲ ਕਿਤੇ, ਕਰਤਾਰ ਨੇ ਨੌਕਰੀ ਹੀ ਐਸੀ ਬਖਸ਼ੀ ਹੈ। ਇੰਦਰਜੀਤ ਸਿੰਘ ਬੋਲਿਆ, ਮਹਾਰਾਜ ਆਪ ਜਿਤਨੇ ਦਿਨ ਇਥੇ ਹੋ ਉਤਨੇ ਦਿਨ ਤਾਂ ਮੈਨੂੰ ਆਪਣੇ ਚਰਨਾਂ ਵਿੱਚ ਰੱਖੋ! ਹੁਕਮ ਹੋਇਆ ਠੀਕ ਹੈ ਰਹੋ। ਇਸ ਪ੍ਰਕਾਰ ਤਕਰੀਬਨ ਇੱਕ ਮਹੀਨਾ ਕਲਗੀਧਰ ਪਾਤਿਸ਼ਾਹ ਦੀ ਪਵਿੱਤਰ ਗੋਦ ਵਿੱਚ ਸਜਕੇ ਉਨ੍ਹਾਂ ਵੱਲੋ ਵਰਤਾਏ ਅਨੂਠੇ ਕੌਤਕਾ ਦੇ ਅੰਮ੍ਰਿਤ ਜਲ ਦਾ ਮੀਂਹ ਸੰਗਤਾਂ ਵਿੱਚ ਵਰਸਾਉਂਦੇ ਰਹੇ। ਹੁਣ ਆਪ ਨੇ ਨਾਨਕ ਝੀਰੇ (ਬਿਦਰ) ਦਰਸ਼ਨ ਕਰਨ ਦਾ ਸੰਕਲਪ ਕੀਤਾ। ਇੰਦਰਜੀਤ ਸਿੰਘ ਨੇ ਨਾਲ ਜਾਣ ਦੀ ਆਗਿਆ ਮੰਗੀ ਜੋ ਪ੍ਰਵਾਨ ਹੋ ਗਈ। ਜਿਵੇਂ-ਕਿਵੇਂ ਪਹੁੰਚੇ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦੇ ਪਵਿੱਤਰ ਅਸਥਾਨ ਤੇ ਨਾਨਕ ਝੀਰਾ। ਇਹ ਉਹ ਪਵਿੱਤਰ ਅਸਥਾਨ ਹੈ ਜਿਥੇ ਕਦੇ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਨੇ ਇਥੋਂ ਦੇ ਜੀਵਾਂ ਤੇ ਤਰਸ ਕਰਕੇ ਪਾਣੀ ਦਾ ਚਸ਼ਮਾਂ ਪ੍ਰਗਟ ਕੀਤਾ ਸੀ ਆਪਣੇ ਪਵਿੱਤਰ ਚਰਨ ਪਹਾੜ ਨੂੰ ਛੁਹਾਕੇ। ਕਿਉਂਕਿ ਇਹ ਲੋਕ ਪੀਣ ਵਾਲੇ ਪਾਣੀ ਦੀ ਕਿੱਲਤ ਤੋਂ ਪ੍ਰੇਸ਼ਾਨ ਸਨ। ਇਸ ਚਸ਼ਮੇਂ ਤੋਂ ਪਾਣੀ ਚੌਵੀ ਘੰਟੇ ਵਹਿੰਦਾ ਰਹਿੰਦਾ ਹੈ। ਜਿਥੋਂ ਇਹ ਪਾਣੀ ਨਿਕਲਦਾ ਹੈ ਉਸ ਦੇ ਅਗੇ ਛੋਟਾ-ਜਿਹਾ ਸਰੋਵਰ ਹੈ, ਉਸ ਵਿੱਚ ਸ਼ਰਧਾਵਾਨ ਯਾਤਰੀ ਗੁਰੂ ਬਾਬਾ ਜੀ ਦੀ ਬਖਸ਼ਿਸ਼ ਜਾਣਕੇ ਇਸ਼ਨਾਨ ਆਦਿ ਕਰਦੇ ਹਨ। ਮਹਾਰਾਜ ਵਿਰੱਕਤ ਜੀ ਵੀ ਜਦੋਂ ਇਥੇ ਪਹੁੰਚੇ ਪਹਿਲਾਂ ਪਵਿੱਤਰ ਸਰੋਵਰ ਵਿੱਚ ਸਕੇਸ਼ੀ ਇਸ਼ਨਾਨ ਕੀਤਾ, ਸਰੋਵਰ ਵਿੱਚ ਖੜ੍ਹੇ ਅਜੇ ਇਸ਼ਨਾਨ ਕਰ ਹੀ ਰਹੇ ਸਨ ਤਾਂ ਪਾਣੀ ਨਾਲ ਭਿਜੇ ਕੇਸਾਂ ਨੂੰ ਹੱਥਾਂ ਦੀਆਂ ਉਂਗਲੀਆਂ ਨਾਲ ਸਿੱਧੇ ਕਰਨ ਲੱਗ ਪਏ। ਇੰਦਰਜੀਤ ਸਿੰਘ ਜੀ ਨੇ ਬੇਨਤੀ ਕੀਤੀ ਮਹਾਰਾਜ ਐਹ ਮੇਰੇ ਕੰਘੇ ਨਾਲ ਕੇਸ਼ ਵਾਹ ਲਵੋ! ਮਹਾਰਾਜ ਬੋਲੇ,

ਭਾਈ ! ਅੱਜ ਤਾਂ ਤੇਰੇ ਕੰਘੇ ਨਾਲ ਕੇਸ ਵਾਹ ਲਵਾਂਗੇ, ਕੱਲ੍ਹ ਕਿਸ ਤੋਂ ਮੰਗਾਂਗੇ ? ਇਸ ਪ੍ਰਕਾਰ ਉਸ ਪਵਿੱਤਰ ਅਸਥਾਨ ਦੀ ਚਰਨ ਧੂੜੀ ਮਸਤਕ ਨੂੰ ਛੁਹਾਕੇ ਦੂਜੇ ਦਿਨ ਉਥੋਂ ਬੰਬਈ ਵੱਲ ਨੂੰ ਚਾਲੇ ਪਾ ਦਿੱਤੇ।*

ਬਿਦਰ ਤੋਂ ਚਾਲੇ ਪਾ ਕੇ ਸਹਿਜੇ-ਸਹਿਜੇ ਬੰਬਈ ਪਹੁੰਚ ਗਏ। ਉਨ੍ਹਾਂ ਦਿਨਾਂ ਵਿੱਚ ਮਹੰਤ ਆਤਮਾ ਸਿੰਘ ਜੀ ਵੀ ਆਪਣੇ ਦੋ ਸ਼ਿਸ਼ਾਂ ਸੰਤ ਨਾਰਾਇਣ ਸਿੰਘ ਅਤੇ ਸੰਤ ਦਰਸ਼ਨ ਸਿੰਘ ਕਨਖਲ ਵਾਲੇ ਨੂੰ ਨਾਲ ਲੈ ਕੇ ਬੰਬਈ ਪਹੁੰਚੇ ਹੋਏ ਸਨ, ਜੋ ਕਿ ਸੇਠ ਲਛਮਣ ਦਾਸ ਗਿਆਨ ਚੰਦ ਦੇ ਘਰ ਠਹਿਰੇ ਹੋਏ ਸਨ। ਪਤਾ ਲੱਗਣ ਤੇ ਮਹੰਤ ਜੀ ਵਿਰੱਕਤ ਮਹਾਰਾਜ ਜੀਆਂ ਨੂੰ ਆਪਣੇ ਟਿਕਾਣੇ ਲੈ ਗਏ। ਇੱਕ ਦੋ ਦਿਨ ਠਹਿਰਣ ਤੋਂ ਬਾਅਦ ਮਹਾਰਾਜ ਇਥੋਂ ਚੱਲਣ ਬਾਰੇ ਕਹਿ ਚੁੱਕੇ ਸਨ ਕਿ ਇਨੇ ਨੂੰ ਨਿਰਮਲ ਪੰਚਾਇਤੀ ਅਖਾੜੇ ਦੇ ਸ੍ਰੀ ਮਹੰਤ ਸਾਹਿਬ ਪੰਡਿਤ ਸੁੱਚਾ ਸਿੰਘ ਜੀ ਪਹੁੰਚ ਗਏ। ਉਹ ਬੋਲੇ, ਅਸੀਂ ਤਾਂ ਤੁਹਾਨੂੰ ਲੈਣ ਆਏ ਹਾਂ ਕਿਉਂਕਿ ਤ੍ਰਿਯੰਬਕ ਵਿੱਚ ਅਖਾੜੇ ਵੱਲੋਂ ਇੱਕ ਨਵਾਂ ਮਕਾਨ ਬਣਾਇਆ ਹੈ, ਉਸ ਦੇ ਮਹੂਰਤ ਨਮਿੱਤ ਤਿੰਨ ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਉਸ ਨਵੇਂ ਮਕਾਨ ਵਿੱਚ ਹੀ ਪਵੇਗਾ। ਇਸ ਲਈ ਹੋਰ ਸਾਧੂ ਮਹਾਤਮਾ ਨੂੰ ਵੀ ਸਦੇ-ਪੱਤਰ ਭੇਜੇ ਹਨ ਆਪ ਵੀ ਚੱਲੋ। ਮਹਾਰਾਜ ਬੋਲੇ, ਸਾਡਾ ਤਾਂ ਵਿਚਾਰ ਦੱਖਣ ਦੇ ਤੀਰਥਾਂ ਦੀ ਯਾਤਰਾ ਕਰਨ ਦਾ ਹੈ ਇਸ ਲਈ ਸਾਡਾ ਤ੍ਰਿਯੰਬਕ ਜਾਣ ਦਾ ਕੋਈ ਵਿਚਾਰ ਨਹੀਂ। ਮਹੰਤ ਆਤਮਾ ਸਿੰਘ ਜੀ ਨੇ ਕਿਹਾ, ਮਹਾਰਾਜ ਆਪਾਂ ਇਥੋਂ ਕਾਰ ਵਿੱਚ ਹੀ ਚੱਲਦੇ ਹਾਂ, ਭੋਗ ਪੈਣ ਤੋਂ ਉਪਰੰਤ ਉਸੇ ਦਿਨ ਵਾਪਸ ਆ ਜਾਵਾਂਗੇ, ਇਸ ਲਈ ਆਪ ਜੀ ਨੇ ਇਥੇ ਆ ਕੇ ਅੱਗੇ ਨੂੰ ਯਾਤਰਾ ਲਈ ਚਲੇ ਜਾਣਾ। ਆਪ ਨੇ ਬਚਨ ਕਰ ਦਿੱਤਾ ਠੀਕ ਹੈ ਵਾਪਸ ਆ ਕੇ ਚਲੇ ਜਾਵਾਂਗੇ।

31 ਜਨਵਰੀ, 1959 ਵਾਲੇ ਦਿਨ ਪੂਜਯ ਵਿਰੱਕਤ ਮਹਾਰਾਜ ਜੀ, ਮਹੰਤ ਆਤਮਾ ਸਿੰਘ ਜੀ, ਸੰਤ ਨਾਰਾਇਣ ਸਿੰਘ ਜੀ ਅਤੇ ਸੰਤ ਦਰਸ਼ਨ ਸਿੰਘ ਜੀ ਕਨਖਲ ਵਾਲੇ ਕਾਰ ਰਾਹੀ ਤ੍ਰਿਯੰਬਕ ਪਹੁੰਚੇ। ਤਿੰਨ ਫਰਵਰੀ ਵਾਲੇ ਦਿਨ ਭੋਗ ਪੈਣ ਤੋਂ ਬਾਅਦ ਲੰਗਰ ਛੱਕ ਕੇ ਵਾਪਸ ਬੰਬਈ ਆ ਗਏ। ਦੂਸਰੇ ਦਿਨ ਆਪਣੇ ਸੰਕਲਪ ਅਨੁਸਾਰ ਪੂਜਯ ਵਿਰੱਕਤ ਮਹਾਰਾਜ ਜੀ ਨੇ ਦੱਖਣ ਦੇ ਤੀਰਥ ਅਸਥਾਨਾਂ ਵੱਲ ਜਾਣ ਦੀ ਤਿਆਰੀ ਕੀਤੀ ਤਾਂ ਸੇਠ ਲਛਮਣ ਦਾਸ ਨੇ ਇਕ ਹਜ਼ਾਰ ਰੁਪਏ ਆਪ ਦੇ ਚਰਨਾਂ ਵਿੱਚ ਭੇਟਾ ਕੀਤੇ ਕਿ ਮਹਾਰਾਜ ਇਹ ਪੈਸਾ ਯਾਤਰਾ ਦੌਰਾਨ ਸਫਰ ਵਿੱਚ ਵਰਤ ਲੈਣਾ। ਹਜ਼ੂਰ ਆਪਣੀ ਮੌਜ ਵਿੱਚ ਮੁਸਕਰਾ ਕੇ ਬੋਲੇ, ਜਿਹੜਾ ਇਥੇ ਤੱਕ ਲੈ ਕੇ ਆਇਆ ਹੈ, ਉਹ ਅੱਗੇ ਵੀ ਲੈ ਜਾਏਗਾ ਭਾਈ! ਤੂੰ ਆਪਣੇ ਪੈਸੇ ਚੁੱਕ ਲੈ। ਮਹੰਤ ਆਤਮਾ ਸਿੰਘ ਜੀ ਬੋਲੇ, ਮਹਾਰਾਜ! ਇਨ੍ਹਾਂ ਦੀ ਸ਼ਰਧਾ ਹੈ ਆਪ ਕਬੂਲ ਕਰੋ! ਹਾਂ! ਐਸਾ ਕਰਦੇ ਹਾਂ ਕਿ ਦਰਸ਼ਨ ਸਿੰਘ ਜੀ ਨੂੰ ਆਪ ਦੇ ਨਾਲ ਭੇਜ ਦਿੰਦੇ ਹਾਂ ਜਿਥੇ ਜ਼ਰੂਰਤ ਹੋਏਗੀ ਇਹ ਖਰਚ ਕਰਿਆ ਕਰੇਗਾ, ਨਾਲੇ ਯਾਤਰਾ ਦੌਰਾਨ ਇਸ ਨੂੰ ਆਪ ਜੀ ਦੀ ਸੇਵਾ ਦਾ ਅਵਸਰ ਮਿਲੇਗਾ। ਹਜ਼ੂਰ ਬੋਲੇ ਠੀਕ ਹੈ ਐਸੇ ਕਰ ਲੈਂਦੇ ਹਾਂ, ਮਗਰ ਐਨਾ ਪੈਸਾ ਫਿਰ ਵੀ ਨਹੀਂ ਚਾਹੀਦਾ। ਸੇਠ ਲਛਮਣ ਦਾਸ ਨੂੰ ਹੁਕਮ ਕੀਤਾ, ਚੰਗਾ ਪ੍ਰੇਮੀਆਂ! ਜੇ ਤੂੰ ਜ਼ਿਆਦਾ ਕਹਿੰਦਾ ਹੈ ਤਾਂ ਇਉਂ ਕਰ ਇਹਦੇ ਵਿੱਚੋਂ ਅੱਧਾ ਪੈਸਾ ਚੁੱਕ ਲੈ ਅਤੇ ਅੱਧਾ ਯਾਨੀ ਪੰਜ ਸੌ ਰੁਪਏ ਦਰਸ਼ਨ ਸਿੰਘ ਨੂੰ ਦੇ-ਦੇ। ਇਥੋਂ ਹਜ਼ੂਰ ਨੇ ਦਰਸ਼ਨ ਸਿੰਘ ਕਨਖਲ ਵਾਲੇ ਨੂੰ ਨਾਲ ਲੈ ਕੇ ਪੰਜ ਫਰਵਰੀ, 1959 ਨੂੰ ਜਗਨਨਾਥ ਵੱਲ ਚਾਲੇ ਪਾਏ। ਜਗਨਨਾਥ, ਰਾਮੇਸ਼ਵਰ ਅਤੇ ਪੰਚਵਟੀ ਆਦਿਕ ਦੱਖਣ ਦੇ ਹੋਰ ਪ੍ਰਸਿੱਧ-ਪ੍ਰਸਿੱਧ ਤੀਰਥ ਅਸਥਾਨਾਂ ਦੇ ਦਰਸ਼ਨ ਦੀਦਾਰੇ ਕਰਦੇ ਹੋਏ ਕੋਈ ਇਕ ਮਹੀਨੇ ਬਾਅਦ ਕਲਕੱਤੇ ਪਹੁੰਚ ਗਏ, ਇਥੇ ਲਛਮਣ ਦਾਸ ਦੇ ਬੇਟੇ ਅੰਬੂ ਦੇ ਘਰ ਠਹਿਰੇ। ਕੁਝ ਦਿਨ ਇਥੇ ਠਹਿਰ ਕੇ ਗੁਰ ਅਸਥਾਨਾਂ ਦੇ ਦਰਸ਼ਨ ਕੀਤੇ, ਇਸ ਸਮੇਂ ਦੌਰਾਨ ਇਹ ਸੱਜਣ ਅੰਬੂ ਬੜੇ ਪ੍ਰੇਮ ਨਾਲ ਸੇਵਾ ਕਰਦਾ ਰਿਹਾ। ਫਿਰ ਇਥੋਂ ਚੱਲ ਕੇ ਪਟਨਾ ਸਾਹਿਬ ਪਹੁੰਚੇ, ਇਥੇ ਇਕ ਦੋ ਦਿਨ ਠਹਿਰ ਕੇ **ਦਰਸ਼ਨ ਸਿੰਘ ਤਾਂ ਵਾਪਸ ਬੰਬਈ ਨੂੰ ਰਵਾਨਾ ਹੋ ਗਏ, ਲੇਕਿਨ ਆਪ ਨੇ ਕੁਝ ਦਿਨ ਇਥੇ ਹੀ ਠਹਿਰਕੇ ਕਲਗੀਧਰ

* *ਇੰਦਰਜੀਤ ਸਿੰਘ ਬਚਨ ਮੰਨ ਕੇ ਪੰਜਾਬ ਨੂੰ ਆ ਗਿਆ, ਹੁਕਮ ਅਨੁਸਾਰ ਸੰਤ ਗੁਰਬਚਨ ਸਿੰਘ ਭਿੰਡਰਾਂ ਵਾਲਿਆਂ ਦੇ ਜਥੇ ਵਿੱਚ ਸ਼ਾਮਲ ਹੋ ਕੇ ਵਿਦਿਆ ਹਾਸਲ ਕੀਤੀ, ਫਲਸਵਰੂਪ ਅੱਛੇ ਵਿਦਵਾਨ ਹੋ ਕੇ ਕਾਫੀ ਸਮਾਂ ਤਾਂ ਭਾਦਸੋਂ ਨਜ਼ਦੀਕ ਰਾਇਮੱਲ ਮਾਜਰੀ ਪਿੰਡ ਦੇ ਗੁਰਦੁਵਾਰਾ ਸਾਹਿਬ ਰਹਿ ਕੇ ਗੁਰੂ ਘਰ ਦਾ ਪ੍ਰਚਾਰ ਕਰਦੇ ਰਹੇ। ਪਤਾ ਲੱਗਿਆ ਹੈ ਅੱਜ ਕੱਲ੍ਹ ਕੈਨੇਡਾ ਚਲੇ ਗਏ ਹਨ। ਅੱਛੇ ਵਿਦਵਾਨ ਹੋਣ ਦੇ ਬਾਵਜੂਦ ਆਪ ਹਉਂ ਤੋਂ ਕਾਫੀ ਦੂਰ, ਨਿਮਰ ਸੁਭਾਵ ਅਤੇ ਸਾਦਗੀ ਵਾਲਾ ਜੀਵਨ ਬਸਰ ਕਰ ਰਹੇ ਹਨ ਯਾਨੀ ਕਾਫੀ ਸੰਸਕਾਰ ਵਿਰੱਕਤ ਸਾਧੂਆਂ ਵਾਲੇ ਹਨ।*

** *ਉਪਰੋਕਤ ਵਰਨਣ ਹੋਏ ਸੰਤ ਦਰਸ਼ਨ ਸਿੰਘ ਕਨਖਲ ਵਾਲੇ ਸਨ ਜਿਨ੍ਹਾਂ ਨੇ ਬਾਅਦ ਵਿੱਚ ਕਨਖਲ ਨਿਰਮਲ ਬਾਗ ਤੇ ਕਬਜ਼ਾ ਕੀਤਾ ਸੀ। ਯਾਨੀ ਸੰਤ ਦਰਸ਼ਨ ਸਿੰਘ ਵਿਰੱਕਤ ਜੀ ਨਹੀਂ ਸਨ ਜੋ ਹਜ਼ੂਰ ਨਾਲ ਪੂਰੀ ਜਿੰਦਗੀ ਵਿਚਰੇ।*

ਪਾਤਿਸ਼ਾਹ ਦੀ ਨਿੱਘੀ ਗੋਦ ਨਾ ਅਨੰਦ ਮਾਣਿਆ। ਹੁਣ ਸ਼ਾਇਦ ਕਿਸੇ ਹੋਰ ਦੇਸ਼ ਜਾਣ ਲਈ ਅੰਤਰੀਵ ਤਾਰਾਂ ਖੜਕੀਆਂ, ਇਸ ਲਈ ਚੱਲ ਪਏ ਕਰਤਾਰ ਦੇ ਇਲਾਹੀ ਹੁਕਮ ਵਿੱਚ ਪ੍ਰੇਮ-ਤਾਰ-ਪਰੋਤੇ, ਕਿਸੇ ਹੋਰ ਟਿਕਾਣੇ ਨੂੰ।

## ਵੱਡੀ ਕੁਟੀਆ ਦਾ ਨਿਰਮਾਣ

ਸਾਗਰ ਅੰਦਰਿ ਬੋਹਿਆ ਵਿਚਿ ਸੁਹਾਣਾ ਪਰਉਪਕਾਰੀ।
ਭਾਰ ਅਥਰਬਣ ਲਦੀਐ ਲੈ ਵਾਪਾਰੁ ਚੜਨਿ ਵਾਪਾਰੀ।
ਸਾਇਰ ਲਹਰ ਨ ਵਿਆਪਈ ਅਤਿ ਅਸਗਾਹ ਅਥਾਹ ਵਾਪਾਰੀ।
ਬਹਲੇ ਪੂਰ ਲੰਘਾਇਦਾ ਸਹੀ ਸਲਾਮਤ ਪਾਰਿ ਉਤਾਰੀ।
ਦੂਣੇ ਚਉਣੇ ਚੰਮ ਹੋਨ ਲਾਹਾ ਲੈ ਲੈ ਕਾਜ ਸਵਾਰੀ।
ਗੁਰਮੁਖ ਸੁਖ ਫਲੁ ਸਾਧ ਸੰਗਿ ਭਵਜਲ ਅੰਦਰ ਦੁਦਰੁ ਤਾਰੀ।
ਜੀਵਨ ਮੁਕਤਿ ਜੁਗਤਿ ਨਿਰੰਕਾਰੀ॥

*(ਵਾਰ ੧੯ ਵੀਂ, ਪਉੜੀ-੫)*

ਅਰਥ—ਸਮੁੰਦਰ ਦੇ ਵਿੱਚ ਜਹਾਜ਼ ਹੈ, ਉਸ ਵਿੱਚ ਪਰਉਪਕਾਰੀ ਮਲਾਹ ਬੈਠਾ ਹੈ। ਭਾਰ ਵੀ ਜਹਾਜ਼ ਵਿੱਚ ਬਹੁਤ ਲੱਦਿਆ ਹੈ ਯਾਨੀ ਵਾਪਾਰੀ ਲੋਕ ਅਨੇਕਾਂ ਵਸਤਾਂ ਲੈ ਕੇ ਸਵਾਰ ਹੋਏ ਹਨ, ਲੇਕਿਨ ਸਮੁੰਦਰ ਦੀ ਲਹਿਰ ਕਿਸੇ ਨੂੰ ਦੁੱਖ ਨਹੀਂ ਦਿੰਦੀ, ਹਾਲਾਂਕਿ ਸਮੁੰਦਰ ਬਹੁਤ ਅਸਗਾਹੁ ਯਾਨੀ ਅਥਾਹ ਹੈ ਕਿਉਂਕਿ ਮਲਾਹ ਜੋ ਸਿਆਣਾ ਹੋਇਆ। ਇਸ ਲਈ ਹਰ ਪ੍ਰਕਾਰ ਦੀਆਂ ਦੁੱਖ ਰੂਪ ਲਹਿਰਾਂ ਤੋਂ ਬਚਾ ਕੇ ਪੂਰਾਂ-ਦੇ ਪੂਰ ਪਾਰ ਕਰੀਂ ਜਾ ਰਿਹਾ ਹੈ। ਵਾਪਾਰੀ ਲੋਕ ਵੀ ਦੂਣੇ ਚੌਣੇ ਰੁਪਈਏ ਕਮਾ ਕੇ ਆਪਣੇ ਕਾਰਜ ਸਵਾਰ ਰਹੇ ਹਨ। ਇਸ ਪ੍ਰਕਾਰ ਗੁਰਮੁਖ ਸੰਤ ਮਹਾਂਪੁਰਖ ਦੀ ਸੰਗਤ ਭੀ ਸੰਸਾਰ ਸਮੁੰਦਰ ਤੋਂ ਬੋਹਿਥਾ, ਭਾਵ ਜਹਾਜ਼ ਰੂਪ ਹੋ ਕੇ ਸੰਸਾਰੀ ਜੀਵਾਂ ਨੂੰ ਔਖੀ ਤਾਰੀ ਤਰਾ ਕੇ, ਸੁੱਖ-ਫਲ, ਯਾਨੀ ਸਰੂਪਾਨੰਦ ਨੂੰ ਪ੍ਰਾਪਤ ਕਰਾ ਦਿੰਦੀ ਹੈ। ਗੁਰਮੁਖ ਜੀਵਨ ਮੁਕਤੀ ਵਿਖੇ ਜੁੜੇ, ਭਾਵ ਲੀਨ ਰਹਿੰਦੇ ਹਨ। ਨਿਰੰਕਾਰ ਦੀ ਦੱਸੀ ਆਪਣੀ ਜੁਗਤੀ ਨਾਲ, ਭਾਵ ਵਾਹਿਗੁਰੂ ਦੇ ਤੱਤਗਿਆਨ ਦੀ ਸਮਝ ਨਾਲ ਜੀਵਨ ਮੁਕਤ ਹੋਏ ਹਨ, ਕਿਸੇ ਮਨੋਕਤ ਸਾਧਨਾਂ ਨਾਲ ਨਹੀਂ।

ਇਸੇ ਪ੍ਰਕਾਰ ਕਰਨਾਲ ਸ਼ਹਿਰ ਵਿੱਚ ਖੁੱਲ੍ਹੇ ਵਰਤਾਰੇ ਵਰਤ ਰਹੇ ਹਨ, ਫੈਕਟਰੀਆਂ ਵਾਲਿਆਂ ਨੂੰ ਫੈਕਟਰੀ, ਕੋਠੀ ਦੀ ਮੰਗ ਵਾਲਿਆਂ ਨੂੰ ਕੋਠੀ, ਧਨ ਪਦਾਰਥ ਦੀ ਇੱਛਾ ਵਾਲਿਆਂ ਨੂੰ ਧਨ ਪਦਾਰਥ ਦੇ ਖੁੱਲ੍ਹੇ ਗੱਫੇ, ਪੁੱਤਰਾਂ ਦੀ ਚਾਹ ਵਾਲਿਆਂ ਨੂੰ ਪੁੱਤਰਾਂ ਦੀਆਂ ਦਾਤਾਂ, ਬਿਮਾਰਾਂ ਨੂੰ ਤੰਦਰੁਸਤੀ ਦੇ ਤੋਹਫੇ, ਕੇਵਲ ਪੜ੍ਹਨ ਦੀ ਇੱਛਾ ਵਾਲਿਆਂ ਨੂੰ ਚੌਵੀ ਘੰਟੇ ਵਿਦਿਆ ਪੜਨ ਦੇ ਖੁੱਲ੍ਹੇ ਭੰਡਾਰੇ, ਬਾ-ਅਮਲ ਜੀਵਨ ਚਾਹੁਣ ਵਾਲਿਆਂ ਨੂੰ ਦੈਵੀ ਗੁਣਾਂ ਦੀਆਂ ਖੁੱਲ੍ਹੀਆਂ ਦਾਤਾਂ, ਸੇਵਾ ਦੀ ਚਾਹ ਵਾਲਿਆਂ ਨੂੰ ਸੇਵਾ ਅਤੇ ਮੁਕਤੀ ਦੀ ਇੱਛਾ ਵਾਲਿਆਂ ਨੂੰ ਮੁਕਤ ਪਦਾਰਥ। ਗੱਲ ਕੀ—

**ਜੋ ਮਾਗਹਿ ਸੋਈ ਸੋਈ ਪਾਵਹਿ** ਵਾਲੇ ਪ੍ਰਤੱਖ ਵਰਤਾਰੇ ਵਰਤ ਰਹੇ ਹਨ। ਆਪੋ ਆਪਣੀ ਵਾਸਨਾ ਅਨੁਸਾਰ ਸਭ ਨੂੰ ਦਾਤਾਂ ਮਿਲ ਰਹੀਆਂ ਹਨ।

1959-1960 ਈ: ਦੇ ਜ਼ਿਕਰ ਚਲ ਰਹੇ ਹਨ ਜਦ ਵਿਰੱਕਤ ਮਹਾਰਾਜ ਜੀ ਰਾਤ ਤਾਂ ਬਿਜਲੀ ਘਰ ਦੇ ਨੇੜੇ ਸ੍ਰੀ ਅਹੂਜਾ ਦੇ ਬਾਗ਼ ਵਿੱਚ ਹੀ ਠਹਿਰਦੇ ਹਨ ਅਤੇ ਸੁਭਾ ਸ਼ਾਮ ਸਤਿਸੰਗ ਦੇ ਵਰਤਾਰੇ ਵੀ ਵਰਤ ਰਹੇ ਹਨ ਲੇਕਿਨ ਦਿਨ ਨੂੰ ਤੀਸਰੇ ਪਹਿਰ ਸੰਤ ਭਗਤ ਸਿੰਘ ਜੀ ਅਤੇ ਹੋਰ ਸੰਗਤਾਂ ਦੇ ਪ੍ਰੇਮ ਪ੍ਰਵੇਧੇ ਛੋਟੀ ਕੁਟੀਆਂ ਵੀ ਦਰਸ਼ਨ ਸਤਿਸੰਗ ਬਖਸ਼ਦੇ ਹਨ। ਇਨ੍ਹਾਂ ਦਿਨਾਂ ਵਿੱਚ ਰਾਮ ਪਿਆਰੀ ਨਾਮ ਦੀ ਇੱਕ ਪੰਡਤਾਣੀ ਮਾਈ ਜਿਸ ਨੂੰ ਗਠੀਏ ਦਾ ਰੋਗ ਹੈ, ਆਪਣੇ ਨੌਕਰ ਹੰਸਾ ਸਿੰਘ ਨੂੰ ਨਾਲ ਲੈ ਕੇ ਛੋਟੀ ਕੁਟੀਆ ਰੋਜ਼ ਦਰਸ਼ਨ ਲਈ ਆਉਂਦੀ ਹੈ। ਮਾਈ ਦੇ ਪੇਕੇ ਕਿਸੇ ਸਮੇਂ ਮਾਲਵੇ ਵਿੱਚੋਂ ਉਠ ਕੇ ਲਾਇਲਪੁਰ ਚਲੇ ਗਏ ਸਨ, ਉਥੇ ਜ਼ਮੀਨ ਦਾ ਫਾਰਮ ਖਰੀਦ ਕੇ ਖੇਤੀ ਦੇ ਕਿੱਤੇ ਦੁਆਰਾ ਜੀਵਨ ਬਸਰ ਕਰ ਰਹੇ ਸਨ। ਇਤਨੇ ਨੂੰ ਸੰਨ 1947 ਵਾਲਾ ਭਾਣਾ ਵਰਤਿਆ, ਤਾਂ ਲਾਇਲਪੁਰੋਂ ਉਠਕੇ ਕਰਨਾਲ ਆ ਗਏ। ਲਾਇਲਪੁਰ ਵਾਲੀ ਜ਼ਮੀਨ ਦੇ ਬਦਲੇ ਤਿੰਨ ਖੂਹ ਜ਼ਮੀਨ ਕਰਨਾਲ ਅਲਾਟ ਹੋ ਗਈ। ਇਸ ਮਾਈ ਰਾਮ ਪਿਆਰੀ ਦੀ ਸ਼ਾਦੀ ਅਮਰਨਾਥ ਬਖਸ਼ੀ ਨਾਲ ਕੀਤੀ ਗਈ। ਇਹ ਮਾਈ ਰਾਮ ਪਿਆਰੀ ਆਪਣੇ ਮਾਪਿਆ ਦੇ ਘਰ ਇਕਲੌਤੀ ਬੇਟੀ

ਸੀ ਇਸ ਲਈ ਮਾਪਿਆਂ ਦੀ ਸਾਰੀ ਜਾਇਦਾਦ ਯਾਨੀ ਤਿੰਨੇ ਖੂਹਾਂ ਵਾਲੀ ਜ਼ਮੀਨ ਅਤੇ ਹੋਰ ਜੋ ਵੀ ਵਸਤੂ ਮਾਪਿਆ ਦੀ ਸੀ ਮਾਈ ਕੋਲ ਆ ਗਈ। ਮਾਈ ਦਾ ਪਿਛੋਕੜ ਮਾਲਵੇ ਦਾ ਹੋਣ ਕਰਕੇ ਛਲ ਕਪਟ ਤੋਂ ਰਹਿਤ ਖੁੱਲ੍ਹਾ ਸੁਭਾਵ, ਵੰਡ ਛਕਣਾ ਅਤੇ ਦਾਨ ਬਿਰਤੀ ਦੇ ਸੰਸਕਾਰਾਂ ਵਾਲਾ ਤਾਂ ਵਿਰਾਸਤ ਵਿੱਚ ਹੀ ਮਿਲਿਆ ਹੋਇਆ ਸੀ ਤੇ ਨਾਲ ਸੰਸਾਰਕ ਪਦਾਰਥਾਂ ਦੀ ਵੀ ਕਮੀ ਨਹੀਂ ਸੀ, ਇਸ ਲਈ ਇਹ ਮਾਈ ਰੋਜ਼ ਵਿਰੱਕਤ ਮਹਾਰਾਜ ਜੀਆਂ ਦੇ ਚਰਨਾਂ ਵਿੱਚ ਆਉਂਦੀ ਤਾਂ ਭੇਟਾ ਵੱਜੋਂ ਬਾਦਾਮਾਂ ਦੀਆਂ ਗਿਰੀਆਂ ਅਤੇ ਕਾਜੂ ਆਦਿਕ ਸੁੱਕੇ ਮੇਵਿਆਂ ਦਾ ਮਹਾਰਾਜ ਜੀ ਦੇ ਚਰਨਾਂ ਵਿੱਚ ਢੇਰ ਲਾ ਦਿੰਦੀ। ਇਸ ਪ੍ਰਕਾਰ ਸਤਿਸੰਗ ਵਿੱਚ ਸਮਾਂ ਗੁਜ਼ਾਰ ਰਹੀ ਸੀ ਤਾਂ ਮਾਈ ਦੇ ਮਨ ਵਿੱਚ ਸ਼ਰਧਾ ਜਾਗਰਤ ਹੋਈ। ਇਕ ਦਿਨ ਸਮਾਂ ਅਨੁਕੂਲ ਜਾਣਕੇ ਦਾਤੇ ਦੇ ਚਰਨਾਂ ਵਿੱਚ ਅਰਜ਼ ਕੀਤੀ, ਮਹਾਰਾਜ! ਆਪ ਇਕਾਂਤ ਜਾਣਕੇ ਰੋਜ਼ ਬਿਜਲੀ ਘਰ ਸ੍ਰੀ ਅਹੂਜਾ ਦੇ ਬਾਗ਼ ਜਾਂਦੇ ਹੋ, ਇਸ ਲਈ ਆਪ ਨੂੰ ਵੀ ਜਾਣ ਆਉਣ ਦਾ ਕਸ਼ਟ ਹੁੰਦਾ ਹੈ ਅਤੇ ਸੰਗਤਾਂ ਜੋ ਸ਼ਹਿਰ ਤੋਂ ਦਰਸ਼ਨਾਂ ਨੂੰ ਅਕਸਰ ਜਾਂਦੀਆਂ ਹਨ ਉਨ੍ਹਾਂ ਨੂੰ ਵੀ ਦੂਰ ਪੈਂਦਾ ਹੈ। ਇਸ ਲਈ ਮੇਰੀ ਇਕ ਬੇਨਤੀ ਹੈ ਜੇ ਆਪ ਦੇ ਦਰ ਕਬੂਲ ਹੋਵੇ ਤਾਂ ਕਰਾਂ? ਹਜ਼ੂਰ ਤੋਂ ਹਾਂ ਦਾ ਇਸ਼ਾਰਾ ਸਮਝਕੇ ਮਾਤਾ ਬੋਲੀ, ਮਹਾਰਾਜ! ਐਥੋਂ ਥੋੜ੍ਹੀ ਦੂਰ ਤੇ ਮੇਰੀ ਜ਼ਮੀਨ ਹੈ ਅਤੇ ਵਿੱਚ ਬਾਗ ਵੀ ਲੱਗਿਆ ਹੋਇਆ ਹੈ, ਜੋ ਕਿ ਸ਼ਹਿਰ ਤੋਂ ਦੂਰ ਵੀ ਹੈ ਅਤੇ ਨੇੜੇ ਵੀ, ਇਸ ਕੁਟੀਆ ਆਉਣ ਜਾਣ ਲਈ ਆਪ ਜੀਆਂ ਨੂੰ ਨੇੜੇ ਵੀ ਪਵੇਗਾ ਅਤੇ ਸੰਗਤਾਂ ਵੀ ਆਪ ਜੀ ਦੇ ਦਰਸ਼ਨ ਸਤਿਸੰਗਤ ਦਾ ਜ਼ਿਆਦਾ ਲਾਭ ਉਠਾ ਸਕਣਗੀਆਂ, ਇਸ ਲਈ ਆਪ ਮਿਹਰ ਕਰੋ ਉਥੇ ਠਹਿਰੋ! ਹਜ਼ੂਰ ਬੋਲੇ, ਮਾਈ! ਜੈਸੇ ਕਰਤਾਰ ਕਰੇਗਾ! ਇਸ ਤੋਂ ਵੱਧ ਕੁਝ ਨਾ ਬੋਲੇ। ਖੈਰ ਸੰਗਤ ਘਰਾਂ ਨੂੰ ਚਲੀ ਗਈ, ਦੂਸਰੇ ਦਿਨ ਮਾਤਾ ਨੇ ਫਿਰ ਅਰਜ਼ ਕੀਤੀ, ਹਜ਼ੂਰ ਬੋਲੇ ਚੰਗਾ ਮਾਈ ਅੱਜ ਦੇਖ ਲਵਾਂਗੇ! ਸ਼ਾਮ ਨੂੰ ਕਿਸੇ ਸਮੇਂ ਉਥੇ ਪਹੁੰਚੇ, ਦੇਖਿਆ ਜਗ੍ਹਾ ਤਾਂ ਸੁੰਦਰ ਹੈ, ਇਕਾਂਤ ਵੀ ਪੂਰੀ-ਪੂਰੀ ਹੈ, ਬੜੀ ਗਹੁ ਨਾਲ ਤੱਕਿਆਂ ਇਉਂ ਪ੍ਰਤੀਤ ਦੇ ਰਹੇ ਹਨ, ਜਿਵੇਂ ਕੋਈ ਖੁਸ਼ਬੂ ਸੁੰਘ ਰਹੇ ਹਨ, ਪਰ ਇਹ ਨਹੀਂ ਮਲੂਮ ਹੋ ਰਿਹਾ, ਕਿ ਖੁਸ਼ਬੂ ਬਾਗ ਦੇ ਕਿਸੇ ਫੁੱਲ ਦੀ ਸੁੰਘ ਰਹੇ ਹਨ ਜਾਂ ਧਰਤੀ ਦੇ ਸੰਬੰਧਾਂ ਦੀ, ਇਹ ਉਹੀ ਜਾਨਣ।

ਖੈਰ ਦੂਜੇ ਦਿਨ ਮਾਈ ਨੂੰ ਕਹਿ ਦਿੱਤਾ, ਮਾਤਾ ਠੀਕ ਹੈ, ਜਦੋਂ ਕਰਤਾਰ ਨੇ ਚਾਹਿਆ, ਠਹਿਰ ਜਾਇਆ ਕਰਾਂਗੇ। ਮਾਈ ਨੇ ਬੇਨਤੀ ਕੀਤੀ, ਮਹਾਰਾਜ! ਉਥੇ ਇੱਕ ਕਮਰਾ ਬਣਾ ਦਿੰਦੇ ਹਾਂ, ਇਸ ਲਈ ਆਪ ਨਿਸ਼ਾਨੀ ਲਾ ਦਿਉ। ਨਾ-ਨਾ ਮਾਤਾ ਅਜੇ ਉਥੇ ਕਮਰੇ ਦੀ ਲੋੜ ਨਹੀਂ, ਸਾਨੂੰ ਜ਼ਰੂਰਤ ਮਹਿਸੂਸ ਹੋਈ ਤਾਂ ਕੁੱਲੀ ਵਗੈਰਾ ਬਣਵਾਂ ਲਵਾਂਗੇ। ਸ਼ਾਮ ਨੂੰ ਮਹਾਰਾਜ ਆਪਣੀ ਮੌਜ ਵਿੱਚ ਉਧਰ ਨਿਕਲ ਗਏ, ਨਾਲ ਇੱਕ ਦੋ ਪ੍ਰੇਮੀ ਸੇਵਾਦਾਰ ਵੀ ਸਨ। ਪ੍ਰੇਮੀਆਂ ਨੇ ਬਾਗ ਵਿੱਚ ਘਾਹ-ਫੂਸ ਖੁਰਚ ਕੇ ਕੁਝ ਥਾਂ ਸਾਫ ਕੀਤਾ ਅਤੇ ਮੁੱਖ ਰਸਤੇ ਤੱਕ ਇੱਕ ਪਗਡੰਡੀ ਬਣਾ ਲਈ, ਖੁਰਚਿਆ ਹੋਇਆ ਘਾਹ-ਫੂਸ ਇੱਕ ਪਾਸੇ ਸੁੱਟ ਦਿੱਤਾ। ਦੂਜੇ ਦਿਨ ਮਾਈ ਦੇ ਘਰ ਵਾਲਾ ਸ੍ਰੀ ਅਮਰਨਾਥ ਬਖਸ਼ੀ ਉਸ ਬਾਗ ਵੱਲ ਆਇਆ, ਉਸ ਨੇ ਘਾਹ-ਫੂਸ ਖੁੱਰਚਿਆ ਦੇਖਕੇ ਪੁੱਛਿਆ, ਇਹ ਕਿਸਨੇ ਖੁਰਚਿਆ ਹੈ? ਕਿਸੇ ਨੇ ਦਸਿਆ ਇਥੇ ਕੋਈ ਸਾਧੂ ਠਹਿਰਣਗੇ, ਉਨ੍ਹਾਂ ਨੇ ਸਾਫ ਕੀਤਾ ਹੈ। ਬਖਸ਼ੀ ਜਰਾ ਕ੍ਰੋਧ ਵਿੱਚ ਬੋਲਿਆ, ਇਥੇ ਕੋਈ ਸਾਧਾਂ ਦਾ ਡੇਰਾ ਹੈ? ਕਿਸੇ ਪ੍ਰੇਮੀ ਨੇ ਮਹਾਰਾਜ ਕੋਲ ਗੱਲ ਕੀਤੀ, ਕਿ ਬਖਸ਼ੀ ਐਉਂ ਕਹਿ ਰਿਹਾ ਸੀ। ਹਜ਼ੂਰ ਆਪਣੀ ਇਲਾਹੀ ਮੌਜ ਵਿੱਚ ਬੋਲੇ, ਭਾਈ ਇਨ੍ਹਾਂ ਨੂੰ ਇਹ ਬਾਗ ਹਰਾ ਭਰਾ ਚੰਗਾ ਨਹੀਂ ਲੱਗਦਾ! ਮਾਈ ਨੂੰ ਜਿਸ ਵਕਤ ਇਸ ਗੱਲ ਦਾ ਪਤਾ ਲੱਗਿਆ, ਤਾਂ ਆਪਣੇ ਪਤੀ ਨੂੰ ਬੋਲੀ, ਮੈਂ ਤੇਰੀ ਜਾਇਦਾਦ ਵਿਚੋਂ ਤਾਂ ਕੁਝ ਨਹੀਂ ਦਿੱਤਾ! ਇਹ ਤਾਂ ਜ਼ਮੀਨ ਮੇਰੇ ਪੇਕਿਆਂ ਦੀ ਹੈ, ਮੈਂ ਇਸਨੂੰ ਦਾਨ ਕਰਾਂ ਜਾ ਕੋਲ ਰੱਖਾਂ, ਇਹ ਮੇਰੀ ਮਰਜ਼ੀ ਹੈ, ਫਿਰ ਤੁਸੀਂ ਇਸ ਵਿੱਚ ਦਖਲ ਅੰਦਾਜ਼ੀ ਕਿਉਂ ਕਰਦੇ ਹੋ? ਮਾਤਾ ਨੇ ਹਜ਼ੂਰ ਦੇ ਚਰਨਾਂ ਵਿੱਚ ਵੀ ਅਰਜ਼ ਕਰਕੇ ਆਪਣੇ ਪਤੀ ਵੱਲੋਂ ਬੋਲੇ ਸ਼ਬਦਾਂ ਦੀ ਮੁਆਫੀ ਮੰਗੀ। ਹਜ਼ੂਰ ਬੋਲੇ, ਮਾਤਾ! ਤੂੰ ਸਾਡੇ ਪਿੱਛੇ ਆਪਣੇ ਘਰ ਵਿੱਚ ਬੇ-ਇਤਫਾਕੀ ਨਾ ਰ, ਬੇ-ਇਤਫਾਕੀ ਨਾਲ ਗ੍ਰਹਿਸਤ ਜੀਵਨ ਨਰਕ ਬਣ ਜਾਂਦਾ ਹੈ; ਫਿਰ ਸਾਨੂੰ ਜਗ੍ਹਾ ਦੀ ਕੋਈ ਜ਼ਰੂਰਤ ਹੈ ਵੀ ਨਹੀਂ; ਅਸੀਂ ਤਾਂ ਬਾਬੂ ਅਹੂਜਾ ਵਾਲੇ ਬਾਗ ਵਿੱਚ ਬੜੇ ਸੁਖੀ ਬੈਠੇ ਹਾਂ, ਜਿਥੇ ਕਿਤੇ ਕਰਤਾਰ ਦੀ ਹੋਰ ਇੱਛਾ ਹੋਊ, ਉਥੇ ਲੈ ਜਾਊ, ਤੂੰ ਇਸ ਬਾਤ ਨੂੰ ਮਨੋਂ ਖਿਆਲੋਂ ਕੱਢ ਦੇ। ਮਾਈ ਫਿਰ ਕੁਝ ਰੁਦਨ ਕਰਦੀ ਰਹੀ, ਲੇਕਿਨ ਹਜ਼ੂਰ ਫਿਰ ਬੋਲੇ, ਮਾਈ! ਤੂੰ ਚਿੰਤਾ ਨਾ ਕਰ, ਕਰਤਾਰ ਘਟ-ਘਟ ਕੇ ਅੰਤਰ ਕੀ ਜਾਨਤ ਹੈ, ਉਹੀ ਤੇਰੀ ਸਾਰੀ ਭਾਵਨਾ ਨੂੰ ਜਾਣਦਾ ਹੈ ਫਿਰ ਭਾਵਨਾ ਅਨੁਸਾਰ ਫਲ ਦੇਣਾ ਵੀ ਉਸ ਦਾ ਸਦੀਵੀ ਸੁਭਾਵ ਹੈ, ਇਸ ਲਈ ਉਹ ਅੱਛਾ ਹੀ ਕਰੇਗਾ, ਫਿਰ ਤੂੰ ਚਿੰਤਾਂ ਕਿਉਂ ਕਰਦੀ ਹੈਂ? ਖੈਰ ਮਹਾਰਾਜ ਤਾਂ ਕਰਤਾ

ਪੁਰਖ ਦੀ ਲਿਵਤਾਰ ਵਿੱਚ ਪਰੋਤੇ ਭੋਗ ਮੋਖ ਦੇ ਖੁੱਲ੍ਹੇ ਭੰਡਾਰੇ ਵਰਤਾ ਹੀ ਰਹੇ ਸਨ, ਲੇਕਿਨ ਉਧਰ ਕਰਤਾਰ ਦਾ ਭਾਣਾ ਵਰਤਿਆ, ਮਾਈ ਵਾਲਾ ਉਹੀ ਬਾਗ ਸੁਕਣਾ ਸ਼ੁਰੂ ਹੋ ਗਿਆ। ਬਖਸ਼ੀ ਨੇ ਹਰ ਪ੍ਰਕਾਰ ਦਾ ਯਤਨ ਕੀਤਾ, ਕਿ ਇਸਨੂੰ ਸੁੱਕਣ ਤੋਂ ਬਚਾ ਲਿਆ ਜਾਵੇ, ਲੇਕਿਨ ਹਰ ਕੋਸ਼ਿਸ਼ ਅਸਫਲ ਹੁੰਦੀ ਗਈ। ਮਾਈ ਨੇ ਢੁੱਕਵਾਂ ਮਸਾਂ ਜਾਣਕੇ ਇੱਕ ਦਿਨ ਆਪਣੇ ਪਤੀ ਨੂੰ ਕਿਹਾ, ਸੰਤਨ ਦੁੱਖ ਪਾਏ ਤੇ ਦੁਖੀ। ਬਖਸ਼ੀ ਜੀ, ਅੱਜ ਤਾਂ ਇੱਕ ਬਾਗ ਨੂੰ ਹੀ ਰੋਂਦੇ ਹਾਂ, ਹੋ ਸਕਦਾ ਹੈ ਕੱਲ੍ਹ ਇਸ ਤੋਂ ਵੱਧ ਰੋਣਾ ਪੱਲੇ ਪੈ ਜਾਵੇ! ਬਖਸ਼ੀ ਜੀ ਬੋਲੇ, ਕਿਉਂ? ਇਸ ਲਈ ਕਿ **ਦਾਤਿ ਪਿਆਰੀ ਵਿਸਰਿਆ ਦਾਤਾਰਾ॥**

ਯਾਨੀ ਦੇਣਹਾਰ ਨੂੰ ਭੁੱਲ ਕੇ ਦਾਤ ਨੂੰ ਪਿਆਰੀ ਜਾਣ ਲਿਆ। ਉਹ ਦੇ ਕੇ ਫਿਰ ਵਾਪਸ ਵੀ ਲੈ ਸਕਦਾ ਹੈ, ਦੇਖ ਗੁਰੂ ਅਰਜਨ ਦੇਵ ਮਹਾਰਾਜ ਜੀ ਕੀ ਹੁਕਮ ਕਰਦੇ ਹਨ—

**ਦਸ ਬਸਤੂ ਲੇ ਪਾਛੈ ਪਾਵੈ॥ ਏਕ ਬਸਤੁ ਕਾਰਨਿ ਬਿਖੋਟਿ ਗਵਾਵੈ॥**
**ਏਕ ਭੀ ਨ ਦੇਇ ਦਸ ਭੀ ਹਿਰਿ ਲੇਇ॥ ਤਉ ਮੂੜਾ ਕਹੁ ਕਹਾ ਕਰੇਇ॥**

*(ਸੁਖਮਨੀ ਸਾਹਿਬ, ਪੰਨਾ—੨੬੮)*

ਬਖਸ਼ੀ ਜੀ ਬੋਲੇ, ਫਿਰ ਕੀਹ ਕੀਤਾ ਜਾਵੇ? ਮਾਈ ਨੇ ਆਖਿਆ ਕੀਤਾ ਕੀ ਜਾਵੇ, ਬਸ ਉਹੀ ਗੁਰੂ ਅਰਜਨ ਦੇਵ ਮਹਾਰਾਜ ਵਾਲੀ ਦਵਾਈ—

**ਜਿਸੁ ਠਾਕੁਰ ਸਿਉ ਨਾਹੀ ਚਾਰਾ॥**
**ਤਾ ਕਉ ਕੀਜੈ ਸਦ ਨਮਸਕਾਰਾ॥**

*(ਸੁਖਮਨੀ ਸਾਹਿਬ, ਪੰਨਾ—੨੬੮)*

ਬਖਸ਼ੀ ਜੀ ਕਹਿਣ ਲੱਗੇ, ਨਮਸ਼ਕਾਰ ਤਾਂ ਹਮੇਸ਼ਾ ਕਰਦੇ ਹੀ ਹਾਂ ਹੋਰ ਕਿਵੇਂ ਕਰੀਏ? ਮਾਤਾ ਬੋਲੀ—

**ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥**

*(ਸਲੋਕੁ ਮ: ੧, ਪੰਨਾ—੪੭੦)*

ਬਖਸ਼ੀ ਜੀ! ਅਗਰ ਪਰਮੇਸ਼ਰ ਦੀ ਖੁਸ਼ੀ ਚਾਹੁੰਦੇ ਹੋ ਤਾਂ ਫਿਰ ਐਸਾ ਕਰੋ—

**ਜਿਸ ਕੀ ਬਸਤੁ ਤਿਸੁ ਆਗੈ ਰਾਖੈ॥ ਪ੍ਰਭ ਕੀ ਆਗਿਆ ਮਾਨੈ ਮਾਥੈ॥**
**ਉਸ ਤੇ ਚਉਗੁਨ ਕਰੈ ਨਿਹਾਲੁ॥ ਨਾਨਕ ਸਾਹਿਬੁ ਸਦਾ ਦਇਆਲੁ॥**

*(ਸੁਖਮਨੀ ਸਾਹਿਬ, ਪੰਨਾ—੨੬੮)*

ਬਖਸ਼ੀ ਪਰਿਵਾਰ ਨੇ ਹਜ਼ੂਰ ਦੇ ਚਰਨਾਂ ਵਿੱਚ ਪਹੁੰਚ ਕੇ ਅਰਜ਼ ਕੀਤੀ, ਮਹਾਰਾਜ ਸਾਡੇ ਤੋਂ ਭੁੱਲ ਹੋ ਗਈ, ਆਪ ਕ੍ਰਿਪਾ ਕਰਕੇ ਬਾਗ਼ ਵਿੱਚ ਠਹਿਰੋ, ਸਾਡੀ ਭੁੱਲ ਕਰਕੇ ਬਾਗ ਸੁੱਕਣਾ ਸ਼ੁਰੂ ਹੋ ਗਿਆ, ਆਪ ਦੇ ਮੁਬਾਰਕ ਚਰਨ ਪੈਣ ਨਾਲ ਸੰਗਤਾਂ ਦੀ ਆਵਾਜਾਈ ਸ਼ੁਰੂ ਹੋ ਜਾਵੇਗੀ, ਫਿਰ ਉਥੇ ਚਹਿਲ ਪਹਿਲ ਹੋ ਸਕਦੀ ਹੈ, ਮਿਹਰ ਕਰੋ ਉਥੇ ਰਹੋ। ਹਜ਼ੂਰ ਬੋਲੇ, ਭਾਈ!

**ਨਹਿ ਕਿਸਹੂੰ ਕੇ ਕਰਿ ਵਿਖੇ ਸਭ ਕਰਤਾਰ ਅਧੀਨ॥**

ਕਰਣਹਾਰ ਤਾਂ ਖੁਦ ਕਰਤਾਰ ਹੈ, ਭਾਈ! ਸਾਡਾ ਆਪਣਾ ਕੋਈ ਸੰਕਲਪ ਨਹੀਂ, ਜਿਥੇ ਉਹ ਰੱਖੇ ਸਾਨੂੰ ਉਸੇ ਵਿੱਚ ਅਨੰਦ ਹੈ, ਅਸੀਂ ਉਸਦੀ ਮੌਜ ਵਿੱਚ ਦਖਲ ਨਹੀਂ ਦੇਣਾ। ਪਰਿਵਾਰ ਨੇ ਫਿਰ ਬੇਨਤੀਆਂ ਕੀਤੀਆਂ, ਮਹਾਰਾਜ ਭੁੱਲਣਹਾਰ ਹਾਂ ਆਪ ਸਦਾ ਬਖਸ਼ਿੰਦ ਹੋ, ਸਾਡੀ ਦਿਲੀ ਇੱਛਾ ਹੈ ਆਪ ਉਥੇ ਰਹੋ। ਪਰਿਵਾਰ ਦੀ ਕੁਝ ਵੇਦਨਮਈ ਹਾਲਤ ਤੇ ਤਰਸ ਕਰਕੇ ਮਿਹਰਾਂ ਦੇ ਸਾਈਂ ਬੋਲੇ, ਚਲੋ ਭਾਈ, ਦੇਖ ਲੈਂਦੇ ਹਾਂ! ਉਸ ਬਗੀਚੇ ਵਾਲੀ ਜਗ੍ਹਾ ਪਹੁੰਚ ਕੇ ਗਹੁ ਨਾਲ ਤੱਕਕੇ ਹੁਕਮ ਕੀਤਾ, ਇਸ ਥਾਂ ਦੋ ਬੂਟੇ ਅਮਰੂਦਾਂ ਦੇ ਲਾ ਦਿਉ। ਮਾਤਾ ਨੇ ਬੇਨਤੀ ਕੀਤੀ, ਮਹਾਰਾਜ ਆਪ ਜੀ ਲਈ ਕੁਟੀਆ ਕਿਥੇ ਬਣਾਈਏ? ਉਸ ਥਾਂ ਵੀ ਚਰਨ ਲਾ ਦਿਉ। ਹੁਕਮ ਕੀਤਾ ਕੁਟੀਆ ਬਣਾਉਣ ਦੀ ਜ਼ਰੂਰਤ ਨਹੀਂ, ਅਸੀਂ ਇਥੇ ਕੋਈ ਛਪਰੀ ਪਵਾ ਲਵਾਂਗੇ। ਪਰਿਵਾਰ ਨੇ ਬਹੁਤ ਬੇਨਤੀਆਂ ਕੀਤੀਆਂ, ਲੇਕਿਨ ਆਪ ਨੇ ਪ੍ਰਵਾਨਗੀ ਨਹੀਂ ਦਿੱਤੀ। ਮਾਈ ਰਾਮ ਪਿਆਰੀ ਆਪਣੇ ਨੌਕਰ ਹੰਸਾ ਸਿੰਘ ਨਾਲ ਰੋਜ਼ ਛੋਟੀ ਕੁਟੀਆ ਆ ਕੇ ਦਰਸ਼ਨ ਕਰਦੀ ਅਤੇ ਕੁਟੀਆ ਬਣਾਉਣ ਵਾਲੀ ਬੇਨਤੀ ਦੁਹਰਾਉਂਦੀ, ਲੇਕਿਨ ਪ੍ਰਵਾਨ ਨਾ ਹੋਈ। ਇਤਨੇ ਨੂੰ ਮਹਾਰਾਜ ਸ਼ਾਇਦ ਆਪਣੀ ਮੌਜ ਵਿੱਚ

ਕਰਨਾਲ ਤੋਂ ਕਿਤੇ ਬਾਹਰ ਚਲੇ ਗਏ, ਉਧਰ ਮਾਈ ਰਾਮ ਪਿਆਰੀ ਨੂੰ ਇਹੀ ਚਿੰਤਾ ਖਾਈ ਜਾਵੇ ਕਿ ਮਹਾਰਾਜ ਕੁਟੀਆ ਬਣਾਉਣ ਦੀ ਪ੍ਰਵਾਨਗੀ ਨਹੀਂ ਦੇ ਰਹੇ। ਇਧਰ ਸਰੀਰ ਫੁੱਟੇ ਘੜੇ 'ਚੋਂ ਸਿੰਮਦੇ ਪਾਣੀ ਦੀ ਨਿਆਂਈ ਛਿਨ-ਛਿਨ ਬੀਤਦਾ ਜਾ ਰਿਹਾ ਹੈ ਕਿਤੇ ਐਸਾ ਨਾ ਹੋਏ, ਸੰਸਾਰ ਤੋਂ ਬੇਮੁੱਖ ਹੀ ਤੁਰ ਜਾਈਏ। ਪਰਮੇਸ਼ਰ ਕ੍ਰਿਪਾ ਕਰੇ, ਇਹ ਬੇਦਾਵਾ ਪਾੜ ਦੇਵੇ। ਇਨ੍ਹਾਂ ਸੋਚਾਂ ਵਿੱਚ ਮਾਈ ਨੂੰ ਇੱਕ ਦਿਨ ਕੁਝ ਪ੍ਰਕਾਸ਼ ਮਿਲਿਆ, ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਅੱਗੇ, ਦੋ ਪਰਚੀਆਂ ਪਾ ਲਈਏ, ਅਗਰ ਸਾਹਿਬ ਦਿਆਲ ਹੋਏ, ਤਾਂ ਕੁਟੀਆ ਬਣਾਉਣ ਵਾਲੀ ਪਰਚੀ ਨਿਕਲ ਆਵੇ। ਮਾਈ ਦੀ ਸੱਚੇ ਦਿਲੋਂ ਕੀਤੀ ਜੋਦੜੀ ਪ੍ਰਵਾਨ ਹੋਈ, ਪਰਚੀ ਕੁਟੀਆ ਬਣਾਉਣ ਵਾਲੀ ਨਿਕਲ ਆਈ। ਇਲਾਹੀ ਹੁਕਮ ਮੰਨ ਕੇ ਪਰਿਵਾਰ ਨੇ ਖੁਸ਼ੀ-ਖੁਸ਼ੀ ਕੁਟੀਆ ਬਣਾਉਣੀ ਸ਼ੁਰੂ ਕੀਤੀ ਜੋ ਥੋੜ੍ਹੇ ਦਿਨਾਂ ਵਿੱਚ ਹੀ ਬਣਕੇ ਤਿਆਰ ਹੋ ਗਈ। ਉਧਰ ਹੁਕਮੀ ਦੀ ਹੁਕਮ ਤਾਰ ਵਿੱਚ ਪਰੋਤੇ ਦਿਲਾਂ ਦੀ ਜਾਣਨਹਾਰ ਦਾਤੇ ਭੀ ਕੁਝ ਸਮੇਂ ਬਾਅਦ ਕਰਨਾਲ ਪਹੁੰਚ ਗਏ, ਛੋਟੀ ਕੁਟੀਆ। ਉਸੇ ਤਰ੍ਹਾਂ ਦਿਨ ਨੂੰ ਸਤਿਸੰਗ ਛੋਟੀ ਕੁਟੀਆ ਕਰਨਾ, ਅਤੇ ਰਾਤ ਸ੍ਰੀ ਅਹੂਜਾ ਦੇ ਬਾਗ ਵਿੱਚ ਠਹਿਰਨਾ, ਬਿਜਲੀ ਘਰ। ਮਾਈ ਰਾਮ ਪਿਆਰੀ ਰੋਜ਼ ਦਰਸ਼ਨਾਂ ਲਈ ਆਵੇ, ਕੁਟੀਆ ਵਿਚ ਚਰਨ ਪਾਉਣ ਲਈ ਬੇਨਤੀ ਕਰੇ, ਲੇਕਿਨ ਸਾਂਈ ਮੁਸਕਰਾਕੇ ਚੁੱਪ ਕਰ ਜਾਣ, ਹਾਂ ਜਾਂ ਨਾਹ ਦਾ ਕੋਈ ਉੱਤਰ ਨਾ ਦੇਣ। ਇਸ ਤਰ੍ਹਾਂ ਕੁਝ ਦਿਨ ਬੀਤ ਗਏ, ਫਿਰ ਇੱਕ ਦਿਨ ਮਾਈ ਦੇ ਘਰ ਵਾਲਾ ਸ੍ਰੀ ਅਮਰਨਾਥ ਬਖਸ਼ੀ ਨੇ ਮਹਾਰਾਜ ਦੇ ਚਰਨਾ ਵਿੱਚ ਆ ਕੇ ਅਰਜ਼ ਕੀਤੀ। ਅੱਜ ਹਜ਼ੂਰ ਦਿਆਲਤਾ ਦੇ ਘਰ ਆਏ, ਬੇਨਤੀ ਦਰ ਕਬੂਲ ਹੋਈ, ਹੁਕਮ ਕਰ ਦਿੱਤਾ, ਤੁਸੀਂ ਚਿੰਤਾ ਨਾ ਕਰੋ, ਘਰ ਜਾਉ, ਅਸੀਂ ਉਥੇ ਆਪ ਹੀ ਚਲੇ ਜਾਵਾਂਗੇ। ਅੱਜ ਉਸ ਥਾਂ ਦੇ ਭਾਗ ਜਾਗੇ ਇੱਕ ਦੋ ਸੇਵਾਦਾਰਾਂ ਨੂੰ ਨਾਲ ਲੈ ਕੇ ਮਹਾਰਾਜ ਉਥੇ ਪਹੁੰਚ ਗਏ, ਘਾਸ-ਫੂਸ ਦੀ ਇਕ ਕੁੱਲੀ ਬਣਾ ਕੇ ਉਸ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ। ਬਿਜਲੀ ਘਰ ਸ੍ਰੀ ਅਹੂਜਾ ਦੇ ਬਾਗ਼ ਵਿੱਚ ਜਾਣਾ ਹੁਣ ਬੰਦ ਕਰ ਦਿੱਤਾ, ਚੌਵੀ ਘੰਟੇ ਇਥੇ ਹੀ ਰਹਿੰਦੇ, ਸਤਿਸੰਗ ਹੁੰਦਾ, ਸੰਗਤਾਂ ਜੁੜਦੀਆਂ, ਮਾਨੋ ਬੈਕੁੰਠ ਨਗਰ ਬਣ ਗਿਆ। ਮਾਈ ਰਾਮ ਪਿਆਰੀ ਅਤੇ ਸਾਰਾ ਬਖਸ਼ੀ ਪਰਿਵਾਰ ਭਾਵੇਂ ਇਸ ਗੱਲੋਂ ਤੇ ਖੁਸ਼ ਹੈ ਕਿ ਹਜ਼ੂਰ ਨੇ ਹੁਣ ਬਾਗ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ, ਲੇਕਿਨ ਇਕ ਚਿੰਤਾਂ ਅਜੇ ਵੀ ਅੰਦਰੋਂ ਘੁਣ ਵਾਂਗ ਖਾਈ ਜਾ ਰਹੀ ਹੈ ਕਿ ਹਜ਼ੂਰ ਕੁਟੀਆ ਵਿੱਚ ਪ੍ਰਵੇਸ਼ ਕਿਉਂ ਨਹੀਂ ਕਰਦੇ, ਜੋ ਬਣਾਈ ਹੀ ਇਨ੍ਹਾਂ ਲਈ ਹੈ। ਬੇਨਤੀਆਂ ਤਾਂ ਭਾਵੇਂ ਰੋਜ਼ ਹੀ ਕਰਦੇ ਸਨ ਅੱਜ ਸਾਰੇ ਪਰਿਵਾਰ ਨੇ ਇਕੱਠੇ ਹੋ ਕੇ ਅਰਜ਼ ਕੀਤੀ, ਮਹਾਰਾਜ! ਅਸੀਂ ਆਪੇ ਦੇ ਬਖਸ਼ੇ ਪੱਕੇ ਮਕਾਨਾਂ ਵਿੱਚ ਸੌਂਦੇ ਹਾਂ, ਆਪ ਕੱਖਾਂ ਕਾਨਿਆਂ ਦੀ ਛਪਰੀ ਵਿੱਚ ਬਿਰਾਜੋ, ਇਹ ਸਾਡੇ ਲਈ ਧੱਬਾ ਹੈ। ਹਜ਼ੂਰ ਬੋਲੇ, ਭਾਈ! ਮਾਲਕ ਦੇ ਹੁਕਮ ਵਿੱਚ ਰਹਿਣਾ ਹੀ ਜੀਵਨ ਹੈ, ਹੁਕਮ ਤੋਂ ਬੇਮੁਖ ਹੋ ਕੇ ਜਿਉਣ ਨਾਲੋਂ ਮੌਤ ਚੰਗੀ।

ਇਸ ਪ੍ਰਕਾਰ ਕਈ ਮਹੀਨੇ ਗੁਜਰ ਗਏ; ਉਸੇ ਤਰ੍ਹਾਂ ਸਤਿਸੰਗ ਦੇ ਅਖਾੜੇ ਅਤੇ ਉਸੀ ਤਰ੍ਹਾਂ ਜੀਵਾਂ ਦੇ ਉਧਾਰ ਦੀ ਕਾਰ ਉਸੀ ਤਰ੍ਹਾਂ ਭੋਗ ਮੋਖ ਦੀਆਂ ਦਾਤਾਂ ਦੇ ਖੁੱਲ੍ਹੇ ਵਰਤਾਰੇ, ਪਰੰਤੂ ਫਿਰ ਵੀ ਵਿਰੱਕਤੀ ਠਾਠ ਕਿ ਸ਼ਹਿਨਸ਼ਾਹੀ ਦਰਬਾਰ ਦੀ ਸ਼ਾਨੋ ਸ਼ੌਕਤ ਵਿੱਚ ਸਮਾਂ ਗੁਜ਼ਰਦਾ ਗਿਆ। ਸਭ ਸੰਗਤਾਂ ਬੈਕੁੰਠ ਵਰਗਾ ਅਨੰਦ ਮਾਣ ਰਹੀਆਂ ਹਨ, ਲੇਕਿਨ ਮਾਈ ਰਾਮ ਪਿਆਰੀ ਉਦਾਸ ਹੈ। ਜਿਵੇਂ-ਜਿਵੇਂ ਸਮਾਂ ਗੁਜ਼ਰਦਾ ਹੈ, ਮਾਈ ਦੀ ਉਦਾਸੀ ਵਧੀ ਜਾ ਰਹੀ ਹੈ। ਅੱਜ ਮਾਈ ਰਾਮ ਪਿਆਰੀ ਨੇ ਬਹੁਤ ਉਦਾਸ ਚਿੱਤ ਅਰਦਾਸ ਕੀਤੀ, ਮਹਾਰਾਜ! ਇਉਂ ਲੱਗ ਰਿਹਾ ਹੈ ਕਿ ਇਸ ਜਨਮ ਆਪ ਦੇ ਚਰਨਾਂ ਦੀ ਖੁਸ਼ੀ ਨਸੀਬ ਨਹੀਂ ਹੋਣੀ। ਅਰਜ਼ ਕਰਨ ਦੇ ਸਮੇਂ ਮਾਨੋਂ ਮਾਈ ਦਾ ਰੋਮ-ਰੋਮ ਰੋ ਰਿਹਾ ਹੈਂ ਅੱਜ ਪ੍ਰਤੀਤ ਹੋ ਰਿਹਾ ਹੈ ਮਾਈ ਦੀ ਹਿਰਦੇ ਦੀ ਕਿਸੇ ਡੂੰਘੀ ਤਹਿ ਵਿੱਚੋਂ ਹੂਕ ਨਿਕਲੀ ਸੀ ਜੋ ਦਰ ਪ੍ਰਵਾਨ ਹੋਈ। ਅਰਜ਼ ਕੀ ਪ੍ਰਵਾਨ ਹੋਈ, ਮਾਈ ਰਾਮ ਪਿਆਰੀ ਮਾਨੋਂ ਅੱਜ ਸਹੀ ਅਰਥਾਂ ਵਿੱਚ ਰਾਮ ਦੀ ਪਿਆਰੀ ਹੋ ਗਈ, ਮਾਨੋਂ ਰਾਮ ਦੇ ਦਰ ਪ੍ਰਵਾਨ ਹੋ ਗਈ। ਇਲਾਹੀ ਨਾਦ ਹੋਇਆ, ਮਾਤਾ ਪਹਿਲਾਂ ਗੁਰੂਆਨ ਗੁਰੂ ਕਲਯੁਗ ਦੇ ਜਹਾਜ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਚਰਨ ਪਵਾਉ, ਕੁਟੀਆ ਪਵਿੱਤਰ ਕਰਵਾਉ, ਫਿਰ ਗੁਰੂਆਂ ਦੀ ਚਰਨ ਧੂੜੀ ਦਾ ਆਪਾਂ ਵੀ ਨਿੱਘ ਮਾਣ ਲਵਾਂਗੇ। ਹਜ਼ੂਰ ਦੇ ਪਵਿੱਤਰ ਮੁੱਖ ਤੋਂ ਪ੍ਰਵਾਨੀ ਦੇ ਆਰਡਰ ਸੁਣਕੇ, ਮਾਈ ਗਦ-ਗਦ ਹੋ ਗਈ, ਮਾਨੋਂ ਜੁਗਾਂ ਤੋਂ ਹੋ ਰਹੀਆਂ ਬੇਨਤੀਆਂ ਅੱਜ ਦਰ ਪ੍ਰਵਾਨ ਹੋ ਗਈਆਂ। ਪਰਿਵਾਰ ਅਤੇ ਸੰਗਤ ਵੱਲੋਂ ਮਿਲਕੇ ਸਾਰੀ ਤਿਆਰੀ ਕਰ ਲਈ ਗਈ ਉਪਰੰਤ ਸ੍ਰੀਅਖੰਡ ਪਾਠ ਸਾਹਿਬ ਆਰੰਭ ਹੋ ਗਿਆ, ਇਤਨੇ ਨੂੰ ਕਿਸੇ ਹੋਰ ਪ੍ਰੇਮੀ ਨੇ ਆ ਕੇ ਅਰਜ਼ ਕੀਤੀ, ਮਹਾਰਾਜ ਮੈਂ ਇੱਕ ਆਖੰਡ ਪਾਠ ਸਾਹਿਬ ਕਰਵਾਉਣਾ ਹੈ ਆਪ ਕ੍ਰਿਪਾ ਕਰਕੇ ਇਥੇ ਕੁਟੀਆ ਹੀ ਕਰਵਾ ਦਿਉ! ਪ੍ਰੇਮੀ ਦੀ ਬੇਨਤੀ ਦਾਤੇ ਦੇ ਦਰ ਪ੍ਰਵਾਨ ਹੋ ਗਈ, ਹੁਕਮ ਕਰ ਦਿੱਤਾ ਠੀਕ ਹੈ ਇਸ ਤੋਂ ਬਾਅਦ ਤੁਹਾਡੇ ਵੱਲੋਂ ਹੋ ਜਾਵੇਗੇ,

ਫਿਰ ਹੋਰ-ਹੋਰ ਪ੍ਰੇਮੀ ਆਉਂਦੇ ਗਏ, ਇਸ ਪ੍ਰਕਾਰ ਇੱਕ-ਇੱਕ ਕਰਕੇ ਲੜੀਵਾਰ ਸੱਤ ਅਖੰਡ ਪਾਠ ਸਾਹਿਬ ਸੰਪੂਰਨ ਹੋਏ। ਹੁਣ ਹਜ਼ੂਰ ਨੇ ਉਸ ਕੁਟੀਆ ਵਿੱਚ ਆਸਣ ਲਾ ਲਿਆ, ਆਸਣ ਕੀ ਲਾਇਆ ਜੋ ਕਾਰ ਸਤਿਨਾਮ ਜਪਾਉਣ ਦੀ ਅੱਜ ਤੋਂ ਪਹਿਲਾਂ ਇੱਕ ਛੱਪਰੀ ਵਿੱਚ ਹੋ ਰਹੀ ਸੀ, ਉਹ ਮਾਨੋਂ ਅੱਜ ਤੋਂ ਇਸ ਕੁਟੀਆ ਵਿੱਚ ਸ਼ੁਰੂ ਹੋ ਗਈ।

ਮਾਈ ਰਾਮ ਪਿਆਰੀ ਦਾ ਸਰੀਰ ਤਾਂ ਭਾਵੇਂ ਬਿਆਧੀਆਂ ਦਾ ਸ਼ਿਕਾਰ ਹੈ, ਲੇਕਿਨ ਸਮਾਂ ਹੁਣ ਸ਼ਾਂਤੀ ਪੂਰਵਕ ਗੁਜ਼ਰ ਰਿਹਾ ਹੈ। ਸ਼ਾਇਦ ਜ਼ਿੰਦਗੀ ਦੀ ਆਖਰੀ ਇੱਛਾ ਵੀ ਮਾਈ ਦੀ ਇਹੀ ਸੀ ਜੋ ਜਿਉਂਦੇ ਜੀਅ ਇਹਨਾਂ ਅਸਥੂਲ ਨੇਤਰਾਂ ਨਾਲ ਹੀ ਪੂਰੀ ਹੁੰਦੀ ਪ੍ਰਤੱਖ ਤੱਕ ਲਈ। ਹੁਣ ਮਾਈ ਦਾ ਅੰਤਿਮ ਸਮਾਂ ਨੇੜੇ ਆਇਆ, ਸਰੀਰਕ ਬਿਆਧੀ ਨੇ ਕੁਝ ਜ਼ਿਆਦਾ ਜ਼ੋਰ ਪਾ ਲਿਆ ਦੇਖਕੇ ਪਰਿਵਾਰ ਨੇ ਹਸਪਤਾਲ ਦਾਖਲ ਕਰਵਾ ਦਿੱਤੀ। ਉਧਰ ਮਿਹਰਾਂ ਦੇ ਦਾਤੇ ਨੇ ਸੰਗਤ ਨੂੰ ਹੁਕਮ ਕੀਤਾ ਕਿ ਮਾਈ ਦੇ ਕੋਲ ਹਸਪਤਾਲ ਵਿੱਚ ਤਿੰਨ ਚਾਰ ਸਰੀਰ ਸੰਗਤ ਵਿੱਚੋਂ ਰਹੋ, ਹਰ ਸਮੇਂ ਮਾਈ ਨੂੰ ਗੁਰਬਾਣੀ, ਗਿਆਨ ਚਰਚਾ ਸੁਣਾਉਂਦੇ ਰਹੋ, ਸੰਸਾਰ ਦੀ ਕੋਈ ਗੱਲ ਉਸਦੇ ਕੋਲ ਨਹੀਂ ਕਰਨੀ। ਹਜ਼ੂਰ ਦੇ ਹੁਕਮ ਅਨੁਸਾਰ ਸੰਗਤਾਂ ਨੇ ਐਸਾ ਕੀਤਾ, ਮਾਈ ਦੇ ਕੋਲ ਗੁਰਬਾਣੀ ਯਾ ਗਿਆਨ ਚਰਚਾ ਨਿਰੰਤਰ ਚਾਲੂ ਕਰ ਦਿੱਤੀ। ਉਧਰ ਈਸ਼ਰੀ ਕ੍ਰਿਪਾ ਹੋਈ ਮਾਈ ਦਾ ਮਨ ਗੁਰਬਾਣੀ ਸੁਣਦਾ-ਸੁਣਦਾ ਗੁਰਬਾਣੀ ਵਿੱਚ ਹੀ ਇਉਂ ਲੀਨ ਹੋ ਗਿਆ, ਜਿਵੇਂ ਮਹਾਰਾਜ ਪ੍ਰੀਸ਼ਤ ਦਾ ਮਨ ਅੰਤ ਸਮੇਂ ਸ੍ਰੀ ਮਦ ਭਾਗਵਤ ਸੁਣਦੇ-ਸੁਣਦੇ ਗਿਆਨ ਅਰੂਢ ਹੋ ਗਿਆ ਸੀ। ਮਾਈ ਦੇ ਘਰ ਵਾਲਾ ਸ੍ਰੀ ਅਮਰਨਾਥ ਬਖਸ਼ੀ ਜਦੋਂ ਕੋਲ ਆਇਆ, ਮਾਈ ਨੇ ਆਪਣੇ ਹੱਥ ਤੋਂ ਸੋਨੇਂ ਦੀ ਮੁੰਦਰੀ ਉਤਾਰ ਕੇ ਪਤੀ ਨੂੰ ਫੜਾਉਦਿਆਂ ਕਿਹਾ, ਤੁਹਾਡੇ ਪਰਿਵਾਰਕ ਸੰਬੰਧਾਂ ਦੀ ਮੇਰੇ ਕੋਲ ਇੱਕ ਅਮਾਨਤ ਮੁੰਦਰੀ ਹੀਸੀ, ਇਹ ਆਪਣੀ ਸੰਭਾਲੋ! ਇਸ ਤੋਂ ਬਾਅਦ ਮੇਰਾ ਤੁਹਾਡੇ ਨਾਲ ਕੋਈ ਸੰਬੰਧ ਨਹੀਂ। ਇਹ ਆਖਦੀ ਮਾਈ ਕੁਝ ਪਲਾਂ ਲਈ ਚੁੱਪ ਹੋ ਗਈ, ਨੇਤਰਾਂ ਦੇ ਛਪਰ ਨੀਚੇ ਡਿੱਗ ਪਏ, ਦੋਨੋਂ ਹੱਥ ਜੁੜ ਗਏ, ਬੁੱਲ੍ਹਾਂ ਵਿੱਚੋਂ ਹੁਣ ਧੀਮੀ-ਧੀਮੀ ਆਵਾਜ਼ ਆ ਰਹੀ ਹੈ, ਜੋ ਕੁਝ ਇਉਂ ਸੁਣਾਈ ਦਿੰਦੀ ਹੈ—

ਟੂਟੇ ਬੰਧਨ ਜਾਸੁ ਕੇ ਹੋਆ ਸਾਧੂ ਸੰਗੁ ॥
ਜੋ ਰਾਤੇ ਰੰਗ ਏਕ ਕੈ ਨਾਨਕ ਗੂੜਾ ਰੰਗੁ ॥

*(ਬਾਵਨ ਅਖਰੀ, ਪੰਨਾ—੨੫੨)*

ਹੁਣ ਕੁਝ ਆਵਾਜ਼ ਹੋਰ ਧੀਮੀ ਹੋ ਗਈ, ਬੁੱਲ੍ਹਾ ਦੀ ਹਰਕਤ ਵੀ ਮੱਠੀ ਪੈ ਗਈ, ਲੇਕਿਨ ਗਹਿਰੀ ਦ੍ਰਿਸ਼ਟੀ ਪਾਇਆ ਇਉਂ ਸੁਣਾਈ ਦੇ ਰਿਹਾ ਹੈ—

ਟੂਟੇ ਬੰਧਨ ਜਨਮ ਮਰਨ ਸਾਧ ਸੇਵ ਸੁਖੁ ਪਾਇ ॥
ਨਾਨਕ ਮਨਹੁ ਨ ਬੀਸਰੈ ਗੁਣ ਨਿਧਿ ਗੋਬਿਦ ਰਾਇ ॥

*(ਬਾਵਨ ਅਖਰੀ, ਪੰਨਾ—੨੫੫)*

ਬਸ ਹੁਣ ਬੁੱਲਾਂ ਦੀ ਹਰਕਤ ਬੰਦ ਹੋ ਗਈ, ਸਰੀਰ ਸ਼ਾਂਤ ਹੋ ਕੇ ਇਉਂ ਪਿਆ ਹੈ ਜਿਵੇਂ ਬੇਲੋੜੀ ਜਾਣਕੇ ਤਿਆਗੀ ਸੱਪ ਦੀ ਕੁੰਜ। ਸਾਰੇ ਵਾਤਾਵਰਣ ਵਿੱਚ ਕੁਝ ਇਉਂ ਦਾ ਸ਼ਾਂਤ ਪ੍ਰਭਾਵ ਪ੍ਰਤੀਤ ਦੇ ਰਿਹਾ ਹੈ, ਮਾਨੋਂ ਆਵਾਜ਼ ਆ ਰਹੀ ਹੈ,

ਗੁਰਮਖਿ ਜਨਮ ਸਵਾਰਿ ਦਰਗਹਿ ਚਲਿਆ ॥
ਸੱਚੀ ਦਰਗਹ ਜਾਇ ਸਚਾ ਪਿੜ ਮਲਿਆ ॥

*(ਭਾਈ ਗੁਰਦਾਸ)*

## ਸੰਤ ਭਗਤ ਸਿੰਘ ਜੀ ਦਾ ਸੱਚਖੰਡ ਪਿਆਨਾ

ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥
ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ ॥

*(ਆਸਾ ਮ: ੧, ਪੰਨਾ—੪੩੯)*

* *ਸ੍ਰੀ ਹੰਸ ਰਾਜ ਛਾਬੜਾ ਦੀ ਜਾਣਕਾਰੀ ਦੇ ਆਧਾਰਤ।*

ਕੱਤਿਕ ਦਾ ਮਹੀਨਾ ਸ਼ੁਰੂ ਹੋ ਰਿਹਾ ਹੈ, ਬਰਸਾਤ ਨੇ ਦੋ-ਢਾਈ ਮਹੀਨੇ ਆਪਣੇ ਬਲ ਨਾਲ ਧਰਤੀ ਦੀ ਤਪਸ਼ ਦੂਰ ਕਰ ਦਿੱਤੀ। ਕਿਸਾਨ ਲੋਕ ਖੁਸ਼ੀ-ਖੁਸ਼ੀ ਕਣਕ ਬੀਜਣ ਦੀ ਤਿਆਰੀ ਵਿੱਚ ਲੱਗੇ ਹੋਏ ਹਨ। ਆਕਾਸ਼ ਵਿੱਚ ਪਾਣੀ ਤੋਂ ਬਗੈਰ ਸਫੈਦ ਬੱਦਲ ਕਦੇ-ਕਦੇ ਇਉਂ ਨਜ਼ਰ ਆਉਂਦੇ ਹਨ ਜਿਵੇਂ ਪੁੱਗ ਚੁੱਕੀ ਉਮਰ ਵਾਲਾ ਬਲ ਤੋਂ ਰਹਿਤ ਸਰੀਰ। ਬਰਸਾਤ ਦੇ ਮੌਸਮ ਵਿੱਚ ਪੈਦਾ ਹੋਏ ਜੀਵ ਜੰਤੂ ਇਉਂ ਛੁਪ ਗਏ ਹਨ ਜਿਵੇਂ ਬ੍ਰਹਮ ਬੇਤੇ ਪੁਰਸ਼ ਦੀਆਂ ਵਾਸ਼ਨਾਵਾਂ ਛੁਪ ਜਾਂਦੀਆਂ ਹਨ। ਬਰਸਾਤਾਂ ਦੇ ਪਾਣੀ ਸੁੱਕ ਕੇ ਰਸਤੇ ਸਾਫ ਹੋ ਗਏ ਹਨ ਅਤੇ ਮੁਸਾਫਰ ਲੋਕਾਂ ਨੇ ਆਪੋ-ਆਪਣੇ ਟਿਕਾਣਿਆਂ ਤੇ ਜਾਣ ਲਈ ਸਫਰ ਸ਼ੁਰੂ ਕਰ ਦਿੱਤੇ ਹਨ।

ਇਉਂ ਲੱਗ ਰਿਹਾ ਹੈ ਕਿ ਇਹ ਮਾਤ ਲੋਕ ਦਾ ਸ਼ਹਿਰ ਗੌਰਮਿੰਟ ਨੇ ਵਾਪਾਰ ਕਰਨ ਲਈ ਹੀ ਬਣਾਇਆ ਹੈ, ਯਾਨੀ ਬਿਜ਼ਨਸ ਮਾਰਕੀਟ ਹੈ।

ਇਸ ਮਾਰਕੀਟ ਵਿੱਚ ਕੁਝ ਕੁ ਲੋਕ ਐਸੇ ਹਨ ਜਿਨ੍ਹਾਂ ਨੇ ਅਜੇ ਵਾਪਾਰ ਸ਼ੁਰੂ ਹੀ ਨਹੀਂ ਕੀਤਾ, ਲੇਕਿਨ ਸ਼ਹਿਰ ਦੀ ਸੈਰ ਹੀ ਕਰੀਂ ਜਾਂਦੇ ਹਨ। ਕੁਝ ਕੁ ਐਸੇ ਹਨ ਜਿਨ੍ਹਾਂ ਨੇ ਥੋੜ੍ਹਾ ਬਹੁਤ ਵਾਪਾਰ ਕੀਤਾ ਹੈ, ਕੁਝ ਐਸੇ ਵੀ ਹਨ ਜਿਨ੍ਹਾਂ ਨੇ ਪੂਰਾ ਕੰਮ ਨਿਪਟਾ ਲਿਆ ਹੈ, ਯਾਨੀ ਜੋ ਸਮਾਨ ਵੇਚਣ ਆਏ ਸਨ ਵੇਚ ਦਿੱਤਾ ਅਤੇ ਜੋ ਖਰੀਦਣ ਵਾਲਾ ਸੀ, ਖਰੀਦ ਲਿਆ, ਬਸ ਵੀਜ਼ੇ ਦੀ ਤਰੀਕ ਉਡੀਕ ਰਹੇ ਹਨ, ਵਾਪਸ ਆਪਣੇ ਵਤਨ ਜਾਣ ਲਈ। ਇਥੋਂ ਦੀ ਗੌਰਮਿੰਟ ਦੇ ਕਾਨੂੰਨ ਇੰਨੇ ਸਖ਼ਤ ਹਨ ਕਿ ਕੋਈ ਨੀਯਤ ਕੀਤੀ ਡੇਟ ਵਿੱਚ ਇੱਕ ਪਲ ਦਾ ਵੀ ਵਾਧਾ ਨਹੀਂ ਕਰਵਾ ਸਕਦਾ। ਅਗਰ ਕੋਈ ਅਰਜ਼ੀ ਦੇਵੇ, ਮੈਂ ਅਜੇ ਸੈਰ ਹੋਰ ਕਰਨੀ ਹੈ ਜਾਂ ਮੇਰਾ ਵਾਪਾਰ ਅਧੂਰਾ ਹੈ, ਮੇਰੇ ਵੀਜ਼ੇ ਦੀ ਮਿਆਦ ਵਧਾ ਦਿੱਤੀ ਜਾਵੇ, ਉਸਦੀ ਕੋਈ ਸੁਣਵਾਈ ਨਹੀਂ। ਸਰਕਾਰੀ ਪੁਲੀਸ ਇਤਨੀ ਇਮਾਨਦਾਰ ਹੈ ਉਹ ਰਿਸ਼ਵਤ ਨਹੀਂ ਲੈਂਦੀ, ਕਿਸੇ ਦੀ ਸਿਫਾਰਸ਼ ਨਹੀਂ ਮੰਨਦੀ ਨੀਯਤ ਸਮੇਂ ਤੇ ਯਾਤਰੀ ਨੂੰ ਫੜਕੇ ਆਪਣੇ ਸ਼ਹਿਰ ਦੀ ਹਦ ਤੋਂ ਬਾਹਰ ਕਰ ਦਿੰਦੀ ਹੈ, ਬਗੈਰ ਕਿਸੇ ਛੋਟੇ-ਵੱਡੇ ਦੇ ਲਿਹਾਜ ਕੀਤਿਆਂ। ਪਰੰਤੂ ਇਸ ਸ਼ਹਿਰ ਵਿੱਚ ਕੁਝ ਕੁ ਅਜਿਹੇ ਬੁੱਧੀਵਾਨ ਵੀ ਆਉਂਦੇ ਹਨ ਜੋ ਇਥੋਂ ਦੇ ਕਾਨੂੰਨ ਦੇ ਅੱਛੀ ਤਰ੍ਹਾਂ ਵਾਕਫ ਹਨ, ਉਹ ਇਸ ਸ਼ਹਿਰ ਵਿੱਚ ਪ੍ਰਵੇਸ਼ ਕਰਦੇ ਹੀ ਆਪਣਾ ਵਾਪਾਰ ਸ਼ੁਰੂ ਕਰ ਦਿੰਦੇ ਹਨ, ਬਸ ਵੀਜ਼ੇ ਦੀ ਮਿਆਦ ਦੇ ਅੰਦਰ ਹੀ ਆਪਣਾ ਕੰਮ ਨਿਪਟਾ ਲੈਂਦੇ ਹਨ, ਯਾਨੀ ਵੇਚਣ ਵਾਲਾ ਸਮਾਨ ਵੇਚਕੇ, ਅਤੇ ਖਰੀਦਣ ਵਾਲਾ ਖਰੀਦ ਕੇ ਵਾਪਸੀ ਦੀ ਪੂਰੀ ਤਿਆਰੀ ਕਰੀਂ ਬੈਠੇ ਹਨ, ਬਸ ਤਰੀਕ ਆਈ ਤੇ ਸ਼ਹਿਰ ਨੂੰ ਅਲਵਿਦਾ।

ਅਜਿਹਾ ਹੀ ਸੰਤ ਮਹਾਰਾਜ ਭਗਤ ਸਿੰਘ ਜੀ ਨਾਮ ਦਾ ਇੱਕ ਸਫਲ ਵਪਾਰੀ ਅੱਜ ਤੋਂ ਕੋਈ ਅੱਸੀ ਕੁ ਸਾਲ ਪਹਿਲਾਂ ਇਸ ਸ਼ਹਿਰ ਵਿੱਚ ਆਇਆ ਸੀ, ਵਪਾਰ ਕਰਨ ਲਈ। ਸਮਾਨ ਦੀ ਖਰੀਦ ਫਰੋਖਤ ਤਾਂ ਸ਼ਾਇਦ ਇਨ੍ਹਾਂ ਨੇ ਕਾਫੀ ਸਮਾਂ ਪਹਿਲਾਂ ਹੀ ਮੁਕੰਮਲ ਕਰ ਲਈ ਸੀ, ਪਰੰਤੂ ਅੱਜ 1962 ਈ: ਕੱਤਕ ਦੀ ਮੱਸਿਆ ਵਾਲੇ ਦਿਨ ਤਾਂ ਇਉਂ ਲੱਗ ਰਿਹਾ ਹੈ ਜਿਵੇਂ ਵਾਪਸ ਆਪਣੇ ਵਤਨ ਜਾਣ ਲਈ ਸਮਾਨ ਦੀ ਪੈਕਿੰਗ ਕਰ ਰਹੇ ਹੋਣ।

ਅਜੇ ਕਾਫੀ ਹਨੇਰਾ ਹੀ ਹੈ ਸ੍ਰੀ ਹੰਸ ਰਾਜ ਛਾਬੜ ਜੀ ਨੂੰ ਹੁਕਮ ਕੀਤਾ, ਪੁੱਤਰ! ਅੱਜ ਮੱਸਿਆ ਦਾ ਦਿਨ ਹੈ ਚੱਲ ਨਹਿਰ ਤੇ ਇਸ਼ਨਾਨ ਕਰੀਏ। ਦੋਨੋਂ ਜਾਣਿਆਂ ਨੇ ਨਹਿਰ ਤੇ ਪਹੁੰਚ ਕੇ ਇਸ਼ਨਾਨ ਕੀਤਾ, ਬੱਸ ਉਥੇ ਹੀ ਪ੍ਰੀਤਮ ਦੀ ਯਾਦ ਵਿੱਚ ਜੁੜ ਗਏ। ਜੁੜੇ ਵੀ ਇਤਨੇ ਕਿ ਇਥੋਂ ਦੀ ਦੇਸ਼ ਕਾਲ ਵਸਤੂ ਤੋਂ ਬਿਲਕੁਲ ਬੇਖ਼ਬਰ ਹੋ ਕੇ ਪੂਰਾ ਦਿਨ ਗੁਜ਼ਾਰ ਦਿੱਤਾ। ਜਦੋਂ ਸ਼ਾਮ ਹੋਈ ਤਾਂ ਕੁਟੀਆ ਜਾਣ ਦਾ ਇਸ਼ਾਰਾ ਕੀਤਾ। ਹੰਸ ਰਾਜ ਨੇ ਆਪ ਦੀ ਅੰਤਰ-ਮੁੱਖਤਾ ਦੇਖਕੇ ਸੋਚਿਆ, ਕਿ ਬਾਬਾ ਜੀ ਦਾ ਇਸ ਹਾਲਤ ਵਿੱਚ ਤੁਰਕੇ ਜਾਣਾ ਅਸੰਭਵ ਹੈ, ਇਸ ਲਈ ਰਿਕਸ਼ੇ ਦਾ ਇੰਤਜ਼ਾਮ ਕਰਕੇ ਆਪ ਜੀ ਨੂੰ ਵਿੱਚ ਬਿਠਾ ਕੁਟੀਆ ਪਹੁੰਚ ਗਏ। ਸ਼ਾਮ ਨੂੰ ਥੋੜ੍ਹਾ ਬਹੁਤ ਲੰਗਰ ਛਕਿਆ, ਬੱਸ ਅੰਤਰ ਧਿਆਨ ਹੋ ਗਏ। ਮਾਨੋਂ ਸਭ ਸਮਾਨ ਦੀ ਪੈਕਿੰਗ ਮੁਕੰਮਲ ਹੋ ਗਈ। ਸਵੇਰ ਹੋਈ ਸੰਗਤਾਂ ਆਈਆਂ, ਮਹਾਰਾਜ ਚਾਹ ਛਕ ਲਓ, ਮਹਾਰਾਜ ਦੁੱਧ ਛਕ ਲਉ! ਇਤਿਆਦਿਕ ਆਪੋ ਆਪਣੀ ਸ਼ਰਧਾ ਅਨੁਸਾਰ ਬੇਨਤੀਆਂ ਕਰੀਂ ਜਾਂਦੇ ਹਨ, ਲੇਕਿਨ ਆਪ ਦਾ ਨਾ ਬੁੱਲ੍ਹ ਫਰਕਦਾ ਹੈ, ਨਾ ਬੁੱਲਾਂ ਵਿੱਚ ਹਰਕਤ ਹੈ, ਸਰੀਰ ਚਾਰ ਪਾਈ ਤੇ ਬੜੇ ਸ਼ਾਂਤ ਲਹਿਜੇ ਵਿੱਚ ਇਉਂ ਪਿਆ ਹੈ ਜਿਵੇਂ ਕਈ ਰਾਤਾਂ ਦਾ ਉਨੀਂਦਰਾ ਕੋਈ ਪੁਰਸ਼ ਘੂਕ ਨੀਂਦ ਵਿੱਚ ਸੁੱਤਾ ਪਿਆ ਹੋਵੇ। ਡਾਕਟਰ ਬੁਲਾਇਆ ਗਿਆ, ਉਸਨੇ ਨਬਜ਼, ਬੀ-ਪੀ ਵਗੈਰਾ ਚੈਕ ਕਰਕੇ ਦਸਿਆ ਕਿ ਜਿਤਨੀ ਇਨ੍ਹਾਂ ਦੇ ਸ਼ਰੀਰ ਦੀ ਗਤੀ ਸ਼ਾਂਤ ਅਤੇ ਸਹੀ ਹੈ,

ਕਿਸੇ ਤੰਦਰੁਸਤ ਦੀ ਵੀ ਨਹੀਂ ਹੁੰਦੀ। ਰਾਤ ਗੁਜ਼ਰ ਗਈ, ਦਿਨ ਗੁਜ਼ਰ ਗਿਆ ਅਗਲੀ ਰਾਤ ਫਿਰ ਆ ਗਈ ਪਰ ਮਹਾਂਪੁਰਸ਼ਾਂ ਦੇ ਪਵਿੱਤਰ ਸਰੀਰ ਦੀ ਉਹੀ ਹਾਲਤ, ਨਾ ਅੱਖ ਖੋਲ੍ਹੀ, ਨਾ ਬੁੱਲ ਫਰਕੇ। ਸੰਗਤ ਨੇ ਵਿਚਾਰ ਕਰਕੇ ਕੋਲ ਗੁਰਬਾਣੀ ਦਾ ਪਾਠ ਸ਼ੁਰੂ ਕਰ ਦਿੱਤਾ, ਪਾਠ ਕਰਨ ਵਾਲੇ ਤੋਂ ਜਿਥੇ ਕੋਈ ਲਗਮਾਤਰ ਦੀ ਅਸ਼ੁੱਧੀ ਹੋ ਜਾਂਦੀ, ਉਦੋਂ ਹੀ ਮਹਾਂਪੁਰਸ਼ਾਂ ਦੇ ਬਗੈਰ ਕੋਈ ਬੁੱਲ੍ਹ ਹਿੱਲਿਆਂ ਪਵਿੱਤਰ ਮੁੱਖ ਤੋਂ ਆਵਾਜ਼ ਆਉਂਦੀ, ਊਂ–ਹੂੰ! ਪ੍ਰੇਮੀ ਫਿਰ ਪੁੱਛਦੇ, ਮਹਾਰਾਜ ਦੁੱਧ ਛੱਕ ਲਉ! ਲੇਕਿਨ ਉਹੀ ਚੁੱਪ, ਨਾ ਕੋਈ ਜਵਾਬ ਨਾ ਇਸ਼ਾਰਾ। ਪਾਠ ਕਰਨ ਵਾਲੇ ਤੋਂ ਫਿਰ ਪਾਠ ਦਾ ਗਲਤ ਉਚਾਰਨ ਹੁੰਦਾ, ਫਿਰ ਉਹੀ ਆਵਾਜ਼, ਊ-ਹੂੰ। ਤਿੰਨ-ਚਾਰ ਦਿਨ ਐਸਾ ਹੁੰਦਾ ਰਹਿਆ, ਲੇਕਿਨ ਹੁਣ ਊਂ-ਹੂੰ ਵਾਲੀ ਆਵਾਜ਼ ਵੀ ਬੰਦ ਹੋ ਗਈ, ਯਾਨੀ ਅਸਥੂਲ ਸੂਖਸ਼ਮ ਅਤੇ ਕਾਰਣ ਆਦਿ ਤਿੰਨਾਂ ਸਰੂਪਾਂ ਵੱਲੋਂ ਬਿਲਕੁੱਲ ਬੇਖਬਰ ਹੋ ਕੇ ਤੁਰੀਆ ਵਿੱਚ ਲੀਨ ਹੋ ਗਏ। ਇਸੀ ਤਰੀਕੇ ਚੌਦਾਂ ਦਿਨ ਗੁਜ਼ਰ ਗਏ, ਮਹਾਂਪੁਰਸ਼ਾਂ ਨੇ ਆਪਣੀ ਮੌਜ ਵਿੱਚ ਫਰਕ ਨਹੀਂ ਪਾਇਆ, ਅਤੇ ਸੰਗਤਾਂ ਨੇ ਪਾਠ ਵੀ ਬੰਦ ਨਹੀਂ ਕੀਤਾ। ਅੱਜ ਚੌਦਵੇਂ ਦਿਨ ਸੰਗਤ ਵਿੱਚੋਂ ਕੁਝ ਪ੍ਰੇਮੀ ਵਿਰੱਕਤ ਮਹਾਰਾਜ ਜੀਆਂ ਦੇ ਚਰਨਾਂ ਵਿੱਚ ਪਹੁੰਚੇ ਵੱਡੀ ਕੁਟੀਆ। ਅਰਜ਼ ਕੀਤੀ, ਗਰੀਬ ਨਿਵਾਜ਼! ਛੋਟੀ ਕੁਟੀਆ ਦਰਸ਼ਨ ਬਖਸ਼ਿਸ਼ ਕਰੋ, ਸੰਗਤਾਂ ਨੂੰ ਕੁਝ ਦਿਲਾਸਾ ਮਿਲੇ। ਹਜੂਰ ਆਪਣੀ ਮੌਜ ਵਿੱਚ ਉਸੇ ਸਮੇਂ ਚੱਲ ਪਏ, ਸ਼ਾਮ ਦਾ ਵਕਤ ਸੀ ਪਹੁੰਚ ਗਏ ਛੋਟੀ ਕੁਟੀਆ। ਮਹਾਂਪੁਰਸ਼ਾਂ ਨੂੰ ਗੈਵੀ ਨਜ਼ਰ ਨਾਲ ਨਿਹਾਰਿਆ, ਸੰਗਤਾਂ ਨੂੰ ਧਰਵਾਸ ਦਿੱਤਾ, ਫਿਰ ਵਾਪਸ ਆ ਗਏ, ਵੱਡੀ ਕੁਟੀਆ। ਸੰਗਤਾਂ ਉਸੇ ਤਰ੍ਹਾਂ ਪ੍ਰੇਮ ਨਾਲ ਪਾਠ ਕਰ ਰਹੀਆਂ ਹਨ ਮਹਾਂਪੁਰਸ਼ਾਂ ਦੇ ਕੋਲ। ਅੱਧੀ ਰਾਤ ਗੁਜ਼ਰ ਗਈ ਬ੍ਰਹਮ ਮਹੂਰਤ ਦਾ ਸਮਾਂ ਹੋ ਆਇਆ, ਅੱਜ ਕੱਤਕ ਦੀ ਪੂਰਨਮਾਸ਼ੀ ਹੈ ਯਾਨੀ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦੇ ਪ੍ਰਗਟ ਹੋਣ ਦਾ ਸਮਾਂ ਹੋ ਆਇਆ। ਬਿਲਕੁੱਲ ਉਸੇ ਮੁਬਾਰਕ ਸਮੇਂ ਵਿਰੱਕਤ ਮਹਾਰਾਜ ਜੀ ਛੋਟੀ ਕੁਟੀਆ ਪਹੁੰਚ ਗਏ, ਬ੍ਰਿਧ ਮਹਾਰਾਜ ਜੀਆਂ ਕੋਲ ਬੈਠੀ ਪਾਠ ਕਰ ਰਹੀ ਸੰਗਤ ਨੂੰ ਹੁਕਮ ਕੀਤਾ, ਅੱਜ ਸਾਡੇ ਆਦਿ ਗੁਰੂ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦਾ ਪ੍ਰਕਾਸ਼ ਉਤਸਵ ਹੈ, ਉਨ੍ਹਾਂ ਦੇ ਆਗਮਨ ਦੀ ਖੁਸ਼ੀ ਵਿੱਚ ਇਕ ਸੌ ਇਕ ਰੁਪਏ ਦਾ ਕੜ੍ਹਾਹ ਪ੍ਰਸ਼ਾਦ ਬਣਾਉ। ਸੰਗਤ ਨੇ ਹੁਕਮ ਮੰਨ ਕੇ ਬਣਾਉਣਾ ਸ਼ੁਰੂ ਕਰ ਦਿੱਤਾ। ਆਪ ਇਲਾਹੀ ਇਸ਼ਾਰਾ ਕਰਕੇ ਵਾਪਸ ਵੱਡੀ ਕੁੱਟੀਆ ਚਲੇ ਗਏ। ਬ੍ਰਿਧ ਮਹਾਰਾਜ ਜੀਆਂ ਕੋਲ ਬੈਠੀ ਸੰਗਤ ਪਾਠ ਤਾਂ ਨਿਰੰਤਰ ਕਰ ਹੀ ਰਹੀ ਸੀ ਅਤੇ ਵਿੱਚੋਂ ਹੀ ਕੁਝ ਪ੍ਰੇਮੀ ਪ੍ਰਸ਼ਾਦ ਬਣਾਉਣ ਲੱਗ ਪਏ। ਅਜੇ ਸੱਧੇ ਪੈਸਿਆਂ ਦਾ ਹੀ ਪ੍ਰਸ਼ਾਦ ਬਣਿਆ ਸੀ ਕਿ ਬ੍ਰਿਧ ਮਹਾਰਾਜ ਭਗਤ ਸਿੰਘ ਜੀ ਸਹੀ ਸਵੇਰੇ ਦੇ ਛੇ ਵਜੇ ਸੁਨਿਹਰੀ ਬਿਵਾਣ ਵਿੱਚ ਬੈਠਕੇ ਆਪਣੇ ਨਿਜ ਦੇਸ਼ ਲਈ ਉਡਾਰੀ ਮਾਰ ਗਏ। ਸੰਗਤਾਂ ਵਿੱਚ ਕੁਰਲਾਹਟ ਮੱਚ ਗਈ, ਕਈਆਂ ਨੇ ਰੋਣਾਂ ਕੁਰਲਾਉਣਾ ਸ਼ੁਰੂ ਕਰ ਦਿੱਤਾ, ਕੜ੍ਹਾਹ ਪ੍ਰਸ਼ਾਦ ਜੋ ਬਣ ਗਿਆ ਸੋ ਬਣ ਗਿਆ, ਬਾਕੀ ਬਣਾਉਣਾ ਬੰਦ ਕਰ ਦਿੱਤਾ। ਕੁਝ ਪ੍ਰੇਮੀਆਂ ਨੇ ਵੱਡੀ ਕੁਟੀਆ ਪਹੁੰਚਕੇ ਵਿਰੱਕਤ ਮਹਾਰਾਜ ਜੀਆਂ ਨੂੰ ਦਸਿਆ, ਤਾਂ ਅਰਸ਼ੀ ਪ੍ਰੀਤਮ ਸੁਣਦੇ ਸਾਰ ਹੀ ਨਾਲ ਚੱਲ ਪਏ। ਛੋਟੀ ਕੁਟੀਆ ਜਾ ਕੇ ਪੁੱਛਿਆ, ਪ੍ਰਸ਼ਾਦ ਸਾਰਾ ਬਣ ਗਿਆ? ਪ੍ਰੇਮੀ ਬੋਲੇ, ਮਹਾਰਾਜ! ਅੱਧਾ ਕੁ ਬਣਾ ਕੇ ਬੰਦ ਕਰ ਦਿੱਤਾ। ਹਜੂਰ ਬੋਲੇ ਤੁਹਾਨੂੰ ਖੁਸ਼ੀ ਨਹੀਂ ਹੈ, ਇਸ ਪਵਿੱਤਰ ਦਿਹਾੜੇ ਤੇ ਮਹਾਂਪੁਰਸ਼ ਆਪਣੇ ਘਰ ਗਏ ਹਨ। ਦੇਖੋ ਸ੍ਰੀ ਗੁਰੂ ਅਮਰਦਾਸ ਜੀ ਕੀ ਹੁਕਮ ਕਰਦੇ ਹਨ–

ਸਤਿਗੁਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ॥
ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ॥
ਮਿਤੁ ਪੈਝੈ ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ॥
ਤੁਸੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੂ ਪੈਨਾਵਏ॥
ਸਤਿਗੁਰੂ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ॥

*(ਰਾਮਕਲੀ ਸਦੁ, ਪੰਨਾ–੯੨੩)*

ਇਤਿਆਦਿਕ ਬਚਨ ਗੁਰੂ ਸਾਹਿਬ ਜੀ ਨੇ ਸਾਡੇ ਲਈ ਹੀ ਤਾਂ ਉਚਾਰਨ ਕੀਤੇ ਹਨ, ਸਾਨੂੰ ਤਾਂ ਬਹੁਤ ਖੁਸ਼ੀ ਹੋਈ ਹੈ ਸਾਡਾ ਪਰਮ ਮਿੱਤਰ ਆਪਣੇ ਘਰ ਗਿਆ ਹੈ ਇਸ ਲਈ ਲਿਆਉ ਪ੍ਰਸ਼ਾਦ ਪਹਿਲਾਂ ਅਸੀਂ ਛਕੀਏ! ਇਸ ਪ੍ਰਕਾਰ ਪਹਿਲਾਂ ਹਜ਼ੂਰ ਨੇ ਛਕਿਆ, ਫਿਰ ਹੋਰ ਸਭ ਸੰਗਤਾਂ ਨੇ ਛਕਿਆ, ਫਿਰ ਵੀ ਕਾਫੀ ਬਚ ਗਿਆ, ਹਜ਼ੂਰ ਨੇ ਹੁਕਮ ਕੀਤਾ,

ਹਸਪਤਾਲ ਵਿੱਚ ਜਾ ਕੇ ਵਰਤਾ ਦਿਉ! ਹੁਕਮ ਮੁਤਾਬਿਕ ਬਚਦਾ ਪ੍ਰਸ਼ਾਦਿ ਹਸਪਤਾਲ ਵਿੱਚ ਵਰਤਾ ਦਿੱਤਾ ਗਿਆ। ਸੰਗਤਾਂ ਨੇ ਇਕੱਠੇ ਹੋ ਕੇ ਵਿਰੱਕਤ ਮਹਾਰਾਜ ਜੀਆਂ ਦੀ ਪਵਿੱਤਰ ਚਰਨਾਂ ਵਿੱਚ ਅਰਜ਼ ਕੀਤੀ, ਮਹਾਰਾਜ! ਬ੍ਰਿਧ ਮਹਾਰਾਜ ਜੀਆਂ ਦੀ ਗੰਗਾ ਤੇ ਸ਼ਰਧਾ ਬਹੁਤ ਸੀ, ਜਦੋਂ ਵੀ ਗੰਗਾ ਤੇ ਜਾਂਦੇ ਸਨ ਇਸ਼ਨਾਨ ਕਰਨ ਤੋਂ ਪਹਿਲਾਂ ਡੰਡਵਤ ਪ੍ਰਣਾਮ ਕਰਦੇ ਸਨ ਇਸ ਲਈ ਆਪ ਦਾ ਹੁਕਮ ਹੋਵੇ, ਤਾਂ ਉਨ੍ਹਾਂ ਦੇ ਪਵਿੱਤਰ ਸਰੀਰ ਨੂੰ ਹਰਦੁਵਾਰ ਲਿਜਾ ਕੇ ਗੰਗਾ ਪ੍ਰਵਾਹ ਕੀਤਾ ਜਾਵੇ। ਸੁਣਕੇ ਹਜ਼ੂਰ ਕੁਝ ਦੇਰ ਚੁੱਪ ਰਹੇ, ਫਿਰ ਬੋਲੇ ਭਾਈ! ਸੰਗਤ ਬਹੁਤ ਜ਼ਿਆਦਾ ਹੈ ਇਹ ਫਿਰ ਸਾਰੀ ਕਿਵੇਂ ਜਾਵੇਗੀ? ਪ੍ਰੇਮੀਆਂ ਨੇ ਅਰਜ਼ ਕੀਤੀ, ਮਹਾਰਾਜ ਸ਼ਰਧਾਵਾਨ ਆਪ ਹੀ ਪਹੁੰਚ ਜਾਣਗੇ, ਆਪ ਦਾ ਹੁਕਮ ਹੋਣਾ ਚਾਹੀਦਾ ਹੈ। ਹੁਕਮ ਹੋਇਆ ਐਸਾ ਕਰੋ, ਭਾਈ! ਗੁਰੂ ਸਾਹਿਬ ਤੋਂ ਪ੍ਰਵਾਨਗੀ ਲੈ ਲਵੋ, ਗੰਗਾ ਜਾਂ ਯਮੁਨਾ ਦੀ, ਜਿਵੇਂ ਹੁਕਮ ਹੋਵੇਗਾ ਉਸੇ ਤਰ੍ਹਾਂ ਕਰ ਲੈਣਾ। ਦੋ ਪਰਚੀਆਂ ਲਿਖਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਪਾਈਆਂ ਗਈਆਂ, ਅਰਦਾਸ ਕਰਕੇ ਜਦੋਂ ਚੁੱਕੀ ਤਾਂ ਯਮੁਨਾ ਵਾਲੀ ਨਿਕਲੀ। ਇਲਾਹੀ ਹੁਕਮ ਜਾਣਕੇ ਇਸ਼ਨਾਨ ਕਰਾਉਣ ਤੋਂ ਬਾਅਦ ਪਵਿੱਤਰ ਸਰੀਰ ਨੂੰ ਜਦੋਂ ਯਮੁਨਾ ਨੂੰ ਲੈ ਕੇ ਜਾਣ ਦੀ ਤਿਆਰੀ ਕੀਤੀ, ਤਾਂ ਸੱਤ ਟਰੱਕ ਸੰਗਤ ਦੇ ਨਾਲ ਹੋ ਗਏ। ਵਿਰੱਕਤ ਮਹਾਰਾਜ ਜੀ ਦੀ ਅਗਵਾਈ ਵਿੱਚ ਪਵਿੱਤਰ ਸਰੀਰ ਦੀ ਆਖਰੀ ਯਾਤਰਾ-ਯਮੁਨਾ ਦੇ ਕਿਨਾਰੇ ਪਹੁੰਚ ਗਈ। ਲੱਕੜ ਦੀ ਇੱਕ ਸੁੰਦਰ ਪਾਲਕੀ ਬਣਾਕੇ ਸਰੀਰ ਨੂੰ ਉਸ ਵਿੱਚ ਸੁਸ਼ੋਭਿਤ ਕੀਤਾ ਗਿਆ, ਉਪਰੰਤ ਮਰਿਆਦਾ ਅਨੁਸਾਰ ਅਰਦਾਸ ਕਰਕੇ ਜਲ ਪ੍ਰਵਾਹ ਕਰ ਦਿੱਤਾ। ਸਭ ਸੰਗਤਾਂ ਵਾਪਸ ਆ ਗਈਆਂ, ਵਿਰੱਕਤ ਮਹਾਰਾਜ ਜੀਆਂ ਦੇ ਹੁਕਮ ਮੁਤਾਬਿਕ ਦਿਨ ਨੀਯਤ ਕਰਕੇ ਪਾਠ ਸਾਹਿਬ ਦੇ ਭੋਗ ਪਾਏ ਗਏ, ਉਪਰੰਤ ਗੁਰੂ ਕੇ ਲੰਗਰ ਦੇ ਖੁੱਲ੍ਹੇ ਭੰਡਾਰੇ ਵਰਤਾਏ ਗਏ।

ਬ੍ਰਿਧ ਮਹਾਰਾਜ ਭਗਤ ਸਿੰਘ ਜੀਆਂ ਨੇ ਤਾਂ ਸਰੀਰ ਦੇ ਹੁੰਦਿਆਂ ਹੀ ਸਾਰੀ ਸੰਗਤ ਵਿਰੱਕਤ ਮਹਾਰਾਜ ਜੀਆਂ ਦੀ ਝੋਲੀ ਵਿੱਚ ਪਾ ਦਿੱਤੀ ਸੀ, ਇਸ ਲਈ ਸਭ ਸੰਗਤਾਂ ਆਪ ਜੀਆਂ ਦੀ ਨਿੱਘੀ ਗੋਦ ਦਾ ਅਨੰਦ ਮਾਣ ਰਹੀਆਂ ਹਨ।

ਤਕਰੀਬਨ ਦੋ ਢਾਈ ਮਹੀਨਿਆਂ ਬਾਅਦ ਅਚਾਨਕ ਕਿਸੇ ਨੇ ਆ ਕੇ ਦਸਿਆ ਕਿ ਬ੍ਰਿਧ ਮਹਾਰਾਜ ਜੀਆਂ ਦਾ ਪਵਿੱਤਰ ਸਰੀਰ ਯਮੁਨਾ ਵਿੱਚ ਜਿਥੇ ਜਲ ਪ੍ਰਵਾਹ ਕੀਤਾ ਸੀ, ਉਥੇ ਹੀ ਸਮਾਧੀ ਸਥਿਤ ਅਡੋਲ ਬੈਠਾ ਹੈ। ਸੰਗਤ ਨੇ ਜਾ ਕੇ ਦੇਖਿਆ ਕਿ ਯਮੁਨਾ ਦਾ ਪਾਣੀ ਕਾਫੀ ਉਤਰ ਚੁਕਿਆ ਹੈ। ਸਰੀਰ ਜਿਥੇ ਜਲ ਪਰਵਾਹ ਕੀਤਾ ਸੀ ਉਥੇ ਹੀ ਜਿਉਂ ਦਾ ਤਿਉਂ ਲਕੜ ਦੀ ਪੇਟੀ ਵਿਚ ਸਮਾਧੀ ਸਥਿਤ ਯੋਗੀ ਵਾਂਗ ਬੈਠਾ ਹੈ। ਦੋ-ਢਾਈ ਮਹੀਨਿਆਂ ਬਾਅਦ ਵੀ ਸਰੀਰ ਦੀ ਹਾਲਤ ਇਉਂ ਹੈ ਜਿਵੇਂ ਅੱਜ ਹੀ ਬੈਠੇ ਹੋਣ। ਕੱਪੜੇ ਕੁਝ ਪਾਣੀ ਨਾਲ ਗਲ੍ਹ ਸੜ ਗਏ ਹਨ, ਲੇਕਿਨ ਸਰੀਰ ਦਾ ਕੁਝ ਨਹੀਂ ਵਿਗੜਿਆ, ਸਿਰ ਉਪਰ ਇੱਕ ਕੱਛੂ ਕੁੰਮਾ ਬੈਠਾ ਹੈ, ਲੇਕਿਨ ਬਾਕੀ ਸਰੀਰ ਦੇ ਨੇੜੇ ਕੋਈ ਜਾਨਵਰ ਨਹੀਂ। ਐਸਾ ਦੇਖਕੇ ਸੰਗਤਾਂ ਬਹੁਤ ਹੈਰਾਨ ਹੋਈਆਂ। ਇੱਕ ਦੁੱਧ ਵੇਚਣ ਵਾਲੇ ਨੇ ਦੱਸਿਆ ਕਿ ਮੈਂ ਕਈ ਦਿਨਾਂ ਤੋਂ ਦੇਖ ਰਿਹਾ ਹਾਂ, ਕਿ ਕੋਈ ਸੰਤ ਮਹਾਤਮਾ ਪਾਣੀ ਵਿੱਚ ਬੈਠ ਕੇ ਸਾਧਨਾ ਕਰ ਰਿਹਾ ਹੈ। ਖੈਰ! ਸੰਗਤਾਂ ਨੇ ਪਾਣੀ ਵਿੱਚ ਕੁਝ ਡੂੰਘਾ ਟੋਆ ਪੁੱਟਕੇ ਸਰੀਰ ਨੂੰ ਸਦਾ ਲਈ ਯਮੁਨਾ ਦੇ ਸਪੁਰਦ ਕਰ ਦਿੱਤਾ।*

## ਖੋਖ ਪਿੰਡ ਨੂੰ ਗੁਰਬਾਣੀ ਦੀ ਦਾਤ

ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ॥
ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ॥
ਗੁਰਬਾਣੀ ਲਾਗੇ ਤਿਨ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ॥
ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ॥
ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥
ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥

*(ਆਸਾ ਛੰਤ ਮ: ੪, ਪੰਨਾ—੪੪੨)*

* *ਸ੍ਰੀ ਹੰਸ ਰਾਜ ਅਤੇ ਮਾਤਾ ਬਿਮਲਾ ਦੀ ਜ਼ੁਬਾਨੀ।*

ਬਾਬਾ ਬੇਅੰਤ ਸਿੰਘ ਜੀ ਆਪਣੇ ਸੇਵਕਾਂ ਨੂੰ ਬਚਨ ਕਰਿਆ ਕਰਦੇ ਸਨ, ਕਿ ਪਾਠ ਕਰਵਾਉਣ ਲਈ ਪਾਠੀ ਰਹਿਤ-ਬਹਿਤ ਅਤੇ ਜੀਵਨ ਵਾਲੇ ਹੋਣੇ ਚਾਹੀਦੇ ਹਨ। ਉਨ੍ਹਾਂ ਦੇ ਪਰਲੋਕ ਗਵਨ ਤੋਂ ਬਾਅਦ ਖੋਖ ਪਿੰਡ ਵਿੱਚ ਉਨ੍ਹਾਂ ਦੀ ਸਾਲਾਨਾ ਯਾਦ ਅੱਸੂ ਦੀ ਪੂਰਨਮਾਸ਼ੀ ਵਾਲੇ ਦਿਨ ਬਹੁਤ ਸ਼ਰਧਾ ਪ੍ਰੇਮ ਨਾਲ ਮਨਾਈ ਜਾਂਦੀ ਸੀ, ਅਤੇ ਪੂਜਯ ਵਿਰੱਕਤ ਮਹਾਰਾਜ ਜੀ ਹਰ ਸਾਲ ਉਸ ਬਰਸੀ ਸਮਾਗਮ ਤੇ ਪਹੁੰਚਦੇ ਸਨ। ਮਹਾਰਾਜ ਜੀ ਦਾ ਹੁਕਮ ਹੁੰਦਾ ਸੀ ਕਿ ਬਾਬਿਆਂ ਦੀ ਬਰਸੀ ਤੇ ਪਾਠੀ ਉਹ ਲਾਇਓ ਜੋ ਸ਼ਰਾਬ, ਮਾਸ ਆਦਿਕ ਵਿਕਾਰਾਂ ਤੋਂ ਰਹਿਤ ਹੋਣ। ਉਸ ਸਮੇਂ ਪਿੰਡਾਂ ਵਿੱਚ ਪਾਠੀ ਬਹੁਤ ਘੱਟ ਹੁੰਦੇ ਸਨ ਆਮ ਕਰਕੇ ਦੂਰੋਂ ਨੇੜਿਉਂ ਜਾਂ ਸ਼ਹਿਰਾਂ ਵਿੱਚੋਂ ਹੀ ਲਿਆਉਣੇ ਪੈਂਦੇ ਸਨ। ਤਿੰਨ-ਚਾਰ ਬਰਸੀਆਂ ਤਾਂ ਇਥੇ ਇਸੇ ਤਰ੍ਹਾਂ ਹੀ ਮਨਾਈਆਂ, ਲੇਕਿਨ ਇਸ ਵਾਰ-1962 ਦੀ ਬਰਸੀ ਤੇ ਵਿਰੱਕਤ ਮਹਾਰਾਜ ਜੀ ਨੇ ਸੰਗਤ ਨੂੰ ਹੁਕਮ ਕੀਤਾ ਕਿ ਤੁਸੀਂ ਸੰਤ ਗੋਪਾਲ ਸਿੰਘ ਤੋਂ ਗੁਰਬਾਣੀ ਦੀ ਸੰਥਯਾ ਕਰੋ ਅਤੇ ਸੰਤ ਗੋਪਾਲ ਸਿੰਘ ਜੀ ਨੂੰ ਹੁਕਮ ਕੀਤਾ ਤੁਸੀਂ ਇਥੇ ਰਹਿਕੇ ਸੰਗਤ ਨੂੰ ਗੁਰਬਾਣੀ ਪੜ੍ਹਾਉ। ਹੁਕਮ ਅਨੁਸਾਰ ਸੰਥਯਾ ਸ਼ੁਰੂ ਹੋ ਕੇ ਸਰਦੀ-ਸਰਦੀ ਦੇ ਮਹੀਨੇ ਵਿਦਯਾ ਪੜ੍ਹਨ ਪੜ੍ਹਾਉਣ ਦਾ ਕੰਮ ਚਲਦਾ ਰਿਹਾ, ਲੇਕਿਨ ਸੰਥਯਾ ਪੂਰੀ ਨਾ ਹੋਈ। ਬਾਬਾ ਬੇਅੰਤ ਸਿੰਘ ਜੀ ਦੀ 1963 ਵਾਲੀ ਬਰਸੀ ਤੋਂ ਬਾਅਦ ਗੁਰਬਾਣੀ ਪੜ੍ਹਣ, ਪੜ੍ਹਾਉਣ ਦਾ ਪਵਿੱਤਰ ਕਾਰਜ ਫਿਰ ਸ਼ੁਰੂ ਕੀਤਾ ਗਿਆ, ਫਿਰ ਸੰਨ 1964 ਦੇ ਸ਼ੁਰੂ ਵਿੱਚ ਹੀ ਯਾਨੀ ਮਾਰਚ ਮਹੀਨੇ ਤੱਕ ਮਾਸਟਰ ਬਲਦੇਵ ਸਿੰਘ, ਮਾਸਟਰ ਭਜਨ ਸਿੰਘ, ਨੰਬਰਦਾਰ ਸੁਖਦੇਵ ਸਿੰਘ, ਫੋਰਮੈਨ ਅਮਰ ਸਿੰਘ ਅਤੇ ਕਰਮ ਸਿੰਘ ਆਦਿਕ ਪਾਠੀ ਤਿਆਰ ਹੋ ਗਏ। ਵਿਰੱਕਤ ਮਹਾਰਾਜ ਜੀ ਨੇ ਫਿਰ ਸੰਤ ਦਰਸ਼ਨ ਸਿੰਘ ਜੀ ਨੂੰ ਹੁਕਮ ਕੀਤਾ ਕਿ ਇਨ੍ਹਾਂ ਨੂੰ ਸੰਥਯਾ ਇੱਕ ਵਾਰੀ ਹੋਰ ਪੱਕੀ ਕਰਵਾ ਦਿਉ, ਤਾਂ ਕਿ ਪਿੰਡ ਵਾਲਿਆਂ ਨੂੰ ਕਦੇ ਬਾਹਰੋਂ ਪਾਠੀ ਲਿਆਉਣ ਦੀ ਜ਼ਰੂਰਤ ਨਾ ਪਵੇ। ਇਸ ਲਈ ਪਿੰਡ ਵਿੱਚ ਕਿਸੇ ਨੇ ਵੀ ਪਾਠ ਕਰਵਾਉਣਾ ਹੋਵੇ, ਇਹ ਕਰਿਆ ਕਰਨਗੇ ਅਤੇ ਚੜ੍ਹਾਵੇ ਦੀ ਸਾਰੀ ਮਾਇਆ ਗੁਰਦੁਆਰਾ ਸਾਹਿਬ ਖਰਚ ਕਰਕੇ, ਬਗੈਰ ਭੇਟਾ ਤੋਂ ਨਿਸ਼ਕਾਮ ਸੇਵਾ ਕਰਿਆ ਕਰਨਗੇ। ਸੰਤ ਦਰਸ਼ਨ ਸਿੰਘ ਜੀ ਨੇ ਹੁਕਮ ਮੰਨਕੇ ਦੁਬਾਰਾ ਲੜੀਵਾਰ ਬੀੜ ਤੇ ਸੰਥਯਾ ਸ਼ੁਰੂ ਕਰਵਾਈ, ਜਿਸ ਵਿੱਚ ਜਰਨੈਲ ਸਿੰਘ, ਜੋਗਿੰਦਰ ਸਿੰਘ ਅਤੇ ਰਾਮ ਸਿੰਘ ਕੋਟਲੀ ਆਦਿਕ ਹੋਰ ਵੀ ਵਿਦਿਆਰਥੀ ਸ਼ਾਮਲ ਹੋ ਗਏ। ਸਹਿਜੇ-ਸਹਿਜੇ ਸਾਲ-ਡੇਢ ਸਾਲ ਦੇ ਸਮੇਂ ਯਾਨੀ 1965 ਤੱਕ ਉਪਰੋਕਤ ਸਾਰੇ ਸੱਜਣ ਚੰਗੇ ਪਾਠੀ ਤਿਆਰ ਹੋ ਗਏ। ਮਹਾਰਾਜ ਜੀ ਦੇ ਹੁਕਮ ਅਨੁਸਾਰ ਫਿਰ ਇਨ੍ਹਾਂ ਪ੍ਰੇਮੀਆਂ ਨੇ ਆਪਣੇ ਪਿੰਡ ਤਾਂ ਪਾਠਾਂ ਦੀ ਨਿਸ਼ਕਾਮ ਸੇਵਾ ਸ਼ੁਰੂ ਕਰ ਹੀ ਦਿੱਤੀ ਬਲਕਿ ਦੂਰ ਨੇੜੇ ਯਾਨੀ ਆਪਣੇ ਪਿੰਡ ਤੋਂ ਬਾਹਰ ਦੂਸਰੇ ਪਿੰਡਾਂ ਵਿੱਚ ਵੀ ਪਾਠ ਕਰਨ ਜਾਂਦੇ, ਮਾਇਆ ਸਾਰੀ ਉਸੇ ਪਿੰਡ ਦੇ ਗੁਰਦਵਾਰੇ ਦੇ ਆਉਂਦੇ। ਇਸ ਪ੍ਰਕਾਰ ਪੂਜਯ ਵਿਰੱਕਤ ਮਹਾਰਾਜ ਜੀ ਨੇ ਮਹਾਨ-ਮਹਾਨ ਪਰਉਪਕਾਰ ਦੁਆਰਾ ਖੋਖ ਪਿੰਡ ਵਿੱਚ ਗੁਰਬਾਣੀ ਦਾ ਬੀਜ ਉਗਾਕੇ, ਉਸ ਉੱਗੇ ਹੋਏ ਬੀਜ ਦਾ ਇਲਾਕੇ ਵਿੱਚ ਛੱਟਾ ਦੇ ਦਿੱਤਾ। ਇਸੇ ਲਈ ਹੀ ਇਲਾਕੇ ਦੇ ਰੋਮ-ਰੋਮ ਵਿੱਚੋਂ ਅਵਾਜ਼ ਆ ਰਹੀ ਹੈ—

ਧੰਨੁ ਧੰਨੁ ਧੰਨੁ ਜਨੁ ਆਇਆ॥ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ॥
ਜਨ ਆਵਨ ਕਾ ਇਹੈ ਸੁਆਉ॥ ਜਨ ਕੈ ਸੰਗਿ ਚਿਤਿ ਆਵੈ ਨਾਉ॥
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥

*(ਸੁਖਮਨੀ ਸਾਹਿਬ, ਪੰਨਾ—੨੯੪)*

## ਗੁਰਦਵਾਰਾ ਸਾਹਿਬ ਬਿਸ਼ਨਪੁਰਾ (ਲੋਪੇ)

ਹੋਇ ਨਿਮਾਣੀ ਢਹਿ ਪਈ ਮਿਲਿਆ ਸਹਜਿ ਸੁਭਾਇ॥
ਪੂਰਬਿ ਲਿਖਿਆ ਪਾਇਆ ਨਾਨਕ ਸੰਤ ਸਹਾਇ॥

*(ਸੁਖਮਨੀ ਸਾਹਿਬ, ਪੰਨਾ—੨੯੪)*

ਜ਼ਿਕਰ 1966 ਜਨਵਰੀ ਮਹੀਨੇ ਦੇ ਅਖੀਰ ਦਾ ਹੈ ਜਦੋਂ ਦੁਖੀਆਂ ਦੇ ਮਸੀਹਾ, ਗਿਆਨ ਦੇ ਮਹਾਨ ਸਮੁੰਦਰ, ਡਿੱਠ-ਅਣਡਿੱਠ ਯਾਨੀ ਲੋਕ-ਪਰਲੋਕ ਪਦਾਰਥਾਂ ਦੇ ਦਾਤੇ ਸੰਤ ਮਹਾਰਾਜ ਨਿੱਕਾ ਸਿੰਘ ਜੀ ਵਿਰੱਕਤ, ਭਾਗਵਾਨ ਪਿੰਡ ਖੋਖ ਬੈਠਕੇ ਆਪਣੇ ਪ੍ਰੀਤਮ ਦੀ ਯਾਦ ਵਿੱਚ ਅਭੇਦ ਹੋਏ, ਪਰਉਪਕਾਰ ਦਾ ਮੀਂਹ ਵਰਸਾ ਰਹੇ ਸਨ। ਪ੍ਰੇਮੀ, ਤਰੀਕਾਂ

ਲੈ ਕੇ ਘਰਾਂ ਵਿੱਚ ਅਖੰਡ ਪਾਠ ਸਾਹਿਬ ਕਰਵਾ ਰਹੇ ਹਨ। ਹਜ਼ੂਰ ਭੋਗ ਉਪਰੰਤ ਸ਼ਬਦ ਦੀ ਕਥਾ ਦੁਆਰਾ ਰੱਬੀ ਬਾਣੀ ਦੇ ਇਲਾਹੀ ਗਿਆਨ ਦਾ ਜ਼ੋਰਦਾਰ ਮੀਂਹ ਵਰਸਾ ਰਹੇ ਹਨ, ਐਸਾ ਤਕਰੀਬਨ ਹਰ ਰੋਜ਼ ਹੀ ਹੋ ਰਿਹਾ ਹੈ। ਪਾਠੀ ਕਿਸੇ ਨੇ ਬਾਹਰੋਂ ਨਹੀਂ ਢੂੰਢਣੇ, ਕਿਉਂਕਿ ਮਹਾਂਪੁਰਸ਼ਾਂ ਦੀ ਬਖਸ਼ਿਸ਼ ਦੁਆਰਾ ਤਿਆਰ ਹੋਏ ਪਿੰਡ ਦੇ ਨਵੇਂ ਪਾਠੀ, ਪਿੰਡ ਕੀ, ਇਲਾਕੇ ਵਿੱਚ ਗਰੀਬ ਅਮੀਰ ਯਾਨੀ ਛੋਟੇ-ਵੱਡੇ ਦੇ ਵਿਤਕਰੇ ਤੋਂ ਰਹਿਤ ਹਰ ਲੋੜਵੰਦ ਦੇ ਘਰ ਨਿਸ਼ਕਾਮ ਹੋ ਕੇ ਪਾਠ ਕਰੀਂ ਜਾ ਰਹੇ ਹਨ। ਗਰੀਬ ਲੋੜਵੰਦਾਂ ਲਈ ਲੰਗਰ ਦੇ ਖੁੱਲ੍ਹੇ ਭੰਡਾਰੇ ਵੀ ਹਰ ਰੋਜ਼ ਹੀ ਵਰਤ ਰਹੇ ਹਨ।

ਅੱਜ ਅਜੇ ਸੂਰਜ ਨਹੀਂ ਚੜ੍ਹਿਆ, ਸਰਦੀ ਬਹੁਤ ਜ਼ੋਰਦਾਰ ਪੈ ਰਹੀ ਹੈ, ਕੋਰਾ ਇਤਨਾ ਪਿਆ ਹੈ ਕਿ ਖੇਤ ਚਿੱਟੇ ਹੋਏ ਪਏ ਹਨ। ਤੇਜ਼ ਸਰਦੀ ਦੀ ਵਜ੍ਹਾ ਕਰਕੇ ਲੋਕ ਘਰੀਂ ਬੈਠੇ ਰਜਾਈਆਂ ਦਾ ਨਿੱਘ ਮਾਣ ਰਹੇ ਹਨ, ਲੇਕਿਨ ਫਿਰ ਵੀ ਟਾਂਵੇ ਵਿਰਲੇ, ਰੱਬ ਦੇ ਪ੍ਰੇਰੇ, ਜਾਂ ਕਿਸੇ ਸੰਜੋਗ ਦੇ ਖਿੱਚੇ ਆਪੋ-ਆਪਣੇ ਕੰਮਾਂ ਲਈ ਜਾ ਰਹੇ ਹਨ। ਪੂਰਬ ਵੱਲ ਤੱਕਿਆ ਇਉਂ ਲੱਗ ਰਿਹਾ ਹੈ ਜਿਵੇਂ ਗਹਿਰੀ ਤੇਜ਼ ਲਾਲੀ ਨੇ ਚੰਦੋਆ ਤਾਣ ਰੱਖਿਆ ਹੋਵੇ, ਲੇਕਿਨ ਇਹ ਅਜੇ ਪੂਰਾ-ਪੂਰਾ ਥਹੁ ਨਹੀਂ ਲੱਗ ਰਿਹਾ, ਕਿ ਇਹ ਲਾਲੀ ਪੂਰਬ ਵਿੱਚੋਂ ਉਦਯ ਹੋ ਰਹੇ ਸੂਰਜ ਦੀ ਹੈ ਜਾਂ ਕਿਸੇ ਸੰਜੋਗ ਦੀ।

ਗੁਰਨਾਮ ਸਿੰਘ ਘਰੋਂ ਚਾਹ ਲੈ ਕੇ ਕੁਟੀਆ ਪਹੁੰਚ ਗਿਆ, ਹਜ਼ੂਰ ਦੇ ਚਰਨਾਂ ਵਿੱਚ ਨਮਸ਼ਕਾਰ ਕਰ ਚਾਹ ਪਾ ਕੇ ਦਿੱਤੀ। ਅੰਤਰਜਾਮੀ ਦਾਤੇ ਨੇ ਪੁੱਛਿਆ, ਗੁਰਨਾਮ ਸਿੰਆਂ! ਇਹ ਲੜਕਾ ਕਿੱਥੋਂ ਹੈ? ਮਹਾਰਾਜ! ਇਹ ਲੋਪਿਆਂ ਤੋਂ ਫਲਾਣੇ ਦਾ ਲੜਕਾ ਹੈ। ਹਜ਼ੂਰ ਨੇ ਪੁੱਛਿਆ, ਇਹ ਰਾਤ ਆ ਗਿਆ ਸੀ, ਕਿ ਸਵੇਰੇ ਹੀ ਆਇਆ ਹੈ? ਮਹਾਰਾਜ ਹੁਣੇ ਹੀ ਆਇਆ ਹੈ, ਇਨ੍ਹਾਂ ਦੇ ਘਰ ਲੜਕੀ ਦੀ ਸ਼ਾਦੀ ਹੈ, ਸ਼ਾਦੀ ਦਾ ਕੁਝ ਸਮਾਨ ਖਰੀਦਣ ਲਈ ਪਟਿਆਲੇ ਜਾਣਾ ਹੈ, ਇਸ ਲਈ ਮੈਨੂੰ ਨਾਲ ਲੈ ਕੇ ਜਾਣ ਵਾਸਤੇ ਆਇਆ ਹੈ, ਹੁਣ ਆਪ ਜੀਆਂ ਦੇ ਦਰਸ਼ਨ ਕਰਕੇ ਪਟਿਆਲੇ ਨੂੰ ਜਾਵਾਂਗੇ। ਸੰਜੋਗਾਂ ਦੇ ਰਚਨਹਾਰ ਸਾਂਝੀ ਨੇ ਪੁੱਛਿਆ, ਓਹ ਭਾਈ! ਤੁਹਾਡੇ ਪਿੰਡ ਗੁਰਦੁਆਰਾ ਹੈ? ਨਾ ਮਹਾਰਾਜ! ਹੈ ਨਹੀਂ। ਪਿੰਡ ਤੁਹਾਡਾ ਸਿੱਖਾਂ ਦਾ ਹੋਵੇ, ਗੁਰਦੁਆਰਾ ਸਾਹਿਬ ਪਿੰਡ ਵਿੱਚ ਹੋਵੇ ਨਾ, ਫਿਰ ਸਿੱਖੀ ਕਾਹਦੀ ਹੋਈ? ਗੁਰਨਾਮ ਸਿੰਘ ਬੋਲਿਆ, ਮਹਾਰਾਜ! ਜ਼ਮੀਨ ਤਾਂ ਚਾਰ ਬਿੱਘੇ ਮਿਲਦੀ ਹੈ, ਲੇਕਿਨ ਜ਼ਮੀਨ ਦੇਣ ਵਾਲੇ ਦੀ ਪਿੰਡ ਦੇ ਲੋਕਾਂ ਨਾਲ ਬਣਦੀ ਘੱਟ ਹੈ; ਇਸ ਲਈ ਲੋਕ ਨਾਲ ਲੱਗਦੇ ਨਹੀਂ, ਗੁਰਦੁਆਰਾ ਬਣਦਾ ਨਹੀਂ। ਹਜ਼ੂਰ ਬੋਲੇ, ਲੋਕ ਨਹੀਂ ਲੱਗਦੇ ਤੁਸੀਂ ਬਣਾਉ! ਬੁਲਾਉ ਜਥੇਦਾਰ ਨੂੰ! ਕੁਟੀਆ ਦੇ ਨਾਲ ਲੱਗਦੇ ਖੇਤ ਵਿੱਚ ਇੱਕ ਬੰਦਾ ਕਣਕ ਨੂੰ ਪਾਣੀ ਲਾ ਰਿਹਾ ਸੀ, ਗੁਰਨਾਮ ਸਿੰਘ ਨੇ ਬੁਲਾ ਕੇ ਕਿਹਾ, ਜਥੇਦਾਰ ਨੂੰ ਬੁਲਾ ਕੇ ਲਿਆ! ਉਹ ਬੰਦਾ ਜਥੇਦਾਰ ਨੂੰ ਬੁਲਾਉਣ ਚਲਿਆ ਗਿਆ, ਪਿਛੋਂ ਉਸ ਲੋਪੇ ਵਾਲੇ ਪ੍ਰੇਮੀ ਨੇ ਬੇਨਤੀ ਕੀਤੀ, ਮਹਾਰਾਜ ਕ੍ਰਿਪਾ ਕਰੋ, ਲੜਕੀ ਦੇ ਅਨੰਦ ਕਾਰਜਾਂ ਤੇ ਆਪ ਦਰਸ਼ਨ ਬਖਸ਼ਿਸ਼ ਕਰੋ! ਅਰਸ਼ੀ ਪ੍ਰੀਤਮ ਮੁਸ਼ਕਰਾ ਕੇ ਟਾਲ-ਟਪ ਕਰਦਾ ਰਿਹਾ, ਲੇਕਿਨ ਉਧਰ ਪ੍ਰੇਮੀ ਵੀ ਬਾਰ-ਬਾਰ ਬੇਨਤੀ ਕਰੀਂ ਜਾ ਰਿਹਾ ਹੈ, ਮਹਾਰਾਜ ਮਿਹਰ ਕਰੋ, ਜ਼ਰੂਰ ਦਰਸ਼ਨ ਬਖਸ਼ਿਸ਼ ਕਰੋ, ਆਪ ਦੇ ਮੁਬਾਰਕ ਚਰਨ ਪੈਣ ਨਾਲ ਕਾਰਜ ਸਫਲ ਹੋ ਜਾਏਗਾ। ਹਜ਼ੂਰ ਬੋਲੇ, ਕਿਸ ਦਿਨ ਹੈ ਸ਼ਾਦੀ? ਮਹਾਰਾਜ! ਫਲਾਣੀ ਤਾਰੀਖ ਦੀ ਹੈ, ਅੱਜ ਦਸ ਦਿਨ ਰਹਿੰਦੇ ਹਨ। ਹਜ਼ੂਰ ਦਾ ਇਲਾਹੀ ਮਸਤਕ ਕਿਸੇ ਅਗੰਮੀ ਨੂਰ ਨਾਲ ਦਮਕਾਂ ਮਾਰ ਉਠਿਆ, ਪਵਿੱਤਰ ਬੁੱਲ੍ਹ ਫਰਕੇ, ਹੁਕਮ ਹੋਇਆ ਜ਼ਰੂਰ ਚਲਾਂਗੇ। ਉਸ ਦਿਨ ਤੱਕ ਤਾਂ ਗੁਰਦਆਰੇ ਤੇ ਵੀ ਲੈਂਟਰ ਪੈ ਜਾਵੇਗਾ, ਸ਼ਾਦੀ ਭਾਵੇਂ ਗੁਰਦਆਰੇ ਲਈ, ਉਥੇ ਗੁਰਦਆਰਾ ਸਾਹਿਬ ਬਣਾਉ। ਕੱਲ੍ਹ ਤੋਂ ਹੀ ਸ਼ੁਰੂ ਕਰ ਦਿਉ, ਪਹਿਲਾਂ ਜਾ ਕੇ ਪਿੰਡ ਦੇ ਲੋਕਾਂ ਨੂੰ ਇਕੱਠੇ ਕਰਕੇ ਨਾਲ ਜੋੜੋ, ਸੰਤ ਦਰਸ਼ਨ ਸਿੰਘ ਨੂੰ ਤੁਹਾਡੇ ਨਾਲ ਭੇਜਾਂਗੇ, ਨੀਂਹ ਰੱਖਣ ਲਈ, ਕੜਾਹ ਪ੍ਰਸ਼ਾਦ ਸਜਾ ਕੇ ਅਰਦਾਸ ਉਪਰੰਤ ਨੀਂਹ ਰੱਖਣੀ। ਅੱਜ ਤੋਂ ਦਸ ਦਿਨਾਂ ਨੂੰ ਇਨ੍ਹਾਂ ਦੇ ਘਰ ਲੜਕੀ ਦੀ ਸ਼ਾਦੀ ਹੈ, ਉਸ ਸਮੇਂ ਤੱਕ ਕਾ ਗੁਰਦਆਰਾ ਸਾਹਿਬ ਬਣ ਜਾਵੇਗਾ, ਇਨ੍ਹਾਂ ਦੇ ਘਰ ਤੁਸੀਂ ਅਖੰਡ ਪਾਠ ਕਰੋ, ਪਾਠੀ ਇਥੋਂ ਲੈ ਕੇ ਜਾਇਉ, ਪਾਠੀ ਆਪਣੀ ਪਾਠ ਦੀ ਡਿਊਟੀ ਤੋਂ ਬਾਅਦ ਗੁਰਦੁਆਰਾ ਸਾਹਿਬ ਜਾ ਕੇ ਸੇਵਾ ਕਰਿਆ ਕਰਨਗੇ, ਭੋਗ ਤੇ ਜੋ ਮਾਇਆ ਚੜ੍ਹੇਗੀ, ਗੁਰਦਆਰਾ ਸਾਹਿਬ ਦੀ ਨਵੀਂ ਬਣ ਰਹੀ ਬਿਲਡਿੰਗ ਤੇ ਲਗ ਜਾਏਗੀ। ਅਨੰਦ ਕਾਰਜ ਵਾਲੇ ਦਿਨ ਅਸੀਂ ਵੀ ਆਵਾਂਗੇ, ਉਸੇ ਦਿਨ ਗੁਰਦਆਰਾ ਸਾਹਿਬ ਦੇ ਦਰਸ਼ਨ ਕਰਾਂਗੇ।

ਪ੍ਰੇਮੀ ਨੇ ਪੁੱਛਿਆ, ਮਹਾਰਾਜ! ਆਪ ਜੀਆਂ ਦੇ ਲੋਪੇ ਆਉਣ ਲਈ, ਮੈਂ ਨਾਭੇ ਤੋਂ ਟੈਕਸੀ ਦਾ ਪ੍ਰਬੰਧ ਕਰ ਲੈਂਦਾ ਹਾਂ, ਇਸ ਲਈ ਆਪ ਜੀ ਜਿਸ ਸਮੇਂ ਚੱਲਣਾ ਚਾਹੋ ਟੈਕਸੀ ਉਸੇ ਵੇਲੇ ਪਹੁੰਚ ਜਾਵੇਗੀ। ਹਜ਼ੂਰ ਬੋਲੇ, ਤੂੰ ਸਾਡੀ ਚਿੰਤਾਂ

ਨਾ ਕਰ ਭਾਈ! ਸਾਡੀ ਆਪਣੀ ਗੱਡੀ ਤਕੜੀ ਹੈ, ਤੂੰ ਸਾਨੂੰ ਅਨੰਦ ਕਾਰਜ ਦਾ ਸਮਾਂ ਦਸ, ਉਸ ਵਕਤ ਅਸੀਂ ਆਪ ਹੀ ਪਹੁੰਚ ਜਾਵਾਂਗੇ, ਸਾਡੇ ਵੱਲੋਂ ਬਿਲਕੁੱਲ ਨਿਸ਼ਚਿਤ ਹੋ ਕੇ ਤੂੰ ਆਪਣਾ ਸ਼ਾਦੀ ਦਾ ਕਾਰਜ ਕਰਦਾ ਰਹਿ। ਹਜ਼ੂਰ ਤੋਂ ਆਗਿਆ ਲੈ ਨਮਸ਼ਕਾਰ ਕਰਕੇ ਚਲੇ ਗਏ। ਦੂਸਰੇ ਦਿਨ ਸਵੇਰੇ ਹੀ ਗੁਰਨਾਮ ਸਿੰਘ ਦੇ ਟਰੈਕਟਰ ਵਿੱਚ ਇੱਟਾਂ, ਲੋਹਾ, ਕੁਝ ਸੀਮਿੰਟ ਦੇ ਥੈਲੇ ਲੱਦ ਕੇ ਪ੍ਰਤਾਪ ਸਿੰਘ ਮਿਸਤਰੀ ਨੂੰ ਥੋਖ ਤੋਂ ਲੈ ਕੇ ਜਥੇਦਾਰ ਨਛੱਤਰ ਸਿੰਘ ਜੀ ਸਵੱਖਤੇ ਹੀ ਲੋਪੇ ਪਿੰਡ ਪਹੁੰਚ ਗਏ। ਪਿੰਡ ਦੇ ਲੋਕਾਂ ਨੂੰ ਇਕੱਠੇ ਕਰਕੇ ਮਹਾਂਪੁਰਸ਼ਾਂ ਦਾ ਹੁਕਮ ਸੁਣਾਇਆ, ਲੋਕ ਵੀ ਦਰਗਾਹੀ ਹੁਕਮ ਸੁਣਦੇ ਸਾਰ ਸੇਵਾ ਵਿੱਚ ਨਾਲ ਲੱਗਣ ਲਈ ਸਹਿਮਤ ਹੋ ਗਏ। ਮਹਾਂਪੁਰਸ਼ਾਂ ਦੇ ਹੁਕਮ ਅਨੁਸਾਰ ਬਾਰਾਂ-ਬਾਰਾਂ ਫੁੱਟ ਦੇ ਕਮਰੇ ਦੀ ਨੀਂਹ ਖੋਤੀ ਗਈ, ਉਪਰੰਤ ਕੜਾਹ ਪ੍ਰਸ਼ਾਦ ਸਜਾ ਕੇ ਗੁਰੂ ਨਾਨਕ ਦੇਵ ਮਹਾਰਾਜ ਦੇ ਚਰਨਾਂ ਵਿੱਚ ਅਰਦਾਸ ਕਰਨ ਤੋਂ ਬਾਅਦ ਸੰਤ ਬਾਬਾ ਦਰਸ਼ਨ ਸਿੰਘ ਜੀ ਨੇ ਆਪਣੇ ਪਵਿੱਤਰ ਹੱਥਾਂ ਨਾਲ ਗੁਰੂ ਘਰ ਦੀ ਨੀਂਹ ਰੱਖੀ। ਇਸ ਪ੍ਰਕਾਰ ਸੇਵਾ ਦਾ ਕਾਰਜ ਸ਼ੁਰੂ ਹੋਣ ਤੇ, ਥੋਖ ਅਤੇ ਲੋਪੇ ਦੀ ਸੰਗਤ ਸੇਵਾ ਕਰਦੀ ਰਹੀ ਅਤੇ ਇੱਟਾਂ ਆਦਿਕ ਬਾਕੀ ਸਮਾਨ ਢੋਣ ਦੀ ਸੇਵਾ ਗੁਰਨਾਮ ਸਿੰਘ ਥੋਖ, ਜਥੇਦਾਰ ਊਧਮ ਸਿੰਘ ਅਗੌਲ, ਅਤੇ ਗਿਆਨੀ ਬਿਕਰਮ ਸਿੰਘ ਪਾਲ੍ਹੀਆਂ ਆਪਣੇ ਟਰੈਕਟਰਾਂ ਨਾਲ ਕਰਦੇ ਰਹੇ। ਇਸ ਪ੍ਰਕਾਰ ਸੇਵਾ ਦਾ ਕਾਰਜ ਚੱਲਦਾ ਰਿਹਾ। ਇਤਨੇ ਨੂੰ ਸ਼ਾਦੀ ਵੀ ਨੇੜੇ ਆ ਗਈ, ਦੋ-ਦਿਨ ਪਹਿਲਾਂ ਥੋਖ ਤੋਂ ਆ ਕੇ ਪਾਠੀਆਂ ਜੁਟਦੇ। ਇਸ ਪ੍ਰਕਾਰ ਪਾਠ ਦੇ ਮੱਧ ਵਾਲੇ ਦਿਨ ਯਾਨੀ ਸ਼ਾਦੀ ਤੋਂ ਇੱਕ ਦਿਨ ਪਹਿਲਾਂ ਦਰਬਾਰ ਸਾਹਿਬ ਤੇ ਲੈਂਟਰ ਪੈ ਗਿਆ। ਇਉਂ ਅਰਸ਼ੀ ਪ੍ਰੀਤਮ ਦਾ ਬਚਨ ਵੀ ਪ੍ਰਤੱਖ ਹੋ ਗਿਆ ਕਿ ਸ਼ਾਦੀ ਤੱਕ ਗੁਰਦਵਾਰਾ ਸਾਹਿਬ ਬਣ ਜਾਵੇਗਾ। ਦੂਸਰੇ ਦਿਨ ਮਹਾਰਾਜ ਜੀ ਗੁਰਨਾਮ ਸਿੰਘ ਨੂੰ ਨਾਲ ਲੈ ਕੇ ਬੀੜ ਵਿੱਚ ਦੀ ਪੈਦਲ ਹੀ ਲੋਪੇ ਪਹੁੰਚ ਗਏ। ਪਹਿਲਾਂ ਗੁਰਦਆਰਾ ਸਾਹਿਬ ਜਾ ਕੇ ਦਰਸ਼ਨ ਕੀਤੇ, ਆਪਣੀ ਮੌਜ ਵਿੱਚ ਆਏ ਬੜੇ ਧਿਆਨ ਨਾਲ ਕਿਸੇ ਗਹਿਰੇ ਭਾਵ ਵਿੱਚ ਖੜ੍ਹੇ ਤੱਕ ਰਹੇ ਹਨ, ਲੇਕਿਨ ਚਿਹਰੇ ਦੀ ਮੁਸਕਾਨ, ਮਸਤਕ ਦਾ ਖਿੜਾਉ, ਅਤੇ ਪ੍ਰਸੰਨ ਮੁਦਰਾ ਤੋਂ ਕੁਝ ਇਉਂ ਦਾ ਭਾਵ ਪ੍ਰਗਟ ਹੋ ਰਿਹਾ ਹੈ, ਜਿਵੇਂ ਆਪਣਾ ਆਪ ਦੇਖਕੇ ਜਾਂ ਕੋਈ ਪੂਰਬ ਦਾ ਸੰਬੰਧ ਜਾਣਕੇ ਮੁਸਕਰਾ ਰਹੇ ਹੋਣ, ਲੇਕਿਨ ਪੂਰਾ-ਪੂਰਾ ਤਾਂ ਉਹ ਆਪ ਹੀ ਜਾਨਣ, ਦੂਸਰਾ ਜਾਨਣ ਨੂੰ ਕੋਈ ਸਮਰੱਥ ਨਹੀਂ। ਖੈਰ, ਇਤਨੇ ਨੂੰ ਆਨੰਦ ਕਾਰਜ ਦੀ ਤਿਆਰੀ ਹੋ ਗਈ, ਅਤੇ ਦਿਆਲੂ ਦਾਤਾ ਵੀ ਅਨੰਦ ਕਾਰਜ ਵਾਲੇ ਅਸਥਾਨ ਤੇ ਪਹੁੰਚ ਗਿਆ। ਅਨੰਦ ਕਾਰਜ ਦੀ ਅਰਦਾਸ ਤੋਂ ਬਾਅਦ ਆਪ ਜੀ ਨੇ ਇਲਾਹੀ ਹੁਕਮਨਾਮੇਂ ਦੀ ਵਿਆਖਿਆ ਸਹਿਤ ਕਥਾ ਕੀਤੀ, ਉਪਰੰਤ ਸੇਵਕਾਂ ਦਾ ਕਾਰਜ ਰਾਸ ਕਰਕੇ, ਗੁਰਦੁਵਾਰਾ ਸਾਹਿਬ ਸਜਾ, ਕੇ ਖੁਸ਼ਕ ਧਰਤੀ ਵਿੱਚ ਪਏ ਕਿਸੇ ਪੁਰਾਤਨ ਬੀਜ ਨੂੰ ਥੋੜ੍ਹਾ ਹਿਲਾ ਕੇ, ਉਸਨੂੰ ਪਾਣੀ ਦਾ ਛਿੱਟਾ ਦੇ ਕੇ, ਗੁਰਨਾਮ ਸਿੰਘ ਨੂੰ ਨਾਲ ਲੈ ਬੀੜ (ਜੰਗਲ) ਵਿੱਚ ਦੀ ਥੋਖ ਪਹੁੰਚ ਗਏ।

## ਬਿਰਹਾ ਦੀ ਪੀੜਾ ਅਤੇ ਅਰਦਾਸ ਦੀ ਸ਼ਕਤੀ

ਜ਼ਿਕਰ 1966 ਈ: ਦੇ ਕਿਸੇ ਸਮੇਂ ਦਾ ਹੈ ਜਦੋਂ ਪੂਜਯ ਵਿਰੱਕਤ ਮਹਾਰਾਜ ਜੀ ਕਈ ਮਹੀਨੇ ਕਰਨਾਲ ਨਾ ਗਏ। ਜੇਠ, ਹਾੜ ਦੀ ਜ਼ੋਰਦਾਰ ਗਰਮੀ ਦਾ ਮੌਸਮ ਗੁਜ਼ਰ ਗਿਆ, ਬਰਸਾਤਾਂ ਸ਼ੁਰੂ ਹੋ ਜਾਣ ਨਾਲ ਸਾਰੀ ਬਨਸਪਤੀ ਬਸੰਤ ਰੁੱਤ ਵਾਂਗ ਜੋਬਨ ਤੇ ਆ ਗਈ। ਕਿਸਾਨ ਲੋਕ ਬਹੁਤ ਖੁਸ਼ ਹਨ, ਇਨ੍ਹਾਂ ਦੀਆਂ ਖੇਤੀਆਂ ਹਰੀਆਂ ਭਰੀਆਂ ਹੋ ਗਈਆਂ, ਆਮ ਲੋਕ ਬਰਸਾਤ ਪੈਣ ਨਾਲ ਜੇਠ, ਹਾੜ ਦੀ ਤਪਸ਼ ਤੋਂ ਛੁਟਕਾਰਾ ਹਾਸਲ ਕਰ ਚੁੱਕੇ ਹਨ, ਮੋਰ ਕਾਲੇ ਬੱਦਲਾਂ ਦੀਆਂ ਘਟਾਂ ਨੂੰ ਦੇਖ-ਦੇਖ ਕੇ ਪੈਲਾਂ ਪਾ-ਪਾ ਨਾਚ ਨੱਚ ਰਹੇ ਹਨ, ਲੇਕਿਨ ਪਪੀਹਿਆਂ ਦੀ ਆਵਾਜ਼ ਤੋਂ ਪ੍ਰਤੀਤ ਹੁੰਦਾ ਹੈ, ਕਿ ਇਹ ਜ਼ਿਆਦਾ ਅਸ਼ਾਂਤ ਹੋ ਗਏ ਹਨ, ਪਹਿਲਾਂ ਦਸ ਮਹੀਨੇ ਇਨ੍ਹਾਂ ਦੀ ਆਵਾਜ਼ ਕਦੇ ਨਹੀਂ ਸੀ ਸੁਣਾਈ ਦਿੱਤੀ, ਹੁਣ ਜਿਸ ਦਿਨ ਤੋਂ ਬਰਸਾਤ ਸ਼ੁਰੂ ਹੋਈ ਹੈ, ਇਨ੍ਹਾਂ ਦੀ ਮੀਂਹੁ-ਮੀਂਹੁ ਦੀ ਦਿਲ ਵਿੰਨਵੀਂ ਕਰੁਣਾ ਮਈ ਕੁਰਲਾਹਟ ਦਿਨ ਰਾਤ ਕੰਨਾਂ ਵਿੱਚ ਪੈ ਰਹੀ ਹੈ, ਕੀ ਇਨ੍ਹਾਂ ਵਿਚਾਰਿਆਂ ਲਈ ਬਰਸਾਤ ਨਹੀਂ ਪਈ? ਸਾਰੀ ਪ੍ਰਕ੍ਰਿਤੀ ਯਾਨੀ ਬਨਾਸਪਤੀ ਦੇ ਤਪ ਰਹੇ ਹਿਰਦੇ ਸ਼ਾਂਤ ਹੋ ਚੁੱਕੇ ਹਨ, ਫਿਰ ਇਹ ਪਪੀਹੇ ਵਿਚਾਰੇ ਕਿਉਂ ਤੜਫੀ ਜਾ ਰਹੇ ਹਨ? ਇਨ੍ਹਾਂ ਨੂੰ ਬਰਸਾਤ ਨਾਲ ਕੀ ਤੱਅਲਕ, ਇਹ ਤਾਂ ਭਾਵੇਂ ਰੋਜ਼-ਰੋਜ਼ ਵਰ੍ਹਦੀ ਰਵੇ, ਇਹ ਪਪੀਹੇ ਤਾਂ ਵਿਚਾਰੇ ਕਿਸੇ ਹੋਰ ਬੂੰਦ ਦੇ ਪਿਆਸੇ ਹਨ, ਜਿਹੜੀ ਸ਼ਾਇਦ ਅਜੇ ਤੱਕ ਨਹੀਂ ਵਰ੍ਹੀ। ਉਸ ਸੁਵਾਂਤੀ ਬੂੰਦ ਤੋਂ ਬਗੈਰ ਮੁਸਲੇਧਾਰ ਬਾਰਸ਼ ਵੀ ਇਨ੍ਹਾਂ ਦੀ ਪਿਆਸ

ਬੁਝਾਉਣ ਲਈ ਸਮਰੱਥ ਨਹੀਂ। ਖੁਦਾ ਕਰੇ ਇਨ੍ਹਾਂ ਵਿਚਾਰਿਆਂ ਦੀ ਪੁਕਾਰ ਦਰ ਪ੍ਰਵਾਨ ਹੋ ਜਾਵੇ, ਹੋਰ ਸ੍ਰਿਸ਼ਟੀ ਦੀ ਤਰ੍ਹਾਂ ਇਹ ਵੀ ਵਿਚਾਰੇ ਸ਼ਾਂਤ ਹੋ ਜਾਣ। ਬਸ ਇੰਨ-ਬਿੰਨ ਇਹੀ ਹਾਲਤ ਕਰਨਾਲ ਸੰਗਤ ਦੀ ਹੋ ਗਈ, ਕਈ ਮਹੀਨੇ ਗੁਜ਼ਰ ਗਏ ਦਰਸ਼ਨ ਹੋਇਆਂ ਨੂੰ, ਦਰਸ਼ਨਾਂ ਦੀ ਗੱਲ ਤਾਂ ਇੱਕ ਪਾਸੇ ਰਹੀ, ਕੋਈ ਸੂੰਹ ਵੀ ਨਹੀਂ ਲੱਗ ਰਹੀ ਕਿ ਕਿੱਥੇ ਹਨ, ਕੋਈ ਥੋੜ੍ਹਾ ਬਹੁਤ ਅਤਾ-ਪਤਾ ਲੱਗੇ, ਢੂੰਢ ਭਾਲ ਕੀਤੀ ਜਾਵੇ। ਆਖਰ ਕੁਝ ਥੋੜ੍ਹੀ ਸੂੰਹ ਲੱਗੀ ਕਿ ਪੂਜਯ ਵਿਰੱਕਤ ਮਹਾਰਾਜ ਜੀ ਹੁਸ਼ਿਆਰਪੁਰ ਦੇ ਇਲਾਕੇ ਵਿੱਚ ਜਗਤ ਉਧਾਰ ਦੀ ਕਾਰ ਕਰ ਰਹੇ ਹਨ। ਸ੍ਰੀ ਅਮਰੀਕ ਚੰਦ ਜੀ ਚਾਵਲਾ, ਸਤੀਸ਼ ਚਾਵਲਾ ਅਤੇ ਸਰਦਾਰ ਗੁਰਬਚਨ ਸਿੰਘ ਜੀ ਡਾਇਮੰਡ ਆਦਿਕ ਤਿੰਨੇ ਸੱਜਣ ਕਾਰ ਵਿੱਚ ਸਵਾਰ ਹੋ ਕੇ ਕ੍ਰਿਸ਼ਨ ਗੋਪਾਲ ਕੋਲ ਹੁਸ਼ਿਆਰਪੁਰ ਪਹੁੰਚ ਗਏ। ਸਾਰੀ ਗੱਲ ਸੁਣਕੇ ਸ੍ਰੀ ਕ੍ਰਿਸ਼ਨ ਗੋਪਾਲ ਨੇ ਦੱਸਿਆ ਕਿ ਮੈਂ ਸੁਣਿਆ ਹੈ ਇਕ ਸੰਤ ਸ਼ੇਰਪੁਰ ਗਰਿੰਡ ਤਕਰੀਬਨ ਇੱਕ ਮਹੀਨੇ ਤੋਂ ਠਹਿਰੇ ਹੋਏ ਹਨ, ਤੁਸੀਂ ਹੁਣ ਅਰਾਮ ਕਰ ਲਉ ਮੈਂ ਸਵੇਰ ਨੂੰ ਉਥੋਂ ਪਤਾ ਲਿਆ ਦਿਆਂਗਾ। ਕ੍ਰਿਸ਼ਨ ਗੋਪਾਲ ਸਵੇਰੇ ਸਵਖਤੇ ਹੀ ਸ਼ੇਰਪੁਰ ਗਰਿੰਡ ਪਹੁੰਚਿਆ, ਪਤਾ ਕਰਨ ਤੇ ਜ਼ੈਲਦਾਰ ਜਗਤ ਸਿੰਘ, ਮੋਹਨ ਸਿੰਘ ਅਤੇ ਸੋਹਨ ਸਿੰਘ ਆਦਿਕ ਪ੍ਰੇਮੀਆਂ ਨੇ ਦਸਿਆ ਕਿ ਮਹਾਰਾਜ ਜੀ ਇਥੇ ਕਾਫੀ ਸਮਾਂ ਗੁਰਬਾਣੀ ਦੀ ਅੰਮ੍ਰਿਤਮਈ ਵਰਖਾ ਕਰਦੇ ਰਹੇ ਹਨ, ਲੇਕਿਨ ਹੁਣ ਇੱਕ ਮਹੀਨਾ ਹੋ ਗਿਆ, ਪਿੰਡ ਚੱਕੋਵਾਲ ਦੇ ਇੱਕ ਪ੍ਰੇਮੀ ਉਜਾਗਰ ਸਿੰਘ ਦੇ ਕੋਲ ਠਹਿਰੇ ਹੋਏ ਹਨ। ਕ੍ਰਿਸ਼ਨ ਗੋਪਾਲ ਘਰ ਜਾ ਕੇ ਚਾਵਲਾ ਆਦਿਕ ਤਿੰਨੇ ਸੱਜਣਾਂ ਨੂੰ ਨਾਲ ਲੈ ਕੇ ਚੱਕੋਵਾਲ ਪਿੰਡ ਪਹੁੰਚਿਆ। ਉਜਾਗਰ ਸਿੰਘ ਨੇ ਦੱਸਿਆ ਕਿ ਹਜ਼ੂਰ ਇਥੇ ਕੁਝ ਦਿਨ ਠਹਿਰ ਕੇ ਭੁੰਗਰਨੀ ਚਲੇ ਗਏ ਸਨ। ਉਥੋਂ ਚਾਰੇ ਸੱਜਣ ਕਾਰ ਲੈ ਕੇ ਭੁੰਗਰਨੀ ਪਹੁੰਚੇ। ਇਥੇ ਪਹੁੰਚ ਕੇ ਨਿਰਮਲੇ ਸੰਤ ਜੋਤਾ ਸਿੰਘ ਦੀ ਕੁਟੀਆ ਦਾ ਪਤਾ ਕੀਤਾ, ਤਾਂ ਉਨ੍ਹਾਂ ਦਸਿਆ ਮਹਾਰਾਜ ਜੀ ਤਾਂ ਪੰਦਰਾਂ ਦਿਨ ਹੋਏ, ਫਲੌਰ ਨੇੜੇ ਨਗਰ-ਨਾਵੇਂ ਪਿੰਡ ਦੇ ਕੋਲ ਇੱਕ ਛੋਟਾ ਜਿਹਾ ਪਿੰਡ ਹੈ ਉਥੇ ਚਲੇ ਗਏ ਹਨ। ਦੁਆਬੇ ਦੀ ਕਲਰਾਠੀ ਧਰਤੀ, ਕੱਚੇ ਰਸਤੇ, ਬਰਸਾਤਾਂ ਦਾ ਮੌਸਮ, ਕਾਰ ਵੀ ਚੱਲਣ ਤੋਂ ਅਸਮੱਰਥ ਹੁੰਦੀ ਜਾਵੇ, ਲੇਕਿਨ ਫਿਰ ਵੀ ਕਿਸੇ ਬਿਰਹਾ ਦੀ ਪਿਆਸੀ, ਕਿਸੇ ਪ੍ਰੇਮ ਦੀ ਧਰੂਹੀ ਜਾ ਪਹੁੰਚੀ ਉਸ ਛੋਟੇ-ਜਿਹੇ ਨਗਰ, ਜਿਥੇ ਕੁਝ ਦਿਨ ਅਰਸ਼ੀ ਪ੍ਰੀਤਮ ਨੇ ਭਾਗ ਲਾਏ ਸਨ। ਉਸ ਪਿੰਡ ਥਹੁ ਪਤਾ ਕਰਨ ਤੇ ਇੱਕ ਸੱਜਣ ਨੇ ਦੱਸਿਆ, ਹਾਂ ਆਏ ਹਨ, ਮੇਰੇ ਨਾਲ ਚੱਲੋ ਸਭ ਦਸ ਦਿੰਦਾ ਹਾਂ। ਕਾਰ ਲੈ ਕੇ ਉਸ ਦੇ ਘਰ ਪਹੁੰਚ ਗਏ, ਪ੍ਰੇਮੀ ਨੇ ਇੱਕ ਮੰਜਾ ਡਾਹ ਕੇ ਬਿਠਾਇਆ ਲੇਕਿਨ ਦਸ ਅਜੇ ਕੁਝ ਨਹੀਂ ਰਿਹਾ। ਇਹ ਲੋਕ ਕਾਹਲੇ ਪੈ ਕੇ ਮਹਾਰਾਜ ਬਾਰੇ ਪੁੱਛੀ ਜਾਂਦੇ ਹਨ, ਲੇਕਿਨ ਉਹ ਸੱਜਣ ਹਾਂ-ਹੂੰ ਕਰਕੇ ਸਮਾਂ ਟਪਾਈ ਜਾ ਰਿਹਾ ਹੈ, ਇਤਨੇ ਨੂੰ ਕੁਝ ਮਿੰਟਾਂ ਬਾਅਦ ਤਿੰਨਾਂ ਦੇ ਅੱਗੇ ਲਿਆ ਕੇ ਪਿੱਤਲ ਦੀਆਂ ਥਾਲੀਆਂ ਰੱਖ ਦਿੱਤੀਆਂ, ਜਿਨ੍ਹਾਂ ਵਿੱਚ ਪ੍ਰੇਮ ਨਾਲ ਭਰਪੂਰ ਕਰਕੇ, ਅੰਮ੍ਰਿਤ ਵਰਗਾ ਉਹ ਲੰਗਰ ਪ੍ਰੋਸਿਆ, ਜਿਹੜਾ ਕਦੇ ਜਗਤ ਮਾਤਾ ਗੰਗਾ ਨੇ ਛਕਾਇਆ ਸੀ ਗੁਰੂ ਘਰ ਦੇ ਮਹਾਨ ਬ੍ਰਿਧ ਬਾਬਾ ਬੁੱਢਾ ਜੀ ਨੂੰ। ਤਿੰਨੇ ਜਣਿਆ ਨੇ ਸ਼ਾਇਦ ਅੱਜ ਪਿਹਲੀ ਵਾਰ ਇਹ ਪ੍ਰਸ਼ਾਦ ਛਕਾਇਆ ਹੈ— ਮਿੱਸੇ ਪ੍ਰਸ਼ਾਦੇ, ਨਾਲ ਗੰਢਾ ਉਪਰ ਮੱਖਣ ਅਤੇ ਲੱਸੀ। ਲੰਗਰ ਛਕੀਂ ਜਾ ਰਹੇ ਹਨ ਨਾਲ ਹੀ ਸੋਚ ਰਹੇ ਹਨ ਕਿ ਜੀਵਨ ਕਣੀ ਵਾਲੇ ਇਸ ਪਰਿਵਾਰ ਨੂੰ ਬਖਸ਼ੇ ਹਨ ਦਾਤੇ ਨੇ ਪ੍ਰੇਮ ਦੇ ਖੁੱਲ੍ਹੇ ਗੱਫੇ। ਲੰਗਰ ਛੱਕਣ ਤੋਂ ਬਾਅਦ ਪ੍ਰੇਮੀ ਨੇ ਦਸਿਆ ਕਿ ਮਹਾਰਾਜ ਅੱਜ ਹੀ ਗਏ ਹਨ ਸਵੇਰੇ, ਉਹ ਪੈਦਲ ਹੀ ਜਾਣਾ ਚਾਹੁੰਦੇ ਸਨ ਲੇਕਿਨ ਮੈਂ ਬਾਰ-ਬਾਰ ਬੇਨਤੀ ਕਰਕੇ ਬੱਸ ਤੇ ਚੜ੍ਹਾ ਕੇ ਆਇਆ ਹਾਂ, ਲੁਧਿਆਣੇ ਜਾਣ ਲਈ। ਉਸ ਪ੍ਰੇਮੀ ਦਾ ਪ੍ਰੇਮ, ਸਹਿਜ ਸੁਭਾ ਅਤੇ ਠਰੰਮਾ ਦੇਖਕੇ ਅਸਚਰਜ ਹੋਈ ਜਾ ਰਹੇ ਹਨ ਤਿੰਨੇ ਸੱਜਣ। ਖੈਰ! ਲੁਧਿਆਣੇ ਵੱਲ ਨੂੰ ਕਾਰ ਭਜਾਈ, ਆ ਕੇ ਅਤਾ ਪਤਾ ਕੀਤਾ, ਕਿਸੇ ਨੇ ਦਸਿਆ ਕਿ ਥੋੜ੍ਹੀ ਦੇਰ ਹੋਈ ਦੁਰਾਹੇ ਵਾਲੇ ਪਾਸੇ ਨੂੰ ਦੋ ਸਾਧੂ ਪੈਦਲ ਹੀ ਜਾਂਦੇ ਦੇਖੇ ਹਨ, ਲੇਕਿਨ ਸਾਨੂੰ ਇਹ ਨਹੀਂ ਪਤਾ ਕਿਥੇ ਜਾਣਾ ਹੈ। ਚਾਵਲਾ ਪ੍ਰੇਮੀ ਉਥੋਂ ਚੱਲਕੇ ਐਥੇ ਉਥੇ ਜਗ੍ਹਾ ਪੁਛਦੇ-ਪੁਛਦੇ ਢੂੰਢ ਭਾਲ ਕਰਦੇ ਖੰਨੇ ਪਹੁੰਚੇ ਗਏ, ਪਰ ਅਰਸ਼ੀ ਦਾਤੇ ਦਾ ਕੋਈ ਥਹੁ ਪਤਾ ਨਾ ਲੱਗਿਆ। ਖੰਨਾ ਸ਼ਹਿਰ ਵੀ ਇਧਰ ਉਧਰ ਦੇ ਟਿਕਾਣਿਆਂ ਤੇ ਪਤਾ ਕਰਦੇ, ਇੱਕ ਕੁਟੀਆ ਵਿੱਚ ਗਏ, ਲੇਕਿਨ ਅੱਗੇ ਕਈ ਸਾਧੂ ਬੈਠੇ ਤਮਾਕੂ, ਚਿਲਮਾਂ ਪੀ ਰਹੇ ਸਨ। ਦੇਖਕੇ ਚਾਵਲਾ ਪ੍ਰੇਮੀਆਂ ਨੇ ਸੋਚਿਆ, ਮਹਾਰਾਜ ਇਥੇ ਨਹੀਂ ਆ ਸਕਦੇ, ਉਥੋਂ ਬਗੈਰ ਪੁੱਛਿਆ ਹੀ ਵਾਪਸ ਜੀ.ਟੀ. ਰੋਡ ਤੇ ਆ ਗਏ, ਅੱਗੇ ਇੱਕ ਨੌਜਵਾਨ ਸਾਧੂ ਮਿਲਿਆ, ਪੁੱਛਣ ਤੇ ਉਸਨੇ ਦਸਿਆ ਕਿ ਪੂਜਯ ਵਿਰੱਕਤ ਜੀ ਤਾਂ ਮੇਰੇ ਗੁਰਦੇਵ ਹਨ, ਮੈਂ ਬਹੁਤ ਬੇਨਤੀ ਕੀਤੀ

ਟਿਕਟ ਲੈ ਕੇ ਦੇਣ ਲਈ, ਲੇਕਿਨ ਪ੍ਰਵਾਨ ਨਹੀਂ ਹੋਈ, ਇਸ ਲਈ ਆਪਣੀ ਮੌਜ ਵਿੱਚ ਪੈਦਲ ਹੀ ਅੱਗੇ ਨੂੰ ਚਲੇ ਗਏ। ਚਾਵਲਾ ਪ੍ਰੇਮੀ ਜਦੋਂ ਕਾਰ ਲੈ ਕੇ ਚੱਲਣ ਲੱਗੇ, ਤਾਂ ਉਹ ਸਾਧੂ ਬੋਲਿਆ, ਮੈਨੂੰ ਵੀ ਨਾਲ ਲੈ ਚੱਲੋ, ਸ਼ਾਇਦ ਦਰਸ਼ਨ ਹੋ ਜਾਣ। ਚਾਵਲਾ ਨੇ ਉਸਨੂੰ ਵੀ ਕਾਰ ਵਿੱਚ ਨਾਲ ਬਿਠਾ ਲਿਆ, ਥੋੜ੍ਹੀ ਦੂਰ ਜਾ ਕੇ ਇੱਕ ਪੈਟਰੋਲ ਪੰਪ ਆਇਆ, ਸਾਧੂ ਬੋਲੇ ਇੱਕ ਮਿੰਟ ਕਾਰ ਰੋਕਿਓ, ਮੈਂ ਮਹਾਰਾਜ ਜੀ ਦੀ ਸੇਵਾ ਲਈ ਇਨ੍ਹਾਂ ਪੈਟਰੋਲ ਪੰਪ ਵਾਲਿਆਂ ਤੋਂ ਸੌ ਰੁਪਇਆ ਲਿਆ ਸੀ, ਲੇਕਿਨ ਹਜੂਰ ਨੇ ਤਾਂ ਇੱਕ ਪੈਸਾ ਵੀ ਨਹੀਂ ਖਰਚਣ ਦਿੱਤਾ, ਉਹ ਸੌ ਰੁਪਏ ਇਨ੍ਹਾਂ ਦਾ ਵਾਪਸ ਕਰ ਦੇਵਾਂ। ਸਾਧੂ, ਪੈਟਰੋਲ ਪੰਪ ਵਾਲਿਆਂ ਨੂੰ ਪੈਸੇ ਵਾਪਸ ਕਰਕੇ ਆ ਗਿਆ, ਹੁਣ ਚਾਰੇ ਸੱਜਣ ਸਰਹਿੰਦ ਪਹੁੰਚ ਗਏ, ਲੇਕਿਨ ਮਹਾਰਾਜ ਜੀ ਦਾ ਕੋਈ ਥਹੁ ਪਤਾ ਨਹੀਂ ਲੱਗਿਆ, ਆਖਰ ਥੱਕ ਟੁੱਟ ਅਤੇ ਨਿਰਾਸ਼ ਹੋ ਕੇ ਰਾਤ ਸਰਹਿੰਦ ਹੀ ਗੁਜਾਰਨ ਦਾ ਫੈਸਲਾ ਕਰ ਲਿਆ। ਰਾਤ ਗੁਜਰੀ ਸਵੇਰੇ ਉਠ ਫਿਰ ਭਾਲ ਸ਼ੁਰੂ ਕੀਤੀ, ਤਾਂ ਭਾਲ ਕਰਦੇ-ਕਰਦੇ ਫਤਹਿਗੜ੍ਹ ਸਾਹਿਬ ਜਾ ਪਹੁੰਚੇ, ਉਥੋਂ ਵੀ ਕੋਈ ਥਹੁ ਟਿਕਾਣਾ ਨਾ ਲੱਭਾ। ਆਖਰ ਚਾਰਾਂ ਨੇ ਸਲਾਹ ਕੀਤੀ, ਕਿ ਹੁਣ ਹੋਰ ਕੋਈ ਚਾਰਾ ਨਹੀਂ ਰਿਹਾ, ਕੱਲ ਦੇ ਭਾਲ ਕਰਦਿਆਂ ਨੂੰ ਬਜਾਏ ਦਰਸ਼ਨ ਹੋਣ ਦੇ ਨਿਰਾਸਤਾ ਹੀ ਪੱਲੇ ਪਈ ਹੈ। ਹੁਣ ਤਾਂ ਇੱਕ ਹੀ ਚਾਰਾ ਹੈ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਚਰਨਾਂ ਵਿੱਚ ਅਰਦਾਸ ਬੇਨਤੀ। ਇਉਂ ਹਰ ਪ੍ਰਕਾਰ ਨਾਲ ਥੱਕ ਟੁੱਟ ਕੇ ਜਦੋਂ ਕੋਈ ਕਾਮਯਾਬੀ ਨਾ ਪ੍ਰਾਪਤ ਹੋਈ, ਯਾਨੀ ਨਾ ਹਜੂਰ ਦੇ ਦਰਸ਼ਨ ਹੋਏ ਅਤੇ ਨਾ ਹੀ ਕੋਈ ਥਹੁ ਪਤਾ ਲੱਗਿਆ, ਤਾਂ ਛੋਟੇ ਸਾਹਿਬਜ਼ਾਦਿਆਂ ਦੀ ਪਾਵਨ ਯਾਦ ਵਿੱਚ ਸੁਸ਼ੋਭਿਤ ਗੁਰਦਆਰਾ ਸਾਹਿਬ ਦੇ ਅੰਦਰ ਜਾ ਕੇ ਅਰਦਾਸ ਬੇਨਤੀ ਕੀਤੀ, ਹੇ ਜਗਤ ਗੁਰੂ ਨਾਨਕ ਦੇਵ ਮਹਾਰਾਜ ਜੀ, ਹੇ ਬਾਬਾ ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ ਜੀ ਮਿਹਰ ਕਰੋ, ਕ੍ਰਿਪਾ ਕਰੋ, ਸਾਧੂ ਜਨੁ ਦੇਹੁ ਮਿਲਾਇ। ਬੁੱਧੀ ਅਤੇ ਧਨ ਦੇ ਸਾਰੇ ਵਸੀਲੇ ਫੇਲ ਹੋ ਜਾਣ ਤੇ ਕੀਤੀ ਅਰਦਾਸ ਦਰ ਪ੍ਰਵਾਨ ਹੋਈ। ਅਰਦਾਸ ਦੀ ਸਮਾਪਤੀ ਤੋਂ ਬਾਅਦ ਜਿਸ ਵਕਤ ਬਾਹਰ ਨਜ਼ਰ ਮਾਰੀ, ਤਾਂ ਗੁਰਬਚਨ ਸਿੰਘ ਨੇ ਰੌਲਾ ਪਾ ਦਿੱਤਾ, ਔਹ ਮਹਾਰਾਜ ਆ ਗਏ, ਮਹਾਰਾਜ ਆ ਗਏ, ਦੌੜ ਕੇ ਚਰਨਾਂ ਤੇ ਨਮਸ਼ਕਾਰਾਂ ਕੀਤੀਆਂ, ਹਜ਼ੂਰ ਵੀ ਆਪਣੀ ਮੌਜ ਵਿੱਚ ਮੁਸਕਰਾਏ। ਖੈਰ, ਗੱਡੀ ਵਿੱਚ ਬੈਠਕੇ ਕਰਨਾਲ ਪਹੁੰਚ ਗਏ।*

## ਪਿੰਡ ਧਨੌਲਾ

ਬਰਨਾਲਾ ਸੰਗਰੂਰ ਰੋਡ ਤੇ ਮਾਲਵੇ ਦਾ ਇਕ ਮਸ਼ਹੂਰ ਪਿੰਡ ਵਸਦਾ ਹੈ ਧਨੌਲਾ ਮੰਡੀ। ਇਹ ਪਿੰਡ ਬਰਨਾਲਾ ਸ਼ਹਿਰ ਤੋਂ ਬਾਰਾਂ ਕਿਲੋਮੀਟਰ ਚੜ੍ਹਦੇ ਵੱਲ ਅਤੇ ਸੰਗਰੂਰ ਸ਼ਹਿਰ ਤੋਂ ਅਠਾਈ ਕਿਲੋਮੀਟਰ ਲਹਿੰਦੇ ਵੱਲ ਮੁੱਖ ਸੜਕ 'ਤੇ ਸਥਿਤ ਹੈ। ਸੰਨ 1960 ਤੋਂ ਪਹਿਲਾਂ ਦਾ ਜ਼ਿਕਰ ਹੈ ਜਦੋਂ ਸੰਤ ਬਾਬਾ ਗੋਪਾਲ ਸਿੰਘ ਜੀ ਅੰਨ ਜਲ ਦੇ ਵੱਸ ਇਸ ਪਿੰਡ ਆਏ। ਆਪ ਨੇ ਪਿੰਡ ਤੋਂ ਬਾਹਰ ਇੱਕ ਖੂਹ ਤੇ ਠਹਿਰ ਕੇ ਆਪਣੀ ਵਿਰੱਕਤੀ ਮੌਜ ਵਿੱਚ ਅੱਠਾਂ ਪਹਿਰਾਂ ਬਾਅਦ ਪਿੰਡ ਵਿੱਚੋਂ ਮਧੂਕੜੀ ਕਰਕੇ ਇਕ ਵਾਰ ਪ੍ਰਸ਼ਾਦਾ ਛੱਕ ਲੈਣਾ, ਫਿਰ ਚੌਵੀ ਘੰਟੇ ਪ੍ਰੀਤਮ ਦੀ ਯਾਦ ਵਿੱਚ ਜੁੜੇ ਰਹਿਣਾ। ਆਪ ਦਾ ਐਸਾ ਤਪੱਸਵੀ ਅਤੇ ਤਿਆਗੀ ਜੀਵਨ ਦੇਖਕੇ ਪਿੰਡ ਦੇ ਬਹੁਤ ਲੋਕਾਂ ਤੇ ਪ੍ਰਭਾਵ ਪਿਆ, ਪ੍ਰੰਤੂ ਇਕ ਪ੍ਰੇਮੀ ਮਿਸਤਰੀ ਜੋਧ ਸਿੰਘ ਤਾਂ ਕੁਝ ਜ਼ਿਆਦਾ ਹੀ ਪ੍ਰਭਾਵਤ ਹੋਇਆ। ਮਿਸਤਰੀ ਜੋਧ ਸਿੰਘ ਸਵੇਰੇ ਸ਼ਾਮ ਚਾਹ ਪਾਣੀ ਤਾਂ ਲੈ ਕੇ ਜਾਂਦਾ ਹੀ ਸੀ, ਉਸ ਸਮੇਂ ਮਹਾਂਪੁਰਸ਼ਾਂ ਤੋਂ ਕੁਝ ਪਰਮਾਰਥਕ ਬਚਨ ਵੀ ਸੁਣਦਾ ਰਹਿੰਦਾ। ਇਸ ਪ੍ਰਕਾਰ ਕੋਈ ਹਫਤੇ ਦਾ ਸਮਾਂ ਇਥੇ ਠਹਿਰ ਕੇ ਸੰਤ ਆਪਣੀ ਮੌਜ ਵਿੱਚ ਰਾਤ ਨੂੰ ਹੀ ਕਿਸੇ ਹੋਰ ਪਾਸੇ ਚਾਲੇ ਪਾ ਗਏ।

ਹਰੀ ਦੀ ਪ੍ਰੇਰਨਾ ਤੇ ਕੋਈ ਤਿੰਨ ਕੁ ਸਾਲਾਂ ਬਾਅਦ ਫਿਰ ਇਥੇ ਆਏ, ਤਾਂ ਪਿੰਡ ਤੋਂ ਥੋੜ੍ਹੀ ਦੂਰ ਚੜ੍ਹਦੇ ਪਾਸੇ ਇਕ ਜਗਾ ਹੈ ਭੈਣੀ ਵਿਹੜਾ, ਇਥੇ ਸ੍ਰੀ ਚੂਹੜ ਸਿੰਘ ਕਾਨੂੰਗੋ ਦੀ ਜ਼ਮੀਨ ਵਿੱਚ ਇੱਕ ਛੋਟਾ ਕੋਠਾ ਸੀ, ਉਸ ਵਿਚ ਠਹਿਰੇ। ਕਿਰਿਆ ਉਹੀ ਆਪ ਜੀ ਦੀ ਪੁਰਾਤਨ, ਦਿਨ ਵਿੱਚ ਇਕ ਵਾਰ ਪਿੰਡੋਂ ਭਿਖਿਆ ਕਰਕੇ ਲੰਗਰ ਛੱਕ ਆਉਣਾ ਫਿਰ ਸਾਂਈ ਦੀ ਯਾਦ ਵਿੱਚ ਜੁੜੇ ਰਹਿਣਾ।

ਭਾਈ ਜੋਧ ਸਿੰਘ ਮਿਸਤਰੀ ਅਤੇ ਕਾਨੂੰਗੋ ਦਾ ਪਰਿਵਾਰ ਤਾਂ ਸੇਵਾ ਸਤਿਸੰਗ ਦਾ ਲਾਭ ਉਠਾ ਹੀ ਰਿਹਾ ਸੀ ਲੇਕਿਨ ਹੁਣ ਪਿੰਡ ਦੀਆਂ ਹੋਰ ਸੰਗਤਾਂ ਨੇ ਵੀ ਆਉਣਾ ਸ਼ੁਰੂ ਕਰ ਦਿੱਤਾ। ਆਪ ਵੀ ਸੰਗਤ ਨੂੰ ਪਾਵਨ ਗੁਰਬਾਣੀ ਦੇ ਕਿਸੇ

* *ਸ੍ਰੀ ਅਮਰੀਕ ਚੰਦ ਚਾਵਲਾ ਦੀ ਜਬਾਨੀ।*

ਸ਼ਬਦ ਦੁਆਰਾ ਸਤਿ ਉਪਦੇਸ਼ ਕਰਦੇ ਰਹਿੰਦੇ, ਅਤੇ ਗੁਰਬਾਣੀ ਪੜ੍ਹਣ ਦੇ ਅਭਿਲਾਸ਼ੀਆਂ ਨੂੰ ਜਪੁਜੀ ਸਾਹਿਬ ਰਹਿਰਾਸ ਆਦਿਕ ਨਿਤਨੇਮ ਦੀਆਂ ਬਾਣੀਆਂ ਦੀ ਸੰਥਯਾ ਵੀ ਕਰਵਾਉਂਦੇ ਰਹਿੰਦੇ। ਇਉਂ ਕੁਝ ਦਿਨ ਇਥੇ ਠਹਿਰ ਕੇ, ਸੰਗਤਾਂ ਨੂੰ ਕੁਝ ਗੁਰਬਾਣੀ ਦਾ ਜਾਗ ਲਗਾ ਕੇ, ਫਿਰ ਆਪਣੀ ਮੌਜ ਵਿੱਚ ਕਿਸੇ ਹੋਰ ਪਾਸੇ ਨੂੰ ਚਲੇ ਗਏ। ਫਿਰ ਕਾਫੀ ਸਮਾਂ ਗੁਜਰ ਗਿਆ ਆਪ ਇਥੇ ਨਹੀਂ ਆਏ ਤੇ ਨਾ ਹੀ ਸੰਗਤ ਨੂੰ ਸੂੰਹ ਲੱਗੀ ਕਿ ਕਿਥੇ ਹਨ। ਕਈ ਸਾਲਾਂ ਬਾਅਦ ਭਾਈ ਜੋਧ ਸਿੰਘ ਨੂੰ ਪਤਾ ਲੱਗਿਆ ਕਿ ਸੰਤ ਭੋਤਨੇ ਪਿੰਡ ਆਏ ਹੋਏ ਹਨ,. ਉਥੇ ਦਰਸ਼ਨ ਕਰਨ ਗਿਆ, ਤਾਂ ਬੇਨਤੀ ਕਰਕੇ ਸੰਤਾਂ ਨੂੰ ਨਾਲ ਹੀ ਧਨੌਲੇ ਲੈ ਆਇਆ। ਰਿਹਾਇਸ਼ ਪਹਿਲਾਂ ਵਾਲੀ ਜਗ੍ਹਾ ਸਰਦਾਰ ਚੂਹੜ ਸਿੰਘ ਕਾਨੂੰਗੋ ਦੇ ਖੂਹ ਤੇ ਹੀ ਰੱਖੀ, ਤੇ ਕਾਰ ਵੀ ਉਹੀ ਸੰਗਤਾਂ ਨੂੰ ਗੁਰਬਾਣੀ ਪੜ੍ਹਾਉਣ ਵਾਲੀ ਸ਼ੁਰੂ ਹੋ ਗਈ। ਇਉਂ ਰੱਬੀ ਕਾਰ ਕਰਦਿਆਂ, ਆਪ ਨੇ ਸਵੇਰੇ ਛੇ ਤੋਂ ਅੱਠ ਵਜੇ ਤੱਕ ਜਪੁਜੀ ਸਾਹਿਬ ਦੀ ਇਕ ਪਉੜੀ ਦੀ ਕਥਾ ਕਰਨੀ, ਫਿਰ ਦਿਨ ਨੂੰ ਕੁਝ ਪ੍ਰੇਮੀਆਂ ਨੂੰ ਗੁਰਬਾਣੀ ਪੜ੍ਹਾਉਂਦੇ ਰਹਿਣਾ। ਇਉਂ ਕਾਫੀ ਸਮਾਂ ਇਥੇ ਠਹਿਰ ਕੇ ਮਾਲਵੇ ਦੀ ਖੁਸ਼ਕ ਧਰਤੀ ਵਿੱਚ ਗੁਰਬਾਣੀ ਦਾ ਪ੍ਰਵਾਹ ਚਲਾਉਂਦੇ ਰਹੇ। ਹੁਣ ਆਪ ਨੇ ਇਥੋਂ ਕਿਸੇ ਹੋਰ ਪਾਸੇ ਜਾਣ ਦਾ ਸੰਕਲਪ ਕੀਤਾ ਲੇਕਿਨ ਸੰਗਤਾਂ ਵਿੱਚ ਪ੍ਰੇਮ ਇਤਨਾ ਵਧ ਗਿਆ ਸੀ, ਕਿ ਉਹ ਨਹੀਂ ਸਨ ਚਾਹੁੰਦੀਆਂ, ਕਿ ਮਹਾਂਪੁਰਸ਼ ਇਥੋਂ ਕਿਤੇ ਹੋਰ ਜਾਣ। ਆਪ ਨੇ ਸੰਗਤ ਨੂੰ ਕਿਹਾ, ਤੁਸੀਂ ਕੱਤਕ ਦੀ ਪੂਰਨਮਾਸ਼ੀ ਨੂੰ ਕਰਨਾਲ ਆਇਉ, ਤੁਹਾਨੂੰ ਸਾਡੇ ਗੁਰੂਦੇਵ ਪੂਜਯ ਵਿਰੱਕਤ ਮਹਾਰਾਜ ਜੀਆਂ ਦੇ ਦਰਸ਼ਨ ਕਰਾਵਾਂਗੇ, ਜੋ ਸਾਖਸ਼ਾਤ ਪਰਮੇਸ਼ਰ ਸਵਰੂਪ ਹਨ। ਇਉਂ ਇਸ਼ਾਰਾ ਕਰਕੇ ਆਪ ਤਾਂ ਆਪਣੀ ਮੌਜ ਵਿੱਚ ਕਿਸੇ ਪਾਸੇ ਹੋਰ ਚਲੇ ਗਏ, ਉਧਰ ਪੂਰਨਮਾਸ਼ੀ ਦਾ ਸਮਾਂ ਨੇੜੇ ਆਉਣ ਤੇ ਚੂਹੜ ਸਿੰਘ ਕਾਨੂੰਗੋ ਕਰਨਾਲ ਪਹੁੰਚ ਗਿਆ। ਸੰਤ ਗੋਪਾਲ ਸਿੰਘ ਜੀ ਨੇ ਆਪਣੇ ਪੂਜਯ ਗੁਰੂਦੇਵ ਵਿਰੱਕਤ ਮਹਾਰਾਜ ਜੀਆਂ ਦੇ ਦਰਸ਼ਨ ਕਰਵਾਏ, ਕਾਨੂੰਗੋ ਨੇ ਅਰਜ਼ ਕੀਤੀ, ਮਹਾਰਾਜ! ਕ੍ਰਿਪਾ ਕਰੋ ਕਦੇ ਧਨੌਲੇ ਦਰਸ਼ਨ ਬਖਸ਼ਿਸ਼ ਕਰੋ। ਹਜੂਰ ਬੋਲੇ, ਕਦੇ ਸਮਾਂ ਸੰਜੋਗ ਬਣਿਆ ਤਾਂ ਜ਼ਰੂਰ ਆਵਾਂਗੇ। ਉਸ ਤੋਂ ਬਾਅਦ ਕਾਫੀ ਸਮਾਂ ਹਜ਼ੂਰ ਦਾ ਧਨੌਲੇ ਆਉਣ ਦਾ ਕੋਈ ਪ੍ਰੋਗਰਾਮ ਨਾ ਬਣਿਆ। ਕਾਨੂੰਗੋ ਨੇ ਫਿਰ ਦੌਦ ਪਿੰਡ ਜਾ ਕੇ ਅਰਜ਼ ਕੀਤੀ, ਮਹਾਰਾਜ ਕ੍ਰਿਪਾ ਕਰੋ, ਮੇਰੇ ਨਾਲ ਹੀ ਧਨੌਲੇ ਪਿੰਡ ਚੱਲ ਕੇ ਸੰਗਤਾਂ ਨੂੰ ਦਰਸ਼ਨ ਦੀਦਾਰੇ ਬਖ਼ਸ਼ਿਸ਼ ਕਰੋ। ਹਜੂਰ ਬੋਲੇ, ਭਾਈ ਹੁਣ ਤੂੰ ਚੱਲ ਅਸੀਂ ਖੁਦ ਹੀ ਆਵਾਂਗੇ। ਕਾਨੂੰਗੋ ਮਹਾਂਪੁਰਸ਼ਾਂ ਤੋਂ ਬਚਨ ਕਰਵਾ ਕੇ, ਵਾਪਸ ਚਲਾ ਗਿਆ, ਕੁਝ ਸਮੇਂ ਬਾਅਦ ਹਜੂਰ ਦਿੱਤੇ ਬਚਨ ਅਨੁਸਾਰ ਭਗਤ ਲੱਭਾ ਮੱਲ ਦੀ ਕਾਰ ਵਿੱਚ ਧਨੌਲੇ ਪਹੁੰਚ ਗਏ, ਉਪਰੰਤ ਕਾਨੂੰਗੋ ਦੀ ਕੁਟੀਆਂ ਵਿੱਚ ਨਿਵਾਸ ਰੱਖਕੇ ਜਗਤ ਉਧਾਰ ਦੀ ਕਾਰ ਸਤਿਨਾਮ ਜਪਾਉਣ ਦਾ ਪ੍ਰਵਾਹ ਚਲਾ ਦਿੱਤਾ। ਪਿੰਡਾ ਦੀਆਂ ਕਾਫੀ ਸੰਗਤਾਂ ਇਲਾਹੀ ਬਚਨਾਂ ਦਾ ਲਾਭ ਉਠਾਉਣ ਲਈ ਆਉਣੀਆਂ ਸ਼ੁਰੂ ਹੋ ਗਈਆਂ। ਉਨ੍ਹਾਂ ਦਿਨਾਂ ਵਿੱਚ ਪੂਜਯ ਮਹੰਤ ਰਾਮ ਸਿੰਘ ਜੀ ਮਹਾਰਾਜ, ਬਰਨਾਲੇ ਬੈਂਕ ਡਿਊਟੀ ਕਰਦੇ ਸਨ, ਉਹ ਵੀ ਡਿਊਟੀ ਤੋਂ ਬਾਅਦ ਹਰ ਰੋਜ਼ ਹਜ਼ੂਰ ਦੇ ਚਰਨਾਂ ਵਿੱਚ ਧਨੌਲੇ ਪਹੁੰਚ ਜਾਂਦੇ। ਰਾਤ ਭਰ ਸੇਵਾ ਦਾ ਲਾਭ ਉਠਾ ਕੇ ਸਵੇਰੇ ਫਿਰ ਆਪਣੀ ਡਿਊਟੀ ਤੇ ਜਾ ਹਾਜ਼ਰ ਹੁੰਦੇ। ਇਸ ਤਰੀਕੇ ਧਨੌਲੇ ਪਿੰਡ ਹਰੀ-ਜਸ, ਹਰੀ-ਕੀਰਤੀ ਦਾ ਚੰਗਾ ਰੰਗ ਬੱਝ ਗਿਆ। ਇਨ੍ਹਾਂ ਦਿਨਾਂ ਵਿੱਚ ਹੀ ਭਾਈ ਅਮਰੀਕ ਸਿੰਘ ਆਦਿਕ ਕੁਝ ਪ੍ਰੇਮੀਆਂ ਨੂੰ ਹਜੂਰ ਨੇ ਦਰਗਾਹੀ ਟਿਕਟ ਨਾਮ ਦੀ ਇਲਾਹੀ ਦਾਤ ਵੀ ਬਖਸ਼ਿਸ਼ ਕੀਤੀ। ਕੁਝ ਪ੍ਰੇਮੀਆਂ ਨੇ ਗੁਰਬਾਣੀ ਦੀ ਸੰਥਯਾ ਪ੍ਰਾਪਤ ਕਰਨ ਲਈ ਹਜੂਰ ਦੇ ਚਰਨਾਂ ਵਿੱਚ ਅਰਜ਼ ਕੀਤੀ। ਆਪ ਜੀ ਨੇ ਸੰਤ ਗੋਪਾਲ ਸਿੰਘ ਜੀਆਂ ਨੂੰ ਹੁਕਮ ਕਰ ਦਿੱਤਾ, ਕਿ ਇਥੇ ਠਹਿਰ ਕੇ ਲੋੜਵੰਦਾਂ ਨੂੰ ਗੁਰਬਾਣੀ ਪੜ੍ਹਾਉ! ਮਹਰਾਜ ਜੀ ਆਪ ਤਾਂ ਗੁਰਬਾਣੀ ਪੜ੍ਹਾਉਣ ਦਾ ਹੁਕਮ ਕਰਕੇ ਇਥੋਂ ਵਾਪਸ ਕਰਨਾਲ ਵੱਲ ਨੂੰ ਰਵਾਨਾ ਹੋ ਗਏ, ਇੱਧਰ ਸੰਤ ਗੋਪਾਲ ਸਿੰਘ ਜੀਆਂ ਨੇ ਕਨੂੰਗੋ ਦੀ ਲੜਕੀ ਮਨਜੀਤ ਕੌਰ ਅਤੇ ਬਲਵਿੰਦਰ ਕੌਰ ਆਦਿਕ ਕੁਝ ਸੰਗਤ ਨੂੰ ਪਾਵਨ ਗੁਰਬਾਣੀ ਦੀ ਸੰਥਯਾ ਕਰਵਾਈ। ਪੂਜਯ ਵਿਰੱਕਤ ਮਹਾਰਾਜ ਜੀਆਂ ਦਾ ਪੰਜ ਭੌਤਿਕ ਸਰੀਰ ਜਿਤਨੀ ਦੇਰ ਇਸ ਅਸਾਰ ਸੰਸਾਰ ਵਿੱਚ ਰਿਹਾ ਸਮੇਂ-ਸਮੇਂ ਇਸ ਖੁਸ਼ ਨਸੀਬ ਸੰਗਤ ਨੂੰ ਦਰਸ਼ਨ ਉਪਦੇਸ਼ ਬਖਸ਼ਿਸ਼ ਕਰਦੇ ਰਹੇ, ਆਪ ਜੀਆਂ ਦੇ ਸੱਚਖੰਡ ਪਿਆਨੇ ਤੋਂ ਬਾਅਦ ਇਥੋਂ ਦੀ ਸੰਗਤ ਪੂਜਯ ਮਹੰਤ ਰਾਮ ਸਿੰਘ ਮਹਾਰਾਜ ਜੀਆਂ ਨੂੰ ਵੱਡਿਆਂ ਦਾ ਰੂਪ ਜਾਣਕੇ ਸਮੇਂ-ਸਮੇਂ ਅਰਜ਼ ਕਰਕੇ ਧਨੌਲੇ ਲੈ ਜਾਂਦੇ ਹਨ ਅਤੇ ਆਪ ਵੀ ਪੂਜਯ ਵਿਰੱਕਤ ਮਹਾਰਾਜ ਜੀਆਂ ਦੀ ਸੰਗਤ ਜਾਣਕੇ, ਆਪਣੇ ਪਰਉਪਕਾਰੀ ਸੁਭਾਵ ਅਨੁਸਾਰ ਸਮੇਂ-ਸਮੇਂ ਧਨੌਲੇ ਪਹੁੰਚ ਕੇ ਦਰਗਾਹੀ ਪ੍ਰਸ਼ਾਦ ਗੁਰਬਾਣੀ ਦਾ ਪ੍ਰਵਾਹ ਚਲਾਉਂਦੇ ਰਹਿੰਦੇ ਹਨ।

## ਉੱਚੀ ਦੌਦ ਅਤੇ ਆਲੇ-ਦੁਆਲੇ ਦੇ ਪਿੰਡਾਂ ਵਿੱਚ ਆਗਮਨ

ਸੰਤ ਗੋਪਾਲ ਸਿੰਘ ਜੀ ਦੋ ਹੋਰ ਸਾਧੂਆਂ ਨੂੰ ਨਾਲ ਲੈ ਕੇ ਆਪਣੇ ਗੁਰੂਦੇਵ ਮਹਾਰਾਜ ਨਿੱਕਾ ਸਿੰਘ ਜੀਆਂ ਦੇ ਜਨਮ ਨਗਰ ਸੀਹਾਂ ਦੌਦ ਦੇ ਦਰਸ਼ਨ ਕਰਨ ਲਈ ਇਥੇ ਆਏ। ਮਹਾਰਾਜ ਜੀ ਦੇ ਘਰ ਅੱਗੇ ਜਾ ਕੇ ਡੰਡਵਤ ਪ੍ਰਣਾਲੀ ਕੀਤੀ, ਤੀਰਥ ਰੂਪ ਜਾਣਕੇ ਉਸਦੀ ਮਿੱਟੀ ਮਸਤਕ ਨੂੰ ਲਾਈ, ਨਾਲ ਦੇ ਸਾਧੂਆਂ ਨੂੰ ਆਖਣ ਲੱਗੇ, ਧੰਨ ਹੈ ਇਹ ਧਰਤੀ, ਜਿਥੇ ਹਰੀ ਦਾ ਬਗਤ ਪ੍ਰਗਟ ਹੋਇਆ, ਧੰਨ ਹੈ ਇਹ ਵੰਸ਼ ਜੋ ਹਰੀ ਦੀ ਦਰਗਾਹ ਵਿੱਚ ਪ੍ਰਵਾਨ ਹੋਈ ਹੈ, ਇਹ ਪਿੰਡ ਵੀ ਧੰਨ ਹੈ ਜਿਹੜਾ ਹਜ਼ੂਰ ਨੇ ਦਰਗਾਹ ਤੋਂ ਆ ਕੇ ਮਹਿਕਾਇਆ, ਇਥੋਂ ਦੇ ਸਭ ਵਸਨੀਕ ਵੀ ਧੰਨ ਹਨ ਕਿਉਂਕਿ ਇਨ੍ਹਾਂ ਨੂੰ ਹਰੀ ਨੇ ਧੰਨਤਾ ਯੋਗ ਬਣਾ ਦਿੱਤਾ ਹੈ।

ਯਥਾ — ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ॥
ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ॥

*(ਬਿਲਾਵਲੁ ਬਾਣੀ ਰਵਿਦਾਸ ਜੀ, ਪੰਨਾ—੮੫੮)*

ਇਸ ਤਰ੍ਹਾਂ ਸੰਤ ਗੋਪਾਲ ਸਿੰਘ ਜੀ ਨੇ ਪਿੰਡ ਦੇ ਲੋਕ, ਪਿੰਡ ਦੀ ਧਰਤੀ ਅਤੇ ਹਜ਼ੂਰ ਦੇ ਪਵਿੱਤਰ ਘਰ ਨੂੰ ਅੰਤਰੀਵ ਭਾਵਾਂ ਨਾਲ ਡੰਡਵਤ ਪ੍ਰਣਾਮ ਕੀਤੀ। ਉਪਰੰਤ ਤਿੰਨਾਂ ਸਾਧੂਆਂ ਨੇ ਭਿੱਖਿਆ ਕਰਕੇ ਲੰਗਰ ਛਕਿਆ। ਇਤਨੇ ਨੂੰ ਪਿੰਡ ਦੇ ਲੋਕਾਂ ਨੂੰ ਪਤਾ ਚੱਲ ਗਿਆ, ਕਿ ਇਹ ਮਹਾਤਮਾ ਮਹਾਰਾਜ ਨਿੱਕਾ ਸਿੰਘ ਜੀ ਦੇ ਸ਼ਿਸ਼ ਹਨ। ਜਵਾਲਾ ਸਿੰਘ ਨਾਮ ਦਾ ਇੱਕ ਸੱਜਣ ਜੋ ਕਿ ਵਿਰੱਕਤ ਮਹਾਰਾਜ ਜੀਆਂ ਦਾ ਬਲ ਸਖਾਈ ਮਿੱਤਰ ਸੀ, ਇਨ੍ਹਾਂ ਨੂੰ ਬੇਨਤੀ ਕਰਕੇ ਆਪਣੇ ਖੂਹ ਤੇ ਲੈ ਗਿਆ, ਤਿੰਨੇ ਸਾਧੂ ਉਥੇ ਠਹਿਰ ਗਏ। ਲੰਗਰ ਦੇ ਸਮੇਂ ਮਧੂਕੜੀ ਕਰਕੇ ਲੰਗਰ ਛੱਕ ਲੈਂਦੇ, ਕਦੇ-ਕਦੇ ਉਚੀ ਦੌਦ, ਸੀਹਾਂ ਦੌ, ਮਾਲੋ ਦੌਦ, ਦੱਲਨਵਾਨ ਅਤੇ ਨਾਰੋਮਾਜਰਾ ਅਦਿਕ ਪਿੰਡਾਂ ਵਿੱਚ ਵੀ ਲੰਗਰ ਛੱਕਣ ਲਈ ਚਲੇ ਜਾਂਦੇ। ਰਾਤ ਜਵਾਲਾ ਸਿੰਘ ਦੇ ਖੂਹ ਤੇ ਮੱਕੀ ਦੇ ਸੌਰਾਂ (ਮੁਹਾਰਿਆਂ) ਵਿੱਚ ਗੁਜ਼ਾਰ ਲੈਂਦੇ। ਇਸ ਪ੍ਰਕਾਰ ਦਾ ਤਿਆਗ-ਮਈ ਜੀਵਨ ਦੇਖਕੇ ਆਲੇ ਦੁਆਲੇ ਦੇ ਕਈ ਪਿੰਡਾਂ ਉਪਰ ਕਾਫੀ ਅਸਰ ਪੈ ਗਿਆ। ਉਨ੍ਹਾਂ ਦਿਨਾਂ ਵਿੱਚ ਪਰਮੇਸ਼ਰ ਦੀ ਐਸੀ ਨੇਤ ਹੋਈ ਕਿ ਪਿੰਡ ਨਾਰੋਮਾਜਰੇ ਡੰਗਰਾਂ ਨੂੰ ਮੂੰਹ-ਖੁਰ ਦੀ ਬਿਮਾਰੀ ਫੈਲ ਗਈ। ਕੁਝ ਲੋਕ ਸੰਤਾਂ ਕੋਲ ਆਏ ਕਿ ਆਪ ਟੂਣਾ-ਝਾੜਾ ਕਰ ਦਿਉ ਪਸ਼ੂਆਂ ਦੀ ਬਿਮਾਰੀ ਰੁੱਕ ਜਾਵੇ। ਸੰਤ ਬੋਲੇ, ਅਸੀਂ ਟੂਣਾ ਤਾਂ ਨਹੀਂ ਜਾਣਦੇ, ਲੇਕਿਨ ਤੁਹਾਨੂੰ ਦਵਾਈ ਦਸ ਦਿੰਦੇ ਹਾਂ ਗੁਰੂ ਨਾਨਕ ਦੇ ਘਰ ਦੀ, ਅਗਰ ਉਸਦਾ ਪ੍ਰਯੋਗ ਕਰ ਸਕਦੇ ਹੋ ਤਾਂ ਕਰ ਲਉ, ਤੁਸੀਂ ਗੁਰਬਾਣੀ ਦਾ ਅਖੰਡ ਪਾਠ ਕਰਵਾਉ, ਗੁਰੂ ਨਾਨਕ ਮਿਹਰ ਕਰ ਦੇਣਗੇ। ਲੋਕਾਂ ਨੇ ਬੇਨਤੀ ਕੀਤੀ, ਬਾਬਾ ਜੀ, ਅਖੰਡ ਪਾਠ ਦੇ ਸਮੇਂ ਆਪ ਸਾਡੇ ਪਿੰਡ ਹੀ ਰਹੋ। ਸੰਗਤ ਦੀ ਬੇਨਤੀ ਪ੍ਰਵਾਨ ਕਰਕੇ ਸੰਤ ਪਿੰਡ ਨਾਰੋਮਾਜਰੇ ਪਹੁੰਚ ਗਏ। ਪਿੰਡ ਦੀ ਧਰਮਸ਼ਾਲਾ ਵਿੱਚ ਮਰਿਆਦਾ ਅਨੁਸਾਰ ਅਖੰਡ ਪਾਠ ਕਰਵਾਇਆ, ਭੋਗ ਵਾਲੇ ਦਿਨ ਖੁੱਲ੍ਹਾ ਲੰਗਰ ਚਲਾਇਆ ਗਿਆ ਪਰਮੇਸ਼ਰ ਨੇ ਮਿਹਰ ਕੀਤੀ, ਬੀਮਾਰੀ ਰੁੱਕ ਗਈ, ਲੋਕਾਂ ਦੇ ਮਨਾਂ ਵਿਚ ਸਾਧੂਆਂ ਅਤੇ ਗੁਰੂ ਘਰ ਤੇ ਸ਼ਰਧਾ ਵਧ ਗਈ। ਫਿਰ ਲੋਕਾਂ ਨੇ ਅਰਜ਼ ਕੀਤੀ, ਬਾਬਾ ਜੀ! ਸਾਡੇ ਪਿੰਡ ਗੁਰਦੁਆਰਾ ਸਾਹਿਬ ਬਣਾਉ। ਨਾਰੋਮਾਜਰਾ ਪਿੰਡ ਦੇ ਲੋਕਾਂ ਦੀ ਇਹ ਸ਼ੁਭ ਭਾਵਨਾ ਦੇਖਕੇ, ਸੰਤ ਗੋਪਾਲ ਸਿੰਘ ਜੀ ਨੇ ਮਨ ਵਿੱਚ ਕੁਝ ਸੋਚਿਆ, ਲੇਕਿਨ ਸੰਗਤ ਨੂੰ ਕੁਝ ਦਸਿਆ ਨਾ। ਦੂਸਰੇ ਤਿੰਨ ਤਿੰਨੇ ਸਾਧੂ ਭੋਤਨੇ, ਬਖਤਗੜ੍ਹ ਨੂੰ ਚਲੇ ਗਏ। ਇਧਰ ਨਾਰੋਮਾਤਰਾ ਪਿੰਡ ਦੇ ਲੋਕਾਂ ਵਿੱਚ ਕਾਫੀ ਸ਼ਰਧਾ ਪੈਦਾ ਹੋ ਆਈ ਸੀ, ਇਸ ਲਈ ਇਕੱਠੇ ਹੋ ਕੇ ਭੋਤਨੇ ਪਹੁੰਚੇ। ਉਥੇ ਜਾ ਕੇ ਗੁਰਦੁਵਾਰੇ ਵਾਲੀ ਬੇਨਤੀ ਫਿਰ ਦੁਹਰਾਈ, ਸੁਣਕੇ ਸੰਤ ਗੋਪਾਲ ਸਿੰਘ ਜੀ ਬੋਲੇ, ਅਗਰ ਤੁਸੀਂ ਗੁਰਦੁਆਰਾ ਸਾਹਿਬ ਬਣਾਉਣਾ ਹੀ ਹੈ ਤਾਂ ਸਾਡੇ ਗੁਰੂਦੇਵ ਸੰਤ ਬਾਬਾ ਨਿੱਕਾ ਸਿੰਘ ਜੀ ਨੂੰ ਬੇਨਤੀ ਕਰੋ ਉਹ ਸਮਰੱਥ ਪੁਰਸ਼ ਹਨ, ਅਗਰ ਤੁਹਾਡਾ ਵਿਚਾਰ ਹੈ ਤਾਂ ਹਰਦੁਆਰ ਜਾ ਕੇ ਮਿਲ ਸਕਦੇ ਹੋ, ਕਿਉਂਕਿ ਬਾਬਾ ਬੁੱਢਾ ਸਿੰਘ ਜੀ ਦੀ ਬਰਸੀ ਤੇ ਉਹ ਹਰਦੁਆਰ ਜ਼ਰੂਰ ਪਹੁੰਚਣਗੇ। ਸੰਗਤ ਬਚਨ ਮੰਨ ਕੇ ਹਰਦੁਆਰ ਪਹੁੰਚੀ। ਵਿਰੱਕਤ ਮਹਾਰਾਜ ਜੀਆਂ ਦੇ ਚਰਨਾਂ ਵਿੱਚ ਆਪਣੀ ਗੁਰਦੁਆਰਾ ਸਾਹਿਬ ਬਣਾਉਣ ਵਾਲੀ ਭਾਵਨਾਂ ਪ੍ਰਗਟ ਕੀਤੀ। ਅਰਜ਼ ਕੀਤੀ, ਮਹਾਰਾਜ! ਆਪ ਸੰਤ ਗੋਪਾਲ ਸਿੰਘ ਜੀ ਨੂੰ ਆਗਿਆ ਦੇਵੋ, ਸਾਡੇ ਪਿੰਡ ਗੁਰਦੁਆਰਾ ਸਾਹਿਬ ਬਣਾ ਦੇਣ। ਹਜ਼ੂਰ ਬੋਲੇ, ਭਾਈ ਗੋਪਾਲ ਸਿੰਘ, ਬਣਾ ਸਕਦਾ ਹੈ ਬਣਾ ਲਵੇ, ਪਰ ਉਸਨੂੰ ਆਖ ਦਿਉ, ਸ਼ੁਰੂ ਕਰਵਾ ਕੇ ਵਿਚਾਲੇ ਨਾ ਛੱਡੇ। ਆਗਿਆ ਪਾ ਕੇ ਸੰਤ ਗੋਪਾਲ ਸਿੰਘ ਜੀ ਨੇ ਗੁਰਦੁਆਰੇ ਦਾ ਕੰਮ ਸ਼ੁਰੂ

ਕਰਵਾ ਦਿੱਤਾ, ਸੰਗਤਾਂ ਪ੍ਰੇਮ ਨਾਲ ਸੇਵਾ ਵਿੱਚ ਜੁਟ ਗਈਆਂ, ਲੇਕਿਨ ਆਪ ਕਿਸੇ ਬਾਹਰ ਖੂਹ ਤੇ ਰਹਿੰਦੇ ਹਨ। ਪਰੰਤੂ ਸੰਗਤਾਂ ਨੂੰ ਹੱਲਾ ਸ਼ੇਰੀ ਦੇਣ ਲਈ ਇੱਕ ਚੱਕਰ ਗੁਰਦਆਰਾ ਸਾਹਿਬ ਦਾ ਜ਼ਰੂਰ ਲਾਉਂਦੇ ਹਨ।

ਇੱਕ ਦਿਨ ਦਾ ਜ਼ਿਕਰ, ਦਿਨ ਦੇ ਛਿਪਾ ਨਾਲ ਆਪ ਪਿੰਡ ਤੋਂ ਬਾਹਰ ਆਪਣੀ ਮੌਜ ਵਿੱਚ ਬੈਠੇ ਸਨ। ਇੱਕ ਸੱਜਣ ਆਪਣੇ ਖੇਤ ਵਿੱਚੋਂ ਕੰਮ ਕਰਦਾ ਹੋਇਆ, ਮੂੰਗਫਲੀ ਦੀਆਂ ਹੋਲ੍ਹਾਂ (ਗੱਠੀਆਂ) ਭੁੰਨ ਕੇ ਆਪਣੇ ਘਰ ਨੂੰ ਲਈ ਜਾ ਰਿਹਾ ਸੀ, ਕਿਸੇ ਗੈਵੀ ਪ੍ਰੇਰਨਾ ਦਾ ਪ੍ਰੇਰਿਆ, ਅਚਾਨਕ ਸੰਤ ਗੋਪਾਲ ਸਿੰਘ ਜੀ ਕੋਲ ਆ ਨਿਕਲਿਆ। ਨਮਸ਼ਕਾਰ ਕਰਕੇ ਅਰਜ਼ ਕੀਤੀ, ਮਹਾਰਾਜ! ਮੂੰਗਫਲੀਆਂ ਛਕੋ!

ਮਹਾਤਮਾ — ਕਿਥੋਂ ਲੈ ਕੇ ਆਇਆ ਹੈਂ?
ਸੱਜਣ — ਕੋਈ ਬੁਰਾ ਨਿੰਦਣਯੋਗ ਕੰਮ ਤਾਂ ਨਹੀਂ ਕਰਦਾ?
ਮਹਾਤਮਾ — ਕੋਈ ਬੁਰਾ ਨਿੰਦਣਯੋਗ ਕੰਮ ਤਾਂ ਨਹੀਂ ਕਰਦਾ?
ਸੱਜਣ — ਸਭ ਕਰਦਾ ਹਾਂ, ਕੁਝ ਨਹੀਂ ਛੱਡਦਾ।
ਮਹਾਤਮਾ — ਕੋਈ ਨਸ਼ਾ ਵੀ ਕਰਦਾ ਹੈਂ?
ਸੱਜਣ — ਮਹਾਰਾਜ ਨਸ਼ੇ ਵੀ ਸਭ ਕਰਦਾ ਹਾਂ।
ਮਹਾਤਮਾ — ਇਸ ਵਕਤ ਵੀ ਨਸ਼ੀਲੀ ਵਸਤੂ ਕੋਈ ਕੋਲ ਹੈ?
ਸੱਜਣ — ਹਾਂ ਮਹਾਰਾਜ ਸਿਗਰਟਾਂ ਤੇ ਅਫੀਮ ਹੈ, ਸ਼ਰਾਬ ਰਾਤ ਨੂੰ ਪੀਂਦਾ ਹਾਂ।
ਮਹਾਤਮਾ — ਨਹੀਂ! ਫਿਰ ਨਹੀਂ, ਬਈ ਤੇਰੀ ਮੂੰਗਫਲੀ ਨਹੀਂ ਖਾਂਦੇ, ਤੂੰ ਲੈ ਜਾਹ।
ਸੱਜਣ — ਮਹਾਰਾਜ ਜੇ ਛੱਡ ਦੇਵਾਂ, ਫਿਰ ਤਾਂ ਖਾ ਲਉਂਗੇ?
ਮਹਾਤਮਾ — ਜਾਂ ਫਿਰ ਖਾ ਸਕਦੇ ਹਾਂ।
ਸੱਜਣ — ਲਉ ਮਹਾਰਾਜ ਛੱਡ ਦਿੱਤੀ, ਹੁਣ ਨਹੀਂ ਵਰਤਦਾ।
ਮਹਾਤਮਾ — ਪ੍ਰੇਮੀਆਂ ਤੇਰਾ ਨਾਮ ਕੀ ਹੈ?
ਸੱਜਣ — ਮਹਾਰਾਜ, ਹੌਲਦਾਰ ਅਮਰ ਸਿੰਘ ਹੈ।
ਮਹਾਤਮਾ — ਫਿਰ ਤੂੰ ਹੌਲਦਾਰ ਇਉਂ ਕਰ! ਅਫੀਮ ਤਾਂ ਇਤਨੀ ਜਲਦੀ ਨਹੀਂ ਛੁੱਟਣੀ, ਇਹ ਤਾਂ ਥੋੜ੍ਹੀ-ਥੋੜ੍ਹੀ ਕਰਕੇ ਛੱਡ ਦੇਈਂ, ਲੇਕਿਨ ਸ਼ਰਾਬ ਅਤੇ ਸਿਗਰਟਾਂ ਦਾ ਵਾਅਦਾ ਕਰ!

ਹੌਲਦਾਰ ਸਿਗਰਟਾਂ ਦੀ ਡੱਬੀ ਕੱਢਕੇ ਕੋਲ ਬੈਠੇ ਇੱਕ ਮੁਸਲਮਾਨ ਭਰਾ ਨੂੰ ਦੇਣ ਲਗਿਆ, ਤਾਂ ਸੰਤਾਂ ਨੇ ਰੋਕ ਦਿੱਤਾ, ਬੋਲੇ, ਤੈਨੂੰ ਪਤਾ ਨਹੀਂ ਦਾਨ ਕਿੰਨੇ ਗੁਣਾਂ ਅੱਗੇ ਜਾ ਕੇ ਫਲਦਾ ਹੈ, ਤੂੰ ਜ਼ਹਿਰ ਦੇਣ ਲੱਗਿਆ ਹੈਂ, ਇਸਨੂੰ ਤੋੜ ਕੇ ਪਰੇ ਸੁੱਟ! ਹੌਲਦਾਰ ਨੇ ਸਿਗਰਟਾਂ ਦੀ ਡੱਬੀ ਤੋੜ ਕੇ ਪਰੇ ਸੁੱਟ ਦਿੱਤੀ ਅਤੇ ਬਚਨ ਦਿੱਤਾ ਅੱਜ ਤੋਂ ਬੁਰੇ ਕੰਮ ਵੀ ਸਭ ਛੱਡ ਦਿੱਤੇ ਅਤੇ ਸ਼ਰਾਬ ਵੀ ਨਹੀਂ ਪੀਵਾਂਗਾ। ਸੰਤ ਬੋਲੇ ਤੇਰੇ ਪਿੰਡ ਗੁਰਦੁਆਰਾ ਸਾਹਿਬ ਬਣ ਰਿਹਾ ਹੈ ਉਥੇ ਜਾ ਕੇ ਸੇਵਾ ਕਰਿਆ ਕਰ, ਇਸ ਤਰੀਕੇ ਮੂੰਗਫਲੀ ਚੱਬਕੇ ਹੌਲਦਾਰ ਨੂੰ ਪ੍ਰੇਮ ਦੇ ਘਰ ਨੂੰ ਤੋਰ ਦਿੱਤਾ। ਹੌਲਦਾਰ ਹੁਣ ਰੋਜ਼ ਆਉਣ ਲੱਗਾ, ਸੇਵਾ ਕਰਨੀ, ਕੱਪੜੇ ਧੋਣੇ ਅਤੇ ਫਿਰ ਬੇਨਤੀ ਕਰਕੇ ਆਪਣੇ ਖੂਹ ਤੇ ਲੈ ਗਿਆ। ਸੰਤਾਂ ਨੇ ਵੀ ਉਸ ਦਾ ਪ੍ਰੇਮ ਅਤੇ ਇਕਾਂਤ ਦੇਖਕੇ ਉਸ ਦੇ ਖੂਹ ਤੇ ਹੀ ਡੇਰਾ ਜਮ੍ਹਾ ਲਿਆ. ਉਥੇ ਬੈਠਕੇ ਗੁਰਦੁਆਰਾ ਸਾਹਿਬ ਦੀ ਚੱਲ ਰਹੀ ਸੇਵਾ ਦੀ ਦੇਖ ਰੇਖ ਕਰਨ ਲੱਗੇ। ਕੁਝ ਮਹੀਨਿਆ ਬਾਣਦ ਗੁਰਦੁਆਰੇ ਦੀ ਸੇਵਾ ਅਜੇ ਅਧੂਰੀ ਹੀ ਸੀ ਤਾਂ ਮਾਇਆ ਦੀ ਕਮੀ ਪੈ ਗਈ। ਹੌਲਦਾਰ ਨੇ ਸੰਤਾਂ ਨੂੰ ਆ ਕੇ ਦਸਿਆ। ਸੰਤ ਬੋਲੇ! ਦਰਵਾਜ਼ੇ ਖੋਲਕੇ ਢੰਡੋਰਾ ਪਿਟਵਾ ਦੇ ਕਿ ਜਿਸਨੇ ਇੱਕ ਪੁੱਤਰ ਲੈਣਾ ਹੈ, ਇਕ ਹਜ਼ਾਰ ਰੁਪਏ ਗੁਰਦੁਵਾਰਾ ਸਾਹਿਬ ਨੂੰ ਦੇਵੇ! ਹੌਲਦਾਰ ਨੇ ਪਿੰਡ ਆ ਕੇ ਹੋਕਾ ਫਿਰਵਾ ਦਿੱਤਾ, ਲੇਕਿਨ ਕਿਸੇ ਨੇ ਇੱਕ ਪੈਸਾ ਨਾ ਦਿੱਤਾ। ਹੌਲਦਾਰ ਨੇ ਸਵੇਰੇ ਆ ਕੇ ਸੰਤਾਂ ਨੂੰ ਪੁੱਛਿਆ, ਕਿ ਜੇ ਕੋਈ ਇਕ ਹਜ਼ਾਰ ਰੁਪਇਆ ਗੁਰਦਵਾਰਾ ਸਾਹਿਬ ਨੂੰ ਦੇ ਦਿੰਦਾ, ਤਾਂ ਤੁਸੀਂ ਪੁੱਤਰ ਦੇ ਦਿੰਦੇ? ਸੰਤ ਬੋਲੇ, ਪੁੱਤਰ ਅਸੀਂ ਦੇਣਾ ਸੀ? ਜਿਸਦਾ ਘਰ ਬਣਦਾ ਹੈ ਪੁੱਤਰ ਤਾਂ ਉਸਨੇ ਦੇਣਾ ਸੀ। ਖੈਰ! ਡੇਢ ਸਾਲ ਵਿੱਚ ਗੁਰਦੁਵਾਰਾ ਸਾਹਿਬ ਬਣਕੇ ਤਿਆਰ ਹੋ ਗਿਆ।

ਇਨ੍ਹਾਂ ਦਿਨਾਂ ਵਿੱਚ ਉੱਚੀ-ਦੌਦ ਦੇ ਬਾਬਾ ਸੁੰਦਰ ਸਿੰਘ ਨੇ ਆਪਣੇ ਘਰ ਅਖੰਡ ਪਾਠ ਸਾਹਿਬ ਕਰਵਾਉਣਾ ਸੀ, ਉਹ ਸੰਤਾਂ ਨੂੰ ਬੇਨਤੀ ਕਰਕੇ ਆਪਣੇ ਪਿੰਡ ਲੈ ਆਇਆ। ਅਸੂ ਕੱਤਕ ਦਾ ਮਹੀਨਾ ਸੀ ਇਸ ਲਈ ਕਿਸਾਨ ਲੋਕ ਦਿਨ ਰਾਤ ਆਪਣੇ ਕੰਮਾਂ-ਕਾਰਾਂ ਵਿੱਚ ਰੁਝੇ ਸਨ। ਸੰਤ ਇਕੱਲੇ ਹੀ ਦੁਪਹਿਰ ਦੇ ਸਮੇਂ ਬਾਹਰ ਖੇਤਾਂ ਵਿੱਚ ਇੱਕ ਕਿੱਕਰ ਦੇ ਹੇਠਾਂ ਬੈਠੇ ਸਨ। ਇਤਨੇ ਨੂੰ ਦਲੀਪ ਸਿੰਘ ਨਾਮ ਦਾ ਇੱਕ ਨੌਜਵਾਨ ਹੱਥ ਵਿੱਚ ਸ਼ਿਕਾਰੀ ਕੁੱਤੀ ਫੜੀ ਆਪਣੇ ਖੂਹ ਤੋਂ ਘਰ ਵੱਲ ਨੂੰ ਜਾ ਰਿਹਾ ਸੀ। ਸੰਤ ਉਸ ਨੇ ਦੇਖਕੇ ਕਿੱਕਰ ਹੇਠੋਂ ਉੱਠਕੇ ਉਸ ਰਸਤੇ ਤੇ ਆ ਗਏ, ਜਿਥੋਂ ਦੀ ਉਸ ਨੇ ਲੰਘਣਾ ਸੀ। ਨਜ਼ਦੀਕ ਆਉਣ ਤੇ ਦਲੀਪ ਸਿੰਘ ਨੂੰ ਸੰਤਾਂ ਨੇ ਪੁੱਛਿਆ, ਪ੍ਰੇਮੀਆਂ! ਇਸ ਕੁੱਤੀ ਨਾਲ ਕੀ ਕਰਦਾ ਹੈਂ?

ਦਲੀਪ ਸਿੰਘ — ਬਾਬਾ ਜੀ, ਸਾਹੇ ਮ੍ਰਿਗਾਂ ਦਾ ਸ਼ਿਕਾਰ ਖੇਡਦਾ ਹਾਂ.

ਸੰਤ — ਕਿਉਂ?

ਦਲੀਪ ਸਿੰਘ — ਜੀ ਮਾਰ ਕੇ ਮਾਸ ਖਾਂਦਾ ਹਾਂ।

ਸੰਤ — ਤੈਨੂੰ ਇਹ ਨਹੀਂ ਪਤਾ, ਜੋ ਕਰਦਾ ਹੈਂ ਇਸਦਾ ਲੇਖਾ ਦੇਣਾ ਪਵੇਗਾ, ਜਿਨ੍ਹਾਂ ਨੂੰ ਤੂੰ ਅੱਜ ਮਾਰਦਾ ਹੈਂ, ਉਹ ਕੱਲ ਤੈਨੂੰ ਮਾਰਕੇ ਖਾਣਗੇ। ਇਹ ਮਨੁੱਖ ਸਰੀਰ ਤਾਂ ਕਰਮਾਂ ਸੰਦੜਾ ਖੇਤ ਹੈ, ਇਸ ਵਿਚ ਜਿਹਾ ਕੋਈ ਬੀਜਦਾ ਹੈ, ਵੈਸਾ ਪ੍ਰਾਪਤ ਕਰਦਾ ਹੈ, ਤੂੰ ਕਿਸਾਨ ਹੈਂ ਤੈਨੂੰ ਖੇਤੀ ਬਾਰੇ ਪਤਾ ਵੀ ਹੈ, ਹੁਣ ਕੱਤਕ ਦਾ ਮਹੀਨਾ ਚੱਲ ਰਿਹਾ ਹੈ, ਤੁਸੀਂ ਕਣਕ, ਜੌਂ, ਛੋਲੇ ਜੋ ਬੀਜੋਗੇ, ਅੱਗੇ ਜਾ ਕੇ ਉਹੀ ਕੱਟੋਂਗੇ ਕਿ ਕੁਛ ਹੋਰ?

ਦਲੀਪ ਸਿੰਘ — ਹਾਂ ਬਾਬਾ ਜੀ ਕੱਟਾਂਗੇ ਤਾਂ ਉਹੀ।

ਸੰਤ — ਬਸ ਫਿਰ ਇਸੇ ਤਰ੍ਹਾਂ ਹੀ ਇਹ ਮਨੁੱਖ ਸਰੀਰ ਵੀ ਕੱਤਕ ਦਾ ਮਹੀਨਾ ਹੈ, ਯਾਨੀ ਕਰਮ ਭੂਮੀ ਹੈ। ਇਸ ਵਿੱਚ ਕੀਤੇ ਕਰਮ ਹੀ ਦੂਜੀਆਂ ਜੂਨਾਂ ਦੇ ਹੇਤੂ ਹਨ, ਇਸ ਮਨੁੱਖ ਸਰੀਰ ਦੀ ਅਗਰ ਤੂੰ ਅਹਿਮੀਅਤ ਨਾ ਸਮਝੀ, ਤਾਂ ਅੱਗੇ ਜਾ ਕੇ ਨਰਕ ਅਤੇ ਹੋਰ ਦੁਖਦਾਈ ਜੂਨਾਂ ਤਿਆਰ ਹਨ। ਅਗਰ ਤੂੰ ਥੋੜ੍ਹਾ ਬੁੱਧੀ ਤੋਂ ਕੰਮ ਲਵੇਂ ਤਾਂ ਭਲੇ ਕੰਮ ਕਰਕੇ ਫਿਰ ਦੁਬਾਰਾ ਮਨੁੱਖ ਸਰੀਰ ਪ੍ਰਾਪਤ ਕਰ ਸਕਦਾ ਹੈਂ। ਅਗਰ ਚਾਹੇਂ ਸਵਰਗ ਰਾਜ ਦੀ ਇੰਦ੍ਰ ਪਦਵੀ ਹਾਸਲ ਕਰ ਸਕਦਾ ਹੈਂ। ਅਗਰ ਤੇਰੀ ਇੱਛਾ ਹੋ ਜਾਵੇ, ਜਨਮ-ਮਰਨ ਤੋਂ ਰਹਿਤ ਅਬਿਨਾਸੀ ਰਾਜ ਪ੍ਰਾਪਤ ਕਰਨ ਦੀ, ਤਾਂ ਪੁਰਸ਼ਾਰਥ ਅਤੇ ਗੁਰੂ ਕ੍ਰਿਪਾ ਦੁਆਰਾ ਉਹ ਵੀ ਅਸੰਭਵ ਨਹੀਂ ਹੈ। ਇਹ ਫੈਸਲਾ ਹੁਣ ਤੇਰੇ ਹੱਥ ਹੈ ਕਿ ਇਸ ਕੱਤਕ ਦੇ ਮਹੀਨੇ ਇਸ ਮਨੁੱਖ ਸਰੀਰ ਰੂਪੀ ਭੂਮੀ ਵਿੱਚ ਕੀ ਬੀਜਣਾ ਹੈ, ਦੁੱਖ ਜਾਂ ਸੁੱਖ? ਇਸ ਉਪਦੇਸ਼ ਨੇ ਦਲੀਪ ਸਿੰਘ ਦੇ ਮਨ ਤੇ ਗਹਿਰਾ ਅਸਰ ਕੀਤਾ, ਅੱਜ ਤੱਕ ਕੇਵਲ ਇਤਨਾ ਹੀ ਪਤਾ ਸੀ ਕਿ ਖਾਉ ਪੀਉ ਮੌਜ ਉਡਾਉ, ਬੱਸ ਇਸ ਤੋਂ ਅੱਗੇ-ਪਿਛੇ ਕੋਈ ਲੇਖਾ ਪੁੱਛਣ ਵਾਲਾ ਨਹੀਂ, ਲੇਕਿਨ ਅੱਜ ਕੁੱਝ ਪਤਾ ਲੱਗਿਆ ਕਿ ਸਾਫ ਸੁਥਰਾ ਅਤੇ ਲੋਕ ਪਰਲੋਕ ਵਿੱਚ ਸੁਖਦਾਈ ਹੋਰ ਵੀ ਕੋਈ ਸੁੰਦਰ ਜੀਵਨ ਹੈ। ਮੈਂ ਤਾਂ ਅੱਜ ਤੱਕ ਕੰਡਿਆਂ ਵਾਲੇ ਰਸਤੇ ਹੀ ਪਿਆ ਰਿਹਾ, ਖੈਰ ਸੰਤਾਂ ਤੋਂ ਆਗਿਆ ਲੈ ਕੇ ਘਰ ਨੂੰ ਤੁਰ ਗਿਆ। ਫਿਰ ਕਦੇ-ਕਦਾਈ ਦਰਸ਼ਨਾਂ ਨੂੰ ਆਉਂਦਾ ਰਿਹਾ, ਲੇਕਿਨ ਅਜੇ ਜ਼ਿੰਦਗੀ ਦਾ ਰੁਖ ਨਹੀਂ ਬਦਲਿਆ, ਉਹੀ ਸ਼ਰਾਬ, ਮਾਸ ਤੇ ਸਿਗਰਟਾਂ। ਹਾਂ ਸੰਤਾਂ ਦੀ ਇੱਕ ਗੱਲ ਬਾਰ-ਬਾਰ ਅੰਦਰ ਠੋਕਰ ਮਾਰੀ ਜਾ ਰਹੀ ਹੈ—

**ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥**

ਇੱਕ ਦਿਨ ਆਪਣੇ ਦੋਸਤ ਬਾਬੂ ਸਿੰਘ ਨੂੰ ਸੰਤਾਂ ਦੀ ਸਾਰੀ ਗੱਲ ਸੁਣਾਈ। ਬਾਬੂ ਸਿੰਘ ਇੱਕ ਨੇਕ ਸੁਭਾਵ ਦਾ ਬੰਦਾ ਸੀ, ਪਰੰਤੂ ਕਦੇ-ਕਦਾਈ ਕੁਸੰਗ ਦੇ ਜ਼ੇਰੇ ਅਸਰ ਸ਼ਰਾਬ, ਮਾਸ ਜਾਂ ਸਿਗਰਟਾਂ ਆਦਿ ਦਾ ਸੇਵਨ ਕਰ ਲੈਂਦਾ ਸੀ, ਲੇਕਿਨ ਦਿਲੋਂ ਨਫਰਤ ਸੀ। ਦਿਲੋਂ ਤਾਂ ਉਸ ਸਮੇਂ ਦੀ ਉਡੀਕ ਵਿੱਚ ਰਹਿੰਦਾ ਸੀ ਕਿ ਕਦ ਸਮਾਂ ਆਵੇ, ਕੁਸੰਗ ਦਾ ਤਿਆਗ ਕਰਕੇ ਨਾਮ ਬਾਣੀ ਦੇ ਸੁਖਦਾਈ ਰਸਤੇ ਚੱਲਕੇ, ਜੀਵਨ ਬਸਰ ਕਰੀਏ। ਇਤਨੇ ਨੂੰ ਦੀਵਾਲੀ ਆ ਗਈ, ਦੋਨਾਂ ਨੇ ਸਲਾਹ ਕੀਤੀ, ਕਿ ਅੱਜ ਦੀਵਾਲੀ ਵਾਲੇ ਦਿਨ ਸਾਰੇ ਨਸ਼ੇ ਕਰ ਲਈਏ, ਅੱਜ ਤੋਂ ਬਾਅਦ ਆਪਣੇ ਦੋਨਾਂ ਵਿੱਚੋਂ ਅਗਰ ਕੋਈ ਨਸ਼ਾ ਜਾਂ ਮਾਸ ਆਦਿ ਦਾ ਸੇਵਨ ਕਰੇਗਾ, ਉਸਦੇ ਸਿਰ ਵਿੱਚ ਵੀਹ ਜੁੱਤੀਆਂ ਮਾਰਨੀਆਂ। ਦੀਵਾਲੀ ਤੋਂ ਬਾਅਦ ਦੋਨਾਂ ਨੇ ਕੋਈ ਨਸ਼ਾ ਨਾ ਕੀਤਾ, ਬਲਕਿ ਬਾਬੂ ਸਿੰਘ ਨੇ ਤਾਂ ਸੰਤ ਗੋਪਾਲ ਸਿੰਘ ਜੀ ਤੋਂ ਨਾਮ ਲੈ ਕੇ ਗੁਰਬਾਣੀ

ਦੀ ਸੰਥਯਾ ਸ਼ੁਰੂ ਕਰ ਦਿੱਤੀ। ਇਸ ਪ੍ਰਕਾਰ ਬਾਬੂ ਸਿੰਘ ਉਸ ਇਲਾਕੇ ਵਿੱਚ ਸੰਤ ਗੋਪਾਲ ਸਿੰਘ ਜੀ ਦਾ ਪਹਿਲਾ ਸ਼ਿਸ਼ ਹੋਇਆ। ਉਧਰ ਦਲੀਪ ਸਿੰਘ ਨੇ ਅਜੇ ਨਾਮ ਤਾਂ ਨਹੀਂ ਲਿਆ, ਪਰੰਤੂ ਸੰਤਾਂ ਨੂੰ ਬੇਨਤੀ ਕਰਕੇ ਬਾਬਾ ਸੁੰਦਰ ਸਿੰਘ ਦੇ ਖੂਹ ਤੋਂ ਆਪਣੇ ਟਿੱਬੇ ਤੇ ਲੈ ਗਿਆ। ਸੰਤਾਂ ਨੇ ਟਿੱਬੇ ਤੇ ਇੱਕ ਛਾਂਨ ਬੰਨ੍ਹ ਕੇ ਉਸ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ, ਅਤੇ ਲੰਗਰ ਅਲੱਗ-ਅਲੱਗ ਪਿੰਡਾਂ ਤੋਂ ਵਾਰੀ ਨਾਲ ਭਿੱਖਿਆ ਕਰਕੇ ਛੱਕ ਲੈਂਦੇ। ਆਮ ਲੋਕਾਂ ਵਿੱਚ ਜੇ ਕਿਸੇ ਨਾਲ ਗੱਲ ਕਰਦੇ ਤਾਂ ਇਹੋਂ ਕਹਿੰਦੇ, ਤੁਸੀਂ ਇਸ ਇਲਾਕੇ ਦੇ ਸਭ ਲੋਕ ਗੰਗਾ ਕਿਨਾਰੇ ਬੈਠੇ ਪਿਆਸ ਨਾਲ ਵਿਆਕੁਲ ਹੋ ਰਹੇ ਹੋ, ਤੁਹਾਨੂੰ ਇਹ ਨਹੀਂ ਪਤਾ ਕਿ ਇੱਥੇ ਕਿਸੇ ਪੂਰਨ ਪੁਰਸ਼ ਨੇ ਅਵਤਾਰ ਧਾਰਣ ਕੀਤਾ ਹੈ। ਕਰਨਾਲ ਸ਼ਹਿਰ ਅਤੇ ਆਸ ਪਾਸ ਦੇ ਹਜ਼ਾਰਾਂ ਲੋਕ ਉਨ੍ਹਾਂ ਤੋਂ ਲੋਕ-ਪਰਲੋਕ ਦੇ ਸੁੱਖ ਪ੍ਰਾਪਤ ਕਰ ਰਹੇ ਹਨ ਅਤੇ ਸਾਰੇ ਹਿੰਦੋਸਤਾਨ ਵਿੱਚ ਚੱਕਰ ਲਗਾ ਕੇ, ਲੋਕਾਂ ਨੂੰ ਸੁਮਾਰਗ ਯਾਨੀ ਸੁਖਦਾਈ ਮਾਰਗ ਦੀ ਸਬੁੱਧੀ ਬਖਸ਼ਿਸ਼ ਕਰ ਰਹੇ ਹਨ ਪਰੰਤੂ ਤੁਸੀਂ ਇਸ ਗੱਲੋਂ ਬਿਲਕੁੱਲ ਬੇਖਬਰ ਬੈਠੇ ਹੋ। ਕਿਸੇ ਪ੍ਰੇਮੀ ਨੇ ਪੁੱਛਿਆ, ਸਾਰੇ ਭਾਰਤਵਰਸ਼ ਵਿੱਚ ਜਾਂਦੇ ਹਨ ਫਿਰ ਇਸ ਇਲਾਕੇ ਵਿੱਚ ਕਿਉਂ ਨਹੀਂ ਆਉਂਦੇ? ਸੰਤ ਗੋਪਾਲ ਸਿੰਘ ਜੀ ਬੋਲੇ, ਭਾਈ! ਦਸ਼ਮ ਪਾਤਿਸ਼ਾਹ ਮਹਾਰਾਜ ਜੀ ਨੇ ਲਿਖਿਆ ਹੈ—

**ਸਾਚ ਕਹੋਂ ਸੁਨ ਲੇਹੁ ਸਭੈ ਜਿਨਿ ਪ੍ਰੇਮ ਕੀਉ ਤਿਨ ਹੀ ਪ੍ਰਭੁ ਪਾਇਓ।**

ਪਰਮੇਸ਼ਰ ਕਿਸੇ ਪਦਾਰਥ ਦਾ ਭੁੱਖਾ ਨਹੀਂ, ਬਲਕਿ ਉਹ ਤਾਂ ਪਦਾਰਥਾਂ ਦਾ ਦਾਤਾ ਹੈ, ਉਸਦੇ ਕੋਲ ਛੋਟੇ-ਵੱਡੇ ਗਰੀਬ ਅਮੀਰ ਦਾ ਵੀ ਵਿਤਕਰਾ ਨਹੀਂ ਹੈ, ਹਾਂ! ਜੇ ਭੁੱਖਾ ਹੈ ਤਾਂ ਕੇਵਲ ਤੇ ਕੇਵਲ ਇੱਕ ਵਸਤੂ ਦਾ। ਕੀ ਹੈ ਉਹ ਵਸਤੂ?

**ਗੋਵਿੰਦ ਭਾਓ ਭਗਤ ਦਾ ਭੁਖਾ**

ਬੱਸ ਉਸਨੂੰ ਵਸ ਕਰਨ ਦਾ ਕੇਵਲ ਇਕ ਹੀ ਤਰੀਕਾ ਹੈ, ਪ੍ਰੇਮ। ਪ੍ਰੇਮ ਤੋਂ ਬਿਨਾਂ ਉਸ ਨੂੰ ਪ੍ਰਾਪਤ ਕਰਨ ਦੇ ਸਾਰੇ ਯਤਨ ਨਿਸਫਲ ਹਨ, ਇਸ ਲਈ ਤੁਸੀਂ ਦੇਖੋ, ਕਿਤੇ ਪ੍ਰੇਮ ਦੀ ਕਮੀ ਤਾਂ ਨਹੀਂ ਹੈ।

ਇਸ ਪ੍ਰਕਾਰ ਦਾ ਉਪਦੇਸ਼ ਕਰਦਿਆਂ ਨੇ ਇਸ ਇਲਾਕੇ ਵਿੱਚ ਕਈ ਸਾਲ ਬਿਤਾ ਦਿੱਤੇ। ਹੁਣ ਕੁਝ ਸਮੇਂ ਬਾਅਦ ਦਲੀਪ ਸਿੰਘ ਨੇ ਵੀ ਨਾਮ ਦੀ ਦਾਤ ਪ੍ਰਾਪਤ ਕਰ ਲਈ। ਕੁਝ ਸਮੇਂ ਲਈ ਇਥੋਂ ਚਲੇ ਜਾਂਦੇ, ਫਿਰ ਵਾਪਸ ਟਿੱਬੇ ਤੇ ਆ ਬਿਰਜਾਦੇ, ਇਉਂ ਪ੍ਰਤੀਤ ਹੁੰਦਾ ਹੈ ਕਿ ਇਸ ਇਲਾਕੇ ਦੀ ਧਰਤੀ ਨੂੰ ਵਾਹ ਸਵਾਰ ਕੇ ਬੀਜਣ ਦੇ ਲਾਇਕ ਬਣਾਉਣ ਵੱਲ ਜ਼ਿਆਦਾ ਧਿਆਨ ਦੇ ਰਹੇ ਹਨ। ਹੁਣ ਪਰਮੇਸ਼ਰ ਦਾ ਖੇਡ ਵਰਤਿਆ, ਸੰਤਾਂ ਦੇ ਸਰੀਰ ਤੇ ਭਗੰਦਰ ਦਾ ਫੋੜਾ ਨਿਕਲ ਆਇਆ। ਦਲੀਪ ਸਿੰਘ ਅਤੇ ਬਾਬੂ ਸਿੰਘ ਆਦਿਕ ਪ੍ਰੇਮੀ ਇਲਾਜ, ਮੁਆਲਜੇ ਕਰਵਾਉਂਦੇ ਰਹੇ, ਲੇਕਿਨ ਕੋਈ ਫਰਕ ਨਹੀਂ ਪੈ ਰਿਹਾ। ਦਲੀਪ ਸਿੰਘ ਨੇ ਆਪਣੇ ਮਨ ਵਿੱਚ ਅਰਦਾਸ ਕਰਕੇ ਸੁੱਖਣਾ ਸੁੱਖੀ ਕਿ ਸੰਤਾਂ ਦਾ ਫੋੜਾ ਠੀ ਹੋ ਜਾਵੇ ਫਿਰ ਮੈਂ ਅਖੰਡ ਪਾਠ ਸਾਹਿਬ ਕਰਵਾਵਾਂ। ਇਤਨੇ ਨੂੰ 'ਚੋਮੋਂ' ਪਿੰਡ ਦਾ ਇੱਕ ਦੇਸੀ ਹਕੀਮ ਮਿਲ ਗਿਆ, ਉਸਦੇ ਇਲਾਜ ਕਰਨ ਨਾਲ ਥੋੜ੍ਹੇ ਦਿਨਾਂ ਵਿੱਚ ਹੀ ਠੀਕ ਹੋ ਗਏ, ਫਿਰ ਦਲੀਪ ਸਿੰਘ ਨੇ ਅਰਜ਼ ਕੀਤੀ, ਬਾਬਾ ਜੀ, ਮੈਂ ਆਪ ਜੀ ਦੀ ਤੰਦਰੁਸਤੀ ਨਮਿੱਤ ਅਖੰਡ ਪਾਠ ਸਾਹਿਬ ਸੁੱਖਿਆ ਸੀ, ਦੱਸੋ ਕਦੋਂ ਕਰਵਾਈਏ? ਸੰਤ ਬੋਲੇ, ਅਗਰ ਤੇਰਾ ਵਿਚਾਰ ਅਖੰਡ ਪਾਠ ਸਾਹਿਬ ਕਰਵਾਉਣ ਦਾ ਹੈ ਤਾਂ ਸਾਡੇ ਗੁਰੂਦੇਵ ਮਹਾਰਾਜ ਨਿੱਕਾ ਸਿੰਘ ਜੀ ਤੋਂ ਤਾਰੀਖ ਲਵੋ, ਉਹ ਹਰਦੁਆਰ ਬਾਬਾ ਬੁੱਢਾ ਸਿੰਘ ਜੀ ਦੀ ਬਰਸੀ ਤੇ ਮਿਲਣਗੇ। ਸੰਗਤ ਨੇ ਬੇਨਤੀ ਕੀਤੀ, ਤੁਸੀਂ ਨਾਲ ਚੱਲੋ! ਸੰਤ ਬੇਨਤੀ ਪ੍ਰਵਾਨ ਕਰਕੇ ਨਾਲ ਚੱਲਣ ਲਈ ਤਿਆਰ ਹੋ ਗਏ, ਤਾਂ ਦਲੀਪ ਸਿੰਘ, ਬਾਬੂ ਸਿੰਘ, ਭਗਤ ਸਿੰਘ, ਫੌਜੀ ਰਾਮ ਰਤਨ ਸਿੰਘ, ਸੰਤਾ ਸਿੰਘ ਅਹਿਮਦਗੜ੍ਹ ਅਤੇ ਜੋਰਾ ਸਿੰਘ ਭੋਤਨੇ ਆਦਿਕ ਪ੍ਰੇਮੀਆਂ ਨੇ ਸੰਤ ਗੋਪਾਲ ਸਿੰਘ ਨਾਲ ਹਰਦੁਆਰ ਜਾ ਕੇ ਵਿਰੱਕਤ ਮਹਾਰਾਜ ਜੀਆਂ ਦੇ ਚਰਨਾਂ ਵਿੱਚ ਪਹੁੰਚ ਕੇ ਆਪਣਾ ਆਉਣ ਦਾ ਨਮਿੱਤ ਦਸਿਆ। ਭੂਤ-ਭਵਿੱਖਤ ਦੇ ਗਿਆਤ ਗੇਯ ਦਾਤੇ ਨੇ ਆਪਣੀ ਮੌਜ ਵਿੱਚ ਅਖੰਡ ਪਾਠ ਦੀ ਤਾਰੀਖ ਦੇ ਦਿੱਤੀ ਅਤੇ ਦਿੱਤੇ ਬਚਨ ਅਨੁਸਾਰ ਉੱਚੀ ਦੰਦ ਟਿੱਬੇ ਤੇ ਪਹੁੰਚ ਗਏ। ਇਹ ਸਮਾਂ ਕੋਈ 1966 ਈ: ਦਾ ਸੀ। ਅਖੰਡ ਪਾਠ ਸਾਹਿਬ ਕਰਵਾਇਆ, ਉਪਰੰਤ ਗੁਰੂ ਦੇ ਲੰਗਰ ਦੇ ਖੁੱਲ੍ਹੇ ਭੰਡਾਰੇ ਵਰਤਾਏ ਗਏ। ਇਸ ਅਖੰਡ ਪਾਠ ਸਾਹਿਬ ਦੇ ਬਹਾਨੇ ਧਰਤੀ ਅਤੇ ਇਲਾਕੇ ਦੇ ਐਸੇ ਭਾਗ ਜਾਗੇ ਕਿ ਹਜ਼ੂਰ ਦੇ ਮਾਤ ਲੋਕ ਵਿੱਚ ਵਿਚਰਨ ਦੇ ਆਖਰੀ ਸਮੇਂ ਤੱਕ ਇਸ ਭਾਗਾਂ ਭਰੀ ਧਰਤੀ ਨੂੰ ਸਮੇਂ-ਸਮੇਂ ਆਪਦੀ ਚਰਨ-ਰਜ ਪ੍ਰਾਪਤ ਹੁੰਦੀ ਰਹੀ।

## ਗੁਰਾਇਆ ਨਗਰ

ਇੱਕ ਸਮੇਂ ਦਾ ਜ਼ਿਕਰ ਕਿ ਸੰਤ ਗੋਪਾਲ ਸਿੰਘ ਜੀ ਦੁਰਾਹੇ ਠਹਿਰੇ ਹੋਏ ਗੁਰੂ ਘਰ ਦਾ ਪ੍ਰਚਾਰ ਕਰ ਰਹੇ ਸਨ। ਅੱਠੇ ਪਹਿਰ ਚੌਵੀ ਘੰਟੇ ਦੀ ਨਿੱਤ ਕਿਰਿਆ, ਲੋਕਾਂ ਦੇ ਘਰੀਂ ਤਾਰੀਖਾਂ ਦੇ ਕੇ ਅਖੰਡ ਪਾਠ ਸਾਹਿਬ ਕਰਵਾਉਣੇ, ਚਾਹਵਾਨਾਂ ਨੂੰ ਗੁਰਬਾਣੀ ਪੜ੍ਹਾਉਣੀ, ਲੰਗਰ ਮਧੂਕੜੀ ਕਰਕੇ ਛੱਕ ਲੈਣਾ, ਇਸ ਪ੍ਰਕਾਰ ਜੀਵਨ ਬਸਰ ਕਰ ਰਹੇ ਸਨ।

ਅੱਜ ਇਕ ਕਰਤਾਰ ਸਿੰਘ ਨਾਮ ਦੇ ਪ੍ਰੇਮੀ ਦੇ ਘਰ ਅਖੰਡ ਪਾਠ ਸਾਹਿਬ ਦਾ ਭੋਗ ਪਿਆ, ਉਪਰੰਤ ਸੰਤ ਗੋਪਾਲ ਸਿੰਘ ਜੀ ਨੇ ਹੁਕਮਨਾਮੇ ਦੀ ਕਥਾ ਕੀਤੀ, ਜੋ ਸਭ ਸੰਗਤਾਂ ਨੇ ਬਹੁਤ ਪ੍ਰੇਮ ਨਾਲ ਸ੍ਰਵਣ ਕੀਤੀ। ਕਰਤਾਰ ਸਿੰਘ ਦੇ ਹੋਰ ਸਾਕ ਸਨਬੰਧੀ ਵੀ ਬੁਲਾਏ ਹੋਏ ਸਨ, ਜਿਨ੍ਹਾਂ ਵਿੱਚ ਗੁਰਾਇਆ ਤੋਂ ਉਸ ਦਾ ਸਾਂਢੂ ਸਰਦਾਰ ਹਰਦਿੱਤ ਸਿੰਘ ਅਤੇ ਉਸਦਾ ਦੋਸਤ ਉਜਾਗਰ ਸਿੰਘ ਸੂਰੀ ਵੀ ਆਏ ਹੋਏ ਸਨ। ਕਥਾ ਸੁਨਣ ਦੇ ਬਾਅਦ ਸੂਰੀ ਦੇ ਮਨ ਵਿੱਚ ਕੁਝ ਸ਼ਰਧਾ ਉਤਪੰਨ ਹੋਈ, ਬੇਨਤੀ ਕੀਤੀ, ਬਾਬਾ ਜੀ ਗੁਰਾਇਆ ਚੱਲੋ! ਉਥੇ ਵੀ ਸੰਗਤਾਂ ਨੂੰ ਗੁਰਬਾਣੀ ਪੜ੍ਹਾਓ! ਅਤੇ ਮੈਂ ਵੀ ਅਖੰਡ ਪਾਠ ਸਾਹਿਬ ਕਰਵਾਉਣਾ ਹੈ, ਆਪ ਕੋਈ ਤਾਰੀਖ ਦੇ ਦਿਉ ਕਿਉਂਕਿ ਮੇਰੀ ਦਿਲੀ ਇੱਛਾ ਹੈ ਸ੍ਰੀ ਅਖੰਡ ਪਾਠ ਸਾਹਿਬ ਤੁਹਾਡੀ ਹਾਜ਼ਰੀ ਵਿੱਚ ਹੀ ਕਰਵਾਵਾਂ। ਸੰਤਾਂ ਨੇ ਸੂਰੀ ਦਾ ਪ੍ਰੇਮ ਦੇਖਕੇ ਬਚਨ ਦੇ ਦਿੱਤਾ ਕਿ ਤੁਸੀਂ ਚੱਲੋ, ਅਸੀਂ ਆਪ ਹੀ ਆ ਜਾਵਾਂਗੇ ਤੁਹਾਡੇ ਕੋਲ। ਥੋੜ੍ਹੇ ਦਿਨਾਂ ਬਾਅਦ ਸੰਤ ਜੀ ਕਰਤਾਰ ਸਿੰਘ ਦੁਰਾਹੇ ਵਾਲੇ ਨੂੰ ਨਾਲ ਲੈ ਕੇ ਗੁਰਾਇਆ ਨਗਰ ਪਹੁੰਚ ਗਏ, ਪ੍ਰੇਮੀ ਨੇ ਉਨ੍ਹਾਂ ਦੇ ਠਹਿਰਨ ਲਈ ਫਾਟਕੋਂ ਪਾਰ ਇੱਕ ਕੱਚਾ ਮਕਾਨ ਸੀ ਉਸ ਵਿੱਚ ਇੰਤਜਾਮ ਕਰ ਦਿੱਤਾ।*

ਸੰਤ ਜੀ ਸਵੇਰੇ ਨੌਂ ਵਜੇ ਲੰਗਰ ਪਾਣੀ ਛੱਕ ਕੇ ਕੱਚੇ ਕੋਠੇ ਦੇ ਅੰਦਰ ਬੈਠ ਜਾਂਦੇ, ਪਾਣੀ ਦਾ ਇੱਕ ਘੜਾ ਕੋਲ ਰੱਖ ਲੈਂਦੇ, ਫਿਰ ਸ਼ਾਮ ਨੂੰ ਬਾਹਰ ਨਿਕਲਦੇ, ਸਤਿਸੰਗ ਕਰਕੇ ਲੰਗਰ ਪਾਣੀ ਛੱਕ ਫਿਰ ਅੰਦਰ ਚੱਲੇ ਜਾਂਦੇ, ਇਸ ਪ੍ਰਕਾਰ ਦੀ ਕਿਰਿਆ ਚੱਲ ਰਹੀ ਸੀ।

ਇੱਕ ਦਿਨ ਉਜਾਗਰ ਸਿੰਘ ਨੇ ਅਰਜ਼ ਕੀਤੀ, ਬਾਬਾ ਜੀ! ਅਖੰਡ ਪਾਠ ਸਾਹਿਬ ਲਈ ਕੋਈ ਦਿਨ ਨੀਯਤ ਕਰ ਦਿਉ! ਆਪ ਨੇ ਹੁਕਮ ਕਰ ਦਿੱਤਾ ਕਿ ਫਲ੍ਹਾਂ ਦਿਨ ਆਰੰਭ ਕਰ ਲੈਣਾ। ਨੀਯਤ ਦਿਨ ਤੇ ਸੂਰੀ ਪਰਿਵਾਰ ਨੇ ਦੁਕਾਨ ਦੇ ਉਪਰ ਅਖੰਡ ਪਾਠ ਸਾਹਿਬ ਰਖਵਾਇਆ ਤਾਂ ਭੋਗ ਵਾਲੇ ਦਿਨ ਸੰਤਾਂ ਨੇ ਰੱਬੀ ਹੁਕਮਨਾਮੇ ਦੀ ਕਥਾ ਕੀਤੀ ਅਤੇ ਨਾਲ ਹੀ ਦੁਬਾਰਾ ਹੋਰ ਅਖੰਡ ਪਾਠ ਸਾਹਿਬ ਆਰੰਭ ਕਰ ਲਿਆ। ਇਉਂ ਲੜੀਵਾਰ ਪੰਜ ਅਖੰਡ ਪਾਠ ਸਾਹਿਬ ਲਗਾਤਾਰ ਕਰਵਾਏ, ਅਤੇ ਹਰ ਭੋਗ ਉਪਰੰਤ ਆਏ ਦਰਗਾਹੀ ਹੁਕਮਨਾਮੇ ਦੀ ਸੰਤ ਕਥਾ ਕਰਦੇ ਰਹੇ। ਇਸ ਤਰ੍ਹਾਂ ਕੋਈ ਇੱਕ ਮਹੀਨਾ ਸੰਤ ਜੀ ਇਥੇ ਠਹਿਰੇ ਰਹੇ ਅਤੇ ਗੁਰਬਾਣੀ ਸਤਿਸੰਗ ਦਾ ਚੰਗਾ ਰੰਗ ਬੱਝਿਆ ਰਿਹਾ। ਫਿਰ ਅੰਨਜਲ ਦੇ ਵਸ ਇਥੋਂ ਕਿਸੇ ਪਾਸੇ ਚੱਲੇ ਗਏ, ਲੇਕਿਨ ਕੁਝ ਮਹੀਨਿਆਂ ਬਾਅਦ ਹੀ ਦੁਬਾਰਾ ਫਿਰ ਗੁਰਾਇਆ ਆ ਗਏ। ਗਰਮੀ ਦੇ ਦਿਨ ਸਨ ਬੱਚਿਆਂ ਨੂੰ ਛੁੱਟੀਆਂ ਹੋਣ ਕਰਕੇ ਸਕੂਲ ਬੰਦ ਸਨ, ਇਸ ਲਈ ਆਪ ਨੂੰ ਸਕੂਲ ਦੇ ਇਕ ਕਮਰੇ ਵਿੱਚ ਠਹਿਰਾਇਆ ਗਿਆ। ਗੁਰਬਾਣੀ ਦੁਆਰਾ ਸਤਿਸੰਗ ਤਾਂ ਹਰ ਰੋਜ਼ ਹੁੰਦਾ ਹੀ ਸੀ, ਲੇਕਿਨ ਹੁਣ ਕੁਝ ਗੁਰਬਾਣੀ ਦੀ ਸੰਥਯਾ ਲੈਣ ਵਾਲੇ ਲੜਕੇ ਲੜਕੀਆਂ ਵੀ ਆਉਣੇ ਸ਼ੁਰੂ ਹੋ ਗਏ ਅਤੇ ਕੁਝ ਕੁ ਐਸੇ ਸੱਜਣ ਵੀ ਸਨ ਜੋ ਪਹਿਲਾਂ ਗੁਰਬਾਣੀ ਦਾ ਪਾਠ ਤਾਂ ਕਰਦੇ ਸਨ ਲੇਕਿਨ ਅਸ਼ੁੱਧ ਸੀ, ਉਨ੍ਹਾਂ ਨੇ ਵੀ ਸੰਥਯਾ ਸ਼ੁਰੂ ਕੀਤੀ। ਇਨ੍ਹਾਂ ਦਿਨਾਂ ਵਿੱਚ ਭਾਵੇਂ ਕਾਫ਼ੀ ਸੰਗਤ ਆਉਣੀ ਸ਼ੁਰੂ ਹੋ ਗਈ ਲੇਕਿਨ ਕੁਝ ਸੱਜਣ ਜਿਵੇਂ ਸੂਰੀ ਪਰਿਵਾਰ, ਸਰਦਾਰ ਹਰਦਿੱਤ ਸਿੰਘ, ਪ੍ਰਸ਼ੋਤਮ ਸਿੰਘ, ਸਤਿਨਾਮ ਸਿੰਘ, ਭਾਈ ਹਰਨਾਮ ਦਾਸ ਅਤੇ ਭਾਈ ਰਾਮ ਲਾਲ ਆਦਿਕ ਪ੍ਰੇਮੀ ਤਾਂ ਪੱਕੇ ਤੌਰ ਤੇ ਜੁੜ ਗਏ। ਇਹ ਸਾਰੇ ਸੱਜਣ ਸਮੇਤ ਬੱਚਿਆਂ ਦੇ ਗੁਰਬਾਣੀ ਦਾ ਪਾਠ ਕਰਨ ਲੱਗ ਪਏ। ਇਤਨੇ ਨੂੰ ਸਕੂਲ ਦੀਆਂ ਛੁੱਟੀਆਂ ਖਤਮ ਹੋ ਗਈਆਂ। ਸੰਤ ਜੀ ਵੀ ਫਿਰ ਆਉਣ ਦਾ ਬਚਨ ਦੇ ਕੇ ਕਿਸੇ ਪਾਸੇ ਚੱਲੇ ਗਏ। ਕੁਝ ਸਮੇਂ ਬਾਅਦ ਇਨ੍ਹਾਂ ਪ੍ਰੇਮੀਆਂ ਦੇ ਖਿੱਚੇ ਫਿਰ ਆ ਗਏ, ਜੋ ਰਿਹਾਇਸ਼ ਅੱਟੇ ਸਕੂਲ ਵਿੱਚ ਰੱਖੀ। ਇਥੇ ਵੀ ਪ੍ਰੇਮੀ ਸੱਜਣ ਗੁਰਬਾਣੀ ਪੜ੍ਹਣ ਆਉਂਦੇ ਰਹੇ। ਕੁਛ ਸਮੇਂ ਬਾਅਦ ਚੌਥੀ

* *ਇਹ ਉਹ ਜਗ੍ਹਾ ਸੀ ਜਿਥੇ ਅੱਜ ਕੱਲ ਫੈਕਟਰੀ ਅਤੇ ਸੂਰੀ ਪਰਿਵਾਰ ਦੀ ਰਿਹਾਇਸ਼ ਹੈ, ਕਿਉਂਕਿ ਉਸ ਸਮੇਂ ਇਥੇ ਆਬਾਦੀ ਬਹੁਤ ਘੱਟ ਸੀ। ਉਸ ਸਮੇਂ ਸੂਰੀ ਪਰਿਵਾਰ ਦੀ ਰਿਹਾਇਸ਼ ਅਤੇ ਦੁਕਾਨ ਕਾਰੋਬਾਰ ਫਾਟਕ ਦੇ ਨਾਲ ਧਨਵੀਰ ਸਿੰਘ ਸੂਰੀ ਦੁਕਾਨ ਮਕਾਨ ਵਾਲੇ ਥਾਂ ਹੀ ਸੀ।*

ਵਾਰ ਫਿਰ ਗੁਰਾਇਆ ਨਗਰ ਆਏ ਤਾਂ ਬਿਕਰ ਸਿੰਘ ਰਾੜੇ ਦੇ ਖੂਹ ਤੇ ਠਹਿਰੇ। ਇਸ ਵਾਰ ਸੰਗਤ ਵਿੱਚ ਕੁਝ ਹੋਰ ਵੀ ਨਵੇਂ ਸੱਜਣਾਂ ਨੇ ਆਉਣਾ ਸ਼ੁਰੂ ਕੀਤਾ, ਜਿਨ੍ਹਾਂ ਵਿੱਚ ਸ਼੍ਰੀ ਟੇਕ ਚੰਦ ਗੁਲਾਟੀ ਅਤੇ ਮੇਘਰਾਜ ਆਦਿਕ ਸੱਜਣ ਤਾਂ ਪੱਕੇ ਤੌਰ ਤੇ ਜੁੜ ਗਏ। ਸੰਗਤਾਂ ਤਾਂ ਹਰ ਰੋਜ਼ ਸ਼ਾਮ ਨੂੰ ਸਤਿਸੰਗ ਲਈ ਜੁੜਦੀਆਂ ਹੀ ਸਨ ਤਾਂ ਆਪ ਆਪਣੇ ਗੁਰੂਦੇਵ ਵਿਰੱਕਤ ਮਹਾਰਾਜ ਨਿੱਕਾ ਸਿੰਘ ਜੀਆਂ ਦਾ ਜ਼ਿਕਰ ਬਾਰ-ਬਾਰ ਕਰਕੇ ਸੰਗਤ ਨੂੰ ਦਸਦੇ ਕਿ ਸਾਡੇ ਗੁਰੂਦੇਵ ਹੱਥਾਂ ਪੈਰਾਂ ਵਾਲੇ ਸ਼ਾਖਸ਼ਾਤ ਰੱਬ ਹਨ, ਕਦੇ ਸਮਾਂ ਬਣਿਆ ਤਾਂ ਤੁਹਾਨੂੰ ਦਰਸ਼ਨ ਕਰਾਵਾਂਗੇ। ਇਸ ਸਮੇਂ ਤੱਕ ਗੁਰਾਇਆ ਨਗਰ ਦੀ ਕਾਫੀ ਸੰਗਤ ਵੀ ਗੁਰਬਾਣੀ ਦੇ ਲੜ ਲੱਗ ਚੁੱਕੀ ਸੀ ਅਤੇ ਸੰਤ ਵੀ ਇਨ੍ਹਾਂ ਪ੍ਰੇਮੀਆਂ ਦੇ ਪ੍ਰੇਮਵਸ ਹੋਏ ਇਸ ਨਗਰ ਵਿੱਚ ਆਉਂਦੇ ਰਹਿੰਦੇ ਸਨ।

## ਗੁਰਾਇਆ ਕੁਟੀਆ

ਇਕ ਸਮਾਂ ਸੰਤ ਗੋਪਾਲ ਸਿੰਘ ਜੀ ਗੁਰਾਇਆ ਠਹਿਰੇ ਹੋਏ ਸਨ ਤਾਂ ਆਪਣੀ ਮੌਜ ਵਿੱਚ ਸੈਰ ਕਰਦੇ, ਤਿਨੈਹਿਰੇ ਵੱਲ ਨਿਕਲ ਗਏ। ਉਥੇ ਖੇਤਾਂ ਵਿੱਚ ਇੱਕ ਨਿਸ਼ਾਨ ਸਾਹਿਬ ਲੱਗਿਆ ਹੋਇਆ ਦੇਖਿਆ, ਲੇਕਿਨ ਕੋਈ ਕਮਰਾ ਜਾਂ ਬਿਲਡਿੰਗ ਨਹੀਂ ਤੇ ਨਾ ਹੀ ਕੋਈ ਬੰਦਾ ਨੇੜੇ ਹੈ ਜਿਸ ਨੂੰ ਇਸ ਜਗ੍ਹਾ ਬਾਰੇ ਪੁੱਛਿਆ ਜਾਵੇ, ਪਰੰਤੂ ਜਗ੍ਹਾ ਬੜੀ ਇਕਾਂਤ ਹੈ। ਗੁਰਾਇਆ, ਡੱਲੇਵਾਰ ਆਦਿਕ ਪਿੰਡ ਦੀ ਜ਼ਮੀਨ ਦੀ ਹੱਦ ਹੈ, ਲੇਕਿਨ ਪਿੰਡ ਮੀਲ-ਮੀਲ ਦੂਰ ਪੈਂਦੇ ਹਨ। ਨਹਿਰ ਦਾ ਕਿਨਾਰਾ ਹੈ, ਜੀ.ਟੀ. ਰੋਡ ਵੀ ਇਤਨਾ ਨੇੜੇ ਨਹੀਂ ਕਿ ਉਥੇ ਚਲ ਰਹੀਆਂ ਗੱਡੀਆਂ ਇਥੇ ਦੀ ਇਕਾਂਤ ਵਿੱਚ ਵਿਘਨ ਪਾਉਣ, ਯਾਨੀ ਹਰ ਪ੍ਰਕਾਰ ਨਾਲ ਵਾਤਾਵਰਣ ਸ਼ਾਂਤ ਹੈ। ਮਨ ਵਿੱਚ ਸੋਚਿਆ, ਇਹੋ-ਜਿਹੀ ਇਕਾਂਤ ਸੁੰਦਰ ਅਤੇ ਨਹਿਰ ਦੇ ਕਿਨਾਰੇ ਵਾਲੀ ਮਨਮੋਹਕ ਜਗ੍ਹਾ ਸਾਡੇ ਗੁਰੂਦੇਵ ਵਿਰੱਕਤ ਮਹਾਰਾਜ ਜੀਆਂ ਨੂੰ ਬਹੁਤ ਪਸੰਦ ਹੁੰਦੀ ਹੈ, ਕ੍ਰਿਪਾ ਕਰਨ ਇਸ ਨੂੰ ਉਨ੍ਹਾਂ ਲਈ ਆਬਾਦ ਕਰੀਏ। ਅਗਰ ਇਨ੍ਹਾਂ ਜੀਵਾਂ ਦੇ ਨਸੀਬਾਂ ਵਿੱਚ ਹੋਵੇ, ਤਾਂ ਇਥੇ ਬੈਠ ਕੇ ਭੋਗ-ਮੋਖ ਦੀਆਂ ਦਾਤਾਂ ਵਰਤਾਉਣ।

ਸੰਤ ਗੋਪਾਲ ਸਿੰਘ ਜੀ ਨੇ ਉਜਾਗਰ ਸਿੰਘ ਸੂਰੀ ਨੂੰ ਜਾ ਕੇ ਹੁਕਮ ਕੀਤਾ, ਕਿ ਉਸ ਜਗ੍ਹਾ ਦਾ ਪਤਾ ਕਰੋ, ਕਿਸ ਦੀ ਹੈ? ਸੂਰੀ ਨੂੰ ਖੋਜ ਕਰਨ ਤੇ ਪਤਾ ਚੱਲਿਆ, ਕਿ ਇਹ ਥਾਂ ਨਿਹੰਗ ਸਿੰਘ ਨੇ ਅਬਾਦ ਕਰਨ ਦੀ ਕੋਸ਼ਿਸ਼ ਕੀਤੀ, ਪਰੰਤੂ ਅਸਫਲ ਰਿਹਾ। ਹੁਣ ਇਸਦੀ ਇੱਕ ਕਮੇਟੀ ਬਣੀ ਹੋਈ ਹੈ ਜਿਸਦੇ ਪ੍ਰਧਾਨ ਪ੍ਰਬੰਧਕ ਮੈਂਬਰ ਨੱਥਾ ਸਿੰਘ ਮਲਵਈ ਅਤੇ ਬਿਕਰ ਸਿੰਘ ਰਾੜਾ ਹਨ। ਉਜਾਗਰ ਸਿੰਘ ਜੀ ਨੇ ਉਨ੍ਹਾਂ ਨੂੰ ਮਿਲਕੇ ਦਸਿਆ ਕਿ ਸਾਡੇ ਕੋਲ ਇੱਕ ਨਿਰਮਲੇ ਵਿਰੱਕਤ ਮਹਾਤਮਾ ਰਹਿੰਦੇ ਹਨ ਜੋ ਗੁਰਬਾਣੀ ਦੇ ਮਹਾਨ ਵਿਦਵਾਨ ਅਤੇ ਪ੍ਰੇਮੀ ਹਨ, ਉਨ੍ਹਾਂ ਨੂੰ ਰਹਿਣ ਲਈ ਇਹ ਜਗ੍ਹਾ ਪਸੰਦ ਹੈ। ਅਗਰ ਤੁਹਾਡੀ ਕਮੇਟੀ ਨੂੰ ਕੋਈ ਇਤਰਾਜ਼ ਨਾ ਹੋਵੇ ਤਾਂ ਉਹ ਉਥੇ ਝੌਂਪੜੀ ਬਣਾ ਕੇ ਰਹਿਣਾ ਚਾਹੁੰਦੇ ਹਨ। ਉਹ ਲੋਕ ਤਾਂ ਪਹਿਲਾਂ ਹੀ ਚਾਹੁੰਦੇ ਸਨ ਕਿ ਇਥੇ ਕੋਈ ਸਾਧੂ ਮਹਾਤਮਾ ਟਿਕੇ ਤਾਂ ਅਸਥਾਨ ਆਬਾਦ ਹੋਵੇ। ਬਸ ਅੱਜ ਤੋਂ ਸੰਤ ਗੋਪਾਲ ਸਿੰਘ ਜੀ ਨੇ ਇਥੇ ਇਕ ਕੱਚੀ ਛੰਨ੍ਹ ਵਿੱਚ ਡੇਰਾ ਲਾ ਲਿਆ, ਗੁਰਾਇਆ ਤੋਂ ਸਾਰੇ ਪ੍ਰੇਮੀ ਪਰਿਵਾਰ ਇਥੇ ਆਉਣੇ ਸ਼ੁਰੂ ਹੋ ਗਏ। ਇਸੇ ਤਰ੍ਹਾਂ ਬੱਚੇ, ਬੁੱਢੇ, ਲੜਕੇ, ਲੜਕੀਆਂ ਗੁਰਬਾਣੀ ਦੀ ਸੰਥਯਾ ਕਰਨ ਲੱਗ ਗਏ, ਇਉਂ ਇਸ ਅਸਥਾਨ ਨੂੰ ਕੁਝ ਜੀਵਨ ਕਣੀ ਮਿਲਣੀ ਸ਼ੁਰੂ ਹੋਈ।

## ਉਜਾਗਰ ਸਿੰਘ ਸੂਰੀ ਨੂੰ ਵਿਰੱਕਤ ਮਹਾਰਾਜ ਜੀਆਂ ਦਾ ਪਹਿਲਾ ਮਿਲਾਪ

ਸੰਤ ਗੋਪਾਲ ਸਿੰਘ ਜੀ ਤੋਂ ਗੁਰਾਇਆ ਦੀ ਸੰਗਤ ਪੂਜਯ ਵਿਰੱਕਤ ਮਹਾਰਾਜ ਜੀਆਂ ਦੀ ਅਗੰਮੀ ਮਹਿਮਾਂ ਦਾ ਜ਼ਿਕਰ ਕਾਫੀ ਸਮੇਂ ਤੋਂ ਸੁਣਦੀ ਆ ਰਹੀ ਸੀ, ਲੇਕਿਨ ਮਹਾਂਪੁਰਸ਼ਾਂ ਦੇ ਦਰਸ਼ਨ ਅਜੇ ਤੱਕ ਕਿਸੇ ਨੂੰ ਪ੍ਰਾਪਤ ਨਹੀਂ ਸਨ ਹੋਏ, ਪ੍ਰੰਤੂ ਸਮੇਂ ਦੀ ਉਡੀਕ ਵਿੱਚ ਸਾਰੇ ਹੀ ਸਨ ਕਿ ਕਦੋਂ ਸਮਾਂ ਆਵੇ ਉਸ ਹੱਥਾਂ ਪੈਰਾਂ ਵਾਲੇ ਰੱਬ ਦਾ ਦਰਸ਼ਨ ਕਰਨ ਦਾ। ਸੰਤ ਗੋਪਾਲ ਸਿੰਘ ਜੀ ਤੋਂ ਇਹ ਵੀ ਪਤਾ ਲੱਗ ਚੁੱਕਿਆ ਸੀ ਕਿ ਆਪ ਜ਼ਿਆਦਾ ਸਮਾਂ ਕਰਨਾਲ ਠਹਿਰਦੇ ਹਨ, ਪਰੰਤੂ ਸੰਜੋਗ ਦਾ ਸਮਾਂ ਸ਼ਾਇਦ ਅਜੇ ਆਇਆ ਨਹੀਂ ਸੀ।

ਅੱਜ 27 ਨਵੰਬਰ 1966 ਵਾਲੇ ਦਿਨ ਪਰਮੇਸ਼ਰ ਵੱਲੋਂ ਦਰਸ਼ਨ ਪ੍ਰਾਪਤ ਕਰਨ ਦਾ ਸਾਰਾ ਢੁਕਾਉ ਢੁੱਕ ਗਿਆ, ਜਦੋਂ ਸਰਦਾਰ ਉਜਾਗਰ ਸਿੰਘ ਸੂਰੀ ਕਿਸੇ ਸੰਬੰਧੀ ਦੀ ਸ਼ਾਦੀ ਵਿੱਚ ਸ਼ਾਮਲ ਹੋਣ ਲਈ ਕਰਨਾਲ ਪਹੁੰਚਿਆ। ਪੂਜਯ ਵਿਰੱਕਤ ਮਹਾਰਾਜ ਦੀ ਕੁਟੀਆ ਬਾਰੇ ਪੁੱਛਣ ਤੇ ਪਤਾ ਲੱਗਿਆ ਕਿ ਹਜ਼ੂਰ ਕਿਸੇ ਪ੍ਰੇਮੀ ਦੇ ਘਰ ਅਖੰਡ ਪਾਠ ਦੇ ਭੋਗ ਤੇ ਗਏ ਹਨ। ਸੂਰੀ ਜੀ ਕੋਲ ਆਪਣੀ ਕਾਰ ਤਾਂ ਹੈ ਹੀ ਸੀ ਇਸ ਲਈ ਪੁੱਛ-ਪੁੱਛਾ ਕੇ ਉਸ ਸਮਾਗਮ ਵਾਲੇ ਘਰ ਪਹੁੰਚ ਗਿਆ। ਉਸ ਸਮੇਂ ਹਜ਼ੂਰ ਪਾਵਨ ਸ਼ਬਦ ਦੀ ਕਥਾ ਕਰ ਰਹੇ ਸਨ ਅਤੇ ਸੰਤ ਗੋਪਾਲ ਸਿੰਘ ਜੀ ਵੀ ਕੋਲ ਬੈਠੇ ਸਨ। ਕਥਾ ਸੰਪੂਰਨ ਹੋਣ ਤੇ ਮਹਾਰਾਜ ਜੀਆਂ ਦੇ ਪਵਿੱਤਰ ਚਰਨਾਂ ਵਿੱਚ ਨਮਸ਼ਕਾਰ ਕੀਤੀ, ਅੱਗੋਂ ਸੰਤ ਗੋਪਾਲ ਸਿੰਘ ਜੀ ਨੇ ਵੀ ਪੂਜਯ ਮਹਾਰਾਜ ਜੀਆਂ ਨੂੰ ਸੂਰੀ ਬਾਰੇ ਦਸਿਆ।

ਇਤਨੇ ਨੂੰ ਹਜ਼ੂਰ ਨੇ ਕੁਟੀਆ ਜਾਣ ਦਾ ਇਸ਼ਾਰਾ ਕੀਤਾ। ਅੱਗੇ ਕਈ ਕਾਰਾਂ ਵਾਲੇ ਸੱਜਣ ਆਪੋ-ਆਪਣੀਆਂ ਕਾਰਾਂ ਲਾਈ ਖੜੇ ਸਨ ਕਿ ਹਜ਼ੂਰ ਮੇਰੀ ਕਾਰ ਵਿੱਚ ਬੈਠਣ, ਸਭ ਦੇ ਮਨਾਂ ਵਿੱਚ ਇਹੀ ਸਿੱਕ ਸੀ। ਉਨ੍ਹਾਂ ਕਾਰਾਂ ਵਾਲੇ ਪ੍ਰੇਮੀਆਂ ਦਾ ਉਤਸ਼ਾਹ ਅਤੇ ਸ਼ਰਧਾ ਦੇਖਕੇ ਸੂਰੀ ਦੇ ਮਨ ਵਿੱਚ ਵੀ ਆਇਆ ਕਿ ਇਹ ਸ਼ੁਭਾਗ ਸਮਾਂ ਮੈਨੂੰ ਮਿਲੇ, ਹਜ਼ੂਰ ਨੂੰ ਕੁਟੀਆ ਛੱਡਕੇ ਆਉਣ ਦਾ। ਇਸ ਤਰ੍ਹਾਂ ਸਾਰੇ ਹੀ ਗੱਡੀਆਂ ਵਾਲੇ ਉਡੀਕ ਤਾਂਘ ਵਿੱਚ ਖੜੇ ਸਨ, ਲੇਕਿਨ ਉਸ ਮਿਹਰਾਂ ਦੇ ਦਾਤੇ ਦੀ ਮੌਜ ਨੂੰ ਕੌਣ ਜਾਣੇ, ਕਿ ਅੱਜ ਕਿਸ ਦਾ ਸੰਜੋਗ ਉਦਯ ਹੋ ਰਿਹਾ ਹੈ। ਅੰਤਰਜਾਮੀ ਦਾਤੇ ਨੂੰ ਸੂਰੀ ਨੂੰ ਪੁੱਛਿਆ, ਤੇਰੀ ਕਾਰ ਕਿਹੜੀ ਹੈ? ਦੱਸਣ ਤੇ ਉਸ ਵਿੱਚ ਬੈਠ ਗਏ। ਸੂਰੀ ਜੀ ਨੇ ਅਰਜ਼ ਕੀਤੀ, ਮਹਾਰਾਜ! ਮਿਹਰ ਕਰੋ ਗੁਰਾਇਆ ਦਰਸ਼ਨ ਬਖਸ਼ੋ! ਹਜ਼ੂਰ ਬੋਲੇ, ਹਾਂ ਆਵਾਂਗੇ ਕਦੇ ਲੇਕਿਨ ਅੱਜ ਨਹੀਂ, ਫਿਰ ਜਦੋਂ ਸਮਾਂ ਬਣਿਆ। ਅੱਗੇ ਕੁਝ ਰਸਤਾ ਖਰਾਬ ਹੋਣ ਕਰਕੇ ਕਾਰ ਕੁਟੀਆ ਤੱਕ ਪਹੁੰਚ ਨਹੀਂ ਸਕਦੀ ਸੀ, ਇਸ ਲਈ ਪੂਜਯ ਮਹਾਰਾਜ ਜੀ ਕੁਟੀਆ ਤੋਂ ਕੁਝ ਪਿੱਛੇ ਹੀ ਕਾਰ ਵਿੱਚੋਂ ਉਤਰ ਗਏ ਤਾਂ ਸੂਰੀ ਨੇ ਨਮਸ਼ਕਾਰ ਕਰਕੇ ਅਸ਼ੀਰਵਾਦ ਮੰਗੀ। ਹਜ਼ੂਰ ਨੇ ਆਪਣੀ ਚਿੱਪੀ ਵਿੱਚੋਂ ਇੱਕ ਸੇਬ ਕੱਢਕੇ ਦਿੱਤਾ, ਮਾਨੋ ਉਦਯ ਹੋ ਰਹੇ ਸੰਜੋਗ ਦੀ ਖੁਸ਼ੀ ਵਿੱਚ ਦਰਗਾਹੀ ਪ੍ਰਸ਼ਾਦ ਬਖਸ਼ਿਸ਼ ਕਰ ਦਿੱਤਾ।

## ਵਿਰੱਕਤ ਮਹਾਰਾਜ ਜੀ ਦਾ ਗੁਰਾਇਆ ਆਗਮਨ

ਜ਼ਿਕਰ 1967 ਗਰਮੀ ਮਹੀਨੇ ਦਾ ਹੈ ਜਦੋਂ ਟੇਕ ਚੰਦ ਗੁਰਾਇਆ ਵਾਲਾ ਆਪਣੀ ਨਿੱਜੀ ਟੈਕਸੀ ਚਲਾਉਂਦਾ ਸੀ, ਇਸ ਲਈ ਉਸਦਾ ਦਿੱਲੀ ਸਾਈਡ ਚੱਕਰ ਅਕਸਰ ਲੱਗਦਾ ਹੀ ਰਹਿੰਦਾ ਸੀ। ਅੱਜ ਉਸਦੇ ਮਨ ਵਿੱਚ ਪ੍ਰੇਰਨਾ ਹੋਈ ਕਿ ਦਿੱਲੀ ਤੋਂ ਵਾਪਸੀ ਸਮੇਂ ਕਰਨਾਲ ਕੁਟੀਆ। ਪੂਜਯ ਵਿਰੱਕਤ ਮਹਾਰਾਜ ਜੀ ਦੇ ਦਰਸ਼ਨ ਜ਼ਰੂਰ ਕਰੀਏ। ਇਤਨਾ ਉਹ ਪਹਿਲਾਂ ਹੀ ਸੁਣ ਚੁੱਕਿਆ ਸੀ ਕਿ ਮਹਾਰਾਜ ਜੀ ਸ਼ਹਿਰ ਤੋਂ ਬਾਹਰ ਬਾਈਪਾਸ ਦੇ ਕਿਤੇ ਨੇੜੇ ਹੀ ਨਿਵਾਸ ਰੱਖਦੇ ਹਨ। ਕਰਨਾਲ ਸ਼ਹਿਰ ਪਹੁੰਚ ਕੇ ਪਤਾ ਕਰਦਾ-ਕਰਦਾ ਕੁਟੀਆ ਪਹੁੰਚ ਗਿਆ। ਹਜ਼ੂਰ ਦੇ ਪਵਿੱਤਰ ਚਰਨਾਂ ਤੇ ਨਮਸ਼ਕਾਰ ਕਰਕੇ ਦਰਸ਼ਨ ਕਰਦਿਆਂ ਹੀ ਮਨ ਗਦ-ਗਦ ਹੋ ਗਿਆ। ਮਹਾਰਾਜ ਜੀ ਨੇ ਆਪਣੇ ਦਿਆਲੂ ਸੁਭਾਅ ਅਨੁਸਾਰ ਹੁਕਮ ਕੀਤਾ ਕਿ ਲੰਗਰ ਵਿੱਚੋਂ ਪ੍ਰਸ਼ਾਦਾ ਪਾਣੀ ਛੱਕ ਭਾਈ। ਟੇਕ ਚੰਦ ਨੇ ਚਾਹ ਪਾਣੀ ਛੱਕਿਆ ਫਿਰ ਗੁਰਾਇਆ ਨਿਵਾਸੀ ਸਾਰੀ ਸੰਗਤ ਦੀ ਹਜ਼ੂਰ ਦੇ ਦਰਸ਼ਨਾਂ ਵਾਲੀ ਸਿੱਕ ਜ਼ਾਹਿਰ ਕੀਤੀ। ਬੇਨਤੀ ਕੀਤੀ, ਮਹਾਰਾਜ ਕ੍ਰਿਪਾ ਕਰੋ ਗੁਰਾਇਆ ਦੀ ਸੰਗਤ ਨੂੰ ਦਰਸ਼ਨ ਦੀਦਾਰੇ ਬਖਸ਼ਿਸ਼ ਕਰੋ, ਸਭ ਸੰਗਤਾਂ ਯਾਦ ਕਰ ਰਹੀਆਂ ਹਨ। ਹਜ਼ੂਰ ਟੇਕ ਚੰਦ ਦੀ ਬੇਨਤੀ ਸੁਣਕੇ ਕੁਝ ਦੇਰ ਲਈ ਚੁੱਪ ਹੋ ਗਏ। ਮਾਨੋ ਭਵਿੱਖ ਦਾ ਨਕਸ਼ਾ ਜਾ ਸੰਜੋਗ ਨੂੰ ਤੱਕ ਰਹੇ ਹਨ। ਕੁਝ ਮਿੰਟਾ ਬਾਅਦ ਹੁਕਮ ਕੀਤਾ ਠੀਕ ਹੈ ਇਸ ਦਿਨ ਆ ਜਾਵੀਂ ਤੇਰੇ ਨਾਲ ਗੁਰਾਇਆ ਤੁਰ ਚਲਾਂਗੇ। ਟੇਕ ਚੰਦ ਨੀਯਤ ਦਿਨ ਤੇ ਜਾ ਕੇ ਹਜ਼ੂਰ ਨੂੰ ਗੁਰਾਇਆ ਲੈ ਆਇਆ। ਸੰਤ ਗੋਪਾਲ ਸਿੰਘ ਜੀ ਪਹਿਲਾਂ ਹੀ ਇਥੇ ਆ ਕੇ ਤਿਨੈਹਿਰੇ ਵਾਲੀ ਜਗ੍ਹਾ ਠਹਿਰੇ ਹੋਏ ਸਨ। ਮਹਾਰਾਜ ਜਿਸ ਵਕਤ ਇਥੇ ਪਹੁੰਚੇ ਤਾਂ ਇਸ ਜਗ੍ਹਾ ਨੂੰ ਬਹੁਤ ਗਹੁ ਨਾਲ ਤੱਕਿਆ, ਇਧਰ ਉਧਰ ਕਿਸੇ ਅੰਤਰੀਵ ਭਾਵ ਨਾਲ ਦ੍ਰਿਸ਼ਟੀ ਪਾਈ, ਉਪਰੰਤ ਕਿਸੇ ਗਹਿਰੇ ਭਾਵ ਵਿੱਚ ਉਤਰ ਕੇ ਅੰਤਰ ਧਿਆਨ ਹੋ ਗਏ। ਇਸ ਜਗ੍ਹਾ ਪਵਿੱਤਰ ਚਰਨ ਛਹਾਉਂਦਿਆਂ ਹੀ ਐਸੇ ਗਹਿਰੇ ਭਾਵ ਵਿੱਚ ਕਿਉਂ ਚਲੇ ਗਏ? ਪੂਰਾ-ਪੂਰਾ ਤਾਂ ਉਹ ਅੰਤਰਜਾਮੀ ਦਾਤੇ ਖੁਦ ਹੀ ਜਾਨਣ ਕਿਉਂਕਿ ਇਹ ਮਨਬੁੱਧੀ ਦਾ ਵਿਸ਼ਾ ਹੀ ਨਹੀਂ, ਇਸ ਲਈ ਇਸ ਦਾ ਫੈਸਲਾ ਸਮੇਂ ਤੇ ਹੀ ਛੱਡ ਦਿਉ।

# ਪਰਉਪਕਾਰੀ

**ਪਰਉਪਕਾਰੀ ਸਰਬ ਸਧਾਰੀ ਸਫਲ ਦਰਸਨ ਸਹਜਇਆ॥**
**ਕਹੁ ਨਾਨਕ ਨਿਰਗੁਣ ਕਉ ਦਾਤਾ ਚਰਣ ਕਮਲ ਉਰ ਧਰਿਆ॥**

*(ਦੇਵਗੰਧਾਰੀ ਮ: ੫, ਪੰਨਾ–੫੩੩)*

ਅਨਬੋਲਤ ਬਿਰਥਾ ਜਾਨਣ ਵਾਲੇ, ਭਲੇ ਬੁਰੇ ਦੀ ਪੀਰ ਪਛਾਨਣਹਾਰ, ਸਭ ਵਿੱਚ ਆਪਣਾ ਆਪ ਦੇਖਣ ਵਾਲੇ, ਅਨਾਯਾਸ ਦਯਾ ਦੇ ਸਮੁੰਦਰ, ਕਰੁਣਾ ਦੇ ਬੱਦਲ, ਅੱਜ ਆਪਣੀ ਮੌਜ ਵਿੱਚ ਸਵੇਰੇ-ਸਵੇਰੇ ਸੈਰ ਲਈ ਨਿਕਲੇ। ਸੈਰ ਲਈ ਨਿਕਲੇ ਹਨ ਜਾਂ ਕਿਸੇ ਦੁਖੀਏ ਦਾ ਦਰਦ ਵੰਡਾਉਣ ਲਈ ਚੱਲੇ ਹਨ? ਇਹ ਵੀ ਨਹੀਂ ਪਤਾ ਕਿ ਕਿਸੇ ਈਰਖਾ ਨਾਲ ਤਪ ਸੜ ਰਹੀ ਧਰਤੀ 'ਤੇ ਅੰਮ੍ਰਿਤ ਦਾ ਮੀਂਹ ਵਰਸਾਉਣ ਚੱਲੇ ਹੋਣ। ਖੈਰ ਕੁਝ ਵੀ ਹੋਵੇ, ਲੇਕਿਨ ਇਹ ਤਾਂ ਸੱਚ ਹੈ ਕਿ ਉਨ੍ਹਾਂ ਦਾ ਇਕ-ਇਕ ਕਦਮ ਕਿਸੇ ਦੂਸਰੇ ਲਈ ਹੀ ਪੁੱਟਿਆ ਜਾਂਦਾ ਹੈ। ਇੱਕ-ਇੱਕ ਸ਼ਬਦ ਕਿਸੇ ਤਪਦੇ ਹਿਰਦੇ ਨੂੰ ਸ਼ਾਂਤ ਕਰਨ ਲਈ ਹੀ ਉਚਾਰਨ ਹੁੰਦਾ ਹੈ, ਗੱਲ ਕੀ ਸਰੀਰ ਦੀ ਸਾਰੀ ਕਿਰਿਆ, ਆਪਣਾ-ਆਪ ਦਿਸ ਰਹੀ ਚਰ-ਅਚਰ ਸ੍ਰਿਸ਼ਟੀ ਲਈ ਹੀ ਤਾਂ ਹੈ, ਇਸੇ ਲਈ ਤਾਂ ਸਾਰੇ ਸ਼ਾਸਤਰ ਆਪ ਦੀ ਪਰਉਪਕਾਰੀ ਆਦਿਕ ਅਨੰਤ ਵਿਸ਼ੇਸ਼ਣਾਂ ਨਾਲ ਮਹਿਮਾ ਕਰ ਰਹੇ ਹਨ। ਖੈਰ, ਕਰਨਾਲ ਕੁਟੀਆਂ ਦੇ ਨਜ਼ਦੀਕ ਹੀ ਬਾਈਪਾਸ ਤੇ ਸਥਿਤ ਆਲੂਆਂ ਦੇ ਕੋਲਡ ਸਟੋਰੇਜ ਦੇ ਬਿਲਕੁੱਲ ਨਾਲ ਇੱਕ ਪਹਿਆ (ਰਸਤਾ) ਫਟਦਾ ਹੈ, ਜੋ ਵਿੰਗਾ-ਟੇਢਾ ਅਨੇਕਾਂ ਰੂਪ ਧਾਰਨ ਕਰਕੇ ਬਹੁਤ ਸਾਰੇ ਖੇਤਾਂ ਨੂੰ ਛੂੰਹਦਾ ਬੁੱਢਾ ਖੇੜਾ ਪਿੰਡ ਵੱਲ ਨਿਕਲ ਜਾਂਦਾ ਹੈ। ਇਸ ਪਹੇ (ਰਸਤਾ) ਨੇ ਕਦੇ ਜਨਮ ਤਾਂ ਪਰਉਪਕਾਰ ਹਿੱਤ ਦੂਸਰਿਆਂ ਲਈ ਹੀ ਧਾਰਨ ਕੀਤਾ ਸੀ, ਲੇਕਿਨ ਦੂਸਰਿਆਂ ਦੀ ਅਣਗਹਿਲੀ ਦੇ ਕਾਰਣ ਅੱਜ ਇਸ ਦੇ ਆਪਣੇ ਸਰੀਰ ਤੇ ਵੀ ਕਈ ਬਿਆਧੀਆਂ ਨੇ ਹਮਲਾ ਬੋਲ ਦਿੱਤਾ।

ਇਹ ਬੇਜ਼ਬਾਨ ਵਿਚਾਰਾ ਬੇਵਸ ਹੋਇਆ, ਆਪਣੇ ਸਰੀਰ ਤੇ ਹੀ ਅਨੇਕਾਂ ਕਸ਼ਟ ਸਹਾਰੀ ਜਾ ਰਿਹਾ ਹੈ। ਅੱਜ ਕੋਈ ਭਾਗਵਾਨ ਦਿਨ ਉਦਯ ਹੋਇਆ ਜਦੋਂ ਹਜ਼ੂਰ ਦੀ ਸਵੱਲੀ ਨਜ਼ਰ ਇਸ ਪਹੇ ਵੱਲ ਪਈ ਤਾਂ ਦੇਖਿਆ ਰਸਤਾ ਆਮ ਜਮੀਨਾਂ ਨਾਲੋਂ ਕੋਫੀ ਨੀਵਾਂ ਹੋਣ ਕਰਕੇ ਜਗ੍ਹਾ-ਜਗ੍ਹਾ ਪਾਣੀ ਨੇ ਚਿੱਕੜ ਚਲ੍ਹੇ ਬਣਾ ਦਿੱਤੇ, ਯਾਨੀ ਜਿਸ ਨੇ ਸਰੀਰ ਹੀ ਦੂਸਰਿਆਂ ਲਈ ਧਾਰਨ ਕੀਤਾ ਸੀ ਉਹ ਖੁਦ ਅੱਜ ਬੇਵਸ ਹੋਇਆ ਕਈ ਰੋਗਾਂ ਦਾ ਕਸ਼ਟ ਸਹਾਰ ਰਿਹਾ ਹੈ। ਖੇਤਾਂ ਵਾਲੇ ਕਿਸਾਨ ਖੁਦ ਤਾਂ ਇਧਰ ਉਧਰ ਵੱਟਾਂ ਉਪਰ ਦੀ ਲੰਘ ਜਾਂਦੇ ਹਨ, ਪਰੰਤੂ ਬੇਜ਼ਬਾਨ ਬੈਲ ਵਿਚਾਰੇ ਵੱਟਾਂ ਉਪਰ ਦੀ ਗੱਡਾ ਲੈ ਕੇ ਕਿਵੇਂ ਚੱਲਣ। ਹਜ਼ੂਰ ਉਸ ਦੀ ਹਾਲਤ ਵੱਲ ਦੇਖ ਹੀ ਰਹੇ ਸਨ, ਇਤਨੇ ਨੂੰ ਇਕ ਗਰੀਬ ਕਿਸਾਨ ਬੈਲ ਗੱਡਾ ਲੈ ਕੇ ਆ ਰਿਹਾ ਨਜ਼ਰ ਪਿਆ। ਬੈਲ ਬੇਵਸ ਹੋਏ ਜਗ੍ਹਾ-ਜਗ੍ਹਾ ਰੁੱਕ ਜਾਂਦੇ ਹਨ, ਕਿਸਾਨ ਮਾਰਕੁਟ ਕਰਕੇ ਅੱਗੇ ਤੋਰਦਾ ਹੈ ਲੇਕਿਨ ਬੈਲ ਵਿਚਾਰੇ ਫਿਰ ਰੁੱਕ ਜਾਂਦੇ ਹਨ। ਆਪ ਤੋਂ ਬੇਜ਼ਬਾਨ ਜੀਵਾਂ ਦਾ ਦੁੱਖ ਸਹਿਣ ਨਾ ਹੋਇਆ। ਜ਼ਰਾ ਗਹੁ ਨਾਲ ਦੇਖੋ ਸਭ ਦ੍ਰਿਸ਼ਟ, ਅਨਦ੍ਰਿਸ਼ਟ ਤਾਕਤਾਂ ਦੇ ਮਾਲਕ, ਅਣਡਿੱਠ ਬੇੜਿਆਂ ਨੂੰ ਪਾਰ ਲਾਉਣ ਵਾਲੇ, ਮਨੁੱਖੀ ਨਾਟਕ ਕਰਨ ਲੱਗੇ ਹਨ, ਕਿਉਂਕਿ ਸਰੀਰ ਜੋ ਧਾਰਨ ਕੀਤਾ ਹੈ। ਕਿਸਾਨ ਨੂੰ ਬੋਲੇ, ਭਾਈ! ਬੈਲਾਂ, ਨੂੰ ਮਾਰ ਨਾ! ਪਵਿੱਤਰ ਚਰਨਾਂ ਤੋਂ ਜੁੱਤਾ ਉਤਾਰਿਆ, ਚਿੱਪੀ ਅਤੇ ਖੂੰਡਾ ਇਕ ਪਾਸੇ ਰੱਖਕੇ ਗੱਡੇ ਨੂੰ ਧੱਕਾ ਲਾਉਣ ਲੱਗ ਪਏ। ਧੰਨ ਹੈ ਉਹ ਕਿਸਾਨ ਜਿਸ ਦੇ ਗੱਡੇ ਨੂੰ ਧੱਕਾ ਲਾ ਕੇ ਪਾਰ ਕੀਤਾ, ਧੰਨ ਹਨ ਉਹ ਬੇਜੁਬਾਨ ਬੈਲ ਜਿਨ੍ਹਾਂ ਨੂੰ ਪਰਮੇਸ਼ਰ ਨੇ ਸਹਾਰਾ ਬਖਸ਼ਿਆ। ਖੈਰ ਗੱਡਾ ਸਾਫ ਸੁਥਰੇ ਥਾਂ ਆ ਗਿਆ, ਹਜੂਰ ਨੇ ਕੁਟੀਆ ਪਹੁੰਚ ਕੇ ਸੰਗਤ ਨੂੰ ਹੁਕਮ ਕੀਤਾ ਕਹੀਆਂ ਦਾ ਇੰਤਜ਼ਾਮ ਕਰੋ, ਕਰਤਾਰ ਵੱਲੋਂ ਕੁਝ ਸੇਵਾ ਬਣ ਆਈ ਹੈ। ਸੰਗਤ ਨੂੰ ਨਾਲ ਲੈ ਉਸ ਜਗ੍ਹਾ ਪਹੁੰਚ ਕੇ ਮਿੱਟੀ ਪਾਉਣੀ ਸ਼ੁਰੂ ਕੀਤੀ, ਇਤਨੇ ਨੂੰ ਪਤਾ ਲੱਗਣ ਤੇ ਹੋਰ ਵੀ ਸੰਗਤਾਂ ਆਉਂਦੀਆਂ ਗਈਆਂ। ਡੱਬਰੀ ਪਿੰਡ ਤੋਂ ਕੁਝ ਸੰਗਤਾਂ ਆਉਣ ਲੱਗੀਆਂ ਜੋ ਸ਼ਾਇਦ ਹਜ਼ੂਰ ਦੇ ਦਰਸ਼ਨ ਕਰਨ ਲਈ ਰੋਜ਼ ਹੀ ਆਉਂਦੇ ਹਨ, ਇਸ ਤਰ੍ਹਾਂ ਕੋਈ ਵੀਹ-ਪੰਝੀ ਪ੍ਰੇਮੀ ਸੇਵਾ ਵਿੱਚ ਸ਼ਾਮਲ ਹੋ ਗਏ, ਲੇਕਿਨ ਇਕ ਹੋਰ ਅਜੱਬ ਖੇਡ ਕਰਤੇ ਦੇ ਦੇਖੋ ਕਿ ਜਿਨ੍ਹਾਂ ਕਿਸਾਨਾਂ ਲਈ ਇਹ ਰਸਤਾ ਸੁੱਕਾ ਪੱਧਰਾ ਕਰਨ ਲੱਗੇ ਹਨ, ਉਹ ਖੇਤਾਂ ਵਿੱਚੋਂ ਮਿੱਟੀ ਦੇਣ ਲਈ ਤਿਆਰ ਨਹੀਂ। ਨਾਲ ਲੱਗਦੇ ਇੱਕ ਖੇਤ ਵਿੱਚ ਬੇਕਾਰ ਪਿਆ ਇੱਕ ਖੂੰਜਾ ਜੋ ਵਹਾਈ ਦੇ ਕੰਮ ਵਿੱਚ ਨਹੀਂ ਸੀ ਆਉਂਦਾ ਅਤੇ ਆਮ ਜ਼ਮੀਨ ਨਾਲੋਂ ਉੱਚਾ ਵੀ ਸੀ ਉਸ ਨੂੰ ਚੁੱਕ ਕੇ ਪਹੇ ਵਿੱਚ ਸੁੱਟਣਾ ਸ਼ੁਰੂ ਕੀਤਾ। ਇਤਨੇ ਨੂੰ ਉਸਦਾ ਮਾਲਕ ਜੋ ਕਿ ਇੱਕ ਪੰਡਿਤ

ਸ੍ਰੀ ਕ੍ਰੋਧ ਵਿੱਚ ਆ ਕੇ ਵਧ ਘਟ ਬੋਲਣ ਲੱਗਿਆ। ਹਜ਼ੂਰ ਨੇ ਇਸ਼ਾਰਾ ਕੀਤਾ ਕੁਟੀਆ ਤੋਂ ਮਿਠਾਈ ਦੇ ਡੱਬੇ ਲੈ ਕੇ ਆਉ! ਇੱਕ ਪ੍ਰੇਮੀ ਇਸ਼ਾਰਾ ਸਮਝਦੇ ਹੀ ਬਹੁਤ ਫੁਰਤੀ ਨਾਲ ਜਾ ਕੇ ਲੈ ਆਇਆ। ਹਜ਼ੂਰ ਨੇ ਆਪਣੇ ਪਵਿੱਤਰ ਹੱਥਾਂ ਨਾਲ ਇੱਕ ਪੂਰਾ ਡੱਬਾ ਪੰਡਿਤ ਨੂੰ ਬਖਸ਼ ਦਿੱਤਾ। ਮਿਠਾਈ ਦਾ ਡੱਬਾ ਹੱਥ ਵਿੱਚ ਆਉਂਦਿਆਂ ਹੀ ਪੰਡਿਤ ਦਾ ਪਾਰਾ ਇੱਕ ਦਮ ਸ਼ਾਂਤ ਹੋ ਗਿਆ, ਬਾਕੀ ਮਿਠਾਈ ਸੇਵਾ ਕਰਦੀ ਸੰਗਤ ਨੂੰ ਵਰਤਾ ਦਿੱਤੀ।

ਹੁਣ ਸਭ ਸੰਗਤਾਂ ਸੇਵਾ ਵਿੱਚ ਜੁਟ ਗਈਆਂ ਅਤੇ ਹਜ਼ੂਰ ਵੀ ਬਾਵਜੂਦ ਜ਼ੋਰਦਾਰ ਧੁੱਪ ਪੈਣ ਦੇ ਕੋਲ ਖੜ੍ਹੇ ਹੱਲ੍ਹਾ ਸ਼ੇਰੀ ਦੇਈ ਜਾ ਰਹੇ ਹਨ, ਹਰ ਕੋਈ ਆਪਣੇ ਵਿੱਤ ਮੁਤਾਬਿਕ ਜ਼ੋਰ ਲਗਾ ਕੇ ਕਹੀ ਚਲਾ ਰਿਹਾ ਹੈ ਲੇਕਿਨ ਸਤਾਰਾਂ ਅਠਾਰਾਂ ਸਾਲਾਂ ਦੀ ਚੜ੍ਹਦੀ ਉਮਰ ਦਾ ਇੱਕ ਸੱਜਣ ਜਿਸ ਨੂੰ ਆਮ ਸੰਗਤ ਰਾਮ-ਜੀ ਰਾਮ-ਜੀ ਕਰਕੇ ਜਾਣਦੀ ਹੈ, ਉਹ ਪ੍ਰੇਮੀ ਬਿਨਾਂ ਇਧਰ ਉਧਰ ਤੱਕਿਆਂ ਇਉਂ ਕਹੀ ਚਾਲ ਰਿਹਾ ਹੈ ਜਿਵੇਂ ਸਰੀਰ ਤੋਂ ਬੇਖਬਰ ਹੋ ਕੇ ਕੇਵਲ ਸੇਵਾ ਦਾ ਹੀ ਰੂਪ ਬਣ ਚੁੱਕਿਆ ਹੋਵੇ। ਮੌਸਮ ਗਰਮੀ ਦਾ ਹੋਣ ਕਰਕੇ ਅਤੇ ਥਕਾਵਟ ਮਹਿਸੂਸ ਕਰਦੇ ਹੋਏ ਕੁਝ ਪ੍ਰੇਮੀ ਇੱਧਰ ਉੱਧਰ ਬੈਠ ਕੇ ਸਮਾਂ ਟਪਾਉਣ ਲੱਗੇ, ਲੇਕਿਨ ਰਾਮ ਜੀ ਦੇਸ਼ਕਾਲ ਵਸਤੂ ਤੋਂ ਬੇਖਬਰ ਹੋਏ, ਕਹੀ ਵਾਹੀ ਜਾ ਰਹੇ ਹਨ। ਸੰਗਤ ਵਿੱਚੋਂ ਇੱਕ ਸੱਜਣ ਨੇ ਡੱਬਰੀ ਵਾਲਿਆਂ ਨੂੰ ਆਖਿਆ, ਤੁਸੀਂ ਖੇਤੀ ਦਾ ਕੰਮ ਕਰਨ ਵਾਲੇ ਕਿਸਾਨ ਜਿਨ੍ਹਾਂ ਦਾ ਕਿੱਤਾ ਹੀ ਕਹੀ ਚਲਾਉਣਾ ਹੈ ਬੈਠ ਕੇ ਸਮਾਂ ਪੂਰਾ ਕਰ ਰਹੇ ਹੋਂ, ਲੇਕਿਨ ਇੱਕ ਸ਼ਹਿਰੀ ਵਾਤਾਵਰਣ ਵਿੱਚ ਪਾਲਿਆਂ ਅਤੇ ਕਾਲਜਾਂ ਵਿੱਚ ਪੜ੍ਹ ਰਿਹਾ ਸੱਜਣ, ਰਾਮ ਇੱਕ ਛਿਨ ਵੀ ਦਮ ਨਹੀਂ ਲੈ ਰਿਹਾ, ਸਵੇਰ ਦੀ ਚੱਲ ਸੋ ਚੱਲ ਹੈ। ਇਤਨੇ ਨੂੰ ਸੰਗਤ ਵਿੱਚੋਂ ਆਵਾਜ਼ ਆਈ ਰਾਮ ਤਾਂ ਰਾਮ ਹੀ ਹੈ, ਰਾਮ ਨਾਲ ਜੀਵ ਦਾ ਕੀ ਮੁਕਾਬਲਾ? ਇਸ ਪ੍ਰਕਾਰ ਬਹੁਤੇ ਜੀਵਾਂ ਦਾ ਲੋਕ ਦਾ ਰਸਤਾ ਸਵਾਰ ਕੇ, ਕੁਛ ਪ੍ਰੇਮੀਆਂ ਦਾ ਪ੍ਰਲੋਕ ਦਾ ਰਸਤਾ ਸਵਾਰ ਕੇ, ਕਿਸੇ ਦੀ ਬੇਕਾਰ ਪਈ ਜ਼ਮੀਨ ਨੂੰ ਪੱਧਰੀ ਅਤੇ ਉਪਜਾਊ ਬਣਾ ਕੇ, ਕਿਸੇ ਤਪਦੇ ਹਿਰਦੇ ਨੂੰ ਪ੍ਰੇਮ ਦੇ ਅੰਮ੍ਰਿਤ ਜਲ ਨਾਲ ਸ਼ਾਂਤ ਕਰਕੇ, ਹਜ਼ੂਰ ਵਿਰੱਕਤ ਮਹਾਰਾਜ ਜੀ ਸੰਗਤ ਨੂੰ ਨਾਲ ਲੈ ਵਾਪਸ ਕੁਟੀਆ ਆ ਗਏ।

## ਪਿੰਡ ਡਬਰੀ

ਇਤਿਹਾਸਕ ਸ਼ਹਿਰ ਕਰਨਾਲ ਤੋਂ ਛੇ ਕੁ ਕਿਲੋਮੀਟਰ ਲਹਿੰਦੇ ਵੱਲ ਡਬਰੀ ਨਾਮ ਦਾ ਇੱਕ ਪਿੰਡ ਵਸਦਾ ਹੈ। ਪੁਰਾਤਨ ਸਮੇਂ ਇਸ ਪਿੰਡ ਵਿੱਚ ਮੁਸਲਮਾਨ ਭਰਾ ਵਸਦੇ ਸਨ ਲੇਕਿਨ ਪ੍ਰਕ੍ਰਿਤੀ ਦੇ ਪਰਿਵਰਤਨਸ਼ੀਲ ਸੁਭਾਵ ਅਨੁਸਾਰ ਦੇਸ਼ ਦੀ ਵੰਡ ਤੋਂ ਬਾਅਦ ਜ਼ਿਲ੍ਹਾ ਸ਼ੇਖੂਪੁਰਾ ਤੋਂ ਆ ਕੇ ਵਿਰਕ ਗੋਤ ਦੇ ਜੱਟ ਸਰਦਾਰਾਂ ਨੇ ਇਸ ਪਿੰਡ ਨੂੰ ਆਪਣੀ ਕਰਮ ਭੂਮੀ ਬਣਾਇਆ। ਸੌਂ ਘਰਾਂ ਦੇ ਇਸ ਪੁਰਾਤਨ ਪਿੰਡ ਵਿੱਚ ਪੰਜਾਹ ਕੁਰ ਘਰ ਵਿਰਕ ਗੋਤ ਦੇ ਜੱਟ ਸਰਦਾਰਾਂ ਦੇ ਅਤੇ ਪੰਜਾਹ ਕੁ ਹੋਰ ਰਲੀਆਂ-ਮਿਲੀਆਂ ਪਛੜੀਆ ਸ਼੍ਰੇਣੀਆਂ ਦੇ ਹਨ।

ਸੰਨ 1967 ਦੇ ਨੇੜੇ ਤੇੜੇ ਦਾ ਜ਼ਿਕਰ ਹੈ ਜਦੋਂ ਇਨ੍ਹਾਂ ਲੋਕਾਂ ਦੇ ਕਿਸੇ ਪੂਰਬਲੇ ਸ਼ੁਭ ਸੰਜੋਗ-ਵਸ ਬਿਸ਼ਨ ਸਿੰਘ ਅਤੇ ਸਰਪੰਚ ਸੇਵਾ ਸਿੰਘ ਆਦਿਕ ਪ੍ਰੇਮੀਆਂ ਨੂੰ ਪੂਜਯ ਵਿਰੱਕਤ ਮਹਾਰਾਜ ਜੀਆਂ ਦਾ ਕਰਨਾਲ ਕੁਟੀਆ ਵਿਖੇ ਦਰਸ਼ਨ ਮਿਲਾਪ ਅਤੇ ਸਨਿਘਧ ਪ੍ਰਾਪਤ ਹੋਇਆ। ਇਨ੍ਹਾਂ ਪ੍ਰੇਮੀਆਂ ਨੇ ਸ਼ਹਿਰ ਦੀਆਂ ਹੋਰ ਸੈਂਕੜੇ ਸੰਗਤਾਂ ਦੀ ਤਰ੍ਹਾਂ ਰੋਜ਼ ਦਰਸ਼ਨਾਂ ਨੂੰ ਆਉਣਾ ਸ਼ੁਰੂ ਕੀਤਾ, ਕਿਉਂਕਿ ਮਹਾਂਪੁਰਸ਼ਾਂ ਦੇ ਦਰਸ਼ਨ ਕਰਕੇ ਸੰਸਾਰ ਦੀ ਤਪਸ਼ ਤੋਂ ਕੁਝ ਸ਼ਾਂਤੀ ਮਹਿਸੂਸ ਹੋ ਰਹੀ ਸੀ। ਫਿਰ ਹੌਲੀ-ਹੌਲੀ ਸੰਜੋਗ ਵਸ ਇਨ੍ਹਾਂ ਪ੍ਰੇਮੀਆਂ ਨੂੰ ਦੇਖ ਪਿੰਡ ਦੀਆਂ ਹੋਰ ਸੰਗਤਾਂ ਵੀ ਆਉਣ ਲੱਗੀਆਂ। ਇਉਂ ਕੁਝ ਸਮਾਂ ਮਹਾਂਪੁਰਸ਼ਾਂ ਦੇ ਦਰਸ਼ਨ ਸਤਸੰਗ ਕਰਦਿਆਂ ਜਦੋਂ ਬਤੀਤ ਹੋਇਆ ਤਾਂ ਇਥੋਂ ਦੇ ਪ੍ਰੇਮੀ ਲੋਕਾਂ ਨੇ ਮਹਾਰਾਜ ਜੀ ਤੋਂ ਤਾਰੀਖਾਂ ਲੈ ਕੇ ਘਰਾਂ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਾਉਣੇ ਸ਼ੁਰੂ ਕੀਤੇ। ਫਲਸਵਰੂਪ, ਹਜ਼ੂਰ ਦੇ ਪਵਿੱਤਰ ਮੁੱਖ ਤੋਂ ਪਾਵਨ ਇਲਾਹੀ ਬਾਣੀ ਦੀ ਵਿਆਖਿਆ ਸਹਿਤ ਕਥਾ ਸੁਣਕੇ ਇਨ੍ਹਾਂ ਪ੍ਰੇਮੀਆਂ ਦੇ ਮਨਾਂ ਅੰਦਰ ਗੁਰੂ ਘਰ ਤੇ ਸੰਤ ਸੇਵਾ ਦੇ ਸੰਸਕਾਰ ਪ੍ਰਫੁਲਤ ਹੋਣੇ ਸ਼ੁਰੂ ਹੋ ਗਏ। ਸਮਾਂ ਪਾ ਕੇ ਕੁਝ ਪਰਿਵਾਰ ਤਾਂ ਮਹਾਰਾਜ ਜੀ ਦੇ ਚਰਨਾਂ ਨਾਲ ਇਤਨੇ ਜੁੜ ਗਏ, ਕਿ ਨਿਤਨੇਮ ਨਾਲ ਛੇ ਸਤ ਕਿਲੋਮੀਟਰ ਦਾ ਸਫਰ ਤਹਿ ਕਰਕੇ ਹਜ਼ੂਰ ਦੇ ਦਰਸ਼ਨ ਕਰਨ ਲਈ ਕਰਨਾਲ ਕੁਟੀਆ ਜਾਣਾ ਸ਼ੁਰੂ ਕੀਤਾ। ਫਿਰ ਸਮਾਂ ਪਾ ਕੇ ਯਾਨੀ 1970 ਦੇ ਨੇੜੇ-ਤੇੜੇ ਸੇਵਾ ਸਿੰਘ ਸਰਪੰਚ ਅਤੇ ਬਿਸ਼ਨ ਸਿੰਘ ਆਦਿਕ ਪ੍ਰੇਮੀਆਂ ਦੇ ਪਰਿਵਾਰਾਂ ਵਲੋਂ ਕੁਟੀਆ ਵਿੱਚ ਹਰ ਰੋਜ਼ ਦੁੱਧ ਪਹੁੰਚਾਉਣ ਦੀ ਸੇਵਾ ਸ਼ੁਰੂ ਕੀਤੀ

ਗਈ ਜੋ ਕਿ ਮੀਂਹ-ਕਣੀ, ਗਰਮੀ-ਸਰਦੀ ਯਾਨੀ ਹਰ ਪ੍ਰਕਾਰ ਨਾਲ ਨਿਰੰਤਰ ਅੱਜ ਤੱਕ ਚੱਲ ਰਹੀ ਹੈ। ਸ਼ਾਇਦ ਇਹ ਦੁੱਧ ਪਹੁੰਚਾਉਣ ਦਾ ਅੱਜ ਤੱਕ ਦੇ ਲੰਮੇ ਸਮੇਂ ਵਿੱਚ ਕਦੇ ਨਾਗਾ ਨਹੀਂ ਪਿਆ। ਜਿਤਨੀ ਦੇਰ ਪੂਜਯ ਮਹਾਰਾਜ ਦੀ ਧਰਮਖੰਡ ਦੀ ਇਸ ਧਰਤੀ ਤੇ ਸਰੀਰ ਧਾਰਨ ਕਰਕੇ ਵਿਚਰਦੇ ਰਹੇ ਹਨ ਉਤਨੀ ਦੇਰ ਇਸ ਖੁਸ਼ਨਸੀਬ ਪਿੰਡ ਡਬਰੀ ਨੂੰ ਆਪ ਜੀਆਂ ਦੀ ਪਵਿੱਤਰ ਚਰਨ ਧੂੜ ਸਮੇਂ-ਸਮੇਂ ਪ੍ਰਾਪਤ ਹੁੰਦੀ ਰਹੀ ਹੈ। ਪੂਜਯ ਵਿਰੱਕਤ ਮਹਾਰਾਜ ਜੀਆਂ ਵੱਲੋਂ ਅਸਥੂਲ ਲੀਲਾ ਸੰਕੋਚਣ ਤੋਂ ਬਾਅਦ ਆਪ ਜੀਆਂ ਤੋਂ ਵਰੋਸਾਏ ਆਪ ਜੀਆਂ ਦਾ ਸਾਖਸ਼ਾਤ ਸਰੂਪ ਪੂਜਯ ਮਹੰਤ ਬਾਬਾ ਰਾਮ ਸਿੰਘ ਮਹਾਰਾਜ ਜੀ ਵੀ ਆਪਣੇ ਪਰਉਪਕਾਰੀ ਸੁਭਾਵ ਅਨੁਸਾਰ ਧੁਰੋਂ ਨਾਲ ਲੈ ਕੇ ਆਏ ਗੁਰਬਾਣੀ ਦੇ ਇਲਾਹੀ ਪ੍ਰਸ਼ਾਦ ਦਾ ਛੱਟਾ ਦੇਣ ਲਈ ਪ੍ਰੇਮੀਆਂ ਦੀਆਂ ਬੇਨਤੀਆਂ ਪ੍ਰਵਾਨ ਕਰਕੇ ਸਮੇਂ-ਸਮੇਂ ਡਬਰੀ ਪਿੰਡ ਜਾਂਦੇ ਰਹਿੰਦੇ ਹਨ ਅਤੇ ਸੰਗਤਾਂ ਵੀ ਆਪ ਜੀਆਂ ਨੂੰ ਵੱਡੇ ਮਹਾਂਪੁਰਸ਼ਾਂ ਦਾ ਸ਼ਾਖਸਾਤ ਰੂਪ ਜਾਣ ਕੇ ਹਰ ਪ੍ਰਕਾਰ ਦੀ ਸੇਵਾ ਅਤੇ ਸਤਿਸੰਗ ਦਾ ਲਾਭ ਉਠਾਉਂਦੇ ਰਹਿੰਦੇ ਹਨ।

## ਹੁਸ਼ਿਆਰਪੁਰ

ਜ਼ਿਕਰ 1967 ਈ: ਦਾ ਹੈ ਜਦੋਂ ਭਗਤ ਲੱਭਾ ਰਾਮ ਦੀ ਲੜਕੀ *ਮੁੰਨੀ* ਦੀ ਸ਼ਾਦੀ ਹੁਸ਼ਿਆਰਪੁਰ ਤੋਂ ਕ੍ਰਿਸ਼ਨ ਕੁਮਾਰ ਗੁਲਾਟੀ ਦੇ ਛੋਟੇ ਭਰਾ ਸੁਸ਼ੀਲ ਗੁਲਾਟੀ ਨਾਲ ਹੋਈ। ਸ਼ਾਦੀ ਤੇ ਦੋਨੋਂ ਪਰਿਵਾਰਾਂ ਵੱਲੋਂ ਸਕੇ ਸੰਬੰਧੀ ਕਾਫੀ ਗਿਣਤੀ ਵਿੱਚ ਆਏ ਹੋਏ ਸਨ, ਉਸ ਸ਼ਾਦੀ ਦੇ ਸਮੇਂ ਤੇ ਅਨੰਦ ਕਾਰਜ ਦੀ ਰਸਮ ਤੋਂ ਬਾਅਦ ਪੂਜਯ ਵਿਰੱਕਤ ਮਹਾਰਾਜ ਜੀਆਂ ਨੇ ਇਲਾਹੀ ਹੁਕਮ ਨਾਮੇ ਦੀ ਵਿਆਖਿਆ ਭਰਪੂਰ ਰਸ-ਭਿੰਨੀ ਕਥਾ ਕੀਤੀ। ਕਥਾ ਪ੍ਰਵਚਨ ਅਤੇ ਸਤਿ ਵਿਚਾਰਾਂ ਦਾ ਅਸਰ ਤਾਂ ਭਾਵੇਂ ਥੋੜ੍ਹਾ ਬਹੁਤ ਸਭ ਹਿਰਦਿਆਂ ਤੇ ਪੈਂਦਾ ਹੀ ਹੈ, ਲੇਕਿਨ ਕਿਸੇ-ਕਿਸੇ ਤੇ ਵਿਸ਼ੇਸ਼ ਅਸਰ ਵੀ ਹੁੰਦਾ ਹੈ। ਜਾਂ ਇਉਂ ਸਮਝੋ ਜਿਵੇਂ ਬਰਸਾਤ ਪੈਂਦੀ ਤਾਂ ਬਹੁਤੀਆਂ ਥਾਵਾਂ ਤੇ ਹੈ ਲੇਕਿਨ ਕੋਈ ਨਵੀਂ ਥਾਂ, ਜਲ ਆਪਣੇ ਵਿੱਚ ਜ਼ਿਆਦਾ ਜਮ੍ਹਾ ਕਰ ਲੈਂਦਾ ਹੈ ਅਤੇ ਉੱਚਾ ਥਾਂ ਬਰਸਾਤ ਤੋਂ ਥੋੜ੍ਹੀ ਦੇਰ ਬਾਅਦ ਹੀ ਫਿਰ ਜਲ ਬਿਹੂਨ ਹੋ ਕੇ ਯਾਨੀ ਖੁਸ਼ਕ ਹੈ ਕੇ ਤਪਨਾਂ ਸੜਨਾਂ ਸ਼ੁਰੂ ਹੋ ਜਾਂਦਾ ਹੈ। ਨਵੀ ਥਾਂ, ਜਲ ਇਕੱਠਾ ਹੋਣ ਕਰਕੇ ਦੇਰ ਤੱਕ ਠੰਡਾ ਸ਼ਾਂਤ ਰਹਿੰਦਾ ਹੈ। ਬੱਦਲ ਨੇ ਤਾਂ ਰਾਗ ਦਵੈਸ਼ ਤੋਂ ਨਿਰਲੇਪ ਆਪਣੇ ਪਰਉਪਕਾਰੀ ਸੁਭਾਵ ਅਨੁਸਾਰ ਸਾਰੀ ਜਗ੍ਹਾ ਇੱਕੋ ਜਿਨ੍ਹਾਂ ਪਾਣੀ ਵਰਸਾਇਆ, ਲੇਕਿਨ ਫਲ ਧਰਤੀ ਨੇ ਆਪਣੀ ਨੀਵਾਣ ਅਤੇ ਉਚਾਨ ਮੁਤਾਬਿਕ ਪ੍ਰਾਪਤ ਕੀਤਾ। ਇਸੀ ਤਰ੍ਹਾਂ ਹੀ ਸਤਿ ਪੁਰਸ਼ ਕਥਾ ਵਖਿਆਨ ਅਤੇ ਸਤਿ ਉਪਦੇਸ਼ ਤਾਂ ਸਾਹਮਣੇ ਬੈਠੀ ਸਭ ਸੰਗਤ ਨੂੰ ਬਗੈਰ ਕਿਸੇ ਰਾਗ ਦਵੈਸ਼ ਯਾ ਭੇਦ ਭਾਵ ਤੋਂ ਇੱਕ ਜੈਸਾ ਹੀ ਕਰਦੇ ਹਨ, ਲੇਕਿਨ ਫਲ ਦੀ ਪ੍ਰਾਪਤੀ ਹਿਰਦਿਆਂ ਦੀ ਨੀਵਾਣ-ਉਚਾਨ ਦੇ ਮੁਤਾਬਿਕ ਜੁਦਾ-ਜੁਦਾ ਹੁੰਦੀ ਹੈ। ਅਗਰ ਰੱਤੀ ਮਾਤਰ ਵੀ ਹੰਕਾਰ ਹਿਰਦੇ ਵਿੱਚ ਹੈ ਤਾਂ ਉਪਦੇਸ਼ ਰੂਪੀ ਜਲ ਟਿਕਦਾ ਨਹੀਂ, ਯਾਨੀ ਅਸਰ ਨਹੀਂ ਕਰਦਾ। ਇਸ ਦੇ ਵਿਪਰੀਤ ਨਿਮਰਤਾਵਾਨ ਹਿਰਦਾ ਉਪਦੇਸ਼ ਦੀ ਬੂੰਦ-ਬੂੰਦ ਇਕੱਠੀ ਕਰਕੇ ਆਪਣੇ ਵਿੱਚ ਜਜ਼ਬ ਕਰ ਲੈਂਦਾ ਹੈ। ਗੁਰੂ ਬਾਬਾ ਜੀ ਦਾ ਇਲਾਹੀ ਫੁਰਮਾਣ ਵੀ ਹੈ—

**ਤਉ ਕਿਛੁ ਪਾਈਐ ਜਉ ਹੋਈਐ ਰੇਨਾ॥**

*(ਸੂਹੀ ਮ: ੫, ਪੰਨਾ—੭੩੯)*

ਇਸੀ ਪ੍ਰਕਾਰ ਅੱਜ ਸ਼ਾਦੀ ਤੇ ਮਹਾਂਪੁਰਸ਼ਾਂ ਨੇ, ਕਰਮ, ਉਪਾਸਨਾ, ਗਿਆਨ, ਵਿਗਿਆਨ ਦੇ ਵਿਸ਼ਿਆਂ ਨੂੰ ਬਹੁਤ ਸੁਚੱਜੇ ਢੰਗ ਨਾਲ ਖੋਲ੍ਹਿਆ ਅਤੇ ਸਭ ਸਰੋਤਿਆਂ ਨੇ ਆਪੋ ਆਪਣੀ ਅਵਸਥਾ ਅਨੁਸਾਰ ਲਾਭ ਵੀ ਪ੍ਰਾਪਤ ਕੀਤਾ, ਲੇਕਿਨ ਇੱਕ ਸੱਜਣ ਕ੍ਰਿਸ਼ਨ ਗੋਪਾਲ ਗੁਲਾਟੀ ਦੇ ਮਨ ਤੇ ਕੁਝ ਜ਼ਿਆਦਾ ਅਸਰ ਹੋਇਆ।

ਕਥਾ ਦੀ ਸਮਾਪਤੀ ਤੋਂ ਬਾਅਦ ਗੁਲਾਟੀ ਨੇ ਹਜ਼ੂਰ ਦੇ ਚਰਨਾਂ ਵਿੱਚ ਅਰਜ਼ ਕੀਤੀ, ਮਹਾਰਾਜ ਕ੍ਰਿਪਾ ਕਰੋ ਹੁਸ਼ਿਆਰਪੁਰ ਦਰਸ਼ਨ ਬਖਸ਼ੋ! ਹਜ਼ੂਰ ਬੋਲੇ, ਭਾਈ ਹੁਸ਼ਿਆਰਪੁਰ ਤਾਂ ਅਸੀਂ ਜਾਂਦੇ ਰਹਿੰਦੇ ਹਾਂ। ਮਹਾਰਾਜ! ਕਦੇ ਦਰਸ਼ਨ ਤਾਂ ਆਪ ਜੀ ਦੇ ਹੋਏ ਨਹੀਂ, ਆਪ ਠਹਿਰਦੇ ਕਿਥੇ ਹੋ? ਹਜ਼ੂਰ ਨੇ ਫੁਰਮਾਇਆ ਖਾਨਪੁਰ ਦੇ ਰਾਹ ਤੇ ਸੰਤ ਗੁਰਚਰਨ ਸਿੰਘ ਦਾ ਡੇਰਾ ਹੈ, ਅੰਗੀਠਾ ਸਾਹਿਬ, ਉਥੇ ਜਾ ਕੇ ਰੁਕਦੇ ਹਾਂ। ਕ੍ਰਿਸ਼ਨ ਗੋਪਾਲ ਨੇ ਅਰਜ਼ ਕੀਤੀ, ਮਹਾਰਾਜ ਕ੍ਰਿਪਾ ਕਰੋ, ਹੁਣ ਮੇਰੇ ਨਾਲ ਹੁਸ਼ਿਆਰਪੁਰ ਚੱਲੋ। ਹਜ਼ੂਰ ਬੋਲੇ ਅਜੇ ਤਾਂ ਇਥੇ ਹੀ ਹਾਂ ਫਿਰ ਜਦੋਂ ਕੋਈ ਸਮਾਂ ਸੰਜੋਗ ਬਣਿਆ ਤਾਂ ਆਵਾਂਗੇ, ਜਦੋਂ ਆਏ ਤੈਨੂੰ ਪਤਾ ਕਰ ਦਿਆਂਗੇ।

ਸੰਨ 1968 ਈ: ਵਿੱਚ ਇੱਕ ਸਮੇਂ ਦਾ ਜ਼ਿਕਰ ਹੈ ਜਦੋਂ ਆਪ ਇਲਾਹੀ ਰੰਗ ਵਿੱਚ ਵਿਚਰਦੇ ਹੋਏ ਹੁਸ਼ਿਆਰਪੁਰ ਅੰਗੀਠਾ ਸਾਹਿਬ ਪਹੁੰਚ ਗਏ। ਦੂਸਰੇ ਦਿਨ ਆਪ ਨੇ ਦਿੱਤੇ ਬਚਨ ਅਨੁਸਾਰ ਕ੍ਰਿਸ਼ਨ ਗੋਪਾਲ ਜੀ ਨੂੰ ਸੰਦੇਸ਼ਾ ਭੇਜ ਦਿੱਤਾ। ਕ੍ਰਿਸ਼ਨ ਗੋਪਾਲ ਨੇ ਅਰਜ਼ ਕੀਤੀ, ਮਹਾਰਾਜ, ਮੇਰਾ ਘਰ ਵਿੱਚ ਅਖੰਡ ਪਾਠ ਸਾਹਿਬ ਕਰਵਾਉਣ ਦਾ ਵਿਚਾਰ ਹੈ ਆਪ ਕ੍ਰਿਪਾ ਕਰਕੇ ਕੋਈ ਤਾਰੀਖ ਬਖਸ਼ਿਸ਼ ਕਰ ਦਿਉ ਤਾਂ ਕਿ ਸਭ ਸੰਗਤਾਂ ਅਤੇ ਸੰਬੰਧੀ ਆਪ ਜੀ ਦੇ ਪਵਿੱਤਰ ਮੁਖਾਰਬਿੰਦ ਤੋਂ ਪਵਿੱਤਰ ਬਾਣੀ ਦੀ ਕਥਾ ਵਖਿਆਨ ਦਾ ਲਾਭ ਉਠਾ ਸਕਣ! ਹਜ਼ੂਰ ਬੋਲੇ, ਭਾਈ ਪਾਠੀਆਂ ਦਾ ਇੰਤਜ਼ਾਮ ਕਰ ਲੈ ਅਸੀਂ ਭੋਗ ਵਾਲੇ ਦਿਨ ਆ ਜਾਵਾਂਗੇ। ਕ੍ਰਿਸ਼ਨ ਗੋਪਾਲ ਨੇ ਅਰਜ਼ ਕੀਤੀ, ਮਹਾਰਾਜ! ਆਪ ਕ੍ਰਿਪਾ ਕਰੋ, ਰਿਹਾਇਸ਼ ਮੇਰੇ ਘਰ ਹੀ ਰੱਖੋ। ਹਜ਼ੂਰ ਬੋਲੇ, ਭਾਈ ਅਸੀਂ ਕਿਸੇ ਦੇ ਘਰ ਨਹੀਂ ਠਹਿਰਦੇ, ਭੋਗ ਦੇ ਸਮੇਂ ਜ਼ਰੂਰ ਪਹੁੰਚਾਂਗੇ। ਨੀਯਤ ਦਿਨ ਤੇ ਭੋਗ ਦੇ ਸਮੇਂ ਵਿਰੱਕਤ ਮਹਾਰਾਜ ਜੀਆਂ ਨੂੰ ਰਿਹਾਇਸ਼ ਵਾਲੇ ਥਾਂ ਤੋਂ ਗੁਲਾਟੀ ਪਰਿਵਾਰ ਆ ਕੇ ਲੈ ਗਿਆ। ਭੋਗ ਉਪਰੰਤ ਆਪ ਜੀ ਨੇ ਇਲਾਹੀ ਹੁਕਮ-ਨਾਮੇ ਦੀ ਕਥਾ ਕੀਤੀ, ਜਿਸ ਨੂੰ ਸ੍ਰਵਣ ਕਰਕੇ ਸੰਗਤਾਂ ਨੇ ਮਨ ਦੀ ਠੰਡ ਅਤੇ ਸ਼ਾਂਤੀ ਮਹਿਸੂਸ ਕੀਤੀ। ਸਮਾਗਮ ਦੀ ਸਮਾਪਤੀ ਉਰਪੰਤ ਹਜ਼ੂਰ ਤਾਂ ਆਪਣੀ ਮੌਜ ਵਿੱਚ ਕਿਸੇ ਹੋਰ ਪਾਸੇ ਨੂੰ ਚਲੇ ਗਏ, ਲੇਕਿਨ ਕ੍ਰਿਸ਼ਨ ਗੋਪਾਲ ਨੇ ਮਨ ਵਿੱਚ ਪੱਕੀ ਧਾਰ ਲਈ ਕਿ ਜਿਤਨੀ ਜਲਦੀ ਹੋ ਸਕੇ ਸ਼ਹਿਰ ਤੋਂ ਬਾਹਰ ਇਕਾਂਤ ਵਿੱਚ ਇੱਕ ਕੁਟੀਆ ਬਣਾਈਏ, ਜਿਸ ਵਿੱਚ ਸਮੇਂ-ਸਮੇਂ ਮਹਾਰਾਜ ਆ ਕੇ ਠਹਿਰਣ ਅਤੇ ਆਪਾਂ ਨੂੰ ਉਨ੍ਹਾਂ ਦੇ ਚਰਨਾਂ ਦੀ ਵੱਧ-ਤੋਂ-ਵੱਧ ਸੇਵਾ ਕਰਨ ਦਾ ਮੌਕਾ ਮਿਲੇ। ਇਹ ਸੋਚ ਕੇ ਕ੍ਰਿਸ਼ਨ ਗੋਪਾਲ ਨੇ ਸ਼ਹਿਰ ਤੋਂ ਤਿੰਨ ਕਿਲੋਮੀਟਰ ਦੂਰ ਟਾਂਡਾ ਰੋਡ ਤੇ ਅਖਲਾਸ ਪੁਰ ਪਿੰਡ ਦੀ ਜੂਹ ਵਿੱਚ ਪਾਕਿਸਤਾਨ ਦੀ ਜ਼ਮੀਨ ਦੇ ਬਦਲੇ ਅਲਾਟ ਹੋਈ ਜ਼ਮੀਨ ਜੋ ਕਿ ਕ੍ਰਿਸ਼ਨ ਗੋਪਾਲ ਦੇ ਪਿਤਾ ਲਾਲਾ ਚੂਨੀ ਲਾਲ ਦੇ ਨਾਮ ਸੀ ਵਿੱਚ ਇੱਕ ਕੁਟੀਆ ਬਣਾਉਣੀ ਸ਼ੁਰੂ ਕੀਤੀ, ਜੋ ਸਾਲ ਕੁ ਦੇ ਸਮੇਂ ਵਿੱਚ ਬਣ ਕੇ ਤਿਆਰ ਹੋ ਗਈ। ਤਕਰੀਬਨ ਇਕ ਸਾਲ ਬਾਅਦ ਵਿਰੱਕਤ ਮਹਾਰਾਜ ਜੀ ਆਪਣੇ ਦੋ ਸੇਵਕਾਂ ਸੰਤ ਦਰਸ਼ਨ ਸਿੰਘ ਜੀ ਅਤੇ ਸੰਤ ਗੋਪਾਲ ਸਿੰਘ ਜੀ ਨੂੰ ਨਾਲ ਲੈ ਕੇ ਸਬੱਬ ਨਾਲ ਹੁਸ਼ਿਆਰਪੁਰ ਪਹੁੰਚ ਗਏ। ਪਤਾ ਲੱਗਣ ਤੇ ਕ੍ਰਿਸ਼ਨ ਗੋਪਾਲ ਅਰਜ਼ ਕਰਕੇ ਤਿੰਨਾਂ ਮਹਾਂਪੁਰਸ਼ਾਂ ਨੂੰ ਅਖਲਾਸ ਪੁਰ ਕੁਟੀਆ ਵਿੱਚ ਲੈ ਗਿਆ। ਆਪ ਨੇ ਵੀ ਕ੍ਰਿਸ਼ਨ ਗੋਪਾਲ ਦਾ ਪ੍ਰੇਮ ਅਤੇ ਇਕਾਂਤ ਜਗ੍ਹਾ ਦੇਖਕੇ ਕੁਟੀਆ ਵਿੱਚ ਵਿਸ਼ਰਾਮ ਕੀਤਾ। ਕ੍ਰਿਸ਼ਨ ਗੋਪਾਲ ਬਹੁਤ ਪ੍ਰੇਮ ਨਾਲ ਸੇਵਾ ਕਰਦਾ ਰਿਹਾ, ਹਜ਼ੂਰ ਵੀ ਉਸ ਦੀ ਸੇਵਾ ਤੇ ਰੀਝ ਕੇ ਪ੍ਰੇਮ ਵਸ ਹੋਏ, ਆਖਰ ਤੱਕ ਸਮੇਂ-ਸਮੇਂ ਇਸ ਕੁਟੀਆਂ ਨੂੰ ਆਪਣੀ ਚਰਨ ਧੂੜੀ ਬਖਸ਼ਿਸ਼ ਕਰਦੇ ਰਹੇ।

## ਤੁਰਮਰੀ

ਖੰਨਾ, ਜਰਗ ਰੌਣੀ ਰੋਡ ਤੇ ਖੰਨੇ ਤੋਂ ਅਠਾਰਾਂ ਕਿਲੋਮੀਟਰ ਲਹਿੰਦੇ ਵੱਲ, ਮੁੱਖ ਸੜਕ ਤੋਂ ਡੇਢ ਕਿਲੋਮੀਟਰ ਪਿੱਛੇ ਹਟਵਾਂ ਇੱਕ ਨਗਰ ਵੱਸਦਾ ਹੈ, *ਤੁਰਮਰੀ*।

ਸੰਨ 1970 ਈ: ਦੇ ਨੇੜੇ ਤੇੜੇ ਦਾ ਜ਼ਿਕਰ ਹੈ ਜਦੋਂ ਪੂਜਯ ਵਿਰੱਕਤ ਮਹਾਰਾਜ ਜੀਆਂ ਨੇ ਇਸ ਨਗਰ ਨੂੰ ਆਪਣੀ ਚਰਨ ਛੋਹ ਬਖਸ਼ਿਸ਼ ਕੀਤੀ। ਇਸ ਰਾਜ਼ ਨੂੰ ਪਰਮੇਸ਼ਰ ਹੀ ਜਾਣਦਾ ਹੈ ਕਿ ਕਿਸੇ ਮਨੁੱਖ ਜਾਂ ਧਰਤੀ ਨਾਲ ਆਪਣਾ ਪੂਰਬਲਾ ਸੰਜੋਗ ਪ੍ਰਗਟ ਕਰਨ ਲਈ, ਕਿਹੜੇ ਸਮੇਂ, ਕਿਹੜਾ ਸਬੱਬ ਰਚਨਾ ਹੈ। ਹੋਇਆ ਇੰਜ, ਕਿ ਸਰਦਾਰ ਹਰਨੇਕ ਸਿੰਘ ਨੰਬਰਦਾਰ *ਤੁਰਮਰੀ* ਆਪਣੇ ਕਿਸੇ ਰਾਜਨੀਤਿਕ ਰਿਸ਼ਤੇਦਾਰ ਨਾਲ ਦਿੱਲੀ ਤੋਂ ਪੰਜਾਬ ਨੂੰ ਆ ਰਿਹਾ ਸੀ, ਜਿਸ ਸਮੇਂ ਕਾਰ ਕਰਨਾਲ ਸ਼ਹਿਰ ਪਹੁੰਚੀ ਉਸ ਸਮੇਂ ਤੱਕ ਦੁਪਹਿਰ ਦਾ ਸਮਾਂ ਹੋ ਚੁੱਕਾ ਸੀ। ਮੌਸਮ ਗਰਮੀ ਦਾ ਹੋਣ ਕਰਕੇ ਦੋਨਾਂ ਨੇ ਸੋਚਿਆ ਕਿ ਇਥੇ ਕੁਝ ਦੇਰ ਰੁੱਕ ਕੇ ਥੋੜ੍ਹਾ ਆਰਾਮ ਕਰ ਲਈਏ। ਕਰਨਾਲ ਬਾਈਪਾਸ ਤੇ ਇੱਕ ਪੈਟਰੋਲ ਪੰਪ ਤੇ ਕਾਰ ਖੜੀ ਕਰਕੇ ਰਾਜਨੀਤਿਕ ਭਰਾ ਤਾਂ ਉਸ ਪੰਪ ਤੇ ਆਰਾਮ ਕਰਨ ਲੱਗ ਗਿਆ, ਲੇਕਿਨ ਹਰਨੇਕ ਸਿੰਘ ਦੀ ਨਜ਼ਰ ਸੜਕ ਤੋਂ ਥੋੜ੍ਹੀ ਦੂਰ ਇੱਕ ਸੰਘਣੇ ਬ੍ਰਿਛਾਂ ਦੀ ਸੁੰਦਰ ਛਾਂ ਵੱਲ ਪਈ, ਜਿਸਦੇ ਦੂਰ-ਦੂਰ ਤੱਕ ਕੋਈ ਆਬਾਦੀ ਨਹੀਂ, ਬਿਲਕੁੱਲ ਇਕਾਂਤ ਹੈ, ਚਾਰੋਂ ਤਰਫ ਸਬਜ਼ੀ ਵਗੈਰਾ ਦੇ ਖੇਤ ਹਨ, ਇਸ ਲਈ ਕੁਝ ਸਮਾਂ ਉਥੇ ਆਰਾਮ ਕਰੀਏ। ਹਰਨੇਕ ਸਿੰਘ ਉਸ ਥਾਂ ਦਾ ਸ਼ਾਂਤ ਵਾਤਾਵਰਣ ਜਾਣਕੇ ਉਸ ਵੱਲ ਗਿਆ, ਲੇਕਿਨ ਅੱਗੇ ਜਾ ਕੇ ਕੀ ਦੇਖਿਆ ਕਿ ਕਿਸੇ ਸਾਧੂ ਦੀ ਛੋਟੀ-ਜਿਹੀ ਕੁਟੀਆ ਹੈ ਅਤੇ ਇੱਕ ਤੇਜਸਵੀ ਚਿਹਰੇ ਵਾਲੇ ਮਹਾਤਮਾ ਦਰੱਖਤ ਦੀ ਛਾਂ ਹੇਠ ਇੱਕ ਕੁਰਸੀ ਤੇ ਸੁਸ਼ੋਭਿਤ ਹਨ। ਉਨ੍ਹਾਂ ਦੇ ਚਰਨਾਂ ਵਿੱਚ ਦੋ-ਤਿੰਨ ਸੇਵਾਦਾਰ ਬੈਠੇ ਹਨ ਅਤੇ ਕੁਛ ਲੰਗਰ ਵਲ ਸੇਵਾ ਕਰ ਰਹੇ ਹਨ। ਹਰਨੇਕ ਸਿੰਘ ਮਹਾਂਪੁਰਖਾਂ ਦੇ ਚਰਨਾ ਤੇ ਨਮਸਕਾਰ ਕਰਕੇ ਬੈਠ ਗਿਆ। ਸੇਵਾਦਾਰਾਂ ਨੇ ਕੋਈ ਪ੍ਰੇਮੀ ਆਇਆ ਦੇਖਕੇ,

ਠੰਡਾ ਸ਼ਰਬਤ ਪਾਣੀ ਛਕਾਇਆ। ਹੁਣ ਹਜ਼ੂਰ ਦੀ ਹਰਨੇਕ ਸਿੰਘ ਤੇ ਪਵਿੱਤਰ ਦ੍ਰਿਸ਼ਟੀ ਪਈ, ਬਚਨ ਕੀਤਾ, ਭਾਈ ਕਿਥੋਂ ਆਇਆ ਹੈਂ? ਮਹਾਰਾਜ ਦਿੱਲੀ ਤੋਂ ਆਇਆ ਹਾਂ, ਪੰਜਾਬ ਜਾਣਾ ਹੈ। ਹਜ਼ੂਰ ਨੇ ਪੁੱਛਿਆ ਪੰਜਾਬ ਕਿਹੜੀ ਥਾਂ ਰਹਿੰਦਾ ਹੈਂ? ਮਹਾਰਾਜ ਜਰਗ ਰੌਣੀ ਕੋਲ ਹੈ ਪਿੰਡ ਤੁਰਮਰੀ ਉਥੋਂ ਦਾ ਰਹਿਣ ਵਾਲਾ ਹਾਂ। ਹਜ਼ੂਰ ਨੇ ਫਿਰ ਪੁੱਛਿਆ, ਦੌਦ, ਸਰੌਂਦ ਕਦੇ ਸੁਣੇ ਹਨ? ਹਾਂ, ਮਹਾਰਾਜ ਉਹ ਤਾਂ ਨਜ਼ਦੀਕ ਹੀ ਹਨ। ਭਾਈ ਅਸੀਂ ਕਦੇ-ਕਦੇ ਉਥੇ ਜਾਂਦੇ ਰਹਿੰਦੇ ਹਾਂ। ਹਰਨੇਕ ਸਿੰਘ ਨੇ ਅਰਜ਼ ਕੀਤੀ, ਮਹਾਰਾਜ, ਕਦੇ ਤੁਰਮਰੀ ਵੀ ਆਉ। ਹਾਂ ਆਉਣਾ ਤਾਂ ਹੈ ਭਾਈ ਪਰ ਅਸੀਂ ਰਹਿੰਦੇ ਪਿੰਡ ਤੋਂ ਬਾਹਰ ਹਾਂ। ਕੋਈ ਗੱਲ ਨਹੀਂ ਮਹਾਰਾਜ ਮੇਰੇ ਖੂਹ ਤੇ ਕੋਠਾ ਹੈ ਉਥੇ ਠਹਿਰ ਜਾਇਓ! ਠੀਕ ਹੈ ਕਦੇ ਜ਼ਰੂਰ ਆਵਾਂਗੇ। ਹਰਨੇਕ ਸਿੰਘ ਮਹਾਰਾਜ ਜੀ ਤੋਂ ਆਉਣ ਦਾ ਬਚਨ ਲੈ ਕੇ, ਨਮਸ਼ਕਾਰ ਕਰਕੇ ਚਲਾ ਗਿਆ। ਘਰ ਜਾ ਕੇ ਖੇਤ ਵਾਲੇ ਕੋਠੇ ਉਪਰ ਇਕ ਓਹੋ ਜਿਹਾ ਹੀ ਚੌਬਾਰਾ ਬਣਾਇਆ ਜਿਹੋ-ਜਿਹਾ ਕਰਨਾਲ ਹਜ਼ੂਰ ਦੀ ਕੁਟੀਆ ਦਾ ਦੇਖਿਆ ਸੀ। ਕੁੱਝ ਸਮੇਂ ਬਾਅਦ ਪੂਜਯ ਮਹਾਰਾਜ ਜੀ ਵੀ, ਸੂਰਬੀਰ ਬਚਨ ਕੇ ਬਲੀ, ਦੇ ਮਹਾਵਾਕ ਅਨੁਸਾਰ ਦਿੱਤੇ ਵਚਨ ਨੂੰ ਪੂਰਾ ਕਰਨ ਲਈ, ਸ. ਗੁਰਨਾਮ ਸਿੰਘ ਖੋਖ ਵਾਲਿਆਂ ਦੀ ਜੀਪ ਵਿੱਚ ਸਵਾਰ ਹੋਕੇ ਪਿੰਡ ਤੁਰਮਰੀ ਪਹੁੰਚ ਗਏ। ਹਰਨੇਕ ਸਿੰਘ ਨੂੰ ਦਰਸ਼ਨ ਕਰਦਿਆਂ ਹੀ ਬੇਅੰਤ ਖੁਸ਼ੀ ਹੋਈ, ਲੇਕਿਨ ਮਹਾਰਾਜ ਜੀ ਵਾਸਤੇ ਜੋ ਚੌਬਾਰਾ ਬਣ ਰਿਹਾ ਸੀ, ਉਹ ਅਜੇ ਅਧੂਰਾ ਸੀ। ਇਸ ਕਰਕੇ ਆਪਣੇ ਚਾਚਾ ਸ. ਸੰਤਾ ਸਿੰਘ ਦੇ ਖੂਹ ਉਤੇ ਹਜ਼ੂਰ ਦੇ ਠਹਿਰਣ ਦਾ ਇੰਤਜ਼ਾਮ ਕੀਤਾ। ਨੇਤ ਪਰਮੇਸ਼ਰ ਦੀ ਕਿਸੇ ਸਮੇਂ ਇਸੇ ਥਾਂ ਤੇ ਸੰਤ ਗੋਪਾਲ ਸਿੰਘ ਜੀ ਵੀ ਇੱਕ ਤੋਂ ਵੱਧ ਵਾਰ ਠਹਿਰ ਕੇ ਗਏ ਸਨ। ਜਾਂ ਇਉਂ ਸਮਝੀਏ ਕਿ ਕੋਈ ਕਿਸਾਨ ਵਾਹੀ ਤਾਂ ਪਹਿਲਾਂ ਹੀ ਕਰ ਗਿਆ ਸੀ ਪਰੰਤੂ ਬਿਜਾਈ ਕਰਨ ਵਿਚ ਅਜੇ ਦੇਰੀ ਸੀ। ਸੋ ਹੁਣ ਇਉਂ ਲਗ ਰਿਹਾ ਹੈ ਕਿ ਕੋਈ ਸਫਲ ਕਿਸਾਨ ਬੀਜ ਲੈ ਕੇ ਪਹੁੰਚ ਗਿਆ ਹੈ। ਹਰਨੇਕ ਸਿੰਘ ਅਤੇ ਸੰਤਾ ਸਿੰਘ ਆਦਿਕ ਪਰਿਵਾਰਾਂ ਨੇ ਹਜ਼ੂਰ ਦੀ ਬਹੁਤ ਪ੍ਰੇਮ ਅਤੇ ਉਤਸ਼ਾਹ ਨਾਲ ਸੇਵਾ ਕੀਤੀ ਅਤੇ ਸ਼ਾਮ ਨੂੰ ਕੁੱਝ ਸੰਗਤਾਂ ਜੁੜੀਆਂ ਦੇਖਕੇ ਮਹਾਰਾਜ ਜੀ ਨੇ ਕਿਸੇ ਸ਼ਬਦ ਦੀ ਕਥਾ ਕੀਤੀ ਉਪਰੰਤ ਹਰਨੇਕ ਸਿੰਘ ਆਦਿ ਪ੍ਰੇਮੀਆਂ ਨੇ ਨਾਮ ਅੰਮ੍ਰਿਤ ਦੀ ਯਾਚਨਾ ਕੀਤੀ। ਇਲਾਹੀ ਹੁਕਮ ਹੋਇਆ ਕਿ ਕੱਲ੍ਹ ਅਸੂ ਦੀ ਸੰਗਰਾਂਦ ਹੈ ਇਸ ਵਾਸਤੇ ਕੱਲ੍ਹ ਸਵੇਰੇ ਆਉਣਾ। ਸੰਗਰਾਂਦ ਵਾਲੇ ਦਿਨ ਸਵੇਰੇ ਹੀ ਹਰਨੇਕ ਸਿੰਘ ਉਸਦੀ ਧਰਮ ਪਤਨੀ ਅਤੇ ਹੋਰ ਕਈ ਸਰੀਰ ਸੁਵਖਤੇ ਹੀ ਚਰਨਾਂ ਵਿੱਚ ਪਹੁੰਚ ਗਏ, ਹਜ਼ੂਰ ਨੇ ਤਰੁੱਠ ਕੇ ਸਾਰਿਆਂ ਨੂੰ ਦਰਗਾਹ ਦਾ ਟਿਕਟ ਬਖਸ਼ ਦਿੱਤਾ ਅਤੇ ਪਵਿੱਤਰ ਮੁੱਖ ਤੋਂ ਹੁਕਮ ਕੀਤਾ ਕਿ ਇਸ ਨੂੰ ਹਮੇਸ਼ਾ ਜਪਣਾ ਹੈ, ਭੁੱਲ ਕੇ ਵੀ ਕਦੇ ਵਿਸਾਰਨਾ ਨਹੀਂ। ਟਿਕਟ ਖਰੀਦ ਕੇ ਅਗਰ ਘਰ ਹੀ ਰੱਖ ਜਾਈਏ ਤਾਂ ਬਗੈਰ ਟਿਕਟ ਸਫਰ ਕਰਦਿਆਂ ਨੂੰ ਟੀ.ਸੀ. ਕਦੇ ਵੀ ਪਕੜ ਸਕਦਾ ਹੈ। ਇਸ ਲਈ ਨਾਮ ਨੂੰ ਵਿਸਾਰ ਕੇ ਜ਼ਿੰਦਗੀ ਰੂਪੀ ਗੱਡੀ ਵਿਚ ਸਫਰ ਕਰਦਿਆਂ ਜਮ ਰੂਪੀ ਟੀ.ਸੀ. ਕਦੇ ਵੀ ਪਕੜ ਸਕਦਾ ਹੈ। ਇਸ ਲਈ ਜ਼ਰੂਰੀ ਹੈ ਜਮ ਰੂਪੀ ਟੀ.ਸੀ. ਤੋਂ ਬਚਣ ਲਈ ਨਾਮ ਦਾ ਨਿਰੰਤਰ ਜਾਪ। ਗੁਰੂ ਸਾਹਿਬ ਇਸ ਗੱਲ ਦੀ ਠੋਸ ਗਵਾਹੀ ਦਿੰਦੇ ਹਨ—

**ਨਾਮੁ ਲੈਤ ਜਮੁ ਨੇੜਿ ਨ ਆਵੈ॥**
**ਨਾਮੁ ਲੈਤ ਦਰਗਹ ਸੁਖੁ ਪਾਵੈ॥**
**ਨਾਮੁ ਲੈਤ ਪ੍ਰਭੁ ਕਹੈ ਸਾਬਾਸਿ॥**
**ਨਾਮੁ ਹਮਾਰੀ ਸਾਚੀ ਰਾਸਿ॥**

*(ਪੰਨਾ—੧੧੪੨)*

ਇਸ ਪ੍ਰਕਾਰ ਹਜ਼ੂਰ ਤਿਆਰ ਹੋਈ ਭੂਮੀ ਵਿੱਚ ਨਾਮ ਰੂਪੀ ਬੀਜ, ਬੀਜ ਕੇ ਕਿਸੇ ਹੋਰ ਦੁਖੀਏ ਦਾ ਦੁੱਖ ਨਿਵਾਰਨ ਲਈ ਅੱਗੇ ਨੂੰ ਰਵਦੇ ਹੋਏ। ਇੱਧਰ ਇਹ ਪ੍ਰੇਮੀ ਸੰਸਾਰਕ ਕਾਰ ਵਿਹਾਰ ਦੇ ਨਾਲ-ਨਾਲ ਗੁਰੂ ਯਾਦ ਵਿਚ ਜੀਵਨ ਬਤੀਤ ਕਰਨ ਲੱਗੇ। ਕੁੱਝ ਦੇਰ ਬਾਅਦ ਹਰਨੇਕ ਸਿੰਘ ਨੇ ਕਿਸੇ ਕੁਸੰਗ ਦੇ ਜ਼ੇਰੇ ਅਸਰ ਇਕ ਦਿਨ ਸ਼ਰਾਬ ਪੀ ਲਈ। ਪਰਮੇਸ਼ਰ ਦੀ ਐਸੀ ਨੇਤ ਹੋਈ ਕਿ ਹਰਨੇਕ ਸਿੰਘ ਨੂੰ ਉਸੇ ਸਮੇਂ ਸੰਸਾਰਕ ਜ਼ਬਰਦਸਤ ਚੋਟ ਲੱਗੀ ਅਤੇ ਮਨ ਇਤਨਾ ਘਾਇਲ ਹੋ ਗਿਆ ਕਿ ਨੀਂਦ ਭੁੱਖ ਸਭ ਗਵਾ ਬੈਠਿਆ। ਅੱਖਾਂ ਦੇ ਸਾਹਮਣੇ ਦਿਨ ਰਾਤ ਉਹੀ ਬਚਨ ਘੁੰਮ ਰਹੇ ਹਨ ਕਿ ਬਗੈਰ ਟਿਕਟ ਜਮ ਕਦੇ ਵੀ ਪਕੜ ਸਕਦਾ ਹੈ। ਹੁਣ ਹੋਰ ਕੋਈ ਚਾਰਾ ਚਲਦਾ ਨਾ ਦੇਖਕੇ ਸਵੇਰੇ ਹੀ ਕਰਨਾਲ ਨੂੰ ਬੱਸ ਚੜ੍ਹ ਗਿਆ। ਪਹੁੰਚ ਕੇ ਹਜ਼ੂਰ ਦੇ ਚਰਨਾਂ ਤੇ ਨਮਸਕਾਰ ਕੀਤੀ, ਅੱਗੇ ਹਜ਼ੂਰ ਆਪਣੀ ਇਲਾਹੀ ਮੌਜ ਵਿੱਚ ਬੈਠੇ ਮੁਸਕਰਾ

ਰਹੇ ਹਨ। ਹਰਨੇਕ ਸਿੰਘ ਦੇ ਜਲ ਪਾਣੀ ਛਕਣ ਤੋਂ ਬਾਅਦ ਬਚਨ ਕੀਤਾ ਕਿ ਨਾਮ ਜਪਦਾ ਹੈਂ? ਅੱਗੋਂ ਹਰਨੇਕ ਸਿੰਘ ਨੇ ਸਾਰੀ ਗੱਲ ਦੱਸਕੇ ਮਾਫੀ ਮੰਗੀ ਤਾਂ ਹਜ਼ੂਰ ਬੋਲੇ ਕੋਈ ਗੱਲ ਨਹੀਂ ਭਾਈ ਭੁੱਲ ਜਾਣਾਂ ਤਾਂ ਜੀਵ ਦਾ ਸੁਭਾਵ ਹੈ, ਅਤੇ ਚੋਟ ਖਾਕੇ ਸੁਚੇਤ ਹੋ ਜਾਣਾਂ ਹੀ ਸਮਝਦਾਰੀ ਹੈ।

## ਮਾਤਾ ਬਿਮਲਾ

ਜ਼ਿਕਰ 1970 ਦੇ ਕਿਸੇ ਸਮੇਂ ਦਾ ਚੱਲ ਰਿਹਾ ਹੈ ਜਦੋਂ ਹਜ਼ੂਰ ਕਰਨਾਲ ਕੁਟੀਆ ਨੂੰ ਆਧਾਰ ਬਣਾਕੇ ਭੋਗ-ਮੋਖ ਦੀਆਂ ਦਾਤਾਂ ਦੇ ਅਮੁੱਕ ਭੰਡਾਰੇ ਤਾਂ ਵਰਤਾ ਹੀ ਰਹੇ ਸਨ ਬਲਕਿ ਬੱਦਲ ਦਾ ਰੂਪ ਧਾਰਨ ਕਰਕੇ ਕਿਤੇ-ਨਾ-ਕਿਤੇ ਰੋਜ਼ ਬਰਸਦੇ ਸਨ। ਐਸਾ ਵਰਤਾਰਾ ਭਾਵੇਂ ਰੋਜ਼ ਹੀ ਵਰਤ ਰਿਹਾ ਹੈ, ਲੇਕਿਨ ਅੱਜ ਕੁੱਝ ਵਿਸ਼ੇਸ਼ ਹੀ ਚਲਿਤ ਨਜ਼ਰ ਆ ਰਿਹਾ ਹੈ, ਯਾਨੀ ਉਪਦੇਸ਼ ਰੂਪੀ ਬਰਸਾਤ ਭਾਵੇਂ ਰੋਜ਼ ਹੀ ਹੁੰਦੀ ਹੈ ਲੇਕਿਨ ਅੱਜ ਕੁੱਝ ਇਉਂ ਲੱਗ ਰਿਹਾ ਹੈ ਜਿਵੇਂ ਪਾਣੀ ਦੇ ਨਾਲ ਕਿਸੇ ਫਲਦਾਰ ਬੂਟੇ ਵਿੱਚ ਖਾਦ ਪਾਉਣ ਦੀ ਤਿਆਰੀ ਕਰ ਰਹੇ ਹਨ। ਖੈਰ, ਵਜ਼ੀਰ ਚੰਦ ਨਾਂ ਦੀ ਨਵੀਂ ਵੱਸੀ ਕਲੋਨੀ ਵਿੱਚ ਅਰੁੜ ਚੰਦ ਨਾਮ ਦਾ ਇੱਕ ਸੱਜਣ ਆਪਣੇ ਪਰਿਵਾਰ ਸਮੇਤ ਵੱਸਦਾ ਹੈ। ਉਸਦੇ ਵੱਡੇ ਲੜਕੇ ਸੁਭਾਸ਼ ਦੀ ਸ਼ਾਦੀ ਦੇ ਪਰਿਵਾਰ ਵੱਲੋਂ ਜਸ਼ਨ ਮਨਾਏ ਜਾ ਰਹੇ ਹਨ, ਇਸ ਲਈ ਉਸੇ ਖੁਸ਼ੀ ਵਿੱਚ ਵਿਰੱਕਤ ਮਹਾਰਾਜ ਨਿੱਕਾ ਸਿੰਘ ਜੀਆਂ ਤੋਂ ਤਾਰੀਖ ਲੈ ਕੇ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪੈ ਚੁੱਕਿਆ ਹੈ, ਉਪਰੰਤ ਦਰਵੇਸ਼ ਜੀ ਨੇ ਕੀਰਤਨ ਸ਼ੁਰੂ ਕੀਤਾ। ਦਰਵੇਸ਼ ਜੀ ਪ੍ਰੇਮ ਭਾਵਨਾ ਵਿੱਚ ਭਿੱਜੇ ਹੋਏ ਇੱਕ-ਇੱਕ ਪੰਕਤੀ ਤੇ ਗੁਰਬਾਣੀ ਦੇ ਅਨੇਕਾਂ ਪ੍ਰਮਾਣ ਦੇ ਕੇ ਹਰੀ ਭਗਤ ਦੀ ਮਹਿਮਾ ਦਾ ਵਰਨਣ ਕਰ-ਕਰ ਅਲੌਕਿਕ ਰੰਗ ਬੰਨ੍ਹ ਰਹੇ ਹਨ। ਕੀਰਤਨ ਦੀ ਸਮਾਪਤੀ ਤੋਂ ਬਾਅਦ ਹੁਣ ਸੰਤ ਭਾਰਤੀ ਜੀ ਨੇ ਪ੍ਰਵਚਨ ਸ਼ੁਰੂ ਕੀਤਾ। ਪ੍ਰਵਚਨ ਵਖਿਆਨ ਕਰਦਿਆਂ ਆਪ ਦੀ ਵਿਦਵਤਾ ਅਤੇ ਜੀਵਨ ਦਾ ਰਸ ਆਪ ਮੁਹਾਰਾ ਫੁੱਟ ਰਿਹਾ ਹੈ। ਕਾਫੀ ਸਮਾਂ ਹੋ ਗਿਆ, ਆਪ ਨੂੰ ਵਿਦਾਂਤ ਚਰਚਾ ਕਰਦਿਆਂ ਨੂੰ, ਵਾਤਾਵਰਣ ਇੱਕ ਦਮ ਸ਼ਾਂਤ ਹੈ, ਲੇਕਿਨ ਫਿਰ ਵੀ ਕੁੱਝ ਐਸਾ ਲੱਗ ਰਿਹਾ ਹੈ ਜਿਵੇਂ ਸਰੋਤੇ ਇਸ ਤੋਂ ਵੀ ਕਿਸੇ ਵਧੀਕ ਰਸ ਦੀ ਉਡੀਕ ਵਿੱਚ ਹੋਣ। ਖੈਰ ਭਾਰਤੀ ਜੀ ਨੇ ਵਖਿਆਨ ਦੀ ਸਮਾਪਤੀ ਕੀਤੀ। ਹੁਣ ਸਮਾਂ ਆ ਗਿਆ, ਜਿਸ ਦੀ ਸਰੋਤੇ ਉਡੀਕ ਵਿੱਚ ਸਨ, ਹਜ਼ੂਰ ਵਿਰੱਕਤ ਮਹਾਰਾਜ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਸਜ ਗਏ, ਬਸ ਹੁਣ ਇਲਾਹੀ ਹੁਕਮਨਾਮੇ ਦੀ ਕਥਾ ਸ਼ੁਰੂ ਕਰ ਦਿੱਤੀ। ਦੇਵਨੇਤ ਨਾਲ ਸ਼ਬਦ ਵੀ ਵੱਡਾ ਉਤਰਿਆ ਅਤੇ ਹਜ਼ੂਰ ਵੀ ਗੁਰਬਾਣੀ ਦੇ ਮਹਾਨ ਸਮੁੰਦਰ ਵਿੱਚੋਂ ਬੇਅੰਤ ਮਿਸਾਲਾ ਦੇ ਕੇ ਨਾਮ, ਨਾਮੀ ਅਤੇ ਹਰੀ ਭਗਤ ਦੀ ਮਹਿਮਾਂ ਵਰਨਣ ਕਰੀ ਜਾ ਰਹੇ ਹਨ। ਆਪ ਜੀ ਫੁਰਮਾ ਰਹੇ ਹਨ, ਭਾਈ ਹਰੀ ਨੂੰ ਪ੍ਰਾਪਤ ਕਰਨ ਦਾ ਕੇਵਲ-ਤੇ-ਕੇਵਲ ਇੱਕੋ ਹੀ ਤਰੀਕਾ ਹੈ, ਉਸਦੀ ਪ੍ਰੇਮਾ ਭਗਤੀ। ਪ੍ਰੇਮਾ ਭਗਤੀ ਤੋਂ ਬਗੈਰ ਹੋਰ ਲੱਖਾਂ ਯਤਨ ਨਿਸਫਲ ਹਨ ਯਥਾ ਗੁਰੂ ਅਰਜਨ ਦੇਵ ਜੀ—

**ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ॥ ਨਾ ਤੂ ਆਵਹਿ ਵਸਿ ਬੇਦ ਪੜਾਵਣੇ॥**
**ਨਾ ਤੂ ਆਵਹਿ ਵਸਿ ਤੀਰਥਿ ਨਾਈਐ॥ ਨਾ ਤੂ ਆਵਹਿ ਵਸਿ ਧਰਤੀ ਧਾਈਐ॥**
**ਨਾ ਤੂ ਆਵਹਿ ਵਸਿ ਕਿਤੈ ਸਿਆਣਪੈ॥ ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ॥**
**ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥ ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥**

*(ਰਾਮਕਲੀ ਕੀ ਵਾਰ ਪੰਨਾ-੯੬੨)*

ਭਾਈ ਪ੍ਰੇਮ ਹੀ ਇੱਕ ਐਸੀ ਜ਼ੰਜੀਰ ਹੈ ਜੋ ਹਰੀ ਨੂੰ ਅਰਸ਼ਾਂ ਕੁਰਸ਼ਾ ਤੋਂ ਖਿੱਚ ਕੇ ਮਾਤਲੋਕ ਵਿੱਚ ਲੈ ਆਉਂਦੀ ਹੈ। ਹੇ ਹਰੀ! ਮਿਹਰ ਕਰ! ਪ੍ਰੇਮ ਬਖਸ਼! ਇਤਿਆਦਿਕ ਬਚਨਾਂ ਦੁਆਰਾ ਕਥਾ ਦੀ ਸਮਾਪਤੀ ਕੀਤੀ। ਕਿਸੇ ਨੇ ਅਰਜ਼ ਕੀਤੀ, ਮਹਾਰਾਜ, ਅੱਜ ਤਾਂ ਪਤਾ ਨਹੀਂ ਕਿਹੜੇ ਰੰਗ ਵਿੱਚ ਚਲੇ ਗਏ, ਵਕਤ ਬਹੁਤ ਲੇਟ ਹੋ ਗਿਆ, ਲੰਗਰ ਨੂੰ ਵੀ ਦੇਰੀ ਹੋ ਗਈ। ਹਜ਼ੂਰ ਬੋਲੇ, ਭਾਈ ਬਿਮਲਾ ਮਾਈ ਭਗਤਣੀ ਹੈ, ਭਗਤਣੀ! ਭਗਤਾਂ ਦੇ ਪ੍ਰੇਮ ਵਿੱਚ ਸਮੇਂ ਦਾ ਨੇਮ ਨਹੀਂ ਰਹਿੰਦਾ। ਪ੍ਰੇਮੀ ਸੋਚ ਰਿਹਾ ਹੈ ਬਿਮਲਾ ਮਾਤਾ ਨੂੰ ਦੋ-ਵਾਰ ਭਗਤਣੀ ਕਹਿਣ ਪਿੱਛੇ, ਹਜ਼ੂਰ ਦਾ ਕੀ ਰਾਜ਼ ਹੈ? ਚੰਦਰਮਾ ਤੇ ਸੂਰਜ ਆਪਣੀ ਮਰਿਆਦਾ ਭੰਗ ਕਰਕੇ ਸ਼ਾਇਦ ਕਦੇ ਨਾ ਉਦਯ ਹੋਣ ਇਹ ਤਾਂ ਸੰਭਵ ਹੋ ਸਕਦਾ ਹੈ, ਲੇਕਿਨ ਹਜ਼ੂਰ ਦਾ ਬਚਨ ਤਾਂ ਅਨਥਾ ਨਹੀਂ ਜਾ ਸਕਦਾ, ਹਜ਼ੂਰ ਦੇ ਇਸ ਬਚਨ ਪਿੱਛੇ ਕੋਈ ਗਹਿਰਾ ਰਾਜ਼ ਹੈ, ਸ਼ਾਇਦ ਬੁੱਧੀ ਅਜੇ ਇਸ ਦਾ ਪੂਰਾ-ਪੂਰਾ ਫੈਸਲਾ ਨਹੀਂ ਕਰ ਪਾਏਗੀ, ਇਸ ਲਈ ਇਸ ਦਾ ਫੈਸਲਾ ਸਮੇਂ ਤੇ ਹੀ ਛੱਡ ਦਿਉ।

# ਗੁਰਾਇਆ ਕੁਟੀਆ ਦਾ ਨਿਰਮਾਣ

ਜ਼ਿਕਰ 1970 ਈ: ਦੇ ਨੇੜੇ-ਤੇੜੇ ਦਾ ਹੈ ਜਦੋਂ ਹਜ਼ੂਰ ਵਿਰੱਕਤ ਮਹਾਰਾਜ ਗੁਰਾਇਆ ਡੱਲੇਵਾਲ ਦੇ ਦਰਮਿਆਨ ਦੋਨਾਂ ਨਗਰਾਂ ਦੀ ਹੱਦ ਤੇ ਤਿਨੈਹਿਰੇ ਦੇ ਬਿਲਕੁੱਲ ਨਜ਼ਦੀਕ ਇੱਕ ਕੱਚੀ ਛੰਨ ਵਿੱਚ ਸੁਸ਼ੋਭਿਤ ਹਨ। ਇੱਕ ਦੋ ਵਾਰ ਪਹਿਲਾਂ ਵੀ ਇੱਥੇ ਆ ਕੇ ਇਸ ਪਵਿੱਤਰ ਧਰਤੀ ਨੂੰ ਆਪਣੀ ਚਰਨ ਧੂੜੀ ਦਾ ਬੀਜ ਬਖਸ਼ ਗਏ ਹਨ, ਲੇਕਿਨ ਹੁਣ ਇਉਂ ਲੱਗ ਰਿਹਾ ਹੈ ਜਿਵੇਂ ਉਸ ਬੀਜ ਦੇ ਪੁੰਗਰਨ ਦਾ ਸਮਾਂ ਆ ਗਿਆ ਹੋਵੇ। ਸ਼ਾਇਦ ਇਸੇ ਲਈ ਹੀ ਆਪ ਕਈ ਦਿਨਾਂ ਤੋਂ ਇੱਥੇ ਠਹਿਰ ਕੇ ਉਪਦੇਸ਼ ਰੂਪੀ ਜ਼ੋਰਦਾਰ ਮੀਂਹ ਵਰਸਾ ਰਹੇ ਹਨ ਤਾਂ ਕਿ ਉਹ ਪੁਰਾਤਨ ਬੋਇਆ ਹੋਇਆ ਬੀਜ ਲੋੜੀਂਦੀ ਸਿੱਲ੍ਹ ਪ੍ਰਾਪਤ ਕਰਕੇ ਸੌਖਾ ਜਰਮੀਨੇਟ ਹੋ ਜਾਵੇ। ਸੰਗਤਾਂ ਦੀ ਆਵਾਜਾਈ ਵੱਧ ਚੁੱਕੀ ਹੈ, ਗੁਰਬਾਣੀ ਉਪਦੇਸ਼ ਦੀ ਜ਼ੋਰਦਾਰ ਬਾਰਸ਼ ਹੋ ਰਹੀ ਹੈ, ਗੁਰੂ ਨਾਨਕ ਦਾ ਲੰਗਰ ਸ਼ੁਰੂ ਹੋ ਕੇ ਸਭ ਗਰੀਬ ਅਮੀਰ ਲਈ ਖੁੱਲ੍ਹੇ ਭੰਡਾਰੇ ਵਰਤ ਰਹੇ ਹਨ, ਭੋਗ ਮੋਖ ਦੀਆਂ ਦਾਤਾਂ ਲੋੜਵੰਦ ਸੱਜਣ ਦੋਨੋਂ ਹੱਥੀਂ ਪ੍ਰਾਪਤ ਕਰ ਰਹੇ ਹਨ। ਪਰੰਤੂ ਕਰਤੇ ਦਾ ਇੱਕ ਅਸਚਰਜ ਕੌਤਕ ਦੇਖੋ ਕਿ ਦਾਤਾਂ ਲੈਣ ਵਾਲੇ ਪੱਕੇ ਮਕਾਨਾਂ ਵਿੱਚ ਡਨਲਪ ਦੇ ਗੱਦਿਆਂ ਤੇ ਪੱਖੇ ਚਲਾ ਕੇ ਸੌਂਦੇ ਹਨ, ਲੇਕਿਨ ਦਾਤਾ ਦੇਣ ਵਾਲਾ ਸ਼ਾਹੀ ਫਕੀਰ ਘਾਸ ਫੂਸ ਦੀ ਟੁੱਟੀ-ਫੁੱਟੀ ਛੰਨ ਵਿੱਚ ਭੂਮ ਆਸਣ ਨੂੰ ਹੀ ਮਖਮਲੀ ਸੇਜਾ ਜਾਣ ਕੇ ਵਿਸ਼ਮਾਦ ਹੋ ਰਿਹਾ ਹੈ। ਦੇਣਾ, ਸ਼ਾਇਦ ਇਸ ਦਾ ਸੁਭਾਵ ਹੀ ਹੈ, ਅਤੇ ਦੇਣੋ ਸੰਕੋਚ ਕਰਨਾ ਸ਼ਾਇਦ ਇਹਦੇ ਸੁਭਾਵ ਵਿੱਚ ਹੈ ਹੀ ਨਹੀਂ, ਇਸ ਲਈ ਹੀ ਤਾਂ ਕੋਠੀ ਵਾਲਿਆਂ ਨੂੰ ਕੋਠੀ, ਫੈਕਟਰੀ ਦੀ ਮੰਗ ਵਾਲਿਆਂ ਨੂੰ ਫੈਕਟਰੀ ਅਤੇ ਪੁੱਤਰਾਂ ਦੀ ਮੰਗ ਵਾਲਿਆਂ ਨੂੰ ਪੁੱਤਰਾਂ ਦੀਆਂ ਦਾਤਾਂ ਦੋਨੀਂ ਹੱਥੀਂ ਵੰਡੀ ਜਾ ਰਿਹਾ ਹੈ, ਲੇਕਿਨ ਆਪ ਦਾ ਪਰਿਵਾਰ ਹਨ ਕੱਚੀ ਛੰਨ ਵਿੱਚ ਦਿਨ ਰਾਤ ਕੋਲ ਰਹਿਣ ਵਾਲੇ ਸੱਪ ਤੇ ਠੂੰਹੇਂ। ਬਸ ਇਨ੍ਹਾਂ ਨੂੰ ਹੀ ਆਪਣਾ ਪਰਿਵਾਰ, ਕਿ ਸ਼ਾਇਦ ਆਪਣਾ ਆਪ ਦੇਖ-ਦੇਖ ਕੇ ਕਿਸੇ ਅਲੌਕਿਕ ਅਨੰਦ ਵਿੱਚ ਲੀਨ ਰਹਿੰਦਾ ਹੈ। ਮੌਸਮ ਬਰਸਾਤ ਦਾ ਹੈ, ਛੱਪਰੀ ਚੋ ਰਹੀ ਹੈ, ਚਾਰੋਂ ਤਰਫ ਖੇਤ ਪਾਣੀ ਨਾਲ ਭਰੇ ਪਏ ਹਨ, ਰਸਤਾ ਕੱਚਾ ਹੋਣ ਕਰਕੇ ਬਰਸਾਤਾਂ ਨਾਲ ਵਿਗੜ ਚੁੱਕਿਆ ਹੈ, ਲੇਕਿਨ ਫਿਰ ਵੀ ਆਪਣੀ ਮੌਜ ਵਿੱਚ ਅੱਜ ਸ਼ਾਹੀ ਫਕੀਰ ਸੁਸ਼ੋਭਿਤ ਹੈ। ਸੰਗਤ ਦੇ ਕੁੱਝ ਪ੍ਰੇਮੀ ਹੱਥ ਜੋੜ ਕੇ ਸਨਮੁਖ ਆ ਖਲੋਤੇ, ਅਰਜ਼ ਕੀਤੀ, ਗਰੀਬ ਨਿਵਾਜ਼! ਆਪ ਦਾ ਹੁਕਮ ਹੋਵੇ ਇੱਥੇ ਥੋੜ੍ਹਾ ਬਹੁਤ ਮਕਾਨ ਛੱਤ ਲਈਏ। ਅਰਸ਼ੀ ਦਾਤਾ ਕਿਸੇ ਅਗੰਮੀ ਮੌਜ ਵਿੱਚ ਗਹਿਰਾ ਉਤਰ ਗਿਆ, ਥੋੜ੍ਹੀ ਦੇਰ ਬਾਅਦ ਕਮਲਾਂ ਵਰਗੇ ਨੈਣ ਖੋਲੇ, ਪਵਿੱਤਰ ਬੁੱਲ੍ਹ ਫਰਕੇ, ਹੁਕਮ ਹੋਇਆ ਬਰਸਾਤਾਂ ਨੇ ਰਸਤਾ ਖਰਾਬ ਕਰ ਦਿੱਤਾ ਹੈ, ਕਿਸਾਨ ਵਿਚਾਰੇ ਖੇਤਾਂ ਵਿੱਚ ਜਾਣ ਤੋਂ ਅਸਮਰਥ ਹੁੰਦੇ ਜਾ ਰਹੇ ਹਨ, ਬੇਜ਼ੁਬਾਨ ਬੈਲ ਵਿਚਾਰੇ ਕਿਤਨੇ ਚਿੱਕੜ ਵਿੱਚ ਗੱਡੇ ਖਿੱਚਦੇ ਕਰਮਾਂ ਨੂੰ ਰੋ ਰਹੇ ਹਨ, ਇਨ੍ਹਾਂ ਤੇ ਤਰਸ ਕਰੋ, ਜਿਸ ਇਨਸਾਨ ਨੇ ਲੋਕ ਦਾ ਰਸਤਾ ਸਵਾਰ ਲਿਆ, ਉਸਦਾ ਪਰਲੋਕ ਦਾ ਰਸਤਾ ਆਪਣੇ ਆਪ ਹੀ ਸਵਰ ਜਾਂਦਾ ਹੈ। ਹੁਕਮ ਮੰਨ ਕੇ ਗੁਰਾਇਆ ਦੀ ਸੰਗਤ ਨੇ ਰਸਤੇ ਵਿੱਚ ਮਿੱਟੀ ਪਾਉਣ ਦਾ ਉਪਰਾਲਾ ਕੀਤਾ। ਪਰ ਦੇਖੋ ਹੋਰ ਅਸਚਰਜ ਵਰਤ ਰਿਹਾ ਹੈ, ਡਾਕਟਰ ਆਪਣੇ ਪਰਉਪਕਾਰੀ ਸੁਭਾਵ ਅਨੁਸਾਰ ਮਰੀਜ਼ ਨੂੰ ਬਿਲਕੁੱਲ ਨਿਰੋਗ ਬਣਾਉਣ ਵਾਸਤੇ ਮੁਫਤ ਦਵਾਈ ਦੇ ਰਿਹਾ ਹੈ, ਲੇਕਿਨ ਮਰੀਜ਼ ਦਵਾਈ ਨਹੀਂ ਖਾ ਰਿਹਾ, ਪਰ ਅੱਜ ਕੁੱਝ ਇਉਂ ਲੱਗਦਾ ਹੈ ਜਿਵੇਂ ਡਾਕਟਰ ਨੇ ਵੀ ਮਰੀਜ਼ ਨੂੰ ਤੰਦਰੁਸਤ ਕਰਨ ਦਾ ਦ੍ਰਿੜ ਨਿਸ਼ਚਾ ਕਰ ਲਿਆ ਹੈ। ਜਦੋਂ ਮਿੱਟੀ ਪਉਣੀ ਸ਼ੁਰੂ ਕੀਤੀ, ਤਾਂ ਖੇਤਾਂ ਵਾਲਿਆਂ ਨੇ ਮਿੱਟੀ ਦੇਣ ਤੋਂ ਇਨਕਾਰ ਕਰ ਦਿੱਤਾ। ਹਜ਼ੂਰ ਬੋਲੇ, ਸੂਰੀ! ਘਿਉ ਦਾ ਪੀਪਾ ਲੈ ਕੇ ਆ, ਇਹ ਲੋਕ ਵਿਚਾਰੇ ਖੁਸ਼ਕ ਹਨ, ਕੜਾਹ ਪ੍ਰਸ਼ਾਦ ਛਕਾ ਕੇ ਇਨ੍ਹਾਂ ਦੀ ਖੁਸ਼ਕੀ ਦੂਰ ਕਰ! ਹੁਕਮ ਅਨੁਸਾਰ ਘਿਉ ਦੇ ਪੀਪੇ ਲਿਆ ਕੇ ਕੜਾਹ ਵਰਤਣਾ ਸ਼ੁਰੂ ਹੋ ਗਿਆ, ਬਸ ਕੜਾਹ ਪ੍ਰਸ਼ਾਦ ਕੀ ਸੀ, ਮਾਨੋਂ ਖੰਡ ਵਿੱਚ ਲਪੇਟ ਕੇ ਕੈਪਸੂਲ ਦਿੱਤਾ ਜਾ ਰਿਹਾ ਸੀ। ਬਸ ਨੇੜੇ ਦੇ ਖੇਤਾਂ ਵਾਲੇ ਸਭ ਆ ਗਏ ਕੁੱਝ ਕੜਾਹ ਪ੍ਰਸ਼ਾਦ ਛਕਣ ਅਤੇ ਕੁੱਝ ਮਿੱਟੀ ਪਵਾਉਣ ਵਾਸਤੇ। ਮਿੱਟੀ ਦੇਣ ਤੋਂ ਹੁਣ ਕੋਈ ਇਨਕਾਰ ਨਹੀਂ ਕਰ ਰਿਹਾ ਬਲਕਿ ਕੁੱਝ ਨਾਲ ਲੱਗੇ ਹੋਏ ਹਨ। ਇਸ ਪ੍ਰਕਾਰ ਕੁਝ ਸਮੇਂ ਵਿੱਚ ਮਿੱਟੀ ਪਾ ਕੇ ਰਸਤਾ ਆਲੇ-ਦੁਆਲੇ ਦੇ ਖੇਤਾਂ ਨਾਲੋਂ ਉੱਚਾ ਨਿਕਲ ਗਿਆ, ਅਤੇ ਇੱਥੇ ਸਫਰ ਕਰਨ ਵਾਲੇ ਗਰੀਬ ਅਮੀਰ, ਬੈਲ, ਪਸ਼ੂ ਸਭ ਸੁਖੀ ਹੋ ਗਏ। ਹੁਣ ਗੁਰਬਾਣੀ ਵਿਚਾਰ ਸਤਿਸੰਗ ਦਾ ਰੰਗ ਫਿਰ ਬੱਝ ਗਿਆ, ਲੰਗਰ ਗੁਰੂ ਕੇ ਚਾਲੂ ਹੋ ਗਏ।

ਅੱਜ ਆਪਣੀ ਮੌਜ ਵਿੱਚ ਅਰਸ਼ੀ ਨੂਰ ਇੱਕ ਦਰੱਖਤ ਦੇ ਹੇਠ ਕੁਰਸੀ ਤੇ ਇਉਂ ਸੁਸ਼ੋਭਿਤ ਹੈ ਜਿਵੇਂ ਪੂਰਨਮਾਸ਼ੀ ਦਾ ਚੰਦਰਮਾ ਹੋਵੇ ਅਤੇ ਆਪ ਦੇ ਚਾਰੋਂ ਤਰਫ ਸੰਗਤ ਇਉਂ ਸੁਸ਼ੋਭਿਤ ਹੈ ਜਿਵੇਂ ਚੰਦਰਮਾ ਨੂੰ ਪਰਿਵਾਰ ਆਇਆ ਹੋਵੇ।

ਆਪ ਜੀ ਦੇ ਸਨਮੁਖ ਖਲੋ ਕੇ ਉਜਾਗਰ ਸਿੰਘ ਸੂਰੀ ਨੇ ਦੋਨੋਂ ਹੱਥ ਜੋੜ ਅਰਜ਼ ਕੀਤੀ, ਮਹਾਰਾਜ! ਆਗਿਆ ਬਖਸ਼ੋ, ਹਜ਼ੂਰ ਲਈ ਇੱਕ ਕਮਰਾ ਬਣਾ ਲਈਏ। ਸੂਰੀ ਦੀ ਅਰਜ਼ ਸੁਣ ਕੇ ਨੇਤਰ ਬੰਦ ਕਰੀਂ ਹਜ਼ੂਰ ਸ਼ਾਂਤ ਮੁਦਰਾ ਵਿੱਚ ਬੈਠੇ ਇਉਂ ਪ੍ਰਤੀਤ ਦੇ ਰਹੇ ਹਨ ਜਿਵੇਂ ਭਵਿੱਖ ਦਾ ਨਕਸ਼ਾ ਦੇਖ ਰਹੇ ਹੋਣ। ਕੁੱਝ ਦੇਰ ਬਾਅਦ ਪਵਿੱਤਰ ਬੁੱਲ੍ਹ ਹਰਕਤ ਵਿੱਚ ਆਏ, ਇਲਾਹੀ ਹੁਕਮ ਹੋਇਆ, ਭਾਈ ਜੇ ਬਣਾਉਣਾ ਹੀ ਹੈ ਤਾਂ ਬਜਾਏ ਕਮਰੇ ਦੇ ਖੁੱਲ੍ਹਾ ਹਾਲ ਬਣਾਉ, ਪਰ ਸ਼ਰਤ ਇੱਕ ਹੈ, ਕਿ ਕਿਸੇ ਕੋਲੋਂ ਪੈਸਾ ਨਹੀਂ ਮੰਗਣਾ। ਉਜਾਗਰ ਸਿੰਘ ਨੇ ਅਰਜ਼ ਕੀਤੀ, ਮਹਾਰਾਜ ਸਾਨੂੰ ਪ੍ਰਵਾਨ ਹੈ, ਪਰੰਤੂ ਆਪ ਦੇ ਪਵਿੱਤਰ ਚਰਨਾਂ ਵਿੱਚ ਬੇਨਤੀ ਹੈ ਕਿ ਜਿਤਨੇ ਦਿਨ ਲੈਂਟਰ ਨਾ ਪੈ ਜਾਵੇ, ਉਤਨੇ ਦਿਨ ਆਪ ਇੱਥੇ ਹੀ ਦਰਸ਼ਨ ਬਖਸ਼ਦੇ ਰਹੋ। ਹਜ਼ੂਰ ਮੁਸਕਰਾ ਕੇ ਬੋਲੇ, ਬਹੁਤ ਸਿਆਣਾ ਹੈਂ ਸੂਰੀ, ਸਾਨੂੰ ਇੱਥੇ ਹੋਰ ਠਹਿਰਾਨ ਦਾ ਬਹਾਨਾ ਬਣਾ ਲਿਆ। ਹੁਕਮ ਕਰ ਦਿੱਤਾ ਠੀਕ ਹੈ ਕੰਮ ਸ਼ੁਰੂ ਕਰ ਦਿਉ, ਅਸੀਂ ਅਜੇ ਇੱਥੇ ਹੀ ਹਾਂ, ਲੇਕਿਨ ਪਵਿੱਤਰ ਚਿਹਰੇ ਤੇ ਗੰਭੀਰਤਾ ਭਰੀ ਮੁਸਕਾਨ ਵੱਲ ਗਹੁ ਨਾਲ ਤੱਕਿਆਂ ਇਉਂ ਲੱਗ ਰਿਹਾ ਹੈ ਜਿਵੇਂ ਕਹਿ ਰਹੇ ਹੋਣ, ਸੂਰੀ! ਅਸੀਂ ਤਾਂ ਹਮੇਸ਼ਾਂ ਹੀ ਇੱਥੇ ਰਹਿਣ ਲਈ ਤਿਆਰ ਹਾਂ, ਲੇਕਿਨ ਤੈਂ ਆਪਣੀ ਕਾਰ ਵਿੱਚ ਲਿਟਾ ਕੇ ਕਰਨਾਲ ਛੱਡ ਆਉਣਾ ਹੈਂ। ਖੈਰ ਦੂਸਰੇ ਦਿਨ ਸੇਵਾ ਸ਼ੁਰੂ ਹੋ ਗਈ, ਕਈ ਪ੍ਰੇਮੀ ਕਰਨਾਲ ਆਦਿ ਥਾਵਾਂ ਤੋਂ ਲੈਣ ਵੀ ਆਏ, ਲੇਕਿਨ ਜਿਤਨੀ ਦੇਰ ਲੈਂਟਰ ਨਾ ਪਿਆ, ਉਤਨੀ ਦੇਰ ਆਪ ਇੱਥੇ ਹੀ ਰਹੇ, ਲੈਂਟਰ ਪੈਣ ਤੋਂ ਬਾਅਦ ਆਪ ਤਾਂ ਕਿਸੇ ਹੋਰ ਪਿਆਸੇ ਦੀ ਪਿਆਸ ਦੂਰ ਕਰਨ ਲਈ ਕਿਤੇ ਹੋਰ ਚਲੇ ਗਏ ਅਤੇ ਇੱਧਰ ਬਾਰਾਂਦਰੀ ਤਿਆਰ ਹੋ ਗਈ ਯਾਨੀ ਬਰਸਾਤ ਵਗੈਰਾ ਤੋਂ ਬਚਣ ਦਾ ਇੰਤਜ਼ਾਮ ਤਾਂ ਠੀਕ ਹੋ ਗਿਆ, ਪਰੰਤੂ ਚਾਰੋਂ ਤਰਫ ਤੋਂ ਖੁੱਲ੍ਹੀ ਹੋਣ ਦੇ ਕਾਰਨ ਸਰਦੀ ਤੋਂ ਬਚਨ ਦਾ ਕੋਈ ਉਪਾਅ ਨਹੀਂ, ਅਤੇ ਨਾ ਹੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਕੋਈ ਜਗ੍ਹਾ ਹੈ, ਪਰ ਹੁਣ ਦੇਖੋ, ਕਰਤਾਰ ਨੇ ਇਹ ਵੀ ਸਾਰੇ ਢੁਕਾਉ ਢੁਕਾ ਦਿੱਤੇ।

ਹੋਇਆ ਇੰਝ, ਕਿ ਇੱਕ ਪ੍ਰਸਿੱਧ ਸੰਤ ਹਰੀਹਰ ਜੀ ਦਾ ਇੱਥੇ ਆ ਕੇ ਕੁੱਝ ਦਿਨ ਠਹਿਰਨ ਦਾ ਪ੍ਰੋਗਰਾਮ ਬਣ ਗਿਆ, ਲੇਕਿਨ ਦਿਨ ਸਰਦੀਆਂ ਦੇ ਚੱਲ ਰਹੇ ਹਨ, ਇਸ ਲਈ ਸਰਦੀ ਤੋਂ ਬਚਣ ਲਈ ਬਾਰਾਂਦਰੀ ਵਿੱਚ ਕੋਈ ਦੀਵਾਰ ਵਗੈਰਾ ਨਹੀਂ। ਗੁਰਾਇਆ ਵਾਲੀ ਸੰਗਤ ਵਿੱਚੋਂ ਭਾਈ ਹਰਨਾਮ ਦਾਸ ਅਤੇ ਭਾਈ ਰਾਮ ਲਾਲ ਉਨ੍ਹਾਂ ਨੇ ਸਲਾਹ ਦਿੱਤੀ ਕਿ ਬਾਰਾਂਦਰੀ ਦੀ ਪਿਛਲੀ ਬਾਹੀ ਬੰਦ ਕਰਕੇ ਇੱਕ ਕਮਰਾ ਬਣਾ ਲਈਏ, ਤਾਂ ਕਿ ਹੁਣ ਸੰਤ ਹਰੀਹਰ ਜੀ ਜਿਤਨੇ ਦਿਨ ਇੱਥੇ ਹਨ ਆਰਾਮ ਨਾਲ ਗੁਜ਼ਾਰ ਲੈਣਗੇ, ਬਾਅਦ ਵਿੱਚ ਜਦੋਂ ਵਿਰੱਕਤ ਮਹਾਰਾਜ ਜੀ ਆਏ, ਉਨ੍ਹਾਂ ਵਾਸਤੇ ਵੀ ਠੀਕ ਰਹੇਗਾ। ਇਹ ਸਿਆਣੀ ਸਲਾਹ ਸਭ ਸੰਗਤ ਨੂੰ ਠੀਕ ਲੱਗੀ ਇਸ ਵਾਸਤੇ ਪਿਛਲੇ ਪਾਸੇ ਕੰਧ ਪਾ ਕੇ ਇੱਕ ਲੰਮਾ ਕਮਰਾ ਤਿਆਰ ਕਰ ਲਿਆ, ਤੇ ਬਾਰਾਂਦਰੀ ਦਾ ਅਗਲਾ ਪਾਸਾ ਸਾਰਾ ਖੁੱਲ੍ਹਾ ਰੱਖਿਆ, ਤਾਂ ਕਿ ਕਾਫੀ ਸੰਗਤ ਵੀ ਸਮੇਂ-ਸਮੇਂ ਇਸ ਵਿੱਚ ਬੈਠ ਕੇ ਲਾਭ ਉਠਾਂਉਂਦੀ ਰਹੇ। ਕਮਰਾ ਬਣ ਜਾਣ ਤੋਂ ਬਾਅਦ ਸੰਗਤ ਦੇ ਧਿਆਨ ਵਿੱਚ ਆਇਆ ਕਿ ਇਹ ਕਮਰਾ ਤਾਂ ਦੋਨੋਂ ਕੰਮ ਦੇ ਸਕਦਾ ਹੈ ਕਿਉਂ ਨਾ ਇਸ ਦੇ ਦੋ ਹਿੱਸੇ ਬਣਾ ਲਏ ਜਾਣ ਤਾਂ ਕਿ ਇੱਕ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋ ਜਾਵੇ ਅਤੇ ਦੂਸਰਾ ਵਿਰੱਕਤ ਮਹਾਰਾਜ ਜੀਆਂ ਲਈ ਬਣ ਜਾਵੇ, ਸੋ ਇਸ ਵਿਚਾਰ ਨਾਲ ਉਸ ਬਣੇ ਹੋਏ ਕਮਰੇ ਦੇ ਵਿਚਕਾਰ ਇੱਕ ਦੀਵਾਰ ਬਣਾ ਦਿੱਤੀ ਗਈ। ਹੁਣ ਕੁੱਝ ਦੇਰ ਬਾਅਦ ਹਜ਼ੂਰ ਇੱਥੇ ਪਹੁੰਚੇ, ਤਾਂ ਸੇਵਕਾਂ ਨੇ ਇੱਕ ਕਮਰੇ ਵਿੱਚ ਮਹਾਰਾਜ ਜੀ ਵਾਸਤੇ ਮੰਜਾ ਲਗਾ ਦਿੱਤਾ, ਦੂਸਰੇ ਵਿੱਚ ਪਹਿਲਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋ ਚੁੱਕਿਆ ਸੀ। ਹਜ਼ੂਰ ਦੇ ਇੱਥੇ ਪਹੁੰਚਣ ਨਾਲ ਸੰਗਤਾਂ ਦੀ ਆਵਾਜਾਈ ਵੱਧਣ ਕਰਕੇ ਕੁਟੀਆ ਵਿੱਚ ਚਹਿਲ-ਪਹਿਲ ਹੋ ਗਈ। ਦਰਗਾਹੀ ਬਾਣੀ ਦੇ ਅਖੰਡ ਪਾਠਾਂ ਦੀ ਲੜੀ ਚੱਲ ਪਈ, ਅਤੇ ਗੁਰੂ ਕੇ ਲੰਗਰ ਅਤੁੱਟ ਵਰਤ ਰਹੇ ਹਨ। ਮਹਾਰਾਜ ਜੀ ਵੀ ਹਰ ਭੋਗ ਤੇ ਦਰਗਾਹੀ ਹੁਕਮਨਾਮੇ ਦੀ ਕਥਾ ਕਰਦੇ ਹਨ। ਇਉਂ ਸੰਗਤਾਂ ਵਾਹਵਾ ਰੰਗ ਮਾਣ ਰਹੀਆਂ ਹਨ ਅਤੇ ਹਰ ਪ੍ਰਕਾਰ ਨਾਲ ਸੰਤੁਸ਼ਟ ਵੀ ਹਨ ਲੇਕਿਨ ਹਜ਼ੂਰ ਦੀ ਕੁੱਝ ਸੋਚ ਗਹਿਰੀ ਉਤਰੀ ਹੋਈ ਹੈ। ਪ੍ਰੇਮੀਆਂ ਨੂੰ ਜੋ ਪਾਠਾਂ ਦੀਆਂ ਤਾਰੀਖਾਂ ਦਿੱਤੀਆਂ ਹੋਈਆਂ ਸਨ, ਉਹ ਭੁਗਤਾ ਕੇ ਸੂਰੀ ਨੂੰ ਬੋਲੇ, ਅਸੀਂ ਹੁਣ ਇੱਥੇ ਚੱਲੇ ਹਾਂ, ਦੁਬਾਰਾ ਇੱਥੇ ਉਦੋਂ ਹੀ ਆਵਾਂਗੇ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਸਤੇ ਉੱਚੇ ਥੜ੍ਹੇ ਵਾਲਾ ਅਲੱਗ ਕਮਰਾ ਬਣ ਜਾਵੇਗਾ, ਕਿਉਂਕਿ ਇਹ ਕਮਰਾ ਬਹੁਤ ਛੋਟਾ ਹੈ ਇਸ ਵਿੱਚ ਅਰਦਾਸ ਕਰਨ ਵਾਲੇ ਸੱਜਣ ਤੋਂ ਬਗੈਰ ਦੂਜੇ ਬੰਦੇ ਨੂੰ ਨਮਸ਼ਕਾਰ ਕਰਨ ਵਾਸਤੇ ਵੀ ਜਗ੍ਹਾ ਨਹੀਂ ਅਤੇ ਨਾ ਹੀ ਸਾਹਮਣੇ ਕੋਈ ਜਗ੍ਹਾ ਹੈ ਜਿੱਥੇ ਸੰਗਤ ਬੈਠ ਕੇ ਦਰਸ਼ਨ

ਦੀਦਾਰੇ ਕਰ ਸਕੇ। ਦੂਸਰੀ ਗੱਲ ਇਹ ਕਿ ਗੁਰੂ ਸਾਹਿਬ ਵਾਲਾ ਕਮਰਾ ਪਿੱਛੇ ਵੀ ਚਲਿਆ ਗਿਆ, ਇਸ਼ਟ ਦੇਵ ਦਾ ਸਥਾਨ ਸਾਹਮਣੇ ਹੋਣਾ ਚਾਹੀਦਾ ਹੈ ਤਾਂ ਕਿ ਹਰ ਕੋਈ ਆ ਕੇ ਪਹਿਲਾਂ ਗੁਰੂ ਸਾਹਿਬ ਜੀ ਦਾ ਦੀਦਾਰ ਕਰੇ। ਸੂਰੀ ਨੇ ਅਰਜ਼ ਕੀਤੀ, ਮਹਾਰਾਜ! ਹੁਕਮ ਕਰ ਦਿਉ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਸਤੇ ਕਿੱਥੇ ਅਤੇ ਕਿਹੋ-ਜਿਹਾ ਕਮਰਾ ਬਣਾਈਏ? ਹਜ਼ੂਰ ਨੇ ਨਿਸ਼ਾਨ ਸਾਹਿਬ ਕੋਲ ਹੁਕਮ ਕਰ ਦਿੱਤਾ ਕਿ ਇੱਥੇ ਬਣਾ ਲਉ ਲੇਕਿਨ ਇੱਕ ਧਿਆਨ ਰੱਖਣਾ ਕਿ ਥੜ੍ਹਾ ਉੱਚਾ ਬਣਾਉਣਾ ਤਾਂ ਕਿ ਗੁਰੂ ਸਾਹਿਬ ਉੱਚੀ ਜਗ੍ਹਾ ਸੁਸ਼ੋਭਿਤ ਹੋਣ। ਦੂਸਰੀ ਗੱਲ, ਕਮਰਾ ਵੱਡਾ ਨਹੀਂ ਬਣਾਉਣਾ ਤਾਂ ਕਿ ਕੋਈ ਦੂਸਰਾ ਬੰਦਾ ਗੁਰੂ ਸਾਹਿਬ ਦੇ ਕਮਰੇ ਵਿੱਚ ਸੁੱਤਾ ਘੁਰਾੜੇ ਮਾਰੇ। ਇਸ ਪ੍ਰਕਾਰ ਹੁਕਮ ਕਰਕੇ ਹਜ਼ੂਰ ਤਾਂ ਆਪਣੀ ਮੌਜ ਵਿੱਚ ਬਹਿੰਦੇ ਦਰਿਆ ਦੀ ਤਰ੍ਹਾਂ ਅੱਗੇ ਨੂੰ ਰਵਦੇ ਹੋਏ, ਇੱਧਰ ਪ੍ਰੇਮੀਆਂ ਨੇ ਬਾਅਦ ਵਿੱਚ ਮੌਜੂਦਾ ਦਰਬਾਰ ਸਾਹਿਬ ਦਾ ਕਮਰਾ ਤਿਆਰ ਕਰ ਲਿਆ।

## ਗਰੀਬ ਨਿਵਾਜਤਾ

ਪੂਜਯ ਵਿਰੱਕਤ ਮਹਾਰਾਜ ਜੀਆਂ ਦਾ ਪਵਿੱਤਰ ਹਿਰਦਾ, ਕਰੁਣਾ, ਮੈਤ੍ਰੀ, ਮੁਦਤਾ ਅਤੇ ਅਪੇਖਿਆ ਆਦਿਕ ਸ਼ੁਭ ਗੁਣਾਂ ਨਾਲ ਕਿੰਨਾ ਭਰਪੂਰ ਸੀ ਉਸਦਾ ਅਗਲੀਆਂ ਛੋਟੀਆਂ-ਛੋਟੀਆਂ, ਛੇ ਸੱਤ ਇਸ਼ਾਰੇ ਮਾਤਰ ਮਿਸਾਲਾਂ ਤੋਂ ਸਪਸ਼ਟ ਹੋ ਜਾਏਗਾ। ਭਾਵੇਂ ਆਪ ਅੰਤਹਕਰਣ ਦੇ ਸਾਰੇ ਧਰਮਾਂ ਤੋਂ ਨਿਰਲੇਪ, ਅਸੰਗ, ਆਪਣੀ ਆਤਮ ਸਰੂਪਤਾ ਵਿੱਚ ਸੁਮੇਰ ਪਰਬਤ ਦੀ ਨਿਆਂਈ ਅਡੋਲ ਇਸਥਿਤ ਸਨ ਲੇਕਿਨ ਫਿਰ ਵੀ **ਬ੍ਰਹਮ ਗਿਆਨੀ ਪਰਉਪਕਾਰ ਉਮਾਹਾ** ਦੇ ਅਟੱਲ ਨੀਯਮ ਅਨੁਸਾਰ-**ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ** ਵਾਲੀ ਅਵਸਥਾ ਵਿੱਚ ਵਿਚਰਦੇ ਹੋਏ ਜੀਵਨ ਮੁਕਤ ਅਵਸਥਾ ਦਾ ਅਨੰਦ ਮਾਣਦੇ ਸਨ। ਇਸ ਦਾ ਮਤਲਬ ਇਹ ਨਹੀਂ ਕਿ ਆਪ ਕਿਸੇ ਸੰਸਕਾਰ ਦੇ ਬੰਨੇ ਹੋਏ ਸਨ, ਸਗੋਂ ਤਮਾਮ ਸੰਸਕਾਰਾਂ ਦੇ ਬੰਧਨਾਂ ਤੋਂ ਸੁਤੰਤਰ ਗਿਆਨਵਾਨ ਦਾ ਸਦੀਵੀਂ ਸੁਭਾਵ ਹੈ, ਦੂਸਰੇ ਨੂੰ ਸੁੱਖ ਦੇਣਾ, ਲੋੜਵੰਦ ਦੀ ਸਹਾਇਤਾ ਕਰਨੀ, ਜਿਵੇਂ ਅੱਗ ਨੇ ਕਦੇ ਸੋਚਿਆ ਹੀ ਨਹੀਂ ਕਿ ਮੈਂ ਕਿਸੇ ਨੂੰ ਪ੍ਰਕਾਸ਼ ਦੇਵਾਂ, ਕਿਸੇ ਦੀ ਸਰਦੀ ਦੂਰ ਕਰਾਂ ਜਾਂ ਕਿਸੇ ਦਾ ਖਾਣਾ ਪਕਾਵਾਂ, ਇਹ ਤਾਂ ਦੂਸਰਿਆਂ ਨੂੰ ਸੁੱਖ ਦੇਣ ਵਾਲੇ ਸਾਰੇ ਗੁਣ ਅੱਗ ਦਾ ਸੁਭਾਵ ਹੀ ਹਨ, ਯਾਨੀ ਅੱਗ ਕਿਸੇ ਵੀ ਦੇਸ਼ ਦੀ ਹੋਵੇ, ਉਪਰੋਕਤ ਗੁਣਾਂ ਦੇ ਸਹਿਤ ਹੀ ਹੋਵੇਗੀ। ਇਸੀ ਤਰ੍ਹਾਂ ਗਿਆਨਵਾਨ ਕਿਸੇ ਵੀ ਦੇਸ਼, ਕਿਸੇ ਵੀ ਕੌਮ, ਕਿਸੇ ਵੀ ਮਜ਼੍ਹਬ, ਕਿਸੇ ਵੀ ਭੇਖ ਅਤੇ ਕਿਸੇ ਵੀ ਸੰਪਰਦਾਇ ਜਾਂ ਫਿਰਕੇ ਨਾਲ ਸੰਬੰਧ ਰੱਖਦਾ ਪ੍ਰਤੀਤ ਜਿਹਾ ਹੁੰਦਾ ਹੋਵੇ, ਲੇਕਿਨ ਉਹ ਹੋਵੇਗਾ ਅਵੱਸ਼ ਹੀ ਦੈਵੀ ਗੁਣਾਂ ਦਾ ਖਜ਼ਾਨਾ, ਯਾਨੀ ਦੂਸਰੇ ਨੂੰ ਆਪਣਾ-ਆਪ ਨਿਹਾਰਦੇ ਹੋਏ ਸੁਖ ਦੇਣਾ, ਉਸ ਦਾ ਸੁਭਾਵ ਹੀ ਹੁੰਦਾ ਹੈ। ਬਸ ਜੀਵ ਅਤੇ ਗਿਆਨਵਾਨ ਦਾ ਇਤਨਾ ਹੀ ਫਰਕ ਹੈ। ਜੀਵ ਦਾ ਸੁਭਾਵ ਲੈਣਾ ਹੁੰਦਾ ਹੈ ਅਤੇ ਗਿਆਨਵਾਨ ਦਾ ਸੁਭਾਵ ਕੇਵਲ ਦੇਣਾ। ਸੋ ਦੇਣਾ ਕਿਸ ਨੂੰ ਹੈ? ਇਸ ਬਾਤ ਦਾ ਵੀ ਪੂਰਾ ਨਿਰਣਾ ਗਿਆਨਵਾਨ ਹੀ ਕਰ ਸਕਦਾ ਹੈ, ਕਿਉਂਕਿ ਅਨੁਭਵੀ ਡਾਕਟਰ ਹੀ ਜਾਣਦਾ ਹੈ ਕਿ ਕਿਸ ਮਰੀਜ਼ ਨੂੰ ਕਿਹੜੀ ਦਵਾਈ ਦੇਣੀ ਹੈ। ਆਪਣੇ ਆਪ ਜਾਂ ਬਿਨਾਂ ਅਨੁਭਵ ਤੋਂ ਹੋਰ ਦੀ ਹੋਰ ਦਵਾਈ ਖਾਧੀ ਬਜਾਏ ਰੋਗ ਨੂੰ ਹਟਾਉਣ ਦੇ, ਹੋਰ ਵਧਾਉਣ ਦਾ ਕਾਰਨ ਬਣ ਜਾਂਦੀ ਹੈ। ਤਦ ਹੀ ਤਾਂ ਗੁਰੂ ਸਾਹਿਬ ਜੀ ਨੇ ਹੁਕਮ ਕੀਤਾ ਹੈ—

**ਖੇਤੁ ਪਛਾਣੈ ਬੀਜੈ ਦਾਨੁ॥ ਸੋ ਖਤ੍ਰੀ ਦਰਗਹ ਪਰਵਾਣੁ॥**

*(ਵਾਰਾਂ ਤੇ ਵਧੀਕ, ਪੰਨਾ-੧੪੧੧)*

(੧)

ਇੱਕ ਦਫਾ ਦਾ ਜ਼ਿਕਰ ਹਜ਼ੂਰ ਨਾਭੇ ਦੇ ਕੋਲ ਪਿੰਡ ਚੌਧਰੀ ਮਾਜਰੇ ਬਾਗ ਵਿੱਚ ਬੈਠੇ ਜੋਤ ਜਗਾ ਰਹੇ ਸਨ। ਇੱਕ ਪ੍ਰੇਮੀ ਹਜ਼ੂਰ ਦੇ ਚਰਨਾਂ ਵਿੱਚ ਬੈਠ ਕੇ ਨਿੱਤ ਕੋਈ ਗੁਰਬਾਣੀ ਵਿਚਾਰ ਦੀ ਪੋਥੀ ਪੜ੍ਹਿਆ ਕਰਦਾ ਸੀ, ਇੱਕ ਦਿਨ ਪ੍ਰਕਰਣ ਆਇਆ ਕਿ ਹਰ ਇਨਸਾਨ ਨੂੰ ਆਪਣੀ ਹੱਕ ਸੱਚ ਦੀ ਨੇਕ ਕਮਾਈ ਵਿੱਚੋਂ ਦਸਵਾਂ ਹਿੱਸਾ ਦਾਨ ਕਰਨਾ ਚਾਹੀਦਾ ਹੈ। ਹਜ਼ੂਰ ਪਵਿੱਤਰ ਮੁੱਖ ਤੋਂ ਬੋਲੇ, ਓ ਭਾਈ! ਅਸੀਂ ਨਿਰੰਜਨ ਸਿੰਘ ਤੋਂ ਕੁਰਾਨ ਸੁਣੀ ਹੈ ਸਾਰੀ, ਉਸ ਵਿੱਚ ਜ਼ਿਕਰ ਆਇਆ ਸੀ, ਮੁਹੰਮਦ ਸਾਹਿਬ ਦਾ ਕਿ ਜਿਹੜਾ ਮੋਮਨ ਆਪਣੀ ਨੇਕ ਕਿਰਤ ਵਿੱਚੋਂ ਚਾਲੀਵਾਂ ਹਿੱਸਾ ਖੁਦਾ ਦੇ ਲੇਖੇ ਲਾਵੇਗਾ, ਮੈਂ ਉਸਦੀ ਸਹਾਇਤਾ ਕਰਾਂਗਾ। ਪਰੰਤੂ ਆਪਣੇ ਗੁਰੂ ਘਰ ਵਿੱਚ ਤਾਂ ਦਸਵਾਂ ਹਿੱਸਾ ਗੁਰੂ ਲੇਖੇ ਲਾਉਣ ਦਾ ਹੁਕਮ ਹੈ। ਪ੍ਰੇਮੀ ਨੇ ਅਰਜ਼ ਕੀਤੀ, ਮਹਾਰਾਜ! ਜੇ ਕੋਈ ਦਸਵੇਂ ਹਿੱਸੇ ਤੋਂ ਜ਼ਿਆਦਾ ਰੱਬ ਲੇਖੇ ਖ਼ਰਚ ਕਰੇ? ਹਜ਼ੂਰ ਬੋਲੇ,

ਬਹੁਤ ਹੀ ਵਧੀਆ ਹੈ, ਰੱਬ ਦੀ ਵਸਤੂ ਰੱਬ ਨੂੰ ਮੋੜਨੀ ਹੋਰ ਇਸ ਤੋਂ ਵੱਧ ਕੀ ਦਿਆਨਤਦਾਰੀ ਹੋਵੇਗੀ? ਹਜ਼ੂਰ ਨੇ ਉਲਟਵਾਂ ਸਵਾਲ ਕੀਤਾ, ਭਲਾ ਦੇਵੇ ਕਿਸ ਨੂੰ? ਪ੍ਰੇਮੀ ਬੋਲਿਆ, ਮਹਾਰਾਜ! ਸਿੱਖਾਂ ਨੂੰ ਤਾਂ ਇਹੀ ਸੰਸਕਾਰ ਹੁੰਦੇ ਹਨ, ਗੁਰਦੁਆਰੇ ਤੇ ਖ਼ਰਚ ਕਰ ਦੇਣਾ, ਲੰਗਰ ਆਦਿ ਚਲਾ ਦੇਣਾ ਜਾਂ ਅਖੰਡ ਪਾਠ ਸਾਹਿਬ ਕਰਵਾ ਦੇਣਾ। ਹਜ਼ੂਰ ਬੋਲੇ ਹੈ ਤਾਂ ਇਹ ਵੀ ਬਹੁਤ ਵਧੀਆ, ਲੇਕਿਨ ਕਿਸੇ ਲੋੜਵੰਦ ਦੀ ਸਹਾਇਤਾ ਹੋ ਜਾਣੀ, ਹੋਰ ਵੀ ਸੋਨੇ ਤੇ ਸੁਹਾਗਾ ਹੈ। ਉਹ ਜੋ ਅਜਮਾਇਆ ਹੋਇਆ ਨੁਸਖਾ, ਹਜ਼ੂਰ ਨੇ ਪ੍ਰੇਮੀ ਨੂੰ ਦੱਸਿਆ, ਅੱਜ ਉਸ ਦੀ ਵਰਤੋਂ ਵਿਧੀ ਖੁਧ ਆਪਣੇ ਘਰ ਕਰਕੇ ਦਿਖਾ ਰਹੇ ਹਨ।

ਸਮਾਂ ਕੋਈ 1970 ਦੇ ਕਰੀਬ ਦਾ ਚੱਲ ਰਿਹਾ ਹੈ, ਅੱਜ ਆਪਣੀ ਮੌਜ ਵਿੱਚ ਅਮਰੀਕ ਚੰਦ ਚਾਵਲਾ ਨੂੰ ਨਾਲ ਲੈ ਕੇ ਰਿਸ਼ੀਕੇਸ਼ ਪਹੁੰਚ ਗਏ ਸ੍ਰੀ ਨਿਰਮਲ ਆਸ਼ਰਮ। ਦਰਬਾਰ ਸਾਹਿਬ ਵਿੱਚ ਨਮਸ਼ਕਾਰ ਕਰ ਉਪਰ ਆਪਣੇ ਚੌਬਾਰੇ ਵਿੱਚ ਜਾ ਬਿਰਾਜਮਾਨ ਹੋਏ। ਪਤਾ ਲੱਗਣ ਤੇ ਮਹੰਤ ਆਤਮਾ ਸਿੰਘ ਜੀ ਦੀ ਮਿਜ਼ਾਜ ਪੁਰਸ਼ੀ ਲਈ ਉਪਰ ਗਏ। ਦੋਨੋਂ ਮਹਾਂਪੁਰਸ਼ ਪ੍ਰਸਪਰ ਆਪਸ ਵਿੱਚ ਬਹੁਤ ਪ੍ਰੇਮ ਨਾਲ ਮਿਲੇ। ਦੋਨੋਂ ਤਰਫ ਤੋਂ ਖੇਮਕੁਸ਼ਲ ਪੁੱਛਣ ਉਪਰੰਤ ਮਹੰਤ ਆਤਮਾ ਸਿੰਘ ਜੀ ਨੇ ਡੇਰੇ ਦੇ ਪ੍ਰਬੰਧ ਬਾਰੇ ਦੱਸਿਆ, ਕਿ ਮਹਾਰਾਜ! ਛੇ ਲੱਖ ਰੁਪਏ ਬੈਂਕ ਵਿੱਚ ਜਮ੍ਹਾ ਕਰਵਾ ਦਿੱਤੇ ਹਨ ਇਨ੍ਹਾਂ ਦੇ ਸੂਦ ਨਾਲ ਆਸ਼ਰਮ ਦੇ ਖਰਚੇ ਚੱਲਦੇ ਰਹਿਣਗੇ। ਮਹੰਤਾਂ ਦੇ ਮੁੱਖ ਤੋਂ ਬੈਂਕ ਵਾਲੀ ਗੱਲ ਸੁਣਦਿਆਂ ਹੀ ਹਜ਼ੂਰ ਉਠ ਕੇ ਬੈਠ ਗਏ, ਸਖ਼ਤ ਲਹਿਜੇ ਵਿੱਚ ਬੋਲੇ, ਓ ਸੰਤਾ! ਤੂੰ ਬਹੁਤ ਮਾੜਾ ਕੰਮ ਕੀਤਾ। ਇਹ ਪੈਸਾ ਤੂੰ ਗਰੀਬਾਂ ਨੂੰ ਖਿਲਾਉਣਾ ਸੀ, ਤੈਂ ਰੱਖ ਦਿੱਤਾ ਬੈਂਕ ਵਿੱਚ, ਤੂੰ ਬਹੁਤ ਬੁਰਾ ਕੰਮ ਕੀਤਾ! ਆਪ ਜੀ ਦੇ ਚਿਹਰੇ ਤੇ ਦਮਾਂ ਮਾਰ ਰਿਹਾ ਜਲਾਲ ਦੇਖ ਕੇ ਮਹੰਤ ਜੀ ਬੋਲੇ, ਮਹਾਰਾਜ ਜਿਵੇਂ ਹੁਕਮ ਕਰੋਂ, ਖ਼ਰਚ ਕਰ ਦਿੰਦੇ ਹਾਂ। ਹਜ਼ੂਰ ਬੋਲੇ ਗੰਗਾ ਦਾ ਕਿਨਾਰੇ ਕਿੰਨੇ ਗਰੀਬ ਬੈਠੇ ਸਰਦੀ ਦੇ ਮਾਰੇ ਸਾਰੀ ਰਾਤ ਠੁਰ-ਠੁਰ ਕਰਕੇ ਗੁਜ਼ਾਰਦੇ ਹਨ, ਉਨ੍ਹਾਂ ਨੂੰ ਸਵੇਰੇ-ਸਵੇਰੇ ਗਰਮ ਚਾਹ ਦੇ ਨਾਲ ਗਰਮ ਪ੍ਰਸ਼ਾਦਾ ਮਿਲ ਜਾਵੇ, ਉਹ ਵਿਚਾਰੇ ਆਪਣੀ ਸਰਦੀ ਅਤੇ ਭੁੱਖ ਦੂਰ ਕਰਕੇ ਰੱਬ ਦੇ ਗੁਣ ਗਾਉਣ, ਅਤੇ ਤੇਰੇ ਕੋਲ ਰੱਬ ਦਾ ਭੇਜਿਆ ਪੈਸਾ, ਰੱਬ ਦੀ ਬੈਂਕ ਵਿੱਚ ਜਮ੍ਹਾਂ ਹੋ ਜਾਵੇ। ਇਹ ਸੰਸਾਰਕ ਬੈਂਕ ਵਿੱਚ ਪੈਸਾ ਜਮ੍ਹਾਂ ਕਰਾ ਕੇ ਤਾਂ ਤੁਸੀਂ ਅਮਾਨਤ ਵਿੱਚ ਖਿਆਨਤ ਕੀਤੀ ਹੈ, ਇਸ ਲਈ ਇਨ੍ਹਾਂ ਪੈਸਿਆਂ ਦਾ ਸਵੇਰ ਤੋਂ ਛੇਤਰ (ਲੰਗਰ) ਸ਼ੁਰੂ ਕਰ ਦਿਉ। ਮਹੰਤ ਆਤਮਾ ਸਿੰਘ ਜੀ ਨੇ ਸਹੀ ਸੇਧ ਮਿਲ ਗਈ ਜਾਣ ਕੇ ਸਵੇਰ ਦਾ ਛੇਤਰ ਗੁਰੂ ਦਾ ਲੰਗਰ ਸ਼ੁਰੂ ਕਰ ਦਿੱਤਾ ਜੋ ਮੌਜੂਦਾ ਸਮੇਂ ਵਿੱਚ ਹੀ ਨਿਰੰਤਰ ਚੜ੍ਹਦੀਆਂ ਕਲਾਂ ਵਿੱਚ ਚੱਲ ਰਿਹਾ ਹੈ।

(੨)

ਅਜਿਹੇ ਹੀ ਇੱਕ ਸਮੇਂ ਦਾ ਜ਼ਿਕਰ ਘੋਖ ਪਿੰਡ ਬਾਬਾ ਬੇਅੰਤ ਸਿੰਘ ਜੀ ਦੀ ਬਰਸੀ ਮਨਾਈ ਜਾ ਰਹੀ ਸੀ। ਸੰਗਤਾਂ ਦੂਰੋਂ ਨੇੜਿਉਂ ਉਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਪਹੁੰਚ ਰਹੀਆਂ ਸਨ, ਕਿਉਂਕਿ ਇਹ ਸਭ ਨੂੰ ਪਤਾ ਹੀ ਸੀ ਕਿ ਵਿਰੱਕਤ ਮਹਾਰਾਜ ਜੀ ਉਸ ਬਰਸੀ ਤੇ ਜ਼ਰੂਰ ਪਹੁੰਚਣਗੇ। ਇਸ ਲਈ ਆਪ ਜੀ ਦੇ ਦਰਸ਼ਨਾਂ ਦਾ ਬੇ-ਕੀਮਤਾ ਸਮਾਂ ਵੀ ਪ੍ਰੇਮੀ ਹੱਥੋਂ ਨਹੀਂ ਸਨ ਗਵਾਉਣਾ ਚਾਹੁੰਦੇ। ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਕਰਨਾਲ ਤੋਂ ਵੀ ਕਾਫੀ ਸੰਗਤਾਂ ਆਈਆਂ ਜਿਨ੍ਹਾਂ ਵਿੱਚ ਇੱਕ ਪ੍ਰੇਮੀ ਪਿਆਰਾ ਲਾਲ ਜੀ ਵੀ ਸਨ। ਪਿਆਰਾ ਲਾਲ ਨੇ ਆਪ ਜੀ ਦੇ ਚਰਨਾਂ ਵਿੱਚ ਅਰਜ਼ ਕੀਤੀ, ਮਹਾਰਾਜ! ਮੇਰੇ ਕੋਲ ਢਾਈ ਸੌ ਰੁਪਏ ਹਨ, ਜੋ ਮੈਂ ਅਤੇ ਕੁੱਝ ਸੰਗਤਾਂ ਨੇ ਬਰਸੀ ਦੇ ਲੰਗਰ ਵਿੱਚ ਹਿੱਸਾ ਪਾਉਣ ਲਈ ਇਕੱਠੇ ਕੀਤੇ ਹਨ, ਆਪ ਜੀ ਦਾ ਹੁਕਮ ਹੋਵੇ ਤਾਂ ਲੰਗਰ ਦੇ ਪ੍ਰਬੰਧਕਾਂ ਨੂੰ ਦੇ ਦੇਵਾਂ? ਹਜ਼ੂਰ ਨੇ ਹੁਕਮ ਕੀਤਾ, ਭਾਈ ਇਨ੍ਹਾਂ ਨੂੰ ਜੇਬ ਵਿੱਚ ਪਾ ਲੈ! ਪਿਆਰਾ ਲਾਲ ਜੀ ਨੇ ਹੁਕਮ ਮੰਨ ਕੇ ਪੈਸੇ ਤਾਂ ਜੇਬ ਵਿੱਚ ਪਾ ਲਏ, ਪਰੰਤੂ ਮਨ ਵਿੱਚ ਇੱਕ ਸੰਕਲਪ ਬਾਰ-ਬਾਰ ਉੱਠਦਾ ਰਿਹਾ, ਕਿ ਹਜ਼ੂਰ ਨੇ ਇਹ ਪੈਸੇ ਮੈਨੂੰ ਹੀ ਕਿਉਂ ਵਾਪਸ ਕਰ ਦਿੱਤੇ। ਖੈਰ ਬਰਸੀ ਸਮਾਪਤ ਹੋਈ, ਹਜ਼ੂਰ ਵੀ ਆਪਣੀ ਮੌਜ ਵਿੱਚ ਕਰਨਾਲ ਪਹੁੰਚ ਗਏ।

ਹੁਣ ਰੋਜ਼ ਕਿਸੇ-ਨਾ-ਕਿਸੇ ਘਰ ਅਖੰਡ ਪਾਠ ਸਾਹਿਬ ਦਾ ਭੋਗ ਪੈਂਦਾ ਹੈ, ਤਾਂ ਹਜ਼ੂਰ ਦੇ ਕਥਾ ਕਰਨ ਤੋਂ ਪਹਿਲਾਂ, ਜਦੋਂ ਦਰਵੇਸ਼ ਜੀ ਕੀਰਤਨ ਕਰਦੇ ਹਨ ਤਾਂ ਹਜ਼ੂਰ ਪਿਆਰਾ ਲਾਲ ਨੂੰ ਇਸ਼ਾਰਾ ਕਰ ਦਿੰਦੇ ਹਨ ਕਿ ਦਰਵੇਸ਼ ਨੂੰ ਪੰਜਾਹ ਰੁਪਏ ਕੀਰਤਨ ਭੇਟਾਂ ਕਰ ਦੇ। ਇਸੇ ਤਰ੍ਹਾਂ ਪੰਜ ਦਿਨ ਕਰਦੇ ਰਹੇ, ਪੰਜਵੇਂ ਦਿਨ ਪਿਆਰਾ ਲਾਲ ਨੂੰ ਪੁੱਛਿਆ, ਕਿੰਨੇ ਪੈਸੇ ਹਨ ਤੇਰੇ ਕੋਲ ਹੋਰ? ਪਿਆਰਾ ਲਾਲ ਨੇ ਦੱਸਿਆ, ਕਿ ਮਹਾਰਾਜ! ਢਾਈ ਸੋ ਰੁਪਏ ਹੀ ਸਨ ਜੋ ਅੱਜ ਸਮਾਪਤ

ਹੋ ਗਏ। ਹਜ਼ੂਰ ਬੋਲੇ, ਇਨ੍ਹਾਂ ਪਿੰਡਾਂ ਵਾਲਿਆਂ ਨੂੰ ਕੀਰਤਨ ਸੁਣਨ ਦਾ ਕੋਈ ਪ੍ਰੇਮ ਤਾਂ ਹੁੰਦਾ ਨਹੀਂ, ਲੇਕਿਨ ਇਹ ਗਰੀਬ ਨਿਸ਼ਕਾਮ ਸੇਵਾ ਕਰਦਾ ਹੈ ਹਰ ਪਾਠ ਤੇ, ਇਸ ਲਈ ਤੇਰੇ ਪੈਸੇ ਯੋਗ ਥਾਂ ਲੱਗ ਗਏ।

(੩)

ਇਨ੍ਹਾਂ ਹੀ ਦਿਨਾਂ ਵਿੱਚ ਕਿਸੇ ਸਮੇਂ ਦਾ ਜ਼ਿਕਰ ਹੈ ਜਦੋਂ ਮਾਤਾ ਭਾਵਾਂ ਰਾਣੀ ਪਿਆਰਾ ਲਾਲ ਦੀ ਮਾਤਾ ਆਪਣੇ ਚਾਰ ਬੱਚਿਆਂ ਸਮੇਤ ਕਿਰਾਏ ਤੇ ਕਿਸੇ ਛੋਟੇ ਮੋਟੇ ਮਕਾਨ ਵਿੱਚ ਗੁਜਾਰਨ ਕਰਦੀ ਸੀ। ਉਸ ਵਿਚਾਰੀ ਨੇ ਮਿਹਨਤ ਮਜ਼ਦੂਰੀ ਕਰਕੇ ਬੱਚਿਆਂ ਦਾ ਪੜ੍ਹਾਉਣ ਅਤੇ ਪਾਲਣ ਪੋਸ਼ਣ ਦਾ ਫਰਜ਼ ਪੂਰਾ ਕੀਤਾ। ਜਦੋਂ ਬੱਚੇ ਪੜ੍ਹ ਲਿਖ ਕੇ ਜਵਾਨ ਹੋਏ ਤਾਂ ਜਗਨਨਾਥ ਦੀ ਸ਼ਾਦੀ ਦੀ ਗੱਲ ਚੱਲੀ। ਹਜ਼ੂਰ ਨੇ ਹੁਕਮ ਕੀਤਾ, ਭਾਈ ਤੁਸੀਂ ਗਰੀਬ ਹੋਂ, ਤੁਹਾਡੇ ਵਰਗਾ ਹੀ ਗਰੀਬ ਪਰਿਵਾਰ ਹੈ ਸੰਤ ਕ੍ਰਿਸ਼ਨ ਜੀ ਦਾ ਭਰਾ, ਜੋ ਪਾਨੀਪਤ ਰਹਿੰਦਾ ਹੈ। ਸੰਤ ਕ੍ਰਿਸ਼ਨ ਜੀ ਨੇ ਸਾਡੇ ਨਾਲ ਇਸ ਵਿਸ਼ੇ ਤੇ ਗੱਲ ਕੀਤੀ ਹੈ, ਸੋ ਤੁਸੀਂ ਉਨ੍ਹਾਂ ਨਾਲ ਰਿਸ਼ਤਾ ਪੱਕਾ ਕਰ ਲਉ। ਆਪ ਦਾ ਹੁਕਮ ਕਿਸ ਨੇ ਮੋੜਨਾ ਸੀ? ਵਾਸਤਵ ਵਿੱਚ ਹਰ ਪੱਖ ਤੋਂ ਦੋਨਾਂ ਦਾ ਮੇਲ ਵੀ ਸੀ, ਇਸ ਲਈ ਅੰਨਿਆਂ ਤੈਨੂੰ ਦੋ ਨੈਣ ਵਾਲੀ ਗੱਲ ਹੋ ਗਈ। ਆਪ ਜੀ ਦੇ ਇਲਾਹੀ ਹੁਕਮ ਅਨੁਸਾਰ ਦੋਹਾਂ ਧਿਰਾਂ ਵੱਲੋਂ ਰਿਸ਼ਤਾ ਪੱਕਾ ਕਰਕੇ ਸ਼ਾਦੀ ਦੀ ਤਾਰੀਖ ਨੀਯਤ ਕਰ ਲਈ ਗਈ। ਹਜ਼ੂਰ ਨੇ ਪਿਆਰਾ ਲਾਲ ਨੂੰ ਹੁਕਮ ਕੀਤਾ, ਕਿ ਬਰਾਤ ਵਿੱਚ ਗਿਆਰਾਂ ਆਦਮੀਆਂ ਤੋਂ ਵੱਧ ਨਹੀਂ ਲੈ ਕੇ ਜਾਣੇ ਅਤੇ ਉੱਧਰ ਲੜਕੀ ਵਾਲਿਆਂ ਨੂੰ ਹੁਕਮ ਕੀਤਾ ਕਿ ਤੁਸੀਂ ਗੁਰੂ ਗ੍ਰੰਥ ਸਾਹਿਬ ਜੀ ਘਰ ਲੈ ਆਉਣਾ, ਰਾਗੀ ਅਸੀਂ ਲੈ ਕੇ ਆਵਾਂਗੇ। ਨੀਯਤ ਦਿਨ ਤੇ ਮਹਾਰਾਜ ਜੀ ਖੁਦ, ਬਰਾਤ ਅਤੇ ਰਾਗੀ ਦਰਵੇਜ਼ ਜੀ ਨੂੰ ਨਾਲ ਲੈ ਕੇ ਪਾਨੀਪਤ ਪਹੁੰਚ ਗਏ। ਉਥੇ ਜਾ ਕੇ ਪਤਾ ਲੱਗਿਆ ਕਿ ਬਰਾਤ ਵਿੱਚ ਬੰਦੇ ਬਜਾਏ ਗਿਆਰਾਂ ਦੇ ਤੇਰਾਂ ਆ ਗਏ ਹਨ। ਹਜ਼ੂਰ ਨੇ ਦੇਖਿਆ, ਕਿ ਬਰਾਤ ਵਿੱਚ ਦੋ ਲੜਕੇ ਚੱਲਦੇ-ਪੁਜਦੇ ਅਮੀਰ ਘਰਾਂ ਦੇ ਹਨ, ਉਨ੍ਹਾਂ ਨੂੰ ਕੋਲ ਬੁਲਾ ਕੇ ਹੁਕਮ ਕੀਤਾ, ਕਿ ਤੁਸੀਂ ਵਾਪਸ ਕਰਨਾਲ ਚਲੇ ਜਾਉ ਇਹ ਗਰੀਬਾਂ ਦੀ ਬਰਾਤ ਹੈ ਤੁਹਾਡੇ ਵਾਲੀ ਨਹੀਂ। ਲੜਕੇ ਬਚਨ ਮੰਨ ਕੇ ਬਗੈਰ ਕੋਈ ਚਾਹ-ਪਾਣੀ ਪੀਤਿਆਂ ਵਾਪਸ ਕਰਨਾਲ ਮੁੜ ਗਏ। ਇਤਨੇ ਨੂੰ ਅਨੰਦ ਕਾਰਜ ਦੀ ਤਿਆਰੀ ਹੋ ਗਈ, ਹੁਕਮ ਅਨੁਸਾਰ ਦਰਵੇਸ਼ ਜੀ ਨੇ ਕੀਰਤਨ ਦੁਆਰਾ ਲਾਵਾਂ ਦਾ ਪਾਠ ਪੜ੍ਹਿਆ, ਇਸ ਪ੍ਰਕਾਰ ਪੂਰਨ ਤੌਰ ਤੇ ਗੁਰ ਮਰਿਆਦਾ ਅਨੁਸਾਰ ਅਨੰਦ ਕਾਰਜ ਦੀ ਰਸਮ ਸੰਪੂਰਨ ਕਰਵਾ ਕੇ ਹਜ਼ੂਰ ਵਾਪਸ ਕਰਨਾਲ ਕੁਟੀਆ ਆ ਗਏ। ਇਹ ਸੀ ਆਪ ਜੀ ਦੀ ਗਰੀਬ ਨਿਵਾਜਤਾ।

(੪)

ਅਜਿਹਾ ਹੀ ਇੱਕ ਜ਼ਿਕਰ ਘੋਖ ਪਿੰਡ ਦਾ ਹੈ ਜਦੋਂ ਆਪ ਜੀ ਘੋਖ ਕੁਟੀਆ ਠਹਿਰੇ ਹੋਏ ਸਨ। ਆਪ ਜੀ ਬਹੁਤ ਵਾਰ ਕਥਾ ਵਿੱਚ ਜ਼ਿਕਰ ਕਰਦੇ ਸਨ, ਕਿ ਜਿਹੜਾ ਕਿਸਾਨ ਚਾਰ ਕਿੱਲਿਆਂ ਤੋਂ ਘੱਟ ਪੈਲੀ ਦਾ ਮਾਲਕ ਹੈ ਉਸ ਵਿਚਾਰੇ ਦਾ ਕੋਈ ਹਾਲ ਹੈ? ਉਸ ਦੇ ਬੱਚੇ ਨੰਗੇ ਫਿਰਦੇ ਹਨ, ਹਰ ਪ੍ਰਕਾਰ ਤੋਂ ਤੰਗੀ ਨਾਲ ਨਰਕ ਵਰਗਾ ਜੀਵਨ ਬਤੀਤ ਕਰ ਰਿਹਾ ਹੈ। ਵੱਡੇ ਕਿਸਾਨਾਂ ਨੂੰ ਹੁਕਮ ਕਰਦੇ, ਓਇ, ਤੁਹਾਡੀ ਵਡਿਆਈ ਹੈ ਛੋਟੇ ਕਿਸਾਨਾਂ ਦੀ ਮੱਦਦ ਕਰਨੀ, ਕਿਸੇ ਨੂੰ ਚਾਰ ਕਿੱਲੇ ਜ਼ਮੀਨ ਵਾਹੁਣ ਲਈ ਦੇ ਦਿਉ, ਕਿਸੇ ਨੂੰ ਕੋਈ ਹੋਰ ਸਹਾਇਤਾ ਕਰ ਦਿਉ, ਕਿਸੇ ਦੀ ਲੜਕੀ ਦੀ ਸ਼ਾਦੀ ਵਿੱਚ ਸਹਾਰਾ ਲਾ ਦਿਉ, ਫੇਰ ਤਾਂ ਤੁਹਾਡਾ ਵੱਡਾਪਣ ਹੈ ਚੰਗਾ, ਜੇ ਤੁਸੀਂ ਆਪਣੇ ਬਾਰੇ ਹੀ ਸੋਚਦੇ ਰਹੇ, ਫਿਰ ਕਾਹਦੇ ਵੱਡੇ ਹੋ?

ਇਨ੍ਹਾਂ ਦਿਨਾਂ ਵਿੱਚ ਹੀ ਘੋਖ ਨਗਰ ਦੇ ਇੱਕ ਗਰੀਬ ਕਿਸਾਨ ਦੀਆਂ ਦੋ ਲੜਕੀਆਂ ਦੀ ਸ਼ਾਦੀ ਆ ਗਈ, ਕਿਸਾਨ ਵਿਚਾਰਾ ਬਹੁਤ ਨੇਕ ਸੀ ਅਤੇ ਮਹਾਰਾਜ ਜੀ ਵੀ ਉਸ ਦੇ ਬਾਰੇ ਵਿੱਚ ਅੱਛੀ ਤਰ੍ਹਾਂ ਜਾਣਦੇ ਸਨ। ਆਪ ਜੀ ਨੇ ਪਿੰਡ ਦੇ ਰੱਜਦੇ-ਪੁਜਦੇ ਕਈ ਕਿਸਾਨਾਂ ਨੂੰ ਹੁਕਮ ਕੀਤਾ, ਕਿ ਤੁਸੀਂ ਉਸਦੀ ਪੈਸਾ ਅਤੇ ਦੁੱਧ ਆਦਿਕ ਜ਼ਰੂਰੀ ਵਸਤਾਂ ਨਾਲ ਸ਼ਾਦੀ ਵਿੱਚ ਹਰ ਪ੍ਰਕਾਰ ਦੀ ਮੱਦਦ ਕਰੋ ਅਤੇ ਸ਼ਾਦੀ ਵਾਲੇ ਦੋ ਦਿਨ ਉਸਦੇ ਘਰ ਰਹਿ ਕੇ ਸਾਰਾ ਕਾਰਜ ਕਰਵਾਉਣਾ, ਬਰਾਤ ਵਿਦਾ ਹੋਣ ਤੱਕ ਉਸ ਦੇ ਘਰੋਂ ਵਾਪਸ ਨਹੀਂ ਜਾਣਾ। ਪ੍ਰੇਮੀਆਂ ਨੇ ਹੁਕਮ ਮੰਨ ਕੇ ਐਸਾ ਹੀ ਕੀਤਾ। ਉਸ ਗਰੀਬ ਕਿਸਾਨ ਦੀਆਂ ਲੜਕੀਆਂ ਦੀ ਸ਼ਾਦੀ ਤਾਂ ਨੀਯਤ ਸਮੇਂ ਤੇ ਹੋ ਹੀ ਜਾਣੀ ਸੀ, ਲੇਕਿਨ ਹੁਣ ਉਸ ਨੂੰ ਪਰਿਵਾਰ ਸਮੇਤ ਖੁਸ਼ੀ ਦੀ ਹੱਦ ਨਾ ਰਹੀ।

(੫)

ਆਪਣਾ ਸੁੱਖ ਦੂਸਰਿਆਂ ਨੂੰ ਵਰਤਾ ਦੇਣਾ ਭਾਵੇਂ ਹਰ ਗਿਆਨਵਾਨ ਦਾ ਸੁਭਾਵ ਹੀ ਹੁੰਦਾ ਹੈ ਲੇਕਿਨ ਵਿਰੱਕਤ ਮਹਾਰਾਜ ਜੀਆਂ ਵਿੱਚ ਤਾਂ ਇਹ ਸੁਭਾ ਕੁੱਝ ਜ਼ਿਆਦਾ ਹੀ ਦੇਖਿਆ ਜਾਂਦਾ ਸੀ। ਜਿਵੇਂ ਅੱਗ ਤਾਂ ਘਾਸ ਫੂਸ ਵਿੱਚ ਵੀ ਹੁੰਦੀ ਹੈ ਲੇਕਿਨ ਕਿਸੇ ਮੋਟੀ ਲੱਕੜ ਦੀ ਅੱਗ ਵਿੱਚ ਦੂਸਰਿਆਂ ਦੇ ਕਾਰਜ ਕਰਨ ਦੀ ਸਮਰੱਥਾ ਜ਼ਿਆਦਾ ਹੁੰਦੀ ਹੈ, ਬੱਸ ਇਸੇ ਤਰ੍ਹਾਂ ਹੀ ਹਜ਼ੂਰ ਦੇ ਜੀਵਨ ਵਿੱਚ ਪਰਉਪਕਾਰ, ਗਰੀਬ ਪ੍ਰਵਰਤਾ ਅਤੇ ਦੂਸਰਿਆਂ ਨੂੰ ਸੁੱਖ ਦੇਣ ਦੀ ਸਮਰੱਥਾ ਬਹੁਤ ਜ਼ਿਆਦਾ ਸੀ। ਇੱਕ ਦਫਾ ਦਾ ਜ਼ਿਕਰ ਹਜ਼ੂਰ ਕਰਨਾਲ ਕੁਟੀਆ ਟਿੱਕੇ ਹੋਏ ਸਨ, ਸੰਗਤਾਂ ਵੀ ਦਰਸ਼ਨਾਂ ਹਿੱਤ ਦੂਰੋਂ ਨੇੜਿਉਂ ਆਉਂਦੀਆਂ ਰਹਿੰਦੀਆਂ ਸਨ। ਮਹੀਨੇ ਚੇਤਰ ਦਾ ਹੋਣ ਕਰਕੇ ਮੱਛਰ ਵੀ ਬਹੁਤ ਜ਼ਿਆਦਾ ਸੀ। ਇੱਕ ਦਿਨ ਦਾ ਜ਼ਿਕਰ ਦੋ ਪ੍ਰੇਮੀ ਹਜ਼ੂਰ ਦੇ ਦਰਸ਼ਨਾਂ ਹਿੱਤ ਕਰਨਾਲ ਪਹੁੰਚੇ। ਜਦੋਂ ਰਾਤ ਹੋਈ ਤਾਂ ਹਜ਼ੂਰ ਆਪਣੇ ਚੁਬਾਰੇ ਵਿੱਚ ਮੱਛਰਦਾਨੀ ਲਾ ਕੇ ਅਰਾਮ ਕਰ ਰਹੇ ਸਨ। ਉਹ ਦੋ ਪ੍ਰੇਮੀ ਅਤੇ ਗੁਰਨਾਮ ਸਿੰਘ ਚੁਬਾਰੇ ਦੇ ਬਾਹਰ ਛੱਤ ਤੇ ਪੈ ਗਏ। ਮੱਛਰ ਤਾਂ ਆਪਣਾ ਕੰਮ ਕਰ ਹੀ ਰਿਹਾ ਸੀ ਯਾਨੀ ਬਾਰ-ਬਾਰ ਮਲੇਰੀਏ ਦੇ ਟੀਕੇ ਲਾ ਰਿਹਾ ਸੀ, ਪਰੰਤੂ ਫਿਰ ਵੀ ਵਾਤਾਵਰਣ ਬਹੁਤ ਸ਼ਾਂਤ ਸੀ। ਕਿਉਂਕਿ ਇਕਾਂਤ ਜਗ੍ਹਾਂ, ਹਜ਼ੂਰ ਦੇ ਚਰਨਾਂ ਦਾ ਪਿਆਰ ਭਰਿਆ ਨਿੱਘ, ਹੋਰ ਜੀਵ ਨੂੰ ਕੀ ਚਾਹੀਏ ਸੰਸਾਰ ਸਮੁੰਦਰ ਦੀ ਤਪਸ਼ ਵਿੱਚੋਂ ਬਚਣ ਲਈ? ਅਚਾਨਕ ਰਾਤ ਦੇ ਗਿਆਰਾਂ ਕੁ ਵਜੇ, ਮਹਾਰਾਜ ਜੀ ਨੇ ਚੁਬਾਰੇ ਤੋਂ ਬਾਹਰ ਆ ਕੇ ਹੁਕਮ ਕੀਤਾ, ਗੁਰਨਾਮ ਸਿਹਾਂ ਇਨ੍ਹਾਂ ਦੇ ਮੱਛਰ ਲੜ ਰਿਹਾ ਹੋਵੇਗਾ, ਤੂੰ ਐਸਾ ਕਰ ਸਾਡੀ ਮੱਛਰਦਾਨੀ ਉਤਾਰ ਕੇ ਇਨ੍ਹਾਂ ਉੱਪਰ ਲਾ ਦੇ। ਦੇਖੋ! ਅਰਸ਼ਾਂ ਕੁਰਸ਼ਾਂ ਦਾ ਮਾਲਕ ਇਨ੍ਹਾਂ ਦੇ ਗਰੀਬ ਪ੍ਰੇਮੀਆਂ ਤੇ ਸੁੱਖਾਂ ਦਾ ਮੀਂਹ ਵਰਸਾ ਰਿਹਾ ਹੈ, ਯਾਨੀ ਆਪਣਾ ਸੁੱਖ ਵੀ ਇਨ੍ਹਾਂ ਤੋਂ ਵਾਰ ਰਿਹਾ ਹੈ। ਬਾਹਰ ਆਦਮ-ਬੋ, ਆਦਮ ਬੋ ਕਰਦੇ ਫਿਰ ਰਹੇ ਮੱਛਰ ਅੱਗੇ ਆਪਣਾ ਸਰੀਰ ਭੇਟਾ ਕਰ ਰਿਹਾ ਹੈ, ਲੇਕਿਨ ਚਾਹੁੰਦਾ ਹੈ ਇਹ ਪ੍ਰੇਮੀ ਰਾਤ ਰੂਪੀ ਜ਼ਿੰਦਗੀ ਆਰਾਮ ਨਾਲ ਬਸਰ ਕਰ ਲੈਣ। ਖੈਰ ਪ੍ਰੇਮੀਆਂ ਨੇ ਹੱਥ ਜੋੜ ਕੇ ਅਰਜ਼ ਕੀਤੀ, ਮਹਾਰਾਜ ਅਸੀਂ ਤਾਂ ਆਪ ਦੇ ਚਰਨਾਂ ਰੂਪੀ ਕਿਲ੍ਹੇ ਵਿੱਚ ਇੱਕ ਮੱਛਰ ਕੀ ਹਰ ਪ੍ਰਕਾਰ ਦੇ ਸ਼ੱਤਰੂਆਂ ਤੋਂ ਸੁਰੱਖਿਆ ਸਹਿਤ ਬਹੁਤ ਅਨੰਦ ਨਾਲ ਰਾਤ ਰੂਪੀ ਜ਼ਿੰਦਗੀ ਗੁਜ਼ਾਰ ਰਹੇ ਹਾਂ, ਆਪ ਮਿਹਰ ਕਰੋ, ਮੱਛਰਦਾਨੀ ਵਿੱਚ ਸਜ ਕੇ ਆਰਾਮ ਕਰੋ! ਭਾਵੇਂ ਆਪ ਆਰਾਮ ਅਤੇ ਕਸ਼ਟ ਆਦਿਕ ਹਰ ਪ੍ਰਕਾਰ ਦੇ ਦੁਵੰਧਾਂ ਤੋਂ ਅਤੀਤ ਹੋ, ਲੇਕਿਨ ਫਿਰ ਵੀ ਸਰੀਰ ਦ੍ਰਿਸ਼ਟੀ ਕਰਕੇ ਐਸਾ ਕਹਿਣਾ ਪੈਂਦਾ ਹੈ।

(੬)

ਇੱਕ ਸਮੇਂ ਆਪ ਕਰਨਾਲ ਕੁਟੀਆ ਠਹਿਰੇ ਹੋਏ ਸਨ, ਕਾਰ ਉਹੀ ਜੋ ਧੁਰੋਂ ਨਾਲ ਲੈ ਕੇ ਆਏ ਸਨ ਜਗਤ ਉਧਾਰ ਦੀ ਸਹਿਜ ਸੁਭਾ ਹੋ ਰਹੀ ਸੀ। ਮਹੀਨਾ ਜੇਠ ਦਾ ਹੋਣ ਕਰਕੇ ਗਰਮੀ ਪੂਰੇ ਜ਼ੋਰ ਨਾਲ ਪੈ ਰਹੀ ਸੀ। ਅਨੇਕਾਂ ਪ੍ਰੇਮੀ ਸੰਸਾਰ ਰੂਪੀ ਤਪਤ ਦੇ ਵਿਸ਼ਿਆਂ ਰੂਪੀ ਜ਼ਹਿਰ ਤੋਂ ਬਚਨ ਲਈ ਆਪ ਦੇ ਚੰਦਨ ਦੀ ਨਿਆਈਂ ਸ਼ੀਤਲ ਚਰਨਾਂ ਨਾਲ ਇਉਂ ਲਿਪਟੇ ਰਹਿੰਦੇ ਹਨ, ਜਿਵੇਂ ਜੇਠ ਹਾੜ ਦੇ ਮਹੀਨੇ ਬਾਹਰਲੀ ਤਪਸ਼ ਅਤੇ ਅੰਦਰਲੀ ਜ਼ਹਿਰ ਦੇ ਸਤਾਏ ਸੱਪ ਬਾਵਨ ਚੰਦਨ ਨਾਲ ਜਾ ਲਿਪਟਦੇ ਹਨ। ਸਹਿਜੇ-ਸਹਿਜੇ ਜੇਠ ਹਾੜ ਦੇ ਮਹੀਨੇ ਗੁਜ਼ਰ ਗਏ, ਜ਼ੋਰਦਾਰ ਗਰਮੀ ਅਤੇ ਤਪਸ਼ ਆਦਿਕ ਉਨ੍ਹਾਂ ਦਾ ਪਰਿਵਾਰ ਵੀ ਬੋਰੀਆਂ, ਬਿਸਤਰਾ ਬੰਨ੍ਹ ਕੇ ਨਾਲ ਹੀ ਤੁਰ ਗਿਆ। ਹੁਣ ਉਹ ਰੁੱਤ ਆ ਗਈ, ਜਿਸ ਦੀ ਬਾਬਤ ਸ੍ਰੀ ਗੁਰੂ ਨਾਨਕ ਦੇਵ ਜੀ ਇਸ਼ਾਰਾ ਕਰ ਰਹੇ ਹਨ—

**ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥**
**ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥**
**ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ॥**
**ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ॥**
**ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ॥**
**ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ॥**

*(ਤੁਖਾਰੀ ਬਾਰਹ ਮਾਹਾ, ਪੰਨਾ-੧੧੦੮)*

ਐਸੀ ਰੁੱਤ ਆ ਗਈ। ਅਰਸ਼ੀ ਪ੍ਰੀਤਮ ਦੀ ਆਪਣੀ ਇਲਾਹੀ ਮੌਜ ਵਿੱਚ ਕਿਸੇ ਪ੍ਰੇਮੀ ਦਾ ਤਪਦਾ ਹਿਰਦਾ ਸ਼ਾਂਤ ਕਰਨ ਲਈ ਕਿਸੇ ਹੋਰ ਟਿਕਾਣੇ ਨੂੰ ਚਾਲੇ ਪਾਉਣ ਦੀ ਰੰਮਜ਼ ਸਮਝ ਕੇ ਸੰਤ ਕ੍ਰਿਸ਼ਨ ਜੀ ਨੇ ਅਰਜ਼ ਕੀਤੀ, ਮਹਾਰਾਜ!

ਸੌਣ ਭਾਦੋਂ ਦਾ ਮਹੀਨਾ ਚੱਲ ਰਿਹਾ ਹੈ, ਮੌਸਮ ਕੱਚਾ ਹੈ, ਜਗ੍ਹਾਂ-ਜਗ੍ਹਾਂ ਸੱਪ ਭੂਤਰੇ ਫਿਰ ਰਹੇ ਹਨ, ਫਿਰ ਪੰਜਾਬ ਵਿੱਚ ਕੋਈ ਐਸੀ ਕੁਟੀਆ ਵੀ ਨਹੀਂ ਹੈ ਜਿਸ ਵਿੱਚ ਇਹ ਦੋ ਮਹੀਨੇ ਸੁੱਖ ਨਾਲ ਗੁਜ਼ਾਰੇ ਜਾਣ, ਪਰੰਤੂ ਇਸ ਕੁਟੀਆ ਵਿੱਚ ਸਾਰੀਆਂ ਸਹੂਲਤਾਂ ਹਨ, ਇਸ ਲਈ ਆਪ ਕ੍ਰਿਪਾ ਕਰੋ, ਇਹ ਸਾਉਣ-ਭਾਦੋਂ ਦੇ ਦੋ ਮਹੀਨੇ ਇੱਥੇ ਹੀ ਗੁਜ਼ਾਰ ਲਉ। ਅਰਸ਼ੀ ਦਾਤੇ ਦੇ ਸੁਣਦਿਆਂ ਸਾਰ ਹੀ ਚਿਹਰੇ ਤੇ ਤੇਜ਼, ਨੇਤਰਾਂ ਵਿੱਚ ਹਜ਼ਾਰਾਂ ਸੂਰਜਾਂ ਵਰਗਾ ਜਲਾਲ ਆਭਾ ਮਾਰ ਉਠਿਆ। ਇਲਾਹੀ ਨਾਦ ਹੋਇਆ, ਸੰਤ ਜੀ! ਨੌਕਰੀ ਕੀ, ਤੇ ਸੁੱਖ ਆਰਾਮ ਕੀ? ਮਹਿਲਾਂ ਦੇ ਸੁੱਖ ਕੀ, ਕੀ ਫਕੀਰੀ ਕੀ? ਕੁਟੀਆ ਤੋਂ ਬਾਹਰ ਔਹ ਸੜਕ ਤੇ ਪੈਰ ਰੱਖਦਿਆਂ ਹੀ ਜੇ ਕੁਟੀਆ ਦੇ ਸੁੱਖ ਯਾਦ ਰਹਿ ਗਏ, ਤਾਂ ਤਿਆਗ ਕੀ, ਤੇ ਫਕੀਰੀ ਦੀ ਸੱਚੀ ਬਾਦਸ਼ਾਹੀ ਕਿੱਥੇ? ਰੱਬ ਦੇ ਆਸ਼ਕ ਦਾ ਡੇਰਾ ਇਨ੍ਹਾਂ ਸੰਸਾਰਕ ਅਤੇ ਸਰੀਰਕ ਸੁੱਖਾਂ-ਦੁੱਖਾਂ ਤੋਂ ਬਹੁਤ ਉਪਰ ਆਪਣੇ ਨਿੱਜ ਦੇਸ਼ ਵਿੱਚ ਹੁੰਦਾ ਹੈ। ਬੱਸ! ਇਹ ਕਹਿੰਦੇ ਹੀ ਆਪ ਦੇ ਕਮਲਾਂ ਵਰਗੇ ਨੈਣ ਬੰਦ ਹੋ ਗਏ, ਹੱਥ ਜੁੜ ਗਏ, ਪਵਿੱਤਰ ਗਲੇ ਵਿੱਚੋਂ ਇਲਾਹੀ ਨਾਦ ਹੋਇਆ।

ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ॥
ਤੁਧੁ ਬਿਨ ਰੋਗ ਰਜਾਈਆਂ ਦੇ ਓਢਣ ਨਾਗ ਨਿਵਾਸਾਂ ਦੇ ਰਹਿਣਾ॥
ਸੂਲ ਸੁਰਾਹੀ ਖੰਜਰ ਪਿਆਲਾ ਬਿੰਗ ਕਸਾਈਆਂ ਦੇ ਸਹਿਣਾ॥
ਯਾਰੜੇ ਦਾ ਸਾਨੂੰ ਸਥਰ ਚੰਗਾ ਭਠ ਖੇੜਿਆ ਦਾ ਰਹਿਣਾ॥

ਬੱਸ ਮਾਹੀ ਦੀ ਸੱਦ ਸੰਪੂਰਨ ਹੋਣ ਦੀ ਦੇਰ ਸੀ, ਹੱਥ ਵਿੱਚ ਚਿੱਪੀ ਖੂੰਡਾ ਚੁੱਕ ਕੇ ਚਲ ਪਏ, ਕਿਸੇ ਅਣ-ਦੱਸੇ ਟਿਕਾਣੇ ਨੂੰ। ਆਪਣੇ ਸਾਰੇ ਸੁੱਖਾਂ ਨੂੰ ਤਿਆਗ ਕੇ, ਕੁਟੀਆ ਦੀਆਂ ਸਹੂਲਤਾਂ ਅਤੇ ਕਰੋੜਾਂਪਤੀ ਸੇਠਾਂ ਵੱਲੋਂ ਭੇਟਾਂ ਕੀਤੇ ਪਦਾਰਥਾਂ ਦੇ ਢੇਰਾਂ ਤੋਂ ਬੇਪ੍ਰਵਾਹ ਹੋ ਕੇ ਚੱਲ ਪਏ ਕਿਸੇ ਇਲਾਹੀ ਹੁਕਮ ਵਿੱਚ। ਆਪਣੇ ਸੁੱਖਾਂ ਲਈ ਪਿਆਰੇ ਦੇ ਹੁਕਮ ਵਿੱਚ ਦਖ਼ਲ ਨਹੀਂ ਦਿੱਤਾ। ਸਗੋਂ ਖਿੜੇ ਮੱਥੇ ਮਾਲਕ ਦਾ ਹੁਕਮ ਮੰਨ ਕੇ ਮਹਿਲ ਮਾੜੀਆਂ ਅਤੇ ਮਖਮਲੀ ਸੇਜਾਂ ਦੇ ਸੁੱਖ ਤਿਆਗ ਕੇ ਜਾ ਭੂਮ ਆਸਣ ਲਾਇਆ ਕਿਸੇ ਕੱਚੀ ਛੰਨ੍ਹ ਵਿੱਚ। ਆਪਣੇ ਸੁੱਖਾਂ ਲਈ ਰੱਬੀ ਰਜ਼ਾ ਵਿੱਚ ਦਖ਼ਲ ਨਹੀਂ ਦਿੱਤਾ, ਲੇਕਿਨ ਉਧਰ ਹੁਣ ਜ਼ਰਾ ਝਾਤੀ ਮਾਰੋ ਆਪਣੇ ਗਰੀਬ ਨਿਵਾਜ਼ ਦਿਆਲੂ ਸੁਭਾਵ ਅਨੁਸਾਰ ਕਿਸੇ ਗਰੀਬ ਦੇ ਸੁੱਖਾਂ ਦਾ ਨੁਕਸਾਨ ਹੁੰਦਾ ਦੇਖ ਕੇ ਸਹਿਣ ਨਾ ਕਰਦੇ ਹੋਏ, ਖ਼ੁਦਾ ਦੀ ਮੌਜ ਵਿੱਚ ਦਖ਼ਲ ਵੀ ਦੇ ਰਹੇ ਹਨ।

ਹੋਇਆ ਇੰਜ, ਕਿ ਪਿੰਡ ਉੱਚੀ ਦੌਦ ਟਿੱਬੇ ਤੇ ਦਲੀਪ ਸਿੰਘ ਕੋਲ ਟਿਕੇ ਹੋਏ ਹਨ। ਫਸਲਾਂ ਪੱਕ ਕੇ ਕੱਟਣ ਦੇ ਨਜ਼ਦੀਕ ਪਹੁੰਚੀਆਂ ਹੋਈਆਂ ਹਨ, ਲੇਕਿਨ ਤੇਜ਼ ਬਾਰਸ਼ ਨਾਲ ਗੜੇ ਪੈਣੇ ਸ਼ੁਰੂ ਹੋ ਗਏ। ਜਦੋਂ ਦੇਖਿਆ ਗੜੇ ਵੱਧਦੇ ਜਾ ਰਹੇ ਹਨ, ਤਾਂ ਆਪ ਤੋਂ ਗਰੀਬ ਕਿਸਾਨਾਂ ਦਾ ਦੁੱਖ ਸਹਿਣ ਨਾ ਹੋਇਆ। ਦਲੀਪ ਸਿੰਘ ਨੂੰ ਬੋਲੇ, ਓ ਭਾਈ! ਪਹਿਲਾਂ ਪਿੰਡਾਂ ਵਿੱਚ ਮਾਈਆਂ ਮੀਂਹ ਗੜੇ ਬੰਦ ਕਰਵਾਉਣ ਲਈ, ਤਵਾ ਸੁਟਿਆ ਕਰਦੀਆਂ ਸਨ ਜ਼ਰਾ ਉਹ ਸੁੱਟ ਕੇ ਦੇਖ! ਦਲੀਪ ਸਿੰਘ ਨੇ ਤਵਾ ਸੁੱਟਿਆ, ਲੇਕਿਨ ਗੜੇ ਬੰਦ ਨਾ ਹੋਏ। ਫਿਰ ਹਜ਼ੂਰ ਨੇ ਆਖਿਆ, ਦਲੀਪ ਸਿੰਘ ਸੰਖ ਵਜਾ! ਮਹਾਰਾਜ ਸੰਖ ਇੱਥੇ ਤਾਂ ਹੈ ਨਹੀਂ, ਪਿੰਡ ਪੰਡਿਤਾਂ ਦੇ ਘਰ ਹੈ, ਇਤਨੇ ਗੜਿਆਂ ਵਿੱਚ ਪਿੰਡ ਜਾਣਾ ਮੁਸ਼ਕਲ ਹੈ। ਇਤਨੇ ਨੂੰ ਗੜੇ ਬਹੁਤ ਤੇਜ਼ੀ ਨਾਲ ਵਰਸਣ ਲੱਗੇ, ਉਸ ਸਮੇਂ ਹਜ਼ੂਰ ਮੰਜੇ ਤੇ ਬੈਠੇ ਸਨ ਅਤੇ ਬਾਹਰ ਹਨੇਰਾ ਸੀ, ਸ਼ਾਇਦ ਹਜ਼ੂਰ ਨੂੰ ਹੁਣ ਕੁੱਝ ਇਉਂ ਅਨੁਭਵ ਹੋਇਆ ਕਿ ਹੋਰ ਗੁੰਜਾਇਸ਼ ਨਹੀਂ ਦੇਰੀ ਕਰਨ ਦੀ, ਕਿਉਂਕਿ ਹੁਣ ਤਾਂ ਸਕਿੰਟਾਂ ਦੀ ਦੇਰੀ ਹੀ ਗਰੀਬ ਮਾਰ ਕਰਕੇ ਰੱਖ ਦੇਵੇਗੀ। ਬੜੀ ਜਲਦੀ ਨਾਲ ਆਪਣੀ ਮੌਜ ਵਿੱਚ ਮੰਜੇ ਤੋਂ ਉਠ ਕੇ ਹੱਥ ਵਿੱਚ ਖੂੰਡਾ ਲੈ, ਦਰਵਾਜ਼ੇ ਵਿੱਚ ਆ ਖਲੋਤੇ, ਹੁਕਮ ਕੀਤਾ, ਦਲੀਪ ਹੁਣ ਦੇਖ ਬਾਹਰ! ਦਲੀਪ ਸਿੰਘ ਬਾਹਰ ਨਿਕਲਿਆ, ਗੜੇ ਅਤੇ ਮੀਂਹ ਬਿਲਕੁੱਲ ਬੰਦ ਹੋ ਚੁੱਕਿਆ ਸੀ। ਮਹਾਰਾਜ ਵਾਪਸ ਮੰਜੇ ਤੇ ਜਾ ਕੇ ਕੱਪੜੇ ਨਾਲ ਮੂੰਹ ਢੱਕ ਕੇ ਪੈ ਗਏ, ਪੂਰੀ ਰਾਤ ਕਿਸੇ ਨਾਲ ਗੱਲ ਨਹੀਂ ਕੀਤੀ, ਦੂਸਰੇ ਦਿਨ ਭਾਈ ਨਿਰਮਲ ਸਿੰਘ ਉੱਚੀ ਦੌਦ ਵਾਲੇ ਦੇ ਘਰ ਅਖੰਡ ਪਾਠ ਦੇ ਭੋਗ ਤੇ ਹਜ਼ੂਰ ਨੇ ਕਥਾ ਕਰਦਿਆਂ ਬਚਨ ਕੀਤਾ, ਕਿ ਸੰਤ ਨੂੰ ਵਹਿੰਦੇ ਦਰਿਆ ਦੀ ਤਰ੍ਹਾਂ ਰੰਮਤਾ ਰਹਿਣਾ ਚਾਹੀਦਾ ਹੈ, ਬਜਾਏ ਜ਼ਿਆਦਾ ਦੇਰ ਇੱਕ ਥਾਂ ਰਹਿਣ ਦੇ ਕਿਉਂਕਿ ਜ਼ਿਆਦਾ ਦੇਰ ਇੱਕ ਥਾਂ ਰਹਿਣ ਨਾਲ ਕੋਲ ਰਹਿਣ ਵਾਲੇ ਸੇਵਾਦਾਰਾਂ ਦੀ ਲਿਹਾਜ ਵਿੱਚ ਆ ਕੇ ਕਦੇ ਰੱਬ ਦੀ ਰਜ਼ਾ ਵਿੱਚ ਦਖਲ ਦੇਣਾ ਪੈ ਜਾਂਦਾ ਹੈ। ਇਹ ਸੀ ਆਪ ਜੀ ਦੀ ਗਰੀਬ ਨਿਵਾਜਤਾ।

(੭)

ਆਪ ਜੀਆਂ ਦੇ ਪਵਿੱਤਰ ਸਰੀਰ ਦੇ ਪ੍ਰਾਰਬਧ ਵਿੱਚ ਕਰਤਾ ਪੁਰਖ ਨੇ ਪਰਉਪਕਾਰ ਇਤਨਾ ਲਿਖਿਆ ਸੀ ਕਿ ਗਰਮੀ ਹੋਵੇ, ਭਾਵੇਂ ਸਰਦੀ ਬਰਸਾਤ ਹੋਵੇ ਭਾਵੇਂ ਖੁਸ਼ਕ, ਦਿਨ ਹੋਵੇ ਭਾਵੇਂ ਰਾਤ, ਗੱਲ ਕੀ ਹਰ ਪਲ, ਹਰ ਛਿਨ ਜੀਵਾਂ ਦੀ ਭਲੇ ਦੀ ਕਾਰ ਹਮੇਸ਼ਾਂ ਹੁੰਦੀ ਹੀ ਰਹਿੰਦੀ ਸੀ। ਇਹ ਮਹਾਨ ਪਰਉਪਕਾਰ ਦਾ ਵਰਤਾਰਾ ਭਾਵੇਂ ਵਰਤਾ ਤਾਂ ਅਨੇਕਾਂ ਤਰੀਕਿਆਂ ਰਾਹੀਂ ਰਹੇ ਸਨ, ਲੇਕਿਨ ਮੁੱਖ ਮਾਧਿਅਮ ਸੀ ਲੋਕਾਂ ਦੇ ਘਰੀਂ ਅਖੰਡ ਪਾਠ ਸਾਹਿਬ ਕਰਵਾ ਕੇ ਮੁੱਖ-ਵਾਕ ਦੀ ਵਿਸਥਾਰ ਪੂਰਵਕ ਨਿਰੋਲ ਰੂਹਾਨੀਅਤ ਦਾ ਮੀਂਹ ਵਰਸਾ ਕੇ ਅੰਮ੍ਰਿਤ ਮਈ ਕਥਾ ਕਰਨੀ। ਪ੍ਰੇਮੀ ਤਰੀਕਾਂ ਲੈ ਕੇ ਘਰਾਂ ਵਿੱਚ ਅਜਿਹੇ ਸਮਾਗਮ ਰਚਦੇ, ਉਪਰੰਤ ਗੁਰੂ ਕੇ ਲੰਗਰਾਂ ਦੇ ਖੁੱਲ੍ਹੇ ਭੰਡਾਰੇ ਵਰਤਾਉਂਦੇ। ਰੱਜਦੇ-ਪੁੱਜਦੇ ਘਰਾਂ ਦੇ ਪ੍ਰੇਮੀ ਤਾਂ ਐਸਾ ਕਰ ਸਕਦੇ ਸਨ, ਕਰੀਂ ਜਾ ਵੀ ਰਹੇ ਸਨ, ਪਰੰਤੂ ਵਿਚਾਰੇ ਗਰੀਬ ਲਈ ਤਾਂ ਅਜਿਹਾ ਸਮਾਗਮ ਰਚਨਾ ਅਸੰਭਵ ਹੈ। ਘਰ ਛੋਟੇ, ਪੈਸੇ ਦੀ ਤੰਗੀ, ਹੋਰ ਹਰ ਪ੍ਰਕਾਰ ਦੇ ਸਾਧਨ ਜੁਟਾਉਣ ਤੋਂ ਅਸਮਰਥ, ਪਰ ਮਨ ਵਿੱਚ ਜ਼ਬਰਦਸਤ ਸਿੱਕ ਹੈ ਕਿ ਸਾਡੇ ਘਰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰੱਬੀ ਅਵਤਾਰ ਆਉਣ, ਹਜ਼ੂਰ ਦੇ ਮੁਬਾਰਕ ਚਰਨ ਪੈਣ, ਗੁਰੂ ਕੀ ਪਿਆਰੀ ਸੰਗਤ ਬੈਠ ਕੇ ਪ੍ਰਸ਼ਾਦ ਛਕੇ, ਅਸੀਂ ਵੀ ਧੰਨ ਭਾਗ ਸਮਝੀਏ। ਇਨ੍ਹਾਂ ਵਿਚਾਰਿਆਂ ਦੇ ਅੰਦਰ ਉਠ ਰਹੇ ਅਜਿਹੇ ਪ੍ਰੇਮ ਦੇ ਤਰੰਗ, ਕੀਹ ਕਰਤਾਰ ਜਾਣਦਾ ਨਹੀਂ ਹੈ? ਕੀਹ ਇਨ੍ਹਾਂ ਉੱਠ ਰਹੇ ਪ੍ਰੇਮ ਦੇ ਭਿੱਜੇ ਸ਼ੁਭ ਸੰਕਲਪਾਂ ਨੂੰ ਪੂਰਾ ਨਹੀਂ ਕਰੇਗਾ? ਕੀਹ ਇਹ ਵਿਚਾਰੇ ਧਨਵਾਨ ਲੋਕਾਂ ਵੱਲ ਦੇਖ-ਦੇਖ ਕੇ ਇਵੇਂ ਹੀ ਝੂਰਦੇ ਰਹਿਣਗੇ ਆਪਣੇ ਕਰਮਾਂ ਨੂੰ? ਕੀ ਇਨ੍ਹਾਂ ਦੀ ਦੂਸਰੇ ਲੋਕਾਂ ਵਾਂਗ ਗੁਰੂ ਸਾਹਿਬ ਨੂੰ ਘਰ ਲਿਆਉਣ ਦੀ ਸਿੱਕ ਕਦੇ ਵੀ ਪੂਰੀ ਨਹੀਂ ਹੋਵੇਗੀ? ਜ਼ਰੂਰ ਹੋਵੇਗੀ, ਛਿਨ ਤੋਂ ਵੀ ਪਹਿਲਾਂ ਪੂਰੀ ਹੋਵੇਗੀ, ਕਰਤਾਰ ਚਾਹੇ ਤਾਂ ਸਾਰੇ ਢੁਕਾਉ ਪਲਾਂ ਵਿੱਚ ਖੁੱਦ ਹੀ ਢੁਕਾ ਲਵੇਗਾ, ਬਸ਼ਰਤੇ ਇਨ੍ਹਾਂ ਦਾ ਹਿਰਦਾ ਸ਼ਰਧਾ ਪ੍ਰੇਮ ਨਾਲ ਭਿੱਜ ਜਾਵੇ, ਹਜ਼ੂਰ ਦੀ ਮੁਬਾਰਕ ਚਰਨ ਧੂੜੀ ਲਈ ਤੜਪ ਉਠੇ, ਬਸ ਹੋਰ ਕੁੱਝ ਨਹੀਂ ਕਰਨਾ। ਕਰਨੇ-ਧਰਨੇ ਸਭ ਸੰਪੂਰਨ ਹੋ ਗਏ। ਹੁਣ ਤਾਰੀਖ ਨਹੀਂ ਮੰਗਣੀ, ਕੋਈ ਤਿਆਰੀ ਨਹੀਂ ਕਰਨੀ, ਕਿਸੇ ਨੂੰ ਘਰ ਸੱਦਣ ਦੇ ਸੰਦੇਸ਼ੇ ਨਹੀਂ ਦੇਣੇ, ਕੋਈ ਹਲਵਾਈ ਨਹੀਂ ਬੁਲਾਉਣੇ, ਕੋਈ ਪਕਵਾਨ ਨਹੀਂ ਪਕਵਾਉਣੇ, ਕੋਈ ਬਰਤਨ ਆਦਿ ਦਾ ਇੰਤਜ਼ਾਮ ਨਹੀਂ ਕਰਨਾ, ਕੋਈ ਸ਼ਾਮਿਆਨੇ ਨਹੀਂ ਲਗਾਉਣੇ, ਕਿਸੇ ਨੂੰ ਕਿਰਾਏ ਦਾ ਪੈਸਾ ਨਹੀਂ ਦੇਣਾ, ਗੱਲ ਕੀ ਕਰਤਾਰ ਨੇ ਅੱਜ ਸਾਰੇ ਢੁਕਾਓ, ਢੁਕਾ ਦਿੱਤੇ। ਅਨਾਯਾਸ ਹੀ ਕਲਯੁੱਗ ਦੇ ਬੋਹਿਥ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਉਨ੍ਹਾਂ ਦੇ ਬਖਸ਼ੇ ਮਲਾਹ ਵਿਰੱਕਤ ਮਹਾਰਾਜ ਜੀ ਆਪਣੀ ਸੰਗਤ ਲਓ ਲਸ਼ਕਰ ਦੇ ਸਮੇਤ, ਪਕਵਾਨ ਪਦਾਰਥਾਂ ਦੇ ਅਰਸ਼ਾਂ-ਕੁਰਸ਼ਾਂ ਤੋਂ ਥਾਲ ਪਰੋਸ ਕੇ ਆ ਉਤਰੇ ਭਾਈ ਲਾਲੋ ਦੀ ਬਾੜੀ, ਇੱਕ ਗਰੀਬ ਮਿਸਤਰੀ ਭਾਈ ਜਰਨੈਲ ਸਿੰਘ ਦੇ ਘਰ, ਜੋ ਤੜਫ ਚੁੱਕਿਆ ਸੀ ਅੰਦਰੋਂ ਅਜਿਹਾ ਸਮਾਗਮ ਰਚਨ ਲਈ। ਹਜ਼ੂਰ ਦੇ ਚਰਨਾਂ ਦਾ ਅਤਿਅੰਤ ਪ੍ਰੀਤਵਾਨ ਇਹ ਸੱਜਣ, ਹਰ ਰੋਜ਼ ਦੇਖਦਾ ਸੀ ਲੋਕਾਂ ਦੇ ਘਰੀਂ ਅਖੰਡ ਪਾਠਾਂ ਦੇ ਭੋਗ ਪੈਂਦੇ, ਹਜ਼ੂਰ ਦੇ ਪਵਿੱਤਰ ਮੁੱਖ ਤੋਂ ਅੰਮ੍ਰਿਤ ਮਈ ਵਰਖਾ ਹੁੰਦੀ, ਸੰਗਤਾਂ ਤਾਰਾ ਮੰਡਲ ਦੀ ਨਿਆਈ ਸਜ ਕੇ ਲੰਗਰ ਛਕਦੀਆਂ। ਮਨ ਵਿੱਚ ਬਾਰ-ਬਾਰ ਤੜਪ ਉਠਦੀ ਸੀ ਅਜਿਹੀ ਸਮਾਗਮ ਰਚਨ ਦੀ, ਲੇਕਿਨ ਪੂਰੀ ਹੋਣ ਦਾ ਕੋਈ ਚਾਂਸ ਨਜ਼ਰ ਨਹੀਂ ਸੀ ਆ ਰਿਹਾ। ਕਿਉਂਕਿ ਘਰ ਛੋਟਾ ਹੈ, ਕਿੱਥੇ ਅਖੰਡ ਪਾਠ ਸਾਹਿਬ ਕਰਾਵਾਂਗੇ? ਪਾਠੀਆਂ ਨੂੰ ਕਿੱਥੇ ਬਿਠਾਵਾਂਗੇ? ਸਕੇ, ਸੰਬੰਧੀਆਂ ਅਤੇ ਸੰਗਤ ਲਈ ਕੋਈ ਥਾਂ ਨਹੀਂ, ਲੰਗਰ ਕਿੱਥੇ ਬਣਾਵਾਂਗੇ? ਪੈਸੇ ਦੀ ਤੰਗੀ ਇਤਿਆਦਿਕ ਮਜਬੂਰੀਆਂ ਪ੍ਰੇਮ ਅਗਨ ਵਿੱਚ ਕੁੱਦਣ ਦੀ ਰੁਕਾਵਟ ਬਣ ਰਹੀਆਂ ਸਨ, ਲੇਕਿਨ ਭੜਕੀ ਹੋਈ ਪ੍ਰੇਮ ਅਗਨ ਵੀ ਸ਼ਾਂਤ ਨਹੀਂ ਸੀ ਹੋ ਰਹੀ। ਜ਼ਰਾ ਧਿਆਨ ਨਾਲ ਦੇਖੋ! ਪ੍ਰੇਮ ਦਾ ਖਿੱਚਿਆ ਅਰਸ਼ੀ ਪ੍ਰੀਤਮ ਅੱਜ ਸਾਰੇ ਢੁਕਾਉ, ਆਪ ਹੀ ਢੁਕਾ ਰਿਹਾ ਹੈ।

ਹੋਇਆ ਇੰਝ, ਕਿ ਭਗਵਾਨ ਸਿੰਘ ਮਿਸਤਰੀ ਦੇ ਘਰ ਕਿਸੇ ਬੱਚੇ ਦੀ ਸ਼ਾਦੀ ਦਾ ਸੰਜੋਗ ਬਣ ਗਿਆ, ਉਸ ਦੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਦਾ ਸ੍ਰੀ ਅਖੰਡ ਪਾਠ ਸਾਹਿਬ ਕਰਵਾ ਕੇ ਹਜ਼ੂਰ ਵਿਰੱਕਤ ਮਹਾਰਾਜ ਜੀਆਂ ਵੱਲੋਂ ਪਾਵਨ ਕਥਾ ਕਰਨ ਨਾਲ ਅਨੰਦ-ਕਾਰਜ ਦੀ ਰਸਮ ਅਦਾ ਹੋਈ, ਉਪਰੰਤ ਹਜ਼ੂਰ ਨੇ ਹੁਕਮ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਿਸੇ ਇਕਾਂਤ ਕਮਰੇ ਵਿੱਚ ਸੁੱਖਾਸਣ ਕਰ ਦਿਉ ਤੇ ਆਈਆਂ ਸੰਗਤਾਂ ਨੂੰ ਲੰਗਰ ਪਾਣੀ ਛਕਾਓ। ਭਗਵਾਨ ਸਿੰਘ ਨੇ ਸੋਚਿਆ ਕਿ ਜਰਨੈਲ ਸਿੰਘ ਦਾ ਘਰ ਖਾਲੀ ਹੈ ਜੋ ਕਿ ਬਿਲਕੁਲ ਨਾਲ ਹੀ ਹੈ ਅਤੇ ਆਪਸ

ਵਿੱਚ ਦੋਨੋਂ ਭਰਾ ਵੀ ਹਨ, ਗੁਰੂ ਗ੍ਰੰਥ ਸਾਹਿਬ ਜੀ ਨੂੰ ਉਧਰ ਸੁਖਾਸਣ ਕਰ ਆਈਏ ਫਿਰ ਵੇਹਲੇ ਹੋ ਕੇ ਨਿਵਾਸ ਅਸਥਾਨ ਤੇ ਛੱਡ ਆਵਾਂਗੇ। ਐਸਾ ਹੀ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਰਨੈਲ ਸਿੰਘ ਦੇ ਘਰ ਪਹੁੰਚ ਗਏ, ਉੱਧਰ ਭਗਵਾਨ ਸਿੰਘ ਪਰਿਵਾਰ ਨੇ ਵਿਰੱਕਤ ਮਹਾਰਾਜ ਜੀ ਨੂੰ ਬੇਨਤੀ ਕੀਤੀ, ਕਿ ਆਪ ਜੀ ਲੰਗਰ ਛਕ ਲਵੋ! ਦੇਖੋ, ਹੁਣ ਘਟ-ਘਟ ਕੇ ਅੰਤਰ ਕੀ ਜਾਨਣਹਾਰ ਕਿਸੇ ਗਰੀਬ ਪ੍ਰੇਮੀ ਦੀ ਪ੍ਰੇਮ ਸਿੱਕ ਪੂਰੀ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਬੇੜੇ ਵਿੱਚ ਸੰਗਤਾਂ ਨੂੰ ਬਿਠਾ ਕੇ ਮਲਾਹ ਦੀ ਭੂਮਿਕਾ ਨਿਭਾ ਰਹੇ ਹਨ। ਹੁਕਮ ਕੀਤਾ, ਜਰਨੈਲ ਸਿੰਘ! ਚੱਲ ਤੇਰੇ ਘਰ ਬੈਠ ਕੇ ਲੰਗਰ ਛੱਕਾਂਗੇ! ਗੁਰੂ ਗ੍ਰੰਥ ਸਾਹਿਬ ਜੀ ਪਹਿਲਾਂ ਪਹੁੰਚ ਗਏ ਅਤੇ ਆਪ ਸੰਗਤ ਨੂੰ ਨਾਲ ਲੈ ਕੇ ਪਿੱਛੇ-ਪਿੱਛੇ ਗਏ ਜਰਨੈਲ ਸਿੰਘ ਦੇ ਘਰ। ਘਰ ਭਾਵੇਂ ਬਹੁਤ ਛੋਟਾ ਹੈ, ਜਗ੍ਹਾ ਦੀ ਕਮੀ ਹੈ, ਲੇਕਿਨ ਆਪਦਾ ਜਗ੍ਹਾ ਛੋਟੀ-ਵੱਡੀ ਨਾਲ ਕੀ ਤੱਅਲਕ, ਆਪ ਤਾਂ ਗਰੀਬ ਮਿਸਤਰੀ ਦੀ ਪ੍ਰੇਮ ਭੁੱਖ ਨੂੰ ਪੂਰਾ ਕਰਨ ਲਈ ਆਏ ਹਨ, ਇਸ ਲਈ ਜਾ ਸਜੇ ਇੱਕ ਛੋਟੇ ਕਮਰੇ ਵਿੱਚ। ਇਤਨੇ ਨੂੰ ਲੰਗਰ ਵੀ ਪਹੁੰਚ ਗਿਆ, ਦੇਖ ਕੇ ਆਪ ਨੇ ਹੁਕਮ ਕੀਤਾ, ਕਿ ਸੰਗਤ ਇਸੇ ਤਰ੍ਹਾਂ ਬੈਠੀ ਰਹੇ, ਲੇਕਿਨ ਇੱਕ ਬੰਦਾ ਬੈਠੀ ਸੰਗਤ ਨੂੰ ਹੱਥਾਂ ਵਿੱਚ ਹੀ ਸਹਿਜੇ-ਸਹਿਜੇ ਲੰਗਰ ਦੀ ਇੱਕ-ਇੱਕ ਐਟਮ ਵਰਤਾਈ ਜਾਏ। ਹੁਕਮ ਅਨੁਸਾਰ ਇੱਕ-ਇੱਕ ਕਰਕੇ ਸ਼ਾਦੀ ਵਿੱਚ ਤਿਆਰ ਕੀਤੇ, ਸਾਰੇ ਪਕਵਾਨ ਸੰਗਤ ਨੂੰ ਹੱਥਾਂ ਉੱਪਰ ਹੀ ਛਕਾ ਦਿੱਤੇ, ਉਪਰੰਤ ਹਜ਼ੂਰ ਨੇ ਵੀ ਛਕੇ। ਕੁੱਝ ਪ੍ਰਵਚਨ ਕਰਕੇ ਜਰਨੈਲ ਸਿੰਘ ਦੀ ਇਹ ਸਿੱਕ ਕਿ ਘਰ ਛੋਟਾ ਹੈ, ਪੈਸਾ ਹੈ ਨਹੀਂ, ਮੈਂ ਅਖੰਡ ਪਾਠ ਕਰਵਾ ਨਹੀਂ ਸਕਦਾ, ਵਿਰੱਕਤ ਮਹਾਰਾਜ ਜੀ ਨੂੰ ਘਰ ਆਉਣ ਲਈ ਬੇਨਤੀ ਕਰ ਨਹੀਂ ਸਕਦਾ, ਕਿਉਂਕਿ ਸੰਗਤ ਨੂੰ ਲੰਗਰ ਕਿੱਥੋਂ ਛਕਾਉਂ, ਇਤਨਾ ਇੰਤਜ਼ਾਮ ਕਿਵੇਂ ਕਰੂੰ, ਇਤਿਆਦਿਕ ਇਹ ਸਭ ਰੁਕਾਵਟਾਂ ਦੂਰ ਕਰਕੇ, ਜੋ ਕੰਮ ਮਿਸਤਰੀ ਲਈ ਅਸੰਭਵ ਸੀ ਨੂੰ ਸਾਖਸ਼ਾਤ ਸੰਪੂਰਨ ਕਰਕੇ, ਗਰੀਬ ਪ੍ਰੇਮੀ ਦੇ ਹਿਰਦੇ ਨੂੰ ਪ੍ਰੇਮ ਜਲ ਨਾਲ ਸਿੰਜ ਕੇ ਕੁਟੀਆ ਨੂੰ ਰਵਦੇ ਹੋਏ।

## ਸੰਤ ਕ੍ਰਿਸ਼ਨ ਜੀ

ਇੱਕ ਸਮੇਂ ਦਾ ਜ਼ਿਕਰ ਹੈ ਵਿਰੱਕਤ ਮਹਾਰਾਜ ਜੀ ਕਨਖਲ ਖੂਹ ਦੀ ਛੱਤ ਉੱਪਰ ਬਿਰਾਜਮਾਨ ਸਨ। ਉਸ ਸਮੇਂ ਆਪ ਜੀ ਦਾ ਸਰੀਰ ਕੁੱਝ ਢਿੱਲਾ ਸੀ, ਇਸ ਲਈ ਇਨ੍ਹਾਂ ਦਿਨਾਂ ਵਿੱਚ ਆਪ ਪਵਿੱਤਰ ਮੁੱਖ ਤੋਂ ਬਚਨ ਬਹੁਤ ਘੱਟ ਕਰਿਆ ਕਰਦੇ ਸਨ। ਅੱਜ ਆਪਣੀ ਕਿਸੇ ਇਲਾਹੀ ਮੌਜ ਵਿੱਚ ਦਿਨ ਦੇ ਤੀਸਰੇ ਪਹਿਰ ਆਪਣੇ ਮੰਜੇ ਤੇ ਬਿਰਾਜਮਾਨ ਹਨ, ਕੋਲ ਪੰਜ-ਸੱਤ ਪ੍ਰੇਮੀਆਂ ਤੋਂ ਇਲਾਵਾ ਭਗਵੇਂ ਵੇਸ ਵਿੱਚ ਇੱਕ ਸੰਤ ਜੀ ਕੁਰਸੀ ਤੇ ਬੈਠੇ ਹਨ। ਪਤਾ ਲੱਗਿਆ ਇਨ੍ਹਾਂ ਨੂੰ ਸੰਤ ਕ੍ਰਿਸ਼ਨ ਜੀ ਕਹਿ ਕੇ ਬੁਲਾਇਆ ਜਾਂਦਾ ਹੈ। ਇਨ੍ਹਾਂ ਦੇ ਬਾਹਰ ਨੇਤਰ ਤਾਂ ਦੇਖਣ ਤੋਂ ਸ਼ਕਤੀਹੀਨ ਹਨ, ਪਰੰਤੂ ਅੰਤਰੀਵ ਚਕਸੂ ਕਾਫੀ ਵਿਸ਼ਾਲ ਦ੍ਰਿਸ਼ਟੀ ਵਾਲੇ ਪ੍ਰਤੀਤ ਹੋ ਰਹੇ ਹਨ। ਹਜ਼ੂਰ ਨੇ ਮੰਜੇ ਉਪਰ ਲੇਟਿਆਂ ਹੀ ਪਵਿੱਤਰ ਮੁੱਖ ਤੋਂ ਹੁਕਮ ਕੀਤਾ, ਕ੍ਰਿਸ਼ਨ ਜੀ! ਕੁੱਝ ਸੁਣਾਉ ਸੰਗਤ ਨੂੰ! ਹੁਕਮ ਮੰਨ ਕੇ, ਸੰਤ ਜੀ ਨੇ ਪ੍ਰਵਚਨ ਸ਼ੁਰੂ ਕੀਤਾ। ਪ੍ਰਵਚਨ ਸ਼ੁਰੂ ਕੀ ਕੀਤਾ, ਮਾਨੋਂ ਗੁਰਬਾਣੀ ਅਤੇ ਗੀਤਾ ਦੇ ਪਵਿੱਤਰ ਬਚਨਾਂ ਦੀ ਝੜੀ ਲਾ ਦਿੱਤੀ। ਇੱਕ ਘੰਟਾ ਨਿਰੋਲ ਰੂਹਾਨੀਅਤ ਦੀ ਪ੍ਰਮਾਰਥਕ ਦਲੀਲਾਂ ਦੁਆਰਾ ਐਸੀ ਮੂਸਲੇਧਾਰ ਵਰਖਾ ਕੀਤੀ, ਕਿ ਸਰੋਤੇ ਅਸ਼-ਅਸ਼ ਕਰ ਉਠੇ। ਜਦੋਂ ਕ੍ਰਿਸ਼ਨ ਜੀ ਨੇ ਪ੍ਰਵਚਨਾਂ ਦੀ ਸਮਾਪਤੀ ਕੀਤੀ, ਤਾਂ ਹਜ਼ੂਰ ਵਿਰੱਕਤ ਮਹਾਰਾਜ ਜੀ ਉੱਠ ਕੇ ਬੈਠੇ ਗਏ, ਬਚਨ ਕੀਤਾ, ਕ੍ਰਿਸ਼ਨ ਜੀ ਹੱਦ ਕਰ ਦਿੱਤੀ! ਸਰੋਤਿਆਂ ਵੱਲ ਤੱਕ ਕੇ ਬੋਲੇ, ਐਸੀ ਹੱਦ ਤੁਸੀਂ ਕਦੇ ਦੇਖੀ ਵੀ ਨਹੀਂ ਹੋਣੀ। ਸਰੋਤਿਆਂ ਵਿੱਚੋਂ ਇੱਕ ਪ੍ਰੇਮੀ ਨੇ ਅਸਚਰਜ ਹੋ ਕੇ ਬਾਅਦ ਵਿੱਚ ਵਿਰੱਕਤ ਜੀਆਂ ਦੀ ਪਵਿੱਤਰ ਚਰਨਾਂ ਵਿੱਚ ਅਰਜ਼ ਕੀਤੀ, ਮਹਾਰਾਜ! ਇਨ੍ਹਾਂ ਦੇ ਅਸਥੂਲ ਨੇਤਰਾਂ ਦੀ ਜੋਤ ਨੂੰ ਕਿਤਨੀ ਕੁ ਦੇਰ ਹੋ ਗਈ ਬੰਦ ਹੋਇਆ? ਹਜ਼ੂਰ ਬੋਲੇ, ਬਚਪਨ ਤੋਂ ਹੀ ਹੈ? ਫਿਰ ਮਹਾਰਾਜ ਇਤਨਾ ਗਿਆਨ ਕਿਵੇਂ ਪ੍ਰਾਪਤ ਹੋਇਆ? ਹਜ਼ੂਰ ਬੋਲੇ ਸ੍ਰਵਣਾਂ ਰਾਹੀਂ।

ਐਸੇ ਜੀਵਨ ਕਣੀ ਵਾਲੇ ਸੰਤ ਕ੍ਰਿਸ਼ਨ ਜੀ ਦਾ ਜਨਮ, ਪਿੰਡ ਚੰਦਰੈਣ ਤਹਿਸੀਲ ਲਈਆ, ਜ਼ਿਲ੍ਹਾਂ ਮੁਜ਼ੱਫਰਗੜ੍ਹ (ਅੱਜ ਕੱਲ ਪਾਕਿਸਤਾਨ) ਵਿੱਚ ਪਿਤਾ ਸ੍ਰੀ ਤਾਰਾ ਚੰਦ ਅਤੇ ਮਾਤਾ ਵਿਰਾਮਾ ਮਾਈ ਦੇ ਘਰ 1910 ਈ: ਦੇ ਕਰੀਬ ਹੋਇਆ। ਜਦੋਂ ਅਵਸਥਾ ਛੇ ਕੁ ਮਹੀਨੇ ਦੀ ਹੋਈ, ਤਾਂ ਕਿਸੇ ਵਜ੍ਹਾਂ ਕਰਕੇ ਅੱਖਾਂ ਦੀ ਜੋਤ ਜਾਂਦੀ ਰਹੀ। ਬਚਪਨ ਤਾਂ ਫਿਰ ਉਸੇ ਤਰ੍ਹਾਂ ਹੀ ਗੁਜ਼ਾਰਿਆ, ਜਦੋਂ ਕੋਈ ਥੋੜ੍ਹੇ ਵੱਡੇ ਹੋਏ, ਤਾਂ ਮਾਤਾ-ਪਿਤਾ ਨੇ ਵਿਦਿਆ ਪੜ੍ਹਾਉਣ ਲਈ ਆਪਣੇ

ਕੁੱਲ ਗੁਰੂ ਕੋਲ ਰੋੜੂ ਸੁਲਤਾਨ ਜਿਲ੍ਹਾਂ ਝੰਗ ਭੇਜ ਦਿੱਤੇ। ਆਪ ਬਾਹਰ ਨੇਤਰਾਂ ਤੋਂ ਬਗੈਰ ਹੀ ਤੇਰ੍ਹਾਂ ਸਾਲ ਉੱਥੇ ਪੜ੍ਹਦੇ ਰਹੇ। ਇਸ ਸਮੇਂ ਵਿੱਚ ਆਪ ਗੁਰਬਾਣੀ ਦੇ ਚੰਗੇ ਗਿਆਤਾ ਹੋ ਗਏ, ਉਪਰੰਤ ਵਾਪਸ ਆ ਕੇ ਪਿੰਡ ਦੇ ਗੁਰਦੁਵਾਰਾ ਸਾਹਿਬ ਟਿੱਕ ਗਏ। ਇੱਥੇ ਠਹਿਰ ਕੇ ਪਿੰਡ ਦੇ ਬੱਚਿਆਂ ਨੂੰ ਗੁਰਬਾਣੀ ਪੜ੍ਹਾਉਣੀ ਸ਼ੁਰੂ ਕੀਤੀ ਅਤੇ ਨਾਲ-ਨਾਲ ਜਦੋਂ ਸਮਾਂ ਮਿਲਦਾ ਬਰਤਨ ਆਦਿ ਦੀ ਸੇਵਾ ਤੋਂ ਇਲਾਵਾ ਸਵੇਰੇ ਸ਼ਾਮ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਤੇ ਸੁਖਾਸਣ ਦੀ ਸੇਵਾ ਵੀ ਕਰਦੇ ਰਹੇ। ਇਤਨੇ ਨੂੰ ਦੇਸ਼-ਗਰਦੀ ਦਾ ਭਾਣਾ ਵਰਤ ਗਿਆ, ਅੰਨਜਲ ਅਤੇ ਸੰਜੋਗ ਦੇ ਵੱਸ ਪਰਿਵਾਰ ਅਤੇ ਹੋਰ ਸੰਗਤਾਂ ਦੇ ਨਾਲ ਪਾਕਿਸਤਾਨੋਂ ਉਠ ਕੇ ਪਾਨੀਪਤ ਆ ਵਸੇ। ਇੱਥੇ ਵੀ ਗੁਰਦੁਵਾਰਾ ਸਾਹਿਬ ਵਿੱਚ ਠਹਿਰ ਕੇ ਕਾਰ ਉਹੀ ਗੁਰਬਾਣੀ ਪੜ੍ਹਾਉਣ ਵਾਲੀ ਜਾਰੀ ਰੱਖੀ। ਕੁਝ ਸਮੇਂ ਬਾਅਦ ਅੰਦਰੋਂ ਉਠ ਰਹੇ ਪਰਮਾਰਥ ਦੇ ਹੋਰ ਗ੍ਰੰਥਾਂ ਨੂੰ ਪੜ੍ਹਣ ਸੁਨਣ ਦੇ ਸੰਕਲਪ ਨੂੰ ਸ਼ਾਂਤ ਕਰਨ ਲਈ ਅਵਧੂਤ ਮੰਡਲ ਹਰਦੁਆਰ ਆ ਟਿਕੇ। ਇੱਥੇ ਠਹਿਰ ਕੇ ਕਾਫੀ ਸਮਾਂ ਗੀਤਾ ਅਤੇ ਵੇਦਾਂਤ ਦੇ ਹੋਰ ਗ੍ਰੰਥਾਂ ਦਾ ਅਧਿਯਨ ਕਰਦੇ ਰਹੇ। ਦੇਵਨੇਤ ਨਾਲ ਇੱਥੇ ਠਹਿਰਨ ਦੇ ਦੌਰਾਨ ਹੀ ਨਿਰਮਲ ਬਾਗ ਵਿੱਚ ਵਿਰੱਕਤ ਮਹਾਰਾਜ ਜੀ ਨਾਲ ਪਹਿਲਾ ਮਿਲਾਪ ਹੋਇਆ। ਮਿਲਾਪ ਕੀ ਹੋਇਆ? ਮਾਨੋਂ ਜੰਗਾਲ ਤੋਂ ਸ਼ੁੱਧ ਹੋਇਆ ਲੋਹਾ, ਚੁੰਬਕ ਨੇ ਆਪਣੇ ਵੱਲ ਖਿੱਚ ਲਿਆ, ਹੁਣ ਲੋਹੇ ਦੀ ਕੀ ਤਾਕਤ ਹੈ ਚੁੰਬਕ ਤੋਂ ਦੂਰ ਚਲਿਆ ਜਾਵੇ। ਗ੍ਰੰਥਾਂ ਸ਼ਾਸਤਰਾਂ ਦਾ ਪ੍ਰੋਕਸ਼ ਗਿਆਨ ਤਾਂ ਪਹਿਲਾਂ ਹੀ ਕਾਫੀ ਇਕੱਠਾ ਹੋਇਆ ਪਿਆ ਸੀ, ਮਾਨੋਂ ਬ੍ਰਿਛ ਤਾਂ ਪਹਿਲਾਂ ਹੀ ਕਾਫੀ ਵਧਿਆ-ਫੁੱਲਿਆ ਸੀ ਲੇਕਿਨ ਹੁਣ ਚੰਦਨ ਦੇ ਨਿਕਟ ਹੋਣ ਕਰਕੇ ਸੁਗੰਧੀ ਨਾਲ ਮਹਿਕ ਉਠਿਆ। ਵਿਰੱਕਤ ਮਹਾਰਾਜ ਜੀ ਦੀ ਮਿਹਰ ਬਰਸਾਤ ਨਾਲ, ਅੰਦਰ ਕੋਈ ਸਵਾਂਤੀ ਬੂੰਦ ਰੂਪੀ ਜੀਵਨ ਕਣੀ ਪ੍ਰਵੇਸ਼ ਕਰ ਗਈ। ਹੁਣ ਬਾਹਰ ਨੇਤਰਾਂ ਦੀ ਕੋਈ ਬਹੁਤੀ ਜ਼ਰੂਰਤ ਵੀ ਨਹੀਂ ਰਹਿ ਗਈ ਲੱਗਦੀ, ਬਸ ਹੁਣ ਹਜ਼ੂਰ ਦੇ ਚਰਨਾਂ ਨਾਲ ਜੁੜ ਗਏ। ਕਾਫੀ-ਕਾਫੀ ਸਮਾਂ ਕਰਨਾਲ ਕੁਟੀਆ ਰਹਿੰਦੇ ਹੋਏ, ਹਜ਼ੂਰ ਦੇ ਚਰਨਾਂ ਦਾ ਨਿੱਘ ਮਾਣਦੇ ਰਹੇ ਅਤੇ ਪੰਜਾਬ ਵਿੱਚ ਵੀ ਮਹਾਰਾਜ ਜੀ ਦੇ ਨਾਲ ਚੱਕਰ ਲਗਾਇਆ। ਹੁਣ ਜਿੱਥੇ ਜਾਂਦੇ ਪਰਮਾਰਥਕ ਪ੍ਰਵਚਨਾਂ ਦਾ ਮੀਂਹ ਵਰਸਾ ਦਿੰਦੇ। ਇਕੱਲੇ-ਦੁਕੱਲੇ ਜਾਂ ਵੱਧ ਗਿਣਤੀ ਵਿੱਚ ਵੀ ਪਰਮਾਰਥੀ ਲੱਗਣ ਵਾਲੇ ਪ੍ਰੇਮੀਆਂ ਨੂੰ ਗੁਰਬਾਣੀ, ਗੀਤਾ ਅਤੇ ਵੇਦਾਂਤ ਆਦਿਕ ਪਰਮਾਰਥ ਦੇ ਗ੍ਰੰਥ ਬੜੇ ਸੁਚੱਜੇ ਤਰੀਕੇ ਪੜ੍ਹਾਉਂਦੇ ਰਹਿੰਦੇ। ਹੁਣ ਤੋਂ ਬਾਅਦ ਪੂਰੀ ਜ਼ਿੰਦਗੀ ਵਿਰੱਕਤ ਮਹਾਰਾਜ ਜੀ ਦੇ ਚਰਨਾਂ ਨਾਲ ਜੁੜੇ ਰਹੇ। ਇਨ੍ਹਾਂ ਅੱਖਰਾਂ ਦੇ ਵਜੂਦ ਵਿੱਚ ਆਉਣ ਤੱਕ ਆਪ ਦਾ ਸਰੀਰ ਤਾਂ ਭਾਵੇਂ ਨਹੀਂ ਰਿਹਾ, ਲੇਕਿਨ ਆਪਣੀਆਂ ਜੀਵਨ ਯਾਦਾਂ, ਜਿਵੇਂ ਕਾਫੀ ਲੋਕਾਂ ਦੇ ਹਿਰਦਿਆਂ ਤੇ ਆਪਣੀ ਪਰਮਾਰਥਕ ਮਹਿਕ ਅਤੇ ਪਾਨੀਪਤ ਵਿੱਚ ਆਪ ਦੇ ਨਾਮ ਤੇ ਗੁਰਦੁਵਾਰਾ ਸਾਹਿਬ ਕ੍ਰਿਸ਼ਨ ਧਾਮ ਅਤੇ ਘਨਸ਼ਾਮ ਨਾਂ ਦੀ ਪਾਠਸ਼ਾਲਾ ਜੋ ਆਪ ਨੇ ਸ਼ੁਰੂ ਕੀਤੀ ਸੀ ਅੱਜ ਵੀ ਚੱਲ ਰਹੀਆਂ ਹਨ। ਅਕਾਲ ਪੁਰਖ ਦੇ ਅਸਚਰਜ ਕੌਤਕ ਦੇਖੋ, ਇੱਕ ਨੇਤਰਹੀਨ ਸ਼ਖਸੀਅਤ ਨੇਤਰਾਂ ਵਾਲੇ ਹਜ਼ਾਰਾਂ ਬੰਦਿਆਂ ਨੂੰ ਮਾਰਗ ਦਰਸ਼ਨ ਕਰਾ ਗਈ।

## ਖਾਲਸਾ ਹਾਈ ਸਕੂਲ ਨਾਭਾ

ਸਤਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਬਖਸ਼ੀ ਕੁੱਲ, ਫੂਲ ਵੰਸ਼ ਦੇ ਵਡਕੇ ਬਾਬਾ ਫੂਲ ਦੇ ਵੱਡੇ ਸਪੁੱਤਰ, ਚੌਧਰੀ ਤਿਰਲੋਕ ਸਿੰਘ ਦੇ ਵੱਡੇ ਬੇਟੇ ਸ੍ਰ. ਗੁਰਦਿੱਤ ਸਿੰਘ ਤੋਂ ਨਾਭਾ ਵੰਸ਼ ਚੱਲਿਆ ਹੈ, ਇਸ ਲਈ ਸਿੱਖਾਂ ਦੀਆਂ ਅੱਠ ਰਿਆਸਤਾਂ ਵਿੱਚੋਂ ਨਾਭੇ ਨੂੰ *ਚੌਧਰੀਆਂ ਦਾ ਘਰ* ਆਖਦੇ ਹਨ। ਚੌਧਰੀ ਗੁਰਦਿੱਤ ਸਿੰਘ ਨੇ ਆਪਣੀ ਤਾਕਤ ਨਾਲ ਕਈ ਇਲਾਕੇ ਮੱਲੇ ਅਤੇ ਕਈ ਪਿੰਡ ਆਬਾਦ ਕਰਕੇ ਆਪਣਾ ਰਾਜਸੀ ਠਾਠ ਬਣਾ ਲਿਆ। ਗੁਰਦਿੱਤ ਸਿੰਘ ਦਾ ਪੁੱਤਰ ਸੁਰਤੀਆਂ ਸਿੰਘ 1752 ਈ: ਵਿੱਚ ਚਲਾਣਾ ਕਰ ਗਿਆ, ਇਸ ਲਈ ਚੌਧਰੀ ਗੁਰਦਿਤ ਸਿੰਘ ਦਾ 1754 ਈ: ਵਿੱਚ ਦਿਹਾਂਤ ਹੋਣ ਨਾਲ ਇਸਦਾ ਪੋਤਰਾ (ਸੁਰਤੀਆਂ ਸਿੰਘ ਦਾ ਪੁੱਤਰ) ਹਮੀਰ ਸਿੰਘ ਰਾਜਤਖਤ ਦਾ ਮਾਲਕ ਬਣਿਆ। ਇਹ ਰਾਜੇ ਹਮੀਰ ਸਿੰਘ ਨੇ ਦਾਦੇ ਦਾ ਰਾਜ ਚੰਗੀ ਤਰ੍ਹਾਂ ਸੰਭਾਲ ਕੇ ਅਤੇ ਬਹੁਤ ਸਾਰਾ ਇਲਾਕਾ ਜਿੱਤ ਕੇ ਸੰਨ 1755 ਈ: ਵਿੱਚ ਨਾਭਾ ਸ਼ਹਿਰ ਆਬਾਦ ਕੀਤਾ, ਜੋ ਪਟਿਆਲਾ ਸ਼ਹਿਰ ਤੋਂ ਚੌਵੀ ਕੁ ਕਿਲੋਮੀਟਰ ਪੱਛਮ ਵੱਲ ਸਥਿਤ ਹੈ।

ਦੇਸ਼ ਦੀ ਵੰਡ ਤੋਂ ਬਾਅਦ ਰਿਆਸਤਾਂ ਭੰਗ ਹੋਣ ਨਾਲ ਇਹ ਨਾਭਾ ਸ਼ਹਿਰ ਜ਼ਿਲ੍ਹਾ ਪਟਿਆਲਾ ਦੀ ਤਹਿਸੀਲ ਬਣਾ ਦਿੱਤੀ ਗਈ। ਇਸ ਸ਼ਹਿਰ ਵਿੱਚ ਵਿਦਿਅਕ ਅਦਾਰੇ ਤਾਂ ਸਰਕਾਰੀ ਵੀ ਜਿਵੇਂ ਗੌਰਮਿੰਟ ਕਾਲਜ, ਗੌਰਮਿੰਟ ਹਾਇਰ

ਸੈਕੰਡਰੀ ਸਕੂਲ, ਗੌਰਮਿੰਟ ਹਾਈ ਸਕੂਲ, ਜਾਂ ਲੜਕੀਆਂ ਦਾ ਸਕੂਲ ਅਲੱਗ ਅਤੇ ਪ੍ਰਾਇਮਰੀ ਦੀਆਂ ਬਰਾਂਚਾਂ ਆਦਿਕ ਅਦਾਰਿਆਂ ਦੇ ਨਾਲ-ਨਾਲ ਕੁੱਝ ਪ੍ਰਾਈਵੇਟ ਸੰਸਥਾਵਾਂ ਜਿਵੇਂ ਆਰੀਆ ਹਾਈ ਸਕੂਲ, ਜੈਨ ਸਕੂਲ, ਐਸ. ਡੀ. ਸਕੂਲ, ਆਦਿਕ ਸੰਸਥਾਵਾਂ ਵੀ ਵਿਦਿਆ ਦਾਨ ਵਿੱਚ ਆਪਣੇ ਵਿੱਤ ਮੁਤਾਬਿਕ ਹਿੱਸਾ ਪਾ ਰਹੀਆਂ ਹਨ। ਸੰਨ 1969 ਈ: ਵਿੱਚ ਜਦੋਂ ਜਗਤ ਗੁਰੂ, ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦਾ ਪੰਜ ਸੌ ਸਾਲ ਪ੍ਰਕਾਸ਼ ਉਤਸਵ ਦੁਨੀਆਂ ਭਰ ਵਿੱਚ ਬੜੇ ਉਤਸ਼ਾਹ ਪੂਰਵਕ ਮਨਾਇਆ ਜਾ ਰਿਹਾ ਸੀ, ਉਸ ਸਮੇਂ ਨਾਭਾ ਸ਼ਹਿਰ ਅਤੇ ਇਲਾਕੇ ਦੇ ਪਤਿਵੰਤੇ ਸੱਜਣਾਂ ਨੇ ਇਕੱਠੇ ਹੋ ਕੇ ਸੋਚਿਆ, ਕਿ ਸਾਨੂੰ ਵੀ ਗੁਰੂ ਬਾਬਾ ਜੀ ਦੀ ਯਾਦ ਵਿੱਚ ਕੋਈ ਐਸੀ ਯਾਦਗਾਰ ਬਣਾਉਣੀ ਚਾਹੀਦੀ ਹੈ, ਜੋ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਨੂੰ ਚਿਰੰਕਾਲ ਤੱਕ ਤਾਜ਼ਾ ਰੱਖੇ ਅਤੇ ਗੁਰੂ ਬਾਬਾ ਜੀ ਦੇ ਚਲਾਏ ਪਰਉਪਕਾਰ ਮਾਰਗ ਵਿੱਚ ਆਪਣਾ ਯੋਗਦਾਨ ਅਦਾ ਕਰਦੀ ਰਹੇ। ਕਈ ਮਸਲਿਆਂ ਤੇ ਵਿਚਾਰ ਕੀਤੀ ਗਈ, ਆਖਰ ਫੈਸਲਾ ਹੋਇਆ ਕਿ ਗੁਰੂ ਬਾਬਾ ਜੀ ਨੇ ਗੁਰੂ ਅਵਤਾਰ ਧਾਰਨ ਕੀਤਾ ਸੀ, ਯਾਨੀ ਅਗਿਆਨ ਅੰਧਕਾਰ ਨੂੰ ਮੇਟਣ ਲਈ ਗਿਆਨ ਰੂਪੀ ਪ੍ਰਕਾਸ਼ ਦਾ ਯੱਗ ਵਰਤਾਇਆ ਸੀ, ਭਾਵ ਅਵਿਦਿਆ ਰੂਪੀ ਰਾਤਰੀ ਦਾ ਨਾਸ਼ ਕਰਨ ਲਈ ਵਿਦਿਆ ਰੂਪੀ ਸੂਰਜ ਉਦਯ ਕੀਤਾ ਸੀ। ਸੋ ਸਾਨੂੰ ਵੀ ਜਿਤਨੇ ਗੁਰੂ ਨਾਨਕ ਨਾਮ ਲੇਵਾ ਹਾਂ, ਗੁਰੂ ਬਾਬਾ ਜੀ ਦੇ ਬਖਸ਼ੇ ਉਸ ਗਿਆਨ ਦੇ ਸੂਰਜ ਦੀ ਇੱਕ ਛੋਟੀ-ਜਿਹੀ ਕਿਰਨ ਦਾ ਪ੍ਰਸ਼ਾਦ ਸਾਰੇ ਸਾਂਝੇ ਭਾਈਚਾਰੇ ਵਿੱਚ ਵਰਤਾਉਣਾ ਚਾਹੀਦਾ ਹੈ, ਯਾਨੀ ਗੁਰੂ ਬਾਬਾ ਜੀ ਦੇ ਦੱਸੇ ਪਰਉਪਕਾਰੀ ਮਾਰਗ ਤੇ ਚੱਲ ਕੇ ਹੀ ਉਨ੍ਹਾਂ ਦੇ ਨਾਮ ਲੇਵਾ ਕਹਾਉਣ ਦੇ ਹੱਕਦਾਰ ਹੋ ਸਕਦੇ ਹਾਂ। ਸਭ ਸੰਗਤਾਂ ਨੇ ਆਮ ਸਹਿਮਤੀ ਨਾਲ ਖਾਲਸਾ ਹਾਈ ਸਕੂਲ ਬਣਾਉਣ ਦਾ ਫੈਸਲਾ ਕਰਕੇ, ਉਸ ਸਮੇਂ ਦੇ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਤੋਂ ਤਾਰੀਖ ਅੱਠ-ਮਾਰਚ 1969 ਨੂੰ ਗੁਰੂ ਬਾਬਾ ਜੀ ਦੀ ਪੰਜ ਸੌ ਸਾਲਾਂ ਯਾਦ ਦੇ ਮਨਾਏ ਜਾ ਰਹੇ ਜਸ਼ਨਾਂ ਵਿੱਚ ਨੀਂਹ ਰਖਵਾਈ। ਇਸ ਵਿਦਿਅਕ ਅਦਾਰੇ ਲਈ ਢਾਈ ਏਕੜ ਜ਼ਮੀਨ ਅਲੌਹਰਾਂ ਗੇਟ ਤੋਂ ਬਾਹਰ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਨੇ ਆਪਣੇ ਪ੍ਰਬੰਧ ਹੇਠ ਚੱਲ ਰਹੇ ਗੁਰਦੁਵਾਰਾ ਬਾਬਾ ਅਜਾਪਾਲ ਸਿੰਘ ਦੇ ਅਸਥਾਨ ਤੋਂ ਮੁਫਤ ਦਿੱਤੀ। ਇਸ ਅਦਾਰੇ ਨੂੰ ਚਲਾਉਣ ਲਈ ਸ਼ਹਿਰ ਅਤੇ ਇਲਾਕੇ ਦੇ ਪਤਵੰਤੇ ਸੱਜਨਾਂ ਦੀ ਇੱਕ ਕਮੇਟੀ ਬਣਾਈ ਗਈ, ਜਿਸ ਦੀ ਅਗਵਾਈ ਹੇਠ ਇਲਾਕੇ ਦੀਆਂ ਸੰਗਤਾਂ ਦੀ ਭਰਵੀਂ ਸਹਾਇਤਾ ਨਾਲ ਥੋੜ੍ਹੀ ਦੇਰ ਵਿੱਚ ਹੀ ਬਿਲਡਿੰਗ ਬਣ ਕੇ ਤਿਆਰ ਹੋ ਗਈ। ਬਿਲਡਿੰਗ ਦੇ ਤਿਆਰ ਹੁੰਦੇ ਹੀ ਕਲਾਸਾਂ ਦਾ ਸੈਸ਼ਨ ਸ਼ੁਰੂ ਕਰ ਦਿੱਤਾ ਗਿਆ। ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਨੇ ਵੀ ਨਵੇਂ-ਨਵੇਂ ਚਾਉ ਨਾਲ ਸਕੂਲ ਵੱਲ ਪੂਰਾ ਧਿਆਨ ਦਿੱਤਾ, ਜਿਸ ਦਾ ਸਿੱਟਾ ਇਹ ਨਿਕਲਿਆ, ਕਿ ਦੱਸਵੀਂ ਕਲਾਸ ਦੇ ਬੋਰਡ ਦਾ ਰਿਜ਼ਲਟ ਸੌ ਫੀਸਦੀ ਨਿਕਲਿਆ। ਇਲਾਕੇ ਦੇ ਲੋਕਾਂ ਨੇ ਚੰਗਾ ਰਿਜ਼ਲਟ ਦੇਖ ਕੇ ਧੜਾਧੜ ਬੱਚੇ ਦਾਖਲ ਕਰਵਾ ਦਿੱਤੇ।

ਦੋ-ਕੁ ਸਾਲ ਤਾਂ ਇਸ ਤਰ੍ਹਾਂ ਅੰਦਰੋਂ-ਬਾਹਰੋਂ ਠੀਕ ਤਰੀਕੇ ਚੱਲਦਾ ਰਿਹਾ, ਲੇਕਿਨ ਦੋ ਕੁ ਸਾਲਾਂ ਬਾਅਦ ਆਰਥਿਕ ਪੱਖੋਂ ਡਾਵਾਂਡੋਲ ਹੋਣ ਲੱਗਿਆ, ਕਿਉਂਕਿ ਸਰਕਾਰੀ ਸਹਾਇਤਾ ਤਾਂ ਕੋਈ ਹੈ ਨਹੀਂ ਸੀ ਅਤੇ ਨਾ ਹੀ ਆਮਦਨ ਦਾ ਕੋਈ ਹੋਰ ਸਾਧਨ ਸੀ, ਸਟਾਫ ਦੀਆਂ ਤਨਖਾਹਾਂ ਅਤੇ ਹੋਰ ਖਰਚੇ ਪੂਰੇ ਕਰਨ ਦੀ ਚਿੰਤਾ ਸ਼ੁਰੂ ਹੋ ਗਈ। ਸਾਲ ਕੁ ਭਰ ਹੋਰ ਦਾਨੀ ਸੱਜਨਾਂ ਦੀ ਸਹਾਇਤਾ ਨਾਲ ਔਖਾ-ਸੌਖਾ ਹੋ ਕੇ ਚੱਲਦਾ ਰਿਹਾ, ਲੇਕਿਨ ਮਾਲੀ ਪੱਖ ਤੋਂ ਐਨਾ ਲੜਖੜਾ ਗਿਆ ਕਿ ਕੈਂਸਰ ਦੇ ਮਰੀਜ਼ ਵਾਂਗ ਲੰਮੇ ਸਾਹੀਂ ਹੋ ਗਿਆ। ਕੋਈ ਹੋਰ ਚਾਰਾ ਚਲਦਾ ਨਾ ਦੇਖ ਕੇ ਇੱਕ ਕਮੇਟੀ ਮੈਂਬਰ ਜੱਥੇਦਾਰ ਨਛੱਤਰ ਸਿੰਘ ਖੋਖ ਨੇ ਸਲਾਹ ਦਿੱਤੀ, ਕਿ ਜੇ ਇਸ ਨੂੰ ਚੱਲਦਾ ਰੱਖਣਾ ਹੈ ਤਾਂ ਹੁਣ ਇੱਕ ਹੀ ਤਰੀਕਾ ਹੈ ਵਿਰੱਕਤ ਮਹਾਰਾਜ ਜੀਆਂ ਦਾ ਮੋਢਾ ਲਾਉਣਾ। ਅਗਰ ਉਨ੍ਹਾਂ ਦੀ ਸਵੱਲੀ ਨਜ਼ਰ ਮਰੀਜ਼ ਤੇ ਪੈ ਜਾਵੇ ਤਾਂ ਇਹ ਮੁੜ ਜੀਵਤ ਹੋ ਸਕਦਾ ਹੈ, ਵਰਨਾਂ ਹੋਰ ਕੋਈ ਡਾਕਟਰ ਇਸ ਨੂੰ ਬਚਾਉਣ ਲਈ ਸਮਰਥ ਨਹੀਂ। ਸਲਾਹ ਬਾ-ਦਲੀਲ ਸੀ ਇਸ ਲਈ ਸਾਰੀ ਮੈਨੇਜਮੈਂਟ ਦੇ ਮਨ ਵਿੱਚ ਗੱਡ ਗਈ। ਫਲਸਵਰੂਪ ਮੈਨੇਜਮੈਂਟ ਦੇ ਕੁੱਝ ਸੱਜਨ ਇਕੱਠੇ ਹੋ ਕੇ ਹਜ਼ੂਰ ਦੇ ਪਵਿੱਤਰ ਚਰਨਾਂ ਵਿੱਚ ਪਹੁੰਚੇ, ਅਰਜ਼ ਕੀਤੀ, ਮਹਾਰਾਜ! ਇਲਾਕੇ ਦੇ ਸਿੱਖ ਸਰਦਾਰਾਂ ਨੇ ਇਕੱਠੇ ਹੋ ਲੈ ਦੇ ਕੇ ਇੱਕ ਸਕੂਲ ਬਣਾਇਆ ਸੀ ਨਾਭੇ, ਉਹ ਵੀ ਆਰਥਿਕ ਪੱਖ ਤੋਂ ਫੇਲ੍ਹ ਹੁੰਦਾ ਜਾ ਰਿਹਾ, ਆਪ ਮਿਹਰ ਕਰੋ ਉਹ ਜੀਵਤ ਰਹਿ ਕੇ ਇਲਾਕੇ ਉਪਰ ਕੁਝ ਸੇਵਾ ਪਰਉਪਕਾਰ ਕਰਦਾ ਰਹੇ, ਵਰਨਾਂ ਹੁਣ ਉਸਦੇ ਹੋਰ ਜਿੰਦਾ ਰਹਿਣ ਦੀ ਕੋਈ ਆਸ ਨਹੀਂ। ਹਜ਼ੂਰ ਸੁਣ ਕੇ ਚੁੱਪ ਮੁਦਰਾ ਵਿੱਚ ਬੈਠੇ ਕੁੱਝ ਸੋਚ ਰਹੇ ਹਨ, ਐਸਾ ਲੱਗ ਰਿਹਾ ਹੈ, ਜਿਵੇਂ ਉਸ ਸਕੂਲ ਦੇ ਰੋਗ ਗਿਣ ਰਹੇ ਹੋਣ, ਕਿ ਇਕ ਇਹੀ ਰੋਗ ਹੈ ਜਿਸ ਦੀ ਇਹ ਲੋਕ ਗੱਲ ਕਰ ਰਹੇ ਹਨ ਜਾਂ ਇਹ ਵਿਚਾਰਾ ਹੋਰ ਰੋਗਾਂ ਦਾ ਵੀ

ਸ਼ਿਕਾਰ ਹੈ ? ਹਜ਼ੂਰ ਇਨ੍ਹਾਂ ਪ੍ਰੇਮੀਆਂ ਨੂੰ ਕੋਈ ਜਵਾਬ ਨਹੀਂ ਦੇ ਰਹੇ, ਲੇਕਿਨ ਆਪਣੀ ਮੌਜ ਵਿੱਚ ਚਿਹਰੇ ਤੇ ਕਦੇ ਹਲਕਾ ਮੁਸਕਾਨ ਆ ਜਾਂਦਾ ਹੈ, ਕਦੇ ਗੰਭੀਰਤਾ, ਜਿਸ ਨੂੰ ਤੱਕਿਆਂ ਕੁੱਝ ਇਉਂ ਪ੍ਰਤੀਤ ਦਿੰਦਾ ਹੈ, ਜਿਵੇਂ ਹਜ਼ੂਰ ਚੁੱਪ ਦੇ ਇਸ਼ਾਰੇ ਵਿੱਚ ਹੀ ਕਹਿ ਰਹੇ ਹੋਣ, ਕਿ ਇਹ ਵਿਚਾਰੇ ਭੋਲੇ ਨੇ ਭੋਲੇ ! ਜਿਸ ਰੋਗ ਦੇ ਇਹ ਡਰਾਏ ਹੋਏ ਹਨ, ਉਹ ਤਾਂ ਇੱਕ ਪੁੜੀ ਨਾਲ ਹੀ ਕਾਫੂਰ ਹੋ ਜਾਏਗਾ, ਕਿਉਂਕਿ ਉਹ ਰੋਗ ਵੱਡਾ ਨਹੀਂ। ਖਈ ਰੋਗ ਤਾਂ ਇਸ ਦੇ ਹੱਡਾਂ ਵਿੱਚ ਇੱਕ ਹੋਰ ਉਤਰਿਆ ਹੋਇਆ ਹੈ, ਜਿਹੜਾ ਇਸ ਨੂੰ ਮੰਜੇ ਤੇ ਲਿਟਾ ਦੇਵੇਗਾ, ਫਿਰ ਇਸ ਦੀ ਹਾਲਤ ਉਹ ਹੋ ਜਾਵੇਗੀ ਕਿ ਨਾ ਜਿਉਂਦਿਆਂ ਵਿੱਚ ਨਾ ਮਰਦਿਆਂ ਵਿੱਚ। ਖੈਰ ਹਜ਼ੂਰ ਨੇ ਚੁੱਪ ਖੋਲ੍ਹੀ ਆਪਣੇ ਪਰਉਪਕਾਰੀ ਸੁਭਾ ਅਨੁਸਾਰ **ਜੋ ਸਰਨ ਆਵੈ ਤਿਸ ਕੰਠਿ ਲਾਵੈ** ਵਾਲੀ ਪੁਰਾਤਨ ਰੀਤੀ ਮੁਤਾਬਿਕ ਇਨ੍ਹਾਂ ਵਿਚਾਰਿਆਂ ਦੀ ਮਾਇਆ ਵਾਲੀ ਇੱਕ ਛੋਟੀ ਜਿਹੀ ਮੰਗ, ਜੋ ਹਜ਼ੂਰ ਦੇ ਚਰਨਾਂ ਵਿੱਚ ਦਿਨ ਰਾਤ ਬੜੀ ਨਿਮਰਤਾ ਨਾਲ ਝਾੜੂ ਦੀ ਸੇਵਾ ਕਰਕੇ ਆਪਣੇ ਧੰਨਭਾਗ ਸਮਝਦੀ ਸੀ ਨੂੰ ਹੁਕਮ ਕਰ ਦਿੱਤਾ, ਇਨ੍ਹਾਂ ਪ੍ਰੇਮੀਆਂ ਦਾ ਕਾਰਜ ਰਾਸ ਕਰਨ ਲਈ। ਇਨ੍ਹਾਂ ਵਿਚਾਰਿਆਂ ਦੀ ਮੰਗ ਵੀ ਕੇਵਲ ਇਹੀ ਸੀ, ਮਾਇਆ ਦੇ ਦੁੱਖ ਤੋਂ ਛੁਟਕਾਰਾ। ਚੰਗਾ ਹੁੰਦਾ ਅੱਜ ਇਹ ਦਿਆਲੂ ਦਾਤੇ ਤੋਂ ਸਕੂਲ ਰੂਪੀ ਮਰੀਜ਼ ਦੀਆਂ ਸਾਰੀਆਂ ਬੀਮਾਰੀਆਂ ਦੀ ਦਵਾਈ ਮੰਗ ਲੈਂਦੇ। ਖੈਰ ਸਾਹਿਬ ਨੂੰ ਇਹੀ ਭਾਉਂਦਾ ਸੀ, ਇਸ ਲਈ ਪਵਿੱਤਰ ਮੁੱਖ ਤੋਂ ਹੁਕਮ ਕਰ ਦਿੱਤਾ ਕਿ ਆਦਿ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦਾ ਸ੍ਰੀ ਅਖੰਡ ਪਾਠ ਸਾਹਿਬ ਕਰੋ। ਇਲਾਕੇ ਦੀਆਂ ਅਤੇ ਬਾਹਰਲੀਆਂ ਸੰਗਤਾਂ ਨੂੰ ਭੋਗ ਦੇ ਸੱਦੇ-ਪੱਤਰ ਭੇਜ ਦਿਉ, ਤੁਹਾਡੀ ਮਾਇਆ ਵਾਲੀ ਲੋੜ ਮਾਇਆ ਦੇ ਖਜ਼ਾਨਿਆਂ ਦੇ ਮਾਲਕ ਗੁਰੂ ਨਾਨਕ ਸਾਹਿਬ ਪੂਰੀ ਕਰ ਦੇਣਗੇ। ਪ੍ਰੇਮੀ ਬਹੁਤ ਖੁਸ਼ ਹੋਏ, ਕਿਉਂਕਿ ਉਨ੍ਹਾਂ ਦੇ ਸਾਹਮਣੇ ਇਹੀ ਇੱਕ ਵੱਡਾ ਰੋਗ ਸੀ ਜਿਸ ਦੀ ਦਵਾਈ ਮਰੀਜ਼ ਨੂੰ ਮਿਲ ਗਈ।

ਪ੍ਰਬੰਧਕ ਸੱਜਨ ਹੋਰ ਵੱਡੇ ਅਧਰੰਗ ਵਰਗੇ ਰੋਗ ਜਿਨ੍ਹਾਂ ਦਾ ਅਜੇ ਮਰੀਜ਼ ਤੇ ਹਮਲਾ ਨਹੀਂ ਸੀ ਹੋਇਆ, ਉਨ੍ਹਾਂ ਤੋਂ ਅਜੇ ਨਾ-ਵਾਕਫ ਸਨ। ਖੈਰ ਹੁਕਮ ਅਨੁਸਾਰ ਨੀਯਤ ਦਿਨ ਤੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋ ਗਿਆ, ਜਿਸ ਵਿੱਚ ਮਹਾਂਪੁਰਸ਼ਾਂ ਦੀਆਂ ਬਖਸ਼ਿਸ਼ਾਂ ਨਾਲ ਮਾਲਾ-ਮਾਲ ਹੋਇਆ, ਖੁਸ਼ ਨਸੀਬ ਪਿੰਡ ਖੋਖ, ਕੋਟਲੀ ਵੱਲੋਂ ਪਾਠੀਆਂ ਦੀ ਸੇਵਾ ਦੇ ਨਾਲ-ਨਾਲ ਲੰਗਰ ਆਦਿਕ ਦੀ ਨੱਬੇ ਫੀਸਦੀ ਸੇਵਾ ਦਾ ਯੋਗਦਾਨ ਪਾਇਆ ਗਿਆ। ਖੈਰ ਭੋਗ ਵਾਲੇ ਦਿਨ ਇਲਾਕੇ ਦੀਆਂ ਸੰਗਤਾਂ ਚੋਖੀ ਗਿਣਤੀ ਵਿੱਚ ਆਈਆਂ ਹੋਈਆਂ ਹੀ ਸਨ, ਪਰੰਤੂ ਕਰਨਾਲ ਆਦਿਕ ਦੂਰ-ਦੂਰ ਥਾਵਾਂ ਤੋਂ ਉਹ ਸੰਗਤਾਂ ਵੀ ਪਹੁੰਚੀਆਂ ਜਿਨ੍ਹਾਂ ਦਾ ਇਸ ਸਕੂਲ ਨਾਲ ਦੂਰ ਦਾ ਵੀ ਵਾਸਤਾ ਨਹੀਂ ਸੀ, ਬਲਕਿ ਇਸ ਲਈ ਆਈਆਂ ਹਨ ਕਿ ਵਿਰੱਕਤ ਮਹਾਰਾਜ ਜੀ ਸਕੂਲ ਵਿੱਚ ਅਖੰਡ ਪਾਠ ਕਰਵਾ ਰਹੇ ਹਨ। ਭੋਗ ਉਪਰੰਤ ਹਜ਼ੂਰ ਨੇ ਬਹੁਤ ਦਿਲ ਟੁੰਬਵੀਂ ਕਥਾ ਕੀਤੀ, ਜਿਸ ਵਿੱਚ ਆਪ ਨੇ ਗੁਰੂ ਨਾਨਕ ਦੇ ਘਰ ਵਿੱਚ ਸੇਵਾ ਦੀ ਮਹਾਨਤਾ ਦਰਸਾਉਂਦਿਆਂ ਫੁਰਮਾਇਆ, ਕਿ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਨੇ ਆਪਣੇ ਨਾਮ ਲੇਵਾ ਸਿੱਖਾਂ ਵਿੱਚ ਸੇਵਾ ਦਾ ਜਜ਼ਬਾ ਤਾਂ ਕੁੱਟ-ਕੁੱਟ ਕੇ ਭਰ ਦਿੱਤਾ। ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਨੇ ਇਨ੍ਹਾਂ ਜੀਵਾਂ ਦੇ ਉਧਾਰ ਲਈ ਸ੍ਰੀ ਹਰਿਮੰਦਰ ਸਾਹਿਬ ਦੀ ਰਚਨਾ ਕੀਤੀ। ਉਨ੍ਹਾਂ ਦੇ ਸਿੱਖ ਸੇਵਕਾਂ ਨੇ ਆਪਣੇ ਪਿਆਰੇ ਗੁਰੂ ਦੇ ਮੰਦਰ ਨੂੰ ਦੁਨੀਆਂ ਭਰ ਦੇ ਮੰਦਰਾਂ ਵਿੱਚੋਂ, ਸੁੰਦਰ ਸੋਨੇ ਜੜਤ ਬਣਾਉਣ ਲਈ ਆਪਣੇ ਤਨ ਦੇ ਜ਼ੇਵਰਾਤ ਉਤਾਰ ਕੇ ਗੁਰੂ ਚਰਨਾਂ ਵਿੱਚ ਨਿਸ਼ਾਵਰ ਕਰ ਦਿੱਤੇ। ਹਜ਼ੂਰ ਦੇ ਮੁੱਖ ਤੋਂ ਐਸਾ ਸੁਣਦਿਆਂ ਹੀ ਕਰਨਾਲ ਤੋਂ ਭਗਤ ਲੱਭਾ ਰਾਮ ਦੇ ਘਰੋਂ ਮਾਈ ਕਰਤਾਰ ਕੌਰ ਨੇ ਆਪਣੇ ਹੱਥਾਂ ਵਿੱਚ ਪਹਿਨੀਆਂ ਹੋਈਆਂ ਸੋਨੇ ਦੀਆਂ ਚੂੜੀਆਂ ਉਤਾਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਭੇਟਾ ਕਰ ਦਿੱਤੀਆਂ। ਉਸ ਨੂੰ ਦੇਖ ਕੇ ਕਰਨਾਲ ਤੋਂ ਆਈਆਂ ਹੋਰ ਮਾਈਆਂ ਨੇ ਵੀ ਆਪੋ ਆਪਣੇ ਜ਼ੇਵਰ ਉਤਾਰ ਕੇ ਗੁਰੂ ਚਰਨਾਂ ਵਿੱਚ ਭੇਟਾ ਕਰ ਦਿੱਤੇ ਅਤੇ ਸੰਗਤਾਂ ਨੇ ਵੀ ਗੁਰੂ ਗ੍ਰੰਥ ਸਾਹਿਬ ਦੇ ਤਾਬੇ ਮਾਇਆ ਦੇ ਗੁੰਜਾਰ ਲਾ ਦਿੱਤੇ। ਹਜ਼ੂਰ ਦੀ ਕਥਾ ਸਮਾਪਤੀ ਤੋਂ ਬਾਅਦ ਗੁਰੂ ਕੇ ਲੰਗਰ ਦੇ ਖੁੱਲ੍ਹੇ ਭੰਡਾਰੇ ਵਰਤਾਏ ਗਏ। ਇਸ ਪ੍ਰਕਾਰ ਸਕੂਲ ਦੇ ਸਾਰੇ ਖਰਚੇ ਪੂਰੇ ਕਰਨ ਲਈ ਕਰੀਬ ਇੱਕ ਸਾਲ ਦੀ ਮਾਇਆ ਜਮ੍ਹਾਂ ਹੋ ਗਈ। ਪਿਛਲੇ ਸਾਰੇ ਕਰਜ਼ੇ ਉਤਰ ਗਏ। ਅੱਗੇ ਵਾਸਤੇ ਹਜ਼ੂਰ ਨੇ ਹੁਕਮ ਕੀਤਾ ਕਿ ਸਕੂਲ ਲਈ ਕਿਸੇ ਅੱਗੇ ਹੱਥ ਨਾ ਕਰਨੇ ਪੈਣ, ਇਸ ਲਈ ਅਲੌਹਰਾਂ ਗੇਟ ਤੋਂ ਸਉਣੀ ਵੱਲ ਨੂੰ ਜਾ ਰਹੀ ਮੁੱਖ ਸੜਕ ਤੇ ਦੁਕਾਨਾਂ ਬਣਾ ਕੇ ਕਿਰਾਏ ਤੇ ਚਾੜ੍ਹ ਦਿਉ, ਤਾਂ ਕਿ ਉਸ ਪੈਸੇ ਨਾਲ ਇਹ ਵਿਚਾਰਾ ਆਪਣਾ ਗੁਜ਼ਾਰਾ ਕਰਦਾ ਹੋਇਆ ਕਿਸੇ ਹੋਰ ਦਾ ਮੁਥਾਜ ਨਾ ਹੋਵੇ। ਬਸ ਹੁਕਮ ਦੀ ਦੇਰ ਸੀ ਸੰਗਤਾਂ ਨੇ ਦੁਕਾਨਾਂ ਬਨਾਉਣ ਦੀ ਸੇਵਾ ਲੈਣੀ ਸ਼ੁਰੂ ਕਰ ਦਿੱਤੀ, ਸਭ ਤੋਂ ਪਹਿਲਾਂ ਮਹਾਂਪੁਰਸ਼ਾਂ ਦੀ ਬਖਸ਼ਿਸ਼ ਨਾਲ ਭਰਪੂਰ ਪਿੰਡ ਖੋਖ ਕੋਟਲੀ ਨੇ ਛੇ ਦੁਕਾਨਾਂ

ਦੀ ਸੇਵਾ ਕਰਵਾਈ, ਬੂਹੀ ਪਿੰਡ ਤੋਂ ਸਰਦਾਰ ਪ੍ਰੀਤਮ ਸਿੰਘ ਜੀ ਨੇ ਇੱਕ, ਸੰਤ ਸਰੂਪ ਸਿੰਘ ਜੀ ਬੂਹੀ ਵਾਲਿਆਂ ਨੇ ਇੱਕ, ਸੰਗਤ ਅਲੌਹਰਾਂ ਵੱਲੋਂ ਇੱਕ, ਅਤੇ ਸੰਗਤ ਨਾਭਾ ਵੱਲੋਂ ਇੱਕ, ਇਤਿਆਦਿਕ ਹੋਰ ਸੰਗਤਾਂ ਨੇ ਰਲ ਮਿਲ ਕੇ ਕੁੱਲ ਪੈਂਤੀ ਦੁਕਾਨਾਂ ਦੀ ਸੇਵਾ ਸੰਪੂਰਨ ਕਰ ਦਿੱਤੀ, ਯਾਨੀ ਸਕੂਲ ਕੋਲ ਹੁਣ ਪੈਂਤੀ ਦੁਕਾਨਾਂ ਤਿਆਰ ਹੋ ਕੇ ਕਿਰਾਏ ਤੇ ਚੜ੍ਹ ਗਈਆਂ। ਬਸ ਹੁਣ ਇਸ ਸਕੂਲ ਨੂੰ ਆਪਣੇ ਨਿੱਤ ਦੇ ਖਰਚੇ ਪੂਰੇ ਕਰਨ ਲਈ ਮਾਨੋਂ ਪੱਕੀ ਪੈਨਸ਼ਨ ਲੱਗ ਗਈ, ਯਾ ਇਉਂ ਸਮਝੋ ਕਿ ਸਕੂਲ ਆਪਣੇ ਬਦਨ ਨੂੰ ਲੱਗੇ ਆਰਥਿਕ ਕੰਗਾਲੀ ਦੇ ਰੋਗ ਤੋਂ ਪੂਰਨ ਤੌਰ ਤੇ ਤੰਦਰੁਸਤ ਹੋ ਗਿਆ। ਇਸੇ ਰੋਗ ਦੀ ਨਵਿਰਤੀ ਲਈ ਇਸ ਨੇ ਰੂਹਾਨੀ ਵੈਦ ਤੋਂ ਦਵਾਈ ਦੀ ਮੰਗ ਕੀਤੀ ਸੀ, ਜੋ ਘਟ-ਘਟ ਕੀ ਜਾਨਣਹਾਰ ਨੇ ਰੋਗ ਨਵਿਰਤ ਕਰਕੇ ਪੂਰੀ ਕਰ ਦਿੱਤੀ। ਇਸ ਤੋਂ ਬਾਅਦ ਵੀ ਹਜ਼ੂਰ ਸਮੇਂ-ਸਮੇਂ ਅਖੰਡ ਪਾਠ ਸਾਹਿਬ ਕਰਵਾ ਕੇ ਇਸ ਵਿਚਾਰੇ ਨੂੰ ਖਾਧ ਖੁਰਾਕ ਦਿੰਦੇ ਰਹੇ।

ਮਾਇਆ ਦੀ ਤੰਗੀ ਤਾਂ ਸ਼ਾਇਦ ਇਸ ਨੂੰ ਮੁੜ ਕੇ ਕਦੇ ਮਹਿਸੂਸ ਨਹੀਂ ਹੋਈ। ਹਜ਼ੂਰ ਦੇ ਇਸ ਸੰਸਾਰ ਨਾਟ ਵਿੱਚ ਵਿਚਰਦਿਆਂ ਇਹ ਹਰਿਆ ਭਰਿਆ ਖੁਸ਼ਹਾਲ ਜੀਵਨ ਬਸਰ ਕਰਦਾ ਰਿਹਾ, ਲੇਕਿਨ ਹਜ਼ੂਰ ਦੇ ਸਰੀਰਕ ਲੀਲਾ ਸੰਕੋਚਦਿਆਂ ਹੀ ਇਸ ਦੇ ਸਰੀਰ ਤੇ ਇੱਕ ਅੰਦਰੂਨੀ ਰੋਗ ਨੇ ਹਮਲਾ ਬੋਲ ਦਿੱਤਾ, ਜਿਸ ਨਾਲ ਇਹ ਵਿਚਾਰਾ ਅਧਰੰਗ ਦਾ ਮਰੀਜ਼ ਹੋ ਕੇ ਅੱਜ ਕੱਲ ਮੰਜੇ ਤੇ ਪਿਆ ਆਪਣੇ ਕਰਮਾਂ ਨੂੰ ਰੋ ਰਿਹਾ ਹੈ। ਨਾ ਵਿਚਾਰੇ ਦੇ ਪ੍ਰਾਣ ਪੂਰੇ ਹੁੰਦੇ ਹਨ, ਨਾ ਰੋਗ ਹੱਟਦਾ ਹੈ, ਕਾ.....ਸ਼! ਉਸੇ ਸਮੇਂ ਰੂਹਾਨੀ ਵੈਦ ਤੋਂ ਸਾਰੇ ਰੋਗਾਂ ਦੀ ਦਵਾਈ ਮੰਗ ਲਈ ਜਾਂਦੀ।

## ਹਰੀ, ਦਾਤਾ ਹੈ ਮੰਗਤਾ ਨਹੀਂ

ਹਰੀ ਪ੍ਰਮਾਤਮਾ ਵਿੱਚ ਜਿਥੇ ਦਿਆਲੂ, ਕ੍ਰਿਪਾਲੂ, ਬਖਸ਼ਿੰਦ ਆਦਿਕ ਬੇਅੰਤ ਗੁਣ ਹਨ, ਉਥੇ ਇੱਕ ਗੁਣ ਹੋਰ ਵੀ ਹੈ, ਦਾਤਾਪਨ ਯਾਨੀ ਕੇਵਲ ਦੇਣਾ, ਇਹ ਗੁਣ ਜੀਵ ਵਿੱਚ ਹਰਗਿਜ਼ ਨਹੀਂ ਹੁੰਦਾ। ਜੀਵ ਵਿੱਚ ਇਸ ਤੋਂ ਉਲਟ ਗੁਣ ਹੁੰਦਾ ਹੈ, ਕੇਵਲ ਲੈਣਾ, ਬਸ ਜੀਵ ਦਾ ਅਤੇ ਹਰੀ ਦਾ ਇਤਨਾ ਹੀ ਅੰਤਰ ਹੈ।

ਅਗਰ ਕਿਸੇ ਜੀਵ ਵਿੱਚ ਦਾਨ ਬਿਰਤੀ ਹੋਣ ਕਰਕੇ ਸੁਭਾਵ ਵਿੱਚ ਦੇਣਾਪਨ ਹੋਵੇ ਵੀ, ਤਾਂ ਵੀ ਉਸ ਪਿੱਛੇ ਕੁੱਝ ਲੈਣ ਦੀ ਚਾਹ ਅਤੇ ਸੂਖਸ਼ਮ ਹੰਕਾਰ ਜ਼ਰੂਰ ਛੁਪਿਆ ਹੁੰਦਾ ਹੈ, ਜੋ ਸਮੇਂ-ਸਮੇਂ ਪ੍ਰਗਟ ਵੀ ਹੁੰਦਾ ਰਹਿੰਦਾ ਹੈ। ਅਗਰ ਗੁਰੂ ਕ੍ਰਿਪਾ ਦੁਆਰਾ ਜੀਵ ਦੇ ਅੰਦਰ ਕੇਵਲ ਦੇਣ ਦਾ ਸੁਭਾਵ ਉਤਰ ਜਾਵੇ, ਤਾਂ ਜੀਵ, ਜੀਵ ਨਹੀਂ ਰਹਿ ਜਾਂਦਾ ਬਲਕਿ **ਹਰਿ ਹਰਿ ਜਨੁ ਦੁਇ ਏਕ ਹੈ** ਵਾਲੀ ਅਵਸਥਾ ਘਟਿਤ ਹੋ ਜਾਂਦੀ ਹੈ। ਇਸ ਲਈ ਗੁਰੂ ਘਰ ਵਿੱਚ ਮਿਥ ਕੇ ਦਸਵੰਧ ਕੱਢਣ ਵਾਲਾ ਸਿਧਾਂਤ ਪਰਮਾਰਥ ਦੀ ਪਹਿਲੀ ਪੌੜੀ ਵਿੱਚ ਹੀ ਸਿੱਖ ਨੂੰ ਪਕਾਇਆ ਜਾਂਦਾ ਹੈ ਤਾਂ ਕਿ ਕੇਵਲ ਦੇਣਾ, ਇਸ ਦੇ ਸੁਭਾਵ ਵਿੱਚ ਉਤਰ ਜਾਵੇ, ਫਿਰ ਇਹ ਸਹਿਜੇ-ਸਹਿਜੇ **ਜੀਉ ਪਿੰਡ ਸਭ ਤੇਰੀ ਰਾਸਿ** ਵਾਲੇ ਸਿਧਾਂਤ ਨੂੰ ਸਮਝਦਾ ਹੋਇਆ, ਆਪਾ ਸਮਰਪਿਤ ਕਰ ਦੇਵੇ, ਬਸ ਫਿਰ ਜੀਵਪਣੇ ਦੀ ਵੱਖਰੀ ਹੋਂਦ ਮਿਟ ਜਾਂਦੀ ਹੈ, ਇਸ ਦੇ ਮਿਟਦੇ ਹੀ ਜਨਮ-ਮਰਨ ਆਦਿ ਅਨਹੋਏ ਤਮਾਮ ਦੁੱਖ ਆਪਣਾ ਬੋਰੀਆਂ ਬਿਸਤਰਾ ਬੰਨ੍ਹ ਕੇ ਚੱਲੇ ਜਾਂਦੇ ਹਨ, ਮਨੁੱਖ ਜਨਮ ਧਾਰਨ ਕੀਤਾ, ਸਫਲ ਹੋ ਜਾਂਦਾ ਹੈ। ਲੇਕਿਨ ਇਕ ਕਾਰਜ ਥੋੜ੍ਹਾ ਹੈ ਕਠਨ ਕਿਉਂਕਿ ਜੀਵ ਹੰਕਾਰ ਦਾ ਪੁਤਲਾ ਹੋਣ ਕਰਕੇ ਆਪਣੀ ਹਉਂ ਨਹੀਂ ਛੱਡਦਾ, ਬਲਕਿ ਜੀਵ ਅਤੇ ਹੰਕਾਰ ਇੱਕ ਹੀ ਵਸਤੂ ਦੇ ਦੋ ਨਾਮ ਹਨ। ਅਗਰ ਹੰਕਾਰ ਪੂਰਨ ਤੌਰ ਤੇ ਨਸ਼ਟ ਹੋ ਜਾਵੇ, ਤਾਂ ਜੀਵ ਵੀ ਨਹੀਂ ਰਹੇਗਾ, ਸ਼ੇਸ਼ ਇਕ ਅਦਵੈਤ ਵਸਤੂ ਹੀ ਸਥਿਤ ਰਹਿ ਜਾਏਗੀ, ਹਰ ਪ੍ਰਕਾਰ ਦੀ ਦਵੈਤ ਮਿਟ ਜਾਏਗੀ। ਇਸ ਅਨੰਦਮਈ ਅਵਸਥਾ ਵਿੱਚ ਸਥਿਤ ਕਰਨ ਲਈ ਹੀ ਜੀਵਾਂ ਨੂੰ ਸਤਪੁਰਸ਼ ਬਾਰ-ਬਾਰ ਜਗਾਉਂਦੇ ਰਹਿੰਦੇ ਹਨ। ਕਈ ਤਰੀਕੇ, ਕੌਤਕ ਵਰਤਾ ਕੇ ਜੀਵਾਂ ਨੂੰ ਇਹ ਦ੍ਰਿੜ ਕਰਵਾਉਂਦੇ ਰਹਿੰਦੇ ਹਨ ਕਿ ਹਰੀ ਆਪਣੇ ਦਾਤਾਪਨ ਸੁਭਾਵ ਵਿੱਚ ਹਮੇਸ਼ਾਂ ਸਥਿਤ ਰਹਿੰਦਾ ਹੈ। ਕਦੇ ਰੰਚਕ ਮਾਤਰ ਵੀ ਆਪਣੀ ਦਾਤਾਪਨ ਦੀ ਸਥਿਤੀ ਦਾ ਤਿਆਗ ਕਰਕੇ ਜੀਵਾਂ ਵਾਲੀ ਮੰਗਤਾਪਨ ਬਿਰਤੀ ਅੰਗੀਕਾਰ ਨਹੀਂ ਕਰਦਾ। ਲੇਕਿਨ ਜੀਵ ਦੀ ਆਪਣੀ ਬਿਰਤੀ ਭਰਮਮਈ ਹੋਣ ਕਰਕੇ ਸਤਪੁਰਸ਼ਾਂ ਦੇ ਜੀਵਨ ਤੇ ਵੀ ਕਈ ਵਾਰ ਸ਼ੱਕ ਕਰ ਬਹਿੰਦਾ ਹੈ, ਕਿ ਸ਼ਾਇਦ ਇਹਨਾਂ ਨੂੰ ਵੀ ਕੋਈ ਗਰਜ਼ ਹੈ ਸਾਡੇ ਧਨ-ਪਦਾਰਥਾਂ ਨਾਲ, ਬਸ ਇਹੀ ਜੀਵਪਣਾ ਹੈ ਅਤੇ ਜਨਮ ਮਰਨ ਆਦਿ ਅਨੰਤ ਦੁੱਖਾਂ ਵਿੱਚ ਪਾਉਣ ਵਾਲੀ ਇਹੀ ਇਸਦੀ ਭੁੱਲ ਹੈ, ਪ੍ਰਕਾਸ਼ ਨੂੰ ਅੰਧਕਾਰ ਮੰਨ ਬੈਠਣਾ, ਜਾਗਦੇ ਨੂੰ ਸੁੱਤਾ ਸਮਝਣਾ, ਸ਼ਹਿਨਸ਼ਾਹ ਨੂੰ ਕੰਗਾਲ ਦੇਖਣਾ, ਦਾਤੇ ਨੂੰ ਮੰਗਤਾ ਮੰਨ ਬੈਠਣਾ, ਸੁਤੰਤਰ ਮੌਜੀ ਨੂੰ ਕਿਸੇ ਬੰਧਨ ਵਾਲਾ ਸਮਝ ਲੈਣਾ, ਇਤਿਆਦਿਕ।

ਦੇਖੋ, ਅੱਜ ਐਸਾ ਹੀ ਕਿਸੇ ਜੀਵ ਦਾ ਸੰਕਾ ਨਵਿਰਤ ਕਰ ਰਹੇ ਹਨ। ਹੋਇਆ ਇੰਜ, ਕਿ ਮਹੰਤ ਆਤਮਾ ਸਿੰਘ ਜੀ ਦੀ 1974 ਵਿੱਚ ਰਿਸ਼ੀਕੇਸ਼ ਪਹਿਲੀ ਬਰਸੀ ਮਨਾਈ ਜਾ ਰਹੀ ਸੀ। ਇਸ ਬਰਸੀ ਤੇ ਪੂਜਯ ਵਿਰੱਕਤ ਮਹਾਰਾਜ ਜੀ ਵੀ ਪਹੁੰਚੇ ਹੋਏ ਸਨ ਅਤੇ ਕਾਫੀ ਗਿਣਤੀ ਵਿੱਚ ਸਿੰਧੀ, ਪੰਜਾਬੀ ਸੰਗਤਾਂ ਵੀ ਆਈਆਂ ਹੋਈਆਂ ਸਨ। ਬਰਸੀ ਦੀ ਸਮਾਪਤੀ ਤੇ ਵਿਰੱਕਤ ਮਹਾਰਾਜ ਜੀਆਂ ਦਾ ਵਿਚਾਰ ਹੁਸ਼ਿਆਰਪੁਰ ਜਾਣ ਦਾ ਸੀ। ਜਦੋਂ ਮਾਈ ਕਰਤਾਰ ਕੌਰ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸਨੇ ਆਪਣੇ ਸਪੁੱਤਰ ਅਮਰੀਕ ਚੰਦ ਚਾਵਲਾ ਨੂੰ ਕਿਹਾ, ਕਿ ਪੁੱਤਰ! ਤੂੰ ਮਹਾਰਾਜ ਜੀਆਂ ਨੂੰ ਆਪਣੀ ਕਾਰ ਵਿੱਚ ਹੁਸ਼ਿਆਰਪੁਰ ਛੱਡ ਆ। ਅਮਰੀਕ ਚੰਦ ਬੋਲਿਆ, ਮਾਂ! ਮੈਂ ਜੋ ਪੈਸੇ ਨਾਲ ਲੈ ਕੇ ਆਇਆ ਸੀ ਕੁਝ ਛੇਤਰ (ਲੰਗਰ) ਅਤੇ ਕੁਝ ਇਧਰ-ਉਧਰ ਸਭ ਖਰਚ ਕਰ ਦਿੱਤੇ, ਲੇਕਿਨ ਸਫਰ ਵਿੱਚ ਪੈਸਾ ਬਹੁਤ ਜ਼ਰੂਰੀ ਹੈ।

ਮਾਤਾ ਨੇ ਰੁੱਗ ਭਰ ਕੇ ਆਪਣੀ ਜੇਬ ਵਿੱਚੋਂ ਨੋਟ ਕੱਢੇ, ਬਿਨ੍ਹਾਂ ਗਿਣੇ ਹੀ ਅਮਰੀਕ ਚੰਦ ਨੂੰ ਦੇ ਦਿੱਤੇ। ਅਮਰੀਕ ਚੰਦ ਜੀ ਨੇ ਪੈਸੇ ਜੇਬ ਵਿੱਚ ਪਾ ਕੇ ਹਜ਼ੂਰ ਦੇ ਚਰਨਾਂ ਵਿੱਚ ਅਰਜ਼ ਕੀਤੀ, ਮਹਾਰਾਜ! ਹੁਸ਼ਿਆਰਪੁਰ ਆਪ ਜੀ ਨੂੰ ਮੈਂ ਛੱਡ ਕੇ ਆਵਾਂਗਾ, ਜਦੋਂ ਤੁਰਨਾਂ ਹੋਵੇ ਹੁਕਮ ਕਰ ਦਿਉ! ਹਜ਼ੂਰ ਸੁਣ ਕੇ ਥੋੜ੍ਹਾ ਮੁਸਕਰਾਏ, ਮਾਨੋਂ ਕਹਿ ਰਹੇ ਹਨ, ਸਾਨੂੰ ਤੂੰ ਛੱਡ ਕੇ ਆਵੇਂਗਾ? ਅਰਸ਼ਾ ਕੁਰਸ਼ਾਂ ਦੇ ਮਾਲਕ ਨੇ ਹੁਕਮ ਕਰ ਦਿੱਤਾ, ਸਾਡਾ ਸ਼ਾਮ ਨੂੰ ਪੰਜ ਕੁ ਵਜੇ ਤੁਰ ਦਾ ਵਿਚਾਰ ਹੈ, ਤੂੰ ਆਪਣਾ ਦੇਖ! ਅਮਰੀਕ ਚੰਦ ਜੀ ਬੋਲੇ, ਮਹਾਰਾਜ ਪੰਜ ਵਜੇ ਤੁਰ ਚਲਾਂਗੇ। ਜਦੋਂ ਹੁਸ਼ਿਆਰਪੁਰ ਨੂੰ ਚੱਲਣ ਲਈ ਸ਼ਾਮ ਨੂੰ ਪੰਜ ਵਜੇ ਹਜ਼ੂਰ ਗੱਡੀ ਵਿੱਚ ਸਵਾਰ ਹੋਏ, ਤਾਂ ਕਿਸੇ ਪ੍ਰੇਮੀ ਨੇ ਆਪ ਦੇ ਚਰਨਾਂ ਵਿੱਚ ਮਿਠਾਈ ਦਾ ਡੱਬਾ ਭੇਟਾਂ ਕੀਤਾ, ਅਮਰੀਕ ਚੰਦ ਨੇ ਚਰਨਾਂ ਵਿੱਚੋਂ ਡੱਬਾ ਚੁੱਕ ਕੇ ਗੱਡੀ ਵਿੱਚ ਅੱਗੇ ਰੱਖ ਲਿਆ। ਹਜ਼ੂਰ ਨੇ ਹੁਕਮ ਕੀਤਾ, ਭਾਈ ਪਾਉਂਟਾ ਸਾਹਿਬ ਵੱਲ ਨੂੰ ਚੱਲ, ਅੱਜ ਰਾਤ ਦਸ਼ਮੇਸ਼ ਪਿਤਾ ਦੇ ਚਰਨਾਂ ਵਿੱਚ ਉਥੇ ਹੀ ਗੁਜ਼ਾਰਾਂਗੇ। ਜਦੋਂ ਤੁਰਨ ਲੱਗੇ, ਤਾਂ ਇੱਕ ਸੰਤ ਹਜ਼ੂਰ ਨੇ ਨਾਲ ਹੋਰ ਬਿਠਾ ਲਿਆ। ਥੋੜ੍ਹਾ ਹਨੇਰਾ ਹੁੰਦੇ ਨੂੰ ਪਾਉਂਟਾ ਸਾਹਿਬ ਪਹੁੰਚ ਗਏ। ਦਰਬਾਰ ਸਾਹਿਬ ਨਮਸ਼ਕਾਰ ਕਰਨ ਉਪਰੰਤ ਮਹਾਰਾਜ ਜੀ ਨੇ ਬਚਨ ਕੀਤਾ, ਚੱਲੋ ਲੰਗਰ ਵਿੱਚੋਂ ਪ੍ਰਸ਼ਾਦਾ ਛਕੀਏ। ਤਿੰਨੇ ਜਣੇ ਜਦੋਂ ਲੰਗਰ ਵਿੱਚ ਜਾ ਕੇ ਪ੍ਰਸ਼ਾਦਾ ਛੱਕਣ ਲੱਗੇ, ਤਾਂ ਦਾਲ ਵਿੱਚ ਮਿਰਚ ਬਹੁਤ ਜ਼ਿਆਦਾ ਸੀ। ਹਜ਼ੂਰ ਨੇ ਦਾਲ ਵਾਲਾ ਬਾਟਾ ਚਿੱਪੀ ਦੇ ਪਾਣੀ ਨਾਲ ਭਰ ਲਿਆ, ਉਂਗਲੀ ਨਾਲ ਹਿਲਾ ਕੇ ਸਾਰਾ ਪੀ ਲਿਆ। ਉਧਰ ਦੂਸਰੇ ਸੰਤ ਅਤੇ ਚਾਵਲਾ ਨੇ ਵੀ ਜਿਵੇਂ ਕਿਵੇਂ ਕਰਕੇ ਦਾਲ ਅੰਦਰ ਲੰਘਾ ਤਾਂ ਲਈ, ਲੇਕਿਨ ਮੂੰਹ ਅਤੇ ਪੇਟ ਤੋਂ ਮਿਰਚ ਸਹਿਣ ਨਹੀਂ ਹੋ ਰਹੀ। ਸੀ-ਸੀ ਕਰਦੇ ਬਾਹਰ ਗੱਡੀ ਕੋਲ ਆ ਗਏ। ਹਜ਼ੂਰ ਇੱਕ ਮੰਜੇ ਉਪਰ ਬੈਠ ਗਏ ਤਾਂ ਚਾਵਲਾ ਨੇ ਬੇਨਤੀ ਕੀਤੀ, ਮਹਾਰਾਜ ਦਾਲ ਵਿੱਚ ਮਿਰਚ ਬਹੁਤ ਜ਼ਿਆਦਾ ਸੀ, ਜਿਸ ਨਾਲ ਮੂੰਹ ਅਤੇ ਪੇਟ ਜਲ ਰਹੇ ਹਨ, ਆਪ ਜੀ ਦਾ ਹਕਮ ਹੋਵੇ ਤਾਂ ਮੈਂ ਬਾਹਰੋਂ ਦੁਕਾਨ ਤੋਂ ਚੰਗਾ ਮਿਠਾ ਪਵਾ ਕੇ ਗਰਮ-ਗਰਮ ਦੁੱਧ ਲੈ ਆਵਾਂ, ਦੁੱਧ ਪੀਣ ਨਾਲ ਮਿਰਚ ਦਾ ਅਸਰ ਥੋੜ੍ਹਾ ਘੱਟ ਜਾਵੇਗਾ। ਹਜ਼ੂਰ ਬੋਲੇ, ਜੋ ਪ੍ਰਾਰਬਧ ਵਿੱਚ ਲਿਖਿਆ ਸੀ, ਮਿਲ ਗਿਆ, ਹੁਣ ਦੁੱਧ ਵਾਲਾ ਵਿਚਾਰ ਛੱਡ ਦੇ। ਥੋੜ੍ਹੀ ਦੇਰ ਬਾਅਦ ਚਾਵਲਾ ਨੇ ਫਿਰ ਬੇਨਤੀ ਕੀ, ਮਹਾਰਾਜ ਹੁਕਮ ਕਰ ਦਿਉ, ਦੁੱਧ ਲੈ ਆਵਾਂ! ਹਜ਼ੂਰ ਬੋਲੇ, ਤੂੰ ਸਰੀਰ ਵੱਲੋਂ ਧਿਆਨ ਹਟਾ ਕੇ ਕਲਗੀਧਰ ਪਾਤਿਸ਼ਾਹ ਦੇ ਚਰਨਾਂ ਨਾਲ ਮਨ ਜੋੜ ਕੇ ਦੇਖ, ਇਥੇ ਬੈਠ ਕੇ ਉਨ੍ਹਾਂ ਨੇ ਕੀ-ਕੀ ਕੌਤਕ ਵਰਤਾਏ ਸਨ। ਚਾਵਲਾ ਜੀ ਥੋੜ੍ਹੀ ਦੇਰ ਤਾਂ ਰੁੱਕੇ, ਪਰ ਮੂੰਹ ਅਤੇ ਪੇਟ ਵਿੱਚ ਮਿਰਚਾ ਨੇ ਯੁੱਧ ਮਚਾਇਆ ਹੋਇਆ ਸੀ ਇਸ ਲਈ ਫਿਰ ਬੇਨਤੀ ਕੀਤੀ, ਮਹਾਰਾਜ ਕ੍ਰਿਪਾ ਕਰ ਦਿਉ ਥੋੜ੍ਹਾ-ਥੋੜ੍ਹਾ ਦੁੱਧ ਛਕ ਲਈਏ, ਆਪ ਦਾ ਹੁਕਮ ਹੋ ਜਾਵੇ, ਮੈਂ ਬਾਹਰੋਂ ਦੁਕਾਨ ਤੋਂ ਲੈ ਆਵਾਂ? ਹਜ਼ੂਰ ਬੋਲੇ, ਭਾਈ ਤੇਰੀ ਮਰਜ਼ੀ। ਚਾਵਲਾ ਜੀ ਖੁਸ਼ ਹੋ ਕੇ ਬਾਹਰ ਦੁੱਧ ਲੈਣ ਵਾਸਤੇ ਗਏ, ਤਾਂ ਇੱਕ-ਇੱਕ ਦੁਕਾਨ ਤੇ ਪੁੱਛਿਆ, ਕਿਸੇ ਕੋਲੋਂ ਦੁੱਧ ਨਾ ਮਿਲਿਆ। ਨੇੜੇ ਦੇ ਬਾਜ਼ਾਰ ਵਿੱਚ ਸਾਰੇ ਢੂੰਢ ਭਾਲ ਕਰਕੇ ਆਖਰ ਨਿੰਮੋ-ਝੂਣਾ ਹੋਇਆ, ਖਾਲੀ ਹੱਥ ਮਹਾਰਾਜ ਜੀ ਦੇ ਚਰਨਾਂ ਵਿੱਚ ਪਹੁੰਚ ਗਿਆ। ਅਰਜ਼ ਕੀਤੀ, ਮਹਾਰਾਜ! ਕੀ ਕੌਤਕ ਵਰਤਾਇਆ ਕੋਈ ਇੱਕ ਛਟਾਂਕ ਦੁੱਧ ਦੇਣ ਲਈ ਤਿਆਰ ਨਹੀਂ ਹੋਇਆ। ਹਜ਼ੂਰ ਬੋਲੇ ਗੱਡੀ ਵਿੱਚ ਜਿਹੜਾ ਡੱਬਾ ਪਿਆ ਸੀ, ਉਸ ਵਿੱਚ ਦੇਖ ਕੀ ਹੈ? ਚਾਵਲਾ ਨੇ ਖੋਲ੍ਹ ਕੇ ਦਸਿਆ, ਮਹਾਰਾਜ ਮਠਿਆਈ ਹੈ, ਹਜ਼ੂਰ ਬੋਲੇ ਪਾ ਚਿੱਪੀ ਵਿੱਚ ਇਸ ਨੂੰ! ਸਾਰਾ ਡੱਬਾ ਚਿੱਪੀ ਵਾਲੇ ਪਾਣੀ ਵਿੱਚ ਘੋਲ ਕੇ ਚਾਵਲਾ ਨੂੰ ਪੁੱਛਿਆ, ਦੱਸ ਇਹ ਕੀ ਬਣ ਗਿਆ? ਚਾਵਲਾ ਬੋਲਿਆ, ਮਹਾਰਾਜ ਦੁੱਧ! ਹਜ਼ੂਰ ਨੇ ਹੁਕਮ ਕੀਤਾ, ਲਿਆ ਗਲਾਸ ਫਿਰ ਪੀਵੀਏ। ਤਿੰਨ ਗਲਾਸਾਂ ਵਿੱਚ ਪਾ ਕੇ ਤਿੰਨਾਂ ਨੇ ਪੀ ਲਿਆ।

ਇਸ ਪ੍ਰਕਾਰ ਰਾਤ ਕਲਗੀਧਰ ਪਾਤਿਸ਼ਾਹ ਦੇ ਚਰਨਾਂ ਵਿੱਚ ਗੁਜਾਰ ਕੇ ਸਵੇਰੇ ਪੰਜਾਬ ਵੱਲ ਨੂੰ ਚਾਲੇ ਪਾ ਦਿੱਤੇ। ਮੌਸਮ ਬਰਸਾਤਾਂ ਦਾ ਹੋਣ ਕਰਕੇ ਸਾਰੇ ਨਦੀਆਂ ਨਾਲੇ ਚੜ੍ਹੇ ਹੋਏ ਹਨ। ਪਾਉਂਟਾ ਸਾਹਿਬ ਤੋਂ ਜਗਾਧਰੀ ਦੇ ਵਿਚਾਲੇ ਇੱਕ ਦੋ ਨਦੀਆਂ ਸੜਕ ਦੇ ਉਪਰ ਦੀ ਲੰਘਦੀਆਂ ਹਨ, ਪਹਾੜ ਵਿੱਚ ਜ਼ੋਰਦਾਰ ਬਾਰਸ਼ ਹੋਣ ਨਾਲ ਇਨ੍ਹਾਂ ਵਿੱਚ ਵੀ ਪਾਣੀ ਬਹੁਤ ਤੇਜ਼ੀ ਨਾਲ ਬਹਿ ਰਿਹਾ ਹੈ, ਇਹ ਹੁੰਦਾ ਭਾਵੇਂ ਘੰਟੇ-ਦੋ-ਘੰਟੇ ਲਈ ਹੀ ਹੈ। ਚਾਵਲਾ ਨੇ ਧਿਆਨ ਨਾ ਕੀਤਾ, ਗੱਡੀ ਬੇ-ਧਿਆਨੇ ਹੋ ਕੇ ਤੇਜ਼ੀ ਨਾਲ ਬਹਿ ਰਹੀ ਨਦੀ ਵਿੱਚ ਠੇਲ ਦਿੱਤੀ। ਸਾਹਮਣੇ ਨਦੀ ਦੇ ਦੂਜੇ ਕਿਨਾਰੇ ਖੜ੍ਹਾ ਇੱਕ ਟਰੱਕ ਵਾਲਾ, ਕਾਰ ਰੋਕਣ ਲਈ ਹੱਥ ਨਾਲ ਇਸ਼ਾਰਾ ਕਰੀ ਜਾ ਰਿਹਾ ਹੈ, ਲੇਕਿਨ ਚਾਵਲਾ ਨੇ ਉਧਰ ਧਿਆਨ ਹੀ ਨਾ ਕੀਤਾ। ਜਦੋਂ ਸਾਹਮਣੇ ਨਜ਼ਰ ਮਾਰੀ ਤਾਂ ਟਰੱਕ ਵਾਲਾ ਇਸ਼ਾਰਾ ਕਰਦਾ ਦੇਖਿਆ, ਪਰ ਹੁਣ ਕੀ ਬਣ ਸਕਦਾ ਹੈ, ਗੱਡੀ ਵਿੱਚ ਤਾਕੀਆਂ ਰਾਹੀਂ ਪਾਣੀ ਵੜਣਾ ਸ਼ੁਰੂ ਹੋ ਗਿਆ, ਹੁਣ ਇੱਕ ਸੈਕਿੰਡ ਗੱਡੀ ਦਾ ਰੁਕਣਾ ਖਤਰੇ ਤੋਂ ਖਾਲੀ ਨਹੀਂ। ਪਾਣੀ ਦਾ ਵਹਾ ਇਤਨਾ ਤੇਜ਼ ਬਹਿ ਰਿਹਾ ਹੈ ਕਿ ਕਾਰ ਤਾਂ ਕੀ, ਟਰੱਕ ਵਾਲੇ ਵੀ ਦੇਖ ਕੇ ਭੈ-ਭੀਤ ਹੋ ਰਹੇ ਹਨ। ਅਜੇ ਕੱਲ ਹੀ ਤਾਂ ਉਨ੍ਹਾਂ ਨੇ ਇੱਕ ਫੌਜੀ ਟਰੱਕ ਨੂੰ ਇਸੇ ਨਦੀ ਦੀ ਮਾਰ ਦਾ ਸ਼ਿਕਾਰ ਹੁੰਦਾ ਦੇਖਿਆ ਸੀ, ਜਿਸ ਦਾ ਇੱਕ ਵੀ ਬੰਦਾ ਜਿੰਦਾ ਨਹੀਂ ਸੀ ਮਿਲਿਆ, ਅਤੇ ਟਰੱਕ ਵੀ ਕਿਤੇ ਦੂਰ ਉਲਟਿਆ ਹੋਇਆ ਬਰੇਤੀ ਵਿੱਚ ਫਸਿਆ ਮਿਲਿਆ ਸੀ ਮਹਿਕਮੇ ਨੂੰ। ਹੁਣ ਕਾਰ ਨਦੀ ਦੇ ਬਿਲਕੁੱਲ ਮੰਝਧਾਰ ਵਿੱਚ ਪਹੁੰਚ ਚੁੱਕੀ ਹੈ, ਜਿਤਨਾ ਪਾਣੀ ਪਿੱਛੇ ਤਹਿ ਹੋ ਗਿਆ, ਉਤਨਾ ਅਜੇ ਅੱਗੇ ਹੈ। ਔਹ ਦੇਖੋ! ਹੁਕਮ ਕਰਤਾਰ ਦਾ ਕਾਰ ਬੰਦ ਹੋ ਗਈ। ਚਾਵਲਾ ਜੀ ਆਪਣੀ ਅਣਗਹਿਲੀ ਅਤੇ ਪਾਣੀ ਦਾ ਭਿਆਨਕ ਰੂਪ ਦੇਖ-ਦੇਖ ਕੇ ਭੈ-ਭੀਤ ਹੋਈ ਜਾ ਰਹੇ ਹਨ, ਸੋਚ ਮੰਡਲ ਦੇ ਹੁਣ ਸਾਰੇ ਚਾਰੇ ਖਤਮ ਹੋ ਗਏ, ਬੁੱਧੀ ਨੇ ਹੱਥ ਖੜੇ ਕਰ ਦਿੱਤੇ, ਗੱਡੀ ਮੰਝਧਾਰ ਵਿਚਾਲੇ ਬੰਦ ਹੋਈ ਖੜੀ ਹੈ, ਪਾਣੀ ਦੀਆਂ ਤੇਜ਼ ਲਹਿਰਾਂ ਗੱਡੀ ਦੇ ਟਾਇਰ ਉਠਾਉਣ ਲਈ ਜ਼ੋਰ ਲਗਾ ਰਹੀਆਂ ਹਨ, ਪਰ ਕੋਈ ਅਨਡਿੱਠ ਸ਼ਕਤੀ ਐਸਾ ਕਰਨ ਤੋਂ ਬਾਰ-ਬਾਰ ਵਰਜ ਰਹੀ ਹੈ, ਕਿਉਂਕਿ ਕਾਰ ਵਿੱਚ ਉਹ ਅਰਸ਼ਾਂ ਕੁਰਸ਼ਾ ਦਾ ਮਾਲਕ ਸਵਾਰ ਹੈ, ਜਿਸਦੀ ਬਾਬਤ ਫੁਰਮਾਣ ਹੈ—

**ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ॥**

*(ਧਨਾਸਰੀ ਮ: ੫, ਪੰਨਾ-੬੭੯)*

ਦੇਖੋ ਹੁਣ ਅਰਸ਼ਾ ਕੁਰਸ਼ਾਂ ਦਾ ਮਾਲਕ ਕੀਹ ਕੌਤਕ ਵਰਤਾ ਰਿਹਾ ਹੈ, ਜਿਨ੍ਹਾਂ ਨੂੰ ਕਦੇ ਭਰਮ ਸੀ, ਹਜ਼ੂਰ ਨੂੰ ਅਸੀਂ ਆਪਣੀ ਗੱਡੀ ਵਿੱਚ ਹੁਸ਼ਿਆਰਪੁਰ ਛੱਡ ਕੇ ਆਵਾਂਗੇ, ਅਰਸ਼ੀ ਪ੍ਰੀਤਮ ਉਨ੍ਹਾਂ ਦੀ ਗੱਡੀ ਨੂੰ ਧੱਕਾ ਲਾ ਕੇ ਪ੍ਰਤੱਖ ਦਿਸ ਰਹੀ ਮੌਤ ਰੂਪੀ ਨਦੀ ਦੀ ਮੰਝਧਾਰ ਵਿੱਚੋਂ ਬਾਹਰ ਕੱਢ ਰਿਹਾ ਹੈ। ਮਹਾਰਾਜ ਹੇਠਾਂ ਉਤਰੇ ਦੂਜੇ ਸੰਤ ਨੂੰ ਵੀ ਉਤਾਰ ਲਿਆ, ਚਾਵਲਾ ਨੂੰ ਬੋਲੇ, ਤੂੰ ਆਪਣਾ ਸਟੇਰਿੰਗ ਫੜ ਕੇ ਵਿੱਚ ਬੈਠੇ ਰਹੋ। ਦੋਨੋਂ ਮਹਾਂਪੁਰਸ਼ਾਂ ਨੇ ਧੱਕਾ ਲਾ ਕੇ ਗੱਡੀ ਬਾਹਰ ਕਰ ਦਿੱਤੀ। ਟਰੱਕ ਵਾਲੇ ਦੇਖ ਕੇ ਬਹੁਤ ਹੈਰਾਨ ਹੋਏ, ਕੱਲ ਦੀ ਫੌਜੀ ਟਰੱਕ ਵਾਲੀ ਘਟਨਾ ਸੁਣਾਈ। ਤਿੰਨਾਂ ਨੇ ਹੁਣ ਆਪਣੇ ਕੱਪੜੇ ਕੱਢ ਕੇ ਸੁਕਾਏ। ਚਾਵਲਾ ਨੂੰ ਹੁਣ ਨਵੀਂ ਚਿੰਤਾ ਨੇ ਘੇਰ ਲਿਆ ਕਿ ਗੱਡੀ ਦੇ ਕਾਰਬੁਰੇਟਰ ਵਿੱਚ ਪਾਣੀ ਚਲਾ ਗਿਆ, ਕਰੰਟ ਸਿਸਟਮ ਸਾਰਾ ਫੇਲ੍ਹ ਹੋ ਗਿਆ, ਨੇੜੇ ਕੋਈ ਵਰਕਸ਼ਾਪ ਨਹੀਂ ਹੈ, ਹੁਣ ਕੀ ਕੀਤਾ ਜਾਵੇ। ਇਨ੍ਹਾਂ ਸੋਚਾਂ ਵਿੱਚ ਬੁੱਧੀ ਦੇ ਸਾਹਮਣੇ ਹੁਣ ਵੀ ਕੋਈ ਪ੍ਰਕਾਸ਼ ਨਹੀਂ। ਭਾਵੇਂ ਮੌਤ ਦੇ ਮੂੰਹ ਵਿੱਚੋਂ ਬਚਾ ਹੁੰਦਾ ਪ੍ਰਤੱਖ ਦੇਖਿਆ ਹੈ ਕੁੱਝ ਮਿੰਟ ਪਹਿਲਾਂ, ਲੇਕਿਨ ਫਿਰ ਵੀ ਮਨ ਵਿਸ਼ਵਾਸ਼ ਦੇ ਘਰ ਨਹੀਂ ਆ ਰਿਹਾ। ਅਚਾਨਕ ਹੁਕਮ ਹੋਇਆ, ਅਮਰੀਕ! ਚੱਲ ਬਈ ਗੱਡੀ ਸਟਾਰਟ ਕਰ, ਚੱਲੀਏ! ਚਾਵਲਾ ਨੇ ਬੈਠ ਕੇ ਸੈਲਫ ਮਾਰੀ, ਗੱਡੀ ਪਹਿਲੀ ਸੈਲਫ ਵਿੱਚ ਸਟਾਰਟ ਹੋ ਗਈ, ਹੁਣ ਸਵਾਰ ਹੋ ਕੇ ਚੱਲ ਪਏ ਅੱਗੇ ਨੂੰ ਜਗਾਧਰੀ, ਅੰਬਾਲਾ, ਰਾਜਪੁਰਾ ਅਤੇ ਸਰਹਿੰਦ ਆਦਿ ਕਈ ਸ਼ਹਿਰ ਲੰਘ ਗਏ। ਇਤਨੇ ਨੂੰ ਦੁਪਹਿਰ ਦਾ ਸਮਾਂ ਹੋ ਆਇਆ, ਇਸ ਲਈ ਸਵੇਰ ਦੇ ਚੱਲਿਆਂ ਨੂੰ ਭੁੱਖ ਨੇ ਵੀ ਇਸ਼ਾਰੇ ਕਰਨੇ ਸ਼ੁਰੂ ਕਰ ਦਿੱਤੇ, ਪਰੰਤੂ ਹਜ਼ੂਰ ਨੇ ਕਿਤੇ ਰੁਕਣ ਜਾਂ ਲੰਗਰ ਆਦਿ ਛਕਣ ਦਾ ਇਸ਼ਾਰਾ ਨਾ ਕੀਤਾ। ਆਖਰ ਸਰਹਿੰਦ ਤੋਂ ਅੱਗੇ ਭਾਖੜਾ ਨਹਿਰ ਆ ਗਈ। ਨਹਿਰ ਦੀ ਢਲਾਣ ਵਿੱਚ ਚਾਵਲਾ ਨੇ ਗੱਡੀ ਰੋਕ ਕੇ ਅਰਜ਼ ਕੀਤੀ, ਮਹਾਰਾਜ! ਔਹ ਇੱਕ ਛੋਟਾ-ਜਿਹਾ ਢਾਬਾ ਹੈ, ਇਹ ਹੈ ਤਾਂ ਭਾਵੇਂ ਛੋਟਾ ਹੀ ਲੇਕਿਨ ਖਾਣਾ ਬਹੁਤ ਵਧੀਆ ਬਣਾਉਂਦਾ ਹੈ, ਕਿਉਂਕਿ ਮੈਂ ਕਈ ਵਾਰ ਇਥੇ ਲੰਗਰ ਛਕ ਕੇ ਲੰਘਿਆ ਹਾਂ, ਆਪ ਦਾ ਹੁਕਮ ਹੋਵੇ, ਲੰਗਰ ਛਕ ਲਈਏ। ਹਜ਼ੂਰ ਬੋਲੇ ਕੀ ਛਕਣਾ ਹੈ! ਚੱਲ ਹੁਸ਼ਿਆਰਪੁਰ ਪਹੁੰਚੀਏ। ਚਾਵਲੇ ਨੇ ਅਰਜ਼ ਕੀਤੀ, ਮਹਾਰਾਜ ਸਵੇਰ ਦੇ ਚੱਲੇ ਹਾਂ, ਭੁੱਖ ਲੱਗੀ

ਹੈ, ਕ੍ਰਿਪਾ ਕਰੋ ਲੰਗਰ ਛਕ ਲਈਏ। ਹਜ਼ੂਰ ਦੇ ਤੀਜੀ ਵਾਰ ਮਨ੍ਹਾਂ ਕਰਨ ਤੇ ਚਾਵਲਾ ਸੋਚੀਂ ਪੈ ਗਿਆ, ਕਿ ਮੈਂ ਤਾਂ ਮਾਤਾ ਤੋਂ ਪੈਸੇ ਮੰਗ ਕੇ ਲਏ ਸਨ ਕਿ ਰਸਤੇ ਵਿੱਚ ਖ਼ਰਚ ਦੀ ਜ਼ਰੂਰਤ ਪਵੇਗੀ, ਲੇਕਿਨ ਕੱਲ੍ਹ ਦੇ ਮਹਾਰਾਜ ਜੀ ਇੱਕ ਪੈਸਾ ਵੀ ਮੇਰੀ ਜੇਬ ਵਿੱਚੋਂ ਖਰਚ ਨਹੀਂ ਕਰਨ ਦਿੰਦੇ, ਫਿਰ ਨਦੀ ਦੇ ਪਾਣੀ ਵਾਲਾ ਖੇਡ ਵਰਤ ਗਿਆ, ਐਸੇ ਖੇਡ ਵਰਤਾ ਕੇ ਕਿਤੇ ਕੋਈ ਮੇਰੇ ਹੰਕਾਰ ਸਹਿਤ ਕੀਤੇ ਸੰਕਲਪ ਦਾ ਉੱਤਰ ਤਾ ਨਹੀਂ ਦੇ ਰਹੇ? ਹੁਣ ਉਸ ਨੂੰ ਇੱਕ ਢੰਗ ਸੁੱਝਿਆ ਹਜ਼ੂਰ ਤੋਂ ਲੰਗਰ ਛਕਣ ਲਈ ਹਾਂ ਕਰਵਾਉਣ ਦਾ, ਕਿਉਂਕਿ ਉਹ ਜਾਣਦਾ ਸੀ ਕਿ ਮਹਾਰਾਜ ਜੀ ਗਰੀਬ ਦੀ ਸਹਾਇਤਾ ਦੇ ਹੱਕ ਵਿੱਚ ਬਹੁਤ ਹਨ। ਇਸ ਲਈ ਅਰਜ਼ ਕੀਤੀ ਮਹਾਰਾਜ! ਇਹ ਢਾਬੇ ਵਾਲਾ ਬਹੁਤ ਗਰੀਬ ਬੰਦਾ ਹੈ, ਲੇਕਿਨ ਹੈ ਬੜਾ ਇਮਾਨਦਾਰ, ਇਸ ਕਰਕੇ ਲੰਗਰ ਵਧੀਆ ਬਣਾਉਂਦਾ ਹੈ, ਇਉਂ ਦੋ ਕੰਮ ਹੋ ਜਾਣਗੇ, ਆਪਾਂ ਲੰਗਰ ਛਕ ਲਵਾਂਗੇ, ਤੇ ਇਸ ਗਰੀਬ ਨੂੰ ਚਾਰ ਪੈਸੇ ਬਣ ਜਾਣਗੇ। ਹੁਣ ਹਜ਼ੂਰ ਆਪਣੀ ਮੌਜ ਵਿੱਚ ਬੋਲੇ, ਚੰਗਾ ਭਾਈ ਤੇਰੀ ਮਰਜ਼ੀ! ਚਾਵਲਾ ਬੜੇ ਚਾਅ ਨਾਲ ਉਤਰ ਕੇ ਗਿਆ ਢਾਬੇ ਵਾਲੇ ਦੇ ਕੋਲ, ਆਖਿਆ ਤਿੰਨ ਬੰਦਿਆਂ ਦੀ ਰੋਟੀ ਤਿਆਰ ਕਰ ਦੇ ਬਹੁਤ ਜਲਦੀ। ਢਾਬੇ ਵਾਲਾ ਬੋਲਿਆ ਰੋਟੀ ਨਹੀਂ ਬਣ ਸਕਦੀ, ਕਿਉਂਕਿ ਮੇਰੇ ਕੋਲ ਆਟਾ ਨਹੀਂ ਹੈ। ਚਾਵਲਾ ਨੇ ਆਖਿਆ ਲੈ ਇਹ ਪੈਸੇ ਜਾਹ ਭੱਜ ਕੇ ਔਹ ਨੇੜੇ ਵਾਲੇ ਪਿੰਡ ਤੋਂ ਆਟਾ ਲੈ ਆ। ਲੜਕਾ ਬੋਲਿਆ, ਮੈਂ ਢਾਬਾ ਸੁੰਨਾ ਛੱਡ ਕੇ ਨਹੀਂ ਜਾ ਸਕਦਾ। ਚਾਵਲਾ ਨੇ ਪੁੱਛਿਆ, ਇੱਥੇ ਪਹਿਲਾਂ ਇੱਕ ਸਿਆਣੀ ਉਮਰ ਦਾ ਬੰਦਾ ਹੁੰਦਾ ਸੀ, ਮੈਂ ਉਹਦੇ ਕੋਲ ਕਈ ਵਾਰ ਖਾਣਾ ਖਾਧਾ ਹੈ, ਉਹ ਕਿੱਧਰ ਗਿਆ? ਲੜਕੇ ਨੇ ਦੱਸਿਆ ਮੇਰੇ ਪਿਤਾ ਜੀ ਹਨ, ਲੇਕਿਨ ਅੱਜ ਉਹ ਕਿਤੇ ਬਾਹਰ ਗਏ ਹਨ, ਮੈਨੂੰ ਇੱਥੇ ਛੱਡ ਕੇ, ਉਧਰ ਮਹਾਰਾਜ ਕਾਰ ਵਿੱਚੋਂ ਉਤਰ ਕੇ ਇਧਰ-ਉਧਰ ਘੁੰਮਦੇ ਫਿਰਦੇ ਚਾਵਲਾ ਦੀ ਹਾਲਤ ਦੇਖ ਰਹੇ ਹਨ। ਚਾਵਲਾ ਨੇ ਸੋਚਿਆ ਇਹ ਰਾਤ ਦੇ ਦੁੱਧ ਵਾਲੀ ਹੀ ਹੋ ਗਈ, ਸ਼ਾਇਦ ਕੋਈ ਪ੍ਰੀਖਿਆ ਹੈ, ਜਿਸ ਵਿੱਚ ਮੈਂ ਕੱਲ੍ਹ ਦਾ ਹੀ ਫੇਲ੍ਹ ਹੋਈ ਜਾ ਰਿਹਾ ਹਾਂ। ਇਨ੍ਹਾਂ ਸੰਕਲਪਾਂ ਵਿਕਲਪਾਂ ਵਿੱਚ ਡੁੱਬਿਆ ਚਾਵਲਾ ਜੀ ਦਾ ਮਨ ਹੁਣ ਕੋਈ ਹੋਰ ਚਾਰਾ ਨਾ ਵੇਖ ਕੇ ਹਜ਼ੂਰ ਦੇ ਚਰਨਾਂ ਵਿੱਚ ਵਾਪਸ ਆ ਗਿਆ, ਅਤੇ ਸਾਰੀ ਨਿਰਾਸਤਾ ਵਾਲੀ ਗੱਲੀ ਦੱਸੀ। ਹਜ਼ੂਰ ਬੋਲੇ ਕੋਈ ਨਹੀਂ, ਔਹ ਸਾਡਾ ਸੰਤ ਨੇੜੇ ਦੇ ਪਿੰਡ ਵਿੱਚੋਂ ਭਿਖਿਆ ਕਰਕੇ ਲੰਗਰ ਲੈ ਆਉਂਦਾ ਹੈ, ਉਹ ਛਕ ਲਵਾਂਗੇ। ਸੰਤ ਨੂੰ ਉਸ ਪਿੰਡ ਵੱਲ ਭੇਜ ਦਿੱਤਾ, ਇਤਨੇ ਨੂੰ ਸੜਕ ਅਤੇ ਨਹਿਰ ਦੇ ਕੋਨੇ ਵਾਲੇ ਖੇਤ ਵਿੱਚੋਂ ਹਜ਼ੂਰ ਨੂੰ ਘੁੰਮਦਿਆਂ ਦੇਖ ਕੇ ਇਕ ਲੜਕਾ ਭੱਜਾ ਆਇਆ, ਚਰਨਾਂ ਵਿੱਚ ਨਮਸ਼ਕਾਰ ਕਰਕੇ ਅਰਜ਼ ਕਰਨ ਲੱਗਿਆ, ਮਹਾਰਾਜ, ਆਪ ਇੱਕ ਦਫਾ ਸਾਡੇ ਇਸ ਖੂਹ ਤੇ ਰਾਤ ਕੱਟ ਗਏ ਸੀ, ਉਸ ਦਿਨ ਤੋਂ ਸਾਡੇ ਦੂਣ ਸਵਾਈ ਫਸਲ ਹੁੰਦੀ ਹੈ, ਆਪ ਕ੍ਰਿਪਾ ਕਰੋ, ਆਪਦੇ ਪਵਿੱਤਰ ਚਰਨ ਸਾਡੇ ਘਰ ਪਾ ਕੇ ਲੰਗਰ ਛਕੋ। ਇਤਨੇ ਨੂੰ ਉਸ ਲੜਕੇ ਦਾ ਪਿਤਾ ਵੀ ਖੇਤ ਵਿੱਚੋਂ ਆ ਗਿਆ। ਚਰਨਾਂ ਉੱਪਰ ਡਿੱਗ ਕੇ ਉਹੀ ਗੱਲ ਉਸ ਨੇ ਕੀਤੀ, ਮਹਾਰਾਜ ਜਦ ਆਪ ਸਾਡੇ ਖੂਹ ਤੇ ਰਾਤ ਕੱਟ ਗਏ ਸੀ, ਉਸ ਤੋਂ ਬਾਅਦ ਸਾਡੇ ਉੱਤੇ ਆਪ ਦੀ ਬਹੁਤ ਕ੍ਰਿਪਾ ਹੋਈ ਹੈ, ਫਸਲ ਬਹੁਤ ਹੁੰਦੀ ਹੈ, ਹਰ ਪ੍ਰਕਾਰ ਨਾਲ ਸੁਖੀ ਹਾਂ, ਆਪ ਮਿਹਰ ਕਰੋ, ਘਰ ਚੱਲ ਕੇ ਲੰਗਰ ਛਕੋ! ਹਜ਼ੂਰ ਬੋਲੇ, ਲੰਗਰ ਤਾਂ ਸਾਡਾ ਇੱਕ ਸੰਤ ਡਾਲੀ ਕਰਨ ਲਈ ਗਿਆ ਹੈ, ਇਸ ਲਈ ਘਰ ਤਾਂ ਅਸੀਂ ਨਹੀਂ ਜਾਣਾ, ਹਾਂ! ਤੇਰੇ ਖੂਹ ਤੇ ਤੁਰ ਚਲਦੇ ਹਾਂ, ਉੱਥੇ ਬੈਠ ਕੇ ਲੰਗਰ ਛਕ ਲਵਾਂਗੇ। ਜਿਮੀਂਦਾਰ ਨੇ ਆਪਣੇ ਲੜਕੇ ਨੂੰ ਇਸ਼ਾਰਾ ਕਰਕੇ ਘਰ ਨੂੰ ਭਜਾਇਆ ਕਿ ਜਲਦੀ ਨਾਲ ਲੰਗਰ ਲੈ ਕੇ ਆ। ਹਜ਼ੂਰ ਚਾਵਲਾ ਨੂੰ ਨਾਲ ਲੈ ਕੇ ਸੜਕ ਤੋਂ ਹੇਠਾਂ ਖੂਹ* ਤੇ ਆ ਗਏ ਜੋ ਸੜਕ ਦੇ ਨਾਲ ਹੀ ਸੀ। ਥੋੜ੍ਹੀ ਦੇਰ ਬਾਅਦ ਸੰਤ ਡਾਲੀ ਲੈ ਕੇ ਆ ਗਿਆ, ਉਧਰ ਉਸ ਜਿਮੀਂਦਾਰ ਦਾ ਲੜਕਾ ਵੀ ਘਰੋਂ ਲੰਗਰ ਲੈ ਕੇ ਆ ਗਿਆ। ਹਜ਼ੂਰ ਨੇ ਹੁਕਮ ਕੀਤਾ, ਕਿ ਦੋਨਾਂ ਪਾਸਿਆਂ ਤੋਂ ਆਏ ਲੰਗਰ ਨੂੰ ਇਕੱਠਾ ਕਰਕੇ ਮਿਲਾ ਲਉ! ਪ੍ਰੇਮੀਆਂ ਨੇ ਹੁਕਮ ਮੰਨ ਕੇ ਲੰਗਰ ਸਾਰਾ ਮਿਲਾ ਲਿਆ ਫਿਰ ਸਾਰਿਆਂ ਨੇ ਬੈਠ ਕੇ ਛਕਿਆ। ਉਪਰੰਤ ਹੁਸ਼ਿਆਰਪੁਰ ਨੂੰ ਚਾਲੇ ਪਾ ਦਿੱਤੇ। ਹੁਣ ਚਾਵਲਾ ਜੀ ਕਾਰ ਵੀ ਚਲਾ ਰਹੇ ਹਨ, ਨਾਲ ਹੀ ਮਨ ਵਿੱਚ ਹਜ਼ੂਰ ਦੇ ਅਸਚਰਜ ਕੌਤਕ ਦੇਖ-ਦੇਖ ਕੇ ਸੰਕਲਪ ਉਠੀ ਜਾ ਰਹੇ ਹਨ, ਕਿ ਇਹ ਮੇਰਾ ਭਰਮ ਸੀ ਕਿ ਮੈਂ ਇਨ੍ਹਾਂ ਤੇ ਕੋਈ ਖ਼ਰਚ ਕਰ ਸਕਦਾ ਹਾਂ, ਇਹ ਤਾਂ ਤ੍ਰਿਲੋਕੀ ਨਾਥ ਹਨ, ਇਨ੍ਹਾਂ ਦਾ ਸੁਭਾਵ ਕੇਵਲ ਦੇਣਾ ਹੈ, ਲੈਣਾ ਨਹੀਂ। ਜਿੱਥੇ ਇੱਕ ਰਾਤ ਕੱਟ ਗਏ, ਬਿਨ੍ਹਾਂ ਮੰਗਿਆਂ ਵਾਰੇ-ਨਿਆਰੇ ਕਰ ਗਏ, ਇੱਕ ਮੈਂ ਕੀ ਸੰਸਾਰ ਦੀ ਕੋਈ ਵੀ ਤਾਕਤ ਨਹੀਂ ਜੋ ਇਨ੍ਹਾਂ ਨੂੰ ਕੁੱਝ ਦੇ ਸਕੇ। ਇਹ ਸ਼ਹਿਨਸ਼ਾਹ

* *ਇੱਕ ਸਮੇਂ ਦਾ ਜ਼ਿਕਰ ਜਦੋਂ ਚਾਵਲਾ ਜੀ ਆਦਿਕ ਪ੍ਰੇਮੀਆਂ ਨੂੰ ਢੂੰਢ ਭਾਲ ਕਰਨ ਤੋਂ ਬਾਅਦ ਫਤਹਿਗੜ੍ਹ ਅਰਦਾਸ ਕਰਨ ਉਪਰੰਤ ਮਹਾਰਾਜ ਜੀ ਮਿਲੇ ਸਨ, ਉਸ ਵੇਲੇ ਇਸ ਖੂਹ ਤੇ ਹੀ ਰਾਤ ਕੱਟ ਕੇ ਗਏ ਸੀ।*

ਹਨ, ਭਿਖਾਰੀ ਨਹੀਂ। ਇਹ ਦਾਤਾ ਹਨ, ਮੰਗਤੇ ਨਹੀਂ, ਇਨ੍ਹਾਂ ਸੋਚਾਂ ਫੁਰਨਿਆਂ ਵਿੱਚ ਹੀ ਸਾਰਾ ਸਫਰ ਤਹਿ ਹੋ ਕੇ ਹੁਸ਼ਿਆਰਪੁਰ ਪਹੁੰਚ ਗਏ।

## ਸੰਤ ਗੋਪਾਲ ਸਿੰਘ ਜੀ ਦਾ ਸੱਚਖੰਡ ਪਿਆਨਾ

ਜ਼ਿਕਰ 1976 ਈ: ਦੇ ਮਈ ਮਹੀਨੇ ਦਾ ਹੈ ਜਦੋਂ ਸੰਤ ਗੋਪਾਲ ਸਿੰਘ ਜੀ ਕਰਨਾਲ ਕੁਟੀਆ ਠਹਿਰੇ ਹੋਏ ਸਨ। ਅੱਜ ਤੋਂ ਕਈ ਸਾਲ ਪਹਿਲਾਂ ਆਪ ਨੂੰ ਅਧਰੰਗ ਦਾ ਹਲਕਾ ਜਿਹਾ ਦੌਰਾ ਪੈਣ ਨਾਲ ਸਰੀਰ ਕੁਝ ਨਿਰਬਲ ਤਾਂ ਹੋ ਹੀ ਗਿਆ ਸੀ ਲੇਕਿਨ ਆਪ ਹੱਠ ਪੂਰਵਕ ਸੰਗਤਾਂ ਵਿੱਚ ਵਿਚਰਦੇ ਰਹਿੰਦੇ ਸਨ। ਇੱਕ ਦਿਨ ਠੇਕੇਦਾਰ ਕੁੰਦਨ ਸਿੰਘ ਸ਼ੇਰਪੁਰ ਗਰਿੰਡ (ਹੁਸ਼ਿਆਰਪੁਰ) ਵਾਲੇ ਆਪਣੇ ਪਿੰਡ ਲੈ ਕੇ ਜਾਣ ਲਈ ਆਏ, ਆਪ ਵੀ ਉਨ੍ਹਾਂ ਦੀ ਬੇਨਤੀ ਪ੍ਰਵਾਨ ਕਰਕੇ ਨਾਲ ਜਾਣ ਲਈ ਤਿਆਰ ਹੋ ਗਏ। ਕਰਨਾਲ ਵਾਲੀ ਸੰਗਤ ਨੇ ਅਰਜ਼ ਕੀਤੀ, ਮਹਾਰਾਜ! ਆਪ ਜੀ ਦਾ ਸਰੀਰ ਢਿੱਲਾ ਹੈ, ਇੱਥੇ ਇਲਾਜ ਮੁਆਲਜਾ ਠੀਕ ਹੋ ਰਿਹਾ ਹੈ ਇਸ ਲਈ ਆਪ ਕਿਤੇ ਹੋਰ ਨਾ ਜਾਓ! ਆਪ ਬੋਲੇ ਸਰੀਰ ਤਾਂ ਕਈ ਸਾਲਾਂ ਤੋਂ ਐਸਾ ਹੀ ਚੱਲ ਰਿਹਾ ਹੈ, ਆਪ ਹੀ ਠੀਕ ਹੁੰਦਾ ਰਹੇਗਾ, ਇਸ ਲਈ ਅਸੀਂ ਸ਼ੇਰਪੁਰ ਗਰਿੰਡ ਜਾਣ ਦਾ ਸੰਕਲਪ ਕਰ ਲਿਆ ਹੈ। ਬੱਸ ਅਰਦਾਸ ਕਰਕੇ ਠੇਕੇਦਾਰ ਕੁੰਦਨ ਸਿੰਘ ਨਾਲ ਸ਼ੇਰਪੁਰ ਗਰਿੰਡ ਪਹੁੰਚ ਗਏ। ਉਥੇ ਜਾ ਕੇ ਵੀਹ ਕੁ ਦਿਨਾਂ ਬਾਅਦ ਕ੍ਰਿਸ਼ਨ ਗੋਪਾਲ ਜੀ ਗੁਲਾਟੀ ਬੇਨਤੀ ਕਰਕੇ ਹੁਸ਼ਿਆਰਪੁਰ ਲੈ ਆਏ। ਇੱਥੇ ਆ ਕੇ ਦੋ ਜਾਂ ਤਿੰਨ ਦਿਨਾਂ ਬਾਅਦ ਅਧਰੰਗ ਦਾ ਦੌਰਾ ਫਿਰ ਪੈ ਗਿਆ। ਕ੍ਰਿਸ਼ਨ ਗੋਪਾਲ ਨੇ ਕਰਨਾਲ ਨੂੰ ਟੇਲੀਫੋਨ ਕੀਤਾ, ਅੱਗੋਂ ਸੰਗਤਾਂ ਨੇ ਕਿਹਾ, ਕਿ ਛੇਤੀ-ਤੋਂ-ਛੇਤੀ ਕਰਨਾਲ ਲੈ ਆਉ। ਕ੍ਰਿਸ਼ਨ ਗੋਪਾਲ ਨੇ ਹੁਸ਼ਿਆਰਪੁਰ ਦੇ ਇੱਕ ਮਸ਼ਹੂਰ ਡਾਕਟਰ ਮੋਹਨ ਸਿੰਘ ਤੋਂ ਚੈਕ ਕਰਵਾਇਆ, ਲੇਕਿਨ ਉਸ ਨੇ ਜਵਾਬ ਦੇ ਦਿੱਤਾ। ਫਿਰ ਹੋਰ ਕੋਈ ਚਾਰਾ ਨਾ ਦੇਖ ਕੇ, ਕ੍ਰਿਸ਼ਨ ਗੋਪਾਲ ਫਟਾ-ਫਟ ਸੰਤਾਂ ਨੂੰ ਕਰਨਾਲ ਲੈ ਆਇਆ। ਸੰਗਤਾਂ ਨੇ ਆਉਂਦਿਆਂ ਸਾਰ ਹੀ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾ ਦਿੱਤੇ।

ਹੰਸ ਰਾਜ ਜੀ ਛਾਬੜਾ ਇਤਿਆਦਿਕ ਕਾਫੀ ਸੰਗਤਾਂ ਹਰ ਵਕਤ ਸੰਤਾਂ ਦੇ ਕੋਲ ਰਹਿ ਕੇ ਸੇਵਾ ਕਰਦੀ ਰਹੀ ਅਤੇ ਕੁਝ ਸੰਗਤ ਕੋਲ ਬੈਠ ਕੇ ਲਗਾਤਾਰ ਸੁਖਮਨੀ ਸਾਹਿਬ ਦੇ ਪਾਠ ਕਰਦੀ ਰਹੀ, ਲੇਕਿਨ ਸਰੀਰ ਦੀ ਹਾਲਤ ਦਿਨੋਂ-ਦਿਨ ਫੁੱਟੇ ਘੜੇ ਦੇ ਪਾਣੀ ਚੋਣ ਦੀ ਤਰ੍ਹਾਂ ਖਸ਼ੀਣ ਹੁੰਦੀ ਗਈ। ਸੰਤ ਜੀ ਆਪ ਨੀਮ ਬੇਹੋਸ਼ਾਂ ਦੀ ਹਾਲਤ ਵਿੱਚ ਮੰਜੇ ਤੇ ਪਏ ਰਹਿੰਦੇ, ਪਰੰਤੂ ਕਦੇ-ਕਦੇ ਉਸੀ ਤਰ੍ਹਾਂ ਨੇਤਰ ਬੰਦ ਕਰੇ ਹੀ ਗੁਰਦੇਵ-ਗੁਰਦੇਵ ਜੀ ਧੀਮੀ ਆਵਾਜ਼ ਮੁੱਖ ਵਿੱਚੋਂ ਸੁਣਾਈ ਦਿੰਦੀ। ਕਿਉਂਕਿ ਅਧਰੰਗ ਦੀ ਵਜ੍ਹਾ ਕਰਕੇ ਪੂਰਾ ਸ਼ਬਦ ਤਾਂ ਕੋਈ ਵੀ ਨਹੀਂ ਸੀ ਉਚਾਰਨ ਹੁੰਦਾ, ਪਰੰਤੂ ਫਿਰ ਵੀ ਸੰਗਤ ਦੇ ਸਿਆਣੇ ਬੰਦੇ ਸਮਝਦੇ ਸਨ ਕਿ ਆਪ ਦਾ ਧਿਆਨ ਪੂਜਯ ਵਿਰੱਕਤ ਮਹਾਰਾਜ ਜੀ ਦੇ ਚਰਨਾਂ ਵਿੱਚ ਜੁੜਿਆ ਹੋਇਆ ਹੈ, ਇਸ ਲਈ ਜਦੋਂ ਵੀ ਕੁੱਝ ਬੋਲਣ ਦੀ ਕੋਸ਼ਿਸ਼ ਕਰਦੇ ਹਨ ਤਾਂ ਆਪ ਮੁਹਾਰੇ ਜ਼ੁਬਾਨ ਵਿੱਚੋਂ ਗੁਰਦੇਵ-ਗੁਰਦੇਵ ਸ਼ਬਦ ਹੀ ਉਚਾਰਨ ਹੁੰਦਾ ਹੈ।

ਸਰਦਾਰ ਸਤਪਾਲ ਸਿੰਘ ਗੁਲਾਟੀ ਇੱਕ ਦਿਨ ਆਪਣੇ ਕਿਸੇ ਕੰਮ ਰਿਸ਼ੀਕੇਸ਼ ਗਿਆ, ਉਸਨੇ ਪੂਜਯ ਵਿਰੱਕਤ ਮਹਾਰਾਜ ਜੀ ਨੂੰ ਦੱਸਿਆ, ਮਹਾਰਾਜ! ਸੰਤ ਗੋਪਾਲ ਸਿੰਘ ਜੀ ਦਾ ਸਰੀਰ ਬੀਮਾਰੀ ਨੇ ਬਹੁਤ ਗ੍ਰਸ ਲਿਆ ਹੈ, ਕਈ ਦਿਨਾਂ ਤੋਂ ਹਸਪਤਾਲ ਨੀਮ ਬੇਹੋਸ਼ੀ ਦੀ ਹਾਲਤ ਵਿੱਚ ਹੀ ਪਏ ਹਨ। ਲੇਕਿਨ ਕਦੇ-ਕਦੇ ਜਦੋਂ ਬੋਲਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਮੱਧਮ ਜਿਹੀ ਆਵਾਜ਼ ਵਿੱਚ ਇਉਂ ਸੁਣਾਈ ਦਿੰਦਾ ਹੈ ਜਿਵੇਂ ਆਪ ਜੀਆਂ ਨੂੰ ਹੀ ਯਾਦ ਕਰ ਰਹੇ ਹਨ। ਹਜ਼ੂਰ ਦੂਸਰੇ ਦਿਨ ਹੀ ਰਿਸ਼ੀਕੇਸ਼ ਤੋਂ ਚੱਲ ਕੇ ਕਰਨਾਲ ਸਿੱਧੇ ਹਸਪਤਾਲ ਪਹੁੰਚੇ। ਜਦੋਂ ਸੰਤ ਗੋਪਾਲ ਸਿੰਘ ਜੀ ਨੂੰ ਦੱਸਿਆ ਗਿਆ ਕਿ ਮਹਾਰਾਜ ਜੀ ਆ ਗਏ ਹਨ ਤਾਂ ਆਪ ਨੇ ਨੇਤਰ ਖੋਲ੍ਹ ਕੇ ਦਰਸ਼ਨ ਕਰਨ ਦੀ ਕੋਸ਼ਿਸ ਕੀਤੀ, ਲੇਕਿਨ ਅਧਰੰਗ ਦਾ ਹਮਲਾ ਤੇਜ਼ ਹੋਣ ਕਰਕੇ ਨੇਤਰ ਪੂਰੇ ਨਹੀਂ ਖੁੱਲ੍ਹ ਰਹੇ। ਥੋੜ੍ਹੇ ਬਹੁਤ ਖੋਲ ਕੇ ਜਦੋਂ ਹਜ਼ੂਰ ਦੇ ਪਵਿੱਤਰ ਚਿਹਰੇ ਤੇ ਦ੍ਰਿਸ਼ਟੀ ਪਾਈ ਤਾਂ ਨੇਤਰਾਂ ਵਿੱਚੋਂ ਪਰਲ-ਪਰਲ ਜਲ ਬਹਿ ਤੁਰਿਆ। ਹਜ਼ੂਰ ਥੋੜ੍ਹੀ ਦੇਰ ਖੜ ਕੇ ਵਾਪਸ ਕੁਟੀਆ ਆ ਗਏ। ਸੰਗਤਾਂ ਹਸਪਤਾਲ ਵਿੱਚ ਉਸੇ ਤਰ੍ਹਾਂ ਸੇਵਾ ਅਤੇ ਪਾਠ ਦਾ ਪ੍ਰਵਾਹ ਚਲਾਉਂਦੀਆਂ ਰਹੀਆਂ ਲੇਕਿਨ ਸੰਤ ਗੋਪਾਲ ਸਿੰਘ ਜੀ ਹੁਣ ਸ਼ਾਂਤ ਟਿਕੇ ਪਏ ਰਹਿੰਦੇ ਹਨ ਜਿਵੇਂ ਕੋਈ ਵਿਆਕੁਲ ਕਰ ਰਹੀ ਪਿਆਸ ਬੁਝ ਚੁੱਕੀ ਹੁੰਦੀ ਹੈ। ਪਵਿੱਤਰ

ਮੁੱਖ ਤੋਂ ਹੁਣ ਕੋਈ ਸ਼ਬਦ ਨਹੀਂ ਬੋਲਦੇ, ਅੱਖਾਂ ਨਹੀਂ ਖੋਲਦੇ, ਮਾਨੋਂ ਘੂਕ ਨੀਂਦ ਵਿੱਚ ਸੁੱਤੇ ਪਏ ਹਨ। ਇਸ ਪ੍ਰਕਾਰ ਚਾਰ ਪੰਜ ਦਿਨ ਬੀਤ ਗਏ। ਅੱਜ ਅਰਸ਼ੀ ਦਾਤਾ ਸ਼ਾਇਦ ਆਖਰੀ ਮੋਹਰ ਲਾਉਣ ਚਲਿਆ ਹੈ, ਇਸ ਲਈ ਆਪਣੀ ਮੌਜ ਵਿੱਚ ਕੁਟੀਆ ਤੋਂ ਹਸਪਤਾਲ ਪਹੁੰਚ ਗਏ, ਲੇਕਿਨ ਸੰਤ ਗੋਪਾਲ ਸਿੰਘ ਜੀ ਉਸ ਦਿਨ ਤੋਂ ਅੱਖ ਨਹੀਂ ਖੋਲ ਰਹੇ, ਜਿਸ ਦਿਨ ਆਪ ਪਹਿਲਾਂ ਆਏ ਸਨ। ਸ਼ਾਇਦ ਅੱਖਾਂ ਹੁਣ ਕਿਸੇ ਵੀ ਦ੍ਰਿਸ਼ ਨੂੰ ਦੇਖਣ ਤੋਂ ਨਿਰਚਾਹ ਹੋ ਗਈਆਂ, ਜਾਂ ਦਾਤਾ ਉਸ ਦਿਨ ਪੁੜੀ ਹੀ ਐਸੀ ਪਿਲਾ ਗਿਆ ਜਿਸ ਦੀ ਖੁਮਾਰੀ ਅੱਜ ਤੱਕ ਨਹੀਂ ਉਤਰੀ, ਇਸ ਰਾਜ਼ ਨੂੰ ਖੁਦਾ ਖੁਦ ਹੀ ਜਾਣੇ। ਹਜ਼ੂਰ ਨੇ ਸੰਤ ਗੋਪਾਲ ਸਿੰਘ ਜੀ ਦੇ ਚਿਹਰੇ ਤੇ ਪਵਿੱਤਰ ਹੱਥ ਫੇਰਿਆ, ਉਸੀ ਸਮੇਂ ਸੰਤ ਗੋਪਾਲ ਸਿੰਘ ਜੀ ਦੀ ਇੱਕ ਅੱਖ ਥੋੜ੍ਹੀ ਖੁੱਲ੍ਹੀ, ਪਾਣੀ ਦੇ ਚਾਰ ਟੇਪੇ ਡੇਗ ਕੇ ਫਿਰ ਬੰਦ ਹੋ ਗਈ। ਹਜ਼ੂਰ ਉਥੋਂ ਚੱਲ ਕੇ ਵਾਪਸ ਆਪਣੀ ਕੁਟੀਆ ਪਹੁੰਚੇ ਹੀ ਸਨ, ਨਾਲ ਹੀ ਸੰਦੇਸ਼ਾਂ ਆ ਗਿਆ ਕਿ ਸੰਤ ਗੋਪਾਲ ਸਿੰਘ ਜੀ ਆਪਣਾ ਪੰਜ ਭੌਤਿਕ ਸਰੀਰ ਤਿਆਗ ਗਏ। ਹਜ਼ੂਰ ਨੇ ਹੁਕਮ ਕੀਤਾ, ਸਰੀਰ ਛੋਟੀ ਕੁਟੀਆ ਲੈ ਆਉ! ਸੰਗਤ ਨੇ ਹਸਪਤਾਲ ਤੋਂ ਸਰੀਰ ਛੋਟੀ ਕੁਟੀਆ ਲਿਆ ਕੇ ਕੋਲ ਸੁਖਮਨੀ ਸਾਹਿਬ ਦਾ ਪਾਠ ਸ਼ੁਰੂ ਕਰ ਦਿੱਤਾ। ਪੂਜਯ ਵਿਰੱਕਤ ਮਹਾਰਾਜ ਜੀ ਦੀ ਆਗਿਆ ਅਨੁਸਾਰ ਸਾਰੀ ਤਿਆਰੀ ਕਰਕੇ, ਛੋਟੀ ਕੁਟੀਆ ਹੀ ਸਸਕਾਰ ਕਰ ਦਿੱਤਾ। ਮਹਾਰਾਜ ਜੀ ਨੇ ਹੁਕਮ ਕੀਤਾ, ਕਿ ਗੋਪਾਲ ਸਿੰਘ ਦੇ ਸਿੱਖੀ ਸੰਸਕਾਰ ਬਹੁਤ ਦ੍ਰਿੜ ਸਨ, ਇਸ ਲਈ ਅਸਤੀਆਂ ਚੁਣ ਕੇ ਦਲੀਪ ਸਿੰਘ ਨੂੰ ਦੇ ਦਿਉ, ਇਹ ਕੀਰਤਪੁਰ ਸਾਹਿਬ ਪਾ ਆਵਣਗੇ। ਉਪਰੰਤ ਦਸਵੇਂ ਦਿਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾ ਕੇ ਗੁਰੂ ਕੇ ਲੰਗਰ ਵਰਤਾਏ ਗਏ।*

## ਰਿਵਾਲਸਰ ਮਨੀਕਰਨ ਦੀ ਯਾਤਰਾ

ਇੱਕ ਸਮੇਂ ਦਾ ਜ਼ਿਕਰ ਹੈ ਕਿ ਪੂਜਯ ਵਿਰੱਕਤ ਮਹਾਰਾਜ ਜੀ ਦਰਸ਼ਨ ਲਾਲ ਚਾਵਲਾ, ਭਗਤ ਲੱਭਾ ਰਾਮ ਅਤੇ ਟੇਕ ਸਿੰਘ ਗੁਲਾਟੀ ਨੂੰ ਨਾਲ ਲੈ ਕੇ ਰਿਵਾਲਸਰ ਮਨੀਕਰਨ ਦੀ ਯਾਤਰਾ ਨੂੰ ਚੱਲੇ। ਸਵੇਰੇ ਕਰਨਾਲ ਤੋਂ ਚੱਲ ਕੇ ਕਾਰ ਰਾਹੀਂ ਸ਼ਾਮ ਨੂੰ ਕੋਈ ਪੰਜ ਕੁ ਵਜੇ ਸੁੰਦਰ ਨਗਰ ਜਾ ਪਹੁੰਚੇ। ਬਹੁਤ ਰਮਣੀਕ ਅਤੇ ਸੁਹਾਵਣੇ ਮੌਸਮ ਵਾਲਾ ਇਹ ਸੁੰਦਰ ਸ਼ਹਿਰ ਕੀਰਤਪੁਰ, ਕੁਲੂ ਮਨਾਲੀ ਰੋਡ ਤੇ ਕੀਰਤਪੁਰ ਤੋਂ ਕਰੀਬ ਇੱਕ ਸੌ ਕਿਲੋਮੀਟਰ ਪਹਾੜ ਵਿੱਚ ਅਤੇ ਇਤਿਹਾਸਕ ਨਗਰ ਸਕੇਤ ਮੰਡੀ ਤੋਂ ਕੋਈ ਤੀਹ ਕੁ ਕਿਲੋਮੀਟਰ ਪਿੱਛੇ ਬੜੇ ਰਮਣੀਕ ਥਾਂ ਸਥਿਤ ਹੈ, ਸ਼ਾਇਦ ਇਸੇ ਲਈ ਇਸਦਾ ਨਾਮ ਸੁੰਦਰ ਨਗਰ ਰੱਖਿਆ ਗਿਆ ਹੈ। ਇੱਥੇ ਹੀ ਬਿਆਸ, ਸਤਲੁਜ ਦਾ ਲਿੰਕ ਹੈ ਜੋ ਅੱਗੇ ਜਾ ਕੇ ਭਾਖੜਾ ਡੈਮ ਦਾ ਰੂਪ ਧਾਰਨ ਕਰ ਲੈਂਦਾ ਹੈ। ਇਸ ਸੁੰਦਰ ਨਗਰ ਸਾਹਿਬ ਵਿੱਚ ਹਜ਼ੂਰ ਦਾ ਇੱਕ ਚਰਨ ਸੇਵਕ ਹਰਬੰਸ ਲਾਲ ਬਾਵਾ, ਜਿਸ ਦਾ ਪਿਛੋਕੜ ਤਾਂ ਕਰਨਾਲ ਸ਼ਹਿਰ ਤੋਂ ਹੀ ਹੈ, ਲੇਕਿਨ ਕਿਸੇ ਸਮੇਂ ਇਸ ਪ੍ਰੇਮੀ ਨੇ ਹਜ਼ੂਰ ਤੋਂ ਅਸ਼ੀਰਵਾਦ ਲੈ ਕੇ ਇੱਥੇ ਦੰਦ ਚਕਿਤਸਕ ਦੀ ਦੁਕਾਨ ਸ਼ੁਰੂ ਕੀਤੀ ਸੀ, ਉਸ ਦੀ ਦੁਕਾਨ ਤੇ ਪਹੁੰਚ ਗਏ। ਉਸ ਪ੍ਰੇਮੀ ਦੀ ਦੁਕਾਨ ਦਾ ਸਿਰਨਾਵਾਂ (Address) ਸ਼ਾਇਦ ਕਰਨਾਲ ਤੋਂ ਨਾਲ ਹੀ ਲੈ ਕੇ ਆਏ ਸਨ, ਇਸ ਲਈ ਸੌਖੇ ਆ ਪਹੁੰਚੇ। ਇੱਧਰ ਡਾਕਟਰ ਹਰਬੰਸ ਲਾਲ ਜੀ ਨੇ ਕਦੇ ਸੁਪਨੇ ਵਿੱਚ ਵੀ ਨਹੀਂ ਸੀ ਸੋਚਿਆ ਕਿ ਹਜ਼ੂਰ ਕਦੇ ਸੁੰਦਰ ਨਗਰ ਆਉਣਗੇ, ਪਰ ਉਨ੍ਹਾਂ ਦੀ ਯਾਦ ਮਨ ਵਿੱਚ ਹਮੇਸ਼ਾਂ ਬਣਾਈ ਰੱਖਦਾ ਸੀ, ਕਿਉਂਕਿ ਉਸਦੀ ਦੁਕਾਨ ਜਿਸ ਤਰੀਕੇ ਕਾਮਯਾਬੀ ਨਾਲ ਚੱਲੀ ਸੀ, ਅਤੇ ਇਲਾਕੇ ਵਿੱਚ ਮਾਣ ਸਤਿਕਾਰ ਸੀ, ਇਹ ਸਭ ਹਜ਼ੂਰ ਦੀ ਬਖਸ਼ਿਸ਼ ਹੀ ਸਮਝਦਾ ਸੀ, ਕਿਉਂਕਿ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਇਸ ਨੇ ਹਜ਼ੂਰ ਤੋਂ ਆਗਿਆ ਮੰਗੀ ਸੀ, ਆਪ ਨੇ ਹੁਕਮ ਕਰ ਦਿੱਤਾ ਸੀ ਕਿ ਪਹਿਲੀ ਪਉੜੀ ਦਾ ਪੰਜ ਵਾਰ ਪਾਠ ਕਰਕੇ ਕੰਮ ਸ਼ੁਰੂ ਕਰ ਲਈਂ, ਗੁਰੂ ਨਾਨਕ ਭਲੀ ਕਰਨਗੇ। ਪ੍ਰੇਮੀ ਨੇ ਪੁੱਛਿਆ ਕਿਸ ਦਿਨ ਕੰਮ ਸ਼ੁਰੂ ਕਰਾਂ!

---

* *ਸੰਤ ਗੋਪਾਲ ਸਿੰਘ ਜੀ ਦਾ ਇੱਕ ਪ੍ਰੇਮੀ ਸੇਵਕ ਸਰਦਾਰ ਹਰਨੇਕ ਸਿੰਘ ਤੁਰਮਰੀ ਵਾਲਾ ਆਪਣੇ ਦਫਤਰ ਵਿੱਚ ਬੈਠਾ ਕੰਮ ਕਰ ਰਿਹਾ ਸੀ ਕਿ ਉਸ ਨੂੰ ਕਿਸੇ ਅਣਪਛਾਤੇ ਮਨੁੱਖ ਨੇ ਫੋਨ ਤੇ ਦੱਸਿਆ ਕਿ ਸੰਤ ਗੋਪਾਲ ਸਿੰਘ ਜੀ ਅਕਾਲ ਚਲਾਣਾਂ ਕਰ ਗਏ ਹਨ, ਫਲਾਂ ਦਿਨ ਉਨ੍ਹਾਂ ਦੀ ਯਾਦ ਵਿੱਚ ਭੋਗ ਪੈਣਾ ਹੈ। ਹਰਨੇਕ ਸਿੰਘ ਫੋਨ ਸੁਣਦੇ ਸਾਰ ਹੀ ਕਰਨਾਲ ਕੁਟੀਆ ਪਹੁੰਚਿਆ ਤਾਂ ਪਤਾ ਲੱਗਿਆ, ਕਿ ਸੰਤ ਜੀ ਵਾਕਿਆ ਹੀ ਸਰੀਰ ਛੱਡ ਚੁੱਕੇ ਹਨ ਅਤੇ ਕੱਲ੍ਹ ਉਨ੍ਹਾਂ ਦੀ ਅੰਤਿਮ ਯਾਦ ਵਿੱਚ ਭੋਗ ਪੈਣ ਵਾਲਾ ਹੈ। ਲੇਕਿਨ ਫੋਨ ਕਿਸ ਨੇ ਕੀਤਾ, ਇਹ ਭੇਦ ਅੱਜ ਤੱਕ ਛੁਪਿਆ ਹੋਇਆ ਹੈ, ਇਸ ਦਾ ਖੋਜ ਕਰਨ ਤੇ ਵੀ ਪਤਾ ਨਹੀਂ ਲੱਗਿਆ।*

ਹੁਕਮ ਹੋਇਆ ਸਾਰੇ ਵਾਰ ਪਰਮੇਸ਼ਰ ਦੇ ਹਨ ਜਿਸ ਦਿਨ ਤੇਰਾ ਮਨ ਕਰੇ ਸ਼ੁਰੂ ਕਰ ਲਈ। ਉਪਰੋਕਤ ਬਚਨ ਕਰਕੇ ਪ੍ਰਸ਼ਾਦ ਬਖਸ਼ ਦਿੱਤਾ। ਬਸ ਪ੍ਰੇਮੀ ਆਪਣੀ ਸਾਰੀ ਸਫਲਤਾ ਦਾ ਰਾਜ ਇਸ ਵਿੱਚ ਹੀ ਸਮਝਦਾ ਸੀ, ਇਸ ਲਈ ਹਜ਼ੂਰ ਦਾ ਦੁਕਾਨ ਤੇ ਆਉਣਾ ਦੇਖ-ਕੇ ਅਤੀ ਪ੍ਰਸ਼ੰਨਤਾ ਹੋਈ। ਡਾਕਟਰ ਬਾਵਾ ਦੀ ਰਾਜਨੀਤਿਕ ਪਹੁੰਚ ਕੁਝ ਤਕੜੀ ਸੀ, ਇਸ ਲਈ ਇਸਨੇ ਸੋਚਿਆ ਕਿ ਸਰਕਾਰੀ ਵਜੀਰ ਰੈਸਟ ਹਾਊਸ (Rest House) ਵਿੱਚ ਰੁੱਕਦੇ ਹਨ, ਪਰ ਅੱਜ ਤਾਂ ਦਰਗਾਹ ਦੇ *ਬਸੀਠ* ਆਏ ਹਨ, ਕਿਉਂ ਨਾ ਇਨ੍ਹਾਂ ਨੂੰ ਰੈਸਟ ਹਾਊਸ ਵਿੱਚ ਠਹਿਰਾਇਆ ਜਾਵੇ। ਹਜ਼ੂਰ ਬੋਲੇ, ਭਾਈ! ਇੱਥੇ ਨੇੜੇ ਜੇ ਮਹਾਤਮਾ ਦੀ ਕੋਈ ਕੁਟੀਆ ਹੈ, ਅਸੀਂ ਤਾਂ ਉੱਥੇ ਠਹਿਰ ਜਾਈਏ! ਅਰਜ਼ ਕੀਤੀ, ਮਹਾਰਾਜ ਮੇਰੀ ਸ਼ਰਧਾ ਹੈ ਆਪ ਰੈਸਟ ਹਾਊਸ ਠਹਿਰੋ, ਉੱਥੇ ਲੰਗਰ ਆਦਿ ਦਾ ਸਾਰਾ ਪ੍ਰਬੰਧ ਹੈ। ਹਜ਼ੂਰ ਬੋਲੇ, ਲੰਗਰ ਸਾਡੇ ਕੋਲ ਹੈ ਭਾਈ! ਸਾਨੂੰ ਹੋਰ ਲੰਗਰ ਦੀ ਜ਼ਰੂਰਤ ਨਹੀਂ, ਖੈਰ ਰਾਤ ਰੈਸਟ ਹਾਊਸ ਹੀ ਠਹਿਰ ਗਏ। ਸਵੇਰੇ-ਸਵੇਰੇ ਪਤਾ ਲੱਗਣ ਤੇ ਕਿ ਕੋਈ ਮਹਾਤਮਾ ਰੈਸਟ ਹਾਊਸ਼ ਵਿੱਚ ਰੁੱਕੇ ਹੋਏ ਹਨ, ਦੋ ਸਰਕਾਰੀ ਅਫਸਰ ਹਜ਼ੂਰ ਦੇ ਦਰਸ਼ਨ ਕਰਨ ਆਏ, ਜਿਨ੍ਹਾਂ ਵਿੱਚੋਂ ਇੱਕ ਐਗਜੈਕਟਿਵ ਇੰਜੀਨੀਅਰ (Executive Engineer) ਸੀ, ਅਤੇ ਦੂਸਰਾ ਸਰਕਲ ਡਰਾਫਟਸ ਮੈਨ। ਦੋਨੋਂ ਪ੍ਰੇਮੀ ਨਮਸ਼ਕਾਰ ਕਰਕੇ ਚਰਨਾਂ ਵਿੱਚ ਬੈਠ ਗਏ। ਪ੍ਰਤੀਤ ਹੁੰਦਾ ਹੈ ਕਿ ਇਹ ਦੋਨੋਂ ਪ੍ਰੇਮੀ ਪਰਮਾਰਥ ਦਾ ਕੁੱਝ ਸ਼ੌਕ ਰੱਖਦੇ ਹਨ। ਕੁਝ ਪਰਮਾਰਥਕ ਵਿਚਾਰਾਂ ਕਰਨ ਤੋਂ ਬਾਅਦ ਅਰਜ਼ ਕੀਤੀ, ਮਹਾਰਾਜ! ਮਨ ਨਾਮ ਵਿੱਚ ਨਹੀਂ ਲੱਗਦਾ ਕੋਈ ਜੁਗਤੀ ਦੱਸੋ, ਜਿਸ ਨਾਲ ਮਨ ਟਿਕ ਜਾਵੇ। ਹਜ਼ੂਰ ਨੇ ਹੁਕਮ ਕੀਤਾ ਆਪਣੀਆਂ ਅੱਖਾਂ ਬੰਦ ਕਰਕੇ ਆਪਣੇ ਇਸ਼ਟ ਦਾ ਧਿਆਨ ਕਰ! ਅਫਸਰ ਨੇ ਐਸਾ ਕੀਤਾ, ਥੋੜ੍ਹੀ ਦੇਰ ਬਾਅਦ ਹਜ਼ੂਰ ਨੇ ਪੁੱਛਿਆ, ਦੱਸ ਭਾਈ ਧਿਆਨ ਲੱਗਿਆ ਜਾਂ ਨਹੀਂ? ਅਫਸਰ ਬੋਲਿਆ, ਮਹਾਰਾਜ! ਬੜਾ ਅਨੰਦ ਆਇਆ, ਪਰ ਇਹ ਤਾਂ ਆਪ ਜੀ ਕ੍ਰਿਪਾ ਨਾਲ ਸੀ, ਇਹ ਹਮੇਸ਼ਾਂ ਤਾਂ ਨਹੀਂ ਬਣਿਆ ਰਹਿੰਦਾ। ਹਜ਼ੂਰ ਬੋਲੇ ਤੂੰ ਸਕੂਲ ਵਿੱਚ ਕਿੰਨੇ ਸਾਲ ਪੜ੍ਹਿਆ ਹੈਂ? ਮਹਾਰਾਜ ਕਾਫੀ ਸਾਲ ਲੱਗੇ ਸਨ। ਹਜ਼ੂਰ ਨੇ ਪੁੱਛਿਆ ਐਨੇ ਸਾਲ ਪੜ੍ਹਣ ਦੀ ਕੀ ਜ਼ਰੂਰਤ ਸੀ, ਤੂੰ ਸਿੱਧਾ ਹੀ ਕਿਉਂ ਨਾ ਇੰਜਨੀਅਰ ਲੱਗ ਗਿਆ? ਜਿਵੇਂ ਪਹਿਲਈ ਤੋਂ ਸ਼ੁਰੂ ਕਰਕੇ ਕਾਲਜ ਤੱਕ ਕਿੰਨੇ ਸਾਲ ਪੜ੍ਹਾਈ ਕਰਨੀ ਪਈ, ਫਿਰ ਜਾ ਕੇ ਸੁੱਖ ਦੀ ਨੌਕਰੀ ਪ੍ਰਾਪਤ ਹੋਈ। ਇਸੇ ਤਰ੍ਹਾਂ ਇੱਧਰ ਵੀ ਧਿਆਨ ਸਿਮਰਨ ਕਰਦੇ-ਕਰਦੇ ਮਨ ਲੱਗਣਾ ਸ਼ੁਰੂ ਹੋ ਜਾਂਦਾ ਹੈ। ਅਗਰ ਕੋਈ ਕਹੇ ਕਿ ਮੈਂ ਪਹਿਲੇ ਹੀ ਦਿਨ ਮੰਜ਼ਿਲ ਤੇ ਪਹੁੰਚ ਜਾਵਾਂ, ਉਸ ਦੀ ਇਹ ਸੋਚਣੀ ਨਿਰਮੂਲ ਹੈ। ਸਹਿਜੇ-ਸਹਿਜੇ ਪ੍ਰੇਮ ਅਤੇ ਵਿਸ਼ਵਾਸ ਨਾਲ ਸਾਧਨਾਂ ਕਰਦਿਆਂ ਮਨ ਸਹਿਜ ਵਿੱਚ ਆਉਣਾ ਸ਼ੁਰੂ ਹੋ ਜਾਂਦਾ ਹੈ, ਬਸ ਸਾਵਧਾਨ ਹੋ ਕੇ ਲੱਗਿਆਂ ਰਹਿ। ਦੋਨਾਂ ਅਫਸਰਾਂ ਨੂੰ ਉਪਰੋਕਤ ਉਪਦੇਸ਼ ਅਤੇ ਕੁਝ ਅਨਭੂਤੀ ਦਾ ਅਨੁਭਵ ਕਰਾ ਕੇ ਹੁਣ ਹਜ਼ੂਰ ਨੇ ਅੱਗੇ ਨੂੰ ਚਾਲੇ ਪਾਉਣ ਦੀ ਤਿਆਰੀ ਕੀਤੀ। ਡਾਕਟਰ ਨੇ ਅਰਜ਼ ਕੀਤੀ, ਮਹਾਰਾਜ ਹੁਕਮ ਹੋਵੇ ਮੈਂ ਵੀ ਨਾਲ ਤੁਰ ਚਲਾਂ। ਹਜ਼ੂਰ ਬੋਲੇ, ਭਾਈ ਬੜੀ ਖੁਸ਼ੀ ਨਾਲ। ਡਾਕਟਰ ਜੀ ਦੁਕਾਨ ਤੋਂ ਆਪਣਾ ਬੈਗ (Bag) ਲੈਣ ਗਏ, ਲੇਕਿਨ ਮਨ ਵਿੱਚ ਇੱਕ ਸੰਕਲਪ ਉੱਠਣਾ ਸ਼ੁਰੂ ਹੋ ਗਿਆ, ਕਿ ਕੱਲ੍ਹ ਕਿਸੇ ਨੂੰ ਦੰਦਾਂ ਦੇ ਕੰਮ ਲਈ ਸਮਾਂ ਦਿੱਤਾ ਸੀ, ਉਹ ਕੰਮ ਵੀ ਬਹੁਤ ਜ਼ਰੂਰੀ ਹੈ, ਕਿਉਂਕਿ ਜਿਸ ਲੜਕੀ ਦੇ ਦੰਦਾਂ ਦਾ ਕੰਮ ਕਰਨਾ ਹੈ, ਉਸਦੀ ਥੋੜ੍ਹੇ ਦਿਨਾਂ ਨੂੰ ਸ਼ਾਦੀ ਹੈ, ਤਦ ਹੀ ਤਾਂ ਉਸ ਦੇ ਮਾਤਾ ਪਿਤਾ ਨੇ ਕੱਲ੍ਹ ਬਚਨ ਲਿਆ ਸੀ, ਕਿ ਪੈਸੇ ਜਿਤਨੇ ਮਰਜ਼ੀ ਲੈ ਲਵੋ, ਲੇਕਿਨ ਫਲਾਣੇ ਦਿਨ ਤੋਂ ਬਾਅਦ ਲੜਕੀ ਨੇ ਘਰ ਤੋਂ ਬਾਹਰ ਨਹੀਂ ਆਉਣਾ, ਇਸ ਲਈ ਉਸ ਦਿਨ ਤੋਂ ਪਹਿਲਾਂ-ਪਹਿਲਾਂ ਦੰਦ ਠੀਕ ਕਰ ਦਿਉ। ਉਨ੍ਹਾਂ ਨੂੰ ਸਮਾਂ ਵੀ ਅੱਜ ਦਾ ਦਿੱਤਾ ਹੋਇਆ ਹੈ ਅਤੇ ਇਧਰ ਗੁਰੂਦੇਵ ਵੀ ਰੋਜ਼-ਰੋਜ਼ ਨਹੀਂ ਆਉਣੇ, ਇਸ ਲਈ ਦੋ ਦਿਨ ਉਨ੍ਹਾਂ ਦੇ ਨਾਲ ਰਹਿਣਾ ਵੀ ਜ਼ਰੂਰੀ ਹੈ। ਖੈਰ ਡਾਕਟਰ ਨੇ ਪੜੌਸੀ ਦੁਕਾਨ ਵਾਲੇ ਨੂੰ ਆਖ ਦਿੱਤਾ, ਕਿ ਫਲਾਣੇ ਬੰਦੇ ਇੱਥੇ ਆਉਣਗੇ, ਉਨ੍ਹਾਂ ਨੂੰ ਕਹਿ ਦੇਣਾ ਕਿ ਅੱਜ ਤਾਂ ਮੈਂ ਆਪਣੇ ਗੁਰੂਦੇਵ ਨਾਲ ਜਾ ਰਿਹਾ ਹਾਂ, ਫਿਰ ਆ ਕੇ ਉਨ੍ਹਾਂ ਦਾ ਕੰਮ ਕਰੂੰਗਾ, ਅਗਰ ਉਨ੍ਹਾਂ ਨੇ ਦੁਕਾਨ ਤੇ ਨਹੀਂ ਆਉਣਾ ਹੋਵੇਗਾ, ਤਾਂ ਮੈਂ ਸ਼ਾਦੀ ਤੋਂ ਪਹਿਲਾਂ-ਪਹਿਲਾਂ ਉਨ੍ਹਾਂ ਦੇ ਘਰ ਜਾ ਕੇ ਕੰਮ ਕਰ ਆਵਾਂਗਾ, ਇਸ ਲਈ ਕੋਈ ਚਿੰਤਾ ਨਾ ਕਰਨ। ਡਾਕਟਰ ਜੀ ਬੈਗ ਲੈ ਰੈਸਟ ਹਾਊਸ ਪਹੁੰਚ ਗਏ, ਹਜ਼ੂਰ ਦੇ ਚਰਨਾਂ ਵਿੱਚ. ਉੱਧਰ ਉਡੀਕ ਹੋ ਹੀ ਰਹੀ ਸੀ, ਇਸ ਲਈ ਡਾਕਟਰ ਨੇ ਬੈਗ ਛੇਤੀ-ਛੇਤੀ ਕਾਰ ਵਿੱਚ ਰੱਖ ਦਿੱਤਾ। ਹਜ਼ੂਰ ਨੇ ਹੁਕਮ ਕੀਤਾ, ਭਾਈ ਅਰਦਾਸ ਕਰੋ! ਅਰਦਾਸ ਕਰਨ ਤੋਂ ਬਾਅਦ ਘਟ-ਘਟ ਕੇ ਅੰਤਰ ਕੀ ਜਾਨਣਹਾਰ ਨੇ ਹੁਕਮ

ਕੀਤਾ, ਕਿ ਸੰਗਤਰਿਆਂ ਦੀ ਪੇਟੀ, ਜੋ ਗੱਡੀ ਵਿੱਚ ਪਈ ਹੈ ਉਹ ਥੱਲੇ ਉਤਾਰ ਦਿਉ। ਡਾਕਟਰ ਇੱਥੇ ਹੀ ਵੰਡ ਦੇਵੇਗਾ। ਡਾਕਟਰ ਨੇ ਅਰਜ਼ ਕੀਤੀ, ਮਹਾਰਾਜ! ਮੈਂ ਤਾਂ ਆਪ ਜੀ ਦੇ ਨਾਲ ਹੀ ਚਲਾਂਗਾ, ਇਸ ਲਈ ਬੈਗ ਵੀ ਕਾਰ ਵਿੱਚ ਰੱਖ ਲਿਆ ਹੈ। ਹਜ਼ੂਰ ਬੋਲੇ, ਨਾ ਭਾਈ ਤੂੰ ਆਪਣਾ ਇੱਥੇ ਹੀ ਕੰਮ ਸੰਭਾਲ ਅਸੀਂ ਵਾਪਸ ਆਉਂਦੇ ਤੈਨੂੰ ਫਿਰ ਮਿਲ ਕੇ ਜਾਵਾਂਗੇ। ਡਾਕਟਰ ਬਹੁਤ ਅਸਚਰਜ ਹੋਇਆ ਕਿ ਹਜ਼ੂਰ ਮੇਰੇ ਸੰਕਲਪਾਂ ਦੇ ਵੀ ਸ਼ਾਕਸੀ ਹਨ। ਖੈਰ ਅੱਗੇ ਨੂੰ ਚਾਲੇ ਪਾ ਕੇ ਦਸ਼ਮੇਸ਼ ਪਿਤਾ ਜੀ ਦੀ ਪਵਿੱਤਰ ਚਰਨ ਧੂੜੀ ਨੂੰ ਪ੍ਰਾਪਤ ਹੋਏ ਰਿਵਾਲਸਰ ਅਤੇ ਸਕੇਤਮੰਡੀ ਆਦਿ ਅਸਥਾਨਾਂ ਦੇ ਦਰਸ਼ਨ ਦੀਦਾਰੇ ਕਰਦੇ, ਸ਼ਾਮ ਨੂੰ ਮਨੀਕਰਨ ਜਾ ਪਹੁੰਚੇ। ਇੱਥੇ ਰਾਤ ਠਹਿਰ ਕੇ ਦਰਸ਼ਨ-ਪਰਸਨ ਕੀਤੇ, ਅਤੇ ਗਰਮ ਜਲ ਵਿੱਚ ਇਸ਼ਨਾਨ ਕੀਤਾ, ਉਪਰੰਤ ਅੰਮ੍ਰਿਤ ਵੇਲੇ ਵਾਪਸੀ ਲਈ ਚਾਲੇ ਪਾ ਕੇ, ਕੋਈ ਦਸ ਕੁ ਵਜੇ ਪਹੁੰਚ ਗਏ ਸੁੰਦਰ ਨਗਰ, ਜਿੱਥੇ ਪ੍ਰੇਮੀ ਨੂੰ ਕੱਲ੍ਹ ਬਚਨ ਦਿੱਤਾ ਸੀ ਕਿ ਵਾਪਸੀ ਤੇ ਮਿਲਾਂਗੇ। ਸੰਦੇਸਾਂ ਮਿਲਦਿਆਂ ਹੀ ਡਾਕਟਰ ਜੀ ਘਰ ਪਹੁੰਚ ਗਏ, ਅੱਗੇ ਘਰ ਵਾਲੇ ਪ੍ਰੇਮੀ ਚਾਹ ਵਗੈਰਾ ਛਕਾ ਰਹੇ ਸਨ। ਹਜ਼ੂਰ ਨੇ ਹੁਕਮ ਕੀਤਾ, ਤੈਨੂੰ ਬਚਨ ਦਿੱਤਾ ਕਰਕੇ ਰੁੱਕਣਾ ਪਿਆ, ਨਹੀਂ ਤਾਂ ਅਸੀਂ ਲੰਘ ਜਾਣਾ ਸੀ। ਇਤਿਆਦਿਕ ਬਚਨ ਕਰਕੇ ਹਜ਼ੂਰ ਉਠ ਖਲੋਤੇ ਜਾਣ ਲਈ। ਕਾਰ ਕੋਲ ਨੂੰ ਚਲਦੇ-ਚਲਦੇ ਡਾਕਟਰ ਨੇ ਅਰਜ਼ ਕੀਤੀ, ਮਹਾਰਾਜ! ਨਾਮ ਦੀ ਦਾਤ ਬਖਸ਼ ਦਿਉ? ਹਜ਼ੂਰ ਨੇ ਪੁੱਛਿਆ ਜਪਿਆ ਕਰੇਂਗਾ? ਹਾਂ ਮਹਾਰਾਜ ਆਪ ਦੀ ਮਿਹਰ ਨਾਲ ਜ਼ਰੂਰ ਜਪਾਂਗਾ। ਮਹਾਰਾਜ ਜੀ ਉੱਚੀ ਜਗ੍ਹਾ ਤੋਂ ਨੀਵੀਂ ਥਾਂ ਨੂੰ ਪਉੜੀਆਂ ਉਤਰ ਰਹੇ ਸਨ ਨਾਲ-ਨਾਲ ਡਾਕਟਰ ਵੀ ਆ ਰਿਹਾ ਸੀ, ਆਪ ਜੀ ਨੇ ਚਲਦਿਆਂ-ਚਲਦਿਆਂ ਹੀ ਹੁਕਮ ਕੀਤਾ, ਕਹਿ ਸਤਿਨਾਮ! ਸਤਿਨਾਮ!! ਇਸ ਪ੍ਰਕਾਰ ਪੰਜ ਦਫਾ ਕਹਾ ਕੇ ਹੁਕਮ ਕੀਤਾ, ਇਸ ਨਾਮ ਨੂੰ ਕਦੇ ਛੱਡਣਾ ਨਹੀਂ ਅਤੇ ਨਾਲ ਧਿਆਨ ਦੀ ਜੁਗਤੀ ਵੀ ਦੱਸੀ। ਇਸ ਪ੍ਰਕਾਰ ਪ੍ਰੇਮੀ ਡਾਕਟਰ ਨੂੰ ਉਪਦੇਸ਼ ਕਰਕੇ ਹਜ਼ੂਰ ਬਹਿੰਦੇ ਦਰਿਆ ਦੀ ਤਰ੍ਹਾਂ ਮੈਦਾਨੀ ਇਲਾਕੇ ਵੱਲ ਨੂੰ ਰਵਦੇ ਹੋਏ।

## ਯਮੁਨਾ ਕਿਨਾਰੇ ਗੁਰਦੁਆਰਾ ਸਾਹਿਬ

ਜ਼ਿਲ੍ਹਾਂ ਕਰਨਾਲ ਸ਼ਹਿਰ ਤੋਂ ਪੈਂਤੀ ਕਿਲੋਮੀਟਰ ਦੂਰ ਚੜ੍ਹਦੇ ਪਾਸੇ ਯਮੁਨਾ ਦੇ ਕਿਨਾਰੇ ਇੱਕ ਪਿੰਡ ਵਸਦਾ ਹੈ *ਨਬੀਆਬਾਦ* ਇਸ ਪਿੰਡ ਵਿੱਚ ਜ਼ਿਆਦਾ ਆਬਾਦੀ ਮੁਸਲਮਾਨ ਅਤੇ ਸ਼ਿਕਲੀ ਗਿਰ ਭਰਾਵਾਂ ਦੀ ਹੈ। ਪੰਝੀ ਕੁ ਘਰ ਜੱਟ ਸਰਦਾਰਾਂ ਦੇ ਹਨ ਜਿਨ੍ਹਾਂ ਵਿੱਚ ਜ਼ਿਆਦਾ ਡਬਰੀ ਅਤੇ ਕੁਰਾਲੀ ਆਦਿ ਪਿੰਡ ਤੋਂ ਜ਼ਮੀਨ ਖਰੀਦ ਕੇ ਵਸੇ ਹਨ। ਜ਼ਿਕਰ 1978 ਦੇ ਕਰੀਬ ਦਾ ਹੈ ਜਦੋਂ ਇੱਥੋਂ ਦੇ ਕੁੱਝ ਵਸਨੀਕ ਸੁੱਚਾ ਸਿੰਘ ਡਬਰੀ, ਅੰਗਰੇਜ਼ ਸਿੰਘ ਅਤੇ ਜੋਗਿੰਦਰ ਸਿੰਘ ਆਦਿਕ ਪ੍ਰੇਮੀਆਂ ਨੇ ਨਬੀਆਬਾਦ ਆਪਣੇ ਡੇਰੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ ਲਈ ਹਜ਼ੂਰ ਦੇ ਚਰਨਾਂ ਵਿੱਚ ਬੇਨਤੀ ਕੀਤੀ, ਆਪ ਨੇ ਬੇਨਤੀ ਪ੍ਰਵਾਨ ਕਰਕੇ ਤਾਰੀਖ ਬਖਸ਼ ਦਿੱਤੀ ਅਤੇ ਨੀਯਤ ਦਿਨ ਤੇ ਪ੍ਰੇਮੀਆਂ ਨਾਲ ਉਸ ਪਿੰਡ ਪਹੁੰਚ ਗਏ। ਭੋਗ ਅਤੇ ਕਥਾ ਦੀ ਕਦੋਂ ਸੰਪੂਰਨਤਾ ਹੋਈ ਤਾਂ ਲੰਗਰ ਛਕਣ ਤੋਂ ਬਾਅਦ ਪ੍ਰੇਮੀਆਂ ਨੇ ਇਕੱਠੇ ਹੋ ਕੇ ਅਰਜ਼ ਕੀਤੀ, ਮਹਾਰਾਜ! ਆਪ ਕ੍ਰਿਪਾ ਕਰੋ ਇੱਥੇ ਗੁਰਦੁਵਾਰਾ ਸਾਹਿਬ ਬਣ ਜਾਵੇ! ਹਜ਼ੂਰ ਬੋਲੇ ਬਹੁਤ ਵਧੀਆ ਹੈ, ਯਮੁਨਾ ਦਾ ਕਿਨਾਰਾ ਕਿੰਨਾ ਸੁੰਦਰ ਹੈ, ਇਸ ਕਿਨਾਰੇ ਤੇ ਗੁਰੂ ਸਾਹਿਬ ਜੀ ਦਾ ਅਸਥਾਨ ਬਣਾ ਲਵੋ, ਰਲ ਮਿਲ ਕੇ ਸੇਵਾ ਕਰੋ, ਗੁਰਬਾਣੀ ਪੜ੍ਹੋ ਇਤਿਆਦਿਕ ਬਚਨ ਕਰਕੇ ਆਪ ਤਾਂ ਕਰਨਾਲ ਕੁਟੀਆ ਆ ਸੁਭਾਇਮਾਨ ਹੋਏ, ਬਾਅਦ ਵਿੱਚ ਸੰਗਤਾਂ ਨੇ ਵਿਚਾਰ ਕਰਕੇ ਬਜਾਏ ਯਮੁਨਾ ਕਿਨਾਰੇ ਗੁਰਦੁਵਾਰਾ ਸਾਹਿਬ ਬਨਾਉਣ ਦੇ ਆਪਣੇ ਘਰਾਂ ਕੋਲ ਹੀ ਬਨਾਉਣ ਦੇ ਵਿਚਾਰ ਨਾਲ ਕੜਾਹ ਪ੍ਰਸ਼ਾਦ ਬਣਾ ਕੇ ਗੁਰਦੁਵਾਰਾ ਸਾਹਿਬ ਦੀ ਨੀਂਹ ਰੱਖ ਲਈ। ਨੀਂਹ ਸਮਾਗਮ ਤੋਂ ਬਾਅਦ ਕੜਾਹ ਪ੍ਰਸ਼ਾਦ ਲੈ ਕੇ ਹਜ਼ੂਰ ਕੋਲ ਕਰਨਾਲ ਕੁਟੀਆ ਪਹੁੰਚੇ। ਹਜ਼ੂਰ ਨੇ ਪੁੱਛਿਆ, ਭਾਈ ਕਿਸ ਖੁਸ਼ੀ ਵਿੱਚ ਕੜਾਹ ਪ੍ਰਸ਼ਾਦ ਲੈ ਕੇ ਆਏ ਹੋ? ਮਹਾਰਾਜ ਆਪ ਨੇ ਕ੍ਰਿਪਾ ਕੀਤੀ, ਅੱਜ ਗੁਰਦੁਵਾਰਾ ਸਾਹਿਬ ਦੀ ਨੀਂਹ ਰੱਖੀ ਹੈ, ਇਸ ਲਈ ਅਰਦਾਸ ਕਰਨ ਵਾਸਤੇ ਕੜਾਹ ਪ੍ਰਸ਼ਾਦ ਬਣਾਇਆ ਸੀ ਉਹ ਆਪ ਜੀ ਵਾਸਤੇ ਲੈ ਕੇ ਆਏ ਹਾਂ। ਹਜ਼ੂਰ ਨੇ ਪੁੱਛਿਆ, ਕਿੱਥੇ ਰੱਖੀ ਹੈ? ਮਹਾਰਾਜ! ਡੇਰੇ ਕੋਲ! ਤੁਹਾਨੂੰ ਹੁਕਮ ਕੀਤਾ ਸੀ, ਯਮੁਨਾ ਦੇ ਕਿਨਾਰੇ ਬਨਾਉਣ ਲਈ, ਮਹਾਰਾਜ ਉਹ ਕੁੱਝ ਦੂਰ ਪੈਂਦਾ ਸੀ, ਇਸ ਲਈ ਘਰਾਂ ਦੇ ਨੇੜੇ ਬਨਾਉਣ ਦਾ ਵਿਚਾਰ ਕਰਕੇ ਕੰਮ ਸ਼ੁਰੂ ਕੀਤਾ ਹੈ। ਮਹਾਰਾਜ ਜੀ ਸੁਣ ਕੇ ਕੁਝ ਦੇਰ ਲਈ ਚੁੱਪ ਹੋ ਗਏ, ਫਿਰ ਬੋਲੇ, ਅੱਛਾ! ਜਿਵੇਂ ਹੁਕਮ ਪਰਮੇਸ਼ਰ ਦਾ। ਗੁਰਦੁਵਾਰਾ ਸਾਹਿਬ ਤਾਂ ਕੁਝ ਸਮੇਂ

ਵਿੱਚ ਬਣ ਕੇ ਤਿਆਰ ਹੋ ਗਿਆ, ਲੇਕਿਨ ਪਰਮੇਸ਼ਰ ਦੀ ਨੇਤ ਐਸੀ ਹੋਈ, ਕਿ ਕੁੱਝ ਸਾਲਾਂ ਬਾਅਦ ਯਮੁਨਾ ਨੇ ਜਿਉਂ ਵੱਧਣਾ ਸ਼ੁਰੂ ਕੀਤਾ, ਤਾਂ ਅਨੇਕਾਂ ਕਿੱਲੇ ਜ਼ਮੀਨ ਤੇ ਕੱਟਦੀ ਅਤੇ ਕਈ ਮਕਾਨਾਂ ਦਾ ਮਲੀਆਂ ਮੇਟ ਕਰਦੀ ਹੋਈ, ਕੋਈ ਡੇਢ ਕਿਲੋਮੀਟਰ ਪਿੱਛੇ ਹੱਟ ਕੇ ਗੁਰਦੁਵਾਰਾ ਸਾਹਿਬ ਦੇ ਕੋਲ ਆ ਕੇ ਰੁਕੀ। ਸ਼ਾਇਦ ਹੁਣ ਇਸ ਦੇ ਅੱਗੇ ਵੱਧਣ ਦੀ ਸਮਰਥਾ ਨਹੀਂ, ਕਿਉਂਕਿ ਹੁਣ ਅੱਗੇ **ਸਾਧ ਬਚਨ ਅਟਲਾਧਾ** ਵਾਲਾ ਜ਼ਬਰਦਸਤ ਬੰਨ੍ਹ ਆ ਗਿਆ। ਵਰਤਮਾਨ ਸਮੇਂ ਤੱਕ ਇਹ ਗੁਰਦੁਵਾਰਾ ਸਾਹਿਬ ਦੇ ਨਾਲ ਬਹਿੰਦੀ ਹੈ ਅਤੇ ਹੋਰ ਅੱਗੇ ਵੱਧਣੋਂ ਰੁੱਕੀ ਹੋਈ ਹੈ। ਪ੍ਰੇਮੀ ਸੋਚ ਰਹੇ ਹਨ ਕਿ ਜੇ ਹਜ਼ੂਰ ਦਾ ਇਸ਼ਾਰਾ ਸਮਝ ਕੇ ਗੁਰਦਾਵਾਰਾ ਸਾਹਿਬ ਯਮੁਨਾ ਦੇ ਕਿਨਾਰੇ ਬਣਾ ਲੈਂਦੇ ਤਾਂ ਇਤਨੀ ਜ਼ਮੀਨ ਦਾ ਨੁਕਸਾਨ ਨਾ ਹੁੰਦਾ।

*(ਰਾਹੀਂ ਅਨੂਪ ਸਿੰਘ ਕੁਰਾਲੀ)*

## ਗੁਰਦੁਵਾਰਾ ਸਾਹਿਬ ਦਧਾਲ

ਜ਼ਿਕਰ 1978-1979 ਦੇ ਕਰੀਬ ਦਾ ਹੈ ਜਦੋਂ ਆਪ ਉਚੀ ਦੌਦ ਟਿੱਬੇ ਤੋਂ ਸੁਸ਼ੋਭਿਤ ਹੋਏ, ਗੁਰੂ ਨਾਨਕ ਦੇ ਦਰੋਂ ਪ੍ਰਾਪਤ ਕੀਤੇ ਅੰਮ੍ਰਿਤ ਜਲ ਦੇ ਅਮੁੱਕ ਖਜ਼ਾਨੇ ਦਾ ਮੀਂਹ ਵਰਸਾ ਰਹੇ ਸਨ। ਦੂਰੋਂ ਨੇੜਿਉਂ ਪ੍ਰੇਮੀ ਸੰਗਤਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਸਨ। ਪੂਰੀ-ਪੂਰੀ ਰਾਤ ਕਿਸੇ ਪੋਥੀ ਦੀ ਵਿਚਾਰ ਚਲਦੀ ਰਹਿੰਦੀ ਹੈ। ਗੁਰੂ ਕੇ ਲੰਗਰ ਤੇ ਮਠਿਆਈਆਂ ਫਰੂਟ ਆਦਿ ਦੇ ਅਤੁੱਟ ਭੰਡਾਰੇ ਵਰਤਦੇ ਰਹਿੰਦੇ ਹਨ। ਉੱਚੀ-ਦੌਦ, ਸ਼ੀਹਾਂ ਦੌਦ, ਮਾਲੋ ਦੌਦ ਆਦਿ ਪਿੰਡਾਂ ਦੇ ਪ੍ਰੇਮੀ ਹਜ਼ੂਰ ਤੋਂ ਤਾਰੀਖਾਂ ਲੈ ਕੇ ਘਰਾਂ ਵਿੱਚ ਅਖੰਡ ਪਾਠ ਸਾਹਿਬ ਕਰਵਾਉਂਦੇ ਅਤੇ ਆਪ ਭੋਗ ਤੇ ਪਹੁੰਚ ਕੇ ਕਥਾ ਕਰਦੇ ਹਨ। ਕਈ-ਕਈ ਘਰਾਂ ਵਿੱਚ ਪ੍ਰੇਮੀਆਂ ਦੀਆਂ ਬੇਨਤੀਆਂ ਤੇ ਉਹ ਚਰਨ ਧੂੜੀ ਵੀ ਬਖਸ਼ਿਸ਼ ਕਰਦੇ ਹਨ, ਜਿਸ ਦੀ ਯਾਚਨਾ ਅਠਾਹਠ ਤੀਰਥ ਵੀ ਅਕਸਰ ਕਰਦੇ ਰਹਿੰਦੇ ਹਨ। ਤੀਰਥਾਂ ਨੂੰ ਤਾਂ ਸ਼ਾਇਦ ਇਹ ਚਰਨ ਧੂੜੀ ਕਈ-ਕਈ ਸਾਲਾਂ ਬਾਅਦ ਕਿਸੇ ਕੁੰਭ ਆਦਿ ਸਮੇਂ ਤੇ ਹੀ ਪ੍ਰਾਪਤ ਹੁੰਦੀ ਹੋਵੇ, ਲੇਕਿਨ ਇਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਤਾਂ ਕੋਈ ਇੱਕ ਮਹੀਨੇ ਤੋਂ ਇਹ ਪਵਿੱਤਰ ਧੂੜੀ ਅਨਾਯਾਸ ਹੀ ਪ੍ਰਾਪਤ ਹੈ, ਪਰੰਤੂ ਲੱਗ ਕੁਝ ਇਉਂ ਰਿਹਾ ਹੈ ਕਿ ਇਹ ਵਿਚਾਰੇ ਇਸ ਧੂੜੀ ਦੀ ਮਹਿਮਾ ਤੋਂ ਵਾਕਫ ਘੱਟ ਹਨ। ਖੈਰ ਦਾਤਾ ਬੱਦਲ ਦਾ ਰੂਪ ਧਾਰਨ ਕਰਕੇ ਚੌਵੀ ਘੰਟੇ ਵਰਸੀਂ ਜਾ ਰਿਹਾ ਹੈ, ਨੀਵੇਂ ਖੇਤਾਂ ਵਾਲੇ ਦੂਰ ਨੇੜੇ ਦੇ ਭਾਗਵਾਨ ਕਿਸਾਨ ਬਰਸਾਤ ਦਾ ਅੰਮ੍ਰਿਤ ਜਲ ਇਕੱਠਾ ਕਰਕੇ ਆਪਣੀ ਖੇਤੀ ਨੂੰ ਹਰੀ ਭਰੀ ਕਰਨ ਵਿੱਚ ਲੱਗੇ ਹੋਏ ਹਨ। ਕਈ ਵੈਦ ਲੋਕ ਇਸ ਜਲ ਨੂੰ ਔਸ਼ਧੀ ਰੂਪ ਜਾਣ ਕੇ ਸੇਵਨ ਕਰ ਰਹੇ ਹਨ, ਕਈ ਕਦਰਦਾਨ ਬਰਨਾਲਾ ਆਦਿਕ ਦੂਰ-ਦੂਰ ਥਾਵਾਂ ਤੋਂ ਆ ਕੇ ਇਸ ਪਵਿੱਤਰ ਜਲ ਨੂੰ ਸੰਭਾਲ ਕੇ ਘਰਾਂ ਨੂੰ ਲੈ ਜਾਂਦੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਜਿਸ ਘਰ ਵਿੱਚ ਇਹ ਜਲ ਮੌਜੂਦ ਹੋਵੇ ਉਹ ਘਰ ਹਮੇਸ਼ਾਂ ਪਵਿੱਤਰ ਰਹਿੰਦਾ ਹੈ। ਇਉਂ ਅੰਮ੍ਰਿਤ ਵਰਸ਼ਾ ਵੀ ਹਮੇਸ਼ਾਂ ਹੋਈ ਜਾ ਰਹੀ ਹੈ ਅਤੇ ਭਾਗਵਾਨ ਲੋਕ ਲਾਭ ਵੀ ਉਠਾਈ ਜਾ ਰਹੇ ਹਨ।

ਇੱਕ ਦਿਨ ਦਧਾਲ ਪਿੰਡ ਤੋਂ ਕੁਝ ਪ੍ਰੇਮੀ ਆਏ ਜੋ ਕਿ ਦੌਦ ਤੋਂ ਤਿੰਨ ਕੁ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਅਰਜ਼ ਕੀਤੀ, ਮਹਾਰਾਜ! ਪਿੰਡ ਦੀ ਸੰਗਤ ਨੇ ਗੁਰਦੁਵਾਰਾ ਸਾਹਿਬ ਨਾਉਣ ਦਾ ਵਿਚਾਰ ਕੀਤਾ ਹੈ, ਜਗ੍ਹਾਂ ਵੀ ਪਿੰਡ ਦੀ ਫਿਰਨੀ ਦੇ ਨਾਲ ਹੀ ਮਿਲ ਗਈ ਹੈ ਆਪ ਕ੍ਰਿਪਾ ਕਰੋ ਆਪਣੇ ਮੁਬਾਰਕ ਹਸਤ ਕਮਲਾਂ ਨਾਲ ਪਵਿੱਤਰ ਮੰਦਰ ਦੀ ਨੀਂਹ ਰੱਖੋ! ਹਜ਼ੂਰ ਬੋਲੇ, ਬਹੁਤ ਚੰਗਾ ਹੈ ਭਾਈ ਤੁਹਾਡਾ ਸੰਕਲਪ, ਮਗਰ ਤੁਸੀਂ ਐਸਾ ਕਰੋ ਪਹਿਲਾਂ ਉਸ ਜਗ੍ਹਾਂ ਸ੍ਰੀ ਅਖੰਡ ਪਾਠ ਸਾਹਿਬ ਕਰੋ, ਭੋਗ ਵਾਲੇ ਦਿਨ ਨੀਂਹ ਰੱਖਣ ਵਾਲਾ ਕਾਰਜ ਕਰ ਲੈਣਾ। ਪ੍ਰੇਮੀਆਂ ਨੇ ਅਰਜ਼ ਕੀਤੀ, ਮਹਾਰਾਜ! ਆਪ ਜੀਆਂ ਨੂੰ ਕਦੋਂ ਲੈਣ ਆਈਏ? ਹਜ਼ੂਰ ਬੋਲੇ ਅਸੀਂ ਆਪ ਹੀ ਆ ਜਾਵਾਂਗੇ ਸਾਡੀ ਚਿੰਤਾ ਨਾ ਕਰੋ ਸਾਨੂੰ ਸਮਾਂ ਦੱਸ ਜਾਇਉ ਭੋਗ ਦਾ। ਪ੍ਰੇਮੀ ਤਾਰੀਖ ਲੈ ਕੇ ਚਲੇ ਗਏ, ਨੀਯਤ ਸਮੇਂ ਤੇ ਅਖੰਡ ਪਾਠ ਸਾਹਿਬ ਆਰੰਭ ਕਰ ਲਿਆ, ਭੋਗ ਦੇ ਸਮੇਂ ਤੇ ਭਗਤ ਲੱਭਾ ਮੱਲ ਦੀ ਕਾਰ ਵਿੱਚ ਬੈਠ ਕੇ ਹਜ਼ੂਰ ਵੀ ਪਹੁੰਚ ਗਏ, ਦਧਾਲ ਨਗਰ। ਭੋਗ ਉਪਰੰਤ ਆਪ ਨੇ ਕਥਾ ਕੀਤੀ, ਫਿਰ ਅਰਦਾਸ ਕਰਕੇ ਦਰਬਾਰ ਸਾਹਿਬ ਦੀ ਨੀਂਹ ਹਜ਼ੂਰ ਨੇ ਆਪਣੇ ਪਵਿੱਤਰ ਹਸਤ ਕਮਲਾਂ ਦੁਆਰਾ ਰੱਖੀ। ਉਸ ਸਮੇਂ ਭਗਤ ਲੱਭਾ ਮੱਲ ਨੇ ਗੁਰਦੁਵਾਰਾ ਸਾਹਿਬ ਲਈ ਕਾਫੀ ਰਕਮ ਦਿੱਤੀ, ਅਤੇ ਹੋਰ ਆਪ ਜੀ ਨਾਲ ਬਾਹਰੋਂ ਆਈ ਸੰਗਤ ਗੁਰਨਾਮ ਸਿੰਘ ਖੋਖ, ਆਦਿਕਾਂ ਨੇ ਵੀ ਯਥਾ ਸ਼ਕਤ ਹਿੱਸਾ ਪਾਇਆ, ਉਪਰੰਤ

ਕੜ੍ਹਾਹ ਪ੍ਰਸ਼ਾਦ ਵਰਤਾ ਕੇ ਗੁਰੂ ਕੇ ਲੰਗਰ ਦੇ ਖੁੱਲ੍ਹੇ ਭੰਡਾਰੇ ਵਰਤੇ। ਜਿਸ ਵਕਤ ਹਜ਼ੂਰ ਨੇ ਲੰਗਰ ਛਕ ਲਿਆ, ਤਾਂ ਪਿੰਡ ਦੇ ਕੁੱਝ ਮੁੱਖੀ-ਮੁੱਖ ਸੱਜਣ ਜਿਵੇਂ ਕਿ ਉਸ ਸਮੇਂ ਦੇ ਮੌਜੂਦਾ ਸਰਪੰਚ, ਸਾਬਕਾ ਸਰਪੰਚ ਅਤੇ ਨੰਬਰਦਾਰ ਇਤਿਆਦਿਕ ਪ੍ਰੇਮੀਆਂ ਨੇ ਅਰਜ਼ ਕੀਤੀ, ਮਹਾਰਾਜ! ਮਿਹਰ ਕਰੋ ਸਾਡੇ ਘਰਾਂ ਵਿੱਚ ਚਰਨ ਪਾਉ! ਮਹਾਰਾਜ ਜੀ ਮੁਸਕਰਾ ਕੇ ਬੋਲੇ, ਠੀਕ ਹੈ ਤੁਸੀਂ ਗੁਰੂ ਘਰ ਦੀ ਸੇਵਾ ਕੀਤੀ ਹੈ, ਗੁਰੂ ਸਾਰੇ ਵਿਆਪਕ ਹੈ, ਤੁਸੀਂ ਸੇਵਾ ਦੱਬ ਕੇ ਕਰੋ, ਚਰਨ ਗੁਰੂ ਦੇ ਆਪਣੇ ਆਪ ਹੀ ਪੈ ਜਾਣਗੇ। ਪ੍ਰੇਮੀਆਂ ਨੇ ਫਿਰ ਅਰਜ਼ ਕੀਤੀ, ਮਹਾਰਾਜ ਆਪ ਜ਼ਰੂਰ ਚਲੋ, ਹਜ਼ੂਰ ਨੇ ਪੱਛਿਆ ਤੁਸੀਂ ਸ਼ਰਾਬ ਮਾਸ ਤਾਂ ਨਹੀਂ ਵਰਤਦੇ? ਮਹਾਰਾਜ ਇਹ ਤਾਂ ਵਰਤਦੇ ਹਾਂ। ਮਹਾਰਾਜ ਬੋਲੇ, ਫਿਰ ਨਹੀਂ ਭਾਈ ਜਾਂਦੇ। ਪ੍ਰੇਮੀਆਂ ਨੇ ਅਰਜ਼ ਕੀਤੀ, ਛੱਡ ਦਿੰਦੇ ਹਾਂ ਅੱਜ ਤੋਂ ਨਹੀਂ ਵਰਤਦੇ ਹੁਣ ਤਾਂ ਚੱਲੋ! ਹਜ਼ੂਰ ਬੋਲੇ ਫਿਰ ਬਚਨ ਦਿਉ ਕਿ ਵੈਸਾਖੀ ਵਾਲੇ ਦਿਨ ਰਾੜੇ ਸਾਹਿਬ ਜਾ ਕੇ ਅੰਮ੍ਰਿਤ ਛਕ ਕੇ ਆਉਗੇ? ਪ੍ਰੇਮੀਆਂ ਨੇ ਹਾਂ ਕਰ ਦਿੱਤੀ ਫਿਰ ਕਈ ਘਰਾਂ ਵਿੱਚ ਚਰਨ ਧੂੜੀ ਬਖਸ਼ਿਸ਼ ਕੀਤੀ, ਉਪਰੰਤ ਉਚੀ ਦੌਦ ਕੁਟੀਆ ਆ ਗਏ। ਉਸੇ ਦਿਨ ਸ਼ਾਮ ਨੂੰ ਸੰਤਾ ਸਿੰਘ ਮੰਡੀ ਅਹਿਮਦਗੜ੍ਹ ਵਾਲਾ ਦਰਸ਼ਨਾਂ ਲਈ ਆਇਆ, ਉਸ ਨੇ ਪੰਜ ਸੌ ਰੁਪਏ ਹਜ਼ੂਰ ਦੇ ਚਰਨਾਂ ਵਿੱਚ ਭੇਟਾਂ ਕਰ ਦਿੱਤੇ। ਹਜ਼ੂਰ ਨੇ ਪੁੱਛਿਆ, ਭਾਈ ਇਹ ਕੀ ਹੈ? ਮਹਾਰਾਜ ਆਪ ਦੀ ਬਖਸ਼ੀ ਮਾਇਆ ਹੈ, ਇਸ ਨੂੰ ਜਿੱਥੇ ਚਾਹੋ ਲਾ ਦਿਉ! ਹਜ਼ੂਰ ਬੋਲੇ, ਸਾਡੇ ਕੋਲ ਅੱਜ ਸਵੇਰ ਤੱਕ ਜਿਹੜਾ ਕੋਈ ਫਸ ਗਿਆ, ਅਸੀਂ ਉਸਨੂੰ ਚੁੱਕ ਕੇ ਦਧਾਲ ਦੇ ਗੁਰਦੁਵਾਰਾ ਸਾਹਿਬ ਪਹੁੰਚਾ ਦਿੱਤਾ। ਲੇਕਿਨ ਅੱਜ ਸਵੇਰੇ ਉਸਦੀ ਨੀਂਹ ਕਾਰਜ ਸੰਪੂਰਨ ਹੋ ਗਿਆ, ਇਸ ਲਈ ਹੁਣ ਸਾਨੂੰ ਉਥੇ ਦਾ ਵੀ ਕੋਈ ਸੰਕਲਪ ਨਹੀਂ, ਹੁਣ ਇਹ ਪੈਸੇ ਚੁੱਕ ਲੈ ਜਿੱਥੇ ਤੇਰਾ ਚਿੱਤ ਹੋਵੇ ਲਾ ਦੇਵੀਂ। ਇਸ ਪ੍ਰਕਾਰ ਆਪਣੀ ਬੇਪ੍ਰਵਾਹੀ ਵਿੱਚ ਰੱਤੇ ਨਿੱਤ ਹੀ ਪਰਉਪਕਾਰ ਦਾ ਮੀਂਹ ਵਰਸਾਈ ਜਾ ਰਹੇ ਹਨ।

## ਗੁਰਦੁਵਾਰਾ ਸਾਹਿਬ ਅਗੌਲ

ਨਾਭਾ ਸ਼ਹਿਰ ਤੋਂ ਕੋਈ ਗਿਆਰਾਂ ਬਾਰਾਂ ਕਿਲੋਮੀਟਰ ਦੂਰ ਉਤਰ ਵਾਲੇ ਪਾਸੇ ਖੋਖ ਦੇ ਨਾਲ ਹੀ ਇੱਕ ਪਿੰਡ ਵਸਦਾ ਹੈ, *ਅਗੌਲ*। ਇਸ ਪਿੰਡ ਵਿੱਚ ਭਾਵੇਂ ਰਲੇ ਮਿਲੇ ਸਭ ਕੌਮਾਂ ਦੇ ਲੋਕ ਵਸਦੇ ਹਨ, ਪਰੰਤੂ ਜ਼ਿਆਦਾ ਆਬਾਦੀ ਖਹਿਰੇ ਗੋਤ ਦੇ ਜੱਟ ਸਰਦਾਰਾਂ ਦੀ ਹੈ। ਦੀਨ ਦੁਨੀ ਦੇ ਮਾਲਕ, ਹਿੰਦ ਦੀ ਚਾਦਰ, ਧਰਮ ਰੱਖਿਅਕ, ਸ਼੍ਰੀ ਗੁਰੂ ਤੇਗ ਬਹਾਦਰ ਮਹਾਰਾਜ ਮਾਲਵੇ ਦੇਸ਼ ਨੂੰ ਆਪਣੀ ਪਵਿੱਤਰ ਧੂੜੀ ਬਖਸ਼ਿਸ਼ ਕਰਦੇ-ਕਰਦੇ ਕਿਸੇ ਸਮੇਂ ਇਸ ਨਗਰ ਪਹੁੰਚੇ ਸਨ। ਪਿੰਡ ਤੋਂ ਚੜ੍ਹਦੇ ਪਾਸੇ ਕੋਈ ਇੱਕ ਕਿਲੋਮੀਟਰ ਦੀ ਦੂਰੀ ਤੇ ਉਨ੍ਹਾਂ ਦੀ ਪਾਵਨ ਯਾਦ ਵਿੱਚ ਇੱਕ ਸੁੰਦਰ ਅਸਥਾਨ ਸੁਸ਼ੋਭਿਤ ਹੈ। ਇਸ ਤੋਂ ਪਹਿਲਾਂ ਇਸ ਅਸਥਾਨ ਤੇ ਇੱਕ ਛੋਟਾ-ਜਿਹਾ ਗੁਰਦੁਵਾਰਾ ਸਾਹਿਬ ਬਣਿਆ ਹੋਇਆ ਸੀ, ਜੋ ਕਾਫੀ ਪੁਰਾਤਨ ਹੋਣ ਕਰਕੇ ਜਰਜਰਾ ਤਾਂ ਹੋ ਹੀ ਚੁੱਕਿਆ ਸੀ, ਲੇਕਿਨ ਸਮੇਂ ਮੁਤਾਬਿਕ ਬਹੁਤ ਛੋਟਾ ਵੀ ਪ੍ਰਤੀਤ ਹੋ ਰਿਹਾ ਸੀ।

1978 ਈ: ਦੇ ਕਰੀਬ ਦਾ ਜ਼ਿਕਰ ਹੈ ਜਦੋਂ ਪਿੰਡ ਦੇ ਕੁੱਝ ਜ਼ਿੰਮੇਵਾਰ ਸੱਜਣਾਂ ਨੇ ਗੁਰਦੁਵਾਰਾ ਸਾਹਿਬ ਦੀ ਨਵੀਂ ਬਿਲਡਿੰਗ ਬਣਾਉਣ ਦੇ ਵਿਚਾਰ ਨਾਲ ਪੁਰਾਣੀ ਬਿਲਡਿੰਗ ਨੂੰ ਤੋੜ ਤਾਂ ਦਿੱਤਾ, ਲੇਕਿਨ ਨਵੀਂ ਬਿਲਡਿੰਗ ਬਨਾਉਣ ਨੂੰ ਸਮਰੱਥ ਨਾ ਹੋ ਸਕੇ। ਪਿੰਡ ਦੀ ਧੜੇਬੰਦੀ ਜਾਂ ਸਮੇਂ ਅਨੁਸਾਰ ਸੁੰਦਰ ਬਿਲਡਿੰਗ ਬਨਾਉਣ ਦੇ ਕੰਮ ਨੂੰ ਵਿਤੋਂ ਬਾਹਰਾ ਜਾਣ ਦੇ ਕਾਫੀ ਦੇਰ ਕੰਮ ਸ਼ੁਰੂ ਨਾ ਕੀਤਾ। ਕਈ ਮਹੀਨਿਆਂ ਬਾਅਦ ਕਿਸੇ ਸੱਜਨ ਨੇ ਸਲਾਹ ਦਿੱਤੀ ਕਿ ਤੁਸੀਂ ਤਾਂ ਕੰਮ ਗਲਤ ਕਰ ਬੈਠੇ ਹੋ, ਨਵਾਂ ਅਸਥਾਨ ਬਣਾ ਨਹੀਂ ਸਕਦੇ ਪੁਰਾਣਾ ਖੋ ਬੈਠੇ। ਹੁਣ ਤੁਹਾਨੂੰ ਰਸਤਾ ਦੱਸਦਾ ਹਾਂ, ਗੁਰਦੁਵਾਰਾ ਸਾਹਿਬ ਬਨਾਉਣ ਦਾ। ਖੋਖ ਪਿੰਡ ਵਿਰੱਕਤ ਮਹਾਰਾਜ ਨਿੱਕਾ ਸਿੰਘ ਜੀ ਆਏ ਹੋਏ ਹਨ, ਅਗਰ ਉਹ ਕੰਧਾ ਲਾ ਲੈਣ, ਤਾਂ ਇਹ ਕਾਰਜ ਬਹੁਤ ਸੁੰਦਰ ਅਤੇ ਸੋਖਾ ਸੰਪੂਰਨ ਹੋ ਸਕਦਾ ਹੈ, ਵਰਨਾਂ ਇਹ ਕਾਰਜ ਤੁਹਾਡੇ ਤੋਂ ਹੋਣ ਵਾਲਾ ਨਹੀਂ। ਅਗੌਲ ਵਾਲੇ ਪ੍ਰੇਮੀਆਂ ਨੂੰ ਦਲੀਲ ਜਚੀ, ਇਕੱਠੇ ਹੋ ਕੇ ਹਜ਼ੂਰ ਦੇ ਚਰਨਾਂ ਵਿੱਚ ਪਹੁੰਚੇ, ਖੋਖ ਨਗਰ। ਜਾ ਕੇ ਆਪਣਾ ਸੰਕਲਪ ਦੱਸਿਆ ਜੋ ਲੈ ਕੇ ਆਏ ਸਨ। ਹਜ਼ੂਰ ਨੇ ਕੁਝ ਦੇਰ ਚੁੱਪ ਰਹਿਣ ਬਾਅਦ ਹੁਕਮ ਕਰ ਦਿੱਤਾ ਕਿ ਠੀਕ ਹੈ, ਧਰਮ ਰੱਖਿਅਕ ਸਤਿਗੁਰੂ ਦੀ ਯਾਦ ਵਿੱਚ ਤਾਂ ਬਹੁਤ ਸੁੰਦਰ ਅਸਥਾਨ ਹੋਣਾ ਚਾਹੀਦਾ ਹੈ, ਗੁਰੂ ਬਾਬਾ

ਜੀ ਨੇ ਤੁਹਾਨੂੰ ਸੇਵਾ ਬਖਸ਼ੀ ਹੈ ਤਕੜੇ ਹੋ ਕੇ ਲਾਭ ਉਠਾਉ, ਗੁਰੂ ਦੀ ਸੇਵਾ ਵੱਡੇ ਭਾਗਾਂ ਨਾਲ ਪ੍ਰਾਪਤ ਹੋਇਆ ਕਰਦੀ ਹੈ। ਤੁਸੀਂ ਇਉਂ ਕਰੋ ਫਲਾਣੀ ਤਾਰੀਖ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਕੇ ਇਲਾਕੇ ਦੀਆਂ ਸੰਗਤਾਂ ਨੂੰ ਸੰਦੇਸ਼ੇ ਭੇਜ ਦਿਉ, ਭੋਗ ਵਾਲੇ ਦਿਨ ਇਸ ਪਵਿੱਤਰ ਮੰਦਰ ਦੀ ਨੀਂਹ ਵਾਲਾ ਕਾਰਜ ਕਰ ਲਵਾਂਗੇ। ਹੁਕਮ ਮੁਤਾਬਿਕ ਐਸਾ ਹੀ ਕੀਤਾ ਗਿਆ, ਭੋਗ ਵਾਲੇ ਦਿਨ ਇਲਾਕੇ ਦੀਆਂ ਕਾਫੀ ਗਿਣਤੀ ਵਿੱਚ ਸੰਗਤਾਂ ਪਹੁੰਚੀਆਂ। ਕਰਨਾਲ ਆਦਿ ਦੂਰੋਂ-ਦੂਰੋਂ ਵੀ ਸੰਗਤਾਂ ਇਹ ਜਾਣ ਕੇ ਆਈਆਂ ਕਿ ਵਿਰੱਕਤ ਮਹਾਰਾਜ ਜੀ, ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਅਸਥਾਨ ਦੀ ਸੇਵਾ ਸ਼ੁਰੂ ਕਰਵਾ ਰਹੇ ਹਨ। ਇਸ ਕਰਕੇ ਭੋਗ ਵਾਲੇ ਦਿਨ ਕਾਫੀ ਭਰਵਾਂ ਇਕੱਠ ਹੋ ਗਿਆ। ਭੋਗ ਉਪਰੰਤ ਹਜ਼ੂਰ ਨੇ ਕਥਾ ਕੀਤੀ, ਫਿਰ ਅਰਦਾਸ ਕਰਕੇ ਆਪਣੇ ਪਵਿੱਤਰੀ ਹੱਥਾਂ ਨਾਲ ਨੀਂਹ ਰੱਖੀ। ਉਸ ਸਮੇਂ ਸੰਗਤਾਂ ਨੇ ਜ਼ੋਰ-ਜ਼ੋਰ ਦੀ ਜੈਕਾਰੇ ਛੱਡ ਕੇ ਮਾਇਆ ਦੇ ਢੇਰ ਲਾ ਦਿੱਤੇ। ਕਰਨਾਲ ਤੋਂ ਆਈਆਂ ਸੰਗਤਾਂ ਨੇ ਜਿੱਥੇ ਪੈਸੇ ਅਰਪਣ ਕੀਤੇ, ਉਥੇ ਬੀਬੀਆਂ ਨੇ ਸੋਨੇ ਦੇ ਗਹਿਣੇ ਉਤਾਰ ਕੇ ਹਜ਼ੂਰ ਦੇ ਚਰਨਾਂ ਵਿੱਚ ਨੀਂਹ ਤੇ ਰੱਖ ਦਿੱਤੇ। ਨਾਭੇ ਤੋਂ ਮਹਾਰਾਜ ਦਾ ਇੱਕ ਅਨਿੰਨ ਸੇਵਕ ਸਰਦਾਰ ਬਖਤੌਰ ਸਿੰਘ ਨੇ ਆਪਣੀ ਰਾਈਫਲ ਹਜ਼ੂਰ ਦੇ ਚਰਨਾਂ ਵਿੱਚ ਭੇਟਾਂ ਕਰਦਿਆਂ ਅਰਜ਼ ਕੀਤੀ, ਮਹਾਰਾਜ ਆਪ ਜਿਵੇਂ ਚਾਹੋ ਇਸ ਨੂੰ ਵੇਚ ਕੇ ਗੁਰਦੁਵਾਰਾ ਸਾਹਿਬ ਤੇ ਲਗਾ ਦਿਉ। ਇਸ ਪ੍ਰਕਾਰ ਕਾਫੀ ਰਕਮ ਜਮ੍ਹਾਂ ਹੋ ਗਈ, ਇਮਾਰਤ ਦਾ ਕੰਮ ਸ਼ੁਰੂ ਕਰਨ ਲਈ ਹਜ਼ੂਰ ਨੇ ਪਿੰਡ ਦੇ ਬੰਦਿਆਂ ਦੀ ਇੱਕ ਕਮੇਟੀ ਬਣਾ ਕੇ ਹੁਕਮ ਕੀਤਾ, ਕਿ ਇਹ ਅਸਥਾਨ ਲਾਸਾਨੀ ਕੁਰਬਾਨੀ ਵਾਲੇ ਗੁਰੂ ਦੀ ਯਾਦ ਵਿੱਚ ਹੈ, ਇਸ ਲਈ ਬਿਲਡਿੰਗ ਬਹੁਤ ਸੁੰਦਰ ਅਤੇ ਮਜ਼ਬੂਤ ਬਣਾਉਣੀ ਹੈ। ਇਸ ਕਾਰਜ ਵਿੱਚ ਤੇਜ਼ੀ ਨਹੀਂ ਕਰਨੀ, ਸਹਿਜੇ-ਸਹਿਜੇ ਸੇਵਾ ਕਰਦੇ ਜਾਉ। ਉਪਰੋਕਤ ਬਚਨ ਕਰਕੇ ਆਪ ਤਾਂ ਆਪਣੀ ਮੌਜ ਵਿੱਚ ਕਿਸੇ ਹੋਰ ਪਾਸੇ ਨੂੰ ਚਲੇ ਗਏ, ਉਧਰ ਕਮੇਟੀ ਵਾਲੇ ਸੇਵਾ ਕਰਵਾਉਂਦੇ ਰਹੇ। ਕੁੱਝ ਸਮੇਂ ਬਾਅਦ ਹਜ਼ੂਰ ਜਦੋਂ ਖੋਖ ਪਿੰਡ ਆਏ ਤਾਂ ਪਤਾ ਲੱਗਿਆ, ਕਿ ਅਗੌਲ ਗੁਰਦੁਵਾਰਾ ਸਾਹਿਬ ਦਾ ਕੰਮ ਰੁੱਕ ਗਿਆ ਹੈ। ਬੰਦਾ ਭੇਜ ਕੇ ਕਮੇਟੀ ਵਾਲਿਆਂ ਨੂੰ ਬੁਲਾ ਕੇ ਪੁੱਛਿਆ ਕਿ ਸੇਵਾ ਦੀ ਕੀ ਹਾਲ ਹੈ, ਕਿੰਨਾ ਕੁ ਕੰਮ ਹੋ ਗਿਆ, ਤੇ ਕਿੰਨਾ ਕੁ ਰਹਿ ਗਿਆ? ਕਮੇਟੀ ਵਾਲਿਆਂ ਨੇ ਦੱਸਿਆ ਮਹਾਰਾਜ! ਪੈਸਾ ਜਿਤਨਾ ਸੀ ਖ਼ਰਚ ਹੋ ਗਿਆ, ਇਤਨਾ ਕੁ ਕੰਮ ਹੋਇਆ ਹੈ ਲੇਕਿਨ ਇਸ ਵਕਤ ਪੈਸੇ ਦੀ ਵਜ੍ਹਾ ਕਰਕੇ ਕੰਮ ਰੁੱਕ ਗਿਆ ਹੈ। ਹਜ਼ੂਰ ਬੋਲੇ, ਪੈਸਾ ਜਿਤਨਾ ਸੀ ਉਤਨਾ ਕੰਮ ਨਹੀਂ ਹੋਇਆ। ਪ੍ਰੇਮੀਆਂ ਨੇ ਦੱਸਿਆ ਮਹਾਰਾਜ ਐਨਾ ਪੈਸਾ ਤਾਂ ਲੇਬਰ ਹੀ ਲੈ ਗਈ! ਹਜ਼ੂਰ ਬੋਲੇ ਲੇਬਰ ਕਿਸ ਲਈ ਲਾਈ ਸੀ? ਪ੍ਰੇਮੀਆਂ ਨੇ ਅਰਜ਼ ਕੀਤੀ, ਮਹਾਰਾਜ ਮਿਸਤਰੀਆਂ ਨਾਲ ਕੰਮ ਕਰਨ ਲਈ! ਹਜ਼ੂਰ ਸਖਤ ਸ਼ਬਦਾਂ ਵਿੱਚ ਬੋਲੇ, ਪੈਸਾ ਤਾਂ ਜ਼ਿਆਦਾ ਬਾਹਰਲੇ ਲੋਕ ਹੀ ਦੇ ਗਏ ਸਨ, ਤੁਸੀਂ ਹੱਥੀ ਸੇਵਾ ਵੀ ਨਹੀਂ ਕਰ ਸਕਦੇ? ਇਹ ਕੀ ਕੋਈ ਦੋ ਨੰਬਰ ਦਾ ਪੈਸਾ ਸੀ ਜੋ ਲੇਬਰ ਨੂੰ ਦੇ ਦਿੱਤਾ, ਲੋਕ ਬੜੀ ਸ਼ਰਧਾ ਨਾਲ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੇ ਚਰਨਾਂ ਵਿੱਚ ਭੇਟਾਂ ਕਰਕੇ ਗਏ ਸਨ, ਤੁਸੀਂ ਉਸਨੂੰ ਵਾਧੂ ਦਾ ਜਾਣ ਕੇ ਲੁਟਾ ਦਿੱਤਾ, ਤੁਹਾਡੇ ਪਿੰਡ ਵਾਲਿਆਂ ਦੇ ਕਰਨ ਲਈ ਤਾਂ ਹੱਥੀ ਕਾਰ ਕਰਨ ਵਾਲੀ ਹੀ ਸੇਵਾ ਸੀ, ਤੁਸੀਂ ਉਹ ਵੀ ਨਹੀਂ ਲਾਭ ਉਠਾ ਸਕੇ?

ਇਤਨੇ ਨੂੰ ਸੀਹਾਂ ਦੋਦ ਤੋਂ ਮੁਖਤਿਆਰ ਸਿੰਘ ਨਾਂ ਦੇ ਇੱਕ ਪ੍ਰੇਮੀ ਨੇ ਹਜ਼ੂਰ ਦੇ ਚਰਨਾਂ ਵਿੱਚ ਪਹੁੰਚ ਕੇ ਅਰਜ਼ ਕੀਤੀ, ਮਹਾਰਾਜ ਮੈਂ ਆਪਣੇ ਪਿਤਾ ਨਮਿੱਤ ਅਖੰਡ ਪਾਠ ਸਾਹਿਬ ਕਰਵਾਉਣਾ ਹੈ! ਹਜ਼ੂਰ ਨੇ ਪੁੱਛਿਆ, ਕਿੱਥੇ ਕਰਵਾਉਣਾ ਚਾਹੁੰਦਾ ਹੈ? ਮਹਾਰਾਜ ਆਪ ਜਿੱਥੇ ਚਾਹੋਂ, ਕਰਵਾ ਦਿਉ! ਹਜ਼ੂਰ ਬੋਲੇ, ਅਗੌਲ ਦੇ ਗੁਰਦੁਵਾਰੇ ਕਰਵਾ ਦੇਈਏ? ਮੁਖਤਿਆਰ ਸਿੰਘ ਨੇ ਕਿਹਾ, ਮਹਾਰਾਜ ਠੀਕ ਹੈ ਉਥੇ ਕਰਵਾ ਦਿਉ। ਇਤਨੇ ਨੂੰ ਥੋੜ੍ਹੀ ਦੇਰ ਬਾਅਦ ਨਿਰਮਲ ਸਿੰਘ ਨਾਮ ਦਾ ਇੱਕ ਬਜ਼ੁਰਗ ਦਿੱਲੀ ਤੋਂ ਆ ਪਹੁੰਚਿਆ, ਉਸ ਨੇ ਵੀ ਬੇਨਤੀ ਕੀਤੀ, ਮਹਾਰਾਜ! ਮੈਂ ਅਖੰਡ ਪਾਠ ਸਾਹਿਬ ਕਰਵਾਉਣ ਲਈ ਆਪ ਦੇ ਚਰਨਾਂ ਵਿੱਚ ਪਹੁੰਚਿਆ ਹਾਂ। ਹਜ਼ੂਰ ਨੇ ਪੁੱਛਿਆ, ਅਗੌਲ ਦੇ ਗੁਰਦੁਵਾਰੇ ਕਰਵਾ ਦੇਈਏ? ਮਹਾਰਾਜ! ਜਿੱਥੇ ਚਾਹੋਂ ਕਰਵਾ ਦਿਉ! ਹਜ਼ੂਰ ਨੇ ਖੋਖ ਅਤੇ ਲੋਪਿਆਂ ਦੇ ਪਾਠੀਆਂ ਨੂੰ ਹੁਕਮ ਕਰ ਦਿੱਤਾ, ਕਿ ਕੱਲ੍ਹ ਨੂੰ ਅਗੌਲ ਗੁਰਦੁਵਾਰਾ ਸਾਹਿਬ ਦੋ ਅਖੰਡ ਪਾਠ ਆਰੰਭ ਕਰ ਦਿਉ! ਉਪਰ ਕਮੇਟੀ ਵਾਲਿਆਂ ਨੂੰ ਹੁਕਮ ਕੀਤਾ, ਕਿ ਇਲਾਕੇ ਵਿੱਚ ਭੋਗ ਲਈ ਸੰਦੇਸ਼ੇ ਭੇਜ ਦਿਉ। ਹੁਕਮ ਦੀ ਤਾਮੀਲ ਕਰਦਿਆਂ ਦੂਜੇ ਦਿਨ ਹੀ ਅਖੰਡ ਪਾਠ ਸਾਹਿਬ ਆਰੰਭ ਹੋ ਗਏ, ਭੋਗ ਵਾਲੇ ਦਿਨ ਕਾਫੀ ਭਰਵੀਂ ਗਿਣਤੀ ਵਿੱਚ ਸੰਗਤਾਂ ਪਹੁੰਚੀਆਂ ਹੋਈਆਂ ਸਨ। ਹਜ਼ੂਰ ਨੇ ਵੀ ਗੁਰ

ਸ਼ਬਦ ਦੀ ਵਿਆਖਿਆ ਕਰਦਿਆਂ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੀ ਲਾਸਾਨੀ ਕੁਰਬਾਨੀ ਤੇ ਭਰਪੂਰ ਚਾਨਣਾ ਪਾਇਆ, ਜਿਸ ਵਿੱਚ ਸੇਵਾ ਦੀ ਮਹਾਨਤਾ, ਸੇਵਾ ਦਾ ਫਲ ਅਤੇ ਪਰਉਪਕਾਰ ਆਦਿ ਵਿਸ਼ਿਆ ਨੂੰ ਬਹੁਤ ਸੁਚੱਜੇ ਢੰਗ ਨਾਲ ਖੋਲ੍ਹਿਆ। ਬਾਅਦ ਵਿੱਚ ਸਟੇਜ ਸੈਕਟਰੀ ਨੇ ਦਾਨੀ ਸੱਜਣਾਂ ਵੱਲੋਂ ਆਈ ਮਾਇਆ ਦਾ ਵੇਰਵਾ ਦੱਸਿਆ। ਇਸ ਪ੍ਰਕਾਰ ਮਾਇਆ ਫਿਰ ਚੌਖੀ ਜਮ੍ਹਾਂ ਹੋ ਗਈ, ਜਿਸ ਨਾਲ ਪ੍ਰੇਮੀਆਂ ਨੇ ਸੇਵਾ ਦਾ ਮਹਾਨ ਕਾਰਜ ਫਿਰ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਹਜ਼ੂਰ ਸਮੇਂ-ਸਮੇਂ ਆ ਕੇ ਮਾਇਆ ਦਾ ਮੀਂਹ ਵਰਸਾਉਂਦੇ ਰਹੇ, ਫਲਸਵਰੂਪ ਬਹੁਤ ਸੁੰਦਰ ਇਮਾਰਤ ਬਣ ਕੇ ਤਿਆਰ ਹੋ ਗਈ।

ਫਿਰ ਇੱਕ ਸਮੇਂ ਖੋਖ ਪਿੰਡ ਹੀ ਟਿਕੇ ਹੋਏ ਸਨ, ਇੱਕ ਪ੍ਰੇਮੀ ਭਾਈ ਕਰਤਾਰ ਸਿੰਘ ਜੋ ਅਗੌਲ ਗੁਰਦੁਵਾਰਾ ਸਾਹਿਬ ਰਹਿ ਕੇ ਸੇਵਾ ਕਰਦਾ ਸੀ, ਉਸ ਨੇ ਆ ਕੇ ਅਰਜ਼ ਕੀਤੀ, ਮਹਾਰਾਜ! ਆਪ ਨੇ ਮਿਹਰ ਕੀਤੀ, ਗੁਰੂ ਬਾਬਾ ਜੀ ਦੀ ਪਵਿੱਤਰ ਯਾਦ ਵਿੱਚ ਗੁਰੂ ਅਸਥਾਨ ਤਾਂ ਸੁੰਦਰ ਸਜ ਕੇ ਤਿਆਰ ਹੋ ਗਿਆ, ਹੁਣ ਕ੍ਰਿਪਾ ਕਰੋ ਉਥੇ ਸਰੋਵਰ ਵੀ ਬਣ ਜਾਵੇ! ਉਸ ਦੀ ਬੇਨਤੀ ਸੁਣ ਕੇ, ਹਜ਼ੂਰ ਚੁੱਪ ਰਹੇ, ਅੱਗੋਂ ਕੁੱਝ ਨਾ ਬੋਲੇ। ਉਸ ਦਿਨ ਤਾਂ ਕਰਤਾਰ ਸਿੰਘ ਵਾਪਸ ਚਲਾ ਗਿਆ, ਲੇਕਿਨ ਕੁੱਝ ਦਿਨਾਂ ਬਾਅਦ ਰਾਤ ਦੇ ਸਮੇਂ ਆ ਕੇ ਉਹੀ ਸਰੋਵਰ ਬਨਾਉਣ ਵਾਲੀ ਫਿਰ ਅਰਜ਼ ਕੀਤੀ। ਅੱਜ ਭੂਤ-ਭਵਿੱਖਤ ਦੇ ਗਿਆਤ-ਗੇਯ ਦਾਤੇ ਦੇ ਦਰ ਬੇਨਤੀ ਪ੍ਰਵਾਨ ਹੋ ਗਈ, ਕੋਲ ਬੈਠੀ ਸੰਗਤ ਨੂੰ ਹੁਕਮ ਕੀਤਾ, ਚਲੋ ਹੁਣ ਰਾਤ ਨੂੰ ਹੀ ਗੁਰੂ ਤੇਗ ਬਹਾਦਰ ਮਹਾਰਾਜ ਦੇ ਪਵਿੱਤਰ ਅਸਥਾਨ ਤੇ ਸਰੋਵਰ ਦੀ ਨੀਂਹ ਰੱਖਦੇ ਹਾਂ। ਸੰਗਤ ਨੂੰ ਨਾਲ ਲੈ ਕੇ ਉਸੇ ਸਮੇਂ ਯਾਨੀ ਰਾਤ ਨੂੰ ਹੀ ਪਹੁੰਚ ਗਏ, ਪਵਿੱਤਰ ਅਸਥਾਨ ਤੇ। ਕੜ੍ਹਾਹ ਪ੍ਰਸ਼ਾਦ ਦੀ ਦੇਗ ਸਜਾ ਕੇ ਅਰਦਾਸ ਉਪਰੰਤ ਹਜ਼ੂਰ ਨੇ ਟੱਕ ਲਾਇਆ, ਉਪਰੰਤ ਸੰਗਤਾਂ ਸੇਵਾ ਵਿੱਚ ਜੁਟ ਗਈਆਂ। ਇਉਂ ਕੁੱਝ ਸਮਾਂ ਸੇਵਾ ਕਰਕੇ ਸੰਗਤ ਸਮੇਤ ਹਜ਼ੂਰ ਵਾਪਸ ਖੋਖ ਕੁਟੀਆ ਆ ਗਏ। ਉਪਰੰਤ ਥੋੜ੍ਹੇ ਦਿਨਾਂ ਬਾਅਦ ਹੀ ਇੱਕ ਛੋਟੀ-ਜਿਹੀ ਤਲਾਈ ਬਣ ਕੇ ਤਿਆਰ ਹੋ ਗਈ। ਸਾਧਾਰਨ ਦ੍ਰਿਸ਼ਟੀ ਨਾਲ ਦੇਖਿਆ ਤਾਂ ਭਾਵੇਂ ਉਹ ਤਲਾਈ ਛੋਟੀ-ਜਿਹੀ ਨਜ਼ਰ ਆ ਰਹੀ ਹੈ, ਪਰੰਤੂ ਅਸਲੀਅਤ ਇਹ ਹੈ ਕਿ ਹਜ਼ੂਰ ਨੇ ਇਸ ਪਵਿੱਤਰ ਧਰਤੀ ਵਿੱਚ ਕਿਸੇ ਵੱਡੇ ਸਰੋਵਰ ਦਾ ਬੀਜ, ਬੀਜ ਦਿੱਤਾ ਹੈ, ਜੋ ਸਮਾਂ ਆਉਣ ਤੇ ਪ੍ਰਗਟ ਹੋ ਜਾਵੇਗਾ।

## ਗੁਰਦੁਵਾਰਾ ਸਾਹਿਬ ਸਿੱਧਸਰ ਅਲੌਹਰਾਂ

ਨਾਭਾ ਸ਼ਹਿਰ ਤੋਂ ਕੋਈ ਦੋ ਕੁ ਕਿਲੋਮੀਟਰ ਉਤਰ ਵਾਲੇ ਪਾਸੇ ਇੱਕ ਪਿੰਡ ਵਸਦਾ ਹੈ, *ਅਲੌਹਰਾਂ*। ਇੱਥੇ ਪਿੰਡ ਤੋਂ ਥੋੜ੍ਹੀ ਦੂਰ ਬੇਕਾਰ ਜਿਹੀ ਪਈ ਜ਼ਮੀਨ ਵਿੱਚ ਛੱਪੜ ਦੇ ਕਿਨਾਰੇ ਇੱਕ ਮੜ੍ਹੀ ਜਿਹੀ ਬਣੀ ਹੋਈ ਹੈ, ਜਿਸ ਨੂੰ ਇਹ ਲੋਕ ਸਿੱਧ ਕਹਿ ਕੇ ਪੁਕਾਰਦੇ ਹਨ ਅਤੇ ਨੇੜੇ-ਨੇੜੇ ਦੇ ਖੋਖ ਅਗੌਲ ਆਦਿਕ ਬਾਰਾਂ ਪਿੰਡਾਂ ਵਿੱਚ ਵਸਦੇ ਖਹਿਰੇ ਗੋਤ ਦੇ ਜ਼ਿੰਮੀਦਾਰ ਇਸ ਮੜ੍ਹੀ ਦੀ ਮੰਨਤਾ ਪੂਜਾ ਵੀ ਕਰਦੇ ਹਨ। ਲੜਕੀ, ਲੜਕੇ ਆਦਿਕਾਂ ਦੀ ਸ਼ਾਦੀ ਤੋਂ ਬਾਅਦ ਇੱਥੇ ਮੱਥਾ ਟਿਕਾਉਣ ਵਾਸਤੇ ਅਕਸਰ ਆਉਂਦੇ ਹਨ। ਹੁਣ ਸਮੇਂ ਦੇ ਪਰਿਵਰਤਨ ਨਾਲ ਇਨ੍ਹਾਂ ਲੋਕਾਂ ਦੇ ਖਿਆਲ ਵੀ ਬਦਲਨੇ ਸ਼ੁਰੂ ਹੋ ਗਏ। ਕੁਝ ਪ੍ਰੇਮੀ ਸੋਚਣ ਲੱਗੇ, ਕਿ ਜੇ ਇੱਥੇ ਗੁਰਦੁਵਾਰਾ ਸਾਹਿਬ ਬਣ ਜਾਵੇ, ਤਾਂ ਬਜਾਏ ਮੜ੍ਹੀ ਨੂੰ ਮੱਥਾ ਟੇਕਣ ਦੇ ਗੁਰਬਾਣੀ ਦਾ ਪ੍ਰਵਾਹ ਚੱਲੇ, ਜਗ੍ਹਾ ਇਕਾਂਤ ਅਤੇ ਸੜਕ ਦੇ ਉਪਰ ਹੈ, ਇਸ ਲਈ ਇਲਾਕੇ ਦੇ ਆਮ ਲੋਕ ਵੀ ਲਾਭ ਉਠਾਉਣ, ਲੇਕਿਨ ਐਸਾ ਚਾਹੁੰਦੇ ਹੋਏ ਵੀ ਲੋਕ ਆਪਸੀ ਧੜੇਬੰਦੀ ਦੇ ਕਾਰਨ ਐਸਾ ਕਰਨ ਤੋਂ ਅਸਮਰਥ ਹਨ। ਅਲੌਹਰਾਂ ਪਿੰਡ ਤੋਂ ਇੱਕ ਪ੍ਰੇਮੀ ਬਾਬੂ ਸਿੰਘ ਨੰਬਰਦਾਰ ਨੇ ਖੋਖ ਤੋਂ ਜੱਥੇਦਾਰ ਨਛੱਤਰ ਸਿੰਘ ਅਤੇ ਗੁਰਨਾਮ ਸਿੰਘ ਆਦਿਕ ਪ੍ਰੇਮੀਆਂ ਨਾਲ ਸਲਾਹ ਕੀਤੀ ਕਿ ਜੇ ਤੁਸੀਂ ਨਾਲ ਸਹਿਯੋਗ ਦੇਵੋਂ, ਤਾਂ ਗੁਰਦੁਵਾਰਾ ਸਾਹਿਬ ਬਣ ਸਕਦਾ ਹੈ। ਉਨ੍ਹਾਂ ਪ੍ਰੇਮੀਆਂ ਨੇ ਸਲਾਹ ਦਿੱਤੀ, ਕਿ ਤੁਸੀਂ ਵਿਰੱਕਤ ਮਹਾਰਾਜ ਜੀ ਦੇ ਚਰਨਾਂ ਵਿੱਚ ਬੇਨਤੀ ਕਰੋ ਨੀਂਹ ਰੱਖਣ ਲਈ, ਫਿਰ ਇਹ ਕਾਰਜ ਸੌਖਾ ਹੋ ਸਕਦਾ ਹੈ। ਬਾਬੂ ਸਿੰਘ ਨੇ ਇਨ੍ਹਾਂ ਪ੍ਰੇਮੀਆਂ ਨੂੰ ਨਾਲ ਲੈ ਕੇ ਹਜ਼ੂਰ ਦੇ ਚਰਨਾਂ ਵਿੱਚ ਅਰਜ਼ ਕੀਤੀ, ਮਹਾਰਾਜ! ਅਲੌਹਰਾਂ ਪਿੰਡ ਇੱਕ ਐਸੀ ਜਗ੍ਹਾ ਹੈ, ਜਿਸ ਨੂੰ ਖਹਿਰੇ ਗੋਤ ਦੇ ਬਾਰਾਂ ਪਿੰਡ ਮੰਨਦੇ-ਪੂਜਦੇ ਹਨ। ਆਪ ਜੀ ਦੀ ਕ੍ਰਿਪਾ ਹੋ ਜਾਵੇ, ਉੱਥੇ ਗੁਰਦੁਵਾਰਾ ਸਾਹਿਬ ਬਣ ਜਾਵੇ, ਤਾਂ ਬਜਾਏ ਮੜ੍ਹੀ ਪੂਜਣ ਦੇ ਲੋਕ ਗਿਆਨ ਦੀ ਪੂਜਾ ਕਰਨ, ਪਰੰਤੂ ਲੋਕਾਂ ਵਿੱਚ ਬੇਇਤਫਾਕੀ ਹੈ ਇਸ ਲਈ ਇਸ ਕਾਰਜ ਵਿੱਚ ਰੁਕਾਵਟ ਹੈ। ਹਜ਼ੂਰ ਬੋਲੇ, ਬਹੁਤ ਚੰਗੀ ਗੱਲ

ਹੈ ਭਾਈ ਜ਼ਰੂਰ ਬਣਾਉ! ਪ੍ਰੇਮੀਆਂ ਨੇ ਅਰਜ਼ ਕੀਤੀ, ਮਹਾਰਾਜ! ਮਿਹਰ ਕਰਕੇ ਨੀਂਹ ਆਪ ਰੱਖੋ ਫਿਰ ਇਹ ਕਾਰਜ ਸੌਖਾ ਸੰਪੂਰਨ ਹੋ ਜਾਵੇਗਾ। ਹਜ਼ੂਰ ਨੇ ਭਵਿੱਖਤ ਨੂੰ ਜਾਣ ਕੇ ਪ੍ਰਵਾਨਗੀ ਦੇ ਦਿੱਤੀ। ਨੀਯਤ ਕੀਤੇ ਦਿਨ ਤੇ ਕੜਾਹ ਪ੍ਰਸ਼ਾਦ ਦੀ ਦੇਗ ਸਜਾ ਕੇ ਆਪਣੇ ਕਰ ਕਮਲਾਂ ਦੁਆਰਾ ਨੀਂਹ ਰੱਖ ਦਿੱਤੀ। ਕੰਮ ਸ਼ੁਰੂ ਹੋਣ ਤੋਂ ਕੁਝ ਸਮੇਂ ਬਾਅਦ ਦੀਵਾਰਾਂ ਜਦੋਂ ਲੈਂਟਰ ਤੇ ਪਹੁੰਚ ਗਈਆਂ, ਤਾਂ ਉਹੀ ਧੜੇਬੰਦੀ ਵਾਲਾ ਭੂਤ ਜਾਂ ਕੋਈ ਹੋਰ ਕਾਰਨ ਵੱਸ ਕੰਮ ਰੁੱਕ ਗਿਆ। ਕਈ ਮਹੀਨੇ ਉਸੇ ਤਰ੍ਹਾਂ ਦੀਵਾਰਾਂ ਖੜੀਆਂ ਰਹੀਆਂ। ਵਿਰੱਕਤ ਮਹਾਰਾਜ ਜੀ ਕਰਨਾਲ ਰੁੱਕੇ ਹੋਏ ਸਨ, ਉਸ ਸਮੇਂ ਦਰਸ਼ਨ ਕਰਨ ਗਏ, ਜੱਥੇਦਾਰ ਨਛੱਤਰ ਸਿੰਘ ਅਤੇ ਗੁਰਨਾਮ ਸਿੰਘ ਨੇ ਅਰਜ਼ ਕੀਤੀ, ਮਹਾਰਾਜ ਆਪ ਦਾ ਹੁਕਮ ਹੋਵੇ, ਤਾਂ ਅਸੀਂ ਖੋਖ ਪਿੰਡ ਵਲੋਂ ਹੀ ਅਲੌਹਰਾਂ ਵਾਲੇ ਗੁਰਦੁਵਾਰੇ ਦੀ ਛੱਤ ਪਾ ਦੇਈਏ! ਹਜ਼ੂਰ ਨੇ ਆਗਿਆ ਕਰ ਦਿੱਤੀ ਕਿ ਠੀਕ ਹੈ ਗੁਰੂ ਨਾਨਕ ਦਾ ਘਰ ਸੰਪੂਰਨ ਹੋਣਾ ਚਾਹੀਏ। ਖੋਖ ਵਾਲੀ ਸੰਗਤ ਨੇ ਹੁਕਮ ਮੰਨ ਕੇ, ਮਿਲ ਕੇ ਲੈਂਟਰ ਪਾ ਦਿੱਤਾ, ਫਿਰ ਹੌਲੀ-ਹੌਲੀ ਲਿਪਾਈ ਵਗੈਰਾ ਕਰਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋ ਗਿਆ। ਇਸ ਪ੍ਰਕਾਰ ਉਹ ਸਥਾਨ ਪ੍ਰਗਟ ਹੋਇਆ। ਸਮਾਂ ਪਾ ਕੇ ਇਨ੍ਹਾਂ ਅੱਖਰਾਂ ਦੇ ਲਿਖੇ ਜਾਣ ਤੱਕ *ਸਿੱਧਸਰ ਅਲੌਹਰਾਂ* ਇੱਕ ਵੱਡਾ ਅਸਥਾਨ ਬਣ ਗਿਆ।

## ਗੁਰਦੁਵਾਰਾ ਸਾਹਿਬ ਬਿਰੜਵਾਲ

ਇਹ ਪਿੰਡ ਵੀ ਖੋਖ ਦੇ ਨਜ਼ਦੀਕ ਹੀ ਪੈਂਦਾ ਹੈ, 1978-79 ਦਾ ਹੀ ਜ਼ਿਕਰ ਹੈ ਜਦੋਂ ਇਸ ਨਗਰ ਦੇ ਮੁਖੀ-ਮੁਖੀ ਸੱਜਣਾਂ ਨੇ ਵਿਰੱਕਤ ਮਹਾਰਾਜ ਜੀਆਂ ਦੇ ਚਰਨਾਂ ਵਿੱਚ ਪਿੰਡ ਖੋਖ ਪਹੰਚ ਕੇ ਗੁਰਦੁਵਾਰਾ ਸਾਹਿਬ ਦੀ ਨੀਂਹ ਰੱਖਣ ਵਾਸਤੇ ਅਰਜ਼ ਕੀਤੀ, ਹਜ਼ੂਰ ਨੇ ਬੇਨਤੀ ਪ੍ਰਵਾਨ ਕਰਕੇ ਸਮਾਂ ਦੇ ਦਿੱਤਾ। ਜਿਸ ਦਿਨ ਨੀਂਹ ਰੱਖਣੀ ਸੀ, ਸਬੱਬ ਨਾਲ ਉਸ ਦਿਨ ਹੀ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਹਜ਼ੂਰ ਦੇ ਦਰਸ਼ਨ ਕਰਨ ਖੋਖ ਪਿੰਡ ਪਹੁੰਚ ਗਏ। ਮਹਾਰਾਜ ਜੀ ਨੇ ਖੇਮ ਕੁਸ਼ਲ ਪੁੱਛਣ ਉਪਰੰਤ ਦੱਸਿਆ, ਕਿ ਅਸੀਂ ਇਹ ਨਾਲ ਦੇ ਪਿੰਡ ਗੁਰਦੁਵਾਰਾ ਸਾਹਿਬ ਦੀ ਨੀਂਹ ਰੱਖਣ ਵਾਸਤੇ ਜਾਣਾ ਹੈ, ਤੁਸੀਂ ਵੀ ਨਾਲ ਚੱਲੋ! ਸੰਤ ਲੋਂਗੋਵਾਲ ਜੀ ਚਾਹ ਵਗੈਰਾ ਛਕ ਕੇ ਹਜ਼ੂਰ ਦੇ ਨਾਲ ਪਿੰਡ ਬਿਰੜਵਾਲ ਪਹੁੰਚ ਗਏ। ਅੱਗੋਂ ਪ੍ਰੇਮੀਆਂ ਵੱਲੋਂ ਕੜਾਹ ਪ੍ਰਸ਼ਾਦ ਦੀ ਦੇਗ ਸਜਾ ਕੇ ਸਾਰੀ ਤਿਆਰੀ ਕੀਤੀ ਗਈ ਸੀ। ਹਜ਼ੂਰ ਨੇ ਸੰਤ ਲੋਂਗੋਵਾਲ ਜੀ ਨੂੰ ਅਰਦਾਸ ਕਰਨ ਲਈ ਕਿਹਾ, ਉਨ੍ਹਾਂ ਨੇ ਹੁਕਮ ਮੰਨਦਿਆਂ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਚਰਨਾਂ ਵਿੱਚ ਕਾਰਜ ਦੀ ਸਫਲਤਾ ਨਮਿੱਤ ਅਰਦਾਸ ਕੀਤੀ। ਅਰਦਾਸ ਤੋਂ ਬਾਅਦ ਪੂਜਯ ਮਹਾਰਾਜ ਜੀ ਨੇ ਸੰਤ ਲੋਂਗੋਵਾਲ ਜੀ ਨੂੰ ਕਿਹਾ, ਕਿ ਨੀਂਹ ਦੀ ਪਹਿਲੀ ਇੱਟ ਤੁਸੀਂ ਆਪਣੇ ਹੱਥਾਂ ਨਾਲ ਰੱਖੋ! ਲੋਂਗੋਵਾਲ ਜੀ ਨਿੰਮਰਤਾ ਦੇ ਪੁੰਜ ਸਨ, ਉਨ੍ਹਾਂ ਨੇ ਬੜੀ ਬੇਨਤੀ ਕੀਤੀ, ਮਹਾਰਾਜ ਕ੍ਰਿਪਾ ਕਰੋ ਇਹ ਪਵਿੱਤਰ ਕਾਰਜ ਤਾਂ ਆਪਣੇ ਮੁਤਾਬਕ ਹਸਤ ਕਮਲਾਂ ਦੁਆਰਾ ਆਪ ਹੀ ਕਰੋ, ਮੈਂ ਤਾਂ ਆਪ ਜੀ ਦਾ ਦਾਸ ਹਾਂ! ਮਾਲਕ ਦੇ ਮੌਜੂਦ ਹੁੰਦਿਆਂ, ਦਾਸ ਦੇ ਹੱਥੋਂ ਅਜਿਹਾ ਕਾਰਜ ਕਰਨਾ ਸੋਭਾ ਨਹੀਂ ਦਿੰਦਾ। ਹਜ਼ੂਰ ਬੋਲੇ ਸੰਤ ਜੀ! ਤੁਹਾਡੇ ਵਿੱਚ ਦੋ ਗੁਣ ਹਨ ਤੁਸੀਂ ਸੰਤ ਵੀ ਹੋਂ, ਸਿੱਖ ਕੋਮ ਦੇ ਰਾਜਨੀਤਿਕ ਆਗੂ ਵੀ ਹੋ! ਅਤੇ ਫਿਰ ਸਿੱਖ ਕੌਮ ਵਿੱਚ ਤੁਹਾਡਾ ਸਤਿਕਾਰ ਵੀ ਬਹੁਤ ਹੈ, ਇਸ ਲਈ ਬਚਨ ਮੰਨ ਕੇ ਨੀਂਹ ਰੱਖਣ ਵਾਲਾ ਕਾਰਜ ਕਰੋ! ਸੰਤ ਲੌਂਗੋਵਾਲ ਜੀ ਨੇ ਸ਼ਾਇਦ ਹੁਣ ਹੋਰ ਹੁਕਮ ਅਦੂਲੀ ਦੇ ਡਰੋਂ ਝਿਜਕਦੇ ਹੋਏ, ਥਿੜਕਦੇ ਜਿਹੇ ਹੱਥਾਂ ਨਾਲ ਨੀਂਹ ਰੱਖ ਦਿੱਤੀ।

ਹਜ਼ੂਰ ਨੇ ਸੰਗਤ ਨੂੰ ਕਿਹਾ ਕਿ ਜ਼ੋਰ-ਜ਼ੋਰ ਦੀ ਪੰਜ ਜੈਕਾਰੇ ਛੱਡੋ! ਹੁਕਮ ਦੀ ਤਾਮੀਲ ਕਰਦਿਆਂ ਸੰਗਤਾਂ ਦੇ ਜੈਕਾਰਿਆਂ ਨਾਲ ਆਕਾਸ਼ ਗੂੰਜ ਉਠਿਆ। ਉਪਰੰਤ ਕਾਫੀ ਸੰਗਤਾਂ ਤੋਂ ਹੱਥ ਲਵਾ ਕੇ ਕੁੱਝ ਇੱਟਾਂ ਹੋਰ ਰੱਖੀਆਂ ਗਈਆਂ, ਇਸ ਪ੍ਰਕਾਰ ਗੁਰੂ ਨਾਨਕ ਦੇ ਇਸ ਮੰਦਰ ਦਾ ਨੀਂਹ ਸਮਾਗਮ ਸੰਪੂਰਨ ਹੋਇਆ। ਨੀਂਹ ਰੱਖਣ ਉਪਰੰਤ ਸੰਤ ਲੋਂਗੋਵਾਲ ਜੀ ਨੇ ਹਜ਼ੂਰ ਦੇ ਚਰਨਾਂ ਵਿੱਚ ਬੇਨਤੀ ਕੀਤੀ, ਮਹਾਰਾਜ! ਹੁਕਮ ਕਰੋਂ, ਤਾਂ ਇਸ ਗੁਰਦੁਵਾਰਾ ਸਾਹਿਬ ਵਿੱਚ ਥੋੜ੍ਹੀ ਸੇਵਾ ਅਸੀਂ ਵੀ ਕਰ ਲਈਏ? ਹਜ਼ੂਰ ਬੋਲੇ, ਗੁਰੂ ਨਾਨਕ ਦਾ ਘਰ ਚਹੁ ਵਰਨਾਂ ਦਾ ਸਾਂਝਾ ਹੈ ਜੋ ਮਰਜ਼ੀ ਸੇਵਾ ਕਰੋ। ਸੰਤ ਲੌਂਗੋਵਾਲ ਜੀ ਨੇ ਬੇਨਤੀ ਕੀਤੀ, ਮਹਾਰਾਜ ਖੋਖ, ਬਿਰੜਵਾਲ ਦੇ ਵਿਚਾਲੇ ਰਸਤਾ ਕੱਚਾ ਹੈ, ਆਪ ਦਾ ਹੁਕਮ ਹੋਵੇ, ਇੱਥੇ ਸੜਕ ਮਨਜ਼ੂਰ ਕਰ ਦੇਈਏ? ਹਜ਼ੂਰ ਬੋਲੇ ਬਹੁਤ ਵਧੀਆ। ਸੰਤ ਲੌਂਗੋਵਾਲ ਜੀ ਨੇ ਪ੍ਰਵਾਨਗੀ ਮਿਲੀ ਜਾਣ

ਕੇ ਉੱਥੇ ਖੜ੍ਹੇ ਹੀ ਐਲਾਨ ਕਰ ਦਿੱਤਾ। ਸੰਗਤਾਂ ਨੇ ਖੁਸ਼ੀ ਵਿੱਚ ਜ਼ੋਰ-ਜ਼ੋਰ ਦੀ ਜੈਕਾਰੇ ਛੱਡੇ, ਉਪਰੰਤ ਦੋਨੋਂ ਮਹਾਂਪੁਰਸ਼ ਖੋਖ ਕੁਟੀਆ ਵਾਪਸ ਆ ਗਏ।

## ਪਿੰਡ ਕੁਰਾਲੀ

ਕਰਨਾਲ ਤੋਂ ਸੱਤ ਕੁ ਕਿਲੋਮੀਟਰ ਦੂਰ ਉੱਤਰ ਵਾਲੇ ਪਾਸੇ ਇੱਕ ਪਿੰਡ ਵਸਦਾ ਹੈ, *ਕੁਰਾਲੀ*। ਇਸ ਪਿੰਡ ਦੀ ਆਬਾਦੀ ਕੋਈ ਦੋ ਕੁ ਹਜ਼ਾਰ ਦੇ ਕਰੀਬ ਹੈ, ਇਸ ਵਿੱਚ ਜ਼ਿਆਦਾ ਵਸੋਂ ਵਿਰਕ ਗੋਤ ਦੇ ਜੱਟ ਸਰਦਾਰਾਂ ਦੀ ਹੈ, ਜੋ ਸੰਨ 1947 ਈ: ਵਿੱਚ ਦੇਸ਼ ਦੀ ਵੰਡ ਸਮੇਂ ਜ਼ਿਲ੍ਹਾ ਸ਼ੇਖੂਪੁਰੇ ਤੋਂ ਆ ਕੇ ਇੱਥੇ ਵਸੇ ਹਨ। ਇੱਥੋਂ ਦੇ ਇੱਕ ਸੱਜਨ ਹਰਨਾਮ ਸਿੰਘ ਨੂੰ ਕਿਸੇ ਪੁਰਾਣੇ ਸੰਜੋਗ ਵੱਸ ਕਰਨਾਲ ਕੁਟੀਆ ਵਿਰੱਕਤ ਮਹਾਰਾਜ ਜੀਆਂ ਦੇ ਦਰਸ਼ਨ ਹੋਏ, ਉਸ ਤੋਂ ਬਾਅਦ ਸ਼ਰਧਾ ਵਿਸ਼ਵਾਸ ਇਤਨਾ ਵੱਧ ਗਿਆ, ਕਿ ਜਦੋਂ ਹਜ਼ੂਰ ਦੇ ਦਰਸ਼ਨ ਕਰਨ ਲਈ ਕਰਨਾਲ ਕੁਟੀਆ ਜਾਣਾ ਤਾਂ ਘਰ ਤੋਂ ਦੁੱਧ ਆਦਿਕ ਕੋਈ ਵਸਤੂ ਜ਼ਰੂਰ ਨਾਲ ਲੈ ਕੇ ਜਾਣਾ। ਸਹਿਜੇ-ਸਹਿਜੇ ਇਹ ਨਿਯਮ ਇਤਨਾ ਪਰਪੱਕ ਹੋ ਗਿਆ, ਗਿ ਗਰਮੀ ਸਰਦੀ ਬਾਰਸ਼ ਜਾਂ ਘਰ ਦਾ ਕੋਈ ਕਿਤਨਾ ਵੀ ਕਾਰਜ ਰੁਝੇਵਾਂ ਹੋਵੇ, ਕਿਹੋ-ਜਿਹਾ ਵੀ ਮੌਸਮ ਹੋਵੇ, ਇੱਕ ਲਵੇਰੀ ਦਾ ਦੁੱਧ ਬਿਨਾਂ ਨਾਗਾ ਕਰਨਾਲ ਕੁਟੀਆ ਗੁਰੂ ਕੇ ਲੰਗਰ ਵਿੱਚ ਪਹੁੰਚਾਉਣਾ। ਇਹ ਸੇਵਾ ਤਾਂ ਇਸ ਪ੍ਰੇਮੀ ਹਰਨਾਮ ਸਿੰਘ ਦੀ ਇਹ ਅੱਖਰ ਲਿਖਣ ਤੱਕ ਨਿਰੰਤਰ ਚੱਲ ਰਹੀ ਹੈ। ਫਿਰ ਕੁਝ ਸਮੇਂ ਬਾਅਦ ਇਸ ਦਾ ਭਰਾ ਜੋਗਾ ਸਿੰਘ ਕਰਨਾਲ ਪੜ੍ਹਣ ਲੱਗਿਆ ਤਾਂ ਉਹ ਵੀ ਨਿਯਮ ਨਾਲ ਹਰ ਰੋਜ਼ ਘਰੋਂ ਦੁੱਧ ਲੈ ਕੇ ਕੁਟੀਆ ਜਾਂਦਾ, ਕਾਲਜ ਟਾਈਮ ਤੋਂ ਬਾਅਦ ਰਾਤ ਹਜ਼ੂਰ ਦੇ ਚਰਨਾਂ ਵਿੱਚ ਰਹਿ ਕੇ ਸੇਵਾ ਕਰਦਾ ਰਹਿੰਦਾ, ਉਸ ਤੋਂ ਬਾਅਦ ਨੌਕਰੀ ਮਿਲ ਜਾਣ ਤੇ ਵੀ ਕਾਫੀ ਸਮਾਂ ਨਿਯਮ ਨਾਲ ਐਸਾ ਲਾਭ ਉਠਾਉਂਦਾ ਰਿਹਾ। ਫਿਰ ਹੌਲੀ-ਹੌਲੀ ਕੁਰਾਲੀ ਪਿੰਡ ਤੋਂ ਅਨੂਪ ਸਿੰਘ ਆਦਿਕ ਹੋਰ ਸੰਗਤ ਵੀ ਆਉਣੀ ਸ਼ੁਰੂ ਹੋ ਗਈ।

ਸੰਨ 1980 ਦੇ ਕਰੀਬ ਦਾ ਜ਼ਿਕਰ ਹੈ, ਜਦੋਂ ਕੁਰਾਲੀ ਪਿੰਡ ਦੀ ਸੰਗਤ ਦੀ ਬੇਨਤੀ ਪ੍ਰਵਾਨ ਕਰਕੇ ਪਿੰਡ ਵਿੱਚ ਗੁਰਦੁਵਾਰਾ ਸਾਹਿਬ ਦੀ ਨੀਂਹ ਰੱਖੀ। ਮਰਿਆਦਾ ਅਨੁਸਾਰ ਕੜਾਹ ਪ੍ਰਸ਼ਾਦ ਦੀ ਦੇਗ ਅਤੇ ਅਰਦਾਸ ਉਪਰੰਤ ਹਜ਼ੂਰ ਤਾਂ ਆਪਣੇ ਪਵਿੱਤਰ ਹਸਤ ਕਮਲਾਂ ਨਾਲ ਨੀਂਹ ਰੱਖ ਕੇ ਕਰਨਾਲ ਕੁਟੀਆ ਪਹੁੰਚ ਗਏ, ਪਰੰਤੂ ਬਾਅਦ ਵਿੱਚ ਸੰਗਤ ਨੇ ਗੁਰਦੁਵਾਰਾ ਸਾਹਿਬ ਦਾ ਜੋ ਨਕਸ਼ਾ ਬਣਾਇਆ ਸੀ, ਉਸ ਤੋਂ ਕੁੱਝ ਵੱਡੇ ਸਾਇਜ਼ ਦਾ ਦਰਬਾਰ ਬਨਾਉਣ ਲਈ ਨੀਹਾਂ ਖੋਦ ਕੇ ਕੰਮ ਸ਼ੁਰੂ ਕਰ ਲਿਆ। ਬਾਅਦ ਵਿੱਚ ਕਿਸੇ ਪ੍ਰੇਮੀ ਨੇ ਹਜ਼ੂਰ ਨੂੰ ਆ ਕੇ ਦੱਸਿਆ ਕਿ ਦਰਬਾਰ ਦਾ ਸਾਈਜ਼ ਸੰਗਤ ਨੇ ਨਕਸ਼ੇ ਨਾਲੋਂ ਕੁੱਝ ਵੱਡਾ ਕਰ ਲਿਆ ਹੈ। ਹਜ਼ੂਰ ਮੁਸਕਰਾ ਕੇ ਬੋਲੇ, ਚੰਗਾ ਕੀਤਾ ਬਣ ਤਾਂ ਜਾਵੇਗਾ ਹੀ, ਥੋੜ੍ਹਾ ਅਟਕ ਕੇ ਬਣ ਜਾਵੇਗਾ। ਕਰਣੇ ਕਰਤਾਰ ਦੇ, ਬਚਨ ਹਜ਼ੂਰ ਦਾ, ਗੁਰਦੁਵਾਰਾ ਸਾਹਿਬ ਦਾ ਕੰਮ ਸ਼ੁਰੂ ਹੋਣ ਤੋਂ ਕੁੱਝ ਸਮੇਂ ਬਾਅਦ ਪੰਚਾਇਤ ਇਲੈਕਸ਼ਨ ਆ ਗਈ ਉਸ ਨਾ-ਮੁਰਾਦ ਬੀਮਾਰੀ ਨੇ ਪਿੰਡ ਦੋ ਫਾੜ ਕਰ ਦਿੱਤਾ। ਸਾਰਾ ਪਿੰਡ ਥੜੇਬੰਦੀ ਦਾ ਸ਼ਿਕਾਰ ਹੋ ਗਿਆ, ਗੁਰਦੁਵਾਰੇ ਦੀ ਸੋਝੀ ਭੁੱਲ ਗਈ, ਇੱਕ ਦੂਜੇ ਤੋਂ ਬਦਲੇ ਲੈਣ ਦੀ ਸੋਝੀ ਆ ਗਈ। ਫਿਰ ਕੋਈ ਦਸ ਸਾਲਾਂ ਬਾਅਦ ਇਸ ਬੀਮਾਰੀ ਦਾ ਬਲ ਘਟਿਆ, ਤਾਂ ਜਾ ਕੇ ਗੁਰਦੁਵਾਰਾ ਸਾਹਿਬ ਦੀ ਸੇਵਾ ਸ਼ੁਰੂ ਹੋਈ। ਫਿਰ ਕੁੱਝ ਪ੍ਰੇਮੀਆਂ ਨੂੰ ਇਸ ਪੰਕਤੀ ਦੀ ਸੋਝੀ ਆਈ—

**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥**

*(ਮ: ੪ ਪੰਨਾ-੩੦੮)*

## ਸੰਤ ਦਰਸ਼ਨ ਸਿੰਘ ਜੀਆਂ ਦਾ ਗੁਰਪੁਰੀ ਪਿਆਨਾ

ਪੂਜਯ ਵਿਰੱਕਤ ਮਹਾਰਾਜ ਜੀਆਂ ਨਾਲ, ਹਮੇਸ਼ਾਂ ਸਨਮੁੱਖ ਅਤੇ ਮਹਾਨ ਆਗਿਆਕਾਰ ਸੇਵਕ ਸੰਤ ਬਾਬਾ ਦਰਸ਼ਨ ਸਿੰਘ ਜੀ ਵਿਰੱਕਤ, ਜਿਨ੍ਹਾਂ ਦਾ ਵਿਰੱਕਤ ਮਹਾਰਾਜ ਜੀਆਂ ਦੇ ਪਵਿੱਤਰ ਜੀਵਨ ਵਿੱਚ ਸਮੇਂ-ਸਮੇਂ ਜ਼ਿਕਰ ਆਉਂਦਾ ਜਾ ਰਿਹਾ ਹੈ, ਜ਼ਿੰਦਗੀ ਦਾ ਬਹੁਤ ਸਮਾਂ ਵਿਚਰੇ। ਪੂਜਯ ਵਿਰੱਕਤ ਮਹਾਰਾਜ ਜੀ ਕਰਨਾਲ ਬੈਠੇ ਜਗਤ ਉਧਾਰ ਦੀ

ਕਾਰ ਕਰ ਰਹੇ ਹਨ ਅਤੇ ਸੰਤ ਬਾਬਾ ਦਰਸ਼ਨ ਸਿੰਘ ਜੀ ਵੀ ਉਨ੍ਹਾਂ ਦੀ ਪਵਿੱਤਰ ਚਰਨਾਂ ਦੀ ਛਾਂ ਵਿੱਚ ਬੈਠੇ ਸੁਖਦਾਈ ਜੀਵਨ ਬਤੀਤ ਕਰ ਰਹੇ ਹਨ।

ਅੱਜ 24 ਦਸੰਬਰ, 1978 ਨੂੰ ਸ੍ਰੀ ਅਮਰੀਕ ਚੰਦ ਜੀ ਚਾਵਲਾ ਨੇ ਪੂਜਯ ਵਿਰੱਕਤ ਮਹਾਰਾਜ ਜੀਆਂ ਦੇ ਚਰਨਾਂ ਵਿੱਚ ਦਿੱਲੀ ਜਾਣ ਲਈ ਅਰਜ਼ ਕੀਤੀ। ਆਪ ਬੇਨਤੀ ਪ੍ਰਵਾਨ ਕਰਕੇ ਦਿੱਲੀ ਜਾਣ ਲਈ ਤਿਆਰ ਹੋਏ, ਤਾਂ ਚਾਵਲਾ ਜੀ ਨੇ ਸੰਤ ਦਰਸ਼ਨ ਸਿੰਘ ਜੀਆਂ ਨੂੰ ਵੀ ਨਾਲ ਚੱਲਣ ਲਈ ਅਰਜ਼ ਕੀਤੀ, ਲੇਕਿਨ ਆਪ ਤਾਂ ਹਜ਼ੂਰ ਦੇ ਆਗਿਆਕਾਰੀ ਸਨ, ਚਾਵਲਾ ਨੂੰ ਬੋਲੇ, ਮਹਾਰਾਜ ਜੀਆਂ ਨੂੰ ਪੁੱਛੋ ਸਾਡੇ ਬਾਰੇ ਵੀ? ਚਾਵਲਾ ਨੇ ਪੂਜਯ ਮਹਾਰਾਜ ਜੀਆਂ ਨੂੰ ਅਰਜ਼ ਕੀਤੀ, ਹਜ਼ੂਰ ਦਾ ਹੁਕਮ ਹੋਵੇ ਤਾਂ ਸੰਤ ਦਰਸ਼ਨ ਸਿੰਘ ਜੀਆਂ ਨੂੰ ਵੀ ਨਾਲ ਲੈ ਚੱਲੀਏ? ਹਜ਼ੂਰ ਕੁੱਝ ਦੇਰ ਚੁੱਪ ਰਹਿ ਕੇ ਬੋਲੇ, ਨਹੀਂ! ਇਨ੍ਹਾਂ ਨੂੰ ਇੱਥੇ ਹੀ ਰਹਿਣ ਦਿਉ! ਸੰਤ ਦਰਸ਼ਨ ਸਿੰਘ ਜੀਆਂ ਨੂੰ ਕਰਨਾਲ ਰਹਿਣ ਦਾ ਹੁਕਮ ਕਰਕੇ ਹਜ਼ੂਰ ਤਾਂ ਦਿੱਲੀ ਪਹੁੰਚ ਗਏ, ਇੱਧਰ ਉਸੇ ਦਿਨ ਸ਼ਾਮ ਨੂੰ ਸੰਤ ਦਰਸ਼ਨ ਸਿੰਘ ਜੀਆਂ ਨੂੰ ਦਿਲ ਦਾ ਦੌਰਾ ਪੈ ਗਿਆ। ਦਿੱਲੀ ਫੋਨ ਤੇ ਮਹਾਰਾਜ ਜੀਆਂ ਨੂੰ ਦੱਸਿਆ ਗਿਆ, ਹਜ਼ੂਰ ਨੇ ਹੁਕਮ ਕੀਤਾ, ਹਸਪਤਾਲ ਦਾਖਲ ਕਰਵਾ ਦਿਉ। ਸੰਗਤਾਂ ਨੇ ਫਟਾ-ਫਟ ਹਸਪਤਾਲ ਦਾਖਲ ਕਰਵਾ ਦਿੱਤੇ, ਇਲਾਜ ਸ਼ੁਰੂ ਹੋਣ ਤੇ ਡਾਕਟਰ ਕਹਿਣ ਮਹਾਰਾਜ ਆਪ ਬੋਲੋ ਬਿਲਕੁੱਲ ਨਾ, ਲੇਕਿਨ ਆਪ ਆਪਣੀ ਮੌਜ ਵਿੱਚ ਸ਼ਬਦ ਪੜ੍ਹੀ ਜਾ ਰਹੇ ਹਨ।

ਘਰਿ ਮਹਿ ਠਾਕੁਰੁ ਨਦਰਿ ਨਾ ਆਵੈ॥ ਗਲ ਮਹਿ ਪਾਹਣੁ ਲੈ ਲਟਕਾਵੈ॥੧॥
ਭਰਮੇ ਭੂਲਾ ਸਾਕਤੁ ਫਿਰਤਾ॥ ਨੀਰੁ ਬਿਰੋਲੈ ਖਪਿ ਖਪਿ ਮਰਤਾ॥ ਰਹਾਉ॥
ਜਿਸੁ ਪਾਹਣ ਕਉ ਠਾਕੁਰੁ ਕਹਤਾ॥ ਓਹੁ ਪਾਹਣੁ ਲੈ ਉਸ ਕਉ ਡੁਬਤਾ॥
ਗੁਨਹਗਾਰ ਲੂਣ ਹਰਾਮੀ॥ ਪਾਹਣ ਨਾਵ ਨ ਪਾਰਗਿਰਾਮੀ॥
ਗੁਰ ਮਿਲਿ ਨਾਨਕ ਠਾਕੁਰੁ ਜਾਤਾ॥ ਜਲਿ ਥਲਿ ਮਹੀਅਲਿ ਪੂਰਨ ਬਿਧਾਤਾ॥

*(ਸੂਹੀ ਮ: ੫, ਪੰਨਾ-੭੩੯)*

ਬਸ ਇਹ ਸ਼ਬਦ ਉਚਾਰਨ ਕਰਦਿਆਂ ਹੀ, ਸਰੀਰ ਇਉਂ ਤਿਆਗ ਗਏ, ਜਿਵੇਂ ਸੱਪ ਕੁੰਜ ਤਿਆਗ ਜਾਂਦਾ ਹੈ। ਸੰਗਤ ਨੇ ਫੋਨ ਕਰਕੇ ਦਿੱਲੀ ਦੱਸਿਆ, ਹਜ਼ੂਰ ਨੇ ਹੁਕਮ ਕਰ ਦਿੱਤਾ, ਕਿ ਕੁਟੀਆ ਦੀ ਜਗ੍ਹਾਂ ਵਿੱਚ ਹੀ ਸਸਕਾਰ ਕਰ ਦਿਉ! ਹੁਕਮ ਅਨੁਸਾਰ ਸਸਕਾਰ ਕਰਕੇ ਦਸ ਦਿਨਾਂ ਬਾਅਦ ਸ੍ਰੀ ਅਖੰਡ ਪਾਠ ਸਾਹਿਬ ਜੀ ਦਾ ਭੋਗ ਪਾ ਕੇ ਗੁਰੂ ਕੇ ਲੰਗਰ ਵਰਤਾਏ ਗਏ?*

## ਕੇਸ ਦਾਨ ਅਤੇ ਗੁਰਮੁਖ ਜੀਵਨ

ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ॥
ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ॥
ਦੁਹਾ ਸਿਰਿਆ ਕਾ ਖਸਮੁ ਆਪਿ ਅਵਰੁ ਨ ਦੂਜਾ ਥਾਉ॥
ਸਤਿਗੁਰ ਤੁਠੈ ਪਾਇਆ ਨਾਨਕ ਸਚਾ ਨਾਉ॥

*(ਸਿਰੀਰਾਗੁ ਮ: ੫, ਪੰਨਾ-੭੧)*

---

* *ਸੰਤ ਦਰਸ਼ਨ ਸਿੰਘ ਜੀ ਦੇ ਸੰਸਾਰਕ ਰਿਸ਼ਤੇ ਵਜੋਂ ਦੋ ਭਤੀਜੇ ਬਖਸ਼ੀਸ਼ ਸਿੰਘ ਤੇ ਪਿਆਰਾ ਸਿੰਘ ਨੇ ਲੁਧਿਆਣੇ ਫੈਕਟਰੀਆਂ ਲਾਈਆਂ ਹੋਈਆਂ ਹਨ। ਦੋਨੋਂ ਭਰਾ ਸਾਲ ਵਿੱਚ ਦੋ ਵਾਰ ਪਿੰਡ ਜਾ ਕੇ ਸੰਤ ਦਰਸ਼ਨ ਸਿੰਘ ਜੀ ਦੇ ਨਾਮ ਤੇ ਦੋ ਵੱਡੇ ਲੰਗਰ ਕਰਦੇ ਹਨ। ਸੰਤ ਦਰਸ਼ਨ ਸਿੰਘ ਜੀਆਂ ਨੇ ਕਿਸੇ ਸਮੇਂ ਆਪਣੇ ਪਿੰਡ ਚੱਕਮੱਲਾਂ ਵਿੱਚ ਸਕੂਲ ਦੀ ਨੀਂਹ ਰੱਖੀ ਸੀ, ਜੋ ਇਸ ਸਮੇਂ ਤੱਕ ਠੀਕ ਚੱਲ ਰਿਹਾ ਹੈ, ਅਤੇ ਆਪ ਦੇ ਭਤੀਜਿਆਂ ਨੇ ਸੰਤ ਦਰਸ਼ਨ ਸਿੰਘ ਜੀ ਦੇ ਨਾਮ ਤੇ ਪਿੰਡ ਵਿੱਚ ਇੱਕ ਗੁਰਦੁਵਾਰਾ ਸਾਹਿਬ ਬਣਾਇਆ ਹੈ ਜੋ ਆਪ ਜੀ ਦੀ ਯਾਦ ਨੂੰ ਵਾਰ-ਵਾਰ ਤਾਜ਼ਾ ਕਰਵਾ ਰਿਹਾ ਹੈ। ਪਿੰਡ ਦੇ ਲੋਕਾਂ ਵਿੱਚ ਆਪ ਜੀ ਦਾ ਬਹੁਤ ਸਤਕਾਰ ਹੈ, ਸੰਤ ਮਹਾਂਪੁਰਖ ਬਾਬਾ ਦਲੇਲ ਸਿੰਘ ਜੀਆਂ ਦਾ ਜਨਮ ਅਸਥਾਨ ਟੂ-ਟੂ ਮਜਾਰਾ ਵੀ ਚੱਕਮੱਲਾਂ ਤੋਂ 5 ਕੁ ਮੀਲ ਦੀ ਦੂਰੀ ਤੇ ਨੇੜੇ ਹੀ ਸਥਿਤ ਹੈ।*

ਸ੍ਰੀ ਗੁਰੂ ਅਮਰਦਾਸ ਮਹਾਰਾਜ ਗੋਇੰਦਵਾਲ ਜੋਤ ਜਗਾ ਰਹੇ ਹਨ। ਬੇਅੰਤ ਸੰਗਤਾਂ ਦਰਸ਼ਨਾਂ ਲਈ ਆਉਂਦੀਆਂ ਰਹਿੰਦੀਆਂ ਹਨ। ਕੁਝ ਦਿਨ ਠਹਿਰ ਕੇ, ਸੇਵਾ ਦਾ ਲਾਭ ਉਠਾ ਭੋਗ ਮੋਖ ਦੀਆਂ ਮਨ ਵਾਂਛਤ ਦਾਤਾਂ ਪ੍ਰਾਪਤ ਕਰ ਘਰਾਂ ਨੂੰ ਵਾਪਸ ਜਾਂਦੀਆਂ ਹਨ। ਸਵੇਰੇ ਅਤੇ ਤੀਸਰੇ ਪਹਿਰ ਦੀਵਾਨ ਸਜਦੇ ਹਨ, ਜਿਸ ਵਿੱਚ ਕਥਾ ਕੀਰਤਨ ਤਾਂ ਹੁੰਦਾ ਹੀ ਹੈ ਲੇਕਿਨ ਜਗਿਆਸੂ ਸਾਧਨ ਗੁਰੂ ਬਾਬਾ ਜੀ ਤੋਂ ਆਪਣੇ ਪਰਮਾਰਥਕ ਸ਼ੰਕੇ ਨਵਿਰਤ ਕਰਕੇ ਕ੍ਰਿਤ-ਕ੍ਰਿਤ ਹੋ ਰਹੇ ਹਨ।

ਇੱਕ ਦਿਨ ਤੀਸਰੇ ਪਹਿਰ ਦੇ ਦੀਵਾਨ ਵਿੱਚ ਇੱਕ ਪ੍ਰੇਮੀ ਨੇ ਪੁੱਛਿਆ, ਮਹਾਰਾਜ ਆਪ ਜੀਆਂ ਦੀ ਪਵਿੱਤਰ ਬਾਣੀ ਵਿੱਚ ਗੁਰਮੁੱਖ ਦੀ ਬਹੁਤ ਮਹਿਮਾ ਹੈ। ਇਤਨਾ ਮਹਿਮਾਂ ਵਾਨ ਪੁਰਸ਼ ਜਿਸ ਦੀ ਆਪ ਗੁਰਮੁਖ ਸ਼ਬਦ ਨਾਲ ਵਡਿਆਈ ਕਰਦੇ ਹੋਂ, ਉਸਦੀ ਅੰਤਰੀਵ ਅਵਸਥਾ ਕਿਹੋ-ਜਿਹੀ ਹੁੰਦੀ ਹੈ? ਆਪ ਕ੍ਰਿਪਾ ਕਰਕੇ ਥੋੜ੍ਹਾ ਸਮਝਾਉਣ ਦੀ ਖੇਚਲ ਕਰੋ, ਤਾਂ ਕਿ ਸਾਡਾ ਮਨ ਵੀ ਉਤਸ਼ਾਹ ਯੁਕਤ ਹੋ ਕੇ ਗੁਰਮੁਖਾਂ ਦੇ ਮਾਰਗ ਤੇ ਚੱਲੇ। ਹਜ਼ੂਰ ਥੋੜ੍ਹਾ ਮੁਸਕਰਾ ਕੇ ਬੋਲੇ, ਭਾਈ ਪ੍ਰੇਮੀਆਂ! ਗੁਰਮੁਖ ਦੀ ਅੰਤਰੀਵ ਅਵਸਥਾ ਬਾਰੇ ਕੋਈ ਸ਼ਬਦ ਕਹਿਣਾ ਮੁਸ਼ਕਲ ਹੀ ਹੈ, ਉਹ ਸ਼ਬਦ ਦੀ ਪਹੁੰਚ ਤੋਂ ਬਹੁਤ ਉਪਰ ਵਿਚਰਦਾ ਹੈ, ਇਸ ਲਈ ਦੁਨੀਆਂ ਦੇ ਕਿਸੇ ਸ਼ਬਦ ਦੀ ਉਸ ਤੱਕ ਪਹੁੰਚ ਨਹੀਂ ਹੈ। ਹਾਂ! ਸ਼ਬਦਾਂ ਦੁਆਰਾ ਉਸਦੀ ਅਵਸਥਾ ਵੱਲ ਥੋੜ੍ਹਾ ਬਹੁਤ ਸੰਕੇਤ ਯਾ ਇਸ਼ਾਰਾ ਹੀ ਕੀਤਾ ਜਾ ਸਕਦਾ ਹੈ, ਬਾਕੀ ਪੂਰਾ-ਪੂਰਾ ਤਾਂ ਉਹ ਆਪ ਹੀ ਜਾਣਦਾ ਹੈ। ਪ੍ਰੇਮੀ ਨੇ ਅਰਜ਼ ਕੀਤੀ, ਮਹਾਰਾਜ! ਕੁਝ ਇਸ਼ਾਰਾ ਹੀ ਕਰ ਦਿਉ, ਥੋੜ੍ਹੀ ਬਹੁਤ ਸੇਧ ਤਾਂ ਮਿਲੇਗੀ। ਗੁਰੂ ਬਾਬਾ ਜੀ ਦੇ ਕਮਲਾਂ ਵਰਗੇ ਨੇਤਰ ਬੰਦ ਹੋ ਗਏ, ਚਿਹਰੇ ਦੀ ਲਾਲੀ ਆਭਾ ਮਾਰ ਉੱਠੀ, ਪਵਿੱਤਰ ਬੁੱਲ੍ਹ ਫਰਕੇ, ਇਲਾਹੀ ਨਾਦ ਹੋਇਆ!

ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥
ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥
ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ॥

*(ਵਾਰਾਂ ਤੇ ਵਧੀਕ, ਪੰਨਾ-੧੪੧੪)*

ਸ਼ਬਦ ਉਚਾਰਦੇ ਹੀ ਹਜ਼ੂਰ ਦਾ ਮਨ ਆਤਮਰਸ ਵਿੱਚ ਇਤਨਾਂ ਲੀਨ ਹੋ ਗਿਆ, ਕਿ ਕਾਫੀ ਦੇਰ ਨੈਣ ਨਾ ਖੁੱਲ੍ਹੇ, ਬੁੱਲ ਨਾ ਫਰਕੇ, ਸ਼ਾਂਤ! ਇੱਕ ਰਸ ਬੈਠੇ ਰਹੇ। ਹੁਣ ਕੁਝ ਦੇਰ ਬਾਅਦ ਨੇਤਰ ਖੋਲ੍ਹੇ, ਪ੍ਰੇਮੀ ਨੇ ਅਰਜ਼ ਕੀਤੀ, ਮਹਾਰਾਜ! ਐਸੀ ਅਨੰਦਮਈ ਅਵਸਥਾ ਪ੍ਰਾਪਤ ਕਿਵੇਂ ਹੋਵੇ? ਹਜ਼ੂਰ ਨੇ ਪਵਿੱਤਰ ਮੁੱਖ ਤੋਂ ਉਚਾਰਨ ਕੀਤਾ—

ਗੁਰਮੁਖਾ ਹਰਿ ਧਨੁ ਖਟਿਆ ਗੁਰ ਕੈ ਸ਼ਬਦਿ ਵੀਚਾਰਿ॥
ਨਾਮੁ ਪਦਾਰਥੁ ਪਾਇਆ ਅਤੁਟ ਭਰੇ ਭੰਡਾਰ॥

*(ਵਾਰਾਂ ਤੇ ਵਧੀਕ, ਪੰਨਾ-੧੪੧੪)*

ਭਾਈ ਪ੍ਰੇਮੀਆਂ! ਨਾਮ ਪਦਾਰਥ ਦੇ ਅਤੁੱਟ ਭੰਡਾਰੇ ਹਰ ਇੱਕ ਜੀਵ ਦੇ ਅੰਦਰ ਭਰੇ ਪਏ ਹਨ, ਲੇਕਿਨ ਉਨ੍ਹਾਂ ਦੀ ਸੋਝੀ, ਗੁਰਮੁਖਾਂ ਨੂੰ ਹੀ ਪੈਂਦੀ ਹੈ, ਦੂਸਰਿਆਂ ਨੂੰ ਨਹੀਂ। ਬਾਕੀ ਸਾਰਾ ਸੰਸਾਰ ਦਰਿਆ ਦੇ ਕਿਨਾਰੇ ਬੈਠਾ ਹੀ ਪਿਆਸ ਨਾਲ ਵਿਆਕੁਲ ਹੋਈ ਜਾ ਰਿਹਾ ਹੈ। ਇਸ ਨਾਮ ਰੂਪੀ ਅਮੋਲ ਖ਼ਜਾਨੇ ਦੀ ਸੋਝੀ ਗੁਰੂ ਸ਼ਬਦ ਦੁਆਰਾ ਹੀ ਹੁੰਦੀ ਹੈ, ਯਾਨੀ ਗੁਰੂ ਦਾ ਇਸ਼ਾਰਾ ਸਮਝ ਕੇ ਉਸਨੂੰ ਬਗੈਰ ਕਿਸੇ ਦੇਰੀ ਦੇ ਅਮਲ ਵਿੱਚ ਲਿਆਉਣਾ। ਦੇਖੋ! ਅੱਜ ਇੱਕ ਗੁਰਮੁੱਖ ਉਪਰੋਕਤ ਨੁਸਖੇ ਨੂੰ ਅਮਲ ਵਿੱਚ ਲਿਆ ਕੇ ਪ੍ਰੈਕਟੀਕਲ ਕਰਕੇ ਦਿਖਾ ਰਿਹਾ ਹੈ।

ਹਜ਼ੂਰ ਵਿਰੱਕਤ ਮਹਾਰਾਜ ਜੀ ਰਿਸ਼ੀਕੇਸ਼ ਤੋਂ ਗੁਰਾਇਆ ਜਾਣ ਲਈ ਕਾਰ ਦੀ ਅਗਲੀ ਸੀਟ ਤੇ ਸਵਾਰ ਹੋ ਗਏ। ਉਜਾਗਰ ਸਿੰਘ ਸੂਰੀ ਕਾਰ ਚਲਾਉਣ ਲੱਗ ਗਿਆ। ਪਿਛਲੀ ਸੀਟ ਤੇ ਤਿੰਨ ਸੱਜਣ ਬੈਠ ਗਏ, ਦੋਨਾਂ ਸਾਈਡਾਂ ਤੇ ਗੁਰਨਾਮ ਸਿੰਘ ਖੋਖ ਅਤੇ ਸਤਨਾਮ ਸਿੰਘ ਗੁਰਾਇਆ ਬੈਠ ਗਏ, ਦੋਨਾਂ ਦੇ ਵਿਚਕਾਰ ਇੱਕ ਅਠਾਈ ਉਨੱਤੀ ਸਾਲ ਦੀ ਉਮਰ ਦਾ ਸਹਿਜਧਾਰੀ ਸੱਜਨ ਜਿਸ ਨੂੰ ਰਾਮ ਜੀ-ਰਾਮ ਜੀ ਨਾਮ ਨਾਲ ਪੁਕਾਰਿਆ ਜਾਂਦਾ ਹੈ, ਬੈਠ ਗਿਆ। ਇਹ ਸੱਜਣ ਗੁਰਬਾਣੀ ਦਾ ਬਹੁਤ ਪ੍ਰੇਮੀ ਲੱਗ ਰਿਹਾ ਹੈ, ਕਿਉਂਕਿ ਇਸ ਨੇ ਸਫਰ ਸ਼ੁਰੂ ਕਰਦਿਆਂ ਹੀ ਸ੍ਰੀ ਜਪੁਜੀ ਸਾਹਿਬ

ਦਾ ਪਾਠ ਸ਼ੁਰੂ ਕਰ ਦਿੱਤਾ। ਪਾਠ ਉੱਚੀ ਆਵਾਜ਼ ਅਤੇ ਇਤਨੇ ਸਹਿਜ ਭਾਵ ਨਾਲ ਸ਼ੁੱਧ ਉਚਾਰਨ ਕਰ ਰਿਹਾ ਹੈ, ਮਾਨੋਂ ਕਾਰ ਵਿੱਚ ਅੰਮ੍ਰਿਤ ਦਾ ਮੀਂਹ ਬਰਸਣਾ ਸ਼ੁਰੂ ਹੋ ਗਿਆ। ਕਾਰ ਵਿੱਚ ਬੈਠੇ ਬਾਕੀ ਦੇ ਸੱਜਨ, ਜਪੁਜੀ ਸਾਹਿਬ ਦਾ ਅੰਮ੍ਰਿਤ ਰਸ ਕੰਨਾਂ ਦੁਆਰਾ ਪੀ-ਪੀ ਕੇ ਅੰਦਰੋਂ-ਬਾਹਰੋਂ ਬੇਖ਼ਬਰ ਇਉਂ ਤ੍ਰਿਪਤ ਹੋ ਰਹੇ ਹਨ, ਜਿਵੇਂ ਮਾਰੂਥਲ ਦੀ ਖੇਤੀ, ਜ਼ੋਰਦਾਰ ਬਰਸਾਤ ਪੈਣ ਨਾਲ ਹਰੀ ਭਰੀ ਹੋ ਜਾਂਦੀ ਹੈ। ਵਿਰੱਕਤ ਮਹਾਰਾਜ ਜੀ ਇਸ ਪ੍ਰੇਮੀ ਦਾ ਗੁਰਬਾਣੀ ਨਾਲ ਪਿਆਰ, ਅੰਦਰ ਬਾਹਰ ਦੀ ਸ਼ੁੱਧਤਾ, ਅਤੇ ਛਲ ਕਪਟ ਤੋਂ ਰਹਿਤ ਉੱਚਾ ਸੁੱਚਾ ਜੀਵਨ ਦੇਖ-ਦੇਖ ਕੇ ਬਹੁਤ ਪ੍ਰਸੰਨ ਚਿੱਤ ਨਜ਼ਰ ਆ ਰਹੇ ਹਨ। ਉਨ੍ਹਾਂ ਦੇ ਤੇਜ਼ਮਈ ਚਿਹਰੇ ਵੱਲ ਜ਼ਰਾ ਧਿਆਨ ਨਾਲ ਤੱਕਿਆਂ ਇਉਂ ਪ੍ਰਤੀਤ ਦੇ ਰਹੇ ਹਨ ਜਿਵੇਂ ਪ੍ਰੇਮੀ ਦੀ ਪ੍ਰੋਮੋਸ਼ਨ (Promotion) ਦੇ ਆਰਡਰ ਹੱਥ ਵਿੱਚ ਫੜਾਉਣ ਲਈ ਕਾਹਲੇ ਪੈ ਰਹੇ ਹੋਣ ਅਤੇ ਪ੍ਰੇਮੀ ਨੂੰ ਕਿਸੇ ਉੱਚੀ ਪੋਸਟ ਤੇ ਸੁਸ਼ੋਭਿਤ ਕਰਨ ਲਈ ਸਮੇਂ ਦੀ ਉਡੀਕ ਬੜੀ ਤੇਜ਼ੀ ਨਾਲ ਕਰ ਰਹੇ ਹੋਣ। ਉਧਰ ਪ੍ਰੇਮੀ ਵੀ ਅੰਦਰੋਂ-ਬਾਹਰੋਂ ਬਿਲਕੁਲ ਬੇਖ਼ਬਰ ਗੁਰਬਾਣੀ ਦਾ ਰੂਪ ਹੋਇਆ, ਜਪੁਜੀ ਸਾਹਿਬ ਦਾ ਇੱਕ ਪਾਠ ਸੰਪੂਰਨ ਕਰਕੇ, ਦੂਸਰਾ ਫਿਰ ਸ਼ੁਰੂ ਕਰ ਦਿੰਦਾ ਹੈ। ਕਾਰ ਆਪਣੀ ਡਿਊਟੀ ਪੂਰੀ ਕਰਦੀ ਹੋਈ ਤੇਜ਼ ਰਫਤਾਰ ਨਾਲ ਚੱਲੀ ਜਾ ਰਹੀ ਹੈ, ਅਤੇ ਸਰੋਤੇ ਰਸ ਮਗਨ ਹੋਏ ਪਾਠ ਸ੍ਰਵਣ ਕਰੀਂ ਜਾ ਰਹੇ ਹਨ। ਇਸ ਪ੍ਰਕਾਰ ਜਦੋਂ ਪੰਜ ਪਾਠ ਜਪੁਜੀ ਸਾਹਿਬ ਦੇ ਸੰਪੂਰਨ ਹੋਏ, ਤਾਂ ਕਾਰ ਪਹੁੰਚ ਗਈ ਉਸ ਟਿਕਾਣੇ, ਜਿੱਥੇ ਕਿਸੇ ਸਮੇਂ ਚੋਜੀ ਪ੍ਰੀਤਮ ਕਲਗੀਧਰ ਪਾਤਿਸ਼ਾਹ ਨੇ ਕੀਤੇ ਸਨ ਅਨੇਕਾਂ ਇਲਾਹੀ ਕੌਤਕ। ਦੇਖੋ! ਅੱਜ ਇਤਿਹਾਸ ਆਪਣੇ ਆਪ ਨੂੰ ਫਿਰ ਦੁਹਰਾ ਰਿਹਾ ਹੈ। ਪਾਉਂਟਾ ਸਾਹਿਬ ਕਾਰ ਪਹੁੰਚਦੇ ਹੀ ਪੰਜ ਪਾਠ ਜਪੁਜੀ ਸਾਹਿਬ ਦੇ ਸੰਪੂਰਨ ਹੋ ਗਏ। ਪੰਜਵੇਂ ਪਾਠ ਦਾ ਭੋਗ ਪੈਂਦਿਆਂ ਹੀ ਹਜ਼ੂਰ ਨੇ ਅਗਲੀ ਸੀਟ ਤੇ ਬੈਠਿਆਂ ਜ਼ਰਾਂ ਦ੍ਰਿਸ਼ਟੀ ਪਿੱਛੇ ਨੂੰ ਘੁਮਾਈ, ਪ੍ਰੇਮੀ ਵੱਲ ਤੱਕ ਕੇ ਬੋਲੇ, ਵਾਹ! ਬਈ ਵਾਹ! ਸਿੱਖ ਤਾਂ ਪੂਰਾ ਹੈਂ; ਦਾੜ੍ਹੀ ਕੇਸ਼ ਵੀ ਰੱਖ ਲੈ! ਬਸ ਗੁਰਮੁਖ ਨੂੰ ਤਾਂ ਇਸ਼ਾਰੇ ਦੀ ਜ਼ਰੂਰਤ ਸੀ, ਦੋਨੋਂ ਹੱਥ ਜੋੜ ਕੇ ਹਜ਼ੂਰ ਵਲ ਸੀਸ ਨਿਵਾ ਦਿੱਤਾ। ਨਾਲ ਸੀਟ ਤੇ ਬੈਠੇ ਗੁਰਨਾਮ ਸਿੰਘ ਨੇ ਪੰਜ ਜੈਕਾਰੇ ਛੱਡੇ। ਗੁਰਮੁਖ ਪ੍ਰੇਮੀ, ਹਜ਼ੂਰ ਦੀ ਦਿਆਲਤਾ ਦੇਖ-ਦੇਖ ਕੇ ਵਿਸ਼ਮਾਦਤ ਹੋ ਰਿਹਾ ਹੈ ਕਿ ਦਸ਼ਮੇਸ਼ ਪਿਤਾ ਨੇ ਤਾਂ ਖੁਸ਼ ਹੋ ਕੇ ਪੀਰ ਬੁੱਧੂ ਸ਼ਾਹ ਨੂੰ ਇਸ ਪਵਿੱਤਰ ਅਸਥਾਨ ਤੇ ਕੰਘਾ ਤੇ ਕੇਸ਼ ਦਾਨ ਕੀਤੇ ਸਨ, ਲੇਕਿਨ ਮੈਨੂੰ ਤਾਂ ਅੱਜ ਤਰੁੱਠ ਕੇ ਦਾੜ੍ਹੀ ਕੇਸ਼ਾਂ ਦੇ ਨਾਲ-ਨਾਲ ਸਿੰਘ ਨਾਮ ਵੀ ਬਖਸ਼ਿਸ਼ ਕਰ ਦਿੱਤਾ। ਧੰਨ ਹੈ ਗੁਰੂ ਪਿਤਾ, ਧੰਨ ਹੈ ਉਸ ਦੀ ਦਿਆਲਤਾ। ਖੈਰ, ਦਸ਼ਮੇਸ਼ ਪਿਤਾ ਦੇ ਅਸਥਾਨ ਦੇ ਸਾਰਿਆਂ ਨੇ ਦਰਸ਼ਨ ਦੀਦਾਰੇ ਕੀਤੇ, ਨਮਸ਼ਕਾਰ ਕਰ ਗੁਰੂ ਕੇ ਲੰਗਰੋਂ ਪ੍ਰਸ਼ਾਦ ਪਾਣੀ ਛਕ ਕੇ ਗੁਰਾਇਆ ਵੱਲ ਨੂੰ ਕਾਰ ਨੇ ਸਪੀਡ (Speed) ਫੜ ਲਈ। ਸਹਿਜੇ-ਸਹਿਜੇ ਹਰੀ ਜਸ ਕਰਦੀ-ਕਰਦੀ, ਕਾਰ ਜਾ ਪਹੁੰਚੀ ਗੁਰਾਇਆ ਨਗਰ। ਇੱਕ ਦੋ ਦਿਨ ਹਜ਼ੂਰ ਦੇ ਚਰਨਾਂ ਵਿੱਚ ਰਹਿ ਕੇ ਸੇਵਾ ਦਾ ਲਾਭ ਉਠਾਇਆ, ਇਤਨੇ ਨੂੰ ਛੁੱਟੀ ਖ਼ਤਮ ਹੋ ਗਈ। ਹਜ਼ੂਰ ਤੋਂ ਆਗਿਆ ਲੈ ਕੇ ਬਰਨਾਲਾ ਸ਼ਹਿਰ ਪਹੁੰਚ ਗਏ ਆਪਣੀ ਬੈਂਕ ਬਰਾਂਚ ਵਿੱਚ। ਬੈਂਕ ਵਿੱਚ ਜਾ ਕੇ ਸਭ ਤੋਂ ਪਹਿਲਾਂ ਕੰਮ ਕੀਤਾ ਆਪਣਾ ਨਾਮ ਬਦਲਣ ਦਾ। ਮੈਨੇਜਰ ਨੂੰ ਅਰਜ਼ੀ ਦੇ ਦਿੱਤੀ ਕਿ ਮੇਰਾ ਨਾਮ ਅੱਜ ਤੋਂ ਰਮੇਸ਼ ਚੰਦਰ ਦੀ ਬਜਾਏ, ਰਾਮ ਸਿੰਘ ਹੈ ਇਸ ਲਈ ਜੋ ਲੋੜੀਂਦੀ ਕਾਰਵਾਈ ਕਰਨੀ ਹੈ ਮੈਨੂੰ ਦੱਸ ਦਿਉ! ਅਖ਼ਬਾਰ ਵਗੈਰਾ ਵਿੱਚ ਜੋ ਦੇਣਾ ਸੀ, ਸੋ ਦੇ ਦਿੱਤਾ। ਥੋੜ੍ਹੇ ਦਿਨਾਂ ਵਿੱਚ ਸਾਰੀ ਕਾਗਜ਼ੀ ਕਾਰਵਾਈ ਪੂਰੀ ਕਰਕੇ ਸਰਕਾਰੀ ਅਤੇ ਪ੍ਰਾਈਵੇਟ ਕਾਗਜ਼ਾਂ ਵਿੱਚ ਆਪਣਾ ਨਾਮ ਰਾਮ ਸਿੰਘ ਲਿਖਣਾ ਸ਼ੁਰੂ ਕਰ ਦਿੱਤਾ। ਹੁਣ ਦੇਖੋ, ਘਰ ਵੰਸ਼ ਸਾਰਾ ਸਹਿਜਧਾਰੀ ਸਨਾਤਨੀ ਖਿਆਲਾਂ ਦਾ, ਤਾਏ ਵਿੱਚ ਹੋਰ ਵੀ ਜ਼ਿਆਦਾ ਖਿਆਲਾਂ ਦੀ ਕੱਟੜਤਾ, ਲੇਕਿਨ ਆਪ ਨੇ ਆਪਣੀ ਬੇਪ੍ਰਵਾਹੀ ਵਿੱਚ, ਬਲਕਿ ਪਹਿਲਾਂ ਹੀ ਬੇਪ੍ਰਵਾਹ ਹੋਏ ਗੁਰਮੁਖਤਾ ਦੀ ਕਿਸੇ ਉਚੀ ਚੋਟੀ ਤੇ ਪਹੁੰਚਣ ਲਈ ਯਤਨਸ਼ੀਲ ਸਨ, ਜੋ ਗੁਰੂਦੇਵ ਦੇ ਇਸ਼ਾਰੇ ਮਾਤਰ ਤੇ ਅਮਲ ਕੀਤਿਆਂ ਹੀ ਸਰ ਹੋਣੀ ਸੰਭਵ ਹੈ, ਜਿਸ ਤੇ ਪਹੁੰਚਣ ਲਈ ਗੁਰੂ ਹੁਕਮ ਨੂੰ ਸੌ ਫੀਸਦੀ ਮੰਨਣ ਤੋਂ ਬਗੈਰ ਸਾਰੇ ਸਾਧਨ ਨਿਸਫਲ ਹਨ। ਹੁਣ ਕਾਫੀ ਸਮਾਂ ਰਾਮ ਸਿੰਘ ਜੀ ਕਰਨਾਲ ਨਹੀਂ ਗਏ। ਕੁੱਝ ਮਹੀਨਿਆਂ ਬਾਅਦ ਦਾੜ੍ਹਾ ਜਦੋਂ ਪੂਰਾ ਪ੍ਰਕਾਸ਼ਵਾਨ ਹੋ ਗਿਆ, ਫਿਰ ਸਿਰ ਤੇ ਕਾਲੇ ਰੰਗ ਦੀ ਦਸਤਾਰ ਹੇਠਾਂ ਸਫੈਦ ਫਿਫਟੀ ਸਜਾ ਪਹੁੰਚ ਗਏ ਹਜ਼ੂਰ ਦੇ ਪਵਿੱਤਰ ਚਰਨਾਂ ਵਿੱਚ ਕਰਨਾਲ। ਸਾਰੀ ਸੰਗਤ ਦੇਖ ਕੇ ਬਹੁਤ ਖੁਸ਼ ਹੋਈ, ਆਪ ਨੇ ਵੀ ਹਜ਼ੂਰ ਦੇ ਚਰਨਾਂ ਵਿੱਚ ਰਹਿ ਕੇ ਦੋ ਦਿਨ ਸੇਵਾ ਦਾ ਚੰਗਾ ਲਾਭ ਉਠਾਇਆ, ਹੁਣ ਛੁੱਟੀ ਪੂਰੀ ਹੋਣ ਤੇ ਵਾਪਸ ਬਰਨਾਲਾ ਜਾਣਾ ਸੀ ਡਿਊਟੀ ਤੇ। ਮਾਤਾ ਨੇ ਹਜ਼ੂਰ ਦੇ ਚਰਨਾਂ ਵਿੱਚ ਅਰਜ਼ ਕੀਤੀ, ਮਹਾਰਾਜ ਰਾਮ ਨੂੰ ਕਹੋ, ਘਰ ਹੋ ਕੇ ਚਲਿਆ ਜਾਵੇ।

ਹਜ਼ੂਰ ਮੁਸਕਰਾ ਕੇ ਬੋਲੇ, ਭਾਈ ਘਰ ਹੋ ਕੇ ਜਾਈਂ, ਪਰ ਜੇ ਉਥੇ ਤੇਰਾ ਤਾਇਆ ਮਿਲ ਗਿਆ, ਫਿਰ ਕੀ ਕਰੇਂਗਾ? ਮਹਾਰਾਜ ਮੈਂ ਫਤਹਿ ਗਜਾ ਦਿਉਂ! ਹਜ਼ੂਰ ਨੂੰ ਨਮਸ਼ਕਾਰ ਕਰ ਜਦ ਘਰ ਪਹੁੰਚੇ ਤਾਂ ਅੱਗੇ ਤਾਇਆ ਜੀ ਘਰ ਆਏ ਹੋਏ ਸਨ ਜੋ ਦੇਖ ਕੇ ਬਹੁਤ ਖੁਸ਼ ਹੋਏ। ਆਪ ਵੀ ਬਹੁਤ ਅਸਰਚਰਜ ਹੋਏ ਕਿ ਤਾਇਆ ਜੀ ਤਾਂ ਸ਼ਹਿਰ ਦੇ ਦੂਜੇ ਪਾਸੇ ਜੁੰਡਲਾ ਗੇਟ ਰਹਿੰਦੇ ਹਨ, ਲੇਕਿਨ ਹਜ਼ੂਰ ਨੇ ਕੁਟੀਆ ਵਿੱਚ ਹੀ ਇਸ਼ਾਰਾ ਕੀਤਾ ਸੀ ਕਿ ਤੇਰੇ ਤਾਇਆ ਜੀ ਅੱਜ ਹੀ ਮਿਲਣਗੇ। ਧੰਨ ਹੈ ਅੰਤਰਜਾਮੀ ਦਾਤਾ! ਗੁਰੂ ਆਗਿਆ ਅਨੁਸਾਰ ਕੁਝ ਮਿੰਟ ਘਰ ਠਹਿਰ ਕੇ ਕਰਤੇ ਦੇ ਅਸਚਰਜ ਕੌਤਕਾਂ ਨੂੰ ਦੇਖ-ਦੇਖ ਕੇ ਵਿਸ਼ਮਾਦਤ ਹੁੰਦੇ ਹੋਏ ਜਾ ਪਹੁੰਚੇ ਬਰਨਾਲੇ ਸ਼ਹਿਰ (ਪੰਜਾਬ)।

## ਸੰਤ ਹਰਬੰਸ ਸਿੰਘ ਜੀ

ਪੂਜਯ ਵਿਰੱਕਤ ਮਹਾਰਾਜ ਜੀਆਂ ਨੇ ਅਨੇਕਾਂ ਸ਼ਿਸ਼ ਸੇਵਕਾਂ ਵਿੱਚੋਂ ਇੱਕ ਪ੍ਰਸਿੱਧ ਮਹਾਤਮਾ ਹਨ ਸ੍ਰੀਮਾਨ ਸੰਤ ਹਰਬੰਸ ਸਿੰਘ ਜੀ। ਇਸ ਵਕਤ ਆਪ ਪੂਜਯ ਵਿਰੱਕਤ ਮਹਾਰਾਜ ਜੀ ਦੀ ਸ਼ਰਨ ਵਿੱਚ ਆਏ, ਤਾਂ ਹਜ਼ੂਰ ਨੇ ਆਪ ਨੂੰ ਅਧਿਕਾਰੀ ਜਾਣਕੇ ਸੰਸਕ੍ਰਿਤ ਵਿਦਯਾ ਪੜ੍ਹਣ ਵਾਸਤੇ ਕਾਸ਼ੀ ਭੇਜਿਆ। ਕੁਝ ਸਮਾਂ ਕਾਸ਼ੀ ਠਹਿਰ ਕੇ ਵਿਦਯਾ ਪੜ੍ਹਦੇ ਰਹੇ, ਲੇਕਿਨ ਪਾਣੀ ਨਾ ਮਾਫਕ ਆਉਣ ਕਰਕੇ ਛੇਤੀ ਹੀ ਵਾਪਸ ਆ ਗਏ, ਪਰੰਤੂ ਆਪ ਨੇ ਥੋੜ੍ਹੇ ਸਮੇਂ ਵਿੱਚ ਹੀ ਸੰਸਕ੍ਰਿਤ ਅੱਖਰਾਂ ਦਾ ਕਾਫੀ ਗਿਆਨ ਹਾਸਲ ਕਰ ਲਿਆ। ਫਿਰ ਆਪਣੀ ਵਿਰੱਕਤੀ ਮੌਜ ਵਿੱਚ ਕੁੱਝ ਸਮਾਂ ਤਾਂ ਵਿਰੱਕਤ ਮਹਾਰਾਜ ਜੀਆਂ ਨਾਲ ਕਾਫੀ ਥਾਵਾਂ ਤੇ ਵਿਚਰੇ, ਫਿਰ ਕਾਫੀ ਸਮਾਂ ਹੁਸ਼ਿਆਰਪੁਰ ਦੇ ਨੇੜੇ ਅਖਲਾਸਪੁਰ ਕੁਟੀਆ ਇਕਾਂਤ ਰਹਿ ਕੇ ਵਿਦਿਆ ਵਿਚਾਰਦੇ ਰਹੇ। ਉਸ ਤੋਂ ਬਾਅਦ ਦੌਦ ਪਿੰਡ ਦੇ ਨੇੜੇ ਦਧਾਲ ਨਗਰ ਵੀ ਇੱਕ ਪ੍ਰੇਮੀ ਗ੍ਰਾਮ ਸੇਵਕ ਦੇ ਖੂਹ ਤੇ ਜੋ ਕਿ ਪਿੰਡ ਤੋਂ ਕਾਫੀ ਦੂਰ ਖੇਤਾਂ ਵਿੱਚ ਇਕਾਂਤ ਹੈ, ਠਹਿਰ ਕੇ ਆਪਣੀ ਸਾਧਨਾਂ ਅਤੇ ਵਿਦਿਆ ਵਿਚਾਰਦੇ ਰਹੇ। ਉਸ ਤੋਂ ਬਾਅਦ ਕਰਨਾਲ ਕੁਟੀਆ ਵੀ ਕੁੱਝ ਸਮਾਂ ਗੁਜ਼ਾਰਿਆ। ਹੁਣ ਦਾਣਾ ਪਾਣੀ ਅਤੇ ਸੰਜੋਗ ਦੇ ਵਸ ਕਰਨਾਲ ਸ਼ਹਿਰ ਦੇ ਨੇੜੇ ਹੀ ਜ਼ਰੀਫਾ ਪਿੰਡ ਠਹਿਰ ਕੇ ਪਾਵਨ ਗੁਰਬਾਣੀ ਦਾ ਪ੍ਰਚਾਰ ਕਰ ਰਹੇ ਹਨ। ਪ੍ਰੇਮੀ ਸੰਗਤਾਂ ਵੱਲੋਂ ਅਸਥਾਨ ਤੇ ਸ੍ਰੀ ਅਖੰਡ ਪਾਠ ਸਾਹਿਬ ਹੁੰਦੇ ਰਹਿੰਦੇ ਹਨ ਅਤੇ ਗੁਰੂ ਕੇ ਲੰਗਰ ਵਰਤਦੇ ਰਹਿੰਦੇ ਹਨ। ਇਸ ਪ੍ਰਕਾਰ ਗੁਰਬਾਣੀ ਦਾ ਪ੍ਰਚਾਰ ਅਤੇ ਪਾਸਾਰ ਕਰਦੇ ਹੋਏ, ਜੀਵਨ ਬਸਰ ਕਰ ਰਹੇ ਹਨ।

## ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥
ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ-ਤਹਾ ਉਠਿ ਧਾਵੈ॥
ਸੇਵਕ ਕਉ ਨਿਕਟੀ ਹੋਇ ਦਿਖਾਵੈ॥
ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ। ਰਹਾਉ॥
ਤਿਸੁ ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ॥
ਤਿਸ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ॥

*(ਆਸਾ ਮ: ੫ ਪੰਨਾ-੪੦੩)*

ਸਰਦੀ ਦੂਰ ਕਰਨ ਵਾਸਤੇ ਕੋਈ ਚਾਰਾ ਨਹੀਂ ਕਰਨਾ ਪੈਂਦਾ, ਕੋਈ ਮਿਹਨਤ ਨਹੀਂ ਕਰਨੀ ਅਤੇ ਨਾ ਹੀ ਕੋਈ ਕਸ਼ਟ ਉਠਾਉਣਾ ਪੈਂਦਾ ਹੈ, ਬੱਸ ਕੇਵਲ ਤੇ ਕੇਵਲ ਅੱਗ ਦੇ ਸਨਮੁੱਖ ਹੋਣ ਦੀ ਜ਼ਰੂਰਤ ਹੈ, ਫਿਰ ਸਰਦੀ ਦਾ ਦੁੱਖ ਦੂਰ ਹੋਣ ਨੂੰ ਦੇਰ ਨਹੀਂ ਲੱਗਦੀ, ਕਿਉਂਕਿ ਅੱਗ ਦਾ ਸਦੀਵੀ ਸੁਭਾਵ ਜਾਂ ਧਰਮ ਹੈ ਸਨਮੁੱਖ ਹੋਏ ਨੂੰ ਨਿੱਘ ਦੇਣਾ। ਐਸਾ ਕਰਨ ਸਮੇਂ ਉਹ ਇਹ ਨਹੀਂ ਦੇਖਦੀ ਕਿ ਸਨਮੁਖ ਹੋਇਆ ਯਾਨੀ ਨਜ਼ਦੀਕ ਆਇਆ ਪੁਰਸ਼ ਗਰੀਬ ਹੈ ਜਾਂ ਅਮੀਰ, ਪੁੰਨੀ ਹੈ ਜਾਂ ਪਾਪੀ? ਬਸ ਸਨਮੁਖ ਚਾਹੀਏ, ਹੋਰ ਕੋਈ ਸ਼ਰਤ ਨਹੀਂ। ਅੱਗ ਆਪਣੇ ਇਸ ਪਰਉਪਕਾਰੀ ਸਦੀਵੀ ਧਰਮ ਤੋਂ ਕਦੇ ਵੀ ਚਲਾਏ ਮਾਨ ਯਾਨੀ ਇਨਕਾਰੀ ਨਹੀਂ ਹੁੰਦੀ। ਭਾਵ ਜੁਗਾਂ ਜੁਗੰਤਰਾਂ ਤੋਂ ਆਪਣੇ ਇਸੇ ਸੁਭਾਵ ਵਿੱਚ ਇਸਥਿਤ ਹੈ। ਬਿਲਕੁਲ ਅਜਿਹਾ ਹੀ ਸੁਭਾਵ ਹਰੀ ਪਰਮੇਸ਼ਰ ਅਤੇ ਉਸ ਨਾਲ ਅਭੇਦ ਹੋਏ ਸਤ ਪੁਰਸ਼ਾਂ ਦਾ ਹੈ। ਜੋ ਪੁਰਸ਼

ਸ਼ਰਧਾ ਵਿਸ਼ਵਾਸ ਨਾਲ ਅਜਿਹੇ ਅਭੇਦ ਅਵੱਸਥਾ ਵਿੱਚ ਸਥਿਥ ਸਤ ਪੁਰਸ਼ ਵੱਲ ਇੱਕ ਕਦਮ ਉਠਾਉਂਦਾ ਹੈ, ਮਹਾਂਪੁਰਸ਼ ਉਸ ਵੱਲ ਕਰੋੜਾਂ ਕਦਮ ਉੱਠਾ ਕੇ ਉਸ ਨੂੰ ਸੰਭਾਲਦਾ ਹੈ, ਯਾਨੀ ਉਸ ਦੇ ਲੋਕ-ਪਰਲੋਕ ਦੇ ਸਾਰੇ ਕਾਰਜ ਸਵਾਰਦਾ ਹੈ, ਯਥਾ—ਭਾਈ ਗੁਰਦਾਸ ਜੀ—

**ਚਰਨ ਸ਼ਰਨ ਗੁਰੁ ਏਕ ਪੈਂਡਾ ਜਾਇ ਚਲ॥**
**ਸਤਿਗੁਰੁ ਕੋਟ ਪੈਂਡਾ ਆਗੇ ਹੋਇ ਲੇਤ ਹੈ॥**

ਫਿਰ ਅਜਿਹੇ ਪੁਰਸ਼ ਵੱਲੋਂ ਸ਼ਰਧਾ ਭਾਵਨਾ ਨਾਲ ਭੇਟਾ ਕੀਤੀ ਅੱਧੀ ਕੌਡੀ ਵੀ ਪ੍ਰਵਾਨ ਕਰਕੇ ਲੋਕ ਪਰਲੋਕ ਦੇ ਖਜ਼ਾਨੇ ਬਖਸ਼ ਦਿੰਦਾ ਹੈ।

ਯਥਾ— **ਭਾਵਨੀ ਭਗਤ ਭਾਇ ਕਉਡੀ ਅਗਰ ਭਾਗ ਰਾਖੈ॥**
**ਤਾਹਿ ਗੁਰੁ ਸਰਬ ਨਿਧਾਨ ਦਾਨ ਦੇਤ ਹੈ॥**

ਦੇਖੋ, ਅੱਜ ਇੱਕ ਅਜਿਹਾ ਕੌਤਕ ਹੀ ਸਾਹਮਣੇ ਨਜ਼ਰ ਆ ਰਿਹਾ ਹੈ। ਇੱਕ ਦਫਾ ਸੰਨ 1979 ਦੇ ਨੇੜੇ-ਤੇੜੇ ਦਾ ਜ਼ਿਕਰ ਹੈ, ਜਦੋਂ ਸ੍ਰੀ ਅਮਰੀਕ ਚੰਦ ਜੀ ਚਾਵਲਾ ਜਰਮਨੀ ਤੋਂ ਕੋਈ ਪੰਜ ਲੱਖ ਰੁਪਏ ਦੇ ਕਰੀਬ ਇੱਕ ਮਸ਼ੀਨ ਖਰੀਦ ਕਰਕੇ ਲਿਆਇਆ। ਚਾਵਲਾ ਨੇ ਉਸ ਮਸ਼ੀਨ ਦੀ ਸਿਖਲਾਈ ਵਾਸਤੇ ਪੰਦਰਾਂ ਦਿਨ ਜਰਮਨੀ ਰਹਿ ਕੇ ਟਰੇਨਿੰਗ ਵੀ ਕੀਤੀ, ਲੇਕਿਨ ਜਿਸ ਵਕਤ ਦਿੱਲੀ ਆਪਣੇ ਕੰਪਨੀ ਵਿੱਚ ਫਿੱਟ ਕਰਕੇ ਚਲਾਉਣ ਲੱਗੇ, ਤਾਂ ਮਸ਼ੀਨ ਨਾ ਚੱਲੀ। ਚਾਵਲਾ ਜੀ ਖੁਦ ਤਾਂ ਪੰਦਰਾਂ ਦਿਨ ਟਰੇਨਿੰਗ ਕਰਕੇ ਆਏ ਹੀ ਸਨ ਅਤੇ ਹੋਰ ਵੀ ਵੱਡੇ-ਵੱਡੇ ਇੰਜਨੀਅਰ ਲਿਆ ਕੇ ਚੈਕ ਕਰਵਾਈ ਲੇਕਿਨ ਮਸ਼ੀਨ ਨੇ ਕੌੜ ਮੱਝ ਦੀ ਤਰ੍ਹਾਂ ਇੱਕ ਬੂੰਦ ਦੁੱਧ ਵੀ ਨਾ ਦਿੱਤੀ, ਯਾਨੀ ਇੱਕ ਵੀ ਚੱਕਰ ਨਾ ਚੱਲੀ। ਅਨੇਕਾਂ ਯਤਨ ਕੀਤੇ, ਲੇਕਿਨ ਸਭ ਅਸਫਲ। ਆਖਰ ਹਾਰ-ਟੁੱਟ ਕੇ ਛੱਡ ਦਿੱਤੀ, ਬਲਕਿ ਉਸ ਵੱਲ ਧਿਆਨ ਵੀ ਦੇਣਾ ਬੰਦ ਕਰ ਦਿੱਤਾ, ਕਿਉਂਕਿ ਹੁਣ ਸਾਰੇ ਯਤਨ ਫੇਲ ਹੋ ਚੁੱਕੇ ਸਨ, ਇਸ ਪ੍ਰਕਾਰ ਛੇ ਮਹੀਨੇ ਗੁਜ਼ਰ ਗਏ।

ਅੱਜ ਦੇਖੋ ਅਰਸ਼ੀ ਪ੍ਰੀਤਮ ਆਪਣੇ ਦਿਆਲੂ ਸੁਭਾਵ ਅਨੁਸਾਰ **ਜਹ ਜਹ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ** ਵਾਲਾ ਖੇਡ ਵਰਤਾ ਰਿਹਾ ਹੈ। ਜਾ ਪਹੁੰਚੇ ਆਪਣੀ ਮੌਜ ਵਿੱਚ ਦਿੱਲੀ, ਅਮਰੀਕ ਚੰਦ ਦੀ ਫੈਕਟਰੀ ਬਿਨਾਂ ਬੁਲਾਏ, ਅਤੇ ਬਿਨਾਂ ਕਿਸੇ ਅਰਜ਼ ਕੀਤਿਆਂ। ਉਧਰ ਚਾਵਲਾ ਜੀ ਨੂੰ ਵੀ ਚਾਅ ਚੜ੍ਹ ਗਿਆ ਹਜ਼ੂਰ ਦੇ ਅਚਾਨਕ ਦਰਸ਼ਨ ਕਰਕੇ। ਅਰਸ਼ੀ ਪ੍ਰੀਤਮ ਨੇ ਪੁੱਛਿਆ ਅਮਰੀਕ ਤੇਰੇ ਕੰਮ ਕਾਰ ਦਾ ਕੀ ਹਾਲ ਹੈ? ਚਾਵਲਾ ਨੇ ਅਰਜ਼ ਕੀਤੀ, ਮਹਾਰਾਜ! ਆਪ ਜੀਆਂ ਦੀ ਬਹੁਤ ਮਿਹਰ ਹੈ। ਕੁੱਝ ਦੇਰ ਬਾਅਦ ਦਿਆਲੂ ਦਾਤੇ ਨੇ ਫਿਰ ਪੁੱਛਿਆ, ਅਮਰੀਕ ਤੇਰੀਆਂ ਫੈਕਟਰੀਆਂ ਠੀਕ ਚਲ ਰਹੀਆਂ ਹਨ? ਚਾਵਲਾ ਨੇ ਅਰਜ਼ ਕੀਤੀ, ਮਹਾਰਾਜ! ਆਪ ਜੀਆਂ ਦੀ ਅਪਾਰ ਬਖਸ਼ਿਸ਼ ਨਾਲ ਸਭ ਕਾਰੋਬਾਰ ਠੀਕ ਚੱਲ ਰਿਹਾ ਹੈ। ਇੰਨੇ ਨੂੰ ਹੇਠੋਂ ਫੈਕਟਰੀ ਮੈਨੇਜਰ ਨੇ ਆ ਕੇ ਦੱਸਿਆ ਕਿ ਜਰਮਨੀ ਵਾਲੀ ਮਸ਼ੀਨ ਬਹੁਤ ਠੀਕ ਤਰੀਕੇ ਚੱਲ ਪਈ ਹੈ। ਚਾਵਲਾ ਅਸਚਰਜ ਹੋ ਕੇ ਹਜ਼ੂਰ ਦੇ ਚਰਨਾਂ ਵਿੱਚ ਡਿੱਗ ਗਿਆ, ਅਰਜ਼ ਕੀਤੀ, ਮਹਾਰਾਜ! ਛੇ ਮਹੀਨੇ ਦੀ ਖੜੀ ਮਸ਼ੀਨ ਬਿਨ੍ਹਾਂ ਕਿਸੇ ਯਤਨ ਦੇ ਚੱਲ ਪਈ, ਪਹਿਲਾਂ ਸੈਂਕੜੇ ਯਤਨ ਕਰਨ ਦੇ ਬਾਵਜੂਦ ਵੀ ਨਹੀਂ ਸੀ ਚੱਲੀ, ਆਪ ਧੰਨ ਹੋ! ਮੇਰੇ ਇਸ ਕਾਰਜ ਲਈ ਹੀ ਕਸ਼ਟ ਉੱਠਾ ਕੇ ਇੱਥੇ ਪਹੁੰਚੇ ਹੋ। ਆਪ ਦੀ ਮਹਿਮਾ ਅਪਰ ਅਪਾਰ ਹੈ! ਹਜ਼ੂਰ ਨੇ ਪੁੱਛਿਆ, ਤੂੰ ਪਹਿਲਾਂ ਨਹੀਂ ਦੱਸਿਆ, ਕਿ ਨਵੀਂ ਮਸ਼ੀਨ ਬੇਕਾਰ ਹੋਈ ਖੜ੍ਹੀ ਹੈ, ਨਹੀਂ ਚੱਲ ਰਹੀ! ਚਾਵਲਾ ਨੇ ਅਰਜ਼ ਕੀਤੀ, ਮਹਾਰਾਜ! ਆਪ ਜੀ ਨੇ ਸੰਸਾਰਕ ਪਦਾਰਥਾਂ ਦੇ ਤਾਂ ਬਿਨਾਂ ਮੰਗਿਆਂ ਹੀ ਅਮੁੱਕ ਖਜ਼ਾਨੇ ਬਖਸ਼ਿਸ਼ ਕੀਤੇ ਹਨ, ਇਸ ਲਈ ਮਨ ਝਿਜਕਦਾ ਸੀ ਕੋਈ ਵਿਵਹਾਰਕ ਅਰਜ਼ ਕਰਨ ਤੋਂ! ਮਹਾਰਾਜ ਆਪ ਧੰਨ ਹੋ! ਆਪ ਬੇਅੰਤ ਹੋ! ਆਪ ਦੀ ਬੇਅੰਤਤਾ ਮੈਂ ਨਹੀਂ ਜਾਣ ਸਕਦਾ।

## ਨਵੀਂ ਬਿਲਡਿੰਗ ਗੁਰਦੁਵਾਰਾ ਸਾਹਿਬ ਬਿਸ਼ਨਪੁਰਾ (ਲੋਪੋ)

ਜ਼ਿਕਰ 1979 ਫਰਵਰੀ ਮਹੀਨੇ ਦਾ ਹੈ ਜਦੋਂ ਹਜ਼ੂਰ ਦਿੱਲੀ ਚਾਵਲਾ ਦੀ ਫੈਕਟਰੀ ਰੁੱਕੇ ਹੋਏ ਸਨ। ਲੋਪਿਆਂ ਤੋਂ ਇੱਕ ਸੱਜਨ ਹਜ਼ੂਰ ਦੇ ਦਰਸ਼ਨਾਂ ਲਈ ਦਿੱਲੀ ਪਹੁੰਚਿਆ, ਅਰਜ਼ ਕੀਤੀ, ਗਰੀਬ ਨਿਵਾਜ਼ ਗੁਰਦੁਵਾਰਾ ਸਾਹਿਬ ਦੀ ਨਵੀਂ ਬਿਲਡਿੰਗ ਸਜ ਕੇ ਤਿਆਰ ਹੋ ਗਈ ਹੈ, ਆਪ ਕ੍ਰਿਪਾ ਕਰਕੇ ਕੋਈ ਤਾਰੀਖ ਬਖਸ਼ਿਸ ਕਰ ਦਿਉ ਤਾਂ ਕਿ ਅਖੰਡ ਪਾਠ

ਸਾਹਿਬ ਦਾ ਭੋਗ ਪਾ ਕੇ ਗੁਰੂ ਗ੍ਰੰਥ ਸਾਹਿਬ ਉਸ ਵਿੱਚ ਸੁਸ਼ੋਭਿਤ ਹੋ ਜਾਣ। ਹਜ਼ੂਰ ਬੋਲੇ, ਬਸੰਤ ਪੰਚਮੀ ਨੂੰ ਅਸੀਂ ਖੋਖ ਆਉਣਾ ਹੀ ਹੈ ਉਸ ਦੇ ਨਾਲ ਲੱਗਦੀ ਕੋਈ ਤਾਰੀਖ ਰੱਖ ਲਉ! ਪ੍ਰੇਮੀ ਨੇ ਕੁੱਝ ਦਿਨ ਹਜ਼ੂਰ ਦੇ ਚਰਨਾਂ ਵਿੱਚ ਰਹਿ ਕੇ ਵਾਪਸ ਪਿੰਡ ਆ ਕੇ ਸੰਗਤਾਂ ਨੂੰ ਸਾਰਾ ਪ੍ਰੋਗ੍ਰਾਮ ਦੱਸ ਦਿੱਤਾ। ਸਭ ਨੇ ਰਲ ਮਿਲ ਕੇ ਸਮਾਗਮ ਦੀ ਤਿਆਰੀ ਕਰ ਲਈ। ਇਤਨੇ ਨੂੰ ਬਸੰਤ ਪੰਚਮੀ ਦੇ ਨੇੜੇ ਆ ਪਹੁੰਚੇ ਅਰਸ਼ੀ ਪ੍ਰੀਤਮ ਖੋਖ ਨਗਰ। ਬਸੰਤ ਪੰਚਮੀ ਤੋਂ ਤੀਜੇ ਜਾਂ ਚੌਥੇ ਦਿਨ ਭੋਗ ਦੀ ਤਾਰੀਖ ਰੱਖੀ ਹੋਈ ਸੀ, ਉਸ ਦਿਨ ਭੋਗ ਦੇ ਸਮੇਂ ਹਜ਼ੂਰ ਬਿਸ਼ਨਪੁਰਾ (ਲੋਪੇ) ਪਹੁੰਚ ਗਏ। ਭੋਗ ਉਪਰੰਤ ਕੀਰਤਨ ਹੋਇਆ, ਬਾਅਦ ਵਿੱਚ ਹਜ਼ੂਰ ਨੇ ਦਰਗਾਹੀ ਹੁਕਮਨਾਮੇ ਦੀ ਬਹੁਤ ਵਿਸਥਾਰ ਪੂਰਵਕ ਕਥਾ ਕੀਤੀ। ਮੌਜ ਪਰਮੇਸ਼ਰ ਦੀ, ਸ਼ਬਦ ਵੀ ਬਹੁਤ ਲੰਮਾ ਆਇਆ ਯਾਨੀ ਸੋਰਠਿ ਰਾਗ ਦੀ ਅਸ਼ਟਪਦੀ। ਹਜ਼ੂਰ ਨੇ ਕੋਈ ਡੇਢ ਘੰਟਾ ਉਸ ਪਾਵਨ ਸ਼ਬਦ ਦੀ ਪ੍ਰਮਾਣਾਂ ਸਹਿਤ ਵਿਆਖਿਆ ਕੀਤੀ।*

ਸੰਗਤ ਵੀ ਕਾਫੀ ਗਿਣਤੀ ਵਿੱਚ ਜੁੜੀ ਹੋਈ ਸੀ, ਸਭ ਨੇ ਪੂਰੀ ਤਰ੍ਹਾਂ ਜਮ ਕੇ ਕਥਾ ਦਾ ਅਨੰਦ ਰਸ ਮਾਣਿਆ। ਹਜ਼ੂਰ ਭਾਵੇਂ ਹਮੇਸ਼ਾਂ ਸੱਚੀ ਖੁਸ਼ੀ ਵਿੱਚ ਇਸਥਿਤ ਰਹਿੰਦੇ ਹਨ, ਲੇਕਿਨ ਅੱਜ ਕੁੱਝ ਵਿਸ਼ੇਸ਼ ਖਿੜਾਉ ਵਿੱਚ ਪ੍ਰਤੀਤ ਦੇ ਰਹੇ ਹਨ। ਆਪ ਦੇ ਅੰਦਰ ਖੁਸ਼ੀ ਦਾ ਠਾਠਾਂ ਮਾਰ ਰਿਹਾ ਸਮੁੰਦਰ, ਚਿਹਰੇ ਤੇ ਖਿੜਾਉ ਤੋਂ ਤਾਂ ਪ੍ਰਤੀਤ ਦੇ ਹੀ ਰਿਹਾ ਹੈ, ਲੇਕਿਨ ਸ਼ਬਦਾਂ ਰਾਹੀਂ ਵੀ ਸ਼ਾਂਤ ਅੰਮ੍ਰਿਤ ਦੀ ਮੂਸਲੇਧਾਰ ਬਾਰਸ਼ ਹੋ ਰਹੀ ਹੈ। ਉਪਰੰਤ ਗੁਰੂ ਕਾ ਲੰਗਰ ਸ਼ੁਰੂ ਹੋ ਗਿਆ। ਪ੍ਰੇਮੀਆਂ ਵੱਲੋਂ ਜਗ੍ਹਾਂ ਦੀ ਤੰਗੀ ਜਾਣ ਕੇ ਹਜ਼ੂਰ ਨੇ ਬੈਠ ਕੇ ਲੰਗਰ ਛਕਣ ਲਈ ਗੁਰਦੁਵਾਰਾ ਸਾਹਿਬ ਦੇ ਪਿਛਲੇ ਪਾਸੇ ਇੱਕ ਤੰਬੂ ਲਾਇਆ ਹੋਇਆ ਹੈ, ਉਸ ਵਿੱਚ ਸੁਸ਼ੋਭਿਤ ਹੋ ਗਏ। ਦੂਰ-ਨੇੜੇ ਦੇ ਪਿੰਡਾਂ ਤੋਂ ਭਾਰੀ ਗਿਣਤੀ ਵਿੱਚ ਗਰੀਬ ਲੋਕ ਗੁਰੂ ਨਾਨਕ ਦੇ ਲੰਗਰੋਂ ਪ੍ਰਸ਼ਾਦ ਛਕਣ ਲਈ ਟੋਲਿਆਂ-ਦੇ-ਟੋਲੇ ਬੰਨ੍ਹੀ ਆ ਰਹੇ ਹਨ। ਹਜ਼ੂਰ ਉਨ੍ਹਾਂ ਆ ਜਾ ਰਹੇ ਗਰੀਬਾਂ ਵੱਲ ਤੱਕ-ਤੱਕ ਕੇ ਹੋਰ ਵਿਸ਼ਮਾਦਤ ਹੋਈ ਜਾ ਰਹੇ ਹਨ। ਸੇਵਾਦਾਰਾਂ ਨੂੰ ਵਰਦਾਨ ਬਖਸ਼ਿਸ਼ ਕਰਨ ਦੀ ਤਾਂ ਭਾਵੇਂ ਆਪ ਨੇ ਕਥਾ ਵਿੱਚ ਵੀ ਕਸਰ ਨਹੀ ਸੀ ਛੱਡੀ, ਲੇਕਿਨ ਅਜੇ ਵੀ ਅੰਦਰੋਂ ਕਿਸੇ ਗਹਿਰੇ ਅਨੰਦ ਵਿੱਚ ਰਸਾ ਵੇਸ਼ ਹੋਏ ਬਖਸ਼ਿਸ਼ਾਂ ਦੀ ਝੜੀ ਲਾਈ ਜਾ ਰਹੇ ਹਨ। ਗੁਰਦੁਵਾਰੇ ਵੱਲ ਹੱਥ ਦਾ ਇਸ਼ਾਰਾ ਕਰਕੇ ਫੁਰਮਾ ਰਹੇ ਹਨ ਜਿਸ ਨੇ ਇਹ ਮੰਦਰ ਦੀ ਸੇਵਾ ਕੀਤੀ ਹੈ, ਅਗਰ ਨਿਸ਼ਕਾਮ ਹੋ ਕੇ ਕੀਤੀ, ਮੁਕਤ ਹੋ ਜਾਊ। ਅਗਰ ਕੋਈ ਸੰਸਾਰ ਦੀ ਇੱਛਾ ਰੱਖ ਲਈ ਤਾਂ ਉਹ ਪੂਰੀ ਹੋ ਜਾਊ। ਗੁਰਦੁਵਾਰਾ ਸਾਹਿਬ ਦੇ ਆਲੇ-ਦੁਆਲੇ ਦੀ ਜਗ੍ਹਾ ਵੱਲ ਵੀ ਕਿਸੇ ਬਹੁਤ ਗਹਿਰੇ ਭਾਵ ਨਾਲ ਇਉਂ ਤੱਕ ਰਹੇ ਹਨ, ਜਿਵੇਂ ਇਸ ਧਰਤੀ ਵਿੱਚ ਪਏ ਕਿਸੇ ਪੁਰਾਤਨ ਬੀਜ ਤੇ ਪਾਣੀ ਛਿੜਕ ਰਹੇ ਹੋਣ। ਖੈਰ, ਆਪ ਤਾਂ ਆਪਣੇ ਪਵਿੱਤਰ ਸੰਗ ਦਾ ਮੀਂਹ ਵਰਸਾ ਕੇ ਖੋਖ ਕੁਟੀਆ ਵਾਪਸ ਆ ਗਏ, ਪਰੰਤੂ ਉਥੇ ਚੱਲ ਰਹੇ, ਲੱਡੂ ਜਲੇਬੀ ਦੇ ਲੰਗਰ ਵਿੱਚ ਇਤਨੀ ਬਰਕਤ ਭਰ ਆਏ, ਕਿ ਪ੍ਰੇਮੀਆਂ ਦੇ ਨੇੜੇ-ਤੇੜੇ ਦੇ ਕਈ ਪਿੰਡਾਂ ਦੇ ਸਕੂਲਾਂ ਵਿੱਚ ਵਰਤਾਇਆ, ਲੇਕਿਨ ਫਿਰ ਵੀ ਇੱਕ ਟਰਾਲੀ ਲੱਡੂ ਜਲੇਬੀ ਦੀ ਬਚ ਗਈ, ਜੋ ਨਾਭੇ ਸ਼ਹਿਰ ਜਾ ਕੇ ਗਰੀਬ ਬਸਤੀਆਂ ਵਿੱਚ ਵਰਤਾਈ।

ਭਾਵੇਂ ਸਾਰਾ ਸਮਾਗਮ ਹਜ਼ੂਰ ਦੀ ਮਹਾਨ ਕ੍ਰਿਪਾ ਦੁਆਰਾ ਬਹੁਤ ਸੁੰਦਰ ਤਰੀਕੇ ਸੰਪੂਰਨ ਹੋ ਗਿਆ, ਲੇਕਿਨ ਫਿਰ ਵੀ ਪ੍ਰੇਮੀ ਕਿਸੇ ਗਹਿਰੀ ਚਿੰਤਾਂ ਵਿੱਚ ਡੁੱਬੇ ਸੋਚ ਰਹੇ ਹਨ, ਕਾ.....ਸ਼! ਇਹ ਸੇਵਾ ਨਿਸ਼ਕਾਮ ਹੋ ਕੇ ਕਰ ਲੈਂਦੇ।

## ਰੂਹਾਨੀ ਵੈਦ

ਸਮਾਂ ਸ਼ਾਇਦ 1980 ਦੇ ਕਰੀਬ ਸਰਦ ਰੁੱਤ ਦਾ ਚੱਲ ਰਿਹਾ ਹੈ। ਹਜ਼ੂਰ ਉੱਚੀ ਦੰਦ ਟਿੱਬੇ ਤੇ ਸੁਸ਼ੋਭਿਤ ਹੋਏ, ਮਾਨਸਿਕ ਰੋਗੀਆਂ ਨੂੰ ਰੂਹਾਨੀਅਤ ਦੇ ਜਾਮ ਪਿਲਾ ਕੇ ਆਤਮ ਮਸਤੀ ਨਾਲ ਖੀਵੇ ਬਣਾ ਰਹੇ ਹਨ ਅਤੇ ਸਰੀਰਕ ਰੋਗੀਆਂ ਨੂੰ ਸੁੰਦਰ ਦ੍ਰਿਸ਼ਟੀ ਦੀਆਂ ਉੱਤਮ ਔਸ਼ਧੀਆਂ ਪਿਲਾ ਕੇ ਰੋਗ ਰਹਿਤ ਕਰੀ ਜਾ ਰਹੇ ਹਨ, ਅਤੇ ਸੰਸਾਰ ਦੇ ਹੋਰ ਪਦਾਰਥਾਂ ਦੀ ਭੁੱਖ ਵਾਲਿਆਂ ਨੂੰ ਵੀ ਨਿਰਾਸ਼ੇ ਨਹੀਂ ਮੁੜਨ ਦਿੰਦੇ, ਗੱਲ ਕੀ **ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ** ਵਾਲੇ ਪ੍ਰਤੱਖ ਖੁੱਲ੍ਹੇ ਵਰਤਾਰੇ ਵਰਤ ਰਹੇ ਹਨ।

---

* *ਉਪਰੋਕਤ ਪੂਰੀ ਕਥਾ ਸਹਿਜ ਕਥਾ ਪੋਥੀ ਵਿੱਚ ਦਸਵੇਂ ਨੰਬਰ ਤੇ ਅੰਕਿਤ ਹੈ।*

ਇੱਕ ਦਿਨ ਇੱਕ ਪ੍ਰੇਮੀ ਵੇਦਾਂਤ ਦੀ ਇੱਕ ਪੁਸਤਕ *ਈਸ਼ਵਰ ਅਮੋਲਕ ਲਾਲ* ਲੈ ਕੇ ਆ ਗਿਆ। ਹਜ਼ੂਰ ਨੇ ਪੁੱਛਿਆ ਕੋਈ ਪੋਥੀ ਲੈ ਕੇ ਆਇਆ ਹੈਂ, ਪੜ੍ਹਣ ਵਾਸਤੇ? ਹਾਂ ਮਹਾਰਾਜ ਐਹ ਪੋਥੀ ਹੈ ਵੇਦਾਂਤ ਦੀ। ਹਜ਼ੂਰ ਬੋਲੇ ਪੜ੍ਹ! ਪ੍ਰੇਮੀ ਨੇ ਥੋੜ੍ਹੀ ਪੜ੍ਹੀ ਹੁਕਮ ਹੋਇਆ ਇਸ ਨੂੰ ਰੱਖ ਕੇ ਅੰਦਰੋਂ ਭਾਈ ਵੀਰ ਸਿੰਘ ਦੀ ਪੋਥੀ ਲੈ ਆ। ਪ੍ਰੇਮੀ ਨੇ ਹੁਕਮ ਮੰਨ ਕੇ ਭਾਈ ਵੀਰ ਸਿੰਘ ਜੀ ਪੋਥੀ ਪੜ੍ਹਣੀ ਸ਼ੁਰੂ ਕੀਤੀ, ਸ਼ਾਮ ਤੱਕ ਪੜ੍ਹਦੇ ਰਹੇ, ਇਤਨੇ ਨੂੰ ਲੰਗਰ ਤਿਆਰ ਹੋ ਗਿਆ। ਪੋਥੀ ਸਤਿਸੰਗ ਬੰਦ ਕਰਕੇ ਲੰਗਰ ਛਕਿਆ, ਉਪਰੰਤ ਇੱਕ ਤੰਬੂ ਲਗਾਇਆ ਹੋਇਆ ਸੀ, ਬਾਹਰੋਂ ਆਏ ਪ੍ਰੇਮੀ ਤਾਂ ਉਸ ਵਿੱਚ ਅਰਾਮ ਵੱਸ ਹੋ ਗਏ ਅਤੇ ਗੁਰਨਾਮ ਸਿੰਘ ਹਜ਼ੂਰ ਦੇ ਦਰਵਾਜ਼ੇ ਅੱਗੇ ਚਰਨਾਂ ਵਿੱਚ ਸੌਂ ਗਿਆ। ਜਦੋਂ ਰਾਤ ਦੇ ਗਿਆਰਾਂ ਕੁ ਵੱਜੇ ਤਾਂ ਗੁਰਨਾਮ ਸਿੰਘ ਨੇ ਤੰਬੂ ਵਿੱਚੋਂ ਇੱਕ ਪ੍ਰੇਮੀ ਨੂੰ ਉਠਾ ਕੇ ਕਿਹਾ, ਕਿ ਮਹਾਰਾਜ ਜੀ ਯਾਦ ਕਰਦੇ ਹਨ। ਪ੍ਰੇਮੀ ਨੇ ਉਠ ਕੇ ਹਜ਼ੂਰ ਦੇ ਪਵਿੱਤਰ ਚਰਨਾਂ ਵਿੱਚ ਨਮਸ਼ਕਾਰ ਕੀਤੀ, ਅੱਗੋਂ ਇਲਾਹੀ ਹੁਕਮ ਹੋਇਆ ਕਿ ਉਹੀ ਕੱਲ੍ਹ ਵਾਲੀ ਵੇਦਾਂਤ ਦੀ ਪੋਥੀ ਲੈ ਕੇ ਆਉ! ਗੁਰਨਾਮ ਸਿੰਘ ਨੂੰ ਹੁਕਮ ਕਰ ਦਿੱਤਾ, ਕਿ ਤੰਬੂ ਵਿੱਚ ਜਾ ਕੇ ਅਰਾਮ ਕਰ ਲਉ, ਸਵੇਰੇ ਉੱਠ ਕੇ ਸੁਖਮਨੀ ਸਾਹਿਬ ਦਾ ਪਾਠ ਕਰ ਲੈਣਾ। ਗੁਰਨਾਮ ਸਿੰਘ ਹੁਕਮ ਮੰਨ ਕੇ ਤੰਬੂ ਵਿੱਚ ਚਲਿਆ ਗਿਆ। ਹਜ਼ੂਰ ਰਜਾਈ ਲਪੇਟ ਕੇ ਮੰਜੇ ਤੇ ਸਜ ਗਏ, ਪ੍ਰੇਮੀ ਨੂੰ ਹੁਕਮ ਕੀਤਾ, ਕਿ ਇਹ ਪੋਥੀ ਆਮ ਲੋਕਾਂ ਦੇ ਸਾਹਮਣੇ ਪੜ੍ਹਣ ਵਾਲੀ ਨਹੀਂ, ਹੁਣ ਸ਼ੁਰੂ ਕਰ। ਪ੍ਰੇਮੀ ਨੇ ਹੁਕਮ ਮੰਨ ਕੇ ਪੜ੍ਹਣੀ ਸ਼ੁਰੂ ਕੀਤੀ ਲੇਕਿਨ ਇਉਂ ਲੱਗ ਰਿਹਾ ਹੈ, ਜਿਵੇਂ ਵੇਦਾਂਤ ਦਾ ਬਹੁਤ ਜਾਣੂ ਨਹੀਂ। ਉਧਰ ਹਜ਼ੂਰ ਇੱਕ-ਇੱਕ ਸ਼ਬਦ ਨੂੰ ਇਉਂ ਸਮਝਾ ਰਹੇ ਹਨ, ਮਾਨੋਂ ਗਿਆਨ ਰੂਪੀ ਔਸ਼ਧੀ ਦੀਆਂ ਪੁੜੀਆਂ ਪ੍ਰੇਮ ਦੇ ਜਲ ਵਿੱਚ ਘੋਲ-ਘੋਲ ਕੇ ਪ੍ਰੇਮੀ ਦੇ ਅੰਦਰ ਸੁਟੀਂ ਜਾ ਰਹੇ ਹਨ। ਇਸੇ ਅਨੰਦ ਵਿੱਚ ਕੋਈ ਪੰਜ, ਸਾਢੇ ਪੰਜ ਘੰਟੇ ਦਾ ਸਮਾਂ ਬੀਤ ਗਿਆ। ਇਤਨੇ ਨੂੰ ਸਰਪੰਚ ਨਰੰਗ ਸਿੰਘ ਨਾਮ ਦਾ ਇੱਕ ਪ੍ਰੇਮੀ ਪਿੰਡ *ਦਲਣਵਾਲ* ਤੋਂ ਗਰਮ-ਗਰਮ ਚਾਹ ਥਰਮੋਸ ਵਿੱਚ ਪਾ ਕੇ ਟਿੱਬੇ ਤੇ ਹਜ਼ੂਰ ਦੇ ਚਰਨਾਂ ਵਿੱਚ ਪਹੁੰਚ ਗਿਆ। ਸਰਦੀ ਇਤਨੀ ਜ਼ੋਰਦਾਰ ਪੈ ਰਹੀ ਹੈ, ਕਿ ਸੰਸਾਰੀ ਲੋਕ ਰਜਾਈਆਂ ਓੜ੍ਹੀਂ ਘੁਰਾੜੇ ਮਾਰ ਰਹੇ ਹਨ, ਅਗਰ ਕਿਸੇ ਦੀ ਕਿਸੇ ਸਬੱਬ ਨਾਲ ਅੱਖ ਖੁੱਲ੍ਹ ਵੀ ਗਈ, ਤਾਂ ਰਜ਼ਾਈ ਵਿੱਚੋਂ ਹੱਥ ਬਾਹਰ ਕੱਢਣ ਨੂੰ ਮਨ ਨਹੀਂ ਕਰਦਾ ਅਤੇ ਰਾਤ ਵੀ ਪੂਰੀ ਪਹਿਰ ਦੀ ਕਰੀਬ ਰਹਿੰਦੀ ਹੈ। ਪਰ ਇਹ ਪ੍ਰੇਮੀ ਕਿਸੇ ਦੈਵੀ ਪ੍ਰੇਰਨਾ ਦਾ ਪ੍ਰੇਰਿਆ, ਜਾਂ ਸ਼ਰਦਾਂ ਵਿਸ਼ਵਾਸ ਅਤੇ ਪ੍ਰੇਮ ਦਾ ਖਿੱਚਿਆ, ਆਪਣੀ ਨੀਂਦ ਦਾ ਸੁੱਖ ਤਿਆਗ ਕੇ ਬਰਫ ਦੇ ਸਮਾਨ ਗਿਰ ਰਹੀ ਸਰਦੀ ਦਾ ਕਸ਼ਟ ਸਹਾਰਦਾ ਹੋਇਆ, ਕੋਈ ਢਾਈ ਤਿੰਨ ਕਿਲੋਮੀਟਰ ਦਾ ਸਫਰ ਸਾਈਕਲ ਤੇ ਤੈਹਿ ਕਰਕੇ ਆ ਪਹੁੰਚਿਆ ਸੁੱਖਾਂ ਦੇ ਦਾਤੇ ਦੇ ਚਰਨਾਂ ਵਿੱਚ। ਹਜ਼ੂਰ ਨੇ ਪੁੱਛਿਆ, ਇਹ ਕੀ ਲੈ ਕੇ ਆਇਆ ਹੈਂ ਭਾਈ? ਮਹਾਰਾਜ! ਚਾਹ ਹੈ। ਹੁਕਮ ਹੋਇਆ ਰੱਖ ਬਈ ਪੋਥੀ, ਚਾਹ ਛਕੀਏ! ਨਰੰਗ ਸਿੰਘ ਨੇ ਚਾਹ ਗਲਾਸਾਂ ਵਿੱਚ ਪਾ ਕੇ ਦਿੱਤੀ, ਹਜ਼ੂਰ ਨੇ ਚਾਹ ਪੀਦਿਆਂ-ਪੀਦਿਆਂ ਹੀ ਨਰੰਗ ਸਿੰਘ ਨੂੰ ਪੁੱਛਿਆ, ਓ ਭਾਈ! ਤੇਰੇ ਘਰ ਵਾਲੀ ਹੁਣ ਕਿਵੇਂ ਹੈ? ਮਹਾਰਾਜ ਹੁਣ ਤਾਂ ਬਹੁਤ ਹੀ ਕੰਮ ਵੱਧ ਚੁੱਕਿਆ ਹੈ ਉਸਦਾ, ਪਹਿਲਾਂ ਤਾਂ ਉਹ ਜ਼ਿਆਦਾ ਬੋਲਦੀ ਹੀ ਸੀ, ਪਰੰਤੂ ਹੁਣ ਤਾਂ ਕੱਪੜੇ ਪਾੜ ਕੇ ਘਰੋਂ ਬਾਹਰ ਨੂੰ ਭੱਜ ਜਾਂਦੀ ਹੈ, ਇਸ ਲਈ ਹੁਣ ਤਾਂ ਕਮਰੇ ਦੇ ਅੰਦਰ ਹੀ ਬੰਦ ਕਰਕੇ ਰੱਖਦੇ ਹਾਂ। ਹਜ਼ੂਰ ਬੋਲੇ, ਔਹ ਤੰਬੂ ਵਿੱਚ ਇੱਕ ਵੈਦ ਪਿਆ ਹੈ, ਕੰਵਲ ਕਲਸੀ, ਉਹ ਵੈਦਕ ਚੰਗੀ ਜਾਣਦਾ ਹੈ, ਉਸਨੂੰ ਬੁਲਾਉ! ਨਰੰਗ ਸਿੰਘ ਵੈਦ ਨੂੰ ਬੁਲਾ ਲਿਆਇਆ, ਹਜ਼ੂਰ ਨੇ ਹੁਕਮ ਕੀਤਾ, ਕੰਵਲ! ਦਿਨ ਚੜ੍ਹੇ ਨਰੰਗ ਸਿੰਘ ਦੇ ਨਾਲ ਜਾਈਂ ਇਹਦੇ ਘਰ! ਇਹਦੇ ਘਰ ਵਾਲੀ ਬੀਬੀ ਨੂੰ ਦਿਮਾਗੀ ਰੋਗ ਹੈ, ਉਸ ਨੂੰ ਦੇਖ ਕੇ ਕੋਈ ਦਵਾਈ ਦੇਈਂ ਰੂਹਾਨੀ ਵੈਦ ਨੇ ਸੰਸਾਰਕ ਵੈਦ ਨੂੰ ਹੁਕਮ ਕੀ ਕੀਤਾ ਮਾਨੋਂ ਰੋਗ ਨੂੰ ਬੋਰੀਆ ਬਿਸਤਰਾ ਬੰਨਣ ਦੇ ਆਰਡਰ ਕਰ ਦਿੱਤੇ, ਬਾਕੀ ਤਾਂ ਹੁਣ ਫਾਰਮੈਲਟੀ ਸੀ, ਉਹ ਕੰਵਲ ਨੇ ਪੂਰੀ ਕਰ ਦਿੱਤੀ। ਮਾਈ ਬਿਲਕੁੱਲ ਠੀਕ ਹੋ ਕੇ ਹੁਣ ਤੱਕ ਸੁਖ ਦੀ ਜ਼ਿੰਦਗੀ ਬਤੀਤ ਕਰ ਰਹੀ ਹੈ। ਇਤਨੇ ਨੂੰ ਥੋੜ੍ਹੀ ਦੇਰ ਬਾਅਦ ਦਿਨ ਚੜ੍ਹ ਆਇਆ, ਹੁਕਮ ਹੋਇਆ ਚਲ੍ਹ ਬਈ! ਹੁਣ ਸੂਰਜ ਉਦੇ ਹੋਣ ਵਾਲਾ ਹੈ, ਚੜ੍ਹਦੀ ਧੁੱਪ ਵਿੱਚ ਬੈਠਾਂਗੇ। ਹੁਕਮ ਦੀ ਤਾਮੀਲ ਕਰਦਿਆਂ ਪ੍ਰੇਮੀਆਂ ਨੇ ਬਾਹਰ ਮੰਜਾਂ ਡਾਹ ਕੇ ਬਿਸਤਰਾ ਵਗੈਰਾ ਵਿਛਾ ਦਿੱਤਾ। ਹਜ਼ੂਰ ਉਸ ਉਪਰ ਆ ਕੇ ਸਜ ਗਏ। ਇਤਨੇ ਨੂੰ ਇੱਕ ਕੋਈ ਪ੍ਰੇਮੀ ਜੋ ਦੇਖਣ ਤੋਂ ਪ੍ਰਤੀਤ ਦੇ ਰਿਹਾ ਹੈ ਜਿਵੇਂ ਬਹੁਤ ਗਰੀਬ ਹੈ, ਅਤੇ ਆਇਆ ਵੀ ਸ਼ਾਇਦ ਪਹਿਲੀ ਵਾਰੀ ਹੈ, ਕਿਉਂਕਿ

ਅੱਜ ਤੋਂ ਪਹਿਲਾਂ ਕਦੇ ਨਹੀਂ ਦੇਖਿਆ, ਦੋਨੋਂ ਹੱਥ ਜੋੜ ਕੇ ਹਜ਼ੂਰ ਦੇ ਸਨਮੁਖ ਖੜ੍ਹ ਗਿਆ, ਲੇਕਿਨ ਬੋਲ ਕੁਝ ਨਹੀਂ ਰਿਹਾ। ਅਰਸ਼ੀ ਦਾਤਾ ਰਹਿਮਤ ਦੇ ਘਰ ਆਇਆ, ਹੁਕਮ ਕੀਤਾ ਕੀ ਗੱਲ ਹੈ ਭਾਈ? ਉਹ ਪ੍ਰੇਮੀ ਥਥਲਾਂਦੀ ਜ਼ੁਬਾਨ ਨਾਲ ਝਿਜਕਦਾ ਜਿਹਾ ਬੋਲਿਆ, ਮਹਾਰਾਜ! ਘਰ ਵਾਲੇ ਕਈ ਦਿਨ ਤੋਂ ਕਹੀ ਜਾਂਦੇ ਹਨ ਪਰ ਮੇਰਾ ਮਨ ਕੁਝ ਝਿਜਕੀ ਜਾ ਰਿਹਾ ਸੀ, ਆਖਰ ਅੱਜ ਮੈਂ ਹਜ਼ੂਰ ਦੇ ਚਰਨਾਂ ਵਿੱਚ ਆ ਹੀ ਗਿਆ। ਮਹਾਰਾਜ! ਮੇਰੇ ਕੋਈ ਔਲਾਦ ਨਹੀਂ ਹੈ, ਆਪ ਦੀ ਮਿਹਰ ਹੋ ਜਾਵੇ, ਮੈਂ ਵੀ ਭਾਈਚਾਰੇ ਵਿੱਚ ਰਲ ਜਾਵਾਂ, ਕਰ ਦਿਉ ਮਿਹਰ, ਮਾਰ ਦਿਉ ਕੋਈ ਰੇਖ ਵਿੱਚ ਮੇਖ! ਅਰਸ਼ੀ ਪ੍ਰੀਤਮ ਤਾਂ ਰਾਤ ਗਿਆਰਾਂ ਵਜੇ ਤੋਂ ਹੀ ਮਿਹਰਾਂ ਦੀ ਮੀਂਹ ਵਰਸਾ ਰਿਹਾ ਹੈ, ਇਹ ਗਰੀਬ ਲੰਗਰ ਦੇ ਦੁਆਰੇ ਤੋਂ ਆਇਆ ਭੁੱਖਾ ਪਿਆਸ ਕਿਉਂ ਮੁੜ ਜਾਵੇ? ਇਲਾਹੀ ਨਾਦ ਦੀ ਉੱਚੀ ਗਰਜਣਾ ਹੋਈ, ਦਲੀਪ! ਐਥੋਂ ਕੋਈ ਫਲ ਲਿਆ, ਦਲੀਪ ਸਿੰਘ ਦੌੜ ਕੇ ਲੰਗਰ ਵਿੱਚੋਂ ਦੋ ਸੇਬ ਲੈ ਆਇਆ। ਹਜ਼ੂਰ ਨੇ ਦੋਨੋਂ ਸੇਬ ਉਸ ਆਜਿਜ਼ ਪ੍ਰੇਮੀ ਦੇ ਪੱਲੇ ਵਿੱਚ ਪਾ ਦਿੱਤੇ। ਦਲੀਪ ਸਿੰਘ ਅਨੁਸਾਰ ਸਮਾਂ ਪਾ ਕੇ ਉਸ ਦੇ ਘਰ ਦੋ ਪੁੱਤਰ ਪੈਦਾ ਹੋਏ। ਅਜਿਹੇ ਬੇਅੰਤ ਅਗੰਮੀ ਵਰਤਾਰੇ ਕਾਫੀ ਦਿਨ ਟਿੱਬੇ ਤੇ ਬੈਠ ਕੇ ਵਰਤਾਉਂਦੇ ਰਹੇ। ਹੁਣ ਕਰਤਾਰ ਦੇ ਇਲਾਹੀ ਹੁਕਮ ਵਿੱਚ ਕਿਸੇ ਹੋਰ ਟਿਕਾਣੇ ਨੂੰ ਚਾਲੇ ਪਾ ਦਿੱਤੇ।

## ਸੰਤ ਕ੍ਰਿਸ਼ਨ ਜੀ ਨੂੰ ਪਥਰੀ ਰੋਗ

ਉਪਰੋਕਤ ਅਗੰਮੀ ਵਰਤਾਰੇ ਭਾਵੇਂ ਵਰਤਦੇ ਰੋਜ਼ ਹੀ ਸਨ, ਲੇਕਿਨ ਕਿਸੇ-ਕਿਸੇ ਸਮੇਂ ਤਾਂ ਮਨੁੱਖੀ ਨਾਟ ਵਿੱਚ ਵਿਸ਼ੇਸ਼ ਹੀ ਲੀਲ੍ਹਾ ਵਰਤ ਜਾਂਦੀ ਸੀ। ਇੱਕ ਸਮੇਂ ਦਾ ਜ਼ਿਕਰ ਹੈ ਆਪ ਨਿਰਮਲ ਬਾਗ ਕਨਖਲ ਠਹਿਰੇ ਹੋਏ ਸਨ। ਅਨੇਕਾਂ ਸੰਗਤਾਂ ਪੰਜਾਬ, ਹਰਿਆਣੇ ਤੋਂ ਦਰਸ਼ਨਾਂ ਹਿੱਤ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ, ਅਤੇ ਆਪੋ ਆਪਣੀ ਸ਼ਰਧਾ ਮੁਤਾਬਿਕ ਫਲ ਵੀ ਪ੍ਰਾਪਤ ਕਰ ਰਹੀਆਂ ਹਨ।

ਅੱਜ ਆਪ ਖੂਹ ਦੀ ਛੱਤ ਉੱਪਰ ਬਿਰਾਜਮਾਨ ਹਨ, ਅਚਾਨਕ ਸੇਵਾਦਾਰ ਨੂੰ ਪੁੱਛਿਆ, ਸੰਤ ਕ੍ਰਿਸ਼ਨ ਜੀ ਕਿੱਥੇ ਹਨ? ਮਹਾਰਾਜ ਉਨ੍ਹਾਂ ਦੇ ਪੇਟ ਵਿੱਚ ਰਾਤ ਦਾ ਦਰਦ ਹੋਈ ਜਾ ਰਿਹਾ ਹੈ, ਲੇਕਿਨ ਅੱਜ ਸਵੇਰੇ ਕੁੱਝ ਜ਼ਿਆਦਾ ਹੀ ਵੱਧ ਗਿਆ ਸੀ ਇਸ ਲਈ ਉਨ੍ਹਾਂ ਨੂੰ ਡਾਕਟਰ ਕੋਲ ਲੈ ਕੇ ਗਏ ਹਨ। ਸ਼ਾਮ ਨੂੰ ਚਾਰ ਕੁ ਵਜੇ ਹਜ਼ੂਰ ਛੱਤ ਉੱਪਰ ਹੀ ਮੰਜੇ ਤੇ ਬਿਰਾਜਮਾਨ ਹਨ, ਇਤਨੇ ਨੂੰ ਸੰਤ ਕ੍ਰਿਸ਼ਨ ਜੀ ਨੇ ਆ ਕੇ ਹਜ਼ੂਰ ਦੇ ਚਰਨਾਂ ਤੇ ਨਮਸ਼ਕਾਰ ਕੀਤੀ। ਮਹਾਰਾਜ ਨੇ ਪੁੱਛਿਆ, ਕ੍ਰਿਸ਼ਨ ਜੀ ਕੀ ਗੱਲ ਹੋ ਗਈ? ਮਹਾਰਾਜ! ਪੇਟ ਵਿੱਚ ਦਰਦ ਹੋਈ ਜਾਂਦਾ ਹੈ ਕੁੱਝ ਦਿਨਾਂ ਤੋਂ, ਲੇਕਿਨ ਰਾਤ ਦਾ ਕੁੱਝ ਜ਼ਿਆਦਾ ਹੀ ਹੋਈ ਜਾ ਰਿਹਾ ਹੈ, ਡਾਕਟਰ ਦੇ ਕੋਲ ਗਏ ਸੀ ਉਸ ਨੇ ਚੈਕ ਕਰਕੇ ਦਸਿਆ ਹੈ ਕਿ ਪੇਟ ਵਿੱਚ ਪਥਰੀ ਹੈ, ਅਪ੍ਰੇਸ਼ਨ ਕਰਨਾ ਪਵੇਗਾ। ਹਜ਼ੂਰ ਨੇ ਪੁੱਛਿਆ, ਡਾਕਟਰ ਨੂੰ ਕਿਵੇਂ ਪਤਾ ਹੈ ਕਿ ਪੇਟ ਵਿੱਚ ਪਥਰੀ ਹੈ? ਮਹਾਰਾਜ! ਉਸ ਨੇ ਐਕਸ-ਰੇ ਕਰਕੇ ਦੇਖਿਆ ਹੈ। ਕ੍ਰਿਸ਼ਨ ਜੀ ਦੀ ਦੀਨਤਾ ਪੂਰਵਕ ਬੇਨਤੀ ਸੁਣ ਕੇ ਹਜ਼ੂਰ ਕਰੁਣਾ ਦੇ ਘਰ ਆਏ, ਚਿਹਰੇ ਤੇ ਗੰਭੀਰਤਾ ਛਾ ਗਈ, ਗਹੁ ਨਾਲ ਤੱਕਿਆ ਇਉਂ ਪ੍ਰਤੀਤ ਦੇ ਰਹੇ ਹਨ, ਜਿਵੇਂ ਸੰਤ ਕ੍ਰਿਸ਼ਨ ਜੀ ਦੀ ਸਰੀਰਕ ਹਾਲਤ ਤੇ ਤਰਸ ਕਰਕੇ ਇਉਂ ਕਹਿ ਰਹੇ ਹੋਣ ਕਿ ਇਹ ਵਿਚਾਰਾ ਨੇਤਰਾਂ ਕਰਕੇ ਪਹਿਲਾਂ ਹੀ ਮੁਥਾਜ ਹੈ, ਹੁਣ ਬੁਢਾਪੇ ਵਿੱਚ ਅਪ੍ਰੇਸ਼ਨਾਂ ਦਾ ਕਸ਼ਟ ਸਹਾਰਨਾ ਪਵੇਗਾ, ਤੇ ਕੌਣ ਇਸ ਦੀ ਸੇਵਾ ਕਰੇਗਾ? ਬਸ ਆਪਣੀ ਮੌਜ ਵਿੱਚ ਮੰਜੇ ਤੋਂ ਉਠੇ ਇੱਕ ਹੱਥ ਵਿੱਚ ਚਿੱਪੀ ਤੇ ਦੂਜੇ ਵਿੱਚ ਖੂੰਡਾ ਫੜ ਸੰਤ ਕ੍ਰਿਸ਼ਨ ਜੀ ਨੂੰ ਨਾਲ ਲੈ ਕੇ ਹੇਠਾਂ ਉਤਰ ਆਏ। ਫਿਰ ਸਹਿਜੇ-ਸਹਿਜੇ ਚਲਦੇ ਬਾਹਰ ਗੰਗਾ ਨਹਿਰ ਤੇ ਪਹੁੰਚ ਕੇ ਨਹਿਰ ਵਿੱਚੋਂ ਚਿੱਪੀ ਗੰਗਾ ਜਲ ਨਾਲ ਭਰ ਲਈ, ਉਸ ਵਿੱਚੋਂ ਥੋੜ੍ਹਾ ਜਲ ਆਪ ਪੀ ਕੇ ਕ੍ਰਿਸ਼ਨ ਜੀ ਨੂੰ ਹੁਕਮ ਕੀਤਾ, ਲੈ ਪਾਣੀ ਪੀ! ਸੰਤ ਕ੍ਰਿਸ਼ਨ ਜੀ ਨੇ ਆਪਣੇ ਮੂੰਹ ਨੂੰ ਹੱਥ ਲਾ ਲਿਆ, ਉਪਰੋਂ ਹਜ਼ੂਰ ਨੇ ਚਿੱਪੀ ਵਿੱਚੋਂ ਜਲ ਪਾਇਆ, ਜਲ ਕੀ ਪਾਇਆ, ਮਾਨੋਂ ਬਗੈਰ ਕਿਸੇ ਚੀਰ ਫਾੜ ਤੋਂ ਦੂਰਬੀਨ ਅਪ੍ਰੇਸ਼ਨ ਕਰ ਦਿੱਤਾ। ਪਾਣੀ ਪੀਣ ਤੋਂ ਬਾਅਦ ਕ੍ਰਿਸ਼ਨ ਜੀ ਨੂੰ ਪੁੱਛਿਆ ਹੱਥ ਲਾ ਕੇ ਦੱਸ ਪਥਰੀ ਕਿੱਥੇ ਕੁ ਹੈ? ਮਹਾਰਾਜ ਹੁਣ ਕਿਤੇ ਨਜ਼ਰ ਨਹੀਂ ਆ ਰਹੀ। ਚੰਗਾ ਗਾ ਹਰੀ ਦੇ ਗੁਣ। ਉਸ ਤੋਂ ਬਾਅਦ ਸੰਤ ਕ੍ਰਿਸ਼ਨ ਜੀ ਕਈ ਸਾਲ ਜੀਵੇ ਲੇਕਿਨ ਉਹ ਦਰਦ ਮੁੜ ਕੇ ਨਹੀਂ ਹੋਇਆ।

## ਯਾਤਰਾ

1980 ਦੇ ਜੂਨ ਮਹੀਨੇ ਦਾ ਜ਼ਿਕਰ ਹੈ ਜਦੋਂ ਹਜ਼ੂਰ ਵਿਰੱਕਤ ਮਹਾਰਾਜ ਜੀ ਗੁਰਾਇਆਂ ਕੁਟੀਆ ਰੁੱਕੇ ਹੋਏ ਸਨ। ਸੰਤ ਗੋਪਾਲ ਸਿੰਘ ਜੀ ਦੀ ਬਰਸੀ ਬਾਈ ਹਾੜ ਨੂੰ ਮਨਾਈ ਜਾ ਚੁੱਕੀ ਹੈ, ਲੇਕਿਨ ਪ੍ਰੇਮੀ ਸੰਗਤਾਂ ਵੱਲੋਂ ਅਖੰਡ ਪਾਠ ਲੜੀਵਾਰ ਅਜੇ ਵੀ ਕੁਟੀਆ ਹੋਈ ਜਾ ਰਹੇ ਹਨ। ਲੰਗਰ ਗੁਰੂ ਕੇ ਬੇਪ੍ਰਵਾਹ ਚੱਲ ਰਹੇ ਹਨ।

ਅੱਜ ਕਰਨਾਲ ਤੋਂ ਭਗਤ ਲੱਭਾ ਮੱਲ ਜੀ ਕਾਫੀ ਸੰਗਤਾਂ ਨੂੰ ਨਾਲ ਲੈ ਕੇ ਆ ਪਹੁੰਚੇ ਦਰਸ਼ਨਾਂ ਵਾਸਤੇ ਗੁਰਾਇਆ। ਇੱਕ ਪੀਪਾ ਬੜੀ ਸੁੰਦਰ ਪੰਜੀਰੀ ਦਾ ਬਣਾ ਕੇ ਵਿੱਚ ਕਾਫੀ ਮਾਤਰਾ ਵਿੱਚ ਬਦਾਮ ਕਾਜੂ ਅਤੇ ਦਾਖਾਂ ਵਗੈਰਾ ਪਾਈਆਂ ਹਨ, ਹਜ਼ੂਰ ਦੇ ਚਰਨਾਂ ਵਿੱਚ ਲਿਆ ਭੇਟਾ ਕੀਤਾ। ਅੱਗੋਂ ਹਜ਼ੂਰ ਨੇ ਹੁਕਮ ਕੀਤਾ, ਇਸ ਨੂੰ ਗੱਡੀ ਵਿੱਚ ਹੀ ਰੱਖ ਲੈ। ਸ਼ਾਮ ਨੂੰ ਸੂਰੀ ਨੂੰ ਬੋਲੇ, ਕਿ ਕੱਲ੍ਹ ਨੂੰ ਗੁਰੂ ਚਰਨਾਂ ਦੀ ਧੂੜੀ ਮਸਤਕ ਨੂੰ ਲਾਉਣੀ ਹੈ ਇਸ ਲਈ ਸਵੇਰੇ ਪੰਜ ਵਜੇ ਨੂੰ ਤਿਆਰੀ ਕਰ ਲੈਣੀ। ਸੂਰੀ ਨੇ ਅਰਜ਼ ਕੀਤੀ, ਮਹਾਰਾਜ, ਹੁਕਮ ਹੋਵੇ ਤਾਂ ਲੰਗਰ ਵੀ ਤਿਆਰ ਕਰਕੇ ਨਾਲ ਲੈ ਚਲੀਏ? ਆਗਿਆ ਹੋਈ ਕਿ ਦਾਲ ਸਬਜ਼ੀ ਕੋਈ ਨਹੀਂ ਬਣਾਉਣੀ, ਸਿਰਫ ਸਾਦੇ ਪ੍ਰਸ਼ਾਦੇ ਬਣਾਉਣੇ ਹਨ, ਨਾਲ ਗੰਢੇ ਬੰਨ ਲੈਣੇ। ਕਰਨਾਲ ਵਾਲਿਆਂ! ਸਮੇਤ ਯਾਤਰਾ ਤੇ ਜਾਣ ਲਈ ਕੋਈ ਪੰਦਰਾਂ ਕੁ ਗੱਡੀਆਂ ਹੋ ਗਈਆਂ, ਸਵੇਰੇ ਪੰਜ ਕੁ ਵਜੇ ਗੁਰਾਇਆਂ ਕੁਟੀਆਂ ਤੋਂ ਅਰਦਾਸ ਕਰਕੇ ਚਾਲੇ ਪਾ ਦਿੱਤੇ। ਸਹਿਜੇ-ਸਹਿਜੇ ਅੱਠ ਸਾਢੇ-ਕੁ ਅੱਠ ਵਜਦੇ ਨੂੰ ਜਾ ਪਹੁੰਚੇ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨਾਂ ਵਿੱਚ, ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ। ਦਲੀਪ ਸਿੰਘ ਦੌਂਦ ਦੀ ਡਿਊਟੀ ਲਗਾਈ, ਕਿ ਜਿਸ ਵੀ ਗੁਰ ਅਸਥਾਨ ਤੇ ਜਾਈਏ, ਇੱਕ ਸੌ ਇੱਕ ਰੁਪਏ ਦਾ ਕੜਾਹ ਪ੍ਰਸ਼ਾਦ ਹਰ ਅਸਥਾਨ ਤੇ ਕਰਾਉਣਾ। ਸ੍ਰੀ ਅੰਮ੍ਰਿਤਸਰ ਪਹੁੰਚ ਕੇ ਪਾਵਨ ਸਰੋਵਰ ਦੇ ਅੰਮ੍ਰਿਤ ਜਲ ਵਿੱਚ ਹਜ਼ੂਰ ਨੇ ਕੇਸ਼ੀ ਇਸ਼ਨਾਨ ਕੀਤਾ, ਕੋਈ ਸੱਤਰ-ਅੱਸੀ ਦੇ ਕਰੀਬ ਨਾਲ ਸੰਗਤਾਂ ਸਨ, ਉਨ੍ਹਾਂ ਵਿੱਚੋਂ ਵੀ ਬਹੁਤਿਆਂ ਨੇ ਐਸਾ ਹੀ ਕੀਤਾ। ਹਰਿਮੰਦਰ ਸਾਹਿਬ ਨਮਸ਼ਕਾਰ ਕਰਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਅਤੇ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੀ ਪਾਵਨ ਚਰਨ ਧੂੜੀ ਮਸਤਕ ਨੂੰ ਲਾਈ, ਹਜ਼ੂਰੀ ਵਿੱਚ ਬੈਠ ਕੇ ਕੁੱਝ ਦੇਰ ਇਲਾਹੀ ਬਾਣੀ ਦਾ ਕੀਰਤਨ ਰਸ ਚਖਿਆ, ਉਪਰੰਤ ਛੇਹਰਟਾ ਸਾਹਿਬ ਨੂੰ ਚਾਲੇ ਪਾ ਦਿੱਤੇ। ਉੱਥੇ ਜਾ ਕੇ ਸਾਰੀ ਸੰਗਤ ਨੂੰ ਬਿਠਾ ਕੇ ਛੇਹਰਟਾ ਸਾਹਿਬ ਦਾ ਇਤਿਹਾਸ ਹਜ਼ੂਰ ਨੇ ਆਪ ਸੁਣਾਇਆ, ਉਪਰੰਤ ਹੁਕਮ ਕੀਤਾ, ਕਿ ਸਰੀ ਗੁਰੂ ਹਰਗੋਬਿੰਦ ਮਹਾਰਾਜ ਜੀ ਦੇ ਪਾਵਨ ਅਸਥਾਨ ਦਾ ਜਲ, ਪ੍ਰਸ਼ਾਦ ਵਜੋਂ ਸਾਡੀ ਚਿੱਪੀ ਨਾਲ ਸਾਰੀ ਸੰਗਤ ਨੂੰ ਛਕਾ ਦਿਉ। ਦੇਖੋ! ਹੁਣ ਅਰਸ਼ੀ ਪ੍ਰੀਤਮ ਇਸ ਬਹਾਨੇ ਕੀ ਕੌਤਕ ਵਰਤਾ ਰਿਹਾ ਹੈ, ਜਲ ਤਾਂ ਗੁਰੂ ਦੀ ਬਖਸ਼ਿਸ਼ ਨਾਲ ਪਹਿਲਾਂ ਹੀ ਪਵਿੱਤਰ ਸੀ, ਲੇਕਿਨ ਇਸ ਵਿੱਚ ਦੋ ਰੰਗ ਹੋਰ ਭਰ ਰਿਹਾ ਹੈ। ਕੀ ਹਨ ਉਹ ਦੋ ਰੰਗ? ਚਿੱਪੀ ਇਲਾਹੀ ਪ੍ਰੀਤਮ ਦੀ ਤੇ ਵਰਤਾਉਣ ਵਾਲਾ ਉਨ੍ਹਾਂ ਦਾ ਆਤਮ ਸ਼ਹਿਜ਼ਾਦਾ *ਰਾਮ ਜੀ*। ਸਭ ਨੂੰ ਤ੍ਰਿਪਤ ਕਰਕੇ ਹੁਣ ਅੱਗੇ ਨੂੰ ਚਾਲੇ ਪਾ ਦਿੱਤੇ। ਸ਼ਨੇ-ਸ਼ਨੇ ਸਫਰ ਕਰਦੇ-ਕਰਦੇ ਸੰਨ੍ਹ ਸਾਹਿਬ ਦੇ ਦੀਦਾਰ ਕਰਦੇ ਹੋਏ, ਜਾ ਪਹੁੰਚੇ ਉਸ ਟਿਕਾਣੇ, ਜਿੱਤੇ ਕਦੇ ਮਾਤਾ ਗੰਗਾ ਨੂੰ ਬਖਸ਼ਿਸ਼ ਕੀਤੀ ਸੀ, ਬੰਦੀਛੋੜ ਦਾਤੇ ਦੀ, ਗੁਰੂ ਨਾਨਕ ਦੇ ਬਖਸ਼ੇ ਪੁਰਸ਼ ਬਾਬੇ ਬੁੱਢੇ ਦੀ ਬੀੜ। ਉੱਥੇ ਫਿਰ ਸਰੋਵਰ ਵਿੱਚ ਇਸ਼ਨਾਨ ਕਰਕੇ ਸਭ ਨੂੰ ਹੁਕਮ ਕੀਤਾ, ਕਿ ਸਭ ਸੰਗਤਾਂ ਬੈਠੋ ਕੁੱਝ ਦੇਰ ਬਾਬੇ ਬੁੱਢੇ ਦੇ ਚਰਨਾਂ ਵਿੱਚ। ਕਿਉਂਕਿ ਜਿਸ ਅਸਥਾਨ ਤੇ ਜਾਉ, ਉੱਥੇ ਬੈਠ ਕੇ ਹਾਜ਼ਰੀ ਲਵਾਇਆ ਕਰੋ, ਬਿਨ੍ਹਾਂ ਬੈਠੇ ਹਾਜ਼ਰੀ ਨਹੀਂ ਲਗਿਆ ਕਰਦੀ, ਭਾਵੇਂ ਥੋੜ੍ਹੀ ਦੇਰ ਬੈਠੋ, ਪਰ ਬੈਠੋ ਜ਼ਰੂਰ। ਫਿਰ ਉੱਥੋਂ ਚਾਲੇ ਪਾ ਕੇ ਤਰਨਤਾਰਨ ਜਾ ਪਹੁੰਚੇ। ਅੱਗੇ ਕਾਰ ਸੇਵਾ ਚੱਲ ਰਹੀ ਸੀ, ਸਭ ਨੂੰ ਹੁਕਮ ਕੀਤਾ, ਕਿ ਪੰਜ-ਪੰਜ ਟੋਕਰੀਆਂ ਸਿਰ ਤੇ ਉਠਾ ਕੇ ਮਿੱਟੀ ਦੀਆਂ ਸਭ ਸੁੱਟੋ। ਤਰਨਤਾਰਨ ਸਾਹਿਬ ਥੋੜ੍ਹਾ ਸੇਵਾ ਵਿੱਚ ਹਿੱਸਾ ਪਾ ਕੇ ਅਤੇ ਪਾਵਨ ਸਰੋਵਰ ਵਿੱਚ ਇਸ਼ਨਾਨ ਕਰਕੇ ਹੁਣ ਅੱਗੇ ਜਾ ਪਹੁੰਚੇ ਸ੍ਰੀ ਗੁਰੂ ਅੰਗਦ ਦੇਵ ਦੇ ਚਰਨਾਂ ਵਿੱਚ ਖੰਡੂਰ ਸਾਹਿਬ। ਸੰਗਤ ਤਾਂ ਪਹਿਲਾਂ ਹੀ ਸੋਚ ਰਹੀ ਸੀ ਕਿ ਸ਼ਾਇਦ ਬਾਬੇ ਬੁੱਢੇ ਦੀ ਬੀੜ ਲੰਗਰ ਛਕਣ ਦਾ ਹੁਕਮ ਕਰਨਗੇ, ਕਿਉਂਕਿ ਸਾਦੇ ਪ੍ਰਸ਼ਾਦੇ ਨਾਲ ਲੈ ਕੇ ਆਉਣ ਦਾ ਸ਼ਾਇਦ ਇਸੇ ਲਈ ਹੀ ਹੁਕਮ ਕੀਤਾ ਸੀ, ਲੇਕਿਨ ਉੱਥੇ ਵੀ ਕੋਈ ਹੁਕਮ ਨਹੀਂ ਹੋਇਆ। ਦਿਨ ਕਾਫੀ ਚੜ ਆਇਆ, ਸੰਗਤ ਨੂੰ ਭੁੱਖ ਵੀ ਜ਼ੋਰਦਾਰ ਲੱਗੀ ਹੈ, ਅਤੇ ਲੰਗਰ ਵੀ ਗੁਰੂ ਕਾ ਕੋਲ ਹੈ ਪਰ ਦੇਖੋ, ਛਕਣ ਦਾ ਹੁਕਮ ਨਹੀਂ ਹੋ ਰਿਹਾ, ਇਸ ਲਈ ਕੌਣ ਜਾਣੇ ਦਾਤੇ ਦੀ ਮੌਜ ਨੂੰ, ਖੰਡੂਰ ਤੋਂ ਵੀ ਹੁਕਮ ਕਰ ਦਿੱਤਾ ਅੱਗੇ ਨੂੰ ਚੱਲਣ ਦਾ।

ਹੁਣ ਜਾ ਪਹੁੰਚੇ ਦੋ ਕੁ ਮੀਲ ਤੇ ਉਸ ਟਿਕਾਣੇ ਜਿੱਥੇ ਪਾਣੀ ਦੀ ਗਾਗਰ ਲੈ ਕੇ ਵਾਪਸ ਆਉਂਦੇ ਅਰਾਮ ਕਰਦੇ ਸਨ ਕੁੱਝ ਦੇਰ ਨਿਮਾਣਿਆਂ ਦੇ ਮਾਣ, ਸ੍ਰੀ ਗੁਰੂ ਅਮਰਦਾਸ ਜੀ। ਜਿਸ ਸਮੇਂ ਇਸ ਪਵਿੱਤਰ ਅਸਥਾਨ ਤੇ ਪਹੁੰਚੇ ਤਾਂ ਅੱਗੇ ਇੱਕ ਕਾਰ ਸੇਵਾ ਵਾਲਿਆਂ ਦਾ ਸੇਵਾਦਾਰ ਬੈਠਾ ਸੀ ਟੋਕਰੀ ਲਈ, ਉਸਨੇ ਦੇਖਦਿਆਂ ਹੀ ਰੌਲਾ ਪਾ ਦਿੱਤਾ, ਰੱਬ ਆ ਗਿਆ ਉਇ, ਆ ਜਾਉ ਦਰਸ਼ਨ ਕਰ ਲਉ, ਸ਼ਾਇਦ ਇਹ ਪ੍ਰੇਮੀ ਹਜ਼ੂਰ ਦੀ ਮਹਿਮਾਂ ਤੋਂ ਪਹਿਲਾਂ ਜਾਣੂ ਸੀ। ਬਹੁਤ ਪ੍ਰੇਮ ਨਾਲ ਚਰਨਾਂ ਤੇ ਡਿੱਗ ਕੇ ਅਰਜ਼ ਕੀਤੀ, ਮਹਾਰਾਜ ਲੰਗਰ ਛੱਕੋ! ਹਜ਼ੂਰ ਨੇ ਪੁੱਛਿਆ, ਲੰਗਰ ਤਿਆਰ ਹੈ? ਪ੍ਰੇਮੀ ਨੇ ਅਰਜ਼ ਕੀਤੀ, ਮਹਾਰਾਜ ਸਬਜ਼ੀ ਤਿਆਰ ਹੈ, ਪ੍ਰਸ਼ਾਦੇ ਜਲਦੀ ਨਾਲ ਹੁਣ ਬਣਾ ਲੈਂਦੇ ਹਾਂ। ਹਜ਼ੂਰ ਬੋਲੇ, ਪ੍ਰਸ਼ਾਦੇ ਬਣਾਉਣ ਦੀ ਲੋੜ ਨਹੀਂ, ਸਬਜ਼ੀ ਲੱਸੀ ਲੈ ਆਉ, ਪ੍ਰਸ਼ਾਦੇ ਸਾਡੇ ਕੋਲ ਹਨ। ਹੁਣ ਸੰਗਤ ਨਾਲੇ ਲੰਗਰ ਛਕ ਰਹੀ ਹੈ ਨਾਲੇ ਬੜੀ ਅਸਚਰਜਤਾ ਨਾਲ ਹੀ ਸੋਚ ਰਹੀ ਹੈ, ਕਿ ਧੰਨ ਹੈ ਦਾਤਾ ਪਹਿਲਾਂ ਹੀ ਜਾਣਦਾ ਸੀ ਕਿ ਸਬਜ਼ੀ ਅੱਗੇ ਮਿਲ ਜਾਵੇਗੀ ਪ੍ਰਸ਼ਾਦੇ ਗੰਢੇ ਇੱਥੋਂ ਲੈ ਚਲੋ।

ਭਗਤ ਲੱਭਾ ਰਾਮ ਨੂੰ ਹੁਕਮ ਕੀਤਾ ਕਿ ਕੱਲ੍ਹ ਵਾਲੀ ਪੰਜੀਰੀ ਚੁੱਕ ਲਿਆ, ਜਿਤਨੀ ਸੰਗਤ ਇੱਥੇ ਲੰਗਰ ਛਕ ਰਹੀ ਹੈ ਸਭ ਨੂੰ ਵਰਤਾ ਦੇ। ਹੁਕਮ ਅਨੁਸਾਰ ਐਸਾ ਹੀ ਕੀਤਾ ਗਿਆ। ਖੈਰ, ਸਭ ਨੇ ਤ੍ਰਿਪਤ ਹੋ ਕੇ ਲੰਗਰ ਛਕਿਆ, ਹਜ਼ੂਰ ਬੋਲੇ, ਇੱਥੇ ਇੱਕ ਰਾਤ ਜ਼ਰੂਰ ਕੱਟਣੀ ਚਾਹੀਦੀ ਹੈ, ਕਿਉਂਕਿ ਇਸ ਥਾਂ ਨੂੰ ਬਾਰਾਂ ਸਾਲ ਘਾਲਣਾ ਘਾਲ ਕੇ ਗੁਰੂ ਅਮਰਦਾਸ ਮਹਾਰਾਜ ਨੇ ਪਵਿੱਤਰ ਕੀਤਾ ਹੋਇਆ ਹੈ। ਹੁਣ ਇਸ ਪਾਵਨ ਅਸਥਾਨ ਤੋਂ ਚਾਲੇ ਪਾ ਕੇ ਸ੍ਰੀ ਗੋਇੰਦਵਾਲ ਸਾਹਿਬ ਜਾ ਪਹੁੰਚੇ, ਪਵਿੱਤਰ ਬਾਵਲੀ ਵਿੱਚ ਹੇਠਾਂ ਉਤਰ ਕੇ ਦਾਤੇ ਨੇ ਇਸ਼ਨਾਨ ਕੀਤਾ ਅਤੇ ਸੰਗਤਾਂ ਨੂੰ ਵੀ ਕਰਵਾਇਆ, ਫਿਰ ਸਾਰੇ ਗੁਰੂ ਅਸਥਾਨਾਂ ਦੇ ਦੀਦਾਰ ਕਰਨ ਉਪਰੰਤ ਸੁਲਤਾਨਪੁਰ ਨੂੰ ਚਾਲੇ ਪਾ ਦਿੱਤੇ। ਸੁਲਤਾਨਪੁਰ ਪਹੁੰਚ ਕੇ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦੇ ਪਵਿੱਤਰ ਚਰਨਾਂ ਦੀ ਧੂੜੀ ਨਾਲ ਪਾਵਨ ਹੋਏ ਅਸਥਾਨਾਂ ਦੀ ਰੇਨ ਮਸਤਕ ਨੂੰ ਲਾ ਕੇ ਸ਼ਾਮ ਨੂੰ ਵਾਪਸ ਗੁਰਾਇਆ ਆ ਪਹੁੰਚੇ। ਸੰਗਤ ਵਿੱਚੋਂ ਕੋਈ ਸੱਜਣ ਬੜੀ ਮਿੱਠੀ ਸੁਰ ਵਿੱਚ ਪੜ੍ਹ ਰਿਹਾ ਹੈ—

**ਸਫਲ ਸਫਲ ਭਈ ਸਫਲ ਜਾਤ੍ਰਾ॥**
**ਆਵਣ ਜਾਣ ਰਹੇ ਮਿਲੇ ਸਾਧਾ॥**

*(ਧਨਾਸਰੀ ਮ: ੫ ਅਸ਼ਟਪਦੀ, ਪੰਨਾ-੬੮੭)*

## ਰਾਮਪੁਰਾ ਫੂਲ

ਬਰਨਾਲਾ ਬਠਿੰਡਾ ਰੋਡ ਤੇ ਦੋਨਾਂ ਦੇ ਦਰਮਿਆਨ ਇੱਕ ਵੱਡਾ ਭਾਰੀ ਪਿੰਡ ਵਸਦਾ ਹੈ *ਰਾਮਪੁਰਾ ਫੂਲ*। ਬਰਨਾਲੇ ਤੋਂ ਤੀਹ ਕੁ ਕਿਲੋਮੀਟਰ ਪੱਛਮ ਵੱਲ, ਅਤੇ ਬਠਿੰਡਾ ਤੋਂ ਤੀਹ ਕੁ ਕਿਲੋਮੀਟਰ ਪੂਰਬ ਵੱਲ, ਯਾਨੀ ਦੋਨਾਂ ਸ਼ਹਿਰਾਂ ਦੇ ਵਿਚਕਾਰ ਸਥਿਤ ਹੈ। ਇੱਥੇ ਪਾਕਿਸਤਾਨੋਂ ਆਏ ਸੰਧੂ ਗੋਤ ਦਾ ਇੱਕ ਰੱਜਦਾ-ਪੁਜਦਾ ਨੱਕਈ ਸਰਦਾਰ ਵਸਦਾ ਹੈ ਬਲਵਿੰਦਰ ਸਿੰਘ। ਪੂਰਬਲੇ ਸੰਜੋਗ ਵਸ ਬਲਵਿੰਦਰ ਸਿੰਘ ਦੀ ਸ਼ਾਦੀ ਕਰਨਾਲ ਦੇ ਨਜ਼ਦੀਕ ਰੰਬਾ ਪਿੰਡ ਦੇ ਸਰਦਾਰ ਮਧੁਸੂਦਨ ਸਿੰਘ ਵੜੈਚ ਦੀ ਬੇਟੀ ਬੀਬੀ ਵਸ਼ਿੰਦਰ ਕੌਰ ਨਾਲ ਹੋਈ। ਰੰਬੇ ਵਾਲਾ ਪਰਿਵਾਰ ਵਿਰੱਕਤ ਮਹਾਰਾਜ ਜੀਆਂ ਦਾ ਚਰਨ ਸੇਵਕ ਸੀ, ਇਸ ਲਈ ਬਲਵਿੰਦਰ ਸਿੰਘ ਨੂੰ ਵੀ ਇਸ ਪਰਿਵਾਰ ਰਾਹੀਂ ਹਜ਼ੂਰ ਦੀ ਚਰਨ ਧੂੜੀ ਪ੍ਰਾਪਤ ਹੋ ਗਈ। ਬਲਵਿੰਦਰ ਸਿੰਘ ਨੇ ਜਦੋਂ ਰੰਬੇ ਜਾਣਾ ਤਾਂ ਕਰਨਾਲ ਜਾ ਕੇ ਹਜ਼ੂਰ ਦੇ ਇਲਾਹੀ ਦਰਸ਼ਨ ਜ਼ਰੂਰ ਕਰਨੇ। ਫਿਰ ਕੁੱਝ ਸਮੇਂ ਬਾਅਦ, ਇੱਕ ਸਮਾਂ ਐਸਾ ਵੀ ਆਇਆ, ਜਦੋਂ ਸਾਰੇ ਪਰਿਵਾਰ ਨੇ ਕਰਨਾਲ ਜਾ ਕੇ ਮਹਾਰਾਜ ਜੀ ਤੋਂ ਨਾਮ ਦੀ ਇਲਾਹੀ ਦਾਤ ਵੀ ਪ੍ਰਾਪਤ ਕਰ ਲਈ। ਹੁਣ ਜਦੋਂ ਵੀ ਜਾਂ ਜਿੱਥੇ ਕਿਤੇ ਵੀ ਬਲਵਿੰਦਰ ਸਿੰਘ ਮਹਾਰਾਜ ਜੀਆਂ ਦੇ ਦਰਸ਼ਨ ਕਰਦਾ ਹੈ, ਤਾਂ ਹਜ਼ੂਰ ਨੂੰ *ਰਾਮਪੁਰੇ ਫੂਲ* ਲੈ ਕੇ ਜਾਣ ਲਈ ਬੇਨਤੀ ਜ਼ਰੂਰ ਕਰਦਾ ਹੈ। ਅੱਗੋਂ ਹਜ਼ੂਰ ਵੀ ਆਖ ਦਿੰਦੇ ਹਨ ਕਿ ਜਦੋਂ ਕਦੇਂ ਸਮਾਂ ਸੰਜੋਗ ਬਣਿਆ, ਫਿਰ ਜ਼ਰੂਰ ਚੱਲਾਂਗੇ। ਹੁਣ ਇੱਕ ਦਿਨ ਪਰਮੇਸ਼ਰ ਨੇ ਸਮਾਂ ਸੰਜੋਗ ਬਣਾ ਦਿੱਤਾ, ਹਜ਼ੂਰ ਆਪਣੀ ਮੌਜ ਵਿੱਚ ਧਨੌਲੇ ਰੁੱਕੇ ਹੋਏ ਹਨ। ਬਲਵਿੰਦਰ ਸਿੰਘ ਨੇ ਧਨੌਲੇ ਪਹੁੰਚ ਕੇ ਹਜ਼ੂਰ ਦੇ ਚਰਨਾਂ ਵਿੱਚ ਰਾਮਪੁਰੇ ਜਾਣ ਲਈ ਅਰਜ਼ ਕੀਤੀ। ਹਜ਼ੂਰ, ਬਲਵਿੰਦਰ ਸਿੰਘ ਜੀ ਬੇਨਤੀ ਪ੍ਰਵਾਨ ਕਰਕੇ ਆਪਣੇ ਪਿਆਰੇ ਸੇਵਕਾਂ

ਰਾਮ ਜੀ, ਅਤੇ ਛੋਟੂ ਜੀ ਨੂੰ ਨਾਲ ਲੈ ਕੇ ਬਲਵਿੰਦਰ ਸਿੰਘ ਦੀ ਕਾਰ ਵਿੱਚ ਸਵਾਰ ਹੋ ਪਹੁੰਚ ਗਏ, ਰਾਮਪੁਰੇ ਫੂਲ। ਕੋਠੀ ਵਿੱਚ ਲੰਗਰ ਪਾਣੀ ਛਕਣ ਤੋਂ ਉਪਰੰਤ ਹਜ਼ੂਰ ਨੇ ਹੁਕਮ ਕੀਤਾ, ਅਸੀਂ ਕੋਠੀ ਵਿੱਚ ਨਹੀਂ ਠਹਿਰਨਾ, ਬਾਹਰ ਖੇਤਾਂ ਵਿੱਚ ਕਿਸੇ ਟਿਊਬਵੈੱਲ ਤੇ ਰਹਾਂਗੇ। ਬਲਵਿੰਦਰ ਸਿੰਘ ਨੇ ਬਾਹਰ ਖੇਤ ਵਿੱਚ ਬਣਏ ਇੱਕ ਕੋਠੇ ਨੂੰ ਸਾਫ ਕਰਵਾਇਆ, ਜਿਸ ਵਿੱਚ ਸ਼ਾਇਦ ਕੋਈ ਨੌਕਰ ਰਹਿੰਦਾ ਸੀ। ਮਹਾਰਾਜ ਜੀ ਦਾ ਆਸਣ ਉਸ ਕੋਠੇ ਵਿੱਚ ਲਗਵਾ ਦਿੱਤਾ। ਦੂਸਰੇ ਦਿਨ ਆਪ ਨੇ ਹੁਕਮ ਕੀਤਾ, ਕਿ ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਦੇ ਦਰਸ਼ਨ ਕਰਨ ਦਾ ਸਾਡਾ ਵਿਚਾਰ ਹੈ। ਬਲਵਿੰਦਰ ਸਿੰਘ ਨੇ ਅਰਜ਼ ਕੀਤੀ, ਮਹਾਰਾਜ ਆਪ ਨੇ ਬੜੀ ਮਿਹਰ ਕੀਤੀ, ਦਾਸ ਨੂੰ ਕਾਰ ਦੀ ਸੇਵਾ ਮਿਲ ਗਈ, ਜਦੋਂ ਆਪ ਦਾ ਹੁਕਮ ਹੋਵੇ, ਉਦੋਂ ਹੀ ਤੁਰ ਚਲਾਂਗੇ। ਹਜ਼ੂਰ ਦੀ ਆਗਿਆ ਅਨੁਸਾਰ ਉਸੇ ਦਿਨ ਚਾਲੇ ਪਾ ਦਿੱਤੇ। ਦਸ਼ਮੇਸ਼ ਪਿਤਾ ਦੀ ਪਵਿੱਤਰ ਯਾਦ ਵਿੱਚ ਬਣੇ ਪਾਵਨ ਅਸਥਾਨਾਂ ਦੇ ਦਰਸ਼ਨ ਦੀਦਾਰੇ ਕਰਕੇ ਸ਼ਾਮ ਨੂੰ ਵਾਪਸ ਆ ਗਏ। ਦੂਸਰੇ ਦਿਨ *ਫੂ ਮਾਰਾਜ਼* ਗੁਰੂ ਸਰ ਦੇ ਪਵਿੱਤਰ ਅਸਥਾਨ ਦੇ ਦੀਦਾਰੇ ਕੀਤੇ। ਇਹ ਉਹ ਅਸਥਾਨ ਹੈ ਜਿੱਥੇ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਲੱਲਾ ਬੇਗ ਨਾਲ ਭਾਰੀ ਯੁੱਧ ਕਰਕੇ ਫਤਹਿ ਹਾਸਲ ਕੀਤੀ ਸੀ। ਇਹ ਅਸਥਾਨ ਰਾਮਪੁਰਾ ਫੂਲ ਦੇ ਨਜ਼ਦੀਕ ਹੀ ਪੈਂਦਾ ਹੈ। ਇਸ ਅਸਥਾਨ ਤੇ ਉਸ ਸਮੇਂ ਕਾਰ ਸੇਵਾ ਚੱਲ ਰਹੀ ਸੀ, ਇਸ ਲਈ ਹਜ਼ੂਰ ਦੇ ਨਾਲ ਆਏ ਪ੍ਰੇਮੀ ਰਾਮ ਜੀ ਅਤੇ ਛੋਟੂ ਜੀ ਨੂੰ ਹੁਕਮ ਕੀਤਾ ਕਿ ਕਾਰ ਸੇਵਾ ਵਿੱਚ ਹਿੱਸਾ ਪਾਉ। ਪ੍ਰੇਮੀਆਂ ਨੇ ਹੁਕਮ ਮੰਨ ਕੇ ਟੋਕਰੀਆਂ ਚੁੱਕ ਲਈਆਂ, ਤਾਂ ਅਗਲੇ ਹੁਕਮ ਯਾਨੀ ਵਾਪਸ ਚੱਲਣ ਸਮੇਂ ਤੱਕ ਟੋਕਰੀ ਢੋਣ ਦੀ ਸੇਵਾ ਕਰਕੇ ਸੰਗਤ ਸਮੇਤ ਵਾਪਸ ਰਾਮਪੁਰੇ ਆ ਗਏ। ਅੱਜ ਜਦੋਂ ਰਾਤ ਹੋਈ ਤਾਂ ਮਹਾਰਾਜ ਉਸ ਖੇਤ ਵਾਲੇ ਕੋਠੇ ਵਿੱਚ ਆਰਾਮ ਕਰ ਰਹੇ ਸਨ, ਤਾਂ ਕੁਝ ਰਾਤ ਗਈ ਰਾਮਪੁਰੇ ਪਿੰਡ ਦੇ ਕੁੱਝ ਪ੍ਰੇਮੀ ਇਹ ਜਾਣ ਕੇ ਕਿ ਕੋਈ ਸੰਤ ਆਏ ਹੋਏ ਹਨ, ਰਾਤ ਨੂੰ ਦਰਸ਼ਨ ਕਰਨ ਲਈ ਆਏ। ਅੱਗੋਂ ਸੇਵਾਦਾਰਾਂ ਨੇ ਆਖ ਦਿੱਤਾ, ਕਿ ਇਸ ਵਕਤ ਤਾਂ ਮਹਾਰਾਜ ਅਰਾਮ ਕਰ ਰਹੇ ਹਨ, ਕੱਲ੍ਹ ਦਿਨ ਨੂੰ ਆਉਣਾ। ਦਿਨ ਚੜ੍ਹੇ ਸੇਵਾਦਾਰਾਂ ਨੇ ਹਜ਼ੂਰ ਨੂੰ ਦੱਸਿਆ, ਕਿ ਰਾਤ ਰਾਮਪੁਰੇ ਪਿੰਡ ਵਿੱਚੋਂ ਕੁੱਝ ਸੰਗਤ ਦਰਸ਼ਨ ਕਰਨ ਲਈ ਆਈ ਸੀ, ਲੇਕਿਨ ਅਸੀਂ ਇਹ ਕਹਿ ਕੇ ਮੋੜ ਦਿੱਤੇ, ਕਿ ਮਹਾਰਾਜ ਆਰਾਮ ਕਰ ਰਹੇ ਹਨ ਇਸ ਲਈ ਕੱਲ੍ਹ ਆਇਉ। ਹਜ਼ੂਰ ਬੋਲੇ, ਭਾਈ ਮੋੜਨੇ ਕਿਉਂ ਸਨ ਉਹ, ਸਾਨੂੰ ਦਸ ਦੇਣਾ ਸੀ। ਖੈਰ, ਦੂਸਰੇ ਦਿਨ ਰਾਤ ਵਾਲੇ ਪ੍ਰੇਮੀ ਫਿਰ ਦਰਸ਼ਨ ਕਰਨ ਲਈ ਆਏ। ਹਜ਼ੂਰ ਨੇ ਸਭ ਨੂੰ ਪ੍ਰੇਮ ਨਾਲ ਬਿਠਾਇਆ, ਸੇਵਕਾਂ ਨੇ ਜਲ ਪਾਣੀ ਛਕਾਇਆ, ਉਪਰੰਤ ਹਜ਼ੂਰ ਨੇ ਕੁੱਝ ਪਰਮਾਰਥਕ ਬਚਨ ਕਰਦਿਆਂ ਗੁਰੂ ਘਰ ਵਿੱਚ ਸੇਵਾ ਦੀ ਮਹਾਨਤਾ ਤੇ ਰੌਸ਼ਨੀ ਪਾਈ ਕਿ ਸੇਵਾ ਕਰਕੇ ਕਿਵੇਂ ਉੱਚੇ ਮੁਰਾਤਬੇ ਹਾਸਲ ਕੀਤੇ ਜਾਂਦੇ ਹਨ। ਸੇਵਾ ਦੀ ਮਹਾਨਤਾ ਦਰਸਾ ਕੇ ਪੁੱਛਿਆ, ਕੱਲ੍ਹ ਅਸੀਂ ਗੁਰ ਸਰ ਗਏ ਸੀ, ਉੱਥੇ ਜਾ ਕੇ ਦੇਖਿਆ ਗੁਰੂ ਘਰ ਦੀ ਸੇਵਾ ਚਲ ਰਹੀ ਸੀ, ਤੁਸੀਂ ਉਸ ਸੇਵਾ ਤੋਂ ਲਾਭ ਉਠਾਉਣ ਲਈ ਕਦੇ ਜਾਂਦੇ ਹੋ? ਪ੍ਰੇਮੀ ਬੋਲੇ ਮਹਾਰਾਜ ਅਸੀਂ ਤਾਂ ਕਦੇ ਨਹੀਂ ਗਏ! ਹੁਕਮ ਹੋਇਆ ਕਿਉਂ! ਪ੍ਰੇਮੀਆਂ ਨੇ ਅਰਜ਼ ਕੀਤੀ, ਮਹਾਰਾਜ ਉਹ ਤਾਂ ਬਾਹੀਏ ਦੇ ਲੋਕਾਂ ਦਾ ਅਸਥਾਨ ਹੈ, ਇਸ ਲਈ ਉਹੀ ਸੇਵਾ ਕਰਦੇ ਹਨ। ਹਜ਼ੂਰ ਬੋਲੇ, ਗੁਰੂ ਸਾਹਿਬ ਜੀ ਕੋਈ ਇਕੱਲੇ ਬਾਹੀਏ ਦੇ ਗੁਰੂ ਨਹੀਂ ਸਨ, ਉਹ ਤਾਂ ਸਭ ਪ੍ਰਾਣੀ ਮਾਤਰ ਦੇ ਗੁਰੂ ਸਨ, ਉਨ੍ਹਾਂ ਨੇ ਜੋ ਯੁੱਧ ਕੀਤੇ, ਉਹ ਕੁੱਝ ਇਕੱਲੇ, ਦੁੱਕਲੇ ਦੇ ਭਲੇ ਲਈ ਨਹੀਂ ਕੀਤੇ, ਸਗੋਂ ਜ਼ੁਲਮ ਦੀਆਂ ਜੜ੍ਹਾਂ ਪੁੱਟ ਕੇ ਹਰ ਪ੍ਰਾਣੀ ਮਾਤਰ ਦੇ ਭਲੇ ਲਈ, ਸਭ ਨੂੰ ਸੁਖਦਾਈ ਧਰਮ ਦਾ ਰਾਜ ਕਾਇਮ ਕਰਨ ਲਈ ਕੀਤੇ। ਇਸ ਲਈ ਉਨ੍ਹਾਂ ਦੀ ਯਾਦ ਵਿੱਚ ਬਣ ਰਹੇ ਅਸਥਾਨ ਦੀ ਸੇਵਾ ਵਿੱਚ ਨਾ ਹਿੱਸਾ ਪਾ ਕੇ ਉਨ੍ਹਾਂ ਤੋਂ ਮਨਮੁੱਖ ਹੋਣਾ ਹੈ, ਇਸ ਲਈ ਸਾਡੇ ਤੁਹਾਡੇ ਸਾਰਿਆਂ ਦਾ ਫਰਜ਼ ਬਣਦਾ ਹੈ, ਉੱਥੇ ਚੱਲ ਰਹੀ ਸੇਵਾ ਵਿੱਚ ਤਨ, ਮਨ ਧੰਨ ਨਾਲ ਹਿੱਸਾ ਪਾ ਕੇ ਮਨੁੱਖ ਜਨਮ ਦੀ ਸਫਲਤਾ ਦਾ ਰਾਜ ਖੋਲ੍ਹ ਸਕਦੇ ਹਾਂ, ਜੋ ਕਿ ਗੁਰੂ ਸ਼ਰਨ, ਗੁਰੂ ਦੇ ਸਨਮੁੱਖ ਹੋਇਆਂ ਹੀ ਸੰਭਵ ਹੈ। ਗੁਰੂ ਸ਼ਰਨ, ਗੁਰੂ ਸੇਵਾ ਤੋਂ ਬਗੈਰ ਮਨੁੱਖ ਜਨਮ ਅਸਫਲ ਹੀ ਨਹੀਂ, ਬਲਕਿ ਵਿਅਰਥ ਹੈ। ਪ੍ਰੇਮੀਆਂ ਵਿੱਚ ਇੱਕ ਸੱਜਨ ਕੋਲ ਰਾਈਫਲ ਸੀ, ਉਸ ਨੇ ਅਰਜ਼ ਕੀਤੀ, ਮਹਾਰਾਜ! ਹੁਣ ਅਸੀਂ ਜ਼ਰੂਰ ਜਾਇਆ ਕਰਾਂਗੇ, ਸੇਵਾ ਲਈ। ਉਹ ਸੱਜਨ ਤਾਂ ਇਤਿਆਦਿਕ ਬਚਨ ਬਿਲਾਸ ਕਰਕੇ ਵਾਪਸ ਚਲੇ ਗਏ। ਹਜ਼ੂਰ ਬੋਲੇ, ਐਸੇ ਖਾੜਕੂ ਸੁਭਾ ਵਾਲੇ ਲੋਕਾਂ ਵਿੱਚ ਹੱਠ ਤਾਂ ਸੁਭਾਵਕ ਹੁੰਦਾ

ਹੀ ਹੈ, ਇਸ ਲਈ ਇਹ ਰਜੋਗੁਣੀ ਸੁਭਾਵ ਦੇ ਹੋਣ ਕਰਕੇ ਜਿਸ ਪਾਸੇ ਲੱਗਣ ਤਕੜੇ ਹੋ ਕੇ ਲੱਗਦੇ ਹਨ। ਹੁਣ ਉਜਾਗਰ ਸਿੰਘ ਸੂਰੀ ਹਜ਼ੂਰ ਨੂੰ ਬਾਰ-ਬਾਰ ਬੇਨਤੀਆਂ ਕਰੀਂ ਜਾ ਰਿਹਾ ਹੈ ਗੁਰਾਇਆ ਜਾਣ ਲਈ। ਹਜ਼ੂਰ ਬੋਲੇ, ਇਹ ਮਾਲਵੇ ਦੇ ਲੋਕ ਛਲ ਕਪਟ ਤੋਂ ਰਹਿਤ ਹੋਣ ਕਰਕੇ ਅੱਧੇ ਸਾਧ ਤਾਂ ਉਂਝ ਹੀ ਹੁੰਦੇ ਹਨ, ਮਨ ਕਰਦਾ ਸੀ ਦੋ ਚਾਰ ਦਿਨ ਇੱਥੇ ਹੋਰ ਰਹੀਏ। ਪਰ ਹੁਣ ਸੂਰੀ ਰਹਿਣ ਨਹੀਂ ਦਿੰਦਾ। ਚੱਲ ਭਾਈ ਫਿਰ ਲੈ ਚੱਲ ਗੁਰਾਇਆ।*

## ਸ਼ਰਧਾ ਤੇ ਸ਼ਰਨ

ਇੱਕ ਸਮੇਂ ਹਜ਼ੂਰ ਪਿੰਡ ਚੌਧਰੀ ਮਾਜਰੇ ਠਹਿਰੇ ਹੋਏ ਸਨ, ਸਰਦਾਰ ਗੁਰਨਾਮ ਸਿੰਘ ਖੋਖ ਵਾਲੇ ਦੇ ਟਿਊਬਵੈੱਲ ਤੇ। ਨਾਲ ਲੱਗਵਾਂ ਸਰਦਾਰ ਬਖਤੌਰ ਸਿੰਘ ਦਾ ਬਾਗ ਸੀ, ਗਰਮੀ ਦਾ ਮੌਸਮ ਹੋਣ ਕਰਕੇ ਪੂਰਾ ਦਿਨ ਉਸ ਬਾਗ ਵਿੱਚ ਬੈਠੇ ਪੋਥੀ ਪੜ੍ਹਾਉਂਦੇ ਰਹਿੰਦੇ ਸਨ। ਪੋਥੀ ਪੜ੍ਹਣ ਵਾਲਾ ਪ੍ਰੇਮੀ ਵੀ ਹਰ ਰੋਜ਼ ਸਵੇਰ ਤੋਂ ਸ਼ਾਮ ਤੱਕ ਚਰਨਾਂ ਵਿੱਚ ਬੈਠ ਕੇ ਪੋਥੀ ਪੜ੍ਹਦਾ ਰਹਿੰਦਾ ਹੈ, ਲੇਕਿਨ ਰਾਤ ਇੱਥੇ ਘੱਟ ਹੀ ਠਹਿਰਦਾ ਹੈ। ਅੱਜ ਜਦੋਂ ਸ਼ਾਮ ਨੂੰ ਪੋਥੀ ਦਾ ਪੜ੍ਹਨਾ ਬੰਦ ਹੋਇਆ, ਤਾਂ ਹਜ਼ੂਰ ਮੰਜੇ ਤੋਂ ਉਠਣ ਲੱਗੇ, ਸਰੀਰ ਤੇ ਬੁਢਾਪੇ ਦਾ ਬਲ ਵੱਧ ਜਾਣ ਕਰਕੇ, ਉਠਣ ਵੇਲੇ ਸਰੀਰ ਥੋੜ੍ਹਾ ਧੱਕਾ ਜਿਹਾ ਖਾ ਗਿਆ। ਮਹਾਰਾਜ ਸੁਭਾਵਕ ਬੋਲੇ, ਓਹ! ਸਰੀਰ ਸੌਗ੍ਰਾ ਬੁੱਢਾ ਜਿਹਾ ਹੋ ਗਿਆ। ਕੋਲ ਖੜਾ ਇੱਕ ਪ੍ਰੇਮੀ ਬੋਲਿਆ, ਮਹਾਰਾਜ! *ਗੁਰਮੁਖ ਬੁੱਢੇ ਕਦੇ ਨਾਹੀਂ,* ਹਜ਼ੂਰ ਬੋਲੇ, ਇਹ ਤਾਂ ਕਬੀਰ ਆਦੀਆਂ ਦੀ ਗੱਲ ਹੈ, ਸਾਰੇ ਗੁਰਮੁਖ ਥੋੜ੍ਹੇ ਹੋ ਜਾਂਦੇ ਹਨ? ਪ੍ਰੇਮੀ ਨੇ ਅਰਜ਼ ਕੀਤੀ, ਮਹਾਰਾਜ, ਆਪ ਤਾਂ ਕਬੀਰ ਹੀ ਲੱਗ ਰਹੇ ਹੋ। ਹਜ਼ੂਰ ਬੋਲੇ, ਭਾਈ ਇਹ ਤੇਰੀ ਸ਼ਰਧਾ ਹੈ, ਸ਼ਰਧਾ ਨੂੰ ਫਲ ਵੀ ਹੁੰਦਾ ਹੈ। ਪ੍ਰੇਮੀ ਸੋਚੀਂ ਪੈ ਗਿਆ, ਕਿ ਸ਼ਰਧਾ ਦੀ ਕੀ ਪ੍ਰੀਭਾਸ਼ਾ (Definition) ਹੈ, ਸ਼ਰਧਾਵਾਨ ਪੁਰਸ਼ ਵਿੱਚ ਕੀ ਗੁਣ ਹੁੰਦੇ ਹਨ ਜਿਸ ਨੂੰ ਧਾਰਨ ਕਰਨ ਨਾਲ ਫਲਾਂ ਦੀ ਪ੍ਰਾਪਤੀ ਹੋ ਜਾਂਦੀ ਹੈ।

ਖੈਰ, ਕੁੱਝ ਦਿਨਾਂ ਬਾਅਦ ਹਜ਼ੂਰ ਖੋਖ ਪਹੁੰਚ ਗਏ। ਉੱਥੇ ਵੀ ਉਸੇ ਤਰ੍ਹਾਂ ਰੋਜ਼ ਪੋਥੀ ਦੀ ਵਿਚਾਰ ਅਤੇ ਸਤਿਸੰਗ ਦੇ ਅਖਾੜੇ ਜਮ ਗਏ। ਦੇਖੋ! ਹਜ਼ੂਰ ਅੱਜ ਆਪ ਹੀ ਪ੍ਰੇਮੀ ਨੂੰ ਸ਼ਰਧਾ ਦੀ ਪ੍ਰੀਭਾਸ਼ਾ ਸਮਝਾ ਰਹੇ ਹਨ। ਹੋਇਆ ਇੰਝ ਕਿ ਲੋਪੇ ਪਿੰਡ ਤੋਂ ਵੀ ਕੁੱਝ ਪ੍ਰੇਮੀ ਸਤਿਸੰਗ ਸੁਨਣ ਲਈ ਰੋਜ਼ ਆਉਂਦੇ ਹਨ। ਅੱਜ ਖੋਖ ਨੂੰ ਆਉਂਦਿਆਂ ਰਸਤੇ ਵਿੱਚ ਵੈਦ ਅਮਰਜੀਤ ਸਿੰਘ ਨਾਮ ਦਾ ਪ੍ਰੇਮੀ ਕਹਿਣ ਲੱਗਿਆ, ਕਿ ਇੱਕ ਸਮੇਂ ਵਿਰੱਕਤ ਮਹਾਰਾਜ ਜੀ ਨੇ ਖੋਖ ਬਰਸੀ ਦੇ ਸਮਾਗਮ ਤੇ ਕਥਾ ਕਰਦਿਆਂ ਫੁਰਮਾਇਆ ਸੀ, ਕਿ ਬ੍ਰਹਮਗਿਆਨੀ ਮਹਾਂਪੁਰਸ਼ ਵੱਲ ਨੂੰ ਸ਼ਰਧਾ ਨਾਲ ਇੱਕ ਕਦਮ ਪੁੱਟਿਆਂ, ਇੱਕ ਅਸ੍ਵਮੇਧ ਜਗ ਦਾ ਫਲ ਪ੍ਰਾਪਤ ਹੋ ਜਾਂਦਾ ਹੈ, ਇਸ ਲਈ ਉਨ੍ਹਾਂ ਦੇ ਹੀ ਦੱਸੇ ਨੁਸਖੇ ਮੁਤਾਬਿਕ ਅੱਜ ਮੈਂ ਹਜ਼ੂਰ ਦੇ ਚਰਨਾਂ ਵਿੱਚ ਅਰਜ਼ ਕਰੂੰਗਾ, ਕਿ ਮਹਾਰਾਜ! ਮੇਰਾ ਸਰੀਰ ਢਿੱਲਾ ਰਹਿੰਦਾ ਹੈ, ਮੈਂ ਬੜੀ ਸ਼ਰਧਾ ਨਾਲ ਆਪ ਦੇ ਪਵਿੱਤਰ ਚਰਨਾਂ ਵਿੱਚ ਆਇਆ ਹਾਂ, ਇਸ ਲਈ ਕ੍ਰਿਪਾ ਕਰੋ, ਮੇਰੇ ਲੋਪੇ ਪਿੰਡ ਤੱਕ ਕਦਮ ਗਿਣ ਲਉ, ਮੈਨੂੰ ਉਨ੍ਹਾਂ ਦਾ ਫਲ ਅੱਜ ਹੀ ਬਖਸ਼ ਦਿਉ, ਤਾਂ ਕਿ ਮੇਰਾ ਸਰੀਰ ਤੰਦਰੁਸਤ ਹੋ ਜਾਵੇ। ਨਾਲ ਜਾ ਰਹੇ ਪ੍ਰੇਮੀਆਂ ਨੇ ਕਿਹਾ ਠੀਕ ਹੈ, ਅਰਜ਼ ਕਰ ਲਈਂ! ਉਹ ਤਾਂ ਦਿਆਲੂ ਕ੍ਰਿਪਾਲੂ ਦਾਤੇ ਹਨ, ਮਨ ਮਿਹਰ ਪੈ ਗਈ ਤਾਂ ਬਖਸ਼ ਦੇਣਗੇ ਤੰਦਰੁਸਤੀਆਂ ਦੇ ਖਜ਼ਾਨੇ। ਰਸਤੇ ਵਿੱਚ ਇਉਂ ਗੱਲਾਂ ਕਰਦੇ ਪਹੁੰਚ ਗਏ, ਘੱਟ-ਘੱਟ ਕੀ ਜਾਨਣਹਾਰ ਦਾਤੇ ਦੇ ਚਰਨਾਂ ਵਿੱਚ ਇਹ ਪ੍ਰੇਮੀ ਵੈਦ ਅਮਰਜੀਤ ਸਿੰਘ ਸਾਧੂਆਂ ਦਾ ਸੰਗੀ ਹੋਣ ਕਰਕੇ ਕੁੱਝ ਵਦਾਂਤਕ ਸ਼ਬਦਾਂ ਦਾ ਵੀ ਜਾਣੂ ਸੀ, ਇਸ ਲਈ ਕੁੱਝ ਸਵਾਲ ਸ਼ੰਕੇ ਕਰਨ ਦਾ ਵੀ ਇਸ ਦਾ ਸੁਭਾਵ ਸੀ। ਖੈਰ, ਪੋਥੀ ਪੜ੍ਹਨੀ ਸ਼ੁਰੂ ਹੋਈ, ਹਜ਼ੂਰ ਵੀ ਆਪਣੇ ਦਿਆਲੂ ਸੁਭਾਅ ਅਨੁਸਾਰ ਹਰ ਇੱਕ ਵਿਸ਼ੇ ਨੂੰ ਬੜੇ ਸੁਚੱਜੇ ਡੰਗ ਨਾਲ ਸਮਝਾਈ ਜਾ ਰਹੇ ਸਨ। ਇਸ ਵੈਦ ਜੀ ਨੇ ਸਵਾਲ ਕੀਤਾ, ਮਹਾਰਾਜ! ਗਿਆਨਵਾਨ ਪੁਰਸ਼ ਸੰਕਲਪ ਸੁਨ ਅਵਸਥਾ ਵਿੱਚ ਸਥਿਤ ਹੁੰਦਾ ਹੈ, ਕਿਉਂਕਿ ਸੰਕਲਪ ਵਿਕਲਪ ਕਰਨਾ ਅੰਤਹਕਰਣ ਦਾ ਧਰਮ ਹੈ, ਤੱਤਵ ਦਰਸ਼ੀ ਪੁਰਸ਼ ਅੰਤਹਕਰਣ ਦੇ ਧਰਮਾਂ ਤੋਂ ਨਿਆਰਾ ਆਤਮਾ ਵਿੱਚ ਸਥਿਤ ਹੁੰਦਾ ਹੈ, ਫਿਰ ਸੰਕਲਪ ਉਤਪੰਨ ਹੋਣ ਤੋਂ ਬਗੈਰ ਕੋਲ ਆਏ, ਸਾਧਕਾਂ ਜਾਂ ਸੰਸਾਰੀਆਂ ਵੱਲੋਂ ਕੀਤੇ ਸਵਾਲਾਂ ਦੇ ਜਵਾਬ ਕਿਵੇਂ ਦਿੰਦਾ ਹੈ? ਵੈਦ ਦਾ ਸ਼ੰਕਾ ਸੁਣ ਕੇ ਹਜ਼ੂਰ ਕੁੱਝ ਸਮੇਂ ਲਈ ਚੁੱਪ ਹੋ ਗਏ, ਥੋੜ੍ਹੀ ਦੇਰ ਬਾਅਦ ਮੁਸਕਰਾਉਂਦੇ ਹੋਏ ਬੋਲੇ, ਇੱਕ ਕੋਈ ਊਂਠ ਤੇ ਲੱਕੜਾਂ

* *ਰਾਮਪੁਰਾ ਫੂਲ ਵਾਲੇ ਉਹੀ ਪ੍ਰੇਮੀ ਫਿਰ ਹੁਕਮ ਮੰਨ ਕੇ ਹਰ ਹਫਤੇ ਇੱਕ ਦਿਨ ਗੁਰੂ ਸਰ ਮਰ੍ਹਾਜ ਸੇਵਾ ਕਰਨ ਜਾਣ ਵਾਸਤੇ ਪੱਕੇ ਜਾਣ ਲੱਗ ਪਏ।*

ਲੱਦ ਕੇ ਲਿਜਾ ਰਿਹਾ ਸੀ। ਲੱਕੜਾਂ ਦਾ ਵਜ਼ਨ ਜ਼ਿਆਦਾ ਹੋਣ ਕਰਕੇ ਊਂਠ ਦੇ ਮਾਲਕ ਨੇ ਬਹੁਤ ਕੋਸ਼ਿਸ਼ ਕੀਤੀ, ਉਸ ਨੂੰ ਉਠਾਉਣ ਦੀ ਲੇਕਿਨ ਅਸਫਲ। ਉਹ ਪ੍ਰੇਸ਼ਾਨ ਜਿਹਾ ਹੋਇਆ, ਇੱਧਰ-ਉੱਧਰ ਤੱਕਣ ਲੱਗਿਆ, ਇਤਨੇ ਨੂੰ ਇੱਕ ਕੋਈ ਸਿਆਣਾ ਪੁਰਸ਼ ਰਸਤੇਂ 'ਚੋਂ ਗੁਜ਼ਰਦਾ ਹੋਇਆ, ਉੱਥੇ ਆ ਪਹੁੰਚਿਆ, ਊਂਠ ਵਾਲੇ ਨੂੰ ਵਿਆਕੁਲ ਜਿਹੇ ਦੇਖ ਕੇ ਪੁੱਛਿਆ, ਕੀ ਗੱਲ ਹੈ? ਊਂਠ ਵਾਲੇ ਨੇ ਦੱਸਿਆ ਕਿ ਮੇਰਾ ਊਂਠ ਬੈਠ ਗਿਆ ਹੈ, ਇਸ ਲਈ ਮੇਰੇ ਸਾਰੇ ਯਤਨਾਂ ਦੇ ਬਾਵਜੂਦ ਇਹ ਉੱਠ ਨਹੀਂ ਰਿਹਾ। ਸਿਆਣੇ ਪਾਂਧੀ ਨੇ ਉਸ ਵਿਚਾਰੇ ਤੇ ਤਰਸ ਕਰਕੇ ਊਂਠ ਉਪਰ ਲੱਦੀਆਂ ਲੱਕੜਾਂ ਵਿੱਚੋਂ ਇੱਕ ਲੱਕੜ ਖਿੱਚ ਕੇ ਊਂਠ ਦੇ ਮਾਰੀ, ਊਂਠ ਯਕਲਖਤ ਉੱਠ ਖੜਿਆ, ਤਾਂ ਉਸ ਸੱਜਣ ਨੇ ਉਹ ਲੱਕੜ ਵੀ ਜਿਸ ਨਾਲ ਊਂਠ ਨੂੰ ਉਠਾਇਆ ਸੀ, ਊਂਠ ਉੱਪਰ ਲੱਦੀਆਂ ਲੱਕੜਾਂ ਵਿੱਚ ਹੀ ਫਸਾ ਦਿੱਤੀ, ਯਾਨੀ ਊਂਠ ਦੀਆਂ ਲੱਕੜਾਂ ਨਾਲ ਹੀ ਊਂਠ ਨੂੰ ਉੱਠਾ ਦਿੱਤਾ, ਫਿਰ ਦੱਸ ਉਸ ਨੇ ਊਂਠ ਨੂੰ ਉਠਾਉਣ ਲਈ ਕੀ ਕੀਤਾ? ਊਂਠ ਦੀਆਂ ਲੱਕੜਾਂ ਵਿੱਚੋਂ ਇੱਕ ਲੱਕੜ ਲੈ ਉਸਨੂੰ ਉਠਾ ਦਿੱਤਾ, ਆਪ ਪਿਛਾਂਹ ਤੋਂ ਖਾਲੀ ਹੱਥ ਆ ਰਿਹਾ ਸੀ, ਊਂਠ ਵਾਲੇ ਦਾ ਕਾਰਜ ਰਾਸ ਕਰਕੇ ਅੱਗੇ ਨੂੰ ਖਾਲੀ ਹੱਥ ਹੀ ਤੁਰ ਗਿਆ। ਇਸੇ ਤਰ੍ਹਾਂ ਸੰਸਾਰਕ ਦੁੱਖਾਂ ਸੁੱਖਾਂ ਦੇ ਸਤਾਏ ਜੀਵ, ਸ਼ਾਂਤ ਚਿੱਤ ਸਤਿਪੁਰਸ਼ਾ ਦੇ ਕੋਲ ਆਉਂਦੇ ਹਨ, ਮਹਾਂਪੁਰਸ਼ ਉਨ੍ਹਾਂ ਦੇ ਹੀ ਸੰਕਲਪਾਂ ਵਿਕਲਪਾਂ ਵਿੱਚੋਂ ਥੋੜ੍ਹਾ ਬਹੁਤ ਫੁਰਨਾ ਲੈ ਕੇ ਉਨ੍ਹਾਂ ਦੇ ਸ਼ੰਕੇ ਨਵਿਰਤ ਕਰ ਦਿੰਦੇ ਹਨ। ਆਪ ਪਹਿਲਾਂ ਵੀ ਸ਼ਾਂਤ ਹੁੰਦੇ ਹਨ, ਬਾਅਦ ਵਿੱਚ ਵੀ ਸ਼ਾਂਤ ਅਤੇ ਜੀਵ ਦੇ ਦੁੱਖਾਂ-ਸੁੱਖਾਂ ਤੋਂ ਨਿਰਲੇਪ ਰਹਿੰਦੇ ਹਨ। ਐਸੀਆਂ ਵਿਚਾਰਾਂ ਹੁੰਦੀਆਂ ਸੂਰਜ ਅਸਤ ਹੋਣ ਤੇ ਚਲਾ ਗਿਆ। ਉਧਰ ਵੈਦ ਜੀ ਵੀ ਕਦਮਾਂ ਮੰਗਣ ਵਾਲੀ ਗੱਲ ਸ਼ਾਇਦ ਭੁੱਲ ਗਏ। ਹਜ਼ੂਰ ਨੇ ਹੁਕਮ ਕਰ ਦਿੱਤਾ, ਜਾਉ ਭਾਈ ਹੁਣ ਘਰਾਂ ਨੂੰ। ਪ੍ਰੇਮੀ ਵਾਰੋ-ਵਾਰੀ ਨਮਸ਼ਕਾਰ ਕਰ ਪਿੱਛੇ ਹੱਟਦੇ ਗਏ, ਜਦ ਇਹ ਪ੍ਰੇਮੀ ਵੈਦ ਅਮਰਜੀਤ ਸਿੰਘ ਨਮਸ਼ਕਾਰ ਕਰਨ ਲੱਗਿਆ, ਤਾਂ ਇਸ ਨੇ ਅਰਜ਼ ਕੀਤੀ, ਮਹਾਰਾਜ ਬਹੁਤ ਸ਼ਰਧਾ ਨਾਲ ਆਇਆ ਹਾਂ, ਮਿਹਰ ਕਰੋ! ਹਜ਼ੂਰ ਨੇ ਉਸ ਦੀ ਬੇਨਤੀ ਵੱਲ ਧਿਆਨ ਨਾ ਦਿੱਤਾ, ਵੈਦ ਜੀ ਨੇ ਸਮਝਿਆ, ਸ਼ਾਇਦ ਮਹਾਰਾਜ ਜੀ ਨੂੰ ਮੇਰੀ ਗੱਲ ਸੁਣੀ ਨਹੀਂ, ਇਸ ਲਈ ਫਿਰ ਦੁਬਾਰਾ ਉਹੀ ਬੇਨਤੀ ਕੀਤੀ, ਮਹਾਰਾਜ ਮਿਹਰ ਕਰ ਦਿਉ, ਬੜੀ ਸ਼ਰਧਾ ਨਾਲ ਆਇਆ ਹਾਂ! ਹਜ਼ੂਰ ਨੇ ਫਿਰ ਵੀ ਉਸ ਤਰਫ ਧਿਆਨ ਨਾ ਦਿੱਤਾ, ਬਲਕਿ ਕੋਲ ਖੜ੍ਹੇ ਕਿਸੇ ਦੂਸਰੇ ਨਾਲ ਗੱਲਾਂ ਕਰਦੇ ਰਹੇ। ਵੈਦ ਨੇ ਹੁਣ ਤੀਜੀ ਵਾਰ ਫਿਰ ਉਹੀ ਬੇਨਤੀ ਕੀਤੀ, ਮਹਾਰਾਜ ਮਿਹਰ ਕਰੋ, ਬੜੀ ਸ਼ਰਧਾ ਨਾਲ ਚਲ ਕੇ ਆਇਆ ਹਾਂ ਆਪ ਦੀ ਸ਼ਰਨ ਵਿੱਚ। ਸ਼ਰਧਾ ਅਤੇ ਸ਼ਰਨ ਦੀ ਕੀਮਤ ਦੇ ਜਾਨਣਹਾਰ ਹੁਣ ਗਰਜ਼ ਕੇ ਬੋਲੇ, ਸ਼ਰਧਾ ਨਾਲ ਆਏ ਸਨ ਅਮਰਦਾਸ ਜੀ, ਗੁਰੂ ਅੰਗਦ ਦੇਵ ਮਹਾਰਾਜ ਦੀ ਸ਼ਰਨ ਵਿੱਚ ਬਾਰਾਂ ਸਾਲ ਗਾਗਰਾਂ ਢੋਈਆਂ ਸਨ ਪੁੱਠੇ ਪੈਰੀਂ, ਇੱਕ ਦਿਨ ਵੀ ਨਾਗਾ ਨਹੀਂ ਸੀ ਪਾਇਆ, ਹੁਣ ਤੂੰ ਦੱਸ ਆਪਣੀ ਸ਼ਰਧਾ ਦਾ ਹਾਲ? ਵੈਦ ਜੀ ਚੁੱਪ ਹੋ ਕੇ ਪਿੱਛੇ ਹੱਟ ਗਏ। ਰਸਤੇ ਵਿੱਚ ਨਾਲ ਦੇ ਪ੍ਰੇਮੀਆਂ ਨੇ ਪੁੱਛਿਆ, ਕਦਮਾਂ ਵਾਲਾ ਫਲ ਨਹੀਂ ਮੰਗਿਆ, ਕੀ ਗੱਲ ਹੋ ਗਈ? ਵੈਦ ਜੀ ਕਹਿਣ ਲੱਗੇ, ਮੈਂ ਤਾਂ ਭੁੱਲ ਗਿਆ, ਉਸ ਸਮੇਂ ਯਾਦ ਹੀ ਨਹੀਂ ਆਇਆ। ਪ੍ਰੇਮੀਆਂ ਨੇ ਕਿਹਾ, ਤੇਰੇ ਸੰਕਲਪ ਨੂੰ ਜਾਣਦੇ ਹੋਏ, ਹਜ਼ੂਰ ਨੇ ਜਵਾਬ ਤਾਂ ਦੇ ਦਿੱਤਾ ਕਿ ਸ਼ਰਧਾ ਨਾਲ ਕਦਮ ਉਠਾਇਆ ਫਲ ਤਾਂ ਬਿਅੰਤ ਹੈ, ਲੇਕਿਨ ਸ਼ਰਧਾ ਗੁਰੂ ਅਮਰਦਾਸ ਵਰਗੀ ਹੋਣੀ ਚਾਹੀਦੀ ਹੈ।

## ਬਾਬਾ ਜਗਤ ਸਿੰਘ

ਉੱਪਰ ਵਾਕਇਆਤ ਸ਼ਰਧਾ ਅਤੇ ਸ਼ਰਨ ਦਾ ਚੱਲ ਰਿਹਾ ਹੈ ਜਿਸ ਦੀ ਇੱਕ ਹੋਰ ਮਿਸਾਲ ਹੈ, ਜਗਤ ਸਿੰਘ ਜੀ ਮਿਸਤਰੀ। ਜਗਤ ਸਿੰਘ ਮਿਸਤਰੀ ਜੋ ਕਰਨਾਲ ਵਿੱਚ ਰਾਜ ਮਿਸਤਰੀ ਦਾ ਕੰਮ ਕਰਦਾ ਸੀ, ਉਹ ਬਾਰ-ਬਾਰ ਆ ਕੇ ਹਜ਼ੂਰ ਦੇ ਚਰਨਾਂ ਵਿੱਚ ਅਰਜ਼ ਕਰਦਾ, ਮਹਾਰਾਜ, ਕ੍ਰਿਪਾ ਕਰ ਦਿਉ ਸੰਸਾਰ ਦੁੱਖ ਤੋਂ ਛੁੱਟ ਜਾਈਏ, ਕੰਮ ਨੂੰ ਹੁਣ ਮਨ ਨਹੀਂ ਕਰਦਾ ਕਿਉਂਕਿ ਉਮਰ ਤਾਂ ਸਾਰੀ ਬੀਤ ਕੇ ਬੁਢਾਪਾ ਆ ਗਿਆ, ਜਿਹੜੀ ਰਹਿੰਦੀ ਹੈ ਹਜ਼ੂਰ ਦੀ ਚਰਨ ਸ਼ਰਨ ਵਿੱਚ ਬੀਤ ਜਾਵੇ। ਕ੍ਰਿਪਾ ਕਰ ਦਿਉ ਚਰਨ ਸ਼ਰਨ ਬਖਸ਼ ਦਿਉ! ਹਜ਼ੂਰ ਕੋਈ ਜਵਾਬ ਨਾ ਦਿੰਦੇ, ਚੁੱਪ ਰਹਿੰਦੇ। ਜਗਤ ਸਿੰਘ ਬਾਰ-ਬਾਰ ਆ ਕੇ ਅਜਿਹੀ ਬੇਨਤੀ ਕਰਦਾ ਰਹਿੰਦਾ ਹੈ। ਲੇਕਿਨ ਹਜ਼ੂਰ ਸੁਣ ਕੇ ਬੇਧਿਆਨੀ ਕਰ ਛੱਡਦੇ। ਕਾਫੀ ਸਮੇਂ ਤੋਂ ਅਰਜੋਈਆਂ ਕਰ ਰਹੇ ਜਗਤ ਸਿੰਘ ਦੀ ਦਰਖਾਸਤ ਸ਼ਾਇਦ ਅੱਜ ਪ੍ਰਵਾਨ ਹੋ ਗਈ, ਦਾਤੇ ਦੇ ਦਰ। ਪਰਮੇਸ਼ਰ

ਨੇ ਸਬੱਬ ਬਣਾ ਦਿੱਤਾ, ਕਿ ਜਗਤ ਸਿੰਘ ਅਰਬਨ ਅਸਟੇਟ ਵਿੱਚ ਕਿਸੇ ਦਾ ਮਕਾਨ ਬਣਾ ਰਿਹਾ ਸੀ। ਕਰਣੇ ਕਰਤਾਰ ਦੇ, ਉਸ ਮਾਲਕ ਮਕਾਨ ਦਾ ਸੀਮਿੰਟ ਮੁੱਕ ਗਿਆ ਤੀਜੇ ਪਹਿਰ। ਸੀਮਿੰਟ ਦੀ ਥੁੜ ਚੱਲ ਰਹੀ ਸੀ ਸੌਖਾ ਪ੍ਰਾਪਤ ਨਹੀਂ ਸੀ ਹੁੰਦਾ। ਲੋੜਵੰਦ ਲੋਕ ਬਲੈਕ-ਸ਼ਲੈਕ ਇੱਧਰੋਂ-ਉੱਧਰੋਂ ਪ੍ਰਾਪਤ ਕਰਦੇ ਸਨ, ਉਹ ਵੀ ਰਾਤ-ਬਰਾਤ ਦੇ ਸਮੇਂ, ਚੋਰੀ-ਛੁੱਪੇ। ਮਾਲਕ ਮਕਾਨ ਨੇ ਰਾਜ ਮਜ਼ਦੂਰਾਂ ਦੀ ਛੁੱਟੀ ਕਰ ਦਿੱਤੀ, ਕਿ ਕੱਲ੍ਹ ਤੱਕ ਮੈਂ ਸੀਮਿੰਟ ਦਾ ਕੋਈ ਇੰਤਜ਼ਾਮ ਕਰ ਲਵਾਂਗਾ, ਫਿਰ ਕੰਮ ਸ਼ੁਰੂ ਕਰਾਂਗੇ। ਜਗਤ ਸਿੰਘ ਛੁੱਟੀ ਕਰਕੇ ਹਜ਼ੂਰ ਦੇ ਚਰਨਾਂ ਵਿੱਚ ਕੁਟੀਆ ਪਹੁੰਚ ਗਿਆ। ਨਮਸ਼ਕਾਰ ਕਰਕੇ ਅਰਜ਼ ਕੀਤੀ, ਗਰੀਬ ਨਿਵਾਜ਼! ਮਿਹਰ ਕਰੋ, ਮੈਂ ਬੜੀ ਸ਼ਰਧਾ ਨਾਲ ਆਇਆ ਹਾਂ ਆਪ ਦੇ ਚਰਨਾਂ ਵਿੱਚ, ਸੰਸਾਰ ਦੁੱਖ ਤੋਂ ਛੁਡਾਉ! ਹਜ਼ੂਰ ਨੇ ਹੁਕਮ ਕਰ ਦਿੱਤਾ, ਜਾਉ ਲੰਗਰ ਵਿੱਚ ਸੇਵਾ ਸੰਭਾਲੋ! ਜਗਤ ਸਿੰਘ ਨੇ ਲੰਗਰ ਵਿੱਚ ਸੇਵਾ ਸ਼ੁਰੂ ਕਰ ਦਿੱਤੀ, ਜਿਤਨੀ ਸਰੇ ਬਣੇ, ਕਰਦਾ ਰਹਿੰਦਾ ਹੈ। ਕੁੱਝ ਸਮੇਂ ਬਾਅਦ ਹਜ਼ੂਰ ਪੰਜਾਬ ਚਲੇ ਗਏ। ਉੱਥੇ ਵੀ ਹੋਰ ਸੰਗਤਾਂ ਦੀ ਤਰ੍ਹਾਂ ਕਰਨਾਲ ਦੀਆਂ ਸੰਗਤਾਂ ਵੀ ਦਰਸ਼ਨਾਂ ਲਈ ਆ ਜਾ ਰਹੀਆਂ ਹਨ। ਇੱਕ ਦਿਨ ਜਗਤ ਸਿੰਘ ਦੇ ਮਨ ਵਿੱਚ ਆਇਆ, ਕਿ ਹੋਰ ਸਭ ਸੰਗਤਾਂ ਹਜ਼ੂਰ ਦੇ ਦਰਸ਼ਨਾਂ ਲਈ ਜਾਂਦੀਆਂ ਰਹਿੰਦੀਆਂ ਹਨ, ਮੈਂ ਵੀ ਇੱਕ ਦਿਨ ਦਰਸ਼ਨ ਕਰ ਆਵਾਂ। ਇਹ ਸੋਚ ਕੇ ਪੰਜਾਬ ਨੂੰ ਚੱਲ ਪਿਆ, ਹਜ਼ੂਰ ਉਸ ਸਮੇਂ ਨਾਭੇ ਦੇ ਕੋਲ ਚੌਧਰੀ ਮਾਜਰੇ ਰੁੱਕੇ ਹੋਏ ਸਨ। ਜਗਤ ਸਿੰਘ ਗੱਡੀ ਰਾਹੀਂ ਨਾਭੇ ਜਾ ਉਤਰਿਆ, ਉੱਥੋਂ ਕੋਈ ਤਿੰਨ ਕੁ ਮੀਲ ਦਾ ਸਫਰ ਪੈਦਲ ਕਰਕੇ ਪਹੁੰਚ ਗਿਆ *ਚੌਧਰੀ ਮਾਜਰੇ*। ਅੱਗੇ ਕਰਮ ਸਿੰਘ ਨੇ ਦੱਸਿਆ ਕਿ ਮਹਾਰਾਜ ਤਾਂ ਅੱਜ ਥੋੜ੍ਹੀ ਦੇਰ ਹੀ ਹੋਈ ਹੈ *ਤੁਗਮਰੀ* ਨੂੰ ਚਲੇ ਗਏ, ਲੇਕਿਨ ਉਨ੍ਹਾਂ ਦਾ ਇੱਕ ਜੋੜਾ ਇੱਥੇ ਰਹਿ ਗਿਆ, ਮੈਂ ਉਹ ਦੇਣ ਲਈ ਮੋਟਰ ਸਾਈਕਲ ਤੇ ਜਾ ਰਿਹਾ ਹਾਂ, ਤੁਸੀਂ ਉੱਥੇ ਜਾਣਾ ਹੈ ਮੇਰੇ ਨਾਲ ਤੁਰ ਚਲੋ। ਜਗਤ ਸਿੰਘ ਤਾਂ ਆਇਆ ਹੀ ਦਰਸ਼ਨਾਂ ਲਈ ਸੀ, ਇਸ ਲਈ ਕਰਮ ਸਿੰਘ ਦੇ ਨਾਲ ਮੋਟਰ ਸਾਈਕਲ ਤੇ *ਤੁਗਮਰੀ* ਪਹੁੰਚ ਗਿਆ। ਹਜ਼ੂਰ ਦੇ ਚਰਨਾਂ ਵਿੱਚ ਨਮਸ਼ਕਾਰ ਕਰਦਿਆਂ ਹੀ ਦਾਤੇ ਨੇ ਜਲਾਲ ਵਿੱਚ ਆ ਕੇ ਆਖਿਆ, ਤੂੰ ਕਿਉਂ ਆਇਆ ਹੈਂ? ਮਹਾਰਾਜ ਹਜ਼ੂਰ ਦੇ ਦਰਸ਼ਨ ਕਰਨ ਵਾਸਤੇ। ਮਹਾਰਾਜ ਨੇ ਫਿਰ ਪੁੱਛਿਆ, ਉੱਥੇ ਜਿਹੜੀ ਤੈਨੂੰ ਸੇਵਾ ਦਿੱਤੀ ਸੀ, ਉਹ ਕੌਣ ਕਰੇਗਾ? ਮਹਾਰਾਜ! ਉੱਥੇ ਹੋਰ ਸੰਗਤ ਹੈ ਉਹ ਕਰ ਲੈਣਗੇ! ਹਜ਼ੂਰ ਗਰਜਵੀਂ ਆਵਾਜ਼ ਵਿੱਚ ਬੋਲੇ, ਬਾਰਾਂ ਸਾਲਾਂ ਵਿੱਚ ਗੁਰੂ ਅਮਰਦਾਸ ਜੀ, ਨੇ ਵੀ ਇਹ ਕਦੇ ਸੋਚਿਆ ਸੀ, ਕਿ ਅੱਜ ਪਾਣੀ ਦੀ ਗਾਗਰ ਕੋਈ ਹੋਰ ਲੈ ਆਵੇਗਾ? ਜਗਤ ਸਿੰਘ ਖੜ੍ਹਾ ਥਰਥਰ ਕੰਬੀ ਜਾ ਰਿਹਾ ਹੈ। ਹਜ਼ੂਰ ਨੇ ਹਰਨੇਕ ਸਿੰਘ ਨੂੰ ਹੁਕਮ ਕੀਤਾ, ਇਹਨੂੰ ਹੁਣੇ ਹੀ ਖੰਨੇ ਤੋਂ ਬੱਸ ਚੜ੍ਹਾ ਆਉ। ਹੁਕਮ ਦੀ ਤਾਮੀਲ ਕੀਤੀ ਗਈ। ਜਗਤ ਸਿੰਘ ਨੂੰ ਉਨ੍ਹੀਂ ਹੀ ਪੈਰੀਂ ਬਗੈਰ ਕੁੱਝ ਖਾਦੇ-ਪੀਤੇ ਵਾਪਸ ਮੋੜ ਦਿੱਤਾ। ਜਗਤ ਸਿੰਘ ਜੀ ਨੂੰ ਸ਼ਰਧਾ ਅਤੇ ਸ਼ਰਨ ਦੀ ਪ੍ਰੀਭਾਸ਼ਾ ਹੁਣ ਪੂਰੀ ਤਰ੍ਹਾਂ ਸਮਝ ਵਿੱਚ ਆ ਗਈ। ਫਿਰ ਪੂਰੀ ਜ਼ਿੰਦਗੀ ਸੇਵਾ ਕਰਦਾ ਹੋਇਆ ਵਕਤੇ-ਅਖੀਰ ਕੁਰਸੀ ਤੇ ਬੈਠਾ ਹੀ ਪ੍ਰਾਣ ਤਿਆਗ ਗਿਆ।

## ਬੁੱਧੀ ਮੰਡਲ ਤੋਂ ਪਰੇ ਦਾ ਖੇਡ

ਸਮਾਂ 1981 ਦੇ ਸ਼ੁਰੂ ਦਾ ਹੈ, ਜਦੋਂ ਹਜ਼ੂਰ ਵਿਰੱਕਤ ਮਹਾਰਾਜ ਜੀ ਕਰਨਾਲ ਕੁਟੀਆ ਵਿੱਚ ਠਹਿਰ ਕੇ ਪ੍ਰੇਮੀ ਸੇਵਕਾਂ ਨੂੰ ਮਨ ਵਾਂਛਤ ਪਦਾਰਥਾਂ ਦੇ ਖਜ਼ਾਨੇ ਲੁਟਾ ਰਹੇ ਸਨ। ਨਾਭੇ ਤੋਂ ਇੱਕ ਸੱਜਣ ਸਰਵਣ ਸਿੰਘ ਵੜੈਚ ਜੋ ਟਰੱਕਾਂ ਦਾ ਕੰਮ ਕਰਦਾ ਹੈ, ਹਜ਼ੂਰ ਦੇ ਚਰਨਾਂ ਵਿੱਚ ਕਰਨਾਲ ਪਹੁੰਚਿਆ। ਅਰਜ਼ ਕੀਤੀ, ਮਹਾਰਾਜ! ਮੈਂ ਘਰ ਅਖੰਡ ਪਾਠ ਸਾਹਿਬ ਕਰਵਾਉਣਾ ਹੈ, ਆਪ ਕ੍ਰਿਪਾ ਕਰਕੇ ਕੋਈ ਤਾਰੀਖ ਬਖਸ਼ ਦਿਉ, ਹਜ਼ੂਰ ਦੇ ਮੁਬਾਰਕ ਚਰਨ ਪੈਣ ਨਾਲ ਸਾਡਾ ਕਾਰਜ ਰਾਸ ਹੋ ਜਾਵੇਗਾ। ਆਪ ਬੋਲੇ, ਬਾਈ ਬਹੁਤ ਚੰਗਾ ਸੰਕਲਪ ਹੈ ਤੁਹਾਡਾ, ਜ਼ਰੂਰ ਕਰਾਉ ਪਾਠ ਸਾਹਿਬ। ਸਰਵਨ ਸਿੰਘ ਨੇ ਫਿਰ ਅਰਜ਼ ਕੀਤੀ, ਮਹਾਰਾਜ ਆਪ ਕੋਈ ਤਾਰੀਖ ਬਖਸ਼ੋਗੇ ਤਾਂ ਹੀ ਕਰਾਵਾਂਗੇਂ, ਕਿਉਂਕਿ ਆਪ ਜੀ ਦੇ ਕਥਾ ਪ੍ਰਵਚਨ ਹੋਣ ਨਾਲ ਸੰਗਤਾਂ ਗੁਰਬਾਣੀ ਵਿਚਾਰ ਦਾ ਲਾਭ ਉਠਾ ਲੈਣਗੀਆਂ। ਹਜ਼ੂਰ ਨੇ ਕੁੱਝ ਦੇਰ ਕੋਈ ਜਵਾਬ ਨਾ ਦਿੱਤਾ, ਥੋੜ੍ਹੇ ਸਮੇਂ ਬਾਅਦ ਗੰਭੀਰ ਮੁਦਰਾ ਵਿੱਚ ਬੋਲੇ, ਠੀਕ ਹੈ ਜੈਸੇ ਕਰਤਾਰ ਕਰਵਾਏਗਾ, ਤੁਸੀਂ ਮਾਘ ਦੀ ਇਸ ਤਾਰੀਖ ਦਾ ਭੋਗ ਰੱਖ ਲਉ। ਸਰਵਨ ਸਿੰਘ ਤਾਂ ਵਾਪਸ ਆ ਕੇ ਆਪਣੇ ਸਮਾਗਮ ਦੀ ਤਿਆਰੀ ਵਿੱਚ ਲੱਗ ਗਿਆ, ਉੱਧਰ

ਹਜ਼ੂਰ ਦੀ ਨਿੱਤ ਕਿਰਿਆ ਉਹੀ, ਕਿਸੇ ਨਾ ਕਿਸੇ ਪ੍ਰੇਮੀ ਦੇ ਘਰ ਰੋਜ਼ ਅਖੰਡ ਪਾਠ ਸਾਹਿਬ ਦਾ ਭੋਗ ਉਪਰੰਤ ਹਜ਼ੂਰ ਦੀ ਕਥਾ ਅਤੇ ਗੁਰੂ ਕੇ ਲੰਗਰ! ਫਿਰ ਆ ਕੇ ਕੁਟੀਆ ਵਿੱਚ ਕਿਸੇ ਪੋਥੀ ਦੀ ਵਿਚਾਰ। ਇਸ ਪ੍ਰਕਾਰ ਸੰਗਤਾਂ ਅੱਠੇ ਪਹਿਰ ਲਾਭ ਉਠਾ ਰਹੀਆਂ ਹਨ। ਅੱਜ ਕਿਸੇ ਪ੍ਰੇਮੀ ਦੇ ਘਰ ਅਖੰਡ ਪਾਠ ਸਾਹਿਬ ਦਾ ਭੋਗ ਪਿਆ, ਉਪਰੰਤ ਹਜ਼ੂਰ ਕਥਾ ਕਰ ਰਹੇ ਹਨ, ਲੇਕਿਨ ਪ੍ਰਤੀਤ ਇਉਂ ਦੇ ਰਹੇ ਹਨ ਜਿਵੇਂ ਸਰੀਰ ਸੰਸਾਰ ਤੋਂ ਬੇਖਬਰ ਹੋਏ ਕਿਸੇ ਉਨਮਨੀ ਅਵੱਸਥਾ ਵਿੱਚ ਵਖਿਆਨ ਕਰ ਰਹੇ ਹੋਣ। ਸਮਾਪਤੀ ਤੇ ਆਪ ਕੁਟੀਆ ਪਹੁੰਚ ਗਏ। ਇੱਕ ਪ੍ਰੇਮੀ ਨੇ ਅਰਜ਼ ਕੀਤੀ, ਮਹਾਰਾਜ! ਅੱਜ ਤਾਂ ਇਉਂ ਲੱਗ ਰਿਹਾ ਸੀ ਜਿਵੇਂ ਆਪ ਚੌਥੇ ਪਦ ਵਿੱਚ ਸਥਿਤ ਹੋ ਕੇ ਕਥਾ ਕਰ ਰਹੇ ਸੀ। ਪ੍ਰੇਮੀ ਦੀ ਗੱਲ ਸੁਣ ਕੇ ਹਜ਼ੂਰ ਨੇ ਪਵਿੱਤਰ ਮੁੱਖ ਤੋਂ ਕੋਈ ਬਚਨ ਨਾ ਕੀਤਾ। ਖੈਰ, ਕੱਲ੍ਹ ਨੂੰ ਦਿੱਤੀ ਤਾਰੀਖ ਅਨੁਸਾਰ ਸਰਵਨ ਸਿੰਘ ਨਾਭਾ ਦੇ ਘਰ ਅਖੰਡ ਪਾਠ ਸਾਹਿਬ ਦਾ ਭੋਗ ਪੈਣਾ ਹੈ ਇਸ ਲਈ ਸ਼ਾਮ ਨੂੰ ਮਹਾਰਾਜ ਜੀ ਖੋਖ ਕੁਟੀਆ ਪਹੁੰਚ ਗਏ। ਆਪ ਜੀ ਦੇ ਸਰੀਰ ਵੱਲ ਦੇਖਿਆਂ ਅੱਜ ਇਉਂ ਪ੍ਰਤੀਤ ਦੇ ਰਿਹਾ ਹੈ ਜਿਵੇਂ ਆਪ ਸਰੀਰ ਨੂੰ ਬਿਲਕੁੱਲ ਸੱਤਾ ਨਹੀਂ ਦੇ ਰਹੇ ਬਲਕਿ ਸਰੀਰ ਤੋਂ ਬਿਲਕੁੱਲ ਬੇਖਬਰ ਹੋਏ, ਕਿਸੇ ਅਣਡਿੱਠੀ ਮੌਜ ਵਿੱਚ ਲੀਨ ਹਨ। ਪਵਿੱਤਰ ਮੁੱਖ ਤੋਂ ਗੱਲਬਾਤ ਭਾਵੇਂ ਆਪਣੀ ਮੌਜ ਵਿੱਚ ਕਦੇ-ਕਦੇ ਕਰਨ ਲੱਗ ਜਾਂਦੇ ਹਨ, ਲੇਕਿਨ ਕਿਸੇ ਹੋਰ ਦੀ ਗੱਲ ਵੱਲ ਧਿਆਨ ਨਹੀਂ ਦਿੰਦੇ, ਖਾਧਾ-ਪੀਤਾ ਵੀ ਕੁੱਝ ਨਹੀਂ। ਰਾਮ ਸਿੰਘ ਜੀ ਨੂੰ ਪਹਿਲਾਂ ਹੀ ਪਤਾ ਸੀ ਕਿ ਫਲਾਣੀ ਤਾਰੀਖ ਨੂੰ ਮਹਾਰਾਜ ਖੋਖ ਪਿੰਡ ਆ ਰਹੇ ਹਨ, ਇਸ ਲਈ ਉਹ ਵੀ ਛੁੱਟੀ ਲੈ ਕੇ ਬਰਨਾਲਿਉਂ ਖੋਖ ਪਹੁੰਚ ਕੇ, ਹਜ਼ੂਰ ਦੀ ਸੇਵਾ ਵਿੱਚ ਤਤਪਰ ਹੋ ਗਏ। ਸਾਰੀ ਰਾਤ ਅੱਜ ਆਪ ਨੇ ਇਵੇਂ ਹੀ ਗੁਜਾਰੀ ਸ਼ਾਇਦ ਅੱਜ ਸੁੱਤੇ ਵੀ ਨਹੀਂ। ਦਿਨ ਚੜ੍ਹੇ ਨਾਭੇ ਤੋਂ ਡਾਕਟਰ ਰਾਜਵੰਤ ਸਿੰਘ ਨੂੰ ਲਿਆਂਦਾ ਗਿਆ ਉਸਨੇ ਚੈਕਅਪ ਕਰਕੇ ਦੱਸਿਆ, ਕਿ ਮੈਨੂੰ ਸ਼ੱਕ ਹੈ ਕਿ ਮਹਾਰਾਜ ਦੇ ਦੋਨੋਂ ਗੁਰਦੇ ਫੇਲ੍ਹ ਹੋ ਗਏ ਹਨ, ਲੇਕਿਨ ਫਿਰ ਵੀ ਇਹ-ਇਹ ਟੈਸਟ ਕਰਵਾਉ, ਪੂਰਾ-ਪੂਰਾ ਪਤਾ ਤਾਂ ਫਿਰ ਹੀ ਲੱਗੇਗਾ। ਡਾਕਟਰ ਦੇ ਦੱਸੇ ਮੁਤਾਬਿਕ ਬਲੱਡ, ਪਿਸ਼ਾਬ ਆਦਿਕ ਸੈਂਪਲ ਲੈ ਕੇ ਪਟਿਆਲੇ ਕਮਲ ਲੈਬੋਰਟਰੀ ਵਿੱਚ ਟੈਸਟ ਕਰਵਾਏ, ਉਨ੍ਹਾਂ ਵਿੱਚ ਗੁਰਦਿਆਂ ਦੀ ਹੀ ਖਰਾਬੀ ਦਾ ਸੰਕੇਤ ਮਿਲਿਆ। ਮਹਾਂਪੁਰਸ਼ਾਂ ਦੀ ਐਸੀ ਹਾਲਤ ਦੇਖ ਕੇ ਕਰਨਾਲ ਅਤੇ ਦਿੱਲੀ ਆਦਿ ਥਾਵਾਂ ਤੇ ਟੈਲੀਫੋਨ ਰਾਹੀਂ ਸੰਗਤਾਂ ਨੂੰ ਦਸ ਦਿੱਤਾ ਗਿਆ। ਦਿਨ ਨੂੰ ਕੋਈ ਇੱਕ ਕੁ ਵਜੇ ਹਜ਼ੂਰ ਨੇ ਹੁਕਮ ਕੀਤਾ, ਕਿ ਗੁਰੂ ਗ੍ਰੰਥ ਸਾਹਿਬ ਵਿੱਚੋਂ ਦੇਖ ਕੇ ਗਉੜੀ ਰਾਗ ਦਾ ਚੌਥਾ ਸ਼ਬਦ ਲਿਖ ਕੇ ਲੈ ਆਉ। ਹਰਨੇਕ ਸਿੰਘ ਨਾਂ ਦਾ ਇੱਕ ਪ੍ਰੇਮੀ ਗੁਰਦੁਵਾਰਾ ਸਾਹਿਬ ਜਾ ਕੇ ਲਿਖ ਲੈ ਆਇਆ—

ਸ਼ਬਦ ਸੀ—

ਪਉਣੈ ਪਾਣੀ ਅਗਨੀ ਕਾ ਮੇਲੁ ॥ ਚੰਚਲ ਚਪਲ ਬੁਧਿ ਦਾ ਖੇਲੁ ॥
ਨਉ ਦਰਵਾਜੇ ਦਸਵਾ ਦੁਆਰੁ ॥ ਬੁਝੁ ਰੇ ਗਿਆਨੀ ਏਹੁ ਬੀਚਾਰੁ ॥
ਕਥਤਾ ਬਕਤਾ ਸੁਨਤਾ ਸੋਈ ॥ ਆਪੁ ਬੀਚਾਰੇ ਸੁ ਗਿਆਨ ਹੋਈ ॥ ਰਹਾਉ ॥
ਦੇਹੀ ਮਾਟੀ ਬੋਲੈ ਪਉਣੁ ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥
ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ ॥
ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥ ਭੀਤਰਿ ਹੋਦੀ ਵਸਤੁ ਨ ਜਾਣੈ ॥
ਹਉ ਨ ਮੂਆ ਮੇਰੀ ਮੁਈ ਬਲਾਇ ॥ ਓਹੁ ਨ ਮੂਆ ਜੋ ਰਹਿਆ ਸਮਾਇ ॥
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥ ਮਰਤਾ ਜਾਤਾ ਨਦਰਿ ਨ ਆਇਆ ॥

*(ਗਉੜੀ ਮ: ੧, ਪੰਨਾ-੧੫੨)*

ਹੁਕਮ ਕੀਤਾ, ਗੁਰਨਾਮ ਸਿਹਾਂ ਇਸ ਕਾਗਜ ਨੂੰ ਜੇਬ ਵਿੱਚ ਪਾ ਲੈ। ਇਸ ਸ਼ਬਦ ਵਾਲਾ ਖੇਲ੍ਹ ਦੇਖ-ਸੁਣ ਕੇ ਸੰਗਤਾਂ ਵਿੱਚ ਬੇਚੈਨੀ ਪੈਦਾ ਹੋ ਗਈ, ਕਿ ਹਜ਼ੂਰ ਕੋਈ ਸਰੀਰ ਦਾ ਭਾਣਾ ਵਰਤਾਉਣ ਵਾਲੇ ਹਨ। ਕਿਉਂਕਿ ਇਸ ਸ਼ਬਦ ਦਾ

ਵਿਚਾਰ ਸਰੀਰ ਦਾ ਨਿਸ਼ੇਧ ਕਰਕੇ, ਆਤਮਾ ਦੀ ਮਹੱਤਤਾ ਅਤੇ ਨਿਰਲੇਪਤਾ ਦਾ ਭਾਵ ਪ੍ਰਗਟ ਕਰਦਾ ਸੀ। ਉਧਰ ਹਜ਼ੂਰ ਆਪਣੀ ਮੌਜ ਵਿੱਚ ਕਦੇ ਕੋਈ ਗੁਰਬਾਣੀ ਦੀ ਪੰਕਤੀ ਬੋਲਣੀ ਸ਼ੁਰੂ ਕਰ ਦਿੰਦੇ ਹਨ, ਕਦੇ ਕਿਸੇ ਪੰਕਤੀ ਦੇ ਅਰਥ। ਇਸੇ ਹਾਲਤ ਵਿੱਚ ਸ਼ਾਮ ਦੇ ਚਾਰ ਕੁ ਵਜੇ ਦਾ ਸਮਾਂ ਹੋ ਗਿਆ, ਇਤਨੇ ਨੂੰ ਸਰਵਨ ਸਿੰਘ ਨਾਭਾ ਆਪਣੇ ਘਰ ਭੋਗ ਦਾ ਸਾਰਾ ਸਮਾਗਮ ਨਿਪਟਾ ਕੇ ਖੋਖ ਕੁਟੀਆ ਪਹੁੰਚ ਗਿਆ ਹਜ਼ੂਰ ਦੇ ਪਵਿੱਤਰ ਚਰਨਾਂ ਵਿੱਚ। ਉਸ ਨੇ ਕੁੱਝ ਵਸਤਰ ਹਜ਼ੂਰ ਦੇ ਚਰਨਾਂ ਵੱਲ ਰੱਖ ਕੇ ਨਮਸ਼ਕਾਰ ਕੀਤੀ, ਉਪਰੰਤ ਹੱਥ ਜੋੜ ਕੇ ਖੜ੍ਹ ਗਿਆ। ਮਹਾਰਾਜ ਉਸ ਵੱਲ ਤੱਕ ਕੇ ਥਥਲਾਂਦੀ ਆਵਾਜ਼ ਨਾਲ ਬੋਲੇ, ਓ ਭਾਈ! ਅਸੀਂ ਤੇਰੇ ਭੋਗ ਤੇ ਨਹੀਂ ਪਹੁੰਚ ਸਕੇ! ਸਰਵਨ ਸਿੰਘ ਨੇ ਅਰਜ਼ ਕੀਤੀ, ਮਹਾਰਾਜ! ਆਪ ਸਰੀਰ ਦੀ ਐਸੀ ਹਾਲਤ ਵਿੱਚ ਐਥੇ ਪਹੁੰਚ ਗਏ ਮੈਨੂੰ ਇਹੀ ਬਹੁਤ ਖੁਸ਼ੀ ਹੈ, ਮੈਂ ਸਮਝਦਾ ਹਾਂ ਮੇਰੇ ਘਰ ਹੀ ਪਹੁੰਚ ਗਏ। ਆਪ ਦੀ ਕ੍ਰਿਪਾ ਨਾਲ ਮੇਰਾ ਸਾਰਾ ਕਾਰਜ ਬਹੁਤ ਚੰਗੇ ਤਰੀਕੇ ਸੰਪੂਰਨ ਹੋ ਗਿਆ, ਇਸ ਲਈ ਮੇਰਾ ਰੋਮ-ਰੋਮ ਆਪ ਦਾ ਸ਼ੁਕਰ ਗੁਜ਼ਾਰ ਹੈ। ਕ੍ਰਿਪਾ ਕਰੋ ਆਪ ਦੇ ਚਰਨਾਂ ਦੀ ਇਹ ਤੁੱਛ ਭੇਟਾਂ ਵਸਤਰ ਪ੍ਰਵਾਨ ਕਰੋ। ਹਜ਼ੂਰ ਬੋਲੇ ਭਾਈ ਸਾਡੇ ਕੋਲ ਤਾਂ ਲੋੜ ਅਨੁਸਾਰ ਵਸਤਰ ਬਹੁਤ ਹਨ। ਸਰਵਨ ਸਿੰਘ ਨੇ ਅਰਜ਼ ਕੀਤੀ, ਮਹਾਰਾਜ ਮੈਂ ਜਾਣਦਾ ਹਾਂ, ਆਪ ਡਿੱਠ ਅਣਡਿੱਠ ਯਾਨੀ ਸਾਰੇ ਪ੍ਰਕਾਰ ਦੇ ਖਜ਼ਾਨਿਆਂ ਦੇ ਮਾਲਕ ਹੋ, ਪਰੰਤੂ ਮੈਂ ਵੀ ਬਹੁਤ ਸ਼ਰਧਾ ਨਾਲ ਲੈ ਕੇ ਆਇਆ ਹਾਂ, ਇਸ ਲਈ ਮੇਰੇ ਕਰਕੇ ਹੀ ਆਪ ਪ੍ਰਵਾਨ ਕਰ ਲਉ। ਹਜ਼ੂਰ ਬੋਲੇ ਭਾਈ ਜੇ ਅਸੀਂ ਕਿਸੇ ਨੂੰ ਦੇ ਦੇਈਏ, ਤਾਂ ਤੈਨੂੰ ਇਤਰਾਜ਼ ਤਾਂ ਨਹੀਂ? ਮਹਾਰਾਜ! ਆਪ ਦੇ ਪਵਿੱਤਰ ਹੱਥ ਜਿਸ ਵਕਤ ਇਨ੍ਹਾਂ ਨੂੰ ਛੋਹ ਗਏ, ਬੱਸ ਮੇਰੀ ਸ਼ਰਧਾ ਪੂਰੀ ਹੋ ਗਈ, ਫਿਰ ਭਾਵੇਂ ਕਿਸੇ ਨੂੰ ਦੇ ਦਿਉ! ਹਜ਼ੂਰ ਨੇ ਉਸੇ ਤਰ੍ਹਾਂ ਮੰਜੇ ਤੇ ਲੇਟੇ ਹੀ ਇੱਕ-ਇੱਕ ਕਰਕੇ ਮੰਜੇ ਦੇ ਦੁਆਲੇ ਚਰਨਾਂ ਵਿੱਚ ਖੜੇ ਸੇਵਕਾਂ ਨੂੰ ਵਰਤਾ ਦਿੱਤੇ। ਇੱਕ ਭਗਵੇਂ ਰੰਗ ਦੀ ਸੁੰਦਰ ਸਾਲ ਅਤੇ ਹੋਰ ਵਸਤਰ ਜਿਨ੍ਹਾਂ-ਜਿਨ੍ਹਾਂ ਪ੍ਰੇਮੀਆਂ ਨੂੰ ਪ੍ਰਾਪਤ ਹੋਏ, ਉਨ੍ਹਾਂ ਨੇ ਹਜ਼ੂਰ ਦੀ ਬਖਸ਼ਿਸ਼ ਜਾਣ ਕੇ ਬੜੀ ਸ਼ਰਧਾ ਨਾਲ ਮਸਤਕ ਨੂੰ ਲਾਏ, ਜਿਵੇਂ ਕੋਈ ਅਨਡਿੱਠ ਖਜ਼ਾਨੇ ਦੀ ਪ੍ਰਾਪਤੀ ਹੋ ਗਈ।

ਇਤਨੇ ਨੂੰ ਦਿਨ ਦਾ ਛਿਪਾ ਹੋ ਆਇਆ, ਨਾਭੇ ਤੋਂ ਡਾਕਟਰ ਰਾਜਵੰਤ ਸਿੰਘ ਨੇ ਆ ਕੇ ਟੈਸਟਾਂ ਦੀਆਂ ਰਿਪੋਰਟਾਂ ਦੇਖ ਕੇ ਦਵਾਈ ਸ਼ੁਰੂ ਕਰ ਦਿੱਤੀ। ਉਸ ਤੋਂ ਥੋੜ੍ਹੀ ਦੇਰ ਬਾਅਦ ਹੀ ਦਿੱਲੀ ਤੋਂ ਅਮਰੀਕ ਚੰਦ ਅਤੇ ਦਰਸ਼ਨ ਲਾਲ ਚਾਵਲਾ ਭਰਾ, ਇੱਕ ਵੱਡੇ ਡਾਕਟਰ ਨੂੰ ਨਾਲ ਲੈ ਕੇ ਪਹੁੰਚ ਗਏ। ਉਸ ਡਾਕਟਰ ਨੇ ਵੀ ਟੈਸਟ ਰਿਪੋਰਟਾਂ ਦੇਖ ਕੇ ਦੱਸਿਆ, ਕਿ ਮਹਾਰਾਜ ਦੀਆਂ ਦੋਨੋਂ ਕਿਡਨੀਆਂ ਡੈਮਜ ਹੋ ਚੁੱਕੀਆਂ ਹਨ। ਡਾਕਟਰ ਰਾਜਵੰਤ ਵਾਲੀ ਪਰਚੀ ਦੀ ਦਵਾਈ ਦੇਖ ਕੇ ਦੱਸਿਆ ਕਿ ਦਵਾਈ ਤਾਂ ਬਿਲਕੁੱਲ ਇਹੀ ਠੀਕ ਹੈ, ਲੇਕਿਨ ਇਨ੍ਹਾਂ ਦੇ ਨਾਲ ਗੱਲ ਘੱਟ ਕਰੋ ਕਿਉਂਕਿ ਜਿਤਨਾ ਮਹਾਰਾਜ ਘੱਟ ਬੋਲਣਗੇ, ਉਤਨਾ ਚੰਗਾ ਰਹੇਗਾ। ਹੁਣ ਸਾਰੀ ਸੰਗਤ ਨੂੰ ਬਾਹਰ ਰੋਕ ਦਿੱਤਾ, ਹਜ਼ੂਰ ਦੇ ਕੋਲ ਮੁੱਖ ਸੇਵਕ ਰਾਮ ਜੀ ਅਤੇ ਇੱਕ-ਦੋ-ਪ੍ਰੇਮੀ ਹੋਰ ਰਹੇ ਬਾਕੀ ਸਭ ਸੰਗਤਾਂ ਨੂੰ ਬੇਨਤੀ ਕਰਕੇ ਘਰਾਂ ਨੂੰ ਤੋਰ ਦਿੱਤਾ। ਹਜ਼ੂਰ ਆਪਣੀ ਮੌਜ ਵਿੱਚ ਰਾਤ ਨੂੰ ਕਹਿਣ ਲੱਗੇ, ਉਪਰ ਜਾਣਾ ਹੈ। ਸੇਵਕਾਂ ਨੇ ਅਰਜ਼ ਕੀਤੀ, ਮਹਾਰਾਜ, ਡਾਕਟਰ ਬੋਲ ਕੇ ਗਿਆ ਹੈ ਆਪ ਜੀਆਂ ਨੇ ਹਿਲਣਾ ਚੱਲਣਾ ਬਹੁਤ ਘੱਟ ਹੈ ਇਸ ਲਈ ਕ੍ਰਿਪਾ ਕਰਕੇ ਇੱਥੇ ਹੀ ਸਜੇ ਰਹੋ। ਉਸ ਸਮੇਂ ਇਉਂ ਪ੍ਰਤੀਤ ਦੇ ਰਿਹਾ ਸੀ ਕਿ ਹਜ਼ੂਰ ਕਿਸੇ ਦੂਜੇ ਦੀ ਆਵਾਜ਼ ਬਿਲਕੁੱਲ ਨਹੀਂ ਸੁਣ ਰਹੇ, ਆਪਣੀ ਮੌਜ ਵਿੱਚ ਬਾਰ-ਬਾਰ ਕਹਿਣਾ ਸ਼ੁਰੂ ਕੀਤਾ ਕਿ ਉਪਰ ਜਾਣਾ ਹੈ। ਸੇਵਕਾਂ ਨੇ ਹੁਕਮ ਅਦੂਲੀ ਦੇ ਡਰੋਂ ਆਪ ਦਾ ਮੰਜਾ ਕੰਧਿਆਂ ਤੇ ਉਠਾਇਆ, ਫਿਰ ਸਹਿਜੇ-ਸਹਿਜੇ ਉਪਰ ਚੋਬਾਰੇ ਵਿੱਚ ਲੈ ਗਏ। ਥੋੜ੍ਹੀ ਦੇਰ ਤਾਂ ਹਜ਼ੂਰ ਆਪਣੀ ਮੋਜ ਵਿੱਚ ਥਥਲਾਂਦੀ ਆਵਾਜ਼ ਨਾਲ ਕੁੱਝ ਪਰਮਾਰਥਕ ਬਚਨ ਉਚਾਰਦੇ ਰਹੇ, ਲੇਕਿਨ ਅਚਾਨਕ ਫਿਰ ਕਹਿਣਾ ਸ਼ੁਰੂ ਕਰ ਦਿੱਤਾ, ਕਿ ਥੱਲੇ ਜਾਣਾ ਹੈ। ਸੇਵਕ ਡਰਦੇ ਸਨ ਕਿ ਜ਼ਿਆਦਾ ਹਿਲਣ, ਚੱਲਣ ਨਾਲ ਬੀਮਾਰੀ ਜ਼ੋਰ ਨਾ ਫੜ ਲਵੇ, ਪਰ ਹਜ਼ੂਰ ਆਪਣੀ ਮੌਜ ਵਿੱਚ ਬਾਰ-ਬਾਰ ਕਹੀ ਜਾ ਰਹੇ ਹਨ ਹੇਠਾਂ ਜਾਣਾ ਹੈ। ਸੇਵਕਾਂ ਨੇ ਫਿਰ ਹੁਕਮ ਨੂੰ ਪਿਆਰਾ ਜਾਣ ਕੇ ਡਾਕਟਰਾਂ ਦੀ ਪ੍ਰਵਾਹ ਨਾ ਕਰਦੇ ਹੋਏ, ਮੰਜਾ ਮੋਢਿਆਂ ਤੇ ਉਠਾ ਕੇ ਹੇਠਾਂ ਲੈ ਆਏ। ਇਸੇ ਪ੍ਰਕਾਰ ਸਾਰੀ ਰਾਤ ਗੁਜ਼ਰ ਗਈ। ਦਿਨ ਚੜ੍ਹ ਆਇਆ, ਦੋ ਦਿਨ ਤੋਂ ਕੁੱਝ ਛਕਿਆ ਨਹੀਂ, ਦੋ ਰਾਤਾਂ ਗੁਜ਼ਰ ਗਈਆਂ ਆਪ ਪਲ ਭਰ ਸੁੱਤੇ ਵੀ ਨਹੀਂ, ਲੇਕਿਨ ਚਿਹਰੇ ਤੇ ਕੋਈ ਬੀਮਾਰੀ ਦਾ ਅਸਰ, ਉਨੀਂਦਰੇ ਦੀ ਬੇਚੈਨੀ ਯਾ ਭੁੱਖ ਆਦਿ ਦਾ ਕੋਈ ਰੱਤਾ ਭਰ ਵੀ ਚਿੰਨ੍ਹ ਨਜ਼ਰ ਨਹੀਂ ਆ ਰਿਹਾ। ਚਿਹਰੇ ਤੇ ਉਹੀ ਜਲਾਉ, ਉਹੀ ਤੇਜ਼ ਆਭਾ ਮਾਰ ਰਿਹਾ ਹੈ। ਡਾਕਟਰ ਲੋਕ ਤਾਂ ਕਹਿ ਰਹੇ ਹਨ ਹਜ਼ੂਰ ਨੂੰ ਬੁਲਾਉ ਘੱਟ,

ਲੇਕਿਨ ਆਪ ਆਪਣੀ ਮੌਜ ਵਿੱਚ ਲੀਨ ਹੋਏ ਥਤਲਾਂਦੀ ਆਵਾਜ਼ ਨਾਲ ਕੋਈ ਗੁਰਬਾਣੀ ਦੀ ਪੰਕਤੀ ਯਾ ਪਰਮਾਰਥਕ ਬਚਨ ਉਚਾਰੀ ਜਾ ਰਹੇ ਹਨ। ਦਿੱਲੀ ਵਾਲੇ ਡਾਕਟਰ ਨੇ ਅਮਰੀਕ ਚੰਦ ਨੂੰ ਸਲਾਹ ਦਿੱਤੀ, ਕਿ ਹਜ਼ੂਰ ਨੂੰ ਦਿੱਲੀ ਲੈ ਚਲੋ, ਕਿਉਂਕਿ ਉੱਥੇ ਚੱਲਕੇ ਹੀ ਇਲਾਜ ਠੀਕ ਤਰੀਕੇ ਹੋ ਸਕੇਗਾ। ਚਾਵਲਾ ਭਰਾਵਾਂ ਨੇ ਹਜ਼ੂਰ ਦੇ ਚਰਨਾਂ ਵਿੱਚ ਅਰਜ਼ ਕੀਤੀ, ਮਹਾਰਾਜ! ਆਪ ਕ੍ਰਿਪਾ ਕਰਕੇ ਦਿੱਲੀ ਚੱਲੋ! ਆਪ ਜੀਆਂ ਦਾ ਸਰੀਰ ਠੀਕ ਨਹੀਂ ਹੈ, ਉੱਥੇ ਚੱਲ ਕੇ ਇਲਾਜ ਕਰਵਾਵਾਂਗੇ। ਆਪ ਨੇ ਜਵਾਬ ਦੇ ਦਿੱਤਾ, ਕਿ ਦਿੱਲੀ ਨਹੀਂ ਜਾਣਾ। ਅਮਰੀਕ ਚੰਦ ਅਤੇ ਦਰਸ਼ਨ ਲਾਲ ਦੋਨੋਂ ਭਰਾਵਾਂ ਨੇ ਬਹੁਤ ਬੇਨਤੀਆਂ ਕੀਤੀਆਂ, ਲੇਕਿਨ ਆਪ ਦਿੱਲੀ ਜਾਣ ਲਈ ਹਾਂ ਨਹੀਂ ਕੀਤੀ। ਆਖਰ ਦੋਨੋਂ ਭਰਾ ਡਾਕਟਰ ਨੂੰ ਨਾਲ ਲੈ ਕੇ ਦਿੱਲੀ ਨੂੰ ਵਾਪਸ ਚਲੇ ਗਏ। ਹੁਣ ਹਜ਼ੂਰ ਨੇ ਸੇਵਾਦਾਰਾਂ ਨੂੰ ਹੁਕਮ ਕੀਤਾ, ਕਿ ਰਿਸ਼ੀਕੇਸ਼ ਜਾਣਾ ਹੈ। ਸੇਵਕਾਂ ਨੂੰ ਹੋਰ ਪ੍ਰੀਖਿਆ ਪੈ ਗਈ, ਡਾਕਟਰ ਕਹਿੰਦੇ ਹਨ ਮਹਾਰਾਜ ਨੂੰ ਬੁਲਾਉ ਘੱਟ ਅਤੇ ਪੂਰਨ ਆਰਾਮ ਕਰਨ ਦਿਉ। ਲੇਕਿਨ ਉਧਰ ਇਲਾਹੀ ਹੁਕਮ ਦੀ ਘੰਟੀ ਬਾਰ-ਬਾਰ ਵੱਜੀ ਜਾ ਰਹੀ ਹੈ, ਰਿਸ਼ੀਕੇਸ਼ ਜਾਣਾ ਹੈ। ਸੇਵਕ ਡਰਦੇ ਹਨ ਕਿ ਪੈਂਡਾ ਲੰਮੇਰਾ ਹੈ ਅਤੇ ਰਸਤੇ ਵਿੱਚ ਸਰੀਰ ਦੀ ਹਾਲਤ ਹੋਰ ਨਾ ਵਿਗੜ ਜਾਏ। ਹੁਣ ਇੱਕ ਸਕੀਮ ਸੁੱਝੀ ਕਿ ਕੱਲ੍ਹ ਤੱਕ ਸਮਾਂ ਟਪਾ ਲਈਏ, ਸ਼ਾਇਦ ਹਜ਼ੂਰ ਕੱਲ੍ਹ ਆਪਣੀ ਮੌਜ ਬਦਲ ਲੈਣ, ਰਿਸ਼ੀਕੇਸ਼ ਜਾਣ ਦਾ ਵਿਚਾਰ ਛੱਡ ਦੇਣ। ਅਰਜ਼ ਕੀਤੀ, ਮਹਾਰਾਜ! ਹੁਣ ਦਿਨ ਛੋਟਾ ਰਹਿ ਗਿਆ, ਅੱਗੇ ਰਾਤ ਨੂੰ ਸਫਰ ਥੋੜ੍ਹਾ ਮੁਸ਼ਕਲ ਹੋ ਜਾਵੇਗਾ, ਇਸ ਲਈ ਕੱਲ ਸਵੇਰੇ ਤੁਰ ਚੱਲਾਂਗੇ, ਲੇਕਿਨ ਹਜ਼ੂਰ ਤਾਂ ਸੁਨਣ ਜਾਂ ਦੇਖਣ ਵਾਲੀ ਸਰੀਰਕ ਅਵਸਥਾ ਤੋਂ ਉਪਰ ਕਿਸੇ ਅਗੰਮੀ ਮੌਜ ਵਿੱਚ ਬਾਰ-ਬਾਰ ਕਹੀਂ ਜਾ ਰਹੇ ਹਨ, ਰਿਸ਼ੀਕੇਸ਼ ਜਾਣਾ ਹੈ। ਆਪ ਦੀ ਮੌਜ ਨੂੰ ਸਮਝਣਾ ਬੁੱਧੀ ਦੀ ਪਹੁੰਚ ਤੋਂ ਪਰੇ ਪ੍ਰਤੀਤ ਹੋ ਰਿਹਾ ਹੈ, ਪੂਰਾ-ਪੂਰਾ ਤਾਂ ਉਹ ਖੁਦ ਹੀ ਜਾਨਣ ਕਿ ਇਹ ਖੇਡ ਕਿਉਂ ਵਰਤਾ ਰਹੇ ਹਨ, ਲੇਕਿਨ ਪ੍ਰਤੀਤ ਐਸਾ ਹੋ ਰਿਹਾ ਹੈ ਕਿ ਕਿਸੇ ਪ੍ਰੇਮੀ ਨੂੰ ਇਮਤਿਹਾਨ ਦੀ ਆਖਰੀ ਘਾਟੀ ਲੰਘਾ ਰਹੇ ਹਨ। ਉਧਰ ਪ੍ਰੇਮੀ ਵੀ ਸੇਵਾ, ਭਗਤੀ, ਮਿਹਨਤ ਇਤਨੀ ਲਗਨ ਨਾਲ ਕਰ ਰਿਹਾ ਹੈ ਕਿ ਸੇਵਾ ਦਾ ਰੂਪ ਹੀ ਹੋਇਆ ਪਿਆ ਹੈ। ਉਹ ਖੁਦ ਤਾਂ ਅੰਦਰੋਂ-ਬਾਹਰੋਂ ਬੇਖਬਰ ਹੋਇਆ, ਹਰ ਪ੍ਰਕਾਰ ਦੀਆਂ ਗਿਣਤੀਆਂ ਮਿਣਤੀਆਂ ਤੋਂ ਉਪਰ ਸੇਵਾ ਵਿੱਚ ਲੀਨ ਹੈ, ਲੇਕਿਨ ਦੇਖਣ ਵਾਲੇ ਅਨੁਭਵ ਕਰ ਰਹੇ ਹਨ ਕਿ ਇਹ ਸੱਜਣ ਇਸ ਪ੍ਰੀਖਿਆ ਵਿੱਚੋਂ ਪੂਰੇ ਸੌ ਫੀਸਦੀ ਨੰਬਰ ਲੈ ਕੇ ਪਾਸ ਹੋਵੇਗਾ। ਖੈਰ ਪੂਰੀ-ਪੂਰੀ ਸਮਝ ਫਿਰ ਵੀ ਸਮਾਂ ਆਉਣ ਤੇ ਹੀ ਲੱਗੇਗੀ। ਹਜ਼ੂਰ ਨੂੰ ਅੱਜ ਤੀਜੀ ਰਾਤ ਸ਼ੁਰੂ ਹੋ ਗਈ, ਕੁੱਝ ਛਕਿਆ ਨਹੀਂ ਅਤੇ ਆਪਣੀ ਮੌਜ ਵਿੱਚ ਜਾਗਦਿਆਂ ਨੇ ਹੀ ਗੁਜ਼ਾਰ ਦਿੱਤੀ। ਸੌਂਦਾ ਤਾਂ ਸ਼ਾਇਦ ਇਸ ਦੇਸ਼ ਵਿੱਚ ਕੋਈ ਵੀ ਨਹੀਂ, ਪਰੰਤੂ ਸਰੀਰ ਨੂੰ ਤਾਂ ਥੋੜ੍ਹਾ ਆਰਾਮ ਕਰਵਾਉਂਦੇ ਹੀ ਹਨ ਇੱਥੋਂ ਦੇ ਵਸਨੀਕ, ਲੇਕਿਨ ਅੱਜ ਤਾਂ ਉਹ ਵੀ ਨਹੀਂ ਹੋਇਆ। ਉਧਰ ਰਾਮ ਜੀ ਨੇ ਵੀ ਇੱਕ ਪਲ ਲਈ ਕੰਡ ਮੰਜੇ ਨਾਲ ਨਹੀਂ ਲਾਈ। ਹਰ ਸਮੇਂ ਹਜ਼ੂਰ ਦੀ ਸੇਵਾ ਵਿੱਚ ਦੋਨੋਂ ਹੱਥ ਜੋੜੀਂ ਖਲੋਤੇ ਤੇ ਖਲੋਤੇ ਨਜ਼ਰ ਆ ਰਹੇ ਹਨ। ਹੁਣ ਤੀਜੀ ਰਾਤ ਵੀ ਗੁਜ਼ਰ ਗਈ, ਲੇਕਿਨ ਹਜ਼ੂਰ ਬਾਰ-ਬਾਰ ਦੁਹਰਾਈ ਜਾ ਰਹੇ ਹਨ ਰਿਸ਼ੀਕੇਸ਼ ਜਾਣ ਲਈ। ਇਤਨੇ ਨੂੰ ਦਿਨ ਚੜ੍ਹ ਆਇਆ, ਹੁਣ ਆਪ ਨੇ ਦੇਖਿਆ ਕਿ ਇਹ ਰਿਸ਼ੀਕੇਸ਼ ਜਾਣ ਤੋਂ ਟਾਲ ਮਟੋਲ ਕਰ ਰਹੇ ਹਨ। ਇਹ ਸੋਚ ਕੇ ਆਪ ਮੰਜੇ ਤੋਂ ਉਠਣ ਲੱਗੇ, ਰਾਮ ਜੀ ਨੇ ਬੇਨਤੀ ਕੀਤੀ ਮਹਾਰਾਜ, ਬਾਹਰ ਜਾਣਾ ਹੈ, ਅਸੀਂ ਮੰਜੇ ਚੁੱਕ ਕੇ ਲੈ ਚੱਲਦੇ ਹਾਂ, ਡਾਕਟਰ ਨੇ ਕਿਹਾ ਹੈ ਆਪ ਨੇ ਮੰਜੇ ਤੋਂ ਹੇਠਾਂ ਨਹੀਂ ਉਤਰਨਾ। ਹਜ਼ੂਰ ਬੋਲੇ, ਤੁਸੀਂ ਤਾਂ ਨਹੀਂ ਲੈ ਕੇ ਜਾਂਦੇ, ਅਸੀਂ ਤੁਰਕੇ ਹੀ ਚਲੇ ਜਾਵਾਂਗੇ ਰਿਸ਼ੀਕੇਸ਼। ਹਜ਼ੂਰ ਦਾ ਬਚਨ ਸੁਣ ਕੇ ਪ੍ਰੇਮੀਆਂ ਦੇ ਹਿਰਦੇ ਭਰ ਆਏ, ਅਰਸ਼ਾਂ ਕੁਰਸ਼ਾ ਦਾ ਮਾਲਕ, ਰਿਸ਼ੀਕੇਸ਼ ਨੂੰ ਪੈਦ ਚਾਲੇ ਪਾਵੇ। ਹੁਣ ਕੁੱਝ ਵੀ ਹੋ ਜਾਵੇ, ਡਾਕਟਰ ਕਿੰਨਾ ਹੀ ਇਨਕਾਰ ਕਰੇ, ਪਰ ਫਿਰ ਵੀ ਰਿਸ਼ੀਕੇਸ਼ ਨੂੰ ਚੱਲਣ ਦੀ ਤਿਆਰੀ ਕਰੋ। ਹਜ਼ੂਰ ਦੇ ਚਰਨਾਂ ਵਿੱਚ ਅਰਜ਼ ਕੀਤੀ ਮਹਾਰਾਜ, ਹੁਣੇ ਹੀ ਚੱਲਦੇ ਹਾਂ ਅੱਧੇ ਘੰਟੇ ਵਿੱਚ। ਬੱਸ ਘਰ ਤੋਂ ਕਾਰ ਆ ਜਾਵੇ। ਕਾਰ ਦੇ ਆਉਣ ਤੱਕ ਕੱਪੜੇ ਆਦਿ ਬੰਨ੍ਹ ਕੇ ਸਾਰੀ ਤਿਆਰੀ ਕਰ ਲਈ। ਪਿਛਲੀ ਸੀਟ ਤੇ ਸਿਰ੍ਹਾਣੇ ਆਦਿਕ ਲਗਾ ਕੇ ਸੁੰਦਰ ਬਿਸਤਰਾ ਵਿਛਾ ਲਿਆ, ਉਪਰੰਤ ਬਹੁਤ ਆਰਾਮ ਨਾਲ ਆਪ ਸੁਸ਼ੋਭਿਤ ਹੋ ਗਏ। ਤੁਰਨ ਦੀ ਹਰ ਪ੍ਰਕਾਰ ਨਾਲ ਤਿਆਰੀ ਕਰਕੇ ਹੁਕਮ ਕੀਤਾ, ਕਿ ਰਿਸ਼ੀਕੇਸ਼ ਦੀ ਅਰਦਾਸ ਕਰ ਲਉ। ਅਰਦਾਸ ਉਪਰੰਤ ਰਾਮ ਜੀ ਵੀ ਸੇਵਾ ਲਈ ਹਜ਼ੂਰ ਦੇ ਚਰਨਾਂ ਵਿੱਚ ਬੈਠ ਗਏ। ਅਰਦਾਸ ਕਰਕੇ ਰਿਸ਼ੀਕੇਸ਼ ਨੂੰ ਚੱਲ ਪਏ। ਜਿਸ ਵਕਤ *ਰੋਹਟੀਪੁਲ* ਤੇ ਪਹੁੰਚੇ ਹਜ਼ੂਰ ਨੇ ਹੁਕਮ ਕੀਤਾ, ਰਾਮ! ਤੇਰੀ ਤਾਂ ਡਿਊਟੀ ਹੈ ਭਾਈ ਤੂੰ ਆਪਣੀ ਡਿਊਟੀ ਤੇ ਜਾਹ! ਰਾਮ ਜੀ ਬੋਲੇ, ਮਹਾਰਾਜ ਮੈਂ ਛੁੱਟੀ ਲਈ ਹੋਈ ਹੈ ਇਸ ਲਈ ਕ੍ਰਿਪਾ

ਕਰਕੇ ਹਜ਼ੂਰ ਦੇ ਨਾਲ ਹੀ ਚੱਲਾਂ! ਮਹਾਰਾਜ ਬੋਲੇ, ਚੰਗਾ! ਕਾਰ ਚੱਲਦੀ ਗਈ, ਜਿਸ ਵਕਤ ਅੰਬਾਲੇ ਪਹੁੰਚੇ ਤਾਂ ਹਜ਼ੂਰ ਨੇ ਪੁੱਛਿਆ, ਕਿੱਥੇ ਚੱਲੇ ਹੋ? ਮਹਾਰਾਜ, ਕਰਨਾਲ! ਥੋੜ੍ਹੀ ਦੂਰ ਜਾ ਕੇ ਹਜ਼ੂਰ ਨੇ ਫਿਰ ਪੁੱਛਿਆ? ਅਰਦਾਸ ਕਿੱਥੇ ਦੀ ਕੀਤੀ ਹੈ? ਮਹਾਰਾਜ ਅਰਦਾਸ ਰਿਸ਼ੀਕੇਸ਼ ਦੀ ਕੀਤੀ ਹੈ। ਫਿਰ ਰਿਸ਼ੀਕੇਸ਼ ਹੀ ਚੱਲੋ ਭਾਈ! ਦੁਬਾਰਾ ਕਾਰ ਵਾਪਸ ਮੋੜ ਕੇ ਰਿਸ਼ੀਕੇਸ਼ ਵਾਲੇ ਰਾਹ ਪਏ। ਇੱਧਰ ਪਿੱਛੇ ਰਹੀ ਸੰਗਤ ਵਿਆਕੁਲ ਹੋ ਕੇ ਆਪੋ-ਆਪਣੇ ਤਰੀਕੇ ਰਿਸ਼ੀਕੇਸ਼ ਜਾਣ ਲੱਗੀ। ਸੰਗਤ ਦੀ ਵਿਆਕੁਲ ਮਨੋਂਦਸ਼ਾ ਦੇਖ ਕੇ ਜੱਥੇਦਾਰ ਨਛੱਤਰ ਸਿੰਘ ਨੇ ਨਾਭੇ ਤੋਂ ਟਰੱਕ ਦਾ ਇੰਤਜ਼ਾਮ ਕਰ ਲਿਆ, ਇਸ ਤਰ੍ਹਾਂ ਸੰਗਤਾਂ ਵੀ ਟੱਰਕ ਵਿੱਚ ਸਵਾਰ ਹੋ ਕੇ ਜੋ ਕਿ ਸੰਗਤਾਂ ਨਾਲ ਪੂਰਾ ਭਰ ਚੁੱਕਿਆ ਸੀ, ਰਿਸ਼ੀਕੇਸ਼ ਨੂੰ ਚੱਲ ਪਈਆਂ। ਹਜ਼ੂਰ ਦੀ ਕਾਰ ਜਦੋਂ ਰਿਸ਼ੀਕੇਸ਼ ਪਹੁੰਚੀ ਤਾਂ ਆਪ ਨੇ ਬਚਨ ਕੀਤਾ, ਰਾਮ! ਤੂੰ ਤਾਂ ਥੋੜ੍ਹੀ ਜਗ੍ਹਾ ਵਿੱਚ ਬੜੀ ਮੁਸ਼ਕਲ ਨਾਲ ਬੈਠ ਕੇ ਆਇਆ ਹੈ? ਰਾਮ ਜੀ ਬੋਲੇ, ਮਹਾਰਾਜ! ਮੈਂ ਤਾਂ ਆਪ ਜੀਆਂ ਦੀ ਪਵਿੱਤਰ ਗੋਦ ਵਿੱਚ ਬੈਠ ਕੇ ਬੈਕੁੰਠ ਵਰਗਾ ਅਨੰਦ ਮਾਣਦਾ ਆਇਆ ਹਾਂ, ਮਿਹਰ ਕਰੋ ਇਸੇ ਤਰ੍ਹਾਂ ਆਪ ਜੀਆਂ ਦੀ ਪਵਿੱਤਰ ਗੋਦ ਦਾ ਅਨੰਦ ਪ੍ਰਾਪਤ ਹੁੰਦਾ ਰਹੇ। ਹਜ਼ੂਰ ਨੂੰ ਹੇਠਲੀ ਮੰਜ਼ਿਲ ਵਿੱਚ ਵੱਡੇ ਹਾਲ ਦੇ ਨਾਲ ਲੱਗਦੇ ਨੌਂ ਨੰਬਰ ਕਮਰੇ ਵਿੱਚ ਬਿਰਾਜਮਾਨ ਕੀਤਾ ਗਿਆ। ਪੰਜਾਬ, ਹਰਿਆਣਾ, ਦਿੱਲੀ ਆਦਿ ਥਾਵਾਂ ਤੋਂ ਸੰਗਤਾਂ ਨੂੰ ਜਿਵੇਂ-ਜਿਵੇਂ ਪਤਾ ਲੱਗਦਾ ਗਿਆ, ਆਪੋ ਆਪਣੇ ਤਰੀਕੇ ਰਿਸ਼ੀਕੇਸ਼ ਪਹੁੰਚ ਲੱਗੀਆਂ। ਗੁਰਾਇਆ ਤੋਂ ਗੁਰਿੰਦਰ ਸਿੰਘ ਛੋਟੂ ਜੀ ਵੀ ਆਉਂਦਿਆਂ ਸਾਰ ਹੀ, ਰਾਮ ਜੀ ਦੇ ਨਾਲ ਹਜ਼ੂਰ ਦੀ ਸੇਵਾ ਵਿੱਚ ਡੱਟ ਗਏ। ਹੁਣ ਦੋਨਾਂ ਸੱਜਣਾਂ ਨੇ ਹਜ਼ੂਰ ਦੇ ਚਰਨਾਂ ਵਿੱਚ ਸੇਵਾ ਕਰਦਿਆਂ ਚੌਥੀ ਰਾਤ ਵੀ ਗੁਜ਼ਾਰ ਦਿੱਤੀ, ਲੇਕਿਨ ਹਜ਼ੂਰ ਦੀ ਆਪਣੀ ਉਹੀ ਮੌਜ, ਨਾ ਨੀਂਦ, ਨਾ ਭੁੱਖ, ਨਾ ਸਰੀਰ ਦੀ ਕੋਈ ਖਬਰ, ਅਜਿਹੀ ਹਾਲਤ ਵਿੱਚ ਹੀ ਆਪਣੀ ਮੌਜ ਵਿੱਚ ਗੁਰਬਾਣੀ ਦੀ ਕੋਈ ਪੰਕਤੀ ਉਚਾਰਨ ਲੱਗ ਜਾਂਦੇ ਹਨ, ਕਦੇ ਉਸਦੀ ਵਿਆਖਿਆ ਕਰਨ ਲੱਗ ਜਾਂਦੇ ਹਨ। ਰਾਤ ਤਾਂ ਇਸ ਤਰ੍ਹਾਂ ਗੁਜ਼ਰ ਗਈ, ਹੁਣ ਹਜ਼ੂਰ ਦਾ ਮੰਜਾ ਬਾਹਰ ਕੱਢ ਲਿਆਂਦਾ, ਆਪ ਆਪਣੀ ਮੌਜ ਵਿੱਚ ਮੰਜੇ ਤੇ ਲੇਟੇ ਹੋਏ ਹੀ ਪੰਕਤੀ ਉਚਾਰਨ ਲੱਗੇ,

ਗੁਰੁ ਮੁਖੁ ਦੇਖਿ ਗਰੂ ਸੁਖੁ ਪਾਯਉ ॥
ਗੁਰੁ ਮੁਖੁ ਦੇਖਿ ਗਰੂ ਸੁਖੁ ਪਾਯਉ ॥

ਬਾਰ-ਬਾਰ ਦੁਹਰਾਈ ਜਾਂਦੇ ਹਨ ਲੇਕਿਨ ਥਥਲਾਂਦੀ ਆਵਾਜ਼ ਨਾਲ। ਫਿਰ ਉਸ ਪੰਕਤੀ ਦੇ ਅਰਥ ਕਰਨੇ ਸ਼ੁਰੂ ਕਰ ਦਿੱਤੇ—

ਗੁਰੂ ਦਾ ਮੁੱਖ ਦੇਖ ਕੇ ਬਹੁਤਾ ਸੁੱਖ ਮਿਲਦਾ ਹੈ, ਗੁਰੂ ਸਾਹਮਣੇ ਹੈ, ਸਾਡੇ ਮਹਾਰਾਜ ਜੀ ਨੇ ਗਊਆਂ ਬਹੁਤ ਰੱਖੀਆਂ ਹੋਈਆਂ ਸਨ, ਦੁੱਧ ਬਹੁਤ ਹੁੰਦਾ ਸੀ, ਸਾਡੇ ਵੱਲ ਇਸ਼ਾਰਾ ਕਰਕੇ ਸੇਵਾਦਾਰਾਂ ਨੂੰ ਕਹਿੰਦੇ, ਇਹ ਕਿਸੇ ਤੋਂ ਮੰਗਦਾ ਨਹੀਂ, ਇਸ ਨੂੰ ਦੁੱਧ ਪਿਲਾਉਂਦੇ ਰਿਹਾ ਕਰੋ। ਇਹ ਸਾਡਾ ਮੌਜੀ ਹੈ, ਮੌਜੀ! ਇਸਦੀ ਸੇਵਾ ਦਾ ਧਿਆਨ ਰੱਖਿਆ ਕਰੋ। ਹੁਣ ਸਾਡੇ ਮਹਾਰਾਜ ਸਾਹਮਣੇ ਹਨ। ਫਿਰ ਉਹੀ ਪੰਕਤੀ ਦੁਹਰਾਉਣੀ ਸ਼ੁਰੂ ਕਰ ਦਿੱਤੀ, ਗੁਰੁ ਮੁਖੁ ਦੇਖਿ ਗਰੂ ਸੁਖੁ ਪਾਯਉ ॥

ਫਿਰ ਉਹੀ ਅਰਥ।

ਇਸ ਪ੍ਰਕਾਰ ਆਪਣੀ ਮੌਜ ਵਿੱਚ ਆਪਣੇ ਗੁਰੂਦੇਵ ਦੇ ਪੰਜਾਹ ਸਾਲ ਪਹਿਲਾਂ ਦੇ ਵਰਤਾਏ ਕੌਤਕ ਯਾਦ ਕਰਕੇ ਇਉਂ ਵਿਸਮਾਦਤ ਹੋ ਰਹੇ ਹਨ, ਜਿਵੇਂ ਹੁਣ ਸਾਹਮਣੇ ਪ੍ਰਤੱਖ ਵਰਤਦੇ ਦੇਖ ਰਹੇ ਹੋਣ। ਡਾਕਟਰ ਆਪਣੀ ਵਿਦਿਆ ਦੇ ਹਿਸਾਬ ਨਾਲ ਕਹਿ ਰਹੇ ਹਨ, ਕਿਡਨੀਆਂ ਫੇਲ੍ਹ ਹੋ ਗਈਆਂ, ਹਜ਼ੂਰ ਨੂੰ ਬੋਲਣਾ ਨਹੀਂ ਚਾਹੀਦਾ, ਲੇਕਿਨ ਇਧਰ ਅਰਸ਼ਾਂ ਕੁਰਸ਼ਾ ਦਾ ਮਾਲਕ ਜਿਸ ਤੇ ਸੰਸਾਰ ਦੀ ਕੋਈ ਵਿਦਿਆ ਲਾਗੂ ਨਹੀਂ ਹੁੰਦੀ, ਸਰੀਰਿਕ ਦੁੱਖਾਂ-ਸੁੱਖਾਂ ਤੋਂ ਬਹੁਤ ਉਪਰ ਆਪਣੀ ਮੌਜ ਵਿੱਚ ਉਚਾਰੀਂ ਜਾ ਰਿਹਾ ਹੈ—

ਗੁਰੁ ਮੁਖੁ ਦੇਖਿ ਗਰੂ ਸੁਖੁ ਪਾਯਉ ॥
ਗੁਰੁ ਮੁਖੁ ਦੇਖਿ ਗਰੂ ਸੁਖੁ ਪਾਯਉ ॥

ਇਤਨੇ ਨੂੰ ਅਜਮੇਰ ਸਿੰਘ ਮਿਸਤਰੀ ਖੰਨੇ ਵਾਲਾ ਕੜਾਹ ਪ੍ਰਸ਼ਾਦ ਦੀ ਦੇਗ ਕੌਲੀ ਵਿੱਚ ਪਾ ਕੇ ਲੈ ਆਇਆ, ਅਰਜ਼ ਕੀਤੀ, ਮਹਾਰਾਜ! ਆਪ ਨੇ ਮਿਹਰ ਕੀਤੀ, ਅਠਾਈ ਫਰਵਰੀ ਦੀ ਤਾਰੀਖ ਬਖਸ਼ਿਸ਼ ਕੀਤੀ ਸੀ ਇੱਥੇ ਅਖੰਡ

ਪਾਠ ਸਾਹਿਬ ਦੀ, ਉਸਦਾ ਅੱਜ ਭੋਗ ਪੈ ਚੁੱਕਿਆ ਹੈ। ਹੁਣ ਸੰਗਤ ਨੂੰ ਪਤਾ ਲੱਗਿਆ, ਕਿ ਮਹਾਰਾਜ ਖੋਖ ਪਿੰਡ ਉਸ ਰਾਤ ਨੂੰ ਕਿਉਂ ਬਾਰ-ਬਾਰ ਕਹੀ ਜਾਂਦੇ ਸਨ, ਰਿਸ਼ੀਕੇਸ਼ ਜਾਣ ਵਾਸਤੇ। ਇਸ ਪ੍ਰਕਾਰ ਦਿਨ ਵੀ ਗੁਜ਼ਰ ਗਿਆ, ਅੱਗੇ ਪੰਜਵੀਂ ਰਾਤ ਸ਼ੁਰੂ ਹੋ ਗਈ। ਲੇਕਿਨ ਨਾ ਨੇੜੇ ਨੀਂਦ ਹੈ, ਨਾ ਭੁੱਖ, ਚਿਹਰੇ ਤੇ ਉਹੀ ਨੂਰ, ਖਿੜਾਉ, ਨਾ ਕੋਈ ਸਰੀਰ ਨੂੰ ਦੁੱਖ, ਨਾ ਉਸਦਾ ਚਿਹਰੇ ਤੇ ਅਸਰ। ਆਪਣੀ ਮੌਜ ਵਿੱਚ ਉਸੇ ਤਰ੍ਹਾਂ ਗੁਰਬਾਣੀ ਦੀ ਕੋਈ ਪੰਕਤੀ ਉਚਾਰੀ ਜਾ ਰਹੇ ਹਨ। ਉਧਰ ਧੁਰੋਂ ਨਾਲ ਆਏ ਦਰਗਾਹੀ ਕਾਰਕ, ਰਾਮ ਜੀ ਅਤੇ ਛੋਟੂ ਜੀ ਦੀ ਸੇਵਾ ਵਿੱਚ ਰੱਤੀ ਭਰ ਫਰਕ ਨਹੀਂ ਆਉਣ ਦਿੰਦੇ। ਦੋਨਾਂ ਸੱਜਣਾ ਨੇ ਨੀਂਦ ਭੁੱਖ ਆਪਣੀ ਗਵਾ ਦਿੱਤੀ, ਸੰਸਾਰ ਸਰੀਰ ਤੋਂ ਬਿਲਕੁੱਲ ਬੇਖਬਰ ਸੇਵਾ ਦਾ ਇਉਂ ਰੂਪ ਬਣੇ ਪਏ ਹਨ ਜਿਵੇਂ ਇਮਤਿਹਾਨਾਂ ਦੇ ਸਮੇਂ ਲਾਇਕ ਵਿਦਿਆਰਥੀ ਚਾਰ ਚੁਫੇਰੇ ਤੋਂ ਬਿਲਕੁੱਲ ਬੇਖਬਰ ਹੋ ਕੇ, ਵਿਦਿਆ ਦਾ ਰੂਪ ਹੀ ਬਣ ਜਾਂਦਾ ਹੈ, ਭਾਵੇਂ ਦੋਨਾਂ ਦੇ ਨਿਸ਼ਾਨੇ ਦਾ ਜ਼ਿਮੀਂ ਅਸਮਾਨ ਦਾ ਫਰਕ ਹੈ। ਵਿਦਿਆਰਥੀ ਦੇ ਅੱਗੇ ਕੋਈ ਨਿਸ਼ਾਨਾ ਹੁੰਦਾ ਹੈ ਉੱਚੇ ਅਹੁਦੇ ਦਾ, ਲੇਕਿਨ ਇੱਧਰ ਕੋਈ ਨਿਸ਼ਾਨਾ ਨਹੀਂ, ਬੱਸ ਕੇਵਲ-ਤੇ-ਕੇਵਲ ਜੇ ਹੈ, ਤਾਂ ਗੁਰੂ ਪ੍ਰੇਮ। ਇਸ ਤੋਂ ਵੱਧ ਹੋਰ ਨਾ ਕੋਈ ਚਾਹ ਹੈ, ਨਾ ਨਿਸ਼ਾਨਾ। ਹੁਣ ਅਰਜਨ ਨੂੰ ਮੱਛੀ ਨਜ਼ਰ ਨਹੀਂ ਆ ਰਹੀ, ਕੁੱਝ ਹੋਰ ਨਜ਼ਰ ਨਹੀਂ ਆ ਰਿਹਾ, ਜੇ ਨਜ਼ਰ ਕਿਤੇ ਟਿਕੀ ਹੈ, ਤਾਂ ਕੇਵਲ ਮੱਛੀ ਦੀ ਅੱਖ ਤੇ। ਬਸ ਇਧਰ ਵੀ ਇਸੇ ਤਰ੍ਹਾਂ ਹੀ ਹੈ, ਕੇਵਲ ਗੁਰ ਪ੍ਰੇਮ ਤੇ ਗੁਰੂ ਸੇਵਾ। ਇਹ ਰਾਤ ਵੀ ਅੱਜ ਇਸੇ ਰੰਗ ਵਿੱਚ ਗੁਜ਼ਰ ਗਈ। ਦਿਨ ਚੜ੍ਹੇ ਆਪ ਜੀ ਨੂੰ ਦਵਾਈ ਦੇਣ ਲੱਗੇ, ਤਾਂ ਹੁਕਮ ਹੋਇਆ ਦਵਾਈ ਨਹੀਂ ਲੈਣੀ। ਰਾਮ ਜੀ ਨੇ ਅਰਜ਼ ਕੀਤੀ, ਮਹਾਰਾਜ! ਦਵਾਈ ਲੈ ਲਉ, ਆਪ ਜੀ ਦਾ ਸਰੀਰ ਸਵਸਥ ਹੋ ਜਾਵੇ। ਹਜ਼ੂਰ ਥਤਲਾਂਦੀ ਆਵਾਜ਼ ਨਾਲ ਬੋਲੇ, ਇਸ ਵਿੱਚ ਸ਼ਰਾਬ ਹੈ, ਇਸ ਲਈ ਅਸੀਂ ਨਹੀਂ ਖਾਣੀ। ਸੇਵਕਾਂ ਨੇ ਡਾਕਟਰ ਨੂੰ ਪੁੱਛਿਆ, ਕੀਹ ਇਸ ਦਵਾਈ ਵਿੱਚ ਸ਼ਰਾਬ ਹੈ? ਡਾਕਟਰ ਨੇ ਪੜ੍ਹ ਕੇ ਦੱਸਿਆ, ਇਸ ਵਿੱਚ 0 ਪੁਆਇੰਟ 4 ਪ੍ਰਤੀਸ਼ਤ ਅਲਕੋਹਲ ਹੈ ਜੋ ਕਿ ਬਹੁਤ ਘੱਟ ਮਾਤਰਾ ਹੈ, ਲੇਕਿਨ ਡਾਕਟਰ ਅਸਚਰਜ ਹੋਈ ਜਾ ਰਿਹਾ ਹੈ, ਕਿ ਮਹਾਂਪੁਰਸ਼ਾਂ ਦੀ ਕਿਤਨੀ ਸੂਖਸ਼ਮ ਦ੍ਰਿਸ਼ਟੀ ਹੈ, ਇਤਨੀ ਘੱਟ ਮਿਕਦਾਰ ਨੂੰ ਵੀ ਆਪ ਅਨੁਭਵ ਕਰ ਰਹੇ ਹਨ। ਖੈਰ ਇਸੇ ਤਰ੍ਹਾਂ ਪੂਰਾ ਦਿਨ ਅਤੇ ਅਗਲੀ ਪੂਰੀ ਰਾਤ ਫਿਰ ਗੁਜਰ ਗਈ। ਸਵੇਰੇ ਸੁਵੱਖਤੇ ਹੀ ਸ੍ਰੀ ਅਮਰੀਕ ਚੰਦ ਅਤੇ ਦਰਸ਼ਨ ਲਾਲ ਚਾਵਲਾ ਦੋਨੋਂ ਭਰਾ ਜੋਧ ਸਿੰਘ ਨੂੰ ਨਾਲ ਲੈ ਕੇ ਰਿਸ਼ੀਕੇਸ਼ ਆ ਪਹੁੰਚੇ। ਅਮਰੀਕ ਚੰਦ ਨੇ ਪੁੱਛਿਆ, ਇੱਥੇ ਸੰਗਤ ਵਿੱਚ ਅਮੇਧ ਸਿੰਘ ਨਾਂ ਦਾ ਪ੍ਰੇਮੀ ਕੌਣ ਹੈ? ਉਸ ਨੇ ਮੈਨੂੰ ਰਾਤ ਡੇਢ ਵਜੇ ਫੋਨ ਕੀਤਾ ਹੈ, ਕਿ ਮਹਾਰਾਜ ਜੀ ਨੇ ਦਿੱਲੀ ਜਾਣਾ ਹੈ ਇਸ ਲਈ ਹੁਣੇ ਹੀ ਆ ਜਾਉ। ਮੈਂ ਉਸ ਨੂੰ ਪੁੱਛਿਆ ਤੂੰ ਕੌਣ ਹੈ? ਕਿੱਥੋਂ ਬੋਲ ਰਿਹਾ ਹੈਂ? ਫੋਨ ਕਰਨ ਵਾਲੇ ਨੇ ਦੱਸਿਆ, ਕਿ ਮੈਂ ਅਮੇਧ ਸਿੰਘ ਰਿਸ਼ੀਕੇਸ਼ ਤੋਂ ਬੋਲ ਰਿਹਾ ਹਾਂ। ਜਦੋਂ ਢੂੰਢ ਭਾਲ ਕੀਤੀ ਗਈ, ਤਾਂ ਅਮੇਧ ਸਿੰਘ ਨਾਮ ਦਾ ਕੋਈ ਬੰਦਾ ਨਹੀਂ ਲੱਭਿਆ। ਸੰਗਤ ਨੂੰ ਵਿਸ਼ਵਾਸ਼ ਹੋ ਗਿਆ, ਕਿ ਇਸ ਨਾਮ ਦਾ ਪੂਰੀ ਸੰਗਤ ਵਿੱਚ ਕੋਈ ਬੰਦਾ ਨਹੀਂ, ਇਹ ਤਾਂ ਕੋਈ ਗੈਵੀ ਖੇਡ ਵਰਤਿਆ ਹੈ। ਹਜ਼ੂਰ ਦੇ ਚਰਨਾਂ ਵਿੱਚ ਬੇਨਤੀ ਕੀਤੀ, ਮਹਾਰਾਜ ਦਿੱਲੀ ਚੱਲੀਏ? ਹੁਕਮ ਹੋਇਆ ਹਾਂ। ਬਸ ਓਸੇ ਸਮੇਂ ਤਿਆਰੀ ਹੋ ਗਈ, ਤਾਂ ਹਜ਼ੂਰ ਨੇ ਹੁਕਮ ਕੀਤਾ, ਕਿ ਦਰਬਾਰ ਸਾਹਿਬ ਨਮਸ਼ਕਾਰ ਕਰਕੇ ਚੱਲਾਂਗੇ। ਹੁਕਮ ਅਨੁਸਾਰ ਦੋ ਬੰਦੇ ਮਹਾਂਪੁਰਸ਼ਾਂ ਨੂੰ ਮੋਢਾ ਦੇ ਕੇ ਦਰਬਾਰ ਸਾਹਿਬ ਵੱਲ ਲੈ ਕੇ ਚੱਲੇ, ਤਾਂ ਮਹਾਰਾਜ ਥਥਲਾਂਦੀ ਆਵਾਜ਼ ਨਾਲ ਵੜ੍ਹ ਰਹੇ ਹਨ—

**ਮੈਂ ਹੋਂ ਪਰਮ ਪੁਰਖ ਕੋ ਦਾਸਾ॥**
**ਦੇਖਨ ਆਇਓ ਜਗਤ ਤਮਾਸਾ॥**

ਨਮਸ਼ਕਾਰ ਕਰਨ ਉਪਰੰਤ ਦੋ ਕਾਰਾਂ ਵਿੱਚ ਦਿੱਲੀ ਨੂੰ ਚੱਲ ਪਏ। ਹਰਿਦੁਆਰ ਜਾ ਕੇ ਹਜ਼ੂਰ ਨੇ ਹੁਕਮ ਕੀਤਾ, ਨਿਰਮਲ ਬਾਗ ਹੋ ਕੇ ਜਾਣਾ ਹੈ। ਹੁਕਮ ਅਨੁਸਾਰ ਬਾਗ ਵਿੱਚ ਗਏ ਲੇਕਿਨ ਜ਼ਿਆਦਾ ਰੁੱਕੇ ਨਹੀਂ, ਆਗਿਆ ਲੈ ਕੇ ਅੱਗੇ ਨੂੰ ਚੱਲ ਪਏ। ਸਹਿਜੇ-ਸਹਿਜੇ ਸਫਰ ਕਰਕੇ, ਥੋੜ੍ਹਾ ਹਨ੍ਹੇਰਾ ਹੁੰਦੇ ਨੂੰ ਦਿੱਲੀ ਪਹੁੰਚ ਗਏ ਚਾਵਲਾ ਦੀ ਕੋਠੀ। ਚਾਵਲਾ ਜੀ ਨੇ ਦਿੱਲੀ ਦੇ ਪ੍ਰਸਿੱਧ ਸਪੈਸ਼ਲਿਸਟ ਡਾਕਟਰਾਂ ਨੂੰ ਘਰ ਬੁਲਾ ਕੇ ਚੈੱਕਅਪ ਕਰਵਾਇਆ। ਉਨ੍ਹਾਂ ਨੇ ਵੀ ਦੱਸਿਆ ਕਿ ਐਸਾ ਲੱਗਦਾ ਹੈ ਮਹਾਂਪੁਰਸ਼ਾਂ ਦੀਆਂ ਕਿਡਨੀਆਂ ਡੈਮਜ ਹੋ ਗਈਆਂ ਹਨ। ਇਨ੍ਹਾਂ ਦੇ ਸਾਹਮਣੇ ਕੋਈ ਬੰਦਾ ਨਹੀਂ ਜਾਣਾ ਚਾਹੀਦਾ ਕਿਉਂਕਿ ਉਸਨੂੰ ਦੇਖਦਿਆਂ ਹੀ ਕੁੱਝ ਬੋਲਣਾ ਸ਼ੁਰੂ ਕਰ ਦਿੰਦੇ ਹਨ, ਬੋਲਣ ਨਾਲ ਦਿਲ ਦਿਮਾਗ ਤੇ ਪ੍ਰੈਸ਼ਰ ਪੈਂਦਾ ਹੈ, ਇਸ ਲਈ ਇੱਕ ਸੇਵਾਦਾਰ ਤੋਂ ਬਿਨ੍ਹਾਂ ਇਨ੍ਹਾਂ ਦੇ ਕਮਰੇ ਵਿੱਚ ਕੋਈ ਦੂਸਰਾ ਬੰਦਾ ਨਹੀਂ ਜਾਣਾ ਚਾਹੀਦਾ।

ਡਾਕਟਰ ਆਪਣੀ ਬੁੱਧੀ ਜਾ ਵਿਦਿਆ ਨਾਲ ਦੱਸਦੇ ਹਨ, ਲੇਕਿਨ ਹਜ਼ੂਰ ਨੇ ਤਾਂ ਇਹ ਖੇਡ ਰਚਿਆ ਹੀ ਇਸ ਲਈ ਲੱਗ ਰਿਹਾ ਹੈ, ਕਿ ਕਿਸੇ ਖਾਸ ਪਿਆਰੇ ਜਾਂ ਧੁਰ ਦੇ ਸੰਜੋਗੀਆਂ ਨੂੰ ਇਸ ਬਿਖੜੀ ਘਾਟੀ ਦੇ ਗਰਮ ਤਾਵਾਂ ਤਾਈਂ ਲੰਘਾ ਕੇ ਬਾਰਾਂ ਬੰਨ੍ਹੀ ਦਾ ਸ਼ੁੱਧ ਕੰਚਨ ਬਣਾ ਕੇ ਸੁੰਦਰ ਮੁਕਟ ਵਿੱਚ ਸੁਸ਼ੋਭਿਤ ਕਰਨਾ ਹੈ। ਹਜ਼ੂਰ ਦੀ ਅਲੌਕਿਕ ਮੌਜ, ਜੋ ਉਨ੍ਹਾਂ ਕਿਸੇ ਇਲਾਹੀ ਹੁਕਮ ਵਿੱਚ ਇੱਕ ਹਫਤਾ ਪਹਿਲਾਂ ਸ਼ੁਰੂ ਕੀਤੀ ਸੀ ਉਸ ਵਿੱਚ ਕੋਈ ਫਰਕ ਨਹੀਂ ਆ ਰਿਹਾ। ਡਾਕਟਰ ਲੋਕ ਆਪਣਾ ਜ਼ੋਰ ਲਗਾਈ ਜਾ ਰਹੇ ਹਨ, ਚਾਵਲਾ ਜੀ ਮੀਂਹ ਦੀ ਤਰ੍ਹਾਂ ਪੈਸੇ ਵਹਾਈ ਜਾ ਰਹੇ ਹਨ ਕਿ ਹਜ਼ੂਰ ਤੰਦਰੁਸਤ ਹੋ ਜਾਣ। ਲੇਕਿਨ ਤੰਦਰੁਸਤ ਤਾਂ ਹੋਣ ਜੇ ਕਦੇ ਬੀਮਾਰ ਹੋਏ ਹੋਣ। ਜ਼ਰਾ ਗਹੁ ਨਾਲ ਤੱਕਿਆਂ ਪ੍ਰਤੀਤ ਹੋ ਰਿਹਾ ਹੈ ਕਿ ਹਜ਼ੂਰ ਦਾ ਇਨ੍ਹਾਂ ਗੱਲਾਂ ਨਾਲ ਕੋਈ ਦੂਰ ਦਾ ਵੀ ਵਾਸਤਾ ਨਹੀਂ। ਉਹ ਤਾਂ ਸ਼ਾਇਦ ਕਿਸੇ ਪ੍ਰੇਮੀ ਦਾ ਵੱਡਾ ਕਾਰਜ ਸੰਪੂਰਨ ਕਰਨ ਲੱਗੇ ਹੋਏ ਹਨ। ਸਰੀਰ ਵੱਲੋਂ ਸਾਰਾ ਧਿਆਨ ਸੰਕੋਚ ਕੇ ਸ਼ਾਇਦ ਉਸ ਮਹਾਨ ਕਾਰਜ ਵੱਲ ਹੀ ਲਾਇਆ ਹੋਇਆ ਹੈ। ਫਿਰ ਵੀ ਪੂਰਾ-ਪੂਰਾ ਤਾਂ ਉਹ ਆਪ ਹੀ ਜਾਨਣ ਕਿਉਂਕਿ ਸਾਡੀ ਤੁਹਾਡੀ ਬੁੱਧੀ ਵਿੱਚ ਸ਼ਾਇਦ ਰਿਜ਼ਲਟ ਤੋਂ ਬਾਅਦ ਹੀ ਆਵੇ। ਖੈਰ, ਹੁਣ ਦੋ ਹੀ ਪ੍ਰੇਮੀ ਅੰਦਰ ਸੇਵਾ ਵਿੱਚ ਰਹਿੰਦੇ ਹਨ, ਰਾਮ ਜੀ ਅਤੇ ਛੋਟੂ ਜੀ, ਤੀਸਰਾ ਕੋਈ ਨਹੀਂ ਅੰਦਰ ਜਾਂਦਾ। ਇਸ ਪ੍ਰਕਾਰ ਦੋ-ਤਿੰਨ ਦਿਨ ਗੁਜ਼ਰ ਗਏ। ਅੱਜ ਹਜ਼ੂਰ ਨੇ ਹੁਕਮ ਕੀਤਾ, ਦੌਂਦ ਜਾਣਾ ਹੈ, ਲੇਕਿਨ ਚਾਵਲਾ ਪ੍ਰੇਮੀ, ਡਾਕਟਰਾਂ ਦੀ ਗੱਲ ਮੰਨਦੇ ਹੋਏ ਟਾਲ ਮਟੋਲ ਕਰੀਂ ਜਾਂਦੇ ਹਨ, ਕਿ ਸਫਰ ਨਾਲ ਬੀਮਾਰੀ ਹੋਰ ਜ਼ੋਰ ਨਾ ਫੜ ਜਾਵੇ। ਲੇਕਿਨ ਹਜ਼ੂਰ ਬਾਰ-ਬਾਰ ਹੁਕਮ ਕਰੀਂ ਜਾ ਰਹੇ ਹਨ, ਦੌਂਦ ਜਾਣਾ ਹੈ। ਸੇਵਾਦਾਰ ਵਿਚਾਰੇ ਦੋ ਪਾਸੇ ਫਸੇ ਹੋਏ ਹਨ, ਇੱਕ ਪਾਸੇ ਤਾਂ ਮਹਾਂਪੁਰਸ਼ਾਂ ਦੇ ਸਰੀਰ ਨਾਲ ਇਤਨਾ ਗਹਿਰਾ ਪ੍ਰੇਮ ਹੈ ਕਿ ਹਰ ਸਮੇਂ ਪਰਮੇਸ਼ਰ ਅੱਗੇ ਅਰਦਾਸਾਂ ਬੇਨਤੀਆਂ ਕਰੀ ਜਾ ਰਹੇ ਹਨ, ਇਹ ਸਾਥੋਂ ਕਿਸੇ ਵੀ ਕੀਮਤ ਤੇ ਵਿਛੜ ਨਾ ਜਾਵੇ, ਹਰ ਹਾਲਤ ਵਿੱਚ ਤੰਦਰੁਸਤ ਹਰਿਆ ਭਰਿਆ ਰਹੇ ਤਾਂ ਕਿ ਪ੍ਰਤੱਖ ਦਰਸ਼ਨ ਹੁੰਦੇ ਰਹਿਣ। ਇਹ ਤਾਂ ਹੀ ਸੰਭਵ ਹੈ ਜੇ ਡਾਕਟਰ ਦੀ ਸਲਾਹ ਤੇ ਚੱਲਿਆ ਜਾਵੇ, ਲੇਕਿਨ ਡਾਕਟਰ ਕਹਿ ਰਹੇ ਹਨ, ਸਫਰ ਤਾਂ ਕੀ, ਬੋਲਣ ਨਾਲ ਵੀ ਸਰੀਰ ਤੇ ਬੁਰਾ ਅਸਰ ਪੈਂਦਾ ਹੈ। ਪਰੰਤੂ ਦੂਜੇ ਪਾਸੇ ਅਰਸ਼ੀ ਦਾਤੇ ਨੂੰ ਪ੍ਰਤੱਖ ਪਰਮੇਸ਼ਰ ਮੰਨਦੇ ਹੋਏ, ਹੁਕਮ ਅਦੂਲੀ ਦਾ ਵੀ ਡਰ ਹੈ, ਅੱਜ ਤੱਕ ਕੋਸ਼ਿਸ਼ ਕੀਤੀ ਗਈ ਹੈ, ਕਿ ਹੁਕਮ ਨਾ ਮੋੜਿਆ ਜਾਵੇ, ਕਿਉਂਕਿ ਹੁਕਮ ਮੰਨਣ ਦਾ ਅੰਮ੍ਰਿਤ ਰਸ ਦੇਖ ਜੁ ਚੁੱਕੇ ਹਨ। ਫਿਰ ਵੀ ਸਰੀਰ ਨਾਲ ਅਤੀ ਪਿਆਰ ਜਾਣ ਕੇ ਇੱਕ ਮਨੁੱਖੀ ਨਾਟਕ ਸੁੱਝਿਆ। ਹਜ਼ੂਰ ਦਾ ਹੁਕਮ ਮੰਨ ਕੇ ਕਾਰ ਵਿੱਚ ਬਿਠਾ ਲਏ। ਥੋੜ੍ਹੀ ਦੂਰ ਘੁੰਮਾ ਕੇ, ਦਰਸ਼ਨ ਲਾਲ ਦੀ ਕੋਠੀ ਲੈ ਆਏ ਜੋ ਕਿ ਅਮਰੀਕ ਚੰਦ ਦੀ ਕੋਠੀ ਦਾ ਹੀ ਇੱਕ ਹਿੱਸਾ ਹੈ ਯਾਨੀ ਇਕੋ ਪਲਾਟ ਵਿੱਚ ਦੋ ਕੋਠੀਆਂ ਹਨ, ਆਪਸ ਵਿੱਚ ਦੋਨਾਂ ਦੀਆਂ ਪਿੱਠਾਂ ਜੁੜੀਆਂ ਹੋਈਆਂ ਹਨ। ਥੋੜ੍ਹੀ ਦੂਰ ਘੁੰਮਾਏ ਇਸ ਲਈ ਕਿ ਸ਼ਾਇਦ ਹਜ਼ੂਰ ਨੂੰ ਭੁਲੇਖਾ ਦਿੱਤਾ ਜਾ ਸਕੇ ਦੌਂਦ ਦਾ। ਪਰ ਤੀਨ ਲੋਕ ਚੌਦਾਂ ਭਵਨ ਜਿਸ ਦੀ ਹਥੇਲੀ ਤੇ ਅਮਲਵਤ ਪਏ ਹਨ, ਉਸ ਨੂੰ ਕੌਣ ਭੁਲਾ ਸਕਦਾ ਹੈ। ਦਰਸ਼ਨ ਲਾਲ ਦੀ ਕੋਠੀ ਵਿੱਚ ਹਜ਼ੂਰ ਨੂੰ ਕਾਰ ਤੋਂ ਉਤਾਰ ਕੇ ਜਦੋਂ ਲੈ ਕੇ ਗਏ, ਤਾਂ ਆਪ ਨੇ ਸਖਤ ਸ਼ਬਦਾਂ ਨਾਲ ਕਿਹਾ, ਕਿ ਇਹ ਦੌਂਦ ਹੈ ? ਪਰੰਤੂ ਹੁਣ ਆਪ ਨੇ ਦੌਂਦ ਜਾਣ ਵਾਲੀ ਗੱਲ ਛੱਡ ਦਿੱਤੀ, ਕਿਉਂ ਛੱਡੀ ? ਇਹ ਉਹ ਆਪ ਹੀ ਜਾਨਣ। ਉਸ ਦਿਨ ਮਹਾਰਾਜ ਆਪਣੀ ਮੌਜ ਵਿੱਚ ਸਾਰਾ ਦਿਨ ਕਥਾ ਕਰਦੇ ਰਹੇ, ਲੇਕਿਨ ਕੋਈ ਪਤਾ ਨਾ ਲੱਗੇ, ਅੱਜ ਐਸਾ ਕਿਉਂ ਕਰੀਂ ਜਾ ਰਹੇ ਹਨ। ਸ਼ਾਮ ਨੂੰ ਪਤਾ ਲੱਗਿਆ ਕਿ ਅੱਜ ਰਵਿਦਾਸ ਜਯੰਤੀ ਹੈ। ਸ਼ਾਮ ਨੂੰ ਫਿਰ ਅਮਰੀਕ ਚੰਦ ਦੀ ਕੋਠੀ ਲੈ ਗਏ। ਕਈ ਦਿਨ ਇਸੇ ਤਰ੍ਹਾਂ ਇਲਾਜ ਹੁੰਦਾ ਰਿਹਾ, ਕਿਉਂਕਿ ਅਮਰੀਕ ਚੰਦ ਇੱਕ ਤੋਂ ਬਾਅਦ ਦੂਜਾ, ਵੱਡੇ ਤੋਂ ਵੱਡਾ ਡਾਕਟਰ ਲਿਆਉਂਦਾ ਰਿਹਾ, ਲੇਕਿਨ ਕੋਈ ਫਰਕ ਨਹੀਂ ਪੈ ਰਿਹਾ।

ਚਾਵਲਾ ਪ੍ਰੇਮੀ ਪੈਸੇ ਲਾਉਣ ਦੀ ਪ੍ਰਵਾਹ ਨਹੀਂ ਕਰ ਰਿਹਾ, ਰਾਮ ਜੀ ਤੇ ਛੋਟੂ ਜੀ, ਸੇਵਾ ਵੱਲੋਂ ਥੱਕ ਨਹੀਂ ਰਹੇ, ਦਿਨ ਰਾਤ ਚੱਲ-ਸੋ-ਚੱਲ ਹੈ। ਉੱਧਰ ਹਜ਼ੂਰ ਦੀ ਮੌਜ ਵਿੱਚ ਵੀ ਕੋਈ ਫਰਕ ਨਹੀਂ ਪੈ ਰਿਹਾ। ਪ੍ਰੇਮੀਆਂ ਨੇ ਹੁਣ ਕੋਈ ਚਾਰਾ ਨਾ ਦੇਖ ਕੇ ਆਪ ਜੀ ਨੂੰ ਹੋਲੀ ਫੈਮਲੀ ਨਰਸਿੰਗ ਹੋਮ ਵਿੱਚ ਦਾਖਲ ਕਰਵਾ ਦਿੱਤਾ। ਡਾਕਟਰ ਸੋਬਤੀ ਇਸ ਵਿੰਗ ਦਾ ਮੁੱਖ ਇੰਨਚਾਰਜ ਸੀ, ਉਸ ਨੇ ਹਰ ਪ੍ਰਕਾਰ ਦੇ ਟੈਸਟ ਕਰਵਾਏ, ਆਪਣੀ ਸਮਝ ਮੁਤਾਬਿਕ ਇਲਾਜ ਵੀ ਕਰਦਾ ਰਿਹਾ, ਲੇਕਿਨ ਕੋਈ ਫਰਕ ਨਹੀਂ ਪੈ ਰਿਹਾ। ਭਗਤ ਲੱਭਾ ਮੱਲ ਜੀ ਨੇ ਹਸਪਤਾਲ ਦੇ ਅਹਾਤੇ ਦੇ ਨਾਲ ਇੱਕ ਪਾਰਕ ਵਿੱਚ ਲੰਗਰ ਸ਼ੁਰੂ ਕਰ ਦਿੱਤਾ ਜਿਸ ਵਿੱਚ ਹਰ ਪ੍ਰਕਾਰ ਦੇ ਫਰੂਟ, ਚਾਹ, ਪ੍ਰਸ਼ਾਦੇ ਆਦਿ ਪਦਾਰਥਾਂ ਦੇ ਭੰਡਾਰੇ ਖੁੱਲ੍ਹੇ ਵਰਤ

ਰਹੇ ਹਨ, ਹਸਪਤਾਲ ਦੇ ਮੁਲਾਜ਼ਿਮ ਅਤੇ ਹੋਰ ਲੋੜਵੰਦ ਬਗੈਰ ਕਿਸੇ ਭੇਦ-ਭਾਵ ਤੋਂ ਛਕੀਂ ਜਾ ਰਹੇ ਹਨ। ਪੰਜਾਬ, ਹਰਿਆਣੇ ਤੋਂ ਸੰਗਤਾਂ ਦਰਸ਼ਨਾਂ ਲਈ ਆਉਂਦੀਆਂ ਰਹਿੰਦੀਆਂ ਹਨ, ਲੇਕਿਨ ਅੰਦਰ ਕਿਸੇ ਨੂੰ ਜਾਣ ਦੀ ਇਜ਼ਾਜ਼ਤ ਨਹੀਂ। ਅੰਦਰ ਜੇ ਜਾਂਦੇ ਹਨ, ਤਾਂ ਕੇਵਲ ਤੇ ਕੇਵਲ ਰਾਮ ਜੀ, ਜਾਂ ਛੋਟੂ ਜੀ। ਹਜ਼ੂਰ ਦਾ ਸਰੀਰ ਤੰਦਰੁਸਤ ਹੋਣ ਦੇ ਹੁਣ ਬਹੁਤੇ ਚਾਂਸ ਨਹੀਂ ਨਜ਼ਰ ਆ ਰਹੇ, ਸੰਗਤਾਂ ਵਿੱਚ ਚਿੰਤਾ ਛਾਈ ਹੋਈ ਹੈ, ਹਸਪਤਾਲ ਆਇਆਂ ਨੂੰ ਵੀ ਕਾਫੀ ਦਿਨ ਗੁਜ਼ਰ ਗਏ, ਲੇਕਿਨ ਫਰਕ ਕੋਈ ਨਹੀਂ ਪੈ ਰਿਹਾ। ਰਾਮ ਜੀ ਅਤੇ ਛੋਟੂ ਜੀ ਨੇ ਆਪਸ ਵਿੱਚ ਸਲਾਹ ਕੀਤੀ, ਕਿ ਜੇ ਹਜ਼ੂਰ ਦੀ ਕ੍ਰਿਪਾ ਹੋ ਗਈ, ਸਰੀਰ ਠੀਕ ਹੋ ਗਿਆ, ਤਾਂ ਬਕਾਇਆ ਜ਼ਿੰਦਗੀ ਉਨ੍ਹਾਂ ਦੇ ਚਰਨਾਂ ਵਿੱਚ ਸੇਵਾ ਕਰਦਿਆਂ ਹੀ ਗੁਜ਼ਾਰਾਂਗੇ। ਲੇਕਿਨ ਜੇ ਸਰੀਰ ਦਾ ਕੋਈ ਭਾਣਾ ਵਰਤਾ ਗਏ, ਤਾਂ ਹਰੀ ਦੀ ਮੌਜ ਵਿੱਚ ਕਿਤੇ ਇਕਾਂਤ ਸਮਾਂ ਗੁਜ਼ਾਰਾਂਗੇ ਪਰੰਤੂ ਵਾਪਸ ਹੁਣ ਘਰਾਂ ਨੂੰ ਨਹੀਂ ਜਾਣਾ ਅਤੇ ਨਾ ਹੀ ਕੋਈ ਸੰਸਾਰਕ ਵਿਵਹਾਰ ਕਰਨਾ ਹੈ। ਉਸ ਸਮੇਂ ਜੋਧ ਸਿੰਘ ਜੀ ਜੋ ਕਿ ਕੋਲ ਹੀ ਖੜੇ ਸਨ ਨੇ ਕਿਹਾ, ਮੈਂ ਵੀ ਤੁਹਾਡੇ ਨਾਲ ਹੀ ਹਾਂ। ਪਰੰਤੂ ਐਸਾ ਲੱਗ ਰਿਹਾ ਹੈ ਜਿਵੇਂ ਇਹ ਸ਼ਾਇਦ ਇਸ ਗੱਲ ਤੋਂ ਅਨਜਾਣ ਹਨ ਕਿ ਹਜ਼ੂਰ ਨੇ ਇਹ ਬੀਮਾਰੀ ਵਾਲਾ ਨਾਟਕ ਰਚਿਆ ਹੀ ਤੁਹਾਡੀ ਬਾਦਸ਼ਾਹੀ ਦੀ ਸਿਰਜਨਾ ਕਰਨ ਵਾਸਤੇ ਹੈ।

ਇਤਨੇ ਨੂੰ ਇੱਕ ਦਿਨ ਰਿਸ਼ੀਕੇਸ਼ ਤੋਂ ਮਹੰਤ ਨਾਰਾਇਣ ਸਿੰਘ ਅਤੇ ਸੰਤ ਕਰਤਾਰ ਸਿੰਘ ਜੀ ਆ ਗਏ, ਤਾਂ ਮਹੰਤ ਨਾਰਾਇਣ ਸਿੰਘ ਜੀ ਨੂੰ ਅੰਦਰ ਜਾਣ ਲਈ ਕੁਝ ਸਮਾਂ ਮਿਲ ਗਿਆ। ਉਹ ਜਦੋਂ ਹਜ਼ੂਰ ਦੇ ਕੋਲ ਪਹੁੰਚੇ, ਤਾਂ ਕਈ ਪਾਈਪਾਂ ਲੱਗੀਆਂ ਦੇਖ ਕੇ ਅੱਖਾਂ ਭਰ ਆਏ। ਹਜ਼ੂਰ ਨੇ ਥਥਲਾਂਦੀ ਜੁਬਾਨ ਨਾਲ ਕਿਹਾ, ਤੂੰ ਰੋਂਦਾ ਕਿਉਂ ਹੈਂ, ਅਸੀਂ ਤੇਰੀ ਕੋਲ ਆਵਾਂਗੇ, ਤੇਰੇ ਸਾਰੇ ਕੰਮ ਕਰਕੇ ਜਾਵਾਂਗੇ, ਤੂੰ ਚਿੰਤਾ ਨਾ ਕਰ। ਇਹ ਸੁਣ ਕੇ ਮਹੰਤ ਜੀ ਨੂੰ ਬਹੁਤ ਖੁਸ਼ੀ ਹੋਈ। ਉਨ੍ਹਾਂ ਨੇ ਬਾਹਰ ਆ ਕੇ ਕੁੱਝ ਜ਼ਿਮੇਂਵਾਰ ਸੱਜਣਾਂ ਨੂੰ ਮਹਾਂਪੁਰਸ਼ਾਂ ਦਾ ਇਸ਼ਾਰਾ ਦੱਸਿਆ, ਅਤੇ ਜਿਸ-ਜਿਸ ਨੇ ਸੁਣਿਆ, ਕੁੱਝ ਖੁਸ਼ੀ ਵੀ ਮਹਿਸੂਸ ਕੀਤੀ, ਲੇਕਿਨ ਸਰੀਰ ਦੀ ਹਾਲਤ ਵਿੱਚ ਕੁੱਝ ਫਰਕ ਨਾ ਪੈ ਰਿਹਾ ਦੇਖ ਕੇ, ਫਿਰ ਸਾਰੀਆਂ ਆਸਾਂ ਤੇ ਪਾਣੀ ਫਿਰ ਜਾਂਦਾ ਹੈ।

ਆਖਰ ਇੱਕ ਦਿਨ ਡਿਪਾਰਟਮੈਂਟ ਦੇ ਹੈੱਡ ਡਾਕਟਰ ਸੋਬਤੀ ਨੇ ਇਹ ਜਾਣ ਕੇ ਆਪਣੇ ਹੱਥ ਖੜੇ ਕਰ ਦਿੱਤੇ ਕਿ ਸਰੀਰ ਹੁਣ ਆਖਰੀ ਦਮਾਂ ਤੇ ਹੈ। ਇਸ ਸਰੀਰ ਰੂਪੀ ਦੀਵੇ ਵਿੱਚੋਂ ਤੇਲ ਖ਼ਤਮ ਹੋ ਚੁੱਕਿਆ ਹੈ, ਬੱਤੀ ਕਿਸੇ ਵੇਲੇ ਵੀ ਬੁੱਝ ਸਕਦੀ ਹੈ। ਐਸਾ ਸੋਚ ਕੇ ਨਾਲੀਆਂ ਪਾਈਪਾਂ ਸਭ ਉਤਾਰ ਦਿੱਤੀਆਂ, ਗੇਟ ਖੋਲ੍ਹ ਦਿੱਤਾ, ਤਾਂ ਕਿ ਸੰਗਤਾਂ ਆਪਣੇ ਪਿਆਰੇ ਪ੍ਰੀਤਮ ਦਾ ਦੀਦਾਰ ਕਰ ਲੈਣ। ਬੱਸ ਗੇਟ ਖੁੱਲ੍ਹਣ ਦੀ ਦੇਰ ਸੀ, ਸੰਗਤਾਂ ਦਾ ਅੰਦਰ ਜਾਣ ਲਈ ਧੱਕਾ ਵਜ ਗਿਆ, ਕਿਉਂਕਿ ਬਾਹਰ ਅਫਵਾਹ ਉੱਡ ਗਈ, ਕਿ ਹਜ਼ੂਰ ਸਰੀਰ ਦਾ ਭਾਣਾ ਵਰਤਾਉਣ ਲੱਗੇ ਹਨ, ਇਸ ਲਈ ਲੋਕ ਇੱਕ ਦੂਜੇ ਤੋਂ ਅੱਗੇ ਜਾਣ ਲੱਗੇ। ਭਗਤ ਲੱਭਾ ਰਾਮ ਜੀ ਨੇ ਸੰਗਤਾਂ ਨੂੰ ਸੰਬੋਧਨ ਕੀਤਾ–

ਪ੍ਰਭੁ ਭਾਵੈ ਬਿਨੁ ਸਾਸੁ ਤੇ ਰਾਖੈ॥
ਪ੍ਰਭੁ ਭਾਵੈ ਬਿਨੁ ਸਾਸੁ ਤੇ ਰਾਖੈ॥

ਐਸੇ ਦੋ ਤਿੰਨ ਵਾਰੀ ਉਚਾਰਨ ਕੀਤਾ, ਜਦੋਂ ਸੰਗਤਾਂ ਦਰਸ਼ਨ ਕਰ ਚੁੱਕੀਆਂ ਤਾਂ ਸਭ ਨੂੰ ਹੌਲੀ-ਹੌਲੀ ਬਾਹਰ ਭੇਜ ਦਿੱਤਾ, ਅੰਦਰ ਕੇਵਲ ਦੋ ਤਿੰਨ ਸੇਵਾਦਾਰ ਰਹਿ ਗਏ। ਹੁਣ ਹਜ਼ੂਰ ਨੂੰ ਉਠ ਕੇ ਬੈਠੇ ਹੋਣ ਦੀ ਤਾਂਘ ਵਿੱਚ ਦੇਖਦਿਆਂ ਰਾਮ ਜੀ ਨੇ ਅਰਜ਼ ਕੀਤੀ, ਮਹਾਰਾਜ! ਬੈਠੇ ਕਰੀਏ? ਹਜ਼ੂਰ ਨੇ ਇਸ਼ਾਰਾ ਹਾਂ ਵਿੱਚ ਕੀਤਾ। ਰਾਮ ਜੀ ਅਤੇ ਛੋਟੂ ਜੀ ਨੇ ਫੜ ਕੇ ਸਹਿਜੇ-ਸਹਿਜੇ ਸਹਾਰਾ ਦਿੱਤਾ, ਫਿਰ ਆਲੇ-ਦੁਆਲੇ ਸਿਰਹਾਣੇ ਲਾ ਕੇ ਫੜ ਕੇ ਬਿਠਾ ਲਏ। ਹਜ਼ੂਰ ਨੇ ਚਾਹ ਛਕਣ ਲਈ ਇਸ਼ਾਰਾ ਕੀਤਾ। ਸੇਵਕਾਂ ਨੇ ਇਸ਼ਾਰਾ ਸਮਝਦੇ ਸਾਰ ਹੀ ਛੇਤੀ-ਛੇਤੀ ਚਾਹ ਬਣਾ ਲਈ। ਰਾਮ ਜੀ ਨੇ ਸੋਚਿਆ, ਹਜ਼ੂਰ ਨੂੰ ਮੰਜੇ ਤੇ ਲਿਟਾ ਕੇ ਚਮਚ ਨਾਲ ਮੂੰਹ ਵਿੱਚ ਚਾਹ ਪਾਈਏ, ਕਿਉਂਕਿ ਕਾਫੀ ਦਿਨ ਗੁਜ਼ਰ ਗਏ, ਬਰਤਨ ਨਾਲ ਚਾਹ ਪੀਤੇ ਨੂੰ ਅਤੇ ਸਰੀਰ ਵੀ ਇਤਨਾ ਨਿਰਬਲ ਹੋ ਚੁੱਕਿਆ ਹੈ ਕਿ ਕੁੱਝ ਖਾਣ ਪੀਣ ਤੋਂ ਪੂਰੀ ਤਰ੍ਹਾਂ ਅਸਮਰਥ ਨਜ਼ਰ ਆ ਰਿਹਾ ਹੈ, ਪਰੰਤੂ ਖੁਦਾ ਦੀ ਮੌਜ ਦੇਖੋ, ਹਜ਼ੂਰ ਨੇ ਬੈਠੇ-ਬੈਠੇ ਹੀ ਪੀਣ ਦਾ ਇਸ਼ਾਰਾ ਕੀਤੀ। ਰਾਮ ਜੀ ਨੇ ਗਲਾਸ ਮੂੰਹ ਨਾਲ ਲਾਇਆ ਤਾਂ ਮਹਾਰਾਜ ਨੇ ਕੰਬਦੇ ਜਿਹੇ ਹੱਥਾਂ ਨਾਲ ਗਲਾਸ ਫੜ ਲਿਆ ਅਤੇ ਰਾਮ ਜੀ ਨੂੰ ਇਸ਼ਾਰਾ ਕੀਤਾ, ਗਲਾਸ ਛੱਡਣ ਲਈ। ਉਹਨਾਂ ਨੇ ਇਸ਼ਾਰਾ ਸਮਝ ਕੇ ਹੱਥ ਗਲਾਸ ਦੇ ਹੇਠਾਂ ਕਰ ਲਿਆ ਤਾਂ ਕਿ ਗਲਾਸ ਡਿੱਗਣ

ਦੀ ਸ਼ਕਲ ਵਿੱਚ ਸੰਭਾਲ ਲਿਆ ਜਾਵੇ। ਹੌਲੀ-ਹੌਲੀ ਕਰਕੇ ਹਜ਼ੂਰ ਨੇ ਲੋੜ ਅਨੁਸਾਰ ਚਾਹ ਪੀ ਲਈ, ਹੁਣ ਦੇਖੋ, ਪਰਮੇਸ਼ਰ ਦੇ ਰੰਗ! ਡਾਕਟਰ ਕਹਿ ਰਿਹਾ ਹੈ ਬੱਤੀ ਬੁੱਝਣ ਕਿਨਾਰੇ ਹੈ, ਲੇਕਿਨ ਹਰੀ ਦੀ ਮੌਜ, ਦੀਵਾ ਇਉਂ ਟਹਿ-ਟਹਿ ਜਗਨ ਲੱਗ ਪਿਆ, ਜਿਵੇਂ ਤੇਲ ਨਾਲ ਭਰਿਆ ਪਿਆ ਹੋਵੇ। ਜਿਹੜੀ ਬਨਾਸਪਤੀ ਥੋੜ੍ਹੀ ਦੇਰ ਪਹਿਲਾਂ ਸੁੱਕੀ ਕਮਲਾਈ ਨਜ਼ਰ ਆ ਰਹੀ ਸੀ, ਉਹ ਹੁਣ ਬਸੰਤ ਰੁੱਤ ਵਾਂਗ ਮਹਿਕ ਉੱਠੀ। ਇਹੀ ਤਾਂ ਕਰਤਾਰ ਵਿੱਚ ਵੱਡਾ ਗੁਣ ਹੈ—

ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ॥
ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ॥

*(ਰਾਗੁ ਬਿਹਾਗੜਾ ਮ: ੯, ਪੰਨਾ-੫੩੭)*

ਇਹ ਖ਼ਬਰ ਸੁਣ ਕੇ ਸੰਗਤਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਡਾਕਟਰ ਅਤੇ ਸਾਰਾ ਸਟਾਫ ਅਸਚਰਜ ਹੋ ਰਹੇ ਹਨ ਕਿਉਂਕਿ ਇਹ ਪਹਿਲੀ ਵਾਰ ਦੇਖਿਆ ਹੈ ਡਾਕਟਰੀ ਵਿਦਿਆ ਵਿੱਚ ਨਿਰਾਲਾ ਕੌਤਕ। ਅੱਜ ਪਤਾ ਲੱਗਿਆ ਕਿ ਫਕੀਰ ਦੀ ਮੌਜ ਨੂੰ ਵਿਦਿਆ ਨਹੀਂ ਜਾਣ ਸਕਦੀ। ਖੈਰ, ਦੋ-ਤਿੰਨ ਦਿਨ ਇਸੇ ਰੰਗ ਵਿੱਚ ਬੀਤ ਗਏ, ਆਪ ਬੈਠ ਵੀ ਜਾਂਦੇ ਹਨ ਅਤੇ ਚਾਹ ਵਗੈਰਾ ਵੀ ਛਕ ਲੈਂਦੇ ਹਨ, ਮਾਨੋਂ ਅਸਚਰਜ ਨਾਟਕ ਨੂੰ ਸਹਿਜੇ-ਸਹਿਜੇ ਸੰਕੋਚਨਾ ਸ਼ੁਰੂ ਕਰ ਦਿੱਤਾ। ਹੁਣ ਆਪ ਨੇ ਹੁਕਮ ਕੀਤਾ, ਹਸਪਤਾਲ ਨਹੀਂ ਰਹਿਣਾ ਅਤੇ ਜ਼ਰੂਰਤ ਵੀ ਨਹੀਂ ਰਹੀ ਸੀ ਹੁਣ ਹਸਪਤਾਲ ਜਾਂ ਡਾਕਟਰਾਂ ਦੀ। ਕਿਉਂਕਿ ਡਾਕਟਰੀ ਵਿਦਿਆ ਦੇ ਜਾਂ ਪੈਸੇ ਖ਼ਰਚ ਕਰਕੇ ਸਰੀਰ ਬਚਾਉਣ ਦੇ ਸਾਰੇ ਭਰਮ ਖ਼ਤਮ ਹੋ ਚੁੱਕੇ ਸਨ। ਹੁਣ ਅਮਰੀਕ ਚੰਦ ਦੀ ਕੋਠੀ ਜਾਣ ਦੀ ਬਜਾਏ ਉਸਦੀ ਫੈਕਟਰੀ ਵਿੱਚ ਆ ਗਏ। ਉਪਰ ਕਈ ਕਮਰੇ ਬਣੇ ਹੋਏ ਹਨ, ਉਨ੍ਹਾਂ ਵਿੱਚੋਂ ਇੱਕ ਕਮਰੇ ਵਿੱਚ ਆ ਕੇ ਬਿਰਾਜਮਾਨ ਹੋ ਗਏ। ਸੇਵਾ ਵਿੱਚ ਉਹੀ ਦੋ ਪ੍ਰੇਮੀ, ਜੋ ਮਹੀਨੇ ਸਵਾ ਮਹੀਨੇ ਤੋਂ ਡੱਟੇ ਹੋਏ ਹਨ, ਰਾਮ ਜੀ ਅਤੇ ਛੋਟੂ ਜੀ ਅਤੇ ਇੱਕ ਨਰਸ ਵੀ ਸਮੇਂ-ਸਮੇਂ ਹਜ਼ੂਰ ਨੂੰ ਦਵਾਈ ਦੇਣ ਲਈ ਦਰਵਾਜੇ ਦੇ ਬਾਹਰ ਕੁਰਸੀ ਤੇ ਪੂਰਾ ਦਿਨ ਬੈਠੀ ਰਹਿੰਦੀ ਹੈ।

ਸਹਿਜੇ-ਸਹਿਜੇ ਹੁਣ ਹਜ਼ੂਰ ਨੇ ਸਰੀਰ ਨੂੰ ਸੱਤਾ ਦੇਣੀ ਸ਼ੁਰੂ ਕਰ ਦਿੱਤੀ, ਜਿਵੇਂ-ਜਿਵੇਂ ਸੱਤਾ ਦੇ ਰਹੇ ਹਨ, ਤਿਵੇਂ-ਤਿਵੇਂ ਸਰੀਰ ਠੀਕ ਵੀ ਹੁੰਦਾ ਜਾ ਰਿਹਾ ਹੈ। ਹੁਣ ਰਾਮ ਜੀ ਨੇ ਅਥਾਹ ਸੇਵਾ ਕਰਕੇ ਪਵਿੱਤਰ ਕੀਤੇ ਆਪਣੇ ਹੱਥਾਂ ਨਾਲ ਪ੍ਰਸ਼ਾਦਾ ਬਣਾ ਕੇ ਛਕਾਉਣਾ ਸ਼ੁਰੂ ਕਰ ਦਿੱਤਾ। ਦੂਰ ਨੇੜੇ ਸਭ ਸੰਗਤਾਂ ਨੂੰ ਪਤਾ ਲੱਗ ਗਿਆ ਕਿ ਹਜ਼ੂਰ ਠੀਕ ਹੋ ਕੇ ਚਾਵਲਾ ਜੀ ਦੀ ਫੈਕਟਰੀ ਆ ਗਏ ਹਨ। ਜਿਵੇਂ-ਜਿਵੇਂ ਪਤਾ ਲੱਗਦਾ ਗਿਆ, ਸੰਗਤਾਂ ਵੀ ਦਰਸ਼ਨ ਕਰਨ ਲਈ ਆਉਣੀਆਂ ਸ਼ੁਰੂ ਹੋ ਗਈਆਂ। ਇੱਕ ਦਿਨ ਚਾਰ ਪ੍ਰੇਮੀ ਪੰਜਾਬ ਤੋਂ ਵੀ ਦਰਸ਼ਨ ਕਰਨ ਲਈ ਆਏ। ਜਦੋਂ ਦਿਨ ਦੇ ਛੁਪਾ ਨਾਲ ਹਜ਼ੂਰ ਦੇ ਚਰਨਾਂ ਵਿੱਚ ਪਹੁੰਚ ਕੇ ਨਮਸ਼ਕਾਰ ਕੀਤੀ, ਤਾਂ ਆਪ ਨੇ ਬੜੇ ਸਹਿਜ ਨਾਲ ਪੁੱਛਿਆ, ਓ-ਭਾਈ! ਹੁਣ ਤਾਂ ਨਹੀਂ ਸਾਡੇ ਸਰੀਰ ਲਈ ਅਖੰਡ ਪਾਠ ਕਰੀਂ ਜਾਂਦੇ? ਨਹੀਂ ਮਹਾਰਾਜ ਜੀ ਹੁਣ ਤਾਂ ਆਪ ਜੀਆਂ ਦੇ ਦਰਸ਼ਨਾਂ ਲਈ ਆਏ ਹਾਂ। ਚੰਗਾ ਜਾਉ ਲੰਗਰ ਵਿੱਚ ਚਾਹ ਪਾਣੀ ਛਕ ਲਉ। ਹੁਕਮ ਮੰਨ ਕੇ ਪ੍ਰੇਮੀ ਨਾਲ ਦੇ ਕਮਰੇ ਵਿੱਚ ਚਲੇ ਗਏ, ਗੁਰਨਾਮ ਸਿੰਘ ਖੋਖ, ਦਲੀਪ ਸਿੰਘ ਦੌਦ ਪਹਿਲਾਂ ਹੀ ਉਸ ਕਮਰੇ ਵਿੱਚ ਬੈਠੇ ਸਨ। ਸਾਰੇ ਇੱਕ ਥਾਂ ਬੈਠ ਕੇ ਹਜ਼ੂਰ ਦੀਆਂ ਗੱਲਾਂ ਕਰਨ ਲੱਗ ਗਏ। ਲੰਗਰ ਦੇ ਸਮੇਂ ਲੰਗਰ ਛਕ ਲਿਆ, ਫਿਰ ਉਸੇ ਤਰ੍ਹਾਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਕਿਉਂਕਿ ਪੂਰਨ ਤੌਰ ਤੇ ਪ੍ਰਤੱਖ ਦਿਸ ਰਹੀ ਨਿਰਾਸ਼ਾ ਵਿੱਚ ਆਸ ਦੀ ਕਿਰਨ ਜੋ ਦੁਬਾਰਾ ਆ ਗਈ, ਇਸ ਲਈ ਸਭ ਦੇ ਅੰਦਰੋਂ ਖੁਸ਼ੀ ਫੁੱਟ-ਫੁੱਟ ਨਿਕਲ ਰਹੀ ਸੀ। ਇਤਨੇ ਨੂੰ ਰਾਤ ਦੇ ਕੋਈ ਦਸ ਕੁ ਵਜੇ ਰਾਮ ਜੀ ਨੇ ਆ ਕੇ ਇੱਕ ਪ੍ਰੇਮੀ ਨੂੰ ਕਿਹਾ ਕਿ ਹਜ਼ੂਰ ਬੁਲਾ ਰਹੇ ਹਨ। ਪ੍ਰੇਮੀ ਨੇ ਹਜ਼ੂਰ ਦੇ ਚਰਨਾਂ ਵਿੱਚ ਪਹੁੰਚ ਕੇ ਨਮਸਕਾਰ ਕੀਤੀ, ਅੱਗੋਂ ਹਜ਼ੂਰ ਨੇ ਬੈਠ ਜਾਣ ਲਈ ਹੱਥ ਦਾ ਇਸ਼ਾਰਾ ਕੀਤਾ। ਪ੍ਰੇਮੀ ਚਰਨਾਂ ਵਿੱਚ ਬੈਠ ਗਿਆ। ਕੁੱਝ ਮਿੰਟਾਂ ਬਾਅਦ ਮਹਾਰਾਜ ਜੀ ਨੇ ਪੁੱਛਿਆ, ਦਸ ਕਿਵੇਂ ਹੋਈ? ਪ੍ਰੇਮੀ ਦੀ ਸਮਝ ਵਿੱਚ ਨਾ ਆਇਆ, ਹਜ਼ੂਰ ਕੀ ਪੁੱਛ ਰਹੇ ਹਨ। ਅਰਜ਼ ਕੀਤੀ, ਮਹਾਰਾਜ! ਮੈਂ ਸਮਝਿਆ ਨਹੀਂ ਆਪ ਕੀ ਪੁੱਛ ਰਹੇ ਹੋ? ਹਜ਼ੂਰ ਬੋਲੇ, ਭਾਈ ਸਾਡੇ ਸਰੀਰ ਨਾਲ ਕਿਵੇਂ ਹੋਈ? ਪ੍ਰੇਮੀ ਨੇ ਦੱਸਿਆ, ਮਹਾਰਾਜ ਆਪ ਨੇ ਸਰਵਨ ਸਿੰਘ ਟਰੱਕਾਂ ਵਾਲੇ ਨੂੰ ਤਰੀਕ ਦਿੱਤੀ ਸੀ ਅਖੰਡ ਪਾਠ ਦੀ, ਲੇਕਿਨ ਖੋਖ ਜਾ ਕੇ ਆਪ ਜੀ ਦਾ ਸਰੀਰ ਬੀਮਾਰ ਹੋ ਗਿਆ, ਉਸ ਤੋਂ ਬਾਅਦ ਜਿਵੇਂ-ਰਿਸ਼ੀਕੇਸ਼, ਦਿੱਲੀ, ਅਮਰੀਕ ਚੰਦ ਚਾਵਲਾ ਦੀ ਕੋਠੀ ਅਤੇ ਹਸਪਤਾਲ ਆਦਿਕ ਥਾਵਾਂ ਦਾ ਜਿਤਨਾ ਕੁ ਪ੍ਰੇਮੀ ਨੂੰ ਪਤਾ ਸੀ, ਦੱਸਿਆ। ਹਜ਼ੂਰ ਬਹੁਤ ਸ਼ਾਂਤ ਚਿੱਤ

ਸੁਣਦੇ ਰਹੇ। ਫਿਰ ਬੋਲੇ, ਤੂੰ ਤਾਂ ਕਹਿੰਦਾ ਹੈਂ ਖੋਖ ਜਾ ਕੇ ਬੀਮਾਰ ਹੋਏ, *ਪਰ ਸਾਨੂੰ ਤਾਂ ਕਰਨਾਲ ਤੋਂ ਬਾਅਦ ਨਹੀਂ ਪਤਾ, ਅਸੀਂ ਉਥੇ ਹੈ ਵੀ ਨਹੀਂ ਸੀ।* ਪ੍ਰੇਮੀ ਸੁਣ ਕੇ ਹੈਰਾਨ ਹੋਇਆ, ਉੱਥੇ ਹੈ ਵੀ ਨਹੀਂ ਸੀ? ਹੋਰ ਕਿੱਥੇ ਸਨ? ਇਸਦਾ ਮਤਲਬ ਹੈ ਹਜ਼ੂਰ ਬੀਮਾਰ ਨਹੀਂ ਹੋਏ? ਕਿ ਕਿਤੇ ਹੋਰ ਗਏ ਹੋਏ ਸਨ? ਜਾਂ ਕੋਈ ਕਾਰਜ ਕਰ ਰਹੇ ਸਨ, ਤਦ ਹੀ ਪ੍ਰਤੀਤ ਹੋ ਰਿਹਾ ਸੀ, ਸਰੀਰ ਸੱਤਾਹੀਨ ਹੈ। ਇਤਿਆਦਿਕ ਸੰਕਲਪ ਪ੍ਰੇਮੀ ਦੇ ਅੰਦਰ ਬੜੀ ਤੇਜ਼ੀ ਨਾਲ ਘੁੰਮੇ। ਖੈਰ, ਕੋਈ ਅੱਧਾ ਕੁ ਘੰਟਾ ਮਹਾਰਾਜ ਆਪਣੀ ਮੌਜ ਵਿੱਚ ਪ੍ਰੇਮੀ ਨਾਲ ਉਪਰੋਕਤ ਗੱਲਾਂ ਕਰਦੇ ਰਹੇ। ਹੁਣ ਹੁਕਮ ਕੀਤਾ ਜਾਉ, ਹੁਣ ਆਰਾਮ ਕਰ ਲਉ। ਪ੍ਰੇਮੀ ਚਲਾ ਗਿਆ ਕਮਰੇ ਵਿੱਚ, ਰਾਮ ਜੀ ਫਿਰ ਸੇਵਾਰ ਵਿੱਚ ਆ ਗਏ। ਇਸ ਤਰ੍ਹਾਂ ਕੁੱਝ ਦਿਨ ਗੁਜ਼ਾਰਨ ਤੋਂ ਬਾਅਦ ਸਰੀਰ ਦੀ ਹਾਲਤ ਕਾਫੀ ਠੀਕ ਹੋ ਗਈ। ਹੁਣ ਲੱਗਦਾ ਹੈ ਹਜ਼ੂਰ ਨੇ ਕਿਸੇ ਹੋਰ ਟਿਕਾਣੇ ਜਾਣ ਦਾ ਮਨ ਬਣਾ ਲਿਆ, ਕਿਉਂਕਿ ਸ਼ਾਦੀ ਦਾ ਦਿਨ ਜੋ ਨੇੜੇ-ਨੇੜੇ ਆ ਰਿਹਾ ਹੈ, ਇਸ ਲਈ ਸਾਰੀ ਤਿਆਰੀ ਵੀ ਕਰਨੀ ਹੈ। ਸਫਰ ਤੋਂ ਪਹਿਲਾਂ ਆਪ ਜੀ ਨੇ ਹੁਣ ਵਜ਼ਨ ਘਟਾਉਣਾ ਸ਼ੁਰੂ ਕਰ ਦਿੱਤਾ। ਸਭ ਤੋਂ ਪਹਿਲਾਂ ਹੁਕਮ ਕੀਤਾ, ਇਸ ਨਰਸ ਨੂੰ ਛੁੱਟੀ ਕਰ ਦਿਉ! ਹੁਕਮ ਮੰਨ ਕੇ ਚਾਵਲਾ ਜੀ ਨੇ ਉਸ ਲੜਕੀ ਨੂੰ ਜੋ ਹਿਸਾਬ ਕਿਤਾਬ ਸੀ ਦੇ ਕੇ ਛੁੱਟੀ ਕਰ ਦਿੱਤੀ। ਫਿਰ ਇੱਕ ਦੋ ਦਿਨਾਂ ਬਾਅਦ ਛੋਟੂ ਜੀ ਨੂੰ ਹੁਕਮ ਕੀਤਾ, ਕਿ ਜਾਹ ਭਾਈ ਆਪਣਾ ਕੰਮ ਕਾਰ ਦੇਖ! ਅਰਜ਼ ਕੀਤੀ, ਮਹਾਰਾਜ! ਆਪ ਜੀ ਦੇ ਚਰਨਾਂ ਦੀ ਸੇਵਾ ਮਿਲੀ ਹੋਈ ਹੈ, ਕ੍ਰਿਪਾ ਕਰੋ ਨਾਲ ਹੀ ਰੱਖੋ! ਹੁਕਮ ਹੋਇਆ ਠੀਕ ਹੈ, ਹੁਣ ਘਰ ਜਾਉ। ਮਨ ਭਾਵੇਂ ਬਿਲਕੁੱਲ ਨਹੀਂ ਸੀ ਕਰਦਾ ਚਰਨਾਂ ਵਿੱਚੋਂ ਕਿਤੇ ਹੋਰ ਜਾਣ ਨੂੰ ਲੇਕਿਨ ਹੁਕਮ ਵੀ ਮੋੜਨਾ ਮੁਸ਼ਕਿਲ ਸੀ, ਇਸ ਲਈ ਨਾ ਚਾਹੁੰਦੇ ਹੋਏ ਵੀ ਕੌੜਾ ਘੁੱਟ ਭਰਨਾ ਹੀ ਪਿਆ। ਹੁਣ ਰਹਿ ਗਏ ਰਾਮ ਜੀ, ਇੱਕ ਦਿਨ ਉਨ੍ਹਾਂ ਨੂੰ ਵੀ ਹੁਕਮ ਕਰ ਦਿੱਤਾ, ਕਿ ਜਾਉ ਭਾਈ ਆਪਣੀ ਡਿਊਟੀ ਸੰਭਾਲੋ! ਰਾਮ ਜੀ ਦੇ ਨੇਤਰਾਂ ਵਿੱਚ ਜਲ ਭਰ ਆਇਆ, ਗਲਾ ਰੁੱਕ ਗਿਆ, ਕੋਈ ਬਚਨ ਨਹੀਂ ਉਚਾਰਨ ਹੋ ਰਿਹਾ, ਬਸ ਦੋਨੋਂ ਹੱਥ ਜੋੜੀਂ ਚਰਨਾਂ ਵਿੱਚ ਖੜੇ ਨੇਤਰਾਂ ਵਿੱਚੋਂ ਪਰਲ-ਪਰਲ ਜਲ ਵਹਾਈ ਜਾ ਰਹੇ ਹਨ। ਕਿਵੇਂ ਕਹਿਣ, ਜਾਣ ਨੂੰ ਮਨ ਨਹੀਂ ਕਰਦਾ? ਇਹ ਬੇਨਤੀ ਤਾਂ ਅੱਜ ਤੋਂ ਪਹਿਲਾਂ ਬਹੁਤ ਵਾਰ ਕਰ ਚੁੱਕੇ ਹਨ, ਜਿਸ ਦੀ ਅੱਜ ਤੱਕ ਸੁਣਵਾਈ ਨਹੀਂ ਹੋਈ, ਅੱਜ ਕਿਵੇਂ ਹੋਵੇਗੀ? ਬਸ ਪਲਾਸਟਿਕ ਦੀ ਨਿਰਜਿੰਦ ਮੂਰਤੀ ਵਾਂਗ ਅਹਿੱਲ ਹੱਥ ਜੋੜੀਂ ਖੜੇ ਹਨ। ਅੰਦਰੋਂ ਬਾਰ-ਬਾਰ ਹੌਂਸਲਾ ਕਰ ਰਹੇ ਹਨ ਅਰਜ਼ ਕਰੀਏ, ਲੇਕਿਨ ਫਿਰ ਅੰਦਰੋਂ ਹੀ ਆਵਾਜ਼ ਆ ਜਾਂਦੀ ਹੈ, ਇਲਾਹੀ ਹੁਕਮ ਹੈ, ਇਸ ਦੇ ਅੱਗੇ ਪੇਸ਼ ਨਹੀਂ ਚੱਲੇਗੀ, ਲੇਕਿਨ ਅੰਦਰ ਪ੍ਰੀਤ ਦੀ ਇਹ ਹਾਲਤ ਹੈ–

**ਭਈ ਪ੍ਰੀਤਿ ਨਾਹ ਜਾਇ ਬਖਾਨੀ॥ ਕੋ ਉਪਮਾ ਕਛੁ ਦਿਉ ਨ ਸਮਾਨੀ॥**
**ਅਲਪ ਪਤੰਗ ਮ੍ਰਿਗ ਕੀ ਜਾਨੀ॥ ਤਿਨ ਤੇ ਤੂਰਨਤਾ ਪਹਚਾਨੀ॥**
**ਸੀਸ ਦੇਣ ਕੀ ਹੁਇ ਜਿ ਰਜਾਈ॥ ਪਲਕ ਮਾਤਰ ਕਬਹਿ ਨਾ ਬਿਲਮਾਈ॥**

*(ਸੂਰਜ ਪ੍ਰਕਾਸ਼)*

ਦੇਵਨੇਤ ਨਾਲ ਇਤਨੇ ਨੂੰ ਮਾਤਾ ਬਿਮਲਾ ਜੀ ਅੰਦਰ ਆ ਗਏ, ਦੋਨੋਂ ਹੱਥ ਜੋੜ ਅਰਜ਼ ਕੀਤੀ, ਮਹਾਰਾਜ! ਕ੍ਰਿਪਾ ਕਰੋ ਹੁਣ ਰਾਮ ਨੂੰ ਆਪਣੇ ਚਰਨਾਂ ਦੀ ਹੀ ਨੌਕਰੀ ਬਖਸ਼ ਦਿਉ! ਹਜ਼ੂਰ ਮਾਤਾ ਦੀ ਬੇਨਤੀ ਤੇ ਚੁੱਪ ਰਹੇ ਕੁੱਝ ਨਹੀਂ ਬੋਲੇ, ਥੋੜ੍ਹੀ ਦੇਰ ਬਾਅਦ ਰਾਮ ਜੀ ਵੱਲ ਤੱਕ ਕੇ ਬੋਲੇ, ਭਾਈ ਤੇਰੀ ਬਰਨਾਲੇ ਨੂੰ ਸਿੱਧੀ ਗੱਡੀ ਕਿੰਨੇ ਵਜੇ ਜਾਂਦੀ ਹੈ? ਰਾਮ ਜੀ ਹੁਣ ਸਮਝ ਗਏ, ਕਿ ਗਵਾਹੀ ਵੀ ਭਾਵੇਂ ਰੱਬੋਂ ਹੀ ਹੱਕ ਵਿੱਚ ਗੁਜ਼ਰ ਗਈ ਹੈ, ਲੇਕਿਨ ਫਿਰ ਵੀ ਕੇਸ ਹੱਕ ਵਿੱਚ ਨਹੀਂ ਹੋਇਆ, ਹੁਣ ਤਾਂ ਜਾਣਾ ਹੀ ਪਵੇਗਾ। ਹੱਥ ਜੋੜੀਂ ਖੜਿਆਂ ਨੇ ਨਜ਼ਰ ਜਦੋਂ ਹਜ਼ੂਰ ਦੇ ਪਵਿੱਤਰ ਚਿਹਰੇ ਵੱਲ ਘੁਮਾਈ, ਤਾਂ ਦੇਖਿਆ ਹਜ਼ੂਰ ਮੁਸ਼ਕਰਾ ਰਹੇ ਹਨ, ਮਾਨੋਂ ਇਸ਼ਾਰਾ ਕਰ ਰਹੇ ਹਨ ਕਿ ਹੁਣ ਤਾਂ ਡਿਊਟੀ ਤੇ ਚਲਾ ਜਾਹ ਫਿਰ ਸ਼ਾਦੀ ਤੇ ਆ ਜਾਵੀਂ! ਖੈਰ ਹੁਕਮ ਦੀ ਤਾਰ ਵਿੱਚ ਪਰੋਤੇ ਚੱਲ ਪਏ ਰਾਮ ਜੀ ਬਰਨਾਲੇ ਨੂੰ। ਹੁਣ ਇੱਧਰ ਮੌਜੀ ਸ਼ਹਿਨਸ਼ਾਹ ਨੇ ਵੀ ਦਿੱਲੀ ਨੂੰ ਸਦਾ-ਸਦਾ ਲਈ ਅਲਵਿਦਾ ਕਹਿਣ ਦਾ ਫੈਸਲਾ ਕਰ ਲਿਆ। ਚਾਵਲਾ ਪਰਿਵਾਰ ਨੇ ਬਹੁਤ ਬੇਨਤੀਆਂ ਕੀਤੀਆਂ, ਮਹਾਰਾਜ ਕ੍ਰਿਪਾ ਕਰੋ ਕੁੱਝ ਦਿਨ ਇੱਥੇ ਹੋਰ ਠਹਿਰੋ! ਪਰੰਤੂ ਹੁਣ ਪ੍ਰਵਾਨ ਹੋਣ ਦੀ ਕੋਈ ਆਸ ਨਜ਼ਰ ਨਹੀਂ ਆ ਰਹੀ। ਆਖਰ ਹੁਕਮ ਅੱਗੇ ਸਿਰ ਝੁਕਾਉਣਾ ਹੀ ਪਿਆ, ਚੱਲ ਪਏ ਹਜ਼ੂਰ ਨੂੰ ਗੱਡੀ ਵਿੱਚ ਬਿਠਾ ਕੇ ਕਰਨਾਲ ਵੱਲ। ਅੱਗੇ ਕਰਨਾਲ ਦੀਆਂ ਸੰਗਤਾਂ ਆਪ ਦੇ ਆਉਣ ਦੀ ਉਡੀਕ ਇਉਂ ਕਰ ਰਹੀਆਂ ਸਨ, ਜਿਵੇਂ

ਕਿਸੇ ਸਮੇਂ ਅਯੁੱਧਿਆ ਵਾਸੀ ਕਰ ਰਹੇ ਸਨ, ਚੌਦਾਂ ਸਾਲਾਂ ਬਾਅਦ ਭਗਵਾਨ ਰਾਮ ਦੀ। ਕਰਨਾਲ ਬਾਈਪਾਸ ਨੂੰ ਕੁਟੀਆ ਤੱਕ ਝੰਡੀਆਂ ਲਾ ਕੇ ਬਹੁਤ ਸੁੰਦਰ ਸਜਾਇਆ ਹੋਇਆ ਹੈ, ਸੰਗਤਾਂ ਫੁੱਲਾਂ ਦੀ ਵਰਖਾ ਕਰਨ ਲਈ ਹੱਥਾਂ ਵਿੱਚ ਫੁੱਲ ਅਤੇ ਗੁਲਦਸਤੇ ਲਈ ਕੁਟੀਆ ਦੇ ਅੱਗੇ ਇਉਂ ਉਡੀਕ ਕਰ ਰਹੀਆਂ ਹਨ ਜਿਵੇਂ ਚਕਵੀਆਂ ਚੰਦ ਦੀ। ਇਤਨੇ ਨੂੰ ਆ ਪਹੁੰਚੀ ਕਾਰ ਅਰਸ਼ੀ ਪ੍ਰੀਤਮ ਨੂੰ ਲੈ ਕੇ ਕਰਨਾਲ ਕੁਟੀਆ। ਅੱਜ ਤੋਂ ਕੁੱਝ ਦਿਨ ਪਹਿਲਾਂ ਸੰਗਤਾਂ ਜੋ ਬੇ-ਆਸ ਹੋ ਚੁੱਕੀਆਂ ਸਨ ਉਹ ਅੱਜ ਕੋਈ ਵਿਸ਼ੇਸ਼ ਅਨੰਦ ਮਹਿਸੂਸ ਕਰ ਰਹੀਆਂ ਹਨ ਪ੍ਰਤੱਖ ਦਰਸ਼ਨ ਕਰ-ਕਰ ਕੇ। ਹਜ਼ੂਰ ਦੀ ਦੇਹ ਅਰੋਗਤਾ ਨਮਿੱਤ ਇੱਥੇ ਸੰਗਤਾਂ ਵੱਲੋਂ ਪਹਿਲਾਂ ਹੀ ਅਖੰਡ ਪਾਠਾਂ ਦੀ ਲੜੀ ਚੱਲ ਰਹੀ ਸੀ, ਜੋ ਅਜੇ ਵੀ ਉਸੇ ਤਰ੍ਹਾਂ ਜਾਰੀ ਹੈ। ਲੰਗਰ ਤਾਂ ਪਹਿਲਾਂ ਵੀ ਇੱਥੇ ਚੱਲਦਾ ਹੀ ਰਹਿੰਦਾ ਸੀ ਲੇਕਿਨ ਹੁਣ ਤਾਂ ਮਾਲਕਾਂ ਦੇ ਇੱਥੇ ਪਹੁੰਚਣ ਤੇ ਹੋਰ ਵੀ ਵਿਸ਼ੇਸ਼ਤਾ ਨਾਲ ਖੁੱਲ੍ਹਾ ਚੱਲਣ ਲੱਗ ਪਿਆ। ਦਰਸ਼ਨ ਕਰਨ ਲਈ ਸੰਗਤਾਂ ਦਾ ਸਾਰਾ ਦਿਨ ਤਾਂਤਾ ਲੱਗਿਆ ਰਹਿੰਦਾ ਹੈ ਪਰੰਤੂ ਹਜ਼ੂਰ ਗੱਲ ਬੜੀ ਘੱਟ ਕਰਦੇ ਹਨ। ਉਧਰ ਸੰਗਤਾਂ ਵੀ ਹੁਣ ਸਰੀਰ ਦੇ ਦਰਸ਼ਨਾਂ ਨਾਲ ਹੀ ਸੰਤੁਸ਼ਟ ਨਜ਼ਰ ਆ ਰਹੀਆਂ ਹਨ। ਇਸ ਪ੍ਰਕਾਰ ਕੁਝ ਦਿਨ ਇੱਥੇ ਗੁਜ਼ਰਨ ਤੋਂ ਬਾਅਦ ਹਜ਼ੂਰ ਨੇ ਹੁਕਮ ਕੀਤਾ, ਕਨਖਲ ਜਾਣਾ ਹੈ। ਭਗਤ ਲੱਖਾ ਮੱਲ ਜੀ ਅਤੇ ਹੋਰ ਕਰਨਾਲ ਨਿਵਾਸੀ ਸੰਗਤ ਭਾਵੇਂ ਨਹੀਂ ਸੀ ਚਾਹੁੰਦੀ, ਕਿ ਹਜ਼ੂਰ ਕਰਨਾਲ ਤੋਂ ਕਿਤੇ ਹੋਰ ਜਾਣ, ਲੇਕਿਨ ਹੁਕਮ ਅੱਗੇ ਸੀਸ ਨਿਵਾਉਣਾ ਹੀ ਪਿਆ, ਅਰਦਾਸ ਕਰਕੇ ਕਨਖਲ ਨੂੰ ਚਾਲੇ ਪਾ ਦਿੱਤੇ। ਸਹਿਜੇ-ਸਹਿਜੇ ਸਫਰ ਕਰਦੇ ਕਨਖਲ ਪਹੁੰਚ ਗਏ। ਹੁਣ ਹਜ਼ੂਰ ਇੱਥੇ ਹੀ ਬਿਰਾਜਮਾਨ ਹੋ ਗਏ, ਲੇਕਿਨ ਪ੍ਰਤੀਤ ਇਉਂ ਦੇ ਰਿਹਾ ਹੈ ਜਿਵੇਂ ਕਿਸੇ ਵਿਸ਼ੇਸ਼ ਕਾਰਜ ਵਾਸਤੇ ਇੱਥੇ ਠਹਿਰੇ ਹਨ। ਪਤਾ ਲੱਗਣ ਤੇ ਪੰਜਾਬ, ਹਰਿਆਣਾ, ਦਿੱਲੀ ਆਦਿਕ ਥਾਵਾਂ ਤੋਂ ਸੰਗਤਾਂ ਨੇ ਹੁਣ ਰੁਖ ਕਨਖਲ ਵੱਲ ਨੂੰ ਕਰ ਲਿਆ। ਉਧਰ ਰਾਮ ਜੀ ਨੇ ਵੀ ਸ਼ਾਇਦ ਇਹ ਦਿਨ ਕਈ ਸਾਲਾਂ ਵਾਂਗ ਹੀ ਗੁਜ਼ਾਰੇ। ਗੁਰੂ ਅਰਜਨ ਦੇਵ ਮਹਾਰਾਜ ਜੀ ਦੀ ਇਹ ਬਿਰਹ-ਤੜਪ ਵਾਲੀ ਪੰਕਤੀ-**ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ** ਦਾ ਬਾਰ-ਬਾਰ ਉਚਾਰਨ ਕਰਦੇ ਤਿੰਨ ਦਿਨ ਦੀ ਛੁੱਟੀ ਲੈ ਕੇ, 16 ਮਈ, 1981 ਨੂੰ ਆ ਪਹੁੰਚੇ, ਅਰਸ਼ੀ ਪ੍ਰੀਤਮ ਦੇ ਚਰਨਾਂ ਵਿੱਚ ਕਨਖਲ।

## ਸੇਵਕ ਦਾ ਸ਼ੰਕਾ

ਪ੍ਰੇਮੀ ਸੇਵਕ, ਗੁਰੂ ਸੇਵਾ ਵਿੱਚ ਲੀਨ ਹੋਇਆ, ਮਾਨੋ ਸੇਵਾ ਦਾ ਰੂਪ ਹੀ ਹੋ ਗਿਆ। ਸੰਸਾਰਕ ਕਾਰ ਵਿਹਾਰ ਥੋੜ੍ਹੀ ਬਹੁਤ ਡਿਊਟੀ ਗੁਰੂ ਹੁਕਮ ਵਿੱਚ ਕਰਨੀਂ ਪੈ ਰਹੀ ਹੈ, ਲੇਕਿਨ ਧਿਆਨ ਚੌਵੀ ਗੰਟੇ ਗੁਰੂ ਸੇਵਾ ਗੁਰੂ ਚਰਨਾਂ ਵਿੱਚ ਪਰੋਤਾ ਰਹਿੰਦਾ ਹੈ। ਸ਼ਾਇਦ ਭਾਈ ਸਾਹਿਬ, ਭਾਈ ਗੁਰਦਾਸ ਜੀ ਦੀ ਇਹ ਪਉੜੀ ਦਾ ਭਾਵ ਸਮਝ ਵਿੱਚ ਆ ਗਿਆ, ਤਾਂ ਹੀ ਬਾਰ-ਬਾਰ ਇਸਨੂੰ ਗੁਣ ਗੁਣਾਈ ਜਾਂਦਾ ਹੈ—

**ਪੈਰੀ ਪੈ ਪਾ ਖਾਕ ਹੋਇ ਛਡਿ ਮਣੀ ਮਨੂਰੀ॥ ਪਾਣੀ ਪਖਾ ਪੀਹਣਾ ਨਿਤ ਕਰੈ ਮਜੂਰੀ॥**
**ਤੁਪੜ ਝਾੜਿ ਵਿਛਾਇੰਦਾ ਚੁਲਿ ਝੋਕਿ ਨ ਝੂਰੀ॥ ਮੁਰਦੇ ਵਾਂਗ ਮੁਰੀਦੁ ਹੋਇ ਕਰਿ ਸਿਦਕ ਸਬੂਰੀ॥**
**ਚੰਦਨੁ ਹੋਵੈ ਸਿੰਮਲਹੁ ਫਲੁ ਵਾਸੁ ਹਜੂਰੀ॥ ਪੀਰ ਮੁਰੀਦਾਂ ਪਿਰਹੜੀ ਗੁਰਮੁਖਿ ਮਤਿ ਪੂਰੀ॥**

ਨਾ ਭੁੱਖ ਹੈ, ਨਾ ਪਿਆਸ, ਨਾ ਨੀਂਦ ਹੈ, ਨਾ ਆਲਸ, ਬਸ ਦਿਨ ਰਾਤ ਗੁਰੂ ਸੇਵਾ ਵਿੱਚ ਨਿਮਗਨ ਹੈ। ਮਨ ਅਤੇ ਸਰੀਰ ਦੀ ਇਹ ਹਾਲਤ ਹੋ ਗਈ ਹੈ—

**ਕਿਹ ਸੋਂ ਕਹੈ ਨ ਸੁਨ ਹੈ ਬਾਤ॥ ਸੇਵਾ ਕਰੇ ਤਤਪਰ ਦਿਨ ਰਾਤ॥**
**ਗੁਰ ਸੇਵਾ ਕੋ ਤਪ ਅਸ ਕੀਨਾ॥ ਜਗ ਬਿਵਹਾਰ ਛੋਰਿ ਸਭ ਦੀਨਾ॥**

*(ਸੂਰਜ ਪ੍ਰਕਾਸ਼)*

ਇੱਕ ਦਿਨ ਪਹਿਰ ਕੁ ਰਾਤ ਰਹਿੰਦੀ ਨਾਲ ਗੁਰੂ ਦੇਵ ਦਾ ਇਸ਼ਨਾਨ ਕਰਵਾ ਰਹੇ ਦੇ ਕੰਨਾਂ ਵਿੱਚ ਇੱਕ ਮਿੱਠੀ-ਮਿੱਠੀ ਅਵਾਜ਼ ਪਈ ਤਾਂ ਧਿਆਨ ਦੇ ਕੇ ਇਧਰ-ਉਧਰ ਤੱਕਿਆ, ਕੋਈ ਪ੍ਰੇਮੀ ਆਪਣੇ ਕਮਰੇ ਵਿੱਚ ਬੈਠਾ, ਭਾਈ ਗੁਰਦਾਸ ਜੀ ਦੀ ਇਹ ਪਉੜੀ ਉੱਚੀ ਸੁਰ ਵਿੱਚ ਪੜ੍ਹ ਰਿਹਾ ਹੈ—

**ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ॥ ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ॥**

**ਗੋਲਾ ਮੁਲ ਖਰਦੁ ਕਾਰੇ ਜੋਵਣਾ॥ ਨ ਤਿਸੁ ਭੁਖ ਨੀਂਦ ਨ ਖਾਣਾ ਸੋਵਣਾ॥**
**ਪੀਹਣਿ ਹੋਇ ਜਦੀਦ ਪਾਣੀ ਢੋਵਣਾ॥ ਪਖੇ ਦੀ ਤਾਗੀਦ ਪਗ ਮਲਿ ਧੋਵਣਾ॥**
**ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ॥ ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ॥**
**ਚੰਦ ਮੁਬਾਰਖਿ ਈਦ ਪੁਗਿ ਖਲੋਵਣਾ॥**

ਪਿਛਲੀ ਪੰਕਤੀ ਬਾਰ-ਬਾਰ ਕੰਨਾਂ ਵਿੱਚ ਗੂੰਜੀ ਜਾ ਰਹੀ ਹੈ, **ਚੰਦ ਮੁਮਾਰਿਖ ਈਦ ਪੁਗਿ ਖਲੋਵਣਾ।**

ਉਪਰੋਕਤ ਸੇਵਾ ਕਰਨ ਵਾਲਾ ਈਦ ਦੇ ਚੰਦ ਵਾਂਗ ਪੂਰਨ ਹੋ ਜਾਂਦਾ ਹੈ, ਪਰੰਤੂ ਮੈਨੂੰ ਤਾਂ ਅਜੇ ਆਪਣੇ ਅੰਦਰ ਅਪੂਰਨਤਾ ਨਜ਼ਰ ਆ ਰਹੀ ਹੈ ? ਹੇ ਪਰਮੇਸ਼ਰ ! ਤੇਰੀ ਕ੍ਰਿਪਾ ਬਿਨਾਂ ਇਸ ਮਨ ਨੇ ਮੁਰਦਾ ਨਹੀਂ ਹੋਣਾ। ਇਤਨੇ ਨੂੰ ਸੁਖਮਨੀ ਸਾਹਿਬ ਦੀ ਪੰਕਤੀ ਕੰਨਾਂ ਵਿੱਚ ਗੂੰਜਣ ਲੱਗੀ— **ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ** ਕੀ ਅਜੇ ਮੇਰੀ ਸੰਤ ਨਾਲ ਭੇਟ ਨਹੀਂ ਹੋਈ ? ਕਿਉਂਕਿ ਮਨ ਵਿੱਚ ਤਾਂ ਅਜੇ ਪ੍ਰਕਾਸ਼ ਨਹੀਂ ਹੋਇਆ, ਅਵਿਦਿਆ ਮਿਟੀ ਨਹੀਂ। ਆਪ ਦੀ ਮਿਹਰ ਨਾਲ ਮੈਂ ਦਿਨ ਰਾਤ ਰਹਿੰਦਾ ਤਾਂ ਚਰਨਾਂ ਵਿੱਚ ਹੀ ਹਾਂ, ਹੋਰ ਭੇਟ ਕਿਵੇਂ ਹੁੰਦੀ ਹੈ ? ਫਿਰ ਆਵਾਜ਼ ਆਈ— **ਸੰਤਸੰਗਿ ਅੰਤਰਿ ਪ੍ਰਭੁ ਡੀਠਾ॥ ਨਾਮੁ ਪ੍ਰਭੂ ਕਾ ਲਾਗਾ ਮੀਠਾ** ਕੀ ਮੈਨੂੰ ਅਜੇ ਸੰਤ ਗੁਰੂ ਦਾ ਸੰਗ ਪ੍ਰਾਪਤ ਨਹੀਂ ਹੋਇਆ ? ਮੈਂ ਤਾਂ ਚਰਨਾਂ ਵਿੱਚ ਰਹਿ ਕੇ ਸੇਵਾ ਕਰਨ ਨੂੰ ਹੀ ਸੰਗ ਸਮਝਦਾ ਸੀ, ਪਰੰਤੂ ਸੰਗ ਦੀ ਗੁਰੂ ਅਰਜਨ ਦੇਵ ਮਹਾਰਾਜ ਨਿਸ਼ਾਨੀ ਦਸ ਰਹੇ ਹਨ, ਕਿ ਸੰਤ ਦਾ ਸੰਗ ਹੁੰਦਿਆਂ ਹੀ ਹਰੀ ਦਾ ਦੀਦਾਰ ਹੋ ਜਾਂਦਾ ਹੈ। ਇਤਨੇ ਨੂੰ ਗੁਰੂ ਦੇਵ ਦਾ ਇਸ਼ਨਾਨ ਕਰਵਾ ਕੇ ਚਾਹ ਛਕਾਈ, ਫਿਰ ਵਿਹੜੇ ਵਿੱਚ ਝਾੜੂ ਦੀ ਸੇਵਾ ਸ਼ੁਰੂ ਕੀਤੀ। ਕੁੱਝ ਦੇਰ ਬਾਅਦ ਕਿਤੇ ਦੂਰ ਸਪੀਕਰ ਵਿੱਚ ਹੋ ਰਹੇ ਪਾਠ ਦੀ ਆਵਾਜ਼ ਕੰਨਾਂ ਵਿੱਚ ਗੂੰਜੀ—

**ਸਤਗੁਰਿ ਦਯਾਲਿ ਹਰਿ ਨਾਮੁ ਦ੍ਰਿੜਾਯਾ, ਤਿਸੁ ਪ੍ਰਸਾਦਿ ਵਸਿ ਪੰਚ ਕਰੇ॥**

ਹੈਂ ! ਜਿਸ ਦਿਨ ਮੈਨੂੰ ਗੁਰੂ ਨੇ ਨਾਮ ਬਖਸ਼ਿਆ ਸੀ, ਕੀ ਉਸ ਦਿਨ ਪੂਰਾ ਦ੍ਰਿੜ ਨਹੀਂ ਸੀ ਕਰਵਾਇਆ ? ਦ੍ਰਿੜ ਨਾਮ ਦੀ ਤਾਂ ਗੁਰੂ ਸਾਹਿਬ ਨਿਸ਼ਾਨੀ ਦਸ ਰਹੇ ਹਨ, ਕਿ ਪੰਜੇ ਵਿਕਾਰ ਉਸ ਸਮੇਂ ਵਸ ਵਿੱਚ ਆ ਜਾਂਦੇ ਹਨ। ਹੋਰ ਫਿਰ ਦ੍ਰਿੜ ਕਿਵੇਂ ਹੁੰਦਾ ਹੈ ? ਸੰਤ ਨਾਲ ਭੇਟ ਹੋ ਜਾਣੀ, ਸੰਤ ਦਾ ਸੰਗ ਪ੍ਰਾਪਤ ਹੋਣਾ, ਨਾਮ ਦਾ ਦ੍ਰਿੜ ਹੋ ਜਾਣਾ, ਇਨ੍ਹਾਂ ਤਿੰਨਾਂ ਗੱਲਾਂ ਵਿੱਚ ਸ਼ਾਇਦ ਕੋਈ ਗਹਿਰਾ ਰਾਜ ਹੈ, ਜੋ ਮੇਰੀ ਸਮਝ ਵਿੱਚ ਨਹੀਂ ਆ ਰਿਹਾ। ਮੈਂ ਤਾਂ ਅੱਜ ਤੱਕ ਮਹਾਂਪੁਰਸ਼ਾਂ ਦੇ ਦਰਸ਼ਨ ਮਾਤਰ ਨੂੰ ਹੀ ਭੇਟ ਜਾਂ ਸੰਗ ਪ੍ਰਾਪਤ ਹੋਇਆ ਸਮਝਦਾ ਸੀ, ਅਤੇ ਨਾਮ ਇੱਕ ਵਾਰੀ ਗੁਰੂ ਤੋਂ ਪ੍ਰਾਪਤ ਕਰ ਲੈਣ ਨੂੰ ਹੀ ਦ੍ਰਿੜ ਹੋਇਆ ਸਮਝਦਾ ਸੀ, ਲੇਕਿਨ ਅੱਜ ਤਾਂ ਗੁਰਬਾਣੀ ਦੀ ਚੋਟ ਨੇ ਮੇਰੇ ਸਾਰੇ ਨਿਸਚੇ ਹਿਲਾ ਦਿੱਤੇ। ਇਨ੍ਹਾਂ ਸ਼ੰਕਿਆਂ ਦਾ ਸ਼ਾਇਦ ਮੇਰੀ ਬੁੱਧੀ ਪੂਰਾ-ਪੂਰਾ ਹੱਲ ਨਹੀਂ ਕਰ ਪਾਏਗੀ, ਚੱਲੋ ਗੁਰੂ ਦੇਵ ਤੋਂ ਹੀ ਇਨ੍ਹਾਂ ਸ਼ੰਕਿਆਂ ਦੀ ਨਵਿਰਤੀ ਕਰਵਾਈਏ। ਇਹ ਸੋਚ ਕੇ ਸਾਧਕ ਮਹਾਂਪੁਰਸ਼ਾਂ ਦੇ ਚਰਨਾਂ ਵਿੱਚ ਪਹੁੰਚਿਆ, ਆਪਣੇ ਅੰਦਰ ਉੱਠ ਰਹੇ ਸ਼ੰਕਿਆ ਦੀ ਨਵਿਰਤੀ ਲਈ। ਲੇਕਿਨ ਫਿਰ ਅੰਦਰੋਂ ਆਵਾਜ਼ ਆ ਰਹੀ ਹੈ, ਗੁਰੂ ਦੇਵ, ਮੇਰੇ ਸਭ ਸੰਕਲਪਾਂ ਫੁਰਨਿਆਂ ਦੇ ਸਾਖ਼ਸ਼ੀ ਹਨ, ਮੇਰਾ ਐਸਾ ਕੋਈ ਸੰਕਲਪ ਨਹੀਂ ਜਿਸ ਨੂੰ ਗੁਰੂ ਦੇਵ ਨਾ ਜਾਣਦੇ ਹੋਣ। ਸਭ ਜਾਣਦੇ ਹੋਏ ਵੀ, ਜੇ ਸ਼ੰਕੇ ਦੂਰ ਨਹੀਂ ਕਰ ਰਹੇ, ਤਾਂ ਇਸ ਵਿੱਚ ਵੀ ਕੋਈ ਰਾਜ ਹੈ, ਸ਼ਾਇਦ ਇਸ ਵਿੱਚ ਹੀ ਮੇਰਾ ਭਲਾ ਹੋਵੇ। ਜਦੋਂ ਥੋੜ੍ਹੀ ਦੇਰ ਬਾਅਦ ਚਰਨਾਂ ਵਿੱਚ ਬੈਠੇ ਪ੍ਰੇਮੀ ਨੇ ਮਹਾਂਪੁਰਸ਼ਾਂ ਦੇ ਪਵਿੱਤਰ ਚਿਹਰੇ ਵੱਲ ਤੱਕਿਆ, ਉਹ ਮੁਸਕਰਾ ਰਹੇ ਹਨ। ਮਾਨੋਂ ਕਹਿ ਰਹੇ ਹਨ, ਭਾਈ ਕਾਹਲਾ ਕਿਉਂ ਪੈਂਦਾ ਹੈਂ, ਇਹ ਕ੍ਰਿਪਾ ਦੁਆਰਾ ਪ੍ਰੈਕਟੀਕਲ ਦਾ ਵਿਸ਼ਾ ਹਨ, ਬੁੱਧੀ ਦਾ ਵਿਸ਼ਾ ਨਹੀਂ। ਇਸ ਲਈ ਸਮੇਂ ਦੀ ਉਡੀਕ ਕਰ।

## ਅਲੌਕਿਕ ਸ਼ਾਦੀ

**ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ॥ ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ॥**
**ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ॥**
**ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤਾ ਆਵਾ॥**



ਸ੍ਰੀਮਾਨ ਮਹੰਤ ਰਾਮ ਸਿੰਘ ਜੀ ਮਹਾਰਾਜ ਜੀਆਂ ਦੇ ਗੱਦੀ-ਨਸ਼ੀਨ ਸਮੇਂ ਨਾਲ ਸੁਸ਼ੋਭਿਤ ਹਸਤੀਆਂ :
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੱਥੇਦਾਰ ਗੁਰਚਰਨ ਸਿੰਘ ਜੀ ਟੋਹੜਾ ਅਤੇ ਮਹੰਤ ਗੁਰਬਚਨ ਸਿੰਘ ਜੀ ਬਰਨਾਲਾ ਵਾਲੇ



ਸ੍ਰੀਮਾਨ ਮਹੰਤ ਰਾਮ ਸਿੰਘ ਜੀ ਮਹਾਰਾਜ ਜੀਆਂ ਦੇ ਗੱਦੀ-ਨਸ਼ੀਨ ਸਮੇਂ ਪੂਜਯ ਵਿਰੱਕਤ ਮਹਾਰਾਜ ਸੰਤ ਨਿੱਕਾ ਸਿੰਘ ਜੀ ਅਤੇ ਨਿਰਮਲ ਪੰਚਾਇਤੀ ਅਖਾੜਾ ਦੇ ਸ੍ਰੀ ਮਹੰਤ ਸਾਹਿਬ, ਸ੍ਰੀਮਾਨ ਮਹੰਤ ਸੁੱਚਾ ਸਿੰਘ ਜੀ ਸੁਸ਼ੋਭਿਤ ਹਨ।

**ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ॥**
**ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ॥**

*(ਤੁਖਾਰੀ ਬਾਰਹ ਮਾਹਾ, ਪੰਨਾ-੧੧੦੮)*

ਮਹੀਨਾ ਜੇਠ ਦਾ ਹੋਣ ਕਰਕੇ ਜ਼ੋਰਦਾਰ ਗਰਮੀ ਪੈ ਰਹੀ ਹੈ। ਸਾਰੀ ਪ੍ਰਿਥਵੀ ਗਰਮੀ ਕਰਕੇ ਇਉਂ ਤਪ ਰਹੀ ਹੈ, ਜਿਵੇਂ ਈਰਖਾਲੂ ਪੁਰਸ਼ ਦਾ ਹਿਰਦਾ, ਈਰਖਾ ਕਰਕੇ ਤਪਦਾ ਸੜਦਾ ਰਹਿੰਦਾ ਹੈ। ਗਰਮ ਲੂ ਚੱਲ ਰਹੀ ਹੈ ਅਤੇ ਇਸਤਰੀ, ਪੁਰਸ਼ਾਂ ਦੇ ਸਰੀਰਾਂ ਨੂੰ ਇਉਂ ਤਪਾ ਰਹੀ ਹੈ, ਜਿਵੇਂ ਕੋਈ ਖੋਟਾ ਪੁਰਸ਼ ਦੁਰਬਚਨ ਕਹਿ ਕੇ ਹਿਰਦੇ ਨੂੰ ਤਪਾ ਦਿੰਦਾ ਹੈ। ਸੂਰਜ ਦੀਆਂ ਤਿੱਖੀਆਂ ਕਿਰਨਾਂ ਦੇ ਨਾਲ ਛੋਟੇ ਛੱਪੜਾਂ ਤੇ ਤਾਲਾਂ ਦਾ ਜਲ ਤਪਕ ਉਨ੍ਹਾਂ ਦੇ ਜੰਤ, ਡੱਡੂ, ਮੱਛੀਆਂ ਆਦਿ ਇਉਂ ਉਬਲ ਰਹੇ ਹਨ ਜਿਵੇਂ ਭਗਤਹੀਨ ਪ੍ਰਾਣੀ ਆਪਣੇ ਪਾਪ ਕਰਮਾਂ ਦਾ ਫਲ ਭੋਗਣ ਵਾਸਤੇ ਕੁੰਭੀ ਆਦਿ ਨਰਕਾਂ ਵਿੱਚ ਉਬਲਦੇ ਤੇ ਦੁਖੀ ਹੁੰਦੇ ਹਨ। ਜਿਵੇਂ ਪੂਰੇ ਗੁਰੂ ਕੀ ਕ੍ਰਿਪਾ ਬਿਨਾਂ ਮਤ ਹਮੇਸ਼ਾ ਵਿਸ਼ਿਆਂ ਵੱਲ ਉੱਡਦੀ ਰਹਿੰਦੀ ਹੈ, ਤਿਵੇਂ ਹੀ ਵਾ-ਵਰੋਲੇ ਆਕਾਸ਼ ਵਿੱਚ ਉੱਡ ਰਹੇ ਹਨ। ਮ੍ਰਿਗ ਤ੍ਰਿਸ਼ਨਾਂ ਦੇ ਜਲ ਨੂੰ ਦੇਖ ਕੇ (ਮ੍ਰਿਗ ਜੋ ਕਿ ਪਿਆਸ ਦੇ ਸਤਾਏ ਹੁੰਦੇ ਹਨ) ਪਾਣੀ ਪੀਣ ਵਾਸਤੇ ਦੌੜ ਕੇ ਜਾਂਦੇ ਹਨ, ਪਰੰਤੂ ਨਾ ਉੱਥੇ ਪਿਆਸ ਬੁੱਝਦੀ ਹੈ ਅਤੇ ਨਾ ਹੀ ਸੁੱਖੀ ਹੁੰਦੇ ਹਨ। ਤਿਵੇਂ ਹੀ ਮਨ ਵਿਸ਼ਿਆਂ ਵੱਲ ਨੂੰ ਸੁੱਖ ਦੀ ਇੱਛਾ ਕਰਕੇ ਦੌੜਿਆ ਜਾਂਦਾ ਹੈ। ਪਰ ਨਾ ਹੀ ਮਨ ਭਾਉਂਦੇ ਵਿਸ਼ੇ ਮਿਲਦੇ ਹਨ ਅਤੇ ਨਾ ਹੀ ਤ੍ਰਿਪਤੀ ਮਿਲਦੀ ਹੈ। ਪਸ਼ੂ ਅਤੇ ਆਦਮੀ ਬ੍ਰਿਛਾਂ ਦੀ ਛਾਂ ਹੇਠਾਂ ਬੈਠ ਕੇ ਇਉਂ ਸੁੱਖ ਪਾਉਂਦੇ ਹਨ, ਜਿਵੇਂ ਸੰਸਾਰਕ ਦੁੱਖਾਂ ਦਾ ਸਤਾਇਆ ਹੋਇਆ ਜਗਿਆਸੂ ਸਤਿਸੰਗ ਵਿੱਚ ਬੈਠ ਕੇ ਸੁੱਖ ਪਾਉਂਦਾ ਹੈ। ਠੰਡਾ ਪਾਣੀ ਇਸ ਰੁੱਤ ਵਿੱਚ ਇਵੇਂ ਚੰਗਾ ਲੱਗਦਾ ਹੈ, ਜਿਵੇਂ ਭਾਗ ਜਾਗਣ ਪਰ ਗੁਰੂ ਦੀ ਬਾਣੀ ਚੰਗੀ ਲੱਗਦੀ ਹੈ। ਇਤਨੀ ਤਪਸ਼ ਪੈਣ ਦੇ ਬਾਵਜੂਦ ਵੀ ਨਿਰਮਲ ਬਾਗ਼ ਸ਼ਾਂਤ ਅਤੇ ਸ਼ੀਤਲਤਾ ਵਰਤਾ ਰਿਹਾ ਹੈ। ਕਿਉਂਕਿ ਇੱਥੇ ਸੰਸਾਰਕ ਵਿਸ਼ਿਆਂ ਦੀ ਤੇਜ਼ ਅਗਨੀ ਤੋਂ ਬਹੁਤ ਦੂਰ ਸ਼ਾਂਤ ਚਿੱਤ ਹਰੀ ਦਾ ਪਿਆਰਾ ਸੁਭਾਇਮਾਨ ਹੈ। ਉਸ ਦੇ ਹਿਮਾਲੀਆਵਤ ਅਚੱਲ ਅਤੇ ਸ਼ਾਂਤ ਹਿਰਦੇ ਵਿੱਚੋਂ ਸ਼ੀਤਲ ਅਤੇ ਸ਼ਾਂਤ ਲਹਿਰਾਂ (waves) ਸਫੁੱਟ ਹੋ ਕੇ ਦੂਰ-ਦੂਰ ਤੱਕ ਆਪਣਾ ਅਸਰ ਪਾ ਰਹੀਆਂ ਹਨ। ਸ਼ਾਇਦ ਇਹੀ ਵਜ੍ਹਾ ਹੈ ਪੰਜਾਬ, ਹਰਿਆਣਾ, ਆਦਿਕ ਦੂਰ-ਦੂਰ ਥਾਵਾਂ ਤੋਂ ਸੰਸਾਰ ਰੂਪੀ ਜੇਠ ਦੀ ਤਪਸ਼ ਦੇ ਸਤਾਏ, ਕੁੱਝ ਪ੍ਰੇਮੀ ਇੱਥੇ ਆ ਕੇ ਮਨਸੂਰੀ ਵਰਗੀ ਠੰਡ ਪ੍ਰਾਪਤ ਕਰਦੇ ਹਨ। ਇਸੇ ਤਰ੍ਹਾਂ ਹੀ ਜੇਠ ਹਾੜ ਵਰਗੀ ਸੰਸਾਰਕ ਤਪਸ਼ ਤੋਂ ਕਾਫੀ ਅੱਗੇ ਲੰਘ ਚੁੱਕਿਆ, ਅਤੇ ਪੂਰੀ-ਪੂਰੀ ਠੰਡ ਤੋਂ ਥੋੜ੍ਹਾ ਪਿੱਛੇ ਅੱਸੂ ਕੱਤਕ ਦੇ ਮਹੀਨਿਆਂ ਵਰਗਾ ਜੀਵਨ ਬਸਰ ਕਰ ਰਿਹਾ ਇੱਕ ਪ੍ਰੇਮੀ *ਰਾਮ ਜੀ* ਵੀ, ਤਿੰਨ ਦਿਨ ਦੀ ਛੁੱਟੀ ਲੈ ਕੇ ਸੋਲਾਂ ਮਈ ਦੀ ਸ਼ਾਮ ਨੂੰ ਇੱਥੇ ਪਹੁੰਚਿਆ ਸੀ, ਜਿਸ ਦੀ ਅੱਜ ਉੱਨੀ ਮਈ ਨੂੰ ਛੁੱਟੀ ਪੂਰੀ ਹੋ ਰਹੀ ਹੈ। ਰੋਜ਼ਾਨਾ ਅਨੁਸਾਰ ਪਹਿਰ-ਡੇਢ ਪਹਿਰ ਦੇ ਤੜਕੇ ਉੱਠ ਕੇ ਗੁਰੂ ਦੇਵ ਦਾ ਇਸ਼ਨਾਨ ਵਗੈਰਾ ਕਰਨਾ, ਚਾਹ ਆਦਿ ਛਕਾਈ, ਵਸਤਰ ਧੋਤੇ, ਆਦਿਕ ਸੇਵਾ ਕਰਦਿਆਂ ਦੇ ਕੰਨਾਂ ਵਿੱਚ ਬਹੁਤ ਬਾਰੀਕ ਅਤੇ ਮਧੁਰ-ਮਧੁਰ ਸਵੱਰ ਵਿੱਚ ਆਵਾਜ਼ ਆ ਰਹੀ ਹੈ—

**ਹਮ ਘਰਿ ਸਾਜਨ ਆਏ॥ ਸਾਚੈ ਮੇਲਿ ਮਿਲਾਏ॥**
**ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ॥**
**ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ॥**
**ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ॥**
**ਪੰਚ ਸ਼ਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ॥**

*(ਰਾਗੁ ਸੂਹੀ ਮ: ੧, ਪੰਨਾ-੭੬੪)*

ਆਪ ਸੋਚ ਰਹੇ ਹਨ ਕਿ ਨੇੜ ਤੇੜੇ ਕਿਸੇ ਘਰ ਸ਼ਾਦੀ ਦਾ ਕਾਰਜ ਹੋਣਾ ਹੈ, ਕਿਉਂਕਿ ਇਹ ਸ਼ਬਦ ਆਮ ਕਰਕੇ ਸ਼ਾਦੀ ਸਮਾਗਮਾਂ ਵਿੱਚ ਹੀ ਪੜ੍ਹਿਆ ਜਾਂਦਾ ਹੈ। ਖੈਰ, ਹੋਵੇਗੀ! ਇਹ ਆਖ ਕੇ ਸੇਵਾ ਵਿੱਚ ਲੀਨ ਹੋ ਗਏ, ਲੇਕਿਨ ਕੀਰਤਨ ਦੀ ਇਤਨੀ ਰਸਦਾਇਕ ਧੁਨ ਅਜੇ ਤੱਕ ਕਦੇ ਨਹੀਂ ਸੁਣੀ। ਸੇਵਾ ਕਰਦੇ-ਕਰਦੇ ਮਨ ਬਦੋ-ਬਦੀ ਕੀਰਤਨ ਵੱਲ ਖਿੱਚਿਆ ਜਾ ਰਿਹਾ ਹੈ, ਸੋਚੀ ਜਾ ਰਹੇ ਹਨ ਕਿ ਕੀਰਤਨ ਤਾਂ ਹਰ ਰੋਜ਼ ਕਿਤੇ-ਨਾ-ਕਿਤੇ ਕੰਨਾਂ ਵਿੱਚ ਪੈਂਦਾ ਹੀ

ਰਹਿੰਦਾ ਹੈ, ਲੇਕਿਨ ਕੀਰਤਨ ਕਰਨ ਵਾਲਿਆਂ ਦੇ ਇਤਨੀ ਰਸੀਲੇ ਗਲੇ ਅਤੇ ਉਚਾਰਨ ਦਾ ਨਿਰਾਲਾ ਢੰਗ ਅੱਜ ਤੱਕ ਨਹੀਂ ਸੁਣਿਆ। ਅੱਜ ਛੁੱਟੀ ਵੀ ਪੂਰੀ ਹੋ ਗਈ ਹੈ ਇਸ ਲਈ ਹੁਣ ਆਗਿਆ ਲੈ ਕੇ ਜਾਣਾ ਵੀ ਹੈ, ਲੇਕਿਨ ਮਨ ਕਰ ਰਿਹਾ ਹੈ, ਇਹ ਅਲੌਕਿਕ ਕੀਰਤਨ ਸੁਣੀ ਜਾਈਏ। ਇਤਨੇ ਨੂੰ ਦੂਸਰਾ ਸ਼ਬਦ ਸ਼ੁਰੂ ਹੋ ਗਿਆ—

**ਆਵਹੁ ਮੀਤ ਪਿਆਰੇ॥ ਮੰਗਲ ਗਾਵਹੁ ਨਾਰੇ॥**
**ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ ਸੋਹਿਲੜਾ ਜੁਗ ਚਾਰੇ॥**
**ਅਪਨੈ ਘਰਿ ਆਇਆ ਥਾਨਿ ਸੁਹਾਇਆ ਕਾਰਜ ਸਬਦਿ ਸਵਾਰੇ॥**
**ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ॥**
**ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ॥**

*(ਰਾਗੁ ਸੂਹੀ ਮ: ੧, ਪੰਨਾ-੭੬੪)*

ਹੁਣ ਰਾਮ ਜੀ ਦਾ ਧਿਆਨ ਮਨ ਮੋਹਿਤ ਕਰਨ ਵਾਲੀ ਰਸ ਦਾਇਕ ਆਵਾਜ਼ ਦੇ ਨਾਲ-ਨਾਲ ਸ਼ਬਦ ਦੀ ਵਿਚਾਰ ਵੱਲ ਵੀ ਚਲਾ ਗਿਆ। ਸੋਚ ਰਹੇ ਹਨ, ਇਸ ਸ਼ਬਦ ਦਾ ਸਾਰ ਤਾਂ ਹੈ ਕਿ ਗੁਰੂ ਜਿਸ ਵਕਤ ਤਰੁੱਠ ਕੇ ਆਪਣੇ ਪਿਆਰੇ ਸ਼ਿਸ਼ ਦੇ ਨੇਤਰਾਂ ਵਿੱਚ ਗਿਆਨ ਦਾ ਸੁਰਮਾ ਪਾਉਂਦਾ ਹੈ, ਉਸ ਵਕਤ ਤਿੰਨਾਂ ਭਵਨਾਂ ਦੇ ਪਤੀ ਦਾ ਪ੍ਰਤੱਖ ਦੀਦਾਰ ਹੋ ਜਾਂਦਾ ਹੈ। ਧੰਨ ਹੈ ਉਹ ਪੁਰਸ਼! ਜਿਸਨੂੰ ਤਰੁੱਠ ਕੇ ਗੁਰੂ ਇਹ ਅਵਸਥਾ ਬਖਸ਼ ਦਿੰਦਾ ਹੈ। ਪਰ ਇਹ ਸੰਸਾਰੀ ਲੋਕ ਵਿਚਾਰੇ ਸੰਸਾਰਕ ਵਿਵਹਾਰਾਂ ਵਿੱਚ ਹੀ ਇਹ ਸ਼ਬਦ ਪੜ੍ਹ ਸੁਣ ਕੇ ਸੰਤੁਸ਼ਟ ਹੋ ਜਾਂਦੇ ਹਨ। ਉਨ੍ਹਾਂ ਨੇ ਇਸ ਸ਼ਬਦ ਦੇ ਅਸਲ ਭਾਵ ਨੂੰ ਕਦੇ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਪਰੰਤੂ ਫਿਰ ਵੀ ਕੋਈ ਸੂਝਵਾਨ ਪਰਿਵਾਰ ਨਜ਼ਰ ਆ ਰਿਹਾ ਹੈ, ਜਿਹੜਾ ਇਤਨੇ ਬੇਕੀਮਤੇ ਰਾਗੀਆਂ ਨੂੰ ਲੈ ਕੇ ਆਇਆ ਹੈ। ਮੈਂ ਵੀ ਅੱਜ ਪਹਿਲੀ ਵਾਰ ਸੁਣ ਰਿਹਾ ਹਾਂ ਇਤਨਾ ਰਸਦਾਇਕ ਕੀਰਤਨ। ਚੰਗਾ ਹੋਵੇ ਇਹ ਸ਼ਾਦੀ ਵਾਲੇ ਇਹ ਸਾਰਾ ਹੀ ਕੀਰਤਨ ਰਿਕਾਰਡ ਕਰ ਲੈਣ। ਖ਼ੈਰ, ਹੁਣ ਦਿਨ ਦਾ ਚੜ੍ਹਾਅ ਹੋ ਆਇਆ। ਵਿਰੱਕਤ ਮਹਾਰਾਜ ਜੀ ਵੀ ਅਠਾਰਾਂ ਨੰਬਰ ਕਮਰੇ ਵਿੱਚੋਂ ਜੋ ਕਿ ਉਪਰਲੀ ਛੱਤ ਤੇ ਹੈ, ਬਾਹਰ ਬਰਾਂਡੇ ਵਿੱਚ ਕੁਰਸੀ ਤੇ ਸੁਸ਼ੋਭਿਤ ਹੋ ਗਏ। ਰਾਮ ਜੀ ਹੁਣ ਬਰਨਾਲੇ ਨੂੰ ਵਾਪਸ ਜਾਣ ਦੀ ਤਿਆਰੀ ਕਰਕੇ ਹਜ਼ੂਰ ਤੋਂ ਆਗਿਆ ਲੈਣ ਲਈ ਉੱਪਰ ਚੜ੍ਹ ਆਏ, ਕਿਉਂਕਿ ਛੁੱਟੀ ਅੱਜ ਦੀ ਹੀ ਹੈ, ਕੱਲ੍ਹ ਬੈਂਕ ਡਿਊਟੀ ਹੈ। ਹਜ਼ੂਰ ਦੇ ਪਵਿੱਤਰ ਚਰਨਾਂ ਵਿੱਚ ਨਮਸ਼ਕਾਰ ਕਰਕੇ ਦੋਨੋਂ ਹੱਥ ਜੋੜ ਖੜ੍ਹੇ ਹੋ ਗਏ। ਹਜ਼ੂਰ ਆਪਣੀ ਇਲਾਹੀ ਮੌਜ ਵਿੱਚ ਨੇਤਰਾਂ ਨੇ ਛਪਰ ਨੀਵੇਂ ਕਰੀਂ ਕੁਰਸੀ ਤੇ ਬੈਠੇ ਹਨ। ਥੋੜ੍ਹੀ ਦੇਰ ਬਾਅਦ ਅਚਾਨਕ ਨੇਤਰ ਖੋਲੇ, ਪਹਿਲੀ ਦ੍ਰਿਸ਼ਟੀ ਸਾਹਮਣੇ ਖਲੋਤੇ ਰਾਮ ਜੀ ਤੇ ਪਈ। ਅੱਜ ਨੇਤਰਾਂ ਵਿੱਚ ਮਿਠਾਸ ਭਰਿਆ ਜਲਾਲ ਇਤਨਾ ਹੈ, ਮਾਨੋਂ ਅੰਮ੍ਰਿਤ ਦੀ ਫੁਹਾਰ ਬਰਸ ਰਹੀ ਹੈ। ਧੀਮੀ ਅਤੇ ਰਸਭਈ ਆਵਾਜ਼ ਵਿੱਚ ਪਵਿੱਤਰ ਬੁੱਲ ਫਰਕੇ, ਹੁਕਮ ਹੋਇਆ ਭਾਈ! ਕੀ ਗੱਲ ਹੈ? ਮਹਾਰਾਜ ਤਿੰਨ ਦਿਨ ਦੀ ਛੁੱਟੀ ਲੈ ਕੇ ਆਇਆ ਸੀ ਜੋ ਅੱਜ ਪੂਰੀ ਹੋ ਗਈ, ਹੁਣ ਆਪ ਜੀ ਦਾ ਹੁਕਮ ਹੋਵੇ ਤਾਂ ਵਾਪਸ ਜਾਵਾਂ? ਅੱਗੋਂ ਕੋਈ ਉੱਤਰ ਨਹੀਂ ਮਿਲਿਆ, ਲੇਕਿਨ ਰਾਮ ਜੀ ਦੋਨੋਂ ਹੱਥ ਜੋੜੀਂ ਅਹਿੱਲ ਖੜੇ ਹਨ। ਹੁਣ ਥੋੜ੍ਹੀ ਦੇਰ ਬਾਅਦ ਹਜ਼ੂਰ ਨੇ ਹੱਥ ਨਾਲ ਬੈਠ ਜਾਣ ਦਾ ਇਸ਼ਾਰਾ ਕੀਤਾ। ਜਿਸ ਨੂੰ ਹਰੀ ਆਪਣੇ ਚਰਨਾਂ ਵਿੱਚ ਬੈਠਣ ਜੋਗੀ ਥਾਂ ਬਖਸ਼ ਦੇਵੇ ਉਸਨੂੰ ਹੋਰ ਕੀ ਚਾਹੀਏ। ਰਾਮ ਜੀ ਇਸ਼ਾਰਾ ਸਮਝਦੇ ਹੀ ਆਪ ਦੇ ਪਵਿੱਤਰ ਚਰਨਾਂ ਵਿੱਚ ਬੈਠ ਗਏ, ਬਸ ਬੈਠਣ ਦੀ ਦੇਰੀ ਸੀ, ਹਜ਼ੂਰ ਕੁਰਸੀ ਤੋਂ ਉੱਠ ਖਲੋਤੇ, ਫਿਰ ਸਹਿਜੇ-ਸਹਿਜੇ ਪਉੜੀ ਰਾਹੀਂ ਹੇਠਾਂ ਨੂੰ ਉਤਰਨਾ ਸ਼ੁਰੂ ਕੀਤਾ। ਪਵਿੱਤਰ ਮੁੱਖ ਤੋਂ ਬੋਲੇ ਤਾਂ ਕੁੱਝ ਨਹੀਂ ਲੇਕਿਨ ਪ੍ਰਤੀਤ ਇਉਂ ਹੋ ਰਿਹਾ ਹੈ ਜਿਵੇਂ ਅਨੰਦ ਕਾਰਜ ਦਾ ਵਕਤ ਹੋ ਗਿਆ ਹੋਵੇ। ਜਿੱਥੇ ਕੀਰਤਨ ਹੋ ਰਿਹਾ ਹੈ ਹੁਣ ਉੱਥੇ ਨੂੰ ਚੱਲ ਪਏ ਆਪਣੀ ਅਗੰਮੀ ਮੌਜ ਵਿੱਚ। ਰਾਮ ਜੀ ਵੀ ਉੱਠ ਕੇ ਹਜ਼ੂਰ ਦੇ ਪਿੱਛੇ-ਪਿੱਛੇ ਹੋ ਤੁਰੇ। ਹਜ਼ੂਰ ਪਉੜੀ ਦਾ ਇੱਕ-ਇੱਕ ਡੰਡਾ ਬਹੁਤ ਹੌਲੀ ਉਤਰ ਰਹੇ ਹਨ, ਉਧਰ ਰਾਮ ਜੀ ਵੀ ਪੂਰੀ ਸਾਵਧਾਨਤਾ ਨਾਲ ਪਿੱਛੇ ਆ ਰਹੇ ਹਨ ਤਾਂ ਕਿ ਹਜ਼ੂਰ ਦਾ ਸਰੀਰ ਬੁਢਾਪੇ ਦੇ ਕਾਰਨ ਕਿਤੇ ਧੱਕਾ ਨਾ ਖਾ ਜਾਵੇ। ਅਗਰ ਜ਼ਰੂਰਤ ਪਵੇ ਤਾਂ ਬਗੈਰ ਕਿਸੇ ਦੇਰੀ ਤੋਂ ਸੰਭਾਲ ਲਿਆ ਜਾਵੇ, ਹਜ਼ੂਰ ਦੇ ਸਰੀਰ ਨੂੰ ਹੱਥ ਵੀ ਨਹੀਂ ਪਾ ਰਹੇ ਅਤੇ ਸਾਵਧਾਨਤਾ ਵੀ ਪੂਰੀ ਹੈ। ਹਜ਼ੂਰ ਇੱਕ ਹੱਥ ਵਿੱਚ ਖੂੰਡਾ ਅਤੇ ਦੂਸਰਾ ਹੱਥ ਕੰਧ ਨਾਲ ਲਾ ਕੇ ਸਹਿਜੇ-ਸਹਿਜੇ ਹੇਠਾਂ ਉਤਰ ਆਏ। ਹੇਠਾਂ ਉਤਰ ਕੇ ਹਜ਼ੂਰ ਨੇ ਹੁਣ ਰੁਖ ਉਸ ਪਾਸੇ ਵੱਲ ਕੀਤਾ, ਜਿੱਧਰ ਸਵੇਰ ਦਾ ਅਲੌਕਿਕ ਕੀਰਤਨ ਹੋ

ਰਿਹਾ ਹੈ। ਰਾਮ ਜੀ ਵੀ ਪਿੱਛੇ-ਪਿੱਛੇ ਆ ਰਹੇ ਹਨ। ਸਵੇਰ ਦਾ ਜੋ ਕੀਰਤਨ ਹੋ ਰਿਹਾ ਹੈ ਹੁਣ ਉਸਦੀ ਆਵਾਜ਼ ਇਉਂ ਪ੍ਰਤੀਤ ਦੇ ਰਹੀ ਹੈ ਜਿਵੇਂ ਕਿਤੇ ਨੇੜੇ ਹੀ ਹੈ। ਰਾਗੀ ਉਹੀ ਸਵੇਰ ਵਾਲੇ ਹੀ ਬਹੁਤ ਅਲੌਕਿਕ ਰਸ ਨਾਲ ਹੁਣ ਇਹ ਸ਼ਬਦ ਪੜ੍ਹ ਰਹੇ ਹਨ—

ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ॥
ਘਰਿ ਆਪਨੜੈ ਖੜੀ ਤਕਾ ਮੈਂ ਮਨਿ ਚਾਉ ਘਨੇਰਾ ਰਾਮ॥
ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ ਮੈ ਤੇਰਾ ਭਰਵਾਸਾ॥
ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ॥
ਸਗਲੀ ਜੋਤਿ ਜਾਤਾ ਤੂ ਸੋਈ ਮਿਲਿਆ ਭਾਇ ਸੁਭਾਏ॥
ਨਾਨਕ ਸਾਜਨ ਕਉ ਬਲਿ ਜਾਈਐ ਸਾਚਿ ਮਿਲੇ ਘਰਿ ਆਏ॥

*(ਰਾਗੁ ਸੂਹੀ ਮ: ੧, ਪੰਨਾ-੭੬੪)*

ਵਿਰੱਕਤ ਮਹਾਰਾਜ ਸਹਿਜੇ-ਸਹਿਜੇ ਦਰਬਾਰ ਸਾਹਿਬ ਦੇ ਪਿਛਲੇ ਪਾਸੇ ਚਲੇ ਗਏ। ਐਹ ਇੱਕ ਛੇ ਸੱਤ ਫੁੱਟ ਚੌੜੀ ਆਮ ਧਰਤੀ ਨਾਲੋਂ ਦੋ-ਢਾਈ ਫੁੱਟ ਉੱਚੀ ਰੋੜਿਆਂ ਦੀ ਸੜਕ ਜਿਹੀ ਅੰਬਾਂ ਲੀਚੀਆਂ ਦੇ ਸੰਘਣੇ ਬਾਗ ਵਿੱਚ ਨੂੰ ਉਤਰਦੀ ਹੈ, ਹਜ਼ੂਰ ਹੁਣ ਉਹ ਸੜਕ ਪੈ ਗਏ। ਔਹ ਦੇਖੋ! ਥੋੜ੍ਹੀ ਦੂਰ ਜਾ ਕੇ ਛੋਟਾ-ਜਿਹਾ ਚੌਂਕ ਆ ਗਿਆ, ਜਿਸ ਦੇ ਚਾਰ ਚੁਫੇਰੇ ਬਹੁਤ ਸੰਘਣੇ ਅੰਬਾਂ ਲੀਚੀਆਂ ਦੇ ਸੁੰਦਰ ਪੇੜ ਖੜ੍ਹੇ ਹਨ। ਵਿਚਕਾਰ ਸਿਮਿੰਟ ਦਾ ਬਣਿਆ ਇੱਕ ਗੋਲ ਆਕਾਰ ਦਾ ਬੜਾ ਸੁੰਦਰ ਮੇਜ਼ ਪਿਆ ਹੈ, ਇਸ ਦੇ ਚਾਰੋਂ ਤਰਫ ਸਿਮਿੰਟ ਦੇ ਹੀ ਕੋਈ ਛੇ-ਛੇ ਕੁ ਫੁੱਟ ਲੰਮੇ ਤਿੰਨ ਬੈਂਚ ਬਣੇ ਹੋਏ ਹਨ, ਅਰਸ਼ੀ ਪ੍ਰੀਤਮ ਹੁਣ ਉਨ੍ਹਾਂ ਵਿੱਚੋਂ ਇੱਕ ਬੈਂਚ ਤੇ ਸੁਸ਼ੋਭਿਤ ਹੋ ਗਏ। ਤਿੰਨੇ ਬੈਂਚ ਕੀ ਹਨ, ਮਾਨੋਂ ਤਿੰਨ ਗੁਣ ਪਏ ਸਨ। ਹੁਣ ਉਨ੍ਹਾਂ ਤੇ ਨਿਆਰਾ ਗੁਣਾਂਤੀਤ ਚੌਥਾ, ਤੁਰੀਆ ਉਨ੍ਹਾਂ ਉਪਰ ਸੁਸ਼ੋਭਿਤ ਹੋ ਗਿਆ। ਹੁਣ ਗੁਣ ਨਜ਼ਰ ਨਹੀਂ ਆ ਰਹੇ, ਕੇਵਲ ਤੁਰੀਆ ਹੀ ਪ੍ਰਤੱਖ ਨਜ਼ਰ ਆ ਰਿਹਾ ਹੈ। ਪਿੱਛੇ-ਪਿੱਛੇ ਆ ਰਹੇ ਰਾਮ ਜੀ ਵੀ ਹਜ਼ੂਰ ਦੇ ਪਵਿੱਤਰ ਚਰਨਾਂ ਵਿੱਚ ਨਮਸ਼ਕਾਰ ਕਰਕੇ ਬੈਠ ਗਏ। ਉਧਰ ਕੀਰਤਨ ਦੀ ਆਵਾਜ਼ ਵੀ ਬਹੁਤ ਰਸਦਾਇਕ ਅਤੇ ਨਿਖਰਵੀਂ ਸੁਣਾਈ ਦੇਈ ਜਾ ਰਹੀ ਹੈ। ਹੁਣ ਲਾਵਾਂ ਦਾ ਪਾਠ ਸ਼ੁਰੂ ਹੋ ਗਿਆ, ਤਿੰਨ ਲਾਵਾਂ ਦਾ ਪਾਠ ਪੂਰਾ ਹੋ ਚੁੱਕਿਆ ਹੈ, ਚੌਥੀ ਲਾਵ ਰਾਗੀ ਬਹੁਤ ਸੁੰਦਰ ਧੁਨੀ ਵਿੱਚ ਉਚਾਰਨ ਕਰ ਰਹੇ ਹਨ—

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ॥
ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ॥
ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ॥
ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ॥
ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ॥
ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ॥

*(ਲਾਵਾਂ-੭੭੪)*

ਚੌਥੀ ਲਾਵ ਦੇ ਪੂਰੇ ਹੁੰਦੇ ਹੀ, ਔਹ ਦੇਖੋ! ਅਰਸ਼ੀ ਪ੍ਰੀਤਮ ਕੀ ਅਸਚਰਜ ਕੌਤਕ ਵਰਤਾ ਰਿਹਾ ਹੈ, ਆਪਣੇ ਪਵਿੱਤਰ ਸੀਸ ਤੋਂ ਪੱਗ ਉਠਾ ਕੇ ਰਾਮ ਜੀ ਦੇ ਸੀਸ ਤੇ ਸਜਾ ਦਿੱਤੀ। ਮਾਨੋਂ ਆਪਣਾ ਸ਼ਾਹੀ ਤਾਜ (ਮੁਕਟ) ਰਾਮ ਜੀ ਦੇ ਸਿਰ ਤੇ ਸੁਸ਼ੋਭਿਤ ਕਰ ਦਿੱਤਾ। ਰਾਮ ਜੀ ਦੇ ਸਿਰ ਤੇ ਮੁਕਟ ਰੱਖਦਿਆਂ ਹੀ ਇਹ ਅਵਸਥਾ ਹੋ ਗਈ—

ਕ੍ਰਿਪਾ ਦ੍ਰਿਸ਼ਟ ਪੁੰਨ ਗੁਰ ਕੇ ਕੀਨਸ। ਅੰਤਰ ਬ੍ਰਿਤ ਹੋਇ ਸੁਖ ਚੀਨਸਿ॥
ਜਨਮ ਜਨਮ ਕੋ ਸੁਪਤੁ ਜਗਾਯੋ। ਨਿਜ ਸਰੂਪ ਆਤਮ ਪ੍ਰਗਾਟੋ॥
ਬੈਠੇ ਲਗੀ ਸਮਾਧ ਅਡੋਲੇ॥ ਕਿਤਕਿ ਦੇਰ ਮਹਿਂ ਲੋਚਨ ਖੋਲੇ॥

*(ਸੂਰਜ ਪ੍ਰਕਾਸ਼)*

ਐਹ ਦੇਖੋ! ਅਰਸ਼ੀ ਪ੍ਰੀਤਮ ਹੁਣ ਕਿਵੇਂ ਵਰਦਾਨਾ ਦਾ ਮੀਂਹ ਵਰਸਾਈ ਜਾ ਰਿਹਾ ਹੈ। ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਓਟਿਆਂ ਦੀ ਓਟ, ਆਦਿਕ ਅਨੇਕਾਂ ਵਰਾਂ ਦੀ ਝੜੀ ਲਾ ਦਿੱਤੀ। ਅੱਜੇ ਬਸ ਨਹੀਂ ਹੋਈ, ਰਾਮ ਜੀ ਨੂੰ ਅਜੇ ਵੀ ਵਰਦਾਨ ਦੇਈਂ ਜਾ ਰਹੇ ਹਨ, ਜਿੰਨਾਂ ਦਾ ਭਾਵ ਕੁਝ ਇਉਂ ਹੈ—

ਹੇ ਪੁਰਖਾ! ਤੁਮ ਹੁ ਮਮ ਰੂਪ॥ ਭੇਦ ਨਾ ਜਾਨਹੁ ਤਨਕ ਅਨੂਪ॥
ਸਦ ਹੀ ਰਿਦੇ ਬਸਤ ਹੋ ਮੇਰੇ॥ ਤੁਝ ਸੋਂ ਪਿਆਰ ਸਦੀਵ ਵਡੇਰੇ॥
ਆਤਮ ਗਿਆਨ ਸਦੀਵ ਬੀਚਾਰਹੁ॥ ਨਾ ਨਾ ਭੇਦ ਰਿਦੇ ਨਿਰਵਾਰਹੋ॥
ਸੁਨ ਪੁਰਖਾ ਸ੍ਰੀ ਰਾਮ ਪਿਆਰੇ॥ ਅਬ ਤੁਮ ਬੈਠਹੁ ਥਾਨ ਹਮਾਰੇ॥
ਰਾਜ ਜੋਗ ਦੇ ਬਹੁ ਸਿੰਘਾਸਣ॥ ਤਿਸ ਪਰ ਸੋਭਹੁ ਕਰਹੁ ਪ੍ਰਕਾਸ਼ਨ॥
ਸਗਲ ਸੰਗਤ ਕੇ ਨਾਮ ਜਪਾਵਹੁ॥ ਰਾਜ ਜੋਗ ਸਿੰਘਾਸਣ ਪਾਵਹੁ॥
ਸਤਨਾਮ ਕਾ ਸਿਮਰਨ ਸਾਰੇ॥ ਉਪਦੇਸਹੁ ਹੋਇ ਭਗਤਿ ਉਦਾਰੇ॥
ਨਰ ਹਜਾਰਾਂ ਕੀ ਕਲਿਆਣ॥ ਕਰਹੁ ਆਪ ਦੇ ਕਰ ਉਰ ਗਿਆਨ॥

ਰਾਮ ਸਿੰਘ ਜੀ ਦੋਨੋਂ ਹੱਥ ਜੋੜੀਂ ਆਪ ਦੇ ਚਰਨਾਂ ਵਿੱਚ ਅਹਿੱਲ ਬੈਠੇ ਹਨ। ਹੁਣ ਹਜ਼ੂਰ ਨੇ ਸੰਗਤ ਨੂੰ ਉਪਦੇਸ਼ ਕੀਤਾ—

ਹੁਣ ਸੰਗਤ ਕੇ ਕਹਤ ਸੁਨਾਈ॥ ਮਮ ਸਰੂਪ ਅਬ ਇਹੈ ਸੁਹਾਈ॥
ਮੁਝ ਮੈਂ ਇਸ ਮਹਿ ਭੇਦ ਨਾ ਜਾਨਹੋ॥ ਏਕ ਸਰੂਪ ਦੋਹੂੰ ਕੋ ਮਾਨਹੁ॥

ਫਿਰ ਸੰਗਤ ਨੂੰ ਹੋਰ ਦ੍ਰਿੜਤਾ ਲਈ ਉਚਾਰਨ ਕੀਤਾ—

ਕਹਿਓ ਆਪ ਸੰਗਤ ਸਮਝਾਏ। ਸਤਿ ਉਪਦੇਸ਼ ਜਪੋ ਸਤਿ ਭਾਏ॥
ਪ੍ਰਗਟ ਰੂਪ ਰਾਮ ਮਮ ਜਾਨੋ॥ ਸੰਸਾ ਭੇਦ ਨਾ ਮਨ ਮੇਂ ਆਨੋਂ॥
ਰਾਮ ਸਿੰਘ ਮਮ ਰੂਪ ਹੈ, ਯਾ ਮਹਿ ਨਾਹੀ ਭੇਦ॥
ਜੋ ਸਮਝੇ ਇਸ ਰਾਜ ਕੋ ਨਹੀਂ ਜਨਮ ਮਰਨ ਕਾ ਖੇਦ॥

ਰਾਮ ਜੀ ਨਿਰਵਿਕਲਪ ਸਮਧਾ ਵਿੱਚ ਅਡੋਲ, ਅੰਦਰੋਂ-ਬਾਹਰੋਂ ਬੇਖਬਰ ਹੋਏ, ਸ਼ਾਂਤ ਟਿਕੇ ਬੈਠੇ ਹਨ। ਕੁੱਝ ਦੇਰ ਬਾਅਦ ਥੋੜ੍ਹੇ ਨੇਤਰ ਖੋਲੇ, ਫਿਰ ਬਦੋ-ਬਦੀ ਬੰਦ ਹੋ ਗਏ। ਸਰੀਰ, ਸੰਸਾਰ ਤੋਂ ਬੇਖਬਰੀ ਹੋ ਗਈ, ਬਸ ਹੁਣ ਅਨੰਦਾ ਦਾ ਸਮੁੰਦਰ ਠਾਠਾਂ ਮਾਰਦਾ ਹੀ ਨਜ਼ਰ ਆ ਰਿਹਾ ਹੈ। ਗੁਰੂ ਕ੍ਰਿਪਾ ਦੀ ਗੱਲ ਜੋ ਅੱਜ ਤੱਕ ਸੁਣਦੇ ਪੜ੍ਹਦੇ ਸੀ, ਅੱਜ ਪ੍ਰਤੱਖ ਦੇਖ ਰਹੇ ਹਨ—

ਅਦਭੁਤ ਭਇਓ ਅਵਰ ਹੀ ਥਾਟਾ॥ ਤਿਹ ਛਿਨ ਖੁਲ੍ਹ ਗਏ ਬਿਕਟ ਕੁਪਾਟਾ॥
ਜਗਿਯੋ ਗਿਆਨ ਦੁਬਿਧਾ ਸਭ ਖੋਈ॥ ਤੀਨਿ ਲੋਕ ਕੀ ਸੁਧ ਉਰਿ ਹੋਈ॥

ਅੰਦਰ ਪ੍ਰਭੂ ਦਾ ਦੀਦਾਰ ਹੋ ਗਿਆ, ਕਿਉਂਕਿ ਸੰਤ ਨੇ ਸੰਗ ਜੋ ਬਖਸ਼ ਦਿੱਤਾ। ਗਿਆਨ ਦਾ ਸੁਰਮਾ ਅੱਖਾਂ ਵਿੱਚ ਪੈਂਦੇ ਹੀ, ਅਗਿਆਨ ਅੰਧਕਾਰ ਸਾਰਾ ਮਿੱਟ ਗਿਆ, ਕਿਉਂਕਿ ਹਰੀ ਦੀ ਕ੍ਰਿਪਾ ਦੁਆਰਾ ਭੇਟ ਜੋ ਸੰਤ ਨਾਲ ਹੋ ਗਈ। ਪੰਜੇ ਅਨਹੋਏ ਵਿਕਾਰ ਸਭ ਕਾਫੂਰ ਹੋ ਗਏ ਕਿਉਂਕਿ ਨਾਮ ਜੋ ਦ੍ਰਿੜ ਹੋ ਗਿਆ। ਅਰਸ਼ੀ ਦਾਤੇ ਦੇ ਚਰਨਾਂ ਤੋਂ ਸੀਸ ਨਹੀਂ ਉਠਾ ਰਹੇ। ਪ੍ਰੀਤਮ ਵੀ ਕਿਸੇ ਅਲੌਕਿਕ ਅਨੰਦ ਵਿੱਚ ਸਰਸ਼ਾਰ ਹੋਇਆ, ਕ੍ਰਿਪਾ ਦੁਆਰਾ ਪਵਿੱਤਰ ਕੀਤੇ ਸਰੀਰ ਤੇ ਪਿਆਰ ਭਰਿਆ ਹੱਥ ਫੇਰੀਂ ਜਾ ਰਿਹਾ ਹੈ। ਪਿਉ ਪੁੱਤਰ ਦੋਨੋਂ ਦੇਸ਼ ਕਾਲ ਵਸਤੂ ਤੋਂ ਬੇਖਬਰ ਕਿਸੇ ਅਕਹਿ ਅਨੰਦ ਵਿੱਚ ਲੀਨ ਹੋਏ ਪਏ ਹਨ। ਇਸੇ ਅਨੰਦ ਵਿੱਚ ਬੈਠਿਆਂ ਨੂੰ ਮਿੱਠੀ-ਮਿੱਠੀ ਸਵੱਰ ਵਿੱਚ ਕੀਰਤਨ ਉਵੇਂ ਹੀ ਸੁਣਾਈ ਦੇ ਰਿਹਾ ਹੈ। ਐਹ ਜ਼ਰਾ ਧਿਆਨ ਨਾਲ ਦੇਖੋ, ਕੀਰਤਨ ਵਿੱਚੋਂ ਇੱਕ ਨਵੀਂ ਆਵਾਜ਼ ਆ ਰਹੀ ਹੈ।

ਨਿੱ----ਕੇ, ਪਾ----ਈ----ਇਉਂ ਪ੍ਰਤੀਤ ਦੇ ਰਿਹਾ ਹੈ ਜਿਵੇਂ ਹੁਣ ਕਈ ਰਾਗੀ ਜੱਥੇ ਕੀਰਤਨ ਕਰ ਰਹੇ ਹਨ। ਇਸ ਲਈ ਪੂਰਾ-ਪੂਰਾ ਕੋਈ ਸ਼ਬਦ ਵੀ ਸੁਣਾਈ ਨਹੀਂ ਦੇ ਰਿਹਾ। ਐਹ ਫਿਰ ਉਹੀ ਆਵਾਜ਼ ਕੰਨਾਂ ਵਿੱਚ ਸੁਣਾਈ ਦੇ ਰਹੀ

ਹੈ—"ਨਿੱਕੇ ਪਾਈ"----ਈ----ਈ। ਇਸ ਤੋਂ ਅੱਗੇ ਸਪੱਸ਼ਟ ਸੁਣਾਈ ਨਹੀਂ ਦੇ ਰਿਹਾ। ਰਾਗੀਆਂ ਨੇ ਹੁਣ ਪੜ੍ਹਣਾ ਸ਼ੁਰੂ ਕੀਤਾ—

ਧਰਣਿ ਸੁਵੰਨੀ ਖੜ ਰਤਨ ਜੜਾਵੀ ਹਰਿ ਪ੍ਰੇਮ ਪੁਰਖੁ ਮਨਿ ਵੁਠਾ॥
ਸਭੇ ਕਾਜ ਸੁਹੇਲੜੇ ਥੀਏ ਗੁਰੁ ਨਾਨਕੁ ਸਤਿਗੁਰੁ ਤੁਠਾ॥

*(ਸਲੋਕ ਮ: ੫, ਪੰਨਾ-੩੨੨)*

ਸਾਚਾ ਸਾਹੁ ਗੁਰੂ ਸੁਖਦਾਤਾ ਹਰਿ ਮੇਲੇ ਭੁਖ ਗਵਾਏ॥
ਕਰਿ ਕਿਰਪਾ ਹਰਿ ਭਗਤਿ ਦ੍ਰਿੜਾਏ ਅਨਦਿਨੁ ਹਰਿ ਗੁਣ ਗਾਏ॥
ਮਤ ਭੂਲਹਿ ਰੇ ਮਨ ਚੇਤਿ ਹਰੀ॥
ਬਿਨੁ ਗੁਰ ਮੁਕਤਿ ਨਾਹੀ ਤ੍ਰੈ ਲੋਈ ਗੁਰਮੁਖਿ ਪਾਈਐ ਨਾਮੁ ਹਰੀ॥ ਰਹਾਉ॥
ਬਿਨੁ ਭਗਤੀ ਨਹੀਂ ਸਤਿਗੁਰੁ ਪਾਈਐ ਬਿਨੁ ਭਾਗਾ ਨਹੀਂ ਭਗਤਿ ਹਰੀ॥
ਬਿਨੁ ਭਾਗਾ ਸਤਸੰਗੁ ਨ ਪਾਈਐ ਕਰਮਿ ਮਿਲੈ ਹਰਿ ਨਾਮੁ ਹਰੀ॥
ਘਟਿ ਘਟਿ ਗੁਪਤੁ ਉਪਾਏ ਵੇਖੈ ਪਰਗਟੁ ਗੁਰਮੁਖਿ ਸੰਤ ਜਨਾ॥
ਹਰਿ ਹਰਿ ਕਰਹਿ ਸੁ ਹਰਿ ਰੰਗਿ ਭੀਨੇ ਹਰਿ ਜਲੁ ਅੰਮ੍ਰਿਤ ਨਾਮੁ ਮਨਾ॥
ਜਿਨ ਕਉ ਤਖਤਿ ਮਿਲੈ ਵਡਿਆਈ ਗੁਰਮੁਖਿ ਸੇ ਪਰਧਾਨ ਕੀਏ।
ਪਾਰਸੁ ਭੇਟਿ ਭਏ ਸੇ ਪਾਰਸ ਨਾਨਕ ਹਰਿ ਗੁਰ ਸੰਗਿ ਥੀਏ॥

*(ਬਸੰਤੁ ਹਿੰਡੋਲ ਮ: ੧, ਪੰਨਾ-੧੧੭੧)*

ਐਸਾ ਇਲਾਹੀ ਕੀਰਤਨ ਹੋ ਰਿਹਾ ਹੈ ਮਾਨੋਂ ਦੇਵ ਲੋਕ ਵਿੱਚੋਂ ਪੁਸ਼ਪ ਵਰਸ਼ਾ ਹੋ ਰਹੀ ਹੈ, ਇਹ ਦਿਬਯ ਕੀਰਤਨ ਸੁਣਨ ਵਾਲੇ ਸਰੋਤੇ ਭਾਵੇਂ ਸਾਰੇ ਹੀ ਅੱਜ ਪਹਿਲੀ ਵਾਰ ਸ੍ਰਵਣ ਕਰਕੇ ਸਰਸਾਰ ਹੋ ਰਹੇ ਹਨ, ਲੇਕਿਨ ਦੋਨੋਂ ਸ਼ਹਿਨਸ਼ਾਹ ਤੇ ਸ਼ਹਿਜ਼ਾਦਾ ਤਾਂ ਇਉਂ ਨਿਮਗਨ ਹੋਏ ਸ੍ਰਵਣ ਕਰੀਂ ਜਾ ਰਹੇ ਹਨ, ਜਿਵੇਂ ਗੁਰਬਾਣੀ ਦਾ ਰੂਪ ਹੀ ਹੋ ਚੁੱਕੇ ਹਨ। ਰਾਗੀ ਜੱਥਿਆਂ ਦੀ ਘਨਘੋਰ ਵਿੱਚ ਹੁਣ ਕੁੱਝ ਇਉਂ ਸੁਣਾਈ ਦੇ ਰਿਹਾ ਹੈ—

ਹਰਿ ਦਰਗਾਹ ਪੈਨਾਇਆ ਹਰਿ ਆਪਿ ਲਇਆ ਗਲਿ ਲਾਇ॥
ਹਰਿ ਦਰਗਾਹ ਪੈਨਾਇਆ ਹਰਿ ਆਪਿ ਲਇਆ ਗਲਿ ਲਾਇ॥

*(ਕਰਹਲੇ ਪੰਨਾ-੨੩੪)*

ਰਾਗੀ ਬਾਰ-ਬਾਰ ਇਸ ਪੰਕਤੀ ਨੂੰ ਦੁਹਰਾਈ ਜਾ ਰਹੇ ਹਨ। ਇੱਕ ਬਹੁਤ ਰਸੀਲੇ ਆਵਾਜ਼ ਵਿੱਚ ਰਾਗੀ ਕੀਰਤਨ ਕਰ ਰਹੇ ਹਨ। ਸ਼ਾਇਦ ਇਹ ਰਾਗੀ ਜੱਥਾ ਵੀ ਹੋਰ ਹੈ—

ਗੁਰਮੁਖਿ ਸਖੀ ਸਹੇਲੀਆ ਸੇ ਆਪਿ ਹਰਿ ਭਾਈਆ॥
ਹਰਿ ਦਰਗਹ ਪੈਨਾਈਆ ਹਰਿ ਆਪਿ ਗਲਿ ਲਾਈਆ॥

*(ਪੰਨਾ-੭੨੬)*

ਹੁਣ ਇਉਂ ਪ੍ਰਤੀਤ ਦੇ ਰਿਹਾ ਹੈ ਜਿਵੇਂ ਇਹ ਕਾਰਜ ਸੰਪੂਰਨ ਹੋਣ ਵਾਲਾ ਹੈ। ਇਸ ਲਈ ਮਿੱਠੀ-ਮਿੱਠੀ ਆਵਾਜ਼ ਵਿੱਚ ਰਾਗੀ ਹੁਣ ਇਹ ਸ਼ਬਦ ਉਚਾਰਨ ਕਰ ਰਹੇ ਹਨ—

ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ॥
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ॥

ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨਾ ਜਾਇਆ॥
ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ॥

*(ਸਿਰੀਰਾਗੁ ਮ: ੪, ਪੰਨਾ-੭੮)*

ਕੀਰਤਨ ਇਤਨਾਂ ਸੁੰਦਰ ਅਤੇ ਰਸਦਾਇਕ ਹੋ ਰਿਹਾ ਹੈ ਸਰੋਤੇ ਸਭ ਰਸ-ਮਗਨ ਕਿਸੇ ਅਕਹਿ ਅਨੰਦ ਵਿੱਚ ਝੂਮ ਰਹੇ ਹਨ। ਕਿਉਂਕਿ ਐਸਾ ਅਲੌਕਿਕ ਤੇ ਅਨੂਠਾ ਕੀਰਤਨ ਅਤੇ ਕੀਰਤਨ ਕਰਨ ਵਾਲੇ ਅੱਜ ਤੱਕ ਦੇਖੇ-ਸੁਣੇ ਹੀ ਨਹੀਂ, ਇਸ ਵਾਸਤੇ ਸਰੋਤੇ ਸਭ ਚਾਹੁੰਦੇ ਹਨ ਐਸਾ ਅਨੰਦਮਈ ਕੀਰਤਨ ਦੇਰ ਤੱਕ ਸੁਣਦੇ ਰਹੀਏ, ਲੇਕਿਨ ਹੁਣ ਸ਼ਾਇਦ ਸਮਾਂ ਇਜਾਜ਼ਤ ਨਹੀਂ ਦਿੰਦਾ, ਇਸ ਲਈ ਇਸ ਅਲੌਕਿਕ ਕੀਰਤਨ ਅਖਾੜੇ ਵਿੱਚ ਸਭ ਜੱਥੇ ਬੰਦ ਕਰ ਦਿੱਤੇ ਗਏ, ਕਿਉਂਕਿ ਹੁਣ ਸਵੰਬਰ ਦੀ ਸੰਪੂਰਨ ਸਮਾਪਤੀ ਤੇ ਅਨੰਦ ਸਾਹਿਬ ਦਾ ਕੀਰਤਨ ਸ਼ੁਰੂ ਕੀਤਾ—

ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥
ਰਾਗ ਰਤਨ ਪਰਵਾਰ ਪਰੀਆ ਸ਼ਬਦ ਗਾਵਣ ਆਈਆ॥

*(ਅਨੰਦੁ ਸਾਹਿਬ, ਪੰਨਾ-੯੧੭)*

ਇਹ ਪੰਕਤੀ ਬਾਰ-ਬਾਰ ਕੰਨਾਂ ਵਿੱਚ ਗੂੰਜਣ ਲੱਗੀ, ਕੀਹ ਪਰੀਆਂ ਸ਼ਬਦ ਗਾਵਣ ਆਈਆਂ ਹਨ? ਸਰੋਤਿਆਂ ਵਿੱਚੋਂ ਜਦ ਧਿਆਨ ਕਿਸੇ ਦਾ ਅਕਾਸ਼ ਵੱਲ ਗਿਆ, ਅਸਚਰਜ ਰਹਿ ਗਿਆ ਦੇਖ ਕੇ, ਅਨੇਕਾਂ ਪਰੀਆਂ ਸ਼ਬਦ ਕੀਰਤਨ ਵਿੱਚ ਨਿਮਗਨ ਹਨ। ਹੁਣ ਪਤਾ ਲੱਗਿਆ ਕਿ ਐਸਾ ਮਨੋਹਰ ਕੀਰਤਨ ਕਿੱਥੇ ਹੋ ਰਿਹਾ ਹੈ ਪਹਿਰ ਦੇ ਤੜਕੇ ਦਾ। ਤਾਂ ਹੀ ਮਨ ਅਸਚਰਜ ਹੋਇਆ, ਬਾਰ-ਬਾਰ ਕਹਿ ਰਿਹਾ ਸੀ ਕਿ ਐਸਾ ਦਿਬਯ ਕੀਰਤਨੀਏ, ਕਿਸੇ ਹੋਰ ਲੋਕ ਦੇ ਪ੍ਰਤੀਤ ਹੁੰਦੇ ਹਨ। ਕਿਉਂਕਿ ਐਸੇ ਰਸੀਲੇ ਗਲੇ, ਸੁੰਦਰ ਆਵਾਜ਼ ਅਤੇ ਅਨੂਠੇ ਸਾਜ਼ ਇਸ ਲੋਕ ਵਿੱਚ ਕਦੇ ਨਹੀਂ ਸੁਣੇ। ਕੀਰਤਨ ਦੀ ਘਨਕੋਰ ਵਿੱਚ ਇੱਕ ਜੋ ਆਵਾਜ਼ ਸਵੇਰ ਦੀ ਸਪੱਸ਼ਟ ਸੁਣਾਈ ਨਹੀਂ ਸੀ ਦੇ ਰਹੀ, ਨਿੱ----ਕੇ, ਪਾ----ਈ। ਉਹ ਹੁਣ ਅਨੰਦ ਸਾਹਿਬ ਦਾ ਕੀਰਤਨ ਸਮਾਪਤ ਹੁੰਦੇ ਹੀ ਇੱਕ ਕਿਸੇ ਪਰੀ ਦੀ ਬਹੁਤ ਸੁੰਦਰ ਆਵਾਜ਼ ਨਾਲ ਇਉਂ ਸਪਸ਼ਟ ਸੁਣਾਈ ਦੇ ਰਹੀ ਹੈ:

ਨਿੱਕੇ ਪਾਈ ਬੁੱਢਿਓਂ, ਦੇਣੀ ਰਾਮ ਸਿੰਘ ਘਰ ਆਵੈ॥
ਕਰਣ ਪੁਰੀ ਪ੍ਰਕਾਸ਼ ਕਰ, ਰਿਸ਼ੀਕੇਸ਼ ਵਿੱਚ ਜੋਤ ਜਗਾਵੈ॥

ਸ਼ਾਇਦ ਇਹ ਸੁਵੰਬਰ ਦਾ ਆਖਰੀ ਸ਼ਬਦ ਸੀ, ਹੁਣ ਸੁਵੰਬਰ ਸੰਪੂਰਨ ਹੁੰਦੇ ਹੀ ਪਰੀਆਂ ਕੀਰਤਨ ਰਾਹੀਂ ਪੁਸ਼ਪ ਵਰਸ਼ਾ ਕਰਕੇ ਦੇਵ-ਲੋਕ ਨੂੰ ਵਾਪਸ ਚਲੀਆਂ ਗਈਆਂ। ਸਰੋਤੇ ਵੀ ਕਿਸੇ ਅਕਹਿ ਅਨੰਦ ਵਿੱਚ ਲੀਨ ਹੋਏ, ਹੁਣ ਇਸ ਪੰਡਾਲ ਵਿੱਚੋਂ ਉੱਠ ਖੜ੍ਹੇ। ਕਾ----ਸ਼! ਇਹ ਸਾਰਾ ਪ੍ਰੋਗਰਾਮ ਰਿਕਾਰਡ ਕਰ ਲਿਆ ਜਾਂਦਾ।

## ਮਹੰਤੀ ਦਾ ਤਾਜ

ਵਿਰੱਕਤ ਮਹਾਰਾਜ ਜੀ ਅਨੰਦ ਸਰੂਪ ਵਿੱਚ ਇਸਥਿਤ ਹੋਣ ਕਰਕੇ ਭਾਵੇਂ ਹਮੇਸ਼ਾਂ ਹੀ ਪ੍ਰਸੰਨ ਮੁਦਰਾ ਵਿੱਚ ਵਿਚਰਦੇ ਹਨ, ਲੇਕਿਨ ਅੱਜ ਤਾਂ ਚਿਹਰੇ ਤੇ ਵਿਸ਼ੇਸ਼ ਹੀ ਜਲੌ ਠਾਠਾਂ ਮਾਰ ਰਿਹਾ ਹੈ। ਪਵਿੱਤਰ ਮੁੱਖ ਵੱਲ ਤੱਕਿਆਂ ਇਉਂ ਪ੍ਰਤੀਤ ਦੇ ਰਿਹਾ ਹੈ ਜਿਵੇਂ ਪਰਮੇਸ਼ਰ ਦਾ ਸ਼ੁਕਰ ਕਰ ਰਹੇ ਹੋਣ, ਕਿ ਹੇ ਪਰਮੇਸ਼ਰ! ਤੇਰੀ ਅਮਾਨਤ ਅਦਾ ਹੋਈ! ਇੱਕ ਸੇਵਕ ਨੂੰ ਆਵਾਜ਼ ਮਾਰੀ ਕਿ ਸਾਡੇ ਵਸਤਰਾਂ ਵਿੱਚੋਂ ਇੱਕ ਪੱਗ ਲੈ ਕੇ ਆ। ਦੇਖੋ ਅਰਸ਼ਾ ਕੁਰਸ਼ਾ ਦੇ ਮਾਲਕ ਨੇ ਆਪਣਾ ਸ਼ਾਹੀ ਤਾਜ ਤਾਂ ਰਾਮ ਸਿੰਘ ਜੀ ਦੇ ਸੀਸ ਤੇ ਟਿਕਾ ਕੇ ਤਿੰਨਾਂ ਲੋਕਾਂ, ਚੌਦਾਂ ਭਵਨਾਂ ਦੀ ਬਾਦਸ਼ਾਹੀ ਬਖਸ਼ ਦਿੱਤੀ, ਲੇਕਿਨ ਆਪ ਨੇ ਹੋਰ ਪੱਗ ਮੰਗਵਾ ਕੇ ਆਪਣੇ ਸੀਸ ਤੇ ਬੰਨੀ।

ਮਹੰਤ ਨਾਰਾਇਣ ਸਿੰਘ ਜੀ ਨੂੰ ਜਦੋਂ ਇਸ ਅਸਚਰਜ ਕੌਤਕ ਦਾ ਪਤਾ ਲੱਗਿਆ, ਤਾਂ ਬਹੁਤ ਪ੍ਰਸੰਨ ਚਿੱਤ ਹੋਏ ਹਜ਼ੂਰ ਦੇ ਚਰਨਾਂ ਵਿੱਚ ਪਹੁੰਚੇ। ਅਰਜ਼ ਕੀਤੀ, ਮਹਾਰਾਜ! ਆਪ ਜੀ ਨੇ ਮਿਹਰ ਕਰਕੇ ਰਾਮ ਸਿੰਘ ਜੀ ਨੂੰ ਅੰਦਰੋਂ-ਬਾਹਰੋਂ ਰੰਗ ਕੇ ਲਾਲੋ ਲਾਲ ਬਣਾ ਦਿੱਤਾ। ਹਜ਼ੂਰ ਬੋਲੇ, ਮਹੰਤ ਜੀ—

ਪੂਰਬ ਜਨਮ ਪੁੰਨ ਤਿਸ ਕੇਰੇ। ਮਿਲ ਸਤਸੰਗਤ ਕੀਨ ਘਨੇਰੇ॥
ਦੀਪਕ ਬਾਤੀ ਤੇਲ ਜੁਤ ਪਾਵਕ ਲਾਵਨ ਦੇਰ॥
ਹੋਇ ਹੈਂ ਰੌਸ਼ਨ ਤੁਰਤ ਜਿਮ ਤਿਉਂ ਇਸ ਕੌ ਤੂੰ ਹੇਰ॥

ਭਾਈ! ਇਸ ਦੀਵੇ ਦੀ ਤੇਲ ਬੱਤੀ ਤਿਆਰ ਹੋ ਚੁੱਕੀ ਸੀ, ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦਾ ਹੁਕਮ ਹੋ ਚੁੱਕਿਆ ਸੀ, ਬਸ ਜਗਦੇ ਦੀਵੇ ਨਾਲ ਸਪਰਸ਼ ਕਰਨ ਦੀ ਦੇਰ ਸੀ, ਉਸੇ ਸਮੇਂ ਜਗ ਉੱਠਿਆ। ਹੁਣ ਤੁਸੀਂ ਐਸਾ ਕਰੋ, ਆਪਣਾ ਮਹੰਤੀ ਦਾ ਤਾਜ ਵੀ ਇਨ੍ਹਾਂ ਦੇ ਸਿਰ ਤੇ ਸੁਸ਼ੋਭਿਤ ਕਰ ਦਿਉ! ਯਥਾ—

ਪੁਨ ਮਹੰਤ ਮਹਿ ਕਹਤ ਸੁਣਾਈ॥ ਮਮ ਸਰੂਪ ਅਬ ਇਹੈ ਸੁਹਾਈ॥
ਮੁਝ ਮੈਂ ਇਸ ਮਹਿ ਭੇਦ ਨ ਜਾਨਹੋਂ॥ ਏਕ ਸਰੂਪ ਦੁਹਹੂੰ ਕੋ ਮਾਨੋ॥
ਅਗਾਰੀ ਇਨਕੋ ਦੇਹੋ ਮਹੰਤੀ॥ ਤੁਮ ਸਮਾ ਬਤਾਵਹੋ ਸੁਖ ਸ਼ਾਂਤੀ॥

ਮਹੰਤ ਨਾਰਾਇਣ ਸਿੰਘ ਜੀ ਨੇ ਮਹੰਤ ਗੁਰਬਚਨ ਸਿੰਘ ਜੀ ਬਰਨਾਲੇ ਵਾਲੇ, ਸੰਤ ਮਨਮੋਹਨ ਸਿੰਘ ਜੀ ਡੁਮੰਡੇ ਵਾਲੇ ਅਤੇ ਸ੍ਰ: ਗੁਰਨਾਮ ਸਿੰਘ ਖੋਖ ਨੂੰ ਨਾਲ ਲੈ ਕੇ ਹਜ਼ੂਰ ਦੀ ਆਗਿਆ ਅਨੁਸਾਰ ਦੇਹਰਾਦੂਨ ਜਾ ਕੇ ਨਿਰਮਲ ਆਸ਼ਰਮ ਅਤੇ ਹੋਰ ਸਾਰੇ ਸੰਬੰਧਤ ਅਸਥਾਨਾਂ ਦੀ ਮਹੰਤੀ ਰਾਮ ਸਿੰਘ ਜੀ ਨੂੰ ਲਿਖ ਦਿੱਤੀ। ਕੁੱਝ ਦਿਨ੍ਹਾਂ ਬਾਅਦ ਮਹੰਤ ਨਾਰਾਇਣ ਸਿੰਘ ਜੀ ਨੇ ਹਜ਼ੂਰ ਦੇ ਚਰਨਾਂ ਵਿੱਚ ਅਰਜ਼ ਕੀਤੀ ਕਿ ਡੇਰੇ ਦੇ ਕੁੱਝ ਸੰਤ ਮਹੰਤੀ ਆਪ ਚਾਹੁੰਦੇ ਸਨ ਇਸ ਲਈ ਮਨ ਵਿੱਚ ਈਰਖਾ ਕਰਦੇ ਹਨ। ਹਜ਼ੂਰ ਬੋਲੇ, ਭਾਈ!

ਨਹਿ ਕਿਸਹੂੰ ਕੇ ਕਰ ਵਿਖੇ, ਸਭ ਕਰਤਾਰ ਅਧੀਨ॥
ਜਿਸ ਪਰ ਕਰੁਣਾ ਦ੍ਰਿਸ਼ਟਿ ਹੈ, ਬਸਤੁ ਤਿਸਹਿ ਇਹ ਲੀਨ॥

## ਗੁਰਾਇਆ ਫੇਰੀ

ਮਹੰਤ ਨਾਰਾਇਣ ਸਿੰਘ ਜੀ ਜੋ ਕਿ ਲੰਮੇ ਸਮੇਂ ਤੋਂ ਵਿਰੱਕਤ ਮਹਾਰਾਜ ਜੀਆਂ ਦੇ ਚਰਨਾਂ ਵਿੱਚ ਬਾਰ-ਬਾਰ ਬੇਨਤੀਆਂ ਕਰਦੇ ਰਹਿੰਦੇ ਸਨ, ਕਿ ਮਹਾਰਾਜ ਮੇਰਾ ਸਰੀਰ ਬੀਮਾਰ ਰਹਿੰਦਾ ਹੈ, ਆਪ ਕ੍ਰਿਪਾ ਕਰਕੇ ਆਪਣੇ ਸ਼ਿਸ਼ ਸੇਵਕਾਂ ਵਿੱਚੋਂ ਕੋਈ ਯੋਗ ਪੁਰਸ਼ ਦੇ ਦਿਉ ਜੋ ਨਿਰਮਲ ਆਸ਼ਰਮ ਦੀ ਮਹੰਤੀ ਦੀ ਪੰਡ ਚੁੱਕਣ ਨੂੰ ਸਮਰੱਥ ਹੋਵੇ। ਹਜ਼ੂਰ ਮੁਸਕਰਾ ਕੇ ਕਹਿ ਦਿੰਦੇ ਸਨ, ਮਹੰਤ ਜੀ ਕਿਉਂ ਚਿੰਤਾ ਕਰਦੇ ਹੋਂ! ਗੁਰੂ ਨਾਨਕ ਭਲੀ ਕਰਨਗੇ। ਅੱਜ ਗੁਰੂ ਨਾਨਕ ਨੇ ਤਰੁੱਠ ਕੇ ਵਿਰੱਕਤ ਮਹਾਰਾਜ ਜੀਆਂ ਦੇ ਹਿਰਦੇ ਵਿੱਚ ਸੁਸ਼ੋਭਿਤ ਹੋ ਕੇ ਮਹੰਤੀ ਦੀ ਪੰਡ ਰਾਮ ਸਿੰਘ ਜੀ ਦੇ ਸੀਸ ਤੇ ਟਿਕਾ ਦਿੱਤੀ। ਮਹੰਤ ਨਾਰਾਇਣ ਸਿੰਘ ਜੀ ਦੇ ਹਿਰਦੇ ਵਿੱਚੋਂ ਬਾਰ-ਬਾਰ ਨਿਕਲ ਰਹੀ ਮੰਗ ਅਤੇ ਹੋਲੀ ਫੈਮਲੀ ਹਸਪਤਾਲ (Holy Family Hospital) ਵਿੱਚ ਦਿੱਤਾ ਬਚਨ ਅੱਜ ਪੂਰਾ ਕਰ ਦਿੱਤਾ। ਆਸ਼ਰਮ ਦੇ ਸਾਰੇ ਕਾਰਜ ਠੀਕ ਕਰਕੇ ਹੁਣ ਕਰਨਾਲ ਫਿਰ ਜਾ ਸੁਸ਼ੋਭਿਤ ਹੋਏ। ਹੁਣ ਆਪ ਕਥਾ ਨਹੀਂ ਕਰਦੇ, ਬੋਲਦੇ ਬਹੁਤ ਘੱਟ ਹਨ, ਕਿਸੇ ਨੂੰ ਅਖੰਡ ਪਾਠ ਆਦਿਕ ਸਮਾਗਮ ਦੀ ਘਰ ਵਾਸਤੇ ਤਾਰੀਖ ਨਹੀਂ ਦਿੰਦੇ, ਲੇਕਿਨ ਸੰਗਤਾਂ ਦੀ ਆਵਾਜਾਈ ਪਹਿਲਾਂ ਨਾਲੋਂ ਚੋਖੀ ਵੱਧ ਗਈ। ਕਰਨਾਲ ਕੁਟੀਆ ਅਖੰਡ ਪਾਠਾਂ ਦੀ ਲੜੀ ਚਲਦੀ ਰਹਿੰਦੀ ਹੈ, ਲੰਗਰ ਗੁਰੂ ਕੇ ਖੁੱਲ੍ਹੇ ਵਰਦੇ ਹਨ, ਲੇਕਿਨ ਹਜ਼ੂਰ ਆਪਣੇ ਕਮਰੇ ਤੋਂ ਹੇਠਾਂ ਬਹੁਤ ਘੱਟ ਆਉਂਦੇ ਹਨ। ਕੁੱਝ ਪ੍ਰੇਮੀ ਆਪਣੀ ਸਤਿਸੰਗ ਦੀ ਪਿਆਸ ਬੁਝਾਉਣ ਲਈ ਉੱਪਰ ਹੀ ਹਜ਼ੂਰ ਦੇ ਚਰਨਾਂ ਵਿੱਚ ਬੈਠ ਕੇ ਕਿਸੇ ਪੋਥੀ ਦੀ ਵਿਚਾਰ ਕਰਦੇ ਰਹਿੰਦੇ ਹਨ।

ਅੱਜ ਉਜਾਗਰ ਸਿੰਘ ਸੂਰੀ ਗੁਰਾਇਆ ਵਾਲਿਆਂ ਨੇ, ਗੁਰਾਇਆ ਜਾਣ ਲਈ ਆਪ ਦੇ ਚਰਨਾਂ ਵਿੱਚ ਅਰਜ਼ ਕੀਤੀ, ਜੋ ਪ੍ਰਵਾਨ ਹੋ ਗਈ। ਹੁਕਮ ਕਰ ਦਿੱਤਾ ਫਲਾਣੇ ਦਿਨ ਆ ਜਾਵੀਂ, ਉਸ ਦਿਨ ਤੁਰ ਚਲਾਂਗੇ। ਸੂਰੀ ਜੀ ਨੇ ਗੁਰਾਇਆ ਜਾ ਕੇ ਸੰਗਤ ਨੂੰ ਜਦੋਂ ਦੱਸਿਆ ਤਾਂ ਸਭ ਸੰਗਤਾਂ ਨੂੰ ਖੁਸ਼ੀ ਚੜ੍ਹ ਗਈ, ਕਿਉਂਕਿ ਸਰੀਰ ਦੇ ਬੀਮਾਰ ਹੋਣ ਸਮੇਂ ਕਿਸੇ ਨੂੰ ਆਸ ਨਹੀਂ ਸੀ ਕਿ ਹੁਣ ਅਸੀਂ ਗੁਰਾਇਆ ਕੁਟੀਆ ਵਿੱਚ ਆਪ ਜੀ ਦੇ ਦਰਸ਼ਨ ਕਰ ਸਕਾਂਗੇ। ਨੀਯਤ

ਕੀਤੇ ਦਿਨ ਤੇ ਗੁਰਾਇਆ ਕੁਟੀਆ ਨੂੰ ਸ਼ਾਦੀ ਦੀ ਤਰ੍ਹਾਂ ਸਜਾਇਆ ਗਿਆ, ਅਤੇ ਰੰਗ ਬਰੰਗੀਆਂ ਝੰਡੀਆਂ ਲਾ ਕੇ ਦੀਵਾਲੀ ਦੀ ਤਰ੍ਹਾਂ ਲਾਈਟਾਂ ਨਾਲ ਜਗਮਗ ਕੀਤੀ ਗਈ, ਯਾਨੀ ਕੁਟੀਆ ਨੂੰ ਹਰ ਪ੍ਰਕਾਰ ਨਾਲ ਇਉਂ ਸਜਾਇਆ ਗਿਆ, ਜਿਵੇਂ ਸੰਸਾਰੀ ਲੋਕ ਕਿਸੇ ਵਿਸ਼ੇਸ਼ ਸਮਾਗਮ ਤੇ ਕਰਦੇ ਹਨ। ਉਜਾਗਰ ਸਿੰਘ ਸੂਰੀ ਆਪਣੀ ਕਾਰ ਵਿੱਚ ਹਜ਼ੂਰ ਨੂੰ ਲੈ ਕੇ ਆ ਪਹੁੰਚੇ ਕੁਟੀਆ ਗੁਰਾਇਆ। ਸੰਗਤਾਂ ਤਾਂ ਪਹਿਲਾਂ ਹੀ ਫੁੱਲ, ਅਤਰ ਆਦਿਕ ਲੈ ਕੇ ਉਡੀਕ ਵਿੱਚ ਖੜੀਆਂ ਸਨ, ਜਿਉਂ ਹੀ ਕਾਰ ਨੇ ਕੁਟੀਆ ਵਿੱਚ ਪ੍ਰਵੇਸ਼ ਕੀਤਾ, ਤਾਂ ਸਭ ਸੰਗਤਾਂ ਨੇ ਫੁੱਲਾਂ ਦੀ ਵਰਸ਼ਾ ਕੀਤੀ। ਇੰਦਰ ਦੇਵਤਾ ਨੇ ਵੀ ਆਪਣਾ ਫਰਜ਼ ਸਮਝਦੇ ਹੋਏ, ਕੁੱਝ ਛਿੱਟਿਆਂ ਦੇ ਰੂਪ ਵਿੱਚ ਪੁਸ਼ਪ ਵਰਸਾਏ। ਜਿੱਥੇ ਆਪ ਜੀ ਜਾਂਦੇ ਸਨ, ਕੁਬੇਰ ਭੰਡਾਰੀ ਵੀ ਆਪਣੇ ਫਰਜ਼ਾਂ ਦੀ ਪਾਲਣਾ ਕਰਦਾ ਹੋਇਆ, ਲੋਹਾਂ, ਚੁੱਲ੍ਹੇ ਪਹਿਲਾਂ ਹੀ ਤਿਆਰ ਰੱਖਦੇ ਸਨ, ਇਸ ਲਈ ਉਸਨੇ ਵੀ ਚੁੱਲ੍ਹੇ ਤਪਾ ਲਏ, ਲੰਗਰ ਚਾਲੂ ਹੋ ਗਿਆ, ਦੂਰ ਨੇੜੇ ਦੇ ਸਭ ਗਰੀਬ ਛਕ-ਛਕ ਕੇ ਗੁਰੂ ਨਾਨਕ ਦਾ ਜਸ ਕਰਦੇ ਹੋਏ, ਘਰਾਂ ਨੂੰ ਜਾਂਦੇ ਹਨ।

ਕੁੱਝ ਦਿਨਾਂ ਤੋਂ ਬਾਅਦ ਹੁਸ਼ਿਆਰਪੁਰ ਤੋਂ ਕ੍ਰਿਸ਼ਨ ਗੁਪਾਲ ਨੇ ਆ ਕੇ ਅਰਜ਼ ਕੀਤੀ, ਮਹਾਰਾਜ ਹੁਸ਼ਿਆਰਪੁਰ ਵੀ ਸੰਗਤਾਂ ਨੂੰ ਦਰਸ਼ਨ ਬਖਸ਼ੋ! ਉਸ ਦੀ ਬੇਨਤੀ ਪ੍ਰਵਾਨ ਕਰਕੇ ਸੂਰੀ ਸਾਹਿਬ ਦੀ ਕਾਰ ਵਿੱਚ ਹੀ ਹੁਸ਼ਿਆਰਪੁਰ ਪਹੁੰਚ ਗਏ। ਇੱਕ ਰਾਤ ਉੱਥੇ ਠਹਿਰ ਕੇ ਜਦੋਂ ਵਾਪਸ ਆਉਣ ਦੀ ਤਿਆਰੀ ਕੀਤੀ ਤਾਂ ਅਖਲਾਸਪੁਰ ਪਿੰਡ ਦੀਆਂ ਮਾਈਆਂ ਨੇ ਅਰਜ਼ ਕੀਤੀ, ਮਹਾਰਾਜ! ਅਸੀਂ ਤਾਂ ਆਪ ਜੀਆਂ ਨੂੰ ਅੱਜ ਲੰਗਰ ਬਣਾ ਕੇ ਛਕਾਉਣਾ ਹੈ, ਇਸ ਲਈ ਕ੍ਰਿਪਾ ਕਰੋ ਅੱਜ ਇੱਥੇ ਹੀ ਦਰਸ਼ਨ ਬਖਸ਼ੋ! ਹਜ਼ੂਰ ਅਜੇ ਚੁੱਪ ਹੀ ਸਨ, ਹਾਂ ਜਾਂ ਨਾਂਹ ਵਗੈਰਾ ਕੁੱਝ ਨਹੀਂ ਬੋਲੇ, ਲੇਕਿਨ ਕ੍ਰਿਸ਼ਨ ਗੁਪਾਲ ਨੇ ਆਪ ਦੇ ਚਿਹਰੇ ਤੇ ਮੁਸਕਾਨ ਦੇਖ ਕੇ ਰਾਤ ਉੱਥੇ ਹੀ ਠਹਿਰਨ ਦਾ ਜੈਕਾਰਾ ਛੱਡ ਦਿੱਤਾ। ਹਜ਼ੂਰ ਬੋਲੇ! ਭਾਵੇਂ ਇਸ ਨੇ ਬਿਨਾਂ ਪੁੱਛੇ ਹੀ ਜੈਕਾਰਾ ਬੁਲਾਇਆ ਹੈ, ਪਰੰਤੂ ਤੁਹਾਡਾ ਪ੍ਰੇਮ ਦੇਖ ਕੇ ਸਾਨੂੰ ਅੱਜ ਠਹਿਰਨਾ ਹੀ ਪਵੇਗਾ। ਪ੍ਰੇਮੀ ਸੰਗਤਾਂ ਦੇ ਪਿਆਰ ਵਿੱਚ ਅੱਜ ਦੀ ਰਾਤ ਵੀ ਇੱਥੇ ਹੀ ਗੁਜ਼ਾਰੀ, ਸਵੇਰੇ ਕ੍ਰਿਸ਼ਨ ਗੁਪਾਲ ਨੇ ਅਰਜ਼ ਕੀਤੀ ਮਹਾਰਾਜ, ਅੱਜ ਸਾਵਣ ਦੀ ਸੰਗਰਾਂਦ ਹੈ, ਆਪ ਕ੍ਰਿਪਾ ਕਰਕੇ ਸਾਵਣ ਮਹੀਨੇ ਦੀ ਕਥਾ ਸੁਣਾ ਦਿਉ। ਹਜ਼ੂਰ ਨੇ ਸੰਤ ਹਰਬੰਸ ਸਿੰਘ ਜੀ ਨੂੰ ਹੁਕਮ ਕੀਤਾ ਕਿ ਸਾਵਣ ਮਹੀਨੇ ਦੀ ਕਥਾ ਤੁਸੀਂ ਸੁਣਾਉ। ਸੰਤ ਹਰਬੰਸ ਸਿੰਘ ਜੀ ਹਜ਼ੂਰ ਦੇ ਕੋਲ ਬੈਠਿਆਂ ਕਥਾ ਕਰਨ ਤੋਂ ਕੁਝ ਝਿਜਕਦੇ ਸਨ, ਪਰ ਹੁਕਮ ਮੰਨ ਕੇ ਸਾਵਣ ਮਹੀਨੇ ਦੀ ਕਥਾ ਕੀਤੀ। ਸਭ ਸੰਗਤਾਂ ਨੇ ਬੜੇ ਪ੍ਰੇਮ ਨਾਲ ਸ੍ਰਵਣ ਕੀਤੀ। ਮਹਾਰਾਜ ਬੋਲੇ, ਚੰਗੀ ਕਥਾ ਕੀਤੀ ਹੈ ਵੇਦਾਂਤ ਤੋਂ ਪਰੇ ਨਹੀਂ ਗਿਆ, ਉਪਰੰਤ ਗੁਰਾਇਆ ਨੂੰ ਵਾਪਸ ਆ ਗਏ। ਦੋ ਚਾਰ ਦਿਨ ਗੁਰਾਇਆ ਠਹਿਰੇ, ਇਤਨੇ ਨੂੰ ਭਗਤ ਲੱਭਾ ਰਾਮ ਜੀ ਆਦਿ ਕੁੱਝ ਕੁ ਪ੍ਰੇਮੀ ਅਰਜ਼ ਕਰਕੇ ਵਾਪਸ ਕਰਨਾਲ ਲੈ ਗਏ।

## ਬੀਮਾਰੀ, ਕਿ ਖੇਡ ?

ਹੁਣ ਕਰਨਾਲ ਠਹਿਰੇ ਹੋਏ ਹਨ, ਸੇਵਾ ਵਿੱਚ ਚੌਵੀ ਘੰਟੇ ਛੋਟੂ ਜੀ ਰਹਿੰਦੇ ਹਨ। ਇੱਕ ਦਿਨ ਆਪ ਜੀ ਨੂੰ ਕੁੱਝ ਬੁਖਾਰ ਹੋ ਗਿਆ, ਲੇਕਿਨ ਕਿਸੇ ਨੂੰ ਦੱਸਿਆ ਨਹੀਂ, ਦੂਸਰੇ ਦਿਨ ਤੇਜ਼ ਬੁਖਾਰ ਹੋਇਆ ਦੇਖ ਕੇ ਸੰਗਤਾਂ ਨੇ ਹਸਪਤਾਲ ਤੋਂ ਡਾਕਟਰ ਨੂੰ ਬੁਲਾਇਆ, ਉਸ ਨੇ ਥਰਮਾਮੀਟਰ ਲਾ ਕੇ ਦੇਖਿਆ, ਬੁਖਾਰ ਇੱਕ ਸੌ ਚਾਰ ਹੈ। ਇਨਜੈਕਸ਼ਨ ਵਗੈਰਾ ਲਾਇਆ, ਲੇਕਿਨ ਕੋਈ ਫਰਕ ਨਾ ਪਿਆ। ਡਾਕਟਰ ਬਦਲ-ਬਦਲ ਕੇ ਦਵਾਈਆਂ ਟੀਕੇ ਦੇ ਰਿਹਾ ਹੈ, ਲੇਕਿਨ ਬੁਖਾਰ ਨੂੰ ਕੋਈ ਫਰਕ ਨਹੀਂ ਪੈ ਰਿਹਾ। ਇਸੇ ਹਾਲਤ ਵਿੱਚ ਤਿੰਨ ਚਾਰ ਦਿਨ ਗੁਜ਼ਰ ਗਏ। ਬੁਖਾਰ 104-105 ਤੋਂ ਹੇਠਾਂ ਨਹੀਂ ਆ ਰਿਹਾ ਅਤੇ ਨਾ ਹੀ ਡਾਕਟਰਾਂ ਨੂੰ ਕੋਈ ਸਮਝ ਲੱਗ ਰਹੀ ਹੈ, ਡਾਕਟਰ ਵਿਚਾਰੇ ਆਪਣਾ ਯਤਨ ਜ਼ੋਰ ਲਾ ਕੇ ਕਰੀਂ ਜਾ ਰਹੇ ਹਨ ਲੇਕਿਨ ਅਜੇ ਤੱਕ ਸਭ ਨਿਸਫਲ। ਅੱਜ ਡਾਕਟਰ ਜਿਸ ਵਕਤ ਹਸਪਤਾਲ ਵਿੱਚੋਂ ਆਇਆ ਤਾਂ ਬੁਖਾਰ ਦੀ ਹਾਲਤ ਤਾਂ ਉਹੀ ਹੈ, ਜਿਸ ਵਕਤ ਬਲੈਡ ਪ੍ਰੈਸ਼ਰ ਚੈਕ ਕਰਨ ਲੱਗਿਆ ਠੀਕ ਉਸੇ ਸਮੇਂ ਇੱਕ ਸੇਵਕ ਜਗਦੀਸ਼ ਸਿੰਘ ਜੋ ਹਸਪਤਾਲ ਵਿੱਚ ਲੈਬੋਰਟਰੀ ਟੈਕਨੀਸ਼ਨ ਹੈ, ਉਹ ਆਇਆ ਵੀ ਸ਼ਾਇਦ ਡਾਕਟਰ ਦੇ ਨਾਲ ਹੀ ਸੀ, ਹਜ਼ੂਰ ਦੇ ਚਰਨਾਂ ਤੇ ਨਮਸ਼ਕਾਰ ਕਰਨ ਲੱਗਿਆ, ਤਾਂ ਇਉਂ ਪ੍ਰਤੀਤ ਹੋਇਆ ਜਿਵੇਂ ਇੱਕ ਚਰਨ ਬਹੁਤ ਗਰਮ ਹੈ, ਦੂਸਰਾ ਬਹੁਤ ਠੰਡਾ। ਡਾਕਟਰ ਵੀ ਉਸਦੇ ਦੱਸਣ ਤੇ ਹੈਰਾਨ ਹੋਇਆ ਕਿ ਐਸਾ ਕਿਉਂ ਹੈ ? ਡਾਕਟਰ ਨੇ ਹਜ਼ੂਰ ਦੀਆਂ ਲੱਤਾਂ

ਤੋਂ ਥੋੜ੍ਹਾ ਕੱਪੜਾ ਹਟਾ ਕੇ ਦੇਖਿਆ ਤਾਂ ਇੱਕ ਲੱਤ ਤੇ ਕੋਈ ਅੱਧ ਫੁੱਟ ਥਾਂ ਨੂੰ ਇਤਨੀ ਲਾਲੀ ਚੜ੍ਹੀ ਹੋਈ ਹੈ ਜਿਵੇਂ ਲਾਲ ਰੰਗ ਲਾਇਆ ਹੋਵੇ। ਡਾਕਟਰ ਨੂੰ ਹੁਣ ਸਮਝ ਲੱਗੀ ਕਿ ਤੇਜ਼ ਬੁਖਾਰ ਦਾ ਕਾਰਨ ਇਹੀ ਹੈ। ਡਾਕਟਰ ਨੇ ਅਰਜ਼ ਕੀਤੀ, ਮਹਾਰਾਜ ਆਪ ਨੇ ਇਹ ਕਿਉਂ ਨਹੀਂ ਦੱਸਿਆ, ਲੱਤ ਨੂੰ ਬਹੁਤ ਜ਼ਹਿਰ ਚੜ੍ਹਿਆ ਪਇਆ ਹੈ, ਆਪ ਨੂੰ ਤਕਲੀਫ ਬਹੁਤ ਹੋ ਰਹੀ ਹੋਵੇਗੀ। ਹਜ਼ੂਰ ਬੋਲੇ, ਤਕਲੀਫ ਤਾਂ ਹੁੰਦੀ ਹੈ ਲੇਕਿਨ ਸਾਧ ਰੋਂਦਾ ਵੀ ਚੰਗਾ ਨਹੀਂ ਲੱਗਦਾ। ਡਾਕਟਰ ਨੇ ਹੁਣ ਲੱਤ ਦਾ ਇਲਾਜ ਸ਼ੁਰੂ ਕੀਤਾ, ਲੇਕਿਨ ਤਿੰਨ ਚਾਰ ਦਿਨ ਇਲਾਜ ਕਰਨ ਦੇ ਬਾਵਜ਼ੂਦ ਵੀ ਕੋਈ ਫਰਕ ਨਹੀਂ ਪੈ ਰਿਹਾ। ਬੁਖਾਰ ਵਿੱਚ ਕਮੀਂ ਨਹੀਂ ਆ ਰਹੀ, ਪਰੰਤੂ ਲੱਤ ਤੇ ਲਾਲੀ ਗੋਡੇ ਵੱਲ ਨੂੰ ਹੋਰ ਵੱਧਦੀ ਜਾ ਰਹੀ ਹੈ। ਡਾਕਟਰ ਨੇ ਹੇਠਾਂ ਆਕੇ ਭਗਤ ਲੱਭਾ ਰਾਮ ਨੂੰ ਦੱਸਿਆ, ਕਿ ਲੱਤ ਤੇ ਸ਼ਾਇਦ ਕਿਸੇ ਜ਼ਹਿਰੀਲੇ ਜਾਨਵਰ ਨੇ ਮੂੰਹ ਲਾਇਆ ਹੈ, ਇਸ ਲਈ ਜ਼ਹਿਰ ਬਜਾਏ ਕੰਟਰੋਲ ਹੋਣ ਦੇ ਉਪਰ ਨੂੰ ਵੱਧ ਰਿਹਾ ਹੈ, ਅਗਰ ਇਹ ਇਸੇ ਤਰ੍ਹਾਂ ਵੱਧਦਾ ਰਿਹਾ, ਤਾਂ ਸਾਰੇ ਸਰੀਰ ਵਿੱਚ ਫੈਲ ਜਾਣ ਦਾ ਡਰ ਹੈ। ਇਸ ਲਈ ਸਰੀਰ ਨੂੰ ਬਚਾਉਣ ਲਈ ਜ਼ਰੂਰੀ ਹੈ ਅੱਧੀ ਲੱਤ ਕੱਟ ਦਿੱਤੀ ਜਾਏ। ਭਗਤ ਨੇ ਉਦਾਸ ਹੋ ਕੇ ਹਜ਼ੂਰ ਦੇ ਚਰਨਾਂ ਵਿੱਚ ਆ ਸਾਰੀ ਗੱਲ ਦੱਸੀ। ਭਗਤ ਦੀ ਗੱਲ ਸੁਣ ਕੇ ਮਹਾਰਾਜ ਉੱਠ ਕੇ ਬੈਠ ਗਏ। ਸਖ਼ਤ ਸ਼ਬਦਾਂ ਨਾਲ ਬੋਲੇ, ਸੋਹਰੇ ਲੱਤ ਕੱਟਣ ਦੇ! ਇਨ੍ਹਾਂ ਦੇ ਭਾਣੇ ਲੱਤ ਐਵੇਂ ਮਿਲ ਜਾਂਦੀ ਹੈ। ਬਸ ਇੱਕ ਗਰਮ ਪੱਟੀ ਜਿਹੀ ਲਾਲੀ ਵਾਲੀ ਥਾਂ ਲੱਤ ਤੇ ਬੰਨ੍ਹ ਲਈ, ਅੱਜ ਕੁੱਝ, ਕੱਲ੍ਹ ਕੁੱਝ ਥੋੜ੍ਹੇ ਦਿਨਾਂ ਵਿੱਚ ਲੱਤ ਠੀਕ ਹੋ ਗਈ। ਬੁਖਾਰ ਉਤਰ ਗਿਆ, ਡਾਕਟਰ ਵੀ ਹੈਰਾਨ ਹਨ ਅਤੇ ਸੰਗਤ ਵੀ ਹੈਰਾਨ। ਪ੍ਰੇਮੀ ਸੋਚ ਰਹੇ ਹਨ ਕਿ ਇਹ ਕਿਸੇ ਬੀਮਾਰੀ ਦਾ ਅਟੈਕ ਸੀ ਜਾਂ ਕਿਸੇ ਸੇਵਕ ਦੀ ਕਸ਼ਟ ਨਵਿਰਤੀ?

## ਨਾਨਕ ਦਰਬਾਰ ਦੀ ਰਚਨਾ

ਸਮਾਂ 1982 ਦਾ ਚੱਲ ਰਿਹਾ ਹੈ ਵਿਰੱਕਤ ਮਹਾਰਾਜ ਕਰਨਾਲ ਕੁਟੀਆ ਠਹਿਰ ਕੇ ਜੀਵਾਂ ਨੂੰ ਮਨਵਾਂਛਤ ਫਲਾਂ ਦੇ ਖੁੱਲ੍ਹੇ ਭੰਡਾਰੇ ਵਰਤਾਈ ਜਾ ਰਹੇ ਹਨ। ਆਪ ਭਾਵੇਂ ਚੁੱਪ ਮੁਦਰਾ ਵਿੱਚ ਹੀ ਜ਼ਿਆਦਾ ਰਹਿੰਦੇ ਹਨ, ਲੇਕਿਨ ਸਤਿਸੰਗ ਦੇ ਪ੍ਰੇਮੀ ਭੌਰੇ, ਕਿਸੇ ਨਾ ਕਿਸੇ ਪੋਥੀ ਦੀ ਵਿਚਾਰ ਆਪ ਦੇ ਕੋਲ ਬੈਠ ਕੇ ਅਕਸਰ ਕਰਦੇ ਰਹਿੰਦੇ ਹਨ। ਲੰਗਰ ਦੀ ਸੇਵਾ ਵਾਲੇ ਆਪਣੀ ਡਿਊਟੀ ਤੇ ਸਾਵਧਾਨ ਹਨ ਕਿਉਂਕਿ ਆਪ ਨਹੀਂ ਚਾਹੁੰਦੇ ਕਿ ਕੋਈ ਕੁਟੀਆ ਵਿੱਚ ਇਧਰ-ਉਧਰ ਵਿਹਲਾ ਬੈਠ ਕੇ ਬੇਕਾਰ ਗੱਪਾਂ ਮਾਰ ਕੇ ਕੀਮਤੀ ਸਮੇਂ ਨੂੰ ਬਰਬਾਦ ਕਰੇ। ਇਸ ਲਈ ਸੇਵਾ ਵਾਲਿਆਂ ਲਈ ਸੇਵਾ, ਅਤੇ ਸਤਿਸੰਗ ਦੇ ਪ੍ਰੇਮੀਆਂ ਲਈ ਸਤਿਸੰਗ ਦਾ ਪ੍ਰਵਾਹ ਹਮੇਸ਼ਾਂ ਚਲਦਾ ਰਹਿੰਦਾ ਹੈ। ਸ੍ਰੀ ਹੰਸ ਰਾਜ ਛਾਬੜਾ, ਸ੍ਰੀ ਪਿਆਰਾ ਲਾਲ, ਸ੍ਰ: ਜਰਨੈਲ ਸਿੰਘ, ਐੱਸ. ਡੀ. ਨਾਰੰਗ ਅਤੇ ਅਮਰਜੀਤ ਸਿੰਘ ਰੰਬਾ ਆਦਿ ਪ੍ਰੇਮੀ ਵੇਦਾਂਤ ਦੇ ਕਾਫੀ ਜਾਣੂ ਹਨ ਅਤੇ ਸਮਾਂ ਵੀ ਸ਼ਾਇਦ ਇਨ੍ਹਾਂ ਕੋਲ ਆਮ ਲੋਕਾਂ ਨਾਲੋਂ ਜ਼ਿਆਦਾ ਹੈ, ਇਹ ਹਜ਼ੂਰ ਦੇ ਚਰਨਾਂ ਵਿੱਚ ਬੈਠ ਕੇ ਵੇਦਾਂਤ ਚਰਚਾ ਅਕਸਰ ਕਰਦੇ ਰਹਿੰਦੇ ਹਨ। ਇਨ੍ਹਾਂ ਪ੍ਰੇਮੀਆਂ ਦੀ ਬੁੱਧੀ ਤੇਜ਼ ਦੇਖ ਕੇ ਹਜ਼ੂਰ ਇਨ੍ਹਾਂ ਨੂੰ ਵੇਦਾਂਤ ਦੇ ਕਾਫੀ ਗ੍ਰੰਥ ਵਿਸ਼ੇਸ਼ ਤੌਰ ਤੇ ਵੀ ਪੜ੍ਹਾਉਂਦੇ ਰਹੇ ਹਨ। ਕਰਨਾਲ ਦੀ ਸੰਗਤ ਵਿੱਚ ਇਹ ਪ੍ਰੇਮੀ ਗੂੜ੍ਹ ਵੇਦੰਤੀ (ਪੰਡਿਤ) ਕਰਕੇ ਜਾਣੇ ਜਾਂਦੇ ਹਨ। ਇਸ ਤਰ੍ਹਾਂ ਹਰ ਪ੍ਰਕਾਰ ਦੀ ਅਵੱਸਥਾ ਵਾਲੇ ਸਾਧਕ ਨੂੰ ਖੁਰਾਕ ਮਿਲ ਰਹੀ ਹੈ।

ਇੱਕ ਦਿਨ ਆਪਣੇ ਚੋਬਾਰੇ ਦੇ ਪਿਛਲੇ ਪਾਸੇ ਲੰਗਰ ਦੀ ਛੱਤ ਤੇ ਕੁਰਸੀ ਉੱਪਰ ਸੁਸ਼ੋਭਿਤ ਸਨ, ਕਿਉਂਕਿ ਤੀਸਰੇ ਪਹਿਰ ਉੱਥੇ ਪਿੱਪਲ ਦੀ ਛਾਂ ਆ ਜਾਂਦੀ ਹੈ। ਆਪਣੀ ਮੌਜ ਵਿੱਚ ਬੋਲੇ, ਕਿਤਨੀ ਸੁੰਦਰ ਜਗ੍ਹਾ ਹੈ, ਚਾਰ ਚੁਫੇਰੇ ਹਵਾ ਆਉਂਦੀ ਹੈ, ਅਗਰ ਇੱਥੇ ਗੁਰੂ ਦਰਬਾਰ ਬਣ ਜਾਵੇ ਤਾਂ ਸੰਗਤਾਂ ਬੈਠ ਕੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਕੇ ਜਨਮ ਸਫਲਾ ਕਰਨ। ਉਸ ਸਮੇਂ ਸਰਦਾਰ ਸੱਤਪਾਲ ਸਿੰਘ ਗੁਲਾਟੀ ਜੋ ਕਿ ਚਰਨਾਂ ਵਿੱਚ ਬੈਠਾ ਸੀ ਨੇ ਹਜ਼ੂਰ ਦਾ ਇਸ਼ਾਰਾ ਸਮਝ ਕੇ ਸੰਗਤ ਦੀ ਸਲਾਹ ਨਾਲ ਤਿਆਰੀ ਕਰਕੇ ਹਜ਼ੂਰ ਨੂੰ ਉਨ੍ਹਾਂ ਦੇ ਆਪਣੇ ਸੰਕਲਪ ਅਨੁਸਾਰ ਉਹ ਸੁੰਦਰ ਅਸਥਾਨ ਬਣਾਉਣ ਲਈ ਨੀਂਹ ਰੱਖਣ ਦੀ ਅਰਜ਼ ਕੀਤੀ। ਹਜ਼ੂਰ ਨੇ ਆਪਣੀ ਮੌਜ ਵਿੱਚ ਹੁਕਮ ਕੀਤਾ, ਕਿ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਨੇ ਸੰਸਾਰ ਵਿੱਚ ਅਵਤਾਰ ਧਾਰਨ ਕਰਕੇ ਮਨੁੱਖ ਜਨਮ ਦੀ ਸਫਲਤਾ ਲਈ ਚਹੁ ਵਰਨਾਂ ਨੂੰ ਸਾਂਝਾ ਪ੍ਰੇਮਾਂ ਭਗਤੀ ਦਾ ਉਪਦੇਸ਼ ਕੀਤਾ। ਇਸ ਲਈ ਉਸ ਰੱਬੀ ਅਵਤਾਰ ਦੀ ਯਾਦ ਵਿੱਚ ਉਹਨਾਂ ਦੇ ਪਵਿੱਤਰ ਨਾਂ 'ਤੇ ਇੱਕ ਐਸਾ ਅਸਥਾਨ ਬਣਾਉ ਜਿਸਦੇ ਚਾਰਾਂ ਵਰਨਾਂ ਨੂੰ ਸਾਂਝੇ ਉਪਦੇਸ਼ ਦੇ ਸੂਚਕ ਚਾਰ ਦਰਵਾਜ਼ੇ ਹੋਣ। ਉਸ ਪਵਿੱਤਰ

ਅਸਥਾਨ ਦਾ ਸਾਈਜ਼ (Size) ਇਤਨਾ ਹੀ ਹੋਵੇ, ਜਿਸ ਵਿੱਚ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਪ੍ਰਕਾਸ਼ ਹੋ ਕੇ ਸੁਸ਼ੋਭਿਤ ਹੋਣ ਅਤੇ ਸੰਗਤ ਦੇ ਬੈਠਣ ਲਈ ਚਾਰੋਂ ਤਰਫ ਬਰਾਂਡਾ ਹੋਵੇ। ਅਸਥਾਨ ਇਤਨਾ ਉੱਚਾ ਹੋਵੇ ਕਿ ਸੰਗਤ ਪਉੜੀਆਂ ਚੜ੍ਹ ਕੇ ਉੱਪਰ ਜਾਵੇ। ਪਉੜੀ ਇਤਨੀ ਚੌੜੀ ਹੋਵੇ ਜਿਸ ਵਿੱਚ ਦਸ ਪੰਦਰਾਂ ਬੰਦੇ ਬੜੇ ਆਰਾਮ ਨਾਲ ਆ ਜਾ ਸਕਣ। ਪਉੜੀ ਬਣੇ ਇਸ ਢੰਗ ਨਾਲ ਕਿ ਧਰਤੀ ਤੇ ਖੜ੍ਹੇ ਬੰਦੇ ਨੂੰ ਪਉੜੀ ਦੇ ਵਿੱਚ ਦੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਣ ਹੋਣ। ਸੰਗਤ ਨੇ ਅਰਜ਼ ਕੀਤੀ, ਮਹਾਰਾਜ! ਜਿਸ ਜਗ੍ਹਾ ਇਹ ਪਵਿੱਤਰ ਅਸਥਾਨ ਬਣਾਉਣਾ ਹੈ, ਹੁਕਮ ਕਰ ਦਿਉ! ਆਪ ਬੋਲੇ, ਚੌਬਾਰੇ ਦੇ ਪਿਛਲੇ ਪਾਸੇ ਜਿੱਥੇ ਅਸੀਂ ਰੋਜ਼ ਸ਼ਾਮ ਨੂੰ ਕੁਰਸੀ ਡਾਹ ਕੇ ਬੈਠਦੇ ਹਾਂ, ਉਹ ਜਗ੍ਹਾ ਅੱਛੀ ਹੈ ਅਤੇ ਚਾਰ ਚੁਫੇਰੇ ਤੋਂ ਖੁੱਲ੍ਹੀ ਹਵਾ ਆਉਂਦੀ ਹੈ। ਸੰਗਤਾਂ ਨੇ ਸਾਰੀ ਤਿਆਰੀ ਕਰਕੇ ਅਰਜ਼ ਕੀਤੀ, ਮਹਾਰਾਜ ਮਿਹਰ ਕਰੋ, ਇਸ ਪਵਿੱਤਰ ਅਸਥਾਨ ਦੀ ਨੀਂਹ, ਆਪਣੇ ਪਵਿੱਤਰ ਹਸਤ ਕਮਲਾਂ ਨਾਲ ਰੱਖੋ। ਹੁਕਮ ਅਨੁਸਾਰ ਕੜਾਹ ਪ੍ਰਸ਼ਾਦ ਦੀ ਦੇਗ ਸਜਾ ਕੇ ਅਰਦਾਸ ਉਪਰੰਤ ਹਜ਼ੂਰ ਨੇ ਆਪਣੇ ਪਵਿੱਤਰ ਹੱਥਾਂ ਨਾਲ ਨੀਂਹ ਰੱਖ ਦਿੱਤੀ। ਸਭ ਸੰਗਤਾਂ ਸੇਵਾ ਵਿੱਚ ਜੁੱਟ ਗਈਆਂ। ਕਦੇ-ਕਦੇ ਹਜ਼ੂਰ ਆਪਣੀ ਮੌਜ਼ ਵਿੱਚ ਕਿਸੇ ਖਾਸ ਕਾਰਨ ਜਾਂ ਸੰਗਤਾਂ ਨੂੰ ਹੱਲਾ-ਸ਼ੇਰੀ ਦੇਣ ਨਮਿੱਤ, ਅਸਲ ਕਾਰਨ ਉਹ ਆਪ ਹੀ ਜਾਨਣ, ਆਪ ਸੇਵਾ ਵਿੱਚ ਜਾ ਲੱਗਦੇ। ਇਸ ਪ੍ਰਕਾਰ ਕਰਨਾਲ ਨਿਵਾਸੀ ਸੰਗਤਾਂ ਲਈ ਸੇਵਾ ਦਾ ਕੁੰਭ ਸ਼ੁਰੂ ਕਰ ਦਿੱਤਾ।

## ਦਰਗਾਹੀ ਬਸੀਠ

ਕਚਹੁ ਕੰਚਨੁ ਭਇਅਉ ਸ਼ਬਦੁ ਗੁਰ ਸ੍ਵਣਹਿ ਸੁਣਿਓ॥
ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ॥
ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ॥
ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ॥
ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੁਖ ਦਰਿਦ੍ਰ ਤਿਨ ਕੇ ਗਇਅ॥
ਸਤਿਗੁਰੂ ਚਰਨ ਜਿਨ ਪਰਸਿਆ ਸੇ ਪਸੁ ਪਰੇਤ ਸੁਰਿ ਨਰ ਭਇਅ॥

*(ਸਵਈਏ, ਪੰਨਾ-੧੩੯੯)*

ਪੂਜਯ ਵਿਰੱਕਤ ਮਹਾਰਾਜ ਜੀ ਨੇ ਆਪਣੇ ਪਿਆਰੇ ਸ਼ਿਸ਼ ਮਹੰਤ ਰਾਮ ਸਿੰਘ ਜੀ ਨੂੰ ਆਪਣੀ ਮਿਹਰ ਦ੍ਰਿਸ਼ਟੀ ਨਾਲ ਅੰਦਰੋਂ-ਬਾਹਰੋਂ ਪਾਰਸ ਰੂਪ ਬਣਾ ਕੇ ਰਿਸ਼ੀਕੇਸ਼ ਸੁਸ਼ੋਭਿਤ ਕਰ ਦਿੱਤਾ। ਮਹੰਤ ਰਾਮ ਸਿੰਘ ਜੀ ਗੁਰੂ ਹੁਕਮ ਦੇ ਮਿਠਾਸ ਰੰਗ ਵਿੱਚ ਰੱਤੇ ਹੁਣ ਕਮਲ ਫੁੱਲ ਦੀ ਨਿਆਈਂ ਨਿਰਲੇਪ ਅਤੇ ਅਸੰਗ ਰਹਿ ਕੇ ਹੁਕਮ ਦੀ ਕਾਰ ਕਮਾ ਰਹੇ ਹਨ। ਆਪ ਦੇ ਦੋ ਪੁਰਾਤਨ ਪ੍ਰੇਮੀ, ਜੋਧ ਸਿੰਘ ਜੀ ਅਤੇ ਗੁਰਿੰਦਰ ਸਿੰਘ (ਛੋਟੂ ਜੀ) ਮਿਲਣ ਲਈ ਰਿਸ਼ੀਕੇਸ਼ ਅਕਸਰ ਆਉਂਦੇ ਰਹਿੰਦੇ ਹਨ। ਇਹ ਦੋਨੋਂ ਪ੍ਰੇਮੀ ਭਾਵੇਂ ਪਹਿਲਾਂ ਵੀ ਪ੍ਰੇਮ ਅਗਨੀ ਵਿੱਚ ਕੁਦਣ ਲਈ ਸੋਚਦੇ ਰਹਿੰਦੇ ਸਨ ਲੇਕਿਨ ਹੁਣ ਮਹੰਤ ਰਾਮ ਸਿੰਘ ਜੀ ਨੂੰ ਪ੍ਰੇਮ ਅਗਨੀ ਦੇ ਤਾਅ ਨਾਲ ਲਾਲੋ ਲਾਲ ਹੋਇਆ ਦੇਖ ਕੇ, ਅੰਦਰ ਬਿਰਹਾ ਅਗਨੀ ਹੋਰ ਭੜਕੀ। ਇਨ੍ਹਾਂ ਪ੍ਰੇਮੀਆਂ ਦੀ ਜਗਿਆਸਾ ਪ੍ਰਜ੍ਵੱਲਤ ਹੋਈ ਦੇਖ ਕੇ ਮਹੰਤ ਜੀ ਨੇ ਵਿਰੱਕਤ ਮਹਾਰਾਜ ਜੀਆਂ ਦੇ ਚਰਨਾਂ ਵਿੱਚ ਇੱਕ ਦੋ ਵਾਰ ਬੇਨਤੀ ਕੀਤੀ, ਮਹਾਰਾਜ ਇਨ੍ਹਾਂ ਨੂੰ ਵੀ ਆਪਣੀ ਚਰਨ ਬਖਸ਼ਿਸ਼ ਕਰੋ! ਘਟ-ਘਟ ਦੇ ਜਾਨਣਹਾਰ ਜਾਣਦੇ ਸਨ, ਕਿ ਜੋਧ ਸਿੰਘ ਦੇ ਅੰਦਰ ਬਿਰਹਾ ਅਗਨੀ ਪ੍ਰਜ੍ਵੱਲਤ ਤਾਂ ਹੋਈ ਹੈ ਲੇਕਿਨ ਲੜਕੇ ਨੂੰ ਪੜ੍ਹਾਉਣ ਵਾਲਾ ਸੁਖਸ਼ਮ ਸੰਕਲਪ ਦਾ ਬੀਜ ਅਜੇ ਸ਼ਾਇਦ ਪੂਰੀ ਤਰ੍ਹਾਂ ਦਗਧ ਨਹੀਂ ਸੀ ਹੋਇਆ, ਇਸ ਲਈ ਉਸਨੂੰ ਦੇਖਦੇ ਹੋਏ ਮਹੰਤ ਜੀ ਦੀ ਬੇਨਤੀ ਅਜੇ ਪ੍ਰਵਾਨ ਨਹੀਂ ਸਨ ਕਰ ਰਹੇ। ਇੱਕ ਦੋ ਵਾਰ ਮਹੰਤ ਜੀ ਨੇ ਜੋਧ ਸਿੰਘ ਜੀ ਨੂੰ ਦੱਸਿਆ ਕਿ ਜਿਤਨੀ ਦੇਰ ਤੁਸੀਂ ਖੁਦ ਨਹੀਂ ਬੇਨਤੀ ਕਰਦੇ, ਉਤਨੀ ਦੇਰ ਹਜ਼ੂਰ ਨੇ ਬਖਸ਼ਿਸ਼ ਨਹੀਂ ਕਰਨੀ, ਕਿਉਂਕਿ ਮਹਾਰਾਜ ਜੀ, ਮਰਿਆਦਾ ਦਾ ਬਹੁਤ ਪਾਲਣ ਕਰਦੇ ਹਨ। ਉੱਧਰ ਜੋਧ ਸਿੰਘ ਜੀ ਨੂੰ ਦ੍ਰਿੜ ਵਿਸ਼ਵਾਸ਼ ਸੀ ਕਿ,

**ਹਰਿ ਕਰਤਾ ਸਭ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸ॥**

ਇਸ ਪ੍ਰਕਾਰ ਕੁੱਝ ਮਹੀਨਿਆਂ ਦਾ ਸਮਾਂ ਗੁਜ਼ਰ ਗਿਆ। ਲੇਕਿਨ ਅੱਜ ਕੁੱਝ ਅਜਿਹਾ ਲੱਗ ਰਿਹਾ ਹੈ ਕਿ ਜੋਧ ਸਿੰਘ ਦੇ ਅੰਦਰੋਂ ਯਾ ਤਾਂ ਉਸ ਲੜਕੇ ਨੂੰ ਪੜ੍ਹਾਉਣ ਵਾਲੇ ਸੰਸਕਾਰ ਦਾ ਬੀਜ ਦਗਧ ਹੋ ਗਿਆ, ਯਾ ਫਿਰ ਹਿਰਦੇ ਰੂਪ ਧਰਤੀ ਵਿੱਚ ਪਏ ਕਿਸੇ ਹੋਰ ਬੀਜ ਦੇ ਪੁੰਗਰਨ ਦਾ ਸਮਾਂ ਆ ਗਿਆ। ਇਹ ਸਾਰੀ ਗੱਲ ਤਾਂ ਪਰਮੇਸ਼ਰ ਹੀ ਜਾਣੇ, ਲੇਕਿਨ ਢੁਕਾਉ ਅੱਜ ਸਾਰੇ ਢੁੱਕ ਗਏ। ਵਿਰੱਕਤ ਮਹਾਰਾਜ ਜੀ ਕਰਨਾਲ ਠਹਿਰੇ ਹੋਏ ਹਨ, ਅਚਾਨਕ ਆਪ ਜੀ ਦਾ ਸਰੀਰ ਅੱਜ ਕੁੱਝ ਜ਼ਿਆਦਾ ਢਿੱਲਾ ਹੋਇਆ ਦੇਖ ਕੇ ਸੇਵਕਾਂ ਨੇ ਰਿਸ਼ੀਕੇਸ਼ ਦਿੱਲੀ ਆਦਿ ਥਾਵਾਂ ਨੂੰ ਟੈਲੀਫੋਨ ਕਰ ਦਿੱਤੇ, ਅੱਜ ਤੋਂ ਪਹਿਲਾਂ ਜੋਧ ਸਿੰਘ ਜੀ ਕਈ ਵਾਰ ਆਪਣਾ ਪੈਸਾ ਆਦਿਕ ਨਾਲ ਲੈ ਕੇ ਪੂਰੀ ਤਿਆਰੀ ਨਾਲ ਆਪ ਦੇ ਚਰਨਾਂ ਵਿੱਚ ਆਏ ਸਨ, ਕਿ ਹਜ਼ੂਰ ਦੇ ਚਰਨਾਂ ਵਿੱਚ ਤਨ, ਮਨ, ਧਨ ਨਾਲ ਸਮਰਪਿਤ ਹੋ ਜਾਈਏ। ਲੇਕਿਨ ਸਨਮੁਖ ਜਾ ਕੇ ਨਾ ਤਾਂ ਆਪ ਨੇ ਹੀ ਬੇਨਤੀ ਕੀਤੀ, ਤੇ ਨਾ ਹੀ ਦਾਤੇ ਨੇ ਚਰਨ ਸ਼ਰਨ ਬਖਸ਼ੀ। ਨਿਰਾਸ ਹੋ ਕੇ ਵਾਪਸ ਆ ਜਾਣਾ। ਅੱਜ ਟੈਲੀਫੋਨ ਮਿਲਣ ਤੇ ਜੋਧ ਸਿੰਘ ਨੇ ਪਹਿਲਾਂ ਦੀ ਤਰ੍ਹਾਂ ਕੋਈ ਤਿਆਰੀ ਨਹੀਂ ਕੀਤੀ, ਨਾ ਹੀ ਕੋਈ ਪੈਸੇ ਧੇਲੇ ਜਾਂ ਕੰਮ ਕਾਰ ਆਦਿ ਦੀ ਸੰਭਾਲ ਅਤੇ ਨਾ ਹੀ ਮਨ ਵਿੱਚ ਇਹ ਕੋਈ ਖਿਆਲ ਸੀ ਕਿ ਅੱਜ ਸ਼ਾਦੀ ਹੋ ਸਕਦੀ ਹੈ। ਉਸੇ ਤਰ੍ਹਾਂ ਹੀ ਜਿਵੇਂ ਦਫਤਰ ਜਾਣ ਤੋਂ ਪਹਿਲਾਂ ਕੁੜਤੇ ਪਜਾਮੇਂ ਅਤੇ ਚੱਪਲਾਂ ਨਾਲ ਜਿਵੇਂ ਕਮਰੇ ਵਿੱਚ ਸਨ ਉਸੀ ਤਰ੍ਹਾਂ ਕਰਨਾਲ ਨੂੰ ਚੱਲ ਪਏ। ਬਸ ਨਾਲ ਪਲਾਸਟਿਕ ਦੀ ਥੈਲੀ ਵਿੱਚ, ਕਛਹਿਰਾ ਪਰਨਾਂ ਪਾ ਕੇ ਹੀ ਚੁੱਕਿਆ, ਇਕ ਅਪ੍ਰੈਲ 1983 ਨੂੰ ਜਾ ਪਹੁੰਚੇ, ਦਾਤੇ ਦੇ ਦਰ ਕਰਨਾਲ। ਉੱਧਰ ਹਜ਼ੂਰ ਦੇ ਚਰਨਾਂ ਵਿੱਚ ਦੋ-ਦੋ, ਤਿੰਨ-ਤਿੰਨ ਘੰਟੇ ਦੀ ਡਿਊਟੀ ਤੇ ਸੇਵਾਦਾਰ ਵਾਰੀ ਨਾਲ ਰਹਿੰਦੇ ਸਨ। ਰਾਤ ਦੇ ਕੋਈ ਦਸ-ਗਿਆਰਾਂ ਵਜੇ ਹਜ਼ੂਰ ਦੀ ਸੇਵਾ ਵਿੱਚ ਕੁਲਵੰਤ ਸਿੰਘ ਦੀ ਡਿਊਟੀ ਸੀ। ਆਪ ਨੇ ਉਸ ਨੂੰ ਕਿਹਾ, ਕਿ ਮੈਂ ਹਜ਼ੂਰ ਦੇ ਚਰਨਾਂ ਵਿੱਚ ਇਕੱਲਿਆਂ ਕੋਈ ਅਰਜ਼ ਕਰਨੀ ਹੈ, ਇਸ ਲਈ ਜਦੋਂ ਪੂਰੀ ਤਰ੍ਹਾਂ ਇਕਾਂਤ ਹੋਵੇ, ਮੈਨੂੰ ਦੱਸ ਦੇਣਾ। ਕੁਲਵੰਤ ਸਿੰਘ ਨੇ ਰਾਤ ਦੇ ਗਿਆਰਾਂ ਵਜੇ ਜੋਧ ਸਿੰਘ ਜੀ ਨੂੰ ਬੁਲਾ ਲਿਆ, ਦਾਤੇ ਦੇ ਚਰਨਾਂ ਵਿੱਚ ਨਮਸ਼ਕਾਰ ਕਰਕੇ ਅਰਜ਼ ਕੀਤੀ, ਮਹਾਰਾਜ! ਕ੍ਰਿਪਾ ਕਰਕੇ ਆਪ ਦੇ ਪਵਿੱਤਰ ਚਰਨਾਂ ਦੀ ਨੌਕਰੀ ਬਖਸ਼ ਦਿਉ! ਹਜ਼ੂਰ ਕੁੱਝ ਅੰਤਰਮੁਖ ਹੋਏ ਆਪਣੀ ਮੌਜ ਵਿੱਚ ਲੀਨ ਸਨ। ਕੁੱਝ ਸਮੇਂ ਬਾਅਦ ਬਿਰਤੀ ਉਥਾਨ ਹੋਣ ਤੇ ਕੋਲ ਖੜੇ ਕੁਲਵੰਤ ਸਿੰਘ ਨੂੰ ਪੁੱਛਿਆ, ਕੀ ਕਹਿੰਦਾ ਹੈ? ਜੋਧ ਸਿੰਘ ਜੀ ਨੇ ਫਿਰ ਅਰਜ਼ ਕੀਤੀ, ਮਹਾਰਾਜ! ਕ੍ਰਿਪਾ ਕਰੋ ਚਰਨ ਸ਼ਰਨ ਬਖਸ਼ ਦਿਉ! ਹਜ਼ੂਰ ਨੇ ਪੁੱਛਿਆ, ਓ ਭਾਈ ਤੇਰੇ ਕੋਲ ਗਰੀਬ ਲੜਕਾ ਪੜ੍ਹਦਾ ਹੈ ਕਮਲ? ਮਹਾਰਾਜ ਉਸਦੀ ਪੜ੍ਹਾਈ ਪੂਰੀ ਹੋ ਕੇ ਨੌਕਰੀ ਵੀ ਮਿਲ ਗਈ ਹੈ, ਇਸ ਲਈ ਉਸਦੀ ਜਿਮੇਂਵਾਰੀ ਮੇਰੇ ਵੱਲੋਂ ਪੂਰੀ ਹੋ ਗਈ ਹੈ। ਭਾਈ ਤੇਰੇ ਘਰਦਿਆਂ ਨੂੰ ਪੁੱਛ ਲਿਆ? ਮਹਾਰਾਜ ਕਈ ਸਾਲ ਤੋਂ ਮੇਰਾ ਹਿਸਾਬ ਕਿਤਾਬ ਕੁੱਝ ਐਸਾ ਰੱਖਿਆ ਹੋਇਆ ਹੈ ਕਿ ਉਹ ਮੇਰੇ ਕੰਮ ਵਿੱਚ ਦਖਲ ਨਹੀਂ ਦਿੰਦੇ। ਚੰਗਾ ਜਾਹ ਆਰਾਮ ਕਰ ਲਉ! ਜੋਧ ਸਿੰਘ ਜੀ ਜਦੋਂ ਹੁਕਮ ਹੋਣ ਤੇ ਹੇਠਾਂ ਆਏ, ਬਿਲਕੁੱਲ ਉਸੀ ਸਮੇਂ ਮਹੰਤ ਮਹਾਰਾਜ ਜੀ, ਛੋਟੂ ਜੀ ਨੂੰ ਨਾਲ ਲੈ ਕੇ ਰਿਸ਼ੀਕੇਸ਼ ਤੋਂ ਆ ਪਹੁੰਚੇ। ਮਿਲ ਕੇ ਜੋਧ ਸਿੰਘ ਜੀ ਨੇ ਦੱਸਿਆ ਕਿ ਮੈਂ ਅਰਜ਼ ਕਰ ਦਿੱਤੀ ਹੈ ਹਜ਼ੂਰ ਦੇ ਚਰਨਾਂ ਵਿੱਚ ਲੇਕਿਨ ਅਜੇ ਜਵਾਬ ਕੋਈ ਨਹੀਂ ਦਿੱਤਾ। ਦੂਸਰੇ ਦਿਨ ਤੱਕ ਮਹਾਰਾਜ ਜੀ ਦਾ ਸਰੀਰ ਵੀ ਕੁੱਝ ਸਵਸਥ ਹੋ ਗਿਆ। ਤਿੰਨ ਅਪ੍ਰੈਲ, ਵਾਲੇ ਦਿਨ ਮਹੰਤ ਮਹਾਰਾਜ ਜੀ ਨੇ ਵਿਰੱਕਤ ਮਹਾਰਾਜ ਜੀਆਂ ਦੇ ਚਰਨਾਂ ਵਿੱਚ ਫਿਰ ਉਹੀ ਬੇਨਤੀ ਦੁਹਰਾਈ, ਮਹਾਰਾਜ ਕ੍ਰਿਪਾ ਕਰੋ! ਜੋਧ ਸਿੰਘ ਅਤੇ ਛੋਟੂ ਜੀ ਦੇ ਅੰਦਰ ਹੁਣ ਬਹੁਤ ਜਗਿਆਸਾ ਪ੍ਰਜ੍ਵਲਤ ਹੋਈ ਹੈ ਆਪ ਹੀ ਚਰਨ ਸ਼ਰਨ ਦੀ, ਇਸ ਲਈ ਮਿਹਰ ਕਰ ਦਿਉ! ਹਜ਼ੂਰ ਬੋਲੇ, ਭਾਈ ਤੇਰਾ ਉਨ੍ਹਾਂ ਨਾਲ ਠੀਕ ਚੱਲ ਜਾਏਗਾ? ਹਾਂ ਮਹਾਰਾਜ ਮੈਨੂੰ ਤਾਂ ਦੋਨੋਂ ਪਿਆਰੇ ਹਨ। ਹਜ਼ੂਰ ਨੇ ਹੁਕਮ ਕੀਤਾ, ਲਿਆ ਬੁਲਾ ਕੇ ਉਨ੍ਹਾਂ ਨੂੰ। ਮਹੰਤ ਜੀ ਦੋਨਾਂ ਨੂੰ ਨਾਲ ਲੈ ਕੇ ਆ ਗਏ। ਜੋਧ ਸਿੰਘ ਜੀ ਨੇ ਦੋਨੋਂ ਹੱਥ ਜੋੜ ਅਰਜ਼ ਕੀਤੀ, ਮਹਾਰਾਜ ਮਿਹਰ ਕਰੋ, ਹੁਣ ਆਪਣੇ ਪਵਿੱਤਰ ਚਰਨਾਂ ਦੀ ਨੌਕਰੀ ਬਖਸ਼ ਦਿਉ। ਹਜ਼ੂਰ ਨੇ ਕੁੱਝ ਦੇਰ ਚੁੱਪ ਰਹਿ ਕੇ ਮਹੰਤ ਜੀ ਨੂੰ ਇਸ਼ਾਰਾ ਕੀਤਾ, ਕਿ ਇਨ੍ਹਾਂ ਨੂੰ ਨਾਲ ਲੈ ਜਾਵੋ, ਰਿਸ਼ੀਕੇਸ਼ ਲਿਜਾ ਕੇ ਕੱਪੜੇ ਪਵਾ ਦੇਣੇ। ਜੋਧ ਸਿੰਘ ਜੀ ਨੇ ਅਰਜ਼ ਕੀਤੀ, ਮਹਾਰਾਜ ਜੇ ਤਰੁੱਠੇ ਹੋ ਤਾਂ ਆਪ ਕ੍ਰਿਪਾ ਕਰੋ! ਹਜ਼ੂਰ ਨੇ ਕੋਲ ਖੜ੍ਹੇ ਭਗਤ ਲੱਭਾ ਰਾਮ ਨੂੰ ਇਸ਼ਾਰਾ ਕੀਤਾ, ਕਿ ਸਾਡੀ ਕੱਪੜਿਆਂ ਵਾਲੀ ਗੰਢ ਵਿੱਚੋਂ ਦੋ ਪਰਨੇ ਕੱਢੋ, ਭਗਤ

ਜੀ ਨੇ ਗੰਢ ਵਿੱਚੋਂ ਦੋ ਪਰਨੇ ਕੱਢ ਕੇ ਦੇ ਦਿੱਤੇ, ਹਜ਼ੂਰ ਨੇ ਅੱਜ ਤਿੰਨ ਅਪ੍ਰੈਲ, 1983 ਵਾਲੇ ਸ਼ੁਭ ਦਿਨ ਤੇ ਦੋਨਾਂ ਨੂੰ ਇੱਕ-ਇੱਕ ਪਰਨਾ ਬਖਸ਼ ਦਿੱਤਾ। ਗੁਰੂ ਦੀ ਬਖਸ਼ਿਸ਼ ਜਾਣ ਕੇ ਦੋਨਾਂ ਪ੍ਰੇਮੀਆਂ ਨੇ ਸਿਰਾਂ ਉੱਪਰ ਸਜਾ ਲਏ, ਵਿਰੱਕਤ ਮਹਾਰਾਜ ਜੀ ਨੇ ਮਹੰਤ ਜੀ ਨੂੰ ਹੁਕਮ ਕੀਤਾ, ਕਿ ਬਾਕੀ ਕੱਪੜੇ ਰਿਸ਼ੀਕੇਸ਼ ਜਾ ਕੇ ਪਵਾ ਦੇਵੀਂ। ਹਜ਼ੂਰ ਨੇ ਦੋਨਾਂ ਨੂੰ ਹੁਕਮ ਕੀਤਾ ਕਿ ਰਿਸ਼ੀਕੇਸ਼ ਜਾ ਕੇ ਮਹੰਤਾਂ ਦੀ ਡੱਟ ਕੇ ਸਹਾਇਤਾ ਕਰੋ, ਪਿਆਰ ਨਾਲ ਰਹਿਣਾ, ਆਸ਼ਰਮ ਨੂੰ ਗੁਰੂ ਨਾਨਕ ਦਾ ਘਰ ਸਮਝ ਕੇ ਸੰਭਾਲਣਾ, ਆਈਆਂ ਸੰਗਤਾਂ ਨੂੰ ਗੁਰੂ ਦੀ ਸੰਗਤ ਜਾਣ ਕੇ ਪਿਆਰ ਨਾਲ ਸਤਿਕਾਰਨਾ ਇਤਿਆਦਿ ਉਪਦੇਸ਼ ਦਿੱਤਾ।

ਹਜ਼ੂਰ, ਭਗਤ ਜੀ ਨੂੰ ਬੋਲੇ, ਭਗਤ! ਇਹ ਅਸਥਾਨ ਤੇ ਰਿਸ਼ੀਕੇਸ਼ ਦੋਨੋਂ ਇੱਕ ਹੀ ਹਨ ਅਤੇ ਦੋਨਾਂ ਥਾਵਾਂ ਦੀ ਸੰਗਤ ਵੀ ਇੱਕ ਹੀ ਹੈ, ਕਿਉਂ ਭਗਤ ਠੀਕ ਹੈ? ਹਾਂ ਮਹਾਰਾਜ।

ਹੁਣ ਜੋਧ ਸਿੰਘ ਜੀ ਅਤੇ ਛੋਟੂ ਜੀ ਨੂੰ ਹੁਕਮ ਕੀਤਾ, ਕਿ ਹੇਠਾਂ ਜਾ ਕੇ ਦਰਬਾਰ ਵਿੱਚ ਨਮਸ਼ਕਾਰ ਕਰੋ! ਹੁਕਮ ਮੰਨ ਕੇ ਦੋਨੋਂ ਸੱਜਣ ਹੇਠਾਂ ਆ ਗਏ, ਦੇਖ ਕੇ ਸੰਗਤਾਂ ਵਿੱਚ ਬਹੁਤ ਖੁਸ਼ੀ ਹੋਈ। ਅਮਰੀਕ ਚੰਦ ਚਾਵਲਾ ਜੀ ਹੱਸਦੇ ਹੋਏ ਕਹਿਣ ਲੱਗੇ, ਮਹਾਰਾਜ ਨੇ ਬੜੀ ਕ੍ਰਿਪਾ ਕੀਤੀ ਸਾਧੂ ਬਣਾ ਦਿੱਤੇ, ਲੇਕਿਨ ਚੋਲ਼ੇ ਵੀ ਹੁਣੇ ਚਾਹੀਦੇ ਹਨ। ਅਮਰੀਕ ਚੰਦ ਚਾਵਲਾ ਅਤੇ ਹਰਬੰਸ ਲਾਲ ਨੇ ਕੱਪੜਾ ਲੈ ਕੇ ਦੋ ਅਲਫੀਆਂ ਸਿਲਾ ਲਈਆਂ ਜੋ ਕਿ ਦੂਸਰੇ ਦਿਨ ਦੋਨੋਂ ਸੱਜਣਾਂ ਨੂੰ ਪਹਿਨਾ ਦਿੱਤੇ। ਦੋਨੋਂ ਪ੍ਰੇਮੀ ਜਦੋਂ ਚੋਲ਼ੇ ਪਹਿਨ ਕੇ ਉੱਪਰ ਹਜ਼ੂਰ ਦੇ ਚਰਨਾਂ ਵਿੱਚ ਪਹੁੰਚੇ, ਤਾਂ ਵਿਰੱਕਤ ਮਹਾਰਾਜ ਜੀ ਦੇਖ ਕੇ ਬਹੁਤ ਖੁਸ਼ ਹੋਏ। ਪਵਿੱਤਰ ਮੁੱਖ ਤੋਂ ਬੋਲੇ, ਪੱਕੇ ਸੰਨਿਆਸੀ! ਪੱਕੇ ਸੰਨਿਆਸੀ!! ਆਦਿ ਬਚਨ ਉਚਾਰਨ ਕੀਤੇ। ਭਗਤ ਲੱਭਾ ਰਾਮ ਜੀ ਨੇ ਮਿਠਾਈ ਦੇ ਡੱਬੇ ਮੰਗਵਾ ਕੇ ਸੰਗਤਾਂ ਵਿੱਚ ਵਰਤਾਏ। ਇੱਕ ਅੱਧਾ ਦਿਨ ਇੱਥੇ ਹੋਰ ਠਹਿਰ ਕੇ ਦੋਨੋਂ ਸੱਜਣ ਵਿਰੱਕਤ ਮਹਾਰਾਜ ਜੀਆਂ ਦੇ ਪਾਵਨ ਹੁਕਮ ਅਨੁਸਾਰ ਮਹੰਤ ਮਹਾਰਾਜ ਜੀ ਨਾਲ ਰਿਸ਼ੀਕੇਸ਼ ਆ ਗਏ।

## ਕਰਨਾਲ ਤੋਂ ਆਖਰੀ ਵਾਰ ਕੂਚ

13 ਅਪ੍ਰੈਲ, 1983 ਨੂੰ ਨਾਨਕ ਦਰਬਾਰ ਦਾ ਉਦਘਾਟਨ ਕਰਨ ਲਈ ਤਾਰੀਖ ਨੀਯਤ ਕੀਤੀ ਗਈ, ਇੱਧਰ ਰਿਸ਼ੀਕੇਸ਼ ਤੋਂ ਸੰਤ ਜੋਧ ਸਿੰਘ ਜੀ ਵੀ ਨਾਨਕ ਦਰਬਾਰ ਦੇ ਉਦਘਾਟਨ ਸਮਾਰੋਹ ਨਮਿੱਤ ਰਿਸ਼ੀਕੇਸ਼ ਤੋਂ ਕੁੱਝ ਸਮਾਨ ਲੈ, ਜਿਵੇਂ ਪਾਲਕੀ ਨੂੰ ਲਾਉਣ ਵਾਲਾ ਸੋਨੇ ਦਾ ਇੱਕ ਵੱਡਾ ਛੱਬਾ, ਇੱਕ ਚਾਂਦੀ ਦੇ ਹੱਥੇ ਵਾਲਾ ਚੌਰ ਸਾਹਿਬ, ਇੱਕ ਕੇਵੜਾ ਛਿੜਕਣ ਵਾਲੀ ਬੋਤਲ ਆਦਿਕ ਸਮਾਨ ਲੈ ਕੇ ਸਤ ਅਪ੍ਰੈਲ ਨੂੰ ਫਿਰ ਦੁਬਾਰਾ ਕਰਨਾਲ ਚਲੇ ਗਏ। ਸਮਾਗਮ ਦੀ ਸਾਰੀ ਤਿਆਰੀ ਕਰਕੇ ਗਿਆਰਾਂ ਅਪ੍ਰੈਲ ਵਾਲੇ ਦਿਨ ਸੰਗਤ ਵੱਲੋਂ ਅਖੰਡ ਪਾਠ ਸਾਹਿਬ ਰੱਖੇ ਗਏ, ਤੇਰਾਂ ਅਪ੍ਰੈਲ ਵਾਲੇ ਦਿਨ ਭੋਗ ਪਾ ਕੇ ਗੁਰੂ ਕੇ ਲੰਗਰ ਖੁੱਲ੍ਹੇ ਵਰਤਦੇ ਹੋਏ, ਗੁਰੂ ਨਾਨਕ ਦੇ ਪਵਿੱਤਰ ਕਾਰਜ ਦੀ ਸੰਪੂਰਨਤਾ ਹੋਈ। ਹੁਣ ਆਪ ਕਾਹਲੇ ਪੈ ਰਹੇ ਹਨ ਕਨਖਲ ਜਾਣ ਲਈ, ਕਿਉਂਕਿ ਕਰਨਾਲ ਦੀ ਇਸ ਭਾਗਾਂ ਭਰੀ ਧਰਤੀ ਤੇ ਕਰਤਾਰ ਵੱਲੋਂ ਲੱਗੀ ਡਿਊਟੀ ਦਾ ਸ਼ਾਇਦ ਇਹ ਆਖਰੀ ਕਾਰਜ ਸੀ ਜੋ ਸੰਪੂਰਨ ਹੋ ਚੁੱਕਿਆ ਹੈ, ਇਸ ਲਈ ਹੁਣ ਕਿਸੇ ਹੋਰ ਕਾਰਜ ਵਾਸਤੇ ਇੱਥੋਂ ਜਲਦੀ ਜਾਣਾ ਚਾਹੁੰਦੇ ਹਨ। ਪਰੰਤੂ ਭਗਤ ਲੱਭਾ ਰਾਮ ਪ੍ਰੇਮ ਦਾ ਬੱਝਿਆ ਨਹੀਂ ਚਾਹੁੰਦਾ ਕਿ ਹਜ਼ੂਰ ਇੱਥੋਂ ਕਿਤੇ ਹੋਰ ਜਾਣ। ਕਿਉਂਕਿ ਇਕੱਤੀ ਮਾਰਚ ਨੂੰ ਹੋਏ ਅਟੈਕ ਨਾਲ ਹਜ਼ੂਰ ਦੇ ਸਰੀਰ ਵਿੱਚ ਕਾਫੀ ਕਮਜ਼ੋਰੀ ਆ ਗਈ ਹੈ, ਇਸ ਲਈ ਭਗਤ ਆਦਿਕ ਪ੍ਰੇਮੀ ਡਰਦੇ ਹਨ, ਕਿ ਸਫਰ ਕਰਨ ਨਾਲ ਕਿਤੇ ਫਿਰ ਅਜਿਹਾ ਨਾ ਹੋ ਜਾਏ। ਦੂਸਰਾ ਕਾਰਨ ਹਜ਼ੂਰ ਦੇ ਪਵਿੱਤਰ ਸਰੀਰ ਨਾਲ ਇਤਨਾ ਪ੍ਰੇਮ ਪੈ ਗਿਆ ਹੈ ਕਿ ਮਨ ਚਾਹੁੰਦਾ ਹੈ ਹਰ ਛਿਨ, ਹਰ ਪਲ ਦੀਦਾਰ ਹੁੰਦਾ ਰਹੇ, ਇੱਕ ਪਲ ਲਈ ਵੀ ਅੱਖਾਂ ਤੋਂ ਪਰੇ ਨਾ ਹੋ ਜਾਵੇ। ਇਉਂ ਵੀ ਸੋਚਦੇ ਹਨ ਕਿ ਅਗਰ ਮਹਾਰਾਜ ਜੀ ਨੇ ਕਰਨਾਲ ਤੋਂ ਜਾਣਾ ਹੀ ਹੈ ਤਾਂ ਦਿੱਲੀ ਲੈ ਜਾਈਏ, ਉੱਥੇ ਡਾਕਟਰਾਂ ਤੋਂ ਚੈੱਕ ਵੀ ਕਰਵਾਇਆ ਜਾਵੇ, ਨਾਲੇ ਪਰਿਵਾਰ ਨੂੰ ਸੇਵਾ ਮਿਲਦੀ ਰਹੇ। ਇਸ ਲਈ ਹਜ਼ੂਰ ਜਦੋਂ ਇੱਥੋਂ ਜਾਣ ਦਾ ਇਸ਼ਾਰਾ ਕਰਦੇ ਹਨ, ਭਗਤ ਜੀ ਅੱਜ, ਕੱਲ ਟਾਲ-ਮਟੋਲ ਕਰਕੇ ਛੱਡ ਦਿੰਦਾ ਹਨ। ਪਰ ਅੱਜ ਇਉਂ ਲੱਗ ਰਿਹਾ ਹੈ, ਜਿਵੇਂ ਹਜ਼ੂਰ ਨੇ ਇੱਥੋਂ ਜਾਣ ਦਾ ਦ੍ਰਿੜ

ਫੈਸਲਾ ਕਰ ਹੀ ਲਿਆ ਹੈ। ਇਸ ਲਈ ਅੱਜ ਉੱਨੀ ਅਪ੍ਰੈਲ ਨੂੰ ਸਵੇਰੇ ਹੀ ਪੈਰਾਂ ਵਿੱਚ ਜੁੱਤਾ ਪਾ ਕੇ ਤੁਰਨ ਲੱਗੇ। ਚਰਨਾਂ ਵਿੱਚ ਖੜੇ ਕਿਸੇ ਸੇਵਾਦਾਰ ਨੇ ਅਰਜ਼ ਕੀਤੀ, ਮਹਾਰਾਜ! ਹੇਠਾਂ ਜਾਣਾ ਹੈ? ਨਹੀਂ ਭਾਈ ਕਨਖਲ ਜਾਣਾ ਹੈ, ਭਗਤ ਕਈ ਦਿਨ ਤੋਂ ਚਤੁਰਾਈ ਕਰੀ ਜਾ ਰਿਹਾ ਹੈ, ਲੈ ਕੇ ਨਹੀਂ ਜਾਣਾ ਚਾਹੁੰਦਾ, ਇਸ ਲਈ ਅੱਜ ਤੁਰ ਕੇ ਹੀ ਜਾਂਦੇ ਹਾਂ। ਸੇਵਾਦਾਰ ਨੇ ਜਲਦੀ ਨਾਲ ਭਗਤ ਨੂੰ ਦੱਸਿਆ, ਭਗਤ ਜੀ ਨੇ ਅਰਜ਼ ਕੀਤੀ, ਮਹਾਰਾਜ! ਮਿਹਰ ਕਰੋ ਪੈਦਲ ਨਾ ਤੁਰੋ? ਮੈਂ ਹੁਣ ਹੀ ਗੱਡੀ ਮੰਗਵਾਉਂਦਾ ਹਾਂ। ਭਗਤ ਜੀ ਦੇ ਜ਼ਿਆਦਾ ਬੇਨਤੀਆਂ ਕਰਨ ਤੇ ਹਜ਼ੂਰ ਰੁੱਕ ਗਏ। ਭਗਤ ਨੇ ਫਟਾ-ਫੱਟ ਦਿੱਲੀ ਅਮਰੀਕ ਚੰਦ ਨੂੰ ਫੋਨ ਕਰ ਦਿੱਤਾ, ਕਿ ਮਹਾਰਾਜ ਕਨਖਲ ਨੂੰ ਤੁਰ ਰਹੇ ਹਨ, ਇਸ ਲਈ ਜਿਤਨਾ ਜਲਦੀ ਹੋ ਸਕੇ ਕਰਨਾਲ ਆ ਜਾਉ ਤਾਂ ਕਿ ਮਹਾਰਾਜ ਜੀ ਨੂੰ ਦਿੱਲੀ ਲਿਜਾਇਆ ਜਾ ਸਕੇ। ਮੈਂ ਤਿਆਰੀ ਕਰਦਾ ਹਾਂ, ਹੁਣ ਉਡੀਕ ਕਰਨ ਦਾ ਜ਼ਿਆਦਾ ਸਮਾਂ ਨਹੀਂ ਹੈ ਕਿਉਂਕਿ ਹਜ਼ੂਰ ਅੱਜ ਬਹੁਤ ਦ੍ਰਿੜ ਹਨ ਕਨਖਲ ਜਾਣ ਵਾਸਤੇ। ਮਹਾਰਾਜ ਜੀ ਬਾਰ-ਬਾਰ ਪੁੱਛ ਰਹੇ, ਕੀ ਦੇਰੀ ਹੈ, ਤੁਰਨ ਵਿੱਚ? ਲੇਕਿਨ ਭਗਤ ਜੀ ਕਾਰ ਆ ਰਹੀ ਹੈ, ਪੈਟਰੋਲ ਪਵਾਉਣ ਗਏ ਆਦਿ ਬਹਾਨੇ ਬਣਾ ਕੇ ਦੇਰੀ ਕਰ ਰਹੇ ਹਨ ਤਾਂ ਕਿ ਅਮਰੀਕ ਚੰਦ ਦਿੱਲੀ ਤੋਂ ਆ ਜਾਵੇ। ਹਜ਼ੂਰ ਵੱਲੋਂ ਹੋਰ ਦੇਰੀ ਨਾ ਸਹਿਣ ਕਰਦੇ ਹੋਏ, ਭਗਤ ਨੇ ਕਾਰ ਮੰਗਵਾ ਕੇ ਸਾਰਾ ਸਮਾਨ ਵਿੱਚ ਰੱਖ ਲਿਆ, ਹਜ਼ੂਰ ਨੇ ਦਿੱਲੀ ਨੂੰ ਤਾਂ ਅੱਜ ਤੋਂ ਦੋ ਸਾਲ ਪਹਿਲਾਂ ਹੀ ਆਖਰੀ ਅਲਵਿਦਾ ਕਹਿ ਦਿੱਤੀ ਸੀ। ਲੇਕਿਨ ਅੱਜ ਇਹ ਭਾਗਾਂ ਭਰਿਆ ਕਰਨਾਲ ਸ਼ਹਿਰ ਜਿੱਤੇ ਜ਼ਿੰਦਗੀ ਦਾ ਬਹੁਤਾ ਸਮਾਂ ਗੁਜ਼ਾਰਿਆ ਸੀ, ਇਸ ਨੂੰ ਵੀ ਪੂਰਨ ਤੌਰ ਤੇ ਅਲਵਿਦਾ ਆਖ ਦਿੱਤਾ। ਲੇਕਿਨ ਇੱਥੋਂ ਦੀ ਸੰਗਤ ਜਾਂ ਭਗਤ ਲੱਭਾ ਰਾਮ ਆਦਿ ਪ੍ਰੇਮੀ ਹਜ਼ੂਰ ਦੇ ਇਸ ਗੁਹਝ ਰਾਜ਼ ਨੂੰ ਨਹੀਂ ਸਮਝਦੇ। ਭਗਤ ਜੀ ਨੇ ਇੱਕ ਬੰਦੇ ਦੀ ਡਿਊਟੀ ਲਗਾ ਦਿੱਤੀ ਕਿ ਬਾਈਪਾਸ ਤੇ ਬੈਠ ਜਾਉ, ਜਦੋਂ ਅਮਰੀਕ ਦੀ ਕਾਰ ਦਿੱਲੀ ਤੋਂ ਆਵੇ ਉਸ ਨੂੰ ਕਨਖਲ ਦੇ ਰਸਤੇ ਪਾ ਦੇਣਾ। ਅਸੀਂ ਹੌਲੀ-ਹੌਲੀ ਹੀ ਜਾਵਾਂਗੇ, ਉਹ ਜਿਤਨੀ ਜ਼ਲਦੀ ਹੋ ਸਕੇ ਸਾਨੂੰ ਰਸਤੇ ਵਿੱਚ ਟੱਕਰੇ। ਭਗਤ ਜੀ ਦੇ ਛੋਟੇ ਬੇਟੇ ਸਤੀਸ਼ ਦੀ ਕਾਰ ਸੀ, ਭਗਤ ਜੀ ਨੇ ਡਰਾਈਵਰ ਨੂੰ ਇਸ਼ਾਰਾ ਕਰ ਦਿੱਤਾ ਕਿ ਸਹਿਜੇ-ਸਹਿਜੇ ਚੱਲਣਾ ਹੈ। ਹਜ਼ੂਰ ਦੇ ਹੁਕਮ ਅਨੁਸਾਰ ਕਨਖਲ ਦੀ ਅਰਦਾਸ ਕਰਕੇ ਆਪ ਤਾਂ ਸਹਿਜੇ-ਸਹਿਜੇ ਕਨਖਲ ਦੇ ਰਾਹ ਪੈ ਗਏ, ਉਧਰੋਂ ਕੁੱਝ ਮਿੰਟਾਂ ਬਾਅਦ ਹੀ ਅਮਰੀਕ ਅਤੇ ਦਰਸ਼ਨ ਦੋਨੋਂ ਭਰਾ ਬਾਈਪਾਸ ਤੋਂ ਹੀ ਪਤਾ ਲੱਗਣ ਤੇ ਤੇਜ਼ ਸਪੀਡ ਕਨਖਲ ਵੱਲ ਨੂੰ ਚੱਲ ਪਏ। ਥੋੜ੍ਹੀ ਦੂਰ ਜਾ ਕੇ ਹੀ ਜਾ ਮਿਲੇ, ਆਪਣੀ ਗੱਡੀ ਹਜ਼ੂਰ ਵਾਲੀ ਗੱਡੀ ਦੇ ਅੱਗੇ ਲਾ ਕੇ ਖੜੀ ਕਰ ਲਈ। ਦੋਨੋਂ ਭਰਾਵਾਂ ਨੇ ਅਰਜ਼ ਕੀਤੀ, ਮਹਾਰਾਜ! ਕ੍ਰਿਪਾ ਕਰੋ ਦਿੱਲੀ ਚਲੋ ਤਾਂ ਕਿ ਉੱਥੇ ਡਾਕਟਰਾਂ ਤੋਂ ਆਪ ਜੀ ਦਾ ਸਰੀਰ ਚੈੱਕਅਪ ਕਰਵਾ ਲਿਆ ਜਾਵੇ। ਹਜ਼ੂਰ ਬੋਲੇ ਭਾਈ ਅਰਦਾਸ ਕਨਖਲ ਦੀ ਕੀਤੀ ਹੈ, ਇਸ ਲਈ ਹੋਰ ਕਿਤੇ ਨਹੀਂ ਜਾਣਾ, ਸਿੱਧੇ ਕਨਖਲ ਹੀ ਪਹੁੰਚਣਾ ਹੈ। ਹੁਕਮ ਮੰਨ ਕੇ ਚਾਵਲਾ ਭਰਾਵਾਂ ਨੇ ਵੀ ਕਾਰ ਪਿੱਛੇ ਲਾ ਲਈ। ਹੌਲੀ-ਹੌਲੀ ਜਾ ਪਹੁੰਚੇ ਉਸ ਟਿਕਾਣੇ ਜਿੱਥੋਂ ਕਦੇ ਪਰਮਾਰਥਕ ਜੀਵਨ ਸ਼ੁਰੂ ਕੀਤਾ ਸੀ, ਹੁਣ ਸ਼ਾਇਦ ਉਸ ਨੂੰ ਆਖਰੀ ਵਾਰ ਦੀ ਨਮਸ਼ਕਾਰ ਕਰਨ ਆਏ ਹਨ। ਇੱਧਰ ਰਿਸ਼ੀਕੇਸ਼ ਤੋਂ ਮਹੰਤ ਮਹਾਰਾਜ ਜੀ, ਸੰਤ ਜੋਧ ਸਿੰਘ ਜੀ ਅਤੇ ਛੋਟੂ ਬਾਬਾ ਜੀ ਵੀ ਕਨਖਲ ਆ ਗਏ। ਹਜ਼ੂਰ ਦਾ ਸਿੰਘਾਸਣ ਸੋਲਾਂ ਨੰਬਰ ਕਮਰੇ ਦੇ ਵਿੱਚ ਸਜਾ ਦਿੱਤਾ ਗਿਆ, ਅਖੰਡ ਪਾਠਾਂ ਦੀ ਲੜੀ ਸ਼ੁਰੂ ਹੋ ਗਈ, ਸੰਗਤਾਂ ਦੀ ਆਵਾਜਾਈ ਚੋਖੀ ਵੱਧ ਗਈ, ਗੁਰੂ ਕੇ ਲੰਗਰ ਦਾ ਪ੍ਰਵਾਹ ਹੋਰ ਤੇਜ਼ ਹੋ ਗਿਆ। ਭਗਤ ਲੱਭਾ ਰਾਮ ਬਾਰ-ਬਾਰ ਬੇਨਤੀਆਂ ਕਰਦਾ ਹੈ ਕਰਨਾਲ ਜਾਣ ਵਾਸਤੇ, ਅਮਰੀਕ ਚੰਦ ਅਤੇ ਦਰਸ਼ਨ ਲਾਲ ਹਰ ਐਤਵਾਰ ਬੇਨਤੀ ਕਰਦੇ ਹਨ ਦਿੱਲੀ ਜਾਣ ਲਈ, ਲੇਕਿਨ ਆਪ ਹੁਣ ਸਵੀਕਾਰ ਨਹੀਂ ਕਰ ਰਹੇ। ਛੋਟੂ ਬਾਬਾ ਜੀ ਦਿਨ ਰਾਤ ਸੇਵਾ ਵਿੱਚ ਰਹਿੰਦੇ ਹਨ। ਹਜ਼ੂਰ ਇਸ ਵੇਲੇ ਬਹੁਤ ਘੱਟ ਬੋਲਦੇ ਹਨ, ਜ਼ਿਆਦਾ ਸਮਾਂ ਅੰਤਰਮੁੱਖ ਹੀ ਰਹਿੰਦੇ ਹਨ। ਇਉਂ ਪ੍ਰਤੀਤ ਦੇ ਰਹੇ ਹਨ ਜਿਵੇਂ ਸੰਸਾਰ ਅਤੇ ਸਰੀਰ ਤੋਂ ਬਿਲਕੁੱਲ ਬੇਖਬਰ ਗਿਆਨ ਦੀ ਛੇਵੀਂ ਭੂਮਿਕਾ ਪਦਾਰਥਾਭਾਵਨੀ ਵਿੱਚ ਇਸਥਿਤ ਹਨ। ਦਵਾਈਆਂ ਸਭ ਬੰਦ ਕਰ ਦਿੱਤੀਆਂ, ਸਰੀਰ ਦੀ ਕਿਰਿਆ ਵੱਲੋਂ ਬੇਖਬਰ, ਲੰਗਰ ਵੀ ਕਈ ਵਾਰ ਬੇਨਤੀਆਂ ਕਰਨ ਤੇ ਥੋੜ੍ਹਾ ਬਹੁਤ ਛਕ ਲੈਂਦੇ ਹਨ। ਸੰਗਤਾਂ ਦਾ ਪ੍ਰਵਾਹ ਭਾਵੇਂ ਆਉਣ ਜਾਣ ਦਾ ਕਾਫੀ ਤੇਜ਼ ਹੋ ਗਿਆ ਹੈ ਲੇਕਿਨ ਆਪ ਬਹੁਤਾ ਧਿਆਨ ਨਹੀਂ ਦੇ ਰਹੇ। ਇੱਧਰ ਅਖੰਡ ਪਾਠਾਂ ਦੀ ਲੜੀ ਉਸੇ ਦਿਨ ਤੋਂ ਚਾਲੂ ਹੈ, ਇਉਂ ਸਮਾਂ ਗੁਜ਼ਰਦਾ ਜਾ ਰਿਹਾ ਹੈ। ਅੱਜ ਤੋਂ ਕੁੱਝ ਸਮਾਂ ਪਹਿਲਾਂ ਕਨਖਲ ਨਿਰਮਲ

ਬਾਗ ਦੀ ਸੇਵਾ ਲਈ ਚਮਨ ਲਾਲ ਜੀ ਨੂੰ ਇੱਥੇ ਭੇਜ ਦਿੱਤਾ ਸੀ ਲੇਕਿਨ ਹੁਣ ਪੰਡਿਤ ਮਹੇਸ਼ ਚੰਦਰ ਜੀ ਨੂੰ ਭਗਵਾਂ ਭੇਸ ਧਾਰਨ ਕਰਵਾ ਕੇ ਇੱਥੋਂ ਦੀ ਸੇਵਾ ਵਿੱਚ ਹੀ ਪੱਕੇ ਤੌਰ ਤੇ ਲਗਾ ਦਿੱਤਾ। ਇਤਨੇ ਨੂੰ ਇੱਕ ਦਿਨ ਗੁਰਾਇਆਂ ਤੋਂ ਉਜਾਗਰ ਸਿੰਘ ਸੂਰੀ ਤੇ ਸਤਨਾਮ ਸਿੰਘ ਆ ਗਏ। ਦੋਨਾਂ ਪ੍ਰੇਮੀਆਂ ਨੇ ਇੱਕ ਦੋ ਦਿਨ ਠਹਿਰ ਕੇ ਅਰਜ਼ ਕੀਤੀ, ਮਹਾਰਾਜ! ਮਿਹਰ ਕਰੋ ਗੁਰਾਇਆ ਚਰਨ ਪਾਉ, ਸੰਗਤ ਆਪ ਦੇ ਦਰਸ਼ਨਾਂ ਦੀ ਬਹੁਤ ਪਿਆਸੀ ਹੈ। ਉਧਰ ਭਗਤ ਲੱਭਾ ਮੱਲ ਜੀ ਕਰਨਾਲ ਵਾਸਤੇ ਬਾਰ-ਬਾਰ ਬੇਨਤੀ ਕਰੀਂ ਜਾਂਦੇ ਹਨ। ਹਜ਼ੂਰ ਨੇ ਆਪਣੀ ਮੌਜ ਵਿੱਚ ਜਾ ਭਵਿੱਖ ਨੂੰ ਦੇਖਦੇ ਹੋਏ, ਅੱਜ ਦੋ ਜੁਲਾਈ, 1983 ਵਾਲੇ ਦਿਨ ਗੁਰਾਇਆ ਵਾਲਿਆਂ ਨੂੰ ਪ੍ਰਵਾਨਗੀ ਦੇ ਦਿੱਤੀ। ਸੂਰੀ ਅਤੇ ਸਤਨਾਮ ਸਿੰਘ ਨੂੰ ਖੁਸ਼ੀ ਚੜ੍ਹ ਗਈ, ਜਲਦੀ ਨਾਲ ਹਜ਼ੂਰ ਦੇ ਕੱਪੜਿਆਂ ਵਾਲੀਆਂ ਗੰਢਾਂ ਅਤੇ ਹੋਰ ਲੋੜੀਂਦਾ ਸਮਾਨ ਗੱਡੀ ਵਿੱਚ ਰੱਖ ਲਿਆ। ਹੁਕਮ ਅਨੁਸਾਰ ਹਜ਼ੂਰ ਨੂੰ ਉਪਰੋਂ ਕਮਰੇ ਵਿੱਚੋਂ ਹੌਲੀ-ਹੌਲੀ ਹੇਠਾਂ ਲਿਆ ਕੇ ਗੱਡੀ ਵਿੱਚ ਸੁਸ਼ੋਭਿਤ ਕਰ ਲਿਆ। ਭਗਤ ਜੀ ਨੇ ਹੁਣ ਵੀ ਕਰਨਾਲ ਜਾਣ ਵਾਸਤੇ ਬੇਨਤੀਆਂ ਕੀਤੀਆਂ, ਲੇਕਿਨ ਪ੍ਰਵਾਨ ਨਹੀਂ ਹੋਈਆਂ। ਹਜ਼ੂਰ ਜਿਸ ਵਕਤ ਗੁਰਾਇਆ ਨੂੰ ਚੱਲੇ, ਇੰਦਰ ਦੇਵਤਾ ਨੇ ਵੀ ਆਪਣਾ ਫਰਜ਼ ਸਮਝਦੇ ਹੋਏ, ਆਕਾਸ਼ ਵਿੱਚੋਂ ਪੁਸ਼ਪ ਵਰਸ਼ਾ ਸ਼ੁਰੂ ਕਰ ਦਿੱਤੀ, ਜਿਸ ਦੀ ਗੁਰਾਇਆਂ ਤੱਕ ਪਹੁੰਚਦਿਆਂ ਸਾਰੇ ਰਸਤੇ ਬੂੰਦਾ-ਬਾਂਦੀ ਹੁੰਦੀ ਰਹੀ। ਗੁਰਾਇਆਂ ਕੁਟੀਆ ਪਹੁੰਚ ਕੇ ਬਾਰਾਦਰੀ ਦੇ ਇੱਕ ਕੋਨੇ ਵਿੱਚ ਕੁਰਸੀ ਲਾ ਕੇ ਹਜ਼ੂਰ ਨੂੰ ਸੁਸ਼ੋਭਿਤ ਕੀਤਾ ਗਿਆ। ਕੁਰਸੀ ਤੇ ਬੈਠਦਿਆਂ ਹੀ ਅਰਸ਼ੀ ਪ੍ਰੀਤਮ ਨੇ ਥੋੜ੍ਹੇ ਇੱਧਰ-ਉੱਧਰ ਬੜੇ ਗਹੁ ਨਾਲ ਤੱਕਿਆ, ਫਿਰ ਪਵਿੱਤਰ ਮੁੱਖ ਤੋਂ ਬੋਲੇ, ਕਿਤਨੀ ਸੁੰਦਰ ਜਗ੍ਹਾ ਹੈ। ਇੱਥੇ ਵਰਗੀ ਨਾ ਜਗ੍ਹਾ ਕਰਨਾਲ ਹੈ, ਨਾ ਰਿਸ਼ੀਕੇਸ਼ ਕਨਖਲ, ਚਾਰੋਂ ਤਰਫ ਫਸਲਾਂ ਦੀ ਹਰਿਆਵਲ ਅਤੇ ਹਰ ਪ੍ਰਕਾਰ ਨਾਲ ਸ਼ਾਂਤ ਹੈ। ਪ੍ਰੇਮੀ ਖੁਸ਼ ਹੋ ਰਹੇ ਹਨ, ਕਿ ਮਹਾਰਾਜ ਇਸ ਥਾਂ ਦੀ ਕਿੰਨੀ ਵਡਿਆਈ ਕਰ ਰਹੇ ਹਨ, ਲੇਕਿਨ ਵਡਿਆਈ ਵਿੱਚ ਛੁਪੇ ਗੁੱਝੇ ਰਾਜ਼ ਨੂੰ ਨਹੀਂ ਸਮਝ ਰਹੇ। ਸ਼ਾਇਦ ਸਮਾਂ ਆਉਣ ਤੇ ਹੀ ਭੇਦ ਸਪਸ਼ਟ ਹੋਵੇਗਾ। ਖੈਰ, ਕੁਟੀਆ ਵਿੱਚ ਅਨੰਦ ਮੰਗਲ ਲੱਗ ਗਏ, ਅਖੰਡ ਪਾਠਾਂ ਦੀ ਲੜੀ ਸ਼ੁਰੂ ਹੋ ਗਈ, ਦਰਸ਼ਨਾਂ ਲਈ ਦੂਰੋਂ ਨੇੜਿਓਂ ਸੰਗਤਾਂ ਦਾ ਆਉਣਾ ਜਾਣਾ ਸ਼ੁਰੂ ਹੋ ਗਿਆ। ਲੇਕਿਨ ਮਹਾਰਾਜ ਕਿਸੇ ਵੱਲ ਬਹੁਤਾ ਧਿਆਨ ਨਹੀਂ ਦੇ ਰਹੇ, ਅੰਤਰਮੁੱਖ ਹੋਏ ਆਪਣੀ ਮੌਜ ਵਿੱਚ ਲੀਨ ਰਹਿੰਦੇ ਹਨ। ਦੋ-ਚਾਰ ਦਿਨਾਂ ਬਾਅਦ ਭਗਤ ਜੀ ਕਰਨਾਲ ਤੋਂ ਦਰਸ਼ਨਾਂ ਲਈ ਆਏ, ਅਰਜ਼ ਕੀਤੀ, ਮਹਾਰਾਜ ਕਰਨਾਲ ਚੱਲੋ, ਸੰਗਤਾਂ ਬਹੁਤ ਬਿਹਬਲ ਹਨ। ਭਗਤ ਜੀ ਦੀ ਬੇਨਤੀ ਸੁਣ ਕੇ ਮਹਾਰਾਜ ਕੁੱਝ ਨਹੀਂ ਕਹਿ ਰਹੇ, ਪਰੰਤੂ ਭਗਤ ਜੀ ਬਾਰ-ਬਾਰ ਬੇਨਤੀ ਕਰੀਂ ਜਾ ਰਹੇ ਹਨ। ਆਖਰ ਆਪ ਜੀ ਨੇ ਕਹਿ ਦਿੱਤਾ, ਅੱਛਾ! ਤੁਸੀਂ ਐਸਾ ਕਰੋ, ਕੁੱਝ ਥੋੜ੍ਹਾ ਬਹੁਤ ਸਮਾਨ ਲੈ ਚੱਲੋ, ਅਸੀਂ ਕੁੱਝ ਦਿਨਾਂ ਤੱਕ ਆਪ ਹੀ ਆ ਜਾਵਾਂਗੇ। ਇਸ ਗੱਲ ਦਾ ਜਿਸ ਵਕਤ ਸੂਰੀ ਜੀ ਨੂੰ ਪਤਾ ਲੱਗਿਆ, ਤਾਂ ਸਤਨਾਮ ਸਿੰਘ ਆਦਿ ਸੰਗਤ ਨੂੰ ਨਾਲ ਲੈ ਕੇ ਅਰਜ਼ ਕੀਤੀ। ਮਹਾਰਾਜ ਕ੍ਰਿਪਾ ਕਰੋ, ਇੱਥੇ ਹੋਰ ਦਰਸ਼ਨ ਬਖਸ਼ੋ। ਹਜ਼ੂਰ ਬੋਲੇ, ਅਜੇ ਤਾਂ ਇੱਥੇ ਹੀ ਹਾਂ। ਭਗਤ ਜੀ ਕੱਪੜਿਆਂ ਦੀ ਇੱਕ ਗੰਢ ਲੈ ਕੇ ਵਾਪਸ ਕਰਨਾਲ ਨੂੰ ਚਲੇ ਗਏ। ਇਸ ਤਰ੍ਹਾਂ ਦੋ-ਚਾਰ ਦਿਨ ਬੀਤ ਜਾਣ ਤੋਂ ਬਾਅਦ ਇੱਕ ਦਿਨ ਆਪਣੀ ਮੌਜ ਵਿੱਚ ਕੁਰਸੀ ਤੇ ਬੈਠਿਆਂ ਨੇ ਬਚਨ ਕੀਤਾ, ਇਹ ਇਲਾਕਾ ਖੁਸ਼ਕ ਹੈ। ਸੂਰੀ ਜੀ ਇਸ ਰਾਜ਼ ਨੂੰ ਸਮਝ ਗਏ, ਉਸੇ ਦਿਨ ਤੋਂ ਲੰਗਰ ਖੁੱਲ੍ਹਾ ਚਲਾਉਣਾ ਸ਼ੁਰੂ ਕਰ ਦਿੱਤਾ। ਨੇੜੇ ਦੇ ਪਿੰਡਾਂ ਵਾਲੇ ਗਰੀਬ ਗੁਰਬੇ ਗੁਰੂ ਕੇ ਲੰਗਰ ਵਿੱਚ ਰੋਜ਼ ਗਰਮ-ਗਰਮ ਜਲੇਬੀਆਂ ਛਕ ਕੇ ਲੱਗੇ ਗੁਰੂ ਨਾਨਕ ਦੇ ਗੁਣ ਗਾਉਣ। ਦਿਆਲੂ ਦਾਤਾ ਜੀ ਵੀ ਸ਼ਾਇਦ ਇਹੀ ਚਾਹੁੰਦੇ ਸਨ ਜੋ ਇਸ਼ਾਰਾ ਸਮਝ ਕੇ ਹੀ ਸ਼ੁਰੂ ਕਰ ਦਿੱਤਾ। ਹੈ ਤਾਂ ਭਾਵੇਂ ਹੁਣ ਵੀ ਅੰਤਰਮੁਖ ਹੀ ਲੇਕਿਨ ਪ੍ਰਸੰਨ ਚਿੱਤ ਨਜ਼ਰ ਆ ਰਹੇ ਹਨ। ਇੰਨ੍ਹਾਂ ਦਿਨਾਂ ਵਿੱਚ ਹੀ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੱਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਆਪ ਜੀ ਦੇ ਦਰਸ਼ਨਾਂ ਲਈ ਆਏ, ਚਾਹ ਪਾਣੀ ਛਕ ਕੇ ਮਹਾਰਾਜ ਦੇ ਚਰਨਾਂ ਵਿੱਚ ਬੈਠੇ ਸਨ ਤਾਂ ਕਿਸੇ ਪ੍ਰੇਮੀ ਨੇ ਪੁੱਛਿਆ, ਤੁਹਾਨੂੰ ਕੁਟੀਆ ਲੱਭਣ ਲਈ ਕੋਈ ਮੁਸ਼ਕਲ ਤਾਂ ਨਹੀਂ ਹੋਈ? ਜੱਥੇਦਾਰ ਜੀ ਬੋਲੇ, ਅਸੀ ਜੀ.ਟੀ. ਰੋਡ ਤੇ ਪੁੱਛਿਆ ਸੀ, ਇਸ ਗੁਰਾਇਆ ਨਗਰ ਇੱਕ ਨਿਰਮਲੇ ਮਹਾਤਮਾ ਆਏ ਹੋਏ ਹਨ, ਉਨ੍ਹਾਂ ਦੇ ਟਿਕਾਣੇ ਦਾ ਕੁੱਝ ਪਤਾ ਹੋਵੇ? ਕਿਸੇ ਨੇ ਦੱਸਿਆ ਕਿ ਡੱਲੇਵਾਰ ਰੋਡ ਤੇ ਸੁਣਿਆ ਹੈ ਇਕ ਬ੍ਰਿਧ ਮਹਾਤਮਾ ਆਏ ਹੋਏ ਹਨ, ਉੱਥੇ ਰੋਜ਼ ਜਲੇਬੀਆਂ ਦਾ ਯੱਗ ਚਲਦਾ ਰਹਿੰਦਾ ਹੈ। ਟੌਹੜਾ ਜੀ ਕਹਿਣ ਲੱਗੇ ਬਸ ਮੈਂ ਸਮਝ ਗਿਆ ਕਿ ਉਹੀ ਹਨ, ਕਿਉਂਕਿ ਜਿੱਥੇ ਵੀ

ਮੈਂ ਉਨ੍ਹਾਂ ਦੇ ਦਰਸ਼ਨਾਂ ਲਈ ਗਿਆ ਹਾਂ, ਉੱਥੇ ਜਲੇਬੀਆਂ ਜ਼ਰੂਰ ਛਕਾਉਂਦੇ ਹਨ। ਇਤਿਆਦਿਕ ਕੁੱਝ ਸ਼ਰਧਾ ਅਤੇ ਪ੍ਰੇਮ ਭਰੇ ਬਚਨ ਕਰਕੇ ਅਤੇ ਮਹਾਰਾਜ ਜੀ ਦੀ ਸਿਹਤ ਬਾਰੇ ਕੁੱਝ ਗੱਲਬਾਤ ਕਰਕੇ ਟੌਹੜਾ ਸਾਹਿਬ ਜੀ ਚਲੇ ਗਏ। ਇਸੇ ਦਿਨ ਗੁਰਾਇਆ ਸੰਗਤ ਨੂੰ ਇੱਕ ਚਿੱਠੀ ਪ੍ਰਾਪਤ ਹੋਈ, ਜੋ ਮਹੰਤ ਮਹਾਰਾਜ ਵੱਲੋਂ ਰਿਸ਼ੀਕੇਸ਼ ਤੋਂ ਪੂਜਯ ਵਿਰੱਕਤ ਮਹਾਰਾਜ ਜੀਆਂ ਦੇ ਚਰਨਾਂ ਵਿੱਚ ਪੋਸਟ ਕੀਤੀ ਗਈ ਸੀ। ਜਿਸ ਵਿੱਚ ਲਿਖਿਆ ਸੀ, ਆਪ ਕ੍ਰਿਪਾ ਕਰੋ ਇਸ ਸਾਲ ਬਰਸੀਆਂ ਤੇ ਹਰਿਦੁਆਰ ਰਿਸ਼ੀਕੇਸ਼ ਜ਼ਰੂਰ ਦਰਸ਼ਨ ਦੀਦਾਰੇ ਬਖਸ਼ਿਸ਼ ਕਰੋ! ਜਿਸ ਵਕਤ ਸੇਵਾਦਾਰਾਂ ਨੇ ਹਜ਼ੂਰ ਨੂੰ ਇਹ ਚਿੱਠੀ ਪੜ੍ਹ ਕੇ ਸੁਣਾਈ, ਤਾਂ ਆਪ ਮੁਸਕਰਾਉਂਦੇ ਹੋਏ ਬੋਲੇ, ਮਹੰਤਾਂ ਨੇ ਬਰਸੀ ਤੇ ਤਾਂ ਬੁਲਾ ਲਿਆ, ਲੇਕਿਨ ਰਸਤੇ ਦਾ ਖਰਚਾ ਕੋਈ ਨਹੀਂ ਭੇਜਿਆ, ਪਰੰਤੂ ਸਾਡੇ ਕੋਲ ਤਾਂ ਕੋਈ ਖਰਚਾ ਪੂੰਜੀ ਹੈ ਨਹੀਂ, ਫਿਰ ਕਿਵੇਂ ਜਾਵਾਂਗੇ ਰਿਸ਼ੀਕੇਸ਼। ਸੰਗਤ ਅਰਜ਼ ਕਰ ਰਹੀ ਹੈ, ਮਹਾਰਾਜ ਸਭ ਪ੍ਰਕ੍ਰਿਤੀ ਆਪ ਦੇ ਅਧੀਨ ਹੈ, ਸੰਸਾਰ ਦੀਆਂ ਤਮਾਮ ਗੱਡੀਆਂ ਦੇ ਆਪ ਮਾਲਕ ਹੋ, ਜਿਸ ਦਿਨ ਹੁਕਮ ਕਰੋਂਗੇ ਲੈ ਚੱਲਾਂਗੇ। ਹਜ਼ੂਰ ਵੀ ਇਤਨਾ ਆਖ ਕੇ ਚੁੱਪ ਹੋ ਗਏ। ਲੇਕਿਨ ਤੀਸਰੇ ਦਿਨ ਜਦੋਂ ਹਜ਼ੂਰ ਨੇ ਪਵਿੱਤਰ ਸਰੀਰ ਦੇ ਪ੍ਰਾਣਾਂ ਦਾ ਅੰਤ ਕੀਤਾ, ਤਾਂ ਫਿਰ ਸੰਗਤ ਸਮਝੀ ਕਿ ਮਹਾਰਾਜ ਜੀ ਇਸ ਸੁਆਸਾਂ ਰੂਪੀ ਪੂੰਜੀ ਦੀ ਗੱਲ ਕਰ ਰਹੇ ਸਨ ਜੋ ਅੱਜ ਸਮਾਪਤ ਹੋ ਗਈ। ਇਸ ਪ੍ਰਕਾਰ ਅਨੇਕਾਂ ਸੰਗਤਾਂ ਦਰਸ਼ਨਾਂ ਲਈ ਆਉਂਦੀਆਂ ਰਹਿੰਦੀਆਂ ਹਨ, ਗੁਰੂ ਕੇ ਲੰਗਰ ਅਤੁੱਟ ਵਰਤ ਰਹੇ ਹਨ ਅਤੇ ਅਖੰਡ ਪਾਠਾਂ ਦੁਆਰਾ ਬਾਣੀ ਦਾ ਪ੍ਰਵਾਹ ਵੀ ਨਿਰੰਤਰ ਜਾਰੀ ਹੈ। ਲੇਕਿਨ ਹਜ਼ੂਰ ਆਪਣੀ ਮੌਜ ਵਿੱਚ ਉਨਮਨੀ ਅਵਸਥਾ ਵਿੱਚੋਂ ਬਾਹਰ ਨਹੀਂ ਆ ਰਹੇ।

ਵੀਹ ਜੁਲਾਈ ਵਾਲੇ ਦਿਨ ਹਜ਼ੂਰ ਨੇ ਪਹੁ-ਫੁਟਾਲੇ ਨਾਲ ਗੁਰਨਾਮ ਸਿੰਘ ਖੋਖ ਨੂੰ ਕਿਹਾ, ਕਿ ਪੰਡਿਤ ਫਕੀਰ ਚੰਦ ਨੂੰ ਬੁਲਾ ਕੇ ਲੈ ਆਉ। ਪੰਡਿਤ ਨੇ ਆ ਕੇ ਨਮਸ਼ਕਾਰ ਕੀਤੀ, ਹਜ਼ੂਰ ਨੇ ਗੁਰਨਾਮ ਸਿੰਘ ਨੂੰ ਕਿਹਾ, ਕਿ ਸਾਡੀ ਕੱਪੜਿਆਂ ਵਾਲੀ ਗੰਢ ਵਿੱਚੋਂ ਇੱਕ ਅਲਫੀ ਕੱਢੋ! ਗੁਰਨਾਮ ਸਿੰਘ ਨੇ ਅਲਫੀ ਕੱਢ ਕੇ ਦਿੱਤੀ। ਹਜ਼ੂਰ ਨੇ ਆਪਣੇ ਪਵਿੱਤਰ ਹੱਥਾਂ ਨਾਲ ਪੰਡਿਤ ਨੂੰ ਬਖਸ਼ ਦਿੱਤੀ। ਉੱਧਰ ਨਿਰੰਤਰ ਚੱਲ ਰਹੀ ਅਖੰਡ ਪਾਠ ਦੀ ਲੜੀ ਵਿੱਚ ਅੱਜ ਸੰਤਾਂ ਸਿੰਘ ਅਹਿਮਦਗੜ੍ਹ ਵਾਲੇ ਦਾ ਅਖੰਡ ਪਾਠ ਆਰੰਭ ਕੀਤਾ ਗਿਆ। ਦੂਸਰੇ ਦਿਨ ਇੱਕੀ ਜੁਲਾਈ ਵਾਲੇ ਦਿਨ ਸਵੇਰੇ ਪਹੁ-ਫੁਟਾਲੇ ਨਾਲ ਫਿਰ ਗੁਰਨਾਮ ਸਿੰਘ ਨੂੰ ਹੁਕਮ ਕੀਤਾ, ਕਿ ਪੰਡਿਤ ਨੂੰ ਬੁਲਾਉ। ਗੁਰਨਾਮ ਸਿੰਘ ਅੱਜ ਫਿਰ ਬੁਲਾ ਲਿਆਇਆ ਅਤੇ ਹਜ਼ੂਰ ਨੇ ਵੀ ਪੰਡਿਤ ਨੂੰ ਇੱਕ ਅਲਫੀ ਅੱਜ ਫਿਰ ਬਖਸ਼ ਦਿੱਤੀ। ਪੰਡਿਤ ਜੀ ਬੋਲੇ, ਮਹਾਰਾਜ ਮੇਰੇ ਕੋਲ ਤਾਂ ਆਪ ਜੀ ਦੀ ਕ੍ਰਿਪਾ ਨਾਲ ਬਹੁਤ ਕੱਪੜੇ ਹਨ। ਹਜ਼ੂਰ ਬੋਲੇ, ਕੋਈ ਗੱਲ ਨਹੀਂ ਇਹ ਵੀ ਲੈ ਲਉ? ਅੱਜ ਦਿਨ ਨੂੰ ਉਜਾਗਰ ਸਿੰਘ ਸੂਰੀ ਜੀ ਦੀ ਮਾਤਾ ਜੀ ਨੇ ਹਜ਼ੂਰ ਦੇ ਚਰਨਾਂ ਵਿੱਚ ਦਸ ਹਜ਼ਾਰ ਰੁਪਏ ਦੀ ਇੱਕ ਕਾਪੀ ਅਰਪਨ ਕੀਤੀ। ਹਜ਼ੂਰ ਨੇ ਸਾਧੂ ਵੇਸ ਧਾਰਨ ਕਰਨ ਤੋਂ ਬਾਅਦ ਸਾਰੀ ਜ਼ਿੰਦਗੀ ਮਾਇਆ ਨੂੰ ਹੱਥ ਨਹੀਂ ਲਾਇਆ, ਪੂਰਨ ਵਿਰੱਕਤੀ ਠਾਠ ਵਿੱਚ ਗੁਜਾਰੀ, ਲੇਕਿਨ ਅੱਜ ਦੇਖੋ, ਅਰਸ਼ੀ ਪ੍ਰੀਤਮ ਦੀ ਚੋਜ, ਮਾਇਆ ਦੀ ਗੱਥੀ ਨੂੰ ਇੱਕ ਹੱਥ ਵਿੱਚੋਂ ਦੂਜੇ ਹੱਥ ਵਿੱਚ ਬਾਰ-ਬਾਰ ਇਉਂ ਬਦਲੀ ਜਾ ਰਹੇ ਹਨ, ਜਿਵੇਂ ਰਬੜ ਦੀ ਬਾਲ ਹੋਵੇ। ਕਾਫੀ ਦੇਰ ਇਉਂ ਚੋਜ ਕਰਦੇ ਰਹੇ, ਆਖਰ ਸੂਰੀ ਨੂੰ ਬੁਲਾ ਕੇ ਮਾਇਆ ਦੀ ਕਾਪੀ ਫੜਾਉਂਦਿਆਂ ਹੁਕਮ ਕੀਤਾ ਇਸ ਨੂੰ ਆਪਣੇ ਕੋਲ ਰੱਖ ਲੈ! ਸੂਰੀ ਜੀ ਤਾਂ ਮਾਇਆ ਲੈ ਕੇ ਲੰਗਰ ਵੱਲ ਆ ਗਏ, ਉੱਧਰ ਚਰਨਾਂ ਵਿੱਚ ਬੈਠੇ ਸੂਰੀ ਜੀ ਦੀ ਮਾਤਾ ਜੀ ਨੂੰ ਪੁੱਛਿਆ? ਤੁਹਾਡਾ ਪਿਛਲਾ ਇਲਾਕਾ ਕਿਹੜਾ ਹੈ? ਮਾਤਾ ਨੇ ਦੱਸਿਆ ਮਹਾਰਾਜ! ਕੱਲਰ ਜ਼ਿਲ੍ਹਾ ਰਾਵਲਪਿੰਡੀ ਸੀ। ਹਜ਼ੂਰ ਨੇ ਦੱਸਿਆ ਕਿ ਅਸੀਂ ਵੀ *ਕੱਲਰ* ਗਏ ਸੀ, ਬਾਹਰ ਘਰਾਟਾਂ ਤੇ ਰਾਤ ਕੱਟੀ ਸੀ। ਮਾਤਾ ਨੇ ਦੱਸਿਆ, ਮਹਾਰਾਜ ਉਹ ਘਰਾਟ ਸਾਡੇ ਹੀ ਸਨ। ਹਜ਼ੂਰ ਨੇ ਫਿਰ ਪੁੱਛਿਆ? ਤੁਹਾਡੇ ਪੇਕੇ ਕਿੱਥੇ ਸਨ? ਮਹਾਰਾਜ! ਖਲੋਲ ਪਿੰਡ ਸਨ (ਜੇਹਲਮ ਦੇ ਕਿਨਾਰੇ), ਮੇਰੇ ਪਿਤਾ ਜੀ ਦਾ ਨਾਮ ਗੁਰਦਿੱਤ ਸਿੰਘ ਸੀ, ਲੇਕਿਨ ਆਮ ਲੋਕ ਸ਼ਾਹ ਜੀ, ਸ਼ਾਹ ਜੀ ਕਰਕੇ ਜਾਣਦੇ ਸਨ। ਹਜ਼ੂਰ ਬੋਲੇ, ਅਸੀਂ ਉਨ੍ਹਾਂ ਦੇ ਕੋਲ ਲੰਗਰ ਛਕਿਆ ਸੀ ਤੇ ਫਿਰ ਦਰਿਆ ਵੀ ਉਨ੍ਹਾਂ ਨੇ ਹੀ ਪਾਰ ਕਰਵਾਇਆ ਸੀ।

ਅੱਜ ਕੋਈ ਡੇਢ ਮਹੀਨੇ ਬਾਅਦ ਹਜ਼ੂਰ ਨੇ ਬਚਨ ਬਿਲਾਸ ਕੀਤੇ। ਐਸਾ ਅੱਜ ਕਿਉਂ ਕੀਤਾ? ਇਸ ਰਾਜ ਨੂੰ ਉਹ ਖੁਦ ਹੀ ਜਾਨਣ।

ਅਗਲੀ ਸਵੇਰ ਬਾਈ ਜੁਲਾਈ ਨੂੰ ਹਜ਼ੂਰ ਨੇ ਫਿਰ ਗੁਰਨਾਮ ਸਿੰਘ ਨੂੰ ਹੁਕਮ ਕੀਤਾ, ਬੁਲਾ ਪੰਡਿਤ ਨੂੰ! ਹਜ਼ੂਰ ਨੇ ਅੱਜ ਫਿਰ ਇੱਕ ਅਲਫੀ ਪੰਡਿਤ ਨੂੰ ਦੇਣੀ ਚਾਹੀ, ਲੇਕਿਨ ਪੰਡਿਤ ਨੇ ਦੋਨੋਂ ਹੱਥ ਜੋੜ ਕੇ ਅਰਜ਼ ਕੀਤੀ, ਮਹਾਰਾਜ

ਮੇਰੇ ਕੋਲ ਤਾਂ ਬਹੁਤ ਕੱਪੜੇ ਹੋ ਗਏ! ਖੋਖ ਵਾਲੇ ਗੁਰਨਾਮ ਸਿੰਘ ਨੇ ਵੀ ਅਰਜ਼ ਕੀਤੀ, ਮਹਾਰਾਜ! ਦੋ ਅਲਫੀਆਂ ਆਪ ਜੀ ਨੇ ਪਹਿਲਾਂ ਬਖਸ਼ ਦਿੱਤੀਆਂ ਹਨ, ਇਸ ਲਈ ਪੰਡਿਤ ਜੀ ਕੋਲ ਤਾਂ ਕੱਪੜਿਆਂ ਦੀ ਕਮੀਂ ਨਹੀਂ ਰਹੀ। ਹਜ਼ੂਰ ਬੋਲੇ, ਅੱਛਾ! ਚੰਗਾ ਫਿਰ ਜਾਹ ਭਾਈ! ਦਿਨ ਚੜੇ ਗੁਰਨਾਮ ਸਿੰਘ ਤਾਂ ਆਗਿਆ ਲੈ ਕੇ ਘਰ ਨੂੰ ਵਾਪਸ ਚਲਾ ਗਿਆ, ਦਿਨ ਨੂੰ ਹਜ਼ੂਰ ਨੇ ਉਜਾਗਰ ਸਿੰਘ ਸੂਰੀ ਨੂੰ ਅੰਦਰ ਬੁਲਾਇਆ, ਉਸ ਸਮੇਂ ਛੋਟੂ ਬਾਬਾ ਜੀ ਅਤੇ ਅਸ਼ੋਕ ਚਾਵਲਾ ਜੀ ਵੀ ਪਾਸ ਸਨ। ਹਜ਼ੂਰ ਬੋਲੇ, ਸੂਰੀ ਸਾਡਾ ਵਿਚਾਰ ਰਿਸ਼ੀਕੇਸ਼ ਜਾਣ ਦਾ ਹੈ ਤੂੰ ਆਪਣੀ ਗੱਡੀ ਤੇ ਲੈ ਚੱਲੇਂਗਾ! ਸੂਰੀ ਨੇ ਅਰਜ਼ ਕੀਤੀ, ਮਹਾਰਾਜ ਗੱਡੀਆਂ ਆਪ ਜੀਆਂ ਦੀਆਂ ਹੀ ਤਾਂ ਹਨ, ਮੈਂ ਤਾਂ ਆਪ ਦਾ ਦਾਸ ਹਾਂ, ਇਸ ਲਈ ਮੈਨੂੰ ਬਹੁਤ ਖੁਸ਼ੀ ਹੋਵੇਗੀ। ਫਿਰ ਕੁੱਝ ਹੋਰ ਗੱਲਾਂ ਕਰਦਿਆਂ ਹਜ਼ੂਰ ਨੇ ਫੁਰਮਾਇਆ, ਕਿ ਸਾਧੂ ਦੇ ਨਿਰਤਕ ਸਰੀਰ ਨੂੰ ਜਲ ਪ੍ਰਵਾਹ ਹੀ ਕਰਨਾ ਚਾਹੀਦਾ ਹੈ, ਕਿਉਂਕਿ ਜਲ ਵਿੱਚ ਰਹਿਣ ਵਾਲੇ ਜੀਵ ਜੰਤੂਆਂ ਦਾ ਇੱਕ ਦਿਨ ਯੱਗ ਬਣ ਜਾਂਦਾ ਹੈ, ਇਸ ਤਰੀਕੇ ਸਰੀਰ ਲੇਖੇ ਲੱਗ ਜਾਂਦਾ ਹੈ। ਫਿਰ ਹਜ਼ੂਰ ਨੇ ਪੁੱਛਿਆ ਸੂਰੀ, ਤੇਰੇ ਕੋਲ ਕੁਟੀਆ ਦੀ ਕਿੰਨੀ ਕੁ ਮਾਇਆ ਹੈ? ਮਹਾਰਾਜ ਇਤਨੀ ਕੁ ਹੈ! ਹਜ਼ੂਰ ਬੋਲੇ, ਅੱਧੀ ਇੱਥੇ ਖਰਚ ਕਰੀਂ, ਅੱਧੀ ਰਿਸ਼ੀਕੇਸ਼। ਸਤ ਬਚਨ ਮਹਾਰਾਜ! ਸੂਰੀ ਸ਼ਾਮ ਨੂੰ ਪੰਜ ਕੁ ਵਜੇ ਲੱਡੂ ਬਣਾਉਣ ਲਈ ਹਲਵਾਈਆਂ ਨੂੰ ਕੁਟੀਆ ਲੈ ਕੇ ਆਇਆ। ਹਜ਼ੂਰ ਨੇ ਸੂਰੀ ਨੂੰ ਬੁਲਾ ਕੇ ਕਿਹਾ ਕਿ ਤੂੰ ਭਾਈ ਆਪਣੇ ਘਰ ਜਾਹ! ਸੂਰੀ ਦਾ ਮਨ ਨਾ ਕਰੇ ਘਰ ਜਾਣ ਨੂੰ ਲੇਕਿਨ ਹਜ਼ੂਰ ਨੇ ਦੁਬਾਰਾ ਫਿਰ ਕਿਹਾ। ਸੂਰੀ ਜੀ ਬਚਨ ਮੰਨ ਕੇ ਘਰ ਨੂੰ ਤਾਂ ਤੁਰ ਗਏ, ਲੇਕਿਨ ਮਨ ਵਿੱਚ ਸੰਸੇ ਉਠਣੇ ਸ਼ੁਰੂ ਹੋ ਗਏ, ਕਿਉਂਕਿ ਜ਼ਿੰਦਗੀ ਵਿੱਚ ਅੱਜ ਇਹ ਪਹਿਲਾ ਸਮਾਂ ਹੈ, ਜਦੋਂ ਹਜ਼ੂਰ ਨੇ ਬਿਨਾਂ ਕਾਰਨ ਮੈਨੂੰ ਘਰ ਨੂੰ ਭੇਜਿਆ ਹੋਵੇ, ਪਰੰਤੂ ਕਾਰਨ ਕੋਈ ਸਮਝ ਵਿੱਚ ਨਾ ਆਵੇ। ਘਰ ਜਾ ਕੇ ਥੋੜ੍ਹੀ ਦੇਰ ਬਾਅਦ ਹੀ ਸੁਨੇਹਾ ਆ ਗਿਆ, ਕਿ ਹਜ਼ੂਰ ਦੀ ਤਬੀਅਤ ਖਰਾਬ ਹੋ ਗਈ ਹੈ। ਸੂਰੀ ਸਾਹਿਬ ਖ਼ਬਰ ਸੁਣਦੇ ਹੀ ਡਾਕਟਰ ਬਚਿੱਤਰ ਸਿੰਘ ਜੀ ਨੂੰ ਨਾਲ ਲੈ ਕੇ ਫੌਰਨ (ਤੁਰੰਤ) ਕੁਟੀਆ ਵਿੱਚ ਪਹੁੰਚ ਗਏ। ਡਾਕਟਰ ਨੇ ਹਾਲਤ ਦੇਖ ਕੇ ਕਿਹਾ, ਕਿ ਜਲਦੀ ਨਾਲ ਹਸਪਤਾਲ ਲੈ ਚੱਲੋ! ਜਦੋਂ ਕਾਰ ਬਰਾਂਡੇ ਕੋਲ ਪਹੁੰਚੀ, ਬਸ ਉਸੀ ਸਮੇਂ ਅਨੇਕਾਂ ਦੁਖੀਆਂ ਦਾ ਮਸੀਹਾ, ਰੋਗੀਆਂ ਦਾ ਵੈਦ, ਪਰਮਾਰਥ ਪਾਂਧੀਆਂ ਦਾ ਸਹਾਰਾ, ਅੰਧਕਾਰ ਦਾ ਵਿਨਾਸ਼ਕ ਅਤੇ ਗਿਆਨ ਦਾ ਮਹਾਨ ਸੂਰਜ 22 ਜੁਲਾਈ, 1983 ਨੂੰ ਸ਼ਾਮ ਦੇ ਸਤ ਵਜੇ ਆਪਣੇ ਪ੍ਰਾਣਾਂ ਦੀ ਪੂੰਜੀ ਗਰੀਬ ਲੋੜਵੰਦਾਂ ਨੂੰ ਲੁਟਾ ਕੇ ਆਪਣੇ ਨਿੱਜ ਦੇਸ ਜਾ ਵਸਿਆ। ਸੰਗਤਾਂ ਵਿੱਚ ਸਨਾਟਾ ਛਾ ਗਿਆ, ਅੰਧੇਰੀ ਰਾਤ ਵਰਗੀ ਸੁੰਨ ਵਰਤ ਗਈ, ਕਿਸੇ ਨੂੰ ਕੁੱਝ ਸੁੱਝ ਨਹੀਂ ਰਿਹਾ, ਲੇਕਿਨ ਆਕਾਸ਼ ਮੰਡਲ ਵਿੱਚੋਂ ਇੱਕ ਬਹੁਤ ਅਜ਼ਬ ਧੁਨੀ ਕੰਨਾਂ ਵਿੱਚ ਪੈ ਰਹੀ ਹੈ, ਜਿਸ ਨੂੰ ਗਹੁ ਨਾਲ ਤੱਕਿਆਂ ਕੁੱਝ ਇਉਂ ਸੁਣਾਈ ਦੇ ਰਿਹਾ ਹੈ—

ਧੰਨ ਜਨਮ ਤੁਮਰੋ ਜਗ ਆਇਯੋ॥ ਸਤਿਨਾਮ ਹਰ ਮੰਤਰ ਦ੍ਰਿੜਾਓ॥
ਧਰਤ ਮੰਡਲ ਮਹਿ ਜਸ ਬਿਸਥਾਰਾ॥ ਪਾਇ ਪਰਮਗਤ ਪੰਥ ਪਧਾਰਾ॥
ਚਿਰੰਕਾਲ ਰਹੈ ਤੇਰੋ ਨਾਮ॥ ਜਾਨਹਿ ਗੁਰੂ ਪੰਥ ਅਭਿਰਾਮ॥

ਸੇਵਕਾਂ ਨੇ ਰਿਸ਼ੀਕੇਸ਼, ਕਰਨਾਲ, ਦਿੱਲੀ, ਆਦਿ ਥਾਵਾਂ ਤੇ ਟੈਲੀਫੋਨ ਕਰ ਦਿੱਤੇ। ਸਭ ਥਾਵਾਂ ਤੇ ਦੱਸ ਦਿੱਤਾ, ਕਿ ਸਵੇਰੇ ਹਜ਼ੂਰ ਦੇ ਸਰੀਰ ਨੂੰ ਲੈ ਕੇ ਕਨਖਲ ਨੂੰ ਚੱਲਾਂਗੇ। ਕੁੱਝ ਸੰਗਤਾਂ ਨੇ ਪਵਿੱਤਰ ਸਰੀਰ ਦੇ ਕੋਲ ਬੈਠ ਕੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਸ਼ੁਰੂ ਕਰ ਦਿੱਤਾ, ਅਤੇ ਜ਼ਿੰਮੇਵਾਰ ਸੱਜਣਾਂ ਨੇ ਕਨਖਲ ਜਾਣ ਵਾਸਤੇ ਗੱਡੀਆਂ ਆਦਿ ਦੀ ਹਰ ਪ੍ਰਕਾਰ ਨਾਲ ਤਿਆਰੀ ਕਰ ਲਈ। ਸਵੇਰੇ ਕੁੱਝ ਰਾਤ ਰਹਿੰਦੀ ਹੀ ਸਾਰੀ ਤਿਆਰੀ ਮੁਕੰਮਲ ਕਰਕੇ ਹੁਣ ਚੱਲਣ ਦਾ ਵਿਚਾਰ ਕੀਤਾ, ਤਾਂ ਸੰਗਤ ਦੇ ਹੁਕਮ ਅਨੁਸਾਰ ਸੇਵਾ ਸਿੰਘ ਮਾਨ ਨੇ ਕਨਖਲ ਜਾਣ ਦੀ ਅਰਦਾਸ ਕੀਤੀ। ਅਰਦਾਸ ਅਜੇ ਸੰਪੂਰਨ ਨਹੀਂ ਸੀ ਹੋਈ, ਇਤਨੇ ਨੂੰ ਕਰਨਾਲ ਤੋਂ ਭਗਤ ਲੱਭਾ ਰਾਮ ਜੀ ਪਹੁੰਚ ਗਏ। ਭਗਤ ਜੀ ਨੇ ਕਿਹਾ ਕਿ ਕਰਨਾਲ ਸੰਗਤ ਬਹੁਤ ਜ਼ਿਆਦਾ ਹੈ, ਸਾਰੀ ਸੰਗਤ ਦਾ ਕਨਖਲ ਪਹੁੰਚਣਾ ਮੁਸ਼ਕਿਲ ਹੈ, ਕਿਉਂਕਿ ਕੁੱਝ ਬੀਮਾਰ ਹਨ, ਕੁੱਝ ਬੁੱਢੇ ਹਨ ਅਤੇ ਕੁੱਝ ਗਰੀਬ ਲੋਕ ਹਨ ਜੋ ਕਿਰਾਇਆ ਨਹੀਂ ਖਰਚ ਸਕਦੇ, ਇਸ ਲਈ ਮਹਾਰਾਜ ਜੀ ਦੇ ਸਰੀਰ ਨੂੰ ਵਾਇਆ ਕਰਨਾਲ ਲੈ ਚੱਲੀਏ, ਤਾਂ ਕਿ ਸਭ ਦਰਸ਼ਨ ਕਰ ਲੈਣ, ਫਿਰ ਕਨਖਲ ਲੈ ਚੱਲਾਂਗੇ। ਭਗਤ ਜੀ ਦਾ ਬਚਨ ਮੰਨ ਕੇ ਕਰਨਾਲ ਵੱਲ ਨੂੰ ਚਾਲੇ ਪਾ ਦਿੱਤੇ, ਤਾਂ ਥੋੜ੍ਹੀ ਦੂਰ ਜਾ ਕੇ ਅਮਰੀਕ ਚੰਦ ਅਤੇ ਦਰਸ਼ਨ ਲਾਲ ਦੋਨੋਂ ਭਰਾ ਮਿਲ ਗਏ, ਉਹ ਵੀ ਨਾਲ ਹੀ ਹੋ ਗਏ। ਇਉਂ ਸੰਗਤਾਂ ਰਸਤੇ ਵਿੱਚ ਮਿਲਦੀਆਂ ਗਈਆਂ ਅਤੇ ਗੱਡੀਆਂ ਦਾ ਕਾਫਲਾ ਵੱਧਦਾ ਗਿਆ, ਥੋੜ੍ਹਾ ਦਿਨ ਚੜ੍ਹਦੇ ਨੂੰ ਕਰਨਾਲ ਪਹੁੰਚ ਗਏ। ਇੱਧਰ ਰਿਸ਼ੀਕੇਸ਼ ਤੋਂ ਮਹੰਤ ਮਹਾਰਾਜ ਜੀ ਅਤੇ ਸੰਤ

ਜੋਧ ਸਿੰਘ ਜੀ ਕਨਖਲ ਆ ਕੇ ਉਡੀਕ ਕਰਨ ਲੱਗੇ। ਕਾਫੀ ਦਿਨ ਚੜ੍ਹ ਆਇਆ, ਅਜੇ ਤੱਕ ਕਨਖਲ ਨਾ ਕੋਈ ਗੱਡੀ ਪਹੁੰਚੀ ਅਤੇ ਨਾ ਹੀ ਕੋਈ ਸੰਦੇਸ਼ਾ। ਮਹੰਤ ਮਹਾਰਾਜ ਜੀ ਅਤੇ ਸੰਤ ਜੋਧ ਸਿੰਘ ਜੀਆਂ ਦੇ ਮਨਾਂ ਵਿੱਚ ਸ਼ੱਕ ਜਿਹਾ ਪੈਦਾ ਹੋ ਗਿਆ, ਕਿ ਮਹਾਰਾਜ ਜੀਆਂ ਦੇ ਪਵਿੱਤਰ ਸਰੀਰ ਨੂੰ ਕਿਤੇ ਕਰਨਾਲ ਹੀ ਨਾ ਲੈ ਗਏ ਹੋਣ ? ਸੰਤ ਜੋਧ ਸਿੰਘ ਜੀ ਨੇ ਨਿਰਮਲ ਅਖਾੜੇ ਵਿੱਚ ਜਾ ਕੇ ਕਰਨਾਲ ਦੋ-ਤਿੰਨ ਘਰਾਂ ਵਿੱਚ ਫੋਨ ਕੀਤੇ, ਲੇਕਿਨ ਕੁੱਝ ਪਤਾ ਨਾ ਲੱਗਿਆ, ਕਿਉਂਕਿ ਕਿਸੇ ਵੀ ਘਰ ਕੋਈ ਸਿਆਣਾ ਬੰਦਾ ਫੋਨ ਤੇ ਨਾ ਮਿਲਿਆ ਸਵਾਏ ਬੱਚਿਆਂ ਤੋਂ। ਸੰਤ ਜੋਧ ਸਿੰਘ ਜੀ ਸਮਝ ਗਏ ਕਿ ਸਭ ਸੰਗਤ ਕੁਟੀਆ ਹੀ ਪਹੁੰਚੀ ਹੋਈ ਹੈ, ਤਾਂ ਹੀ ਕੋਈ ਫੋਨ ਤੇ ਨਹੀਂ ਮਿਲ ਰਿਹਾ। ਆ ਕੇ ਮਹੰਤ ਮਹਾਰਾਜ ਜੀ ਨੂੰ ਸਾਰੀ ਗੱਲ ਦੱਸੀ, ਸਲਾਹ ਕਰਕੇ ਦੋਨੋਂ ਮਹਾਂਪੁਰਸ਼ ਕਰਨਾਲ ਨੂੰ ਚੱਲ ਪਏ। ਕਰਨਾਲ ਤੋਂ ਅਜੇ ਪੰਜ-ਸੱਤ ਕਿਲੋਮੀਟਰ ਪਿੱਛੇ ਹੀ ਸਨ ਜਦੋਂ ਸਾਹਮਣਿਉਂ ਗੁਰਾਇਆ ਵਾਲੇ ਸੂਰੀ ਆਦਿਕ ਆਉਂਦੇ ਮਿਲੇ, ਉਨ੍ਹਾਂ ਨੇ ਸਾਰੀ ਗੱਲ ਦੱਸੀ। ਮਹੰਤ ਜੀ ਨੇ ਉਨ੍ਹਾਂ ਨੂੰ ਵੀ ਵਾਪਸ ਮੋੜ ਲਿਆ, ਤਾਂ ਕਰਨਾਲ ਕੁਟੀਆ ਪਹੁੰਚ ਗਏ। ਅੱਗੇ ਸੰਗਤਾਂ ਭਾਰੀ ਗਿਣਤੀ ਵਿੱਚ ਇਕੱਠੀਆਂ ਹੋਈਆਂ ਸਨ, ਗੁਰਾਇਆ ਵਾਲੇ ਆਪਣਾ ਪੱਖ ਦੱਸ ਰਹੇ ਸਨ, ਜੋ ਉਨ੍ਹਾਂ ਦੇ ਹਜ਼ੂਰ ਦੇ ਇਸ਼ਾਰੇ ਸਮਝੇ ਸਨ, ਉੱਧਰ ਕਰਨਾਲ ਵਾਲੇ ਆਪਣੇ ਪੱਖ ਤੇ ਦ੍ਰਿੜ ਸਨ। ਮਹੰਤ ਮਹਾਰਾਜ ਜੀ ਨੇ ਵੀ ਦਲੀਲ ਨਾਲ ਕੁੱਝ ਸਮਝਾਇਆ, ਲੇਕਿਨ ਕੋਈ ਅਸਰ ਨਾ ਹੋਇਆ, ਆਖਰ ਉੱਥੇ ਹੀ ਸਸਕਾਰ ਕਰਨ ਦਾ ਫੈਸਲਾ ਹੋ ਗਿਆ। ਥੋੜ੍ਹੀ ਦੇਰ ਵਿੱਚ ਚਿਖਾ ਆਦਿ ਦਾ ਪ੍ਰਬੰਧ ਕਰਕੇ ਸੰਗਤਾਂ ਦੇ ਸਮੁੰਦਰ ਦੀ ਤਰ੍ਹਾਂ ਠਾਠਾਂ ਮਾਰ ਰਹੇ ਇਕੱਠ ਦੇ ਸਾਹਮਣੇ, ਪਰਉਪਕਾਰ ਦਾ ਰੂਪ ਹੋਏ ਪਵਿੱਤਰ ਸਰੀਰ ਨੂੰ ਜੋ ਗਰੀਬਾਂ, ਮਜ਼ਲੂਮਾਂ, ਦੁਖੀਆਂ, ਅਨਾਥਾਂ ਅਤੇ ਲੋੜਵੰਦਾਂ ਦੇ ਦੁੱਖਾਂ ਨਾਲ ਸੜ ਰਹੀ ਹਿਰਦੇ ਰੂਪੀ ਧਰਤੀ ਤੇ ਤਕਰੀਬਨ ਅੱਧੀ ਸਦੀ ਬੱਦਲ ਦਾ ਰੂਪ ਹੋ ਕੇ ਵਰਸਿਆ, ਅਗਨੀ ਦੇ ਭੇਟ ਕਰ ਦਿੱਤਾ। ਧਰਤੀ ਦੀ ਤਪਸ਼ ਮਿਟਾਉਣ ਲਈ ਸਮੁੰਦਰ ਵਿੱਚੋਂ ਉਠਿਆ ਬੱਦਲ ਮਾਨੋਂ ਜ਼ੋਰਦਾਰ ਵਰਸ਼ਾ ਬਰਸਾ ਕੇ ਫਿਰ ਸਮੁੰਦਰ ਵਿੱਚ ਜਾ ਮਿਲਿਆ ਯਥਾ—

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥

*(ਬਿਲਾਵਲੁ ਮ: ੫, ਪੰਨਾ-੮੪੬)*

ਅਰਸ਼ਾਂ ਵਿੱਚੋਂ ਦੇਵਤੇ ਪੁਸ਼ਪ ਬਰਸਾ ਕਰ ਰਹੇ ਹਨ ਅਤੇ ਮਧੁਰ-ਮਧੁਰ ਧੁਨੀ ਦੀ ਆਵਾਜ਼ ਕੰਨਾਂ ਵਿੱਚ ਪ੍ਰਵੇਸ਼ ਕਰਕੇ ਹਿਰਦੇ ਦੀ ਡੂੰਘਾਈ ਤੱਕ ਉਤਰ ਰਹੀ ਹੈ, ਜਿਸ ਦੇ ਅੱਖਰ ਕੁੱਝ ਇਉਂ ਸੁਣਾਈ ਦੇ ਰਹੇ ਹਨ—

ਗੁਰਮੁਖਿ ਲੰਘੇ ਸੇ ਪਾਰਿ ਪਏ ਸਚੇ ਸਿਉ ਲਿਵ ਲਾਇ॥
ਆਵਾ ਗਉਣੁ ਨਿਵਾਰਿਆ ਜੋਤੀ ਜੋਤਿ ਮਿਲਾਇ॥
ਆਵਾ ਗਉਣੁ ਨਿਵਾਰਿਆ ਜੋਤੀ ਜੋਤਿ ਮਿਲਾਇ॥
ਆਵਾ ਗਉਣੁ ਨਿਵਾਰਿਆ ਜੋਤੀ ਜੋਤਿ ਮਿਲਾਇ॥

*(ਮਾਰੂ ਮ: ੧, ਪੰਨਾ-੧੦੦੯)*

ਇਸ ਪ੍ਰਕਾਰ ਬਾਈ ਜੁਲਾਈ ਸਤ ਸਾਵਨ, ਹਾੜ ਸ਼ੁਦੀ ਤੇਰਾਂ ਵਾਲੇ ਦਿਨ ਨੂੰ ਮਹਾਂਪੁਰਸ਼ਾਂ ਨੇ ਗੁਰਾਇਆ ਵਿਖੇ ਪੰਜ ਭੌਤਿਕ ਸਰੀਰ ਨੂੰ ਤਿਆਗਿਆ ਸੀ, ਉਸ ਪਵਿੱਤਰ ਸਰੀਰ ਦਾ ਅੱਜ ਤੇਈ ਜੁਲਾਈ ਅੱਠ ਸਾਵਨ ਹਾੜ ਸ਼ਦੀ ਚੌਦਸ ਨੂੰ ਕਰਨਾਲ ਕੁਟੀਆ ਵਿਖੇ ਅੰਤਿਮ ਸਸਕਾਰ ਕਰ ਦਿੱਤਾ ਗਿਆ।

ਉੱਧਰ ਗੁਰਾਇਆ ਕੁਟੀਆ ਵਿਖੇ ਪੰਡਿਤ ਫਕੀਰ ਚੰਦ ਜੀ ਜਿਨ੍ਹਾਂ ਨੂੰ ਹਜ਼ੂਰ ਨੇ ਦੋ ਦਿਨ ਆਪਣੇ ਪਵਿੱਤਰ ਹੱਥਾਂ ਨਾਲ ਚੋਲੇ ਬਖਸ਼ਿਸ਼ ਕੀਤੇ ਸਨ, ਉਹ ਵੀ ਅੱਜ ਤੇਈ ਜੁਲਾਈ ਨੂੰ ਯਾਨੀ ਹਜ਼ੂਰ ਦਾ ਸਰੀਰ ਕੁਟੀਆ ਵਿੱਚੋਂ ਜਾਣ ਤੋਂ ਕੁੱਝ ਘੰਟਿਆਂ ਬਾਅਦ ਹੀ ਦਿਨ ਦੇ ਇੱਕ ਵਜੇ, ਲੰਗਰ ਦੀ ਸੇਵਾ ਕਰਦੇ-ਕਰਦੇ ਉਸੀ ਜਗ੍ਹਾਂ ਚਾਦਰ ਲੈ ਕੇ ਲੇਟ ਗਏ, ਜਿਸ ਜਗ੍ਹਾ ਕੱਲ੍ਹ ਹਜ਼ੂਰ ਨੇ ਆਪਣਾ ਸਰੀਰ ਤਿਆਗਿਆ ਸੀ। ਥੋੜ੍ਹੀ ਦੇਰ ਬਾਅਦ ਜਦੋਂ ਕਿਸੇ ਨੇ ਦੇਖੇ, ਤਾਂ ਪੰਡਿਤ ਫਕੀਰ ਚੰਦ ਜੀ ਦਾ ਕੇਵਲ ਸਰੀਰ ਰੂਪੀ ਪਿੰਜਰਾ ਪਿਆ ਸੀ, ਅਤੇ ਹੰਸ ਵਿੱਚੋਂ ਉਡਾਰੀ ਮਾਰ ਚੁੱਕਿਆ ਸੀ। ਪੰਡਿਤ

ਜੀ ਦੇ ਸ਼ਾਇਦ ਦੋ ਜਨਮ ਅਜੇ ਬਕਾਇਆ ਸਨ, ਪਰੰਤੂ ਉਸਦੀ ਕਿਸੇ ਸੇਵਾ ਤੇ ਰੀਝ ਕੇ, ਅਰਸ਼ੀ ਪ੍ਰੀਤਮ ਨੇ ਆਖਰੀ ਦੋ ਦਿਨ ਦੋ ਚੋਲੇ ਬਖਸ਼ ਕੇ ਪੰਡਿਤ ਜੀ ਦਾ ਲੇਖਾ ਸਮਾਪਤ ਕਰ ਦਿੱਤਾ।

ਉੱਧਰ ਕਰਨਾਲ ਵਿੱਚ ਮਹਾਂਪੁਰਸ਼ਾਂ ਦੇ ਪਾਵਨ ਸਰੀਰ ਨੂੰ ਅਗਨ ਭੇਟ ਕਰਨ ਉਪਰੰਤ ਮਹੰਤ ਮਹਾਰਾਜ ਜੀ ਅਤੇ ਹੋਰ ਸੰਗਤਾਂ ਨੇ ਬੈਠ ਕੇ ਵਿਚਾਰ ਕੀਤਾ, ਕਿ ਚੌਥੇ ਦਿਨ ਸਤੀ ਘਾਟ ਕਨਖਲ ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀਆਂ ਦੇ ਪਾਵਨ ਚਰਨਾਂ ਵਿੱਚ ਪਵਿੱਤਰ ਸਰੀਰ ਦੀਆਂ ਅਸਥੀਆਂ ਗੰਗਾ ਪ੍ਰਵਾਹ ਕੀਤੀਆਂ ਜਾਣਗੀਆਂ। ਦਸਵੇਂ ਦਿਨ ਹਜ਼ੂਰ ਦੀ ਪਵਿੱਤਰ ਯਾਦ ਵਿੱਚ ਗੁਰਾਇਆ ਕੁਟੀਆ ਵਿਖੇ ਦੁਸਹਿਰਾ ਮਨਾਇਆ ਜਾਵੇਗਾ। ਬਾਰ੍ਹਵੇਂ ਦਿਨ ਹਜ਼ੂਰ ਦੀ ਪਾਵਨ ਯਾਦ ਵਿੱਚ ਕਨਖਲ ਸਮਾਗਮ ਹੋਣਗੇ ਅਤੇ ਸਤਾਰਵੇਂ ਦਿਨ ਕਰਨਾਲ ਕੁਟੀਆ ਵਿਖੇ ਅੰਤਿਮ ਅਰਦਾਸ ਕੀਤੀ ਜਾਵੇਗੀ। ਇਸੇ ਤਰ੍ਹਾਂ ਖੋਖ, ਲੋਪੋ ਅਤੇ ਕਈ ਨਗਰਾਂ ਵਿੱਚ ਯਾਦਗਾਰੀ ਸਮਾਗਮਾਂ ਲਈ ਮਹੰਤ ਮਹਾਰਾਜ ਜੀ ਨੇ ਤਾਰੀਖਾਂ ਬਖਸ਼ਿਸ਼ ਕੀਤੀਆਂ। ਸਾਰੇ ਥਾਵਾਂ ਤੇ ਜਿੱਥੇ-ਜਿੱਥੇ ਹਜ਼ੂਰ ਦੀ ਪਾਵਨ ਯਾਦ ਵਿੱਚ ਸਮਾਗਮ ਹੋਏ ਸੰਤ ਜੋਧ ਸਿੰਘ ਜੀ ਅਤੇ ਛੋਟੂ ਬਾਬਾ ਜੀ ਨੂੰ ਨਾਲ ਲੈ ਕੇ ਮਹੰਤ ਜੀ ਮਹਾਰਾਜ ਪਹੁੰਚੇ। ਆਪ ਜੀਆਂ ਨਾਲ ਪੂਜਯ ਵਿਰੱਕਤ ਮਹਾਰਾਜ ਜੀਆਂ ਦਾ ਇੱਕ ਸਿੰਧੀ ਸ਼ਿਸ਼ ਸ੍ਰੀ ਹੀਰਾ ਨੰਦ ਜੀ ਅਤੇ ਮਾਤਾ ਮੋਹਨੀਬਾਈ ਮਨਸੁਖਾਨੀ ਬੰਬਈ ਵਾਲੇ ਵੀ ਤਕਰੀਬਨ ਸਭ ਸਮਾਗਮਾਂ ਤੇ ਗਏ। ਜੱਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਵੀ ਗੁਰਾਇਆ ਸਮਾਗਮ 'ਤੇ ਪਹੁੰਚੇ। ਉਸ ਸਮਾਗਮ ਤੇ ਪੂਜਯ ਮਹਾਰਾਜ ਜੀਆਂ ਨੂੰ ਸ਼ਰਧਾਜਲੀ ਅਰਪਨ ਕਰਦਿਆਂ ਟੌਹੜਾ ਜੀ ਨੇ ਐਲਾਨ ਕੀਤਾ, ਕਿ ਵਿਰੱਕਤ ਮਹਾਰਾਜ ਜੀਆਂ ਦੀ ਯਾਦ ਵਿੱਚ ਜਿੱਥੇ-ਜਿੱਥੇ ਵੀ ਸਮਾਗਮ ਹੋਣਗੇ, ਮੈਂ ਸਭ ਥਾਵਾਂ ਤੇ ਪਹੁੰਚਣ ਦੀ ਕੌਸ਼ਿਸ਼ ਕਰੂੰਗਾ। ਟੌਹੜਾ ਜੀ ਨੇ ਕੀਤਾ ਵੀ ਇਸੇ ਤਰ੍ਹਾਂ ਹੀ, ਇੱਕ ਦੋ ਅਸਥਾਨ ਸ਼ਾਇਦ ਕਿਸੇ ਰੁਝੇਵੇਂ ਦੇ ਕਾਰਨ ਰਹਿ ਗਏ ਹੋਣ, ਬਾਕੀ ਸਭ ਅਸਥਾਨਾਂ ਤੇ ਪਹੁੰਚ ਕੇ, ਉਨ੍ਹਾਂ ਨੇ ਵੀ ਹਜ਼ੂਰ ਦੇ ਚਰਨਾਂ ਵਿੱਚ ਸ਼ਰਧਾ ਦੇ ਫੁੱਲ ਭੇਟਾ ਕੀਤੇ।

## ਵਿਰੱਕਤ ਮਹਾਰਾਜ ਜੀਆਂ ਦੇ ਜੀਵਨ ਦੀਆਂ ਕੁੱਝ ਵਿਸ਼ੇਸ਼ ਝਲਕੀਆਂ

- 1894 ਈ: ਵਿੱਚ ਆਪ ਜੀਆਂ ਦਾ ਸੰਸਾਰ ਤੇ ਆਉਣਾ ਹੋਇਆ।
- 1913-14 ਈ: ਵਿੱਚ ਫੌਜ ਵਿੱਚ ਭਰਤੀ ਹੋਏ।
- 1916 ਈ: ਵਿੱਚ ਫੋਜ ਵਿੱਚੋਂ ਵਾਪਸ ਆ ਗਏ।
- 1923 ਈ: ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਪਾਵਨ ਸਰੋਵਰ ਦੀ ਕਾਰ ਸੇਵਾ ਤੇ ਬਾਬਾ ਬੁੱਢਾ ਸਿੰਘ ਜੀ ਦੇ ਪਹਿਲੇ ਦਰਸ਼ਨ ਹੋਏ।
- 1927 ਈ: ਵਿੱਚ ਘਰ-ਬਾਰ ਦਾ ਤਿਆਗ ਕਰਕੇ ਸਾਧੂ ਬਣ ਗਏ।
- 1928-29 ਈ: ਵਿੱਚ ਕਾਸ਼ੀ ਪੜ੍ਹਣ ਗਏ, ਜੋ ਪੌਣੇ ਕੁ ਦੋ ਸਾਲਾਂ ਬਾਅਦ ਹੀ ਵਾਪਸ ਆ ਗਏ।
- 1938 ਈ: ਵਿੱਚ ਹਰਿਦੁਆਰ ਕੁੰਭ ਮੇਲੇ ਤੇ ਸੰਤ ਭਗਤ ਸਿੰਘ ਜੀ, ਬਾਬਾ ਬੇਅੰਤ ਸਿੰਘ ਜੀ ਅਤੇ ਸੰਤ ਦਰਸ਼ਨ ਜੀ ਪਹਿਲੀ ਵਾਰ ਮਿਲੇ।
- 1944 ਈ: ਵਿੱਚ ਖੋਖ ਪਿੰਡ ਪਹਿਲੀ ਵਾਰ ਗਏ।
- 1950 ਈ: ਵਿੱਚ ਕਰਨਾਲ ਪਹਿਲੀ ਵਾਰ ਗਏ।
- 1967 ਈ: ਵਿੱਚ ਗੁਰਾਇਆ ਨਗਰ ਪਹਿਲੀ ਵਾਰ ਗਏ।

## ਮਾਇਆ ਬਾਰੇ ਆਪ ਜੀ ਦੇ ਵਿਚਾਰ

ਇੱਕ ਦਫਾ ਮਹੰਤ ਰਾਮ ਸਿੰਘ ਜੀਆਂ ਨੇ ਜਿਸ ਸਮੇਂ ਬੈਂਕ ਵਿੱਚ ਨੌਕਰੀ ਕਰਦੇ ਸਨ, ਸਾਰੇ ਪੈਸੇ ਲੰਗਰ ਵਿੱਚ ਪਾ ਦਿੱਤੇ, ਤਾਂ ਪੂਜਯ ਵਿਰੱਕਤ ਮਹਾਰਾਜ ਜੀ ਨੇ ਹੁਕਮ ਕੀਤਾ, ਕਿ ਮਾਇਆ ਕੋਈ ਬੁਰੀ ਵਸਤੂ ਨਹੀਂ, ਮਾਇਆ ਦਾ

ਮੋਹ ਬੁਰਾ ਹੈ, ਕਿਉਂਕਿ ਇਹ ਵੀ ਕਰਤਾਰ ਦੀ ਕਿਰਤ ਹੈ, ਯਥਾ ਗੁਰੂ ਵਾਕ—

ਆਪਿ ਸਤਿ ਕੀਆ ਸਭੁ ਸਤਿ ॥

*(ਸੁਖਮਨੀ ਸਾਹਿਬ, ਪੰਨਾ-੨੮੪)*

ਇਸ ਲਈ ਕਰਤਾਰ ਦੀ ਕਿਰਤ ਹੋਣ ਕਰਕੇ ਬੁਰੀ ਨਹੀਂ ਹੈ, ਇਸ ਦੀ ਵਰਤੋਂ ਵੇਲੇ ਧਿਆਨ ਰੱਖਣਾ ਹੈ ਕਿ ਕਿਰਤ ਨਾਲ ਮੋਹ ਨਾ ਪੈ ਜਾਵੇ, ਧਿਆਨ ਹਮੇਸ਼ਾਂ ਕਰਤਾਰ ਵੱਲ ਰਹੇ ਅਤੇ ਦਾਤ ਨਾਲ ਮੋਹ ਨਾ ਪੈ ਜਾਵੇ, ਦਾਤੇ ਨਾਲ ਪ੍ਰੇਮ ਬਣਿਆ ਰਹੇ, ਇਸ ਲਈ ਮਾਇਆ ਤਿਆਗਣੀ ਨਹੀਂ, ਮਾਇਆ ਦਾ ਮੋਹ ਤਿਆਗਣਾ ਹੈ।

## ਗੁਰੂ ਨਾਲ ਪਿਆਰ

ਕਿਸੇ ਸਮੇਂ ਆਪ ਜੀ ਨੇ ਫੁਰਮਾਣ ਕੀਤਾ ਸੀ, ਕਿ ਸਾਡੇ ਗੁਰਦੇਵ ਕਲਾਵਾਨ ਮਹਾਂਪੁਰਸ਼ ਸਨ। ਐਸੇ ਮਹਾਂਪੁਰਸ਼ ਸੰਸਾਰ ਵਿੱਚ ਕਦੇ-ਕਦੇ ਆਇਆ ਕਰਦੇ ਹਨ।

## ਗੁਰੂ ਅਸਥਾਨ ਨਾਲ ਪਿਆਰ

ਆਪ ਭਾਵੇਂ ਸਾਧੂ ਜੀਵਨ ਦਾ ਲੰਮਾ ਸਮਾਂ ਹਰ ਪ੍ਰਕਾਰ ਦੇ ਤਿਆਗ ਨਾਲ ਦ੍ਰਿਸ਼ਟਮਾਨ ਵਸਤੂਆਂ ਦੇ ਕਿਸੇ ਵੀ ਦਾਹਵੇ ਤੋਂ ਨਿਰਲੇਪ, ਕੱਖਾਂ, ਕਾਨਿਆਂ ਦੀਆਂ ਕੁੱਲ੍ਹੀਆਂ ਵਿੱਚ ਗੁਜ਼ਾਰਿਆ, ਲੇਕਿਨ ਗੁਰੂ ਅਸਥਾਨ ਨਾਲ ਪਿਆਰ ਇਤਨਾ ਸੀ ਕਿ ਇੱਕ ਦਫਾ ਵਿਰੱਕਤ ਕੁਟੀਆ ਵਾਲੇ ਨਿਰਮਲ ਬਾਗ ਕਨਖਲ ਦੇ ਉਸ ਥਾਂ ਤੇ ਧੱਕੇ ਨਾਲ ਕੰਧ ਕੱਢਣ ਲੱਗੇ, ਤਾਂ ਆਪ ਜੀ ਡਾਂਗ ਫੜ ਕੇ ਖੜੇ ਹੋ ਗਏ, ਕਿ ਆਉ ਫਿਰ ਜਿਸ ਨੇ ਅੱਗੇ ਆਉਣਾ ਹੈ।

ਕਿਸੇ ਸਮੇਂ ਆਪ ਜੀ ਨੇ ਆਖਿਆ ਸੀ ਕਿ ਜਿਹੜਾ ਇਨਸਾਨ ਨਿਰਮਲ ਆਸ਼ਰਮ ਦੀਆਂ ਇੱਟਾਂ ਨਾਲ ਵੀ ਪਿਆਰ ਕਰਦਾ ਹੈ, ਉਹ ਵੀ ਸਾਨੂੰ ਬਹੁਤ ਪਿਆਰਾ ਲੱਗਦਾ ਹੈ। ਇਸੇ ਤਰ੍ਹਾਂ ਕਨਖਲ ਵਾਲੇ ਅਸਥਾਨ ਦਾ ਝਗੜਾ ਵੀ ਆਪ ਨੇ ਕਲਾ ਵਰਤਾ ਕੇ ਹੀ ਮੁਕਾਇਆ। 1973 ਵਿੱਚ ਮਹੰਤ ਆਤਮਾ ਸਿੰਘ ਜੀ ਦੇ ਸਰੀਰ ਛੱਡ ਜਾਣ ਤੇ ਆਪ ਨੇ ਭਵਿੱਖਤ ਨੂੰ ਵਾਚਦੇ ਹੋਏ ਸੰਤ ਨਾਰਾਇਣ ਸਿੰਘ ਜੀ ਨੂੰ ਯੋਗ ਜਾਣ ਕੇ ਮਹੰਤੀ ਦੀ ਪੱਗ ਦਿੱਤੀ, ਜਦੋਂ ਕਿ ਮਹੰਤੀ ਦੇ ਚਾਹਵਾਨ ਹੋਰ ਵੀ ਸੱਜਣ ਝਗੜੇ ਤੇ ਤੁਲੇ ਹੋਏ ਸਨ।

## ਸਿੱਖ ਪੰਥ ਨਾਲ ਪਿਆਰ

ਇੱਕ ਸਮੇਂ ਦਾ ਜ਼ਿਕਰ ਮਹੰਤ ਗੁਰਬਚਨ ਸਿੰਘ ਬਰਨਾਲੇ ਵਾਲਿਆਂ ਨੇ ਅਰਜ਼ ਕੀਤੀ, ਮਹਾਰਾਜ ਡੇਰੇ ਦੀ ਜ਼ਮੀਨ ਲੋਕ ਦੱਬੀ ਜਾ ਰਹੇ ਹਨ, ਵਟਾਈ ਤੇ ਠੇਕਾ ਦੇਣ ਤੋਂ ਵੀ ਇਨਕਾਰੀ ਹੋ ਗਏ ਹਨ, ਆਪ ਦਾ ਹੁਕਮ ਹੋਵੇ ਕਿਸੇ ਦੇ ਨਾ ਲਗਵਾ ਕੇ ਝਗੜਾ ਮੁਕਾ ਦਿਆਂ। ਆਪ ਜੀ ਨੇ ਹੁਕਮ ਕੀਤਾ, ਇਹ ਜਾਇਦਾਦ ਪੰਥ ਦੀ ਹੈ ਇਸ ਲਈ ਪੰਥ ਦੇ ਨਾਮ ਲਵਾ ਦੇ, ਯਾਨੀ ਪੰਥ ਦੀ ਜੱਥੇਬੰਦੀ ਸ਼੍ਰੋਮਣੀ ਕਮੇਟੀ ਦੇ ਨਾਮ ਲਗਵਾ ਦੇ। ਪੰਥ ਦੀ ਚੀਜ਼ ਹੋਰ ਕਿਸੇ ਨੂੰ ਨਾ ਦੇਵੀਂ।

## ਗੁਰਬਾਣੀ ਅਤੇ ਗੁਰੂ ਨਾਨਕ ਦੇ ਘਰ ਨਾਲ ਪਿਆਰ

ਆਪ ਜੀ ਭਾਵੇਂ ਗਿਆਨ ਦੀ ਪੂਰਨ ਅਵਸਥਾ ਵਿੱਚ ਸਥਿੱਤ ਹੋ ਕੇ ਸਾਰੇ ਚਰ-ਅਚਰ, ਸੂਖਮ, ਅਸਥੂਲ ਸੰਸਾਰ ਨੂੰ ਹਰੀ ਦਾ ਰੂਪ ਜਾਣਦੇ ਹੋਏ **ਨਾਨਕ ਏਕੋ ਰਵਿ ਰਹਿਆ ਦੂਸਰ ਹੋਆ ਨ ਹੋਗੁ** ਵਾਲੀ ਪਰਪੱਕ ਬ੍ਰਹਮ ਦ੍ਰਿਸ਼ਟੀ ਵਿੱਚ ਵਿਚਰਦੇ ਸਨ ਪਰੰਤੂ ਫਿਰ ਵੀ ਜਿਹੜਾ ਪੁਰਸ਼ ਗੁਰੂ ਨਾਨਕ ਦੇ ਘਰ ਦਾ ਸੱਚੇ ਦਿਲੋਂ ਪਿਆਰ ਸਤਿਕਾਰ ਕਰਦਾ ਸੀ, ਉਹ ਆਪ ਨੂੰ ਬਹੁਤ ਪਿਆਰਾ ਲੱਗਦਾ ਸੀ। ਸੰਨ 1969 ਈ: ਵਿੱਚ ਜਿਸ ਵਕਤ ਸੰਤ ਗੁਰਬਚਨ ਸਿੰਘ ਜੀ ਭਿੰਡਰਾਂ ਵਾਲਿਆਂ ਦਾ ਸਰੀਰ ਸ਼ਾਂਤ ਹੋਇਆ ਤਾਂ ਉਸ ਸਮੇਂ ਆਪ ਖੋਖ ਨਗਰ ਰੁੱਕੇ ਹੋਏ ਸਨ। ਉੱਥੋਂ ਦੀ ਸੰਗਤ ਨੂੰ ਹੁਕਮ ਕੀਤਾ, ਕਿ ਭਾਈ! ਸੰਤ ਗੁਰਬਚਨ ਸਿੰਘ ਜੀ ਨੇ ਗੁਰਬਾਣੀ ਅਤੇ ਗੁਰੂ ਨਾਨਕ ਦੇ ਘਰ ਦਾ ਬਹੁਤ ਪ੍ਰਚਾਰ ਕੀਤਾ ਹੈ, ਇਸ

ਲਈ ਉਨ੍ਹਾਂ ਨਮਿੱਤ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੇ ਇਤਿਹਾਸਕ ਅਸਥਾਨ ਤੇ ਪਿੰਡ ਅਗੌਲ ਵਿਖੇ ਅਖੰਡ ਪਾਠ ਸਾਹਿਬ ਕਰੋ। ਸੰਗਤ ਨੇ ਹੁਕਮ ਅਨੁਸਾਰ ਬੜੇ ਸ਼ਰਧਾ ਪ੍ਰੇਮ ਨਾਲ ਅਖੰਡ ਪਾਠ ਸਾਹਿਬ ਕੀਤਾ, ਉਪਰੰਤ ਆਪ ਜੀ ਨੇ ਕਥਾ ਵੀ ਕੀਤੀ।


## ਗੁਰਦੁਵਾਰਿਆਂ ਦੀ ਸੇਵਾ

ਆਪ ਜੀ ਨੇ ਜਿੱਥੇ ਗੁਰਬਾਣੀ ਦਾ ਬੇਅੰਤ ਪ੍ਰਚਾਰ ਕੀਤਾ, ਉੱਥੇ ਕਈ ਥਾਂ ਗੁਰ ਅਸਥਾਨਾਂ ਦੀ ਸੇਵਾ ਵੀ ਕਰਵਾਈ, ਜਿਵੇਂ ਕਿ ਪਿੰਡ ਦੌਦ, ਦੁਧਾਲ, ਸ਼ੇਰਪੁਰਗਰਿੰਡ ਅਤੇ ਭੁੰਗਰਨੀ (ਹੁਸ਼ਿਆਰਪੁਰ), ਗੁਰਾਇਆ, ਖੋਖ, ਅਗੌਲ, ਬਿਰੜਵਾਲ, ਅਲੌਹਰਾਂ, ਬਿਸ਼ਨਪੁਰਾ (ਲੋਪੋਂ), ਕੁਰਾਲੀ ਅਤੇ ਨਬੀਆਬਾਦ (ਕਰਨਾਲ)। ਅਗੌਲ ਪਿੰਡ ਨੌਵੇਂ ਪਾਤਿਸ਼ਾਹ ਦੇ ਅਸਥਾਨ ਤੇ ਜਿੱਥੇ ਗੁਰਦੁਵਾਰਾ ਸਾਹਿਬ ਬਣਾਇਆ, ਉੱਥੇ ਸਰੋਵਰ ਦੀ ਨੀਂਹ ਵੀ ਰੱਖੀ। ਪਿੰਡ ਬੌੜਾਂ ਨਜ਼ਦੀਕ ਨਾਭਾ ਨੌਵੇਂ ਪਾਤਿਸ਼ਾਹ ਦੇ ਅਸਥਾਨ ਤੇ ਗੁਰਦੁਵਾਰਾ ਸਾਹਿਬ ਦੀ ਨੀਂਹ ਰੱਖੀ। ਖਾਲਸਾ ਹਾਈ ਸਕੂਲ ਨਾਭਾ, ਜਿਹੜਾ ਕਿਸੇ ਸਮੇਂ ਆਰਥਿਕ ਤੌਰ ਤੇ ਮਰ ਮੁੱਕ ਚੁੱਕਿਆ ਸੀ ਉਸ ਨੂੰ ਮਾਲੀ ਸ਼ਕਤੀ ਬਖਸ਼ ਕੇ ਪ੍ਰਾਣ ਚਾਲੂ ਕੀਤੇ।

ਉੱਨੀ ਮਈ, 1981 ਈ: ਨੂੰ ਆਪਣੇ ਪਿਆਰੇ ਸਤਿਕਾਰਯੋਗ ਰਾਮ ਸਿੰਘ ਜੀ ਨੂੰ ਆਪਣਾ ਨਿੱਜ ਸਰੂਪ ਬਖਸ਼ਿਸ਼ ਕਰਕੇ ਨਿਰਮਲ ਆਸ਼ਰਮ ਦੇ ਮਹੰਤ ਥਾਪਿਆ। ਤਿੰਨ ਅਪਰੈਲ, 1983 ਨੂੰ ਸੰਤ ਜੋਧ ਸਿੰਘ ਜੀ ਅਤੇ ਸੰਤ ਗੁਰਿੰਦਰ ਸਿੰਘ (ਛੋਟੂ ਬਾਬਾ) ਜੀ ਨੂੰ ਆਪਣੀ ਕ੍ਰਿਪਾ ਦੁਆਰਾ ਨਿਰਮਲ ਭੇਖ ਬਖਸ਼ਿਸ਼ ਕਰਕੇ ਨਿਰਮਲ ਆਸ਼ਰਮ ਰਿਸ਼ੀਕੇਸ਼ ਭੇਜਿਆ। ਬਾਈ ਜੁਲਾਈ, 1983 ਈ: ਨੂੰ ਆਪਣਾ ਪੰਜ ਭੌਤਿਕ ਸਰੀਰ ਤਿਆਗ ਕੇ ਸੱਚਖੰਡ ਜਾ ਬਿਰਾਜਮਾਨ ਹੋਏ।

---

* *ਆਪ ਜੀ ਨੇ ਪੂਰੀ ਜ਼ਿੰਦਗੀ ਗੁਰਬਾਣੀ ਦੇ ਗੁਹਝ ਭਾਵਾਂ ਦੀ ਵਿਆਖਿਆ ਕਥਾ ਦੁਆਰਾ ਜੋ ਜ਼ੋਰਦਾਰ ਅੰਮ੍ਰਿਤ ਮਈ ਵਰਸ਼ਾ ਕੀਤੀ, ਉਹ ਇੱਕ ਅਲਹਿਦਾ ਪੋਥੀ ਸਹਿਜ ਕਥਾ ਦੇ ਨਾਮ ਹੇਠ ਛੱਪ ਚੁੱਕੀ ਹੈ ਜੋ ਕਿ ਨਿਰਮਲ ਆਸ਼ਰਮ ਰਿਸ਼ੀਕੇਸ਼ ਤੋਂ ਬਗੈਰ ਕਿਸੇ ਭੇਟਾਂ ਦੇ ਹਰ ਸਮੇਂ ਉਪਲਬਧ ਹੈ।*



ਪੂਜਯ ਵਿਰੱਕਤ ਸ਼੍ਰੋਮਣੀ ਸ੍ਰੀਮਾਨ ੧੦੮ ਸੰਤ ਨਿੱਕਾ ਸਿੰਘ ਜੀ ਮਹਾਰਾਜ



ਬ੍ਰਿਧ ਅਵਸਥਾ ਸਮੇਂ ਸੰਨ 1982 ਦੇ ਕਿਸੇ ਸਮੇਂ ਪੂਜਯ ਵਿਰੱਕਤ ਸ਼੍ਰੋਮਣੀ ਸ੍ਰੀਮਾਨ ੧੦੮ ਸੰਤ ਨਿੱਕਾ ਸਿੰਘ ਜੀ ਮਹਾਰਾਜ



ਸ੍ਰੀਮਾਨ ੧੦੮ ਮਹੰਤ ਰਾਮ ਸਿੰਘ ਜੀ ਮਹਾਰਾਜ ਆਪਣੇ ਪੂਜਯ ਗੁਰਦੇਵ ਵਿਰੱਕਤ ਸ਼੍ਰੋਮਣੀ
ਸ੍ਰੀਮਾਨ ੧੦੮ ਸੰਤ ਨਿੱਕਾ ਸਿੰਘ ਮਹਾਰਾਜ ਜੀਆਂ ਦੀਆਂ ਪਾਵਨ ਅਸਥੀਆਂ ਗੰਗਾ ਪ੍ਰਵਾਹ ਕਰਦੇ ਹੋਏ।



ਪੂਜਯ ਵਿਰੱਕਤ ਸ਼੍ਰੋਮਣੀ ਸ੍ਰੀਮਾਨ ੧੦੮ ਸੰਤ ਨਿੱਕਾ ਸਿੰਘ ਮਹਾਰਾਜ ਜੀਆਂ ਦੇ ਪਵਿੱਤਰ ਚਰਨਾਂ ਦੇ ਦਰਸ਼ਨ

# ਮਹੰਤ
# ਰਾਮ ਸਿੰਘ ਜੀ
# ਮਹਾਰਾਜ



ਸ੍ਰੀਮਾਨ ੧੦੮ ਮਹੰਤ ਰਾਮ ਸਿੰਘ ਜੀ ਮਹਾਰਾਜ

ਅਧਿਆਇ

6

॥ ੧ਓ ਸਤਿਗੁਰ ਪ੍ਰਸਾਦਿ ॥

# ਮਹੰਤ ਰਾਮ ਸਿੰਘ ਜੀ ਮਹਾਰਾਜ

(ਪਹਿਲਾ ਭਾਗ)

## ਜੀਵਨ ਚਰਿੱਤਰ ਪੂਜਯ ਮਹੰਤ ਰਾਮ ਸਿੰਘ ਜੀ ਮਹਾਰਾਜ
## ਨਿਰਮਲ ਆਸ਼ਰਮ ਰਿਸ਼ੀਕੇਸ਼

ਮਹਾਂਭਾਰਤ ਦਾ ਘਮਸਾਨ ਯੁੱਧ ਹੋ ਰਿਹਾ ਹੈ। ਦੋਨੋਂ ਮਹਾਂਬਲੀ ਯੋਧੇ ਪੂਰੇ ਗੁੱਸੇ ਵਿੱਚ ਆ-ਆ ਕੇ ਬਾਣਾ ਦੀ ਅੰਧਾ ਧੁੰਧ ਵਰਖਾ ਕਰ ਰਹੇ ਹਨ। ਬਾਣਾਂ ਦੀ ਜ਼ਬਰਦਸਤ ਹਨੇਰੀ ਨੇ ਧਰਤੀ ਤੋਂ ਮਿੱਟੀ ਉਠਾ ਕੇ ਅਕਾਸ਼ ਨੂੰ ਬੱਦਲਾਂ ਦੀ ਨਿਆਂਈ ਢੱਕ ਲਿਆ। ਧੂੜ ਨਾਲ ਸੂਰਜ ਇਉਂ ਢੱਕਿਆ ਗਿਆ, ਮਾਨੋਂ ਅੱਜ ਉਦਯ ਹੀ ਨਹੀਂ ਹੋਇਆ। ਆਖਰ ਲੰਮੇ ਸਮੇਂ ਦੇ ਘਮਸਾਨ ਯੁੱਧ ਪਿੱਛੋਂ ਅਰਜਨ ਦੇ ਬਾਣਾਂ ਨੇ ਮਹਾਂਦਾਨੀ ਕਰਨ ਨੂੰ ਮੂਰਛਿਤ ਕਰ ਦਿੱਤਾ। ਮਹਾਂਬਲੀ ਯੋਧੇ ਕਰਨ ਦੇ ਮੂਰਛਿਤ ਹੋਣ ਨਾਲ ਅੱਜ ਦਾ ਯੁੱਧ ਸਮਾਪਤ ਹੋ ਗਿਆ। ਭਗਵਾਨ ਬੋਲੇ, ਹੇ ਅਰਜਨ! ਅੱਜ ਸੰਸਾਰ ਤੇ ਦਾਨ ਦਾ ਸੂਰਜ ਛਿਪ ਗਿਆ। ਅਰਜਨ ਨੇ ਪੁੱਛਿਆ ਕੌਣ? ਭਗਵਾਨ ਬੋਲੇ, ਕਰਨ! ਕਰਨ ਦੇ ਤੁੱਲ ਸੰਸਾਰ ਵਿੱਚ ਕੋਈ ਦਾਨੀ ਨਹੀਂ। ਅਰਜਨ ਦੇ ਮਨ ਵਿੱਚ ਈਰਖਾ ਪੈਦਾ ਹੋ ਗਈ। ਕਹਿਣ ਲੱਗਿਆ ਦਿਖਾ ਸਕਦੇ ਹੋ, ਉਸ ਸੂਰਜ ਦੀ ਕੋਈ ਕਿਰਨ? ਭਗਵਾਨ ਕਹਿਣ ਲੱਗੇ ਬ੍ਰਾਹਮਣ ਦਾ ਰੂਪ ਧਾਰਨ ਕਰ ਚੱਲ ਅੱਜ ਹੀ ਦਿਖਾ ਦਿੰਦੇ ਹਾਂ। ਦੋਨੋਂ ਬ੍ਰਾਹਮਣ ਦਾ ਰੂਪ ਧਾਰਣ ਕਰਕੇ ਆ ਪਹੁੰਚੇ ਉਸ ਯੁੱਧ ਭੂਮੀ ਵਿੱਚ ਜਿੱਥੇ ਉਹ ਮਹਾਂਬਲੀ ਯੋਧਾ ਅੱਧ ਮੂਰਛਿਤ ਹੋਇਆ ਪਿਆ ਸੀ। ਭਗਵਾਨ ਨੇ ਬੁੱਢੇ ਬ੍ਰਾਹਮਣ ਦਾ ਰੂਪ ਧਾਰਣ ਕਰਕੇ ਕਿਹਾ, ਹੇ ਕਰਨ ਵੀਰ! ਤੇਰੇ ਸਮਾਨ ਸਾਰੇ ਧਰਤ ਮੰਡਲ ਵਿੱਚ ਕੋਈ ਦੂਸਰਾ ਦਾਨੀ ਨਹੀਂ, ਤੂੰ ਪਰਮੇਸ਼ਰ ਦੀ ਕ੍ਰਿਪਾ ਦਾ ਪਾਤਰ ਹੈਂ, ਤੂੰ ਸਾਨੂੰ ਦਾਨ ਦੇ ਕੇ ਮਨਇੱਛਤ ਵਰ ਪ੍ਰਾਪਤ ਕਰ। ਬ੍ਰਾਹਮਣ ਕਹਿਣ ਲੱਗਿਆ, ਮੈਂ ਆਧਿ ਬਿਆਧਿ ਰੋਗਾਂ ਕਰਕੇ ਅਤੀ ਪੀੜਤ ਹਾਂ ਅਤੇ ਧਨਹੀਣਤਾ ਕਰਕੇ ਦੁਖੀ ਹਾਂ ਅਤੇ ਮੰਗਤਾ ਬਣ ਕੇ ਤੇਰੇ ਕੋਲ ਆਇਆ ਹਾਂ, ਤੂੰ ਮੈਨੂੰ ਦਾਨ ਦੇ ਕੇ ਮਨਇੱਛਤ ਫਲ ਪ੍ਰਾਪਤ ਕਰ। ਹੇ ਕਰਨ ਵੀਰ! ਲਛਮੀ ਵਿਸ਼ਨੂੰ ਕੋਲ ਚੱਲੀ ਜਾਵੇਗੀ, ਅਤੇ ਰਾਜ, ਯੁਧਿਸ਼ਟਰ ਕੋਲ ਚਲਾ ਜਾਵੇਗਾ, ਪਰੰਤੂ ਤੇਰੇ ਸਵਰਗ ਜਾਣ ਤੋਂ ਬਾਅਦ ਵਿਚਾਰੇ ਮੰਗਤੇ ਕਿੱਥੇ ਜਾਣਗੇ? ਮੇਰੀ ਜਵਾਨ ਲੜਕੀ ਹੈ ਸ਼ਾਦੀ ਦੇ ਯੋਗ, ਪੈਦਾ ਮੇਰੇ ਕੋਲ ਕੋਈ ਹੈ ਨਹੀਂ। ਇਸ ਲਈ ਮੈਂ ਤੇਰੇ ਕੋਲ ਆਇਆ ਹਾਂ, ਕੁੱਝ ਸੋਨਾ ਲੈਣ ਲਈ। ਮੈਂ ਮੰਗਤਾ ਹਾਂ, ਪ੍ਰਮਾਤਮਾ ਕਿਸੇ ਨੂੰ ਮੰਗਤਾ ਕੁਲ ਵਿੱਚ ਪੈਦਾ ਨ ਕਰੇ। ਮੰਗਤੇ ਦੇ ਜਨਮ ਤੋਂ ਤਾਂ ਵਣ ਦੇ ਪੰਛੀਆਂ ਦਾ ਜਨਮ ਸਰੇਸ਼ਟ ਹੈ ਅਤੇ ਪਰਬਤ ਉੱਪਰ ਘਾਹ ਬਨਣਾ ਸਰੇਸ਼ਟ ਹੈ ਅਤੇ ਉਸਦੀ ਮਾਤਾ ਦਾ ਪੁੱਤਰ ਰਹਿਣ ਹੋਣਾ ਸਰੇਸ਼ਟ ਹੈ। ਪਰੰਤੂ ਯਾਚਕ ਕੁਲ ਵਿੱਚ ਜਨਮ ਸਰੇਸ਼ਟ ਨਹੀਂ, ਯਾਨੀ ਮੰਗਤੇ ਦਾ ਜਨਮ ਸਰੇਸ਼ਟ ਨਹੀਂ, ਕਿਉਂਕਿ ਮੰਗਤਾ ਸਭ ਤੋਂ ਹਲਕਾ ਹੁੰਦਾ ਹੈ। ਜਿਵੇਂ ਤ੍ਰਿਣ ਤੋਂ ਵੀ ਅੱਕ ਯਾ ਸਿੰਮਲ ਦੀ ਰੂਈਂ ਹਲਕੀ ਹੁੰਦੀ ਹੈ, ਪਰੰਤੂ ਮੰਗਤਾ ਰੂਈਂ ਤੋਂ ਵੀ ਹਲਕਾ ਹੁੰਦਾ ਹੈ। ਸ਼ੰਕਾ : ਰੂਈਂ ਹਵਾ ਨਾਲ ਉਡ ਜਾਂਦੀ ਹੈ, ਲੇਕਿਨ ਮੰਗਤਾ ਤਾਂ ਉਡਦਾ ਨਹੀਂ ਦੇਖਿਆ? ਉੱਤਰ : ਵਾਯੂ ਡਰਦੀ ਨਹੀਂ ਉਡਾਉਂਦੀ ਕਿ ਮੈਥੋਂ ਕੁਝ ਮੰਗ ਨਾ ਲਵੇ। ਇਸ ਲਈ ਮੰਗਤੇ ਤੋਂ ਸਭ ਡਰਦੇ ਹਨ। ਮੰਗਣ ਵਾਲੇ ਦੀ ਹਾਲਤ ਇਹ ਹੁੰਦੀ ਹੈ, ਕਿ ਮੰਗਣ ਵਕਤ ਸਰੀਰ ਸੰਕੁਚਿਤ ਹੋ ਜਾਂਦਾ ਹੈ, ਬਾਣੀ ਦੀਨ ਹੋ ਜਾਂਦੀ ਹੈ, ਯਾਨੀ ਅੱਖਰ ਵੀ ਟੁੱਟੇ ਫੁੱਟੇ ਨਿਕਲਦੇ ਹਨ, ਸਾਫ ਨਹੀਂ ਬੋਲ ਸਕਦਾ, ਗਲਾ ਰੁੱਕ ਜਾਂਦਾ ਹੈ, ਪਸੀਨੇ ਕਰਕੇ ਸਰੀਰ ਪਾਣੀ-ਪਾਣੀ ਹੋ ਜਾਂਦਾ ਹੈ, ਸਰੀਰ ਮੁਰਦੇ ਦੀ ਨਿਆਈ ਹੁੰਦਾ ਹੈ। ਹੇ ਕਰਨ! ਮੈਂ ਐਸਾ ਯਾਚਕ ਹੋ ਕੇ ਤੇਰੇ ਕੋਲ ਆਇਆ ਹਾਂ। ਐਸੇ ਦਰਿੱਦਰ ਯਾਨੀ ਗਰੀਬੀ ਨੂੰ ਅੱਜ ਤਕ ਕਿਸੇ ਨੇ ਵੀ ਦਗਧ ਨਹੀਂ ਕੀਤਾ। ਸੁਣਿਆ ਹੈ ਕਿ ਮਹਾਂਦੇਵ ਨੇ ਪੰਜ ਬਾਣਾਂ ਵਾਲੇ ਕਾਮਦੇਵ ਨੂੰ ਦਗਧ ਕਰਕੇ ਅੱਛਾ ਨਹੀਂ ਕੀਤਾ।

ਅਰਜਨ ਬਲੀ ਨੇ ਖਾਂਡਵ ਵਣ ਨੂੰ ਦਗਧ ਕਰਕੇ ਅੱਛਾ ਨਹੀਂ ਕੀਤਾ, ਕਿਉਂਕਿ ਅਨੇਕਾਂ ਦਿਬਯ ਬ੍ਰਿਛਾਂ ਭੂਸਿਤ ਸੀ। ਹਨੂਮਾਨ ਨੇ ਰਾਵਨ ਕਰਕੇ ਕਿੰਨੀ ਸੁੰਦਰ ਲੰਕਾ ਪੁਰੀ ਸਾੜੀ, ਇਸ ਲਈ ਉਸ ਨੇ ਵੀ ਚੰਗਾ ਨਹੀਂ ਕੀਤਾ। ਲੇਕਿਨ ਕਿਸੇ ਸੂਰਬੀਰ ਨੇ ਇਹ ਦਰਿਦਰ ਜੋ ਲੋਕਾਂ ਨੂੰ ਤਪੌਣ ਵਾਲਾ ਹੈ ਨਹੀਂ ਸਾੜਿਆ, ਇਹ ਅਫਸੋਸ ਹੈ। ਐਸੇ ਬਚਨ ਸੁਣਕੇ ਕਰਨ ਬੋਲਿਆ, ਹੇ ਸਰੇਸ਼ਟ ਬ੍ਰਾਹਮਣ! ਤੈਨੂੰ ਪਤਾ ਹੈ ਕਿ ਮੈਂ ਕਿਸ ਅਵਸਥਾ ਵਿੱਚ ਯੁੱਧ ਦੇ ਮੈਦਾਨ ਅੰਦਰ ਧਰਤੀ ਤੇ ਲੇਟਿਆ ਪਿਆ ਹਾਂ ਲਾਚਾਰ ਹੋਇਆ, ਇਸ ਵਕਤ ਮੇਰੇ ਕੋਲ ਨਾ ਕੋਈ ਧਨ ਹੈ ਅਤੇ ਨਾ ਸਰੀਰਕ ਸਮਰੱਥਾ। ਇਸ ਹਾਲਤ ਵਿੱਚ ਮੈਂ ਕਿਆ ਦੇ ਸਕਦਾ ਹਾਂ। ਬ੍ਰਾਹਮਣ ਬੋਲਿਆ, ਹੇ ਕਰਨ! ਸਮੇਂ-ਸਮੇਂ ਤੇ ਬੱਦਲ ਬਰਸਦਾ ਹੈ, ਬ੍ਰਿਛ ਵੀ ਸਮੇਂ-ਸਮੇਂ ਤੇ ਫਲਦੇ ਹਨ ਹਮੇਸ਼ਾਂ ਨਹੀਂ। ਧਰਤੀ ਵੀ ਸਮੇਂ-ਸਮੇਂ ਫਲ ਦਿੰਦੀ ਹੈ ਅਤੇ ਗਊਆਂ ਵੀ ਸਮੇਂ-ਸਮੇਂ ਹੀ ਦੁੱਧ ਦਿੰਦੀਆਂ ਹਨ। ਸਾਰੇ ਆਪੋ ਆਪਣੇ ਸਮੇਂ ਤੇ ਫਲਦੇ ਹਨ, ਪਰੰਤੂ ਹੇ ਕਰਨ! ਤੂੰ ਸਰਵ ਕਾਲ ਫਲਦਾ ਹੈਂ। ਤੇਰੀ ਪ੍ਰਸਿੱਧੀ ਸੁਣ ਕੇ ਤੇਰੇ ਕੋਲ ਆਇਆ ਹਾਂ। ਤੂੰ ਹਮੇਸ਼ਾਂ ਦੇਣ ਵਾਲਾ ਹੈਂ, ਅਤੇ ਹਰ ਸਮੇਂ ਤੇਰੇ ਕੋਲ ਦੇਣ ਲਈ ਹੈ। ਪਰੰਤੂ ਮੇਰਾ ਕਰਮ ਦੁਰਬਲ ਹੋਣ ਕਰਕੇ ਹੇ ਕਰਨ! ਤੂੰ ਭੀ ਕਜੂੰਸ ਹੋ ਗਿਆ ਹੈਂ! ਦੇਖ! ਸਾਹਮਣੇ ਤੇਰੇ ਦੰਦਾਂ ਵਿੱਚ ਸੋਨਾ ਨਜ਼ਰ ਆ ਰਿਹਾ ਹੈ, ਪਰ ਤੂੰ ਦੇਣ ਨੂੰ ਤਿਆਰ ਨਹੀਂ। ਪੰਡਿਤ ਦੀ ਗੱਲ ਸੁਣਕੇ ਕਰਨ ਬੋਲਿਆ! ਹਾਂ ਮੇਰੀ ਵੀ ਯਾਦ ਆ ਗਿਆ, ਕਿ ਮੇਰੇ ਦੰਦਾਂ ਵਿੱਚ ਸੋਨਾ ਹੈ। ਹੇ ਬ੍ਰਾਹਮਣ! ਮੇਰੇ ਦੰਦਾਂ ਵਿੱਚ ਜੋ ਸੋਨੇ ਦੀ ਜੰਜ਼ੀਰ ਅਤੇ ਹੀਰੇ ਜੜੇ ਹਨ, ਉਹ ਤੂੰ ਬੜੀ ਖੁਸ਼ੀ ਨਾਲ ਪੱਥਰ ਨਾਲ ਤੋੜਕੇ ਲੈ ਸਕਦਾ ਹੈ। ਬ੍ਰਾਹਮਣ ਕਹਿਣ ਲੱਗਿਆ ਮੈਂ ਬ੍ਰਿਧ ਹਾਂ, ਤੇਰੇ ਦੰਦ ਤੋੜ ਕੇ ਸੋਨਾ ਕੱਢਣ ਦੀ ਮੇਰੇ ਵਿੱਚ ਸਮਰੱਥਾ ਨਹੀਂ। ਕਰਨ ਜੀ ਬੋਲੇ ਹੇ ਨਾਥ! ਮੈਨੂੰ ਪੱਥਰ ਉਠਾ ਕੇ ਦੇਹ, ਮੈਂ ਖੁਦ ਦੰਦ ਤੋੜ ਕੇ ਤੈਨੂੰ ਦਿੰਦਾ ਹਾਂ। ਬ੍ਰਾਹਮਣ ਬੋਲਿਆ, ਮੈਂ ਤੈਨੂੰ ਪੱਥਰ ਦੇਣ ਨੂੰ ਵੀ ਸਮਰਥ ਨਹੀਂ। ਬ੍ਰਾਹਮਣ ਦੀ ਅਸਮਰਥਾ ਦੇਖ ਕੇ ਅਤੇ ਆਪਣੀ ਦਾਨ ਵੀਰਤਾ ਨੂੰ ਧੱਬਾ ਲੱਗਦਾ ਦੇਖ ਕੇ ਪ੍ਰਿਥਵੀ ਪਰ ਗਿਰਿਆ ਹੋਇਆ ਕਰਨ ਰਿੜਦਾ-ਰਿੜਦਾ ਪੱਥਰ ਕੋਲ ਗਿਆ। ਯੁੱਧ ਵਿੱਚ ਅਰਜਨ ਦੇ ਬਾਣਾਂ ਨਾਲ ਕਰਨ ਦੇ ਹੱਥਾਂ ਦੀ ਉਂਗਲਾਂ ਕੱਟੀਆਂ ਹੋਈਆਂ ਹਨ, ਲੇਕਿਨ ਫਿਰ ਵੀ ਟੁੰਡਾਂ ਵਿੱਚ ਪੱਥਰ ਫੜ ਕੇ ਧੀਰੇ-ਧੀਰੇ ਦੰਦਾਂ ਉਪਰ ਚਲਾਉਣ ਲੱਗਿਆ। ਦੇਖੋ! ਹੁਣ ਹਰੀ ਤਰੁੱਠਿਆ! ਆਪਣਾ ਅਸਰੀ ਰੂਪ ਵਟਾ ਕੇ ਭਗਵਾਨ ਨੇ ਕਰਨ ਦਾ ਹੱਥ ਫੜ ਲਿਆ। ਭਗਵਾਨ ਪਵਿੱਤਰ ਮੁੱਖ ਤੋਂ ਬੋਲੇ, ਹੇ ਕਰਨ! ਹੇ ਮਹਾਂਬਲੀ ਯੋਧੇ! ਹੇ ਦਾਨਵੀਰ! ਤੇਰੇ ਸਮਾਨ ਪੂਰੀ ਪ੍ਰਿਥਵੀ ਤੇ ਕੋਈ ਦਾਨੀ ਨਹੀਂ। ਇਹ ਜੋ ਤੈਂ ਆਖਰੀ ਸੁਆਸਾਂ ਤੇ ਮਹਾਨ ਦਾਨੀ ਵਾਲਾ ਕਰਮ ਕੀਤਾ ਹੈ ਦੰਦ ਤੋੜ ਕੇ ਦੇਣ ਵਾਲਾ, ਇਸ ਨੇ ਮੈਨੂੰ ਪ੍ਰਸੰਨ ਕਰ ਲਿਆ ਹੈ ਇਸ ਲਈ ਤੂੰ ਜੋ ਚਾਹੁੰਦਾ ਹੈਂ ਵਰ ਮੰਗ। ਕਰਨ ਕਹਿਣ ਲਗਿਆ ਹੇ ਮਧੁਸੂਦਨ! ਯਦੀ ਮੇਰੇ ਉੱਪਰ ਪ੍ਰਸੰਨ ਹੋ ਕੇ ਵਰ ਦੇਣ ਲਗਿਆ ਹੈਂ ਤਾਂ ਇਹ ਵਰ ਦੇਹ, ਮੇਰਾ ਧਨ, ਬ੍ਰਹਮ ਬੇਤਾ ਬ੍ਰਾਹਮਣਾਂ ਉਪਰ ਖਰਚ ਹੋਵੇ, ਮੇਰੇ ਸੁਆਮੀ ਦੇ ਕਾਰਜ ਵਿੱਚ ਮੇਰੇ ਪ੍ਰਾਣ ਖਰਚ ਹੋਣ। ਸੁਪਾਤਰ ਨੂੰ ਮੈਂ ਦਾਨ ਦਿੰਦਾ ਰਹਾਂ, ਮੇਰੀ ਬ੍ਰਿਤੀ ਹਰ ਵਕਤ ਆਪ ਦੇ ਸਰੂਪ ਵਿੱਚ ਲੱਗੀ ਰਹੇ, ਮੇਰੀ ਮੌਤ ਗੰਗਾਂ ਦੇ ਕਿਨਾਰੇ ਹੋਵੇ, ਸਤਿਸੰਗ ਵਿੱਚ ਮੇਰਾ ਵਾਸ ਹੋਵੇ, ਛਤ੍ਰੀ ਕੁਲ ਵਿੱਚ ਮੇਰਾ ਜਨਮ ਹੋਵੇ, ਮੇਰਾ ਘਰ ਸਾਧੂ ਬ੍ਰਾਹਮਣਾਂ ਕਰਕੇ ਪੂਰਤ ਰਹੇ ਅਤੇ ਮੇਰਾ ਹਿਰਦਾ ਸ਼ਾਸਤਰ ਸਿਧਾਂਤ ਕਰਕੇ ਪੂਰਤ ਰਹੇ। ਹੇ ਮਧੁਸੂਦਨ! ਜੇ ਤ੍ਰੁਠਾ ਹੈਂ ਤਾਂ ਇਹ ਵਰ ਦੇਹ! ਭੁੱਖਿਆ ਨੂੰ ਅੰਨ ਦੇਣ ਵਾਲਾ ਮੈਂ ਹੋਵਾਂ, ਗਰੀਬਾਂ ਨੂੰ ਸੋਨਾ ਦਾਨ ਦੇਣ ਵਾਲਾ ਮੈਂ ਹੋਵਾਂ, ਦੁੱਖ ਦੇ ਸਮੇਂ-ਸਮੇਂ ਵਿੱਚ ਅਭੈ ਦਾਨ ਦੇਣ ਵਾਲਾ ਮੈਂ ਹੋਵਾਂ। ਹੇ ਕ੍ਰਿਸ਼ਨ ਜੇ ਤਰੁਠਾ ਹੈਂ ਤਾਂ ਐਸਾ ਦਾਨ ਦੇਹ! ਮੈਂ ਸਦਾਚਾਰੀ ਐਸਾ ਹੋਵਾਂ, ਕਿ ਪਰ ਇਸਤਰੀਆਂ ਵਿੱਚ ਮੇਰੀ ਇਸਤਰੀ ਬੁੱਧੀ ਨਾ ਹੋਵੇ, ਬਲਕਿ ਮਾਤਾ ਬੁੱਧੀ ਹੋਵੇ, ਪਰ ਧਨ ਵਿੱਚ ਮੇਰੀ ਧਨ ਬੁੱਧੀ ਕਦੇ ਭੁੱਲ ਕੇ ਵੀ ਨਾ ਹੋਵੇ ਸਗੋਂ ਮਿੱਟੀ ਬੁੱਧੀ ਹੋਵੇ, ਮੇਰੀ ਜੁਬਾਨ ਕਦੇ ਪਰ ਨਿੰਦਾ ਯਾਨੀ ਚੁਗਲੀ ਵਾਲੀ ਨਾ ਹੋਵੇ। ਸਭ ਦੈਵੀ ਗੁਣਾਂ ਕਰਕੇ ਮੇਰਾ ਅੰਤਹਕਰਣ ਪੂਰਤ ਹੋਵੇ, ਯਾਨੀ ਸਤਵਾਦੀ ਹੋਵਾਂ। ਸੌਚ ਪਵਿੱਤਰ ਰਹਿਣ ਵਾਲਾ ਹੋਵਾਂ, ਆਪ ਦਾ ਅਨਿੰਨ ਭਗਤ ਹੋਵਾਂ, ਇੰਦਰੀਆਂ ਨੂੰ ਕਾਬੂ ਕਰਨ ਵਾਲਾ ਹੋਵਾਂ, ਅਤੇ ਬਾਤ ਸਮਝਣ ਵਿੱਚ ਚਤਰ ਹੋਵਾਂ। ਹੇ ਮਧੁਸੂਦਨ! ਜੇ ਤਰੁਠਾ ਹੈਂ ਤਾਂ ਇਹ ਵਰ ਦੇਹ! ਸਰੀਰ ਰੋਗ ਰਹਿਤ ਹੋਵੇ, ਮਨ ਤਾਪ ਰਹਿਤ ਹੋਵੇ, ਲਕਸ਼ਮੀਂ ਸਥਿਤ ਹੋਵੇ ਅਤੇ ਨਿਤ ਆਪ ਦੀ ਭਗਤ ਹੋਵੇ। ਹੇ ਸ੍ਰੀ ਕ੍ਰਿਸ਼ਨ ਯਦੀ ਮੇਰੇ ਉਪਰ ਪ੍ਰਸੰਨ ਹੋ ਤਾਂ ਇਹ ਵਰ ਦਿਉ, ਕਿ ਆਪ ਦਾ ਧਿਆਨ ਕਰਦੇ ਹੋਏ ਮੇਰੇ ਸਰੀਰ ਛੁਟੇ ਅਤੇ ਮੇਰੀ ਦਾਹ ਕਿਰਿਆ ਆਪ ਨੇ ਹੀ ਕਰਨੀ ਅਤੇ ਸਸਕਾਰ ਵੀ ਐਸੀ ਜਗ੍ਹਾ ਕਰਨਾ ਜਿਥੇ ਅੱਜ ਤੱਕ ਕੋਈ ਸਸਕਾਰ ਨਾ ਹੋਇਆ ਹੋਵੇ। ਇਸ ਪ੍ਰਕਾਰ ਕਰਨ ਜੋ-ਜੋ ਵਰ ਮੰਗਦਾ ਗਿਆ,

ਭਗਵਾਨ ਪ੍ਰਸੰਨ ਚਿੱਤ ਹੋਏ ਦਿੰਦੇ ਗਏ। ਬਸ ਹੁਣ ਸਮਾਂ ਸ਼ਾਇਦ ਆ ਚੁੱਕਿਆ ਔਹ ਦੇਖਦੇ-ਦੇਖਦੇ ਹੀ ਕਰਨ ਭਗਵਾਨ ਦੇ ਹੱਥਾਂ ਵਿੱਚ ਪ੍ਰਾਣ ਤਿਆਗ ਗਿਆ। ਭਗਵਾਨ ਹੁਣ ਦਿੱਤੇ ਬਚਨ ਅਨੁਸਾਰ ਕਰਨ ਦੇ ਮ੍ਰਿਤਕ ਸਰੀਰ ਦਾ ਸਸਕਾਰ ਕਰਨ ਲਈ ਅਦੱਗਧ ਭੂੰਮੀ ਖੋਜ ਰਹੇ ਹਨ, ਲੇਕਿਨ ਐਸੀ ਜਗ੍ਹਾ ਨਹੀਂ ਮਿਲ ਰਹੀ, ਜਿੱਥੇ ਅੱਜ ਤੱਕ ਸਸਕਾਰ ਨਾ ਹੋਇਆ ਹੋਵੇ, ਆਖਰ ਢੂੰਢਦਿਆਂ ਨੂੰ ਇਕ ਸੁੰਦਰ ਭੂੰਮੀ ਮਿਲੀ, ਭਗਵਾਨ ਨੇ ਪੁੱਛਿਆ! ਹੇ ਭੂੰਮੀ ਤੂੰ ਸੱਚ ਦੱਸ ਅੱਜ ਤੱਕ ਇਥੇ ਕੋਈ ਮੁਰਦਾ ਤਾਂ ਨਹੀਂ ਸਾੜਿਆ? ਭੂੰਮੀ ਨੇ ਆਵਾਜ਼ ਦਿੱਤੀ ਇਥੇ ਸੈਂਕੜੇ ਵਾਰੀ ਭੀਸ਼ਮ ਪਿਤਾਮਾ ਸੜ ਚੁੱਕਾ ਹੈ। ਅਤੇ ਕੀ ਸੈਂਕੜੇ ਵਾਰ ਦੋਰਣਾਚਾਰਯ ਅਤੇ ਹਜ਼ਾਰਾਂ ਵਾਰ ਦੁਰਯੋਧਨ ਸੜ ਚੁੱਕੇ ਹਨ, ਕਰਨ ਦੀ ਤਾਂ ਸੰਖਿਆਂ ਹੀ ਕੋਈ ਨਹੀਂ। ਭਗਵਾਨ ਵਰਦਾਨ ਵੀ ਦੇ ਚੁੱਕੇ ਹਨ ਅਤੇ ਜਗ੍ਹਾ ਵੀ ਕੋਈ ਨਹੀਂ ਮਿਲ ਰਹੀ। ਦੇਖੋ! ਹੁਣ ਸੂਰਬੀਰ ਬਚਨ ਕੇ ਬਲੀ! ਆਪਣੇ ਖੱਬੇ ਹੱਥ ਤੇ ਮਹਾਂਬਲੀ ਕਰਨ ਦਾ ਸਸਕਾਰ ਕਰ ਰਹੇ ਹਨ ਕਿਉਂਕਿ ਸੱਜਾ ਹੱਥ ਸਤਿਯੁਗ ਵਿੱਚ ਰਾਜਾ ਬਲੀ ਤੋਂ ਦਾਨ ਲੈਣ ਵੇਲੇ ਸੜ ਚੁੱਕਿਆ ਸੀ। ਸੋ ਐਸਾ ਮਹਾਂਬਲੀ ਯੋਧਾ, ਦਾਨਵੀਰ ਕਰਨ ਜਿਸ ਨੇ ਭਗਵਾਨ ਤੋਂ ਅਨੇਕਾਂ ਵਰਦਾਨ ਪ੍ਰਾਪਤ ਕੀਤੇ, ਆਪਣੀਆਂ ਪਰਉਪਕਾਰ ਦੀਆਂ ਇਛਾਵਾਂ ਨੂੰ ਪੂਰਤ ਕਰਨ ਲਈ ਸ਼ਾਇਦ ਦੁਬਾਰਾ ਫਿਰ ਆਪਣੀ ਵਸਾਈ-ਕਰਨ ਪੁਰੀ ਨੂੰ ਕਿਸੇ ਸਮੇਂ ਚੁਣਕੇ ਪ੍ਰਗਟ ਹੋ ਜਾਵੇ, ਸੰਭਵ ਹੀ ਹੈ, ਅਸੰਭਵ ਨਹੀਂ।

*(ਮਹਾਂਭਾਰਤ ਅਧਿਆਇ ੬੯ ਬ੍ਰਾਹਮਣ ਵਾਚ ੨੩-੨੪)*

## ਗੁਰੂ ਬਖਸ਼ੀ ਕੁਲ ਉੱਪਲ

ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜਗਤ ਜਲੰਦੇ ਦੀ ਸਾਰ ਕਰਦੇ, ਧੁਰੋਂ ਨਾਲ ਲੈ ਕੇ ਆਏ ਨਾਮ ਰੂਪੀ ਸ਼ੀਤਲ ਜਲ ਦਾ ਮੀਂਹ ਵਰਸਾਉਂਦੇ ਹੁਣ ਆ ਟਿੱਕੇ ਸ੍ਰੀ ਕਰਤਾਰਪੁਰ। ਦੂਰੋਂ ਨੇੜਿਉਂ ਸੰਗਤਾਂ ਬਹੁਤ ਗਿਣਤੀ ਵਿੱਚ ਦਰਸ਼ਨ ਦੀਦਾਰਿਆਂ ਲਈ ਆ ਰਹੀਆਂ ਹਨ। ਬੜੇ-ਬੜੇ ਸਿੱਧ, ਜਤੀ, ਜੋਗੀ, ਅਤੇ ਤਪੀਸਰ ਆਦਿਕ ਵੀ ਜੋ ਪੂਰੇ ਗੁਰੂ ਦੀ ਸਹਾਇਤਾ ਬਿਨਾਂ ਪਰਮਾਰਥ ਮਾਰਗ ਵਿੱਚ ਕਿਤੇ-ਨਾ-ਕਿਤੇ ਅਟਕੇ ਖੜੇ ਸਨ, ਉਹ ਵੀ ਆਪ ਤੋਂ ਪ੍ਰਕਾਸ਼ ਲੈ ਕੇ ਮੰਜ਼ਿਲ ਵੱਲ ਅੱਗੇ ਵਧੇ, ਕੁੱਝ ਮਿਹਰ ਪ੍ਰਾਪਤੀ ਨਾਲ ਪੁੱਗ ਕੇ ਤਮਾਮ ਬੰਧਨਾਂ ਤੋਂ ਮੁਕਤ ਹੋ ਗਏ ਯਾਨੀ ਕਈ ਨਵੇਂ ਪੌਂਦੇ ਲਗ ਰਹੇ ਹਨ, ਕਈ ਲੱਗੇ ਹੋਏ ਸਹਾਇਤਾ ਲੈ ਕੇ ਅੱਗੇ ਵਧ ਰਹੇ ਹਨ, ਕਈ ਪੁੱਗ ਰਹੇ ਹਨ ਇਸ ਪ੍ਰਕਾਰ ਜਗ ਤਾਰਨ ਦੀ ਕਾਰ ਨਿੱਤ ਹੋ ਰਹੀ ਹੈ। ਇੱਕ ਦਿਨ ਗੁਰੂ ਬਾਬਾ ਜੀ ਦੇ ਚਰਨਾਂ ਵਿੱਚ ਦੋ ਨਵੇਂ ਸੱਜਨ ਆਏ, ਪਵਿੱਤਰ ਚਰਨਾਂ ਵਿੱਚ ਨਮਸਕਾਰ ਕਰਕੇ ਸੰਗਤ ਵਿੱਚ ਬੈਠ ਗਏ। ਸਤਿਸੰਗ ਦੀ ਸਮਾਪਤੀ ਤੋਂ ਬਾਅਦ ਬਾਕੀ ਸੰਗਤ ਤਾਂ ਆਪੋ ਆਪਣੇ ਕੰਮਾਕਾਰਾਂ ਜਾਂ ਘਰਾਂ ਨੂੰ ਚਲੀ ਗਈ ਲੇਕਿਨ ਇਹ ਦੋਨੋਂ ਸੱਜਣ ਹੱਥ ਜੋੜੀ ਗੁਰੂ ਬਾਬਾ ਜੀ ਦੇ ਚਰਨਾਂ ਵਿੱਚ ਬੈਠੇ ਰਹੇ। ਹੁਣ ਹਜ਼ੂਰ ਦੀ ਸਵੱਲੀ ਨਜ਼ਰ ਇਨ੍ਹਾਂ ਖੁਸ਼ ਨਸੀਬਾਂ ਤੇ ਪਈ, ਹੁਕਮ ਕੀਤਾ ਤੁਸੀਂ ਕੌਣ ਹੋ ਭਾਈ! ਤੇ ਕਿਸ ਲਈ ਆਏ ਹੋ? ਦੋਹਾਂ ਵਿਚੋਂ ਵੱਡਾ ਹੱਥ ਜੋੜ ਕੇ ਬੋਲਿਆ—

ਦਾਤਾ ਗੁਰੂ! ਦੋਨੋਂ ਚਾਚੇ ਤਾਇਓਂ ਭਰਾ ਹਾਂ, ਅੱਜ ਮਿਹਰ ਹੋਈ ਆਪ ਜੀ ਦੇ ਪਵਿੱਤਰ ਦਰਸ਼ਨਾਂ ਲਈ ਆਏ ਹਾਂ। ਹੇ ਬਖਸ਼ਿੰਦ ਗੁਰੂ! ਖੈਰ ਮੰਗਣ ਆਏ ਹਾਂ, ਆਪ ਦੇ ਦਰ ਤੇ ਸਵਾਲੀ ਹੋ ਕੇ ਆਏ ਹਾਂ। ਆਪ ਦੀ ਮਿਹਰ ਹੋ ਜਾਏ ਕੋਈ ਟੁਕੜਾ ਖੈਰ ਦਾ ਪੱਲੇ ਪੈ ਜਾਵੇ। ਹੇ ਸਤਿਗੁਰੂ ਜੀ! ਮੇਰਾ ਨਾਮ ਸ਼ੀਹਾਂ ਹੈ, ਅਤੇ ਇਸਦਾ ਨਾਮ ਗੱਜਣ ਹੈ, ਦੋਨੋਂ ਉਪਲ ਵੰਸ਼ ਦੇ ਖੱਤਰੀ ਹਾਂ। ਆਪ ਦੇ ਦਰ ਤੇ ਮੰਗਤੇ ਬਣ ਕੇ ਆਏ ਹਾਂ। ਗੁਰੂ ਬਾਬਾ ਜੀ ਮੁਸਕਰਾ ਕੇ ਬੋਲੇ, ਦੱਸੋ ਕੀ ਮੰਗ ਹੈ? ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਵਿੱਚ ਉਸ ਸਮੇਂ ਦਾ ਨਕਸ਼ਾ ਕੁਝ ਇਉਂ ਬੰਨ੍ਹਦੇ ਹਨ—

**ਸੀਹਾਂ ਗੱਜਣ ਦੋਨੋਂ ਭਾਈ॥ ਸੋ ਆਏ ਸਤਿਗੁਰ ਸਰਣਾਈ॥**
**ਦਰਸ਼ਨ ਦੇਖਿਓ ਸ੍ਰੀ ਸੁਖਕੰਦਾ॥ ਕਰੀ ਬੰਦਨਾ ਪਦ ਅਰਬਿੰਦਾ॥**
**ਦੋਹਰਾ— ਕਰ ਜੋਰੇ ਠਾਂਡੇ ਭਏ ਅਸ ਕੀਨੀ ਅਰਦਾਸ॥**
**ਚਤਰ ਪਦਾਰਥ ਦੇਹੁ ਪ੍ਰਭ! ਜਨਮ ਮਰਨ ਕਟ ਫਾਸ॥**

*(ਸੂਰਜ ਪ੍ਰਕਾਸ਼)*

ਉੱਪਲ ਭਰਾਵਾਂ ਦੀ ਬੇਨਤੀ ਸੁਣਕੇ ਗੁਰੂ ਬਾਬਾ ਜੀ ਬੋਲੇ—

ਸੁਣਕੇ ਸ੍ਰੀ ਗੁਰ ਗਿਰਾ ਅਲਾਈ॥ ਲੋਚਨ ਕੌਰਨ ਕਰੁਨਾ ਛਾਈ॥
ਸਿਮਰਉ ਵਾਹਿਗੁਰੂ ਲਿਵ ਲਾਈ॥ ਦੇਇ ਪਦਾਰਥ ਸੋ ਤੁਮ ਤਾਈ॥

*(ਸੂਰਜ ਪ੍ਰਕਾਸ਼)*

ਸ਼ੀਹਾਂ, ਗੱਜਣ ਦੀ ਦੀਨ ਹੋ ਕੇ ਕੀਤੀ ਬੇਨਤੀ ਦਾਤੇ ਦੇ ਦਰ ਪ੍ਰਵਾਨ ਹੋ ਗਈ, ਤਰੁਠ ਕੇ ਨਾਮ ਦੀ ਦਾਤ ਬਖਸ਼ ਦਿੱਤੀ। ਹੁਕਮ ਕੀਤਾ ਚਾਰੇ ਪਦਾਰਥ ਨਾਮ ਦੇ ਅਧੀਨ ਹਨ। ਨਾਮ ਹੀ ਸਾਰੇ ਦੁੱਖਾਂ ਦਾ ਨਾਸ਼ਕ ਅਤੇ ਸਭ ਸੁੱਖਾਂ ਦਾ ਦਾਤਾ ਹੈ। ਯਥਾ—

ਚਤੁਰ ਪਦਾਰਥ ਨਾਮ ਅਧੀਨਾ॥ ਸਿਮਰਨ ਕਰਹੁ ਹੋਇ ਦੁਖ ਛੀਨਾ॥

*(ਸੂਰਜ ਪ੍ਰਕਾਸ਼)*

ਹੁਕਮ ਕੀਤਾ ਧਰਮ ਦੀ ਕਮਾਈ ਕਰੋ, ਅਭਿਆਗਤਾਂ ਲੋੜਵੰਦਾਂ ਵਿੱਚ ਵੰਡ ਕੇ ਛਕੋ, ਨਾਮ ਅਤੇ ਨਾਮੀ ਨੂੰ ਕਦੇ ਨਾ ਬਿਸਾਰੋ; ਕਰਤਾਰ ਭਲੀ ਕਰੇਗਾ। ਦੋਨੋਂ ਭਰਾ ਗੁਰੂ ਉਪਦੇਸ਼ ਨੂੰ ਹਿਰਦੇ ਵਿੱਚ ਵਸਾ ਘਰ ਪਹੁੰਚ ਕੇ ਹੁਕਮ ਦੀ ਕਾਰ ਕਰਨ ਲਗੇ। ਇਸ ਪ੍ਰਕਾਰ ਗੁਰੂ ਦੀ ਯਾਦ ਵਿੱਚ ਵਸਦੇ ਆਪਣੇ ਵਣਜ ਵਪਾਰ ਨੂੰ ਪੂਰੀ ਈਮਾਨਦਾਰੀ ਨਾਲ ਕਰਦੇ ਗ੍ਰਹਿਸਤ ਜੀਵਨ ਬਸਰ ਕਰਨ ਲੱਗੇ। ਕੁਝ ਸਮੇਂ ਬਾਅਦ ਸੀਹੇਂ ਦੀ ਲੜਕੀ ਦੀ ਸ਼ਾਦੀ ਆ ਗਈ। ਸ਼ਾਦੀ ਲਈ ਅਨੇਕਾਂ ਪ੍ਰਕਾਰ ਦੇ ਪਦਾਰਥ ਬਣਾਏ ਗਏ। ਬਰਾਤ ਆਉਣ ਤੋਂ ਇੱਕ ਦਿਨ ਪਹਿਲਾਂ ਗੁਰੂ ਕੀ ਕਾਫੀ ਸੰਗਤ ਆ ਗਈ, ਜੋ ਗੁਰੂ ਬਾਬਾ ਜੀ ਦੇ ਦਰਸ਼ਨ ਕਰਨ ਵਾਸਤੇ ਕਰਤਾਰਪੁਰ ਜਾ ਰਹੀ ਸੀ। ਸੀਹੇ ਨੂੰ ਗੁਰੂ ਕੀ ਸੰਗਤ ਦੇਖ ਕੇ ਚਾਅ ਚੜ ਗਿਆ, ਜੋ ਪਦਾਰਥ ਬਰਾਤ ਵਾਸਤੇ ਬਣਾਏ ਸਨ, ਬੜੇ ਚਾਅ ਨਾਲ ਸੰਗਤ ਨੂੰ ਛਕਾ ਦਿੱਤੇ। ਕੱਲ੍ਹ ਬਰਾਤ ਆਉਣ ਵਾਲੀ ਹੈ, ਉਸ ਨੂੰ ਕੀ ਛਕਾਵਾਂਗੇ? ਇਹ ਸੋਚ-ਸੋਚ ਕੇ ਸੀਹੇਂ ਦੇ ਘਰ ਵਾਲੀ ਚਿੰਤਾਂ ਵਿੱਚ ਡੁੱਬ ਗਈ ਯਥਾ—

ਚਿੰਤ ਕਰਹਿ ਸੀਹੇਂ ਕੀ ਨਾਰਿ॥ ਤਕਨ ਨਕੇਤ ਨ ਰਹਿਯੋ ਅਹਾਰ॥
ਆਵੈ ਅਬ ਬਰਾਤ ਕਿਯਾ ਖਾਹੀ॥ ਤੂਰਨ ਤਿਆਰ ਹੋਤਿ ਕਛ ਨਾਹੀ॥
ਕਿਸ ਪ੍ਰਕਾਰ ਲਾਜ ਰਹਿ ਆਵੈ॥ ਸਗਰੇ ਜਗਤ ਨਿੰਦ ਪ੍ਰਗਟਵਾਹਿ॥

*(ਸੂਰਜ ਪ੍ਰਕਾਸ਼)*

ਸੀਹੇਂ ਨੇ ਦਿਲਾਸਾ ਦਿੱਤਾ, ਕਿ ਚਿੰਤਾ ਕਿਉਂ ਕਰਦੀ ਹੈਂ ਭਲੀਏ ਲੋਕੇ, ਸਾਡੀ ਇੱਜ਼ਤ ਦਾ ਸਤਿਗੁਰੂ ਰਾਖਾ ਹੈ, ਤੂੰ ਉਸਦਾ ਧਿਆਨ ਕਰ। ਜਿਸ ਵਕਤ ਬਰਾਤ ਆਈ ਬਹੁਤੇ ਲੋਕ ਆਏ ਵੇਖ ਕੇ ਸੀਹੇਂ ਦੇ ਘਰ ਵਾਲੀ ਘਬਰਾ ਗਈ, ਕਿ ਘਰ ਕੋਈ ਪਦਾਰਥ ਨਹੀਂ, ਜੋ ਬਰਾਤ ਨੂੰ ਖਿਲਾਇਆ ਜਾਵੇ, ਹੁਣ ਭਾਈ ਚਾਰੇ ਵਿੱਚ ਬਦਨਾਮੀ ਹੋਵੇਗੀ। ਇਤਿਆਦਿਕ ਸੋਚ ਕੇ ਲੱਗੀ ਸੀਹੇਂ ਨੂੰ ਬੁਰੀਆਂ ਭਲੀਆਂ ਕਹਿਣ। ਉਧਰ ਸ਼ਾਂਤ-ਚਿਤ ਅਤੇ ਗੁਰੂ ਪ੍ਰੇਮ ਦੇ ਵਿਸ਼ਵਾਸ ਵਿੱਚ ਰੱਤੇ ਸੀਹੇਂ ਨੇ ਹੁਣ ਉਠ ਕੇ ਗੁਰੂ ਨਾਨਕ ਦੇਵ ਮਹਾਰਾਜ ਦੇ ਚਰਨਾਂ ਦਾ ਧਿਆਨ ਕਰਕੇ ਅਰਦਾਸ ਕੀਤੀ।

ਸੀਹੇਂ ਉਠਿ ਕੀਨੀ ਅਰਦਾਸ॥ ਸਤਿਗੁਰ ਚਰਨ ਧਿਆਨ ਕਰਿ ਤਾਸ॥
ਰਾਖੀਂ ਸਿੱਖਨ ਪੈਜ ਅਗਾਰੀ॥ ਚਰਨ ਕਮਲ ਹਮ ਸ਼ਰਨ ਤੁਮਾਰੀ॥

ਅਰਦਾਸ ਕਰਕੇ ਸੀਹੇਂ ਨੇ ਕੋਠੇ ਦਾ ਤਾਲਾ ਖੋਲ੍ਹ ਕੇ ਦੇਖਿਆ, ਤਾਂ ਪਦਾਰਥਾਂ ਦੇ ਢੇਰ ਲੱਗੇ ਪਏ ਹਨ। ਯਥਾ—

ਅਸ ਕਹੈ ਤਿਸ ਕੋਠੇ ਕੋ ਤਾਰਾ॥ ਖੋਲਿ ਬਿਲੋਕ ਅਹਾਰ ਅਪਾਰਾ॥

ਦੋਹਰਾ— ਪਾਂਤਿ ਬਰਾਤ ਬਿਠਾਇ ਕੈ ਭੋਜਨ ਭਲੇ ਖਵਾਇ॥
ਅਤ ਸੁੰਦਰ ਬਹੁ ਸ੍ਵਾਦ ਜਿਹੇ ਹਰਖਤਿ ਰਹੇ ਅਘਾਇ॥

ਚੌਪਈ— ਪੰਚ ਦਿਵਸ ਕਰ ਰਾਖੀ ਸੋਈ॥ ਤੋਟ ਅਸਮ ਕੀ ਹੋਇ ਨ ਕੋਈ॥
ਬਹੁ ਬਿਧਿ ਕੇ ਪਕਵਾਨ ਜਿਮਾਏ॥ ਖਾਏ ਜਿਨੇਤੀ ਉਰ ਹਰਖਾਏ॥
ਬਿਦਾ ਕਰੀ ਦੇ ਦਾਤ ਬਿਸਾਲਾ॥ ਅਚਰਜ ਭਏ ਨਰ ਤਿਯ ਕਾਲਾ॥
ਸਭਿ ਮਿਲ ਕੈ ਤਬਿ ਇਸ ਬਿਧਿ ਭਾਖੀ॥ ਗੁਰੂ ਪੈਜ ਨਿਜ ਸਿੱਖਨ ਰਾਖੀ॥
ਅਧਿਕ ਨਰਨ ਕਉ ਸ਼ਰਧਾ ਭਈ॥ ਭਉ ਭਗਤਿ ਜਗ ਮਹਿ ਪ੍ਰਗਟਈ॥

*(ਸੂਰਜ ਪ੍ਰਕਾਸ਼)*

ਇਸ ਪ੍ਰਕਾਰ ਪੰਜ ਦਿਨ ਬਰਾਤ ਰਹੀ, ਬੜੇ ਸੁੰਦਰ ਸ੍ਵਾਦਿਸ਼ਟ ਖਾਣੇ ਬਰਾਤ ਨੂੰ ਛਕਾਉਂਦੇ ਰਹੇ। ਜਿਨੇਤੀ ਵੀ ਬਹੁਤ ਖੁਸ਼ ਹੋਏ, ਕਿਉਂਕਿ ਇਹੋ-ਜਿਹੇ ਪਦਾਰਥ ਹਰ ਜਗ੍ਹਾ ਨਹੀਂ ਹੁੰਦੇ। ਕਾਫੀ ਸਾਰਾ ਦਾਜ ਵਗੈਰਾ ਦੇ ਕੇ ਬਰਾਤ ਬਿਦਾ ਕੀਤੀ। ਪਿੰਡ ਦੇ ਸਭ ਨਰ-ਨਾਰੀ ਬਹੁਤ ਖੁਸ਼ ਹੋਏ, ਆਪਸ ਵਿੱਚ ਗੱਲਾਂ ਕਰ ਰਹੇ ਹਨ, ਕਿ ਗੁਰੂ ਨੇ ਆਪਣੇ ਨਿੱਜ ਸਿੱਖ ਦੀ ਪੈਜ ਰੱਖੀ ਹੈ। ਸੀਹੇਂ ਦੀ ਪ੍ਰੇਮਾ ਭਗਤੀ ਦੇਖਕੇ ਅਨੇਕਾਂ ਨਰ ਨਾਰੀਆਂ ਦੇ ਮਨਾਂ ਵਿੱਚ ਸ਼ਰਧਾ ਹੋ ਆਈ। ਇਸ ਤਰ੍ਹਾਂ ਸੀਹਾਂ, ਗੁਰੂ ਪ੍ਰੇਮ, ਗੁਰੂ ਵਿਸ਼ਵਾਸ ਵਿੱਚ ਆਪਣਾ ਜੀਵਨ ਬਸਰਾ ਕਰ ਰਿਹਾ ਹੈ। ਸੀਹਾਂ ਜੀ ਦਾ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦੇ ਮੁਖੀ ਸਿੱਖਾਂ ਵਿੱਚ ਵੇਰਵਾ ਭਾਈ ਗੁਰਦਾਸ ਜੀ ਨੇ ਇਉਂ ਦਿੱਤਾ ਹੈ—

**ਸੀਹਾਂ ਉਪਲੁ ਜਾਣੀਐ ਗੱਜਣੁ ਉਪਲੁ ਸਤਿਗੁਰ ਭਾਵੈ॥**

*(ਭਾਈ ਗੁਰਦਾਸ)*

ਇਤਨੇ ਨੂੰ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਆਪਣੇ ਪਿਆਰੇ ਸੇਵਕ ਸ੍ਰੀ ਗੁਰੂ ਅੰਗਦ ਦੇਵ ਮਹਾਰਾਜ ਦੇ ਪਵਿੱਤਰ ਹਿਰਦੇ ਵਿੱਚ ਆਪਣੀ ਇਲਾਹੀ ਜੋਤ ਟਿਕਾ ਕੇ, ਜਗਤ ਉਧਾਰ ਦੀ ਕਾਰ ਸੌਂਪ ਕੇ ਜੋਤੀ-ਜੋਤ ਸਮਾ ਗਏ।

ਹੁਣ ਸ੍ਰੀ ਗੁਰੂ ਅੰਗਦ ਦੇਵ ਜੀ ਖੰਡੂਰ ਵਿੱਚ ਜੋਤ ਜਗਾ ਰਹੇ ਹਨ। ਬੇਅੰਤ ਸੰਗਤਾਂ ਆਪ ਨੂੰ ਗੁਰੂ ਨਾਨਕ ਦਾ ਰੂਪ ਜਾਣਕੇ ਦਰਸ਼ਨਾਂ ਹਿੱਤ ਖੰਡੂਰ ਆਉਂਦੀਆਂ ਰਹਿੰਦੀਆਂ ਹਨ। ਉਸੇ ਤਰ੍ਹਾਂ ਹੀ ਭੋਗ ਮੋਖ ਦੀਆਂ ਦਾਤਾਂ ਦੇ ਖੁਲ੍ਹੇ ਭੰਡਾਰੇ ਵਰਤ ਰਹੇ ਹਨ। ਸੀਹਾਂ ਉੱਪਲ ਵੀ ਆਪ ਨੂੰ ਸ੍ਰੀ ਗੁਰੂ ਨਾਨਕ ਦਾ ਰੂਪ ਜਾਣਕੇ ਉਹ ਹੀ ਪਹਿਲਾਂ ਵਾਲੀ ਸ਼ਰਧਾ ਵਿਸ਼ਵਾਸ ਨਾਲ ਦਰਸ਼ਨਾਂ ਹਿੱਤ ਖੰਡੂਰ ਆਉਂਦਾ ਰਹਿੰਦਾ ਹੈ। ਇੱਕ ਸਮੇਂ ਉਸ ਦੇ ਘਰ ਪੁੱਤਰ ਪੈਦਾ ਹੋਇਆ। ਸੀਹੇਂ ਨੇ ਉਸਦੀ ਖੁਸ਼ੀ ਵਿੱਚ ਬਰਾਦਰੀ ਦੀ ਰਸਮ ਮੁਤਾਬਿਕ ਘਰ ਸਮਾਗਮ ਰਚਨਾ ਸੀ। ਉਹ ਆਪ ਤਾਂ ਗੁਰੂ ਹੁਕਮ ਤੋਂ ਇਧਰ ਉਧਰ ਨਹੀਂ ਸੀ ਜਾਣਾ ਚਾਹੁੰਦਾ ਲੇਕਿਨ ਉਸਦੇ ਘਰ ਵਾਲੀ ਦਾ ਸੁਭਾਵ ਕੁਝ ਚੰਚਲ ਸੀ। ਉਸ ਨੇ ਬਰਾਦਰੀ ਵਿੱਚ ਨੱਕ ਰੱਖਣ ਲਈ ਸੀਹੇਂ ਨੂੰ ਪ੍ਰੇਰ ਕੇ ਸਮਾਗਮ ਵਿੱਚ ਮਾਸ ਆਦਿ ਦਾ ਸੇਵਨ ਕਰਨ ਲਈ ਬੱਕਰੇ ਖਰੀਦ ਲਏ। ਲੇਕਿਨ ਸੀਹੇਂ ਦਾ ਮਨ ਅੰਦਰੋਂ ਗੁਰੂ ਭੈ ਵਾਲਾ ਸੀ, ਇਸ ਲਈ ਉਸ ਨੇ ਗੁਰੂ ਅੰਗਦ ਦੇਵ ਮਹਾਰਾਜ ਜੀ ਦੇ ਚਰਨਾਂ ਵਿੱਚ ਸਾਰੀ ਗੱਲ ਦੱਸੀ। ਸੀਹੇਂ ਦੀ ਗੱਲ ਸੁਣ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸੀਹੇਂ ਨੂੰ ਸਮਝਾਇਆ ਕਿ ਖਾਣ ਵਾਲੇ ਖਾ ਜਾਣਗੇ, ਲੇਖਾ ਤੈਨੂੰ ਦੇਣਾ ਪਵੇਗਾ ਯਥਾ—

**ਧਰਮ ਰਾਇ ਜਬ ਕਰਹਿ ਲੇਖਾ। ਲਹਿਂ ਮਹਾਂ ਦੁਖ ਰਹੈ ਨਾ ਸੇਖਾ॥**

*(ਸੂਰਜ ਪ੍ਰਕਾਸ਼)*

ਫਿਰ ਸੀਹੇਂ ਨੇ ਦੀਨ ਹੋ ਕੇ ਬੇਨਤੀ ਕੀਤੀ, ਮਹਾਰਾਜ! ਆਪ ਜੋ ਹੁਮਕ ਕਰੋਗੇ ਮੈਂ ਉਹੀ ਕਰੂੰਗਾ, ਕ੍ਰਿਪਾ ਕਰਕੇ ਮੈਨੂੰ ਰਸਤੇ ਪਾਉ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ—

**ਇਮਿ ਬਿਨਤੀ ਸੁਨਿਕੈ ਤਿਸੁ ਕੇਰੀ॥ ਭਏ ਕ੍ਰਿਪਾਲ ਭਣਯੋ ਬਚ ਫੇਰੀ॥**<br>
**ਸਮਾਗਮ ਦੁਆਰੇ ਹਮਰੇ ਕਰੋ॥ ਉਰ ਕੋ ਭਰਮ ਸਰਬ ਕਰ ਹਰੋ॥**<br>
**ਬਿਘਨ ਜਠੇਰਨਿ ਕੋ ਨਹਿ ਹੋਇ॥ ਸਿਮਰਹੁ ਸੱਤਨਾਮੁ ਦੁਖ ਜੋਇ॥**<br>
**ਸਰਬ ਓਰ ਤੇ ਹੁਇ ਰਖਵਾਰੇ। ਸਭਿ ਸੁਖ ਦੇਹਿ ਨ ਕਾਜ ਬਿਗਾਰੇ॥**<br>
**ਅਜ ਸਗਰੇ ਅਬ ਦੀਜਹਿ ਛੋਰ। ਨਰਕ ਨਿਹਾਰਹਿ ਨਹਿ ਦੁਖ ਘੋਰ॥**

*(ਸੂਰਜ ਪ੍ਰਕਾਸ਼)*

ਸੀਹੇਂ ਨੇ ਗੁਰੂ ਦਾ ਹੁਕਮ ਮੰਨ ਕੇ ਸਾਰੇ ਬੱਕਰੇ ਛੱਡ ਦਿੱਤੇ, ਘਰ ਜਾ ਕੇ ਸਾਰੀ ਤਿਆਰੀ ਕੀਤੀ। ਬੱਚਾ ਅਤੇ ਸਾਰੇ ਸੰਬੰਧੀਆਂ ਨੂੰ ਨਾਲ ਲੈ ਕੇ ਗੁਰਦੁਵਾਰੇ ਪਹੁੰਚ ਗਿਆ, ਖੰਡੂਰ। ਗੁਰੂ ਚਰਨਾਂ ਵਿੱਚ ਸਾਰਾ ਸਮਾਗਮ ਕੀਤਾ। ਗੁਰੂ ਘਰ ਵਿੱਚ ਜੈਸਾ ਸਤੋਗੁਣੀ ਲੰਗਰ ਵਰਤਦਾ ਸੀ, ਵਰਤਾਇਆ, ਅਤੇ ਸਭ ਨੇ ਪ੍ਰੇਮ ਨਾਲ ਛਕਿਆ। ਇਸ ਪ੍ਰਕਾਰ ਸੀਹੇਂ ਨੇ ਆਪਣੇ ਮਨ ਦੀ ਮੱਤ ਅਤੇ ਭਾਈਚਾਰੇ ਦਾ ਡਰ ਦੂਰ ਕਰਕੇ ਸਤਿਗੁਰਾਂ ਦੇ ਹੁਕਮ ਅਨੁਸਾਰ ਕਾਰਜ ਕੀਤਾ। ਯਥਾ—

**ਸੀਹਾਂ ਉਪਲ ਇਸੀ ਪ੍ਰਕਾਰਿਓ। ਭਇਓ ਸਿੱਖ ਸਤਿਗੁਰ ਮਤ ਧਾਰਿਓ॥**

*(ਸੂਰਜ ਪ੍ਰਕਾਸ਼)*

ਇਸ ਪ੍ਰਕਾਰ ਸੀਹੇਂ ਉੱਪਲ ਦੀ ਦੂਜੀ ਵਾਰ ਸ੍ਰੀ ਗੁਰੂ ਅੰਗਦ ਦੇਵ ਮਹਾਰਾਜ ਜੀ ਦੇ ਚਰਨਾਂ ਨਾਲ ਵੀ ਸਿੱਖੀ ਨਿਭ ਗਈ। ਕੁਝ ਸਮੇਂ ਬਾਅਦ ਸ੍ਰੀ ਗੁਰੂ ਅੰਗਦ ਦੇਵ ਜੀ ਵੀ ਜੋਤੀ-ਜੋਤ ਸਮਾ ਗਏ।

ਹੁਣ ਤੀਸਰੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਮਹਾਰਾਜ ਗੋਇੰਦਵਾਲ ਜੋਤ ਜਗਾ ਰਹੇ ਹਨ। ਸਿੱਖ ਸੰਗਤਾਂ ਨੇ ਸ੍ਰੀ ਗੁਰੂ ਅਮਰਦਾਸ ਮਹਾਰਾਜ ਨੂੰ ਆਦਿ ਗੁਰੂਆਂ ਦਾ ਸਾਖਸ਼ਾਤ ਰੂਪ ਜਾਣਕੇ ਹੁਣ ਸ੍ਰੀ ਗੋਇੰਦਵਾਲ ਨੂੰ ਰੁਖ ਕਰ ਲਿਆ। ਹਰ ਰੋਜ਼ ਸੰਗਤਾਂ ਦੀ ਗਹਿਮਾਂ-ਗਹਿਮੀ ਵੱਧ ਰਹੀ ਹੈ। ਗੁਰੂ ਸਾਹਿਬ ਦੇ ਹੁਕਮ ਨਾਲ ਕਾਫੀ ਸੰਗਤਾਂ ਨੇ ਇਥੇ ਹੀ ਨਿਵਾਸ ਰੱਖ ਲਿਆ ਹੈ। ਨਵੇਂ ਬੰਨੇ ਸ਼ਹਿਰ ਵਿੱਚ ਦਰਿਆ ਦੇ ਕਿਨਾਰੇ ਚਹਿਲ ਪਹਿਲ ਹੋ ਗਈ, ਬੇਅੰਤ ਰੌਣਕਾਂ ਲੱਗ ਗਈਆਂ। ਸੀਹੇਂ ਉੱਪਲ ਨੇ ਵੀ ਹੁਣ ਸ਼ਾਇਦ ਇਥੇ ਹੀ ਰਿਹਾਇਸ਼ ਰੱਖ ਲਈ। ਸਾਰਾ ਪਰਿਵਾਰ ਗੁਰੂ ਸੇਵਾ ਵਿੱਚ ਲੱਗਿਆ ਰਹਿੰਦਾ ਹੈ। ਅਨੇਕਾਂ ਦੁਖੀ ਦਰਸ਼ਨ ਕਰਕੇ ਦੁੱਖਾਂ ਦੀ ਨਵਿਰਤੀ ਕਰ ਰਹੇ ਹਨ। ਇੱਕ ਕੋਈ ਸ਼ਾਹੂਕਾਰ ਦਾ ਲੜਕਾ ਬੁਰੀ ਸੰਗਤ ਦੇ ਜ਼ੇਰੇ-ਅਸਰ ਜਾਂ ਕਿਸੇ ਪੂਰਬਲੇ ਕਰਮਾਂ ਦੇ ਪਾਪ ਕਰਕੇ ਕੋੜ੍ਹ ਵਰਗੇ ਖੋਟੇ ਰੋਗ ਦਾ ਸ਼ਿਕਾਰ ਹੋ ਗਿਆ। ਕੋੜ੍ਹ ਨਾਲ ਹੱਥ ਪੈਰ ਝੜ ਗਏ, ਤੁਰਨ-ਫਿਰਨ ਤੋਂ ਅਸਮਰਥ ਹੋ ਗਿਆ, ਕੋਈ ਨੇੜੇ ਨਹੀਂ ਢੁੱਕਦਾ ਤੇ ਸੰਸਾਰ ਵਿੱਚ ਸੰਬੰਧੀ ਵੀ ਕੋਈ ਨਹੀਂ ਰਿਹਾ। ਹੁਣ ਉਸਨੂੰ ਅਤੀ ਦੁਖੀ ਹੋਏ ਨੂੰ ਕਿਤੇ ਸੂੰਹ ਲੱਗੀ ਕਿ ਬਿਆਸਾ ਦਰਿਆ ਦੇ ਕਿਨਾਰੇ ਇੱਕ ਸੰਤ ਫਕੀਰ ਬੈਠਾ ਹੈ, ਸ੍ਰੀ ਗੁਰੂ ਅਮਰਦਾਸ ਮਹਾਰਾਜ। ਜੇ ਉਨ੍ਹਾਂ ਦੀ ਨਦਰ ਦ੍ਰਿਸ਼ਟੀ ਪੈ ਜਾਏ, ਤਾਂ ਮੇਰਾ ਸਰੀਰ ਫਿਰ ਠੀਕ ਹੋ ਸਕਦਾ ਹੈ, ਵਰਨਾ ਨਰਕ ਭੋਗ ਹੀ ਰਿਹਾ ਹਾਂ। ਇਹ ਸੋਚ ਕੇ ਰਿੜਦਾ-ਪੁੜਦਾ ਪਹੁੰਚ ਗਿਆ ਸ੍ਰੀ ਗੋਇੰਦਵਾਲ। ਭਾਈ ਸੰਤੋਖ ਸਿੰਘ ਜੀ ਉਸਦਾ ਹਾਲ ਕੁਝ ਇਉਂ ਵਰਨਣ ਕਰ ਰਹੇ ਹਨ—

ਇਕ ਖੱਤਰੀ ਥਾ ਪ੍ਰੇਮਾ ਨਾਮ। ਮਾਤ ਪਿਤਾ ਨਹਿ ਭ੍ਰਾਤਾ ਧਾਮ॥
ਕੁਸ਼ਟ ਸਰੀਰ ਵਿਖੇ ਰੁਜ ਭਯੋ। ਅਧਿਕ ਦ੍ਰਿਦਰੀ ਸੋ ਹੋਇ ਗਯੋ॥
ਹਾਥ ਪਾਦ ਗਰਿਕੈ ਗਿਰ ਪਰੇ। ਓਹ ਨਹਿ ਨਿਕਟ ਹੋਨਿ ਦੇਹ ਖਰੇ॥
ਗਲ ਮਹਿ ਬਾਂਧਿਯੋ ਮਾਟੀ ਬਾਸਨ। ਠਾਡੋ ਹੋਇ ਆਇ ਕੋ ਪਾਸਨ॥
ਬੈਠਯੋ ਘਿਸਰਿ ਕਰ ਚਲ ਹੈ। ਪਰਿ ਕੋ ਦਯਾ ਰੂਪ ਤਿਹ ਘਾਲਹਿ॥
ਇਸ ਬਿਧਿ ਆਪਨੋ ਸਮੋਂ ਬਿਤਾਵਹਿ॥ ਦਿਓਸ ਜਾਮਨੀ ਸੰਕਟ ਪਾਵਹਿ॥

*(ਸੂਰਜ ਪ੍ਰਕਾਸ਼)*

ਐਸੀ ਹਾਲਤ ਵਿੱਚ ਕਿਸੇ ਤਰੀਕੇ ਗੋਇੰਦਵਾਲ ਸਾਹਿਬ ਪਹੁੰਚ ਗਿਆ। ਸਤਿਗੁਰੂ ਦੇ ਦਰਬਾਰ ਅਗਿਓਂ ਧੂੜੀ ਲੈ ਕੇ ਸਿਰ, ਮੁੱਖ ਯਾਨੀ ਸਾਰੇ ਸਰੀਰ ਤੇ ਫੇਰੀ, ਪ੍ਰੇਮੇਂ ਨੂੰ ਆਉਂਦੇ-ਜਾਂਦੇ ਸਿੱਖਾਂ ਨੇ ਦਸਿਆ, ਕਿ ਕੁਸ਼ਟ ਰੋਗ ਵਾਲਾ ਸਤਿਗੁਰੂ ਦੇ ਦਰਬਾਰ ਵਿੱਚ ਨਹੀਂ ਜਾ ਸਕਦਾ। ਇਸ ਲਈ ਅਗਰ ਸਤਿਗੁਰੂ ਤੈਨੂੰ ਬੁਲਾਉਣ ਤਾਂ ਜਾਵੀਂ, ਬਿਨਾਂ ਬੁਲਾਏ ਨਾ ਜਾਵੀਂ। ਸੁਣਕੇ ਪ੍ਰੇਮੇਂ ਦੇ ਮਨ ਵਿੱਚ ਸ਼ੋਕ ਹੋਇਆ, ਕਿ ਮੈਨੂੰ ਦਰਸ਼ਨ ਨਹੀਂ ਹੋਣਗੇ? ਮੇਰੇ ਤਾਂ ਜੀਵਨ ਨੂੰ ਹੀ ਧ੍ਰਿਕਾਰ ਹੈ, ਚੰਗਾ ਹੋਵੇ ਮੇਰੇ ਪ੍ਰਾਣ ਨਿਕਲ ਜਾਣ। ਮੈਂ ਤਾਂ ਬਹੁਤ ਆਸ ਨਾਲ ਆਇਆ ਸੀ ਰਿੜਦਾ-ਪੁੜਦਾ ਅਨੇਕਾਂ ਕਸ਼ਟ ਸਹਾਰ ਕੇ, ਲੇਕਿਨ ਮੰਦੇ ਭਾਗ ਇਥੇ ਵੀ ਨਾਲ ਹੀ ਆਏ।

ਧ੍ਰਿਕ ਜੀਵਨ ਅਬਿ ਨਾਸੋਂ ਪ੍ਰਾਣ। ਗੁਰ ਕੇ ਦਰ ਮਰੋਂ ਸਥਾਨ॥

*(ਸੂਰਜ ਪ੍ਰਕਾਸ਼)*

ਪਰ ਫਿਰ ਵੀ ਦ੍ਰਿੜ ਨਿਸ਼ਚਾ ਧਾਰ ਕੇ ਬੈਠ ਗਿਆ ਗੁਰਦੁਆਰੇ ਕਿ ਹੁਣ ਕੋਈ ਹੋਰ ਸਥਾਨ ਵੀ ਹੈ ਨਹੀਂ, ਕਿੱਥੇ ਜਾਊਂ? ਹੁਣ ਤਾਂ ਮਰੋ ਤਾਂ ਹਰਿ ਕੈ ਦੁਆਰ॥ ਹੁਣ ਕੋਈ ਹੋਰ ਟਿਕਾਣਾ ਨਹੀਂ ਹੈਂ।

ਮੈਂ ਨਿਰਭਾਗ ਜਹਾਂ ਚਲਿ ਜਾਂਉਂ। ਨਿਹਫਲ ਤਹਾਂ ਨਹੀਂ ਕੁਝ ਪਾਉਂ॥
ਬਿਨ ਦਰਸ਼ਨ ਗਮਨੋਂ ਕਿਤਿ ਨਾਹੀਂ॥ ਕੈ ਮਰਿ ਰਹੋਂ ਇਸੀ ਥਲ ਨਾਹੀਂ॥

*(ਸੂਰਜ ਪ੍ਰਕਾਸ਼)*

ਇਸ ਪ੍ਰਕਾਰ ਗੁਰੂ ਦੇ ਦਰਬਾਰ ਅੱਗੇ ਬੈਠਾ, ਗੁਰੂ-ਗੁਰੂ ਕਰਦਾ ਰਹਿੰਦਾ ਹੈ। ਕਦੇ ਗੁਰੂ ਬਾਬਾ ਜੀ ਦੇ ਦਰਸ਼ਨ ਵੀ ਹੋ ਜਾਂਦੇ ਹਨ, ਉਨ੍ਹਾਂ ਦਾ ਧਿਆਨ ਅੰਦਰ ਜਮਾਉਂਦਾ ਰਹਿੰਦਾ ਹੈ। ਸਭ ਸੰਗਤਾਂ ਜਿਥੋਂ ਲੰਘਦੀਆਂ ਹਨ, ਉਥੋਂ ਮਿੱਟੀ ਚੁੱਕ ਕੇ ਆਪਣੇ ਬਦਨ ਤੇ ਮਲਨ ਦੀ ਕੋਸ਼ਿਸ਼ ਕਰਦਾ ਹੈ। ਸੰਗਤਾਂ ਵੀ ਕਰੁਨਾ-ਵਸ਼ ਹੁਣ ਉਸ ਨੂੰ ਕੁਝ ਛਕਣ ਲਈ

ਅਤੇ ਪਹਿਨਣ ਲਈ ਦਿੰਦੀਆਂ ਰਹਿੰਦੀਆਂ ਹਨ। ਲੇਕਿਨ ਕਦੇ-ਕਦੇ ਮਨ ਉਦਾਸ ਹੋ ਜਾਂਦਾ ਹੈ ਕਿ ਸਭ ਸੰਗਤਾਂ ਸਤਿਗੁਰੂ ਦਾ ਦੀਦਾਰ ਕਰਦੀਆਂ ਹਨ, ਪਰੰਤੂ ਮੈਂ ਪਾਪੀ ਨੂੰ ਦਰਸ਼ਨ ਨਹੀਂ ਹੁੰਦੇ, ਯਥਾ—

ਪੂਰਬ ਜਨਮ ਮਹਾਂ ਮੈਂ ਪਾਪੀ॥ ਜਿਸ ਤੇ ਆਧਿਰ ਬਿਯਾਧਿ ਸੰਤਾਪੀ॥
ਸਭਿ ਜਗ ਦਰਸਤਿ ਗੁਰ ਕੋ ਨੀਤਿ॥ ਮੋਹਿ ਨ ਮਿਲਹਿ ਸੋ ਤਰਸਤ ਚੀਤਿ॥
ਇਸ ਦੇ ਥਾਨ ਨ ਆਨ॥ ਕਬਹੂੰ ਤੋਂ ਹੋਇ ਹੈ ਅਘ ਆਨ॥
ਗੁਰ ਦਰ ਕੋ ਅਬਿ ਤਿਆਗੋਂ ਨਾਂਹਿ॥ ਜੀਵਤ ਮਿਰਤਕ ਕੈ ਦੁਖ ਮਾਂਹਿ॥

*(ਸੂਰਜ ਪ੍ਰਕਾਸ਼)*

ਇਉਂ ਦ੍ਰਿੜ ਨਿਸ਼ਚਾ ਕਰਕੇ ਪ੍ਰੇਮਾ ਹੁਣ ਦਿਨ ਰਾਤ ਗੁਰੂ ਦਰ ਤੇ ਬੈਠਾ ਗੁਰੂ-ਗੁਰੂ ਕਰੀਂ ਜਾ ਰਿਹਾ ਹੈ। ਸੰਗਤ ਵੀ ਦਇਆ ਕਰਕੇ ਲੰਗਰ ਪਾਣੀ ਇਥੇ ਹੀ ਦੇਈਂ ਜਾਂਦੀ ਹੈ। ਕਦੇ-ਕਦੇ ਜਦੋਂ ਸਰੀਰ ਤੇ ਰੋਗ ਦਾ ਕਸ਼ਟ ਵਧਦਾ ਹੈ, ਤਾਂ ਪ੍ਰੇਮ ਵਿੱਚ ਆ ਕੇ ਹੋਰ ਜ਼ੋਰ ਨਾਲ ਗੁਰੂ-ਗੁਰੂ ਕਰਨ ਲੱਗ ਜਾਂਦਾ ਹੈ। ਕਦੇ-ਕਦੇ ਐਸੀ ਹਾਲਤ ਵਿੱਚ ਆ ਕੇ ਬੇ-ਸੁੱਧ ਹੋਇਆ, ਧਰਤੀ ਤੇ ਡਿੱਗ ਪੈਂਦਾ ਹੈ। ਪ੍ਰੇਮੇਂ ਨੂੰ ਐਸੀ ਹਾਲਤ ਵਿੱਚ ਵਿਆਕੁਲ ਹੋ ਕੇ ਡਿੱਗੇ ਨੂੰ ਦੇਖਕੇ ਸੰਗਤਾਂ ਦਾ ਦਿਲ ਦ੍ਰਵ ਜਾਂਦਾ ਹੈ। ਸਤਿਗੁਰਾਂ ਦੇ ਚਰਨਾਂ ਵਿੱਚ ਜਾ ਕੇ ਉਸਦੀ ਹਾਲਤ ਵਰਨਣ ਕਰਦੇ ਹਨ ਕਿ ਮਹਾਰਾਜ ਉਹ ਹਮੇਸ਼ਾਂ ਆਪ ਦੇ ਦਰਸ਼ਨਾਂ ਨੂੰ ਲੋਚਦਾ ਰਹਿੰਦਾ ਹੈ। ਮਹਾਰਾਜ! ਉਹ ਗੀਤ ਵੀ ਕੁੱਝ ਐਸੇ ਗਾਉਂਦਾ ਰਹਿੰਦਾ ਹੈ, ਜਿਸ ਨੂੰ ਸੁਣਕੇ ਸਭ ਹੱਸਦੇ ਹਨ, ਪਰ ਸਮਝ ਵਿੱਚ ਕੁੱਝ ਨਹੀਂ ਆਉਂਦਾ। ਹਜ਼ੂਰ ਬੋਲੇ—

ਸੁਣਿ ਸਤਿਗੁਰ ਨੇ ਸਭ ਸਮਝਾਏ। ਹਮ ਜਾਨਤ ਹੈਂ ਜੋ ਕੁਝ ਗਾਏ॥

*(ਸੂਰਜ ਪ੍ਰਕਾਸ਼)*

ਸਤਿਗੁਰੂ ਬੋਲੇ, ਸਾਨੂੰ ਪਤਾ ਹੈ ਜੋ ਕੁਝ ਗਾਉਂਦਾ ਹੈ, ਕਿਉਂਕਿ ਉਸਦੇ ਅੰਦਰ ਦੁੱਖਾਂ ਨੇ ਪ੍ਰੇਮ ਕਣੀ ਜਗਾ ਦਿੱਤੀ ਹੈ, ਜੋ ਇੱਕ ਦਿਨ ਫਲ ਲਿਆਏਗੀ।

ਉਧਰ ਪ੍ਰੇਮਾ ਵੀ ਗੁਰੂ ਦੀ ਯਾਦ ਕਰਦਾ-ਕਰਦਾ ਪ੍ਰੇਮ ਵਿੱਚ ਬਉਰਾ ਹੋ ਗਿਆ, ਸਭ ਮਤ ਬੁੱਧ ਭੁੱਲ ਗਈ, ਹੋਰ ਸਾਰੇ ਆਸਰੇ ਮਨ ਵਿਚੋਂ ਚੁੱਕ ਗਏ। ਯਥਾ—

ਇਸ ਪ੍ਰਕਾਰ ਦਿਨ ਕਿਤਿਕ ਬਿਤਾਏ॥ ਊਚੇ ਦੇਰਤਿ ਗੁਰੂ ਸੁਨਾਏ॥
ਜਬਹਿ ਪ੍ਰੇਮ ਨੇ ਬਿਆਕੁਲ ਕਰਯੋ॥ ਨਹਿ ਸੁਧ ਦੇਹਿ ਰਹਯੋ ਧਰ ਪਰਯੋ॥
ਤਿਸ ਉਰ ਕੀ ਲਖਿ ਅੰਤਰਜਾਮੀ॥ ਸਰਬ ਕਲਾ ਸਮਰਥ ਗੁਰ ਸਵਾਮੀ॥
ਜਾਨਯੋ ਭਗਤ ਪ੍ਰੇਮ ਤਿਹ ਜਾਗਾ॥ ਅਪਰ ਆਸਰੋ ਮਨ ਕਰ ਤਿਯਾਗਾ॥
ਥਾਂਉ ਨਿਥਾਵਨ ਮਾਨ ਨਿਮਾਨਾ॥ ਇਸ ਬਿਧਿ ਕੋ ਨਿਜ ਬਿਰਦ ਪਛਾਨਾ॥

*(ਸੂਰਜ ਪ੍ਰਕਾਸ਼)*

ਪ੍ਰੇਮੇ ਦੀ ਐਸੀ ਪ੍ਰੇਮ ਭਿੱਜੀ ਹਾਲਤ ਦੇਖ ਕੇ ਨਿਥਾਨਿਆਂ ਦੇ ਥਾਉਂ ਨੇ ਮਿਹਰਾਂ ਦੇ ਘਰ ਆ ਕੇ ਸਿੱਖਾਂ ਨੂੰ ਹੁਕਮ ਦਿੱਤਾ, ਕਿ ਪ੍ਰੇਮੇ ਨੂੰ ਚੁੱਕ ਕੇ ਲੈ ਆਵੋ। ਸਿੱਖ ਹੁਕਮ ਮੰਨ ਕੇ ਪ੍ਰੇਮੇ ਨੂੰ ਗੁਰੂ ਚਰਨਾਂ ਵਿੱਚ ਚੁੱਕ ਲਿਆਏ। ਹੁਣ ਹਜ਼ੂਰ ਨੇ ਹੁਮਕ ਕੀਤਾ, ਸਾਡੇ ਇਸ਼ਨਾਨ ਕੀਤੇ ਜਲ ਵਿੱਚ ਇਸ ਦਾ ਇਸ਼ਨਾਨ ਕਰਾਵੋ। ਯਥਾ—

ਹਮਰੇ ਮੱਜਨ ਕੋ ਜਲ ਜਹਿਵਾਂ। ਸੰਚਿੰਤ ਟਿਕਿਯੋ ਲਿਜਾਵਹੁ ਤਾਂਹਿਵਾਂ॥
ਨੀਕੇ ਜਾਇ ਸਨਾਨਹਿ ਇਹੀ॥ ਹੋਇ ਜਾਇਗੀ ਸੁੱਧ ਸਭ ਦੇਹੀ॥

*(ਸੂਰਜ ਪ੍ਰਕਾਸ਼)*

ਸਿੱਖਾਂ ਨੇ ਹੁਕਮ ਮੰਨ ਕੇ ਸਤਿਗੁਰੂ ਜੀ ਦੇ ਇਸ਼ਨਾਨ ਕੀਤੇ ਜਲ ਵਿੱਚ ਜਦ ਪ੍ਰੇਮੇ ਦਾ ਇਸ਼ਨਾਨ ਕਰਵਾਇਆ, ਤਾਂ ਉਸਦਾ ਸਰੀਰ ਕੰਚਨ ਵਰਗਾ ਸ਼ੁੱਧ ਹੋ ਗਿਆ। ਹੁਣ ਸੱਚੀ ਸਰਕਾਰ ਨੇ ਹੁਕਮ ਕੀਤਾ।

ਰੰਗ ਮਜੀਠੀ ਅੰਬਰ ਲਿਆਵਹੁ॥ ਸਰਬ ਸਰੀਰ ਇਸੇ ਪਹਿਰਾਵਹੁ॥
ਨਖ ਸਿੱਖ ਲੌਂ ਛਾਦਨ ਕਰ ਸਾਰੇ॥ ਪੁਨ ਆਨਹੋਂ ਤੁਮ ਨਿਕਟਿ ਹਮਾਰੇ॥

*(ਸੂਰਜ ਪ੍ਰਕਾਸ਼)*

ਇਸ਼ਨਾਨ ਤੋਂ ਬਾਅਦ ਲਾਲ ਕੱਪੜੇ ਵਿੱਚ ਲਪੇਟ ਕੇ ਜਦੋਂ ਪ੍ਰੇਮੇਂ ਨੂੰ ਸਤਿਗੁਰੂ ਦੇ ਸਨਮੁਖ ਕੀਤਾ, ਤਾਂ ਗੁਰੂਦੇਵ ਨੇ ਆਪਣੇ ਪਵਿੱਤਰ ਹੱਥ ਨਾਲ ਪ੍ਰੇਮੇਂ ਦਾ ਮੂੰਹ ਨੰਗਾ ਕੀਤਾ, ਬਸ ਫਿਰ ਕੀ ਦੇਰੀ ਸੀ—

ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ॥
ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ॥
ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ॥
ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ॥

*(ਸਵਈਏ, ਪੰਨਾ—੧੩੯੯)*

ਯਥਾ— ਕ੍ਰਿਪਾ ਦ੍ਰਿਸ਼ਟ ਤੇ ਦੇਖ ਕ੍ਰਿਪਾਲਾ॥ ਨਿਜ ਕਰ ਸੋਂ ਮੁੱਖ ਵਹਿਰ ਨਿਕਾਲਾ॥
ਦ੍ਰਿਸ਼ਟ ਪਰੀ ਸਤਿਗੁਰ ਕੀ ਜਬੈ॥ ਤਨ ਅਰੋਗ ਭਾ ਸੁੰਦਰ ਤਬੈ॥

*(ਸੂਰਜ ਪ੍ਰਕਾਸ਼)*

ਹੁਣ ਸਤਿਗੁਰੂ ਜੀ ਨੇ ਆਪਣੇ ਪਵਿੱਤਰ ਹੱਥਾਂ ਨਾਲ ਨਵੀਨ ਵਸਤਰ ਪਹਿਨਾਏ। ਯਥਾ—

ਨਿਜ ਕਰਦੇ ਪੁਨ ਬਸਤਰ ਦਏ ਹੈਂ। ਸਭ ਨਵੀਨ ਪਹਿਰਾਏ ਦਏ ਹੈਂ॥
ਮੰਤਰ ਸੁਸ਼ੱਤਿ ਨਾਮ ਕੋ ਦੀਨਸਿ। ਭਾਲ ਬਿਛਾਲ ਤਿਲਕ ਤਿਨ ਕੀਨਸਿ॥
ਰਜ ਕਨਿ ਤੇ ਗਿਰਿ ਸਮਸਰ ਕਿਯੋ॥ ਨਾਮ ਮੁਰਾਰੀ ਉਨ ਪਹਿ ਦਿਯੋ॥

*(ਸੂਰਜ ਪ੍ਰਕਾਸ਼)*

ਦਿਆਲੂ ਦਾਤੇ ਨੇ ਧੂੜ ਦੇ ਛੋਟੇ-ਜਿਹੇ ਕਿਨਕੇ ਨੂੰ ਪਰਬਤ ਦੇ ਸਮਾਨ ਬਣਾ ਦਿੱਤਾ, ਅਤੇ ਬਚਨ ਕੀਤਾ, ਦੇਖੋ ਕ੍ਰਿਸ਼ਨ ਭਗਵਾਨ ਵਰਗੀ ਸੁੰਦਰ ਦੇਹੀ ਹੋ ਗਈ ਹੁਣ ਇਸ ਦੀ। ਇਸ ਲਈ ਇਸ ਦਾ ਨਾਮ ਮੁਰਾਰੀ ਰੱਖ ਦਿੱਤਾ। ਹੁਣ ਸਭਾ ਵਿੱਚ ਸਤਿਗੁਰੂ ਜੀ ਨੇ ਹੁਕਮ ਕੀਤਾ, ਕਿ ਅਸੀਂ ਇਸ ਦੀ ਸ਼ਾਦੀ ਕਰਦੀ ਹੈ। ਜਿਹੜਾ ਸਿੱਖ ਆਪਣੀ ਕੰਨਿਆਂ ਇਸ ਨਾਲ ਵਿਆਹੇਗਾ, ਉਸ ਨੂੰ ਲੋਕ ਪਰਲੋਕ ਦੇ ਅਨੰਦ ਪ੍ਰਾਪਤ ਹੋ ਜਾਣਗੇ। ਯਥਾ—

ਸਭਾ ਮਛਾਰ ਕਰ ਰਹਯੋ ਗੁਰ ਬੈਠ। ਤਨਜਾ ਹੈ ਜਿਸ ਸਿਖ ਕੇ ਐਨ॥
ਮਮ ਆਇਸ ਤੇ ਇਸ ਕੋ ਦੇਵਹਿ। ਲੋਕ ਪਰਲੋਕ ਅਨੰਦ ਸੋ ਲੇਵਹਿ।

*(ਸੂਰਜ ਪ੍ਰਕਾਸ਼)*

ਸਤਿਗੁਰੂ ਜੀ ਦਾ ਹੁਕਮ ਸੁਣਕੇ ਸੀਹੇਂ ਉੱਪਲ ਨੇ ਅਰਜ਼ ਕੀਤੀ, ਗਰੀਬ ਨਿਵਾਜ਼! ਮੇਰੇ ਘਰ ਜਵਾਨ ਲੜਕੀ ਹੈ, ਆਪ ਹੁਕਮ ਕਰੋ ਤਾਂ ਸ਼ਾਦੀ ਕਰ ਦੇਈਏ!

ਸੀਹਾਂ ਉਪਲ ਸਿੱਖ ਕੁਲੀਨ॥ ਤਿਨ ਕਰ ਜੋਰੇ ਬਿਨਤੀ ਕੀਨਿ॥
ਵਰ ਪ੍ਰਾਪਤਿ ਕੰਨਿਯਾ ਘਰ ਮੇਰੇ॥ ਹੇ ਪ੍ਰਭੂ ਫਿਰੋਂ ਇਸੀ ਸੰਗ ਫੇਰੇ॥

*(ਸੂਰਜ ਪ੍ਰਕਾਸ਼)*

ਸਤਿਗੁਰੂ ਤੋਂ ਆਗਿਆ ਲੈ ਕੇ ਘਰ ਆਇਆ, ਆਪਣੇ ਘਰ ਵਾਲੀ ਨੂੰ ਆਖਿਆ, ਤੈਨੂੰ ਗੁਰੂ ਸਾਹਿਬ ਦਾ ਹੁਕਮ ਹੈ ਕਿ ਲੰਗਰ ਵਿੱਚ ਸੇਵਾ ਕਰ। ਕਿਉਂਕਿ ਉਹ ਜਾਣਦਾ ਸੀ ਕਿ ਇਸ ਦਾ ਸੁਭਾਵ ਚੰਗਾ ਨਹੀਂ ਹੈ, ਇਸ ਲਈ ਇਹ ਸ਼ਾਦੀ ਵਿੱਚ ਰੁਕਾਵਟ ਬਣੇਗੀ। ਉਸ ਨੂੰ ਕੋਈ ਗੱਲ ਨਾ ਦੱਸੀ, ਹੋਰ-ਹੋਰ ਬਾਤਾਂ ਕਰਕੇ ਟਾਲ ਦਿੱਤਾ। ਪਤਨੀ ਨੂੰ ਲੰਗਰ ਵੱਲ ਤੋਰ ਕੇ ਉਸੇ ਸਮੇਂ ਲੜਕੀ ਨੂੰ ਸਤਿਗੁਰੂ ਦੇ ਕੋਲ ਲੈ ਗਿਆ। ਸਤਿਗੁਰੂ ਨੇ ਵੀ ਤੱਤ ਛਿਨ ਮੁਰਾਰੀ ਨਾਲ ਫੇਰੇ ਕਰ ਦਿੱਤੇ। ਅਨੇਕਾਂ ਵਰਦਾਨ ਬਖਸ਼ਿਸ਼ ਕੀਤੇ, ਮਾਨੋਂ ਸਤਿਗੁਰੂ ਜੀ ਖੁਸ਼ ਨਸੀਬ ਜੋੜੀ ਨੂੰ ਦਹੇਜ ਦੇ ਰਹੇ ਹਨ। ਉਹ ਪ੍ਰੇਮਾਂ ਜੋ ਹੁਣ ਤੱਕ ਨਰਕ ਦੀ ਜ਼ਿੰਦਗੀ ਬਤੀਤ ਕਰ ਰਿਹਾ ਸੀ, ਉਸਦੇ ਸਰੀਰਕ ਰੋਗ ਹੀ ਨਾਸ਼ ਨਹੀਂ ਕੀਤੇ, ਸਗੋਂ ਆਪਣੀ ਕ੍ਰਿਪਾ ਦ੍ਰਿਸ਼ਟੀ ਨਾਲ ਗੁਰੂਦੇਵ ਨੇ ਜਨਮ ਮਰਨ ਆਦਿ ਤਮਾਮ ਦੁੱਖਾਂ ਤੋਂ ਇਕ ਛਿਨ ਵਿੱਚ ਬਰੀ ਕਰ ਦਿੱਤਾ। ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ—

ਜੀਵ ਨਾਰਕੀ ਸੁਰਗ ਪਚਾਵਾ॥ ਅਦਭੁਤ ਐਸੇ ਰੂਪ ਬਨਾਵਾ॥

ਭਯੋ ਅਰੋਗ ਦੇਹ ਤੇਹਿ ਸੁੰਦਰ॥ ਦਈ ਸੁੰਦਰੀ ਪੁਨ ਸੁਖ ਮੰਦਰ॥
ਦੇਖਤਿ ਸੁਨਤਿ ਸ਼ਕਲ ਬਿਸਮਾਏ॥ ਸਤਿਗੁਰ ਮਹਿਮਾਂ ਲਖਿ ਅਧਿਕਾਏ॥
ਚਹੈਂ ਸੋਂ ਕਰੈਂ ਕਲਾ ਸਭਿ ਪੂਰਨ॥ ਦਾਸ ਉਬਾਰਨਿ ਦੁਸ਼ਟਨਿ ਚੂਰਨ॥
ਏਕ ਘਟੀ ਮਹਿ ਸਭਿ ਕੁਝ ਪਾਯੋ॥ ਤਨ ਅਰੋਗ ਪੁਨ ਬਿਯਾਹ ਸੁਹਾਯੋ॥

*(ਸੂਰਜ ਪ੍ਰਕਾਸ਼)*

ਸਤਿਗੁਰੂ ਨੇ ਪ੍ਰੇਮੇਂ ਦੀ, ਪ੍ਰੇਮਾਂ ਭਗਤੀ ਤੇ ਤਰੁਠ ਕੇ ਇੱਕ ਘੜੀ ਵਿੱਚ ਦੇਹੀ ਅਰੋਗ ਕਰਕੇ ਸ਼ਾਦੀ ਕਰ ਦਿੱਤੀ। ਸੀਹੇਂ ਦੇ ਘਰ ਵਾਲੀ ਨੂੰ ਲੰਗਰ ਵਿੱਚ ਕਿਸੇ ਨੇ ਜਾ ਕੇ ਦਸਿਆ, ਕਿ ਤੇਰੀ ਲੜਕੀ ਸਤਿਗੁਰੂ ਨੇ ਉਸ ਗੋਹੜੀ ਨਾਲ ਵਿਆਹ ਦਿੱਤੀ, ਜੋ ਦਰਬਾਰ ਤੋਂ ਬਾਹਰ ਇੱਕ ਝੁੱਕੀ ਵਿੱਚ ਰਹਿੰਦਾ ਸੀ। ਸੁਣਕੇ ਸੀਹੇਂ ਦੀ ਪਤਨੀ ਬਹੁਤ ਦੁਖੀ ਹੋਈ, ਸਤਿਗੁਰੂ ਦੇ ਕੋਲ ਆਈ, ਗੁੱਸੇ ਵਿੱਚ ਬੋਲੀ ਹੇ ਸਤਿਗੁਰੂ! ਤੁਸੀਂ ਇਹ ਕੀ ਅਨਰਥ ਕੀਤਾ, ਇੱਕ ਕੋਹੜੀ, ਜਿਸ ਦਾ ਨਾ ਕੋਈ ਮਾਂ ਪਿਉ ਹੈ, ਨਾ ਉਸ ਦੀ ਜਾਤ ਕੁਲ ਹੈ, ਮੇਰੀ ਲੜਕੀ ਉਸ ਨਾਲ ਵਿਆਹ ਦਿੱਤੀ। ਪਰੇਮੇ ਦੇ ਘਰ ਵਾਲੀ ਦੀ ਗੱਲ ਸੁਣਕੇ ਸਤਿਗੁਰੂ ਹੱਸੇ। ਕਰੁਨਾ ਦੇ ਘਰ ਆ ਕੇ ਬੋਲੇ, ਇਹ ਮੁਰਾਰੀ ਮੇਰਾ ਪੁੱਤਰ ਹੈ, ਜਿਸ ਨਾਲ ਤੇਰੀ ਲੜਕੀ ਦੀ ਸ਼ਾਦੀ ਕੀਤੀ ਹੈ ਯਥਾ—

ਸੁਨਿ ਸ੍ਰੀ ਅਮਰਦਾਸ ਤਬ ਹਸੇ। ਕਹਯੋ ਤਾਂਹਿ ਕਰੁਨਾ ਰੰਗ ਰਸੇ॥
ਜਾਨਹੁ ਮਮ ਸੁਤ ਇਹੋ ਜੋ ਮੁਰਾਰੀ। ਬਿਯਾਹਯੋ ਤਨਜਾ ਸੰਗਿ ਤੁਮਾਰੀ॥

*(ਸੂਰਜ ਪ੍ਰਕਾਸ਼)*

ਹਜ਼ੂਰ ਨੇ ਪੁੱਛਿਆ, ਤੇਰੀ ਲੜਕੀ ਦਾ ਨਾਮ ਕੀ ਹੈ? ਮਹਾਰਾਜ ਮਥੋ ਹੈ! ਹਜ਼ੂਰ ਬੋਲੇ, ਇਸਦਾ ਨਾਮ ਮਥੋ ਮੁਰਾਰੀ ਰੱਖਿਆ। ਪਹਿਲਾਂ ਤੇਰੀ ਲੜਕੀ ਦਾ ਨਾਮ ਆਇਆ ਕਰੇਗਾ, ਫਿਰ ਮੁਰਾਰੀ ਦਾ ਨਾਮ ਆਏਗਾ। ਯਥਾ—

ਤਵ ਤਨਜਾ ਕੋ ਨਾਮ ਮਥੋ ਹੈ। ਨਾਮ ਮੁਰਾਰੀ ਯਾਂਹਿ ਕਥੋ ਹੈ।
ਮਥੋ ਮੁਰਾਰੀ ਸਿਮਰੇ ਨਾਮ। ਪੂਰਨ ਹੋਹਿ ਨਰਨ ਕੇ ਕਾਮ॥
ਮਥੋ ਨਾਮ ਆਗੇ ਕਹਿ ਆਛੈ। ਨਾਮ ਮੁਰਾਰੀ ਭਾਂਖਹਿ ਪਾਛੈ॥
ਨਰ ਪੂਜਹਿਗੇ ਮਥੋ ਮੁਰਾਰੀ। ਚਿਤ ਚਿੰਤਾਂ ਦੇਣ ਸੋਕ ਬਿਸਾਰੀ॥
ਇਹ ਦੋਨੋਂ ਹੋਇ ਵਡਭਾਗੇ। ਮੇਰੀ ਪ੍ਰੇਮ ਭਗਤ ਮਹਿ ਪਾਗੇ॥

*(ਸੂਰਜ ਪ੍ਰਕਾਸ਼)*

ਸੀਹੇਂ ਦੀ ਪਤਨੀ ਜਿਸ ਪ੍ਰੇਮੇਂ ਨੂੰ ਰੋਜ਼ ਕੋੜ੍ਹ ਨਾਲ ਸੜਿਆ ਦੇਖਦੀ ਸੀ, ਹੁਣ ਕੰਚਨ ਵਰਗੀ ਦੇਹੀ ਦੇਖ ਕੇ ਅਤੇ ਸਤਿਗੁਰੂ ਦੇ ਪਵਿੱਤਰ ਮੁੱਖ ਤੋਂ ਉਸ ਨੂੰ ਮਿਲ ਰਹੇ ਵਰਦਾਨ ਸੁਣਕੇ ਖੁਸ਼ ਹੋ ਗਈ। ਉਹ ਤਾਂ ਠੰਡੀ ਹੋ ਕੇ ਘਰ ਚਲੀ ਗਈ, ਉਧਰ ਸਤਿਗੁਰੂ ਨੇ ਉਸ ਖੁਸ਼ ਨਸੀਬ ਜੋੜੀ ਨੂੰ ਹੁਣ ਹੁਕਮ ਕੀਤਾ।

ਮਥੋ ਮੁਰਾਰੀ ਅਬ ਤੁਮ ਜਾਵਹੁ। ਸਤਿਐ ਨਾਮ ਉਪਦੇਸ਼ ਦ੍ਰਿੜਾਵਹੁ॥
ਗੁਰਸਿੱਖੀ ਜਗ ਅਧਿਕ ਥਿਰ ਧਾਵਹੁ। ਨਿਜ ਗ੍ਰਿਹਿ ਵਸਤਹੁ ਸਦਾ ਸੁਖ ਪਾਵਹੁ॥
ਤੇਰੇ ਵਾਕ ਫੁਰੈ ਜਿਮਿ ਕਹੈਂ। ਵਰ ਕੈ ਸਰਾਫ ਦੇਂਹਿ ਜਿਸ ਚਹੈਂ॥
ਤੇਰੀ ਭਗਤਿ ਪਰੀ ਅਬ ਪੂਰੀ। ਪ੍ਰਾਪਤ ਭਈ ਮਹਾਂ ਗਤ ਰੂਰੀ॥
ਤੁਝਿ ਸਿਉ ਮਿਲੇਂ ਸੋ ਭਵਜਲ ਤਰੈ। ਤਉ ਕਹਥੋ ਇਸ ਤੇ ਕਿਆ ਪਰੈ।
ਭਗਤਿ ਮੁਕਤਿ ਨਵਤਨ ਤਿਸ ਦੈ ਕੈ॥ ਬਿਦਾ ਕਰਯੋ ਗਮਨਯੋ ਸੁਖ ਪੈ ਕੈ।

*(ਸੂਰਜ ਪ੍ਰਕਾਸ਼)*

ਇਸ ਪ੍ਰਕਾਰ ਮਥੋ ਮੁਰਾਰੀ ਨੂੰ ਬ੍ਰਹਮਗਿਆਨ ਦੀ ਬਖਸ਼ਿਸ਼ ਕਰਕੇ, ਗੁਰੂ ਨਾਨਕ ਦੇ ਘਰ ਦਾ ਪ੍ਰਚਾਰ ਕਰਨ ਲਈ ਇੱਕ ਮੰਜੀ ਬਖਸ਼ਿਸ਼ ਕੀਤੀ। ਉਧਰ ਸੀਹੇਂ ਦੀ ਵੀ ਸਿੱਖੀ ਨਿਭ ਗਈ, ਗੁਰੂ ਘਰ ਨਾਲ ਤਿੰਨ ਪੁਸ਼ਤਾਂ ਤੱਕ ਰਹਿ ਬਣ ਆਈ। ਅੰਤਰ ਆਤਮੈਂ ਨਾਮ ਰੰਗ ਰਤਾ, ਪਰਮ ਪਦ ਨੂੰ ਪਹੁੰਚ ਗਿਆ। ਬਾਹਰ ਜਗਤ ਵਰਤੋਂ ਵਿੱਚ ਉਸ ਦਾ ਉਪਕਾਰ

ਤਾਂ ਨਿਭ ਹੀ ਗਿਆ, ਲੇਕਿਨ ਦੁਖੀ ਜਗਤ ਵਿਖੇ, ਨਾਮ ਦੀ ਠੰਡ ਵਰਤਾਉਣ ਵਾਲੇ ਮਹਾਨ ਉਪਕਾਰ ਦੇ ਕਾਰਜ ਵਿੱਚ ਕੰਨਿਆ ਦਾ ਜੀਵਨ ਵੀ ਸਫਲ ਹੋਇਆ। ਇਸ ਤੋਂ ਅੱਗੇ ਅਨੁਮਾਨ ਹੁੰਦਾ ਹੈ ਕਿ ਸੀਹੇਂ ਉੱਪਲ ਨੇ ਚੌਥੇ ਸਤਿਗੁਰਾਂ ਦੇ ਸਮੇਂ ਤੱਕ ਜੀਵਨ ਯਾਤਰਾ ਕੀਤੀ ਹੈ। ਜਦੋਂ ਗੁਰੂ ਰਾਮਦਾਸ ਮਹਾਰਾਜ ਨੇ ਗੁਰੂ ਅਮਰਦਾਸ ਦੇ ਹੁਕਮ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਸ਼ਹਿਰ ਵਸਾਇਆ, ਤੇ ਆਪਣੇ ਰਹਿਣ ਦਾ ਟਿਕਾਣਾ ਬਣਾ ਕੇ ਬਜ਼ਾਰ ਦੀ ਸਿਰਜਨਾ ਕੀਤੀ, ਜੋ ਗੁਰੂ ਕਾ ਬਾਜਾਰ ਤੇ ਪਾਸੀਆਂ ਦੇ ਚੌਂਕ ਤੋਂ ਅੱਗੇ ਹੈ। ਇਹ ਬਾਜ਼ਾਰ ਹੁਣ ਵਾਲੇ ਸਵੂਨੀਆਂ ਵਾਲੇ ਬਜ਼ਾਰ ਵਿੱਚ ਸ਼ਾਮਲ ਹੋ ਕੇ ਅੱਗੇ ਤੱਕ ਗਿਆ ਹੈ। ਸੀਹਾਂ ਵੀ ਗੁਰੂ ਦੀ ਆਗਿਆ ਵਿੱਚ ਇੱਥੇ ਆ ਵਸੇ। ਗੁਰੂ ਦੇ ਇਸ ਬਾਜ਼ਾਰ ਵਿੱਚ ਸੀਹਾਂ ਜੀ ਨੇ ਵੀ ਇਕ ਗਲੀ ਵਿਉਂਤ ਕੇ ਆਪਣਾ ਘਰ ਬਣਾ ਲਿਆ। ਇਸ ਪ੍ਰਕਾਰ ਗੱਜਣ ਭਰਾ ਅਤੇ ਹੋਰ ਉੱਪਲ ਸੱਜਣ ਇਥੇ ਹੀ ਆ ਵਸੇ। ਇਉਂ ਸੀਹਾਂ ਉੱਪਲ ਦੇ ਇਥੇ ਵਸਣ ਤੇ ਉਸ ਗਲੀ ਦਾ ਨਾਮ ਉੱਪਲਾਂ ਵਾਲੀ ਗਲੀ ਪੈ ਗਿਆ, ਜੋ ਹੁਣ ਤੱਕ ਵਿੱਦਿਤ ਹੈ। ਇਸ ਦੇ ਨੇੜੇ ਹੀ ਉਸ ਸਮੇਂ ਦੁੱਗਲ ਸਿੱਖਾਂ ਦੇ ਘਰ ਵਸਣ ਤੇ ਦੁੱਗਲਾਂ ਵਾਲੀ ਗਲੀ ਅਤੇ ਨਯੜ ਖੱਤਰੀਆਂ, ਗੁਰ ਸਿੱਖਾਂ ਦੇ ਵਸੇਬੇ ਤੋਂ ਨਯੜਾਂ ਦੀ ਗਲੀ ਵਸੀ। ਇਨ੍ਹਾਂ ਨਯੜ ਖੱਤਰੀਆਂ ਦੇ ਪਰਿਵਾਰ ਵਿੱਚੋਂ ਹੀ ਸ੍ਰੀ ਪਰਮ ਪਾਵਨ ਮਾਤਾ ਗੁਜਰੀ ਜੀ ਸਨ। ਚੌਥੇ ਸਤਿਗੁਰਾਂ ਤੱਕ ਤਾਂ ਸੀਹਾਂ ਉੱਪਲ ਦੀ ਹੀ ਸਿੱਖੀ ਨਿੱਭ ਗਈ, ਅੱਗੇ ਜਾ ਕੇ ਇਸ ਪਵਿੱਤਰ ਕੁਲ ਵਿੱਚ ਤੀਰਥ ਨਾਮ ਦਾ ਇੱਕ ਸੱਜਣ ਪੈਦਾ ਹੋਇਆ, ਜੋ ਛੇਵੇਂ ਸਤਿਗੁਰਾਂ ਦੀ ਪੂਰਨ ਮਿਹਰ ਨਾਲ ਪਰਮ ਪਦ ਤੇ ਪਹੁੰਚਿਆ, ਅਤੇ ਗੁਰੂ ਸਾਹਿਬ ਜੀ ਵਲੋਂ ਰਚੇ ਧਰਮ ਯੁਧਾਂ ਵਿੱਚ ਜੂਝਿਆ ਜਿਸ ਦਾ ਜ਼ਿਕਰ ਭਾਈ ਸਾਹਿਬ, ਭਾਈ ਗੁਰਦਾਸ ਜੀ ਨੇ ਛੇਵੇਂ ਪਾਤਿਸ਼ਾਹ ਦੇ ਪੁੱਗੇ ਸਿੱਖਾਂ ਵਿੱਚ ਇਸ ਪ੍ਰਕਾਰ ਕੀਤਾ ਹੈ—

**ਮਨਸਾ ਧਾਰਿ ਅਥਾਹੁ ਹੈ ਤੀਰਥ ਉੱਪਲ ਸੇਵਕ ਸਾਰਾ॥**

*(ਵਾਰ ਗਿਆਰਵੀਂ ਪੌੜੀ-੨੯ਵੀਂ)*

ਸਮਾਂ ਪਾ ਕੇ ਗੁਰੂ ਘਰ ਦੀ ਇਸ ਬਖਸ਼ੀ ਕੁਲ ਦਾ ਜਿਵੇਂ-ਜਿਵੇਂ ਵਿਸਥਾਰ ਹੋਇਆ ਤਾਂ ਅਨਜਲ ਦੇ ਵਸ ਜਾਂ ਪ੍ਰਾਰਬਧ ਦੀ ਪ੍ਰੇਰਨਾ ਤੇ ਉੱਪਲ ਵੰਸੀ ਪ੍ਰੇਮੀ ਇੱਧਰ ਉਧਰ ਜਾ ਵਸੇ। ਇਸੀ ਪ੍ਰਕਾਰ ਇਸ ਉੱਪਲ ਵੰਸ਼ ਦਾ ਇੱਕ ਪਰਿਵਾਰ ਜ਼ਿਲ੍ਹਾ ਸ਼ੇਖੂਪੁਰੇ ਦੇ ਪਿੰਡ *ਬੇਗ਼ ਪੁਰਾ* ਵਿੱਚ ਵਸ ਕੇ ਗੁਰੂ ਆਗਿਆ ਅਨੁਸਾਰ ਹੱਕ-ਸੱਚ ਦੀ ਨੇਕ ਕਮਾਈ ਕਰਕੇ ਆਪਣਾ ਜੀਵਨ ਬਸਰ ਕਰਨ ਲੱਗਿਆ। ਸਮਾਂ ਪਾ ਕੇ ਇਸ ਭਲੇ ਪਰਿਵਾਰ ਵਿੱਚ ਇੱਕ ਬਹੁਤ ਤੇਜਸਵੀ ਅਤੇ ਨੇਕ ਪੁਰਸ਼ ਪੈਦਾ ਹੋਇਆ ਜਿਸ ਦਾ ਨਾਮ ਸੁੰਦਰ ਦਾਸ ਉੱਪਲ ਸੀ। ਇਸ ਪੁਰਸ਼ ਨੂੰ ਪਰਮੇਸ਼ਰ ਨੇ ਜਿਥੇ ਧਨ ਪਦਾਰਥ ਨਾਲ ਮਾਲਾ ਮਾਲ ਕਰਕੇ ਚੰਗਾ ਸ਼ਾਹੂਕਾਰਾ ਬਖਸ਼ਿਆ ਹੋਇਆ ਸੀ, ਉਥੇ ਦਾਨ ਪੁੰਨ ਕਰਨ ਲਈ ਵੀ ਬਾਦਸ਼ਾਹੀ ਜੇਰਾ ਬਖਸ਼ਿਆ ਹੋਇਆ ਸੀ। ਇਸ ਭਲੇ ਪੁਰਸ਼ ਨੇ ਗਰੀਬਾਂ, ਲੋੜਵੰਦਾਂ, ਅਤਿਥੀਆਂ ਅਤੇ ਸਾਧੂਆਂ ਲਈ ਵੱਡਾ ਹਾਲ ਬਣਾ ਕੇ ਉਸ ਵਿੱਚ ਸੌ ਮੰਜਾ ਬਿਸਤਰਾ ਰੱਖਿਆ ਹੋਇਆ ਸੀ, ਤਾਂ ਕਿ ਆਉਂਦੀਆਂ ਜਾਂਦੀਆਂ ਸਾਧੂ ਮੰਡਲੀਆਂ ਇਥੇ ਠਹਿਰ ਕੇ ਅਰਾਮ ਕਰ ਲੈਣ। ਗਰੀਬ ਕਿਸਾਨ ਜਾਂ ਹੋਰ ਲੋਕ ਆਪਣੀਆਂ ਲੜਕੀਆਂ ਦੀਆਂ ਸ਼ਾਦੀਆਂ, ਜਾਂ ਹੋਰ ਸਮਾਗਮਾਂ ਲਈ ਬਗੈਰ ਕਿਸੇ ਕਿਰਾਏ ਜਾਂ ਹੋਰ ਖਰਚੇ ਤੇ ਵਰਤ ਸਕਣ। ਇਸ ਹਾਲ ਵਿੱਚ ਕੇਵਲ ਰਹਿਣ ਦੀ ਹੀ ਸਹੂਲਤ ਨਹੀਂ ਸੀ, ਸਗੋਂ ਇਸ ਪ੍ਰੇਮੀ ਵੱਲੋਂ ਰੋਜ਼ ਮਿੱਸੇ ਪ੍ਰਸ਼ਾਦੇ ਅਤੇ ਲੱਸੀ ਦਾ ਯਗ ਵਰਤਦਾ ਰਹਿੰਦਾ ਸੀ, ਜਿਸ ਤੋਂ ਆਏ ਗਏ, ਸਾਧੂ ਮਹਾਤਮਾ ਅਤੇ ਹੋਰ ਲੋੜਵੰਦ ਲਾਭ ਉਠਾ ਕੇ ਆਪਣੇ ਪ੍ਰਾਣਾਂ ਰੂਪੀ ਅੱਗ ਨੂੰ ਅਹੁਤੀ ਦਿੰਦੇ ਰਹਿੰਦੇ ਸਨ। ਇਸ ਭਲੇ ਪੁਰਸ਼ ਸੁੰਦਰ ਦਾਸ ਉੱਪਲ ਦੀ ਆੜ੍ਹਤ ਦੀ ਦੁਕਾਨ ਸੀ, ਉਥੇ ਫਸਲ ਵੇਚਣ ਆਏ ਹਰ ਕਿਸਾਨ ਨੂੰ ਇਸ ਦੀ ਬੇਨਤੀ ਸੀ ਕਿ ਘਰੋਂ ਕੋਈ ਪ੍ਰਸ਼ਾਦਾ ਨਾ ਲੈ ਕੇ ਆਵੇ, ਸਗੋਂ ਇਥੇ ਹੀ ਗੁਰੂ ਅਮਰਦਾਸ ਦੇ ਲੰਗਰ ਵਿੱਚ ਛਕੇ। ਇਸ ਪ੍ਰਕਾਰ ਫਸਲ ਵੇਚਣ ਆਏ ਸਭ ਕਿਸਾਨ ਲੰਗਰ ਇਥੇ ਛਕਦੇ। ਗਰੀਬਾਂ ਦੀਆਂ ਲੜਕੀਆਂ ਦੀ ਸ਼ਾਦੀ ਇਹ ਪ੍ਰੇਮੀ ਸੁੰਦਰ ਦਾਸ ਉੱਪਲ ਕੋਲੋਂ ਧਨ ਖਰਚ ਕਰਕੇ ਕਰਦੇ ਅਤੇ ਉਨ੍ਹਾਂ ਦੇ ਸਮਾਜਕ ਦਰਜੇ ਮੁਤਾਬਿਕ ਖੁੱਲ੍ਹਾ ਦਾਜ ਦਿੰਦੇ। ਇਸ ਪ੍ਰਕਾਰ ਇਹ ਪ੍ਰੇਮੀ ਗੁਰੂ ਘਰ ਨਾਲ ਆਦਿ ਤੋਂ ਚਲੇ ਆ ਰਹੇ ਆਪਣੀ ਵੰਸ਼ ਦੇ ਸੰਬੰਧ ਅਤੇ ਗੁਰੂਆਂ ਵੱਲੋਂ ਕੀਤੀਆਂ ਬਖਸ਼ਿਸ਼ਾਂ ਨੂੰ ਹਮੇਸ਼ਾਂ ਯਾਦ ਰੱਖਦਾ ਹੋਇਆ, ਬਹੁਤ ਨੇਕ, ਪਰਉਪਕਾਰੀ, ਗਰੀਬ ਭਲਾਈ ਅਤੇ ਦੈਵੀ ਗੁਣਾਂ ਦੇ ਸੰਯੁਕਤ ਜੀਵਨ ਬਸਰ ਕਰ ਰਿਹਾ ਸੀ। ਸਮਾਂ ਪਾ ਕੇ ਇਹ ਭਲੇ ਪੁਰਸ਼ ਸੁੰਦਰ ਦਾਸ ਉੱਪਲ ਦੀ ਗ੍ਰਹਿਸਤ ਰੂਪ ਫੁਲਵਾੜੀ ਵਿੱਚ ਇੱਕ ਬਹੁਤ ਭਾਗਸ਼ਾਲੀ ਪੁੱਤਰ ਪੈਦਾ ਹੋਇਆ, ਜਿਸਦਾ ਨਾਮ ਅਰੂੜ ਚੰਦ ਉੱਪਲ ਰੱਖਿਆ। ਅਰੂੜ ਚੰਦ ਜੀ ਨੇ ਗੁਰੂ ਘਰ ਦੀਆਂ ਮਹਾਨ ਬਖਸ਼ਿਸ਼ਾਂ ਨਾਲ

ਭਰਪੂਰ ਹੋਈ ਉੱਪਲ ਵੰਸ਼, ਰੱਜਦਾ-ਪੁੱਜਦਾ ਪਰਿਵਾਰ ਅਤੇ ਪਰਉਪਕਾਰ, ਲੋਕ ਭਲਾਈ, ਸੰਤ ਸੇਵੀ ਮਹਿਕ ਨਾਲ ਸਗੰਧਤ ਹੋਏ ਪਰਿਵਾਰ ਵਿੱਚ ਜਨਮ ਧਾਰਨ ਕਰਕੇ ਆਪਣੀ ਜੀਵਨ ਯਾਤਰਾ ਸ਼ੁਰੂ ਕੀਤੀ।

ਉਧਰ ਜ਼ਿਲ੍ਹਾ ਗੁਜਰਾਂਵਾਲਾ ਦੇ ਪਿੰਡ ਸਾਧੂ ਕੇ ਵਿੱਚ ਲੈਦਰ ਗੋਤ ਦੇ ਖੱਤਰੀ ਘਰਾਣੇ ਵਿੱਚੋਂ ਤਾਰਾ ਚੰਦ ਨਾਮ ਦਾ ਇੱਕ ਭਲਾ ਪੁਰਸ਼ ਵਸਦਾ ਸੀ। ਸ੍ਰੀ ਤਾਰਾ ਚੰਦ ਜੀ ਦਾ ਕਿੱਤਾ ਠੇਕੇਦਾਰੀ ਸੀ, ਇਸ ਲਈ ਕਾਰੋਬਾਰ ਲਾਹੌਰ ਵਿੱਚ ਵੀ ਕਰਦੇ ਸਨ, ਯਾਨੀ ਗੁਜਰਾਂਵਾਲਾ ਪਿੰਡ ਸਾਧੂ ਕੇ ਅਤੇ ਲਾਹੌਰ ਦੋਨੋਂ ਥਾਈਂ ਰਿਹਾਇਸ਼ ਦਾ ਪ੍ਰਬੰਧ ਸੀ। ਸ੍ਰੀ ਤਾਰਾ ਚੰਦ ਜੀ ਦੀ ਧਰਮ ਪਤਨੀ ਮਾਤਾ ਕੁਸ਼ੱਲਿਆ ਦੀ ਪਵਿੱਤਰ ਕੁੱਖ ਤੋਂ ਇੱਕ ਸੁਭਾਗ ਬੀਬੀ ਨੇ ਜਨਮ ਲਿਆ, ਜਿਸ ਦਾ ਨਾਮ ਬਿਮਲਾ ਦੇਵੀ ਰੱਖਿਆ। ਬਿਮਲਾ ਦਾ ਅਰਥ ਹੁੰਦਾ ਹੈ, ਮੈਲ ਤੋਂ ਰਹਿਤ, ਯਾਨੀ ਸ਼ੁੱਧ ਦੇਵੀ। ਇਹ ਸ਼ੁਸੀਲ ਬੀਬੀ ਬਹੁਤ ਨੇਕ ਸੁਭਾਅ ਦੈਵੀ ਗੁਣਾਂ ਦਾ ਖਜ਼ਾਨਾ, ਪਰਾਏ ਭਲੇ ਦੇ ਸੰਸਕਾਰਾਂ ਦਾ ਸਮੂਹ, ਸੰਤ ਸੇਵਾ ਅਤੇ ਨਿਮਰਤਾ ਵਾਲੇ ਵਡਮੁੱਲੇ ਗੁਣ ਜਨਮ ਤੋਂ ਹੀ ਨਾਲ ਲੈ ਕੇ ਆਈ ਸੀ।

ਇਸ ਲਈ ਹਸੂੰ-ਹਸੂੰ ਕਰਦਿਆਂ ਮੁਢਲਾ ਜੀਵਨ ਇਸ ਨੇਕ ਬੀਬੀ ਨੇ ਮਾਤਾ ਪਿਤਾ ਦੀ ਸੇਵਾ ਕਰਦਿਆਂ ਘਰ ਹੀ ਗੁਜ਼ਾਰਿਆ। ਜਦੋਂ ਅਵਸਥਾ ਜਵਾਨ ਹੋਈ ਤਾਂ ਮਾਤਾ ਪਿਤਾ ਨੇ ਸ਼ਾਦੀ ਦੇ ਯੋਗ ਸਮਝ ਕੇ ਕਿਸੇ ਖਾਨਦਾਨੀ ਪਰਿਵਾਰ ਦੇ ਲਾਇਕ ਲੜਕੇ ਦੀ ਢੂੰਢ ਭਾਲ ਸ਼ੁਰੂ ਕੀਤੀ। ਆਖਰ **ਸੰਜੋਗ ਵਿਜੋਗ ਧੁਰਹੋਂ ਹੀ ਹੂਆ** ਦੇ ਮਹਾਂਵਾਕ ਅਨੁਸਾਰ ਸਮਾਂ ਆਉਣ ਤੇ ਸੰਯੋਗ ਸਫ਼ਟ ਹੋਇਆ। ਪਰਮੇਸ਼ਰ ਦੇ ਹੁਕਮ ਅਨੁਸਾਰ ਇਸ ਸ਼ੁਸ਼ੀਲ ਬੀਬੀ ਦੀ ਸ਼ਾਦੀ ਜ਼ਿਲ੍ਹਾ ਸ਼ੇਖੂਪੁਰੇ ਦੇ ਪਿੰਡ ਬੇਗਪੁਰਾ ਦੇ ਨਿਵਾਸੀ ਸ੍ਰੀ ਸੁੰਦਰ ਦਾਸ ਉੱਪਲ ਦੇ ਸਪੁੱਤਰ ਸ੍ਰੀ ਅਰੂੜ ਚੰਦ ਉੱਪਲ ਨਾਲ ਸੰਨ 1942 ਈ: ਵਿੱਚ ਹੋਈ।

ਭਗਤੀ, ਸਤਿਸੰਗ ਅਤੇ ਸੰਤ ਸੇਵਾ ਦੇ ਸੰਸਕਾਰ ਤਾਂ ਇਹ ਖੁਸ਼ਨਸੀਬ ਬੀਬੀ ਪੂਰਬ ਜਨਮਾਂ ਦੇ ਨਾਲ ਹੀ ਲੈ ਕੇ ਆਈ ਸੀ, ਇਸ ਲਈ ਸ਼ਾਦੀ ਹੋ ਕੇ ਸ਼ੇਖੂਪੁਰੇ ਆਉਂਦਿਆਂ ਹੀ ਸੰਤ ਭਗਤ ਸਿੰਘ ਜੀਆਂ ਦਾ ਮਿਲਾਪ ਹੋ ਗਿਆ। ਦੇਵਨੇਤ ਨਾਲ ਵਿਰੱਕਤ ਮਹਾਰਾਜ ਨਿੱਕਾ ਸਿੰਘ ਜੀ ਵੀ ਸੰਤ ਭਗਤ ਸਿੰਘ ਜੀ ਦੇ ਪ੍ਰੇਮ ਪ੍ਰਵੇਧੇ ਆਪਣੀ ਵਿਰੱਕਤੀ ਠਾਠ ਵਿੱਚ ਅਕਸਰ ਆਉਂਦੇ ਜਾਂਦੇ ਰਹਿੰਦੇ ਸਨ, ਇਸ ਲਈ ਸਮੇਂ-ਸਮੇਂ ਉਨ੍ਹਾਂ ਦੀ ਇਲਾਹੀ ਮਹਿਕ ਵੀ ਪ੍ਰਾਪਤ ਹੁੰਦੀ ਰਹਿੰਦੀ ਸੀ। ਇਉਂ ਇਹ ਸੁਭਾਗ ਜੋੜੀ ਨੂੰ ਆਪਣੇ ਗ੍ਰਹਿਸਤ ਜੀਵਨ ਦੇ ਕਾਰ ਵਿਹਾਰ ਕਰਦੇ ਹੋਏ, ਮਨੁੱਖ ਜੀਵਨ ਦਾ ਅਸਲੀ ਨਿਸ਼ਾਨਾ ਸੰਤ ਸੇਵਾ ਅਤੇ ਸਤਿਸੰਗ ਦਾ ਵਡਮੁੱਲਾ ਲਾਭ ਵੀ ਸਮੇਂ-ਸਮੇਂ ਪ੍ਰਾਪਤ ਹੁੰਦਾ ਰਹਿੰਦਾ ਸੀ। ਸਮਾਂ ਪਾ ਕੇ ਇਨ੍ਹਾਂ ਦੇ ਘਰ ਇੱਕ ਲੜਕੀ ਨੇ ਜਨਮ ਲਿਆ, ਜਿਸ ਦਾ ਨਾ ਸ਼ਾਰਧਾ ਰੱਖਿਆ। ਇਤਨੇ ਨੂੰ ਪਰਮੇਸ਼ਰ ਦਾ ਭਾਣਾ ਵਰਤਿਆ ਦੇਸ਼ ਦੀ ਵੰਡ ਵਾਲਾ 1947 ਦਾ ਸਮਾਂ ਆ ਗਿਆ। ਉਸ ਸਮੇਂ ਲੱਖਾਂ ਲੋਕ ਵਿਚਾਰੇ ਆਪਣੇ ਘਰ ਘਾਟ, ਜਾਇਦਾਦਾਂ, ਧਨ-ਧਾਨ ਲੁਟਾ ਕੇ ਇੱਧਰੋਂ ਉਧਰ ਚਲੇ ਗਏ ਅਤੇ ਲੱਕਾਂ ਹੀ ਉਧਰੋਂ ਇੱਧਰ ਆਏ। ਬਾਬਾ ਸੁੰਦਰ ਦਾਸ ਉੱਪਲ ਦਾ ਪਰਿਵਾਰ ਸ਼ੇਖੂਪੁਰੇ ਤੋਂ ਆਪਣੀ ਸਾਰੀ ਬਾਦਸ਼ਾਹੀ ਲੁਟਾ ਕੇ ਅਨਜਲ ਦੀ ਪ੍ਰੇਰਨਾ ਤੇ ਪਾਨੀਪਤ ਆ ਵਸਿਆ। ਇੱਥੇ ਆ ਕੇ ਥੋੜ੍ਹਾ ਬਹੁਤ ਕਾਰੋਬਾਰ ਸ਼ੁਰੂ ਕੀਤਾ, ਫਿਰ ਤਿੰਨ ਸਾਲਾਂ ਬਾਅਦ ਦਾਨਵੀਰ ਕਰਨ ਦੀ ਮਹਾਨ ਨਗਰੀ ਕਰਨਾਲ ਆ ਵਸੇ ਕਿਉਂਕਿ ਹੁਣ ਉਹ ਸਮਾਂ ਨਜ਼ਦੀਕ ਆ ਚੁੱਕਿਆ ਸੀ, ਜਦੋਂ ਪਰਮੇਸ਼ਰ ਨੇ ਪੁਰਾਤਨ ਦਿੱਤੇ ਵਰਦਾਨ ਨੂੰ ਪੂਰਾ ਕਰਨਾ ਸੀ।

## ਅਵਤਰਣ

**ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥**
**ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥**
**ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ॥**
**ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥**
**ਜਿੰਨੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥**
**ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥**

ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨਾ ਜਾਇ॥
ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ॥
ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥

*(ਬਾਰਹ ਮਾਹਾ, ਪੰਨਾ-੧੩੫)*

ਜੇਠ, ਹਾੜ ਦੀ ਤੇਜ਼ ਗਰਮੀ ਦੇ ਦਿਨ ਬੀਤ ਗਏ, ਸੌਣ, ਭਾਦੋਂ ਦੇ ਪਰਉਪਕਾਰੀ ਮਹੀਨਿਆਂ ਨੇ ਆਪਣੇ ਸੁਭਾਵ ਅਨੁਸਾਰ ਬੱਦਲ ਦਾ ਰੂਪ ਧਾਰਨ ਕਰਕੇ ਬਾਰ-ਬਾਰ ਜ਼ੋਰਦਾਰ ਮੀਂਹ ਬਰਸਾ-ਬਰਸਾ ਕੇ ਲੋਕਾਂ ਦੀ ਕੁਝ ਤਪਸ਼ ਦੂਰੀ ਕੀਤੀ। ਸੌਣ ਭਾਦੋਂ ਦੇ ਇਹ ਪਰਉਪਕਾਰੀ ਮਹੀਨੇ ਵਿਚਾਰੇ ਜਿੰਨੀ ਕੁ ਸਮਰਥਾ ਰੱਖਦੇ ਸਨ, ਸ਼ਾਇਦ ਉਸ ਤੋਂ ਵੀ ਜ਼ਿਆਦਾ ਉਨ੍ਹਾਂ ਨੇ ਵਿਤੋਂ ਬਾਹਰੇ ਹੋ ਕੇ ਪਰਉਪਕਾਰ ਕੀਤਾ ਲੋਕਾਂ ਨੂੰ ਤਪਸ਼ ਤੋਂ ਬਚਾਉਣ ਦਾ। ਬਾਹਰਲੀ ਤਪਸ਼ ਦੂਰ ਕਰਨ ਲਈ ਇਹ ਪਰਉਪਕਾਰੀ ਮਹੀਨੇ ਥੋੜ੍ਹੇ ਬਹੁਤ ਸਫਲ ਵੀ ਹੋਏ ਲੇਕਿਨ ਅੰਦਰਲੀ ਤਪਸ਼ ਨਾਲ ਲੋਕਾਈ ਵਿਚਾਰੀ ਅਜੇ ਵੀ ਤੜਫ ਰਹੀ ਹੈ। ਸ਼ਾਇਦ ਇਹ ਬੱਦਲ ਦੇ ਵਿਤੋਂ ਬਾਹਰੀ ਗੱਲ ਹੈ। ਪਰ ਇਨ੍ਹਾਂ ਵਿਚਾਰਿਆਂ ਨੇ ਆਪਣੇ ਵੱਲੋਂ ਕੋਈ ਕਸਰ ਨਹੀਂ ਰੱਖੀ ਜੀਵਾਂ ਨੂੰ ਸ਼ਾਂਤੀ ਦੇਣ ਦੀ। ਅਕਸਰ ਹੁੰਦਾ ਵੀ ਐਸਾ ਹੀ ਹੈ ਦੇਸ਼ ਵਿੱਚ ਕਿਸੇ ਪਾਸੇ ਗੜਬੜ ਬਦਅਮਨੀ ਹੋ ਜਾਵੇ, ਤਾਂ ਬਾਦਸ਼ਾਹ ਆਪਣੇ ਕਿਸੇ ਵਜ਼ੀਰ ਦੀਵਾਨ ਆਦਿਕ ਨੂੰ ਭੇਜਦਾ ਹੈ ਲੋਕਾਂ ਨੂੰ ਸ਼ਾਂਤ ਕਰਨ ਲਈ। ਅਗਰ ਵਜ਼ੀਰ ਤੋਂ ਕੰਟਰੋਲ ਨਾ ਹੋ ਪਾਏ, ਤਾਂ ਬਾਦਸ਼ਾਹ ਆਪਣੀ ਰਾਜਧਾਨੀ ਛੱਡ ਕੇ ਖੁਦ ਜਾਂਦਾ ਹੈ ਗੜਬੜ ਵਾਲੀ ਥਾਂ। ਉਥੇ ਹਰ ਪ੍ਰਕਾਰ ਦੇ ਤਰੀਕੇ ਵਰਤ ਕੇ ਲੋਕਾਂ ਨੂੰ ਸ਼ਾਂਤ ਕਰਕੇ ਫਿਰ ਵਾਪਸ ਆ ਜਾਂਦਾ ਹੈ ਆਪਣੀ ਰਾਜਧਾਨੀ। ਲੇਕਿਨ ਜਿਤਨੀ ਦੇਰ ਪਰਜਾ ਦੀ ਅਸ਼ਾਂਤੀ ਦੂਰ ਨਾ ਹੋਵੇ ਉਤਨੀ ਦੇਰ ਵਾਪਸ ਨਹੀਂ ਆਉਂਦਾ। ਬਾਗ ਨੂੰ ਕੁਮਲਾ ਰਿਹਾ ਦੇਖ ਕੇ ਵੀ ਕਿਸੇ ਮਾਲੀ ਦਾ ਅਨਡਿੱਠ ਰਹਿਣਾ ਅਸੰਭਵ ਹੀ ਹੈ। ਇੱਧਰ ਵੀ ਹੁਣ ਐਸਾ ਹੀ ਲੱਗ ਰਿਹਾ ਹੈ, ਜਿਵੇਂ ਹਰੀ ਨੇ ਬੈਕੁੰਠ ਨੂੰ ਛੱਡ ਕੇ ਮਾਤ ਲੋਕ ਵਿੱਚ ਆਉਣ ਦਾ ਮਨ ਬਣਾ ਲਿਆ। ਮਾਤਾ ਬਿਮਲਾ ਜੀ ਅਵਤਰਣ ਦਾ ਸਮਾਂ ਨਜ਼ਦੀਕ ਜਾਣਕੇ ਆਪਣੇ ਮਾਤਾ ਪਿਤਾ ਦੇ ਕੋਲ ਦਿੱਲੀ ਚਲੇ ਗਏ ਜੋ ਕਿ ਮਹਿਰੌਲੀ ਨਿਵਾਸ ਰੱਖਦੇ ਸਨ। ਅੱਜ ਸਤਾਰਾਂ ਅਕਤੂਬਰ 1950 ਈ: ਦਿਨ ਮੰਗਲਵਾਰ ਦਿਨ ਦੇ ਢਾਈ ਵਜੇ ਉਹ ਸੁਲੱਖਣੀ ਘੜੀ ਆ ਗਈ, ਜਦੋਂ ਹਰੀ ਨੇ ਆਪਣੇ ਸਰਗੁਨ ਸਰੂਪ ਸ੍ਰੀ ਗੁਰੂ ਨਾਨਕ ਦੇਵ ਦਾ ਜਸ ਲੋਕਾਂ ਦੇ ਮਨਾਂ ਵਿੱਚ ਦੁਬਾਰਾ ਜਾਗਰਿਤ ਕਰਨ ਲਈ ਅਤੇ ਪੰਜ ਸੌ ਕੁ ਸਾਲ ਪਹਿਲਾਂ ਉਤਰੀ ਦਰਗਾਹੀ ਬਾਣੀ ਦੀ ਭਰਵੀਂ ਬਰਸਾਤ ਦੁਆਰਾ ਤਪਦੇ ਹਿਰਦਿਆਂ ਨੂੰ ਸ਼ਾਂਤ ਕਰਨ ਲਈ ਅਤੇ ਕਈ ਹਜ਼ਾਰ ਸਾਲ ਪੁਰਾਤਨ ਦਿੱਤੇ ਵਰਦਾਨ ਨੂੰ ਪੂਰਾ ਕਰਨ ਲਈ ਬੈਕੁੰਠ ਵਿੱਚੋਂ ਆ ਕੇ ਆਪਣਾ ਪਹਿਲਾ ਮੁਬਾਰਕ ਚਰਨ ਕਿਸੇ ਮਹਾਂਪੁਰਖ ਦੇ ਰੂਪ ਵਿੱਚ ਮਾਤ ਲੋਕ ਦੀ ਅਸ਼ਾਂਤ ਧਰਤੀ ਤੇ ਟਿਕਾਇਆ। ਆਪ ਦੇ ਪਵਿੱਤਰ ਚਿਹਰੇ ਤੇ ਨੂਰ ਇਉਂ ਆਭਾ ਮਾਰ ਰਿਹਾ ਹੈ ਜਿਵੇਂ ਪੂਰਨਮਾਸ਼ੀ ਦੇ ਚੰਦਰਮਾ ਦੁਆਲੇ ਪਰਿਵਾਰ ਹੋਵੇ ਅਤੇ ਮੱਥੇ ਉਤੇ ਕੇਸਰ ਦਾ ਦਰਗਾਹੀ ਤਿਲਕ ਲੱਗਿਆ ਹੈ। ਜਨਮ ਦੇ ਇਸ ਸੁਭਾਗੇ ਸਮੇਂ ਵੀ ਆਪ ਸਮਾਧੀ ਸਥਿਤ ਹਨ। ਸੇਵਾ ਵਿੱਚ ਆਈਆਂ ਖੁਸ਼ਨਸੀਬ ਮਾਈਆਂ ਵੀ ਦੇਖ-ਦੇਖ ਕੇ ਹੈਰਾਨ ਹੋ ਰਹੀਆਂ ਹਨ ਕਿ ਇਹ ਐਸੇ ਵਿਲਖਣ ਗੁਣਾਂ ਵਾਲਾ ਦੈਵੀ ਬਾਲਕ ਪਹਿਲੀ ਵਾਰ ਦੇਖਿਆ ਹੈ। ਵਾਤਾਵਰਣ ਇੱਕ ਦਮ ਸ਼ਾਂਤ ਹੈ, ਹਰਜੀ ਦੇ ਪਿਆਰੇ ਵੱਲੋਂ ਮਾਤ ਲੋਕ ਆਉਣ ਦੀ ਖੁਸ਼ੀ ਵਿੱਚ ਅਕਾਸ਼ ਗੂੰਜ ਰਿਹਾ ਹੈ, ਅਨੇਕਾਂ ਪ੍ਰਕਾਰ ਦੇ ਰਾਗ ਰੰਗ ਅਤੇ ਸ਼ਬਦ ਗਾਏ ਜਾ ਰਹੇ ਹਨ। ਦੇਖੋ ਦੇਵ ਲੋਕ ਦੇ ਗੰਧਰਬ ਕਿਵੇਂ ਮਹਿਮਾ ਕਰ ਰਹੇ ਹਨ—

ਧੰਨ ਭਈ ਤਿਨਕੀ ਜਨਣੀ ਕਿਰਤਾਰਥ ਸਾ ਜੱਗ ਬੇਦਨ ਭਾਈ॥
ਕੁਲ ਪਾਵਨ ਤਾਹਿ ਕਰੀ ਸਗਰੀ ਜਗ ਧੰਨ ਭਏ ਜਗਮੀਤ ਸਖਾਈ॥
ਪਗ ਪੰਕਜ ਯਾਸ ਪੁਨੀਤ ਧਰਾ ਰਜ ਪਾਵਨ ਤੇ ਜਨ ਪਾਪ ਮਿਟਾਈ॥
ਜੇ ਭਵ ਮੰਡਲ ਮਾਹਿ ਭਜੇ ਖਿਨ ਏਕ ਇਕਾਗਰ ਰਾਮ ਸਹਾਈ॥

*(ਭਾਵਰ ਸਾਮ੍ਰਿਤ)*

ਹੁਣ ਹੋਰ ਵੀ ਬਹੁਤ ਰਸੀਲੀ ਅਤੇ ਸੁਰੀਲੀ ਆਵਾਜ਼ ਵਿੱਚ ਸਾਜ਼ਾਂ ਦੀ ਬਹੁਤ ਬਾਰੀਕ ਅਵਾਜ਼ ਆ ਰਹੀ ਹੈ। ਇਉਂ ਲੱਗ ਰਿਹਾ ਹੈ ਜਿਵੇਂ ਕਿੰਨਰ ਤਾਰਾਂ ਦੇ ਸਾਜ ਵਜਾ ਕੇ ਬਹੁਤ ਰਸ ਭਿੰਨੀ ਅਵਾਜ਼ ਵਿੱਚ ਗਾ ਰਹੇ ਹਨ—

ਧੰਨ ਭਈ ਤਿਨਕੀ ਜਨਣੀ ਕੁਲ ਪਾਵਨ ਤਾਹਿ ਕਰੀ ਜਗਸਾਰੀ॥
ਭੂਮੀ ਸੁ ਪੁਨਯਵਤੀ ਕਰ ਸੋਂ ਸਭ ਹੀ ਸੁਰ ਕੀ ਅਰਚਾ ਵਿਸਥਾਰੀ॥

ਬ੍ਰਹਮ ਸਨਾਤਨ ਹੇਰ ਜਨੇ ਉਸ ਤੇ ਸਭ ਬਾਸਨ ਦੂਰ ਨਿਵਾਰੀ॥
ਵੇਦਨ ਕੀ ਗਤਿ ਜੇਤਕ ਥੀ ਤੇਤਕ ਤਾਹਿ ਉਦਾਰ ਸੰਭਾਰੀ॥

*(ਮੋਕਸ਼ ਪੰਥ)*

ਹੁਣ ਗੰਧਰਬਾਂ ਨੇ ਚਮੜੇ ਦੇ ਸਾਜ਼ਾਂ ਨਾਲ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਸ਼ੁਰੂ ਕੀਤਾ—

ਧੰਨੁ ਸੁ ਵੰਸੁ ਧੰਨੁ ਸੁ ਪਿਤਾ ਧੰਨੁ ਸੁ ਮਾਤਾ ਜਿਨਿ ਜਨ ਜਣੇ॥

*(ਭੈ:ਮ: ੪, ਪੰਨਾ—੧੧੩੫)*

ਜਿਹ ਕੁਲ ਸਾਧੁ ਬੈਸਨੌ ਹੋਇ॥
ਬਰਨ ਅਬਰਨ ਰੰਕੁ ਨਹੀਂ ਈਸੁਰੁ ਬਿਮਲ ਬਾਸੁ ਜਾਨੀਐ ਜਗਿ ਸੋਇ॥ ਰਹਾਉ॥
ਬ੍ਰਹਮਨ ਬੈਸ ਸੂਦ ਅਰੁ ਖ੍ਯ੍ਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ॥
ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ॥
ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ, ਕੁਟੰਬ ਸਭ ਲੋਇ॥
ਜਿਨਿ ਪੀਆ ਸਾਰ ਰਸੁ ਤਜੇ ਆਨ ਰਸ ਹੋਇ ਰਸ ਮਗਨ ਡਾਰੇ ਬਿਖੁ ਖੋਇ॥
ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥
ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ॥

*(ਬਿਲਾਵਲੁ ਬਾਣੀ ਰਵਿਦਾਸ ਜੀ ਕੀ ਪੰਨਾ—੮੫੮)*

ਹੁਣ ਸੰਸਕ੍ਰਿਤ ਵਿੱਚ ਕੁਝ ਸਲੋਕ ਪੜ੍ਹੇ ਜਾ ਰਹੇ ਹਨ—

ਬ੍ਰਹਮ ਵਿਤ ਮਾਤ੍ਰੇਣ ਏਕੋਤ੍ਰ ਸਤੰ ਕੁਲੰ ਤਾਰਯਤੀ

*(ਪੈਗਲੋਉਪਨਿਸ਼ਦ)*

ਭਾਵ ਜਿਸ ਕੁਲ ਵਿੱਚ ਕੋਈ ਈਸ਼ਰ ਦਾ ਭਗਤ ਬ੍ਰਹਮਗਿਆਨੀ ਪੈਦਾ ਹੋ ਜਾਵੇ, ਉਸਦੀਆਂ ਇਕ ਸੌ ਇਕ ਕੁਲਾਂ ਤਰ ਜਾਂਦੀਆਂ ਹਨ। ਯਥਾ—

ਕੁਲਮ ਪਵਿਤ੍ਰਮ ਜਨਨੀ ਕ੍ਰਿਤਾਰਥਾ ਬਸੁੰਧਰਾ ਪੁਣਯਵਤੀ ਚਤੇਨ॥
ਅਪਾਰਸਵਿੰਤੰ ਸਾਗਰੇ ਅਸਮਿਨ ਲੀਨੇ ਪਰੇ ਬ੍ਰਹਮਣੀ ਯਸਯ ਚੇਤਨਹ॥

ਅਰਥ—ਜੋ ਪਰਮੇਸ਼ਰ ਦਾ ਨਾਮ ਜਪਣ ਵਾਲਾ ਪੂਰਨ ਮਹਾਂਪੁਰਸ਼ ਹੈ, ਉਸ ਤੱਤ ਬੇਤੇ ਬ੍ਰਹਮਗਿਆਨੀ ਦੀਆਂ ਸਮੂਹ ਕੁਲਾਂ ਪਵਿੱਤਰ ਹੋ ਜਾਂਦੀਆਂ ਹਨ। ਉਸ ਦੀ ਜਨਮਦਾਤੀ ਮਾਤਾ ਵੀ ਕ੍ਰਿਤ-ਕ੍ਰਿਤ ਅਰਥਾਤ ਧੰਨਤਾ ਯੋਗ ਹੈ, ਉਸ ਦੀ ਕੁੱਖ ਸਫਲੀ ਹੈ, ਅਤੇ ਐਸੇ ਪੁਰਸ਼ ਦਾ ਜਿਸ ਥਾਂ ਜਨਮ ਹੁੰਦਾ ਹੈ, ਜਾਂ ਜਿਥੇ ਉਸਦੀ ਰਿਹਾਇਸ਼ ਹੁੰਦੀ ਹੈ, ਉਹ ਧਰਤੀ ਵੀ ਬੜੇ ਪੁੰਨਾਂ ਵਾਲੀ ਅਤੇ ਭਾਗਸ਼ਾਲੀ ਹੁੰਦੀ ਹੈ। ਅਜੇ ਵੀ ਧੀਮੀ-ਧੀਮੀ ਸੁਰ ਵਿੱਚ ਇੱਕ ਆਵਾਜ਼ ਆ ਰਹੀ ਹੈ—

ਪਿਤਾ ਸਾਚ ਚੌਬੀਸ ਬੀਸ ਮਾਤਾ ਕੇ ਜਾਨੋ॥
ਖੋੜਸ ਤੁਲਾ ਮਹਾਨ ਦੁਆਦਸ ਸੁਤਾ ਪਛਾਨੋ॥
ਏਕਾਦਸ ਕੁਲ ਭੈਣ ਦਸ ਭੂਆ ਕੇ ਲੇਖੇ॥
ਮਾਤ ਭੈਣ ਕੁਲ ਆਠ ਸੁਤੀ ਸਿਮ੍ਰਤੀ ਪੇਖੇ॥

ਇਸ ਪ੍ਰਕਾਰ ਅੱਜ ਦੇ ਖੁਸ਼ੀਆਂ ਦੇ ਜਸ਼ਨ ਸੰਪੂਰਨ ਹੋ ਗਏ। ਸਭ ਰਾਗੀ ਅਤੇ ਸਰੋਤੇ ਅਸ਼ੀਰਵਾਦ ਰੂਪੀ ਪ੍ਰਸ਼ਾਦ ਲੈ ਕੇ ਆਪੋ-ਆਪਣੇ ਘਰਾਂ ਨੂੰ ਚਲੇ ਗਏ।

## ਨਾਮਕਰਣ ਬਚਪਨ ਅਤੇ ਘਾਲਣਾ

ਕੁਝ ਦਿਨ ਮਾਤਾ ਜੀ ਦਿੱਲੀ ਰਹਿ ਕੇ, ਫਿਰ ਕਮਲਾਂ ਵਰਗੇ ਨੈਣ, ਸੁੰਦਰ ਚਿਹਰਾ, ਚਿਹਰੇ ਤੇ ਡਲ੍ਹਕਾਂ ਮਾਰ ਰਿਹਾ ਨੂਰ ਆਦਿਕ ਗੈਵੀ ਨੁਹਾਰ ਵਾਲੇ ਮਹਾਂਪੁਰਖ ਨੂੰ ਬਾਲਕ ਦੇ ਰੂਪ ਵਿੱਚ ਕਰਨਾਲ ਲੈ ਕੇ ਆ ਗਏ। ਕੁਲ ਵਰਨ ਦੀ

ਮਰਿਆਦਾ ਅਨੁਸਾਰ ਆਪ ਦਾ ਨਾਮ ਰਮੇਸ਼ ਚੰਦਰ ਰੱਖਿਆ, ਲੇਕਿਨ ਆਪ ਦੀ ਸੁੰਦਰਤਾ ਅਤੇ ਮਨਮੋਹਕ ਅਕ੍ਰਿਤੀ ਨੇ ਇਹ ਨਾਮ ਕਾਗਜ਼ਾਂ ਤੱਕ ਹੀ ਸੀਮਤ ਰਹਿਣ ਦਿੱਤਾ, ਪਰੰਤੂ ਘਰ ਪਰਿਵਾਰ ਲੋਕਾਂ ਵਿੱਚ ਉਹੀ ਨਾਮ ਪ੍ਰਚੱਲਤ ਹੋਇਆ ਜੋ ਆਪ ਸਨ। ਫਰਕ ਕੇਵਲ ਇੰਨਾਂ ਹੀ ਪਿਆ ਕਿ ਕਿਸੇ ਸਮੇਂ ਆਪ ਕੁਸ਼ੱਲਿਆ ਦਾ ਪੁੱਤਰ ਬਣਕੇ ਆਏ ਸਨ ਹੁਣ ਯੁਗ ਬਦਲਣ ਨਾਲ ਕੁਸ਼ੱਲਿਆ ਦੇ ਦੋਹਤੇ ਬਣਕੇ ਆ ਗਏ। ਬਚਪਨ ਵਿੱਚ ਪੰਘੂੜੇ ਤੇ ਪਏ ਹੀ ਲਤਾਂ ਇਉਂ ਇਕੱਠੀਆਂ ਕਰ ਲੈਂਦੇ ਸਨ ਜਿਵੇਂ ਸਮਾਧੀ ਸਥਿਤ ਹੋਣ। ਆਮ ਬੱਚਿਆਂ ਦੀ ਤਰ੍ਹਾਂ ਰੋਣਾ ਆਪ ਜਾਣਦੇ ਹੀ ਨਹੀਂ, ਮਾਤਾ ਜੀ ਨਿਸ਼ਚਿੰਤ ਹੋਏ, ਆਪਣੇ ਘਰ ਦੇ ਕਾਰੋਬਾਰ ਕਰੀ ਜਾਂਦੇ ਹਨ। ਆਪ ਆਪਣੀ ਗੰਭੀਰ ਮੁਦਰਾ ਅਤੇ ਸ਼ਾਂਤ ਚਿੱਤ ਪੰਘੂੜੇ ਤੇ ਲੇਟੇ ਰਹਿੰਦੇ ਸਨ। ਬਾਲ ਅਵਸਥਾ ਇਸ ਤਰ੍ਹਾਂ ਬਤੀਤ ਹੋ ਗਈ, ਜਦੋਂ ਪੰਜ-ਛੇ-ਵਰ੍ਹਿਆਂ ਦੇ ਹੋਏ ਤਾਂ ਘਰ ਦੇ ਨੇੜੇ ਹੀ ਜੁੰਡਲਾ ਗੇਟ ਸਰਕਾਰੀ ਸਕੂਲ ਵਿੱਚ ਪੜ੍ਹਨ ਲਾ ਦਿੱਤੇ। ਪ੍ਰਾਇਮਰੀ ਵੀ ਸ਼ਾਇਦ ਅਜੇ ਨਹੀਂ ਸੀ ਪੂਰੀ ਹੋਈ, ਜਦੋਂ ਮਾਤਾ-ਪਿਤਾ ਵਜ਼ੀਰ ਚੰਦ ਨਾਂ ਦੀ ਨਵੀਂ ਬਣੀ ਕਲੋਨੀ ਵਿੱਚ ਸੰਤ ਭਗਤ ਸਿੰਘ ਜੀਦੀ ਕੁਟੀਆ ਦੇ ਬਿਲਕੁਲ ਨਾਲ ਨਵਾਂ ਮਕਾਨ ਬਣਾ ਕੇ ਆ ਵਸੇ। ਇਸ ਲਈ ਆਪ ਨੂੰ ਵੀ ਸਕੂਲ ਬਦਲਣਾ ਪਿਆ। ਫਿਰ ਸੱਤਵੀਂ ਜਮਾਤ ਤੱਕ ਡੀ.ਏ.ਵੀ. ਸਕੂਲ ਵਿੱਚ ਪੜ੍ਹੇ। ਮਾਤਾ ਜੀ ਦੇ ਸੰਤ ਸੇਵੀ ਅਤੇ ਸਤਿਸੰਗ ਦੇ ਸੰਸਕਾਰ ਹੋਣ ਕਰਕੇ ਜੁੰਡਲਾ ਗੇਟ ਤੋਂ ਵੀ ਛੋਟੀ ਕੁਟੀਆ ਦਰਸ਼ਨਾਂ ਲਈ ਅਕਸਰ ਆਉਂਦੇ ਰਹਿੰਦੇ ਸਨ, ਤਾਂ ਆਪ ਨੂੰ ਵੀ ਨਾਲ ਲੈ ਆਉਂਦੇ, ਆਪ ਦੇ ਅੰਦਰ ਪੂਰਬਲੇ ਜਨਮਾਂ ਦੇ ਭਗਤੀ ਸੰਸਕਾਰਾਂ ਦੇ ਜਬਰਦਸਤ ਬੀਜ ਪਏ ਸਨ। ਛੋਟੀ ਕੁਟੀਆ ਉਨ੍ਹਾਂ ਤੇ ਸਤਿਸੰਗ ਰੂਪ ਪਾਣੀ ਦਾ ਬਾਰ-ਬਾਰ ਛੱਟਾ ਲੱਗਦਾ ਰਿਹਾ, ਇਸ ਲਈ ਉਹ ਸਾਰੇ ਪੁੰਗਰਣੇ ਸ਼ੁਰੂ ਹੋ ਗਏ। ਜਦੋਂ ਆਪ ਜੀ ਤੀਜੀ ਕਲਾਸ ਵਿੱਚ ਹੀ ਪੜ੍ਹਦੇ ਸਨ, ਤਾਂ ਸਕੂਲੋਂ ਛੁੱਟੀ ਹੋਣ ਤੇ ਆਮ ਬੱਚਿਆਂ ਵਿੱਚ ਖੇਡਣ ਨਹੀਂ ਸਨ ਚਲੇ ਜਾਂਦੇ, ਸਗੋਂ ਘਰ ਪਹੁੰਚ ਕੇ ਕਿਤਾਬਾਂ ਵਾਲਾ ਥੈਲਾ ਘਰ ਦੀਆਂ ਦਲੀਜਾਂ ਵਿੱਚ ਖੜ੍ਹ ਕੇ ਹੀ ਅੰਦਰ ਸੁਟ ਕੇ ਕੁਟੀਆ ਨੂੰ ਦੌੜ ਜਾਂਦੇ, ਉਥੇ ਜਾ ਕੇ ਵਿਰੱਕਤ ਮਹਾਰਾਜ ਜੀਆਂ ਦੇ ਦਰਸ਼ਨ ਕਰਦੇ ਅਤੇ ਸਤਿਸੰਗ ਸੁਣਦੇ। ਸ਼ਰਧਾ ਨਿਸ਼ਠਾ ਤਾਂ ਭਾਵੇਂ ਆਪ ਜੀ ਦੀ ਸੰਤ ਭਗਤ ਸਿੰਘ ਜੀ ਤੇ ਵੀ ਬਹੁਤ ਸੀ, ਲੇਕਿਨ ਵਿਰੱਕਤ ਮਹਾਰਾਜ ਜੀਆਂ ਤੇ ਤਾਂ ਮਨ ਵਿੱਚ ਇਹ ਪੂਰਨ ਵਿਸ਼ਵਾਸ ਬੱਝ ਚੁੱਕਿਆ ਸੀ ਕਿ ਅਸਲ ਵਸਤੂ ਇਨ੍ਹਾਂ ਤੋਂ ਅਵੱਸ਼ ਮਿਲੇਗੀ।

ਸੱਤਵੀਂ ਕਲਾਸ ਤੋਂ ਬਾਅਦ ਘਰ ਦੇ ਨੇੜੇ ਹੀ ਮੇਲਾ ਰਾਮ ਸਕੂਲ ਖੁੱਲ੍ਹ ਗਿਆ, ਫਿਰ ਦਸਵੀਂ ਜਮਾਤ ਤੱਕ ਉਸ ਵਿੱਚ ਵਿੱਦਿਆ ਹਾਸਲ ਕੀਤੀ। ਇੰਨ੍ਹਾਂ ਦਿਨਾਂ ਵਿੱਚ ਕਲੰਦਰੀ ਗੇਟ ਇੱਕ ਸਾਧੂ ਆਏ ਹੋਏ ਸਨ, ਇੱਕ ਦਿਨ ਵੱਡੀ ਭੈਣ ਸ਼ਾਰਦਾ ਨਾਲ ਉਨ੍ਹਾਂ ਦੇ ਦਰਸ਼ਨ ਕਰਨ ਗਏ। ਸਾਧੂ ਨੂੰ ਆਪ ਜੀ ਦੇ ਤੇਜਮਈ ਚਿਹਰੇ ਤੇ ਕੁੱਝ ਵਿਸ਼ੇਸ਼ਤਾ ਦੇ ਚਿੰਨ ਨਜ਼ਰ ਆਏ, ਇਸ ਲਈ ਪੁੱਛਿਆ, ਬੀਬੀ ਇਹ ਕੌਣ ਹੈ? ਮਹਾਰਾਜ ਮੇਰਾ ਭਰਾ ਹੈ। ਮਹਾਤਮਾ ਬੋਲੇ, ਇਹ ਸਮਾਂ ਆਉਣ ਤੇ ਚਮਕੇਗਾ। ਸੰਸਾਰਕ ਰਿਸ਼ਤੇ ਵਜੋਂ ਆਪ ਜੀ ਦਾ ਇੱਕ ਮਾਸੜ ਜੋ ਕਿ ਹੱਥ ਰੇਖਾ ਦਾ ਕੁੱਝ ਗਿਆਨ ਰੱਖਦਾ ਸੀ, ਉਸ ਨੇ ਆਪ ਦਾ ਇੱਕ ਦਿਨ ਹੱਥ ਦੇਖ ਕੇ ਆਪਣੀ ਵਿੱਦਿਆ ਦੇ ਹਿਸਾਬ ਨਾਲ ਦੱਸਿਆ ਕਿ ਇਹ ਮਿਲਟਰੀ ਦਾ ਵੱਡਾ ਅਫਸਰ ਹੋਵੇਗਾ, ਅਗਰ ਸਾਧੂ ਬਣਿਆ ਤਾਂ ਮੰਜ਼ਿਲੇ ਮਕਸੂਦ ਤੇ ਪਹੁੰਚ ਜਾਵੇਗਾ, ਕਰੋੜਾਂ ਪਤੀ ਲੋਕ ਇਨ੍ਹਾਂ ਦੇ ਚਰਨਾਂ ਤੇ ਨਮਸ਼ਕਾਰਾਂ ਕਰਿਆ ਕਰਨਗੇ। ਇਨ੍ਹਾਂ ਦਿਨਾਂ ਵਿੱਚ ਇਕ ਦਫਾ ਮਾਤਾ ਜੀ ਆਪ ਨੂੰ ਨਾਲ ਲੈ ਰਿਸ਼ੀਕੇਸ਼ ਗਏ। ਉਥੇ ਸਵਰਗ ਆਸ਼ਰਮ ਵਿੱਚ ਇੱਕ ਮੰਦਰ ਹੈ, *ਪਰਮਾਰਥ ਨਿਕੇਤਨ*, ਉਸ ਵਿੱਚ ਮੂਰਤੀ ਕਲਾ ਬਹੁਤ ਸੁੰਦਰ ਹੈ, ਉਸਦੇ ਦਰਸ਼ਨ ਕਰਨ ਲਈ ਗਏ, ਇੱਕ-ਇੱਕ ਮੂਰਤੀ ਨੂੰ ਬੜੇ ਗਹੁ ਨਾਲ ਦੇਖ ਕੇ ਅੱਗੇ ਚੱਲਦੇ ਗਏ, ਜਿਥੇ ਗੁਰੂ ਨਾਨਕ ਦੇਵ ਮਹਾਰਾਜ ਜੀ ਦੀ ਮੂਰਤੀ ਆਈ ਉਸ ਨੂੰ ਬੜੀ ਸ਼ਰਧਾ ਨਾਲ ਨਮਸ਼ਕਾਰ ਕੀਤੀ। ਮਾਤਾ ਨੇ ਪੁੱਛਿਆ? ਤੈਨੂੰ ਬਾਕੀ ਦੀਆਂ ਮੂਰਤੀਆਂ ਵਿੱਚ ਰੱਬ ਨਹੀਂ ਦਿਸਿਆ? ਆਪ ਚੁੱਪ ਰਹੇ ਮੁੱਖ ਤੋਂ ਕੁੱਝ ਨਹੀਂ ਬੋਲੇ। ਬਚਪਨ ਵਿੱਚ ਹੀ ਆਪ ਜੀ ਦੀ ਜਿੰਦਗੀ ਦਾ ਇਹ ਪੱਕਾ ਨਿਯਮ ਬਣ ਗਿਆ ਸੀ, ਕਿ ਸਕੂਲ ਤੋਂ ਆ ਕੇ ਵਿਰੱਕਤ ਮਹਾਰਾਜ ਜੀਆਂ ਦੇ ਚਰਨਾਂ ਵਿੱਚ ਪਹੁੰਚ ਜਾਣਾ, ਨਮਸ਼ਕਾਰ ਕਰਕੇ ਲੰਗਰ ਦੀ ਸੇਵਾ ਵਿੱਚ ਜੁਟ ਜਾਣਾ। ਜਦੋਂ ਵਿਰੱਕਤ ਮਹਾਰਾਜ ਜੀ ਕਰਨਾਲ ਤੋਂ ਕਿਤੇ ਬਾਹਰ ਗਏ ਹੁੰਦੇ, ਤਾਂ ਛੋਟੀ ਕੁਟੀਆ ਜਾ ਕੇ, ਜੋ ਘਰ ਦੇ ਬਿਲਕੁਲ ਨਜ਼ਦੀਕ ਹੀ ਹੈ, ਸੰਤ ਭਗਤ ਸਿੰਘ ਜੀ ਦੀ ਫੋਟੋ ਦੇ ਅੱਗੇ ਤਿੰਨ-ਤਿੰਨ ਘੰਟੇ ਬੈਠੇ ਰਹਿਣਾ। ਜ਼ਿਆਦਾ ਦੇਰ ਹੋ ਗਈ ਜਾਣਕੇ ਮਾਤਾ ਨੇ ਕੁਟੀਆ ਜਾ ਕੇ ਪੁੱਛਣਾ? ਇਥੇ ਕੀ ਕਰਦਾ ਸੀ? ਆਪ ਨੇ ਜਵਾਬ ਦੇਣਾ, ਬ੍ਰਿਧ ਮਹਾਰਾਜ ਜੀਆਂ ਨਾਲ ਗੱਲਾਂ ਕਰਦਾ ਸੀ।

ਵਿਰੱਕਤ ਮਹਾਰਾਜ ਜੀ ਨੇ ਇੱਕ ਦਿਨ ਪੁੱਛਿਆ, ਪਾਠ ਕਰਦਾ ਹੈਂ? ਹਾਂ ਮਹਾਰਾਜ ਜਪੁਜੀ ਸਾਹਿਬ ਦਾ ਕਰਦਾ ਹਾਂ। ਮਹਾਰਾਜ ਜੀ ਨੇ ਪੁੱਛਿਆ, ਰੋਜ਼ਾਨਾ ਕਰਦਾ ਹੈਂ? ਹਾਂ ਮਹਾਰਾਜ, ਬਿਨਾਂ ਨਾਗਾ। ਵਿਰੱਕਤ ਮਹਾਰਾਜ ਬੋਲੇ, ਬਹੁਤ ਬੜੀਆ, ਆਹ ਲੈ ਸੇਬ ਸਤਿਨਾਮ ਦਾ ਜਾਪ ਆਖਰੀ ਦਮ ਤੱਕ ਨਾ ਛੱਡੀਂ। ਆਪ ਸੇਬ ਲੈ ਜਦੋਂ ਘਰ ਆਏ ਤਾਂ ਮਾਤਾ ਨੂੰ ਸਾਰੀ ਗੱਲ ਦੱਸੀ, ਮਾਤਾ ਨੂੰ ਬਹੁਤ ਖੁਸ਼ੀ ਹੋਈ, ਆਖਿਆ ਸਾਰਾ ਖਾ ਲੈ ਹੋਰ ਨਾ ਕਿਸੇ ਨੂੰ ਦੇਈਂ। ਮਹਾਰਾਜ ਜੀ ਨੇ ਤਰੁਠ ਕੇ ਪ੍ਰਸ਼ਾਦ ਬਖਸ਼ਿਸ਼ ਕੀਤਾ ਹੈ। ਇਸ ਪ੍ਰਕਾਰ ਸਕੂਲੀ ਵਿਦਿਆ ਦੇ ਨਾਲ-ਨਾਲ ਆਪ ਨੇ ਸੰਤ ਸੇਵਾ, ਸਤਿਸੰਗ ਅਤੇ ਗੁਰਬਾਣੀ ਪ੍ਰਮਾਰਥ ਦੇ ਉੱਤਮ ਵਿਸ਼ੇ ਵੀ ਪੜ੍ਹਨੇ ਸ਼ੁਰੂ ਕਰ ਦਿੱਤੇ। ਹੁਣ ਮੈਟ੍ਰਿਕ ਦੀ ਪੜ੍ਹਾਈ ਪੂਰੀ ਹੋਣ ਤੇ ਆਪ ਨੇ ਉਚੇਰੀ ਵਿਦਿਆ ਪ੍ਰਾਪਤ ਕਰਨ ਲਈ ਦਿਆਲ ਸਿੰਘ ਕਾਲਜ ਵਿੱਚ ਦਾਖਲਾ ਲੈ ਲਿਆ।

ਪਹਿਲਾਂ ਦੀ ਤਰ੍ਹਾਂ ਕਾਲਜ ਟਾਈਮ ਤੋਂ ਬਾਅਦ ਮਹਾਰਾਜ ਦੇ ਚਰਨਾਂ ਵਿੱਚ ਕੁਟੀਆ ਪਹੁੰਚ ਜਾਣਾ। ਹਜ਼ੂਰ ਦੇ ਚਰਨਾਂ ਵਿੱਚ ਬੈਠ ਕੇ ਕੁੱਝ ਪ੍ਰੇਮੀ ਕੋਈ ਨਾ ਕੋਈ ਪੋਥੀ ਦੀ ਵਿਚਾਰ ਸਤਿਸੰਗ ਕਰਦੇ ਰਹਿੰਦੇ ਸਨ, ਲੇਕਿਨ ਆਪ ਨਮਸ਼ਕਾਰ ਕਰਦਿਆਂ ਸਾਰ ਹੇਠਾਂ ਲੰਗਰ ਵਿੱਚ ਆ ਕੇ ਸੇਵਾ ਵਿੱਚ ਕੀ ਲੱਗਦੇ, ਮਾਨੋਂ ਸੇਵਾ ਦਾ ਰੂਪ ਹੀ ਹੋ ਜਾਂਦੇ। ਕਦੇ ਕਦਾਈਂ ਵਿਰੱਕਤ ਮਹਾਰਾਜ ਜੀ ਆਪਣੀ ਮੌਜ ਵਿੱਚ ਕਿਸੇ ਸੱਜਨ ਨੂੰ ਆਖ ਦਿੰਦੇ ਕਿ ਰਾਮ ਨੂੰ ਬੁਲਾਉ! ਆਪ ਹੁਕਮ ਮੰਨ ਕੇ ਆ ਜਾਂਦੇ, ਅੱਗੋਂ ਹੁਕਮ ਹੋ ਜਾਂਦਾ, ਬੈਠ ਕੇ ਵਿਚਾਰ ਸੁਣ। ਲੇਕਿਨ ਐਸਾ ਹੁੰਦਾ ਕਦੇ ਹੀ, ਜ਼ਿਆਦਾਤਰ ਆਪ ਲੰਗਰ ਵਿੱਚ ਹੀ ਸੇਵਾ ਕਰਦੇ। ਵਿਰੱਕਤ ਮਹਾਰਾਜ ਜੀ ਇਸ ਗੱਲ ਨੂੰ ਅੱਛੀ ਤਰ੍ਹਾਂ ਜਾਣਦੇ ਸਨ ਕਿ ਇਹ ਪਰਮਾਰਥ ਦੇ ਮਲ ਵਿਖਸ਼ੇਪ ਆਦਿ ਦੋਸ਼ਾਂ ਦੀ ਨਵਿਰਤੀ ਦੇ ਕਰਮ ਉਪਾਸ਼ਨਾ ਆਦਿ ਪਹਿਲੇ ਅਤਿ ਜ਼ਰੂਰੀ ਵਿਸ਼ੇ ਪੂਰਬ ਜਨਮ ਵਿੱਚ ਹੀ ਪਾਸ ਕਰਕੇ ਆਇਆ ਹੈ, ਇਸ ਦਾ ਦੀਵਾ, ਤੇਲ ਬੱਤੀ ਦੇ ਸੰਯੁਕਤ ਤਿਆਰ ਹੈ, ਲੇਕਿਨ ਮਰਿਆਦਾ ਪ੍ਰਸ਼ੋਤਮ ਹੋਣ ਕਰਕੇ ਸੰਸਾਰ ਨੂੰ ਇਸ ਨੇ ਮਰਿਆਦਾ ਸਿਖਾਉਣੀ ਹੈ ਅਤੇ ਗੁਰੂ ਘਰ ਵਿੱਚ ਸੇਵਾ ਹੈ ਵੀ ਅਮੁੱਲੀ ਵਸਤੂ। ਇਸ ਲਈ ਇਹ ਖੁਦ ਜਦੋਂ ਇਸ ਘਾਟੀ ਨੂੰ ਪਾਰ ਕਰੇਗਾ, ਤਾਂ ਪਾਰ ਹੋਣ ਦੀਆਂ ਹੋਰ ਚਾਹਵਾਨ ਸੰਗਤਾਂ ਵੀ ਇਸ ਨੂੰ ਦੇਖਕੇ ਆਪਣੀਆਂ ਬੇੜੀਆਂ ਇਸ ਸੇਵਾ ਰੂਪੀ ਨਦੀ ਵਿੱਚ ਠੇਲਣਗੀਆਂ। ਇਸ ਪ੍ਰਕਾਰ ਸੰਸਾਰਕ ਵਿਦਿਆ ਦੇ ਨਾਲ-ਨਾਲ ਆਪ ਜੀ ਪਰਮਾਰਥ ਦੀਆਂ ਕਲਾਸਾਂ ਵੀ ਪਾਸ ਕਰਦੇ ਜਾ ਰਹੇ ਸਨ।

## ਪ੍ਰੇਮ ਦਾ ਡੇਰਾ ਸਿਰੋਂ ਦੂਰ

ਸਮਾਂ 1970 ਈ: ਦਾ ਚੱਲ ਰਿਹਾ ਹੈ, ਆਪ ਭਾਵੇਂ ਕਾਲਜ ਵਿੱਚ ਬੀ.ਏ. ਫਾਈਨਲ (B.A. Final) ਦੇ ਇਮਤਿਹਾਨ ਦੀ ਤਿਆਰੀ ਵੀ ਕਰ ਰਹੇ ਹਨ, ਲੇਕਿਨ ਆਪ ਦਾ ਮਨ ਹੁਣ ਵਿਰੱਕਤ ਮਹਾਰਾਜ ਜੀਆਂ ਦੇ ਚਰਨਾਂ ਵੱਲ ਇਤਨਾ ਜ਼ਿਆਦਾ ਖਿੱਚਿਆ ਗਿਆ, ਕਿ ਜਦੋਂ ਵੀ ਸਮਾਂ ਮਿਲਦਾ ਹੈ, ਕੁਟੀਆਂ ਪਹੁੰਚ ਜਾਂਦੇ ਹਨ। ਪਰਮੇਸ਼ਰ ਵੱਲੋਂ ਹੁਣ ਇੱਕ ਸਬੱਬ ਬਣਿਆ ਕਿ ਆਪ ਦੇ ਵੱਡੇ ਭਰਾ ਸੁਭਾਸ਼ ਦੀ ਸ਼ਾਦੀ ਆ ਗਈ। ਜਿਸ ਦਿਨ ਸ਼ਾਦੀ ਹੋਈ, ਬਸ ਉਸ ਦਿਨ ਤੋਂ ਆਪ ਘਰ ਨਹੀਂ ਸੁੱਤੇ। ਦਿਨ ਨੂੰ ਕਾਲਜ ਅਤੇ ਰਾਤ ਨੂੰ ਹਜ਼ੂਰ ਦੇ ਚਰਨਾਂ ਵਿੱਚ ਕੁਟੀਆ। ਸਵੇਰੇ ਘਰ ਜਾ ਕੇ ਕੱਪੜੇ ਬਦਲ ਕਾਲਜ ਚਲਾ ਜਾਣਾ, ਕਾਲਜ ਟਾਈਮ ਤੋਂ ਬਾਅਦ ਦੂਸਰੇ ਵਸਤਰ ਪਹਿਣ ਕੇ ਫਿਰ ਕੁਟੀਆ ਜਾ ਸੇਵਾ ਸੰਭਾਲਣੀ। ਹਜ਼ੂਰ ਦੇ ਚਰਨਾਂ ਵਿੱਚ ਪਹੁੰਚ ਕੇ ਇੱਕ ਵਾਰ ਨਮਸ਼ਕਾਰ ਕਰ ਚਰਨ ਧੂੜੀ ਮੱਥੇ ਨੂੰ ਲਾ ਕੇ ਫਿਰ ਲੰਗਰ ਦੀ ਸੇਵਾ ਵਿੱਚ ਲੱਗ ਜਾਣਾ। ਬਿਨਾਂ ਬੁਲਾਏ, ਜਾਂ ਬਗੈਰ ਕਿਸੇ ਕੰਮ ਤੋਂ ਕੋਲ ਨਹੀਂ ਜਾਣਾ, ਮਹਾਰਾਜ ਦੀ ਪਵਿੱਤਰ ਯਾਦ ਹਿਰਦੇ ਵਿੱਚ ਵਸਾ ਕੇ ਸੇਵਾ ਦਾ ਰੂਪ ਹੋਏ ਰਹਿਣਾ। ਹਜ਼ੂਰ ਦੇ ਪਵਿੱਤਰ ਅਸਥਾਨ ਤੇ ਆਏ ਹਰ ਇੱਕ ਪ੍ਰਾਣੀ ਨੂੰ ਬਗੈਰ ਕਿਸੇ ਛੋਟੇ ਵੱਡੇ ਦੇ ਭੇਦ ਭਾਵ ਤੋਂ ਹਜ਼ੂਰ ਦਾ ਹੀ ਰੂਪ ਜਾਣਕੇ ਸੇਵਾ ਕਰੀ ਜਾ ਰਹੇ ਹਨ। ਆਪ ਦੇ ਸੇਵਾ ਕਰਕੇ ਸ਼ੁੱਧ ਹੋਏ ਮਨ ਵਿੱਚ ਨਿਮਰਤਾ, ਤਿਆਗ, ਗਰੀਬੀ ਅਤੇ ਕਰੁਣਾ ਇਤਨੀ ਉਤਰ ਚੁੱਕੀ ਹੈ ਕਿ ਉਸ ਨੂੰ ਲਿਖਣ ਲੱਗਿਆਂ, ਕਲਮ ਵੀ ਆਪਣੀ ਅਸਮਰਥਾ ਜ਼ਾਹਿਰ ਕਰਦੀ ਹੋਈ ਦੋਨੋਂ ਹੱਥ ਖੜੇ ਕਰ ਦਿੰਦੀ ਹੈ, ਮਾਨੋਂ ਕਹਿ ਰਹੀ ਹੈ ਕਿ ਐਸੇ ਮਹਾਨ ਪੁਰਖਾਂ ਦਾ ਜ਼ਿਕਰ ਕਰਨਾ ਮੇਰੀ ਸਮਰਥਾ ਤੋਂ ਬਾਹਰਾ ਕੰਮ ਹੈ। ਇੱਕ ਦਿਨ ਆਪ ਲੰਗਰ ਵਿੱਚ ਸੇਵਾ ਕਰ ਰਹੇ ਸਨ ਕਿ ਇੱਕ ਕੋਈ ਗਰੀਬ ਲੋੜਵੰਦ ਸੱਜਨ ਲੰਗਰ ਛਕਣ ਲਈ ਆ ਗਿਆ। ਉਸ ਦੇ ਵਸਤਰ ਫਟੇ ਹੋਏ ਸਨ, ਸਰਦੀ ਦਾ ਮੌਸਮ ਸੀ, ਇਸ ਲਈ ਉਸ ਨੇ ਵਸਤਰਾਂ ਦੀ ਯਾਚਨਾ ਕੀਤੀ। ਉਸਦੀ ਹਾਲਤ ਦੇਖ ਕੇ ਆਪ ਦਾ ਦਇਆਵਾਨ ਹਿਰਦਾ ਇਤਨਾ ਪੰਘਰ ਆਇਆ, ਆਪਣੇ ਪਹਿਨੇ ਹੋਏ ਵਸਤਰ ਹੀ ਉਤਾਰ ਕੇ ਉਸ ਨੂੰ ਦੇ ਦਿੱਤੇ। ਆਪ ਨੇ ਇੱਕ ਪਰਨਾਂ ਲੱਕ

ਨਾਲ ਲਪੇਟ ਲਿਆ, ਬਸ ਬਨੈਣ ਅਤੇ ਪਰਨੇ ਨਾਲ ਫਿਰ ਸੇਵਾ ਵਿੱਚ ਲੀਨ ਹੋ ਗਏ। ਕੁੱਝ ਸਮੇਂ ਬਾਅਦ ਵੱਡਾ ਭਰਾ ਸੁਭਾਸ਼, ਕੁਟੀਆ ਵਿੱਚ ਮਹਾਰਾਜ ਜੀਆਂ ਦੇ ਦਰਸ਼ਨ ਕਰਨ ਲਈ ਆਇਆ, ਉਸ ਨੇ ਆਪ ਨੂੰ ਬਗੈਰ ਕੱਪੜਿਆਂ ਤੋਂ ਸੇਵਾ ਕਰਦਾ ਦੇਖਕੇ, ਕਾਰਨ ਪੁੱਛਿਆ? ਆਪ ਨੇ ਦੱਸਿਆ ਕਿ ਹਰੀ ਕੋਈ ਅਜੀਬ ਰੂਪ ਧਾਰਨ ਕਰਕੇ ਆਇਆ ਸੀ, ਇਸ ਲਈ ਜਿਸ ਦੀ ਵਸਤ ਸੀ ਉਸ ਨੂੰ ਸੌਂਪ ਦਿੱਤੀ। ਨਾਲ ਹੀ ਤੁਲਸੀ ਦਾਸ ਦਾ ਦੋਹਰਾ ਪੜ੍ਹਕੇ ਸੁਣਾਇਆ—

ਤੁਲਸੀ ਇਸ ਸੰਸਾਰ ਮੈਂ ਸਭ ਸੋਂ ਮਿਲੀਐ ਧਾਇ॥
ਕੈ ਜਾਣਾ ਕਿਸ ਰੂਪ ਮੇਂ ਨਾਰਾਇਣ ਮਿਲਹੈ ਆਇ॥

ਯਥਾ— ਏਕ ਭਾਇ ਦੇਖਉ ਸਭ ਨਾਰੀ॥
ਕਿਆ ਜਾਨਉ ਸਹ ਕਉਨ ਪਿਆਰੀ॥

*(ਗ: ਕਬੀਰ ਜੀ, ਪੰਨਾ-੩੨੭)*

ਆਪ ਦੇ ਹਿਰਦੇ ਵਿੱਚ ਐਨੀ ਨਿਮਰਤਾ, ਕਰੁਣਾ ਅਤੇ ਦਾਨ ਬ੍ਰਿਤੀ ਦੇਖ ਕੇ ਵਿਰੱਕਤ ਮਹਾਰਾਜ ਜੀ ਬਹੁਤ ਖੁਸ਼ ਹੋਏ। ਇਹ ਸਾਰਾ ਸੇਵਾ ਦਾ ਕਾਰਜ ਹੋ ਤਾਂ ਪਹਿਲਾਂ ਵੀ ਭਾਵੇਂ ਵਿਰੱਕਤ ਮਹਾਰਾਜ ਜੀ ਦੀ ਕ੍ਰਿਪਾ ਨਾਲ ਹੀ ਰਿਹਾ ਸੀ, ਲੇਕਿਨ ਅੱਜ ਖੁਸ਼ੀ ਵਿੱਚ ਆ ਕੇ ਹੋ ਬਰਸੇ।

ਜਬ ਦੇਖੀ ਨਿੰਮਰਤਾ ਉਤਮ ਘਨੇਰੀ॥ ਪਲ ਪਲ ਕ੍ਰਿਪਾ ਸਵਾਇ ਵਧੇਰੀ॥
ਜਿਉਂ ਬ੍ਰਿਛ ਟਹਿਣ ਨਿਵੈ ਫਲ ਪਾਈ॥ ਤੈਸੀ ਗਤ ਰਾਮ ਠਹਰਾਈ॥

ਇਸ ਪ੍ਰਕਾਰ ਸੇਵਾ ਕਰਦਿਆਂ ਨਾਲ-ਨਾਲ ਸੰਸਾਰਕ ਵਿਦਿਆ ਬੀ. ਏ. ਵੀ ਸੰਪੂਰਨ ਕਰ ਲਈ। 1972 ਵਿੱਚ ਆਪ ਨੇ ਪ੍ਰਾਈਵੇਟ ਐਮ. ਏ. ਵਿੱਚ ਵੀ ਇੱਕ ਸਾਲ ਲਾਇਆ ਲੇਕਿਨ ਫਿਰ ਮਨ ਸੰਸਾਰਕ ਵਿਦਿਆ ਤੋਂ ਉਚਾਟ ਹੋ ਗਿਆ।

ਹੁਣ ਕਦੇ ਕਦਾਈਂ ਦਿਨ ਨੂੰ ਇੱਕ-ਅਧ ਚੱਕਰ ਘਰ ਲਾ ਆਉਂਦੇ ਹਨ, ਬਾਕੀ ਪੂਰਾ ਸਮਾਂ ਕੁਟੀਆ ਹੀ ਹਜ਼ੂਰ ਦੇ ਚਰਨਾਂ ਵਿੱਚ ਗੁਜ਼ਾਰਦੇ ਹਨ। ਦਿਨ ਨੂੰ ਲੰਗਰ ਦੀ ਸੇਵਾ ਕਰਨੀ, ਹਜ਼ੂਰ ਨੂੰ ਹੱਥੀਂ ਪ੍ਰਸ਼ਾਦੇ ਬਣਾ ਕੇ ਛਕਾਉਣੇ, ਵਸਤਰ ਧੋਣੇ ਅਤੇ ਰਾਤ ਨੂੰ ਹਜ਼ੂਰ ਦੇ ਚਰਨਾਂ ਵਿੱਚ ਹੀ ਸੌਣਾ। ਹਜ਼ੂਰ ਰਾਤ ਨੂੰ ਆਪਣੀ ਮੌਜ ਵਿੱਚ ਗਿਆਰਾਂ, ਬਾਰਾਂ, ਇੱਕ ਵਜੇ ਜਾਂ ਕਦੇ ਵੀ ਉਠਣ ਤਾਂ ਇੱਕ ਦਿਨ ਵੀ ਐਸਾ ਨਹੀਂ ਆਇਆ, ਜਦੋਂ ਉਨ੍ਹਾਂ ਦੇ ਚਰਨਾਂ ਵਿੱਚ ਜੁੱਤਾ ਰਾਮ ਜੀ ਨੇ ਆਪਣੇ ਹੱਥਾਂ ਨਾਲ ਨਾ ਪਾਇਆ ਹੋਵੇ। ਹਜ਼ੂਰ ਨੇ ਕਹਿਣਾ ਓ ਭਾਈ! ਤੂੰ ਪਿਆ ਰਹਿ ਆਰਾਮ ਕਰ। ਆਪ ਨੇ ਕਹਿਣਾ ਮਹਾਰਾਜ! ਮੈਂ ਤਾਂ ਸੁੱਤਾ ਹੀ ਪਿਆ ਸੀ, ਅਗਰ ਮੈਨੂੰ ਸਮੇਂ ਸਿਰ ਜਾਗ ਆ ਜਾਂਦੀ ਹੈ ਤਾਂ ਇਹ ਕੋਈ ਆਪ ਦਾ ਹੀ ਖੇਡ ਵਰਤਦਾ ਹੈ।

ਇਸ ਪ੍ਰਕਾਰ ਸੇਵਾ ਕਰਦਿਆਂ ਰਾਗ ਦਵੈਸ਼ ਤੋਂ ਬਹੁਤ ਉੱਪਰ ਜੀਵਨ ਬਸਰ ਹੋ ਰਿਹਾ ਹੈ। ਦਵੈਸ਼ ਤਾਂ ਆਪ ਨੇ ਕਿਸੇ ਨਾਲ ਕਰਨੀ ਹੀ ਕੀ ਸੀ, ਲੇਕਿਨ ਰਾਗ ਵੀ ਕਿਸੇ ਨਾਲ ਨਹੀਂ ਕਰ ਰਹੇ। ਬਸ ਆਪਣੀ ਚੁੱਪ ਮੁਦਰਾ ਵਿੱਚ ਲੀਨ ਰਹਿੰਦੇ ਹਨ, ਕਿਉਂਕਿ ਆਪ ਅੱਛੀ ਤਰ੍ਹਾਂ ਜਾਣਦੇ ਹਨ ਕਿ—

ਕਬੀਰ ਸੁਖੁ ਨ ਏਂਹ ਜੁਗਿ ਕਰਹਿ ਜੁ ਬਹੁਤੈ ਮੀਤ॥
ਜੋ ਚਿਤੁ ਰਾਖਹਿ ਏਕ ਸਿਉ ਤੇ ਸੁਖੁ ਪਾਵਹਿ ਨੀਤ॥

*(ਸਲੋਕ ਕਬੀਰ ਜੀ, ਪੰਨਾ—੧੩੬੫)*

ਆਪ ਦੇ ਮਨ ਦੀ ਅਵਸਥਾ ਹੁਣ ਇਹ ਹੋ ਗਈ—

ਕਿਹ ਸੋਂ ਕਹੈ ਨ ਸੁਨਹੈ ਬਾਤ॥ ਸੇਵਾ ਕਰੇ ਤਤਪਰ ਦਿਨ ਰਾਤ॥
ਗੁਰ ਸੇਵਾ ਕੋ ਤਪ ਅਸ ਕੀਨਾ॥ ਜਗ ਵਿਵਹਾਰ ਛੋਰਿ ਸਭਿ ਦੀਨਾ॥
ਹੋਤਿ ਭਯੋ ਉਤਸਾਹੁ ਬਿਸਾਲਾ॥ ਅੰਤਰਿ ਬ੍ਰਿਤਿ ਟਿਕਗੀ ਤਿਸ ਕਾਲਾ॥
ਪ੍ਰੇਮ ਪ੍ਰਵਾਹ ਬਹਯੋ ਉਰਮਾਂਹੀ॥ ਚਿੰਤ ਕਸਟ ਤ੍ਰਿਣ ਠਹਿਰਯੋ ਨਾਂਹੀ॥

**ਜਯੋਂ ਜਯੋਂ ਸੁਖ ਪ੍ਰਾਪਤਿ ਭਾ ਉਰਕੋ॥ ਤਯੋਂ ਤਯੋਂ ਸੇਵ ਪ੍ਰੇਮ ਭਾ ਗੁਰਕੋ॥**
**ਮਨ ਮਹਿ ਮੂਰਤਿ ਅਚਲ ਟਿਕਾਈ॥ ਕਬਹੁੰ ਵਹਿਰ ਪਿਖਹਿ ਗੁਰ ਤਾਂਈ॥**
**ਨਿਸਦਿਨ ਧਯਾਨ ਟਿਕਾਯੋ ਕੈਸੇ॥ ਜੋਗੀ ਕੀ ਸਮਾਧਿ ਹੋਇ ਜੈਸੇ॥**

*(ਸੂਰਜ ਪ੍ਰਕਾਸ਼)*

ਆਪ ਤਾਂ ਇਸ ਪ੍ਰਕਾਰ ਲੀਨ ਹਨ ਲੇਕਿਨ ਪਰਿਵਾਰ ਵਾਲੇ ਕੁੱਝ ਹੋਰ ਸੋਚ ਰਹੇ ਹਨ। ਇਕ ਦਿਨ ਪਿਤਾ ਜੀ ਨੇ ਕਿਹਾ, ਰਾਮ! ਹੁਣ ਤੇਰੀ ਪੜ੍ਹਾਈ ਖਤਮ ਹੋ ਗਈ, ਦੁਕਾਨ ਦਾ ਕੰਮ ਸ਼ੁਰੂ ਕਰ ਲੈ। ਕਰਨਾਲ ਚਾਹੇਂ, ਇਥੇ ਖੋਲ੍ਹ ਦਿੰਦੇ ਹਾਂ, ਅਗਰ ਪਾਨੀਪਤ ਜਾਂ ਦਿੱਲੀ ਕਹੇਂ ਤਾਂ ਉਥੇ ਲੈ ਦਿੰਦੇ ਹਾਂ। ਆਪ ਨੇ ਜਵਾਬ ਦੇ ਦਿੱਤਾ, ਕਿ ਦੁਕਾਨ ਬਿਜਨਸ ਵਗੈਰਾ ਮੈਂ ਨਹੀਂ ਕਰਨੀ! ਪਿਤਾ ਜੀ ਨੇ ਪੁੱਛਿਆ ਕਿਉਂ? ਰਾਮ ਜੀ ਨੇ ਉੱਤਰ ਦਿੱਤਾ ਐਵੇਂ ਬਿਨਾਂ ਵਜ੍ਹਾ ਸਾਰਾ ਦਿਨ ਝੂਠ ਬੋਲੀ ਜਾਣਾ ਮੈਨੂੰ ਨਹੀਂ ਚੰਗਾ ਲੱਗਦਾ। ਪਿਤਾ ਜੀ ਨੇ ਗੁੱਸੇ ਨਾਲ ਪੁੱਛਿਆ, ਫਿਰ ਹੋਰ ਕੀ ਕਰੇਂਗਾ? ਆਪ ਜੀ ਬੋਲੇ, ਕੋਈ ਸੱਚੀ-ਸੁੱਚੀ ਨੌਕਰੀ ਨਸੀਬਾਂ ਵਿੱਚ ਹੋਈ ਤਾਂ ਕਰ ਲਵਾਂਗੇ, ਨਾ ਹੋਈ ਤਾਂ ਐਵੇਂ ਹੀ ਠੀਕ ਹੈ। ਪਿਤਾ ਜੀ ਕ੍ਰੋਧ ਨਾਲ ਲਾਲ ਪੀਲੇ ਹੋ ਕੇ ਬੋਲੇ, ਨੌਕਰੀ ਦੇਣ ਆਊ ਤੈਨੂੰ ਕੋਈ ਘਰ। ਆਪ ਮੁਸਕਰਾ ਰਹੇ ਹਨ ਮਾਨੋਂ ਕਹਿ ਰਹੇ ਹੋਣ ਨੌਕਰੀ ਤਾਂ ਮਿਲੀ ਹੋਈ ਹੈ ਪਰੰਤੂ ਤੁਹਾਨੂੰ ਹਾਲਾਂ ਪਤਾ ਨਹੀਂ। ਉਸੇ ਦਿਨ ਸ਼ਾਮ ਨੂੰ ਜਾਂ ਇੱਕ ਅੱਧਾ ਦਿਨ ਅੱਗੇ ਪਿੱਛੇ ਓਰੀਐਂਟਲ ਬੈਂਕ ਕਰਨਾਲ ਦਾ ਮੈਨੇਜਰ ਘਰ ਆਇਆ, ਉਹ ਸ਼ਾਇਦ ਘਰ ਵਾਲਿਆਂ ਵਿੱਚੋਂ ਕਿਸੇ ਨੂੰ ਜਾਣਦਾ ਹੈ, ਜਾਂ ਫਿਰ ਕਿਸੇ ਸੱਜਣ ਮਿੱਤਰ ਦੀ ਪਹਿਚਾਣ ਤੇ ਆਇਆ ਹੈ। ਬੋਲਿਆ, ਸਾਨੂੰ ਪਾਰਟ ਟਾਈਮ ਯਾਨੀ ਆਰਜ਼ੀ ਤੌਰ ਤੇ ਬੈਂਕ ਵਿੱਚ ਕਲਰਕ ਪੋਸਟ ਤੇ ਇੱਕ ਬੰਦਾ ਚਾਹੀਦਾ ਹੈ, ਅਗਰ ਚਾਹੋ ਤਾਂ ਰਾਮ ਨੂੰ ਲਾ ਲਈਏ! ਪਿਤਾ ਜੀ ਸੁਣਕੇ ਖੁਸ਼ ਹੋਏ ਕਿ ਮੈਂ ਤਾਂ ਅੱਜ ਹੀ ਕਹਿੰਦਾ ਸੀ ਦੇਖਾਂਗੇ ਜਦ ਕੋਈ ਘਰ ਆਊਗਾ ਨੌਕਰੀ ਦੇਣ, ਸ਼ਾਇਦ ਰੱਬ ਸੁਣਦਾ ਹੀ ਸੀ।

ਹੁਣ ਆਪ ਨੇ ਬੈਂਕ ਡਿਊਟੀ ਤੇ ਜਾਣਾ ਸ਼ੁਰੂ ਕਰ ਦਿੱਤਾ, ਰਾਤ ਦੀ ਡਿਊਟੀ ਪਹਿਲਾਂ ਹੀ ਪੱਕੀ ਮਿਲੀ ਹੋਈ ਹੈ, ਉਸ ਵਿੱਚ ਕੋਈ ਫਰਕ ਨਹੀਂ।

ਦਿਨ 1973 ਦੇ ਚੱਲ ਰਹੇ ਹਨ ਦੋਨਾਂ ਨੌਕਰੀਆਂ ਦੀ ਡਿਊਟੀ ਬਹੁਤ ਨੇਕ ਨੀਯਤ ਦਿਆਨਤਦਾਰੀ ਨਾਲ ਸਹੀ ਤਰੀਕੇ ਅਦਾ ਹੋ ਰਹੀ ਹੈ। ਉੱਧਰ ਘਰ ਵਾਲਿਆਂ ਨੇ ਸੋਚਿਆ, ਕਿ ਰਾਮ ਦੀ ਪੜ੍ਹਾਈ ਪੂਰੀ ਹੋ ਗਈ, ਅਤੇ ਨੌਕਰੀ ਵੀ ਮਿਲ ਗਈ ਹੈ, ਹੁਣ ਸ਼ਾਦੀ ਵਾਲਾ ਫਰਜ਼ ਵੀ ਪੂਰਾ ਕਰ ਦੇਈਏ, ਘਰ ਤਾਂ ਆਪ ਸਵੇਰੇ ਸ਼ਾਮ ਹੀ ਜਾਂਦੇ ਹਨ ਕੱਪੜੇ ਬਦਲਣ ਲਈ। ਉਸੇ ਸਮੇਂ ਘਰ ਵਾਲਿਆਂ ਨੇ ਸ਼ਾਦੀ ਬਾਰੇ ਕਹਿਣਾ ਸ਼ੁਰੂ ਕੀਤਾ, ਲੇਕਿਨ ਆਪ ਨੇ ਜਵਾਬ ਦੇ ਦਿੱਤਾ। ਇੰਨਾਂ ਸਮਾਂ ਆਪ ਘਰ ਠਹਿਰਦੇ ਹੀ ਨਹੀਂ ਸਨ, ਕਿ ਘਰ ਵਾਲੇ ਕਾਰਨ ਪੁੱਛ ਲੈਣ, ਸ਼ਾਦੀ ਨਾ ਕਰਾਉਣ ਦਾ। ਇਸ ਤਰ੍ਹਾਂ ਪੁੱਛਦਿਆਂ, ਪੁਛਾਂਦਿਆਂ ਕਈ ਮਹੀਨੇ ਗੁਜ਼ਰ ਗਏ, ਪਰੰਤੂ ਘਰ ਵਾਲਿਆਂ ਨੂੰ ਕਾਮਯਾਬੀ ਨਾ ਮਿਲੀ। ਆਖਰ ਘਰ ਵਾਲਿਆਂ ਨੇ ਸੋਚਿਆ, ਇਹਨੇ ਵਿਰੱਕਤ ਮਹਾਰਾਜ ਜੀਆਂ ਦੇ ਕਹੇ ਬਿਨਾਂ ਸ਼ਾਦੀ ਨਹੀਂ ਕਰਾਉਣੀ, ਇਸ ਲਈ ਉਨ੍ਹਾਂ ਦੇ ਚਰਨਾਂ ਵਿੱਚ ਅਰਜ਼ ਕਰੀਏ। ਮਾਤਾ ਪਿਤਾ ਨੇ ਇੱਕ ਦਿਨ ਇਕਾਂਤ ਜਾਣਕੇ, ਹਜ਼ੂਰ ਦੇ ਚਰਨਾਂ ਵਿੱਚ ਅਰਜ਼ ਕੀਤੀ, ਮਹਾਰਾਜ! ਰਾਮ ਦੀ ਪੜ੍ਹਾਈ ਪੂਰੀ ਹੋ ਗਈ ਹੈ ਅਤੇ ਨੌਕਰੀ ਮਿਲ ਜਾਣ ਨਾਲ ਕਮਾਈ ਦਾ ਸਾਧਨ ਵੀ ਬਣ ਗਿਆ ਹੈ, ਸਾਡਾ ਹੁਣ ਇੱਕ ਫਰਜ਼ ਰਹਿ ਗਿਆ ਹੈ ਉਸ ਦੀ ਸ਼ਾਦੀ ਕਰਨਾ। ਅਸੀਂ ਕਈ ਦਫਾ ਆਖ ਚੁੱਕੇ ਹਾਂ, ਲੇਕਿਨ ਉਹ ਹਾਂ ਨਹੀਂ ਕਰਦਾ। ਆਪ ਉਸਨੂੰ ਬੋਲੋ ਤਾਂ ਜਵਾਬ ਨਹੀਂ ਦੇਵੇਗਾ। ਇਸ ਲਈ ਆਪ ਕ੍ਰਿਪਾ ਕਰਕੇ ਉਸ ਨੂੰ ਆਖੋ, ਸ਼ਾਦੀ ਕਰਵਾ ਲਵੇ, ਸਾਡਾ ਫਰਜ਼ ਪੂਰਾ ਹੋ ਜਾਵੇ। ਉਨ੍ਹਾਂ ਦੀ ਅਰਜ਼ ਸੁਣਕੇ ਹਜ਼ੂਰ ਚੁੱਪ ਰਹੇ, ਮੁੱਖੋਂ ਕੁੱਝ ਨਹੀਂ ਬੋਲੇ। ਰਾਤ ਨੂੰ ਜਦੋਂ ਰਾਮ ਜੀ ਆਪ ਦੇ ਚਰਨਾਂ ਵਿੱਚ ਇਕੱਲੇ ਸਨ, ਤਾਂ ਹਜ਼ੂਰ ਨੇ ਆਖਿਆ, ਓ ਭਾਈ! ਤੇਰੇ ਮਾਤਾ ਪਿਤਾ ਤੇਰੀ ਸ਼ਾਦੀ ਬਾਰੇ ਕਹਿੰਦੇ ਸਨ, ਤੇਰਾ ਵਿਚਾਰ ਜਿਵੇਂ ਹੈ ਉਨ੍ਹਾਂ ਨੂੰ ਦਸ ਦੇਹ। ਆਪ ਨੇ ਅਰਜ਼ ਕੀਤੀ, ਮਹਾਰਾਜ! ਮੇਰੀ ਸ਼ਾਦੀ ਆਪ ਜੀਆਂ ਦੇ ਪਵਿੱਤਰ ਚਰਨਾਂ ਨਾਲ ਹੋ ਚੁੱਕੀ ਹੈ, ਕ੍ਰਿਪਾ ਕਰੋ ਇਹ ਆਖਰ ਤੱਕ ਨਿਭ ਜਾਵੇ। ਇਸ ਤੋਂ ਬਿਨਾਂ ਮੇਰੀ ਹੋਰ ਸ਼ਾਦੀ ਕਰਾਉਣ ਦੀ ਕੋਈ ਇੱਛਾ ਹੀ ਨਹੀਂ ਹੈ। ਵਿਰੱਕਤ ਮਹਾਰਾਜ ਜੀ ਨੇ ਪਰਿਵਾਰ ਵਾਲਿਆਂ ਨੂੰ ਪਤਾ ਨਹੀਂ ਕੀ ਜਵਾਬ ਦਿੱਤਾ, ਲੇਕਿਨ ਘਰ ਵਾਲਿਆਂ ਨੇ ਮੁੜਕੇ ਆਪ ਨੂੰ ਸ਼ਾਦੀ ਲਈ ਨਹੀਂ ਆਖਿਆ। ਇਸ ਪ੍ਰਕਾਰ ਕੁੱਝ ਮਹੀਨੇ ਓਰੀਐਂਟਲ ਬੈਂਕ ਵਿੱਚ ਕਰਨਾਲ ਹੀ ਡਿਊਟੀ ਕਰਦੇ ਰਹੇ। ਘਰ ਵਾਲਿਆਂ ਨਾਲ ਸਵੇਰੇ ਸ਼ਾਮ ਕੁੱਝ ਮਿੰਟਾਂ ਦਾ ਹੀ ਰਿਸ਼ਤਾ

ਰਹਿ ਗਿਆ। ਬੈਂਕ ਟਾਈਮ ਤੋਂ ਬਾਅਦ ਬਾਕੀ ਸਮਾਂ ਹਜ਼ੂਰ ਦੇ ਚਰਨਾਂ ਵਿੱਚ ਕੁਟੀਆ ਪਹੁੰਚ ਜਾਣਾ, ਬਸ ਇਸ ਤੋਂ ਬਿਨਾਂ ਚੌਥਾ ਹੋਰ ਕੋਈ ਟਿਕਾਣਾ ਨਹੀਂ। ਨਾ ਕੋਈ ਰਿਸ਼ਤੇਦਾਰ, ਨਾ ਸੰਬੰਧੀ, ਨਾ ਕੋਈ ਮਿੱਤਰ, ਨਾ ਕੋਈ ਦੁਸ਼ਮਣ, ਨਾ ਕੋਈ ਖੁਸ਼ੀ ਨਾ ਕੋਈ ਗਮੀ, ਸਾਰੇ ਪਾਸਿਆਂ ਤੋਂ ਜੀਵਨ ਸੰਕੋਚ ਲਿਆ। ਹੁਣ ਕੁਟੀਆ ਵਿੱਚ ਹੀ ਮਹਾਰਾਜ ਦੇ ਇੱਕ ਸੇਵਕ ਜਿਸ ਦੀ ਪੰਜਾਬ ਐਂਡ ਸਿੰਧ ਬੈਂਕ ਦੇ ਚੇਅਰਮੈਨ ਨਾਲ ਕੁੱਝ ਨੇੜਤਾ ਸੀ ਨੇ ਆਖਿਆ, ਕਿ ਰਾਮ ਜੀ ਤੁਸੀਂ ਪੰਜਾਬ ਐਂਡ ਸਿੰਧ ਬੈਂਕ ਵਿੱਚ ਨੌਕਰੀ ਲਈ ਅਪਲਾਈ ਕਰ ਦਿਉ। ਉਨ੍ਹਾਂ ਦੇ ਕਹਿਣ ਤੇ ਆਪ ਨੇ ਅਪਲਾਈ ਕਰ ਦਿੱਤਾ, ਕੁੱਝ ਦਿਨਾਂ ਬਾਅਦ ਇੰਟਰਵਿਊ ਲਈ ਬੁਲਾਇਆ, ਆਪ ਵੀ ਜਾ ਕੇ ਫਾਰਮੈਲਟੀ ਪੂਰੀ ਕਰ ਆਏ। ਇੱਕ ਦਿਨ ਆਪ ਕੁਟੀਆ ਬੈਠੇ, ਵਿਰੱਕਤ ਮਹਾਰਾਜ ਜੀਆਂ ਵਾਸਤੇ ਪ੍ਰਸ਼ਾਦੇ ਬਣਾ ਰਹੇ ਸਨ ਅੰਗੀਠੀ ਤੇ। ਇੱਕ ਬੰਦਾ ਨਾਲ-ਨਾਲ ਗਰਮ-ਗਰਮ ਪ੍ਰਸ਼ਾਦੇ ਹਜ਼ੂਰ ਨੂੰ ਉਪਰ ਲਿਜਾ ਕੇ ਛਕਾ ਰਿਹਾ ਹੈ, ਇਤਨੇ ਨੂੰ ਡਾਕੀਏ ਨੇ ਇੱਕ ਚਿੱਠੀ ਆਪ ਦੇ ਕੋਲ ਆ ਕੇ ਰੱਖ ਦਿੱਤੀ, ਜਿਥੇ ਆਪ ਬੈਠੇ ਪ੍ਰਸ਼ਾਦੇ ਬਣਾ ਰਹੇ ਸਨ। ਡਾਕੀਆ ਕਿਸੇ ਤੋਂ ਬਾਹਰੋਂ ਪੁੱਛ ਕੇ ਆਇਆ, ਜਾਂ ਕਿਵੇਂ ਆਇਆ, ਰਾਮ ਜਾਣੇ। ਜਦੋਂ ਹਜ਼ੂਰ ਨੇ ਪ੍ਰਸ਼ਾਦਾ ਛੱਕ ਲਿਆ, ਆਪ ਨੇ ਚਿੱਠੀ ਹਜ਼ੂਰ ਦੇ ਚਰਨਾਂ ਵਿੱਚ ਰੱਖ ਕੇ ਨਮਸ਼ਕਾਰ ਕੀਤੀ। ਮਹਾਰਾਜ ਬੋਲੇ, ਭਾਈ ਕਿੱਥੋਂ ਆਈ ਹੈ? ਆਪ ਨੇ ਕਿਹਾ, ਮਹਾਰਾਜ! ਚਿੱਠੀ ਵਾਲੇ ਨੂੰ ਮੇਰਾ ਕੀ ਪਤਾ ਸੀ, ਕਿ ਮੈਂ ਕੁਟੀਆ ਰਹਿੰਦਾ ਹਾਂ, ਅਗਰ ਚਿੱਠੀ ਮੇਰੀ ਹੁੰਦੀ ਤਾਂ ਘਰ ਪਹੁੰਚਦੀ, ਇਹ ਤਾਂ ਕੋਈ ਆਪ ਜੀਆਂ ਦਾ ਹੀ ਖੇਲ ਵਰਤਿਆ ਹੈ। ਹਜ਼ੂਰ ਬੋਲੇ, ਦੇਖ ਪੜ੍ਹਕੇ ਕੀ ਹੈ? ਆਪ ਨੇ ਚਿੱਠੀ ਖੋਲ੍ਹ ਕੇ ਪੜ੍ਹੀ, ਹਜ਼ੂਰ ਨੂੰ ਦਸਿਆ, ਮਹਾਰਾਜ! ਪੰਜਾਬ ਐਂਡ ਸਿੰਧ ਬੈਂਕ ਦੀ ਹੈ, ਇਨ੍ਹਾਂ ਨੇ ਲਿਖਿਆ ਹੈ ਕਿ ਫਲਾਣੀ ਤਾਰੀਖ ਨੂੰ ਪਾਨੀਪਤ ਬਰਾਂਚ ਵਿੱਚ ਡਿਊਟੀ ਤੇ ਹਾਜ਼ਰ ਹੋ ਜਾਓ। ਹਜ਼ੂਰ ਬੋਲੇ ਠੀਕ ਹੈ, ਜਿਸ ਦਿਨ ਬੁਲਾਇਆ ਹੈ ਚਲੇ ਜਾਣਾ। ਆਪ ਬੋਲੇ ਮਹਾਰਾਜ! ਕ੍ਰਿਪਾ ਕਰੋ, ਨੌਕਰੀ ਤਾਂ ਆਪ ਦੇ ਪਵਿੱਤਰ ਚਰਨਾਂ ਦੀ ਮਿਲੀ ਹੋਈ ਹੀ ਹੈ, ਇਸ ਲਈ ਹੁਣ ਹੋਰ ਕਿਸੇ ਨੌਕਰੀ ਤੇ ਨਾ ਭੇਜੋ। ਹਜ਼ੂਰ ਬੋਲੇ, ਪਰਮੇਸ਼ਰ ਦਾ ਹੁਕਮ ਇਵੇਂ ਹੀ ਹੈ, ਜਿਸ ਦਿਨ ਬੁਲਾਇਆ ਹੈ ਚਲੇ ਜਾਣਾ, ਲੇਕਿਨ ਜਾਣਾ ਸਾਨੂੰ ਦੱਸਕੇ। ਜਿਸ ਦਿਨ ਜਾਣਾ ਸੀ ਸਵੇਰੇ ਹਜ਼ੂਰ ਦਾ ਇਸ਼ਨਾਨ ਪਾਠ ਕਰਾ, ਚਾਹ ਨਾਸ਼ਤਾ ਛਕਾ ਕੇ ਹੇਠੋਂ ਤਿਆਰ ਹੋ ਕੇ ਹਜ਼ੂਰ ਦੇ ਚਰਨਾਂ ਵਿੱਚ ਪਹੁੰਚੇ। ਹਜ਼ੂਰ ਨੇ ਪੁੱਛਿਆ, ਭਾਈ ਅੱਜ ਜਾਣਾ ਹੈ? ਹਾਂ ਮਹਾਰਾਜ ਬੁਲਾਇਆ ਤਾਂ ਅੱਜ ਹੀ ਹੈ ਬੈਂਕ ਵਾਲਿਆਂ ਨੇ। ਠੀਕ ਹੈ ਡਿਊਟੀ ਤੇ ਜਾਉ, ਲੇਕਿਨ ਨੌਕਰੀ ਕਰਦੇ ਸਮੇਂ ਦੋ ਗੱਲਾਂ ਦਾ ਧਿਆਨ ਰੱਖਣਾ। ਇਕ ਤਾਂ ਮਾਲਕ ਤੈਨੂੰ ਦੇਸ਼ ਦੇ ਕਿਸੇ ਕੋਨੇ ਵਿੱਚ ਵੀ ਰੱਖਣ, ਤੂੰ ਬਦਲੀ ਲਈ ਅਰਜ਼ੀ ਨਹੀਂ ਦੇਣੀ। ਦੂਸਰਾ ਇਹ ਕਿ ਮਾਲਕ ਜੇ ਤਨਖਾਹ ਸੋਲਾਂ ਆਨੇਂ ਦਿੰਦੇ ਹਨ, ਤਾਂ ਕੰਮ ਸਤਾਰਾਂ ਆਨੇਂ ਕਰਨਾ ਹੈ। ਬਸ ਜਾਉ ਆਪਣੇ ਕੰਮ ਤੇ ਹਾਜ਼ਰ ਹੋ ਜਾਉ। ਲੇਕਿਨ ਇਹ ਦੋ ਗੱਲਾਂ ਕਦੀ ਨਹੀਂ ਭੁੱਲਣੀਆਂ। ਆਪ ਦਾ ਮਨ ਤਾਂ ਭਾਵੇਂ ਨਹੀਂ ਸੀ ਕਰਦਾ, ਚੰਦਨ ਦੀ ਠੰਡਕ ਅਤੇ ਮਹਿਕ ਨੂੰ ਛੱਡ ਕੇ ਦੂਰ ਜਾਣ ਲਈ, ਲੇਕਿਨ ਹੁਕਮ ਅੱਗੇ ਚਾਰਾ ਵੀ ਨਹੀਂ ਸੀ ਚਲਦਾ। ਬਸ ਹੁਕਮ ਮੰਨ ਕੇ ਚਲੇ ਗਏ ਪਾਨੀਪਤ ਡਿਊਟੀ ਤੇ ਲੇਕਿਨ ਸ਼ਾਮ ਨੂੰ ਵਾਪਸ ਕੁਟੀਆ ਆ ਕੇ ਉਹੀ ਹਜ਼ੂਰ ਦੇ ਚਰਨਾਂ ਦੀ ਹਾਜ਼ਰੀ ਵਿੱਚ ਪੱਕੀ ਨੌਕਰੀ। ਇਸ ਪ੍ਰਕਾਰ ਛੇ ਮਹੀਨੇ ਅਪਰੈਂਟਿਸ ਪੀਰਡ ਦੇ ਪਾਨੀਪਤ ਪੂਰੇ ਹੋ ਗਏ। ਹੁਣ ਮਹਿਕਮੇਂ ਨੇ ਆਪ ਦੀ ਬਦਲੀ ਬਰਨਾਲੇ ਦੀ ਕਰ ਦਿੱਤੀ। ਆਪ ਨੇ ਹਜ਼ੂਰ ਦੇ ਚਰਨਾਂ ਵਿੱਚ ਅਰਜ਼ ਕੀਤੀ, ਮਹਾਰਾਜ! ਪਾਨੀਪਤ ਤੋਂ ਤਾਂ ਰੋਜ਼ ਆਪ ਦੇ ਦਰਸ਼ਨ ਹੋ ਜਾਂਦੇ ਸਨ, ਰਾਤ ਆਪ ਦੇ ਪਵਿੱਤਰ ਚਰਨਾਂ ਵਿੱਚ ਗੁਜ਼ਰਦੀ ਸੀ, ਹੁਣ ਬਰਨਾਲੇ ਤੋਂ ਤਾਂ ਆਪ ਦੇ ਦਰਸ਼ਨ ਦੁਰਲੱਭ ਹੋ ਜਾਣਗੇ, ਇਸ ਲਈ ਕ੍ਰਿਪਾ ਕਰੋ, ਸੰਸਾਰਕ ਨੌਕਰੀ ਤੋਂ ਛੁਡਾ ਕੇ ਆਪ ਦੇ ਪਵਿੱਤਰ ਚਰਨਾ ਦੀ ਪੱਕੀ ਨੌਕਰੀ ਬਖਸ਼ ਦਿਉ! ਹਜ਼ੂਰ ਬੋਲੇ, ਕਦੇ ਛੁੱਟੀ ਵਾਲੇ ਦਿਨ ਆ ਕੇ ਮਿਲ ਜਾਇਆ ਕਰੀਂ, ਹੁਣ ਡਿਊਟੀ ਤੇ ਜਾਹ। ਹੁਕਮ ਮੰਨ ਕੇ ਬਰਨਾਲੇ ਜਾ ਡਿਊਟੀ ਤੇ ਹਾਜ਼ਰ ਹੋਏ।

ਹੁਣ ਕਿਰਿਆ ਆਪ ਦੀ ਇਹ ਹੋ ਗਈ, ਕਿ ਸ਼ਨਿੱਚਰਵਾਰ ਵਾਲੇ ਦਿਨ ਬੈਂਕ ਡਿਊਟੀ ਕਰਕੇ ਹਜ਼ੂਰ ਦੇ ਚਰਨਾਂ ਵੱਲ ਨੂੰ ਚੱਲ ਪੈਣਾ, ਮਹਾਰਾਜ ਭਾਵੇਂ ਕਰਨਾਲ, ਰਿਸ਼ੀਕੇਸ਼, ਪੰਜਾਬ ਯਾਨੀ ਜਿੱਥੇ ਵੀ ਰੁੱਕੇ ਹੁੰਦੇ ਪਹੁੰਚ ਜਾਣਾ। ਸ਼ਨਿੱਚਰਵਾਰ ਦੀ ਰਾਤ ਅਤੇ ਐਤਵਾਰ ਦਾ ਦਿਨ ਮਹਾਰਾਜ ਜੀ ਦੇ ਚਰਨਾਂ ਵਿੱਚ ਗੁਜ਼ਾਰ ਕੇ ਸੋਮਵਾਰ ਨੂੰ ਡਿਊਟੀ ਸਮੇਂ ਦਫਤਰ ਪਹੁੰਚ ਜਾਣਾ। ਬਾਕੀ ਦਿਨਾਂ ਵਿੱਚ ਬੈਂਕ ਡਿਊਟੀ ਤੋਂ ਬਾਅਦ ਬਾਬਾ ਗਾਂਧਾ ਸਿੰਘ ਦੇ ਗੁਰਦੁਵਾਰੇ ਜਾਂ ਕਿਸੇ ਹੋਰ ਗੁਰਦੁਵਾਰੇ ਜਾ ਬਰਤਨ, ਝਾੜੂ ਆਦਿ ਦੀ ਸੇਵਾ ਕਰਨੀ। ਰਹਿਣ ਲਈ ਇੱਕ ਕਮਰਾ ਕਿਰਾਏ ਤੇ ਲੈ ਲਿਆ, ਗੁਰਬਾਣੀ ਦੀਆਂ ਪੋਥੀਆਂ ਕੋਲ ਰੱਖੀਆਂ ਹੋਈਆਂ ਸਨ ਸਮਾਂ ਮਿਲਣ ਤੇ ਪਾਠ ਕਰਦੇ ਰਹਿਣਾ। ਜਦੋਂ ਭੁੱਖ ਲੱਗਣੀ ਦੋ ਪ੍ਰਸ਼ਾਦੇ ਸਟੋਵ ਤੇ ਬਣਾ ਗੰਢੇ ਨਾਲ ਛਕ ਲੈਣੇ।

ਇਸ ਪ੍ਰਕਾਰ ਸਮਾਂ ਗੁਜ਼ਰਦਾ ਗਿਆ, ਇੱਕ ਦਿਨ ਵਿਰੱਕਤ ਮਹਾਰਾਜ ਜੀ ਨੇ ਪੁੱਛਿਆ, ਲੰਗਰ ਕਿੱਥੇ ਛੱਕਦਾ ਹੈਂ? ਮਹਾਰਾਜ ਜਦੋਂ ਜ਼ਰੂਰਤ ਹੁੰਦੀ ਹੈ ਦੋ ਪ੍ਰਸ਼ਾਦੇ ਸਟੋਵ ਤੇ ਬਣਾ ਕੇ ਗੰਢੇ ਨਾਲ ਛੱਕ ਲੈਂਦਾ ਹਾਂ। ਹਜ਼ੂਰ ਬੋਲੇ, ਕੋਈ ਦਾਲ ਸਬਜ਼ੀ ਬਣਾ ਲਿਆ ਕਰ। ਹੁਣ ਹੁਕਮ ਮੰਨ ਕੇ ਆਪ ਨੇ ਬੈਂਕ ਜਾਣ ਤੋਂ ਪਹਿਲਾਂ ਕੋਈ ਦਾਲ ਜਾਂ ਸਬਜ਼ੀ ਯਾਨੀ ਦੋਨਾਂ ਵਿਚੋਂ ਇੱਕ ਬਣਾ ਲੈਣੀ, ਬਣਾਉਂਦੇ ਸਮੇਂ ਲਸੁਣ ਪਿਆਜ਼ ਵਗੈਰਾ ਉਬਲਦੀ ਦੇ ਵਿੱਚ ਹੀ ਪਾ ਲੈਣਾ, ਦੁਬਾਰਾ ਕੋਈ ਤੜਕਾ ਵਗੈਰਾ ਨਹੀਂ ਲਾਉਣਾ, ਜਰੂਰਤ ਅਨੁਸਾਰ ਸਵੇਰੇ ਛਕ ਕੇ ਸ਼ਾਮ ਲਈ ਉਸ ਵਿਚੋਂ ਹੀ ਫਰਿੱਜ ਵਿੱਚ ਰੱਖ ਦੇਣੀ। ਫਰਿੱਜ ਵੀ ਆਪ ਦੇ ਕੋਲ ਬੇ-ਕੀਮਤਾ ਆਟੋ-ਮੈਟਿਕ ਹੀ ਹੈ, ਜਿਸ ਨੂੰ ਬਿਜਲੀ ਵਗੈਰਾ ਦੀ ਲੋੜ ਨਹੀਂ ਪੈਂਦੀ। ਬਿਜਲੀ ਸ਼ਾਇਦ ਉਸ ਵਿੱਚ ਕਾਰੀਗਰ ਨੇ ਪੂਰੀ ਜ਼ਿੰਦਗੀ ਲਈ ਪਹਿਲਾਂ ਹੀ ਜਮ੍ਹਾਂ ਕਰ ਦਿੱਤੀ ਹੈ। ਕੈਸਾ ਹੈ ਉਹ ਬੇ-ਕੀਮਤਾ ਫਰਿੱਜ? ਆਟਾ ਗੁੰਨ੍ਹਣ ਵਾਲੀ ਪਰਾਤ ਵਿੱਚ ਪਾਣੀ ਪਾ ਕੇ ਦਾਲ ਵਾਲੀ ਕੌਲੀ ਵਿੱਚ ਟਿਕਾ ਦੇਣੀ, ਬਸ ਸ਼ਾਮ ਤਕ ਦਾਲ ਤਾਜ਼ੀ, ਰੋਟੀਆਂ ਦੋ ਸਟੋਵ ਤੇ ਬਣਾ ਕੇ ਉਸੇ ਸਵੇਰ ਵਾਲੀ ਦਾਲ ਨਾਲ ਛਕ ਲੈਣੀਆਂ। ਫਿਰ ਸਵੇਰ ਤੱਕ ਗੁਰੂ ਦਾ ਸ਼ੁਕਰ-ਸ਼ੁਕਰ ਕਰਦਿਆਂ ਰਾਤ ਗੁਜਾਰ ਦੇਣੀ।

ਇਕ ਦਫਾ ਕਰਨਾਲ ਤੋਂ ਘਰ ਵਾਲਿਆਂ ਨੇ ਸਨੇਹਾ ਦਿੱਤਾ, ਕਿ ਅੰਮ੍ਰਿਤਸਰ ਜਾ ਕੇ ਤੁਹਾਡੇ ਪਿਤਾ ਜੀ ਦਾ ਅੱਖਾਂ ਦਾ ਅਪ੍ਰੇਸ਼ਨ ਕਰਵਾਉਣਾ ਹੈ, ਇਸ ਲਈ ਆਪ ਆ ਜਾਉ। ਆਪ ਛੁੱਟੀ ਲੈ ਕੇ ਕਰਨਾਲ ਕੁਟੀਆ ਆ ਗਏ। ਮਹਾਰਾਜ ਜੀ ਦੇ ਚਰਨਾਂ ਵਿੱਚ ਅਰਜ਼ ਕੀਤੀ, ਕਿ ਮੈਂ ਪਿਤਾ ਜੀ ਦੇ ਅੱਖ ਦੇ ਅਪ੍ਰੇਸ਼ਨ ਲਈ ਆਇਆ ਹਾਂ, ਆਪ ਜੀ ਦਾ ਹੁਕਮ ਹੋਵੇ, ਤਾਂ ਸਵੇਰੇ ਨਾਲ ਜਾਵਾਂ! ਹਜ਼ੂਰ ਕੁੱਝ ਜਲਾਲ ਵਿੱਚ ਬੋਲੇ, ਉਥੇ ਤੋਂ ਆਪਣੀ ਮਰਜ਼ੀ ਨਾਲ ਆ ਗਿਆ, ਇਥੇ ਹੁਣ ਸਾਥੋਂ ਆਗਿਆ ਮੰਗਦਾ ਹੈਂ? ਆਪ ਨੇ ਮਾਤਾ ਜੀ ਨੂੰ ਜਵਾਬ ਦੇ ਦਿੱਤਾ, ਕਿ ਮੈਂ ਨਹੀਂ ਅੰਮ੍ਰਿਤਸਰ ਜਾਣਾ, ਰਾਤ ਨੂੰ ਹਜੂਰ ਨੇ ਕਿਹਾ ਕੱਲ ਚਲਾ ਜਾਵੀਂ ਅਪ੍ਰੇਸ਼ਨ ਕਰਵਾਉਣ ਲਈ ਅੰਮ੍ਰਿਤਸਰ। ਆਪ ਨੇ ਫਿਰ ਰਾਤ ਨੂੰ ਘਰ ਸਨੇਹਾ ਭੇਜ ਦਿੱਤਾ ਕਿ ਮੈਂ ਚਾਰ ਵਜੇ ਸਵੇਰੇ ਆਵਾਂਗਾ, ਤੁਸੀਂ ਜਾਣ ਦੀ ਸਾਰੀ ਤਿਆਰੀ ਰੱਖਿਉ। ਚਾਰ ਵਜੇ ਸਵੇਰੇ ਮਾਤਾ-ਪਿਤਾ ਨੂੰ ਨਾਲ ਲੈ ਕੇ ਅੰਮ੍ਰਿਤਸਰ ਪਹੁੰਚ ਗਏ। ਦੂਸਰੇ ਦਿਨ ਅਪ੍ਰੇਸ਼ਨ ਸਭ ਠੀਕ ਹੋ ਗਿਆ, ਲੇਕਿਨ ਡਾਕਟਰ ਨੇ ਕਿਹਾ ਦੋ ਦਿਨ ਹੋਰ ਠਹਿਰਣਾ ਪਵੇਗਾ, ਛੁੱਟੀ ਦੋ ਦਿਨ ਤੋਂ ਬਾਅਦ ਕਰਾਂਗਾ। ਉੱਧਰ ਆਪ ਨੇ ਤਾਂ ਮਹਾਰਾਜ ਜੀ ਦੇ ਚਰਨਾਂ ਵਿੱਚ ਦੋ ਦਿਨ ਲਈ ਬੇਨਤੀ ਕੀਤੀ ਸੀ, ਲੇਕਿਨ ਰਹਿਣਾ ਚਾਰ ਦਿਨ ਲਈ ਪੈ ਗਿਆ, ਇਸ ਦੁਬਿਧਾ ਦਾ ਫੈਸਲਾ ਕਰਵਾਉਣ ਲਈ ਆਪ ਨੇ ਸ੍ਰੀ ਹਰਿਮੰਦਰ ਸਾਹਿਬ ਜਾ ਕੇ ਦੋ ਪਰਚੀਆਂ ਪਾਈਆਂ, ਅਗਰ ਜਾਣ ਵਾਲੀ ਨਿਕਲ ਆਈ, ਤਾਂ ਮੈਂ ਇਕ ਪਲ ਵੀ ਨਹੀਂ ਰਹੂੰਗਾ। ਪਰ ਨੇਤ ਪਰਮੇਸ਼ਰ ਦੀ ਰਹਿਣ ਵਾਲੀ ਨਿਕਲ ਆਈ। ਫਿਰ ਛੁੱਟੀ ਹੋਣ ਤੇ ਵਾਪਸ ਡਿਊਟੀ ਤੇ ਗਿਆ।

ਇਸ ਪ੍ਰਕਾਰ ਦੋਨੋਂ ਨੌਕਰੀਆਂ ਦੀ ਡਿਊਟੀ ਕਾਬਲੇ ਤਾਰੀਫ ਨਿਭ ਰਹੀ ਹੈ। ਇੱਕ ਦਿਨ ਆਪ ਦੇ ਮਨ ਵਿੱਚ ਆਇਆ ਕਿ ਮਹਾਰਾਜ ਜੀਆਂ ਦਾ ਹੁਕਮ ਸੀ ਤਨਖਾਹ ਜੇ ਸੋਲਾਂ ਆਨੇ ਹੈ, ਤਾਂ ਕੰਮ ਸਤਾਰਾਂ ਆਨੇ ਕਰਨਾ, ਲੇਕਿਨ ਮੈਂ ਤਾਂ ਕੰਮ ਅਜੇ ਪੂਰੇ ਸਮੇਂ ਤਕ ਹੀ ਕਰਦਾ ਹਾਂ, ਇਸ ਲਈ ਮਹਾਰਾਜ ਦੇ ਇਲਾਹੀ ਹੁਕਮ ਤੇ ਤਾਂ ਅਜੇ ਤੱਕ ਪੂਰਾ ਨਹੀਂ ਉਤਰਿਆ ਗਿਆ। ਬੈਂਕ ਟਾਈਮ ਪੰਜ ਵਜੇ ਤੱਕ ਸੀ ਅੱਜ ਤੋਂ ਆਪ ਨੇ ਪੰਜ ਵਜੇ ਤੋਂ ਬਾਅਦ ਵੀ ਬੈਠਣਾ ਸ਼ੁਰੂ ਕਰ ਦਿੱਤਾ। ਉਸ ਸਮੇਂ ਵਿੱਚ ਕੋਈ ਆਪਣਾ ਬਕਾਇਆ ਕੰਮ ਕਰਦੇ ਰਹਿਣਾ, ਜਾਂ ਮੈਨੇਜਰ ਨੇ ਕੋਈ ਖੁਦ ਦਾ ਕੰਮ ਦੇ ਦੇਣਾ, ਉਹ ਕਰਦੇ ਰਹਿਣਾ, ਫਿਰ ਮੈਨੇਜਰ ਨੇ ਜਦੋਂ ਕਹਿਣਾ ਕਿ ਉਠੋ ਤਾਲੇ ਲਾਈਏ ਬਰਾਂਚ ਨੂੰ ਤਦ ਉਠਣਾ। ਕਦੇ-ਕਦੇ ਮੈਨੇਜਰ ਡਿਪੌਜ਼ਟ ਮਨੀ ਲਈ ਫੀਲਡ ਵਿੱਚ ਲੋਕਾਂ ਕੋਲ ਜਾਂਦਾ, ਤਾਂ ਆਪ ਨੂੰ ਨਾਲ ਲੈ ਜਾਂਦਾ। ਇਉਂ ਹੁਣ ਆਪ ਨੇ ਇਲਾਹੀ ਹੁਕਮ ਮੰਨ ਕੇ ਬੈਂਕ ਦੇ ਫਿਕਸਡ (fixed) ਟਾਈਮ ਦੀ ਗੱਲ ਮਨੋਂ ਖਿਆਲੋਂ ਕੱਢ ਦਿੱਤੀ। ਬੈਂਕ ਡਿਊਟੀ ਨੂੰ ਹੀ ਪਰਮਾਰਥ ਜਾਂ ਕਰਤਾਰ ਦੀ ਕਾਰ ਸਮਝਕੇ ਮੈਨੇਜਰ ਦੀ ਮਰਜ਼ੀ ਅਨੁਸਾਰ ਟਾਈਮ ਬੇ-ਟਾਈਮ ਕਰਦੇ ਰਹਿਣਾ। ਸ਼ਨਿੱਚਰਵਾਰ ਵਾਲੇ ਦਿਨ, ਦਿਨ ਦੇ ਡੇਢ ਵਜੇ ਅਕਾਊਂਟ ਬੰਦ ਕਰਕੇ ਨਾਲ ਵਾਲੇ ਦੂਸਰੇ ਸਟਾਫ ਵਾਲੇ ਸਭ ਛੁੱਟੀ ਕਰਕੇ ਚਲੇ ਜਾਂਦੇ ਸਨ, ਲੇਕਿਨ ਆਪ ਇਲਾਹੀ ਹੁਕਮ ਦੇ ਬੰਨ੍ਹੇ ਸ਼ਾਮ ਤੱਕ ਆਪਣੀ ਸੀਟ ਤੇ ਬੈਠੇ ਰਹਿੰਦੇ। ਮੈਨੇਜਰ ਨੇ ਕੋਈ ਕੰਮ ਦੇ ਦਿੱਤਾ ਕਰਦੇ ਰਹਿਣਾ, ਅਗਰ ਕੋਈ ਬੈਂਕ ਦਾ ਕੰਮ ਨਹੀਂ ਹੈ, ਤਾਂ ਆਪਣੀ ਸੀਟ ਤੇ ਬੈਠੇ ਗੁਰਬਾਣੀ ਦੀ ਕਿਸੇ ਪੋਥੀ ਤੇ ਪਾਠ ਕਰਦੇ ਰਹਿਣਾ। ਲੇਕਿਨ ਐਤਵਾਰ ਵਾਲੀ ਛੁੱਟੀ ਵਿਰੱਕਤ ਮਹਾਰਾਜ ਜੀ ਦੇ ਚਰਨਾਂ ਵਿੱਚ

ਗੁਜ਼ਾਰਨੀ। ਵਿਰੱਕਤ ਮਹਾਰਾਜ ਜਦ ਕਦੇ ਖੋਖ ਪਿੰਡ ਬਿਰਾਜੇ ਹੁੰਦੇ, ਤਾਂ ਆਪ ਬੈਂਕ ਤੋਂ ਸਵਾ ਪੰਜ ਵਜੇ ਛੁੱਟੀ ਕਰਕੇ ਰੇਲ ਰਾਹੀਂ ਨਾਭੇ ਪਹੁੰਚ ਜਾਂਦੇ। ਨਾਭੇ ਤੋਂ ਅੱਠ ਕਿਲੋਮੀਟਰ ਪੈਦਲ ਸਫਰ ਕਰਕੇ ਹਜ਼ੂਰ ਦੇ ਚਰਨਾਂ ਵਿੱਚ ਅੱਪੜ ਜਾਂਦੇ। ਸਾਰੀ ਰਾਤ ਹਜ਼ੂਰ ਦੇ ਚਰਨਾਂ ਵਿੱਚ ਸੇਵਾ ਕਰਕੇ ਸਵੇਰੇ ਚਾਰ ਵਜੇ ਫਿਰ ਨਾਭੇ ਨੂੰ ਚੱਲ ਕੇ ਗੱਡੀ ਤੇ ਸਵਾਰ ਹੋ ਦਫਤਰ ਟਾਈਮ ਬਰਨਾਲੇ ਪਹੁੰਚ ਜਾਣਾ। ਮਹਾਰਾਜ ਜਿੰਨੇ ਦਿਨ ਖੋਖ ਠਹਿਰਦੇ ਆਪ ਰੋਜ਼ ਐਸਾ ਹੀ ਕਰਦੇ। ਇੱਕ ਦਿਨ ਹਜ਼ੂਰ ਨੇ ਹੁਕਮ ਕੀਤਾ, ਭਾਈ ਨਾਭੇ ਤੋਂ ਪੈਦਲ ਨਾ ਆਇਆ ਕਰ। ਮਾਸਟਰ ਗੁਰਚਰਨ ਸਿੰਘ ਦਾ ਘਰ ਨਾਭੇ ਹਸਪਤਾਲ ਕੋਲ ਹੈ ਉਸ ਤੋਂ ਸਾਈਕਲ ਲੈ ਕੇ ਆਇਆ ਕਰ, ਸਵੇਰੇ ਉਸੇ ਸਾਈਕਲ ਤੇ ਵਾਪਸ ਚਲਾ ਜਾਇਆ ਕਰ, ਜਾਂਦਾ ਹੋਇਆ ਉਸਦਾ ਸਾਈਕਲ ਘਰ ਫੜਾ ਗਿਆ। ਫਿਰ ਹਜ਼ੂਰ ਆਪਣੀ ਮੌਜ ਵਿੱਚ ਕਦੇ ਉੱਚੀ ਦੌਦ ਟਿਕੇ ਹੁੰਦੇ ਤਾਂ ਆਪ ਨੇ ਉਸੀ ਤਰ੍ਹਾਂ ਸਵਾ ਪੰਜ ਵਜੇ ਦਫਤਰੋਂ ਉਠਣਾ, ਫਿਰ ਬਸ ਫੜਕੇ ਮਲੇਰਕੋਟਲੇ ਉਤਰਨਾ। ਉਥੋਂ ਅੱਠ-ਨੌਂ ਕਿਲੋਮੀਟਰ ਪੈਦਲ ਚੱਲਕੇ ਪਹਿਰ ਰਾਤ ਹੁੰਦੀ ਨੂੰ ਜਾ ਪਹੁੰਚਣਾ ਹਜ਼ੂਰ ਦੇ ਪਵਿੱਤਰ ਚਰਨਾਂ ਵਿੱਚ ਉੱਚੀ ਦੌਦ। ਸਾਰੀ ਰਾਤ ਹਜ਼ੂਰ ਦੇ ਚਰਨਾਂ ਵਿੱਚ ਸੇਵਾ ਕਰਦਿਆਂ ਗੁਜ਼ਾਰਨੀ, ਸਵੇਰੇ ਚਾਰ ਪੰਜ ਵਜੇ ਆਗਿਆ ਲੈ ਕੇ ਫਿਰ ਚੱਲ ਪੈਣਾ ਬਰਨਾਲੇ ਨੂੰ। ਡਿਊਟੀ ਟਾਈਮ ਨੂੰ ਜਾ ਹਾਜ਼ਰ ਹੋਣਾ ਦਫਤਰ। ਸ਼ਾਮ ਨੂੰ ਫਿਰ ਉਸੀ ਤਰ੍ਹਾਂ ਉੱਚੀ ਦੌਦ ਨੂੰ ਚਾਲੇ। ਇਸ ਪ੍ਰਕਾਰ ਆਪਣਾ ਬਹੁਤ ਸਾਦਾ ਜੀਵਨ ਬਤੀਤ ਕਰਦੇ ਹੋਏ ਜੋ ਪੈਸਾ ਬਚਣਾ ਸਭ ਦਾਤੇ ਦੇ ਚਰਨਾਂ ਵਿੱਚ ਜਿੱਥੇ ਉਹ ਰੁੱਕੇ ਹੁੰਦੇ, ਲੰਗਰ ਵਿੱਚ ਖਰਚ ਕਰ ਦੇਣਾ। ਜੀਵਨ ਇਤਨਾ ਸਾਦਾ ਕਿ ਦਾਲ ਵੀ ਹਜ਼ੂਰ ਦੇ ਹੁਕਮ ਕਰਨ ਤੇ ਬਣਾਉਣ ਲੱਗੇ, ਪਹਿਲਾਂ ਪਿਆਜ਼ ਨਾਲ ਹੀ ਗੁਜ਼ਾਰਾ ਕਰਦੇ ਰਹੇ। ਕੱਪੜਿਆਂ ਦੇ ਦੋ-ਤਿੰਨ ਸੂਟਾਂ ਤੋਂ ਜ਼ਿਆਦਾ ਨਹੀਂ ਕੋਲ ਰੱਖਣਾ। ਪ੍ਰੈਸ ਕਦੇ ਆਪ ਤਾਂ ਕੀ ਕਰਵਾਉਣੀ ਸੀ, ਬਲਕਿ ਕਾਲਜ ਟਾਈਮ ਜਾਂ ਨੌਕਰੀ ਸ਼ੁਰੂ ਕਰਨ ਵੇਲੇ ਯਾਨੀ ਜਦੋਂ ਘਰ ਜਾਂਦੇ ਸੀ ਉਸ ਵਕਤ ਜੇ ਘਰਦਿਆਂ ਨੇ ਕਦੇ ਆਪ ਦੇ ਵਸਤਰਾਂ ਨੂੰ ਪ੍ਰੈਸ ਕਰ ਦਿੱਤੀ, ਤਾਂ ਉਨ੍ਹਾਂ ਦੇ ਸਾਹਮਣੇ ਹੀ ਪੈਂਟ, ਸ਼ਰਟ ਜਾਂ ਕਮੀਜ਼ ਪਜਾਮੇ ਨੂੰ ਫੜਕੇ ਵਟਾਂ ਦੇ ਦੇਣਾ, ਤਾਂ ਕਿ ਦੋ ਕੰਮ ਹੋ ਜਾਣ, ਇਕ ਤਾਂ ਕੱਪੜੇ ਤੇ ਖੜੀ ਪ੍ਰੈਸ ਟੁੱਟ ਜਾਵੇ, ਦੂਜਾ ਘਰ ਵਾਲੇ ਐਸਾ ਦੇਖ ਕੇ ਦੁਬਾਰਾ ਨਾ ਕਰਨ। ਵਸਤਰ ਇਤਨੇ ਸਾਦੇ ਕਿ ਬਚਪਨ ਤੋਂ ਲੈ ਕੇ ਦਸਵੀਂ ਜਮਾਤ ਪਾਸ ਕਰਨ ਤੱਕ ਕੁੜਤਾ ਪਜ਼ਾਮਾ ਹੀ ਪਹਿਨਿਆ, ਪੈਂਟ, ਕਮੀਜ਼ ਨਹੀਂ ਪਾਈ। ਜਦੋਂ ਦਿਆਲ ਸਿੰਘ ਕਾਲਜ ਵਿੱਚ ਦਾਖਲਾ ਲੈਣ ਲਈ ਗਏ ਤਾਂ ਪ੍ਰਿੰਸੀਪਲ ਨੇ ਦੱਸਿਆ ਕਿ ਪੈਂਟ ਕਮੀਜ਼ ਜ਼ਰੂਰ ਪਹਿਨਣੀ ਪਵੇਗੀ, ਕਿਉਂਕਿ ਕਾਲਜ ਦਾ ਨੀਯਮ ਹੈ ਕੋਈ ਵਿਦਿਆਰਥੀ ਕੁੜਤੇ ਪਜਾਮੇ ਨਾਲ ਕਾਲਜ ਵਿੱਚ ਦਾਖਲ ਨਹੀਂ ਕੀਤਾ ਜਾਂਦਾ, ਬਗੈਰ ਪੈਂਟ ਕਮੀਜ਼ ਤੋਂ। ਮਜਬੂਰੀ ਵਸ ਆਪ ਨੇ ਕਾਲਜ ਟਾਈਮ ਪੈਂਟ ਪਹਿਣੀ, ਕਾਲਜ ਤੋਂ ਬਾਅਦ ਫਿਰ ਕੁੜਤਾ ਪਜਾਮਾ ਪਹਿਨਣਾ ਸ਼ੁਰੂ ਕਰ ਦਿੱਤਾ। ਜਿਤਨੀ ਦੇਰ ਨੌਕਰੀ ਕੀਤੀ, ਕੁੜਤੇ ਪਜਾਮੇ ਨਾਲ ਹੀ ਦਫਤਰ ਗਏ, ਪੈਂਟ ਸ਼ਰਟ ਇੱਕ ਦਿਨ ਵੀ ਨਹੀਂ ਪਹਿਣੀ।

ਇਸ ਪ੍ਰਕਾਰ ਦਾ ਅਲੌਕਿਕ ਜੀਵਨ ਬਸਰ ਹੋ ਰਿਹਾ ਹੈ। ਮਾਲਕ ਦੀ ਰਜ਼ਾ ਵਿੱਚ ਰਾਜ਼ੀ ਰਹਿੰਦੇ ਹੋਏ ਦੋਨੋਂ ਨੌਕਰੀਆਂ ਇੱਕ ਮਾਲਕ ਦੀਆਂ ਜਾਣਕੇ ਪੂਰੀ ਤਨ ਦੇਹੀ ਨਾਲ ਕਰੀਂ ਜਾ ਰਹੇ ਹਨ। ਦੋਨਾਂ ਨੌਕਰੀਆਂ ਵਿਚੋਂ ਕਿਸੇ ਵਿੱਚ ਵੀ ਰੰਚਕ ਮਾਤਰ ਫਰਕ ਨਹੀਂ ਆਉਣ ਦਿੰਦੇ। ਫਰ ਆਵੇ ਵੀ ਕਿਵੇਂ—

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥

*(ਅਨੰਦੁ ਸਾਹਿਬ, ਪੰਨਾ—੯੧੮)*

ਯਥਾ— ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥
ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ॥ ਰਹਾਉ॥
ਨਗਰ ਮਹਿ ਆਪਿ ਬਾਹਰਿ ਫੁਨਿ ਆਪਨ ਪ੍ਰਭ ਮੇਰੇ ਕੋ ਸਗਲ ਬਸੇਰਾ॥
ਆਪੇ ਹੀ ਰਾਜਨੁ ਆਪੇ ਹੀ ਰਾਇਆ ਕਹ ਕਹ ਠਾਕੁਰੁ ਕਹ ਕਹ ਚੇਰਾ॥
ਕਾ ਕਉ ਦੁਰਾਉ ਕਾ ਸਿਉ ਬਲਬੰਚਾ ਜਹ ਜਹ ਪੇਖਉ ਤਹ ਤਹ ਨੇਰਾ॥
ਸਾਧ ਮੂਰਤਿ ਗੁਰੁ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀ ਅਨ ਹੇਰਾ॥

*(ਰਾ: ਬਿ: ਮ: ੫, ਪੰਨਾ—੮੨੭)*

ਉਪਰੋਕਤ ਅਵਸਥਾ ਮਨ ਵਿੱਚ ਇਤਨੀ ਦ੍ਰਿੜ ਹੋ ਚੁੱਕੀ ਹੈ ਕਿ ਇਸ ਵਿੱਚ ਮੈਂ, ਮੇਰੀ ਦੇ ਕਿਸੇ ਸ਼ੰਕੇ ਵਲੋਂ ਪ੍ਰਵੇਸ਼ ਕਰਨ ਲਈ ਵਾਲ ਦੇ ਹਜ਼ਾਰਵੇਂ ਹਿੱਸੇ ਜਿੰਨੀ ਵੀ ਵਿਰਲ ਨਹੀਂ ਰਹੀ। ਹਜ਼ੂਰ ਦੇ ਚਰਨਾ ਦਾ ਪ੍ਰੇਮ ਮਨ ਵਿੱਚ ਇਤਨਾ ਗਹਿਰਾ ਉਤਰ ਚੁੱਕਿਆ ਹੈ ਕਿ ਪਲ ਭਰ ਦੀ ਵਿੱਥ ਵੀ ਮਨ ਸਹਿਣ ਨਹੀਂ ਕਰਦਾ। ਖੋਖ ਦੌਂਦ, ਜਾਂ ਕੋਈ ਹੋਰ ਨੇੜੇ ਦਾ ਟਿਕਾਣਾ ਜਿਥੇ ਚਾਰ ਪੰਜ ਘੰਟੇ ਦਾ ਸਫਰ ਕਰਕੇ ਚਰਨਾਂ ਵਿੱਚ ਪਹੁੰਚਿਆ ਜਾਵੇ ਤਾਂ ਰੋਜ਼ ਹੀ ਦਰਸ਼ਨ ਹੋ ਜਾਂਦੇ ਹਨ। ਨੀਂਦ ਪੂਰੀ ਕਰਨ ਲਈ ਜਾਂ ਆਰਾਮ ਕਰਨ ਲਈ ਸਮਾਂ ਭਾਵੇਂ ਨਹੀਂ ਮਿਲਦਾ, ਕਿਉਂਕਿ ਉਹ ਸਮਾਂ ਸਫਰ ਵਿੱਚ ਬੀਤ ਜਾਂਦਾ ਹੈ, ਲੇਕਿਨ ਦਰਸ਼ਨਾਂ ਰੂਪੀ ਅੰਮ੍ਰਿਤ ਨਾਲ ਪਿਆਸ ਰੋਜ਼ ਸ਼ਾਂਤ ਹੋ ਜਾਂਦੀ ਹੈ। ਜਦੋਂ ਕਿਤੇ ਹਜ਼ੂਰ ਕਰਨਾਲ-ਰਿਸ਼ੀਕੇਸ਼ ਆਦਿ ਥਾਵਾਂ ਤੇ ਦੂਰ ਹੁੰਦੇ ਹਨ ਤਾਂ ਸ਼ਨਿੱਚਰਵਾਰ ਤੋਂ ਸੋਮਵਾਰ ਤੱਕ ਤਿੰਨ ਦਿਨ ਦਾ ਸਮਾਂ ਚਰਨਾਂ ਵਿੱਚ ਬਤੀਤ ਹੋ ਹੀ ਜਾਂਦਾ ਹੈ, ਲੇਕਿਨ ਵਿਚਕਾਰਲੇ ਚਾਰ ਦਿਨ ਚਾਰਾਂ ਜੁਗਾਂ ਦੇ ਸਮਾਨ ਦਾ ਲੰਮਾ ਅਰਸਾ ਪ੍ਰਤੀਤ ਹੁੰਦੇ ਹਨ। ਹਜ਼ੂਰ ਦੌਂਦ ਠਹਿਰੇ ਹੋਏ ਹਨ, ਦੋਨਾਂ ਥਾਵਾਂ ਦੀ ਡਿਊਟੀ ਆਪ ਹੁਕਮ ਦੀ ਤਾਰ ਵਿੱਚ ਪਰੋਤੇ ਸਰੀਰਕ ਦੁੱਖਾਂ-ਸੁੱਖਾਂ ਤੋਂ ਬਹੁਤ ਉੱਪਰ ਬੜੇ ਚਾਅ ਨਾਲ ਨਿਭਾ ਰਹੇ ਹਨ। ਮਨ ਵਿੱਚ ਜ਼ਬਰਦਸਤ ਸਿੱਕ ਹੈ ਕਿ ਕਿਰਪਾ ਕਰਨ ਹਜ਼ੂਰ ਦੌਂਦ ਹੀ ਟਿਕੇ ਰਹਿਣ ਤਾਂ ਕਿ ਰੋਜ਼ ਦੀਦਾਰੇ ਰੂਪੀ ਅੰਮ੍ਰਿਤ ਪ੍ਰਾਪਤ ਹੁੰਦਾ ਰਹੇ। ਲੇਕਿਨ ਦਾਤਾ ਅਜੇ ਬਿਰਹਾ ਅਗਨੀ ਨੂੰ ਸ਼ਾਇਦ ਹੋਰ ਭੜਕਾਉਣੀ ਚਾਹੁੰਦਾ ਹੈ, ਤਾਂ ਕਿ ਪੂਰੀ ਤਰ੍ਹਾਂ ਪ੍ਰਜ੍ਵਲਤ ਹੋਈ ਵਿਛੋੜੇ ਦੀ ਅੱਗ, ਸੰਸਾਰਕ ਸੁੱਖਾਂ ਅਤੇ ਸੰਬੰਧਾਂ ਦੇ ਬੀਜ ਨੂੰ ਪੂਰੀ ਤਰ੍ਹਾਂ ਭਸਮ ਕਰਕੇ ਰਾਖ ਬਣਾ ਦੇਵੇ। ਅਤੇ ਹੁਣ ਸ਼ਾਇਦ ਸਮਾਂ ਵੀ ਸ਼ਾਦੀ ਵਿੱਚ ਜ਼ਿਆਦਾ ਨਹੀਂ ਹੈ, ਇਸ ਲਈ ਸਾਰੇ ਤਾਅ ਸਹਾਰ ਕੇ ਬਾਰਾਂ ਵੰਨੀ ਦੇ ਸੋਨੇ ਵਾਂਗ ਸ਼ੁੱਧ ਹੋ ਕੇ ਲਿਸ਼ਕਾਂ ਮਾਰ ਉਠੇ, ਬਸ ਫਿਰ ਕਿਸੇ ਤਖਤ ਤਾਜ ਵਿੱਚ ਸੁਸ਼ੋਭਿਤ ਕਰ ਦੇਈਏ। ਅੱਜ ਹਜ਼ੂਰ ਨੇ ਇਸ਼ਾਰਾ ਕੀਤਾ ਕਿ ਸਾਡਾ ਹੁਣ ਦੌਂਦ ਤੋਂ ਕਿਤੇ ਹੋਰ ਜਾਣ ਦਾ ਵਿਚਾਰ ਹੈ। ਇਹ ਸੁਣ ਕੇ ਰਾਮ ਜੀ ਦੇ ਗੁਰੂ ਪ੍ਰੇਮ ਵਿੱਚ ਪੰਘਰੇ ਹੋਏ ਮਨ ਨੂੰ ਜਬਰਦਸਤ ਝਟਕਾ ਲੱਗਿਆ। ਕੀ ਹੁਣ ਚਾਰ ਦਿਨਾਂ ਦਾ ਵਿਛੋੜਾ ਫਿਰ ਪਿਆ ਕਰੇਗਾ? ਕੀ ਹੁਣ ਦੀਦਾਰ ਛੁੱਟੀ ਵਾਲੇ ਦਿਨ ਹੀ ਹੋਇਆ ਕਰੇਗਾ? ਕੀ ਹੁਣ ਵਿਚਕਾਰਲੇ ਚਾਰ ਦਿਨ **ਦਰਸ਼ਨ ਪਿਆਸੀ ਦਿਨਸੁ ਰਾਤ** ਵਾਲੀ ਤੜਪ ਵਿੱਚ ਹੀ ਗੁਜ਼ਰਿਆ ਕਰਨਗੇ? ਹੁਣ ਇੱਕ ਸਕੀਮ ਸੁੱਝੀ, ਅਗਰ ਉਹ ਸਕੀਮ ਸਫਲ ਹੋ ਜਾਂਦੀ ਹੈ, ਤਾਂ ਕਮ-ਸੇ-ਕਮ ਦੋ ਤਿੰਨ ਦਿਨ ਤਾਂ ਹੋਰ ਹਜ਼ੂਰ ਦੇ ਇਥੇ ਦਰਸ਼ਨ ਹੁੰਦੇ ਰਹਿਣਗੇ। ਅਰਜ਼ ਕੀਤੀ, ਗਰੀਬ ਨਿਵਾਜ਼! ਮੈਂ ਅਖੰਡ ਪਾਠ ਸਾਹਿਬ ਕਰਵਾਉਣਾ ਹੈ, ਆਪ ਕ੍ਰਿਪਾ ਕਰੋ, ਦੋ ਤਿੰਨ ਦਿਨ ਹੋਰ ਠਹਿਰ ਜਾਉ ਇੱਥੇ! ਉਧਰ ਦੇਖੋ ਘਟ-ਘਟ ਕੇ ਅੰਤਰ ਕੀ ਜਾਨਣਹਾਰ ਦਾਤੇ, ਦੋ ਦਿਨ ਤਾਂ ਕੀ, ਇਕ ਛਿਨ ਦੀ ਢਿੱਲ ਵੀ ਨਹੀਂ ਦੇ ਰਹੇ। ਸੁਣ ਕੇ ਮੁਸਕਰਾ ਰਹੇ ਹਨ, ਮਾਨੋਂ ਪ੍ਰੇਮੀ ਦੇ ਅੰਦਰ ਲੱਗੀ ਪਰੇਮ ਖਿੱਚ ਨੂੰ ਜਾਣ ਕੇ ਕਹਿ ਰਹੇ ਹੋਣ — **ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇ॥** ਤੂੰ ਕਿਉਂ ਚਿੰਤਾ ਕਰਦਾ ਹੈਂ, ਸਾਡਾ ਹੁਣ ਇੱਕ-ਇੱਕ ਕਦਮ ਤੇਰੇ ਲਈ ਹੀ ਤਾਂ ਹੈ। ਸਾਡੇ ਸੰਸਾਰ ਵਿੱਚ ਆਉਣ ਦੇ ਸਾਰੇ ਕਾਰਜ ਸੰਪੂਰਨ ਹੋ ਗਏ, ਅਗਰ ਸਾਡਾ ਹੁਣ ਕੋਈ ਬਕਾਇਆ ਕੰਮ ਹੈ ਤਾਂ ਕੇਵਲ ਤੇ ਕੇਵਲ ਤੇਰੀ ਸ਼ਾਦੀ! ਇਹ ਤਾਂ ਬਗੈਰ ਬੋਲੇ ਮੁਸਕਾਨ ਵਿੱਚੋਂ ਹੀ ਅੰਦਾਜ਼ਾ ਲੱਗ ਰਿਹਾ ਸੀ, ਲੇਕਿਨ ਹੁਣ ਪਵਿੱਤਰ ਬੁੱਲ੍ਹ ਫਰਕੇ, ਹੁਕਮ ਹੋਇਆ ਰਾਮ ਤੂੰ ਰੋਟੀ ਰੋਜ਼ ਬਣਾਉਂਦਾ ਹੈਂ, ਅਸੀਂ ਛਕ ਲੈਂਦੇ ਹਾਂ, ਅੱਜ ਇੱਕ ਰੋਟੀ ਵੱਧ ਬਣਾ ਲਈਂ ਤੇਰਾ ਅਖੰਡ ਪਾਠ ਹੀ ਹੋ ਜਾਊ। ਰਾਮ ਜੀ ਵੱਲੋਂ ਦੋ ਤਿੰਨ ਦਿਨ ਇੱਥੇ ਠਹਿਰਾਉਣ ਦਾ ਅਖੰਡ ਪਾਠ ਵਾਲਾ ਯਤਨ ਵੀ ਫੇਲ੍ਹ ਹੋ ਗਿਆ। ਬਸ ਹੁਣ ਹਜ਼ੂਰ ਆਪਣੀ ਮੌਜ ਵਿੱਚ ਜਾ ਟਿਕੇ ਕਰਨਾਲ ਕੁਟੀਆ। ਇਧਰ ਰਾਮ ਜੀ ਬਰਨਾਲੇ ਪਹੁੰਚ ਕੇ ਆਪਣੀ ਡਿਊਟੀ ਤੇ ਜਾ ਹਾਜ਼ਰ ਹੋਏ।

ਆਪ ਜੀ ਵਿੱਚ ਕੰਮ ਕਰਨ ਦੀ ਲਗਨ, ਉੱਚਾ ਜੀਵਨ, ਸਭ ਨਾਲ ਪ੍ਰੇਮ ਭਰਿਆ ਵਰਤਾਉ ਅਤੇ ਜੀਵਨ ਵਿੱਚ ਸੂਰਜ ਦੀ ਤਰ੍ਹਾਂ ਚਮਕ ਰਹੀ ਇਮਾਨਦਾਰੀ ਤੋਂ ਮੈਨੇਜਰ ਸਮੇਤ ਸਾਰਾ ਸਟਾਫ ਪ੍ਰਭਾਵਤ ਹੈ। ਐਸੇ ਉੱਚੇ ਸੁੱਚੇ ਅਤੇ ਦੈਵੀਂ ਗੁਣਾ ਦੇ ਸੰਯੁਕਤ ਆਪ ਦੇ ਪਵਿੱਤਰ ਜੀਵਨ ਦਾ ਪ੍ਰਭਾਵ ਕਬੂਲਦਿਆਂ, ਇੱਕ ਦਿਨ ਮੈਨੇਜਰ ਨੇ ਕਿਹਾ, ਆਪ ਦੀ ਕੰਮ ਕਰਨ ਦੀ ਲਗਨ ਦੇਖਦਿਆਂ ਮੇਰਾ ਮਨ ਨਹੀਂ ਚਾਹੁੰਦਾ, ਤੁਸੀਂ ਇੱਥੋਂ ਕਿਤੇ ਹੋਰ ਜਾਵੋ, ਲੇਕਿਨ ਤੁਹਾਡਾ ਨਿਰਛਲ, ਨਿਸ਼ਕਪਟ ਅਤੇ ਕਿਸੇ ਵੀ ਕਿਸਮ ਦੀ ਲੋੜ ਤੋਂ ਅਚਾਹ ਮਨ ਦੇਖ ਕੇ ਮੇਰੇ ਮਨ ਵਿੱਚ ਕਈ ਦਿਨ ਤੋਂ ਬਾਰ-ਬਾਰ ਖਿਆਲ ਆਈ ਜਾ ਰਿਹਾ ਹੈ, ਕਿ ਤੁਸੀਂ ਆਪਣੇ ਘਰ ਦੇ ਨੇੜੇ ਕਿਸੇ ਬਰਾਂਚ ਵਿੱਚ ਚਲੇ ਜਾਵੋ, ਤਾਂ ਕਿ ਤੁਹਾਡਾ ਆਉਣ ਜਾਣ ਦਾ ਕਸ਼ਟ ਨਵਿਰਤ ਹੋ ਜਾਵੇ। ਕਿਉਂਕਿ ਬਾਕੀ ਸਟਾਫ ਨੇ ਵੀ ਜਿਹੜਾ ਜਿੱਥੇ ਜਾਣਾ ਚਾਹੁੰਦਾ ਹੈ ਅਰਜੀਆਂ ਦੇ ਦਿੱਤੀਆਂ ਹਨ। ਇਸ ਲਈ ਤੁਸੀਂ ਵੀ ਇੱਕ ਐਪਲੀਕੇਸ਼ਨ ਦੇ ਦਿਉ, ਮੈਂ ਸਿਫਾਰਸ਼ ਕਰਕੇ ਉਪਰ ਭੇਜ ਦਿੰਦਾ ਹਾਂ। ਫਿਰ ਤੁਹਾਡਾ

ਪੀਰਡ ਵੀ ਬਹੁਤ ਹੋ ਚੁੱਕਿਆ ਹੈ ਯਾਨੀ ਅੱਠ ਸਾਲ ਹੋ ਗਏ ਇਥੇ ਬੈਠਿਆਂ ਨੂੰ। ਰਾਮ ਜੀ ਨੇ ਉੱਤਰ ਦਿੱਤਾ, ਸਾਨੂੰ ਇਹ ਵੀ ਹੁਕਮ ਨਹੀਂ ਹੈ ਬਦਲੀ ਬਾਰੇ ਕਿਸੇ ਦੇ ਅੱਗੇ ਪੱਲੇ ਕਰਨ ਦਾ। ਅਸੀਂ ਪ੍ਰੀਤਮ ਦੀ ਰਜ਼ਾ ਵਿੱਚ ਰਾਜ਼ੀ ਰਹਿਣਾ ਹੈ, ਜਿੱਥੇ ਅੰਨਜਲ ਹੋਵੇਗਾ, ਬਿਨਾਂ ਕਿਸੇ ਯਤਨ ਤੋਂ ਆਪੇ ਲੈ ਜਾਵੇਗਾ। ਇਸ ਲਈ ਅਸੀਂ ਰਾਜ਼ਕ ਦੀ ਰਜ਼ਾ ਵਿੱਚ ਸੰਤੁਸ਼ਟ ਹਾਂ। ਦੂਸਰੇ ਜਿੰਨ੍ਹਾਂ ਲੜਕਿਆਂ ਨੇ ਅਰਜ਼ੀਆਂ ਦਿੱਤੀਆਂ ਸਨ, ਉਹ ਸਵੇਰੇ ਰੋਜ਼ ਆ ਕੇ ਪਤਾ ਕਰਿਆ ਕਰਨ, ਕਿ ਸਾਡੇ ਆਰਡਰ ਆਏ ਹਨ ਕਿ ਨਹੀਂ? ਲੇਕਿਨ ਬਦਲੀ ਕਿਸੇ ਦੀ ਵੀ ਨਹੀਂ ਹੋਈ। ਇੱਧਰ ਰਾਮ ਜੀ ਨੇ ਤਾਂ ਕੋਈ ਅਰਜ਼ੀ ਦਿੱਤੀ ਹੀ ਨਹੀਂ ਸੀ, ਜਿਸ ਦਾ ਪਤਾ ਕਰਨ। ਕਿਉਂਕਿ ਆਪ ਜਾਣਦੇ ਹਨ ਕਿ ਸਾਡੀ ਬਦਲੀ ਇਸ ਬੈਂਕ ਡਿਪਾਰਟਮੈਂਟ ਦੇ ਅਧੀਨ ਨਹੀਂ ਹੈ, ਬਲਕਿ ਸਾਡਾ ਕੇਸ ਤਾਂ ਕਿਸੇ ਵੱਡੀ ਸਰਕਾਰ ਕੋਲ ਹੈ, ਉਹ ਜਦੋਂ ਚਾਹੇਗੀ ਅਤੇ ਜਿੱਥੇ ਚਾਹੇਗੀ ਭੇਜ ਦੇਵੇਗੀ, ਇਸ ਲਈ ਇਨ੍ਹਾਂ ਵਿਚਾਰਿਆਂ ਤੋਂ ਭੀਖ ਕੀ ਮੰਗਣੀ ਹੋਈ। ਇਹ ਇਸ਼ਾਰਾ ਵੀ ਸਰਕਾਰ ਨੇ ਪਹਿਲੇ ਦਿਨ ਹੀ ਕਰ ਦਿੱਤਾ ਸੀ। ਅੱਜ ਸ਼ਨਿੱਚਰਵਾਰ ਨੂੰ ਦਫਤਰ ਟਾਈਮ ਪੂਰਾ ਕਰਕੇ ਕਰਨਾਲ ਨੂੰ ਚੱਲ ਪਏ, ਕਿਉਂਕਿ ਚਾਰ ਦਿਨ ਹੋ ਗਏ, ਹਜ਼ੂਰ ਦੇ ਦਰਸ਼ਨ ਕੀਤਿਆਂ ਨੂੰ। ਗੱਡੀ ਵਿੱਚ ਬੈਠੇ ਭਾਈ ਗੁਰਦਾਸ ਜੀ ਦੀ ਇਹ ਵਾਰ ਉੱਚੀ ਸੁਰ ਵਿੱਚ ਗਾਈ ਜਾ ਰਹੇ ਹਨ—

ਸਉਦਾ ਇਕਤੁ ਹਟਿ ਹੈ ਸਾਹੁ ਸਤਿਗੁਰੁ ਪੂਰਾ॥
ਅਉਗੁਣ ਲੈ ਗੁਣ ਵਿਕਣੈ ਵਚਨੈ ਦਾ ਸੂਰਾ॥
ਸਫਲ ਕਰੈ ਸਿਮਲੁ ਬਿਰਖੁ ਸੋਵਰਨੁ ਮਨੂਰਾ॥
ਵਾਸੁ ਸੁਵਾਸੁ ਨਿਵਾਰੁ ਕਰਿ ਕਾਉ ਹੰਸ ਨ ਊਰਾ॥
ਘੁਘੂ ਸੁਝ ਸੁਝਾਇਦਾ ਸੰਖ ਮੋਤੀ ਚੂਰਾ॥
ਬੇਦ ਕਤੇਬਹੁ ਬਾਹਰਾ ਗੁਰ ਸ਼ਬਦ ਹਜੂਰਾ॥

ਭਾਈ ਸਾਹਿਬ ਦੀ ਇਸ ਪਉੜੀ ਦੁਆਰਾ ਸਤਿਪੁਰਸ਼ ਦੀ ਮਹਿਮਾ ਗਾਉਂਦੇ ਹੋਏ, ਜਾ ਪਹੁੰਚੇ ਅਰਸ਼ੀ ਪ੍ਰੀਤਮ ਦੇ ਚਰਨਾਂ ਵਿੱਚ ਕਰਨਾਲ ਕੁਟੀਆ। ਰਾਤ ਸੇਵਾ ਕਰਦਿਆਂ ਸੇਵਾ ਵਿੱਚ ਗੁਜ਼ਾਰੀ। ਹੁਣ ਕਾਫੀ ਸਮਾਂ ਹੋ ਗਿਆ, ਆਪ ਘਰ ਨਹੀਂ ਗਏ। ਹਜ਼ੂਰ ਦੇ ਦਰਸ਼ਨਾਂ ਲਈ ਕਰਨਾਲ ਕੁਟੀਆ ਆਉਂਦੇ ਤਾਂ ਹਨ, ਲੇਕਿਨ ਘਰ ਨਹੀਂ ਜਾਂਦੇ। ਘਰ ਵਾਲਿਆਂ ਨੂੰ ਬਾਅਦ ਵਿੱਚ ਹੀ ਪਤਾ ਲੱਗਦਾ ਹੈ ਕਿ ਰਾਮ ਆਇਆ ਸੀ ਕੁਟੀਆ, ਲੇਕਿਨ ਮਹਾਰਾਜ ਜੀ ਦੇ ਚਰਨਾਂ ਵਿੱਚ ਇੱਕ ਦਿਨ ਠਹਿਰ ਕੇ ਵਾਪਸ ਮੁੜ ਗਿਆ। ਬਰਨਾਲੇ ਨੂੰ ਚਿੱਠੀ ਪੌਂਦੇ ਹਨ ਕਿ ਮਿਲਕੇ ਜਾਉ, ਲੇਕਿਨ ਆਪ ਜਵਾਬ ਵਿੱਚ ਪੂਰੀ ਚਿੱਠੀ ਤੇ ਗੁਰਬਾਣੀ ਹੀ ਲਿਖ ਕੇ ਘਰ ਨੂੰ ਭੇਜ ਦਿੰਦੇ ਹਨ। ਨਾ ਕੋਈ ਸੰਸਾਰ ਦੀ ਗੱਲ ਅਤੇ ਨਾ ਕੋਈ ਆਪਣੀ ਸੁੱਖ ਸ਼ਾਂਤੀ ਦਾ ਵੇਰਵਾ। ਹੁਣ ਆਪ ਦੀ ਛੋਟੀ ਭੈਣ ਕਿਰਨ ਦੀ ਸ਼ਾਦੀ ਆ ਗਈ, ਇਸ ਲਈ ਪਰਿਵਾਰ ਵਾਲਿਆਂ ਨੇ ਚਿੱਠੀ ਪਾਈ ਕਿ ਫਲਾਣੀ ਤਾਰੀਖ ਦੀ ਸ਼ਾਦੀ ਹੈ ਆਪ ਦਸ ਦਿਨ ਪਹਿਲਾਂ ਆ ਜਾਉ! ਆਪ ਨੇ ਉਸੇ ਤਰ੍ਹਾਂ ਪੂਰੀ ਚਿੱਠੀ ਤੇ ਗੁਰਬਾਣੀ ਲਿਖ ਕੇ ਭੇਜ ਦਿੱਤੀ, ਨਾ ਕੋਈ ਸ਼ਾਦੀ ਦੀ ਗੱਲ, ਨਾ ਆਉਣ ਦਾ ਜ਼ਿਕਰ। ਸ਼ਾਦੀ ਲੰਘ ਗਈ ਲੇਕਿਨ ਆਪ ਨਹੀਂ ਆਏ। ਅੱਜ ਮਾਤਾ ਨੂੰ ਪਤਾ ਲੱਗਿਆ ਕਿ ਰਾਮ, ਰਾਤ ਦਾ ਮਹਾਰਾਜ ਜੀ ਦੇ ਚਰਨਾਂ ਵਿੱਚ ਕੁਟੀਆ ਆਇਆ ਹੋਇਆ ਹੈ। ਮਾਤਾ ਦੌੜੀ-ਦੌੜੀ ਕੁਟੀਆ ਆਈ, ਪੁੱਤਰ ਨੂੰ ਦੇਖ ਕੇ ਖੁਸ਼ ਹੋ ਗਈ, ਚਾਅ ਚੜ੍ਹ ਗਿਆ, ਲੇਕਿਨ ਅੱਗੋਂ ਪੁੱਤਰ ਨੇ ਦੇਖਿਆ ਤੱਕ ਨਾ, ਉਸੇ ਤਰ੍ਹਾਂ ਸੇਵਾ ਵਿੱਚ ਲੱਗੇ ਹੋਏ ਗੁਰਬਾਣੀ ਦੀ ਇਹ ਪੰਕਤੀ ਉੱਚੀ ਸੁਰ ਵਿੱਚ ਉਚਾਰ ਰਹੇ ਹਨ—

ਨਾ ਕਿਸ ਕਾ ਪੂਤੁ ਨ ਕਿਸ ਕੀ ਮਾਈ॥ ਝੂਠੈ ਮੋਹਿ ਭਰਮਿ ਭੁਲਾਈ॥
ਮੇਰੇ ਸਾਹਿਬ ਹਉ ਕੀਤਾ ਤੇਰਾ॥ ਜਾਂ ਤੂੰ ਦੇਹਿ ਜਪੀ ਨਾਉ ਤੇਰਾ॥ ਰਹਾਉ॥
ਬਹੁਤੇ ਅਉਗਣ ਕੂਕੈ ਕੋਈ॥ ਜਾ ਤਿਸੁ ਭਾਵੈ ਬਖਸੇ ਸੋਈ॥
ਗੁਰ ਪਰਸਾਦੀ ਦੁਰਮਤਿ ਖੋਈ॥ ਜਹ ਦੇਖਾ ਤਹ ਏਕੋ ਸੋਈ॥
ਕਹਤ ਨਾਨਕ ਐਸੀ ਮਤਿ ਆਵੈ॥ ਤਾਂ ਕੋ ਸਚੇ ਸਚਿ ਸਮਾਵੈ॥

*(ਆਸਾ ਮ: ੧, ਪੰਨਾ ੩੫੨)*

ਮਾਤਾ ਜੀ ਨੇ ਬੁੱਝੇ ਦਿਲ ਨਾਲ ਵਿਰੱਕਤ ਮਹਾਰਾਜ ਜੀਆਂ ਦੇ ਚਰਨਾਂ ਵਿੱਚ ਅਰਜ਼ ਕੀਤੀ, ਜਿਸ ਦਾ ਭਾਵ ਇਉਂ ਦਾ ਸੀ—

ਮੈਂ ਪੁੱਤਰ-ਪੁੱਤਰ ਕਰਦੀ ਮੈਂਡੇਂ ਪੁੱਤਰ ਵੱਡਾ ਚਿੱਤ ਹਾਂ।
ਮੈਂ ਰਸਤੇ ਉੱਠ-ਉੱਠ ਤੱਕਦੀ ਮੈਂ ਪੁੱਛਦੀ ਓਪਰੇ ਮਿੱਤ ਹਾਂ।
ਭਾਹ ਬਲੇ ਮੈਂ ਅੰਦਰੇ ਮੈਂ ਸ਼ਿੱਕ ਸ਼ਿੱਕ ਹੋਈ ਚੂਰ ਹਾਂ।
ਮੈਂ ਤਾਂਘਾਂ ਪੁੱਤਰ ਆਂਵਦਾ ਉਹ ਹੁੰਦਾ ਜਾਂਦਾ ਦੂਰ ਹਾਂ।
ਕੋਈ ਸੁਪਨੇ ਅੰਦਰ ਆਖਦਾ ਤੈਂ ਪੁੱਤਰ ਤੁਰਿਆ ਆਂਵਦਾ।
ਮੈਂ ਅੱਖਾਂ ਪੱਟ ਪੱਟ ਵੇਖਦੀ ਮੈਨੂੰ ਪੁੱਤ ਨਾ ਨਜ਼ਰੀ ਆਂਵਦਾ।
ਦੁਨੀਆਂ ਅੰਨ੍ਹ ਅਨੇਰ੍ਹ ਪੁੱਤ ਜੇ ਅੱਖੋਂ ਉਹਲੇ।
ਧੌਲਰ ਮਿੱਟੀ ਢੇਰ ਮਹਲ ਹਨ ਸੁੰਝੇ ਖੋਲੇ।
ਬਲਦੇ ਦਿਸਣ ਬਾਗ ਵਿੱਚ ਜੇ ਪੁੱਤ ਨ ਹੋਵੇ।
ਕਾਹਦੇ ਮਿਠੇ ਰਾਗ ਮਾਉ ਜੇ ਹੰਝੂ ਚੋਵੇ।
ਤੁਰ ਗਿਆ ਪੁੱਤ ਵਿਦੇਸ ਮਾਉਂ ਨੂੰ ਸਾਰ ਨਾ ਘੱਲੀ।
ਜਿਉਂਦੀ ਮੋਈ ਮਾਂਉਂ ਹਿਕੇ ਉਹ ਹੋ ਗਈ ਝੱਲੀ।
ਮਾਂ ਜੀਵੇ ਤਦ ਲਾਗ ਪੁੱਤ ਵਿੱਚ ਵਿਹੜੇ ਦਿਸੇ।
ਦਿਤੀ ਪੁੱਤ ਕੰਡ ਮਾਂਉਂ ਜਿਉਂ ਛਾਲਾ ਫਿਸੇ।
ਮਰ ਜਾਵੇ ਉਹ ਮਾਂ ਜੋ ਪੁੱਤ ਨਾ ਵਰਿਹਾਂ ਦੇਖੇ।
ਤੜਫੇ ਮੱਛੀ ਵਾਂਗ ਪੁੱਤ ਦੇ ਮਿਲਣ ਭੁਲੇਖੇ।
ਮੈਂ ਨਾ ਸੀਗੀ ਜੋਗ ਪੁੱਤ ਸੀ ਨੂਰ ਇਲਾਹੀ।
ਨੈਣਾਂ ਤਈ ਵਿਜੋਗ ਝੁਰਦਾ ਰਹੇ ਸਦਾ ਹੀ।

ਮਾਤਾ ਨੇ ਵਿਰੱਕਤ ਮਹਾਰਾਜ ਜੀਆਂ ਦੇ ਚਰਨਾਂ ਵਿੱਚ ਅਰਜ਼ ਕੀਤੀ, ਕਿ ਮਹਾਰਾਜ ਰਾਮ ਨੂੰ ਹੁਕਮ ਕਰੋ ਮੈਨੂੰ ਘਰ ਮਿਲ ਜਾਇਆ ਕਰੇ, ਦੋ ਸਾਲ ਹੋ ਗਏ ਕਦੇ ਘਰ ਨਹੀਂ ਗਿਆ। ਮਹਾਰਾਜ ਜੀ ਨੇ ਹੁਕਮ ਕੀਤਾ, ਭਾਈ! ਕਦੇ ਘਰ ਜਾ ਆਇਆ ਕਰ, ਅੱਜ ਵੀ ਬਰਨਾਲੇ ਨੂੰ ਜਾਂਦਾ ਹੋਇਆ, ਘਰ ਹੋ ਕੇ ਲੰਘ ਜਾਵੀਂ। ਆਪ ਨੇ ਹੁਕਮ ਦੀ ਤਾਮੀਲ ਕਰਨੀ ਸੀ, ਇਸ ਲਈ ਜਦੋਂ ਤਿਆਰ ਹੋ ਕੇ ਹਜ਼ੂਰ ਤੋਂ ਆਗਿਆ ਲੈ ਕੇ ਬਰਨਾਲੇ ਨੂੰ ਚੱਲੇ, ਤਾਂ ਹੁਕਮ ਅਨੁਸਾਰ ਪਹਿਲਾਂ ਘਰ ਗਏ, ਲੇਕਿਨ ਦਹਿਲੀਜ਼ ਤੋਂ ਅੱਗੇ ਨਹੀਂ ਲੰਘੇ, ਦਹਿਲੀਜ਼ ਵਿੱਚ ਖੜ੍ਹਕੇ ਇੱਕੋ ਅੱਧੀ ਗੱਲ ਕਰ ਸਟੇਸ਼ਨ ਨੂੰ ਤੁਰ ਗਏ।

## ਹੁਕਮ ਦੀ ਕਾਰ

ਇਸ ਤਰੀਕੇ ਸੇਵਾ ਕਰਦਿਆਂ ਸੰਸਾਰ, ਸੰਸਾਰਕ ਸੰਬੰਧਾਂ ਅਤੇ ਸਰੀਰਕ ਸੁੱਖਾਂ ਤੋਂ ਬਿਲਕੁੱਲ ਬੇਖ਼ਬਰ ਹੋ ਗਏ। ਕੁਟੀਆ ਹਜ਼ੂਰ ਦੀ ਸੇਵਾ ਕਰਦਿਆਂ, ਰਾਮ ਜੀ ਅੰਗੀਠੀ ਤੇ ਡਟ ਜਾਂਦੇ ਹਨ ਪ੍ਰਸ਼ਾਦੇ ਬਣਾਉਣ ਲਈ। ਨਾਲ ਦੀ ਨਾਲ ਦੂਸਰਾ ਕੋਈ ਕਪਿਲ ਸ਼ਰਮਾ ਜੋ ਕਿ ਹਜ਼ੂਰ ਦੇ ਚਰਨਾਂ ਦਾ ਤਕੜਾ ਸੇਵਾਦਾਰ ਸੀ, ਜਾਂ ਕੋਈ ਹੋਰ ਗਰਮ-ਗਰਮ ਪ੍ਰਸ਼ਾਦੇ ਦਾਤੇ ਨੂੰ ਛਕਾਉਂਦਾ ਅਤੇ ਹੋਰ ਜਿਤਨੀ ਸੰਗਤ ਹੈ ਸਭ ਛਕਦੀ ਰਹਿੰਦੀ ਹੈ, ਲੇਕਿਨ ਰਾਮ ਜੀ ਚੌਂਕੜਾ ਮਾਰ ਕੇ ਅੰਗੀਠੀ ਤੇ ਡਟੇ ਪ੍ਰਸ਼ਾਦੇ ਬਣਾਈ ਜਾਂਦੇ ਹਨ। ਕੌਣ ਆਇਆ, ਕੌਣ ਗਿਆ, ਇਸ ਗੱਲ ਵੱਲ ਕੋਈ ਧਿਆਨ ਨਹੀਂ, ਜੇ ਧਿਆਨ ਹੈ ਤਾਂ ਕੇਵਲ ਪ੍ਰਸ਼ਾਦੇ ਬਣਾਉਣ ਜਾਂ ਜਪੁਜੀ ਸਾਹਿਬ ਦੇ ਪਾਠ ਵਿੱਚ। ਜਿਤਨੀ ਦੇਰ ਸਭ ਸੰਗਤ ਲੰਗਰ ਨਹੀਂ ਛੱਕ ਹਟਦੀ ਉਤਨੀ ਦੇਰ ਨਾ ਪ੍ਰਸ਼ਾਦੇ ਬਣਾਉਣ ਤੋਂ ਚੌਂਕੜਾ ਟੁਟਦਾ ਹੈ ਤੇ ਨਾ ਜਪੁਜੀ ਸਾਹਿਬ ਦਾ ਪਾਠ ਬੰਦ ਹੁੰਦਾ ਹੈ।

ਪ੍ਰਸ਼ਾਦੇ ਵੀ ਕੈਸੇ ਸੁੰਦਰ ਅਤੇ ਸਵਾਦੀ ਬਣਾਉਂਦੇ ਹਨ ਉਨ੍ਹਾਂ ਦੀ ਮਹਿਮਾਂ ਦਾ ਵਰਨਣ ਕਰਨ ਤੋਂ ਇਹ ਕਲਮ ਤਾਂ ਬਿਲਕੁਲ ਹੀ ਅਸਮਰਥ ਹੈ, ਲੇਕਿਨ ਪੂਰਾ-ਪੂਰਾ ਵਰਨਣ ਸ਼ਾਇਦ ਕੋਈ ਬੁੱਧੀ ਵੀ ਨਾ ਕਰ ਪਾਏ, ਕਿਉਂਕਿ ਕਿਸੇ ਗੈਵੀ ਪ੍ਰੇਮ ਵਿੱਚ ਭਿੱਜ ਕੇ ਬਲਕਿ ਅੰਦਰੋਂ ਬਾਹਰੋਂ ਬੇਖਬਰ ਹੋਏ, ਪਰੇਮ ਦਾ ਰੂਪ ਹੀ ਹੋ ਕੇ ਵਿੱਚ ਜਪੁਜੀ ਸਾਹਿਬ ਦੇ ਅੰਮ੍ਰਿਤ ਰਸ ਨਾਲ ਭਰਪੂਰ ਕਰਕੇ ਬਣਾਏ ਪ੍ਰਸ਼ਾਦਿਆਂ ਦੀ ਮਹਿਮਾਂ ਕਰਨਾ ਜ਼ੁਬਾਨ ਦਾ ਵਿਸ਼ਾ ਹੀ ਨਹੀਂ ਹੈ। ਉਹ ਤਾਂ **ਜਿਨ ਚਾਖਿਆ ਸੋਈ ਜਾਨੈ** ਵਾਲੀ ਬਾਤ ਹੈ। ਇਤਨੇ ਸੁੰਦਰ ਪ੍ਰਸ਼ਾਦੇ ਬਨਾਉਣ ਦੀ ਕਲਾ ਆਪ ਨੇ ਕਿੱਥੋਂ ਸਿੱਖੀ ਹੈ? ਪੂਰਾ-ਪੂਰਾ ਤਾਂ ਰਾਮ ਜੀ ਆਪ ਹੀ ਜਾਨਣ, ਲੇਕਿਨ ਲਗਦਾ ਕੁਝ ਇਉਂ ਹੈ ਕਿ ਆਪ ਨੇ ਇਹ ਵਿਦਿਆ ਬੇਗਮਪੁਰਾ ਸ਼ਹਿਰ ਦੇ ਪ੍ਰੇਮਪੁਰੀ ਨਾਮਕ ਕਾਲਜ ਵਿੱਚੋਂ ਹਾਸਲ ਕੀਤੀ ਹੈ, ਕਿਉਂਕਿ ਹੋਰ ਕਿਸੇ ਕਾਲਜ ਜਾਂ ਯੂਨੀਵਰਸਿਟੀ ਵਿੱਚ ਇਹ ਵਿਸ਼ਾ (Subject) ਹੈ ਹੀ ਨਹੀਂ, ਬਿਨਾਂ ਪ੍ਰੇਮਪੁਰੀ ਕਾਲਜ ਤੋਂ। ਸੰਤੋਖ ਆਪ ਦੇ ਅੰਦਰ ਘੜ੍ਹ ਤੋੜ ਕੇ ਇਤਨਾ ਜਮ੍ਹਾ ਹੋ ਗਿਆ ਹੈ ਕਿ ਲੰਗਰ ਛਕਾਉਣ ਤੋਂ ਬਾਅਦ ਜਦੋਂ ਆਪ ਨੇ ਛਕਣ ਦੀ ਤਿਆਰੀ ਕਰਨੀ ਤਾਂ ਕੋਈ ਨਾ ਕੋਈ ਬਾਹਰੋਂ ਲੰਗਰ ਛਕਣ ਦਾ ਲੋੜਵੰਦ ਆ ਜਾਣਾ, ਤਾਂ ਆਪਣੇ ਵਾਲਾ ਲੰਗਰ ਉਨ੍ਹਾਂ ਨੂੰ ਛਕਾ ਦੇਣਾ, ਆਪ ਦੋ ਚਾਰ ਆਲੂ ਅੰਗੀਠੀ ਵਿੱਚ ਭੁੰਨ ਕੇ ਲੂਣ ਲਾ ਛੱਕ ਲੈਣੇ। ਕਦੇ-ਕਦਾਈਂ ਹਜ਼ੂਰ ਆਪਣੀ ਮੌਜ ਵਿੱਚ ਕਪਿਲ ਸ਼ਰਮਾ, ਛੋਟੂ ਜੀ ਜਾਂ ਇਕ ਦੋ ਸੇਵਾਦਾਰ ਹੋਰ ਸਨ, ਉਨ੍ਹਾਂ ਦਾ ਜ਼ਿਕਰ ਕਰਦੇ, ਕਿ ਇਹ ਲੜਕੇ ਬੜੀ ਸੇਵਾ ਕਰਦੇ ਹਨ, ਲੇਕਿਨ ਰਾਮ ਜੀ ਦਾ ਜ਼ਿਕਰ ਤੱਕ ਨਾ ਕਰਦੇ। ਇਹ ਸੁਣਕੇ ਇਕ ਦਿਨ ਕਿਸੇ ਪ੍ਰੇਮੀ ਨੇ ਅਰਜ਼ ਕੀਤੀ, ਮਹਾਰਾਜ ਸੇਵਾ ਤਾਂ ਸਾਰੇ ਹੀ ਲੜਕੇ ਬਹੁਤ ਕਰਦੇ ਹਨ, ਪਰ ਇਹ ਸਾਰੇ ਕਦੇ ਨਾ ਕਦੇ ਆਪਣੇ ਘਰਾਂ ਵਿੱਚ ਵੀ ਚੱਕਰ ਲਾ ਆਉਂਦੇ ਹਨ। ਲੇਕਿਨ ਰਾਮ ਚੌਵੀ ਘੰਟੇ ਆਪ ਦੇ ਚਰਨਾਂ ਦੀ ਸੇਵਾ ਵਿੱਚ ਹੀ ਲੀਨ ਰਹਿੰਦਾ ਹੈ, ਆਪ ਜੀ ਨੇ ਕਦੇ ਇਸਦਾ ਜ਼ਿਕਰ ਨਹੀਂ ਕੀਤਾ, ਬਾਕੀ ਸਾਰਿਆਂ ਨੂੰ ਸਰਾਹਿਆ ਹੈ। ਹਜ਼ੂਰ ਬੋਲੇ, ਭਾਈ ਰਾਮ ਤਾਂ ਰਾਮ ਹੀ ਹੈ, ਰਾਮ ਦੇ ਗੁਣਾਂ ਦਾ ਵਰਨਣ ਜ਼ੁਬਾਨ ਦਾ ਵਿਸ਼ਾ ਹੀ ਨਹੀਂ, ਇਸ ਲਈ ਉਸਦਾ ਜ਼ਿਕਰ ਕੀ ਕਰੀਏ। ਇਸ ਤਰ੍ਹਾਂ ਸੌ ਫੀਸਦੀ ਮਰ ਮਿਟਕੇ ਕੀਤੀ ਸੇਵਾ ਦੀ ਘਾਲ ਹੁਣ ਥਾਂਇ ਪੈ ਗਈ। ਇੱਧਰ ਹਜ਼ੂਰ ਹੁਣ ਸੇਵਾ ਤੇ ਤਰੁਠ ਕੇ ਹਰ ਪ੍ਰਕਾਰ ਨਾਲ ਯੋਗ, ਲਾਇਕ ਅਤੇ ਆਗਿਆਕਾਰ ਪੁੱਤਰ ਦੀ ਸ਼ਾਦੀ ਦਾ ਸੁਵੰਬਰ* ਰਚਨ ਵਾਸਤੇ ਜਲਦੀ ਤੋਂ ਜਲਦੀ ਕਨਖਲ ਪਹੁੰਚਣ ਲਈ ਕਾਹਲੇ ਪੈ ਰਹੇ ਹਨ।

## ਰਿਸ਼ੀਕੇਸ਼ ਡੇਰਾ ਅਤੇ ਸੱਚੀ ਖੁਸ਼ੀ

**ਸ਼ਬਦ ਸੁਰਤਿ ਲਿਵ ਲੀਨ ਹੋਏ ਸਾਧਿ ਸੰਗਤਿ ਸਚਿ ਮੇਲਿ ਮਿਲਾਇਆ।**
**ਹੁਕਮ ਰਜਾਈ ਚਲਣਾ ਆਪੁ ਗਵਾਇ ਨਾ ਆਪੁ ਜਣਾਇਆ।**
**ਗੁਰ ਉਪਦੇਸ਼ ਆਵੇਸ਼ ਕਰਿ ਪਰਉਪਕਾਰਿ ਅਚਾਰਿ ਲੁਭਾਇਆ।**
**ਪਿਰਮ ਪਿਆਲਾ ਅਪਿਉ ਪੀ ਸਹਿਜ ਸਮਾਈ ਅਜਰੁ ਜਰਾਇਆ।**
**ਮਿਠਾ ਬੋਲਣੁ ਨਿਵਿ ਚਲਣੁ ਕਥਹੁ ਦੇ ਕੈ ਭਲਾ ਮਨਾਇਆ।**
**ਇਕ ਮਨਿ ਇਕੁ ਅਰਾਧਣਾ ਦੁਬਿਧਾ ਦੂਜਾ ਭਾਉ ਮਿਟਾਇਆ॥**
**ਗੁਰਮੁਖਿ ਸੁਖ ਫਲ ਨਿਜ ਪਦੁ ਪਾਇਆ॥**

*(ਵਾਰ ਗਿਆਰਵੀਂ ਪੌੜੀ ਚੌਥੀ)*

ਇਸ ਪ੍ਰਕਾਰ ਦੀ ਅਵਸਥਾ ਵਿੱਚ ਸਥਿਤ ਕਰਕੇ ਤਿੰਨਾਂ ਲੋਕਾਂ ਚੌਦਾਂ ਭਵਨਾਂ ਦੀ ਸੱਚੀ ਬਾਦਸ਼ਾਹੀ ਦਾ ਤਾਜ ਸੀਸ ਤੇ ਟਿਕਾ ਕੇ ਨਿਰਮਲ ਆਸ਼ਰਮ ਦੀ ਮਹੰਤੀ ਦੀ ਭਾਰੀ ਪੰਡ ਆਪ ਦੇ ਮੋਢਿਆਂ ਤੇ ਰੱਖ ਕੇ, ਗੁਰੂ ਗੋਬਿੰਦ ਸਿੰਘ ਮਹਾਰਾਜ ਵੱਲੋਂ ਤਰੁਠ ਕੇ ਬਖਸ਼ੀ, ਸ਼ੀਨਾ-ਬਾ-ਸ਼ੀਨਾ ਚਲੀ ਆ ਰਹੀ ਜੋਤ ਜੋ ਆਪ ਨੂੰ ਬਾਬਾ ਬੁੱਢਾ ਸਿੰਘ ਮਹਾਰਾਜ ਵੱਲੋਂ ਪ੍ਰਾਪਤ ਹੋਈ ਸੀ, ਨੂੰ ਰਾਮ ਸਿੰਘ ਦੇ ਪਵਿੱਤਰ ਹਿਰਦੇ ਵਿੱਚ ਟਿਕਾ ਕੇ, ਲੋਕ ਪਰਲੋਕ ਦੇ ਖਜ਼ਾਨਿਆਂ ਦੀਆਂ ਚਾਬੀਆਂ ਬਖਸ਼

* *ਲੜੀ ਜੋੜਣ ਲਈ ਦੇਖੋ ਵਿਰੱਕਤ ਮਹਾਰਾਜ ਜੀਆਂ ਦੀ ਜੀਵਨ ਲੀਲਾ। ਉਸ ਵਿੱਚ ਕੇਸ ਦਾਨ ਅਤੇ ਗੁਰਮੁੱਖ ਜੀਵਨ, ਅਲੌਕਿਕ ਸ਼ਾਦੀ, ਬੁੱਧੀ ਮੰਡਲ ਤੋਂ ਪਰੇ ਦਾ ਖੇਡ, ਅਤੇ ਮਹੰਤੀ ਦਾ ਤਾਜ ਆਦਿਕ ਸਿਰਲੇਖਾਂ ਹੇਠ ਪੰਨਾ ਨੰਬਰ ੩੧੦, ੩੩੪, ੩੨੩, ੩੩੯ ਤੇ ਆ ਚੁੱਕਾ ਹੈ।*

ਕੇ ਯਾਨੀ ਹਰ ਪ੍ਰਕਾਰ ਨਾਲ ਰਾਮ ਸਿੰਘ ਜੀ ਨੂੰ ਭਰਪੂਰ ਕਰਕੇ ਵਿਰੱਕਤ ਮਹਾਰਾਜ ਜੀ ਨੇ ਰਿਸ਼ੀਕੇਸ਼ ਨੂੰ ਭੇਜ ਦਿੱਤਾ। ਉਸ ਸਮੇਂ ਕਿਸੇ ਪ੍ਰੇਮੀ ਨੇ ਉਪਮਾ ਜਾਣ ਕੇ ਬੜੀ ਮਿੱਠੀ ਸੁਰ ਵਿੱਚ ਇਹ ਸ਼ਬਦ ਉਚਾਰਨ ਕੀਤਾ—

**ਸੰਤ ਸੰਗ ਜਬ ਵਧਯੋ ਵਧੇਰਾ। ਪੂਰਨ ਪ੍ਰਭੁ ਸਰਬ ਮੈਂ ਹੇਰਾ।**
**ਤਬਿ ਮੁਖ ਲਾਲ ਰੰਗ ਦ੍ਰਿਸ਼ਟਾਵੈ। ਤ੍ਰਿਪਤ ਹੋਇ ਮਨ ਕਿਤਹੂੰ ਨਾ ਧਾਵੈ।**
**ਸ਼ਾਂਤ ਮਧੁਰਤਾ ਤਬਿ ਹੁਇ ਆਈ। ਅੰਤਰਿ ਬ੍ਰਿਤੀ ਸਥਿਰਤਾ ਪਾਈ।**
**ਦ੍ਰਿੜ ਅਭਯਾਸ ਗਯਾਨ ਮਨ ਲਾਈ। ਪਰਾ ਭਗਤਿ ਉਤਪਤਿ ਹੋ ਆਈ।**
**ਸੰਤ ਸੰਗ ਜਬ ਪਾਰਸ ਛੁਹਯੋ। ਹੁਤੋ ਮਨੂਰ ਸੋ ਕੰਚਨ ਭਯੋ।**
**ਪਰਮਾਨੰਦ ਪਾਇ ਕਰ ਭਲੋ। ਬਿਦਾ ਹੋਇ ਰਾਮ ਸਿੰਘ ਚਲੋ।**

ਰਾਮ ਸਿੰਘ ਜੀ ਹੁਣ ਬੈਠੇ ਹਨ ਰਿਸ਼ੀਕੇਸ਼ ਸੱਚੀ ਖੁਸ਼ੀ ਵਿੱਚ, ਨਾ ਕਿ ਉਹ ਖੁਸ਼ੀ ਵਿੱਚ ਜਿਸ ਦੇ ਅਸੀਂ ਤੁਸੀਂ ਜਾਣੂ ਹਾਂ। ਸਗੋਂ ਉਸ ਖੁਸ਼ੀ ਵਿੱਚ ਜੋ ਆਉਂਦੀ ਹੈ ਖੁਸ਼ੀਆਂ ਦੀ ਖਾਹਿਸ਼ ਛੱਡਿਆਂ। ਪ੍ਰੀਤਮ ਹੋਵੇ ਅਰਸ਼ੀ, ਉਸ ਨਾਲ ਪਵੇ ਪਿਆਰ, ਖੁਸ਼ ਕਰਨ ਦੀ ਮਨ ਵਿੱਚ ਹੋਵੇ ਲਾਲਸਾ, ਫਿਰ ਅਨਹੋਂਦੇ ਤਾਨੋ ਨਾਲ ਕਰ ਲਵੇ ਉਸਨੂੰ ਖੁਸ਼, ਫਿਰ ਤਰੁਠ ਕੇ ਬਖਸ਼ ਦਿੰਦਾ ਹੈ ਸੱਚੀ ਖੁਸ਼ੀ, ਬਲਕਿ ਬਣਾ ਦਿੰਦਾ ਹੈ ਖੁਸ਼ੀ ਦਾ ਰੂਪ। ਉਸ ਅਰਸ਼ੀ ਦਾਤੇ ਦੀ ਖੁਸ਼ੀ ਵਿੱਚ ਸਮਾਏ ਬੈਠੇ ਹਨ ਹੁਣ ਮਹੰਤ ਰਾਮ ਸਿੰਘ ਜੀ ਮਹਾਰਾਜ ਨਿਰਮਲ ਆਸ਼ਰਮ ਰਿਸ਼ੀਕੇਸ਼। ਮਹੰਤ ਨਾਰਾਇਣ ਸਿੰਘ ਜੀਆਂ ਦਾ ਸਰੀਰ ਭਾਵੇਂ ਹੁਣ ਕੁਝ ਢਿੱਲਾ ਰਹਿੰਦਾ ਹੈ, ਲੇਕਿਨ ਵਿਰੱਕਤ ਮਹਾਰਾਜ ਜੀਆਂ ਦੀ ਮਹਾਨ-ਮਹਾਨ ਬਖਸ਼ਿਸ਼ ਨਾਲ ਮਹੰਤ ਰਾਮ ਸਿੰਘ ਜੀ ਜੈਸੇ ਦਾ ਮਹਾਨ ਉਤਰਾਧਿਕਾਰੀ ਬਣ ਕੇ ਆ ਜਾਣਾ, ਇਸ ਰੱਬੀ ਬਖਸ਼ਿਸ਼ ਨੇ ਆਪ ਨੂੰ ਸ਼ਾਂਤ ਕਰ ਦਿੱਤਾ। ਇਸ ਪ੍ਰਕਾਰ ਭਾਰ ਰਹਿਤ ਹਰ ਪ੍ਰਕਾਰ ਨਾਲ ਸ਼ਾਂਤ ਸੁਖੀ ਹਲਕਾ ਫੁੱਲ ਵਰਗਾ ਜੀਵਨ ਅਤੇ ਵਿਰੱਕਤ ਮਹਾਰਾਜ ਜੀਆਂ ਦਾ ਸ਼ੁਕਰ-ਸ਼ੁਕਰ ਕਰਦਿਆਂ ਕੋਈ ਸਵਾ ਕੁ ਸਾਲ ਬਾਅਦ ਯਾਨੀ ਪੱਚੀ ਅਕਤੂਬਰ, 1982 ਨੂੰ ਮਹੰਤ ਨਾਰਾਇਣ ਸਿੰਘ ਜੀ ਪਰਲੋਕ ਗਵਨ ਕਰ ਗਏ। ਉਨ੍ਹਾਂ ਦੇ ਸਤਾਰ੍ਹਵੇਂ ਦਿਨ ਦੇ ਯਾਨੀ ਦਸ ਨਵੰਬਰ 1982 ਵਾਲੇ ਦਿਨ ਸਾਧੂ ਸਮਾਜ ਅਤੇ ਬੰਬਈ, ਦਿੱਲੀ, ਕਰਨਾਲ, ਪੰਜਾਬ ਆਦਿ ਥਾਵਾਂ ਤੋਂ ਆਈਆਂ ਸੰਗਤਾਂ ਦੇ ਭਾਰੀ ਇਕੱਠ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਅਤੇ ਵਿਰੱਕਤ ਮਹਾਰਾਜ ਜੀਆਂ ਨੇ ਆਪਣੇ ਬਰਾਬਰ ਬਿਠਾ ਕੇ ਮਹੰਤ ਰਾਮ ਸਿੰਘ ਜੀ ਨੂੰ ਸਾਧੂ ਮਹਾਤਮਾ ਡੇਰਿਆਂ ਦੇ ਮਹੰਤਾਂ ਅਤੇ ਦੂਰੋਂ ਨੇੜਿਉਂ ਆਈਆਂ ਸੰਗਤਾਂ ਵੱਲੋਂ ਦਸਤਾਰਾਂ ਨਾਲ ਸਨਮਾਨਤ ਕੀਤਾ ਗਿਆ। ਹੁਣ ਮਹੰਤ ਰਾਮ ਸਿੰਘ ਜੀ ਮਹਾਰਾਜ ਆਸ਼ਰਮ ਦੇ ਸਾਰੇ ਅੰਦਰਲੇ ਬਾਹਰੇ ਕਾਰਜ, ਆਈਆਂ ਸੰਗਤਾਂ ਨੂੰ ਪਿਆਰ ਸਨਮਾਨ, ਲੰਗਰ ਵੱਲ ਵਿਸ਼ੇਸ਼ ਧਿਆਨ ਇਤਿਆਦਿਕ ਕਾਰਜਾਂ ਨੂੰ ਬੜੀ ਕੁਸ਼ਲਤਾ ਨਾਲ ਨਿਭਾ ਰਹੇ ਹਨ। ਇਹ ਸਾਰਾ ਵਿਵਹਾਰ ਕਰਦੇ ਹੋਏ ਵੀ ਆਪ ਰਾਜੇ ਜਨਕ ਦੀ ਨਿਆਈਂ ਨਿਰਲੇਪ ਅਤੇ ਅਸੰਗ ਇਉਂ ਵਿਚਰਦੇ ਹਨ ਜਿਵੇਂ ਜਲ ਤੇ ਮੁਰਗਾਬੀ। ਹੁਣ ਤੱਕ ਤਾਂ ਸਿੰਧੀ ਸੰਗਤਾਂ ਭਾਵੇਂ ਆਸ਼ਰਮ ਨਾਲ ਚੋਖੀ ਗਿਣਤੀ ਵਿੱਚ ਜੁੜੀਆਂ ਹੋਈਆਂ ਸਨ, ਲੇਕਿਨ ਪੰਜਾਬੀ ਸੰਗਤ ਨਾਮ ਮਾਤਰ ਹੀ ਸੀ। ਹੁਣ ਵਿਰੱਕਤ ਮਹਾਰਾਜ ਜੀ ਦੀ ਕ੍ਰਿਪਾ ਨਾਲ ਪੰਜਾਬੀ ਸੰਗਤਾਂ ਦੀ ਵੀ ਭਰਵੀਂ ਗਿਣਤੀ ਹੋ ਗਈ ਯਾਂ ਇਉਂ ਕਹੋ ਕਿ ਕਮਲ ਫੁੱਲ ਦੇ ਖਿੜਦੇ ਹੀ ਭੌਰਿਆਂ ਦੀਆਂ ਡਾਰਾਂ ਨੇ ਮੰਡਲਾਉਣਾ ਸ਼ੁਰੂ ਕਰ ਦਿੱਤਾ। ਕਿਉਂਕਿ ਪ੍ਰੇਮ ਦੀ ਖੁਸ਼ਬੂ ਨਾਲ ਇਹ ਕਮਲ ਫੁੱਲ ਲਬਾ-ਲਬ ਭਰਿਆ ਹੋਇਆ ਹੈ, ਇਸ ਲਈ ਅਨਾਯਾਸ ਹੀ ਭੌਰੇ ਖਿੱਚੇ ਆ ਰਹੇ ਹਨ। ਵਿਰੱਕਤ ਮਹਾਰਾਜ ਜੀ ਦੀ ਹਜ਼ੂਰੀ ਸੇਵਾ ਵਿੱਚ ਛੋਟੂ ਜੀ ਰਹਿੰਦੇ ਹਨ, ਲੇਕਿਨ ਹੁਣ ਭਵਿੱਖ ਨੂੰ ਵਿਚਾਰ ਕੇ ਜਾ ਕੋਈ ਹੋਰ ਕਾਰਨ ਹੈ, ਉਹ ਆਪ ਹੀ ਜਾਨਣ, ਆਪ ਕਰਨਾਲ ਨੂੰ ਜਾਣ ਵਾਸਤੇ ਤਿਆਰ ਹੋਏ, ਪਰੰਤੂ ਛੋਟੂ ਜੀ ਨੂੰ ਹੁਕਮ ਕਰ ਦਿੱਤਾ ਕਿ ਤੂੰ ਇਥੇ ਰਹਿ ਕੇ ਮਹੰਤ ਜੀ ਦੀ ਸਹਾਇਤਾ ਕਰ।

## ਕਨਖਲ ਬਾਹਰ ਵਾਲੀ ਬਿਲਡਿੰਗ

ਸੰਗਤਾਂ ਦੀ ਭਰਵੀਂ ਆਵਾਜਾਈ ਨੂੰ ਦੇਖਦਿਆਂ ਅਤੇ ਨਿਰਮਲ ਬਾਗ ਕਨਖਲ ਵਿੱਚ ਮਕਾਨ ਦੀ ਕਮੀਂ ਮਹਿਸੂਸ ਕਰਦਿਆਂ ਮਹੰਤ ਜੀ ਨੇ ਨਹਿਰ ਤੋਂ ਬਾਹਰ ਇੱਕ ਬਿਲਡਿੰਗ ਬਣਾਉਣ ਦੀ ਵਿਚਾਰ ਨਾਲ ਮੌਜੂਦਾ ਤਿਆਰ ਹੋਏ ਨੌ ਕਮਰਿਆਂ ਵਾਲੀ ਬਿਲਡਿੰਗ ਉਸਾਰੀ ਦਾ ਕੰਮ ਸ਼ੁਰੂ ਕੀਤਾ। ਜਿਸ ਵਕਤ ਦੀਵਾਰਾਂ ਤਿਆਰ ਹੋ ਕੇ ਕੰਮ ਲੈਂਟਰ ਤੇ

ਪਹੁੰਚਿਆ, ਉਸ ਸਮੇਂ ਵਿਰੱਕਤ ਮਹਾਰਾਜ ਜੀ ਵੀ ਕਨਖਲ ਠਹਿਰੇ ਹੋਏ ਸਨ। ਉਨ੍ਹਾਂ ਦਿਨਾਂ ਵਿੱਚ ਆਪ ਬੋਲਦੇ ਬਹੁਤ ਘੱਟ ਸਨ, ਜ਼ਿਆਦਾ ਅੰਤਰਮੁੱਖ ਹੀ ਰਹਿੰਦੇ ਸਨ। ਲੈਂਟਰ ਪੈਣ ਤੋਂ ਇਕ ਦਿਨ ਪਹਿਲਾਂ ਆਪਣੀ ਮੌਜ ਵਿੱਚ ਪੁੱਛਿਆ ਪੰਜਾਬ ਤੋਂ ਸੰਗਤ ਨਹੀਂ ਆਈ? ਸੇਵਕ ਨੇ ਅਰਜ਼ ਕੀਤੀ, ਮਹਾਰਾਜ ਕੋਈ ਨਹੀਂ ਆਇਆ। ਆਪਣੀ ਮੌਜ ਵਿੱਚ ਚੁੱਪ ਕਰ ਗਏ। ਸ਼ਾਮ ਨੂੰ ਫਿਰ ਮਹੰਤ ਜੀ ਨੂੰ ਪੁੱਛਿਆ, ਪੰਜਾਬ ਤੋਂ ਸੰਗਤ ਨਹੀਂ ਆਈ? ਮਹੰਤ ਜੀ ਨੇ ਅਰਜ਼ ਕੀਤੀ, ਮਹਾਰਾਜ, ਅੱਜ ਤਾਂ ਕੋਈ ਨਹੀਂ ਆਇਆ। ਹਜ਼ੂਰ ਬੋਲੇ, ਫਿਰ ਲੈਂਟਰ ਕਿਵੇਂ ਪਵੇਗਾ? ਮਹਾਰਾਜ ਲੇਬਰ ਹੈ ਆਪ ਦੀ ਕ੍ਰਿਪਾ ਨਾਲ ਉਹ ਪਾ ਲੈਣਗੇ। ਹਜ਼ੂਰ ਚੁੱਪ ਹੋ ਗਏ। ਚੁੱਪ ਤਾਂ ਹੁਣ ਹਮੇਸ਼ਾਂ ਹੀ ਰਹਿੰਦੇ ਸਨ, ਲੇਕਿਨ ਉਹ ਦੁਬਾਰੇ ਪੁੱਛਣ ਦਾ ਕਾਰਨ ਤਾਂ ਸ਼ਾਇਦ ਕਿਸੇ ਪਾਸੇ ਟੈਲੀਫੋਨ ਖੜਕਾ ਰਹੇ ਸਨ। ਖੈਰ, ਰਾਤ ਗੁਜ਼ਰ ਗਈ, ਦਿਨ ਚੜਦੇ ਨੂੰ ਖੋਖ ਪਿੰਡ ਤੋਂ ਦਸ ਕੁ ਨੌਜਵਾਨ ਆ ਪਹੁੰਚੇ ਰਾਤ ਦੀ ਗੱਡੀ ਚੜ੍ਹਕੇ। ਉਧਰ ਲੈਂਟਰ ਦੀ ਵੀ ਤਿਆਰੀ ਸੀ, ਹੁਣ ਪਤਾ ਚੱਲਿਆ ਕਿ ਵਿਰੱਕਤ ਮਹਾਰਾਜ ਜੀ ਨੇ ਦੋ ਵਾਰ ਕਿਉਂ ਪੁੱਛਿਆ ਪੰਜਾਬ ਦੀ ਸੰਗਤ ਆਉਣ ਬਾਰੇ? ਲੈਂਟਰ ਦੀ ਸੇਵਾ ਸ਼ੁਰੂ ਹੋ ਗਈ, ਲੇਕਿਨ ਸੰਗਤ ਥੋੜੀ ਹੋਣ ਕਰਕੇ ਲਗਾਤਾਰ ਚੌਵੀ ਘੰਟੇ ਵਿੱਚ ਸੰਪੂਰਨ ਹੋਈ। ਵਿਰੱਕਤ ਮਹਾਰਾਜ ਜੀਆਂ ਦੇ ਚਰਨਾਂ ਵਿੱਚ ਸੰਗਤਾਂ ਨੇ ਨਮਸ਼ਕਾਰ ਕਰਕੇ ਦੱਸਿਆ, ਮਹਾਰਾਜ ਲੈਂਟਰ ਦੀ ਸੇਵਾ ਸੰਪੂਰਨ ਹੋ ਗਈ। ਆਪ ਬੋਲੇ, ਅੱਛਾ ਹੋ ਗਿਆ ਭਾਈ! ਇਹ ਗੁਰੂ ਨਾਨਕ ਦਾ ਘਰ ਹੈ, ਇਥੇ ਲੈਂਟਰ ਹੁਣ ਬਥੇਰੇ ਪੈਣਗੇ, ਤੁਹਾਨੂੰ ਸੇਵਾ ਮਿਲਦੀ ਹੀ ਰਹੇਗੀ। ਹਜ਼ੂਰ ਨੇ ਇਸ਼ਾਰੇ ਨਾਲ ਖੋਖ, ਕੋਟਲੀ ਪਿੰਡ ਨੂੰ ਲੈਂਟਰ ਦੀ ਸੇਵਾ ਦਾ ਮਾਨੋਂ ਪੱਟਾ ਹੀ ਲਿੱਖ ਦਿੱਤਾ। ਮਹੰਤ ਮਹਾਰਾਜ ਜੀਆਂ ਦੇ ਮਹੰਤੀ ਕਾਲ ਵਿੱਚ ਇਹ ਸਭ ਤੋਂ ਪਹਿਲੀ ਬਿਲਡਿੰਗ ਹੈ ਜੋ 1982 ਵਿੱਚ ਬਣੀ। ਯਾ ਇਉਂ ਕਹੀਏ ਕਿ ਆਪ ਦੇ ਜੀਵਨ ਕਾਲ ਵਿੱਚ ਇਹ ਬਿਲਡਿੰਗਾਂ ਦਾ ਮਹੂਰਤ ਸੀ।

## ਨਾਮ ਦੀ ਦਾਤ ਬਖਸ਼ਿਸ਼ ਕਰਨਾ ਅਤੇ ਬਾਹਰ ਸੰਗਤਾਂ ਵਿੱਚ ਜਾਣ ਦਾ ਹੁਕਮ

ਮਹੰਤ ਨਾਰਾਇਣ ਸਿੰਘ ਜੀ ਸਰੀਰ ਛਡ ਗਏ, ਮਹੰਤ ਰਾਮ ਸਿੰਘ ਮਹਾਰਾਜ ਗੱਦੀ ਤੇ ਸੁਸ਼ੋਭਿਤ ਹੋ ਗਏ। ਆਪ ਤਾਂ ਪ੍ਰੇਮ ਸਰੂਪ ਹੋਣ ਕਰਕੇ ਸਭ ਸੰਗਤਾਂ ਨੂੰ ਪ੍ਰੇਮ ਦੀ ਖੁੱਲ੍ਹੀ ਮਹਿਕ ਪ੍ਰਦਾਨ ਕਰ ਹੀ ਰਹੇ ਹਨ, ਲੇਕਿਨ ਸੰਗਤਾਂ ਵੀ ਆਪ ਨੂੰ ਬਾਬਾ ਬੁੱਢਾ ਸਿੰਘ ਜੀ ਦਾ ਸ਼ਾਖਸ਼ਾਤ ਰੂਪ ਜਾਣਕੇ ਪੂਜਦੀਆਂ ਹਨ। ਦੇਸ਼ ਦੇ ਕੋਨੇ-ਕੋਨੇ ਵਿੱਚੋਂ ਸਿੰਧੀ ਸੰਗਤਾਂ ਦੀ ਆਵਾਜਾਈ ਪਹਿਲਾਂ ਦੀ ਤਰ੍ਹਾਂ ਹੀ ਬਣੀ ਹੋਈ ਹੈ। ਅੱਜ ਵੀ ਪੂਨੇ ਤੋਂ ਇਕ ਸਿੰਧੀ ਪਰਿਵਾਰ ਆਇਆ ਹੋਇਆ ਹੈ, ਉਨ੍ਹਾਂ ਦੀ ਇਕ ਲੜਕੀ ਜਿਸ ਦਾ ਨਾਮ ਗੀਟਾ ਹੈ ਉਸਨੇ ਮਹੰਤ ਮਹਾਰਾਜ ਜੀ ਦੇ ਚਰਨਾਂ ਵਿੱਚ ਅਰਜ਼ ਕੀਤੀ, ਮਹਾਰਾਜ! ਮੁਝੇ ਨਾਮ ਕੀ ਦਾਤ ਬਖਸ਼ਿਸ਼ ਕਰ ਦੀਜੀਏ। ਮਹਾਰਾਜ ਬੋਲੇ, ਭਾਈ ਕਨਖਲ ਹਜ਼ੂਰ ਵਿਰੱਕਤ ਮਹਾਰਾਜ ਜੀ ਠਹਿਰੇ ਹੋਏ ਹਨ, ਨਾਮ ਵਰਗੀ ਵਡਮੁੱਲੀ ਵਸਤੂ ਦਾ ਦਾਨ ਉਹੀ ਦੇਣ ਨੂੰ ਸਮਰੱਥ ਹਨ ਅਸੀਂ ਨਹੀਂ, ਇਸ ਲਈ ਨਾਮ ਦੀ ਦਾਤ ਪ੍ਰਾਪਤ ਕਰਨੀ ਹੈ ਤਾਂ ਕਨਖਲ ਜਾਓ। ਇਸ ਤੋਂ ਪਹਿਲਾਂ ਵੀ ਕੁਝ ਸਿੰਧੀ ਪ੍ਰੇਮੀਆਂ ਨੇ ਨਾਮ ਦੀ ਯਾਚਨਾ ਕੀਤੀ ਸੀ ਲੇਕਿਨ ਆਪ ਨੇ ਉਨ੍ਹਾਂ ਨੂੰ ਵੀ ਇਹੀ ਜਵਾਬ ਦਿੱਤਾ ਸੀ।

ਅੱਜ ਮੋਹਣੀ ਮਨਸੁਖਾਨੀ ਬੰਬਈ ਵਾਲੀ ਸਾਰੀ ਸਿੰਧੀ ਸੰਗਤ ਨੂੰ ਨਾਲ ਲੈ ਕੇ ਕਨਖਲ ਪਹੁੰਚ ਗਈ, ਵਿਰੱਕਤ ਮਹਾਰਾਜ ਜੀਆਂ ਦੇ ਚਰਨਾਂ ਵਿੱਚ। ਅਰਜ਼ ਕੀਤੀ, ਮਹਾਰਾਜ ਇਸ ਲੜਕੀ ਨੂੰ ਨਾਮ ਦੀ ਦਾਤ ਬਖਸ਼ਿਸ਼ ਕਰੋ। ਹਜ਼ੂਰ ਬੋਲੇ, ਭਾਈ ਰਿਸ਼ੀਕੇਸ਼ ਮਹੰਤਾਂ ਨੂੰ ਕਿਉਂ ਨਹੀਂ ਅਰਜ਼ ਕੀਤੀ? ਮਹਾਰਾਜ ਉਨ੍ਹਾਂ ਨੂੰ ਤਾਂ ਕਈ ਵਾਰ ਅਰਜ਼ ਕਰ ਚੁੱਕੇ ਹਾਂ, ਅੱਜ ਵੀ ਉਨਾਂ ਨੇ ਹੀ ਆਪ ਦੇ ਚਰਨਾਂ ਵਿੱਚ ਭੇਜੇ ਹਾਂ। ਹਜ਼ੂਰ ਨੇ ਹੁਕਮ ਕੀਤਾ, ਮਹੰਤਾਂ ਨੂੰ ਬੁਲਾਉ! ਹੁਕਮ ਮੰਨਦਿਆਂ ਮਹੰਤ ਜੀ ਮਹਾਰਾਜ ਨੇ ਕਨਖਲ ਪਹੁੰਚ ਕੇ ਹਜ਼ੂਰ ਦੇ ਚਰਨਾਂ ਵਿੱਚ ਨਮਸ਼ਕਾਰ ਕੀਤੀ। ਹਜ਼ੂਰ ਬੋਲੇ, ਭਾਈ ਇਹ ਸੰਗਤ ਪੁਰਾਤਨ ਗੱਦੀ ਨਾਲ ਜੁੜੀ ਆ ਰਹੀ ਹੈ, ਬਾਬਾ ਬੁੱਢਾ ਸਿੰਘ ਮਹਾਰਾਜ ਜੀ ਦੇ ਸਮੇਂ ਤੋਂ। ਹੁਣ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਹੁਕਮ ਨਾਲ ਇਸ ਗੱਦੀ ਤੇ ਤੂੰ ਸਭਾਇਮਾਨ ਹੈਂ। ਇਸ ਲਈ ਜਿੱਥੇ ਇਨ੍ਹਾਂ ਨੂੰ ਪਿਆਰ, ਸਤਿਕਾਰ ਪ੍ਰੇਮ ਦੇ ਰਿਹਾ ਹੈਂ ਉਥੇ ਦਰਗਾਹੀ ਟਿਕਟ ਨਾਮ ਦਾ ਵੀ ਬਖਸ਼ਿਸ਼ ਕਰਿਆ ਕਰ। ਮਹੰਤ ਜੀ ਨੇ ਚਰਨਾਂ ਵਿੱਚ ਖੜ੍ਹ ਕੇ ਅਰਜ਼ ਕੀਤੀ, ਮਹਾਰਾਜ! ਆਪ ਮਿਹਰ ਕਰੋ, ਮੈਂ ਤਾਂ ਆਪ ਦਾ ਦਾਸ ਹਾਂ! ਹਜ਼ੂਰ ਬੋਲੇ, ਸਾਡਾ ਹੁਕਮ ਅੱਜ ਤੋਂ ਇਹੀ ਹੈ ਕਿ ਹਰ ਲੋੜਵੰਦ ਨੂੰ ਅਧਿਕਾਰੀ ਜਾਣਕੇ ਨਾਮ ਦੀ ਦਾਤ ਬਖਸ਼ਿਸ਼ ਕਰਿਆ ਕਰ। ਇਸ ਲਈ ਇਨ੍ਹਾਂ ਨੂੰ ਦਰਬਾਰ ਸਾਹਿਬ ਵਿੱਚ ਲਿਜਾ ਕੇ ਅੱਜ ਹੀ ਨਾਮ ਦਿਉ। ਮਹੰਤ ਮਹਾਰਾਜ ਸਿੰਧੀ ਸੰਗਤ ਨੂੰ ਨਾਲ ਲੈ ਕੇ ਥੱਲੇ ਦਰਬਾਰ

ਸਾਹਿਬ ਵਿੱਚ ਗਏ, ਉਥੇ ਨਾਮ ਦੀ ਅਭਿਲਾਖੀ ਸਿੰਧੀ ਲੜਕੀ ਗੀਟਾ ਨੂੰ ਨਾਮ ਦੀ ਦਾਤ ਬਖਸ਼ਿਸ਼ ਕੀਤੀ। ਇਸ ਪ੍ਰਕਾਰ ਇਹ ਸਿੰਧੀ ਲੜਕੀ ਨੂੰ ਆਪ ਦੀ ਸਭ ਤੋਂ ਪਹਿਲੀ ਸ਼ਿਸ਼ ਹੋਣ ਦਾ ਮਾਣ ਪ੍ਰਾਪਤ ਹੋਇਆ। ਉੱਧਰ ਵਿਰੱਕਤ ਮਹਾਰਾਜ ਜੀ ਨੇ ਚਰਨਾਂ ਵਿੱਚ ਬੈਠੇ ਸਿੰਧੀ ਪ੍ਰੇਮੀ ਹੀਰਾ-ਨੰਦ ਨੂੰ ਪੁੱਛਿਆ, ਤੂੰ ਕਿਸ ਤੋਂ ਨਾਮ ਲਿਆ ਹੈ? ਹੀਰਾ ਨੰਦ ਨੇ ਅਰਜ਼ ਕੀਤੀ, ਮਹਾਰਾਜ ਮੈਂ ਅਜੇ ਤੱਕ ਨਾਮ ਨਹੀਂ ਲਿਆ। ਹਜ਼ੂਰ ਬੋਲੇ, ਕਹਿ ਸਤਿਨਾਮ ਵਾਹਿਗੁਰੂ! ਸਤਿਨਾਮ ਵਾਹਿਗੁਰੂ ਆਦਿ ਪੰਜ ਵਾਰ ਕਹਾਇਆ, ਫਿਰ ਹੁਕਮ ਕੀਤਾ, ਤੂੰ ਸਾਡਾ ਪਹਿਲਾ ਅਤੇ ਆਖਰੀ ਸਿੰਧੀ ਸ਼ਿਸ਼ ਹੈਂ। ਹੀਰਾ ਨੰਦ ਨੇ ਅਸਚਰਜ ਹੋ ਕੇ ਅਰਜ਼ ਕੀਤੀ, ਮਹਾਰਾਜ! ਆਪ ਤਾਂ ਘਟ-ਘਟ ਕੇ ਅੰਤਰ ਕੀ ਜਾਨਤ ਹੋਂ, ਕਿਉਂਕਿ ਮੇਰਾ ਇਹ ਦ੍ਰਿੜ ਸੰਕਲਪ ਸੀ ਕਿ ਮੈਂ ਨਾਮ ਉਸ ਤੋਂ ਲਵਾਂਗਾ ਜੋ ਮੈਨੂੰ ਆਪ ਬੁਲਾ ਕੇ ਬਖਸ਼ਿਸ ਕਰੇ। ਆਪ ਨੇ ਮੇਰੇ ਦਿਲ ਦੀ ਜਾਣਕੇ ਦਰਗਾਹ ਦਾ ਟਿਕਟ ਬਖਸ਼ ਦਿੱਤਾ।

ਇਸ ਪ੍ਰਕਾਰ ਮਹੰਤ ਮਹਾਰਾਜ ਜੀ ਨੇ ਨਾਮ ਦੀ ਦਾਤ ਬਖਸ਼ਣ ਦੇ ਤਾਂ ਹਜ਼ੂਰ ਦਾ ਹੁਕਮ ਮੰਨ ਕੇ ਅੱਜ ਤੋਂ ਵਰਤਾਰੇ ਸ਼ੁਰੂ ਕਰ ਦਿੱਤੇ, ਲੇਕਿਨ ਸੰਗਤਾਂ ਅਰਜ਼ ਕਰ ਰਹੀਆਂ ਹਨ, ਆਪੋ ਆਪਣੇ ਇਲਾਕਿਆਂ ਵਿੱਚ ਲੈ ਕੇ ਜਾਣ ਲਈ, ਉਹ ਅਜੇ ਪ੍ਰਵਾਨ ਨਹੀਂ ਕਰ ਰਹੇ। ਇਨ੍ਹਾਂ ਦਿਨਾਂ ਵਿੱਚ ਵਿਰੱਕਤ ਮਹਾਰਾਜ ਜੀ ਕਨਖਲ ਤੋਂ ਰਿਸ਼ੀਕੇਸ਼ ਆ ਗਏ। ਇੱਕ ਦਿਨ ਆਪਣੇ ਰਿਹਾਇਸ਼ੀ ਚੁਬਾਰੇ ਦੇ ਬਾਹਰ ਛੱਤ ਤੇ ਆਪਣੀ ਮੌਜ ਵਿੱਚ ਲੇਟੇ ਹੋਏ ਹਨ, ਚਰਨਾਂ ਵਿੱਚ ਇੱਕ ਸੇਵਕ ਡਾ: ਹਰਬੰਸ ਲਾਲ ਬਾਵਾ ਵੀ ਬੈਠੇ ਹਨ। ਇਤਨੇ ਨੂੰ ਮਹੰਤ ਮਹਾਰਾਜ ਜੀ ਆ ਗਏ, ਹਜ਼ੂਰ ਦੇ ਚਰਨਾਂ ਵਿੱਚ ਨਮਸ਼ਕਾਰ ਕਰਕੇ ਸੀਸ ਵਾਲੇ ਪਾਸੇ ਖਲੋ ਕੇ ਪੱਖਾ ਝੱਲਣ ਲੱਗ ਗਏ, ਇਤਨੇ ਨੂੰ ਇੱਕ ਮਾਈ ਆ ਗਈ। ਉਹ ਮਾਈ ਵਿਰੱਕਤ ਮਹਾਰਾਜ ਜੀਆਂ ਦੇ ਚਰਨਾਂ ਵਿੱਚ ਨਮਸ਼ਕਾਰ ਕਰਨ ਲੱਗੀ, ਹਜ਼ੂਰ ਬੋਲੇ, ਮਾਈ ਇੱਧਰ ਮਹੰਤਾਂ ਦੇ ਚਰਨਾਂ ਵਿੱਚ ਨਮਸ਼ਕਾਰ ਕਰ! ਮਾਈ ਮਹੰਤਾਂ ਵੱਲ ਆਈ, ਲੇਕਿਨ ਮਹੰਤ ਜੀ ਨੇ ਦੂਰੋਂ ਹੀ ਆਖ ਦਿੱਤਾ, ਮਾਈ! ਮਹਾਰਾਜ ਜੀ ਸਾਖਸ਼ਾਤ ਪ੍ਰੇਮਸ਼ਰ ਹਨ ਇਨ੍ਹਾਂ ਦੇ ਚਰਨਾਂ ਵਿੱਚ ਹਰ ਪ੍ਰਕਾਰ ਦੇ ਪਦਾਰਥਾਂ ਦੇ ਖਜਾਨੇ ਮੌਜੂਦ ਹਨ, ਇਸ ਲਈ ਉਧਰ ਹੀ ਨਮਸ਼ਕਾਰ ਕਰੋ! ਮਾਈ ਵਿਚਾਰੀ ਵਿਰੱਕਤ ਮਹਾਰਾਜ ਜੀਆਂ ਦੇ ਪਵਿੱਤਰ ਚਰਨਾਂ ਵੱਲ ਗਈ, ਅਰਜ਼ ਕਰ ਰਹੀ ਹੈ ਮਹਾਰਾਜ ਅਸ਼ੀਰਵਾਦ ਦਿਉ। ਹਜ਼ੂਰ ਥੋੜ੍ਹੇ ਕੜਕ ਕੇ ਬੋਲੇ, ਮਾਈ ਤੈਨੂੰ ਇਕ ਵਾਰ ਕਿਹਾ, ਦੋ ਵਾਰ ਕਿਹਾ, ਅਸੀਂ ਅਸ਼ੀਰਵਾਦ ਦੇਣ ਵਾਲਾ ਬਣਾ ਦਿੱਤਾ ਹੈ, ਜੋ ਸਾਡੇ ਕੋਲ ਸੀ ਸਭ ਇਹਦੀ ਝੋਲੀ ਵਿੱਚ ਪਾ ਦਿੱਤਾ ਹੈ, ਹੁਣ ਜੋ ਲੈਣਾ ਹੈ ਇਨ੍ਹਾਂ ਤੋਂ ਮੰਗੋ! ਮਾਈ ਦੋਨੋਂ ਪਿਉ ਪੁੱਤਰ ਮਹਾਪੁਰਖਾਂ ਨੂੰ ਨਮਸ਼ਕਾਰ ਕਰਕੇ ਵਾਪਸ ਮੁੜ ਗਈ। ਹੁਣ ਹਜ਼ੂਰ ਨੇ ਮਹੰਤ ਜੀ ਨੂੰ ਹੁਕਮ ਕੀਤਾ, ਕਿ ਤੁਸੀਂ ਬੰਬਈ ਜਾਣਾ ਹੈ ਮੋਹਣੀ ਨਾਲ, ਉਥੇ ਜਾ ਕੇ ਕਥਾ ਵੀ ਕਰਨੀ ਹੈ। ਮਹੰਤ ਜੀ ਮਹਾਰਾਜ ਨੇ ਦੋਨੋਂ ਹੱਥ ਜੋੜ ਕੇ ਅਰਜ਼ ਕੀਤੀ, ਮਹਾਰਾਜ! ਮੇਰਾ ਮਨ ਆਪ ਦੇ ਚਰਨਾਂ ਤੋਂ ਬਾਹਰ ਜਾਣ ਨੂੰ ਨਹੀਂ ਕਰਦਾ, ਇਸ ਲਈ ਆਪ ਕ੍ਰਿਪਾ ਕਰੋ ਮੈਨੂੰ ਆਪ ਦੇ ਚਰਨਾਂ ਤੋਂ ਦੂਰ ਨਾ ਭੇਜੋ! ਹਜ਼ੂਰ ਬੋਲੇ, ਭਾਈ ਐਹ ਕਿੰਨੇ ਗਰੀਬ ਸਵੇਰੇ-ਸਵੇਰੇ ਚਾਹ ਨਾਸ਼ਤਾ ਕਰਦੇ ਹਨ ਇਨ੍ਹਾਂ ਦਾ ਕੰਮ ਕਿਵੇਂ ਚੱਲੂ! ਇਸ ਲਈ ਮੋਹਣੀ ਅਤੇ ਹੋਰ ਸੰਗਤ ਦੇ ਨਾਲ ਬੰਬਈ ਜ਼ਰੂਰ ਜਾਣਾ ਹੈ। ਮਹੰਤ ਜੀ ਨੇ ਅਰਜ਼ ਕੀਤੀ, ਮਹਾਰਾਜ! ਆਪ ਨੇ ਹੁਕਮ ਕੀਤਾ ਹੈ ਕਥਾ ਕਰਨ ਵਾਸਤੇ, ਲੇਕਿਨ ਮੈਂ ਤਾਂ ਸਟੇਜ ਤੇ ਅੱਜ ਤੱਕ ਇੱਕ ਸ਼ਬਦ ਵੀ ਨਹੀਂ ਬੋਲਿਆ, ਕਥਾ ਕਿਵੇਂ ਕਰੂੰ? ਹਜ਼ੂਰ ਬੋਲੇ, ਗੁਰੂ ਨਾਨਕ ਤੇਰੇ ਤੇ ਮਿਹਰ ਕਰਨਗੇ, ਇਹ ਕਾਰਜ ਤੇਰੇ ਤੋਂ ਉਨ੍ਹਾਂ ਨੇ ਕਰਵਾਉਣਾ ਹੈ ਜੀਵਾਂ ਦੇ ਭਲੇ ਲਈ! ਹਜ਼ੂਰ ਨੇ ਮੋਹਣੀ ਮਨਸੁਖਾਨੀ ਨੂੰ ਬੁਲਾ ਕੇ ਕਿਹਾ, ਮਹੰਤਾਂ ਨੂੰ ਨਾਲ ਲੈ ਕੇ ਜਾਣਾ ਹੈ ਬੰਬਈ, ਉਥੇ ਇਨ੍ਹਾਂ ਨੂੰ ਸਾਰੀ ਸੰਗਤ ਮਿਲਾਉਣੀ ਹੈ ਅਤੇ ਇਨ੍ਹਾਂ ਤੋਂ ਉਥੇ ਕਥਾ ਵੀ ਕਰਵਾਉਣੀ ਹੈ।

ਅਪ੍ਰੈਲ, ਮਈ 1983 ਦੇ ਦਿਨ ਚੱਲ ਰਹੇ ਹਨ, ਇਨ੍ਹਾਂ ਦਿਨਾਂ ਵਿੱਚ ਹੀ ਹਜ਼ੂਰ ਨੇ ਸੰਤ ਜੋਧ ਸਿੰਘ ਜੀ ਅਤੇ ਸੰਤ ਗੁਰਿੰਦਰ ਸਿੰਘ ਜੀ (ਛੋਟੂ) ਨੂੰ ਸਨਿਆਸ ਦੇ ਕੇ ਮਹੰਤ ਜੀ ਦੀ ਸਹਾਇਤਾ ਲਈ ਰਿਸ਼ੀਕੇਸ਼ ਭੇਜ ਦਿੱਤਾ। ਆਸ਼ਰਮ ਦੇ ਸਾਰੇ ਕਾਰਜ ਠੀਕ ਕਰਕੇ, ਮਹੰਤ ਮਹਾਰਾਜ ਜੀਆਂ ਨੂੰ ਹਰ ਪ੍ਰਕਾਰ ਨਾਲ ਭਰਪੂਰ ਯਾਨੀ ਡਿੱਠ-ਅਨਡਿੱਠ ਖਜ਼ਾਨਿਆਂ ਦੇ ਮਾਲਕ ਬਣਾ ਕੇ, ਬਲਕਿ ਖਜ਼ਾਨਿਆਂ ਵਿੱਚੋਂ ਲੋੜਵੰਦਾਂ ਨੂੰ ਹਰ ਪ੍ਰਕਾਰ ਦੇ ਪਦਾਰਥਾਂ ਦੇ ਖੁੱਲੇ ਭੰਡਾਰੇ ਵਰਤਾਉਣ ਦਾ ਇਲਾਹੀ ਹੁਕਮ ਕਰਕੇ, ਨਾਲ ਸਹਾਇਤਾ ਲਈ ਦੋ ਪ੍ਰੇਮੀਆਂ ਦੀ ਡਿਉਟੀ ਲਗਾ ਕੇ ਆਖਰ ਗੁਰਾਇਆਂ ਜਾ ਪ੍ਰਾਣਾਂ ਦੀ ਪੂੰਜੀ ਤਿਆਗ ਦਿੱਤੀ, ਜਿਸ ਦਾ ਜ਼ਿਕਰ ਵਿਸਥਾਰ ਪੂਰਵਕ ਪਿੱਛੇ ਆ ਚੁੱਕਿਆ ਹੈ।

# ਸੰਤ ਜੋਧ ਸਿੰਘ ਜੀ

ਆਪ ਦਾ ਜਨਮ 14 ਅਗਸਤ 1948 ਈ: ਨੂੰ ਭਗਵਾਨ ਕ੍ਰਿਸ਼ਨ ਜੀ ਦੇ ਪਵਿੱਤਰ ਜਨਮ ਦਿਹਾੜੇ ਤੇ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਸੀਹਾਂ ਦੌਦ ਵਿੱਚ ਸ੍. ਲਛਮਣ ਸਿੰਘ ਜੀ ਦੇ ਘਰ ਮਾਤਾ ਗਿਆਨ ਕੌਰ ਦੀ ਪਵਿੱਤਰ ਕੁੱਖ ਤੋਂ ਬੁੱਧਵਾਰ ਵਾਲੇ ਦਿਨ ਹੋਇਆ। ਆਪ ਸੰਸਾਰਕ ਰਿਸ਼ਤੇ ਵਜੋਂ, ਵਿਰੱਕਤ ਸ਼੍ਰੋਮਣੀ ਸੰਤ ਮਹਾਰਾਜ ਨਿੱਕਾ ਸਿੰਘ ਜੀ ਦੇ ਭਤੀਜੇ ਲੱਗਦੇ ਹਨ। ਭਾਵੇਂ ਪ੍ਰਮਾਰਥ ਲਗਨ ਦੇ ਸੰਸਕਾਰ ਜ਼ਿਆਦਾ ਪੂਰਬਲੇ ਕਰਮਾਂ ਦੇ ਹੀ ਹੋਇਆ ਕਰਦੇ ਹਨ, ਲੇਕਿਨ ਆਪ ਨੂੰ ਵਿਰੱਕਤ ਮਹਾਰਾਜ ਜੀਆਂ ਦੀ ਪਵਿੱਤਰ ਕੁਲ ਵਿੱਚ ਪੈਦਾ ਹੋਣ ਕਰਕੇ ਵਿਰਾਸਤ ਵਿੱਚ ਅਤੇ ਮਾਤਾ ਜੀ ਦਾ ਜੀਵਨ ਧਾਰਮਿਕ ਸੰਸਕਾਰੀ ਹੋਣ ਕਰਕੇ ਬਚਪਨ ਵਿੱਚ ਹੀ ਪ੍ਰਮਾਰਥਕ ਬੀਜ ਪੁੰਗਰਨੇ ਸ਼ੁਰੂ ਹੋ ਗਏ। 1952 ਦੇ ਨੇੜੇ ਦਾ ਜ਼ਿਕਰ ਹੈ ਜਦੋਂ ਆਪ ਚਾਰ ਕੁ ਸਾਲ ਦੀ ਉਮਰ ਦੇ ਹੀ ਸਨ ਉਸ ਸਮੇਂ ਵਿਰੱਕਤ ਮਹਾਰਾਜ ਆਪਣੀ ਮੌਜ ਵਿੱਚ ਵਿਚਰਦੇ ਬਾਲੇਵਾਲ ਪਿੰਡ ਵਿੱਚ ਰਾਤ ਰੁੱਕੇ। ਪਤਾ ਲੱਗਣ ਤੇ ਪਿਤਾ ਲਛਮਣ ਸਿੰਘ ਜੀ ਸਵੇਰੇ ਸੁਵਖਤੇ ਹੀ ਦਰਸ਼ਨ ਕਰਨ ਗਏ ਅਤੇ ਜੋਧ ਸਿੰਘ ਜੀ ਨੂੰ ਵੀ ਮੋਢੇ ਤੇ ਬਿਠਾ ਕੇ ਨਾਲ ਲੈ ਗਏ। ਅੱਗੇ ਜਾ ਕੇ ਦੇਖਿਆ ਵਿਰੱਕਤ ਮਹਾਰਾਜ ਜੀ ਇੱਕ ਟਿੱਬੇ ਤੇ ਠਹਿਰੇ ਹੋਏ ਹਨ, ਪੈਰਾਂ ਵਿੱਚ ਜੁੱਤਾ ਨਹੀਂ, ਕੋਲ ਇੱਕ ਚਾਦਰ ਤੋਂ ਬਿਨਾਂ ਕੱਪੜੇ ਵੀ ਨਹੀਂ, ਦੇਖ ਕੇ ਹੈਰਾਨ ਹੋਏ ਕਿ ਇਤਨੀ ਸਰਦੀ ਵਿੱਚ ਰਾਤ ਕਿਵੇਂ ਗੁਜ਼ਾਰੀ। ਖੈਰ, ਹੁਣ ਦਿਨ ਚੜ੍ਹ ਆਇਆ, ਵਿਰੱਕਤ ਮਹਾਰਾਜ ਜੀ ਨੇ ਵੀ ਮਲੌਦ ਵੱਲ ਚਾਲੇ ਪਾ ਦਿੱਤੇ, ਲਛਮਣ ਸਿੰਘ ਜੀ ਵੀ ਜੋਧ ਸਿੰਘ ਨੂੰ ਕੰਧੇ ਤੇ ਬਿਠਾ ਕੇ ਨਾਲ-ਨਾਲ ਚੱਲ ਪਏ। ਉੱਚੀ ਦੌਦ ਦੇ ਖੇਤਾਂ ਵਿੱਚ ਮਹਾਰਾਜ ਨੇ ਇੱਕ ਖੂਹ ਤੇ ਇਸ਼ਨਾਨ ਕੀਤਾ, ਫਿਰ ਲਛਮਣ ਸਿੰਘ ਨੂੰ ਹੁਕਮ ਕੀਤਾ, ਕਿ ਤੁਸੀਂ ਵਾਪਸ ਜਾਉ, ਅਸੀਂ ਤਾਂ ਹੁਣ ਅੱਗੇ ਨੂੰ ਜਾਵਾਂਗੇ। ਲਛਮਣ ਸਿੰਘ ਨੇ ਬਹੁਤ ਬੇਨਤੀ ਕੀਤੀ, ਮਹਾਰਾਜ ਕ੍ਰਿਪਾ ਕਰੋ, ਦੌਦ ਚੱਲੋ! ਲੇਕਿਨ ਹਜ਼ੂਰ ਆਪਣੀ ਮੌਜ ਵਿੱਚ ਅਗੇ ਨੂੰ ਚਲੇ ਗਏ। ਪੋਹ, ਮਾਘ ਦੀ ਜ਼ੋਰਦਾਰ ਸਰਦੀ, ਕੱਪੜਾ ਕੋਲ ਇੱਕ ਵੀ ਨਹੀਂ, ਪੈਰਾਂ ਵਿੱਚ ਜੁੱਤੀ ਨਹੀਂ, ਇਸ ਗੱਲ ਨੇ ਬਾਲਕ ਜੋਧ ਸਿੰਘ ਦੇ ਮਨ ਤੇ ਗਹਿਰਾ ਅਸਰ ਕੀ ਪਾਇਆ? ਮਾਨੋਂ ਹਿਰਦੇ ਵਿੱਚ ਪਏ ਪਰਮਾਰਥ ਦੇ ਬੀਜ ਨੂੰ ਕੁਝ ਹਿਲਾ ਦਿੱਤਾ। ਹੁਣ ਘਰ ਵਾਲਿਆਂ ਨੇ ਜੋਧ ਸਿੰਘ ਨੂੰ ਪਿੰਡ ਦੇ ਹੀ ਪ੍ਰਾਇਮਰੀ ਸਕੂਲ ਵਿੱਚ ਪੜ੍ਹਨ ਲਾ ਦਿੱਤਾ। ਚਾਰ ਜਮਾਤਾਂ ਆਪ ਨੇ ਇਥੇ ਹੀ ਕੀਤੀਆਂ।

ਲਛਮਣ ਸਿੰਘ ਦਾ ਖੇਤ ਉੱਚੀ ਦੌਦ ਹਜ਼ੂਰ ਦੀ ਕੁਟੀਆ ਦੇ ਨੇੜੇ ਹੀ ਪੈਂਦਾ ਸੀ। ਉਨ੍ਹਾਂ ਦਿਨਾਂ ਵਿੱਚ ਸੰਤ ਗੋਪਾਲ ਸਿੰਘ ਜੀ ਇਸ ਟਿੱਬੇ ਤੇ ਛਪਰੀ ਬਣਾ ਕੇ ਰਹਿੰਦੇ ਸਨ, ਲੇਕਿਨ ਵਿਰੱਕਤ ਮਹਾਰਾਜ ਅਜੇ ਨਹੀਂ ਸਨ ਆਉਣ ਲੱਗੇ। ਇਸ ਲਈ ਇਹ ਹੋਣਹਾਰ ਬਾਲਕ, ਜਦੋਂ ਮਾਤਾ ਜਾਂ ਘਰ ਦੇ ਕਿਸੇ ਹੋਰ ਮੈਂਬਰ ਨਾਲ ਖੇਤ ਜਾਂਦਾ, ਤਾਂ ਦੌੜ ਕੇ ਸੰਤ ਗੋਪਾਲ ਸਿੰਘ ਜੀ ਦੇ ਕੋਲ ਚਲਾ ਜਾਂਦਾ। ਅਜੇ ਪ੍ਰਾਇਮਰੀ ਵਿੱਚ ਹੀ ਪੜ੍ਹਦੇ ਸਨ, ਜਦੋਂ ਸੰਤ ਗੋਪਾਲ ਸਿੰਘ ਜੀ ਨੇ ਨਾਮ ਦੀ ਦਾਤ ਵੀ ਬਖਸ਼ ਦਿੱਤੀ। ਫਿਰ ਪੰਜਵੀਂ ਕਲਾਸ ਸਰੌਦ ਪਿੰਡ ਕੀਤੀ, ਕਿਉਂਕਿ ਦੌਦ ਪਿੰਡ ਸਕੂਲ ਚੌਥੀ ਤੱਕ ਹੀ ਸੀ। ਸਰੌਦ ਪਿੰਡ ਵੀ ਸਕੂਲ ਪੰਜਵੀਂ ਜਮਾਤ ਤੱਕ ਹੀ ਸੀ ਇਸ ਲਈ ਛੇਵੀਂ ਕਲਾਸ ਵਿੱਚ ਉਕਸ਼ੀ ਪਿੰਡ ਜਾ ਦਾਖਲ ਹੋਏ। ਇਹ ਸਕੂਲ ਵੀ ਨਵਾਂ ਹੀ ਮਿਡਲ ਅਪਗ੍ਰੇਡ ਹੋਇਆ ਸੀ, ਇਸ ਲਈ ਅੱਠਵੀਂ ਤੱਕ ਤਿੰਨ ਕਲਾਸਾਂ ਇਥੇ ਕੀਤੀਆਂ। ਫਿਰ ਮੈਟ੍ਰਿਕ, ਗੌਰਮਿੰਟ ਹਾਈ ਸਕੂਲ ਮਲੇਰਕੋਟਲਾ ਵਿਖੇ ਕੀਤੀ। ਉਸ ਤੋਂ ਬਾਅਦ ਗੌਰਮਿੰਟ ਕਾਲਜ ਮਲੇਰਕੋਟਲਾ ਵਿੱਚ ਬੀ.ਏ. ਕੀਤੀ, ਫਿਰ ਦੋ ਸਾਲ ਹਾਇਰ ਡਿਪਲੋਮਾ ਇਨਕੁਆਪ੍ਰੇਸ਼ਨ ਪਟਿਆਲੇ ਕੀਤਾ। ਉਤਨਾਂ ਸਮਾਂ ਰਿਹਾਇਸ਼ ਵੀ ਪਟਿਆਲੇ ਹੀ ਰੱਖੀ। ਪਰਮਾਰਥਕ ਸ਼ੌਕ ਆਪ ਨੂੰ ਬਚਪਨ ਵਿੱਚ ਹੀ ਵੱਧਦਾ ਗਿਆ। ਜਦ ਆਪ ਸਕੂਲ ਵਿੱਚ ਹੀ ਪੜ੍ਹਦੇ ਸਨ ਤਾਂ ਵਿਰੱਕਤ ਮਹਾਰਾਜ ਉੱਚੀ ਦੌਦ ਟਿੱਬੇ ਤੇ ਆਏ ਹੋਏ ਸਨ, ਆਪ ਵੀ ਪਿਤਾ ਜੀ ਨਾਲ ਅਕਸਰ ਦਰਸ਼ਨਾਂ ਲਈ ਜਾਂਦੇ ਰਹਿੰਦੇ ਸਨ। ਅੱਜ ਹਜ਼ੂਰ ਕੋਲ ਦੋ ਚਾਰ ਬੰਦੇ ਹੋਰ ਵੀ ਬੈਠੇ ਸਨ, ਇਸ ਲਈ ਗੱਲਾਂ ਕੁੱਝ ਵਿਵਹਾਰਕ ਚੱਲ ਪਈਆਂ, ਲੇਕਿਨ ਬਾਲਕ ਜੋਧ ਸਿੰਘ ਪਰਮਾਰਥ ਦੇ ਕੁਝ ਬਚਨ ਸੁਨਣੇ ਚਾਹੁੰਦਾ ਸੀ, ਇਸ ਲਈ ਸੰਸਾਰਕ ਵਿਹਾਰਕ ਗੱਲਾਂ ਵਿੱਚ ਰੁੱਚੀ ਨਾ ਹੋਣ ਕਰਕੇ ਉਥੋਂ ਉਠ ਕੇ ਟਿੱਬੇ ਦੇ ਦੂਜੇ ਪਾਸੇ ਕਾਂਹੀ ਵਿੱਚ ਜਾ ਬੈਠਿਆ। ਕੁਝ ਸਮੇਂ ਬਾਅਦ ਦਿਨ ਦੇ ਛਿਪਾ ਤੇ ਲਛਮਣ ਸਿੰਘ ਜੀ ਜਦੋਂ ਘਰ ਜਾਣ ਲੱਗੇ, ਤਾਂ ਜੋਧ ਸਿੰਘ ਨਜ਼ਰ ਨਾ ਆਇਆ। ਇੱਧਰ ਉਧਰ ਭਾਲ ਕਰਨ ਤੇ ਦਲੀਪ ਸਿੰਘ ਨੂੰ ਟਿੱਬੇ ਦੇ ਦੂਜੇ ਪਾਸੇ ਕਾਂਹੀ ਵਿੱਚ ਨੇਤਰ ਬੰਦ ਕਰੀਂ ਬੈਠਾ ਮਿਲਿਆ। ਦਲੀਪ ਸਿੰਘ ਨੇ ਪੁੱਛਿਆ, ਕੀ ਕਰਦਾ ਸੀ? ਜੋਧ ਸਿੰਘ ਨੇ ਦਸਿਆ ਨਾਮ ਜਪਦਾ ਸੀ। ਦਲੀਪ ਸਿੰਘ ਨੇ ਆ ਕੇ ਮਹਾਰਾਜ ਜੀ ਦੱਸਿਆ, ਹਜ਼ੂਰ ਬੋਲੇ, ਗੋਪਾਲ ਸਿੰਘ ਨੇ ਲਾਇਆ ਹੈ ਇਸ ਨੂੰ ਏਸ ਪਾਸੇ।



ਸ੍ਰੀਮਾਨ ਸੰਤ ਜੋਧ ਸਿੰਘ ਜੀ ਮਹਾਰਾਜ (ਸੱਜੇ ਪਾਸੇ) ਅਤੇ ਸ੍ਰੀਮਾਨ ਸੰਤ ਗੁਰਿੰਦਰ ਸਿੰਘ (ਛੋਟੂ ਬਾਬਾ) ਜੀਆਂ ਦੇ ਸਨਿਆਸ ਧਾਰਣ ਕਰਨ ਸਮੇਂ ਦਾ ਦ੍ਰਿਸ਼।



ਸ੍ਰੀਮਾਨ ਸੰਤ ਜੋਧ ਸਿੰਘ ਜੀ ਮਹਾਰਾਜ



ਸ੍ਰੀਮਾਨ ਸੰਤ ਗੁਰਿੰਦਰ ਸਿੰਘ (ਛੋਟੂ ਬਾਬਾ) ਜੀ ਮਹਾਰਾਜ

ਕਿਸੇ ਸਮੇਂ ਮਾਤਾ ਨਾਲ ਆਪ ਟਿੱਬੇ ਤੇ ਹਜ਼ੂਰ ਦੇ ਦਰਸ਼ਨ ਕਰਨ ਗਏ, ਤਾਂ ਨਮਸ਼ਕਾਰ ਕਰਕੇ ਚਰਨਾਂ ਵਿੱਚ ਬੈਠ ਗਏ, ਹਜ਼ੂਰ ਬੋਲੇ, ਨਿੱਕਿਆ ਉਥੋਂ ਗੁਟਕਾ ਚੁੱਕ ਕੇ ਲਿਆ। ਜੋਧ ਸਿੰਘ ਦੌੜ ਕੇ ਚੁੱਕਣ ਗਿਆ, ਤਾਂ ਪੈਰ ਅਟਕ ਕੇ ਡਿੱਗ ਪਿਆ, ਲੇਕਿਨ ਫਿਰ ਉਠਕੇ ਜਲਦੀ ਨਾਲ ਗੁਟਕਾ ਚੁੱਕ ਲਿਆਇਆ। ਹਜ਼ੂਰ ਨੇ ਡਿਗਦਾ ਅਤੇ ਉਠ ਕੇ ਭੱਜਦਾ ਦੇਖ ਲਿਆ, ਫਿਰ ਬੋਲੇ, ਚਲੇਗਾ ਤੇ ਸਈ ਪਰ ਅਟਕ ਕੇ। ਜਦੋਂ ਆਪ ਕਾਲਜ ਵਿੱਚ ਪੜ੍ਹਣ ਲੱਗੇ ਚਾਰ ਕੁ ਸਾਲ ਹਜ਼ੂਰ ਦੇ ਦਰਸ਼ਨਾਂ ਹਿੱਤ ਜਾਂਦੇ ਤਾਂ ਰਹੇ ਲੇਕਿਨ ਕੁਸੰਗ ਦੇ ਜ਼ੇਰੇ ਅਸਰ ਉਪਦੇਸ਼ ਵੱਲੋਂ ਕੁਝ ਬੇਧਿਆਨੀ ਹੋ ਗਈ। ਜਦੋਂ ਚਾਰ ਕੁ ਸਾਲਾਂ ਬਾਅਦ ਹਜ਼ੂਰ ਦੇ ਚਰਨਾਂ ਦੀ ਖਿੱਚ ਵਧੀ ਫਿਰ ਪਤਾ ਚੱਲਿਆ ਕਿ ਇਹ ਚਾਰ ਕੁ ਸਾਲ ਦਾ ਸਮਾਂ ਹਜ਼ੂਰ ਦੇ ਉਪਦੇਸ਼ ਤੋਂ ਦੂਰ ਰਹਿਣਾ, ਉਨ੍ਹਾਂ ਦਾ ਹੀ ਬਚਨ ਸੱਤ ਹੋਇਆ ਹੈ, ਕਿ ਚਲੱਗੇ ਤਾਂ ਸਈ ਲੇਕਿਨ ਅਟਕ ਕੇ।

ਹਜ਼ੂਰ ਵੀ ਬਾਕੀ ਪਰਿਵਾਰ ਨਾਲੋਂ ਆਪ ਨਾਲ ਜ਼ਿਆਦਾ ਪਿਆਰ ਕਰਦੇ ਸਨ। ਜਦੋਂ ਦਲੀਪ ਸਿੰਘ ਨੇ ਦਰਸ਼ਨਾਂ ਹਿੱਤ ਕਰਨਾਲ ਜਾਂ ਰਿਸ਼ੀਕੇਸ਼ ਜਾਣਾ, ਤਾਂ ਹਜ਼ੂਰ ਨੇ ਸੰਗਤ ਦੇ ਜਾਂ ਪਰਿਵਾਰ ਦੇ ਕਿਸੇ ਬੰਦੇ ਦੀ ਗੱਲ ਨਹੀਂ ਕਰਨੀ, ਲੇਕਿਨ ਜੋਧ ਸਿੰਘ ਦਾ ਹਾਲ ਜ਼ਰੂਰ ਪੁੱਛਣਾ। ਕਾਲਜ ਪੜ੍ਹਦੇ ਸਮੇਂ ਇਕ ਵਾਰੀ ਹਜ਼ੂਰ ਦੇ ਦਰਸ਼ਨਾਂ ਦੀ ਖਿੱਚ ਪਈ ਤਾਂ ਉਸ ਸਮੇਂ ਕਾਲਜ ਵਿੱਚੋਂ ਆਗਰਾ, ਫਤਹਿਪੁਰ ਸੀਕਰੀ ਆਦਿ ਥਾਵਾਂ ਲਈ ਟੂਰ ਗਰੁੱਪ ਜਾਣਾ ਸੀ, ਆਪ ਨੇ ਸੁਣਿਆ ਸੀ ਕਿ ਮਹਾਰਾਜ ਜੀ ਦੀ ਕਰਨਾਲ ਵਾਲੀ ਕੁਟੀਆ ਬਾਈਪਾਸ ਰੋਡ ਦੇ ਨੇੜੇ ਹੀ ਹੈ ਇਸ ਲਈ ਪਰਮੇਸ਼ਰ ਕਰੇ, ਕਿਸੇ ਤਰੀਕੇ ਦਰਸ਼ਨ ਹੋ ਜਾਣ। ਵਿਦਿਆਰਥੀਆਂ ਦੀ ਬੱਸ ਜਦ ਕਰਨਾਲ ਨੇੜੇ ਪਹੁੰਚੀ, ਤਾਂ ਆਮ ਵਿਦਿਆਰਥੀਆਂ ਦਾ ਧਿਆਨ ਤਾਂ ਸ਼ਹਿਰ ਦੇਖਣ ਵੱਲ ਸੀ ਲੇਕਿਨ ਆਪ ਦਾ ਧਿਆਨ ਇੱਕ ਟੱਕ ਹਜ਼ੂਰ ਦੇ ਦਰਸ਼ਨਾਂ ਵੱਲ ਸੀ। ਬੱਸ ਆਪਣੀ ਸਪੀਡ ਜਾ ਰਹੀ ਹੈ, ਵਿਦਿਆਰਥੀ ਬੱਸ ਵਿੱਚ ਬੈਠੇ ਕਰਨਪੁਰੀ ਦੇ ਦਰਸ਼ਨ ਕਰ ਰਹੇ ਹਨ, ਅਚਾਨਕ ਹਜ਼ੂਰ ਹੱਥ ਵਿੱਚ ਚਿੱਪੀ, ਖੂੰਡਾ ਫੜੀ ਬਾਈਪਾਸ ਤੇ ਸੈਰ ਨੂੰ ਜਾ ਰਹੇ ਹਨ ਤਾਂ ਜੋਧ ਸਿੰਘ ਜੀ ਦਾ ਮਨ ਦਰਸ਼ਨ ਕਰਕੇ ਗਦ-ਗਦ ਹੋ ਗਿਆ।

ਸੰਨ 1972-73 ਈ: ਵਿੱਚ ਆਪ ਨੇ ਕੁਆਪਰੇਟਿਵ ਮਹਿਕਮੇਂ ਵਿੱਚ ਨੌਕਰੀ ਕੀਤੀ। 1975 ਈ: ਦੇ ਸ਼ੁਰੂ ਵਿੱਚ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੇ ਉਚੀ ਦੌਦ ਗੁਰਦੁਆਰੇ ਸਾਹਿਬ ਅੰਮ੍ਰਿਤ ਸੰਚਾਰ ਕੀਤਾ, ਤਾਂ ਉਸ ਸਮੇਂ ਆਪ ਨੇ ਵੀ ਅੰਮ੍ਰਿਤ ਛਕ ਲਿਆ, ਬਸ ਉਸੀ ਸਮੇਂ ਹਜ਼ੂਰ ਦੇ ਚਰਨਾਂ ਨਾਲ ਵੀ ਪੂਰੀ ਤਰ੍ਹਾਂ ਕਮਰਕਸੇ ਕਰਕੇ ਲੱਗ ਗਏ। 1975 ਈ: ਦੇ ਮਈ ਮਹੀਨੇ ਦਰਸ਼ਨ ਲਾਲ ਚਾਵਲਾ ਦੀ ਫੈਕਟਰੀ ਦਿੱਲੀ ਵਿਖੇ ਕੰਮ ਕਰਨਾ ਸ਼ੁਰੂ ਕੀਤਾ, ਉਸ ਸਮੇਂ ਸੁਰਜੀਤ ਸਿੰਘ ਸੂਹੀ ਕਰਨਾਲ ਵਾਲੇ ਵੀ ਪਹਿਲਾਂ ਹੀ ਉਥੇ ਨੌਕਰੀ ਕਰਦੇ ਸਨ, ਦੋਨਾਂ ਨੇ ਇਕੱਠੀ ਰਿਹਾਇਸ਼ ਰੱਖ ਲਈ। ਫੈਕਟਰੀ ਟਾਈਮ ਤੋਂ ਬਾਅਦ ਦੋਨੋਂ ਗੁਰਬਾਣੀ ਦਾ ਪਾਠ ਯਾ ਕੋਈ ਪੋਥੀ ਦੀ ਵਿਚਾਰ ਕਰਦੇ ਰਹਿੰਦੇ, ਛੁੱਟੀ ਵਾਲੇ ਦਿਨ ਕਰਨਾਲ ਹਜ਼ੂਰ ਦੇ ਦਰਸ਼ਨ ਕਰਨ ਚਲੇ ਜਾਂਦੇ। ਇਸ ਪ੍ਰਕਾਰ ਕੋਈ ਡੇਢ ਕੁ ਸਾਲ ਦਾ ਸਮਾਂ ਇੱਥੇ ਕੰਮ ਕੀਤਾ, ਇਤਨੇ ਨੂੰ ਵਿਰੱਕਤ ਮਹਾਰਾਜ ਜੀਆਂ ਦੀ ਕ੍ਰਿਪਾ ਨਾਲ ਪੰਜਾਬ ਐਂਡ ਸਿੰਧ ਬੈਂਕ ਵਿੱਚ ਨੌਕਰੀ ਮਿਲ ਗਈ। ਕੋਈ ਡੇਢ ਕੁ ਮਹੀਨਾ ਗੰਗਾ ਨਗਰ ਰਹਿ ਕੇ ਗੁਜਰਾਂਵਾਲਾ ਟਾਊਨ ਬ੍ਰਾਂਚ ਦਿੱਲੀ ਦੀ ਬਦਲੀ ਹੋ ਗਈ। ਹਜ਼ੂਰ ਦੇ ਹੁਕਮ ਅਨੁਸਾਰ ਰਿਹਾਇਸ਼ ਅਮਰੀਕ ਚੰਦ ਚਾਵਲਾ ਦੀ ਫੈਕਟਰੀ ਰੱਖ ਲਈ, ਲੰਗਰ ਉਥੇ ਬਣਦਾ ਹੀ ਸੀ, ਉਸ ਵਿੱਚ ਛਕ ਲੈਂਦੇ, ਸ਼ਰਧਾ ਵਰਦਾ ਰਾਸ਼ਨ ਉਸ ਵਿੱਚ ਬਜ਼ਾਰੋਂ ਲਿਆ ਕੇ ਪਾ ਦਿੰਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫੈਕਟਰੀ ਦੇ ਇਕ ਕਮਰੇ ਵਿੱਚ ਪ੍ਰਕਾਸ਼ ਸੀ, ਸਵੇਰੇ ਪ੍ਰਕਾਸ਼ ਕਰਨ ਦੀ ਸੇਵਾ ਅਤੇ ਸ਼ਾਮ ਸੁਖਾਸਣ ਕਰਨ ਦੀ ਸੇਵਾ ਵੀ ਸੰਭਾਲ ਲਈ। ਹਰ ਮਹੀਨੇ ਆਪ ਇਕ ਸਹਜਿ ਪਾਠ ਕਰਕੇ ਸੰਗ੍ਰਾਂਦ ਨੂੰ ਭੋਗ ਪਾ ਦਿੰਦੇ, ਉਸੇ ਦਿਨ ਦੁਬਾਰਾ ਫਿਰ ਅਰੰਭ ਕਰ ਲੈਂਦੇ, ਜਦੋਂ ਸਮਾਂ ਮਿਲਦਾ ਹਜ਼ੂਰ ਦੇ ਦਰਸ਼ਨ ਕਰ ਆਉਂਦੇ। ਬਸ ਹੁਣ ਸੰਸਾਰਕ ਵਿਹਾਰ ਸਾਰੇ ਸੰਕੋਚੇ ਗਏ, ਕੇਵਲ ਤਿੰਨ ਕੰਮ ਰਹਿ ਗਏ। ਬੈਂਕ ਡਿਊਟੀ, ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਤੇ ਹਰ ਮਹੀਨੇ ਹੋਣ ਵਾਲਾ ਇਕ ਸਹਿਜ ਪਾਠ ਅਤੇ ਹਿਰਦੇ ਵਿੱਚ ਹਜ਼ੂਰ ਦੀ ਪਵਿੱਤਰ ਯਾਦ। ਇਸੇ ਸਮੇਂ ਦੌਰਾਨ ਹਜ਼ੂਰ ਦਿੱਲੀ ਇਸੇ ਫੈਕਟਰੀ ਤੇ ਰੁਕੇ ਹੋਏ ਸਨ, ਮੌਸਮ ਗਰਮੀ ਦਾ ਹੋਣ ਕਰਕੇ ਫੈਕਟਰੀ ਦੇ ਉਪਰ ਰਾਤ ਨੂੰ ਬਾਹਰ ਹੀ ਬਿਰਾਜੇ ਹੋਏ ਸਨ। ਚਰਨਾਂ ਵਿੱਚ ਜੋਧ ਸਿੰਘ ਜੀ ਪਏ ਸਨ, ਅਚਾਨਕ ਹਜ਼ੂਰ

ਰਾਤ ਨੂੰ ਉਠੇ ਤਾਂ ਜੋਧ ਸਿੰਘ ਜੀ ਨੇ ਜਲਦੀ ਨਾਲ ਲੱਕ ਨੂੰ ਪਰਨਾ ਲਪੇਟ ਕੇ ਨਮਸ਼ਕਾਰ ਕੀਤੀ, ਕਿਉਂਕਿ ਗਰਮੀ ਕਰਕੇ ਕਮੀਜ਼ ਉਤਾਰ ਕੇ ਸੁੱਤੇ ਸਨ। ਕਮੀਜ਼ ਤੋਂ ਬਗੈਰ ਲੱਕ ਨੂੰ ਪਰਨਾਂ ਬੰਨ੍ਹਿਆ ਦੇਖ ਕੇ ਹਜ਼ੂਰ ਬੋਲੇ! ਮਾਲਵੇ ਦੇ ਸੰਤ ਇਸੇ ਤਰ੍ਹਾਂ ਪਰਨਾ ਬੰਨ੍ਹਦੇ ਹਨ। ਜੋਧ ਸਿੰਘ ਜੀ, ਮਹਾਰਾਜ ਦੇ ਪਵਿੱਤਰ ਮੁੱਖ ਤੋਂ ਐਸਾ ਬਚਨ ਸੁਣਕੇ ਵਰਦਾਨ ਰੂਪ ਸਮਝਦੇ ਹੋਏ ਬਹੁਤ ਖੁਸ਼ ਹੋਏ। ਬਸ ਹੁਣ ਉਹ ਸਮਾਂ ਵੀ ਬੜੀ ਤੇਜ਼ੀ ਨਾਲ ਨੇੜੇ-ਨੇੜੇ ਆ ਰਿਹਾ ਸੀ, ਜਦੋਂ ਉਸ ਸਮੇਂ ਹੋ ਰਹੇ ਤਿੰਨ ਕੰਮਾਂ ਨੂੰ ਸੰਕੋਚ ਕੇ ਇੱਕ ਹੀ ਕੰਮ ਬਾਕੀ ਰਹਿ ਜਾਣਾ ਸੀ, ਕੇਵਲ ਸਾਂਈ ਦੀ ਨੌਕਰੀ! ਆਪ ਨੂੰ ਸਤ ਸਾਲ ਦੇ ਕਰੀਬ ਸਮਾਂ ਹੋ ਚੁੱਕਿਆ, ਇੱਥੇ ਆਇਆਂ ਨੂੰ। ਸਹਿਜ ਪਾਠ ਦਾ ਭੋਗ ਵੀ ਹਰ ਮਹੀਨੇ ਨਿਰੰਤਰ ਪੈ ਰਿਹਾ ਹੈ, ਅਤੇ ਹਜ਼ੂਰ ਦੇ ਚਰਨਾਂ ਦੀ ਖਿੱਚ ਵੀ ਰੋਜ਼ ਵਧ ਰਹੀ ਹੈ। ਆਖਰ ਉਹ ਸਮਾਂ ਆ ਗਿਆ, ਜਦੋਂ ਸੱਤਾਂ ਸਾਲਾਂ ਦੇ ਹਰ ਮਹੀਨੇ ਪੈਣ ਵਾਲੇ ਭੋਗਾਂ ਦੀ ਗਿਣਤੀ ਚੌਰਾਸੀ ਹੋ ਗਈ। ਸ਼ਾਇਦ ਇਥੋਂ ਦਾ ਕੋਰਸ ਵੀ ਇੰਨਾਂ ਹੀ ਸੀ, ਇਸ ਲਈ ਹਜ਼ੂਰ ਨੇ ਪੂਰਾ ਹੋ ਗਿਆ ਜਾਣਕੇ ਆਪਣੇ ਪਵਿੱਤਰ ਚਰਨਾਂ ਦੀ ਪੱਕੀ ਨੌਕਰੀ ਬਖਸ਼ ਦਿੱਤੀ। ਅੱਜ ਤਿੰਨ ਅਪ੍ਰੈਲ 1983 ਵਾਲੇ ਦਿਨ ਸੰਸਾਰ ਤੋਂ ਸੰਨਿਆਸ ਦੇ ਕੇ ਮਹੰਤ ਰਾਮ ਸਿੰਘ ਮਹਾਰਾਜ ਜੀ ਦੀ ਸਹਾਇਤਾ ਲਈ ਰਿਸ਼ੀਕੇਸ਼ ਦੇ ਆਰਡਰ ਕਰ ਦਿੱਤੇ। ਜਿਸ ਤਰੀਕੇ ਸੰਨਿਆਸ ਦਾ ਖੇਡ ਰਚਾਇਆ, ਉਹ ਸਾਰਾ ਵਿਰੱਕਤ ਮਹਾਰਾਜ ਜੀਆਂ ਦੇ ਜੀਵਨ ਚਰਿੱਤਰ ਵਿੱਚ ਵਿਸਥਾਰ ਪੂਰਵਕ ਪਿੱਛੇ ਆ ਚੁੱਕਿਆ ਹੈ।

## ਸੰਤ ਗੁਰਿੰਦਰ ਸਿੰਘ (ਛੋਟੂ ਬਾਬਾ) ਜੀ

ਸ੍ਰੀ ਗੁਰੂ ਅਮਰਦਾਸ ਜੀਆਂ ਵੱਲੋਂ ਗੁਰੂ ਨਾਨਕ ਦੇ ਘਰ ਦਾ ਪ੍ਰਚਾਰ ਕਰਨ ਲਈ ਬਾਈ ਮੰਜੀਆਂ ਸਥਾਪਤ ਕੀਤੀਆਂ ਗਈਆਂ ਸਨ, ਜਿੰਨਾਂ ਵਿੱਚੋਂ ਇੱਕ ਬਹੁਤ ਤੇਜ਼ ਪ੍ਰਤਾਪੀ ਅਸਥਾਨ ਸੀ, ਸਾਹ ਜੀਵਣਾ। ਇਸ ਪਵਿੱਤਰ ਅਸਥਾਨ ਤੇ ਸਮੇਂ-ਸਮੇਂ ਬਹੁਤ ਤੇਜ਼ ਪ੍ਰਤਾਪੀ ਮਹਾਂਪੁਰਸ਼ ਹੁੰਦੇ ਆਏ, ਜਿੰਨਾਂ ਵਿੱਚ ਇਕ ਸਮੇਂ ਬੜੇ ਤੇਜੱਸਵੀ ਮਹਾਂਪੁਰਸ਼ ਹੋਏ, ਸ੍ਰੀ ਕਰਮਚੰਦ ਜੀ। ਬੜੀ ਦੂਰ-ਦੂਰ ਤੱਕ ਉਨ੍ਹਾਂ ਮਹਾਂਪੁਰਸ਼ਾਂ ਦੇ ਹਜ਼ਾਰਾਂ ਸੇਵਕ ਸਨ। ਆਪ ਦਾ ਇੱਕ ਸੇਵਕ ਭਾਈ ਸ਼ਰਨ ਸਿੰਘ ਜੀ, ਮੀਆਂ ਚੰਨੂੰ ਮੰਡੀ (ਗੰਜੀ ਬਾਰ) ਤਹਿਸੀਲ ਖਾਨੇਵਾਲ, ਜ਼ਿਲ੍ਹਾ ਮੁਲਤਾਨ ਰਹਿੰਦਾ ਸੀ ਜੋ ਅੱਜ ਕੱਲ ਪਾਕਿਸਤਾਨ ਵਿੱਚ ਹੈ। ਇਹ ਭਾਈ ਸ਼ਰਨ ਸਿੰਘ ਸ਼ੁਭ ਗੁਣਾਂ ਦਾ ਧਾਰਨੀ, ਬੜੇ ਚੰਗੇ ਜੀਵਨ ਵਾਲਾ ਪ੍ਰੇਮੀ ਗੁਰਦੁਵਾਰੇ ਦੀ ਸੇਵਾ ਕਰਦਾ ਸੀ। ਇਸ ਦੇ ਚਾਰ ਪੁੱਤਰਾਂ ਵਿੱਚੋਂ ਇੱਕ ਭਾਈ ਸਤਨਾਮ ਸਿੰਘ ਜੀ ਦੇਸ਼ ਦੀ ਵੰਡ ਸਮੇਂ ਜਲੰਧਰ ਸ਼ਹਿਰ ਆ ਵਸਿਆ। ਭਾਈ ਸਤਨਾਮ ਸਿੰਘ ਬਹੁਤ ਨਿਮਰਤਾਵਾਨ, ਸੰਤ ਸੇਵੀ, ਨਰਮ ਤਬੀਅਤ ਵਾਲੇ ਨੇਕ ਇਨਸਾਨ ਹਨ। ਇੰਨ੍ਹਾਂ ਦੇ ਘਰੋਂ ਮਾਤਾ ਸ਼ਰਨਜੀਤ ਕੌਰ ਦੀ ਕੁੱਖ ਤੋਂ 6 ਮਈ, 1954 ਨੂੰ ਇਕ ਬਾਲਕ ਨੇ ਜਨਮ ਲਿਆ, ਜਿਸ ਦਾ ਨਾਮ ਗੁਰਿੰਦਰ ਸਿੰਘ ਰੱਖਿਆ ਗਿਆ। ਲੇਕਿਨ ਆਮ ਨਾਮ ਛੋਟੂ ਹੀ ਪ੍ਰਚਲਿਤ ਹੋ ਗਿਆ। ਛੋਟੂ ਜੀ ਅਜੇ ਤੀਜੀ ਕਲਾਸ ਵਿੱਚ ਹੀ ਪੜ੍ਹਦੇ ਸਨ, ਕਿ ਅੰਨਜਲ ਦੀ ਪ੍ਰੇਰਨਾ ਜਾਂ ਕਾਰੋਬਾਰ ਦੇ ਸਿਲਸਿਲੇ ਵਿੱਚ ਸਤਨਾਮ ਸਿੰਘ ਜੀ ਗੁਰਾਇਆ ਨਗਰ ਆ ਵਸੇ। ਸਤਨਾਮ ਸਿੰਘ ਜੀ ਨੂੰ ਸੰਤ ਸੇਵੀ ਸੰਸਕਾਰ ਤਾਂ ਪਿਤਾ ਜੀ ਵੱਲੋਂ ਵਿਰਾਸਤ ਵਿੱਚ ਹੀ ਮਿਲੇ ਸਨ, ਇਸ ਲਈ ਗੁਰਾਇਆ ਪਹੁੰਚਦਿਆਂ ਹੀ ਕਿਸੇ ਪੁਰਾਤਨ ਸੰਜੋਗ ਵਸ ਪਰਿਵਾਰ ਨੂੰ ਸੰਤ ਗੋਪਾਲ ਸਿੰਘ ਜੀ ਦਾ ਸੰਗ ਪ੍ਰਾਪਤ ਹੋ ਗਿਆ। ਛੋਟੂ ਜੀ ਸਕੂਲ ਵਿੱਚ ਤਾਂ ਪੜ੍ਹਦੇ ਹੀ ਸਨ, ਪਰੰਤੂ ਪੂਰਬਲੇ ਸੰਤ ਸੇਵਾ ਦੇ ਸੰਸਕਾਰ ਤਕੜੇ ਹੋਣ ਕਰਕੇ ਸੰਤ ਗੋਪਾਲ ਸਿੰਘ ਜੀ ਕੋਲ ਬਚਪਨ ਵਿੱਚ ਹੀ ਆਉਣਾ-ਜਾਣਾ ਵਧ ਗਿਆ, ਇਸ ਤਰੀਕੇ ਉਨ੍ਹਾਂ ਤੋਂ ਨਾਲ-ਨਾਲ ਗੁਰਬਾਣੀ ਦੀ ਸੰਥਯਾ ਵੀ ਸ਼ੁਰੂ ਕੀਤੀ। ਇੰਨ੍ਹਾਂ ਦਿਨਾਂ ਵਿੱਚ ਸੰਤ ਗੋਪਾਲ ਸਿੰਘ ਜੀ ਦੀ ਸੰਗਤ ਕਰਦਿਆਂ ਸੰਤ ਸੇਵਾ ਅਤੇ ਪ੍ਰਮਾਰਥ ਦੀ ਲਗਨ ਤੇਜ਼ ਹੁੰਦੀ ਗਈ। ਇਤਨੇ ਨੂੰ ਵਿਰੱਕਤ ਮਹਾਰਾਜ ਜੀਆਂ ਦੇ ਪਹਿਲੀ ਵਾਰ ਗੁਰਾਇਆ ਪਹੁੰਚਣ ਤੇ ਦਰਸ਼ਨ ਕਰਦਿਆਂ ਹੀ ਮਿਕਨਾਤੀਸੀ ਖਿੱਚ ਪਈ। ਇਤਨੇ ਨੂੰ ਆਪ ਦਸਵੀਂ ਜਮਾਤ ਪਾਸ ਕਰਕੇ ਘਰ ਵਾਲਿਆਂ ਨਾਲ ਦੁਕਾਨ ਦੇ ਕਿੱਤੇ ਵਿੱਚ ਲੱਗ ਗਏ। ਦੁਕਾਨ ਦਾ ਵਿਵਹਾਰ ਕਰਦੇ ਸਮੇਂ ਵਿਰੱਕਤ ਮਹਾਰਾਜ ਜੀਆਂ ਦੇ ਦਰਸ਼ਨ ਮਿਲਾਪ ਸਤਿਸੰਗ ਅਤੇ ਸੇਵਾ ਦੇ ਅਵਸਰ ਵੀ ਬਣਦੇ ਹੀ ਰਹਿੰਦੇ ਸਨ।

1976 ਵਿੱਚ ਕਿਸੇ ਵੇਲੇ ਦਾ ਜ਼ਿਕਰ ਹੈ, ਜਦੋਂ ਆਪ ਚੰਡੀਗੜ੍ਹ ਕਿਸੇ ਸ਼ਾਦੀ ਸਮਾਗਮ ਤੋਂ ਵਾਪਸ ਗੁਰਾਇਆ ਆ ਰਹੇ ਸਨ ਤਾਂ ਪਤਾ ਲੱਗਿਆ, ਕਿ ਵਿਰੱਕਤ ਮਹਾਰਾਜ ਜੀ ਲੁਧਿਆਣੇ ਰਾਲਸਨ ਵਾਲਿਆਂ ਦੀ ਕੋਠੀ ਰੁੱਕੇ ਹੋਏ

ਹਨ ਇਸ ਲਈ ਦਰਸ਼ਨਾਂ ਹਿਤ ਆਪ ਕੋਠੀ ਪਹੁੰਚ ਗਏ। ਅੱਗੇ ਪਰਿਵਾਰ ਵਾਲੇ ਮਾਤਾ ਪਿਤਾ ਵੀ ਹਜ਼ੂਰ ਦੇ ਦਰਸ਼ਨ ਕਰਨ ਲਈ ਗੁਰਾਇਆ ਤੋਂ ਪਹੁੰਚੇ ਹੋਏ ਸਨ। ਮਾਤਾ ਨੇ ਹਜ਼ੂਰ ਦੇ ਚਰਨਾਂ ਵਿੱਚ ਅਰਜ਼ ਕੀਤੀ, ਮਹਾਰਾਜ ਅਸ਼ੀਰਵਾਦ ਦਿਉ ਛੋਟੂ ਦੀ ਸ਼ਾਦੀ ਕਰ ਦੇਈਏ! ਹਜ਼ੂਰ ਆਪਣੀ ਮੌਜ ਵਿੱਚ ਸੁਭਾਵਕ ਹੀ ਬੋਲੇ, ਤੁਹਾਡੇ ਕੋਲ ਦੋ ਲੜਕੇ ਹੋਰ ਹਨ, ਉਨ੍ਹਾਂ ਦੀ ਕਰ ਲਉ। ਮਾਤਾ ਪਿਤਾ ਨੂੰ ਇਹ ਵਿਸ਼ਵਾਸ ਸੀ ਕਿ ਹਜ਼ੂਰ ਦਾ ਬਚਨ ਅੰਨਥਾ ਨਹੀਂ ਜਾਣਾ। ਲੇਕਿਨ ਸਮਾਂ ਸੰਜੋਗ ਦੀ ਅਜੇ ਵੀ ਉਡੀਕ ਵਿੱਚ ਰਹੇ ਕਿ ਕਦੋਂ ਛੋਟੂ ਦੀ ਸ਼ਾਦੀ ਕਰਕੇ ਆਪਣਾ ਫਰਜ਼ ਪੂਰਾ ਕਰ ਦੇਈਏ। ਇਸ ਪ੍ਰਕਾਰ ਸਮਾਂ ਗੁਜ਼ਰਦਾ ਗਿਆ।

1978 ਦੇ ਕਿਸੇ ਸਮੇਂ ਹਜ਼ੂਰ ਉੱਚੀ ਦੌਦ ਟਿੱਬੇ ਤੇ ਟਿਕੇ ਹੋਏ ਸਨ, ਛੋਟੂ ਜੀ, ਰਾਮ ਸਿੰਘ ਜੀ ਅਤੇ ਤ੍ਰਿਲੋਚਨ ਸਿੰਘ ਨਾਭਾ ਵੀ ਆਪ ਦੇ ਚਰਨਾਂ ਵਿੱਚ ਪਹੁੰਚੇ ਹੋਏ ਸਨ। ਰਾਤ ਨੂੰ ਲੰਗਰ ਪਾਣੀ ਛਕ ਕੇ ਹਜ਼ੂਰ ਕੁਟੀਆ ਵਿੱਚ ਬਿਰਾਜਮਾਨ ਹੋ ਗਏ, ਇਹ ਤਿੰਨੇ ਸੱਜਣ ਹਜ਼ੂਰ ਦੇ ਹੁਕਮ ਅਨੁਸਾਰ ਰਸੋਈ ਵਿੱਚ ਜਾ ਸੁੱਤੇ। ਹਜ਼ੂਰ ਨੇ ਰਾਤ ਨੂੰ ਉਠਕੇ ਅਵਾਜ਼ ਦਿੱਤੀ, ਛੋਟੂ! ਆਪ ਨੇ ਜਲਦੀ ਨਾਲ ਉਠ ਕੇ ਬਗੈਰ ਪੱਗ ਤੋਂ ਹੀ ਖੁੱਲ੍ਹੇ ਕੇਸਾਂ ਨਾਲ ਹਜ਼ੂਰ ਦੇ ਚਰਨਾਂ ਵਿੱਚ ਨਮਸ਼ਕਾਰ ਕੀਤੀ। ਮਹਾਰਾਜ ਖੁਸ਼ ਹੋ ਕੇ ਬੋਲੇ, ਵਾਹ-ਬਈ-ਵਾਹ! ਵਧੀਆ ਲੱਗਦਾ ਹੈ, ਜਟਾਂ ਵਾਲਾ ਸਾਧ। ਇਤਿਆਦਿ ਇਸ਼ਾਰੇ ਹਜ਼ੂਰ ਕਦੇ ਕਦਾਈ ਕਰ ਦਿੰਦੇ ਸਨ। ਛੋਟੀ ਜੀ ਵੀ ਹੁਣ ਕਾਰੋਬਾਰ ਵਿੱਚੋਂ ਸਮਾਂ ਕੱਢ ਕੇ ਅਕਸਰ ਸੇਵਾ ਵਿੱਚ ਜਾਂਦੇ ਰਹਿੰਦੇ ਸਨ। 1981 ਵਿੱਚ ਜਦੋਂ ਹਜ਼ੂਰ ਨੇ ਸਰੀਰਕ ਬੀਮਾਰੀ ਵਾਲਾ ਖੇਡ ਰਚਿਆ, ਤਾਂ ਛੋਟੂ ਜੀ ਵੀ ਮਹੰਤ ਜੀ ਨਾਲ ਸੇਵਾ ਵਿੱਚ ਦਿਨ ਰਾਤ ਰਹੇ, ਜਿਸਦਾ ਜ਼ਿਕਰ ਪਿੱਛੇ ਆ ਚੁੱਕਾ ਹੈ। ਹੋਲੀ ਫੈਮਲੀ ਹਸਪਤਾਲ ਤੋਂ ਬਾਅਦ, ਅਗਸਤ 1982 ਵਿੱਚ ਜਦੋਂ ਹਜ਼ੂਰ ਕਰਨਾਲ ਕੁਟੀਆ ਠਹਿਰੇ ਹੋਏ ਸਨ ਉਸ ਵਕਤ ਛੋਟੂ ਜੀ ਪੱਕੇ ਤੌਰ ਤੇ ਆਪ ਦੀ ਨਿੱਜੀ ਸੇਵਾ ਵਿੱਚ ਹਾਜ਼ਰ ਹੋ ਗਏ। ਇਕ ਦਿਨ ਹਜ਼ੂਰ ਨੇ ਭਗਤ ਲੱਭਾ ਰਾਮ ਨੂੰ ਬੁਲਾ ਕੇ ਛੋਟੂ ਜੀ ਵੱਲ ਇਸ਼ਾਰਾ ਕਰਦਿਆਂ ਕਿਹਾ, ਸੰਤ ਨੂੰ ਗੁਰਮੁਖਾਂ ਵਾਲੇ ਕਛਹਿਰੇ ਸਿਲਾ ਕੇ ਦੇਹ। ਕਿਉਂਕਿ ਛੋਟੂ ਜੀ ਪਹਿਲਾਂ ਛੋਟੇ ਕੱਛੇ ਪਹਿਨਦੇ ਸਨ। ਭਗਤ ਲੱਭਾ ਮੱਲ ਜੀ ਨੇ ਹੁਕਮ ਮੰਨਦਿਆਂ ਸਿਲਾ ਕੇ ਦੇ ਦਿੱਤੇ, ਤੇ ਛੋਟੂ ਜੀ ਨੇ ਇਲਾਹੀ ਹੁਕਮ ਮੰਨਕੇ ਪਹਿਨ ਲਏ। ਫਿਰ ਇਕ ਦਿਨ ਹਜ਼ੂਰ ਨੇ ਹੁਕਮ ਕੀਤਾ, ਸਾਧ ਨੂੰ ਆਪਣਾ ਬਿਸਤਰਾ ਸੰਸਾਰੀ ਲੋਕਾਂ ਨਾਲੋਂ ਅਲਗ ਰੱਖਣਾ ਚਾਹੀਦਾ ਹੈ, ਇਸ ਲਈ ਬਜਾਏ ਦੂਸਰਿਆਂ ਬਿਸਤਰਿਆਂ ਵਿੱਚ ਰੱਖਣ ਦੇ ਇਥੇ ਹੀ ਇਕ ਪਾਸੇ ਰੱਖ ਲਿਆ ਕਰ। ਮਹਾਰਾਜ ਜੀ ਨੇ ਹੇਠਾਂ ਵਿਛਾਉਣ ਵਾਲੀ ਇੱਕ ਚਾਦਰ ਵੀ ਆਪਣੇ ਕੋਲੋਂ ਬਖਸ਼ ਦਿੱਤੀ। ਕੁਝ ਦਿਨਾਂ ਬਾਅਦ ਮਹਾਰਾਜ ਰਿਸ਼ੀਕੇਸ਼ ਨੂੰ ਚੱਲੇ, ਤਾਂ ਛੋਟੂ ਜੀ ਨੂੰ ਹੁਕਮ ਕੀਤਾ, ਕਿ ਆਪਣਾ ਬਿਸਤਰਾ ਵੀ ਨਾਲ ਹੀ ਗੱਡੀ ਵਿੱਚ ਰੱਖ ਲੈ। ਰਿਸ਼ੀਕੇਸ਼ ਪਹੁੰਚ ਕੇ ਹਜ਼ੂਰ ਆਪਣੇ ਚੌਬਾਰੇ ਵਿੱਚ ਬਿਰਾਜਮਾਨ ਹੋ ਗਏ ਅਤੇ ਛੋਟੂ ਜੀ ਨੇ ਚੌਬਾਰੇ ਤੋਂ ਬਾਹਰ ਹੇਠਾਂ ਆਸਣ ਲਾ ਲਿਆ। ਹਜ਼ੂਰ ਦੇ ਦਰਸ਼ਨਾਂ ਲਈ ਆਮ ਸੰਗਤਾਂ ਆਉਂਦੀਆਂ ਰਹਿੰਦੀਆਂ ਸਨ। ਇਕ ਦਿਨ ਕੁਝ ਸੰਗਤ ਮਹਾਰਾਜ ਜੀ ਦੇ ਚਰਨਾਂ ਵਿੱਚ ਬੈਠੀ ਸੀ। ਇਤਨੇ ਨੂੰ ਕੁਝ ਮਾਈਆਂ ਵੀ ਦਰਸ਼ਨਾਂ ਲਈ ਆਈਆਂ ਉਹ ਵੀ ਨਮਸ਼ਕਾਰ ਕਰਕੇ ਚੌਬਾਰੇ ਤੋਂ ਬਾਹਰ ਛੋਟੂ ਜੀ ਦੀ ਵਿਛੀ ਹੋਈ ਚਾਦਰ ਤੇ ਬੈਠ ਗਈਆਂ। ਮਹਾਰਾਜ ਜੀ ਦੀ ਨਜ਼ਰ ਉਨ੍ਹਾਂ ਵੱਲ ਗਈ, ਤਾਂ ਬੋਲੇ, ਭਾਈ! ਸੰਤਾਂ ਦੇ ਕੱਪੜਿਆਂ ਤੇ ਨਹੀਂ ਬੈਠੀ ਦਾ। ਇਉਂ ਕਾਫੀ ਸਮੇਂ ਤੋਂ ਕੁਝ ਰਮਜਾਂ ਰਾਹੀਂ ਛੋਟੂ ਜੀ ਦੇ ਭਵਿੱਖ ਬਾਰੇ ਇਸ਼ਾਰੇ ਕਰਦੇ ਆ ਰਹੇ ਸਨ। ਲੇਕਿਨ ਇਨ੍ਹਾਂ ਇਸ਼ਾਰਿਆਂ ਨੂੰ ਸਮਝਣ ਲਈ ਬੁੱਧੀ ਸ਼ਾਇਦ ਅਜੇ ਸਮਰਥ ਨਹੀਂ ਸੀ। ਹਜ਼ੂਰ ਨੇ ਕੁਝ ਸਮਾਂ ਇਥੇ ਠਹਿਰ ਕੇ ਕਰਨਾਲ ਜਾਣ ਦਾ ਸੰਕਲਪ ਕੀਤਾ, ਤਾਂ ਛੋਟੂ ਜੀ ਨੂੰ ਹੁਕਮ ਕਰ ਦਿੱਤਾ, ਕਿ ਤੂੰ ਇਥੇ ਹੀ ਠਹਿਰ ਕੇ ਸੇਵਾ ਕਰਦਾ ਰਹਿ। ਆਪ ਕਰਨਾਲ ਪਹੁੰਚ ਕੇ ਸੰਗਤ ਨੂੰ ਸਤਿ ਉਪਦੇਸ਼ ਕਰਦੇ ਰਹੇ। ਇਤਨੇ ਨੂੰ ਛੋਟੂ ਜੀ ਦੇ ਵੀ ਕਿਸੇ ਪੁਰਾਤਨ ਬੀਜ ਦੇ ਪੁੰਗਰਨ ਦਾ ਸਮਾਂ ਨੇੜੇ ਆ ਗਿਆ। ਅੱਜ ਤਿੰਨ ਅਪ੍ਰੈਲ, 1983 ਵਾਲੇ ਸ਼ੁਭ ਦਿਨ ਤੇ ਹਜ਼ੂਰ ਨੇ ਆਪਣੇ ਪੁਰਾਤਨ ਕੀਤੇ ਇਸ਼ਾਰਿਆਂ ਨੂੰ ਸਾਖਸ਼ਾਤ ਕਰਦੇ ਹੋਏ, ਛੋਟੂ ਜੀ ਨੂੰ ਸੰਸਾਰ ਵੱਲੋਂ ਸੰਨਿਆਸ ਦੇ ਕੇ ਮਹੰਤ ਜੀ ਮਹਾਰਾਜ ਜੀ ਪੱਕੇ ਤੌਰ ਤੇ ਡਟ ਕੇ ਸਹਾਇਤਾ ਕਰਨ ਲਈ ਨਿਰਮਲ ਆਸ਼ਰਮ ਰਿਸ਼ੀਕੇਸ਼ ਦੇ ਆਰਡਰਾਂ ਦੇ ਹਸਤਾਖਰ ਕਰ ਦਿੱਤੇ। ਉਸ ਸਮੇਂ ਜੋ ਖੇਡ ਵਰਤਾਇਆ, ਉਹ ਸਾਰਾ ਵਿਰੱਕਤ ਜੀਆਂ ਦੇ ਜੀਵਨ ਚਰਿੱਤਰ ਵਿੱਚ ਵਿਸਥਾਰ ਪੂਰਵਕ ਪਿੱਛੇ ਆ ਚੁੱਕਿਆ ਹੈ।

## ਵਿਰੱਕਤ ਮਹਾਰਾਜ ਜੀਆਂ ਦੀ ਯਾਦ ਵਿੱਚ ਸਮਾਗਮ

ਬਾਈ ਜੁਲਾਈ 1983 ਨੂੰ ਵਿਰੱਕਤ ਜੀ ਦੇ ਸੱਚਖੰਡ ਪਿਆਨੇ ਮਗਰੋਂ ਉਨ੍ਹਾਂ ਦੀ ਪਵਿੱਤਰ ਯਾਦ ਵਿੱਚ ਉਨ੍ਹਾਂ ਦੀਆਂ ਪਿਆਰੀਆਂ ਸੰਗਤਾਂ ਵੱਲੋਂ ਥਾਂ-ਪਰ-ਥਾਂ ਸ੍ਰੀ ਅਖੰਡ ਪਾਠ ਸਾਹਿਬ, ਲੰਗਰ ਭੰਡਾਰੇ ਇਤਿਆਦਿਕ ਸਮਾਗਮ ਰਚੇ ਗਏ। ਪਹਿਲਾ ਸਮਾਗਮ 31-7-1983 ਨੂੰ ਗੁਰਾਇਆ ਵਿਖੇ ਕੀਤਾ ਗਿਆ, ਜੋ ਕਿ ਜ਼ਿਲ੍ਹਾ ਜਲੰਧਰ ਵਿੱਚ ਸਥਿਤ ਹੈ। ਦੋ ਅਗਸਤ 1983 ਨੂੰ ਨਿਰਮਲ ਆਸ਼ਰਮ ਰਿਸ਼ੀਕੇਸ਼ ਵਿਖੇ। 3-8-1983 ਨੂੰ ਨਿਰਮਲ ਬਾਗ ਕਨਖਲ, 7 ਅਗਸਤ 1983 ਕਰਨਾਲ ਕੁਟੀਆ, 8-8-1983 ਨੂੰ ਪਿੰਡ ਖੋਖ, 9-8-1983 ਪਿੰਡ ਬਿਸ਼ਨਪੁਰਾ (ਲੋਪੇ), 10 ਅਗਸਤ 1983 ਨੂੰ ਪਿੰਡ ਅਗੋਲ ਗੁਰਦੁਵਾਰਾ ਪਾਤਿਸ਼ਾਹੀ ਨੌਵੀਂ, 15-8-1983 ਨੂੰ ਪਿੰਡ ਅਜ਼ਰਪੁਰ, ਇਹ ਚਾਰੇ ਪਿੰਡ ਜ਼ਿਲ੍ਹਾ ਪਟਿਆਲਾ ਵਿੱਚ ਸਥਿਤ ਹਨ, 18-8-1983 ਨੂੰ ਪਿੰਡ ਡਬਰੀ ਜ਼ਿਲ੍ਹਾ ਕਰਨਾਲ, 19-8-1983 ਨੂੰ ਪਿੰਡ ਕੁਰਾਲੀ, ਜ਼ਿਲ੍ਹਾ ਕਰਨਾਲ, 20-8-1983 ਨੂੰ ਰਾਮ ਨਗਰ ਕਲੌਨੀ ਕਰਨਾਲ ਖਾਸ। 27-8-1983 ਨੂੰ ਪਿੰਡ ਲੋਹਸਿਮਲੀ ਜ਼ਿਲ੍ਹਾ ਪਟਿਆਲਾ। 28-8-1983 ਨੂੰ ਪਿੰਡ ਉਚੀ ਦੌਦ, ਜ਼ਿਲ੍ਹਾ ਲੁਧਿਆਣਾ, 30-8-1983 ਨੂੰ ਸੀਹਾਂ ਦੌਦ, ਜ਼ਿਲ੍ਹਾ ਲੁਧਿਆਣਾ ਅਤੇ 31-8-1983 ਨੂੰ ਪਿੰਡ ਦਧਾਲ ਜ਼ਿਲ੍ਹਾ ਲੁਧਿਆਣਾ ਇਤਿਆਦਿਕ ਥਾਵਾਂ ਤੇ ਵਿਰੱਕਤ ਮਹਾਰਾਜ ਜੀਆਂ ਦੀ ਯਾਦ ਵਿੱਚ ਸਮਾਗਮ ਹੋਏ। ਇਨ੍ਹਾਂ ਸਭ ਥਾਵਾਂ ਤੇ ਮਹੰਤ ਮਹਾਰਾਜ ਰਾਮ ਸਿੰਘ ਜੀ, ਸੰਤ ਜੋਧ ਸਿੰਘ ਜੀ, ਸੰਤ ਛੋਟੂ ਬਾਬਾ ਜੀ ਅਤੇ ਸਿੰਧੀ ਪਰੇਮੀ ਹੀਰਾਨੰਦ ਅਤੇ ਮੋਹਣੀ ਮਾਈ ਆਦਿ ਪ੍ਰੇਮੀਆਂ ਨੂੰ ਨਾਲ ਲੈ ਕੇ ਪਹੁੰਚੇ। ਇਨ੍ਹਾਂ ਸਭ ਨਗਰਾਂ ਦੀਆਂ ਸੰਗਤਾਂ ਵੱਲੋਂ ਮਹੰਤ ਮਹਾਰਾਜ ਜੀ ਨੂੰ ਵਿਰੱਕਤ ਮਹਾਰਾਜ ਜੀਆਂ ਦਾ ਸਾਖਸ਼ਾਤ ਰੂਪ ਜਾਣ ਕੇ ਹਰ ਪ੍ਰਕਾਰ ਨਾਲ ਸਤਿਕਾਰਿਆ ਸਨਮਾਨਿਆ ਗਿਆ। ਜਿਸ ਪਿੰਡ ਵਿੱਚ ਜਾਂਦੇ ਸਮਾਗਮ ਦੀ ਸੰਪੂਰਨਤਾ ਉਪਰੰਤ ਸੰਗਤਾਂ ਆਪੋ ਆਪਣੇ ਘਰਾਂ ਵਿੱਚ ਚਰਨ ਪਵਾਉਣ ਲਈ ਲੈ ਕੇ ਜਾਂਦੀਆਂ, ਆਪ ਦੇ ਚਰਨਾਂ ਵਿੱਚ ਆਸ਼ਰਮ ਲਈ ਬਿਸਤਰੇ ਅਤੇ ਹੋਰ ਭੇਟਾਵਾਂ ਯਥਾ ਸ਼ਕਤ ਅਰਪਨ ਕਰਦੀਆਂ। ਕਈ ਪਿੰਡਾਂ ਵਿੱਚ ਤਾਂ ਵਿਰਲਾ ਘਰ ਹੀ ਐਸਾ ਹੋਵੇਗਾ, ਜਿਸ ਘਰ ਵਿੱਚ ਆਪ ਦੇ ਪਵਿੱਤਰ ਚਰਨ ਨਾ ਪਏ ਹੋਣ। ਯਾਨੀ ਬਹੁ ਗਿਣਤੀ ਵਿੱਚ ਪ੍ਰੇਮੀ ਅਰਜ਼ ਕਰਕੇ ਆਪੋ ਆਪਣੇ ਘਰੀਂ ਲੈ ਕੇ ਗਏ। ਇਸ ਪ੍ਰਕਾਰ ਵਿਰੱਕਤ ਮਹਾਰਾਜ ਜੀਆਂ ਦੀ ਪਵਿੱਤਰ ਯਾਦ ਵਿੱਚ ਨਿਰੰਤਰ ਜੁੜੇ ਰਹਿ ਕੇ ਪ੍ਰੇਮੀ ਸੰਗਤਾਂ ਦੇ ਪ੍ਰੇਮ ਵਸ ਕੋਈ ਇੱਕ ਮਹੀਨਾ ਯਾਤਰਾ ਕਰਕੇ ਰਿਸ਼ੀਕੇਸ਼ ਵਾਪਸ ਆ ਗਏ।

## ਪਹਿਲੀ ਵਾਰ ਬੰਬਈ ਯਾਤਰਾ ਜਾਣਾ

ਆਪਣੀ ਆਤਮ ਰੂਪੀ ਬਾਦਸ਼ਾਹੀ ਦੇ ਸਿੰਘਾਸਣ ਤੇ ਸੁਸ਼ੋਭਿਤ ਹੋ ਕੇ ਹੁਣ ਰਿਸ਼ੀਕੇਸ਼ ਬਿਰਾਜਮਾਨ ਹਨ। ਰਿੱਧ, ਸਿੱਧ ਆਦਿ ਸ਼ਕਤੀਆਂ ਆਪ ਦੇ ਪਵਿੱਤਰ ਚਰਨਾਂ ਵਿੱਚ ਦਿਨ ਰਾਤ ਹੱਥ ਜੋੜੀਂ ਖੜੀਆਂ ਰਹਿੰਦੀਆਂ ਹਨ। ਸਿੰਧੀ ਸੰਗਤਾਂ ਤਾਂ ਭਾਵੇਂ ਪਹਿਲਾਂ ਹੀ ਕਾਫੀ ਗਿਣਤੀ ਵਿੱਚ ਆਸ਼ਰਮ ਨਾਲ ਜੁੜੀਆਂ ਹੋਈਆਂ ਹਨ, ਲੇਕਿਨ ਆਪ ਜੀ ਸ਼ਾਂਤ ਮੁਦਰਾ, ਪ੍ਰਸੰਨ ਚਿੱਤ, ਹਸਮੁੱਖ ਚਿਹਰਾ, ਮਿਠਾਸ ਅਤੇ ਅਨੂਠੇ ਰਸ ਨਾਲ ਭਰਪੂਰ ਨੇਤਰ ਅਤੇ ਚੰਦਰਮਾ ਦੇ ਸਮਾਨ ਸੀਤਲ ਅਤੇ ਸੂਰਜ ਦੇ ਸਮਾਨ ਪ੍ਰਕਾਸ਼ ਦੇ ਰਹੇ ਚਿਹਰੇ ਦੀ ਅਕਰਖਣ ਖਿੱਚ ਦੀ ਚੁੰਬਕੀ ਸ਼ਕਤੀ ਦੀਆਂ ਖਿੱਚੀਆਂ ਪੰਜਾਬੀ ਸੰਗਤਾਂ ਵੀ ਭਾਰੀ ਗਿਣਤੀ ਵਿੱਚ ਆ ਜਾ ਰਹੀਆਂ ਹਨ। ਇਉਂ ਆਸ਼ਰਮ ਵਿੱਚ ਹਮੇਸ਼ਾਂ ਚਹਿਲ ਪਹਿਲ ਬਣੀ ਰਹਿੰਦੀ ਹੈ।

ਵਿਰੱਕਤ ਮਹਾਰਾਜ ਜਾਣਦੇ ਸਨ ਕਿ ਸਤਾਸਫੁਰਤੀ ਪ੍ਰਦਾਨ ਕਰਨਾ, ਤੁਰੀਆ ਦਾ ਸੁਭਾਵਕ ਗੁਣ ਹੈ, ਲੇਕਿਨ ਉਹ ਤੁਰੀਆ ਹੈ ਕਿਰਿਆ ਰਹਿਤੇ। ਹਮੇਸ਼ਾਂ ਸਹਿਜ ਪਦ ਵਿੱਚ ਟਿਕੇ ਰਹਿਣ ਦਾ ਨਾਮ ਹੀ ਤੁਰੀਆ ਹੈ। ਇਸ ਲਈ ਮਹੰਤ ਮਹਾਰਾਜ ਜੀ ਤਾਂ ਪ੍ਰਕ੍ਰਿਤੀ ਨਿਰਵਿਰਤ ਪਛਾਣੈ ਵਾਲੀ ਅਨੰਦਮਈ ਅਵਸਥਾ ਵਿੱਚ ਸਥਿਤ ਰਹਿੰਦੇ ਹਨ। ਲੇਕਿਨ ਜੀਵਾਂ ਦੇ ਭਲੇ ਲਈ ਆਸ਼ਰਮ ਦੀ ਸੇਵਾ ਸੰਭਾਲ ਵਾਸਤੇ ਸੰਤ ਜੋਧ ਸਿੰਘ ਜੀ, ਸੰਤ ਛੋਟੂ ਬਾਬਾ ਜੀ, ਅਤੇ ਨਿਰਮਲ ਬਾਗ ਕਨਖਲ ਪੰਡਿਤ ਮਹੇਸ਼ ਚੰਦਰ ਆਦਿ ਤਿੰਨਾਂ ਸੱਜਨਾਂ ਦੀ ਡਿਉਟੀ ਲਗਾ ਦਿੱਤੀ, ਲੇਕਿਨ ਤਿੰਨਾਂ ਨੂੰ ਸਤਾਸਫੁਰਤੀ ਤੁਰੀਆ ਰੂਪ ਮਹੰਤ ਮਹਾਰਾਜ ਜੀ ਪ੍ਰਵਾਨ ਕਰ ਰਹੇ ਹਨ। ਬਸ ਇਸੇ ਤਰ੍ਹਾਂ ਹੀ ਤਰੈਅ ਗੁਣ ਸੰਸਾਰਕ ਵਿਵਹਾਰ ਚਲਾ ਰਹੇ ਹਨ, ਸਤਾਸਫੁਰਤੀ ਚੌਥਾ ਤੁਰੀਆ ਦੇ ਰਿਹਾ ਹੈ।

ਮਹੰਤ ਨਾਰਾਇਣ ਸਿੰਘ ਜੀ ਬਹੁਤ ਨਰਮ ਤਬੀਅਤ ਦੇ ਮਾਲਕ ਸਨ, ਇਸ ਲਈ ਉਨ੍ਹਾਂ ਦੀ ਨਰਮਦਿਲੀ ਦਾ ਨਜਾਇਜ਼ ਲਾਭ ਉਠਾਉਂਦੇ ਹੋਏ ਕੁਝ ਲੋਕ ਆਸ਼ਰਮ ਨੂੰ ਘੁਣ ਵਾਂਗ ਖਾ ਰਹੇ ਸਨ, ਲੇਕਿਨ ਮਹੰਤ ਨਾਰਾਇਣ ਸਿੰਘ ਜੀ ਨੂੰ ਆਪਣੇਪਨ ਦਾ ਭੁਲੇਖਾ ਦੇ ਰਹੇ ਸਨ। ਐਸੇ ਲੋਕਾਂ ਦੀ ਚਤੁਰ ਬੁੱਧੀ ਨੂੰ ਭਾਂਪ ਕੇ ਸੰਤ ਜੋਧ ਸਿੰਘ ਜੀ ਨੇ ਪੈਸੇ

ਨਾਲ ਸੰਬੰਧਤ ਸਾਰੇ ਕਾਰਜਾਂ ਨੂੰ ਆਪਣੇ ਹੱਥ ਵਿੱਚ ਲੈ ਲਿਆ ਅਤੇ ਲੰਗਰ ਆਦਿ ਦੇ ਮਾਮਲਿਆਂ ਨੂੰ ਸੰਤ ਛੋਟੂ ਬਾਬਾ ਜੀ ਨੇ ਬੜੀ ਕੁਸ਼ਲਤਾ ਨਾਲ ਸੰਭਾਲ ਲਿਆ। ਕਨਖਲ ਨਿਰਮਲ ਬਾਗ ਵਿੱਚ ਗਊਆਂ ਅਤੇ ਬਾਗ ਆਦਿਕ ਦੇ ਪ੍ਰਬੰਧ ਨੂੰ ਸੰਤ ਮਹੇਸ਼ ਚੰਦਰ (ਪੰਡਿਤ) ਜੀ ਨੇ ਬੜੇ ਤਕੜੇ ਹੋ ਕੇ ਸੰਭਾਲਣਾ ਸ਼ੁਰੂ ਕਰ ਦਿੱਤਾ, ਅਤੇ ਉਥੋਂ ਦੇ ਹਰ ਮਾਮਲੇ ਸੰਤ ਚਮਨ ਲਾਲ ਜੀ ਨੇ ਬੜੀ ਕੁਸ਼ਲਤਾ ਨਾਲ ਸੰਭਾਲ ਲਏ। ਇਸ ਪ੍ਰਕਾਰ ਆਸ਼ਰਮ ਰੂਪੀ ਪਵਿੱਤਰ ਜਲ ਦੇ ਭਰਕੇ ਚੱਲ ਰਹੇ ਖਾਲ੍ਹ ਵਿੱਚੋਂ ਜਦ ਤਮਾਮ ਵਿਰਲਾਂ ਬੰਦ ਹੋ ਗਈਆਂ ਤਾਂ ਧਰਮ ਕਾਰਜਾਂ ਦੀ ਤਰੱਕੀ ਰੂਪੀ ਖੇਤੀ ਨੂੰ ਪੂਰਾ-ਪੂਰਾ ਪਾਣੀ ਮਿਲਣਾ ਸ਼ੁਰੂ ਹੋ ਗਿਆ, ਜਿਸ ਨਾਲ ਪਰਉਪਕਾਰ ਅਤੇ ਲੋਕ ਭਲਾਈ ਦੇ ਕਾਰਜ ਰੂਪੀ ਬਾਗ ਨੇ ਬਸੰਤ ਰੁੱਤ ਵਾਂਗ ਖਿੜ੍ਹਨਾ ਸ਼ੁਰੂ ਕਰ ਦਿੱਤਾ। ਇਤਨੇ ਨੂੰ ਸਤੰਬਰ ਵਿੱਚ ਮਹਾਂਪੁਰਸ਼ਾਂ ਦੀਆਂ ਬਰਸੀਆਂ ਆ ਗਈਆਂ, ਤਾਂ ਸਿੰਧੀ ਪੰਜਾਬੀ ਸਭ ਸੰਗਤਾਂ ਨੂੰ ਆਸ਼ਰਮ ਵਲੋਂ ਚਿੱਠੀ ਪੱਤਰਾਂ ਰਾਹੀਂ ਸੂਚਤ ਕੀਤਾ ਗਿਆ। ਸੰਦੇਸ਼ੇ ਮਿਲਣ ਤੇ ਸੰਗਤਾਂ ਵੀ ਭਾਰੀ ਗਿਣਤੀ ਵਿੱਚ ਪਹੁੰਚ ਗਈਆਂ, ਤਾਂ ਬਰਸੀਆਂ ਦੇ ਮਹਾਨ ਸਮਾਗਮ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀਆਂ ਦੀ ਅਪਾਰ ਬਖਸ਼ਿਸ਼ ਦਾ ਸਦਕਾ ਬੜੀ ਧੂਮ-ਧਾਮ ਨਾਲ ਮਨਾਏ ਗਏ। ਦੋਨਾਂ ਬਰਸੀਆਂ ਵਿੱਚ ਤਿੰਨ-ਤਿੰਨ ਅਖੰਡ ਪਾਠ ਰੱਖੇ ਗਏ, ਸਮੇਂ-ਸਮੇਂ ਕੀਰਤਨ ਸਤਿਸੰਗ ਦੇ ਪ੍ਰਵਾਹ ਚੱਲਦੇ ਰਹੇ, ਗੁਰੂ ਕੇ ਲੰਗਰਾਂ ਦੇ ਖੁੱਲ੍ਹੇ ਭੰਡਾਰੇ ਵਰਤਦੇ ਰਹੇ, ਜਿਸ ਵਿੱਚ ਸਾਧੂ ਮਹਾਤਮਾਵਾਂ ਨੂੰ ਨਿਮੰਤਰਣ ਪੱਤਰ ਭੇਜ ਕੇ ਜਿੱਥੇ ਬੜੇ ਪ੍ਰੇਮ ਨਾਲ ਗੁਰੂ ਕੇ ਲੰਗਰੋਂ ਪ੍ਰਸ਼ਾਦ ਪਾਣੀ ਛਕਾਇਆ, ਉਥੇ ਦਖਸ਼ਨਾਂ ਵਜੋਂ ਮਾਇਆ ਅਤੇ ਕੱਪੜੇ ਭੇਟਾ ਕੀਤੇ ਗਏ। ਇਸ ਪ੍ਰਕਾਰ ਰਿਸ਼ੀਕੇਸ਼ ਅਤੇ ਹਰਿਦੁਆਰ ਕਨਖਲ ਵਿੱਚ ਆਸ਼ਰਮ ਅਤੇ ਗੁਰੂ ਘਰ ਦੀ ਵਾਹਵਾ ਜੈ-ਜੈ-ਕਾਰ ਹੋਈ। ਬਰਸੀ ਉਪਰੰਤ ਸਿੰਧੀ ਸੰਗਤਾਂ ਨੇ ਮਹੰਤ ਮਹਾਰਾਜ ਜੀਆਂ ਦੇ ਪਵਿੱਤਰ ਚਰਨਾਂ ਵਿੱਚ ਬੰਬਈ ਆਉਣ ਲਈ ਬੇਨਤੀ ਕੀਤੀ। ਉਧਰ ਹਜ਼ੂਰ ਨੂੰ ਤਾਂ ਵੱਡੀ ਸਰਕਾਰ, ਕਈ ਮਹੀਨੇ ਪਹਿਲਾਂ ਹੀ ਹੁਕਮ ਕਰ ਗਈ ਸੀ ਬੰਬਈ ਜਾਣ ਲਈ। ਇਸ ਲਈ ਆਪ ਜੀ ਨੇ ਸਤਾਰਾਂ ਨਵੰਬਰ ਨੂੰ ਬੰਬਈ ਪਹੁੰਚਣ ਦਾ ਬਚਨ ਦੇ ਦਿੱਤਾ। ਇਉਂ ਦਿੱਤੇ ਬਚਨ ਅਨੁਸਾਰ ਦੇਹਰਾਦੂਨ ਐਕਸਪ੍ਰੈਸ ਗੱਡੀ ਵਿੱਚ ਸਫਰ ਕਰਨ ਵਾਸਤੇ ਪੰਦਰਾਂ ਨਵੰਬਰ ਦੀਆਂ ਟਿਕਟਾਂ ਬੁੱਕ ਕਰਵਾ ਲਈਆਂ। ਉਸ ਤੋਂ ਪਹਿਲਾਂ ਆਪ ਨੇ ਲਖਨਊ ਅਤੇ ਬਨਾਰਸ ਜਾਣ ਦਾ ਪ੍ਰੋਗਰਾਮ ਬਣਾਇਆ, ਉਸ ਬਣਾਏ ਪ੍ਰੋਗਰਾਮ ਅਨੁਸਾਰ ਮਹੰਤ ਮਹਾਰਾਜ ਜੀ, ਸੰਤ ਜੋਧ ਸਿੰਘ ਜੀ ਅਤੇ ਸੰਤ ਛੋਟੂ ਬਾਬਾ ਜੀ ਨੂੰ ਨਾਲ ਲੈ ਕੇ ਰੇਲ ਰਾਹੀਂ ਸਿੰਧੀ ਮਾਈ ਲੀਲਾ ਦੀ ਬੇਨਤੀ ਤੇ ਲਖਨਊ ਪਹੁੰਚੇ। ਇਹ ਮਾਈ ਲੀਲਾ, ਚੰਦਰਾ ਮਦਰਾਸ ਵਾਲੀ ਦੀ ਭੈਣ ਹੈ। ਇਸ ਮਾਈ ਦੇ ਘਰ ਹੀ ਆਪ ਜੀ ਨੂੰ ਪਤਾ ਲੱਗਿਆ ਕਿ ਸੰਤ ਦੇਵਾ ਸਿੰਘ ਜੀ ਬੰਬਈ ਵਿੱਚ ਸਰੀਰ ਤਿਆਗ ਗਏ ਹਨ। ਬੰਬਈ ਜਾਣ ਲਈ ਆਪ ਦੀ ਪੰਦਰਾਂ ਤਰੀਕ ਦੀ ਟਿਕਟ ਬੁੱਕ ਹੀ ਸੀ, ਇਸ ਲਈ ਜਲਦੀ ਨਾਲ ਬਨਾਰਸ ਆਪਣੇ ਆਸ਼ਰਮ ਗਿਆਨ ਗੁਫਾ ਪਹੁੰਚ ਕੇ, ਦੋ ਦਿਨ ਆਸ਼ਰਮ ਦੀ ਦੇਖ-ਭਾਲ ਕੀਤੀ, ਉਪਰੰਤ ਸਾਧੂ ਸਮਾਜ ਨੂੰ ਪੱਕਾ ਭੰਡਾਰਾ ਕਰਕੇ ਵਾਪਸ ਰਿਸ਼ੀਕੇਸ਼ ਆ ਗਏ। ਇੱਕ ਦੋ ਦਿਨ ਆਸ਼ਰਮ ਦੇ ਕੰਮਾਂ ਕਾਰਾਂ ਦੀ ਦੇਖਭਾਲ ਆਦਿਕ ਪ੍ਰਬੰਧ ਕਰਕੇ ਸੰਤ ਜੋਧ ਸਿੰਘ ਜੀ ਅਤੇ ਸੰਤ ਛੋਟੂ ਬਾਬਾ ਜੀ ਨੂੰ ਨਾਲ ਲੈ ਕੇ ਪੰਦਰਾਂ ਅਕਤੂਬਰ ਵਾਲੇ ਦਿਨ ਬੰਬਈ ਜਾਣ ਲਈ ਦੇਹਰਾਦੂਨ ਐਕਸਪ੍ਰੈਸ ਵਿੱਚ ਸਵਾਰ ਹੋ ਕੇ ਸਤਾਰਾਂ ਤਾਰੀਖ ਨੂੰ ਸਵੇਰੇ-ਸਵੇਰੇ ਬੰਬਈ ਜਾ ਪਹੁੰਚੇ। ਅੱਗੋਂ ਸਿੰਧੀ ਸੰਗਤਾਂ ਵੀ ਕਾਫੀ ਗਿਣਤੀ ਵਿੱਚ ਫੁੱਲਾਂ ਦੇ ਹਾਰ ਵਗੈਰਾ ਲੈ ਕੇ ਸਟੇਸ਼ਨ ਤੇ ਪਹੁੰਚੀਆਂ ਹੋਈਆਂ ਸਨ। ਸਭ ਸੰਗਤਾਂ ਨੇ ਬੜੇ ਚਾਅ ਨਾਲ ਆਪ ਦੇ ਉਪਰ ਫੁੱਲਾਂ ਦੀ ਵਰਖਾ ਕਰਕੇ ਅਤੇ ਗਲਾਂ ਵਿੱਚ ਫੁੱਲਾਂ ਦੇ ਹਾਰ ਪਾ ਕੇ ਭਰਵੇਂ ਸਵਾਗਤ ਦੁਆਰਾ ਆਪਣੀ ਅੰਦਰਲੀ ਖੁਸ਼ੀ ਜ਼ਾਹਿਰ ਕੀਤੀ, ਉਪਰੰਤ ਕਾਰਾਂ ਰਾਹੀਂ ਨਿਵਾਸ ਸਥਾਨ ਤੇ ਲੈ ਗਏ। ਉਥੇ ਜਾ ਕੇ ਪਤਾ ਲੱਗਿਆ ਕਿ ਸੰਤ ਦੇਵਾ ਸਿੰਘ ਜੀ ਦਾ ਭੋਗ ਅੱਜ ਹੀ ਪੈਣਾ ਹੈ। ਜਿਸ ਜਗ੍ਹਾ ਭੋਗ ਪੈਣਾ ਸੀ, ਉਥੋਂ ਦੇ ਪ੍ਰਬੰਧਕਾਂ ਨੇ ਆਪ ਜੀ ਦੇ ਚਰਨਾਂ ਵਿੱਚ ਭੋਗ ਤੇ ਪਹੁੰਚਣ ਲਈ ਅਰਜ਼ ਕੀਤੀ, ਆਪ ਪ੍ਰਵਾਨ ਕਰਕੇ ਸੇਵਕਾਂ ਨਾਲ ਕਾਰ ਵਿੱਚ ਨੀਯਤ ਸਮੇਂ ਤੇ ਭੋਗ ਵਾਲੇ ਅਸਥਾਨ ਤੇ ਪਹੁੰਚ ਗਏ। ਆਪ ਜੀ ਦੀ ਆਗਿਆ ਅਨੁਸਾਰ ਭੋਗ ਦੀ ਰਸਮ ਸੰਪੂਰਨ ਕੀਤੀ ਗਈ।

ਹੁਣ ਮੋਹਣੀ ਮਨਸੁਖਾਨੀ ਅਤੇ ਹੀਰਾ ਨੰਦ ਜੀ ਨੇ ਸਭ ਸੰਗਤਾਂ ਨੂੰ ਆਪ ਜੀ ਨਾਲ ਮਿਲਾਉਣਾ ਸ਼ੁਰੂ ਕੀਤਾ। ਪ੍ਰੇਮੀ ਬੜੇ ਪਿਆਰ ਨਾਲ ਬੇਨਤੀ ਕਰਕੇ ਆਪੋ ਆਪਣੇ ਘਰੀਂ ਲੈ ਕੇ ਜਾ ਰਹੇ ਹਨ ਅਤੇ ਆਪ ਵੀ ਵਿਰੱਕਤ ਮਹਾਰਾਜ ਜੀਆਂ ਦੇ ਹੁਕਮ ਅਨੁਸਾਰ ਜਿਥੇ ਹਰ ਲੋੜਵੰਦ ਨੂੰ ਭੋਗ ਮੋਖ ਦੀਆਂ ਦਾਤਾਂ ਦੇ ਖੁੱਲ੍ਹੇ ਜਗ ਵਰਤਾ ਰਹੇ ਹਨ, ਉਥੇ ਹਰ ਘਰ ਵਿੱਚ ਸਤਿਸੰਗ ਕੀਰਤਨ ਤਾਂ ਹੁੰਦਾ ਹੀ ਹੈ, ਲੇਕਿਨ ਆਪ ਕਥਾ ਪ੍ਰਵਚਨਾਂ ਦੁਆਰਾ ਵੀ ਅੰਮ੍ਰਿਤ ਬਰਸਾ ਰਹੇ ਹਨ।

ਇਸ ਪ੍ਰਕਾਰ ਸਮਾਂ ਗੁਜ਼ਰਦਿਆਂ ਇੱਕ ਦਿਨ ਸੰਗਤ ਨੇ ਅਰਜ਼ ਕੀਤੀ, ਮਹਾਰਾਜ! ਆਪ ਦਾ ਹੁਕਮ ਹੋਵੇ ਤਾਂ ਦਸ਼ਮ ਪਾਤਿਸ਼ਾਹ ਮਹਾਰਾਜ ਦੇ ਪਵਿੱਤਰ ਅਸਥਾਨ ਹਜ਼ੂਰ ਸਾਹਿਬ (ਨਾਂਦੇੜ) ਦੇ ਦਰਸ਼ਨ ਕਰੀਏ। ਆਪ ਦੀ ਆਗਿਆ ਨਾਲ ਸੰਗਤਾਂ ਨੇ ਟਿਕਟਾਂ ਬੁੱਕ ਕਰਵਾ ਲਈਆਂ। ਨੀਯਤ ਦਿਨ ਤੇ ਕਾਫੀ ਸੰਗਤਾਂ ਨੂੰ ਨਾਲ ਲੈ ਕੇ ਆਪ ਸੱਚਖੰਡ ਹਜ਼ੂਰ ਸਾਹਿਬ ਪਹੁੰਚੇ। ਕੁਝ ਦਿਨ ਉਥੇ ਠਹਿਰ ਕੇ ਸੰਬੰਧਤ ਸਭ ਅਸਥਾਨਾਂ ਦੇ ਦੀਦਾਰ ਕੀਤੇ, ਫਿਰ ਇੱਕ ਦਿਨ ਸਭ ਸੰਗਤਾਂ ਨਾਲ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਅਸਥਾਨ ਨਾਨਕ ਝੀਰੇ ਦੇ ਵੀ ਦੀਦਾਰ ਕੀਤੇ। ਇਸ ਪਵਿੱਤਰ ਅਸਥਾਨ ਨਾਨਕ ਝੀਰੇ (ਬਿਦਰ) ਤੋਂ ਹੀ ਸ੍ਰੀ ਗੁਲ ਚੈਨਾਨੀ ਦੀ ਭੈਣ ਮਾਤਾ ਸੁੰਦਰੀ ਦੀ ਬੇਨਤੀ ਪ੍ਰਵਾਨ ਕਰਕੇ ਸਿਕੰਦਰਾਬਾਦ ਪਹੁੰਚੇ। ਉਸ ਪਰਿਵਾਰ ਦੇ ਪ੍ਰੇਮ-ਵਸ ਇੱਕ ਦਿਨ ਸਿਕੰਦਰਾਬਾਦ ਠਹਿਰ ਕੇ ਵਾਪਸ ਬੰਬਈ ਆ ਗਏ। ਹੁਣ ਸੰਗਤਾਂ ਨੇ ਸਾਂਈ ਬਾਬਾ ਦੇ ਅਸਥਾਨ ਸ਼ਿਰਡੀ ਜਾਣ ਲਈ ਅਰਜ਼ ਕੀਤੀ, ਜੋ ਆਪ ਨੇ ਸੰਗਤਾਂ ਦਾ ਪ੍ਰੇਮ ਦੇਖ ਕੇ ਪ੍ਰਵਾਨ ਕਰ ਲਈ। ਸ਼ਿਰਡੀ ਜਾਣ ਲਈ ਸੰਗਤਾਂ ਨੇ ਖੁਸ਼ ਹੋ ਕੇ ਇੱਕ ਸਪੈਸ਼ਲ ਬੱਸ ਕਿਰਾਏ ਤੇ ਕਰ ਲਈ। ਸਭ ਸੰਗਤਾਂ ਤਾਰਾਮੰਡਲ ਦੀ ਨਿਆਈਂ ਆਪ ਦੇ ਦੁਆਲੇ ਸੁਸ਼ੋਭਿਤ ਹੋ ਕੇ ਸ਼ਿਰਡੀ ਪਹੁੰਚ ਗਈਆਂ। ਉਥੇ ਰਾਤ ਠਹਿਰ ਕੇ ਦਰਸ਼ਨ ਦੀਦਾਰੇ ਕਰਨ ਉਪਰੰਤ ਦੂਸਰੇ ਦਿਨ ਵਾਪਸ ਬੰਬਈ ਆ ਗਏ। ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀਆਂ ਦੇ ਪਵਿੱਤਰ ਅਵਤਾਰ ਪੁਰਬ ਵੀ ਬੜੀ ਧੂਮ-ਧਾਮ ਨਾਲ ਬੰਬਈ ਹੀ ਮਨਾਏ ਗਏ। ਹਰ ਰੋਜ਼ ਕਿਸੇ-ਨਾ-ਕਿਸੇ ਘਰ ਹਜ਼ੂਰ ਚਰਨ ਪਾਉਂਦੇ, ਸੰਗਤਾਂ ਜੁੜਦੀਆਂ ਸਤਿਸੰਗ ਦੇ ਅਖਾੜੇ ਜੰਮਦੇ, ਆਪ ਕਥਾ ਦੁਆਰਾ ਝੜੀਦਾਰ ਮੀਂਹ ਵਰਸਾਉਂਦੇ, ਜੀਵਾਂ ਦੇ ਸੰਸਾਰਕ ਪ੍ਰਮਾਰਥਕ ਸ਼ੰਕੇ ਦੂਰ ਕਰਦੇ, ਲੋੜਵੰਦਾਂ ਨੂੰ ਮਨਵਾਂਛਤ ਵਸਤੂਆਂ ਦੇ ਗੱਫੇ ਵਰਤਾਉਂਦੇ, ਇਕੱਠੀਆਂ ਹੋਈਆਂ ਸਭ ਸੰਗਤਾਂ ਗੁਰੂ ਕੇ ਲੰਗਰੋਂ ਪ੍ਰਸ਼ਾਦ ਪਾਣੀ ਛਕਦੀਆਂ। ਇਉਂ ਮਾਤ ਲੋਕ ਵਿੱਚ ਬੈਕੁੰਠ ਵਰਤ ਰਿਹਾ ਸੀ। ਇੱਕ ਦਿਨ ਸਿੰਧੀ ਮਾਈ ਚੰਦਰਾ ਦੀ ਬੇਨਤੀ ਪ੍ਰਵਾਨ ਕਰਕੇ ਜਹਾਜ਼ ਰਾਹੀਂ ਮਦਰਾਸ ਪਹੁੰਚੇ। ਕੁਝ ਦਿਨ ਉਥੇ ਠਹਿਰ ਕੇ ਉਸ ਦੇ ਘਰ ਸਤਿਸੰਗ ਕੀਤਾ, ਫਿਰ ਇਕ ਦਿਨ ਕਾਰ ਰਾਹੀਂ ਤਿਰੂਪਤੀ ਬਾਲਾ ਜੀ ਗਏ। ਇਸ ਪ੍ਰਕਾਰ ਦੱਖਣ ਦੇ ਅਸਥਾਨਾਂ ਦੇ ਦਰਸ਼ਨ ਕਰਕੇ ਜਹਾਜ਼ ਰਾਹੀਂ ਹੀ ਵਾਪਸ ਬੰਬਈ ਪਹੁੰਚ ਗਏ। ਇਉਂ ਪਹਿਲੀ ਵਾਰ ਹੀ ਸੰਗਤਾਂ ਦੇ ਡਾਢੇ ਪ੍ਰੇਮ ਵਸ ਕੋਈ ਸਾਢੇ ਤਿੰਨ ਮਹੀਨੇ ਦਾ ਸਮਾਂ ਬੰਬਈ, ਮਦਰਾਸ ਆਦਿਕ ਥਾਵਾਂ ਤੇ ਗੁਜ਼ਾਰ ਕੇ ਮਾਰਚ ਦੇ ਸ਼ੁਰੂ ਵਿੱਚ ਵਾਪਸ ਰਿਸ਼ੀਕੇਸ਼ ਆ ਗਏ।

## ਸੰਨ 1984

ਸਿੰਧੀ ਸੰਗਤਾਂ ਨੂੰ ਭਰਵਾਂ ਪਿਆਰ ਦਿੰਦੇ ਹੋਏ ਬੰਬਈ ਆਦਿਕ ਥਾਵਾਂ ਤੇ ਕੋਈ ਸਾਢੇ ਕੁ ਤਿੰਨ ਮਹੀਨੇ ਦਾ ਸਮਾਂ ਗੁਜ਼ਾਰ ਕੇ ਸੰਨ 1984 ਦੇ ਸ਼ੁਰੂ ਵਿੱਚ ਹੀ ਰਿਸ਼ੀਕੇਸ਼ ਵਾਪਸ ਆ ਗਏ। ਹੁਣ ਪੰਜਾਬੀ ਸੰਗਤਾਂ ਨੂੰ ਵੀ ਪ੍ਰੇਮ ਦੀ ਸੁਗੰਧੀ ਬਖਸ਼ਣੀ ਸ਼ੁਰੂ ਕੀਤੀ। ਸਭ ਤੋਂ ਪਹਿਲਾਂ ਉਜਾਗਰ ਸਿੰਘ ਸੂਰੀ ਗੁਰਾਇਆ ਵਾਲਿਆਂ ਦੀ ਬੇਨਤੀ ਪ੍ਰਵਾਨ ਕਰਕੇ ਗੁਰਾਇਆ ਪਹੁੰਚੇ। ਇਥੇ ਸੰਗਤਾਂ ਦੇ ਪ੍ਰੇਮ ਵਸ ਕਈ ਦਿਨ ਕੁਟੀਆ ਠਹਿਰ ਕੇ ਅਖੰਡ ਪਾਠਾਂ ਦੇ ਭੋਗ ਉਪਰੰਤ ਗੁਰ ਸ਼ਬਦ ਦੀ ਕਥਾ ਦੁਵਾਰਾ ਅੰਮ੍ਰਿਤ ਮਈ ਵਰਖਾ ਕਰਦੇ ਰਹੇ। ਸਭ ਸੰਗਤਾਂ ਪ੍ਰਮਾਰਥਕ ਵਿਚਾਰਾਂ ਦਾ ਲਾਭ ਉਠਾਉਂਦੀਆਂ ਰਹੀਆਂ, ਅਤੇ ਲੋੜਵੰਦ ਸੱਜਣ ਗੁਰੂ ਕੇ ਚੱਲ ਰਹੇ ਖੁੱਲ੍ਹੇ ਲੰਗਰਾਂ ਵਿੱਚੋਂ ਪ੍ਰਸ਼ਾਦੇ ਛੱਕ ਕੇ ਤ੍ਰਿਪਤ ਹੁੰਦੇ ਰਹੇ।

ਕੁਝ ਦਿਨਾਂ ਬਾਅਦ ਆਪ ਜਦੋਂ ਵਾਪਸ ਰਿਸ਼ੀਕੇਸ਼ ਆਏ ਤਾਂ ਕੁਲਵੰਤ ਸਿੰਘ (ਵੱਡਾ) ਕਰਨਾਲ ਵਾਲਿਆਂ ਦੀ ਬੇਨਤੀ ਪ੍ਰਵਾਨ ਕਰਕੇ ਜਲਦੀ ਹੀ ਰਿਸ਼ੀਕੇਸ਼ ਤੋਂ ਕਰਨਾਲ ਪਹੁੰਚ ਗਏ। ਰਿਹਾਇਸ਼ ਤਾਂ ਭਾਵੇਂ ਕੁਟੀਆ ਹੀ ਰੱਖੀ, ਲੇਕਿਨ ਸੰਗਤਾਂ ਬੇਨਤੀ ਕਰਕੇ ਆਪੋ ਆਪਣੇ ਘਰੀਂ ਲੈ ਕੇ ਜਾਣ ਲੱਗੀਆਂ। ਹੁਣ ਘਰਾਂ ਵਿੱਚ ਕੀ ਜਾਂਦੇ ਹਨ? ਮਾਨੋਂ ਵਾਹ ਸਵਾਰ ਕੇ ਤਿਆਰ ਕੀਤੇ ਖੇਤਾਂ ਵਿੱਚ ਪਰੇਮ ਦੇ ਬੀਜ ਦਾ ਛੱਟਾ ਦੇਈ ਜਾਂਦੇ ਹਨ। ਸੰਗਤਾਂ ਵੀ ਵਿਰੱਕਤ ਮਹਾਰਾਜ ਜੀਆਂ ਦਾ ਸਾਖਸ਼ਾਤ ਰੂਪ ਜਾਣਕੇ ਬੜੇ ਸ਼ਰਧਾ ਵਿਸ਼ਵਾਸ਼ ਨਾਲ ਚਰਨ ਧੂੜੀ ਮਸਤਕ ਨੂੰ ਲਾ ਕੇ ਧਨ ਭਾਗ ਸਮਝਦੀਆਂ ਹਨ। ਇਸ ਪ੍ਰਕਾਰ ਕੁਝ ਦਿਨ ਕਰਨਾਲ ਠਹਿਰ ਕੇ ਪ੍ਰੇਮ ਦੀ ਵਰਖਾ ਕਰਦੇ ਰਹੇ। ਫਿਰ ਵਾਪਸ ਰਿਸ਼ੀਕੇਸ਼ ਆ ਗਏ। ਜੁਲਾਈ ਵਿੱਚ ਫਿਰ ਦੂਸਰੀ ਵਾਰ, ਵਿਰੱਕਤ ਮਹਾਰਾਜ ਜੀਆਂ ਦੀ ਪਹਿਲੀ ਬਰਸੀ ਮਨਾਉਣ ਨਮਿੱਤ ਉਜਾਗਰ ਸਿੰਘ ਸੂਰੀ ਤੇ ਸਮੂਹ ਸੰਗਤ ਦੀ ਬੇਨਤੀ ਤੇ ਛੋਟੂ ਬਾਬਾ ਜੀ ਨੂੰ ਨਾਲ ਲੈ ਕੇ ਗੁਰਾਇਆਂ ਪਹੁੰਚੇ। ਗੁਰਾਇਆਂ ਨਿਵਾਸੀ ਸੰਗਤ ਨੇ ਰਲ ਮਿਲ ਕੇ ਬੜੇ ਉਤਸ਼ਾਹ ਨਾਲ ਹਜ਼ੂਰ ਦੀ ਪਹਿਲੀ ਬਰਸੀ ਮਨਾਈ। ਇਸ ਸਮੇਂ ਤੇ ਤਿੰਨੇ ਦਿਨ ਗੁਰੂ ਕੇ ਲੰਗਰ

ਦੇ ਅਤੁੱਟ ਭੰਡਾਰੇ ਵਰਤਦੇ ਰਹੇ, ਭੋਗ ਉਪਰੰਤ ਬਾਰਾਂਦਰੀ ਵਿੱਚ ਖੁੱਲ੍ਹਾ ਦੀਵਾਨ ਸਜਾਇਆ ਗਿਆ, ਰਾਗੀਆਂ ਦੇ ਰਸ ਭਿੰਨੇ ਕੀਰਤਨ ਤੋਂ ਬਾਅਦ ਹਜ਼ੂਰ ਨੇ ਭੋਗ ਦੇ ਸਮੇਂ ਆਏ ਦਰਗਾਹੀ ਵਾਕ ਦੀ ਬਹੁਤ ਰਸ ਭਿੰਨੀ ਅਤੇ ਭਾਵ ਪੂਰਤ ਕਥਾ ਕੀਤੀ, ਉਪਰੰਤ ਗੁਰੂ ਕਾ ਲੰਗਰ ਸ਼ਾਮ ਤੱਕ ਅਤੁੱਟ ਚੱਲਦਾ ਰਿਹਾ। ਬਰਸੀ ਤੇ ਆਈਆਂ ਵਿਸ਼ੇਸ਼ ਕਰਕੇ ਨਾਭਾ, ਘੋਖ ਆਦਿ ਥਾਵਾਂ ਦੀਆਂ ਸੰਗਤਾਂ ਨੇ ਮਹੰਤ ਮਹਾਰਾਜ ਜੀ ਨੂੰ ਆਪਣੇ ਪਿੰਡ ਲੈ ਕੇ ਜਾਣ ਵਾਸਤੇ ਬੇਨਤੀਆਂ ਕੀਤੀਆਂ। ਹਜ਼ੂਰ ਬੋਲੇ ਹੁਣ ਤਾਂ ਕਰਨਾਲ ਜਾਣਾ ਹੈ, ਫਿਰ ਜਦੋਂ ਸਮਾਂ ਬਣਿਆ ਜ਼ਰੂਰ ਆਵਾਂਗੇ। ਸੰਗਤ ਨੇ ਅਰਜ਼ ਕੀਤੀ, ਮਹਾਰਾਜ, ਬਾਬਾ ਬੇਅੰਤ ਸਿੰਘ ਜੀ ਦੀ ਬਰਸੀ ਦੇ ਸਮੇਂ ਖੁੱਲ੍ਹਾ ਸਮਾਂ ਬਖਸ਼ ਦੇਣਾ। ਹਜ਼ੂਰ ਨੇ ਬਚਨ ਦੇ ਦਿੱਤਾ, ਠੀਕ ਹੈ ਉਸ ਸਮੇਂ ਸਭ ਸੰਗਤਾਂ ਨੂੰ ਮਿਲਾਂਗੇ। ਉਪਰੰਤ ਕਰਨਾਲ ਪਹੁੰਚ ਗਏ। ਉਥੇ ਵੀ ਸੰਗਤਾਂ ਨੇ ਭਾਰੀ ਉਤਸ਼ਾਹ ਨਾਲ ਦਰਸ਼ਨ ਪਰਸਨ ਕੀਤੇ। ਕੁਝ ਦਿਨ ਵਿਰੱਕਤ ਮਹਾਰਾਜ ਜੀ ਦੀ ਮਿੱਠੀ ਯਾਦ ਵਿੱਚ ਉਨ੍ਹਾਂ ਦੇ ਪਵਿੱਤਰ ਅਸਥਾਨ ਤੇ ਗੁਜ਼ਾਰ ਕੇ ਸਭ ਸੰਗਤਾਂ ਨੂੰ ਮਹਾਰਾਜ ਦੀ ਯਾਦ ਤਾਜ਼ਾ ਕਰਵਾ ਕੇ ਵਾਪਸ ਰਿਸ਼ੀਕੇਸ਼ ਆ ਗਏ। ਕੋਈ ਦੋ ਕੁ ਮਹੀਨੇ ਅਸਥਾਨਾਂ ਦੀ ਸੇਵਾ ਸੰਭਾਲ ਵੱਲ ਧਿਆਨ ਦਿੱਤਾ, ਇਤਨੇ ਨੂੰ ਬਰਸੀਆਂ ਦਾ ਸਮਾਂ ਨੇੜੇ ਆ ਗਿਆ। ਇਸ ਲਈ ਬਰਸੀਆਂ ਵਿੱਚ ਮਹਾਂਪੁਰਸ਼ਾਂ ਦੀ ਮਿੱਠੀ ਯਾਦ ਮਨਾਉਣ ਲਈ ਦੇਸ਼ ਵਿਦੇਸ਼ ਵਿੱਚ ਸੰਗਤਾਂ ਨੂੰ ਚਿੱਠੀ ਪੱਤਰ ਰਾਹੀਂ ਨਿਮੰਤਰਣ ਭੇਜੇ ਗਏ। ਬਰਸੀ ਸਮਾਗਮ ਤੇ ਮਹਾਂਪੁਰਸ਼ਾਂ ਦੀ ਪਿਆਰੀ ਯਾਦ ਅਤੇ ਪ੍ਰਮਾਰਥਕ ਲਾਭ ਉਠਾਉਣ ਲਈ ਅਸਥਾਨ ਵਲੋਂ ਆਏ ਪੱਤਰਾਂ ਨੂੰ ਇਲਾਹੀ ਸੰਦੇਸ਼ ਸਮਝ ਕੇ ਸੰਗਤਾਂ ਬੜੇ ਉਤਸਾਹ ਪੂਰਵਕ ਕਨਖਲ ਪਹੁੰਚ ਗਈਆਂ। ਪਹਿਲੀ ਬਰਸੀ, ਯਾਨੀ ਕਨਖਲ ਵਿਖੇ ਸ੍ਰੀ ਅਖੰਡ ਪਾਠ ਪਰਾਰੰਭ ਹੋ ਗਏ, ਸਵੇਰੇ ਸ਼ਾਮ ਦੀਵਾਨ ਸਤਿਸੰਗ ਸਜਦੇ ਹਨ ਅਤੇ ਸੰਗਤਾਂ ਵੀ ਬੜੇ ਉਤਸ਼ਾਹ ਪੂਰਵਕ ਸੇਵਾ ਕਰ ਰਹੀਆਂ ਹਨ। ਪਰਮੇਸ਼ਰ ਦੀ ਨੇਤ ਐਸੀ ਹੋਈ ਕਿ ਮੱਧ ਵਾਲੇ ਦਿਨ ਸ਼ਾਮ ਨੂੰ ਜ਼ੋਰਦਾਰ ਮੀਂਹ, ਹਨੇਰੀ ਆ ਗਈ, ਜਿਸ ਨਾਲ ਸ਼ਾਮਿਆਨੇ ਸਾਰੇ ਡਿੱਗ ਗਏ, ਸੰਗਤਾਂ ਨੂੰ ਬੈਠਣ ਖੜ੍ਹਣ ਲਈ ਜਗ੍ਹਾ ਦੀ ਤੰਗੀ ਪੈ ਗਈ। ਬਰਸਾਤ ਹਨੇਰੀ ਦਾ ਜ਼ੋਰਦਾਰ ਰੁਖ ਦੇਖ ਕੇ ਇਉਂ ਲੱਗ ਰਿਹਾ ਹੈ ਜਿਵੇਂ ਭੋਗ ਉਪਰੰਤ ਕੱਲ ਨੂੰ ਹੋਣ ਵਾਲੇ ਖੁੱਲ੍ਹੇ ਪੰਡਾਲ ਵਾਲੇ ਸਮਾਗਮ ਵਿੱਚ ਮੁਸ਼ਕਲ ਹੋਵੇਗੀ। ਲੇਕਿਨ ਪਰਮੇਸ਼ਰ ਦੀ ਮਿਹਰ ਹੋ ਗਈ, ਕਿ ਰਾਤ-ਰਾਤ ਬਾਰਸ਼ ਹੋ ਕੇ ਸਭ ਠੀਕ ਹੋ ਗਿਆ। ਪੂਰੀ ਸਜ-ਧਜ ਨਾਲ ਬਾਹਰ ਦੀਵਾਨ ਸਜਾਏ ਗਏ ਜੋ ਕਿ ਬਗੈਰ ਕਿਸੇ ਮੁਸ਼ਕਲ ਤੋਂ ਬਹੁਤ ਚੰਗੇ ਤਰੀਕੇ ਸੰਪੂਰਨ ਹੋਏ। ਇਉਂ ਲੱਗ ਰਿਹਾ ਹੈ ਕਿ ਇਹ ਬਰਸਾਤ ਧਰਤੀ ਵਿੱਚ ਪਏ ਕਿਸੇ ਪੁਰਾਤਨ ਬੀਜ ਨੂੰ ਜਰਮੀਨੇਟ ਕਰਨ ਲਈ ਲੋੜੀਂਦੀ ਸਿਲ੍ਹ ਦੇਣ ਵਾਸਤੇ ਜ਼ਰੂਰੀ ਹੀ ਸੀ, ਕਿਉਂਕਿ ਬੀਜ, ਸਮਾਂ ਆਉਣ ਤੇ ਵੀ ਪਾਣੀ ਤੋਂ ਬਿਨਾਂ ਪੁੰਗਰਿਆ ਨਹੀਂ ਕਰਦਾ।

ਦਿੱਲੀ, ਕਰਨਾਲ ਅਤੇ ਪੰਜਾਬ ਵਾਲੀਆਂ ਸੰਗਤਾਂ ਕਨਖਲ ਵਾਲੀ ਬਰਸੀ ਮਨਾ ਕੇ ਵਾਪਸ ਚਲੀਆਂ ਗਈਆਂ, ਜੋ ਕਿ ਦਸ ਦਿਨਾਂ ਬਾਅਦ ਮਨਾਈ ਜਾ ਰਹੀ ਰਿਸ਼ੀਕੇਸ਼ ਵਾਲੀ ਬਰਸੀ ਤੇ ਦੁਬਾਰਾ ਫਿਰ ਆਈਆਂ। ਲੇਕਿਨ ਬੰਬਈ, ਮਦਰਾਸ ਆਦਿਕ ਦੂਰ ਦੀਆਂ ਸਿੰਧੀ ਸੰਗਤਾਂ ਦੋਨੋਂ ਬਰਸੀਆਂ ਤੱਕ ਇਥੇ ਹੀ ਠਹਿਰੀਆਂ। ਦੋਨਾਂ ਬਰਸੀਆਂ ਤੇ ਅਖੰਡ ਪਾਠਾਂ ਨਾਲ ਸੇਵਾ ਸਤਿਸੰਗ ਦੇ ਪ੍ਰਵਾਹ ਵੀ ਅਤੁਟ ਚਲਦੇ ਰਹੇ ਜਿਸ ਵਿੱਚ ਸੁਖਮਨੀ ਸਾਹਿਬ ਦੇ ਪਾਠ ਸੰਗਤਾਂ ਨੇ ਮਿਲਕੇ ਕਰਨੇ। ਫਿਰ ਕੀਰਤਨ ਦਾ ਪ੍ਰਵਾਹ ਅਤੇ ਮਹੰਤ ਮਹਾਰਾਜ ਜੀ ਕਥਾ ਵਿਖਆਨ ਦੁਆਰਾ ਅੰਮ੍ਰਿਤ ਵਰਖਾ ਕਰਦੇ ਰਹੇ। ਭੋਗ ਵਾਲੇ ਦਿਨ ਕੀਰਤਨ ਉਪਰੰਤ ਸੰਤ ਸਮਾਗਮ ਵਿੱਚ ਬਾਹਰੋਂ ਆਏ ਸੰਤ ਮਹਾਤਮਾ, ਗੁਣੀਜਨ ਪ੍ਰਮਾਰਥਕ ਵਿਚਾਰਾਂ ਦੁਆਰਾ ਨਿਹਾਲ ਕਰਦੇ ਰਹੇ। ਇਸ ਪ੍ਰਕਾਰ ਮਹਾਂਪੁਰਸ਼ਾਂ ਦੀ ਮਿੱਠੀ ਯਾਦ ਮਨਾਉਣ ਦੇ ਮਾਧਿਅਮ ਰਾਹੀਂ ਹਜ਼ਾਰਾਂ ਸੰਗਤਾਂ ਨੇ ਸ਼ਾਮਲ ਹੋ ਕੇ ਮਨੁੱਖ ਜਨਮ ਦੀ ਸਫਲਤਾ ਹਿੱਤ ਪਰਮਾਰਥਕ ਲਾਭ ਉਠਾਇਆ। ਉਪਰੰਤ ਸਭ ਸੰਗਤਾਂ, ਤਨ, ਮਨ ਅਤੇ ਧਨ ਨਾਲ ਸੇਵਾ ਦਾ ਵਡਮੁੱਲਾ ਲਾਭ ਉਠਾ ਕੇ ਮਹਾਂਪੁਰਸ਼ਾਂ ਦੇ ਪਵਿੱਤਰ ਹਸਤ ਕਮਲਾਂ ਦੁਆਰਾ ਅਸ਼ੀਰਵਾਦ ਰੂਪੀ ਪ੍ਰਸ਼ਾਦ ਪ੍ਰਾਪਤ ਕਰਕੇ ਘਰਾਂ ਨੂੰ ਵਾਪਸ ਹੋਈਆਂ।

ਬਰਸੀਆਂ ਮਨਾ ਕੇ ਸਭ ਸੰਗਤਾਂ ਦੇ ਵਿਦਾ ਹੋਣ ਤੋਂ ਬਾਅਦ ਕੁਝ ਦਿਨ ਡੇਰੇ ਦਾ ਸਾਜ਼ ਸਮਾਨ ਸੰਭਾਲ ਕੇ ਕਨਖਲ ਡੇਰੇ ਵਿੱਚ ਜਗ੍ਹਾ ਦੀ ਕਮੀ ਵੱਲ ਧਿਆਨ ਗਿਆ। ਕਿਉਂਕਿ ਬਰਸੀ ਸਮਾਗਮ ਦੌਰਾਨ ਬਰਸਾਤ ਨਾਲ ਸੰਗਤਾਂ ਨੂੰ ਜੋ ਔਖ ਹੋਈ, ਆਪ ਦੇ ਦਿਆਲੂ ਮਨ ਤੇ ਉਸ ਦਾ ਗਹਿਰਾ ਅਸਰ ਪਿਆ। ਵਿਚਾਰ ਕਰਕੇ ਫੈਸਲਾ ਕੀਤਾ ਗਿਆ ਕਿ ਲੰਗਰ ਤੋਂ ਲੈ ਕੇ ਦਰਬਾਰ ਸਾਹਿਬ ਤੱਕ ਖੁੱਲ੍ਹਾ ਬਰਾਂਡਾ ਬਣਾਇਆ ਜਾਵੇ, ਤਾਂ ਕਿ ਵੱਡੇ ਸਮਾਗਮਾਂ ਵੇਲੇ ਖੁੱਲ੍ਹੇ ਦੀਵਾਨ

ਵੀ ਉਸ ਵਿੱਚ ਹੀ ਸਜਾਏ ਜਾਣ ਅਤੇ ਸੰਗਤਾਂ ਲੰਗਰ ਛੱਕਣ ਦਾ ਲਾਭ ਵੀ ਉਠਾਉਂਦੀਆਂ ਰਹਿਣ। ਇਸ ਵਿਚਾਰ ਨਾਲ ਮਿਸਤਰੀਆਂ ਨੂੰ ਬੁਲਾ ਕੇ ਪਿੱਲਰ ਆਦਿਕ ਖੋਦਣ ਦਾ ਕੰਮ ਸ਼ੁਰੂ ਕਰਵਾ ਕੇ, ਅਕਤੂਬਰ ਦੇ ਅਖੀਰ ਵਿੱਚ ਸੰਤ ਜੋਧ ਸਿੰਘ ਜੀ ਨੂੰ ਨਾਲ ਲੈ ਕੇ ਬਨਾਰਸ ਗਏ। ਉਥੇ ਆਪਣੇ ਅਸਥਾਨ ਦੇ ਪ੍ਰਬੰਧਕ ਸੰਤ ਭਰਤ ਸਿੰਘ ਜੀ ਨੂੰ ਪਹਿਲਾਂ ਹੀ ਸੂਚਤ ਕੀਤਾ ਹੋਇਆ ਸੀ, ਕਿ ਅਸੀਂ ਇਸ ਦਿਨ ਫਲਾਣੀ ਗੱਡੀ ਆ ਰਹੇ ਹਾਂ, ਇਸ ਲਈ ਸੰਤ ਭਰਤ ਸਿੰਘ ਜੀ ਪਹਿਲਾਂ ਹੀ ਸਟੇਸ਼ਨ ਤੇ ਪਹੁੰਚੇ ਹੋਏ ਸਨ। ਅਸਥਾਨ ਤੇ ਪਹੁੰਚ ਕੇ ਰਾਤ ਗੁਜ਼ਾਰੀ, ਸਵੇਰੇ ਸ਼ਹਿਰ ਦੇ ਖਾਸ-ਖਾਸ ਅਸਥਾਨਾਂ ਦੇ ਦਰਸ਼ਨ-ਦੀਦਾਰੇ ਕੀਤੇ ਅਤੇ ਸੰਤ ਮਹਾਤਮਾਵਾਂ ਨੂੰ ਮਿਲ ਕੇ ਭੰਡਾਰੇ ਲਈ ਨਿਮੰਤਰਣ ਦਿੱਤੇ। ਸ਼ਾਮ ਨੂੰ ਪਤਾ ਲੱਗਿਆ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਹੋ ਗਿਆ, ਜਿਸ ਕਰਕੇ ਦੰਗੇ ਫਸਾਦ ਸ਼ੁਰੂ ਹੋ ਗਏ ਅਤੇ ਜਗ੍ਹਾ-ਜਗ੍ਹਾ ਸਾੜ ਫੂਕਾਂ ਸ਼ੁਰੂ ਹੋ ਗਈਆਂ, ਫਲਸਵਰੂਪ ਬਹੁਤੇ ਥਾਵਾਂ ਤੇ ਕਰਫਿਊ ਲੱਗ ਗਏ। ਬਨਾਰਸ ਵਿੱਚ ਵੀ ਕਰਫਿਊ ਦੀ ਵਜ੍ਹਾ ਕਰਕੇ ਜਨ ਜੀਵਨ ਠੱਪ ਹੋ ਗਿਆ ਅਤੇ ਰੇਲਾਂ ਵਿੱਚ ਵੀ ਮਾਰ-ਧਾੜ, ਸਾੜ-ਫੂਕ ਸ਼ੁਰੂ ਹੋ ਗਈ, ਜਿਸ ਕਰਕੇ ਗੌਰਮਿੰਟ ਨੇ ਦੇਸ਼ ਭਰ ਵਿੱਚ ਰੇਲਾਂ ਬੰਦ ਕਰ ਦਿੱਤੀਆਂ। ਸਰਕਾਰ ਨੇ ਆਪਣੇ ਸਾਧਨਾਂ ਰਾਹੀਂ ਯਾਤਰੀਆਂ ਨੂੰ ਸੂਚਿਤ ਕੀਤਾ ਕਿ ਜਿਨ੍ਹਾਂ ਲੋਕਾਂ ਨੇ ਸੀਟਾਂ ਦੀ ਬੁੱਕਿੰਗ ਕਰਵਾਈ ਹੋਈ ਹੈ, ਉਹ ਆਪਣੀ ਰਿਜ਼ਰਵੇਸ਼ਨ ਤਬਦੀਲ ਕਰਵਾ ਕੇ ਅੱਗੇ ਕਰਵਾ ਸਕਦੇ ਹਨ। ਇੱਧਰ ਆਪ ਜੀਆਂ ਦੀਆਂ ਵਾਪਸੀ ਟਿਕਟਾਂ ਵੀ ਚਾਰ ਨਵੰਬਰ ਦੀਆਂ ਬੁੱਕ ਸਨ ਜੋ ਕਿ ਸੰਤ ਭਰਤ ਸਿੰਘ ਜੀ ਨੇ ਚਾਰ ਨਵੰਬਰ ਦੇ ਬਜਾਏ ਫਿਰ ਦਸ ਨਵੰਬਰ ਦੀ ਬੁੱਕਿੰਗ ਕਰਵਾਈ। ਇਸ ਪ੍ਰਕਾਰ ਦਾਨਾ ਪਾਣੀ ਦੇ ਵਸ ਇੱਕ ਹਫਤਾ ਹੋਰ ਬਨਾਰਸ ਠਹਿਰ ਕੇ ਸਾਧੂ ਮਹਾਤਮਾਵਾਂ ਨੂੰ ਭੰਡਾਰਾ ਦੇ ਕੇ ਦਸ ਨਵੰਬਰ ਨੂੰ ਵਾਪਸ ਰਿਸ਼ੀਕੇਸ਼ ਆ ਗਏ। ਜਿਥੇ ਸਾਰੇ ਦੇਸ਼ ਵਿੱਚ ਸਾੜ ਫੂਕ ਨਾਲ ਹਜ਼ਾਰਾਂ ਬੰਦਿਆਂ ਦੀਆਂ ਜਾਨਾਂ ਗਈਆਂ, ਹਜਾਰਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਬੇਅਦਬੀ ਹੋਈ, ਅਤੇ ਅਰਬਾਂ ਰੁਪਏ ਦੀਆਂ ਜਾਇਦਾਦਾਂ ਦਾ ਨੁਕਸਾਨ ਕੀਤਾ ਗਿਆ, ਉਥੇ ਇਧਰ ਰਿਸ਼ੀਕੇਸ਼, ਹਰਿਦੁਆਰ ਵਿੱਚ ਅਧੱਰਮੀ ਲੋਕਾਂ ਨੇ ਗੁਰੂ ਘਰ ਨਾਲ ਸੰਬੰਧਤ ਅਸਥਾਨਾਂ ਅਤੇ ਲੋਕਾਂ ਦੀ ਬੜੇ ਪੱਧਰ ਤੇ ਸਾੜ ਫੂਕ ਕੀਤੀ, ਲੇਕਿਨ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੀ ਅਪਾਰ ਬਖਸ਼ਿਸ਼ ਦਾ ਸਦਕਾ ਆਪ ਦੇ ਅਸਥਾਨਾਂ ਨਿਰਮਲ ਆਸ਼ਰਮ ਰਿਸ਼ੀਕੇਸ਼ ਅਤੇ ਨਿਰਮਲ ਬਾਗ ਕਨਖਲ ਦਾ ਵਾਲ ਵਿੰਗਾ ਨਹੀਂ ਹੋਇਆ। ਲੋਕਾਂ ਦੇ ਮਨਾਂ ਵਿੱਚ ਦਹਿਸ਼ਤ ਅਜੇ ਵੀ ਬਹੁਤ ਸੀ, ਗੁਰੂ ਘਰ ਨਾਲ ਸੰਬੰਧਤ ਲੋਕ ਸੋਚ ਰਹੇ ਸਨ ਕਿ ਇਧਰ ਹੋਰ ਜਾਇਦਾਦਾਂ ਨਾ ਬਣਾਈਆਂ ਜਾਣ, ਮਕਾਨ ਆਦਿ ਕਿਸੇ ਵੀ ਕੰਮ ਤੇ ਪੈਸਾ ਨਾ ਖਰਚ ਕੀਤਾ ਜਾਵੇ, ਲੇਕਿਨ ਇੱਧਰ ਹੁਕਮ ਰਜਾਈ ਵਿੱਚ ਲੀਨ ਬੇਪ੍ਰਵਾਹ ਪ੍ਰੀਤਮ ਨੇ ਕਨਖਲ ਚੱਲ ਰਹੇ ਬਰਾਂਡੇ ਵਾਲੇ ਕਾਰਜ ਨੂੰ ਹੋਰ ਤੇਜ਼ ਕਰਵਾਇਆ, ਤਾਂ ਕਿ ਨਵੰਬਰ-ਨਵੰਬਰ ਲੈਂਟਰ ਪੈ ਜਾਵੇ। ਐਸਾ ਹੀ ਕੀਤਾ ਗਿਆ, ਥੋੜ੍ਹੇ ਦਿਨਾਂ ਵਿੱਚ ਹੀ ਪਿਲਰ ਉਸਾਰ ਕੇ ਲੈਂਟਰ ਦੀ ਤਿਆਰੀ ਕਰ ਲਈ। ਖੋਖ ਵਾਲੀ ਸੰਗਤ ਨੇ ਪਹਿਲਾਂ ਹੀ ਅਰਜ਼ ਕਰਕੇ ਬਚਨ ਲਿਆ ਹੋਇਆ ਸੀ ਕਿ ਆਪ ਜੀ ਵਲੋਂ ਪਾਏ ਜਾਣ ਵਾਲੇ ਹਰ ਲੈਂਟਰ ਦੀ ਸੇਵਾ ਸਾਨੂੰ ਬਖਸ਼ੋ! ਸੋ ਨੀਯਤ ਦਿਨ ਤੇ ਖੋਖ, ਕੋਟਲੀ, ਨਾਭਾ, ਲੋਪੇ ਆਦਿਕ ਥਾਵਾਂ ਦੀ ਸੰਗਤ ਨੇ ਪਹੁੰਚ ਕੇ ਲੈਂਟਰ ਦੀ ਸੇਵਾ ਵਿੱਚ ਹਿੱਸਾ ਪਾਇਆ। ਇਸ ਪ੍ਰਕਾਰ ਨਵੰਬਰ ਮਹੀਨੇ ਲੈਂਟਰ ਪਾ ਕੇ ਦਸੰਬਰ ਦੇ ਸ਼ੁਰੂ ਵਿੱਚ ਬੰਬਈ ਨਿਵਾਸੀ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਕੇ ਬੰਬਈ ਪਹੁੰਚੇ।

## ਸੰਨ 1985 ਈ:

ਕੋਈ ਢਾਈ ਕੁ ਮਹੀਨੇ ਸੰਗਤਾਂ ਦੇ ਪ੍ਰੇਮ ਵਿੱਚ ਬੰਬਈ ਠਹਿਰੇ, ਫਿਰ ਫਰਵਰੀ ਵਿੱਚ ਵਾਪਸ ਆ ਕੇ ਆਸ਼ਰਮ ਦੇ ਕੰਮਾਂ ਵੱਲ ਕੁਝ ਧਿਆਨ ਦਿੱਤਾ। ਆਸ਼ਰਮ ਵਿੱਚ ਵਰਤੇ ਜਾਣ ਵਾਲੇ ਪਾਣੀ ਦੀ ਸਹੂਲਤ ਵਾਸਤੇ ਸਰਾਂ ਵਾਲੇ ਵਿਹੜੇ ਵਿੱਚ ਇਕ ਵੱਡਾ ਟੈਂਕ ਬਣਵਾਇਆ, ਛੇਤਰ ਵਾਲੇ ਵਿਹੜੇ ਵਿੱਚੋਂ ਇੱਟਾਂ ਦਾ ਪੁਰਾਣਾ ਫਰਸ਼ ਪੁੱਟ ਕੇ ਮਾਰਬਲ ਲਾਇਆ ਅਤੇ ਦਰਬਾਰ ਸਾਹਿਬ ਦੀ ਅੰਦਰੋਂ-ਬਾਹਰੋਂ ਮੁਰੰਮਤ ਕਰਾ ਕੇ ਜਾਲੀ ਵਾਲੇ ਨਵੇਂ ਦਰਵਾਜ਼ੇ ਲਾਏ ਗਏ। ਉੱਧਰ ਬਾਬੇ ਨਾਨਕ ਦੀ ਅਪਾਰ ਬਖਸ਼ਿਸ਼ ਹੋਈ ਹੁਣ ਲੰਗਰ ਵਿੱਚ ਹੋਰ ਸਵੰਨਤਾ ਆ ਗਈ। ਹੁਣ ਤੋਂ ਪਹਿਲਾਂ ਸਵੇਰ ਦੇ ਛੇਤਰ ਵਿੱਚ ਸਾਧੂ ਅਤੇ ਗਰੀਬ ਲੋੜਵੰਦਾਂ ਨੂੰ ਚਾਹ ਨਾਲ ਬਰੈਡ ਦਿੱਤੇ ਜਾਂਦੇ ਸਨ, ਕਿਉਂਕਿ ਆਸ਼ਰਮ ਦੇ ਪੂਰਵਜਾਂ ਵੱਲੋਂ ਹੀ ਇਹ ਦ੍ਰਿੜ ਵਿਸ਼ਵਾਸ਼ ਚੱਲਿਆ ਆ ਰਿਹਾ ਸੀ ਕਿ ਜੋ ਰਾਸ਼ਨ ਜਾਂ ਪਦਾਰਥ ਗੁਰੂ ਨਾਨਕ ਸਾਹਿਬ ਭੇਜ ਰਹੇ ਹਨ ਉਹ ਲੋੜਵੰਦਾਂ ਨਾਲ ਵੰਡ ਕੇ ਛਕ ਲੈਣੇ ਹਨ, ਹੋਰ ਉਗਰਾਹੀ ਵਗੈਰਾ ਕੋਈ ਨਹੀਂ ਕਰਨੀ, ਯਾਨੀ ਕੋਲ ਆਇਆ ਰੱਖਣਾ

ਨਹੀਂ, ਨਾ ਆਏ ਦੀ ਇੱਛਾ ਨਹੀਂ ਕਰਨੀ। ਸਾਂਈ ਦੀ ਰਜ਼ਾ ਵਿੱਚ ਰਾਜ਼ੀ ਰਹਿਣਾ ਹੈ, ਇਸ ਲਈ ਰੱਤੀ ਭਰ ਵੀ ਕਿਸੇ ਵਸਤੂ ਦੀ ਕਿਸੇ ਦੂਸਰੇ ਤੋਂ ਮੰਗ ਨਹੀਂ ਕਰਨੀ, ਗੁਰੂ ਨਾਨਕ ਦਾ ਆਪਣਾ ਆਸ਼ਰਮ ਹੈ ਜਿਵੇਂ ਮਰਜ਼ੀ ਚਲਾਵੇ। ਸਾਧੂ ਗਰੀਬ ਲੋੜਵੰਦਾਂ ਦੀ ਪ੍ਰਾਲਬਧ ਅਨੁਸਾਰ ਪਰਮੇਸ਼ਰ ਛਤੀਹ ਪ੍ਰਕਾਰ ਦੇ ਪਦਾਰਥ ਭੇਜੇ, ਪਕਾ ਕੇ ਛਕਾ ਦਿਆਂਗੇ, ਨਾ ਭੇਜੇ ਤਾਂ ਭਾਂਡੇ ਮੂਧੇ ਮਾਰ ਦਿਆਂਗੇ। ਹੁਣ ਗੁਰੂ ਨਾਨਕ ਨੇ ਆਪਣੇ ਪਿਆਰਿਆਂ ਦੀ ਸੰਸਾਰ ਵਿੱਚ ਜਸ ਕੀਰਤੀ ਦਾ ਡੰਕਾ ਵਜਾਉਣ ਲਈ, ਗਰੀਬਾਂ ਲੋੜਵੰਦਾਂ ਤੇ ਤਰਸ ਖਾ ਕੇ ਥੋਖ ਵਰਗੇ ਗੁਰੂ ਬਖਸ਼ੇ ਦਾਨੀ ਪਿੰਡ ਨੂੰ ਅੰਦਰੋਂ ਪ੍ਰੇਰਨਾ ਕਰਕੇ ਕਣਕ ਦੇ ਟਰੱਕ ਭੇਜਣੇ ਸ਼ੁਰੂ ਕਰ ਦਿੱਤੇ। ਦੂਸਰੀ ਦਿੱਕਤ ਸੀ ਪ੍ਰਸ਼ਾਦੇ ਬਣਾਉਣ ਵਾਲਿਆਂ ਦੀ ਉਹ ਵੀ ਪਰਮੇਸ਼ਰ ਨੇ ਹੱਲ ਕਰ ਦਿੱਤੀ ਕਿਉਂਕਿ ਵਿਰੱਕਤ ਮਹਾਰਾਜ ਜੀਆਂ ਦੀ ਕ੍ਰਿਪਾ ਅਤੇ ਮਹੰਤ ਮਹਾਰਾਜ ਜੀ ਦੇ ਪ੍ਰੇਮ ਦੀਆਂ ਧਰੂਹੀਆਂ ਪੰਜਾਬੀ ਸੰਗਤਾਂ ਦੀ ਭਰਵੀਂ ਆਵਾਜਾਈ ਸ਼ੁਰੂ ਹੋ ਗਈ। ਹੁਣ ਸਵੇਰੇ ਬਜਾਏ ਬਰੈਡ-ਚਾਹ ਦੇ ਗਰਮ-ਗਰਮ ਚਾਹ ਅਤੇ ਦਾਲ ਪ੍ਰਸ਼ਾਦੇ ਤਾਂ ਸ਼ੁਰੂ ਹੋ ਹੀ ਗਏ, ਲੇਕਿਨ ਹਫਤੇ ਵਿੱਚ ਇੱਕ-ਦੋ ਵਾਰੀ ਕੁਝ ਮਿਸ਼ਠਾਨ, ਜਾਂ ਨਮਕੀਨ ਪਦਾਰਥ ਵੀ ਵਰਤਣੇ ਸ਼ੁਰੂ ਹੋ ਗਏ। ਕਨਖਲ ਬਾਗ ਵਿੱਚ ਗਊਆਂ ਤਾਂ ਭਾਵੇਂ ਪਹਿਲਾਂ ਹੀ ਸਨ ਲੇਕਿਨ ਸੰਗਤਾਂ ਦੇ ਭਰਵੇਂ ਵਿਸਥਾਰ ਨੂੰ ਦੇਖਕੇ ਦੁੱਧ ਦੀ ਸਮਰੱਥਾ ਵਧਾਉਣ ਲਈ ਚੰਗੀਆਂ ਕਿਸਮਾਂ ਦੀਆਂ ਗਊਆਂ ਹੋਰ ਲੈ ਲਈਆਂ। ਇਸ ਪ੍ਰਕਾਰ ਨਿਰਮਲ ਆਸ਼ਰਮ ਰੂਪੀ ਬਾਗ ਜੋ ਪਚਾਸੀ ਸਾਲ ਪਹਿਲਾਂ ਲਾਇਆ ਗਿਆ ਸੀ ਸੰਨ ਪਚਾਸੀ ਵਿੱਚ ਬਸੰਤ ਰੁੱਤ ਵਾਂਗ ਖਿੜਣਾ ਸ਼ੁਰੂ ਹੋ ਗਿਆ। ਡੂੰਘੀ ਦ੍ਰਿਸ਼ਟੀ ਨਾਲ ਦੇਖਿਆਂ ਇਉਂ ਪ੍ਰਤੀਤ ਹੋ ਰਿਹਾ ਹੈ, ਕਿ ਨਵੇਂ ਅਲੌਕਿਕ ਮਾਲੀ ਅਤੇ ਉਨ੍ਹਾਂ ਦੀ ਸਹਾਇਕ ਮੰਡਲੀ ਦੀ ਸੂਝ-ਬੂਝ ਦਾ ਸਦਕਾ ਇਹ ਬਾਗ ਜਲਦੀ ਹੀ ਆਪਣੀ ਮਹਿਕ, ਖੁਸ਼ਬੂ, ਸੁੰਦਰ ਛਾਂ ਅਤੇ ਮਿੱਠੇ ਫਲ ਬੇ-ਪ੍ਰਵਾਹੀ ਨਾਲ ਵਰਤਾਉਣੇ ਸ਼ੁਰੂ ਕਰ ਦੇਵੇਗਾ, ਤੇ ਜੀਵ ਰੂਪੀ ਪੰਛੀ ਭੌਰੇ ਸੰਸਾਰਕ ਤਪਸ਼ ਦੇ ਸਤਾਏ ਇਥੇ ਆ ਕੇ ਸ਼ਾਂਤੀ ਅਤੇ ਤ੍ਰਿਪਤੀ ਹਾਸਲ ਕਰਨਗੇ। ਇਸ ਪ੍ਰਕਾਰ ਜ਼ਿਆਦਾ ਸਮਾਂ ਇਸ ਸਾਲ ਆਸ਼ਰਮ ਵਿੱਚ ਹੀ ਗੁਜ਼ਾਰਿਆ। ਕੁਝ ਪ੍ਰੇਮੀਆਂ ਦੀ ਬੇਨਤੀ ਤੇ ਥੋੜ੍ਹਾ ਬਾਹਰ ਗਏ, ਲੇਕਿਨ ਜ਼ਿਆਦਾ ਸਮਾਂ ਇਥੇ ਹੀ ਰਹੇ। ਸਾਲ ਦੇ ਅਖੀਰ ਵਿੱਚ ਹਰ ਸਾਲ ਦੀ ਤਰ੍ਹਾਂ ਬੰਬਈ ਨਿਵਾਸੀ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਕੇ ਬੰਬਈ ਪਹੁੰਚੇ।

## ਮਨੀਕਰਨ ਦੀ ਯਾਤਰਾ

ਸ੍ਰ: ਗੁਰਨਾਮ ਸਿੰਘ ਥੋਖ ਕਾਫੀ ਸਮੇਂ ਤੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਕਰਵਾ ਕੇ ਬਸੰਤ ਪੰਚਮੀਂ ਦਾ ਸਲਾਨਾ ਜੋੜਮੇਲਾ ਆਪਣੇ ਘਰ ਮਨਾਉਂਦੇ ਆ ਰਹੇ ਹਨ। ਪਹਿਲਾਂ ਵਿਰੱਕਤ ਮਹਾਰਾਜ ਜੀ ਵੀ ਇਸ ਪ੍ਰੇਮੀ ਪਰਿਵਾਰ ਦੀ ਬੇਨਤੀ ਪ੍ਰਵਾਨ ਕਰਕੇ ਇਸ ਸਲਾਨਾ ਸਮਾਗਮ ਵਿੱਚ ਅਕਸਰ ਆਉਂਦੇ ਰਹੇ ਹਨ, ਹੁਣ ਉਨ੍ਹਾਂ ਦੇ ਸਾਖਸ਼ਾਤ ਸਰੂਪ ਮਹੰਤ ਬਾਬਾ ਰਾਮ ਸਿੰਘ ਮਹਾਰਾਜ ਜੀ ਵੀ ਅਗਰ ਬੰਬਈ ਨਾ ਗਏ ਹੋਣ ਤਾਂ ਪ੍ਰੇਮੀ ਪਰਿਵਾਰ ਦੀ ਬੇਨਤੀ ਪ੍ਰਵਾਨ ਕਰਕੇ ਦਰਸ਼ਨ ਬਖਸ਼ਿਸ਼ ਕਰਦੇ ਹਨ।

ਇਸ ਬਰਸ ਯਾਨੀ 1986 ਈ: ਵਿੱਚ ਤੇਰਾਂ ਫਰਵਰੀ ਦੀ ਬਸੰਤ ਪੰਚਮੀਂ ਹੈ ਅਤੇ ਉਸੇ ਦਿਨ ਗੁਰਨਾਮ ਸਿੰਘ ਦੇ ਛੋਟੇ ਲੜਕੇ ਗੁਰਚਰਨ ਸਿੰਘ ਦੀ ਸ਼ਾਦੀ ਸ: ਅਜੈਬ ਸਿੰਘ ਬਾਬਰਪੁਰ ਵਾਲੇ ਦੀ ਲੜਕੀ ਨਾਲ ਹੋਣੀ ਨੀਯਤ ਕੀਤੀ ਗਈ ਹੈ। ਪ੍ਰੇਮੀ ਪਰਿਵਾਰ ਨੇ ਹਜ਼ੂਰ ਦੇ ਚਰਨਾਂ ਵਿੱਚ ਅਰਜ਼ ਕੀਤੀ, ਮਹਾਰਾਜ ਕ੍ਰਿਪਾ ਕਰੋ ਘਰ ਦੋ ਕਾਰਜ ਹਨ, ਆਪ ਮਿਹਰ ਕਰੋ ਆਪ ਦੇ ਚਰਨ ਪੈਣ ਨਾਲ ਸਫਲ ਹੋ ਜਾਣ। ਹਜ਼ੂਰ ਨੇ ਪ੍ਰਵਾਨਗੀ ਦੇ ਦਿੱਤੀ। ਪਰਿਵਾਰ ਵਾਲੇ ਬਾਰਾਂ ਫਰਵਰੀ ਨੂੰ ਆਪ ਨੂੰ ਰਿਸ਼ੀਕੇਸ਼ ਤੋਂ ਲੈ ਆਏ, ਤੇਰਾਂ ਤਾਰੀਖ ਬਸੰਤ ਪੰਚਮੀ ਵਾਲੇ ਦਿਨ ਸਵੇਰੇ ਗੁਰਨਾਮ ਸਿੰਘ ਦੇ ਘਰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਬਰਾਤ ਬਾਬਰਪੁਰ ਪਹੁੰਚ ਗਈ ਅਤੇ ਹਜ਼ੂਰ ਵੀ ਛੋਟੂ ਬਾਬਾ ਜੀ ਸਮੇਤ ਇੱਕ ਕਾਰ ਵਿੱਚ ਜਾ ਪਧਾਰੇ। ਅੱਗੇ ਅਜੈਬ ਸਿੰਘ ਹੁਰਾਂ ਵੱਲੋਂ ਆਪ ਜੀ ਦੇ ਬੈਠਣ ਲਈ ਇੱਕ ਅਲੱਗ ਮਕਾਨ ਵਿੱਚ ਇੰਤਜ਼ਾਮ ਕੀਤਾ ਹੋਇਆ ਸੀ, ਉਥੇ ਬਿਰਾਜਮਾਨ ਕੀਤਾ ਗਿਆ। ਅਨੰਦ ਕਾਰਜ ਦੀ ਰਸਮ ਪੂਰੀ ਹੋਣ ਤੇ ਆਪ ਜੀ ਨੇ ਹੁਕਮਨਾਮੇ ਦੀ ਵਿਆਖਿਆ ਸਹਿਤ ਕਥਾ ਕੀਤੀ, ਉਪਰੰਤ ਆਪ ਤਾਂ ਉਸੇ ਸਮੇਂ ਥੋਖ ਵਾਪਸ ਆ ਗਏ, ਲੇਕਿਨ ਬਰਾਤ ਸ਼ਾਮ ਤੱਕ ਵਾਪਸ ਆਈ।

ਦੂਸਰੇ ਦਿਨ ਯਾਨੀ ਚੌਦਾਂ ਫਰਵਰੀ ਵਾਲੇ ਦਿਨ ਗੁਰਨਾਮ ਸਿੰਘ ਨੇ ਅਰਜ਼ ਕੀਤੀ, ਮਹਾਰਾਜ! ਮਨੀਕਰਨ ਬਹੁਤ ਸੁੰਦਰ ਅਸਥਾਨ ਹੈ, ਉਸ ਦੇ ਪ੍ਰਬੰਧਕ ਵੀ ਬਹੁਤ ਅੱਛੇ ਮਹਾਂਪੁਰਸ਼ ਹਨ, ਆਪ ਦਾ ਹੁਕਮ ਹੋਵੇ ਕੱਲ ਉਥੋਂ ਦੇ ਦਰਸ਼ਨ ਕਰੀਏ। ਉਸ ਸਮੇਂ ਉਜਗਰ ਸਿੰਘ ਸੂਰੀ ਅਤੇ ਸ੍ਰ: ਸਤਨਾਮ ਸਿੰਘ ਗੁਰਾਇਆਂ ਵਾਲੇ ਵੀ ਚਰਨਾਂ ਵਿੱਚ ਬੈਠੇ ਸਨ, ਉਨ੍ਹਾਂ

ਨੇ ਵੀ ਅਰਜ਼ ਕੀਤੀ, ਮਹਾਰਾਜ ਕ੍ਰਿਪਾ ਕਰੋ। ਆਪ ਮਨੀਕਰਨ ਚੱਲੋ ਤਾਂ ਅਸੀਂ ਵੀ ਆਪ ਜੀਆਂ ਦੇ ਸੰਗ ਵਿੱਚ ਦਰਸ਼ਨ ਕਰ ਆਈਏ। ਭੂਤ ਭਵਿੱਖ ਦੇ ਗਿਆਤਗੋਯ ਦਾਤੇ ਨੇ ਸ਼ਾਇਦ ਇਹ ਸੋਚ ਕੇ ਕਿ ਕਿਸੇ ਇੱਕ ਦਾ ਵੀ ਇਸ਼ਨਾਨ ਹੋ ਜਾਵੇ ਚੰਗਾ ਹੀ ਹੈ, ਪ੍ਰਵਾਨਗੀ ਦੇ ਦਿੱਤੀ। ਦੂਸਰੇ ਦਿਨ ਪੰਦਰਾਂ ਫਰਵਰੀ 1986 ਵਾਲੇ ਦਿਨ ਸਵੇਰੇ ਹੀ ਦੋ ਗੱਡੀਆਂ ਤਿਆਰ ਹੋ ਗਈਆਂ, ਇਕ ਕਾਰ ਵਿੱਚ ਮਹਾਰਾਜ ਅਤੇ ਛੋਟੂ ਬਾਬਾ ਜੀ ਅਤੇ ਇਕ-ਦੋ ਪ੍ਰੇਮੀ ਹੋਰ ਨਾਲ ਬਿਠਾ ਲਏ। ਦੂਸਰੇ ਜਥੇਦਾਰ ਨਛੱਤਰ ਸਿੰਘ ਨੇ ਆਗਿਆ ਲੈ ਕੇ ਆਪਣੀ ਜੀਪ ਤਿਆਰ ਕਰ ਲਈ ਕਿ ਅਸੀਂ ਕੀਰਤਪੁਰ ਸਾਹਿਬ ਤੋਂ ਵਾਪਸ ਆ ਜਾਵਾਂਗੇ। ਸਵੇਰੇ ਹੀ ਚੱਲ ਕੇ ਫਤਹਿਗੜ ਸਾਹਿਬ ਪਹੁੰਚੇ, ਇਥੇ ਦਰਸ਼ਨ ਦੀਦਾਰੇ ਕਰਨ ਉਪਰੰਤ ਬਾਬਾ ਹਰਬੰਸ ਸਿੰਘ ਕਾਰ ਸੇਵਾ ਵਾਲਿਆਂ ਦੇ ਡੇਰੇ ਲੰਗਰ ਪਾਣੀ ਛਕਿਆ, ਉਸ ਦਿਨ ਸਬੱਬ ਨਾਲ ਬਾਬਾ ਹਰਬੰਸ ਸਿੰਘ ਜੀ ਵੀ ਆਏ ਹੋਏ ਸਨ, ਅਤੇ ਉਸੇ ਸਮੇਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਜੀ ਵੀ ਆ ਪਹੁੰਚੇ। ਤਿੰਨੇ ਮਹਾਨ ਹਸਤੀਆਂ ਕੋਈ ਇਕ ਘੰਟਾ ਬੈਠੇ ਪਰੇਮ ਪੂਰਵਕ ਗੱਲਾਂ ਕਰਦੇ ਰਹੇ, ਫਿਰ ਅੱਗੇ ਨੂੰ ਚਾਲੇ ਪਾਏ। ਰੋਪੜ ਪਹੁੰਚ ਕੇ ਗੁਰਦੁਵਾਰਾ ਭੱਠਾ ਸਾਹਿਬ ਦੇ ਦਰਸ਼ਨ ਦੀਦਾਰੇ ਕੀਤੇ, ਇਥੇ ਮੁਨਸ਼ੀ ਰਾਮ ਯਮੁਨਾਨਗਰ ਵਾਲਿਆਂ ਦੀ ਬੇਟੀ ਅਤੇ ਸੰਤ ਗੋਪਾਲ ਸਿੰਘ ਜੀਆਂ ਦੀ ਭਾਣਜੀ ਬੀਬੀ ਸਵਰਨ ਕੌਰ ਮਿਲੀ। ਉਸਨੇ ਅਰਜ਼ ਕੀਤੀ ਮਹਾਰਾਜ ਅਸੀਂ ਇਥੇ ਨੇੜੇ ਹੀ ਪਾਵਰ ਹਾਊਸ ਕਲੌਨੀ ਵਿੱਚ ਰਹਿੰਦੇ ਹਾਂ, ਕ੍ਰਿਪਾ ਕਰੋ ਸਾਡੇ ਘਰ ਚਰਨ ਪਾਉ। ਹਜ਼ੂਰ ਨੇ ਹੁਕਮ ਕੀਤਾ ਹੁਣ ਤਾਂ ਅੱਗੇ ਜਾਣਾ ਹੈ, ਵਾਪਸ ਆਉਂਦੇ ਹੋਏ ਆ ਜਾਵਾਂਗੇ। ਇਤਨੇ ਨੂੰ ਗੁਰਾਇਆਂ ਵਾਲੇ ਵੀ ਆ ਪਹੁੰਚੇ। ਇਸ ਪ੍ਰਕਾਰ ਭੱਠਾ ਸਾਹਿਬ ਦੇ ਦਰਸ਼ਨ ਦੀਦਾਰੇ ਕਰਕੇ ਅਤੇ ਬੀਬੀ ਸਵਰਨ ਕੌਰ ਨੂੰ ਵਾਪਸੀ ਤੇ ਆਉਣ ਦਾ ਬਚਨ ਦੇ ਕੇ ਅੱਗੇ ਨੂੰ ਚਾਲੇ ਪਾਏ। ਹੁਣ ਤਿੰਨੇ ਗੱਡੀਆਂ ਸਹਿਜੇ-ਸਹਿਜੇ ਸਫਰ ਕਰਦੀਆਂ ਜਾ ਪਹੁੰਚੀਆਂ ਕੀਰਤਪੁਰ ਸਾਹਿਬ, ਇਥੇ ਗੁਰਦੁਵਾਰਾ ਸਾਹਿਬ ਪਤਾਲਪੁਰੀ ਦੇ ਦਰਸ਼ਨ ਦੀਦਾਰੇ ਕਰਕੇ ਚਾਹ ਪਾਣੀ ਛਕਿਆ, ਉਪਰੰਤ ਜਥੇਦਾਰ ਨਛੱਤਰ ਸਿੰਘ ਅਤੇ ਗੁਰਨਾਮ ਸਿੰਘ ਆਦਿਕ ਜੀਪ ਵਾਲੇ ਸਾਰੇ ਸੱਜਣ ਵਾਪਸ ਆ ਗਏ। ਹੁਣ ਦੋ ਕਾਰਾਂ ਅੱਗੇ ਨੂੰ ਚੱਲ ਪਈਆਂ, ਪੂਜਯ ਮਹਾਰਾਜ ਜੀ, ਛੋਟੂ ਬਾਬਾ ਜੀ, ਕਰਮ ਸਿੰਘ ਖੋਖ, ਗੁਰਮੀਤ ਸਿੰਘ ਖੋਖ, ਤੇ ਸ਼ਾਇਦ ਇਕ ਪ੍ਰੇਮੀ ਹੋਰ ਵੀ ਸੀ। ਦੂਸਰੀ ਕਾਰ ਵਿੱਚ ਉਜਾਗਰ ਸਿੰਘ ਸੂਰੀ ਅਤੇ ਉਨ੍ਹਾਂ ਦੇ ਘਰੋਂ ਮਾਤਾ ਜੀ, ਸ੍ਰ: ਸਤਨਾਮ ਸਿੰਘ ਤੇ ਉਨ੍ਹਾਂ ਦੇ ਘਰੋਂ ਮਾਤਾ ਸ਼ਰਨਜੀਤ ਕੌਰ ਅਤੇ ਪੰਜਵਾਂ ਡਰਾਈਵਰ। ਇਉਂ ਦੋਨੋਂ ਗੱਡੀਆਂ ਅਰਸ਼ੀ ਪ੍ਰੀਤਮ ਸਮੇਤ ਪੰਜ-ਪੰਜ ਬੰਦੇ ਬਿਠਾ ਕੇ ਪੰਚ ਪਰਵਾਨ ਪੰਚ ਪਰਧਾਨ ਦਾ ਇਲਾਹੀ ਨਾਦ ਕਰਦੀਆਂ ਚੱਲ ਪਈਆਂ ਕੁੱਲੂ ਵੱਲ ਨੂੰ। ਕੋਈ ਢਾਈ ਤਿੰਨ ਘੰਟੇ ਸਫਰ ਕਰਕੇ ਥੋੜ੍ਹਾ ਹਨੇਰਾ ਹੁੰਦੇ ਨੂੰ ਸੁੰਦਰ ਨਗਰ ਪਹੁੰਚ ਗਏ। ਉਥੇ ਹਜ਼ੂਰ ਦਾ ਇਕ ਸੇਵਕ ਡਾ: ਹਰਬੰਸ ਲਾਲ ਬਾਵਾ ਦੰਦ ਚਿਕੱਤਸਕ ਦਾ ਕੰਮ ਕਰਦਾ ਸੀ, ਉਸ ਦੀ ਦੁਕਾਨ ਤੇ ਪਹੁੰਚੇ, ਅੱਗੇ ਉਹ ਪ੍ਰੇਮੀ ਦੁਕਾਨ ਦਾ ਦਰਵਾਜ਼ਾ ਬੰਦ ਕਰੀ ਅੰਦਰ ਬੈਠਾ ਕੰਮ ਕਰ ਰਿਹਾ ਸੀ। ਅਚਾਨਕ ਆਏ ਦੇਖ ਕੇ ਬੜਾ ਖੁਸ਼ ਹੋਇਆ, ਰਾਤ ਭਰ ਪੂਰੇ ਪ੍ਰੇਮ ਨਾਲ ਸੇਵਾ ਕਰਦਾ ਰਿਹਾ, ਸਵੇਰੇ ਉਥੋਂ ਚੱਲ ਕੇ ਨੇਰ ਚੌਂਕ ਪਹੁੰਚੇ, ਉਥੇ ਹਜ਼ੂਰ ਦਾ ਇੱਕ ਸੇਵਕ ਸੁਖਦਰਸ਼ਨ ਸਿੰਘ ਧਨੌਲਾ ਬੈਂਕ ਵਿੱਚ ਨੌਕਰੀ ਕਰਦਾ ਸੀ ਉਸ ਨੂੰ ਮਿਲਕੇ ਅੱਗੇ ਨੂੰ ਚੱਲੇ, ਅੱਗੇ ਦਸ਼ਮ ਪਾਤਿਸ਼ਾਹ ਮਹਾਰਾਜ ਜੀ ਦੀ ਚਰਨ ਧੂੜੀ ਨਾਲ ਪਵਿੱਤਰ ਹੋਏ, ਰਿਵਾਲਸਰ ਅਤੇ ਸਕੇਤ ਮੰਡੀ ਅਦਿਕ ਪਾਵਨ ਅਸਥਾਨਾਂ ਦੇ ਦਰਸ਼ਨ ਦੀਦਾਰੇ ਕਰਦੇ ਹੋਏ, ਸ਼ਾਮ ਨੂੰ ਮਨੀਕਰਨ ਜਾ ਪਹੁੰਚੇ। ਉਥੋਂ ਦੇ ਪ੍ਰਬੰਧਕਾਂ ਨੂੰ ਜਦੋਂ ਪਤਾ ਲੱਗਿਆ ਕਿ ਆਪ ਰਿਸ਼ੀਕੇਸ਼ ਤੋਂ ਨਿਰਮਲ ਆਸ਼ਰਮ ਦੇ ਮਹੰਤ ਹਨ ਤਾਂ ਉਨ੍ਹਾਂ ਨੇ ਬਹੁਤ ਖੁਸ਼ ਹੋ ਕੇ ਖਿੜੇ ਮਨ ਨਾਲ ਆਪ ਜੀ ਦਾ ਸਨਮਾਨ ਸਤਿਕਾਰ ਕੀਤਾ। ਇਕ ਸਾਫ ਕਮਰੇ ਵਿੱਚ ਆਪ ਜੀ ਅਤੇ ਛੋਟੂ ਬਾਬਾ ਜੀ ਨੂੰ ਸੁੰਦਰ ਬਿਸਤਰੇ ਵਿਛਾ ਕੇ ਆਸਣ ਲਗਵਾਏ ਅਤੇ ਦੋ ਕਮਰੇ ਨਾਲ ਵਾਲੀ ਸੰਗਤ ਵਾਸਤੇ ਖੋਲ੍ਹ ਦਿੱਤੇ। ਬਾਹਰ ਬਰਸਾਤ ਦੀ ਬੂੰਦਾਂ-ਬਾਂਦੀ ਹੋ ਰਹੀ ਹੈ ਅਤੇ ਅਸਥਾਨ ਦੇ ਚਾਰੋਂ ਤਰਫ ਦਰਖਤਾਂ ਉਤੇ ਬਰਫ ਇਉਂ ਜੰਮੀ ਪਈ ਹੈ ਜਿਵੇਂ ਦਰਖਤ ਸਫੈਦ ਰੂਈ ਨਾਲ ਲੱਦੇ ਪਏ ਹੋਣ। ਲੰਗਰ ਪਾਣੀ ਛਕ ਕੇ ਹਜ਼ੂਰ ਨੇ ਆਪਣੇ ਕਮਰੇ ਵਿੱਚ ਪੋਥੀ ਪੜ੍ਹਾਉਣੀ ਸ਼ੁਰੂ ਕੀਤੀ, ਜੋ ਸ਼ਾਇਦ ਗੁਰਬਾਣੀ ਦਾ ਫਰੀਦਕੋਟੀ ਟੀਕਾ ਸੀ। ਰਾਤ ਦੇ ਕੋਈ ਦਸ ਕੁ ਵਜੇ ਤੱਕ ਸਤਿਸੰਗ ਚਲਦਾ ਰਿਹਾ, ਫਿਰ ਹੁਕਮ ਕੀਤਾ, ਆਪੋ ਆਪਣੇ ਕਮਰਿਆਂ ਵਿੱਚ ਜਾ ਕੇ ਆਰਾਮ ਕਰ ਲਉ, ਤਾਂ ਪ੍ਰੇਮੀ ਜਾ ਕੇ ਅਰਾਮ ਵਸ ਸੋ ਗਏ। ਇਕ ਪ੍ਰੇਮੀ ਦੀ ਸਵੇਰੇ ਕੋਈ ਤਿੰਨ ਕੁ ਵਜੇ ਅੱਖ ਖੁੱਲ੍ਹ ਗਈ, ਆਪਣੇ ਬਿਸਤਰੇ ਵਿੱਚ ਰਜ਼ਾਈ ਲਪੇਟੀਂ ਪਏ ਦੇ ਮਨ ਵਿੱਚ ਇਕ ਖਿਆਲ ਬੜੀ ਤੇਜ਼ੀ ਨਾਲ ਚੱਲਣਾ ਸ਼ੁਰੂ ਹੋ ਗਿਆ, ਕਿ ਹੁਣ ਮੈਂ ਉਠ ਕੇ ਇਸ਼ਨਾਨ ਕਰਕੇ ਪਹਿਲਾਂ ਦਰਬਾਰ ਸਾਹਿਬ ਵਿੱਚ

ਨਮਸ਼ਕਾਰ ਕਰਾਂ ਜੋ ਕਿ ਉਪਰਲੀ ਮੰਜ਼ਿਲ ਵਿੱਚ ਹੈ ਜਾਂ ਮਹਾਰਾਜ ਜੀ ਦੇ ਦਰਸ਼ਨ ਕਰਾਂ ਜੋ ਕਿ ਇਸੇ ਮੰਜ਼ਿਲ ਵਿੱਚ ਦੋ ਕਮਰੇ ਪਿੱਛੇ ਬਿਰਾਜਮਾਨ ਹਨ, ਫਿਰ ਮਨ ਨੂੰ ਹੁਕਮ ਕਰਦਾ ਹੈ ਕਿ ਚੱਲ ਪਹਿਲਾਂ ਇਸ਼ਨਾਨ ਕਰੀਏ ਫਿਰ ਹੋਰ ਸੋਚਾਂਗੇ। ਲੇਕਿਨ ਮਨ ਨੂੰ ਸ਼ਾਇਦ ਕੋਈ ਅਨਡਿੱਠ ਸ਼ਕਤੀ ਬਾਰ-ਬਾਰ ਇਮਤਿਹਾਨ ਵਿੱਚ ਪਾਈ ਜਾ ਰਹੀ ਹੈ ਕਿ ਇਸ਼ਨਾਨ ਕਰਕੇ ਪਹਿਲਾਂ ਕਿਸੇ ਦੇ ਦਰਸ਼ਨ ਕਰੀਏ। ਵਿਰੱਕਤ ਮਹਾਰਾਜ ਜੀਆਂ ਤੇ ਇਸ ਪਰੇਮੀ ਨੂੰ ਪੂਰਨ ਨਿਸ਼ਠਾ ਸੀ ਕਿ ਪੂਰਨ ਗਿਆਨਵਾਨ ਪ੍ਰਮੇਸ਼ਰ ਰੂਪ ਹਨ। ਉਨ੍ਹਾਂ ਦੇ ਸਰੀਰ ਛੱਡ ਜਾਣ ਤੋਂ ਬਾਅਦ ਇਹ ਤਾਂ ਸਮਝਦਾ ਸੀ ਕਿ ਮਹੰਤ ਮਹਾਰਾਜ ਜੀ ਨੂੰ ਆਪਣਾ ਰੂਪ ਬਣਾ ਗਏ ਹਨ ਲੇਕਿਨ ਫਿਰ ਵੀ ਵਿਸ਼ਵਾਸ ਰੂਪੀ ਫਲ ਤੇ ਕਦੇ-ਕਦੇ ਸ਼ੰਕਾ ਰੂਪੀ ਤੋਤਾ ਚੁੰਜ ਮਾਰ ਕੇ ਦਾਗੀ ਕਰ ਜਾਂਦਾ ਸੀ। ਅੱਜ ਸ਼ਾਇਦ ਦੈਵ ਵਲੋਂ ਸ਼ੰਕੇ ਅਤੇ ਸ਼ੰਸੇ ਰੂਪੀ ਤੋਤਿਆਂ ਦੀਆਂ ਤਮਾਮ ਡਾਰਾਂ ਨੂੰ ਸਦਾ ਲਈ ਉਡਾਉਣ ਦਾ ਖੇਡ੍ਹ ਖੇਡ੍ਹਿਆ ਜਾ ਰਿਹਾ ਹੈ। ਮਨ ਬਾਰ-ਬਾਰ ਇਸ਼ਨਾਨ ਲਈ ਤਕੜਾ ਹੋ ਕੇ ਉਠਣ ਦੀ ਕੋਸ਼ਿਸ਼ ਕਰਦਾ ਹੈ ਲੇਕਿਨ ਫਿਰ ਉਹੀ ਸੰਕਲਪ, ਪਹਿਲਾਂ ਕਿਸ ਦੇ ਦਰਸ਼ਨ ਕਰੀਏ। ਆਖਰ ਤਕੜਾ ਹੋ ਕੇ ਫੈਸਲਾ ਲੈ ਹੀ ਲਿਆ ਕਿ ਚੱਲ ਪਹਿਲਾਂ ਇਸ਼ਨਾਨ ਕਰੀਏ ਫਿਰ ਹੋਰ ਸੋਚਾਂਗੇ। ਹੱਥ ਵਿੱਚ ਕਛਹਿਰਾ ਪਰਨਾ ਫੜਿਆ, ਕੰਬਲ ਦੀ ਬੁੱਕਲ ਮਾਰੀ, ਜਦੋਂ ਕਮਰੇ ਦਾ ਦਰਵਾਜ਼ਾ ਖੋਲ੍ਹਿਆ, ਅੱਗੇ ਮਹੰਤ ਮਹਾਰਾਜ ਜੀ ਛੋਟੂ ਬਾਬਾ ਜੀ ਨੂੰ ਨਾਲ ਲੈ ਕੇ ਦਰਵਾਜ਼ੇ ਦੇ ਸਾਹਮਣੇ ਆ ਗਏ। ਹੁਕਮ ਕੀਤਾ, ਚੱਲੋ ਇਸ਼ਨਾਨ ਕਰੀਏ। ਉਸ ਸਮੇਂ ਪ੍ਰੇਮੀ ਅਸਚਰਜ ਹੋ ਕੇ ਸੋਚ ਰਿਹਾ ਹੈ ਕਿ ਅੱਧੇ ਘੰਟੇ ਦੀ ਮਨ ਵਿੱਚ ਚੱਲ ਰਹੀ ਕਸ਼-ਮ-ਖਸ਼ ਕੀ ਇਹ ਤੋਤਾ ਉਡਾਉਣ ਲਈ ਹੀ ਸੀ? ਹਜ਼ੂਰ ਦੇ ਚਰਨਾਂ ਤੇ ਡਿੱਗ ਕੇ ਅਰਜ਼ ਕੀਤੀ, ਮਹਾਰਾਜ ਅੰਤਰੀਵ ਇਸ਼ਨਾਨ ਤਾਂ ਹੋ ਗਿਆ, ਬਾਹਰਲਾ ਹੁਣ ਕਰ ਲੈਂਦੇ ਹਾਂ। ਇਸ ਪ੍ਰਕਾਰ ਦੋ ਰਾਤਾਂ ਉਸ ਪਵਿੱਤਰ ਅਸਥਾਨ ਤੇ ਰਹਿ ਕੇ ਜਿਸ ਅਨਡਿੱਠ ਕੰਮ ਲਈ ਇਤਨਾ ਲੰਮਾ ਸਫਰ ਕਰਕੇ ਗਏ ਸਨ ਉਸ ਨੂੰ ਸੰਪੂਰਨ ਕਰਕੇ, ਯਾਨੀ ਕਿਸੇ ਪ੍ਰੇਮੀ ਦਾ ਤੀਰਥ ਇਸ਼ਨਾਨ ਕਰਾ ਕੇ ਸਵੇਰੇ ਉਥੋਂ ਵਾਪਸੀ ਚਾਲੇ ਪਾਏ। ਬੀਬੀ ਸਵਰਨ ਕੌਰ ਨਾਗਪਾਲ ਰੋਪੜ ਨੂੰ ਦਿੱਤੇ ਬਚਨ ਅਨੁਸਾਰ ਸ਼ਾਮ ਨੂੰ ਉਸ ਦੇ ਘਰ ਰੋਪੜ ਪਹੁੰਚੇ। ਚਾਹ ਪਾਣੀ ਛਕਿਆ ਉਪਰੰਤ ਪਰਿਵਾਰ ਨੂੰ ਕੁਝ ਪ੍ਰੇਮ ਕਣੀ ਬਖਸ਼ਿਸ਼ ਕਰਕੇ ਥੋੜ੍ਹਾ ਹਨੇਰਾ ਹੁੰਦੇ ਨੂੰ ਖੋਖ ਵਾਪਸ ਪਹੁੰਚ ਗਏ।

## 1986 ਦਾ ਕੁੰਭ ਮੇਲਾ ਅਤੇ ਹਸਪਤਾਲ ਦਾ ਨੀਂਹ ਸਮਾਗਮ

1986 ਦਾ ਕੁੰਭ ਮੇਲਾ ਸ਼ੁਰੂ ਹੋਣ ਤੇ ਦੂਰੋਂ ਨੇੜਿਉਂ ਲੱਖਾਂ ਦੀ ਤਾਦਾਦ ਵਿੱਚ ਸ਼ਰਧਾਲੂ ਯਾਤਰੀ ਦਿਨ ਰਾਤ ਹਰਿਦੁਆਰ ਰਿਸ਼ੀਕੇਸ਼ ਨੂੰ ਆ ਰਹੇ ਹਨ, ਇਧਰ ਨਿਰਮਲ ਆਸ਼ਰਮ ਵੀ ਆਪਣਾ ਛਿਆਸੀਵਾਂ ਜਨਮ ਦਿਨ ਬੜੀ ਸੱਜ-ਧੱਜ ਨਾਲ ਮਨਾਉਣ ਦੀਆਂ ਤਿਆਰੀਆਂ ਕਰ ਰਿਹਾ ਹੈ। ਭਾਵੇਂ ਅੱਜ ਤੋਂ ਪਚਾਸੀ ਸਾਲ ਪਹਿਲਾਂ ਇਸ ਨੇ ਸਰੀਰ ਧਾਰਨ ਪਰਉਪਕਾਰ ਲਈ ਹੀ ਕੀਤਾ ਸੀ, ਲੇਕਿਨ ਇਸ ਸਾਲ ਇਸ ਨੇ ਆਪਣੇ ਜਨਮ ਦਿਨ ਤੇ ਲੋੜਵੰਦਾਂ ਨੂੰ ਹੋਰ ਸੁੱਖ-ਸਹੂਲਤਾਂ ਦੇਣ ਦਾ ਮਨ ਬਣਾ ਲਿਆ ਹੈ। ਪਰਉਪਕਾਰ ਰੂਪੀ ਦੁਕਾਨ ਇਸ ਨੇ ਅਜਿਹੇ ਥਾਂ ਖੋਲ੍ਹੀ ਹੈ ਜਿੱਥੇ ਹਜ਼ਾਰਾਂ ਦੀ ਤਾਦਾਦ ਵਿੱਚ ਲੋੜਵੰਦ ਗ੍ਰਾਹਕ ਹਨ ਅਤੇ ਮੁਕਾਬਲੇ ਵਿੱਚ ਹੋਰ ਦੁਕਾਨਾਂ ਵੀ ਬਹੁਤ ਘੱਟ ਹਨ। ਜੇ ਕੁਝ ਗਿਣਵੀਆਂ ਚੁਣਵੀਆਂ ਦੋ ਚਾਰ ਹੈ ਵੀ ਤਾਂ ਉਨ੍ਹਾਂ ਕੋਲ ਮਾਲ ਵੇਚਣ ਦੀ ਸਮਰੱਥਾ ਬਹੁਤ ਘੱਟ ਹੈ। ਇਸ ਲਈ ਗਰਮ-ਗਰਮ ਚਾਹ ਅਤੇ ਲੰਗਰ ਪ੍ਰਸ਼ਾਦੇ ਆਦਿਕ ਵਸਤਾਂ ਤਾਂ ਇਹ ਲੋੜਵੰਦਾਂ ਨੂੰ ਹਰ ਰੋਜ਼ ਮੁਹੱਈਆ ਕਰ ਹੀ ਰਿਹਾ ਹੈ ਅਤੇ ਸਮੇਂ-ਸਮੇਂ ਜ਼ਰੂਰਤਵਾਨਾਂ ਨੂੰ ਕੱਪੜੇ ਚੱਪਲਾਂ ਆਦਿਕ ਵੀ ਵਰਤਾਉਂਦਾ ਰਹਿੰਦਾ ਹੈ ਲੇਕਿਨ ਹੁਣ ਇਸ ਨੇ ਆਪਣੇ ਛਿਆਸੀਵੇਂ ਜਨਮ ਦਿਨ ਤੇ ਲੋੜਵੰਦਾਂ ਨੂੰ ਦਵਾਈਆਂ ਦਾ ਛੇਤਰ ਯਾਨੀ ਹਸਪਤਾਲ ਖੋਲ੍ਹਣ ਦਾ ਪੱਕਾ ਫੈਸਲਾ ਕਰ ਲਿਆ। ਇਹ ਸ਼ਾਦੀ ਦੇ ਕਾਰਜ ਨੂੰ ਮੁੱਖ ਰੱਖ ਕੇ ਸਾਰੇ ਸੱਕੇ ਸੰਬੰਧੀਆਂ ਨੂੰ ਚਿੱਠੀਆਂ ਪਾ ਦਿੱਤੀਆਂ ਗਈਆਂ, ਅਤੇ ਆਪਣੇ ਸ਼ਰੀਕੇ ਕਬੀਲੇ ਦੇ ਭਾਈਚਾਰੇ ਨੂੰ ਵੀ ਨਿਮੰਤਰਣ ਪੱਤਰਾਂ ਰਾਹੀਂ ਬੇਨਤੀ ਕੀਤੀ ਗਈ ਕਿ ਸੋਲਾਂ ਅਪ੍ਰੈਲ ਵਾਲੇ ਦਿਨ ਨਿਰਮਲ ਆਸ਼ਰਮ ਹਸਪਤਾਲ ਦੀ ਨੀਂਹ ਰੱਖਣੀ ਹੈ, ਇਸ ਲਈ ਆਪ ਸਭ ਸੰਤ ਮਹਾਤਮਾ ਅਤੇ ਗ੍ਰਹਿਸਤੀ ਪ੍ਰੇਮੀਆਂ ਨੇ ਉਸ ਸਮੇਂ ਤੇ ਪਹੁੰਚ ਕੇ ਦਰਸ਼ਨ ਦੇਣੇ।

ਹੁਣ ਕੁੰਭ ਮੇਲਾ ਨੇੜੇ ਆ ਗਿਆ, ਇਸ ਲਈ ਉਸ ਵਿੱਚ ਸ਼ਾਮਲ ਹੋਣ ਵਾਸਤੇ ਪੂਜਯ ਮਹੰਤ ਮਹਾਰਾਜ ਜੀ, ਸੰਤ ਜੋਧ ਸਿੰਘ ਜੀ ਅਤੇ ਸੰਤ ਛੋਟੂ ਬਾਬਾ ਜੀ ਆਦਿਕ ਸੰਬੰਧੀ ਸੰਗਤਾਂ ਨੂੰ ਨਾਲ ਲੈ ਕੇ ਹਰਿਦੁਆਰ ਪਹੁੰਚ ਗਏ। ਸਭ ਸੰਪ੍ਰਦਾਵਾਂ ਵੱਲੋਂ ਆਪਣੇ-ਆਪਣੇ ਵਿੱਤ ਮੁਤਾਬਿਕ ਤਿਆਰੀ ਕੀਤੀ ਗਈ ਹੈ ਅਤੇ ਨਿਰਮਲ ਪੰਚਾਇਤੀ ਅਖਾੜੇ ਵੱਲੋਂ

ਨਿਰਮਲ ਛੌਣੀ ਵਿੱਚ ਧਰਮ ਧੁਜਾ ਯਾਨੀ ਨਿਸ਼ਾਨ ਸਾਹਿਬ ਖੜ੍ਹਾ ਕਰਕੇ ਉਸ ਦੀ ਤਾਬਿਆ ਹਰ ਪ੍ਰਕਾਰ ਦੀ ਤਿਆਰੀ ਕੀਤੀ ਹੋਈ ਹੈ। ਨਿਰਮਲ ਸੰਪ੍ਰਦਾਇ ਦੇ ਸਾਧੂ ਮਹਾਤਮਾ ਦੇਸ਼ ਭਰ ਵਿਚੋਂ ਪਹੁੰਚੇ ਹੋਏ ਹਨ। ਵੈਸਾਖੀ ਵਾਲੇ ਦਿਨ ਹਰ ਸੰਪ੍ਰਦਾ ਵੱਲੋਂ ਬੜੀ ਸੱਜ-ਧਜ ਨਾਲ ਸ਼ਾਹੀ, ਯਾਨੀ ਜਲੂਸ (ਨਗਰ ਕੀਰਤਨ) ਕੱਢੇ ਜਾਂਦੇ ਹਨ। ਵੈਸਾਖੀ ਤੋਂ ਇੱਕ ਦਿਨ ਪਹਿਲਾਂ ਨਿਰਮਲ ਸੰਪ੍ਰਦਾ ਵੱਲੋਂ ਧ੍ਰਮ ਧੁਜਾ ਦੀ ਪੂਜਾ ਕੀਤੀ ਗਈ ਜਿਸ ਵਿੱਚ ਸਭ ਤੋਂ ਵਧ ਯੋਗਦਾਨ ਨਿਰਮਲ ਆਸ਼ਰਮ ਵੱਲੋਂ ਹੀ ਪਾਇਆ ਗਿਆ ਅਤੇ ਅਖਾੜੇ ਦੇ ਸ੍ਰੀ ਮਹੰਤਾਂ ਦੀ ਪੂਜਾ ਵਿੱਚ ਵੀ ਆਸ਼ਰਮ ਦਾ ਹਿੱਸਾ ਸਭ ਤੋਂ ਜ਼ਿਆਦਾ ਸੀ। ਦੂਸਰੇ ਦਿਨ ਨਿਰਮਲ ਪੰਚਾਇਤੀ ਅਖਾੜੇ ਵੱਲੋਂ ਜਲੂਸ ਦੀ ਤਿਆਰੀ ਕੀਤੀ ਗਈ ਜਿਸ ਵਿੱਚ ਅਖਾੜੇ ਵੱਲੋਂ ਸੰਪ੍ਰਦਾ ਵਿੱਚ ਪ੍ਰਭਿਤਾਵਾਨ ਅਤੇ ਪ੍ਰਤਿਸ਼ਠਤ ਮਹਾਂਪੁਰਖਾਂ ਵਾਸਤੇ ਪਾਲਕੀਆਂ ਦਾ ਇੰਤਜ਼ਾਮ ਕੀਤਾ ਗਿਆ ਸੀ, ਉਸ ਸਭ ਤਿਆਰੀ ਦੀ ਜ਼ਿੰਮੇਵਾਰੀ ਅਖਾੜੇ ਵੱਲੋਂ ਹੀ ਹੁੰਦੀ ਹੈ। ਸ੍ਰੀ ਮਹੰਤ ਸਾਹਿਬ ਲਈ ਪਾਲਕੀ ਬਹੁਤ ਸੁੰਦਰ ਸਜਾਈ ਗਈ ਸੀ, ਉਸ ਤੋਂ ਦੂਸਰੇ ਨੰਬਰ ਦੇ ਮਹੰਤ ਮਹਾਰਾਜ ਰਾਮ ਸਿੰਘ ਜੀ ਵਾਸਤੇ ਵੀ ਬਹੁਤ ਸੁੰਦਰ ਢੰਗ ਨਾਲ ਪਾਲਕੀ ਸਜਾਈ ਗਈ। ਬਾਕੀ ਹੋਰ ਵੀ ਕਈ ਪ੍ਰਤਿਸ਼ਠਤ ਮਹਾਤਮਾਵਾਂ ਵਾਸਤੇ ਪਾਲਕੀਆਂ ਬਣਾਈਆਂ ਗਈਆਂ ਸਨ, ਲੇਕਿਨ ਪਹਿਲੀਆਂ ਦੋ ਦੀ ਸੁੰਦਰਤਾ ਬਾਕੀ ਦੇ ਨਾਲੋਂ ਬਹੁਤ ਵਿਲੱਖਣ ਸੀ। ਸਭ ਤੋਂ ਮੂਹਰੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਸੋਨੇ ਦੀ ਪਾਲਕੀ ਵਿੱਚ ਸੁਸ਼ੋਭਿਤ ਹਨ ਜੋ ਕਿਸੇ ਸਮੇਂ ਨਿਰਮਲ ਆਸ਼ਰਮ ਵੱਲੋਂ ਹੀ ਬਣਵਾ ਕੇ ਅਖਾੜੇ ਨੂੰ ਭੇਟਾ ਕੀਤੀ ਗਈ ਸੀ। ਉਸ ਤੋਂ ਪਿੱਛੋਂ ਅਖਾੜੇ ਦੇ ਪੂਜਨੀਯ ਸ੍ਰੀ ਮਹੰਤ ਸਾਹਿਬ ਅਤੇ ਤੀਸਰੇ ਨੰਬਰ ਤੇ ਨਿਰਮਲ ਆਸ਼ਰਮ ਦੇ ਮਹੰਤ ਰਾਮ ਸਿੰਘ ਜੀ ਮਹਾਰਾਜ ਫਿਰ ਪਿੱਛੇ ਕ੍ਰਮਵਾਰ ਨਿਰਮਲ ਸੰਪ੍ਰਦਾਇ ਦੇ ਹੋਰ ਪ੍ਰਤਿਸ਼ਠਤ ਮਹਾਤਮਾ। ਸ੍ਰੀ ਗੁਰੂ ਗ੍ਰੰਥ ਸ਼ਾਹਿਬ ਜੀ ਦੇ ਤਾਬਿਆਂ ਪੰਡਿਤ ਗੁਰਦੀਪ ਸਿੰਘ ਜੀ ਕੇਸਰੀ ਬਨਾਰਸ ਵਾਲੇ ਸੁਸ਼ੋਭਿਤ ਸਨ। ਜਲੂਸ ਸਵੇਰੇ ਦਸ ਵਜੇ ਘਾਹ ਮੰਡੀ ਜਵਾਲਾਪੁਰ ਤੋਂ ਸ਼ੁਰੂ ਹੋ ਕੇ ਕਨਖਲ ਤੇ ਹਰਿਦੁਆਰ ਦੇ ਬਾਜ਼ਾਰਾਂ ਵਿੱਚ ਦੀ ਹੁੰਦਾ ਹੋਇਆ ਰਾਤ ਦੇ ਦਸ ਵਜੇ ਯਾਨੀ ਬਾਰਾਂ ਘੰਟੇ ਵਿੱਚ ਨਿਰਮਲ ਛੌਣੀ ਪਹੁੰਚ ਕੇ ਸਮਾਪਤ ਹੋਇਆ। ਕੁੰਭ ਦਾ ਮੇਲਾ ਸ਼ੁਰੂ ਹੋਣ ਤੇ ਨਿਰਮਲ ਛੌਣੀ ਵਿੱਚ ਨਿਰਮਲ ਪੰਚਾਇਤੀ ਅਖਾੜੇ ਵੱਲੋਂ ਹਰ ਰੋਜ਼ ਖੁੱਲ੍ਹਾ ਲੰਗਰ ਚੱਲਦਾ ਰਹਿੰਦਾ ਹੈ ਅਤੇ ਹਰ ਰੋਜ਼ ਕਥਾ ਕੀਰਤਨ ਸਤਿਸੰਗ ਦੇ ਪ੍ਰਵਾਹ ਵੀ ਚੱਲਦੇ ਰਹਿੰਦੇ ਹਨ। ਉਹ ਲੰਗਰ ਦੇ ਚੱਲ ਰਹੇ ਪ੍ਰਵਾਹ ਵਿੱਚ ਇੱਕ ਦਿਨ ਦਾ ਯੱਗ ਮਹੰਤ ਰਾਮ ਸਿੰਘ ਜੀ ਮਹਾਰਾਜ ਵੱਲੋਂ ਕੀਤਾ ਗਿਆ ਅਤੇ ਇਕ ਦਿਨ ਸ੍ਰੀ ਅਮਰੀਕ ਚੰਦ ਚਾਵਲਾ ਜੀ ਵੱਲੋਂ ਹੋਇਆ।

ਇਸ ਪ੍ਰਕਾਰ 1986 ਦੇ ਕੁੰਭ ਮੇਲੇ ਦੀ ਸਮਾਪਤੀ ਕਰਕੇ ਪਰਸੋਂ ਨੂੰ ਹੋ ਰਹੇ ਨਿਰਮਲ ਆਸ਼ਰਮ ਹਸਪਤਾਲ ਦੇ ਨੀਂਹ ਸਮਾਗਮ ਲਈ ਸਾਧੂ ਮਹਾਤਮਾ ਨੂੰ ਸੱਦੇ ਪੱਤਰ ਦੇ ਕੇ ਵਾਪਸ ਰਿਸ਼ੀਕੇਸ਼ ਆ ਗਏ। ਵੈਸਾਖੀ ਵਾਲੇ ਦਿਨ ਆਸ਼ਰਮ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤਾ ਗਿਆ ਅਤੇ ਤੀਸਰੇ ਦਿਨ ਯਾਨੀ ਸੋਲਾਂ ਅਪ੍ਰੈਲ ਵਾਲੇ ਦਿਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਪਵਿੱਤਰ ਚਰਨਾਂ ਵਿੱਚ ਅਰਦਾਸ ਕਰਕੇ ਸੈਂਕੜੇ ਸਿੰਧੀ ਪੰਜਾਬੀ ਗ੍ਰਿਹਿਸਤੀ ਭਗਤਾਂ ਅਤੇ ਸੰਤ ਮਹਾਂਪੁਰਖਾਂ ਦੀ ਮੌਜੂਦਗੀ ਵਿੱਚ ਇਸ ਨਿਰਮਲ ਆਸ਼ਰਮ ਹਸਪਤਾਲ ਰੂਪੀ ਪਰਉਪਕਾਰੀ ਆਦਾਰੇ ਦੀ ਨੀਂਹ ਰੱਖੀ ਗਈ। ਇਸ ਮਹਾਨ ਕਾਰਜ ਦੇ ਸਮੇਂ ਸਰਵ ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੇ ਪੂਜਨੀਕ ਸ੍ਰੀ ਮਹੰਤ ਸਾਹਿਬ ਸ੍ਰੀਮਾਨ, ਮਹੰਤ ਬਲਵੀਰ ਸਿੰਘ ਜੀ ਸ਼ਾਸਤਰੀ, ਅਖਾੜੇ ਦੇ ਸਕੱਤਰ ਉੱਤਮ ਸਿੰਘ ਜੀ ਅਤੇ ਕੁਠਾਰੀ ਸੰਤ ਸੁਰਮੁੱਖ ਸਿੰਘ ਜੀ, ਮਹੰਤ ਤਿਰਲੋਕ ਸਿੰਘ ਜੀ ਹਰਿਦੁਆਰ, ਸੰਤ ਬਿਸ਼ਨ ਸਿੰਘ ਜੀ ਕਰੀਟ ਹਰਿਦੁਆਰ, ਪੰਡਿਤ ਹਕੀਕਤ ਸਿੰਘ ਜੀ ਅਰਬਿੰਦ, ਪੰਡਿਤ ਨਿਹਾਲ ਸਿੰਘ ਜੀ ਹਰਿਦੁਆਰ, ਮਹੰਤ ਗੁਰਬਚਨ ਸਿੰਘ ਜੀ ਬਰਨਾਲੇ ਵਾਲੇ, ਸੰਤ ਮਹਿੰਦਰ ਸਿੰਘ ਜੀ ਬਰਨਾਲੇ ਵਾਲੇ, ਸੰਤ ਪੂਰਨ ਹਰੀ ਜੀ ਬੈਲਪੜਾ, ਮਹੰਤ ਭਗਤ ਸਿੰਘ ਜੀ ਮੁਰਾਦਾਬਾਦ, ਸੰਤ ਨਿਰੰਜਣ ਸਿੰਘ ਜੀ ਅੰਮ੍ਰਿਤਸਰ, ਮਹੰਤ ਮਨਜੀਤ ਸਿੰਘ ਜੀ ਅੰਮ੍ਰਿਤਸਰ, ਮਹੰਤ ਦਰਸ਼ਨ ਸਿੰਘ ਜੀ ਤਿਆਗ ਮੂਰਤੀ ਦੇਵਪੁਰਾ ਆਸ਼ਰਮ ਹਰਿਦੁਆਰ ਇਤਿਆਦਿਕ ਮਹਾਂਪੁਰਸ਼ ਸ਼ਾਮਲ ਹੋਏ। ਸਭ ਮਹਾਂਪੁਰਸ਼ਾਂ ਨੇ ਪਰਉਪਕਾਰ ਦੇ ਮਹਾਨ ਕਾਰਜ ਲਈ ਸਫਲਤਾ ਵਾਸਤੇ ਕਾਮਨਾ ਕੀਤੀ। ਉਪਰੰਤ ਗੁਰ ਕੇ ਲੰਗਰ ਵਿੱਚੋਂ ਪੱਕਾ ਭੰਡਾਰਾ ਵਰਤਿਆ। ਇਸ ਪ੍ਰਕਾਰ ਕੁੰਭ ਦਾ ਮਹਾਨ ਮੇਲਾ ਅਤੇ ਹਸਪਤਾਲ ਦਾ ਨੀਂਹ ਸਮਾਗਮ ਸੰਪੂਰਨ ਹੋਇਆ।




1986 ਦੇ ਕੁੰਭ ਮੇਲੇ ਸਮੇਂ ਮਹੰਤ ਰਾਮ ਸਿੰਘ ਜੀ ਮਹਾਰਾਜ ਜੀ ਆਪਣੀ ਸੰਤ ਮੰਡਲੀ ਸਹਿਤ ਸ਼ਾਹੀ ਜਲੂਸ ਵਿਚ ਸੁਸ਼ੋਭਿਤ

# ਪਿੰਡ ਕੁਤਬਨਪੁਰ ਗੁਰਬਾਣੀ ਦਾ ਬੀਜ

ਸੇਵਾ ਸਿੰਘ ਸਰਪੰਚ ਡਬਰੀ ਵਾਲਿਆਂ ਦੀ ਭਾਈ ਜਰਨੈਲ ਸਿੰਘ ਕੁਤਬਨਪੁਰ ਵਾਲਿਆਂ ਨਾਲ ਨਿੱਜੀ ਰਿਸ਼ਤੇਦਾਰੀ ਹੈ। ਇਹ ਸੱਜਣ ਜਰਨੈਲ ਸਿੰਘ, ਡਬਰੀ ਵਾਲਿਆਂ ਦੀ ਪ੍ਰੇਰਨਾ ਤੇ ਵਿਰੱਕਤ ਮਹਾਰਾਜ ਜੀਆਂ ਦੇ ਬੜੀ ਨਿਸ਼ਠਾ ਭਾਵਨਾ ਨਾਲ ਦਰਸ਼ਨ ਪਰਸਨ ਕਰਦਾ ਰਿਹਾ ਹੈ। ਉਨ੍ਹਾਂ ਦੇ ਸੱਚਖੰਡ ਪਿਆਨੇ ਤੋਂ ਬਾਅਦ ਮਹੰਤ ਮਹਾਰਾਜ ਰਾਮ ਸਿੰਘ ਜੀਆਂ ਨੂੰ ਉਨ੍ਹਾਂ ਦਾ ਸਾਖਸ਼ਾਤ ਰੂਪ ਜਾਣਕੇ ਉਸੇ ਤਰ੍ਹਾਂ ਸ਼ਰਧਾ ਵਿਸ਼ਵਾਸ ਰੱਖਦਾ ਹੈ। ਲੇਕਿਨ ਜਰਨੈਲ ਸਿੰਘ ਦੇ ਪਰਿਵਾਰ ਤੋਂ ਬਿਨ੍ਹਾਂ ਇਸ ਪਿੰਡ ਦੇ ਲੋਕਾਂ ਵਿੱਚ ਗੁਰਬਾਣੀ ਦਾ ਬਹੁਤਾ ਪ੍ਰਭਾਵ ਨਹੀਂ ਅਤੇ ਨਾ ਹੀ ਗੁਰਬਾਣੀ ਦੇ ਡੂੰਘੇ ਭੇਦਾਂ ਦੇ ਜਾਨਣਹਾਰ ਮਹਾਂਪੁਰਸ਼ਾਂ ਦੀ ਮਹਿਮਾਂ ਤੋਂ ਜਾਣੂ ਹਨ।

ਇਕ ਦਫਾ ਦਾ ਜ਼ਿਕਰ ਜਰਨੈਲ ਸਿੰਘ ਨੇ ਹਜ਼ੂਰ ਤੋਂ ਤਾਰੀਕ ਲੈ ਕੇ ਆਪਣੇ ਘਰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਇਆ। ਭੋਗ ਤੋਂ ਇਕ ਦਿਨ ਪਹਿਲਾਂ ਮਹਾਰਾਜ ਜੀ ਦਿੱਤੇ ਬਚਨ ਅਨੁਸਾਰ ਸੰਤ ਬਾਬਾ ਜੋਧ ਸਿੰਘ ਜੀ ਅਤੇ ਸੇਵਾਦਾਰ ਚਰਨਜੀਤ ਸਿੰਘ ਨੂੰ ਨਾਲ ਲੈ ਕੇ ਕੁਤਬਨਪੁਰ ਪਹੁੰਚ ਗਏ। ਦੂਸਰੇ ਦਿਨ ਭੋਗ ਤੋਂ ਬਾਅਦ ਬਾਹਰ ਵਿਹੜੇ ਵਿੱਚ ਖੁੱਲ੍ਹਾ ਪੰਡਾਲ ਲਾ ਕੇ ਦੀਵਾਨ ਸਜਾਉਣ ਦੀ ਤਿਆਰੀ ਕੀਤੀ ਜਾ ਰਹੀ ਸੀ, ਇਸ ਵਿੱਚ ਕੀਰਤਨ ਤੋਂ ਬਾਅਦ ਹਜ਼ੂਰ ਨੇ ਮੁੱਖਵਾਕ ਦੀ ਕਥਾ ਕਰਨੀ ਸੀ। ਅਜੇ ਦੇਰੀ ਜਾਣ ਕੇ ਹਜ਼ੂਰ ਥੋੜ੍ਹਾ ਟਹਿਲਨ ਦੇ ਭਾਵ ਨਾਲ ਸੰਤ ਜੋਧ ਸਿੰਘ ਜੀ ਅਤੇ ਚਰਨਜੀਤ ਨੂੰ ਨਾਲ ਲੈ ਕੇ ਖੇਤਾਂ ਵੱਲ ਨੂੰ ਚੱਲ ਪਏ। ਸਹਿਜੇ-ਸਹਿਜੇ ਆਪਣੀ ਮੌਜ ਵਿੱਚ ਪਿੰਡ ਤੋਂ ਕਾਫੀ ਦੂਰ ਲੰਘ ਗਏ। ਜਦੋਂ ਵਾਪਸ ਮੁੜਨ ਲੱਗੇ, ਤਾਂ ਪਿੰਡ ਵੱਲੋਂ ਚਾਰ ਪੰਜ ਬੰਦੇ ਕੋਲ ਆ ਗਏ, ਜਿੰਨ੍ਹਾਂ ਵਿੱਚ ਇਕ ਦਰਸ਼ਨ ਸਿੰਘ ਸਰਪੰਚ ਵੀ ਸਨ। ਨਮਸ਼ਕਾਰ ਕਰਕੇ ਹਜ਼ੂਰ ਦੇ ਚਰਨਾਂ ਵਿੱਚ ਅਰਜ਼ ਕੀਤੀ, ਮਹਾਰਾਜ! ਔਹ ਸਾਹਮਣੇ ਸਾਡੇ ਖੇਤ ਵਿੱਚ ਇਕ ਐਸੀ ਥਾਂ ਹੈ ਜਿਥੇ ਕੋਈ ਗੁਪਤ ਰੂਹ ਰਹਿੰਦੀ ਹੈ। ਉਸ ਥਾਂ ਤੇ ਖੜ੍ਹੇ ਦਰਖਤ ਨੂੰ ਪੁੱਟਣਾ ਤਾਂ ਇੱਕ ਪਾਸੇ ਰਿਹਾ, ਅਸੀਂ ਉਥੋਂ ਇਕ ਦਾਤਨ ਵੀ ਨਹੀਂ ਤੋੜ ਸਕਦੇ। ਉਥੋਂ ਡਰਦੇ ਅਸੀਂ ਉਸ ਥਾਂ ਦੇ ਨੇੜੇ ਨਹੀਂ ਜਾਂਦੇ, ਪਰੰਤੂ ਫੇਰ ਵੀ ਕਦੇ ਸਾਡਾ ਟਰੈਕਟਰ ਉਲਟ ਗਿਆ, ਅਤੇ ਕਦੇ ਕੋਈ ਹੋਰ ਨੁਕਸਾਨ ਹੋ ਜਾਂਦਾ ਹੈ। ਆਪ ਕ੍ਰਿਪਾ ਕਰੋ ਹੁਣ ਨੇੜੇ ਹੀ ਆਏ ਹੋ ਸਾਡਾ ਉਸ ਰੂਹ ਤੋਂ ਛੁਟਕਾਰਾ ਕਰਾਉ। ਹਜ਼ੂਰ ਆਪਣੀ ਮੌਜ ਵਿੱਚ ਖੜੇ ਮੁਸਕਰਾਈ ਜਾ ਰਹੇ ਹਨ, ਪਰੰਤੂ ਉਹ ਲੋਕ ਵਿਚਾਰੇ ਖੜ੍ਹੇ ਬੇਨਤੀਆਂ ਕਰੀ ਜਾ ਰਹੇ ਹਨ। ਆਖਰ ਬੇਨਤੀ ਪ੍ਰਵਾਕ ਕਰਕੇ ਉਸ ਡਰਾਉਣੀ ਥਾਂ ਪਹੁੰਚ ਗਏ। ਖੇਤ ਦੇ ਵਿਚਕਾਰ ਆਮ ਜਮੀਨ ਨਾਲੋਂ ਥੋੜ੍ਹਾ ਉੱਚਾ ਇੱਕ ਥੜ੍ਹਾ ਜਿਹਾ ਬੇਕਾਰ ਥਾਂ ਪਿਆ ਹੈ। ਜਿਸ ਉਪਰ ਕੁਝ ਦਰਖਤ ਵਗੈਰਾ ਵੀ ਖੜੇ ਹਨ, ਉਨ੍ਹਾਂ ਦਰਖਤਾਂ ਦੀਆਂ ਕੁਝ ਟਹਿਨੀਆਂ ਟੁੱਟ ਕੇ ਹੇਠਾਂ ਡਿੱਗੀਆਂ ਪਈਆਂ ਹਨ, ਲੇਕਿਨ ਡਰਦਾ ਕੋਈ ਹੱਥ ਨਹੀਂ ਲਾ ਰਿਹਾ। ਕੋਲ ਨਾ ਕੋਈ ਬੰਦਾ ਜਾਂਦਾ ਹੈ, ਨਾ ਡੰਗਰ ਜਾਣ ਦਿੰਦੇ ਹਨ। ਪ੍ਰੇਮੀ ਦੱਸ ਰਹੇ ਹਨ ਕਿ ਇਕ ਅੱਧ ਵਾਰ ਕੋਈ ਮੱਝ ਬਗੈਰਾ ਘਾਹ ਚੁੱਗਣ ਦੇ ਲਾਲਚ ਨੇੜੇ ਗਈ ਤਾਂ ਨੁਕਸਾਨ ਹੋਇਆ। ਆਲੇ ਦੁਆਲੇ ਖੇਤ ਵਾਹੁੰਦਿਆਂ, ਜੇ ਕਦੇ ਟਰੈਕਟਰ ਨੇੜੇ ਲੱਗਿਆ ਤਾਂ ਉਹ ਵੀ ਉਲਟ ਗਿਆ, ਅਸੀਂ ਡਰਦੇ ਮਾਰੇ ਉਸ ਥਾਂ ਦੇ ਨੇੜੇ ਨਾ ਡੰਗਰ ਜਾਣ ਦਿੰਦੇ ਹਾਂ ਤੇ ਨਾ ਖੁਦ ਜਾਂਦੇ ਹਾਂ। ਆਪ ਮਿਹਰ ਕਰੋ ਉਸ ਰੂਹ ਤੋਂ ਸਾਡੀ ਰੱਖਿਆ ਕਰੋ! ਹਜ਼ੂਰ ਮੁਸਕਰਾਉਂਦੇ ਹੋਏ ਸੰਤ ਜੋਧ ਸਿੰਘ ਜੀਆਂ ਨੂੰ ਬੋਲੇ ਦੱਸੋ ਕੋਈ ਰਸਤਾ ਇੰਨ੍ਹਾਂ ਵਿਚਾਰਿਆਂ ਨੂੰ! ਸੰਤ ਜੋਧ ਸਿੰਘ ਜੀ ਆਖਣ ਲੱਗੇ ਆਪ ਸਮਰੱਥ ਹੋ, ਜਿਵੇਂ ਚਾਹੋ ਭਲਾ ਕਰ ਸਕਦੇ ਹੋ, ਲੇਕਿਨ ਫਿਰ ਵੀ ਜੇ ਵਿਚਾਰ ਦੁਆਰਾ ਦੇਖੀਏ ਤਾਂ ਨਾਮ ਤੋਂ ਵੱਡਾ ਕਲਿਆਣਕਾਰੀ ਮੰਤਰ ਜੀਵਾਂ ਲਈ ਹੋਰ ਕੋਈ ਨਹੀਂ ਹੈ। ਇਸ ਲਈ ਇਹ ਵਿਚਾਰੇ ਆਪ ਜੀ ਦੀ ਸ਼ਰਨ ਵਿੱਚ ਆਏ ਹਨ, ਇਨ੍ਹਾਂ ਦਾ ਦੁੱਖ ਦੂਰ ਕਰੋ। ਹਜ਼ੂਰ ਬੋਲੇ ਠੀਕ ਹੈ ਇਸ ਥਾਂ ਤੰਬੂ ਵਗੈਰਾ ਲਾ ਲਉ। ਰਾਤ ਨੂੰ ਇਥੇ ਬੈਠ ਕੇ ਨਾਮ ਜਪੋ, ਤੁਹਾਡਾ ਵੀ ਭਲਾ, ਜਿਸ ਤੋਂ ਡਰਦੇ ਹੋ ਉਸ ਦਾ ਵੀ ਭਲਾ। ਬਚਨ ਕਰਕੇ ਵਾਪਸ ਜਰਨੈਲ ਸਿੰਘ ਦੇ ਘਰ ਆ ਗਏ, ਬਾਹਰ ਖੁੱਲ੍ਹੇ ਪੰਡਾਲ ਵਿੱਚ ਕੀਰਤਨ ਹੋ ਰਿਹਾ ਸੀ, ਉਪਰੰਤ ਹਜ਼ੂਰ ਨੇ ਮੁੱਖਵਾਕ ਦੀ ਬਹੁਤ ਦਿਲ ਟੁੰਬਵੀਂ ਕਥਾ ਕੀਤੀ। ਲੰਗਰ ਤੋਂ ਬਾਅਦ ਕੁਝ ਅਰਾਮ ਕਰਕੇ ਸ਼ਾਮ ਨੂੰ ਉਸ ਸਵੇਰ ਵਾਲੀ ਥਾਂ ਤੇ ਪਹੁੰਚ ਗਏ। ਅੱਗੋਂ ਪ੍ਰੇਮੀਆਂ ਨੇ ਤੰਬੂ ਵਗੈਰਾ ਲਾ ਕੇ ਸਾਰੀ ਤਿਆਰੀ ਕੀਤੀ ਹੋਈ ਸੀ। ਹੁਕਮ ਅਨੁਸਾਰ ਦੇਸੀ ਘਿਉ ਦੀ ਜੋਤ ਜਗਾ ਲਈ ਗਈ, ਪ੍ਰੇਮੀਆਂ ਨੇ ਗੁਰੂ ਨਾਨਕ ਸਾਹਿਬ ਤੇ ਵਿਰੱਕਤ ਮਹਾਰਾਜ ਜੀਆਂ ਦੀਆਂ ਫੋਟੋਆਂ ਸਜਾ ਕੇ ਸਾਹਮਣੇ ਰੱਖ ਲਈਆਂ, ਉਪਰੰਤ ਅਰਦਾਸ ਕਰਕੇ ਮੂਲਮੰਤਰ ਦਾ ਪਾਠ ਸ਼ੁਰੂ ਕਰ ਦਿੱਤਾ। ਹਜ਼ੂਰ ਉਸੇ ਜਗ੍ਹਾ ਤੰਬੂ ਵਿੱਚ ਬਿਰਾਜਮਾਨ ਹੋ ਗਏ, ਜਿੱਥੇ ਅੱਜ

ਤੱਕ ਇਹ ਪ੍ਰੇਮੀ ਭੈ ਖਾਂਦੇ ਸਨ। ਪੂਰੀ ਰਾਤ ਮੂਲਮੰਤਰ ਦਾ ਪਾਠ ਨਿਰੰਤਰ ਹੁੰਦਾ ਰਿਹਾ, ਸਵੇਰੇ ਕੜ੍ਹਾਹ ਪ੍ਰਸ਼ਾਦ ਦੀ ਦੇਗ ਸਜਾ ਕੇ ਅਰਦਾਸ ਉਪਰੰਤ ਸਮਾਪਤੀ ਕੀਤੀ ਗਈ। ਇਸ ਪ੍ਰਕਾਰ ਦਸੰਬਰ ਦੀ ਜ਼ੋਰਦਾਰ ਸਰਦੀ ਦੇ ਵਿੱਚ ਇੱਕ ਪੂਰੀ ਰਾਤ ਹਰੀ ਨਾਮ ਦਾ ਨਿਰੰਤਰ ਜਾਪ ਕਰਕੇ ਪ੍ਰੇਮੀ ਪਰਿਵਾਰ ਦਾ ਭੈ ਦੂਰ ਕਰ ਦਿੱਤਾ।

ਸ਼ੰਕਾ— ਇਹ ਕਾਰਜ ਤਾਂ ਨਦਰ ਦ੍ਰਿਸ਼ਟੀ ਨਾਲ ਵੀ ਕੀਤਾ ਜਾ ਸਕਦਾ ਸੀ। ਚਰਨ ਟਿਕਾਉਣ ਦੇ ਨਾਲ ਹੀ ਭੈ ਦਾਇਕ ਸ੍ਰਿਸ਼ਟੀ ਅਲੋਪ ਹੋ ਸਕਦੀ ਸੀ, ਫਿਰ ਪੂਰੀ ਰਾਤ ਉਸ ਜਗ੍ਹਾ ਬੈਠ ਕੇ ਹਰੀ ਨਾਮ ਦਾ ਜਾਪ ਕਰਵਾਉਣਾ, ਇਸ ਦੇ ਪਿੱਛੇ ਕੀ ਰਾਜ਼ ਹੈ?

ਉੱਤਰ— ਪੂਰਾ-ਪੂਰਾ ਤਾਂ ਭੂਤ ਭਵਿੱਖ ਦੀ ਜਾਨਣਹਾਰ ਦਾਤੇ ਖੁਦ ਹੀ ਜਾਨਣ, ਲੇਕਿਨ ਬੁੱਧੀ ਨਾਲ ਸੋਚਿਆਂ ਕੁਝ ਇਉਂ ਸਮਝ ਪੈਂਦਾ ਹੈ, ਕਿ ਕਲਰਾਠੀ ਜਮੀਨ ਨੂੰ ਉਪਜਾਊ ਬਣਾਉਣ ਲਈ ਸ਼ਾਇਦ ਇਤਨੀ ਕੁ ਮਿਹਨਤ ਜ਼ਰੂਰੀ ਸੀ। ਕਿਉਂਕਿ ਕਿਸੇ ਬੇਕਾਰ ਪਈ ਭੂਮੀ ਨੂੰ ਵਾਹ ਸਵਾਰ ਅਤੇ ਸਿੰਚਾਈ ਵਗੈਰਾ ਤੋਂ ਬਾਅਦ ਠੀਕ ਵੱਤਰ ਵਿੱਚ ਲਿਆ ਕੇ ਕੋਈ ਬੇ-ਕੀਮਤੀ ਬੀਜ ਬੀਜਣ ਲਈ, ਕਿਤਨਾਂ ਕੁ ਸਮਾਂ ਅਤੇ ਮਿਹਨਤ ਦੀ ਸ਼ਾਇਦ ਲੋੜ ਹੀ ਸੀ ਪਰੰਤੂ ਫਿਰ ਵੀ ਬੀਜ ਦੇ ਪੁੰਗਰਨ ਤੱਕ ਸਮੇਂ ਦੀ ਉਡੀਕ ਕਰੀਏ।

## ਭਾਗਵਾਨ ਬੇਰੀਆਂ

ਸਰਦੀ ਬਹੁਤ ਜ਼ੋਰਦਾਰ ਪੈ ਰਹੀ ਹੈ, ਸਰਦੀ ਅਤੇ ਕੋਰਾ ਪੈਣ ਕਰਕੇ ਕੰਵਲਾਂ ਦੀਆਂ ਬਗੀਚੀਆਂ ਸਭ ਇਉਂ ਨਸ਼ਟ ਹੋ ਗਈਆਂ, ਜਿਵੇਂ ਕੁਸੰਗੀ ਪੁਰਸ਼ ਦਾ ਸਭ ਜਸ ਨਸ਼ਟ ਹੋ ਜਾਂਦਾ ਹੈ। ਸਰਦੀ ਤੋਂ ਬਚਣ ਵਾਸਤੇ ਗਰੀਬ ਲੋਕ ਬੈਸੰਤਰ ਦੇਵਤਾ ਨੂੰ ਇਉਂ ਸੇਂਵਦੇ ਹਨ ਜਿਵੇਂ ਧਨ ਦਾ ਇੱਛਾਵਾਨ ਪੁਰਸ਼, ਰਾਜਾ ਜਾਂ ਧਨਵਾਨ ਲੋਕਾਂ ਕੋਲ ਰਹਿ ਕੇ ਉਨ੍ਹਾਂ ਦੀ ਖੁਸ਼ਾਮਦ ਕਰਦਾ ਹੈ। ਸਰਦੀ ਕਰਕੇ ਸੂਰਜ ਦਾ ਤੇਜ ਇਉਂ ਮੰਦਾ ਪੈ ਗਿਆ ਹੈ, ਜਿਵੇਂ ਆਲਸੀ ਰਾਜਾ ਦਾ ਤੇਜ ਘੱਟ ਜਾਂਦਾ ਹੈ। ਸੂਰਜ ਦਾ ਤੇਜ ਮੰਦ ਪੈਣ ਕਰਕੇ ਜ਼ੋਰਦਾਰ ਸਰਦੀ ਲੋਕਾਂ ਅਤੇ ਪਸ਼ੂ ਪੰਛੀਆਂ ਨੂੰ ਇਉਂ ਤੰਗ ਕਰਨ ਲੱਗ ਪਈ, ਜਿਵੇਂ ਕਿਸੇ ਰਾਜਾ ਦਾ ਤੇਜ ਨਸ਼ਟ ਹੋਣ ਕਰਕੇ, ਅਫਸਰ ਰਿਸ਼ਵਤੀ ਅਤੇ ਬੇਇਨਸਾਫ ਹੋ ਜਾਂਦੇ ਹਨ। ਤਦ ਚੋਰ, ਡਾਕੂ, ਠੱਗ ਆਦਿਕ ਲੋਕ ਪਰਜਾ ਨੂੰ ਦੁੱਖ ਦੇਣ ਲੱਗ ਪੈਂਦੇ ਹਨ। ਜ਼ੋਰਦਾਰ ਸਰਦੀ ਪੈ ਰਹੀ ਹੈ, ਇਸ ਲਈ ਵੱਡੀਆਂ ਅਤੇ ਠੰਡੀਆਂ ਰਾਤਾਂ ਵਿੱਚ ਲੋਕ ਰਜਾਈਆਂ ਲੈ ਕੇ ਇਉਂ ਸਰਦੀ ਦੂਰ ਕਰ ਰਹੇ ਹਨ, ਜਿਵੇਂ ਸਤਿਗੁਰੂ ਦੀ ਸ਼ਰਨ ਅਤੇ ਚਰਨ ਧੂੜੀ ਪ੍ਰਾਪਤ ਕਰਕੇ ਸਿੱਖ, ਸੰਸਾਰਕ ਦੁੱਖ ਨੂੰ ਦੂਰ ਕਰਦਾ ਹੈ। ਇਸ ਮੌਸਮ ਵਿੱਚ ਧੁੱਪ ਇਉਂ ਚੰਗੀ ਲੱਗਦੀ ਹੈ, ਜਿਵੇਂ ਵਿਚਾਰਵਾਨ ਪੁਰਸ਼ ਨੂੰ ਸਤਿਸੰਗ ਚੰਗਾ ਲੱਗਦਾ ਹੈ। ਗਰੀਬ ਲੋਕਾਂ ਨੂੰ ਸਰਦੀ ਇਉਂ ਤੰਗ ਕਰ ਰਹੀ ਹੈ, ਜਿਵੇਂ ਸਤਿਗੁਰੂ ਦੀ ਰੱਖਸ਼ਾ ਬਿਨ੍ਹਾਂ ਜਗਿਆਸੂਆਂ ਨੂੰ ਵਿਕਾਰ ਤੰਗ ਕਰਦੇ ਹਨ। ਇਸ ਪ੍ਰਕਾਰ ਦੀ ਤੇਜ਼ ਸਰਦੀ ਵਿੱਚ ਦੇਖੋ ਅੱਜ ਅਰਸ਼ੀ ਦਾਤਾ ਕੀ ਖੇਡ ਕਰ ਰਿਹਾ ਹੈ। ਕੁਤਬਨਪੁਰ ਦੀ ਧਰਤੀ ਵਿੱਚ ਗੁਰਬਾਣੀ ਅਤੇ ਸੇਵਾ ਦੇ ਬੀਜ ਬੀਜ ਕੇ ਆਪਣੇ ਦੇਵਗਣਾਂ ਨਾਲ ਅੱਜ ਆ ਪਹੁੰਚੇ ਆਪਣੇ ਪੁਰਾਤਨ ਅਸਥਾਨ ਕਰਨਾਲ ਕੁਟੀਆ। ਨਾਨਕ ਦਰਬਾਰ ਵਿੱਚ ਨਮਸ਼ਕਾਰ ਕਰ ਅਸਥਾਨ ਤੋਂ ਬਾਹਰ ਬੇਰੀ ਦੇ ਹੇਠ ਡੇਰਾ ਲਾ ਲਿਆ ਨਾਲ ਹੀ ਸੰਤ ਜੋਧ ਸਿੰਘ ਜੀ ਅਤੇ ਭਾਈ ਚਰਨਜੀਤ ਸਿੰਘ ਹਨ। ਬਿਸਤਰੇ ਭਾਈ ਕੁਲਵੰਤ ਸਿੰਘ ਮਿਸਤਰੀ ਨੇ ਆਪਣੇ ਘਰੋਂ ਲਿਆ ਕੇ ਵਿਛਾ ਦਿੱਤੇ, ਇਤਨੇ ਨੂੰ ਸੰਗਤਾਂ ਦੀ ਆਵਾਜਾਈ ਸ਼ੁਰੂ ਹੋ ਗਈ। ਸ਼ਾਮ ਨੂੰ ਉਥੇ ਹੀ ਸੰਗਤਾਂ ਨੂੰ ਸੁਖਮਨੀ ਸਾਹਿਬ ਦਾ ਪਾਠ ਕਰਵਾ ਕੇ ਸ਼ਾਮ ਦਾ ਸਤਿਸੰਗ ਕੀਤਾ, ਉਪਰੰਤ ਗੁਰੂ ਕੇ ਲੰਗਰੋਂ ਪ੍ਰਸ਼ਾਦ ਛੱਕ ਕੇ ਸੰਗਤਾਂ ਤਾਂ ਘਰਾਂ ਨੂੰ ਤੋਰ ਦਿੱਤੀਆਂ, ਲੇਕਿਨ ਆਪ ਨੇ ਆਪਣੇ ਦੋਨੋਂ ਸਹਿਯੋਗੀਆਂ ਨਾਲ ਬਰਫ ਵਰਗੀ ਠੰਡੀ ਰਾਤ ਉਸ ਬੇਰੀ ਹੇਠਾਂ ਹੀ ਗੁਜਾਰ ਦਿੱਤੀ। ਸਵੇਰੇ ਦੋ-ਢਾਈ ਵਜੇ ਉਠਕੇ ਜੀ. ਟੀ. ਰੋਡ ਵੱਲ ਸੈਰ ਕਰਨ ਗਏ, ਉਧਰ ਹੀ ਖੇਤਾਂ ਵਿੱਚ ਸ਼ੌਚ ਆਦਿ ਦੀ ਕਿਰਿਆ ਕਰਕੇ ਬਾਈਪਾਸ ਦੇ ਉਪਰ ਸ਼ਹਿਰ ਨੂੰ ਮੁੜਨ ਵਾਲੀ ਸੜਕ ਦੇ ਕੋਨੇ ਵਿੱਚ ਖੜ੍ਹੇ ਹੈਂਡ ਪੰਪ ਤੇ ਇਸ਼ਨਾਨ ਕੀਤੇ, ਫਿਰ ਆਪਣੇ ਆਸਣ ਤੇ ਆ ਕੇ ਪਿਆਰੇ ਦੀ ਯਾਦ ਵਿੱਚ ਲੀਨ ਹੋ ਗਏ। ਦਿਨ ਚੜ੍ਹੇ ਚਾਹ ਪਾਣੀ ਵਗੈਰਾ ਛਕਿਆ, ਇਤਨੇ ਨੂੰ ਸੰਗਤਾਂ ਆਉਣੀ ਸ਼ੁਰੂ ਹੋ ਗਈਆਂ, ਥੋੜ੍ਹੀ ਦੇਰ ਫਰੀਦਕੋਟੀ ਟੀਕੇ ਦੀ ਪੋਥੀ ਪੜ੍ਹਾ ਕੇ ਸਤਿਸੰਗ ਕੀਤਾ, ਫਿਰ ਕਿਸੇ ਪ੍ਰੇਮੀ ਦੇ ਘਰ

ਅਖੰਡ ਪਾਠ ਸਾਹਿਬ ਦੇ ਭੋਗ ਤੇ ਪਹੁੰਚੇ। ਭੋਗ ਉਪਰੰਤ ਦਰਗਾਹੀ ਹੁਕਮਨਾਮੇ ਦੀ ਰਸ ਭਿੰਨੀ ਕਥਾ ਕੀਤੀ, ਉਪਰੰਤ ਫਿਰ ਕੁਝ ਪ੍ਰੇਮੀਆਂ ਦੀ ਬੇਨਤੀ ਤੇ ਉਨ੍ਹਾਂ ਦੇ ਘਰ ਚਰਨ ਪਾਏ। ਸ਼ਾਮ ਨੂੰ ਫਿਰ ਆਪਣੇ ਉਹੀ ਸ਼ਾਹੀ ਮਹੱਲ ਬੇਰੀਆਂ ਹੇਠ ਆ ਪਹੁੰਚੇ। ਇਤਨੇ ਨੂੰ ਸੰਗਤਾਂ ਵੀ ਪਹੁੰਚਣੀਆਂ ਸ਼ੁਰੂ ਹੋ ਗਈਆਂ, ਸੁਖਮਨੀ ਸਾਹਿਬ ਦਾ ਪਾਠ, ਕੀਰਤਨ, ਕਿਸੇ ਪੋਥੀ ਦੀ ਵਿਚਾਰ ਆਦਿਕ ਸਤਿਸੰਗ ਦੇ ਅਖਾੜੇ ਜਮ ਗਏ। ਸਮਾਪਤੀ ਉਪਰੰਤ ਭਗਤ ਲੱਭਾ ਮੱਲ ਦੇ ਘਰੋਂ ਮਾਈ ਕਰਤਾਰ ਕੌਰ ਨੇ ਅਰਜ਼ ਕੀਤੀ ਮਹਾਰਾਜ ਸਰਦੀ ਬਹੁਤ ਹੈ, ਆਪ ਕ੍ਰਿਪਾ ਕਰੋ ਅੰਦਰ ਕਿਸੇ ਬਰਾਂਡੇ ਵਿੱਚ ਆਸਣ ਲਾ ਲਉ! ਮਾਤਾ ਦੀ ਗੱਲ ਸੁਣਕੇ ਹਜ਼ੂਰ ਮੁਸਕਰਾ ਰਹੇ ਹਨ, ਮਾਨੋ ਕਹਿ ਰਹੇ ਹਨ, ਮਾਤਾ! ਹੁਕਮ ਰੂਪੀ ਕਿਲ੍ਹੇ ਦੇ ਅੰਦਰ ਸਰਦੀ ਦਾ ਨਾਮੋਂ ਨਿਸ਼ਾਨ ਨਹੀਂ। ਮਾਤਾ ਫਿਰ ਅਰਜ਼ ਕਰ ਰਹੀ ਹੈ ਮਹਾਰਾਜ ਔਹ ਦੇਖੋ! ਬੇਰੀਆਂ ਦੇ ਉਪਰ ਸ਼ਹਿਦ ਦੀਆਂ ਮੱਖੀਆਂ ਦੇ ਦੋ ਛੱਤੇ ਲੱਗੇ ਹੋਏ, ਉਹ ਵੀ ਉਠ ਕੇ ਨੁਕਸਾਨ ਕਰ ਸਕਦੀਆਂ ਹਨ। ਅਰਸ਼ੀ ਪ੍ਰੀਤਮ ਫਿਰ ਮੁਸਕਰਾ ਕੇ ਮਿੱਠੇ-ਮਿੱਠੇ ਸਵਰ ਵਿੱਚ ਪੜ੍ਹ ਰਹੇ ਹਨ— **ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥**

ਇਉਂ ਸੰਗਤਾਂ ਨੂੰ ਪ੍ਰੇਮ ਪਿਆਰ ਦਾ ਪ੍ਰਸ਼ਾਦ ਵਰਤਾ ਕੇ ਘਰਾਂ ਨੂੰ ਵਿਦਾ ਕਰ ਦਿੱਤਾ। ਆਪ ਫਿਰ ਉਸੇ ਸ਼ੀਸ਼-ਮਹਿਲ ਵਿੱਚ ਬਿਰਾਜਮਾਨ ਹੋ ਗਏ। ਸਵੇਰੇ ਫਿਰ ਕੱਲ੍ਹ ਦੀ ਤਰ੍ਹਾਂ ਖੇਤਾਂ ਵੱਲ ਕਿਰਿਆ, ਬਾਈਪਾਸ ਵਾਲੇ ਪੰਪ ਤੇ ਇਸ਼ਨਾਨ ਉਪਰੰਤ ਆਪਣੇ ਆਸਣ ਤੇ ਪ੍ਰੀਤਮ ਦੀ ਯਾਦ ਵਿੱਚ ਲੀਨ। ਦਿਨ ਚੜ੍ਹੇ ਸੰਗਤਾਂ ਦਾ ਭਾਰੀ ਜਮਾਉ, ਸਤਿਸੰਗ ਦੇ ਅਖਾੜੇ, ਦਿਨ ਨੂੰ ਦਿੱਤੀਆਂ ਤਾਰੀਖਾਂ ਅਨੁਸਾਰ ਕਿਸੇ-ਨਾ-ਕਿਸੇ ਪ੍ਰੇਮੀ ਦੇ ਘਰ ਅਖੰਡ ਪਾਠ ਸਾਹਿਬ ਦੇ ਭੋਗ, ਆਪ ਦੇ ਹਿਰਦੇ ਵਿੱਚ ਇਸਥਿਤ ਪ੍ਰਮੇਸ਼ਰ ਦੀ ਜੋਤ ਵਿੱਚੋਂ ਭਿੱਜ-ਭਿੱਜ ਕੇ ਨਿਕਲੇ ਇਲਾਹੀ ਬਚਨਾਂ ਦੀ ਅੰਮ੍ਰਿਤ ਵਰਖਾ, ਰਾਤ ਨੂੰ ਹਰੀ ਰੂਪੀ ਸਮੁੰਦਰ ਵਿੱਚ ਗੋਤੇ, ਦਿਨ ਨੂੰ ਹਰੀ ਰੂਪ ਸੰਗਤਾਂ ਵਿੱਚ ਹਰੀ ਦੇ ਪਵਿੱਤਰ ਦੇਸ਼ ਦੀਆਂ ਗੱਲਾਂ, ਇਸ ਪ੍ਰਕਾਰ ਦਸ ਦਿਨ ਗੁਜ਼ਾਰ ਦਿੱਤੇ, ਬੇਰੀਆਂ ਦੇ ਹੇਠਾਂ। ਸੰਗਤਾਂ ਹੈਰਾਨ ਹੋ ਕੇ ਸੋਚ ਰਹੀਆਂ ਹਨ, ਕਿ ਕੀ ਵਜ੍ਹਾ ਹੈ, ਅਰਸ਼ਾਂ ਕੁਰਸ਼ਾਂ ਦੇ ਮਾਲਕ ਜਿਸ ਦੇ ਇੱਕ-ਇੱਕ ਰੋਮ ਵਿੱਚ ਕਰੋੜਾਂ-ਕਰੋੜਾਂ ਵਰਭੰਡ ਛੁਪੇ ਹੋਏ ਹਨ, ਇਤਨੀ ਜ਼ੋਰਦਾਰ ਸਰਦੀ ਦੇ ਬਾਵਜੂਦ ਦਸ ਦਿਨ ਹੋ ਗਏ ਬੇਰੀਆਂ ਥੱਲੇ ਬੈਠਿਆਂ ਨੂੰ ਹੀ। ਨਾ ਕਿਸੇ ਦੇ ਸਰੀਰ ਤੇ ਸਰਦੀ ਦਾ ਅਸਰ, ਨਾ ਚਿਹਰੇ ਤੇ ਉਦਾਸੀ ਦਾ ਚਿੰਨ, ਨਾ ਕਿਸੇ ਪ੍ਰਤੀ ਗਿਲਾ, ਸ਼ਿਕਵਾ। ਚਿਹਰਿਆਂ ਤੇ ਉਹੀ ਦਸ ਦਿਨ ਪਹਿਲਾਂ ਵਾਲਾ ਨੂਰ, ਉਹੀ ਆਭਾ, ਮਸਤਕਾਂ ਤੇ ਸੱਚੀ ਖੁਸ਼ੀ ਦਾ ਖੇੜਾ, ਹਰ ਪ੍ਰਕਾਰ ਨਾਲ ਪ੍ਰਸੰਨਚਿੱਤ ਨਜ਼ਰ ਆ ਰਹੇ ਹਨ। ਦੂਸਰਾ ਪ੍ਰੇਮੀ ਬੋਲਿਆ, ਪੂਰਾ-ਪੂਰਾ ਤਾਂ ਉਹ ਆਪ ਹੀ ਜਾਨਣ, ਲੇਕਿਨ ਪ੍ਰਤੀਤ ਕੁਝ ਇਉਂ ਹੋ ਰਿਹਾ ਹੈ, ਜਿਵੇਂ ਫਕੀਰੀ ਦੀ ਜਾਂਚ ਸਿਖਾ ਰਹੇ ਹੋਣ। ਕੋਈ ਖਾਸ ਕਿਸਮ ਦੇ ਵਸਤਰ ਧਾਰਨ ਕਰ ਲੈਣੇ, ਸ਼ਾਸਤਰ ਪੜ੍ਹ ਲੈਣੇ ਜਾਂ ਪੜ੍ਹਾ ਦੇਣੇ ਭਾਵੇਂ ਆਪਣੇ ਥਾਂ ਠੀਕ ਹੋਣ, ਲੇਕਿਨ ਫਕੀਰੀ ਨਾਲ ਇਨ੍ਹਾਂ ਗੱਲਾਂ ਦਾ ਕੋਈ ਦੂਰ ਦਾ ਵੀ ਵਾਸਤਾ ਨਹੀਂ। ਫਕੀਰੀ ਤਾਂ ਨਾਮ ਉਸ ਅਵਸਥਾ ਦਾ ਹੈ—

**ਜੌ ਰਾਜੁ ਦੇਹਿ ਤ ਕਵਨ ਬਡਾਈ॥**
**ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ॥**

*(ਗੁ: ਸ੍ਰੀ ਨਾਮਦੇਵ ਜੀ, ਪੰਨਾ—੫੨੫)*

ਜੇ ਰਾਜ ਭਾਗ ਦੇ ਸੁੱਖ ਯਾਨੀ ਮਹਿਲ ਮਾੜੀਆਂ ਵਿੱਚ ਨਿਵਾਸ ਬਖਸ਼ ਦੇਵੇ, ਤਾਂ ਵਡਿਆਈ ਕਿਸ ਚੀਜ਼ ਦੀ? ਭਾਵ ਵਡਿਆਈ ਤਾਂ ਦੇਣ ਵਾਲੇ ਦੀ ਹੈ, ਲੈਣ ਵਾਲੇ ਮੰਗਤੇ ਦੀ ਕੀ ਵਡਿਆਈ। ਜੇ ਭੀਖ ਮੰਗਾ ਕੇ ਪੇਟ ਭਰਾਵੇ ਤਾਂ ਕੀ ਘੱਟ ਗਿਆ, ਬਲਕਿ ਇਹ ਵੀ ਉਸ ਦੀ ਬਖਸ਼ਿਸ ਹੈ।

**ਯਥਾ—** **ਕੇਤਿਆ ਦੂਖ ਭੂਖ ਸਦ ਮਾਰ॥**
**ਏਹਿ ਭਿ ਦਾਤਿ ਤੇਰੀ ਦਾਤਾਰ॥**

*(ਜਪੁਜੀ ਸਾਹਿਬ, ਪੰਨਾ—੫)*

ਫਕੀਰ ਤਾਂ ਹਮੇਸ਼ਾਂ—

**ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥**
**ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥**

ਵਾਲੀ ਅਵਸਥਾ ਵਿੱਚ ਇਸਥਿਤ ਰਹਿੰਦਾ ਹੈ। ਫਿਰ ਦੇਖੋ ਕਬੀਰ ਸਾਹਿਬ ਜੀ ਇਸ਼ਾਰਾ ਕਰ ਰਹੇ ਹਨ—

**ਜਿਹ ਘਰੁ ਬਨੁ ਸਮਸਰਿ ਕੀਆ ਤੇ ਪੂਰੇ ਸੰਸਾਰਿ॥**

*(ਰਾ: ਮ: ਕਬੀਰ, ਪੰਨਾ—੧੧੦੩)*

ਜਿਸ ਨੇ ਘਰ ਬਾਰੂ, ਮਹਿਲ ਮਾੜੀਆਂ ਅਤੇ ਘਣੇ ਜੰਗਲ ਨੂੰ ਸਮਝ ਲਿਆ, ਉਹੀ ਪੁਰਸ਼ ਸੰਸਾਰ ਵਿੱਚ ਪੂਰਨ ਹੈ। ਇਹੀ ਕੁਝ ਆਪਾਂ ਦਸ ਦਿਨਾਂ ਤੋਂ ਦੇਖ ਰਹੇ ਹਾਂ, ਕਿ ਬਰਫ ਵਾਂਗ ਪੈ ਰਹੀ ਸਰਦੀ ਵਿੱਚ ਬੇ-ਖੌਫ, ਬੇਪ੍ਰਵਾਹ ਹੋਏ ਬੇਰੀਆਂ ਹੇਠਾਂ ਪ੍ਰਸੰਨ ਚਿੱਤ ਬੈਠੇ ਗੁਰਬਾਣੀ ਦਾ ਪ੍ਰਵਾਹ ਚਲਾ ਰਹੇ ਹਨ। ਦੂਸਰਾ ਬੋਲਿਆ, ਤਪਦਿਕ ਦਾ ਰੋਗ ਲਾ ਇਲਾਜ ਮੰਨਿਆ ਜਾਂਦਾ ਹੈ। ਲੇਕਿਨ ਇਹ ਦਵਾਈ ਉਸ ਲਈ ਭੀ ਕਾਰਗਰ ਸਾਬਤ ਹੋ ਸਕਦੀ ਹੈ, ਕਿਉਂਕਿ ਸੁਖ-ਦੁਖ, ਮਾਨ-ਅਪਮਾਨ ਨੂੰ ਸਮਾਨ ਜਾਣ ਕੇ ਸ਼ਾਂਤ ਚਿੱਤ ਰਹਿਣ ਨਾਲ ਉਹ ਬੁਖਾਰ ਜੋ ਤਪਦਿਕ ਦੇ ਰੋਗੀ ਨੂੰ ਹਮੇਸ਼ਾਂ ਰਹਿੰਦਾ ਹੈ ਉਤਰਨਾ ਸ਼ੁਰੂ ਹੋ ਜਾਂਦਾ ਹੈ। ਆਖਰ ਇੱਕ ਦਿਨ ਐਸਾ ਆਉਂਦਾ ਹੈ ਸਮਚਿੱਤ ਰਹਿਣ ਦੀ ਦਵਾਈ ਵਰਤਦਾ-ਵਰਤਦਾ ਤਪਦਿਕ ਦਾ ਮਰੀਜ਼ ਪੂਰਾ-ਪੂਰਾ ਬੁਖਾਰ ਉਤਰ ਕੇ ਤੰਦਰੁਸਤ ਹੋ ਜਾਂਦਾ ਹੈ।

ਤੀਸਰਾ ਬੋਲਿਆ, ਕੁਝ ਵੀ ਹੋਵੇ ਫਕੀਰ ਦੀ ਗਤੀ ਨੂੰ ਜਾਨਣਾ ਬੁੱਧੀ ਦੇ ਵਸ ਨਹੀਂ। ਆਪਾਂ ਤਾਂ ਇਹੀ ਕਹਿ ਸਕਦੇ ਹਾਂ ਕਿ ਧੰਨ ਹਨ ਉਹ ਬੇਰੀਆਂ ਜਿਨ੍ਹਾਂ ਨੇ ਦਸ ਦਿਨ ਪਰਮਪੁਰਖ ਦੇ ਦਾਸਾਂ ਦਾ ਸਨਿਗਧ ਮਾਣਿਆ, ਇਲਾਹੀ ਬਾਣੀ ਦਾ ਅੰਮ੍ਰਿਤ ਰਸ ਚਖਿਆ, ਸੰਗਤ ਦੀ ਧੂੜੀ ਮੱਥੇ ਨੂੰ ਨਸੀਬ ਹੋਈ ਅਤੇ ਧੰਨ ਹੈ ਉਹ ਹੈਂਡ ਪੰਪ ਜਿਸ ਨੂੰ ਅੱਜ ਤੱਕ ਪੁਲਸ ਵਾਲੇ ਹੀ ਵਰਤਦੇ ਰਹੇ ਹਨ, ਲੇਕਿਨ ਹੁਣ ਦਸ ਦਿਨ ਤੋਂ ਹਰੀ ਦੇ ਪਿਆਰੇ ਉਸ ਨੂੰ ਇਸ਼ਨਾਨ ਦੀ ਸੇਵਾ ਬਖਸ਼ ਰਹੇ ਹਨ। ਇਹ ਵਿਚਾਰਾਂ ਕਰਦੇ-ਕਰਦੇ ਪਰੇਮੀ ਘਰਾਂ ਨੂੰ ਚਲੇ ਗਏ। ਉਧਰ ਮਹੰਤ ਜੀ ਮਹਾਰਾਜ ਸਮੇਤ ਤਾਰਾਗਣਾਂ ਦੇ ਸੇਵਾ ਸਿੰਘ ਸਰਪੰਚ ਕੋਲ ਡਬਰੀ ਪਹੁੰਚ ਗਏ, ਕਿਉਂਕਿ ਅੱਜ ਦੀ ਤਾਰੀਖ ਉਸ ਨੂੰ ਦਿੱਤੀ ਹੋਈ ਸੀ। ਸੇਵਾ ਸਿੰਘ ਦੀ ਬੇਨਤੀ ਪ੍ਰਵਾਨ ਕਰਕੇ ਉਸ ਦੇ ਖੂਹ ਤੇ ਜਾ ਡੇਰਾ ਲਾਇਆ। ਪਰਿਵਾਰ ਦੇ ਇਕ ਸ਼ਾਮਿਆਨਾ ਲਾਇਆ ਹੋਇਆ ਸੀ, ਉਸ ਦੇ ਥੱਲੇ ਸਜਕੇ ਕੁਤਬਨਪੁਰ ਦੀ ਤਰ੍ਹਾਂ ਪੂਰੀ ਰਾਤ ਨਿਰੰਤਰ ਮੂਲ ਮੰਤਰ ਦਾ ਪਾਠ ਕਰਵਾਇਆ। ਸਵੇਰੇ ਦਿਨ ਚੜ੍ਹੇ ਕੜਾਹ ਪ੍ਰਸ਼ਾਦ ਦੀ ਦੇਗ ਸਜਾ ਕੇ ਅਰਦਾਸ ਉਪਰੰਤ ਸਮਾਪਤੀ ਕੀਤੀ। ਇਸੇ ਤਰ੍ਹਾਂ ਹੀ ਇਕ ਰਾਤ ਕੁਰਾਲੀ ਮੂਲਮੰਤਰ ਦੀ ਨਿਰੰਤਰ ਵਰਖਾ ਕੀਤੀ, ਅਤੇ ਇਕ ਰਾਤ ਸ੍ਰ: ਹਰਚਰਨ ਸਿੰਘ ਘਿਉ ਵਾਲੇ ਦੇ ਫਾਰਮ ਤੇ ਵੀ ਮੂਲ ਮੰਤਰ ਦੇ ਪਾਠ ਕਰਦਿਆਂ ਗੁਜ਼ਾਰੀ। ਇਸ ਪ੍ਰਕਾਰ ਪੋਹ ਮਹੀਨੇ ਦੀ ਸਖ਼ਤ ਸਰਦੀ ਵਿੱਚ ਆਦਿ ਬਾਣੀ ਮੂਲ-ਮੰਤਰ ਦਾ ਅੰਮ੍ਰਿਤ ਰਸ ਪਾ ਕੇ, ਤਪੱਸਿਆ ਰੂਪੀ ਕਸਤੂਰੀ ਮਿਲਾ ਕੇ ਉਸ ਨੂੰ ਸੁਖਦਾਈ ਅਤੇ ਮਿਠਾਸ ਭਰੀ ਬਣਾ ਵਾਪਸ ਰਿਸ਼ੀਕੇਸ਼ ਆ ਗਏ।

## 1987 ਦੇ ਬਰਸੀ ਸਮਾਗਮ

ਸੰਨ 1987 ਦਾ ਜ਼ਿਕਰ ਹੈ ਜਦੋਂ ਮਹੰਤ ਬਾਬਾ ਬੁੱਢਾ ਸਿੰਘ ਮਹਾਰਾਜ ਜੀ ਦੀ ਪੰਜਾਹਵੀਂ ਬਰਸੀ ਅਤੇ ਵਿਰੱਕਤ ਸ਼੍ਰੋਮਣੀ ਸੰਤ ਬਾਬਾ ਨਿੱਕੀ ਸਿੰਘ ਜੀਆਂ ਦੀ ਚੌਥੀ ਸਲਾਨਾ ਪਾਵਨ ਯਾਦ ਮਨਾਉਣ ਲਈ ਆਪ ਦੇ ਪ੍ਰੇਮ ਦੀਆਂ ਖਿੱਚੀਆਂ ਹਜ਼ਾਰਾਂ ਸੰਗਤਾਂ ਨਿਰਮਲ ਬਾਗ਼ ਕਨਖਲ ਇਕੱਤਰ ਹੋਈਆਂ। ਦੋਨੋਂ ਮਹਾਂਪੁਰਸ਼ਾਂ ਦੀ ਪਾਵਨ ਯਾਦ ਵਿੱਚ 17 ਸਤੰਬਰ 1987 ਵਾਲੇ ਦਿਨ ਪੰਜ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕੀਤੇ ਗਏ। ਸਵੇਰੇ ਸ਼ਾਮ ਖੁੱਲ੍ਹੇ ਪੰਡਾਲ ਵਿੱਚ ਦੀਵਾਨ ਸਜਾ ਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ, ਅਤੇ ਇਲਾਹੀ ਬਾਣੀ ਦਾ ਕੀਰਤਨ ਹੁੰਦਾ ਰਿਹਾ, ਅਤੇ ਮਹੰਤ ਮਹਾਰਾਜ ਜੀ ਪਾਵਨ ਵਿਚਾਰਾਂ ਦੁਆਰਾ ਪ੍ਰਵਚਨ ਸੁਣਾ ਕੇ ਅੰਮ੍ਰਿਤਮਈ ਵਰਖਾ ਕਰਦੇ ਰਹੇ। ਸ੍ਰੀਮਾਨ ਸੰਤ ਜੋਧ ਸਿੰਘ ਜੀ ਨੇ ਸਾਰੇ ਪ੍ਰੋਗਰਾਮ ਨੂੰ ਵਿਧੀਵਤ ਢੰਗ ਨਾਲ ਮੈਨੇਜ ਕਰਦੇ ਹੋਏ ਚਲਾਇਆ। ਲੰਗਰ ਦਾ ਪ੍ਰਬੰਧ ਸ੍ਰੀਮਾਨ ਸੰਤ ਛੋਟੂ ਜੀ ਬੜੇ ਸੁਚੱਜੇ ਢੰਗ ਨਾਲ ਚਲਾਉਂਦੇ ਰਹੇ। ਅਸਥਾਨ ਦਾ ਹੋਰ ਪ੍ਰਬੰਧ ਸੰਤ ਚਮਨਲਾਲ ਜੀ ਅਤੇ ਸੰਤ ਮਹੇਸ਼ ਚੰਦਰ ਪੰਡਿਤ ਜੀ ਕੁਸ਼ਲਤਾ ਅਤੇ ਸਖ਼ਤ ਮਿਹਨਤ ਨਾਲ ਕਰਦੇ ਰਹੇ। ਉੱਨੀ ਸਤੰਬਰ 1987 ਵਾਲੇ ਦਿਨ ਅੰਮ੍ਰਿਤ ਵੇਲੇ ਹਜ਼ਾਰਾਂ ਸੰਗਤਾਂ ਦੀ ਹਾਜ਼ਰੀ ਵਿੱਚ ਚੱਲ ਰਹੇ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ, ਉਪਰੰਤ ਬਾਹਰ ਖੁੱਲੇ ਪੰਡਾਲ ਵਿੱਚ ਦੀਵਾਨ ਸਜਾ ਕੇ ਸ਼ਬਦ ਕੀਰਤਨ ਦੁਆਰਾ ਹਰੀ ਜਸ ਗਾਇਨ ਕੀਤਾ ਗਿਆ। ਉਸ ਤੋਂ ਬਾਅਦ ਸੰਤ ਸਮਾਗਮ ਵਿੱਚ ਸ੍ਰੀਮਾਨ

ਸੰਤ ਬਿਸ਼ਨ ਸਿੰਘ ਜੀ ਕਰੀਟ, ਸ੍ਰੀਮਾਨ ਪੰਡਿਤ ਨਿਹਾਲ ਸਿੰਘ ਜੀ, ਸ੍ਰੀਮਾਨ ਮਹੰਤ ਸਰਵੇਸ਼ਰ ਸਿੰਘ ਜੀ ਸ਼ਾਸਤਰੀ, ਸ੍ਰੀਮਾਨ ਮਹੰਤ ਜੋਗਿੰਦਰ ਸਿੰਘ ਜੀ ਭਜਨਗੜ੍ਹ, ਸ੍ਰੀਮਾਨ ਮਹੰਤ ਤੇਜਾ ਸਿੰਘ ਜੀ, ਡੇਰਾ ਗੁਰੂ ਸਰ ਖੁੱਡਾ (ਪੰਜਾਬ) ਸ੍ਰੀਮਾਨ ਸੰਤ ਬਾਬਾ ਸਤਨਾਮ ਵਾਹਿਗੁਰੂ ਜੀ, ਸ੍ਰੀਮਾਨ ਸੰਤ ਬਾਬਾ ਮੋਨੀ ਜੀ ਪਾਂਡਵਾ, ਸ੍ਰੀਮਾਨ ਸੰਤ ਰਘਬੀਰ ਸਿੰਘ ਜੀ ਸ਼ਾਸਤਰੀ ਨਿਰਮਲ ਸੰਤਪੁਰਾ ਕਨਖਲ ਵਾਲਿਆਂ ਨੇ ਕਥਾ ਵਖਿਆਨ ਕਰਦੇ ਹੋਏ, ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀਆਂ ਅਰਪਨ ਕੀਤੀਆਂ। ਉਪਰੰਤ ਨਿਰਮਲ ਪੰਚਾਇਤੀ ਅਖਾੜੇ ਦੇ ਸ੍ਰੀ ਮਹੰਤ ਸਾਹਿਬ ਮਹੰਤ ਬਲਬੀਰ ਸਿੰਘ ਜੀ ਸ਼ਾਸਤਰੀ ਨੇ ਆਪਣੀ ਭਾਵ ਭਿੰਨੀ ਸ਼ਰਧਾਂਜਲੀ ਅਰਪਨ ਕਰਦਿਆਂ ਡੇਰੇ ਦੀ ਹੋ ਰਹੀ ਤਰੱਕੀ ਦਾ ਮਹੰਤ ਰਾਮ ਸਿੰਘ ਜੀ ਮਹਾਰਾਜ ਵੱਲ ਇਸ਼ਾਰਾ ਕਰਦਿਆਂ ਕਿਹਾ, ਕਿ ਲਛਣਾਂ ਤੋਂ ਪਤਾ ਲੱਗ ਜਾਂਦਾ ਹੈ ਕਿ ਅੱਗੇ ਡੇਰੇ ਦਾ ਪ੍ਰਕਾਸ਼ ਕਿਥੇ ਤੱਕ ਫੈਲਣ ਵਾਲਾ ਹੈ, ਜਿਵੇਂ ਬੱਦਲਾਂ ਤੋਂ ਅਨੁਮਾਨ ਲਾਇਆ ਜਾਂਦਾ ਹੈ ਕਿ ਨੇੜ ਭਵਿੱਖ ਵਿੱਚ ਬਰਸਾਤ ਹੋਰ ਆਏਗੀ। ਅਖੀਰ ਤੇ ਮਹੰਤ ਮਹਾਰਾਜ ਰਾਮ ਸਿੰਘ ਜੀ ਨੇ ਆਪਣੀ ਪਵਿੱਤਰ ਰਸਨਾਂ ਤੋਂ ਰੂਹਾਨੀ ਸੰਦੇਸ਼ ਦੀ ਇਲਾਹੀ ਬਾਰਸ਼ ਕੀਤੀ। ਇਸ ਮਹਾਨ ਬਰਸੀ ਸਮਾਗਮ ਵਿੱਚ ਉਪਰੋਕਤ ਵਰਨਣ ਕੀਤੇ ਮਹਾਤਮਾਵਾਂ ਤੋਂ ਇਲਾਵਾ ਮਹਾਂਪੁਰਸ਼ਾਂ ਦੀ ਯਾਦ ਮਨਾਉਣ ਹਿੱਤ ਹੋਰ ਸੰਤ ਜਨਾਂ ਨੇ ਵੀ ਦਰਸ਼ਨ ਦੇ ਕੇ ਨਿਵਾਜਿਆ, ਜਿੰਨ੍ਹਾਂ ਵਿੱਚ ਸ੍ਰੀਮਾਨ ਮਹੰਤ ਗੁਰਬਚਨ ਸਿੰਘ ਜੀ ਬਰਨਾਲਾ, ਸ੍ਰੀਮਾਨ ਮਹੰਤ ਉੱਤਮ ਸਿੰਘ ਜੀ ਸਕੱਤਰ ਅਤੇ ਸ੍ਰੀਮਾਨ ਮਹੰਤ ਸਰਮੁੱਖ ਸਿੰਘ ਜੀ ਕੁਠਾਰੀ ਨਿਰਮਲ ਪੰਚਾਇਤੀ ਅਖਾੜਾ, ਸ੍ਰੀਮਾਨ ਮਹੰਤ ਲਾਲ ਸਿੰਘ ਜੀ ਭਗਤਾ, ਸ੍ਰੀਮਾਨ ਮਹੰਤ ਦਰਸ਼ਨ ਸਿੰਘ ਜੀ ਤਿਆਗ ਮੂਰਤੀ ਦੇਵਪੁਰਾ ਆਸ਼ਰਮ ਹਰਿਦੁਆਰ, ਸ੍ਰੀਮਾਨ ਮਹੰਤ ਪੂਰਨਹਰੀ ਜੀ ਵੈਲਪੜਾਉ, ਸ੍ਰੀਮਾਨ ਮਹੰਤ ਪਿਆਰਾ ਸਿੰਘ ਜੀ ਬਰਨਾਲਾ, ਸ੍ਰੀਮਾਨ ਮਹੰਤ ਰਘਬੀਰ ਸਿੰਘ ਜੀ ਨਿਰਮਲ ਸੰਤਪੁਰਾ ਕਨਖਲ, ਸ੍ਰੀਮਾਨ ਮਹੰਤ ਅਮਰ ਸਿੰਘ ਜੀ ਵੈਦ, ਸ੍ਰੀਮਾਨ ਮਹੰਤ ਗੁਰਬਚਨ ਸਿੰਘ ਜੀ ਵਿਰੱਕਤ, ਸ੍ਰੀਮਾਨ ਮਹੰਤ ਜਗਿਆਸੂ ਜੀ ਨਿਰਮਲ ਵਿਰੱਕਤ ਕੁਟੀਆ ਕਨਖਲ ਅਤੇ ਸ੍ਰੀਮਾਨ ਮਹੰਤ ਗੋਪਾਲ ਸਿੰਘ ਜੀ ਇਤਿਆਦਿਕ।

ਸਟੇਜ ਸਕੱਤਰ ਦੀ ਸੇਵਾ ਭਾਈ ਤਰਜੀਤ ਸਿੰਘ ਜੀ ਕਰਨਾਲ ਵਾਲਿਆਂ ਨੇ ਬੜੀ ਯੋਗਤਾ ਨਾਲ ਸਫਲਤਾ ਪੂਰਵਕ ਨਿਭਾਈ। ਸੰਤ ਸਮਾਗਮ ਤੋਂ ਬਾਅਦ ਸਮੂਹ ਸੰਤ ਸਮਾਜ ਨੂੰ ਪ੍ਰੇਮ ਪੂਰਵਕ ਪੱਕਾ ਭੰਡਾਰਾ ਛਕਾਇਆ ਗਿਆ, ਉਪਰੰਤ ਸਭ ਸੰਗਤਾਂ ਨੇ ਗੁਰੂ ਕੇ ਲੰਗਰ ਵਿੱਚ ਪ੍ਰਸ਼ਾਦ ਛਕਿਆ, ਇਸ ਪ੍ਰਕਾਰ ਮਹਾਂਪੁਰਸ਼ਾਂ ਦੀ ਮਿੱਠੀ ਯਾਦ ਵਿੱਚ ਰਚਿਆ ਬਰਸੀ ਸਮਾਗਮ ਪੂਰਨ ਹੋਇਆ। ਦੂਸਰੇ ਦਿਨ ਯਾਨੀ ਵੀਹ ਸਤੰਬਰ 1987 ਵਾਲੇ ਦਿਨ ਆਸ਼ਰਮ ਵੱਲੋਂ ਬਣਾਏ ਜਾ ਰਹੇ ਹਸਪਤਾਲ ਦੀ ਤੀਸਰੀ ਛੱਤ ਦਾ ਲੈਂਟਰ ਪਾ ਕੇ ਬਾਹਰੋਂ ਆਈਆਂ ਸੰਗਤਾਂ ਨੂੰ ਵਿਦਾਇਗੀ ਦਿੱਤੀ।

ਇਸ ਪ੍ਰਕਾਰ ਪਰਮ ਪੂਜਨੀਕ ਮਹੰਤ ਬੁੱਢਾ ਸਿੰਘ ਜੀ ਅਤੇ ਉਨ੍ਹਾਂ ਦੇ ਪਰਮ ਸ਼ਿਸ਼ ਵਿਰੱਕਤ ਸ਼੍ਰੋਮਣੀ ਸੰਤ ਬਾਬਾ ਨਿੱਕਾ ਸਿੰਘ ਜੀ ਦੀ ਸਲਾਨਾ ਯਾਦ ਬਾਰ੍ਹਵੇਂ ਸਰਾਧ ਵਾਲੇ ਦਿਨ ਨਿਰਮਲ ਬਾਗ ਕਨਖਲ ਮਨਾਈ ਗਈ ਅਤੇ ਉਸ ਤੋਂ ਦਸ ਕੁ ਦਿਨਾਂ ਬਾਅਦ ਪਰਮ ਪੂਜਨੀਕ ਮਹੰਤ ਬਾਬਾ ਆਤਮਾ ਸਿੰਘ ਜੀ ਅਤੇ ਮਹੰਤ ਬਾਬਾ ਨਾਰਾਇਣ ਸਿੰਘ ਜੀਆਂ ਦੀ ਪਵਿੱਤਰ ਯਾਦ ਦੁਰਗਾ ਅਸ਼ਟਮੀ ਵਾਲੇ ਦਿਨ ਨਿਰਮਲ ਆਸ਼ਰਮ ਰਿਸ਼ੀਕੇਸ਼ ਵਿਖੇ ਮਨਾਈ ਜਾਂਦੀ ਹੈ, ਕਿਉਂਕਿ ਇਸ ਦਿਨ ਮਹੰਤ ਬਾਬਾ ਨਾਰਾਇਣ ਸਿੰਘ ਜੀਆਂ ਦਾ ਸਰੀਰ ਸ਼ਾਂਤ ਹੋਇਆ ਸੀ। ਇਸ ਸਾਲ ਵੀ ਵੀਹ ਸਤੰਬਰ 1987 ਨੂੰ ਹਸਪਤਾਲ ਦੇ ਲੈਂਟਰ ਦੀ ਸੇਵਾ ਕਰਕੇ ਪੰਜਾਬ, ਕਰਨਾਲ ਅਤੇ ਦਿੱਲੀ ਆਦਿਕ ਥਾਵਾਂ ਦੀਆਂ ਸੰਗਤਾਂ ਤਾਂ ਵਾਪਸ ਮੁੜ ਗਈਆਂ, ਲੇਕਿਨ ਦੂਰੋਂ ਬੰਬਈ, ਪੂਨਾ, ਮਦਰਾਸ ਆਦਿਕ ਥਾਵਾਂ ਤੋਂ ਆਈਆਂ ਸੰਗਤਾਂ ਦੂਸਰੀ ਬਰਸੀ ਮਨਾਉਣ ਹਿੱਤ ਅਜੇ ਇਥੇ ਹੀ ਹਨ। 20-9-87 ਨੂੰ ਆਸ਼ਰਮ ਵਿੱਚ ਆਖੰਡ ਪਾਠਾਂ ਦਾ ਪ੍ਰਵਾਹ ਸ਼ੁਰੂ ਹੋ ਗਿਆ। ਪਹਿਲਾਂ ਦੋ ਸ੍ਰੀ ਆਖੰਡ ਪਾਠ ਸਾਹਿਬ ਰੱਖੇ ਗਏ, ਫਿਰ ਬਾਈ ਤੋਂ ਅਠਾਈ ਤੱਕ ਤਿੰਨ-ਤਿੰਨ ਸ੍ਰੀ ਅਖੰਡ ਪਾਠ ਸਾਹਿਬਾਂ ਦੀ ਲੜੀ ਚੱਲਦੀ ਰਹੀ। 29-9-87 ਨੂੰ ਪੰਜ ਸ੍ਰੀ ਅਖੰਡ ਪਾਠ ਸਾਹਿਬ ਅਤੇ ਨਾਲ ਸ੍ਰੀ ਜਪੁਜੀ ਸਾਹਿਬ ਦਾ ਅਖੰਡ ਜਾਪ ਸ਼ੁਰੂ ਹੋਇਆ। ਸੇਵਾ, ਸਿਮਰਨ, ਸਤਿਸੰਗ, ਕਥਾ ਵਖਿਆਨ ਅਤੇ ਨਾਮ ਬਾਣੀ ਦਾ ਇਹ ਪ੍ਰਵਾਹ ਦੁਸਹਿਰੇ ਤੱਕ ਚੱਲਦਾ ਰਿਹਾ, ਭਾਵੇਂ ਬਰਸੀ ਦਾ ਮੁੱਖ ਸਮਾਗਮ ਦੁਰਗਾ ਅਸ਼ਟਮੀ ਵਾਲੇ ਦਿਨ ਸੰਪੰਨ ਹੋ ਗਿਆ ਸੀ। ਸੰਗਤਾਂ ਉਤਸ਼ਾਹ ਪੂਰਵਕ ਸੇਵਾ ਕਰਦੀਆਂ ਰਹੀਆਂ, ਹਰ ਰੋਜ਼ ਸਵੇਰੇ ਸੁਖਮਨੀ ਸਾਹਿਬ ਦਾ ਪਾਠ ਉਪਰੰਤ ਸ੍ਰੀ ਆਸਾ ਦੀ ਵਾਰ ਦਾ ਰਸ ਭਿੰਨਾ ਕੀਰਤਨ ਸਿੰਧੀ ਪ੍ਰੇਮੀ ਬੜੇ ਪ੍ਰੇਮ ਨਾਲ ਕਰਦੇ ਰਹੇ। ਅੰਮ੍ਰਿਤ ਵੇਲੇ ਦੀ ਅਰਦਾਸ ਤੋਂ ਬਾਅਦ ਦਰਬਾਰ ਸਾਹਿਬ ਤੋਂ ਬਾਹਰ ਛੇਤਰ ਵਾਲੇ

ਥਾਂ ਮਾਸਟਰ ਸੂਰਦਾਸ ਜੀ ਕੀਰਤਨ ਸ਼ੁਰੂ ਕਰ ਦਿੰਦੇ ਹਨ। ਰੋਜ਼ਾਨਾਂ ਵਾਂਗ ਛੇਤਰ ਲੈਣ ਆਏ ਸਾਧੂਆਂ ਉਪਰ ਫੁੱਲਾਂ ਦੀ ਵਰਖਾ ਕਰਕੇ ਆਰਤੀ ਉਪਰੰਤ ਛੇਤਰ (ਗੁਰੂ ਕਾ ਲੰਗਰ) ਸ਼ੁਰੂ ਹੋ ਜਾਂਦਾ ਹੈ। ਸਭ ਤੋਂ ਪਹਿਲਾਂ ਸਾਧੂ ਮਹਾਤਮਾ ਇੱਕ-ਇੱਕ ਕਰਕੇ ਨੰਬਰਵਾਰ ਚਾਹ ਨਾਸ਼ਤਾ ਲੈ ਕੇ ਜਾਂਦੇ ਹਨ, ਬਾਅਦ ਵਿੱਚ ਹੋਰ ਬਾਹਰੋਂ ਆਏ ਗਰੀਬ ਲੋਕ ਨਾਸ਼ਤਾ ਕਰਦੇ ਹਨ। ਦੂਸਰੇ ਪਾਸੇ ਆਸ਼ਰਮ ਵਿੱਚ ਆਈਆਂ ਸੰਗਤਾਂ ਚਾਹ-ਨਾਸ਼ਤਾ ਛਕਦੀਆਂ ਹਨ। ਇਸ ਸਾਰੇ ਸਮੇਂ ਵਿੱਚ ਸਤਿਨਾਮ ਵਾਹਿਗੁਰੂ ਦੀ ਧੁਨੀ ਅਤੇ ਸ਼ਬਦ ਕੀਰਤਨ ਹੁੰਦਾ ਰਹਿੰਦਾ ਹੈ। ਇਸ ਪ੍ਰਕਾਰ ਸਵੇਰ ਦਾ ਨੀਯਮ ਸੰਪੂਰਨ ਹੋ ਜਾਂਦਾ ਰਿਹਾ।

ਸ਼ਾਮ ਨੂੰ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਹਜ਼ੂਰੀ ਵਿੱਚ ਬਾਹਰ ਦੀਵਾਨ ਸਜਦੇ, ਸੰਗਤਾਂ ਮਿਲ ਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਦੀਆਂ, ਗੁਰਬਾਣੀ ਦਾ ਮਨੋਹਰ ਕੀਰਤਨ ਸੰਗਤਾਂ ਮਿਲਕੇ ਕਰਦੀਆਂ, ਉਪਰੰਤ ਪਰਮ ਪੂਜਨੀਕ ਮਹੰਤ ਰਾਮ ਸਿੰਘ ਮਹਾਰਾਜ ਜੀ ਆਪਣੇ ਰੂਹਾਨੀਅਤ ਭਰੇ ਉਪਦੇਸ਼ ਸੁਣਾ ਕੇ ਨਿਹਾਲ ਕਰਦੇ ਰਹੇ। ਇਸ ਪ੍ਰਕਾਰ ਦਸ ਦਿਨ ਤੋਂ ਬੈਕੁੰਠ ਵਰਗਾ ਅਲੌਕਿਕ ਨਜ਼ਾਰਾ ਵਰਤ ਰਿਹਾ ਹੈ। 30-9-87 ਨੂੰ ਮਹਾਂਪੁਰਸ਼ਾਂ ਦੀ ਯਾਦ ਵਿੱਚ ਪੰਜ ਸ੍ਰੀ ਅਖੰਡ ਪਾਠ ਸਾਹਿਬ ਅਤੇ ਜਪੁਜੀ ਸਾਹਿਬ ਦੀ ਅਖੰਡ ਲੜੀ ਦਾ ਭੋਗ ਪੂਰਨ ਮਰਿਆਦਾ ਸਹਿਤ ਪਾਇਆ ਗਿਆ। ਆਰਤੀ ਅਰਦਾਸ ਉਪਰੰਤ ਸ੍ਰੀ ਕੜਾਹ ਪ੍ਰਸ਼ਾਦ ਦੀ ਦੇਗ ਵਰਤਾ ਕੇ ਬਾਹਰ ਸ਼ਬਦ ਕੀਰਤਨ ਆਰੰਭ ਕੀਤਾ ਗਿਆ, ਜਿਸ ਵਿੱਚ ਬੰਬਈ ਦੇ ਪ੍ਰਸਿੱਧ ਕੀਰਤਨੀਏਂ ਗੁਰੂ ਘਰ ਦੇ ਸਿੰਧੀ ਪ੍ਰੇਮੀ ਸ੍ਰੀ ਰੇਵਾ ਚੰਦ ਨੇ ਸ਼ਬਦ ਗਾਇਨ ਕੀਤਾ। ਇਸ ਮੌਕੇ ਤੱਕ ਪੰਜਾਬ, ਹਰਿਆਣਾ, ਕਰਨਾਲ, ਦਿੱਲੀ ਆਦਿਕ ਥਾਵਾਂ ਤੋਂ ਮਹਾਂਪੁਰਸ਼ਾਂ ਨੂੰ ਤਨ, ਮਨ, ਧਨ ਨਾਲ ਸ਼ਰਧਾਂਜਲੀਆਂ ਅਰਪਨ ਕਰਨ ਲਈ ਹਜ਼ਾਰਾਂ ਸੰਗਤਾਂ ਅਪੜ ਚੁੱਕੀਆਂ ਸਨ। ਰੋਜ਼ ਦੀ ਤਰ੍ਹਾਂ ਸਾਧੂ ਮਹਾਤਮਾ ਉੱਤੇ ਫੁੱਲਾਂ ਦੀ ਵਰਖਾ ਕੀਤੀ ਗਈ, ਉਪਰੰਤ ਸਾਧੂ ਮਹਾਤਮਾ, ਸਥਾਨਕ ਗਰੀਬ ਲੋਕ ਅਤੇ ਬਾਹਰੋਂ ਆਈਆਂ ਸੰਗਤਾਂ ਨੇ ਚਾਹ ਨਾਸ਼ਤਾ ਕੀਤਾ, ਉਪਰੰਤ ਸਤਿਸੰਗ ਹਾਲ ਵਿੱਚ ਸਮਾਗਮ ਸ਼ੁਰੂ ਹੋ ਗਿਆ। ਸਮਾਗਮ ਦੇ ਸ਼ੁਰੂ ਵਿੱਚ ਪਹਿਲਾਂ ਸ਼ਬਦ ਕੀਰਤਨ ਆਰੰਭ ਹੋਇਆ, ਜਿਸ ਵਿੱਚ ਮਾਸਟਰ ਜੀ, ਬੀਬੀ ਹਰਮਿੰਦਰ ਕੌਰ ਕਰਨਾਲ, ਬੀਬੀ ਮੋਹਣੀ ਬਾਈ ਬੰਬਈ, ਬੀਬੀ ਦੇਵੀ ਅਡਵਾਨੀ ਬੰਬਈ, ਸ੍ਰੀ ਸੁਨੀਲ ਅਰੋੜਾ ਕਨਖਲ, ਬੀਬੀ ਹਰਬੰਸ ਕੌਰ ਕਨਖਲ, ਭਾਈ ਜਸਮੇਰ ਸਿੰਘ ਕਰਨਾਲ ਤੋਂ ਉਪਰੰਤ ਸ੍ਰੀ ਲਛਮਣ ਚੇਲਾ ਰਾਮ ਅਤੇ ਸ੍ਰੀ ਰੇਵਾ ਚੰਦ ਬੰਬਈ ਨੇ ਵੀ ਸ਼ਬਦ ਗਾਇਣ ਕੀਤੇ। ਬਾਦ ਵਿੱਚ ਸ੍ਰੀ ਗੁਰਦੁਆਰਾ ਸਾਹਿਬ ਕਰਨਾਲ ਦੇ ਹਜ਼ੂਰੀ ਰਾਗੀ ਦਿਲਬਾਗ ਸਿੰਘ ਦੇ ਜੱਥੇ ਨੇ ਕੀਰਤਨ ਦੁਆਰਾ ਸੰਤਾਂ ਮਹਾਂਪੁਰਸ਼ਾਂ ਦੀ ਸੁੰਦਰ ਮਹਿਮਾ ਵਰਨਣ ਕੀਤੀ।

ਹੁਣ ਸੰਤ ਸਮਾਗਮ ਅਤੇ ਸ਼ਰਧਾਂਜਲੀਆਂ ਦਾ ਪ੍ਰੋਗਰਾਮ ਆਰੰਭ ਹੋਇਆ। ਇਸ ਸਮੇਂ ਤੱਕ ਕਾਫੀ ਸਾਧੂ ਮਹਾਤਮਾ ਹਰਿਦੁਆਰ ਅਤੇ ਦੂਰੋਂ ਨੇੜਿਉਂ ਪੰਡਾਲ ਦਰਬਾਰ ਵਿੱਚ ਪਹੁੰਚ ਚੁੱਕੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਵਿੱਚ ਜਿੰਨ੍ਹਾਂ ਸੰਤ ਪੁਰਸ਼ਾਂ ਨੇ ਸ਼ਰਧਾਂਜਲੀਆਂ ਅਰਪਨ ਕੀਤੀਆਂ ਉਨ੍ਹਾਂ ਵਿੱਚੋਂ ਸ੍ਰੀਮਾਨ ਸੰਤ ਸਰਵੇਸ਼ਰ ਸਿੰਘ ਜੀ ਸ਼ਾਸਤਰੀ, ਸਚਿਦਾਨੰਦ ਕੁਟੀਆ ਹਰਿਦੁਆਰ, ਸ੍ਰੀਮਾਨ ਮਹੰਤ ਗਿਆਨ ਸਿੰਘ ਜੀ ਦਰਸ਼ਨ ਅਚਾਰੀਆ ਨਿਰਮਲ ਸੰਤਪੁਰਾ ਦਿੱਲੀ, ਸ੍ਰੀਮਾਨ ਮਹੰਤ ਰਾਮ ਸਿੰਘ ਜੀ ਭਜਨਗੜ੍ਹ ਆਸ਼ਰਮ ਰਿਸ਼ੀਕੇਸ਼, ਸ੍ਰੀਮਾਨ ਸੰਤ ਬਾਬਾ ਸਤਨਾਮ ਵਾਹਿਗੁਰੂ ਜੀ, ਸ੍ਰੀਮਾਨ ਸੰਤ ਬਾਬਾ ਮੋਨੀ ਜੀ ਪਾਡਵਾਂ (ਪੰਜਾਬ), ਸ੍ਰੀਮਾਨ ਮਹਾਂਮੰਡਲੇਸ਼ਵਰ ਮਹੰਤ ਰਘੁਬਰ ਦਿਆਲ ਸ਼ਾਸਤਰੀ ਜੀ ਰਿਸ਼ੀਕੇਸ਼ ਤੋਂ ਇਲਾਵਾ ਨਿਰਮਲ ਸਾਧੂ ਸਮਾਜ ਦੇ ਪੂਜਯ ਸ੍ਰੀ ਮਹੰਤ ਸਾਹਿਬ ਸ੍ਰੀਮਾਨ ਪੰਡਿਤ ਬਲਵੀਰ ਸਿੰਘ ਜੀ ਸ਼ਾਸਤਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ ਨੇ ਪ੍ਰੇਮ ਭਰੀ ਮਿੱਠੀ ਯਾਦ ਵਿੱਚ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀਆਂ ਅਰਪਨ ਕੀਤੀਆਂ। ਸ੍ਰੀ ਮਹੰਤ ਸਾਹਿਬ ਜੀ ਨੇ ਇਸ ਆਸ਼ਰਮ ਦੀ ਚੜ੍ਹਦੀ ਕਲਾ ਲਈ ਸ਼ੁਭ ਕਾਮਨਾਂ ਕਰਦੇ ਹੋਏ ਕਿਹਾ, ਆਸ਼ਰਮ ਵੱਲੋਂ ਜਿੱਥੇ ਹਰ ਰੋਜ਼ ਸੈਂਕੜੇ ਸਾਧੂਆਂ, ਗਰੀਬਾਂ ਅਤੇ ਲੋੜਵੰਦਾਂ ਨੂੰ ਭਾਂਤ-ਭਾਂਤ ਦੇ ਪਦਾਰਥ ਲੰਗਰ ਵਿੱਚ ਛਕਾਏ ਜਾਂਦੇ ਹਨ, ਉਥੇ ਉਨ੍ਹਾਂ ਨੂੰ ਮੁਫਤ ਦਵਾਈਆਂ ਦੇਣ ਲਈ ਇੱਕ ਵੱਡਾ ਹਸਪਤਾਲ ਖੋਲਿਆ ਜਾ ਰਿਹਾ ਹੈ, ਜੋ ਕਿ ਰਿਸ਼ੀਕੇਸ਼ ਦੇ ਗਰੀਬ ਸਮਾਜ ਦੀ ਭਾਰੀ ਲੋੜ ਨੂੰ ਪੂਰਾ ਕਰਨ ਲਈ ਸਮਰਥ ਹੋਵੇਗਾ। ਆਸ਼ਰਮ ਦੀ ਇਸ ਬੇਮਿਸਾਲ ਤਰੱਕੀ ਦਾ ਕਾਰਨ ਸ੍ਰੀਮਾਨ ਮਹੰਤ ਰਘੁਬਰ ਦਿਆਲ ਸ਼ਾਸ਼ਤਰੀ ਨੇ ਵੱਡੇ ਮਹਾਂਪੁਰਸ਼ਾਂ ਦੀ ਕ੍ਰਿਪਾ ਦੁਆਰਾ ਪਰਮ ਪੂਜਨੀਕ ਮਹੰਤ ਬਾਬਾ ਰਾਮ ਸਿੰਘ ਜੀਆਂ ਦੇ ਅਲੌਕਿਕ ਦਿੱਬਿਆਮਈ ਉੱਚੇ ਆਦਰਸ਼ਕ ਜੀਵਨ ਨੂੰ ਦੱਸਿਆ। ਆਖਰ ਵਿੱਚ ਪਰਮ ਪੂਜਨੀਕ ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ ਨੇ ਆਪਣੇ ਅਮੋਲਕ ਬਚਨਾਂ ਦੁਆਰਾ ਅੰਮ੍ਰਿਤਮਈ ਰੂਹਾਨੀ ਵਰਖਾ

ਕੀਤੀ। ਉਪਰੰਤ ਹਜ਼ਾਰਾਂ ਸ਼ਰਧਾਲੂ ਪ੍ਰੇਮੀਆਂ ਨੇ ਅਰਦਾਸ ਵਿੱਚ ਭਾਵ ਪੂਰਤ ਜੁੜਕੇ ਦੋਨਾਂ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀਆਂ ਅਰਪਨ ਕੀਤੀਆਂ। ਹੁਣ ਗੁਰੂ ਕੇ ਲੰਗਰ ਸ਼ੁਰੂ ਹੋ ਗਏ, ਜਿਸ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਸਾਧੂ ਮਹਾਤਮਾ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਆਮ ਸੰਗਤਾਂ ਨੇ ਗੁਰੂ ਕੇ ਲੰਗਰ ਵਿੱਚ ਪ੍ਰਸ਼ਾਦ ਛਕਿਆ। ਉਪਰੰਤ ਸੰਗਤਾਂ ਹਜ਼ੂਰ ਦੇ ਪਵਿੱਤਰ ਹਸਤ ਕਮਲਾਂ ਦੁਆਰਾ ਪ੍ਰਸ਼ਾਦ ਪ੍ਰਾਪਤ ਕਰਕੇ ਆਪੋ-ਆਪਣੇ ਟਿਕਾਣਿਆਂ ਨੂੰ ਵਿਦਾ ਹੋਈਆਂ।

## ਧਰਮ ਪ੍ਰਚਾਰ ਅਤੇ ਤੀਰਥ ਯਾਤਰਾ

ਦੋਹਾਂ ਬਰਸੀਆਂ ਦੀ ਸੰਪੂਰਨਤਾ ਤੋਂ ਬਾਅਦ ਪਰਮ ਪੂਜਨੀਕ ਮਹੰਤ ਬਾਬਾ ਰਾਮ ਸਿੰਘ ਮਹਾਰਾਜ ਨੇ ਸੰਗਤਾਂ ਨੂੰ ਪ੍ਰੇਮ ਭਰੀ ਵਿਦਾਇਗੀ ਦੇ ਕੇ ਪੰਜ ਅਕਤੂਬਰ ਤੋਂ ਯਾਤਰਾ ਆਰੰਭ ਕੀਤੀ। ਰਿਸ਼ੀਕੇਸ਼ ਤੋਂ ਯਾਤਰਾ ਸ਼ੁਰੂ ਕਰਕੇ ਸਭ ਤੋਂ ਪਹਿਲਾਂ ਪਿੰਡ ਖੋਖ ਪਧਾਰੇ। ਇੱਥੇ ਆਪ ਨੇ ਸਤ ਅਕਤੂਬਰ, ਅੱਸੂ ਮਹੀਨੇ ਦੀ ਪੂਰਨਮਾਸ਼ੀ ਨੂੰ ਹਰ ਸਾਲ ਮਨਾਏ ਜਾ ਰਹੇ ਸਮਾਗਮ ਵਿੱਚ ਸ਼ਾਮਲ ਹੋਣਾ ਸੀ। ਇਹ ਸਮਾਗਮ ਮਹਾਨ ਤੇਜੱਸਵੀ, ਸਿੱਧ ਪੁਰਸ਼, ਅਵਧੂਤ ਸ੍ਰੀਮਾਨ ਸੰਤ ਬਾਬਾ ਬੇਅੰਤ ਸਿੰਘ ਜੀ ਦੀ ਪਾਵਨ ਯਾਦ ਵਿੱਚ ਮਨਾਇਆ ਜਾਂਦਾ ਹੈ। ਇਸ ਸਮਾਗਮ ਦੇ ਨਾਲ ਹੀ ਵਿਰੱਕਤ ਮਹਾਰਾਜ ਸੰਤ ਬਾਬਾ ਨਿੱਕਾ ਸਿੰਘ ਜੀ, ਸ੍ਰੀਮਾਨ ਸੰਤ ਬਾਬਾ ਦਰਸ਼ਨ ਸਿੰਘ ਜੀ ਵਿਰੱਕਤ, ਸ੍ਰੀਮਾਨ ਸੰਤ ਬਾਬਾ ਗੋਪਾਲ ਸਿੰਘ ਜੀ ਵਿਰੱਕਤ, ਉਪਰੋਕਤ ਚੌਹਾਂ ਮਹਾਂਪੁਰਖਾਂ ਦੀ ਪਾਵਨ ਯਾਦ ਵਿੱਚ ਚਾਰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਬਾਹਰ ਪੰਡਾਲ ਵਿੱਚ ਸ਼ਬਦ ਕੀਰਤਨ ਤੋਂ ਇਲਾਵਾ ਪੂਜਯ ਮਹੰਤ ਬਾਬਾ ਰਾਮ ਸਿੰਘ ਜੀ ਨੇ ਅਮੋਲਕ ਬਚਨਾਂ ਦੁਆਰਾ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀ ਅਰਪਨ ਕੀਤੀ। ਇਸ ਸਾਰੇ ਸਮਾਗਮ ਦੌਰਾਨ ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤਦਾ ਰਿਹਾ। ਇਥੋਂ ਆਪ ਜੀ ਨੂੰ ਗੁਰਾਇਆਂ ਦੀਆਂ ਸੰਗਤਾਂ ਲੈ ਗਈਆਂ। ਮਿਤੀ 7-10-87 ਤੋਂ 18-10-87 ਤੱਕ ਗੁਰਾਇਆਂ ਹੀ ਠਹਿਰਾਉ ਕੀਤਾ। ਇਥੋਂ ਹੀ ਆਪ ਜੀ ਗੁਰਦੁਵਾਰਾ ਸੰਤ ਸਾਗਰ ਚਾਹ ਵਾਲੇ ਪਿੰਡ ਜੌਹਲ ਗਏ। ਇਥੇ ਵੱਡੇ ਸੰਤਾਂ ਦੇ ਅਤੇ ਸੁੰਦਰ ਅਸਥਾਨ ਦੇ ਦਰਸ਼ਨ ਕਰਕੇ ਪਿੰਡ ਡਮੁੰਡਾ ਵਿਖੇ ਸ੍ਰੀਮਾਨ ਮਹੰਤ ਮਨਮੋਹਣ ਸਿੰਘ ਜੀ ਪਾਸ ਪੁੱਜੇ। ਸੰਤ ਬਾਬਾ ਕਰਮ ਸਿੰਘ ਜੀ ਦੁਆਰਾ ਸਥਾਪਿਤ ਇਸ ਅਸਥਾਨ ਤੇ ਹੀ ਲੰਗਰ ਛਕ ਕੇ ਅਰਾਮ ਕੀਤਾ, ਬਾਅਦ ਦੁਪਹਿਰ ਸ੍ਰੀਮਾਨ ਮਹੰਤ ਮਨਮੋਹਣ ਸਿੰਘ ਜੀ ਤੋਂ ਆਗਿਆ ਲੈ ਕੇ ਹੁਸ਼ਿਆਰਪੁਰ ਵਿਖੇ ਕੁਝ ਪ੍ਰੇਮੀਆਂ ਨੂੰ ਮਿਲਦੇ ਹੋਏ, ਸ੍ਰੀਮਾਨ ਪੂਜਨੀਕ ਸੰਤ ਬਾਬਾ ਜਵਾਲਾ ਸਿੰਘ ਜੀ ਦੇ ਡੇਰੇ ਪਿੰਡ ਹਰਖੋਵਾਲ ਪੁੱਜੇ। ਮਹਾਂਪੁਰਸ਼ਾਂ ਦੀ ਤਪੋ ਭੂਮੀ ਅਤੇ ਸੇਵਾ ਸਿਮਰਨ ਦੇ ਕੇਂਦਰ ਇਸ ਨਿਰਮਲ ਅਸਥਾਨ ਦੇ ਦਰਸ਼ਨ ਦੀਦਾਰੇ ਕਰਕੇ ਸਭ ਦਾ ਮਨ ਗਦ-ਗਦ ਹੋ ਗਿਆ। ਸ਼ਾਮ ਦੇ ਲੰਗਰ ਪ੍ਰਸ਼ਾਦ ਤੋਂ ਬਾਅਦ ਪ੍ਰਬੰਧਕ ਮਹਾਂਪੁਰਸ਼ਾਂ ਤੋਂ ਆਗਿਆ ਲੈ ਕੇ ਵਾਪਸ ਗੁਰਾਇਆਂ ਪਹੁੰਚ ਗਏ। ਦੂਸਰੇ ਦਿਨ ਗੁਰਾਇਆਂ ਤੋਂ ਹੀ ਆਪ ਜੀ ਨੇ ਪੂਜਯ ਗੁਰਦੇਵ ਸ੍ਰੀਮਾਨ ੧੦੮ ਸੰਤ ਬਾਬਾ ਨਿੱਕਾ ਸਿੰਘ ਜੀ ਵਿਰੱਕਤ ਮਹਾਰਾਜ ਦੇ ਜਨਮ ਅਸਥਾਨ ਦੇ ਦਰਸ਼ਨ ਕਰਨ ਦਾ ਪ੍ਰੋਗਰਾਮ ਬਣਾਇਆ। ਕਾਫੀ ਸੰਗਤਾਂ ਸਮੇਤ ਆਪ ਗੁਰਾਇਆਂ ਤੋਂ ਚੱਲ ਕੇ ਉਥੇ ਪਹੁੰਚੇ। ਇਸ ਪਿੰਡ ਸੀਹਾਂ ਦੌਦ ਜਨਮ ਅਸਥਾਨ ਤੇ ਬਣ ਰਹੀ ਵੱਡੀ ਆਲੀਸ਼ਾਨ ਬਿਲਡਿੰਗ ਦੇ ਦਰਸ਼ਨ ਕੀਤੇ, ਜਿਸ ਦੀ ਸੇਵਾ ਅਜੇ ਚੱਲ ਰਹੀ ਸੀ। ਇਸ ਪਵਿੱਤਰ ਅਸਥਾਨ ਦੀ ਸੇਵਾ ਵਿੱਚ ਵੱਡਾ ਹਿੱਸਾ ਸ੍ਰੀ ਅਮਰੀਕ ਚੰਦ ਜੀ ਚਾਵਲਾ ਦਿੱਲੀ ਅਤੇ ਸ੍ਰੀ ਸੰਤ ਪ੍ਰਕਾਸ਼ ਜੀ ਰਾਲਸਨ ਲੁਧਿਆਣਾ ਵਾਲਿਆਂ ਵੱਲੋਂ ਪਾਇਆ ਜਾ ਰਿਹਾ ਹੈ। ਉਥੋਂ ਵਾਪਸੀ ਕਰਕੇ ਪਿੰਡ ਨਾਰੋਮਾਜਰਾ, ਧਾਂਦਰਾ, ਲੁਧਿਆਣਾ ਦੇ ਪ੍ਰੇਮੀਆਂ ਨੂੰ ਮਿਲ ਕੇ ਵਾਪਸ ਗੁਰਾਇਆਂ ਆ ਗਏ। ਦੂਸਰੇ ਦਿਨ ਸ੍ਰੀਮਾਨ ਪੂਜਯ ਸੰਤ ਬਾਬਾ ਮੋਨੀ ਜੀ ਦੀ ਕੁਟੀਆ ਜੋ ਕਿ ਪਾਂਡਵਾ (ਫਗਵਾੜਾ) ਵਿਖੇ ਹੈ ਦਰਸ਼ਨ ਕਰਨ ਗਏ। ਪ੍ਰੇਮਵਸ ਰਾਤ ਉਥੇ ਹੀ ਠਹਿਰੇ। ਇਥੇ ਪੰਜ-ਪੰਜ ਸ੍ਰੀ ਅਖੰਡ ਪਾਠਾਂ ਦਾ ਪ੍ਰਵਾਹ ਚੱਲ ਰਿਹਾ ਸੀ। ਸਬੱਬ ਨਾਲ ਉਸ ਦਿਨ ਸੰਗਰਾਂਦ ਦਾ ਪਵਿੱਤਰ ਦਿਹਾੜਾ ਆ ਗਿਆ, ਇਸ ਲਈ ਮੋਨੀ ਜੀ ਦੀ ਬੇਨਤੀ ਪ੍ਰਵਾਨ ਕਰਕੇ ਮਹੰਤ ਮਹਾਰਾਜ ਜੀ ਨੇ ਅੰਮ੍ਰਿਤ ਪ੍ਰਵਚਨ ਵੀ ਕੀਤੇ। ਗੁਰਾਇਆਂ ਤੋਂ ਹੀ ਆਪ ਜੀ ਨੇ ਕਪੂਰਥਲਾ, ਜਲੰਧਰ, ਰੋਪੜ ਦੀ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਕੇ ਦਰਸ਼ਨ ਦੀਦਾਰੇ ਬਖਸ਼ਿਸ਼ ਕੀਤੇ। ਆਪ ਜਿਥੇ ਵੀ ਜਾਂਦੇ ਹਨ ਸੰਗਤਾਂ ਆਪ ਦੇ ਪਵਿੱਤਰ ਮੁੱਖ ਤੋਂ ਰੂਹਾਨੀਅਤ ਭਰਪੂਰ ਬਚਨ ਸੁਣਕੇ ਪ੍ਰਸੰਨ ਹੋ ਜਾਂਦੀਆਂ ਹਨ। ਅਖੀਰ ਤੇ ਗੁਰਾਇਆਂ ਦੇ ਅਸਥਾਨ ਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਬਾਅਦ ਆਏ ਦਰਗਾਹੀ ਹੁਕਮਨਾਮੇ ਦੀ ਅਲੌਕਿਕ ਸ਼ਬਦਾਂ ਰਾਹੀਂ ਬਹੁਤ ਭਾਵ ਪੂਰਤ ਕਥਾ ਕੀਤੀ ਅਤੇ ਕਈ ਭਾਗਸ਼ਾਲੀ ਪ੍ਰੇਮੀਆਂ ਨੂੰ ਦਾਨਾਂ ਸਿਰ ਦਾਨ ਨਾਮ ਦਾਨ ਦੀ ਬਖਸ਼ਿਸ਼ ਕੀਤੀ। ਇਥੋਂ ਹੁਣ 18-10-87 ਨੂੰ ਚੱਲਕੇ ਪਿੰਡ ਅਸਰਪੁਰ, ਪਟਿਆਲਾ ਅਤੇ ਲੋਹਸਿੰਬਲੀ ਦੀਆਂ ਸੰਗਤਾਂ ਨੂੰ ਮਿਲਦੇ ਹੋਏ ਕਰਨਾਲ ਪਹੁੰਚੇ। ਕਰਨਾਲ ਵਿਖੇ ਗੁਰਦੇਵ

ਮਹਾਰਾਜ ਵਿਰੱਕਤ ਜੀ ਦੀ ਅਪਾਰ ਕ੍ਰਿਪਾ ਸਦਕਾ ਹਰ ਰੋਜ਼ ਕੀਰਤਨ ਕਥਾ ਸਤਿਸੰਗ ਦਾ ਪ੍ਰਵਾਹ ਚੱਲਦਾ ਰਿਹਾ। ਕਰਨਾਲ ਸ਼ਹਿਰ ਤੋਂ ਇਲਾਵਾ ਪਿੰਡ ਡਬਰੀ, ਜ਼ਰੀਫਾ, ਕੁਰਾਲੀ ਅਤੇ ਯਮੁਨਾਨਗਰ ਆਦਿਕ ਸੰਗਤਾਂ ਨੂੰ ਮਿਲਦੇ ਹੋਏ 25-10-87 ਨੂੰ ਵਾਪਸ ਰਿਸ਼ੀਕੇਸ਼ ਪਹੁੰਚ ਗਏ। ਹੁਣ 4-11-87 ਤੋਂ ਪੂਰਬ ਦੀ ਯਾਤਰਾ ਆਰੰਭ ਕੀਤੀ। ਇਸ ਯਾਤਰਾ ਵਿੱਚ ਗੁਰਾਇਆਂ ਤੋਂ ਸ੍ਰ: ਉਜਾਗਰ ਸਿੰਘ ਸੂਰੀ ਕਾਰ ਦੀ ਸੇਵਾ ਕਰਨ ਲਈ ਗੱਡੀ ਲੈ ਕੇ ਪਹੁੰਚ ਗਏ। ਹੁਣ ਦੋ ਕਾਰਾਂ ਵਿੱਚ ਸਵਾਰ ਹੋ ਯਾਤਰਾ ਆਰੰਭ ਹੋਈ। ਸਭ ਤੋਂ ਪਹਿਲਾਂ ਕੁੰਡਾ ਚੌਂਕ, ਪੀਰੋਂ ਮਦਾਰਾ (ਕਾਸ਼ੀਪੁਰ) ਹੁੰਦੇ ਹੋਏ ਬੈਲ ਪੜਾਉ ਪਹੁੰਚ ਗਏ। ਇਥੇ ਸ੍ਰੀਮਾਨ ਸੰਤ ਬਾਬਾ ਪੂਰਨਹਰੀ ਜੀ ਦੇ ਤਪੋਂਵਨ ਸਥਾਨ ਤੇ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦਾ ਅਵਤਾਰ ਦਿਹਾੜਾ ਮਨਾਇਆ। ਇਸ ਪਵਿੱਤਰ ਦਿਹਾੜੇ ਤੇ ਸਜੇ ਸੰਗਤਾਂ ਦੇ ਭਾਰੀ ਇਕੱਠ ਨੂੰ ਆਪ ਜੀ ਨੇ ਰੂਹਾਨੀਅਤ ਭਰਪੂਰ ਅਮੋਲਕ ਬਚਨਾਂ ਦੁਆਰਾ ਕਿਰਤਾਰਥ ਕੀਤਾ। 6-11-1987 ਨੂੰ ਇਥੋਂ ਚੱਲ ਕੇ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀਆਂ ਦੀ ਪਵਿੱਤਰ ਚਰਨ ਧੂੜੀ ਦੇ ਨਾਲ ਪਾਵਨ ਹੋਏ ਅਸਥਾਨ ਸ੍ਰੀ ਨਾਨਕਮਤਾ ਦੇ ਦੀਦਾਰ ਕਰਕੇ ਸ਼ਾਮ ਨੂੰ ਨਿਰਮਲ ਆਸ਼ਰਮ ਲਖੀਮਪੁਰ ਖੀਰੀ ਪਹੁੰਚੇ। ਇਸ ਅਤੀ ਸੁੰਦਰ ਅਤੇ ਰਮਨੀਕ ਅਸਥਾਨ ਦੇ ਦਰਸ਼ਨ ਕਰਕੇ ਆਪ ਅਤੀ ਪ੍ਰਸੰਨ ਹੋਏ। ਇਤਫਾਕ ਨਾਲ ਹੀ ਇਥੋਂ ਦੇ ਪੂਜਯ ਮਹੰਤ ਸ੍ਰੀਮਾਨ ਅਮਰ ਸਿੰਘ ਜੀ ਅਤੇ ਅੰਮ੍ਰਿਤਸਰ ਵਾਲੇ *ਨਿਰਮਲ ਉਦੇਸ਼* ਦੇ ਸੰਪਾਦਕ ਪਰਮ ਪੂਜਨੀਕ ਸ੍ਰੀਮਾਨ ਮਹੰਤ ਹਰੀ ਸਿੰਘ ਜੀ ਮਿਲੇ। ਅਗਲੇ ਦਿਨ ਦੋਹਾਂ ਮਹਾਂਪੁਰਸ਼ਾਂ ਨੇ ਪੂਜਯ ਮਹੰਤ ਬਾਬਾ ਰਾਮ ਸਿੰਘ ਜੀ ਨੂੰ ਸਤਿਕਾਰ ਸਹਿਤ ਜੀ ਆਇਆਂ ਕਹਿੰਦੇ ਹੋਏ ਭਰਪੂਰ ਪ੍ਰੇਮ ਨਾਲ ਵਿਦਾਇਗੀ ਦਿੱਤੀ। ਸਤਾਰਾਂ ਤਾਰੀਖ ਨੂੰ ਇਥੋਂ ਚੱਲਕੇ ਅਲਾਹਾਬਾਦ ਪਹੁੰਚ ਕੇ ਪੀਲੀ ਕੋਠੀ ਕੀਟਗੰਜ ਠਹਿਰੇ। ਇਥੋਂ ਦੇ ਮਹੰਤ ਸ੍ਰੀਮਾਨ ਸੰਤ ਸੰਗਤ ਸਿੰਘ ਜੀ ਨੇ ਹਾਰਦਿਕ ਸਵਾਗਤ ਕੀਤਾ। ਇਥੇ ਹੀ ਮਾਨਯੋਗ ਸ੍ਰੀਮਾਨ ਮਹੰਤ ਗੁਰਦੀਪ ਸਿੰਘ ਜੀ ਕੇਸਰੀ ਮਿਲੇ। ਅਗਲੇ ਦਿਨ ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਗੁਰਪੁਰਬ ਸੰਬੰਧੀ ਸਮਾਗਮ ਸੀ। ਮਹੰਤ ਸੰਗਮ ਸਿੰਘ ਅਤੇ ਕੇਸਰੀ ਜੀ ਦੀ ਪਰੇਮ ਭਰੀ ਬੇਨਤੀ ਤੇ ਆਪ ਜੀ ਨੇ ਆਪਣੇ ਪਵਿੱਤਰ ਮੁੱਖ ਤੋਂ ਮਨੋਹਰ ਬਚਨ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਸਾਹਿਬ ਪੱਕੀ ਸੰਗਤ ਦੇ ਦਰਸ਼ਨ ਕੀਤੇ, ਇੱਥੋਂ ਦੇ ਮੌਜੂਦਾ ਪ੍ਰਬੰਧਕ ਮਹੰਤ ਸ੍ਰੀਮਾਨ ਸੰਤ ਤੇਜਾ ਸਿੰਘ ਜੀ ਮਿਲੇ। ਕੇਸਰੀ ਜੀ ਦੇ ਸੰਗ ਵਿੱਚ ਤ੍ਰਿਵੈਣੀ ਸੰਗਮ ਦੇ ਪਾਵਨ ਦਰਸ਼ਨ ਇਸ਼ਨਾਨ ਕੀਤੇ। ਇਥੋਂ ਹੀ ਆਪ ਆਪਣੇ ਆਸ਼ਰਮ ਦੀ ਸ਼ਾਖਾ ਸੰਗਤ ਗਿਆਨ ਗੁਫਾ ਬਨਾਰਸ ਪਹੁੰਚੇ, ਜਿੱਥੇ ਅਗਲੇ ਦਿਨ 9-11-87 ਨੂੰ ਕਾਸ਼ੀ ਦੇ ਮਹਾਂਪੁਰਸ਼ਾਂ ਨੂੰ ਗੁਰੂ ਨਾਨਕ ਦੇਵ ਮਹਾਰਾਜ ਦੇ ਪਾਵਨ ਲੰਗਰਾਂ ਵਿੱਚੋਂ ਪੱਕਾ ਭੰਡਾਰਾ ਛਕਾਇਆ ਉਸ ਯੱਗ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਸ੍ਰੀਮਾਨ ਮਹੰਤ ਇੰਦਰਜੀਤ ਸਿੰਘ ਜੀ ਚੇਤਨਮੱਠ, ਸ੍ਰੀਮਾਨ ਮਹੰਤ ਗੁਰਦੀਪ ਸਿੰਘ ਜੀ ਕੇਸਰੀ ਅਤੇ ਸ੍ਰੀਮਾਨ ਮਹੰਤ ਰਘੁਬੀਰ ਸਿੰਘ ਜੀ ਸ਼ਾਸਤਰੀ ਸੰਗਤ ਲਾਹੌਰੀ ਟੋਲਾ ਨੇ ਵਿਸ਼ੇਸ਼ ਤੌਰ ਤੇ ਦਰਸ਼ਨ ਦਿੱਤੇ। ਇਸ ਯੱਗ ਸਮਾਗਮ ਵਿੱਚ ਸ੍ਰੀਮਾਨ ਸੰਤ ਭਰਤ ਸਿੰਘ ਜੀ ਅਤੇ ਸ੍ਰੀਮਾਨ ਚੇਤਨਾਨੰਦ ਜੀ ਨੇ ਉਤਸ਼ਾਹ ਪੂਰਵਕ ਸੇਵਾ ਕੀਤੀ। ਆਪ ਜੀ ਨੇ ਸਭ ਸੰਗਤਾਂ ਸਮੇਤ ਗੁਰਦੁਆਰਾ ਗੁਰੂ ਬਾਗ, ਗੁਰਦੁਆਰਾ ਨੀਚੀ ਬਾਗ, ਸ੍ਰੀ ਚੇਤਨਮੱਠ, ਨਿਰਮਲ ਸੰਸਕ੍ਰਿਤ ਵਿਦਿਆਲਿਆ ਅਤੇ ਸੰਗਤ ਲਹੌਰੀ ਟੋਲਾਂ, ਨਿਰਮਲ ਪੰਚਾਇਤੀ ਅਖਾੜਾ ਸਤੀ ਚੌਤਰਾ ਅਤੇ ਕਾਸ਼ੀ ਮਹਾਂਦੇਵ ਜੀ ਦੇ ਮੰਦਰ ਦੇ ਦਰਸ਼ਨ ਕੀਤੇ। ਫਿਰ ਇੱਥੋਂ ਚੱਲਕੇ ਦੂਸਰੇ ਦਿਨ ਦਾ ਪੜਾਅ ਆਪ ਜੀ ਨੇ ਸ੍ਰੀ ਪਟਨਾ ਸਾਹਿਬ (ਬਿਹਾਰ) ਵਿਖੇ ਗੁਰਦੁਆਰਾ ਸ੍ਰੀ ਬਾਲ ਲੀਲਾ ਸਾਹਿਬ ਮੈਣੀ ਸੰਗਤ ਵਿੱਚ ਕੀਤਾ। ਇਥੋਂ ਦੇ ਪੂਜਯ ਮਹੰਤ ਸ੍ਰੀਮਾਨ ਪੰਜਾਬ ਸਿੰਘ ਜੀ ਨੇ ਪ੍ਰੇਮ ਸੇਵਾ ਅਤੇ ਆਉ ਭਗਤ ਵਿੱਚ ਕੋਈ ਕਸਰ ਨਾ ਛੱਡੀ। ਤਖਤ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ ਦੀਦਾਰੇ ਤਾਂ ਦੋਨੋਂ ਵਕਤ ਪ੍ਰਾਪਤ ਹੁੰਦੇ ਹੀ ਰਹੇ, ਪਰੰਤੂ ਮਹੰਤ ਪੰਜਾਬ ਸਿੰਘ ਜੀ ਨੇ ਨਾਲ ਹੋ ਕੇ ਗੁਰੂ ਬਾਗ, ਗੋਬਿੰਦ ਘਾਟ, ਗਊ ਘਾਟ ਅਤੇ ਹਾਂਡੀ ਸਾਹਿਬ ਆਦਿਕ ਪਵਿੱਤਰ ਅਸਥਾਨਾਂ ਦੇ ਦਰਸ਼ਨ ਵੀ ਕਰਵਾਏ। ਹੁਣ ਆਪ ਜੀ ਨੇ ਇੰਨ੍ਹਾਂ ਪਵਿੱਤਰ ਤੀਰਥ ਅਸਥਾਨਾਂ ਦੀ ਯਾਤਰਾ ਕਰਕੇ ਵਾਪਸੀ ਚਾਲੇ ਪਾਏ। ਇੱਕ ਰਾਤ ਬਨਾਰਸ ਠਹਿਰ ਕੇ ਦੂਸਰੇ ਦਿਨ ਅਯੁੱਧਿਆ ਪਹੁੰਚੇ। ਇੱਥੇ ਭਗਵਾਨ ਸ੍ਰੀ ਰਾਮਚੰਦਰ ਜੀ ਦੀ ਪਵਿੱਤਰ ਜਨਮ ਭੂਮੀ ਦੇ ਦਰਸ਼ਨ ਕੀਤੇ। ਇੱਥੇ ਹੋਰ ਅਸਥਾਨ ਤੇ ਇਤਿਹਾਸਕ ਗੁਰਦੁਆਰਿਆਂ ਦੇ ਦੀਦਾਰ ਕਰਦੇ ਹੋਏ ਲਖਨਊ ਪਹੁੰਚੇ, ਇੱਥੇ ਸਿੰਧੀ ਸੰਗਤਾਂ ਨੂੰ ਮਿਲੇ ਅਤੇ ਨੌਵੇਂ ਪਾਤਿਸ਼ਾਹ ਦੇ ਪਵਿੱਤਰ ਅਸਥਾਨ ਦੇ ਦਰਸ਼ਨ ਕੀਤੇ। ਅਗਲੇ ਦਿਨ ਮੁਰਾਦਾਬਾਦ ਨਿਰਮਲ ਆਸ਼ਰਮ ਪਹੁੰਚ ਗਏ, ਇਥੇ ਸ੍ਰੀਮਾਨ ਮਹੰਤ ਭਗਤ ਸਿੰਘ ਜੀ ਨੇ ਉਤਸ਼ਾਹ ਪੂਰਵਕ ਸੇਵਾ ਸਤਿਕਾਰ ਕੀਤਾ।

ਇਥੇ ਹੀ ਇਕ ਪ੍ਰੇਮੀ ਦੇ ਘਰ ਸ੍ਰੀਮਾਨ ਮਹੰਤ ਦਰਸ਼ਨ ਸਿੰਘ ਤਿਆਗ ਮੂਰਤੀ ਅਤੇ ਸ੍ਰੀਮਾਨ ਗਿਆਨੀ ਗੁਰਦਾਸ ਸਿੰਘ ਜੀ ਮਿਲੇ। ਇਸ ਪ੍ਰਕਾਰ ਇਹ ਧਰਮ ਪ੍ਰਚਾਰ ਅਤੇ ਤੀਰਥ ਯਾਤਰਾ ਅਕਾਲ ਪੁਰਖ ਦੀ ਕ੍ਰਿਪਾ ਨਾਲ ਨਿਰਵਿਘਨਤਾ ਸਹਿਤ ਸੰਪੂਰਨ ਕਰਕੇ ਵਾਪਸ ਰਿਸ਼ੀਕੇਸ਼ ਆ ਗਏ।

## ਰਮਜ਼, ਪਰ ਰਾਜ਼ ਨਹੀਂ

ਜ਼ਿਕਰ 1988 ਦੇ ਗਰਮੀ ਮੌਸਮ ਦਾ ਹੈ ਜਦੋਂ ਭਾਈ ਅਮਰੀਕ ਸਿੰਘ ਧਨੌਲਾ ਨੂੰ ਜੋ ਕਿ ਆਸ਼ਰਮ ਦਾ ਨਿੱਜੀ ਸੇਵਾਦਾਰ ਹੈ ਉਸਦਾ ਇੱਕ ਨੇੜੇ ਦਾ ਸੰਬੰਧੀ ਭਾਈ ਅਵਤਾਰ ਸਿੰਘ ਹਰਖੋਵਾਲ ਲੈਣ ਆਇਆ, ਦਿੱਲੀ ਕਿਸੇ ਕੰਮ ਜਾਣ ਵਾਸਤੇ। ਅਮਰੀਕ ਸਿੰਘ ਨੇ ਕਿਹਾ, ਮਹਾਰਾਜ ਜੀਆਂ ਤੋਂ ਆਗਿਆ ਲੈ ਕੇ ਚੱਲਾਂਗੇ, ਲੇਕਿਨ ਹਜ਼ੂਰ ਉਸ ਦਿਨ ਨਿਰਮਲ ਬਾਗ ਕਨਖਲ ਗਏ ਹੋਏ ਸਨ। ਦੋਨੋਂ ਜਣੇ ਜਦੋਂ ਕਨਖਲ ਪਹੁੰਚੇ ਤਾਂ ਮਹਾਰਾਜ ਜੀ, ਉਪਰ ਆਪਣੇ ਕਮਰੇ ਵਿੱਚ ਬੈਠੇ ਚਾਰ-ਪੰਜ ਸੱਜਣਾਂ ਨੂੰ ਉਪਦੇਸ਼ ਕਰ ਰਹੇ ਸਨ। ਅਮਰੀਕ ਸਿੰਘ, ਅਵਤਾਰ ਸਿੰਘ ਵੀ ਨਮਸ਼ਕਾਰ ਕਰਕੇ ਚਰਨਾਂ ਵਿੱਚ ਬੈਠ ਗਏ। ਹਜ਼ੂਰ ਉਪਦੇਸ਼ ਕਰ ਰਹੇ ਹਨ ਕਿ ਦੁੱਖ-ਸੁੱਖ ਜੀਵ ਨੂੰ ਕਰਮਾਂ ਅਨੁਸਾਰ ਆਉਂਦੇ ਹਨ, ਲੇਕਿਨ ਇਹ ਜੀਵ ਦਾ ਸੁਭਾਵ ਹੈ ਕਿ ਜਦੋਂ ਸੁੱਖ ਆਉਂਦਾ ਹੈ ਤਾਂ ਇਹ ਫੁੱਲਿਆ ਨਹੀਂ ਸਮਾਉਂਦਾ, ਅਤੇ ਹੰਕਾਰ ਵਸ ਸਮਝਦਾ ਹੈ ਕਿ ਇਹ ਮੇਰੀ ਵਜ੍ਹਾ ਕਰਕੇ ਸੁੱਖ ਆਇਆ ਹੈ। ਮੈਂ ਮਿਹਨਤ ਕੀਤੀ, ਮੈਂ ਬੁੱਧੀ ਤੋਂ ਕੰਮ ਲਿਆ, ਮੈਂ ਇਉਂ ਕੀਤਾ ਤਾਂ ਇਹ ਪ੍ਰਾਪਤੀ ਹੋਈ ਇਤਿਆਦਿਕ। ਪਰੰਤੂ ਜਦੋਂ ਦੁੱਖ ਆਉਂਦਾ ਹੈ ਤਾਂ ਦੋਸ਼ ਦੂਸਰਿਆਂ ਨੂੰ ਦਿੰਦਾ ਹੈ ਕਿ ਇਸਨੇ ਇਉਂ ਕੀਤਾ ਤਾਂ ਮੈਨੂੰ ਦੁੱਖ ਹੋਇਆ। ਬਲਕਿ ਇੰਨਾਂ ਹੀ ਨਹੀਂ ਸਗੋਂ ਰੱਬ ਨੂੰ ਵੀ ਕੋਸਣਾ ਸ਼ੁਰੂ ਕਰ ਦਿੰਦਾ ਹੈ ਕਿ ਉਸਨੇ ਬੇਇਨਸਾਫੀ ਕੀਤੀ ਹੈ, ਸਭ ਲੋਕ ਸੁਖੀ ਬੈਠੇ ਹਨ, ਮੈਂ ਦੁਖੀ ਹਾਂ, ਇਤਿਆਦਿਕ ਦੋਸ਼ ਰੱਬ ਤੇ ਲਾਉਣ ਤੋਂ ਵੀ ਸੰਕੋਚ ਨਹੀਂ ਕਰਦਾ। ਜਿਸਨੇ ਗੰਦੇ ਪਾਣੀ ਦੇ ਬੁਲਬੁਲੇ ਤੋਂ ਸੁੰਦਰ ਸਰੀਰ ਦੀ ਰਚਨਾ ਕਰਕੇ ਵਿੱਚ ਅਣਗਿਣਤ ਸੁਆਸਾਂ ਦੀ ਪੂੰਜੀ ਬਗੈਰ ਕਿਸੇ ਮੁੱਲ ਤੋਂ ਪਾਈ, ਅਨੇਕਾਂ ਰਿਸ਼ਤੇਦਾਰ ਸੰਬੰਧੀ ਦਿੱਤੇ। ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਸ੍ਰੀ ਸੁਖਮਨੀ ਸਾਹਿਬ ਦੀ ਛੇਵੀਂ ਅਸ਼ਟਪਦੀ ਵਿੱਚ ਪਰਮੇਸ਼ਰ ਦੇ ਕਰਨਿਆਂ ਵੱਲ ਸਾਡਾ ਧਿਆਨ ਦਿਵਾਉਂਦੇ ਹਨ—

ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥ ਤਿਸੁ ਠਾਕੁਰ ਕਉ ਰਖੁ ਮਨ ਮਾਹਿ॥
ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ॥ ਤਿਸ ਕਉ ਸਿਮਰਤ ਪਰਮ ਗਤਿ ਪਾਵਹਿ॥
ਜਿਹ ਪ੍ਰਸਾਦਿ ਬਸਹਿ ਸੁਖ ਮੰਦਰ॥ ਤਿਸਹਿ ਧਿਆਏ ਸਦਾ ਮਨ ਅੰਦਰਿ॥

*(ਪੰਨਾ-੨੬੯)*

ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ। ਲਿਵ ਲਾਵਹੁ ਤਿਸੁ ਰਾਮ ਸਨੇਹੀ॥

*(ਪੰਨਾ-੨੭੦)*

ਅਗਨਤ ਸਾਹੁ ਅਪਨੀ ਦੇ ਰਾਸਿ॥ ਖਾਤ ਪੀਤ ਬਰਤੈ ਅਨਦ ਉਲਾਸਿ॥

*(ਪੰਨਾ-੨੬੮)*

ਸਾਡੇ ਮਨ ਨੂੰ ਸਮਝਾਉਣ ਲਈ ਇਤਿਆਦਿਕ ਅਣਗਿਣਤ ਇਸ਼ਾਰੇ ਗੁਰਬਾਣੀ ਵਿੱਚ ਗੁਰੂ ਬਾਬਾ ਜੀ ਕਰ ਰਹੇ ਹਨ। ਲੇਕਿਨ ਹੰਕਾਰ ਵਸ ਹੋਇਆ ਇਹ ਮਨ ਬਜਾਏ ਉਪਕਾਰ ਮੰਨਣ ਦੇ, ਐਸੇ ਦਿਆਲੂ ਪਰਮਾਤਮਾ ਤੇ ਵੀ ਦੋਸ਼ ਲਾਉਣਾ ਸ਼ੁਰੂ ਕਰ ਦਿੰਦਾ ਹੈ, ਕਿਉਂਕਿ ਠੀਕ ਗਲਤ ਦੀ ਸੋਝੀ ਇਸ ਨੂੰ ਪ੍ਰਾਪਤ ਹੋਣੀ ਸੀ ਸਤਿਸੰਗ ਵਿੱਚੋਂ, ਪਰੰਤੂ ਇਸ ਨੂੰ ਮਾਇਆ ਅਤੇ ਹੰਕਾਰ ਨੇ ਇਤਨਾ ਭਰਮਤ ਕਰ ਦਿੱਤਾ ਕਿ ਸਤਿਸੰਗ ਵਿੱਚ ਜਾਣ ਲਈ ਇਹਦੇ ਕੋਲ ਸਮਾਂ ਹੀ ਨਹੀਂ, ਅਗਰ ਕਦੇ ਭੁੱਲ ਭੁਲੇਖੇ ਚਲਾ ਵੀ ਜਾਵੇ, ਤਾਂ ਉਥੋਂ ਜੋ ਕੁਝ ਸੁਣਾਇਆ ਜਾ ਰਿਹਾ ਹੈ ਉਸ ਵੱਲ ਧਿਆਨ ਵੀ ਨਹੀਂ ਦਿੰਦਾ। ਅਗਰ ਧਿਆਨ ਦੇ ਵੀ ਦੇਵੇ ਤਾਂ ਉਸਨੂੰ ਜੀਵਨ ਵਿੱਚ ਲਿਆਉਣ ਦੀ ਕੋਸ਼ਿਸ਼ ਹੀ ਨਹੀਂ ਕਰਦਾ। ਫਿਰ ਤੁਸੀਂ ਦੱਸੋ ਕਿ ਅਗਰ ਮਰੀਜ਼, ਡਾਕਟਰ ਕੋਲ ਜਾਵੇ ਹੀ ਨਾ ਤਾਂ ਰੋਗ ਕਿਵੇਂ ਹਟੇਗਾ? ਚਲੋ, ਅਗਰ ਕਿਸੇ ਦੇ ਕਹਿਣ ਸੁਨਣ ਤੇ ਚਲਾ ਵੀ ਜਾਵੇ, ਲੇਕਿਨ ਡਾਕਟਰ ਦੀ ਗੱਲ ਵੱਲ ਧਿਆਨ ਹੀ ਨਾ ਦੇਵੇ, ਉਸ ਦੇ ਦੱਸੇ ਮੁਤਾਬਿਕ ਨੁਸਖਾ ਨਾ ਵਰਤੇ, ਅਤੇ ਪੱਥ ਪਰਹੇਜ਼ ਵੱਲ ਪੂਰਾ-ਪੂਰਾ ਧਿਆਨ ਨਾ ਦੇਵੇ, ਤਾਂ ਕੀ ਉਹ ਮਰੀਜ਼ ਨਿਰੋਗ ਹੋ ਜਾਊ? ਗਲਤੀ ਆਪਣੀ ਗੁੱਸਾ ਡਾਕਟਰ ਤੇ ਕਰੇ ਇਹ ਕੋਈ ਬੁੱਧੀਮਾਨਤਾ ਹੈ? ਇਸ ਲਈ ਮਨੁੱਖ ਤਨ ਧਾਰਨ ਕਰਕੇ ਜ਼ਰੂਰੀ ਹੈ ਸਤਿਸੰਗ ਕਰਨਾ, ਉਸ

ਤੋਂ ਵੀ ਜ਼ਰੂਰੀ ਹੈ ਸੁਣੇ ਹੋਏ ਤੇ ਅਮਲ ਕਰਨਾ। ਜਦ ਇਹ ਜੀਵਨ ਨੂੰ ਐਸਾ ਬਨਾਉਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਨਾਲ-ਨਾਲ ਜੀਵਨ ਵੀ ਸੁਖਮਈ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸ ਦਾ ਮਤਲਬ ਇਹ ਨਹੀਂ, ਕਿ ਹੁਣ ਦੁੱਖ-ਸੁੱਖ ਆਉਣੇ ਬੰਦ ਹੋ ਜਾਣਗੇ, ਐਸਾ ਨਹੀਂ ਹੈ, ਦੁੱਖ-ਸੁੱਖ ਕਰਮਾਂ ਅਨੁਸਾਰ ਆਉਂਦੇ ਹੀ ਰਹਿਣਗੇ, ਕਿਉਂਕਿ ਸਰੀਰ ਬਣਿਆ ਹੋਇਆ ਹੀ ਕਰਮਾਂ ਦਾ ਹੈ। ਇਸ ਲਈ ਜਿਤਨੀ ਦੇਰ ਸਰੀਰ ਹੈ ਦੁੱਖ-ਸੁੱਖ ਕਰਮਾਂ ਅਨੁਸਾਰ ਆਉਂਦੇ ਰਹਿਣਗੇ, ਪਰੰਤੂ ਗੁਰੂ ਪ੍ਰਮੇਸ਼ਰ ਦੀ ਕ੍ਰਿਪਾ ਨਾਲ ਇਹ ਉਨ੍ਹਾਂ ਨੂੰ ਸੂਲੀ ਤੋਂ ਸੂਲ ਦੀ ਤਰ੍ਹਾਂ ਸਹਿਣ ਕਰ ਲਏਗਾ। ਯਾਨੀ ਆਏ ਦੁੱਖ ਨੂੰ ਇਹ ਬਜਾਏ ਕਿਸੇ ਨੂੰ ਦੋਸ਼ ਦੇਣ ਦੇ ਆਪਣੇ ਕਰਮ ਦਾ ਫਲ ਅਤੇ ਪ੍ਰਮੇਸ਼ਰ ਦਾ ਹੁਕਮ ਮੰਨ ਕੇ ਸ਼ਾਂਤ ਚਿੱਤ ਰਹੇਗਾ।

ਮਿਸਾਲ ਦੇ ਤੌਰ ਤੇ ਤੁਸੀਂ ਕਿਸੇ ਸਫਰ ਕਰ ਰਹੇ ਹੋ, ਅੱਗੇ ਕੋਈ ਬੁੱਧੀ-ਹੀਨ ਪੁਰਸ਼ ਜਾਂ ਕਿਸੇ ਨਸ਼ੇ ਦੇ ਵਸ ਹੋਇਆ ਤੁਹਾਨੂੰ ਅਪਸ਼ਬਦ ਜਾਂ ਗਾਲੀ ਗਲੋਚ ਕਰਦਾ ਹੈ, ਤੁਸੀਂ ਸਤਿਸੰਗੀ ਹੋਣ ਦੇ ਨਾਤੇ ਕਿ–

**ਪੜ ਅਖਰ ਏਹੁ ਬੁਝੀਐ॥**
**ਮੂਰਖੇ ਨਾਲ ਨ ਲੂਝੀਐ॥**

ਵਾਲੇ ਸਿਧਾਂਤ ਨੂੰ ਜਾਣਦੇ ਹੋਏ ਕਿਨਾਰਾ ਕਰ ਗਏ, ਸੁਖੀ ਰਹੇ, ਲੇਕਿਨ ਜੇ ਤੁਸੀਂ ਵੀ ਸਤਿਸੰਗ ਵਿੱਚ ਸੁਣੇ ਸਿਧਾਂਤ ਨੂੰ ਭੁਲਾ ਕੇ ਕ੍ਰੋਧ ਵਸ ਝਗੜਾ ਕਰ ਬੈਠੇ, ਤਾਂ ਤੁਸੀਂ ਵੀ ਇਉਂ ਸਮਝੋ, ਕਿ ਡਾਕਟਰ ਦੇ ਕੋਲ ਵੀ ਗਏ, ਦਵਾਈ ਵੀ ਲੈ ਕੇ ਜੇਬ ਵਿੱਚ ਪਾ ਲਈ ਲੇਕਿਨ ਸਮੇਂ ਅਨੁਸਾਰ ਵਰਤੀ ਨਾ, ਫਿਰ ਫਾਇਦਾ ਕੀ ਹੋਇਆ ਡਾਕਟਰ ਕੋਲ ਜਾਣ ਦਾ, ਦਵਾਈ ਖਰੀਦਣ ਦਾ? ਝਗੜਾ ਕਰ ਬੈਠੇ, ਦੋਨਾਂ ਨੂੰ ਫੜ ਕੇ ਪੁਲੀਸ ਨੇ ਅੰਦਰ ਕਰ ਦਿੱਤਾ। ਜਿਤਨਾ ਕਸ਼ਟ ਉਸ ਬੁੱਧੀਹੀਨ ਪੁਰਸ਼ ਨੇ ਉਠਾਇਆ ਜੇਲ ਦਾ, ਉਤਨਾ ਹੀ ਤੁਸੀਂ ਬੁੱਧੀਮਾਨ ਹੋ ਕੇ ਉਠਾਇਆ। ਫਿਰ ਫਰਕ ਕੀ ਰਿਹਾ? ਇਉਂ ਜਦ ਸਤਿਸੰਗੀ ਪੁਰਸ਼ ਗੁਰੂ ਪ੍ਰਮੇਸ਼ਰ ਦੇ ਹੁਕਮ ਵਿੱਚ ਚੱਲਦਾ ਹੋਇਆ ਜੀਵਨ ਬਸਰ ਕਰਦਾ ਹੈ, ਤਾਂ ਪਰਮੇਸ਼ਰ ਇਸ ਦੇ ਕਈ ਵੱਡੇ ਦੁੱਖਾਂ ਨੂੰ ਵੀ ਸੂਲੀ ਤੋਂ ਸੂਲ ਦੀ ਤਰ੍ਹਾਂ ਲੰਘਾ ਦਿੰਦਾ ਹੈ, ਅਤੇ ਇਸ ਦਾ ਕੰਡਿਆਲਾ ਜੀਵਨ ਫੁੱਲਾਂ ਦੀ ਸੇਜ ਦੇ ਸਮਾਨ ਸੁਖਦਾਈ ਹੋ ਜਾਂਦਾ ਹੈ। ਹਜ਼ੂਰ ਦੇ ਮੁੱਖ ਤੋਂ ਐਸਾ ਉਪਦੇਸ਼ ਸੁਣਕੇ ਅਮਰੀਕ ਸਿੰਘ ਅਤੇ ਨਾਲ ਦਾ ਸਾਥੀ ਆਗਿਆ ਲੈ ਕੇ ਦਿੱਲੀ ਨੂੰ ਚੱਲ ਪਏ। ਹਰਿਦੁਆਰ ਸਟੇਸ਼ਨ ਤੇ ਜਦੋਂ ਪਹੁੰਚੇ, ਤਾਂ ਦਿੱਲੀ ਨੂੰ ਜਾਣ ਵਾਲੀ ਮਨਸੂਰੀ ਐਕਸਪ੍ਰੈਸ ਰੇਲ ਗੱਡੀ ਤਾਂ ਖੜੀ ਸੀ ਲੇਕਿਨ ਭਰੀ ਖਚਾਖਚ ਪਈ ਸੀ। ਕਿਸੇ ਵੀ ਡੱਬੇ ਵਿੱਚ ਵੜਨ ਲਈ ਜਗ੍ਹਾ ਨਹੀਂ ਸੀ ਮਿਲ ਰਹੀ। ਆਖਰ ਇੱਕ ਡੱਬੇ ਵਿੱਚ ਕੁਝ ਜਗ੍ਹਾ ਨਜ਼ਰ ਆਈ, ਉਸ ਵਿੱਚ ਵੜ ਗਏ, ਇਤਨੇ ਨੂੰ ਗੱਡੀ ਵੀ ਚੱਲ ਪਈ। ਅੰਦਰ ਜਾ ਕੇ ਦੇਖਿਆ ਉਹ ਡੱਬਾ ਮਿਲਟਰੀ ਲਈ ਰਿਜ਼ਰਵ ਸੀ, ਮਿਲਟਰੀ ਦੇ ਕਰਨਲ ਰੈਂਕ ਦੇ ਕੁਝ ਅਫਸਰ ਸ਼ਰਾਬ ਨਾਲ ਧੁਤ ਹੋਏ ਸੀਟਾਂ ਤੇ ਲੇਟੇ ਪਏ ਸਨ। ਇੰਨ੍ਹਾਂ ਨੇ ਸਰਦਾਰਾਂ ਨੂੰ ਦੇਖ ਕੇ ਉਨ੍ਹਾਂ ਨੂੰ ਗਾਲਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ, ਉਹ ਸ਼ਾਇਦ ਖੁਦ ਹਰਿਆਣੇ ਦੇ ਜਾਟ ਸਨ। ਗਾਲਾਂ ਦੇ ਨਾਲ-ਨਾਲ ਆਪ ਤੋਂ ਜੂਨੀਅਰ ਮੁਲਾਜ਼ਮਾਂ ਨੂੰ ਕਹਿਣ ਲੱਗੇ, ਇਨ੍ਹਾਂ ਸਰਦਾਰਾਂ ਨੂੰ ਚੱਲਦੀ ਗੱਡੀ ਤੋਂ ਧੱਕਾ ਦੇ ਕੇ ਬਾਹਰ ਸੁੱਟ ਦਿਉ। ਮਿਲਟਰੀ ਦਾ ਹੀ ਇਕ ਸਿਪਾਹੀ ਰੈਂਕ ਦਾ ਸਰਦਾਰ ਸੀ ਉਸਨੇ ਕੁਝ ਸਮਝਾਉਣ ਦੀ ਕੋਸ਼ਿਸ਼ ਕੀਤੀ, ਲੇਕਿਨ ਉਸ ਨੂੰ ਵੀ ਗਾਲਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ, ਉਹ ਵੀ ਵਿਚਾਰਾ ਚੁੱਪ ਹੋ ਗਿਆ।

ਗੱਡੀ ਆਪਣੀ ਸਪੀਡ ਤੇ ਜਾ ਰਹੀ ਹੈ, ਕਿਤੇ ਰੁਕੇ ਤਾਂ ਡੱਬਾ ਬਦਲਣ, ਲੇਕਿਨ ਉਧਰ ਉਹ ਅਫਸਰ ਲੋਕ ਇਕ ਸਕਿੰਟ ਵੀ ਇਨ੍ਹਾਂ ਸਰਦਾਰਾਂ ਨੂੰ ਸਹਿਣ ਕਰਨ ਲਈ ਤਿਆਰ ਨਹੀਂ, ਇਸ ਲਈ ਸ਼ਰਾਬ ਦੇ ਨਸ਼ੇ ਵਿੱਚ ਗਾਲਾਂ ਦੀ ਬੁਛਾੜ ਕਰੀਂ ਜਾ ਰਹੇ ਹਨ। ਸਰਦਾਰ ਸਿਪਾਹੀ ਨੇ ਸਥਿਤੀ ਵਿਗੜਦੀ ਦੇਖ ਕੇ ਅਮਰੀਕ ਸਿੰਘ ਹੁਰਾਂ ਨੂੰ ਕਿਹਾ, ਕਿ ਤੁਸੀਂ ਇਨ੍ਹਾਂ ਦੀਆਂ ਅੱਖਾਂ ਤੋਂ ਪਰੇ ਇਧਰ ਤਾਕੀ ਵਿੱਚ ਆ ਕੇ ਬੈਠ ਜਾਉ, ਜਿਥੇ ਗੱਡੀ ਰੁਕੀ ਤੁਸੀਂ ਉਤਰ ਜਾਇਉ। ਦੋਨੋਂ ਜਣੇ ਤਾਕੀ ਵਿੱਚ ਆ ਗਏ, ਅਮਰੀਕ ਸਿੰਘ ਤਾਕੀ ਤੋਂ ਬਾਹਰ ਨੂੰ ਪੈਰ ਕਰਕੇ ਬੈਠ ਗਿਆ, ਦੂਸਰਾ ਥੋੜ੍ਹਾ ਅੰਦਰ ਬੈਠ ਗਿਆ, ਅਮਰੀਕ ਦੇ ਪਿੱਛੇ। ਇਤਨੇ ਨੂੰ ਕੋਈ ਛੋਟਾ ਮੋਟਾ ਸਟੇਸ਼ਨ ਆਇਆ ਉਥੇ ਗੱਡੀ ਤਾਂ ਨਾ ਰੁਕੀ, ਲੇਕਿਨ ਪਲੇਟ ਫਾਰਮ ਦੀ ਦੀਵਾਰ ਦੇ ਅਤੇ ਗੱਡੀ ਦੇ ਪਾਇਦਾਨ ਦੇ ਵਿਚਾਲੇ ਆ ਕੇ ਅਮਰੀਕ ਸਿੰਘ ਦਾ ਪੈਰ ਬੂਟ ਦੇ ਵਿੱਚ ਹੀ ਕਟ ਗਿਆ, ਖੂਨ ਬੜੀ ਤੇਜ਼ੀ ਨਾਲ ਵਹਿਣ ਲੱਗਿਆ। ਇਤਨੇ ਨੂੰ ਲਕਸ਼ਰ ਸਟੇਸ਼ਨ ਆ ਗਿਆ, ਉਥੇ ਰਿਪੋਰਟ ਕੀਤੀ, ਇਤਨੇ ਨੂੰ ਗੱਡੀ ਫਿਰ ਚੱਲ ਪਈ। ਹੁਣ ਉਹ ਅਫਸਰ ਵੀ ਸ਼ਾਂਤ ਹੋ ਗਏ, ਅਮਰੀਕ ਸਿੰਘ ਨੂੰ ਦੋ ਬੰਦਿਆਂ ਨੇ ਉਠਾ ਕੇ ਅੰਦਰ

ਇਕ ਸੀਟ ਤੇ ਲਿਟਾਇਆ, ਪੈਰ ਤੇ ਕੋਈ ਕੱਪੜਾ ਬੰਨ੍ਹ ਕੇ ਕੁਛ ਉੱਚੇ ਥਾਂ ਤੇ ਟਿਕਾਇਆ, ਤਾਂ ਕਿ ਖ਼ੂਨ ਦਾ ਪ੍ਰੈਸ਼ਰ ਕੁਝ ਘੱਟ ਹੋ ਜਾਵੇ। ਲਕਸ਼ਰ ਸਟੇਸ਼ਨ ਵਾਲਿਆਂ ਨੇ ਅਗਲੇ ਸਟੇਸ਼ਨ ਤੇ ਫੋਨ ਕਰ ਦਿੱਤਾ, ਜਦੋਂ ਸਟੇਸ਼ਨ ਤੇ ਗੱਡੀ ਰੁਕੀ ਤਾਂ ਛੇ ਸਤ ਬੰਦੇ ਰੇਲਵੇ ਦੇ ਆ ਗਏ, ਤਾਂ ਅਮਰੀਕ ਨੂੰ ਉਥੋਂ ਚੁੱਕ ਕੇ ਗਾਰਡ ਵਾਲੇ ਡੱਬੇ ਵਿੱਚ ਲੈ ਗਏ, ਮਲ੍ਹਮ ਪੱਟੀ ਜੋ ਫਸਟ ਏਡ ਵਿੱਚ ਕੀਤਾ ਜਾ ਸਕਦਾ ਸੀ ਉਹ ਸਾਰਾ ਕੀਤਾ। ਜਦੋਂ ਪੱਟੀ ਕਰ ਰਹੇ ਸਨ ਤਾਂ ਅਮਰੀਕ ਸਿੰਘ ਹਜ਼ੂਰ ਵੱਲੋਂ ਪਹਿਲਾਂ ਹੀ ਕੀਤੇ ਇਸ਼ਾਰੇ ਨੂੰ ਯਾਦ ਕਰਕੇ ਹੈਰਾਨ ਹੋ ਰਿਹਾ ਸੀ। ਕੋਲ ਕੁਝ ਮਾਈਆਂ ਬੈਠੀਆਂ ਇਹ ਦੇਖਕੇ ਅਸਚਰਜ ਹੋ ਰਹੀਆਂ ਹਨ ਕਿ ਸੱਟ ਕਿਤਨੀ ਜ਼ਿਆਦਾ ਹੈ, ਖ਼ੂਨ ਨਾਲ ਕੱਪੜੇ ਲੱਥ-ਪੱਥ ਹੋਏ ਪਏ ਹਨ, ਲੇਕਿਨ ਇਹ ਭਾਈ ਬਜਾਏ ਸੱਟ ਮਹਿਸੂਸ ਕਰਨ ਦੇ ਕੁਝ ਹੋਰ ਸੋਚੀਂ ਜਾ ਰਿਹਾ ਹੈ। ਲੇਕਿਨ ਅਮਰੀਕ ਸਿੰਘ ਦਾ ਮਨ ਹਜ਼ੂਰ ਵੱਲੋਂ ਅੰਤਰਆਤਮਾ ਦੁਆਰਾ ਤੱਕ ਕੇ ਕੀਤੇ ਇਸ਼ਾਰੇ ਨੂੰ ਯਾਦ ਕਰ-ਕਰ ਕੇ ਅਸਚਰਜ ਹੋ ਰਿਹਾ ਸੀ। ਬਾਅਦ ਵਿੱਚ ਛੇ ਮਹੀਨੇ ਲੱਗੇ ਠੀਕ ਹੋਣ ਲਈ।

## ਬੇਪਰਵਾਹੀ

**ਵੇਪਰਵਾਹੁ ਅਨੰਦ ਮੈ ਨਾਉ ਮਾਣਕ ਹੀਰਾ॥ ਰਜੀ ਧਾਈ ਸਦਾ ਸੁਖੁ ਜਾ ਕਾ ਤੂੰ ਮੀਰਾ॥**
**ਸਖੀ ਸਹੇਰੀ ਸੰਗ ਕੀ ਸੁਮਤਿ ਦ੍ਰਿੜਾਵਉ॥ ਸੇਵਹੁ ਸਾਧੂ ਭਾਉ ਕਰਿ ਤਉ ਨਿਧਿ ਹਰਿ ਪਾਵਉ॥**
**ਸਗਲੀ ਦਾਸੀ ਠਾਕੁਰੈ ਸਭ ਕਹਤੀ ਮੇਰਾ॥ ਜਿਸਹਿ ਸੀਗਾਰੇ ਨਾਨਕਾ ਤਿਸੁ ਸੁਖਹਿ ਬਸੇਰਾ॥**

*(ਆ: ਮ: ੫, ਪੰਨਾ—੪੦੦)*

ਜ਼ਿਕਰ 1988 ਦਾ ਹੀ ਹੈ ਜਦੋਂ ਬੇਪਰਵਾਹ ਦਾਤਾ ਗੁਰਾਇਆ ਕੁਟੀਆ ਠਹਿਰ ਕੇ ਆਪਣੇ ਬੇਪਰਵਾਹ ਸੁਭਾਵ ਅਨੁਸਾਰ ਦੋਨੋਂ ਹੱਥੀਂ ਪ੍ਰੇਮ ਦੀਆਂ ਦਾਤਾਂ ਸ਼ਰਧਾਵਾਨਾਂ ਨੂੰ ਵੰਡੀ ਜਾ ਰਿਹਾ ਹੈ। ਅੱਜ ਜਨਮ ਅਸ਼ਟਮੀ ਯਾਨੀ ਭਗਵਾਨ ਕ੍ਰਿਸ਼ਨ ਜੀ ਦਾ ਅਵਤਾਰ ਦਿਵਸ ਹੈ, ਇਸ ਲਈ ਆਪਣੀ ਕਿਸੇ ਪੁਰਾਤਨ ਲੀਲਾ ਵਿੱਚ ਲੀਨ ਹੋਇਆ, ਸਵੇਰ ਤੋਂ ਹੀ ਕੁਝ ਗਹਿਰਾ ਉਤਰਿਆ ਹੋਇਆ ਹੈ। ਸੰਗਤ ਨਾਲ ਗੱਲ ਬਹੁਤ ਘੱਟ, ਸਾਹਮਣੇ ਕੋਈ ਆ ਜਾਏ ਤਾਂ ਹਲਕੀ ਮੁਸਕਾਨ ਨਾਲ ਇੱਕ ਅੱਧ ਪ੍ਰੇਮ ਦ੍ਰਿਸ਼ਟੀ ਪਾਈ ਫੇਰ ਨੇਤਰਾਂ ਦੇ ਛਪਰ ਨੀਵੇਂ, ਬਸ ਫਿਰ ਉਹੀ ਮੌਜ, ਉਹੀ ਗੰਭੀਰਤਾ, ਇਉਂ ਸਾਰਾ ਦਿਨ ਬੀਤ ਗਿਆ, ਲੇਕਿਨ ਬਿਰਤੀ ਦੀ ਅੰਤਰਮੁਖਤਾ ਵਿੱਚ ਫਰਕ ਨਹੀਂ ਆ ਰਿਹਾ। ਹੁਣ ਸ਼ਾਮ ਨੂੰ ਸੈਰ ਦਾ ਸਮਾਂ ਹੋਇਆ, ਉਸੇ ਮੌਜ ਵਿੱਚ ਜੀ. ਟੀ. ਰੋਡ ਵੱਲ ਨੂੰ ਚੱਲ ਪਏ। ਬਲਵਿੰਦਰ ਸਿੰਘ (ਵੈਂਪੀ) ਅਤੇ ਕੁਕਲੀ ਵੀ ਪਿੱਛੇ-ਪਿੱਛੇ ਨਾਲ ਹੋ ਗਏ। ਜੀ.ਟੀ. ਰੋਡ ਤੇ ਜਾ ਕੇ ਹੁਣ ਰੁੱਖ ਫਿਲੌਰ ਵੱਲ ਨੂੰ ਕੀਤਾ। ਥੋੜ੍ਹੀ ਦੂਰ ਖਹਿਰੇ ਪਿੰਡ ਕੋਲ ਜਾ ਕੇ ਵੈਂਪੀ ਤਾਂ ਚੱਪਲ ਟੁੱਟਣ ਕਰਕੇ ਰੁੱਕ ਗਿਆ, ਲੇਕਿਨ ਦਾਤਾ ਉਸੇ ਤਰ੍ਹਾਂ ਆਪਣੀ ਅੰਤਰਮੁੱਖਤਾ ਵਿੱਚ ਲੀਨ ਹੋਇਆ ਬੜੀ ਤੇਜ਼ੀ ਨਾਲ ਅੱਗੇ ਨੂੰ ਜਾਈ ਜਾ ਰਿਹਾ ਹੈ। ਉਪਰੋਂ ਹਨੇਰਾ ਹੋ ਆਇਆ, ਸਫਰ ਵੀ ਪੰਜ ਛੇ ਕਿਲੋਮੀਟਰ ਦੂਰ ਆ ਗਏ ਕੁਟੀਆ ਤੋਂ ਲੇਕਿਨ ਵਾਪਸੀ ਵੱਲ ਕੋਈ ਧਿਆਨ ਨਹੀਂ। ਵੈਂਪੀ ਤਾਂ ਚੱਪਲ ਟੁੱਟਣ ਕਰਕੇ ਉਥੇ ਹੀ ਬੈਠ ਗਿਆ ਕਿ ਵਾਪਸੀ ਤੇ ਨਾਲ ਹੋ ਜਾਊਂ, ਲੇਕਿਨ ਕੁਕਲੀ ਪਿੱਛੇ-ਪਿਛੇ ਜਾਈ ਜਾ ਰਿਹਾ ਹੈ। ਜ਼ਿਆਦਾ ਸਮਾਂ ਅਤੇ ਉਪਰੋਂ ਹਨੇਰਾ ਹੋ ਗਿਆ ਜਾਣਕੇ ਉਜਾਗਰ ਸਿੰਘ ਸੂਰੀ ਨੇ ਜੀਤ ਸਿੰਘ ਗੁਰਾਇਆ ਨੂੰ ਨਾਲ ਬਿਠਾ ਕੇ ਕਾਰ ਪਿੱਛੇ ਲਈ, ਲੇਕਿਨ ਫਿਲੌਰ ਤੱਕ ਦੇਖ ਕੇ ਵਾਪਸ ਆ ਗਏ, ਕਿ ਕਿਸੇ ਹੋਰ ਪਾਸੇ ਦੀ ਵਾਪਸ ਨਾ ਆ ਗਏ ਹੋਣ। ਜਦੋਂ ਵਾਪਸ ਮੁੜ ਕੇ ਖਹਿਰੇ ਪਿੰਡ ਦੇ ਬਰਾਬਰ ਸੜਕ ਤੇ ਬੈਠੇ ਵੈਂਪੀ ਨੂੰ ਮਿਲਕੇ ਵਿਚਾਰ ਕਰ ਰਹੇ ਸਨ ਕਿ ਕਿੱਧਰ ਦੇਖਿਆ ਜਾਏ, ਤਾਂ ਇਤਨੇ ਨੂੰ ਇਕ ਸਾਈਕਲ ਵਾਲੇ ਨੇ ਦੱਸਿਆ ਕਿ ਇੱਕ ਮਹਾਤਮਾ ਫਿਲੌਰ ਤੋਂ ਅੱਗੇ ਲੁਧਿਆਣੇ ਵੱਲ ਨੂੰ ਬਹੁਤ ਤੇਜ਼ੀ ਨਾਲ ਤੁਰੇ ਜਾ ਰਹੇ ਹਨ। ਕਾਰ ਦੁਬਾਰਾ ਵਾਪਸ ਕਰਕੇ ਲੁਧਿਆਣੇ ਵੱਲ ਨੂੰ ਦੌੜਾਈ ਤਾਂ ਸਤਲੁਜ ਦੇ ਪੁਲ ਤੇ ਆਪਣੀ ਮੌਜ ਵਿੱਚ ਲੀਨ ਹੋਏ, ਲੁਧਿਆਣੇ ਵੱਲ ਨੂੰ ਤੁਰੇ ਜਾ ਰਹੇ ਹਨ। ਸੂਰੀ ਹੁਰਾਂ ਕਾਰ ਖੜੀ ਕਰਕੇ ਜਦੋਂ ਚਰਨਾਂ ਤੇ ਨਮਸ਼ਕਾਰ ਕੀਤੀ ਤਾਂ ਬੜੀ ਗੰਭੀਰ ਮੁਦਰਾ ਵਿੱਚ ਤੱਕ ਕੇ ਬੋਲੇ, ਦੱਸੋ ਕੀ ਗੱਲ ਹੈ? ਸੂਰੀ ਨੇ ਅਰਜ਼ ਕੀਤੀ, ਮਹਾਰਾਜ! ਰਾਤ ਵੱਡੀ ਹੋ ਗਈ ਆਪ ਸੋਲਾਂ ਸਤਾਰਾਂ ਕਿਲੋਮੀਟਰ ਦਾ ਸਫਰ ਕਰਕੇ ਫਿਲੌਰ ਤੋਂ ਵੀ ਅੱਗੇ ਲੰਘ ਆਏ ਹੋ, ਕ੍ਰਿਪਾ ਕਰੋ ਵਾਪਸ ਕੁਟੀਆ ਚੱਲੀਏ, ਸੰਗਤਾਂ ਬਿਹਬਲ ਹੋ ਰਹੀਆਂ ਹਨ।

ਅੱਛਾ! ਇਤਨਾ ਬਚਨ ਉਚਾਰ ਕੇ ਗੱਡੀ ਵਿੱਚ ਬੈਠ ਗਏ, ਲੇਕਿਨ ਹੋਰ ਬਚਨ ਕੋਈ ਨਹੀਂ ਕਰ ਰਹੇ। ਉਸੇ ਗੰਭੀਰਤਾ ਵਿੱਚ ਗਹਿਰੇ ਉਤਰੇ ਕੁਟੀਆ ਪਹੁੰਚ ਗਏ। ਅੱਗੇ ਸੰਗਤ ਉਡੀਕ ਕਰ ਰਹੀ ਸੀ ਕਿ ਮਹਾਰਾਜ ਆਉਣ ਤਾਂ ਲੰਗਰ ਛਕੀਏ, ਲੇਕਿਨ ਮੌਜੀ ਪ੍ਰੀਤਮ ਨੇ ਜਾਣ ਸਾਰ ਜਪੁਜੀ ਸਾਹਿਬ ਦੀਆਂ ਪੰਜ ਪਉੜੀਆਂ ਕਰਨ ਦਾ ਇਸ਼ਾਰਾ ਕਰ ਦਿੱਤਾ, ਅਤੇ ਆਪ ਵੀ ਉੱਚੀ ਸੁਰ ਵਿੱਚ ਕਰਨ ਲੱਗ ਗਏ। **ਗੁਰਾ ਇਕ ਦੇਹਿ ਬੁਝਾਈ** ਵਾਲੀ ਪੰਕਤੀ ਜਦੋਂ ਆਵੇ ਤਾਂ ਸੰਗਤ ਜ਼ੋਰ ਨਾਲ ਬੋਲੇ, ਕਿ ਹੁਣ ਬੰਦ ਹੋ ਜਾਣ, ਲੇਕਿਨ ਕੌਣ ਜਾਣੇ ਬੇਪਰਵਾਹ ਦੀ ਮੌਜ ਨੂੰ? ਆਪ ਦੁਬਾਰਾ ਫਿਰ ਸ਼ੁਰੂ ਕਰ ਲੈਣ। ਭਾਵੇਂ ਰਾਤ ਵੱਡੀ ਹੋ ਜਾਣ ਕਰਕੇ ਸਭ ਦੇ ਅੰਦਰ ਭੁੱਖ ਦੀ ਚੂਹੇ ਦੌੜ ਹੋ ਰਹੀ ਸੀ, ਲੇਕਿਨ ਕੌਣ ਕਹੇ ਸਾਹਿਬ ਨੂੰ ਇੰਝ ਨਹੀਂ ਇੰਝ ਕਰ। ਪੂਰਾ ਇੱਕ ਘੰਟਾ ਪੰਜ ਪੌੜੀਆਂ ਤੱਕ ਜਾਪ ਕਰਾ ਕੇ ਫਿਰ ਹੁਕਮ ਕੀਤਾ, ਜਾਉ ਭਾਈ ਲੰਗਰ ਛਕ ਲਉ।

## ਸੰਤ ਕਰਤਾਰ ਸਿੰਘ ਜੀ

ਬਰਨਾਲਾ ਸ਼ਹਿਰ ਤੋਂ ਬਾਰਾਂ ਕਿਲੋਮੀਟਰ ਚੜ੍ਹਦੇ ਵਲ ਅਤੇ ਸੰਗਰੂਰ ਤੋਂ ਅਠਾਈ ਕਿਲੋਮੀਟਰ ਲਹਿੰਦੇ ਵਲ ਮਾਲਵੇ ਦੇ ਪ੍ਰਸਿੱਧ ਪਿੰਡ ਧਨੌਲਾ ਮੰਡੀ ਤੋਂ ਦੋ ਕੁ ਕਿਲੋਮੀਟਰ ਉੱਤਰ ਵੱਲ ਦਾਨਗੜ ਨਾਂ ਦਾ ਇੱਕ ਪਿੰਡ ਵਸਦਾ ਹੈ। ਇਹ ਪਿੰਡ ਭਾਵੇਂ ਰੱਜਦੇ-ਪੁਜਦੇ ਗਿੱਲ ਗੋਤ ਦੇ ਜੱਟ ਸਰਦਾਰਾਂ ਦਾ ਹੈ ਲੇਕਿਨ ਜ਼ਿਮੀਦਾਰਾਂ ਨਾਲੋਂ ਜ਼ਿਆਦਾ ਆਬਾਦੀ ਗੈਰ ਜ਼ਮੀਨੇ ਕੰਮੀ ਲੋਕਾਂ ਦੀ ਹੈ। ਇਸ ਪਿੰਡ ਨੂੰ ਹੀ ਸੰਤ ਕਰਤਾਰ ਸਿੰਘ ਜੀ ਦਾ ਜਨਮ ਨਗਰ ਹੋਣ ਦਾ ਮਾਣ ਪ੍ਰਾਪਤ ਹੈ। ਆਪ ਦਾ ਜਨਮ ਇਹ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਇੱਕ ਰਜਦੇ ਪੁਜਦੇ ਜ਼ਿੰਮੀਦਾਰ ਘਰਾਣੇ ਵਿੱਚ ਹੋਇਆ। ਬਚਪਨ ਤੋਂ ਹੀ ਆਪ ਤਿਆਗ ਬਿਰਤੀ ਦੇ ਹੋਣ ਕਰਕੇ ਆਪਣੇ ਹੀ ਪਿੰਡ ਦੇ ਗੁਰਦੁਆਰੇ ਰਹਿੰਦੇ ਹੋਏ ਵੀ ਘਰ ਨਹੀਂ ਸਨ ਜਾਇਆ ਕਰਦੇ। ਸੰਤ ਮਹਾਤਮਾ, ਗੁਣੀ ਗਿਆਨੀਆਂ ਦਾ ਸੰਗ ਕਰਨਾ ਅਤੇ ਸੇਵਾ ਕਰਨੀ ਆਪ ਦਾ ਜੀਵਨ ਆਦਰਸ਼ ਸੀ। ਐਸਾ ਜੀਵਨ ਬਤੀਤ ਕਰਦਿਆਂ ਆਪ ਨੂੰ ਕੁਝ ਸਮੇਂ ਬਾਅਦ ਸੰਜੋਗ ਵਸ ਸ੍ਰੀਮਾਨ ਗਿਆਨੀ ਚੰਦਾ ਸਿੰਘ ਜੀ ਕੱਟੂ ਵਾਲਿਆਂ ਦਾ ਸੰਗ ਪ੍ਰਾਪਤ ਹੋ ਗਿਆ। ਉਨ੍ਹਾਂ ਕੋਲੋਂ ਗੁਰਬਾਣੀ ਦੀ ਸੰਥਯਾ ਅਤੇ ਰਾਗ ਵਿਦਿਆ ਪ੍ਰਾਪਤ ਕੀਤੀ ਅਤੇ ਨਾਲ-ਨਾਲ ਉਨ੍ਹਾਂ ਦੀ ਹਰ ਪ੍ਰਕਾਰ ਨਾਲ ਤਨੋ-ਮਨੋ ਸੇਵਾ ਕਰਦਿਆਂ ਕ੍ਰਿਪਾ ਦੇ ਪਾਤਰ ਬਣੇ।

ਉਸ ਤੋਂ ਬਾਅਦ ਆਪ ਜੀਵਨ ਦਾ ਬਹੁਤ ਸਮਾਂ ਵਿਰੱਕਤ ਸਾਧੂਆਂ ਨਾਲ ਜਾਂ ਇਕੱਲੇ ਹੀ ਵਿਚਰਦੇ ਰਹੇ। ਉਸ ਸਮੇਂ ਦੌਰਾਨ ਹਿੰਦੋਸਤਾਨ ਦੇ ਲੱਗਪਗ ਹਰ ਕੋਨੇ ਤੱਕ ਹਰੇਕ ਗੁਰ ਤੀਰਥ ਅਤੇ ਹੋਰ ਪਾਵਨ ਤੀਰਥਾਂ ਦੇ ਦਰਸ਼ਨ ਮੇਲੇ ਕਰਦੇ ਰਹੇ, ਆਪ ਦਾ ਉੱਚਾ ਜੀਵਨ ਕਥਨੀ ਕਰਨੀ ਦੇ ਸੁਮੇਲ ਤੇ ਆਧਾਰਤ ਸੀ। ਆਪ ਹਮੇਸ਼ਾਂ ਸ਼ਮ, ਦਮ, ਸ਼ਰਧਾ, ਤਿਤਕਸ਼ਾ, ਉਪਰਤੀ ਅਤੇ ਸਮਾਧਾਨ ਆਦਿ ਸਾਧਨਾਂ ਦੇ ਯੁਕਤ ਜੀਵਨ ਬਤੀਤ ਕਰਦੇ ਸਨ। ਆਪ ਪੂਰਨ ਰੂਪ ਵਿੱਚ ਤਿਆਗੀ, ਜਪ, ਤਪ ਦੇ ਧਾਰਨੀ, ਸੱਚ ਤੇ ਅਡੋਲ ਖੜ੍ਹੇ ਰਹਿਣ ਵਾਲੇ, ਨਿਮਰਤਾ ਭਰਪੂਰ ਵਿਰੱਕਤ ਮਹਾਤਮਾ ਸਨ। ਸਪਸ਼ਟਵਾਦੀ ਇਤਨੇ ਸਨ ਕਿ ਸਭ ਦੇ ਸਾਹਮਣੇ ਦੁੱਧ ਨੂੰ ਦੁੱਧ ਅਤੇ ਪਾਣੀ ਨੂੰ ਪਾਣੀ ਕਹਿ ਦੇਣ ਦੀ ਸਮਰਥਾ ਰੱਖਦੇ ਸਨ। ਇਸ ਤਰ੍ਹਾਂ ਸਮਾਂ ਬਤੀਤ ਕਰਦਿਆਂ ਕੁਝ 1960 ਦੇ ਨੇੜੇ-ਤੇੜੇ ਆਪ ਦਾ ਨਿਰਮਲ ਆਸ਼ਰਮ ਨਾਲ ਸੰਬੰਧ ਜੁੜਿਆ। ਉਸ ਵਕਤ ਦੇ ਮਹੰਤ ਸ੍ਰੀਮਾਨ ਸੰਤ ਆਤਮਾ ਸਿੰਘ ਜੀ ਦੀ ਅਣਥੱਕ ਸੇਵਾ ਕਰਕੇ ਬੇਹੱਦ ਪ੍ਰਸੰਨਤਾ ਹਾਸਲ ਕੀਤੀ। ਉਨ੍ਹਾਂ ਤੋਂ ਬਾਅਦ ਮਹੰਤ ਬਾਬਾ ਨਾਰਾਇਣ ਸਿੰਘ ਜੀ ਦੀ ਸੱਜੀ ਬਾਂਹ ਬਣ ਕੇ ਸੇਵਾ ਕਰਦੇ ਰਹੇ। ਆਸ਼ਰਮ ਨਾਲ ਜੁੜੀਆਂ ਸਿੰਧੀ ਅਤੇ ਪੰਜਾਬੀ ਸੰਗਤਾਂ ਨਾਲ ਬਹੁਤ ਪ੍ਰੇਮ ਭਾਵਨਾ ਨਾਲ ਵਰਤਦੇ ਹੋਏ ਮਾਣ ਸਤਿਕਾਰ ਦਿੰਦੇ ਰਹੇ। ਇਸ ਪਵਿੱਤਰ ਗੱਦੀ ਤੇ ਪੂਰਨ ਨਿਸ਼ਠਾ ਰੱਖਦੇ ਹੋਏ ਆਸ਼ਰਮ ਦੇ ਸਮੇਂ-ਸਮੇਂ ਗੱਦੀ ਨਸ਼ੀਨ ਮਹੰਤਾਂ ਅਤੇ ਸੰਤਾਂ ਪ੍ਰਤੀ ਪੂਰੀ ਵਫਾਦਾਰੀ ਦਾ ਸਬੂਤ ਔਕੜ ਸਮੇਂ ਵੀ ਦਿੱਤਾ। ਆਪ ਜੀ ਨੇ ਇਸ ਸੰਸਥਾ ਨਾਲ ਸੰਬੰਧਤ ਹਰ ਕੰਮ ਨੂੰ ਪੂਰੀ ਜ਼ਿੰਮੇਵਾਰੀ, ਵਫਾਦਾਰੀ, ਇਮਾਨਦਾਰੀ ਅਤੇ ਹਮਦਰਦੀ ਨਾਲ ਸਿਰੇ ਚੜਾਉਣ ਲਈ ਹਰ ਸੰਭਵ ਯਤਨ ਕੀਤਾ। ਆਪ ਇਸ ਅਸਥਾਨ ਦੇ ਕਿੰਨੇ ਕੁ ਸ਼ੁਭ ਚਿੰਤਕ ਅਤੇ ਵਫਾਦਾਰ ਸੰਤ ਸਨ? ਇਸ ਸਵਾਲ ਦੇ ਜਵਾਬ ਵਜੋਂ ਪੂਜਯ ਮਹਾਰਾਜ ਸੰਤ ਬਾਬਾ ਨਿੱਕਾ ਸਿੰਘ ਵਿਰੱਕਤ ਜੀਆਂ ਦਾ ਪਵਿੱਤਰ ਵਾਕ ਕਿ 'ਕਰਤਾਰ ਸਿੰਘ ਨਿਰਮਲ ਆਸ਼ਰਮ ਦਾ ਤਾਲਾ ਹੈ' ਅਜੇ ਵੀ ਸਾਡੇ ਕੰਨਾਂ ਵਿੱਚ ਗੂੰਜਦਾ ਹੈ। ਆਪ ਜੀ ਕੋਲ ਜਦੋਂ ਵੀ ਬੈਠੋ ਤਾਂ ਸੰਤਾਂ ਮਹਾਂਪੁਰਸ਼ਾਂ ਦੇ ਬਚਨ ਹੀ ਸੁਣਾਇਆ ਕਰਦੇ ਸਨ। ਪੂਜਯ ਮਹਾਰਾਜ ਸ੍ਰੀਮਾਨ ਸੰਤ ਨਿੱਕਾ ਸਿੰਘ ਵਿਰੱਕਤਾਂ ਨਾਲ ਤਾਂ ਇਤਨਾ ਗੂੜ੍ਹਾ ਪ੍ਰੇਮ ਸੀ ਕਿ ਅੰਤ ਸਮੇਂ ਤੱਕ ਉਨ੍ਹਾਂ ਦੇ ਪਵਿੱਤਰ

ਚਰਨਾਂ ਕਮਲਾਂ ਦੀ ਯਾਦ ਵਿੱਚ ਸੁਰਤੀ ਜੋੜ ਕੇ ਰੱਖੀ। ਆਸ਼ਰਮ ਵਿੱਚ ਆਪ ਨੇ ਇਕ ਬਰਾਂਡੇ ਵਿੱਚ ਆਸਣ ਲਾ ਕੇ ਹੀ ਜ਼ਿੰਦਗੀ ਗੁਜ਼ਾਰ ਦਿੱਤੀ। ਗੁਰਬਾਣੀ ਨਾਲ ਇਤਨਾ ਪਿਆਰ ਸੀ ਕਿ ਆਸ਼ਰਮ ਵਿੱਚ ਵੀ ਸਮਾਂ ਮਿਲਣ ਤੇ ਕਿਸੇ ਕਿਸੇ ਲੋੜਵੰਦ ਨੂੰ ਗੁਰਬਾਣੀ ਪੜ੍ਹਾਉਂਦੇ ਰਹਿੰਦੇ ਸਨ। ਆਖਰ ਵਿੱਚ ਕੈਂਸਰ ਦੇ ਮਾਰੂ ਰੋਗ ਨਾਲ ਪੀੜਤ ਹੋ ਕੇ 16-8-1988 ਨੂੰ ਭਾਦਰੋਂ ਸੰਗਰਾਂਦ ਦੇ ਪਵਿੱਤਰ ਦਿਹਾੜੇ ਤੇ ਸਵੇਰ ਦੇ ਸਵਾ ਸੱਤ ਵਜੇ ਚੋਲਾ ਤਿਆਗ ਗਏ। ਸ੍ਰੀ ਗੰਗਾ ਜੀ ਵਿੱਚ ਸਰੀਰ ਦੇ ਜਲ ਪ੍ਰਵਾਹ ਤੋਂ ਬਾਅਦ ਸਹਿਜ ਪਾਠ ਆਰੰਭ ਕੀਤਾ ਗਿਆ। ਭੋਗ ਅਤੇ ਭੰਡਾਰੇ ਲਈ 17ਵਾਂ ਦਿਨ 1-9-1988 ਨਿਸ਼ਚਿਤ ਕੀਤਾ ਗਿਆ। ਮਿਤੀ 30-8-1988 ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਕੇ 1-9-1988 ਨੂੰ ਦੋਵੇਂ ਪਾਠਾਂ ਦੇ ਭੋਗ ਮਰਿਆਦਾ ਅਨੁਸਾਰ ਪਾਏ ਗਏ। ਆਪ ਜੀ ਦੀ ਆਤਮਿਕ ਸ਼ਾਂਤੀ ਨਮਿੱਤ ਕਈ ਮਹਾਤਮਾਂ ਅਤੇ ਕਾਫੀ ਸੰਗਤਾਂ ਸ਼ਾਮਲ ਹੋਈਆਂ। ਅਰਦਾਸ ਤੋਂ ਬਾਅਦ ਗੁਰਬਾਣੀ ਕੀਰਤਨ ਅਤੇ ਸ਼ਰਧਾਂਜਲੀਆਂ ਅਰਪਨ ਕੀਤੀਆਂ ਗਈਆਂ। ਸ਼ਰਧਾਂਜਲੀਆਂ ਅਰਪਨ ਕਰਨ ਵਾਲਿਆਂ ਵਿੱਚ ਸ: ਭਗਵਾਨ ਸਿੰਘ ਜੀ ਜੌਹਲਾਂ ਵਾਲੇ, ਸ: ਤਰਜੀਤ ਸਿੰਘ ਜੀ ਨਰੂਲਾ ਕਰਨਾਲ ਅਤੇ ਪਰਮਾਨੰਦ ਜੀ ਰਿਸ਼ੀਕੇਸ਼ ਵਾਲੇ ਸਨ। ਬਾਅਦ ਵਿੱਚ ਪਰਮ ਪੂਜਯ ਮਹਾਰਾਜ ਮਹੰਤ ਰਾਮ ਸਿੰਘ ਜੀ ਨੇ ਭਾਵ ਭਿੰਨੀ ਸ਼ਰਧਾਂਜਲੀ ਅਰਪਨ ਕੀਤੀ। ਆਪ ਜੀ ਨੇ ਸੰਤਾਂ ਦੇ ਨਿਰਮਲ, ਨਿਮਰਤਾ ਭਰਪੂਰ ਅਤੇ ਸੱਚੇ ਤਿਆਗ ਭਰੇ ਜੀਵਨ ਦੀ ਪ੍ਰਸੰਸਾ ਕੀਤੀ। ਇਸ ਮੌਕੇ ਤੇ ਜੋ ਹੋਰ ਪਰਮ ਸਨੇਹੀ ਸੰਤ ਮਹਾਤਮਾ ਹਾਜ਼ਰ ਹੋਏ, ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ—ਸ੍ਰੀਮਾਨ ਮਹੰਤ ਭਗਤ ਸਿੰਘ ਜੀ ਮੁਰਾਦਾਬਾਦ, ਸ੍ਰੀਮਾਨ ਮਹੰਤ ਪੂਰਨ ਹਰੀ ਜੀ ਬੈਲਪੜਾਓ (ਨੈਣੀਤਾਲ), ਸ੍ਰੀਮਾਨ ਸੰਤ ਧਿਆਨ ਸਿੰਘ ਜੀ ਸਾਂਦੇਹਾਸ਼ਮ (ਫਿਰੋਜ਼ਪੁਰ), ਸ੍ਰੀਮਾਨ ਬਾਬਾ ਕਰਮ ਸਿੰਘ ਜੀ ਗੁਰਦੁਵਾਰਾ ਸੰਤਸਾਗਰ ਚਾਹ ਵਾਲੇ ਪਿੰਡ ਜੌਹਲਾਂ (ਜਲੰਧਰ) ਪ੍ਰਧਾਨ ਸਾਹਿਬ ਗੁਰਦੁਵਾਰਾ ਪਾਉਂਟਾ ਸਾਹਿਬ ਜੀ ਅਤੇ ਸੰਗਤ, ਇਸ ਤੋਂ ਬਿਨ੍ਹਾਂ ਪੰਜਾਬ, ਕਰਨਾਲ, ਆਦਿਕ ਥਾਵਾਂ ਤੋਂ ਵੀ ਸੰਗਤਾਂ ਆਈਆਂ ਹੋਈਆਂ ਸਨ। ਸ਼ਰਧਾਂਜਲੀ ਸਮਾਗਮ ਤੋਂ ਉਪਰੰਤ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਲੰਗਰ ਵਿੱਚੋਂ ਅਟੁੱਟ ਭੰਡਾਰੇ ਵਰਤਾਏ ਗਏ, ਉਪਰੰਤ ਸਭ ਸੰਗਤਾਂ ਨੇ ਵਾਪਸੀ ਕੀਤੀ।

## ਸੰਤ ਪ੍ਰੀਤਮ ਸਿੰਘ ਜੀ (ਮੋਨੀ)

ਆਪ ਦਾ ਜਨਮ ਇਸ ਸਦੀ ਦੇ ਸ਼ੁਰੂ ਵਿੱਚ ਨਾਭਾ ਰਿਆਸਤ ਦੇ ਪਿੰਡ ਭੋੜੇ ਦੇ ਇੱਕ ਜੱਟ ਘਰਾਣੇ ਵਿੱਚ ਹੋਇਆ। ਬਚਪਨ ਜਾਂ ਜਵਾਨ ਅਵਸਥਾ ਦੇ ਤਾਂ ਆਪ ਦੇ ਬਹੁਤੇ ਸਮਾਚਾਰ ਨਹੀਂ ਮਿਲਦੇ, ਲੇਕਿਨ ਫਿਰ ਵੀ ਮਿਲੀ ਜਾਣਕਾਰੀ ਅਨੁਸਾਰ ਆਪ ਜੀ ਦੀ ਸ਼ਾਦੀ ਹੋਣ ਤੋਂ ਬਾਅਦ ਘਰ ਵਿੱਚ ਇੱਕ ਲੜਕੀ ਪੈਦਾ ਹੋਈ। ਬਸ ਉਸ ਤੋਂ ਥੋੜ੍ਹੀ ਦੇਰ ਬਾਅਦ ਹੀ ਆਪ ਦੀ ਧਰਮ ਪਤਨੀ ਗੁਜ਼ਰ ਗਈ। ਲੜਕੀ ਦੇ ਜਵਾਨ ਹੋਣ ਤੇ ਉਸ ਦੀ ਸ਼ਾਦੀ ਭੋੜੇ ਪਿੰਡ ਤੋਂ ਕੋਈ ਪੰਜ ਕੁ ਮੀਲ ਦੂਰ ਪਿੰਡ ਰੈਸਲ ਕਰ ਦਿੱਤੀ, ਸੰਸਾਰਕ ਬੰਧਨ ਦੀ ਇਹ ਸ਼ਾਇਦ ਆਖਰੀ ਜ਼ਿੰਮੇਵਾਰੀ ਸੀ, ਜੋ ਪੂਰੀ ਹੁੰਦਿਆਂ ਹੀ ਆਪ ਜੀ ਨੇ ਘਰ ਤੋਂ ਸੁਤੰਤਰ ਹੋ ਕੇ ਬਾਹਰ ਦੂਰ ਨੇੜੇ ਸਾਧੂ ਮਹਾਤਮਾਵਾਂ ਦੀ ਸੰਗਤ ਵਿੱਚ ਜਾਣਾ ਸ਼ੁਰੂ ਕਰ ਦਿੱਤਾ। ਕੁਝ ਦੇਰ ਤਾਂ ਇਉਂ ਸੰਤ ਅਸਥਾਨਾਂ ਜਾਂ ਆਮ ਕਰਕੇ ਸੰਨਿਆਸੀ ਸਾਧੂਆਂ ਦੇ ਡੇਰਿਆਂ ਦੇ ਘੁੰਮਦੇ ਵਿਚਰਦੇ ਰਹੇ ਪਰੰਤੂ ਸੰਨ 1958 ਈ: ਵਿੱਚ ਸ੍ਰੀਮਾਨ ਸੰਤ ਬਾਬਾ ਬੇਅੰਤ ਸਿੰਘ ਜੀ ਮਹਾਰਾਜ ਦਾ ਸਰੀਰ ਜਦ ਕੁਝ ਜ਼ਿਆਦਾ ਬਿਆਧੀ ਦਾ ਸ਼ਿਕਾਰ ਹੋ ਗਿਆ, ਤਾਂ ਆਪ ਦਿਨ ਰਾਤ ਉਨ੍ਹਾਂ ਦੀ ਸੇਵਾ ਬੜੇ ਪ੍ਰੇਮ ਨਾਲ ਕਰਦੇ ਰਹੇ। ਬਾਬਾ ਜੀ ਤਾਂ ਅਸੂ ਦੀ ਪੂਰਨਮਾਸ਼ੀ ਵਾਲੇ ਦਿਨ ਸਰੀਰ ਤਿਆਗ ਗਏ, ਲੇਕਿਨ ਆਪ ਦੇ ਅੰਦਰ ਜੋ ਬੈਰਾਗ ਦੀ ਚੰਗਿਆੜੀ ਮੱਧਮ ਜਿਹੀ ਹਾਲਤ ਵਿੱਚ ਧੁਖ ਰਹੀ ਸੀ, ਉਸ ਉਪਰ ਹੋਰ ਸੁੱਕਾ ਫੂਸ ਪਾ ਕੇ ਪ੍ਰਚੰਡ ਕਰ ਗਏ। ਹੁਣ ਕੋਈ ਸਾਲ ਕੁ ਭਰ ਤਾਂ ਇਸ ਵੈਰਾਗਮਈ ਹਾਲਤ ਵਿੱਚ ਘੁੰਮਦੇ ਰਹੇ, ਪਰੰਤੂ 1960 ਦੇ ਦਿਨਾਂ ਵਿੱਚ ਸੰਤ ਮੁਨੀ ਰਾਧਾ ਰਾਮ ਲੁਭਾਣੇ ਵਾਲਿਆਂ ਦੀ ਪ੍ਰੇਰਨਾ ਤੇ ਵਸਤਰ ਉਤਾਰ ਦਿੱਤੇ ਅਤੇ ਜ਼ੁਬਾਨ ਤੋਂ ਵੀ ਪੂਰਨ ਤੌਰ ਤੇ ਮੋਨ ਧਾਰਨ ਕਰ ਲਿਆ। ਘੋਖ ਪਿੰਡ ਦੇ ਨੇੜੇ ਜੰਗਲ ਵਿੱਚ ਇਕ ਘਾਹ ਫੂਸ ਦੀ ਕੁੱਲ੍ਹੀ ਬਣਾ ਕੇ ਸਖਤ ਤਪੱਸਿਆ ਸ਼ੁਰੂ ਕਰ ਦਿੱਤੀ। ਸੌਣ, ਭਾਦੋਂ ਦੇ ਮਹੀਨੇ ਜ਼ੋਰਦਾਰ ਬਰਸਾਤਾਂ ਵਿੱਚ ਮੱਛਰ ਦੇ ਤੇਜ਼ ਹਮਲੇ, ਭੁੱਖ, ਪਿਆਸ ਦੇ ਫਾਕੇ ਇਤਿਆਦਿਕ ਕਾਰਨਾਂ ਵਸ ਕਈ ਵਾਰ ਸਰੀਰ ਅਕਸਰ ਢਿੱਲਾ ਹੁੰਦਾ ਹੀ ਰਹਿੰਦਾ ਹੈ, ਤਾਂ ਜ਼ੁਬਾਨ ਦਾ ਮੋਨ, ਬਸਤੀ ਦੇ ਨੇੜੇ ਨਹੀਂ ਜਾਣਾ, ਅਜਿਹੀ ਹਾਲਤ ਵਸ ਕਈ ਵਾਰੀ ਔਖੀਆਂ ਘੜੀਆਂ ਦਾ ਸਾਹਮਣਾ ਕਰਨਾ ਪਿਆ, ਲੇਕਿਨ ਆਪ ਨੇ ਮਨ ਦਾ ਦ੍ਰਿੜ ਇਰਾਦਾ ਨਹੀਂ ਛਡਿਆ। ਇਸ ਸਮੇਂ ਦੌਰਾਨ

ਖੋਖ ਪਿੰਡ ਦੇ ਕਈ ਭਾਗਵਾਨ ਪਰਿਵਾਰ ਚਾਹ ਰੋਟੀ ਨੀਯਮ ਨਾਲ ਲੈ ਕੇ ਜਾਂਦੇ ਸਨ, ਆਪ ਨੇ ਹੱਥ ਦੇ ਇਸ਼ਾਰੇ ਨਾਲ ਦਵਾਈ ਵਗੈਰਾ ਦੀ ਲੋੜ ਦੱਸਣੀ ਤਾਂ ਸੇਵਕਾਂ ਨੇ ਪੂਰੀ ਕਰ ਦੇਣੀ। ਅਜਿਹੀ ਕਠਨ ਤਪੱਸਿਆ ਵਿੱਚ ਆਪ ਨੇ ਕੋਈ ਸਾਢੇ ਚਾਰ ਸਾਲ ਜਾਂ ਪੰਜ ਸਾਲ ਦਾ ਸਮਾਂ ਬਤੀਤ ਕਰ ਦਿੱਤਾ।

ਹੁਣ ਐਸਾ ਲੱਗ ਰਿਹਾ ਹੈ ਕਿ ਅਕਾਲ ਪੁਰਖ ਵਾਹਿਗੁਰੂ ਨੇ ਇੰਨ੍ਹਾਂ ਦੀ ਸਖਤ ਤਪੱਸਿਆ ਤੇ ਰੀਝ ਕੇ, ਜਾਂ ਆਪਣੇ ਦਿਆਲੂ ਸੁਭਾਅ ਅਨੁਸਾਰ ਇਨ੍ਹਾਂ ਨੂੰ ਤਰੱਕੀ ਦੇਣ ਦਾ ਫੈਸਲਾ ਕਰ ਲਿਆ।

**ਬੀਓ ਪੂਛਿ ਨ ਮਸਲਤ ਧਰੈ** ਦੇ ਮਹਾਂਵਾਕ ਅਨੁਸਾਰ, ਪ੍ਰਮੇਸ਼ਰ ਨੇ ਕੁਝ ਵੀ ਕਰਨ ਲਈ ਕਿਸੇ ਦੂਸਰੇ ਨਾਲ ਸਲਾਹ ਮਸ਼ਵਰਾ ਨਹੀਂ ਕਰਨਾ ਪੈਂਦਾ, ਕਿਉਂਕਿ ਉਹ ਸਾਰੇ ਕਾਰਨਾਂ ਦੇ ਕਰਨ ਨੂੰ ਖੁਦ ਸਮਰੱਥ ਹੈ। ਇਸ ਲਈ ਉਸ ਨੇ ਜੋ ਵੀ ਕਰਨਾ ਹੈ ਉਸਦੇ ਸਾਰੇ ਢੁਕਾਉ, ਉਹ ਆਪ ਹੀ ਢੁਕਾ ਲੈਂਦਾ ਹੈ। ਸੰਤ ਮੋਨੀ ਜੀ ਦੇ ਕੇਸ ਦਾ ਵੀ ਐਸਾ ਹੀ ਹੋਇਆ, ਕਿ ਪਰਮ ਪੂਜਨੀਕ ਵਿਰੱਕਤ ਮਹਾਰਾਜ ਨਿੱਕਾ ਸਿੰਘ ਜੀ ਆਪਣੇ ਆਗਿਆਕਾਰੀ ਸੇਵਕ ਸੰਤ ਦਰਸ਼ਨ ਸਿੰਘ ਜੀ ਨੂੰ ਨਾਲ ਲੈ ਕੇ ਖੋਖ ਪਿੰਡ ਟਿਕੇ ਹੋਏ ਹਨ। ਸੰਤ ਦਰਸ਼ਨ ਸਿੰਘ ਜੀ ਸੈਰ ਕਰਨ ਲਈ ਸ਼ਾਮ ਨੂੰ ਰੋਜ਼ ਜਾਂਦੇ ਹੀ ਹਨ, ਲੇਕਿਨ ਦੈਵ ਯੋਗ ਨਾਲ ਅੱਜ ਉਸ ਪਾਸੇ ਨਿਕਲ ਗਏ ਜਿੱਧਰ ਜੰਗਲ ਵਿੱਚ ਸੰਤ ਮੋਨੀ ਜੀ ਰਹਿੰਦੇ ਸਨ। ਪ੍ਰਮੇਸ਼ਰ ਵੱਲੋਂ ਸਮਾਂ ਸੰਜੋਗ ਤਾਂ ਨੀਯਤ ਹੀ ਸੀ ਇਸ ਲਈ ਦੋਨੋਂ ਮਹਾਤਮਾ ਬੜੇ ਪ੍ਰੇਮ ਨਾਲ ਮਿਲੇ। ਖੇਮ ਕੁਸ਼ਲ ਪੁੱਛਣ ਤੋਂ ਬਾਅਦ ਸੰਤ ਦਰਸ਼ਨ ਸਿੰਘ ਜੀ ਨੇ ਗੁਰਬਾਣੀ ਦੀਆਂ ਪੰਕਤੀਆਂ ਉਚਾਰਨੀਆਂ ਸ਼ੁਰੂ ਕੀਤੀਆਂ—

**ਨਗਰ ਫਿਰਤ ਜੌ ਪਾਈਐ ਜੋਗੁ॥ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ॥**
**ਕਿਆ ਨਾਗੇ ਕਿਆ ਬਾਧੇ ਚਾਮ॥ ਜਬ ਨਹੀ ਚੀਨਸਿ ਆਤਮ ਰਾਮ॥**

*(ਗ: ਕਬੀਰ ਜੀ, ਪੰਨਾ—੩੨੪)*

ਮੋਨੀ ਜੀ! ਇਸ ਤਰ੍ਹਾਂ ਦੇਹੀ ਨੂੰ ਦੁੱਖ ਦੇਣ ਨਾਲ ਲਕਸ਼ ਦੀ ਪ੍ਰਾਪਤੀ ਨਹੀਂ ਹੋਣੀ, ਦੇਖੋ ਭਾਈ ਸਾਹਿਬ ਭਾਈ ਗੁਰਦਾਸ ਜੀ ਆਪਣਾ ਨਿੱਜ ਦਾ ਤਜਰਬਾ ਦੱਸਦੇ ਹਨ—

**ਮਿਲੈ ਜਿ ਤੀਰਥਿ ਨਾਤਿਆਂ ਡਡਾਂ ਜਲ ਵਾਸੀ।**
**ਬਾਲ ਵਧਾਇਆਂ ਪਾਈਐ ਬੜ ਜਟਾਂ ਪਲਾਸੀ।**
**ਨੰਗੇ ਰਹਿਆਂ ਜੇ ਮਿਲੇ ਵਣਿ ਮਿਰਗ ਉਦਾਸੀ।**
**ਭਸਮ ਲਾਇ ਜੇ ਪਾਈਐ ਖਰੁ ਖੇਹ ਨਿਵਾਸੀ।**
**ਜੇ ਪਾਈਐ ਚੁਪ ਕੀਤਿਆਂ ਪਸ਼ੂਆਂ ਜੜ ਹਾਸੀ।**
**ਵਿਣੁ ਗੁਰ ਮੁਕਤਿ ਨ ਹੋਵਈ ਗੁਰ ਮਿਲੈ ਖਲਾਸੀ॥**

*(ਵਾਰ ੩੬, ਪਉੜੀ—14 ਵੀ:)*

ਮੋਨੀ ਜੀ! ਮੁਕਤ ਪਦਾਰਥ ਤਾਂ ਗੁਰੂ ਦੀ ਹੱਟ ਤੇ ਹੈ, ਗੁਰੂ ਤੋਂ ਬਗੈਰ ਮਨ ਮਰਜ਼ੀ ਨਾਲ ਕੀਤੇ ਸਾਰੇ ਸਾਧਨ ਨਿਸਫਲ ਹਨ, ਦੇਖੋ ਗੁਰੂ ਸਾਹਿਬ ਜੀ ਵੀ ਇਸ ਪਾਸੇ ਇਸ਼ਾਰਾ ਕਰਦੇ ਹਨ—

**ਵਰਮੀ ਮਾਰੀ ਸਾਪੁ ਨ ਮਰੈ ਤਿਉ ਨਿਗੁਰੇ ਕਰਮ ਕਮਾਹਿ॥**

ਵਰਮੀ ਨੂੰ ਕੁੱਟਣ ਨਾਲ ਸੱਪ ਨਹੀਂ ਮਰ ਜਾਂਦਾ- ਭਾਵੇਂ ਕੋਈ ਸਾਲਾਂ ਬੱਧੀ ਕੁੱਟੀ ਜਾਵੇ, ਅਗਰ ਸੱਪ ਨੂੰ ਮਾਰਨਾ ਹੈ ਤਾਂ ਜ਼ਰੂਰੀ ਹੈ ਉਸ ਦਾ ਸਿਰ ਫੇਹਣਾ। ਇਸੇ ਤਰ੍ਹਾਂ ਉਪਰੋਕਤ ਮਿਸਾਲਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਮੁਕਤ ਪਦਾਰਥ ਮਨ ਨੂੰ ਵਸ ਕਰਨ ਨਾਲ ਪ੍ਰਾਪਤ ਹੋਣਾ ਹੈ, ਤੇ ਮਨ ਨੇ ਗੁਰੂ ਉਪਦੇਸ਼ ਨਾਲ ਵਸ ਵਿੱਚ ਆਉਣਾ ਹੈ, ਮਨ ਮਰਜ਼ੀ ਨਾਲ ਕੀਤੇ ਹਠਾਂ ਤਪਾਂ ਨਾਲ ਨਹੀਂ। ਸੰਤ ਦਰਸ਼ਨ ਸਿੰਘ ਜੀਆਂ ਦੇ ਪਵਿੱਤਰ ਮੁੱਖ ਤੋਂ ਬਾ-ਦਲੀਲ ਉਪਦੇਸ਼ ਸੁਣਕੇ ਮੋਨੀ ਜੀ ਰੋਣ ਲੱਗ ਪਏ, ਕਿਉਂਕਿ ਵਿਦਵਾਨ ਮਹਾਂਪੁਰਸ਼ ਨੇ ਗੁਰਬਾਣੀ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਦੇ ਤੀਰ ਖਿੱਚ-ਖਿੱਚ ਕੇ ਐਸੇ ਛਾਤੀ ਵਿੱਚ ਮਾਰੇ, ਮੋਨੀ ਜੀ ਘਾਇਲ ਕਰਕੇ ਧਰਤੀ ਤੇ ਸੁੱਟ ਦਿੱਤੇ। ਮੋਨੀ ਜੀ ਨੇ ਕੰਬਦੇ ਹੱਥਾਂ ਨਾਲ ਧਰਤੀ ਤੇ ਲਿਖ ਕੇ ਇਸ਼ਾਰਾ ਕੀਤਾ, ਕਿ ਬੋਰੀ ਦਾ ਟਾਟ ਦੇ ਦਿਉ ਮੈਂ ਲੱਕ ਨਾਲ ਲਪੇਟ ਲੈਂਦਾ ਹਾਂ। ਸੰਤ ਦਰਸ਼ਨ ਸਿੰਘ ਜੀ ਨੇ ਕਿਹਾ, ਅੱਜ ਇਤਨੀ ਜਲਦੀ ਨਾ ਕਰੋ, ਮੈਂ ਪੂਜਯ ਵਿਰੱਕਤ ਮਹਾਰਾਜ ਜੀਆਂ ਦੇ ਪਵਿੱਤਰ ਚਰਨਾਂ ਵਿੱਚ

ਤੁਹਾਡੀ ਅਰਜ਼ ਕਰ ਦਿਆਂਗਾ, ਫਿਰ ਜੈਸਾ ਉਹ ਹੁਕਮ ਕਰਨਗੇ ਮੈਂ ਕੱਲ੍ਹ ਤੁਹਾਨੂੰ ਦੱਸ ਦੇਵਾਂਗਾ। ਮੋਨੀ ਜੀ ਨੇ ਇਸ਼ਾਰਾ ਕੀਤਾ, ਕਿ ਮੇਰੀ ਉਨ੍ਹਾਂ ਦੇ ਚਰਨਾਂ ਵਿੱਚ ਨਮਸ਼ਕਾਰ ਕਰ ਦਿਉ।

ਸੰਤ ਦਰਸ਼ਨ ਸਿੰਘ ਜੀ ਨੇ ਕੁਟੀਆ ਪਹੁੰਚ ਕੇ ਸਾਰੀ ਗੱਲ ਹਜ਼ੂਰ ਦੇ ਚਰਨਾਂ ਵਿੱਚ ਦੱਸੀ। ਉਸ ਸਮੇਂ ਜਥੇਦਾਰ ਨਛੱਤਰ ਸਿੰਘ ਜੀ ਵੀ ਚਰਨਾਂ ਵਿੱਚ ਬੈਠੇ ਸਨ। ਮਹਾਰਾਜ ਜੀ ਨੇ ਹੁਕਮ ਕੀਤਾ, ਜਥੇਦਾਰਾ! ਗੁਰੂ ਗ੍ਰੰਥ ਸਾਹਿਬ ਦੇ ਤਾਬੇ ਪਰਚੀਆਂ ਪਾ ਲਉ, ਇੱਕ ਕੱਪੜੇ ਪਾਉਣ ਦੀ, ਦੂਜੀ ਨਾ ਪਾਉਣ ਦੀ, ਜਿਹੜੀ ਨਿਕਲ ਆਈ ਉਹ ਮੋਨੀ ਨੂੰ ਦੱਸ ਦਿਉ। ਪਿੰਡ ਵਿੱਚ ਸ੍ਰ: ਵੀਰ ਸਿੰਘ ਦੇ ਘਰ ਸ੍ਰੀ ਅਖੰਡ ਪਾਠ ਸਾਹਿਬ ਹੋ ਰਿਹਾ ਸੀ, ਜਥੇਦਾਰ ਜੀ ਨੇ ਉਥੇ ਜਾ ਕੇ ਪਰਚੀਆਂ ਪਾਈਆਂ, ਜੋ ਕਿ ਵਸਤਰ ਪਾਉਣ ਵਾਲੀ ਨਿਕਲ ਆਈ। ਹਜ਼ੂਰ ਨੇ ਇਕ ਚਾਦਰ ਸੰਤ ਦਰਸ਼ਨ ਸਿੰਘ ਜੀ ਨੂੰ ਦੇ ਦਿੱਤੀ, ਕਿ ਜੰਗਲ ਵਿੱਚ ਜਾ ਕੇ ਮੋਨੀ ਜੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਫੈਸਲਾ ਸੁਣਾ ਦਿਉ, ਅਗਰ ਉਸਦਾ ਮਨ ਮੰਨੇ ਤਾਂ ਇਹ ਚਾਦਰ ਲਪੇਟ ਕੇ ਇੱਥੇ ਲੈ ਆਉਣਾ। ਸੰਤ ਦਰਸ਼ਨ ਸਿੰਘ ਜੀ ਨੇ ਜੰਗਲ ਵਿੱਚ ਪਹੁੰਚ ਕੇ ਸਾਰੀ ਗੱਲ ਮੋਨੀ ਜੀ ਨੂੰ ਦੱਸੀ, ਮੋਨੀ ਜੀ ਨੇ ਇਲਾਹੀ ਹੁਕਮ ਜਾਣਕੇ ਹਜ਼ੂਰ ਦੀ ਬਖਸ਼ੀ ਚਾਦਰ ਆਪਣੇ ਉਪਰ ਓੜ੍ਹ ਲਈ। ਕੁਟੀਆ ਵਿੱਚ ਆ ਕੇ ਪਵਿੱਤਰ ਚਰਨਾਂ ਵਿੱਚ ਬੜੀ ਸ਼ਰਧਾ ਨਾਲ ਨਮਸ਼ਕਾਰ ਕੀਤੀ, ਪਵਿੱਤਰ ਚਰਨਾਂ ਤੇ ਸੀਸ ਰੱਖਦਿਆਂ ਹੀ ਮਨ ਨੂੰ ਇਤਨੀ ਸ਼ਾਂਤੀ, ਇਤਨੀ ਠੰਡ, ਇਤਨਾ ਅਨੰਦ ਅਨੁਭਵ ਹੋਇਆ ਜੋ ਪੰਜ ਸਾਲ ਦੀ ਸਖਤ ਘਾਲਣਾ ਵਿੱਚ ਕਦੇ ਨਹੀਂ ਸੀ ਦੇਖਿਆ। ਹਜ਼ੂਰ ਨੇ ਤਰੁਠ ਕੇ ਹਰੀ ਮਿਲਾਪ ਲਈ ਅਸਲੀ ਉਪਦੇਸ਼ ਬਖਸ਼ਿਸ਼ ਕਰਕੇ ਆਪਣੀ ਅਲਫੀ ਅਤੇ ਹੋਰ ਵਸਤਰ ਪਹਿਨਾ ਦਿੱਤੇ। ਮੋਨੀ ਜੀ ਹੁਣ ਸ਼ਾਂਤ ਚਿੱਤ ਹੋਏ ਕੁਟੀਆ ਠਹਿਰ ਕੇ ਲੱਗੇ ਉਪਦੇਸ਼ ਦੀ ਕਮਾਈ ਕਰਨ, ਹਜ਼ੂਰ ਜਦੋਂ ਵੀ ਕੁਟੀਆ ਆਉਂਦੇ, ਆਪ ਉਨ੍ਹਾਂ ਦੇ ਵਸਤਰ ਧੋਣ ਦੀ ਸੇਵਾ ਬੜੇ ਪ੍ਰੇਮ ਨਾਲ ਮੰਗ ਕੇ ਕਰਦੇ। ਸੰਗਤਾਂ ਨਾਲ ਬਹੁਤ ਘੱਟ ਬੋਲਦੇ, ਚੌਵੀ ਘੰਟੇ ਗੁਰ ਉਪਦੇਸ਼ ਦੀ ਕਾਰ ਕਮਾਈ ਵਿੱਚ ਹੀ ਲੀਨ ਰਹਿੰਦੇ। ਰਿਸ਼ੀਕੇਸ਼, ਨਿਰਮਲ ਬਾਗ ਕਨਖਲ, ਕਰਨਾਲ ਕੁਟੀਆ, ਦੌਦ ਅਤੇ ਬੂਹੇ ਆਦਿਕ ਥਾਵਾਂ ਤੇ ਵੀ ਆਪ ਕੁਝ ਦੇਰ ਰਹੇ, ਲੇਕਿਨ ਜ਼ਿਆਦਾ ਸਮਾਂ ਫਿਰ ਖੋਖ ਕੁਟੀਆ ਹੀ ਗੁਜਾਰਿਆ। ਲੰਗਰ ਆਪ ਪਹਿਲਾਂ ਤਾਂ ਭਿੱਖਿਆ ਕਰਕੇ ਹੀ ਛਕਦੇ ਸਨ, ਲੇਕਿਨ ਬਾਅਦ ਵਿੱਚ ਖੋਖ, ਕੋਟਲੀ ਪਿੰਡ ਦੇ ਪ੍ਰੇਮੀਆਂ ਨੇ ਵਾਰੀ ਨਾਲ ਕੁਟੀਆ ਹੀ ਲਿਜਾਣਾ ਸ਼ੁਰੂ ਕਰ ਦਿੱਤਾ। ਪਰਮ ਪੂਜਨੀਕ ਸੰਤ ਬਾਬਾ ਨਿੱਕਾ ਸਿੰਘ ਜੀ ਤਾਂ 1983 ਵਿੱਚ ਸੱਚਖੰਡ ਜਾ ਬਿਰਾਜੇ ਬਾਅਦ ਵਿੱਚ ਉਨ੍ਹਾਂ ਤੋਂ ਵਰੋਸਾਏ ਪਰਮ ਪੂਜਨੀਕ ਮਹੰਤ ਬਾਬਾ ਰਾਮ ਸਿੰਘ ਮਹਾਰਾਜ ਜੀ ਨੂੰ ਵਿਰੱਕਤ ਜੀਆਂ ਦਾ ਸਰੂਪ ਹੀ ਜਾਣਕੇ ਮਿਲਦੇ ਵਰਤਦੇ ਰਹੇ। ਵਿਰੱਕਤ ਮਹਾਰਾਜ ਜੀਆਂ ਦੀ ਅਪਾਰ ਬਖਸ਼ਿਸ਼ ਦੁਆਰਾ ਕੀਤੀ ਘਾਲ ਕਮਾਈ ਦਾ ਫਲ, ਆਪ ਪੂਰਨ ਬ੍ਰਹਮ ਗਿਆਨ ਵਿੱਚ ਇਸਥਿਤ ਹੋ ਕੇ ਜੀਵਨ ਮੁਕਤ ਅਵਸਥਾ ਦਾ ਅਨੰਦ ਮਾਣਦੇ ਹੋਏ ਜੀਵਨ ਬਸਰ ਕਰ ਰਹੇ ਸਨ, ਅਚਾਨਕ ਬਿਰਧ ਭਏ ਦਿਨ ਪੁਨਿਆਂ ਵਾਲਾ ਦਿਹਾੜਾ ਨਜ਼ਦੀਕ-ਨਜ਼ਦੀਕ ਆ ਰਿਹਾ ਸੀ।

ਦੇਖੋ ਅੱਜ ਕੀ ਖੇਡ ਵਰਤਾ ਰਹੇ ਸਨ, ਆਪਣਾ ਸਮਾਨ ਵੇਚਕੇ ਕਿਸੇ ਦੂਰ ਦੇਸ਼ ਜਾਣ ਦੀ ਤਿਆਰੀ ਕਰ ਰਹੇ ਹਨ, ਜਾਂ ਕਿਸੇ ਦੀ ਸੇਵਾ ਨੂੰ ਫਲ ਲਾ ਰਹੇ ਹਨ, ਇਹ ਵੀ ਨਹੀਂ ਪਤਾ ਕਿ ਕੋਈ ਪੂਰਵ ਦਾ ਦਿੱਤਾ ਬਚਨ ਜਾਂ ਵਰਦਾਨ ਹੀ ਪੂਰਾ ਕਰ ਰਹੇ ਹਨ।


ਅੱਜ ਆਪਣੀ ਮੌਜ ਵਿੱਚ ਲੀਨ ਹੋਏ ਖੋਖ ਕੁਟੀਆ ਦੇ ਥੱੜ੍ਹੇ ਤੇ ਮੰਜੇ ਉਪਰ ਬਿਰਾਜਮਾਨ ਹਨ, ਇਤਨੇ ਨੂੰ ਪਿੰਡ ਤੋਂ ਸੱਜਣ ਸਿੰਘ ਸਰਪੰਚ ਚਾਹ ਲੈ ਕੇ ਆ ਗਿਆ। ਚਾਹ ਛੱਕ ਕੇ ਆਪ ਨੇ ਸਰਪੰਚ ਨੂੰ ਹੁਕਮ ਕੀਤਾ ਕਿ ਅੰਦਰ ਕਮਰੇ ਵਿੱਚ ਕੀਲੇ ਤੇ ਇਕ ਅਲਫੀ ਲਟਕ ਰਹੀ ਹੈ ਉਹ ਲਿਆ ਚੁੱਕ ਕੇ। ਸੱਜਣ ਸਿੰਘ ਲੈ ਆਇਆ, ਮਹਾਂਪੁਰਸ਼ਾਂ ਨੇ ਹੁਕਮ ਕੀਤਾ, ਇਸ ਨੂੰ ਪਹਿਣ ਲੈ! ਸੱਜਣ ਸਿੰਘ ਹੈਰਾਨ ਹੋਇਆ ਕਿ ਮੈਂ ਰਾਜਨੀਤਿਕ ਬੰਦਾ, ਰੋਜ਼ ਲੋਕਾਂ ਦੇ ਕੰਮਾਂ ਕਾਰਾਂ ਲਈ ਦਫਤਰਾਂ, ਕੋਰਟਾਂ ਵਿੱਚ ਫਿਰਨਾ, ਮੈਂ ਇਹ ਭਗਵੇਂ ਰੰਗ ਦੀ ਅਲਫੀ ਕਿਵੇਂ ਪਹਿਣਾਂ? ਅਰਜ਼ ਕੀਤੀ, ਮਹਾਰਾਜ ਮੈਂ ਤਾਂ ਦਫਤਰਾਂ ਕਚਹਿਰੀਆਂ ਵਿੱਚ ਫਿਰਨ ਵਾਲਾ ਰਾਜਨੀਤਿਕ ਬੰਦਾ ਹਾਂ, ਮੈਂ ਇਹ ਸਾਧੂ ਲਿਬਾਸ ਕਿਵੇਂ ਪਹਿਣ ਸਕਦਾ ਹਾਂ? ਮਹਾਂਪੁਰਸ਼ ਬੋਲੇ ਤੂੰ ਚਿੰਤਾ ਨਾ ਕਰ, ਬਚਨ ਮੰਨ ਕੇ ਪਹਿਣ ਲੈ! ਸੱਜਣ ਸਿੰਘ ਨੇ ਫਿਰ ਉਹੀ ਅਰਜ਼ ਕੀਤੀ, ਮਹਾਰਾਜ ਇਹ ਸਾਧੂਆਂ ਦੇ ਵਸਤਰ ਮੈਂ ਗ੍ਰਿਹਸਤੀ ਕਿਵੇਂ ਪਹਿਣ ਸਕਦਾ ਹਾਂ? ਮੋਨੀ ਜੀ ਬੋਲੇ ਵਿਰੱਕਤ ਮਹਾਰਾਜ ਜੀਆਂ ਨੇ ਫਲਾਣੇ ਸਰਪੰਚ ਨੂੰ ਸਾਡੇ ਸਾਹਮਣੇ ਆਪਣੀ ਭਗਵੇਂ ਰੰਗ ਦੀ ਚਾਦਰ ਦਿੱਤੀ ਸੀ, ਉਸਨੇ ਮਹਾਂਪੁਰਸ਼ਾਂ ਦੀ ਬਖਸ਼ਿਸ਼ ਜਾਣ ਕੇ ਕਈ ਵਾਰ ਮੱਥੇ ਨੂੰ ਲਾਈ, ਹੁਣ ਉਪਰ ਵੀ ਓੜ੍ਹ ਕੇ ਰੱਖਦਾ ਹੈ, ਫਿਰ ਤੈਨੂੰ ਦੱਸ ਕੀ ਫਰਕ ਪੈਂਦਾ ਹੈ! ਸੱਜਣ ਸਿੰਘ

ਨੇ ਹੁਣ ਦੇਰ ਨਹੀਂ ਲਾਈ, ਪਤਾ ਨਹੀਂ ਕੀ ਰਾਜ਼ ਸਮਝ ਵਿੱਚ ਆ ਗਿਆ, ਝੱਟ ਗੱਲ ਵਿੱਚ ਪਹਿਣ ਲਈ! ਮਹਾਂਪੁਰਸ਼ਾਂ ਨੇ ਹੁਕਮ ਕੀਤਾ ਕਿ ਹੁਣ ਇਸੇ ਤਰ੍ਹਾਂ ਪਹਿਣ ਕੇ ਜਾਹ ਘਰ ਨੂੰ! ਸੱਜਣ ਸਿੰਘ ਨੇ ਅਲਫੀ ਪਹਿਣ ਲਈ, ਨਮਸ਼ਕਾਰ ਕਰਕੇ ਘਰ ਨੂੰ ਤੁਰ ਗਿਆ। ਪਿੰਡ ਦੇ ਲੋਕ ਦੇਖ ਕੇ ਹੈਰਾਨ ਹੋ ਰਹੇ ਹਨ ਕਿ ਸਰਪੰਚ ਨੂੰ ਅੱਜ ਕੀ ਹੋ ਗਿਆ, ਸਾਧੂ ਵੇਸ ਧਾਰਨ ਕਰੀਂ ਜਾ ਰਿਹਾ ਹੈ। ਖੈਰ ਘਰ ਜਾ ਕੇ ਅਲਫੀ ਉਤਾਰ ਕੇ ਪੇਟੀ ਵਿੱਚ ਰੱਖ ਦਿੱਤੀ। ਦੂਸਰੇ ਦਿਨ ਕੋਟਲੀ ਪਿੰਡ ਦਾ ਸਰਪੰਚ ਕਰਮ ਸਿੰਘ ਦਿਨ ਦੇ ਤੀਸਰੇ ਪਹਿਰ ਆਪ ਜੀ ਦੇ ਦਰਸ਼ਨ ਕਰਨ ਆਇਆ, ਉਸ ਨੇ ਅਰਜ਼ ਕੀਤੀ, ਮਹਾਰਾਜ ਕ੍ਰਿਪਾ ਕਰੋ, ਕੱਲ੍ਹ ਦੇ ਲੰਗਰ ਦੀ ਸੇਵਾ ਸਾਨੂੰ ਬਖਸ਼ ਦਿਉ! ਆਪ ਬੋਲੇ ਤੁਹਾਡਾ ਤਾਂ ਪੂਰਨਮਾਸ਼ੀ ਦਾ ਦਿਨ ਹੁੰਦਾ ਹੈ, ਉਸ ਦਿਨ ਤੁਹਾਡਾ ਲੰਗਰ ਛਕ ਲਿਆ ਸੀ, ਕੱਲ੍ਹ ਤਾਂ ਕਿਸੇ ਹੋਰ ਦਾ ਦਿਨ ਹੈ। ਕਰਮ ਸਿੰਘ ਬੋਲਿਆ, ਮਹਾਰਾਜ ਉਸ ਪਰਿਵਾਰ ਨੂੰ ਮੈਂ ਕਹਿ ਦੇਵਾਂਗਾ ਉਹ ਕੱਲ੍ਹ ਨਹੀਂ ਲਿਆਉਣਗੇ, ਆਪ ਪ੍ਰਵਾਨਗੀ ਦੇ ਦਿਉ। ਮੋਨੀ ਬਾਬਾ ਜੀ ਨੇ ਇਸ਼ਾਰਾ ਕਰ ਦਿੱਤਾ ਠੀਕ ਹੈ ਕੱਲ੍ਹ ਤੂੰ ਲੈ ਆਵੀਂ, ਛਕਣ ਬਾਰੇ ਨਾ ਬਾਬਾ ਜੀ ਨੇ ਕੋਈ ਇਸ਼ਾਰਾ ਕੀਤਾ, ਤੇ ਨਾ ਕਰਮ ਸਿੰਘ ਨੇ ਪੁੱਛਿਆ? ਕੇਵਲ ਲੰਗਰ ਲਿਆਉਣ ਦੀ ਪ੍ਰਵਾਨਗੀ ਦੇ ਦਿੱਤੀ।

ਆਮ ਮਰਿਆਦਾ ਅਨੁਸਾਰ ਤਾਂ ਲਾਵਾਂ ਦੇ ਪਾਠ ਤੋਂ ਬਾਅਦ ਅਰਦਾਸ ਕਰਕੇ ਪ੍ਰਸ਼ਾਦ ਵਰਤਾਇਆ ਜਾਂਦਾ ਹੈ, ਲੇਕਿਨ ਫਕੀਰ ਦੀ ਮੌਜ ਦੇਖੋ? ਅੱਜ ਆਪ ਲਾਵਾਂ ਤੋਂ ਪਹਿਲਾਂ ਹੀ ਪ੍ਰਸ਼ਾਦ ਵਰਤਾ ਰਹੇ ਹਨ। ਕਰਮ ਸਿੰਘ ਸਰਪੰਚ ਨੂੰ ਹੁਕਮ ਕੀਤਾ, ਕਿ ਅੰਦਰੋਂ ਮਠਿਆਈ ਦਾ ਡੱਬਾ ਚੁੱਕ ਕੇ ਲੈ ਆ! ਹੁਕਮ ਮੰਨ ਕੇ ਸਰਪੰਚ ਲੈ ਆਇਆ। ਬਾਬਾ ਜੀ ਨੇ ਹੁਕਮ ਕੀਤਾ, ਸਾਰਾ ਡੱਬਾ ਖਾ ਲੈ। ਮਹਾਰਾਜ ਮੈਂ ਸਾਰਾ ਕਿਵੇਂ ਖਾਊਂ? ਬਾਬਾ ਜੀ ਬੋਲੇ ਤੂੰ ਜੱਟ ਹੈਂ, ਇੱਕ ਡੱਬਾ ਤੇਰੇ ਲਈ ਕੀ ਜ਼ਿਆਦਾ ਹੈ? ਮਹਾਰਾਜ ਸਾਰਾ ਨਹੀਂ ਖਾ ਹੋਣਾ, ਕਰਮ ਸਿੰਘ ਨੇ ਕਿਹਾ। ਬਾਬਾ ਜੀ ਬੋਲੇ ਜਿੰਨਾਂ ਖਾਣਾ ਹੈ, ਖਾ ਲੈ, ਬਾਕੀ ਦਾ ਔਹ ਸੱਜਣ ਸਿੰਘ ਸਰਪੰਚ ਦੀ ਕੰਬਾਈਨ ਮੁਰੰਮਤ ਕਰ ਰਹੇ ਗਰੀਬਾਂ ਨੂੰ ਖੁਆ ਦੇਹ। ਕਰਮ ਸਿੰਘ ਨੇ ਇਕ-ਅੱਧਾ ਪੀਸ ਖਾ ਕੇ ਬਾਕੀ ਸਾਰਾ ਲੇਬਰ ਵਾਲਿਆਂ ਨੂੰ ਵਰਤਾ ਦਿੱਤਾ। ਮੋਨੀ ਜੀ ਨੇ ਹੁਣ ਹੁਕਮ ਕੀਤਾ, ਹੱਥ ਧੋ ਕੇ, ਅੰਦਰ ਇਕ ਅੱਧਾ ਪੀਸ ਖਾ ਕੇ ਬਾਕੀ ਸਾਰਾ ਲੇਬਰ ਵਾਲਿਆਂ ਨੂੰ ਵਰਤਾ ਦਿੱਤਾ। ਮੋਨੀ ਜੀ ਨੇ ਹੁਣ ਹੁਕਮ ਕੀਤਾ, ਹੱਥ ਧੋ ਕੇ, ਅੰਦਰ ਇੱਕ ਲਾਲ ਜਿਹਾ ਕੱਪੜਾ ਕੀਲੇ ਉਪਰ ਲਟਕਦਾ ਹੈ, ਉਹ ਲਿਆ ਉਠਾ ਕੇ। ਕਰਮ ਸਿੰਘ ਕਮਰੇ ਅੰਦਰ ਦੇਖ ਰਿਹਾ ਹੈ, ਲੇਕਿਨ ਲਾਲ ਜਿਹਾ ਕੱਪੜਾ ਨਜ਼ਰ ਨਹੀਂ ਆ ਰਿਹਾ। ਅਰਜ਼ ਕੀਤੀ, ਮਹਾਰਾਜ! ਇਥੇ ਤਾਂ ਇਕ ਆਪ ਜੀ ਦੀ ਖਫਨੀ ਲਟਕ ਰਹੀ ਹੈ, ਹੋਰ ਤਾਂ ਲਾਲ ਰੰਗ ਦਾ ਕੱਪੜਾ ਕੋਈ ਨਹੀਂ। ਹੁਕਮ ਹੋਇਆ ਇਹੀ ਉਤਾਰ ਲਿਆ ਸਾਡੇ ਕੋਲ! ਕਰਮ ਸਿੰਘ ਖਫਨੀ ਉਤਾਰ ਕੇ ਲੈ ਆਇਆ, ਅੱਗੋਂ ਬਾਬਾ ਜੀ ਨੇ ਹੁਕਮ ਕੀਤਾ ਇਹਨੂੰ ਪਹਿਣ ਲੈ! ਕਰਮ ਸਿੰਘ ਹੈਰਾਨ ਹੋ ਗਿਆ ਕਿ ਬਾਬੇ ਕੀਹ ਖੇਡ ਵਰਤਾ ਰਹੇ ਹਨ? ਅਰਜ਼ ਕੀਤੀ, ਮਹਾਰਾਜ! ਮੈਂ ਸੰਸਾਰੀ ਬੰਦਾ ਹਾਂ, ਇਹ ਸਾਧੂ ਵੇਸ ਕਿਵੇਂ ਧਾਰਨ ਕਰਾਂ? ਹੁਕਮ ਹੋਇਆ ਕੋਈ ਗੱਲ ਨਹੀਂ ਪਹਿਣ ਲੈ! ਕਰਮ ਸਿੰਘ ਨੇ ਅਰਜ਼ ਕੀਤੀ, ਮਹਾਰਾਜ! ਮੈਂ ਤਾਂ ਰੋਜ ਸ਼ਹਿਰਾਂ ਕਚਹਿਰੀਆਂ ਵਿੱਚ ਜਾਣਾ ਹੋਇਆ ਕੰਮਾਂ ਕਾਰਾਂ ਨੂੰ, ਇਹ ਸਾਧੂ ਵੇਸ ਨੂੰ ਤਾਂ ਲਾਜ ਵਾਲੀ ਗੱਲ ਹੈ। ਹੁਕਮ ਹੋਇਆ ਤੂੰ ਰਾਤ ਨੂੰ ਸੌਂਦਾ ਤਾਂ ਖੇਤ ਜਾ ਕੇ ਟਿਊਬਵੈਲ ਤੇ ਹੀ ਹੈਂ, ਇਹ ਪਹਿਣ ਕੇ ਚਲਾ ਜਾਇਆ ਕਰ। ਕਰਮ ਸਿੰਘ ਨੇ ਫਿਰ ਮਜ਼ਬੂਰੀ ਜ਼ਾਹਿਰ ਕੀਤੀ, ਲੇਕਿਨ ਪ੍ਰਵਾਨ ਨਹੀਂ ਹੋਈ। ਬਾਬਾ ਜੀ ਬੋਲੇ! ਕੱਲ੍ਹ ਸੱਜਣ ਸਰਪੰਚ ਇਥੋਂ ਪਹਿਣ ਕੇ ਹੀ ਘਰ ਨੂੰ ਗਿਆ ਹੈ, ਲੇਕਿਨ ਤੂੰ ਪ੍ਰਵਾਨ ਨਹੀਂ ਕਰ ਰਿਹਾ। ਕਰਮ ਸਿੰਘ ਨੇ ਇਹ ਸੁਣਕੇ ਕਿ ਕੱਲ੍ਹ ਸੱਜਣ ਸਿੰਘ ਨੂੰ ਵੀ ਚੋਲਾ ਦਿੱਤਾ ਹੈ, ਝੱਟ ਫੜ ਕੇ ਸਿਰ ਤੇ ਰੱਖ ਲਿਆ। ਕੱਲ੍ਹ ਲੰਗਰ ਲੈ ਕੇ ਆਉਣ ਦਾ ਬਚਨ ਕਰਕੇ ਕਰਮ ਸਿੰਘ ਸਰਪੰਚ ਮਹਾਂਪੁਰਸ਼ਾਂ ਦੀ ਬਖਸ਼ਿਸ਼ ਭਗਵਾਂ ਚੋਲਾ ਸਿਰ ਤੇ ਰੱਖ ਕੇ ਘਰ ਨੂੰ ਚਲਾ ਗਿਆ। ਦੂਸਰੇ ਦਿਨ ਯਾਨੀ 21 ਫਰਵਰੀ 1989 ਨੂੰ ਕਰਮ ਸਿੰਘ ਦਾ ਭਰਾ ਲੰਗਰ ਲੈ ਕੇ ਜਦੋਂ ਕੁਟੀਆ ਪਹੁੰਚਿਆ, ਤਾਂ ਇੱਧਰ-ਉੱਧਰ ਦੇਖਿਆ, ਬਾਬੇ ਕਿਤੇ ਨਜ਼ਰ ਨਹੀਂ ਆ ਰਹੇ। ਰਾਮ ਸਿੰਘ ਨੇ ਸੋਚਿਆ ਕਿਤੇ ਬਾਥਰੂਮ ਵਿੱਚ ਨਾ ਗਏ ਹੋਣ? ਜਦੋਂ ਬਾਥਰੂਮ ਦਾ ਦਰਵਾਜਾ ਖੋਲ ਕੇ ਦੇਖਿਆ, ਸੰਤ ਅੰਦਰ ਡਿਗੇ ਪਏ ਹਨ, ਬੁਲਾਉਣ ਅਤੇ ਉਠਾਉਣ ਦੀ ਕੋਸ਼ਿਸ਼ ਕੀਤੀ, ਲੇਕਿਨ ਬੇਕਾਰ! ਕਿਉਂਕਿ ਅਧਰੰਗ ਦਾ ਦੌਰਾ ਇਤਨਾ ਜਬਰਦਸਤ ਪਿਆ ਸੀ ਕਿ ਪੈਰ ਤੋਂ ਲੈ ਕੇ ਸਿਰ ਤੱਕ ਸਰੀਰ ਦਾ ਸੱਜਾ ਪਾਸਾ ਬਿਲਕੁਲ ਫੇਲ੍ਹ ਹੋ ਗਿਆ। ਰਾਮ ਸਿੰਘ ਨੇ ਇੱਧਰ ਉੱਧਰ ਤੋਂ ਆਵਾਜ਼ ਦੇ ਕੇ ਖੇਤਾਂ ਵਿੱਚ ਕੰਮ ਕਰ ਰਹੇ ਕੁੱਝ ਬੰਦੇ ਬੁਲਾ ਕੇ ਮਹਾਂਪੁਰਸ਼ਾਂ ਨੂੰ ਮੰਜੇ ਤੇ ਪਾਇਆ, ਇਤਨੇ ਨੂੰ ਪਤਾ ਲੱਗਣ ਤੇ ਸੰਗਤਾਂ ਇਕੱਠੀਆਂ




ਸੰਤ ਪ੍ਰੀਤਮ ਸਿੰਘ ਜੀ ਮੋਨੀ



ਸੰਤ ਚਮਨ ਲਾਲ ਜੀ




ਸੰਤ ਕਰਤਾਰ ਸਿੰਘ ਜੀ




ਸੰਤ ਧਰਮ ਸਿੰਘ ਜੀ

ਹੋਣੀਆਂ ਸ਼ੁਰੂ ਹੋ ਗਈਆਂ। ਫਟਾ-ਫਟ ਨਾਭੇ ਲਿਜਾ ਕੇ ਇਕ ਪ੍ਰਾਈਵੇਟ ਹਸਪਤਾਲ ਜੀਵਨ ਨਰਸਿੰਗ ਹੋਮ ਵਿੱਚ ਦਾਖਲ ਕਰਵਾਇਆ। ਸ਼ਾਮ ਨੂੰ ਡਾਕਟਰ ਦੇ ਜਵਾਬ ਦੇਣ ਤੇ ਸੰਗਤ ਨੇ ਲੁਧਿਆਣੇ ਲਿਜਾ ਕੇ ਸੀ. ਐਮ. ਸੀ. (CMC) ਹਸਪਤਾਲ ਵਿੱਚ ਦਾਖਲ ਕਰਵਾ ਦਿੱਤੇ। ਇਲਾਜ ਸ਼ੁਰੂ ਹੋ ਗਿਆ, ਖੋਖ ਦੀ ਸੰਗਤ ਹਰ ਰੋਜ਼ ਕੋਲ ਰਹਿਣ ਵਾਲਿਆਂ ਲਈ ਪਿੰਡੋਂ ਲੰਗਰ ਪ੍ਰਸ਼ਾਦੇ ਬਣਾ ਕੇ ਲੁਧਿਆਣੇ ਲੈ ਕੇ ਪਹੁੰਚਦੀ। ਇਉਂ ਭਾਵੇਂ ਸੰਗਤ ਤਾਂ ਸਾਰੀ ਹੀ ਰੋਜ਼ ਆਉਂਦੀ ਜਾਂਦੀ ਰਹੀ, ਲੇਕਿਨ ਪੱਕੇ ਤੌਰ ਤੇ ਮਹਾਂਪੁਰਸ਼ਾਂ ਦੀ ਸੇਵਾ ਕਰਨ ਦਾ ਅਵਸਰ ਸੱਜਣ ਸਿੰਘ ਸਰਪੰਚ, ਹਰਨੇਕ ਸਿੰਘ, ਦਰਸ਼ਨ ਸਿੰਘ, ਜਰਨੈਲ ਸਿੰਘ, ਕਰਨੈਲ ਸਿੰਘ, ਕਰਮ ਸਿੰਘ ਸਰਪੰਚ ਕੋਟਲੀ ਅਤੇ ਤ੍ਰਿਲੋਚਨ ਸਿੰਘ ਨਾਭਾ ਇਤਿਆਦਿਕ ਪਰਿਵਾਰਾਂ ਨੂੰ ਜ਼ਿਆਦਾ ਪ੍ਰਾਪਤ ਹੋਇਆ। ਬਾਅਦ ਵਿੱਚ ਕੁਝ ਦਿਨ ਸੰਤ ਪ੍ਰਕਾਸ਼ ਜੀ ਰਾਲਸਨ ਲੁਧਿਆਣਾ ਵਾਲਿਆਂ ਦੇ ਘਰੋਂ ਵੀ ਸੇਵਾਦਰਾਂ ਲਈ ਲੰਗਰ ਆਉਂਦਾ ਰਿਹਾ। ਸਭ ਸੰਗਤਾਂ ਜਿਥੇ ਮਹਾਂਪੁਰਸ਼ਾਂ ਦਾ ਪਤਾ ਕਰਨ ਆਉਂਦੀਆਂ ਰਹੀਆਂ, ਉਥੇ ਰਿਸ਼ੀਕੇਸ਼ ਤੋਂ ਪਰਮ ਪੂਜਨੀਕ ਮਹੰਤ ਬਾਬਾ ਰਾਮ ਸਿੰਘ ਮਹਾਰਾਜ ਵੀ ਸਤਿਕਾਰ ਯੋਗ ਸੰਤ ਛੋਟੂ ਬਾਬਾ ਜੀ ਨੂੰ ਨਾਲ ਲੈ ਕੇ ਲੁਧਿਆਣੇ ਪਹੁੰਚੇ। ਮਹਾਂਪੁਰਸ਼ਾਂ ਦੀ ਸਿਹਤ ਦਾ ਪਤਾ ਕਰਕੇ ਮਹੰਤ ਮਹਾਰਾਜ ਜੀ ਉਸੇ ਦਿਨ ਸ਼ਾਮ ਨੂੰ ਪਿੰਡ ਖੋਖ ਆ ਗਏ। ਕਿਉਂਕਿ ਖੋਖ ਕੁਟੀਆ ਵਾਸਤੇ ਪਿੰਡ ਵਾਲੀ ਸੰਗਤ ਨੂੰ ਪਹਿਲਾਂ ਹੀ ਤਾਰੀਖ ਦਿੱਤੀ ਹੋਈ ਸੀ। ਮਹੰਤ ਜੀ ਮਹਾਰਾਜ ਦੋ ਦਿਨ ਖੋਖ ਠਹਿਰ ਕੇ ਅਗਲੀ ਨਿਸ਼ਚਿਤ ਤਾਰੀਖ ਅਨੁਸਾਰ ਕਰਮ ਸਿੰਘ ਖੋਖ ਦੀ ਕਾਰ ਵਿੱਚ ਸਵਾਰ ਹੋ ਕੇ ਬੋਧਨੀ ਪਿੰਡ ਪਹੁੰਚੇ। ਕਰਮ ਸਿੰਘ ਜਦੋਂ ਬੋਧਨੀ ਤੋਂ ਵਾਪਸ ਮੁੜਨ ਲੱਗਿਆ, ਤਾਂ ਮਹੰਤ ਮਹਾਰਾਜ ਜੀ ਮੁਸਕਰਾ ਕੇ ਬੋਲੇ, ਕਰਮ ਸਿਆਂ! ਟੂਰ ਪ੍ਰੋਗਰਾਮ ਅਨੁਸਾਰ ਸਾਡੇ ਕੋਲ ਅਜੇ ਦੋ ਦਿਨ ਖਾਲੀ ਹਨ। ਕਰਮ ਸਿੰਘ ਨੇ ਅਰਜ਼ ਕੀਤੀ, ਮਹਾਰਾਜ, ਕ੍ਰਿਪਾ ਕਰੋ ਖਾਲੀ ਦਿਨ ਦੋਨੋਂ, ਖੋਖ, ਕੋਟਲੀ ਪਿੰਡ ਨੂੰ ਬਖਸ਼ ਦਿਉ! ਹੁਕਮ ਕਰ ਦਿੱਤਾ ਠੀਕ ਹੈ, 19 ਮਾਰਚ ਨੂੰ ਲੋਹਸਿੰਬਲੀ ਆ ਜਾਇਉ। ਕਰਮ ਸਿੰਘ ਨੇ ਜਦੋਂ ਪਿੰਡ ਆ ਕੇ ਦੱਸਿਆ, ਕਿ ਦੋ ਦਿਨ ਹੋਰ ਮਿਲ ਗਏ ਹਨ, ਤਾਂ ਸੰਗਤ ਦੇ ਕੁਝ ਪ੍ਰੇਮੀ ਹੈਰਾਨ ਹੋ ਕੇ ਸੋਚਣ ਲੱਗੇ ਕਿ ਦੋ ਦਿਨ ਜਿਹੜੇ ਖੋਖ ਨੂੰ ਮਿਲੇ ਸਨ, ਉਹ ਤਾਂ ਆਪਣਾ ਦਰਸ਼ਨ ਮੇਲਾ ਇਥੋਂ ਦੀਆਂ ਸੰਗਤਾਂ ਨੂੰ ਬਖਸ਼ ਗਏ, ਲੇਕਿਨ ਜਿਹੜੇ ਦੋ ਦਿਨ ਹੋਰ ਦਿੱਤੇ ਹਨ ਇਨ੍ਹਾਂ ਪਿੱਛੇ ਕੋਈ ਖਾਸ ਕਾਰਨ ਹੈ। ਖੈਰ! ਇੱਧਰ ਸੰਤ ਬਾਬਾ ਮੋਨੀ ਜੀ ਨੂੰ ਪੰਦਰਾਂ ਦਿਨ ਹੋ ਗਏ ਹਸਪਤਾਲ ਦਾਖਲ ਕਰਵਾਇਆਂ ਨੂੰ, ਲੇਕਿਨ ਸਿਹਤ ਵਿੱਚ ਰੱਤੀ ਭਰ ਵੀ ਫਰਕ ਨਹੀਂ ਆਇਆ, ਨਾ ਅਧਰੰਗ ਵਿੱਚ ਸੁਧਾਰ, ਨਾ ਜੁਬਾਨ ਵਿੱਚ ਹਰਕਤ। ਹਸਪਤਾਲ ਵਾਲਿਆਂ ਨੇ ਪੰਦਰਾਂ ਦਿਨ ਰੱਖਕੇ ਛੁੱਟੀ ਕਰ ਦਿੱਤੀ, ਅੱਜ ਤੋਂ ਪੰਦਰਾਂ ਦਿਨ ਬਾਅਦ ਫਿਰ ਚੈਕਅਪ ਕਰਵਾਉਣ ਲਈ ਲਿਖ ਦਿੱਤਾ। ਸੰਤ ਮੋਨੀ ਜੀ ਨੂੰ ਖੋਖ ਕੁਟੀਆ ਲੈ ਆਏ। ਖੋਖ, ਕੋਟਲੀ ਦੀਆਂ ਸੰਗਤਾਂ ਉਸੇ ਤਰ੍ਹਾਂ ਦਿਨ ਰਾਤ ਸੇਵਾ ਕਰਦੀਆਂ ਰਹੀਆਂ, ਇਤਨੇ ਨੂੰ ਉੱਨੀ ਮਾਰਚ ਦਾ ਦਿਨ ਆ ਗਿਆ, ਦਿੱਤੇ ਪ੍ਰੋਗਰਾਮ ਅਨੁਸਾਰ ਮਹੰਤ ਮਹਾਰਾਜ ਜੀ ਵੀ ਖੋਖ ਕੁਟੀਆ ਪਹੁੰਚ ਗਏ। ਮੋਨੀ ਜੀ ਮਹਾਰਾਜ ਦੇ ਦਰਸ਼ਨ ਕੀਤੇ, ਜਲ ਪਾਣੀ ਛਕਿਆ, ਉਪਰੰਤ ਰੋਜ਼ ਦੇ ਨੀਯਮ ਅਨੁਸਾਰ ਸਤਿਸੰਗ ਵਿੱਚ ਫਰੀਦਕੋਟੀ ਟੀਕੇ ਦੀ ਵਿਚਾਰ ਕੀਤੀ ਗਈ। ਸਤਿਸੰਗ ਦੀ ਸਮਾਪਤੀ ਤੇ ਸੰਗਤਾਂ ਪ੍ਰਸ਼ਾਦ ਲੈ ਕੇ ਘਰਾਂ ਨੂੰ ਚਲੀਆਂ ਗਈਆਂ, ਹਜ਼ੂਰ ਸੈਰ ਲਈ ਨਹਿਰ ਵੱਲ ਨਿਕਲ ਗਏ। ਰਾਤ ਲੰਗਰ ਪਾਣੀ ਤੋਂ ਬਾਅਦ ਉਪਰ ਚੌਬਾਰੇ ਵਿੱਚ ਆਰਾਮ ਵਸ ਹੋਏ। ਸਵੇਰੇ ਨੀਯਮ ਅਨੁਸਾਰ ਇਸ਼ਨਾਨ ਤੋਂ ਬਾਅਦ ਚਾਹ ਛਕ ਕੇ ਚੌਬਾਰੇ ਵਿੱਚ ਆਪਣੇ ਮੰਜੇ ਤੇ ਸੁਸ਼ੋਭਿਤ ਹਨ, ਸਮਾਂ ਵੀ ਅਜੇ ਕੋਈ ਚਾਰ ਕੁ ਵਜੇ ਦਾ ਹੋਣ ਕਰਕੇ ਕਾਫੀ ਹਨ੍ਹੇਰਾ ਹੈ। ਇਕ ਪ੍ਰੇਮੀ ਆਪ ਦੇ ਚਰਨਾਂ ਵਿੱਚ ਬੈਠਾ ਹੈ। ਉਸਨੇ ਅਰਜ਼ ਕੀਤੀ, ਮਹਾਰਾਜ! ਇਸ ਕੁਟੀਆ ਨੂੰ ਜੋ ਆਪ ਨੇ ਦਿਨ ਬਖਸ਼ਿਸ਼ ਕੀਤੇ ਸਨ ਉਹ ਤਾਂ ਪੂਰੇ ਹੋ ਗਏ ਸੀ, ਲੇਕਿਨ ਇਹ ਜੋ ਦੁਬਾਰਾ ਦੋ ਦਿਨ ਆਪ ਨੇ ਬਖਸ਼ਿਸ਼ ਕੀਤੇ ਹਨ, ਇਨ੍ਹਾਂ ਪਿੱਛੇ ਕੋਈ ਖਾਸ ਕਾਰਨ ਨਜ਼ਰ ਆਉਂਦਾ ਹੈ? ਹਜ਼ੂਰ ਮੁਸਕਰਾ ਕੇ ਬੋਲੇ ਨਹੀਂ! ਕਾਰਨ ਵਾਲੀ ਤਾਂ ਕੋਈ ਗੱਲ ਨਹੀਂ, ਉਹ ਤਾਂ ਇਹੀ ਸੀ ਕਿ ਇਕ ਤਾਂ ਸੰਗਤ ਕੁਝ ਜ਼ਿਆਦਾ ਪ੍ਰੇਮ ਕਰਦੀ ਸੀ, ਕਿ ਦੋ ਦਿਨ ਬਹੁਤ ਥੋੜ੍ਹੇ ਸਨ, ਦੂਜਾ, ਬਾਬਿਆਂ ਨੂੰ ਵੀ ਉਸ ਦਿਨ ਲੁਧਿਆਣੇ ਥੋੜ੍ਹਾ ਹੀ ਮਿਲੇ ਸੀ, ਇਸ ਲਈ ਸੋਚਿਆ ਨਾਲੇ ਬੇਬੇ ਕੁਟੀਆ ਆ ਜਾਣਗੇ, ਉਨ੍ਹਾਂ ਨੂੰ ਮਿਲ ਲਵਾਂਗੇ, ਨਾਲੇ ਸੰਗਤ ਦਾ ਪ੍ਰੇਮ ਪੂਰਾ ਹੋ ਜਾਵੇਗਾ। ਸੁਣਕੇ ਪ੍ਰੇਮੀ ਅਜੇ ਨਿਰਸੰਸ਼ੇ ਨਹੀਂ ਹੋਇਆ, ਸੋਚੀਂ ਜਾ ਰਿਹਾ ਹੈ ਕਿ ਮਹਾਰਾਜ ਭਾਵੇਂ ਪੜਦਾ ਰੱਖ ਰਹੇ ਹਨ, ਲੇਕਿਨ ਦੁਬਾਰਾ ਆਉਣ ਵਿੱਚ ਕੋਈ ਰਾਜ਼ ਜ਼ਰੂਰ ਹੈ। ਖੈਰ ਦਿਨ ਚੜ੍ਹਿਆ ਡਾਕਟਰਾਂ ਦੀ ਲਿਖੀ ਤਾਰੀਖ ਮੁਤਾਬਿਕ ਮੋਨੀ ਜੀ ਮਹਾਰਾਜ ਨੂੰ ਜਥੇਦਾਰ ਨਛੱਤਰ ਸਿੰਘ ਦੀ ਕਾਰ ਵਿੱਚ ਲੁਧਿਆਣੇ ਨੂੰ ਲੈ ਕੇ ਤੁਰ

ਗਏ। ਕੁਟੀਆ ਵਿੱਚ ਸੰਗਤਾਂ ਸਾਰਾ ਦਿਨ ਮਹੰਤ ਮਹਾਰਾਜ ਜੀ ਦੇ ਦਰਸ਼ਨ ਪਰਸ਼ਨ ਕਰਦੀਆਂ ਰਹੀਆਂ ਅਤੇ ਗੁਰਬਾਣੀ ਦੇ ਪਾਠ ਵਿਚਾਰ ਦਾ ਪ੍ਰਵਾਹ ਚੱਲਦਾ ਰਿਹਾ। ਕਰਮ ਸਿੰਘ ਸਰਪੰਚ ਕੋਟਲੀ ਵਾਲੇ ਨੇ ਸ਼ਾਮ ਦੇ ਲੰਗਰ ਦੀ ਸੇਵਾ ਲਈ ਹੋਈ ਸੀ, ਉਸ ਨੂੰ ਬੁਲਾ ਕੇ ਹਜ਼ੂਰ ਨੇ ਹੁਕਮ ਕੀਤਾ, ਕਿ ਲੰਗਰ ਸ਼ਾਮ ਨੂੰ ਜ਼ਰਾ ਜਲਦੀ ਲੈ ਕੇ ਆਇਓ, ਕਿਉਂਕਿ ਹਨ੍ਹੇਰਾ ਹੋਣ ਤੇ ਲਾਇਟਾਂ ਉਪਰ ਮੱਛਰ ਵਗੈਰਾ ਆਦਿਕ ਜਾਨਵਰ ਬਹੁਤ ਆਉਂਦੇ ਹਨ, ਇਸ ਲਈ ਦਿਨ ਛੁਪਣ ਤੋਂ ਪਹਿਲਾਂ-ਪਹਿਲਾਂ ਲੰਗਰ ਸਭ ਨੂੰ ਛਕਾ ਦਿਉ। ਸ਼ਾਮ ਨੂੰ ਚਾਰ ਵਜੇ ਸਤਿਸੰਗ ਪੋਥੀ ਦੀ ਵਿਚਾਰ ਸ਼ੁਰੂ ਹੋਈ, ਉਸ ਸਮੇਂ ਪਿੰਡ ਵਾਲੀ ਕਾਫੀ ਸੰਗਤ ਜੁੜ ਗਈ। ਕੋਈ ਪੌਣੇ ਪੰਜ ਵਜੇ ਹਜ਼ੂਰ ਨੇ ਹੁਕਮ ਕੀਤਾ, ਕਿ ਪੋਥੀ ਬੰਦ ਕਰ ਦਿਉ ਤੇ ਸੰਗਤ ਨੂੰ ਪ੍ਰਸ਼ਾਦ ਵਰਤਾ ਦਿਉ! ਮਹਾਰਾਜ ਜੀ ਹੁਕਮ ਕਰਕੇ ਉੱਪਰ ਚੌਬਾਰੇ ਵਿੱਚ ਚਲੇ ਗਏ, ਇੱਧਰ ਸੰਗਤ ਦੇ ਕੁਝ ਪ੍ਰੇਮੀ ਸੋਚ ਰਹੇ ਹਨ ਕਿ ਅੱਜ ਕੋਈ ਖਾਸ ਬਾਤ ਹੈ, ਸਤਿਸੰਗ ਇਤਨਾ ਜਲਦੀ ਬੰਦ ਕਰ ਦੇਣਾ। ਪਹਿਲਾਂ ਤਾਂ ਛੇ ਵਜੇ ਬੰਦ ਕੀਤਾ ਜਾਂਦਾ ਸੀ, ਫਿਰ ਆਪ ਸੈਰ ਨੂੰ ਜਾਂਦੇ ਸਨ, ਲੇਕਿਨ ਅੱਜ ਪੰਜ ਤੋਂ ਵੀ ਪਹਿਲਾਂ ਹੀ ਬੰਦ ਕਰ ਦਿੱਤਾ, ਕੀ ਹੁਣੇ ਹੀ ਸੈਰ ਨੂੰ ਜਾਣਗੇ? ਉਧਰ ਅੰਤਰਯਾਮੀ ਪ੍ਰੀਤਮ ਨੇ ਚੌਬਾਰੇ ਵਿੱਚ ਜਾ ਕੇ ਕੁੰਡੀ ਲਾ ਲਈ, ਨਾ ਕੋਈ ਅੰਦਰ ਜਾ ਸਕੇ, ਨਾ ਚਾਹ ਪਾਣੀ ਪੁੱਛ ਸਕੇ। ਛੇ ਵਜ ਗਏ, ਸਾਢੇ ਛੇ ਵਜ ਗਏ, ਅੱਜ ਸੈਰ ਨੂੰ ਵੀ ਨਹੀਂ ਜਾ ਰਹੇ, ਨਾ ਹੇਠਾਂ ਆ ਰਹੇ ਹਨ। ਪ੍ਰੇਮੀਆਂ ਦਾ ਸੰਸਾ ਪੱਕਾ ਹੋਈ ਜਾ ਰਿਹਾ ਹੈ, ਕਿ ਅੱਜ ਕੋਈ ਖਾਸ ਗੱਲ ਹੈ। ਲੰਗਰ ਜਲਦੀ ਲੈ ਕੇ ਆਉਣ ਦਾ ਹੁਕਮ, ਪੋਥੀ ਦੀ ਵਿਚਾਰ ਬਜਾਏ ਛੇ ਦੇ ਪੌਣੇ ਪੰਜ ਹੀ ਬੰਦ ਕਰ ਦੇਣੀ, ਸ਼ਾਮ ਨੂੰ ਰੋਜ਼ ਸੈਰ ਕਰਨ ਦਾ ਨੀਯਮ ਵੀ ਭੰਗ ਕਰ ਦੇਣਾ, ਇਤਿਆਦਿਕ ਗੱਲਾਂ ਤੋਂ ਕੁਝ ਅਸਚਰਜਤਾ ਜਿਹੀ ਪ੍ਰਤੀਤ ਹੋ ਰਹੀ ਸੀ। ਖੈਰ! ਲੰਗਰ ਆ ਗਿਆ, ਹਜ਼ੂਰ ਨੇ ਹੁਕਮ ਕਰ ਦਿੱਤਾ ਸਭ ਨੂੰ ਛਕਾ ਦਿਉ ਜਲਦੀ ਨਾਲ। ਸੰਗਤ ਦਾ ਧਿਆਨ ਲੁਧਿਆਣੇ ਵੱਲ ਵੀ ਹੈ ਕਿ ਸਵੇਰ ਦੇ ਗਏ ਹਨ ਬਾਬਿਆਂ ਨੂੰ ਲੈ ਕੇ, ਇਤਨਾ ਸਮਾਂ ਤਾਂ ਨਹੀਂ ਲੱਗਣਾ ਚਾਹੀਦਾ ਸੀ ਕਿਤੇ ਦੁਬਾਰਾ ਦਾਖਲ ਹੀ ਨਾ ਕਰ ਲੈਣ, ਜਾਂ ਗੱਡੀ ਹੀ ਕਿਸੇ ਰਸਤੇ ਵਿੱਚ ਖਰਾਬ ਨਾ ਹੋ ਜਾਵੇ, ਇਤਿਆਦਿਕ ਸੰਕਲਪਾਂ ਵਿਕਲਪਾਂ ਵਿੱਚ ਲੰਗਰ ਛਕੀ ਜਾ ਰਹੇ ਹਨ। ਇਤਨੇ ਨੂੰ ਹਜ਼ੂਰ ਲੰਗਰ ਛਕ ਕੇ ਜਲਦੀ ਨਾਲ ਅੰਦਰੋਂ ਨਿਕਲ ਕੇ ਸੜਕ ਵੱਲ ਨੂੰ ਚੱਲ ਪਏ। ਇਕ ਪ੍ਰੇਮੀ ਵੀ ਲੰਗਰ ਛਕਦਾ-ਛਕਦਾ ਫਟਾ-ਫਟਾ ਹੱਥ ਧੋ ਕੇ ਚਿੱਪੀ ਉਠਾ ਹਜ਼ੂਰ ਦੇ ਪਿਛੇ ਦੌੜਿਆ, ਇਤਨੇ ਨੂੰ ਖੋਖ ਪਿੰਡ ਵੱਲੋਂ ਕਾਰ ਦੀਆਂ ਲਾਈਟਾਂ ਦੀ ਰੌਸ਼ਨੀ ਪਈ। ਹਜ਼ੂਰ ਵੀ ਇਤਨੀ ਤੇਜ਼ੀ ਨਾਲ ਸੜਕ ਵੱਲ ਨੂੰ ਜਾ ਰਹੇ ਹਨ ਕਿ ਚਿੱਪੀ ਵਾਲਾ ਪ੍ਰੇਮੀ ਨਾਲ ਨਹੀਂ ਰਲ ਰਿਹਾ। ਮਹਾਰਾਜ ਸੜਕ ਦੇ ਉਸ ਮੋੜ ਤੇ ਪਹੁੰਚ ਗਏ, ਜਿਥੋਂ ਕੁਟੀਆ ਨੂੰ ਪਹੀ ਮੁੜਦੀ ਹੈ। ਉਧਰੋਂ ਕਾਰ ਵੀ ਉਨ੍ਹਾਂ ਕੋਲ ਆ ਕੇ ਰੁੱਕ ਗਈ। ਕਾਰ ਵਾਲਿਆਂ ਨੇ ਹਜ਼ੂਰ ਨੂੰ ਅੰਦਰੋਂ ਕਾਰ ਦੀ ਤਾਕੀ ਖੋਲ ਕੇ ਬੈਠਿਆਂ ਨੇ ਹੀ ਕੁਝ ਦੱਸਿਆ, ਤਾਂ ਆਪ ਨੇ ਇਸ਼ਾਰਾ ਕਰ ਦਿੱਤਾ ਕਿ ਕਾਰ ਕੁਟੀਆ ਕੋਲ ਲੈ ਚੱਲੋ, ਤੇ ਕਾਰ ਦੇ ਪਿੱਛੇ-ਪਿੱਛੇ ਆਪ ਵੀ ਕੁਟੀਆ ਨੂੰ ਵਾਪਸ ਆ ਗਏ। ਕਾਰ ਜਦੋਂ ਖੂਹ ਤੇ ਆ ਕੇ ਰੁਕੀ, ਤਾਂ ਪਤਾ ਲੱਗਿਆ ਕਿ ਮੋਨੀ ਜੀ ਮਹਾਰਾਜ ਪੰਜ ਵਜੇ ਲੁਧਿਆਣੇ ਹੀ ਸਰੀਰ ਛੱਡ ਗਏ। ਇਤਨੇ ਨੂੰ ਹਜ਼ੂਰ ਵੀ ਖੂਹ ਤੇ ਕਾਰ ਕੋਲ ਆ ਗਏ। ਚਿੱਪੀ ਵਾਲੇ ਪ੍ਰੇਮੀ ਨੂੰ ਬੋਲੇ! ਸਵੇਰੇ ਪੁੱਛਦਾ ਸੀ ਦੁਬਾਰੇ ਆਉਣ ਦਾ ਕਾਰਨ ਹੁਣ ਸਮਝ ਗਿਆ? ਪ੍ਰੇਮੀ ਦੇ ਵੀ ਹਿਰਦੇ ਰੂਪੀ ਅੱਖਾਂ ਵਿੱਚ ਹੁਣ ਕੁਝ ਪ੍ਰਕਾਸ਼ ਹੋਇਆ, ਕਿ ਇਹ ਖੇਡ ਸੀ ਸਾਰਾ ਦੁਬਾਰੇ ਆਉਣ ਦੀ ਤਾਰੀਖ ਦੇਣੀ, ਲੰਗਰ ਵਾਲਿਆਂ ਨੂੰ ਜਲਦੀ ਲਿਆਉਣ ਦਾ ਹੁਕਮ ਕਰਨਾ, ਤਾਂ ਕਿ ਮਹਾਂਪੁਰਸ਼ ਦਾ ਸਰੀਰ ਆਉਣ ਤੋਂ ਪਹਿਲਾਂ-ਪਹਿਲਾਂ ਸਭ ਲੰਗਰ ਛਕ ਲੈਣ, ਪੋਥੀ ਦਾ ਛੇ ਵਜੇ ਦੀ ਬਜਾਏ, ਪੌਣੇ ਪੰਜ ਵਜੇ ਹੀ ਬੰਦ ਕਰ ਦੇਣਾ, ਤਾਂ ਕਿ ਪੰਦਰਾਂ ਮਿੰਟ ਪਹਿਲਾਂ ਵਿਹਲੇ ਹੋ ਕੇ ਸਹੀ ਪੰਜ ਵਜੇ ਮੋਨੀ ਜੀ ਦੇ ਅੰਤਮ ਵਿਦਾਇਗੀ ਵਾਲੇ ਬਿਵਾਨ ਤੇ ਫੁੱਲਾਂ ਦੀ ਵਰਖਾ ਕਰਨੀ, ਬੇਗਮਪੁਰੇ ਸ਼ਹਿਰ ਦੇ ਹਮ ਸ਼ਹਿਰੀ ਮਿੱਤਰ ਦੀ ਯਾਦ ਵਿੱਚ ਅੱਜ ਸੈਰ ਨੂੰ ਵੀ ਨਾ ਜਾਣਾ, ਉਸ ਮਿੱਤਰ ਦੇ ਗਿਆਨ ਅਗਨੀ ਦੀ ਤਾਅ ਨਾਲ ਸ਼ੁੱਧ ਕੀਤੇ ਪਵਿੱਤਰ ਸਰੀਰ ਨੂੰ ਪੂਰੇ ਸਤਿਕਾਰ ਨਾਲ ਲੈ ਕੇ ਆਉਣ ਵਾਸਤੇ ਬੜੀ ਤੇਜ਼ੀ ਨਾਲ ਅੱਗੇ ਸੜਕ ਤੇ ਪਹੁੰਚਣਾ ਇਤਿਆਦਿਕ ਫਿਲਮ ਬੜੀ ਤੇਜ਼ੀ ਨਾਲ ਪ੍ਰੇਮੀ ਦੇ ਅੱਖਾਂ ਸਾਹਮਣੇ ਗੁਜ਼ਰੀ, ਆਪ ਮੁਹਾਰੇ ਜ਼ੁਬਾਨ ਨੇ ਉਚੀ-ਉਚੀ ਕਹਿਣਾ ਸ਼ੁਰੂ ਕਰ ਦਿੱਤਾ—

ਧੰਨ ਹੈ ਅੰਤਰਯਾਮੀ ਦਾਤਾ, ਧੰਨ ਹੈ ਅਰਸ਼ੀ ਪ੍ਰੀਤਮ, ਧੰਨ ਹੈ ਪਿਆਰਿਆਂ ਦਾ ਕਦਰਦਾਨ! ਹੁਕਮ ਹੋਇਆ, ਸਰੀਰ ਨੂੰ ਕੁਟੀਆ ਵਿੱਚ ਲਿਜਾ ਕੇ ਪੂਰਾ ਸਤਿਕਾਰ ਨਾਲ ਮੰਜੇ ਤੇ ਪਾ ਲਉ, ਕੋਲ ਸੁਖਮਨੀ ਸਾਹਿਬ ਦਾ ਪਾਠ ਕਰ ਲਉ,

ਜੋ ਪੂਰੀ ਰਾਤ ਸਸਕਾਰ ਤੱਕ ਨਿਰੰਤਰ ਕਰਨਾ ਹੈ। ਦੂਸਰੇ ਦਿਨ ਯਾਨੀ ਬਾਈ ਮਾਰਚ 1989 ਨੂੰ ਕਰਨਾਲ ਕਿਸੇ ਪ੍ਰੇਮੀ ਦੇ ਘਰ ਅਖੰਡ ਪਾਠ ਦੇ ਭੋਗ ਤੇ ਪਹੁੰਚਣਾ ਸੀ, ਇਸ ਲਈ ਕੁਲਵੰਤ ਸਿੰਘ ਮਿਸਤਰੀ ਨੂੰ ਰਾਤ ਨੂੰ ਹੀ ਭੇਜ ਦਿੱਤਾ ਕਿ ਅਸੀਂ ਸਵੇਰੇ ਮਹਾਂਪੁਰਸ਼ਾਂ ਦੇ ਸਰੀਰ ਦਾ ਸਸਕਾਰ ਕਰਕੇ ਕਰਨਾਲ ਪਹੁੰਚਾਂਗੇ, ਇਸ ਲਈ ਭੋਗ ਨੀਯਤ ਸਮੇਂ ਤੋਂ ਇੱਕ ਘੰਟਾ ਲੇਟ ਕਰ ਲੈਣਾ। ਮਹਾਂਪੁਰਸ਼ਾਂ ਦੇ ਸਰੀਰ ਕੋਲ ਸੰਗਤਾਂ ਨੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਸ਼ੁਰੂ ਕਰ ਲਿਆ। ਉੱਧਰ ਮਹਾਰਾਜ ਜੀ ਨੇ ਪ੍ਰਬੰਧਕਾਂ ਨੂੰ ਸਮਝਾ ਦਿੱਤਾ, ਕਿ ਸਵੇਰੇ ਛੇ ਵਜੇ ਇਥੇ ਬਾਬੇ ਬੇਅੰਤ ਸਿੰਘ ਜੀਆਂ ਦੇ ਕੋਲ ਹੀ ਸਸਕਾਰ ਕਰਨਾ ਹੈ, ਇਸ ਲਈ ਸਭ ਤਿਆਰੀ ਕਰ ਲਉ, ਅਤੇ ਬਾਹਰਲੀ ਸਭ ਸੰਗਤ ਨੂੰ ਰਾਤੋ-ਰਾਤ ਸੱਦੇ ਪੱਤਰ ਭੇਜ ਦਿਉ, ਅਤੇ ਨਾਲ ਹੀ ਦਸ ਦਿਨਾਂ ਬਾਅਦ ਭੋਗ ਦੀ ਤਾਰੀਖ ਵੀ ਨਿਸ਼ਚਿਤ ਕਰ ਦਿੱਤੀ। ਸਵੇਰੇ ਹਜ਼ੂਰ ਨੇ ਆਪ ਖੁਦ ਅਰਦਾਸ ਕਰਕੇ ਚਿਖਾ ਨੂੰ ਅਗਨੀ ਲਾਈ, ਫਿਰ ਦਿੱਤਾ ਬਚਨ ਪੂਰਾ ਕਰਨ ਲਈ ਕਰਨਾਲ ਨੂੰ ਚਾਲੇ ਪਾ ਦਿੱਤੇ। ਨਿਸ਼ਚਿਤ ਦਿਨ ਤੇ ਯਾਨੀ ਭੋਗ ਤੋਂ ਇਕ ਦਿਨ ਪਹਿਲਾਂ ਆਪ ਖੋਖ ਪਿੰਡ ਪਹੁੰਚ ਗਏ, ਉੱਧਰ ਰਿਸ਼ੀਕੇਸ਼ ਤੋਂ ਸਤਿਕਾਰਯੋਗ ਸੰਤ ਜੋਧ ਸਿੰਘ ਜੀ ਵੀ ਆ ਗਏ। ਭੋਗ ਤੇ ਸ਼ਰਧਾਂਜਲੀ ਸਮਾਗਮ ਉਪਰੰਤ ਹਜ਼ੂਰ ਨੇ ਪਵਿੱਤਰ ਵਾਕ ਦੀ ਕਥਾ ਕੀਤੀ। ਸ਼ਾਮ ਨੂੰ ਕਿਸੇ ਪ੍ਰੇਮੀ ਨੇ ਅਰਜ਼ ਕੀਤੀ, ਮਹਾਰਾਜ ਮੋਨੀ ਜੀ ਦੋ ਸਰਪੰਚਾਂ ਨੂੰ ਚੋਲੇ ਦੇ ਗਏ ਹਨ। ਇਸ ਦਾ ਕੀ ਮਤਲਬ ਹੈ? ਹਜ਼ੂਰ ਬੋਲੇ, ਬੀਜ, ਬੀਜ ਗਏ! ਮੋਨੀ ਜੀ ਦੇ ਭੋਗ ਤੇ ਉੱਪਰ ਦੱਸੇ ਅਨੁਸਾਰ ਸੰਤ ਜੋਧ ਸਿੰਘ ਜੀ ਵੀ ਆਏ ਹੋਏ ਸਨ। ਰਾਤ ਨੂੰ ਲੰਗਰ ਛਕਣ ਤੋਂ ਬਾਅਦ ਆਮ ਸੰਗਤਾਂ ਘਰਾਂ ਨੂੰ ਭੇਜ ਦਿੱਤੀਆਂ, ਉਪਰੰਤ ਦੋਨੋਂ ਮਹਾਂਪੁਰਸ਼ ਅਰਾਮ ਕਰਨ ਲਈ ਉੱਪਰ ਚਬਾਰੇ ਵਿੱਚ ਚਲੇ ਗਏ। ਆਸ਼ਰਮ ਦੀਆਂ ਅਤੇ ਹੋਰ ਪ੍ਰਬੰਧ ਦੀਆਂ ਗੱਲਾਂ ਕਰਦਿਆਂ ਨੂੰ ਰਾਤ ਦੇ ਸਾਢੇ ਬਾਰਾਂ ਵਜੇ ਦਾ ਸਮਾਂ ਹੋ ਆਇਆ, ਤਾਂ ਸੰਤ ਜੋਧ ਸਿੰਘ ਜੀ ਨੇ ਅਰਜ਼ ਕੀਤੀ, ਮਹਾਰਾਜ ਸੰਤ ਗੰਗਾ ਰਾਮ ਬਹੁਤ ਬੀਮਾਰ ਹੈ ਜੋ ਕਿ ਹਸਪਤਾਲ ਦਾਖਲ ਕਰਵਾਇਆ ਹੈ। ਉਸ ਦੇ ਸਰੀਰ ਨੂੰ ਕਸ਼ਟ ਇਤਨਾ ਹੈ ਜੋ ਦੇਖ ਨਹੀਂ ਹੁੰਦਾ। ਉਸ ਵਿਚਾਰੇ ਨੇ ਆਸ਼ਰਮ ਦੀ ਸੇਵਾ ਬਹੁਤ ਕੀਤੀ ਹੈ, ਲੇਕਿਨ ਹੁਣ ਕਸ਼ਟ ਵੀ ਬਹੁਤ ਉਠਾ ਰਿਹਾ ਹੈ, ਤੰਦਰੁਸਤ ਤਾਂ ਹੁਣ ਕੀ ਹੋਣਾ ਸੀ, ਪ੍ਰਾਣ ਵੀ ਵਿਚਾਰੇ ਦੇ ਪੂਰੇ ਨਹੀਂ ਹੋ ਰਹੇ। ਸੰਤ ਜੋਧ ਸਿੰਘ ਜੀਆਂ ਦੇ ਮੁੱਖ ਤੋਂ ਸੁਣ ਕੇ ਹਜ਼ੂਰ ਦੋ-ਤਿੰਨ ਮਿੰਟ ਚੁੱਪ ਬੈਠੇ ਰਹੇ, ਆਖਰ ਹੁਕਮ ਕੀਤਾ, ਹੁਣ ਅਰਾਮ ਕਰ ਲਉ; ਰਾਤ ਵੱਡੀ ਹੋ ਗਈ। ਸੰਤ ਜੋਧ ਸਿੰਘ ਜੀ ਬੱਤੀ ਬੰਦ ਕਰਕੇ ਆਪਣੇ ਮੰਜੇ ਤੇ ਲੇਟ ਗਏ, ਲੇਕਿਨ ਜਦ ਧਿਆਨ ਮਹਾਰਾਜ ਜੀ ਵੱਲ ਗਿਆ, ਉਹ ਆਪਣੇ ਮੰਜੇ ਤੇ ਅਜੇ ਵੀ ਬੈਠੇ ਸਨ। ਸੰਤ ਜੋਧ ਸਿੰਘ ਜੀਆਂ ਨੇ ਸੋਚਿਆ ਸਾਨੂੰ ਆਰਾਮ ਕਰਨ ਲਈ ਆਖ ਦਿੱਤਾ, ਲੇਕਿਨ ਮਹਾਰਾਜ ਅਜੇ ਆਪਣੀ ਕਿਸੇ ਗਹਿਰੀ ਸੋਚ ਵਿੱਚ ਬੈਠੇ ਹਨ। ਖੈਰ ਦਿਨ ਚੜ੍ਹੇ ਮਹਾਰਾਜ ਜੀ ਤਾਂ ਕਰਨਾਲ ਨੂੰ ਵਿਦਾ ਹੋ ਗਏ, ਇਧਰ ਸੰਤ ਜੋਧ ਸਿੰਘ ਜੀ ਰਿਸ਼ੀਕੇਸ਼ ਨੂੰ ਵਾਪਸ ਮੁੜ ਗਏ। ਰਿਸ਼ੀਕੇਸ਼ ਪਹੁੰਚ ਕੇ ਪਤਾ ਲੱਗਿਆ, ਕਿ ਸੰਤ ਗੰਗਾ ਰਾਮ ਜੀ ਰਾਤ ਸਾਢੇ ਬਾਰਾਂ ਵਜੇ ਸਰੀਰ ਤਿਆਗ ਗਏ ਹਨ।

## ਆਸ਼ਰਮ ਵਿੱਚ ਹੋਰ ਕਮਰਿਆਂ ਦੀ ਉਸਾਰੀ

ਹੁਣ ਪੰਜਾਬੀ ਸੰਗਤਾਂ ਦੀ ਭਰਵੀਂ ਆਵਾਜਾਈ ਨਾਲ ਆਸ਼ਰਮ ਵਿੱਚ ਕਮਰਿਆਂ ਦੀ ਥੁੜ ਮਹਿਸੂਸ ਹੋਣ ਲੱਗੀ। ਆਸ਼ਰਮ ਸ਼ਹਿਰ ਦੇ ਵਿਚਕਾਰ ਹੋਣ ਕਰਕੇ ਕੋਈ ਸਫੈਦ ਜਗਾ ਵੀ ਨਹੀਂ ਜਿਥੇ ਹੋਰ ਬਿਲਡਿੰਗ ਉਸਾਰ ਲਈ ਜਾਵੇ, ਲੇਕਿਨ ਬਣੀ ਹੋਈ ਜਗ੍ਹਾ ਹੁਣ ਲੋੜ ਪੂਰੀ ਕਰਨ ਨੂੰ ਸਮਰਥ ਵੀ ਨਹੀਂ। ਕਿਉਂਕਿ ਗੁਰੂ ਨਾਨਕ ਦੀ ਮਿਹਰ ਅਤੇ ਆਪ ਦੀ ਪਸਰੀ ਹੋਈ ਪ੍ਰੇਮ ਮਹਿਕ ਦੇ ਕਾਰਨ ਸੰਗਤਾਂ ਦੀ ਭਰਵੀਂ ਆਵਾਜਾਈ ਬਣੀ ਰਹਿੰਦੀ ਹੈ। ਬਰਸੀਆਂ ਵਰਗੇ ਮਹਾਨ ਸਮਾਗਮਾਂ ਤੇ ਸੰਗਤਾਂ ਦੇ ਭਾਰੀ ਇਕੱਠ ਸਾਹਮਣੇ ਤਾਂ ਜਗ੍ਹਾ ਦੀ ਕਮੀ ਜ਼ਿਆਦਾ ਹੀ ਮਹਿਸੂਸ ਹੋਣ ਲੱਗੀ। ਕਮਰਿਆਂ ਦੀ ਹੋਰ ਲੋੜ ਅਤੇ ਸੰਗਤਾਂ ਦੀ ਸੁੱਖ ਸੁਵਿਧਾ ਨੂੰ ਮੁੱਖ ਰੱਖਕੇ ਵਿਚਾਰ ਕੀਤਾ ਗਿਆ ਕਿ ਆਸ਼ਰਮ ਦੇ ਬਣੇ ਮਕਾਨਾਂ ਦੇ ਉਪਰ ਹੀ ਹੋਰ ਕਮਰੇ ਬਣਾ ਲਏ ਜਾਣ। ਇਸ ਵਿਚਾਰ ਨਾਲ ਛੇ ਕਮਰੇ ਤਾਂ ਪੁਰਾਣੀ ਬਿਲਡਿੰਗ ਦੀ ਦੂਜੀ ਛੱਤ ਤੇ ਬਣਾਏ ਗਏ ਅਤੇ ਬਾਅਦ ਵਿੱਚ ਅੱਠ ਕਮਰੇ ਕਾਫੀ ਵੱਡੇ ਸਾਈਜ਼ ਦੇ ਨਵੇਂ ਹਾਲ ਦੇ ਉਪਰ ਬਣਾਏ ਗਏ ਜਿੰਨ੍ਹਾਂ ਦਾ ਲੈਂਟਰ 28 ਜੂਨ 1989 ਨੂੰ ਪਾਇਆ ਗਿਆ। ਇਸ ਪ੍ਰਕਾਰ ਚੌਦਾਂ ਕਮਰੇ ਨਵੇਂ ਬਣ ਜਾਣ ਨਾਲ ਜਗ੍ਹਾ ਦੀ ਕਾਫੀ ਹੱਦ ਤਕ ਕਮੀ ਦੂਰ ਹੋ ਗਈ ਲੇਕਿਨ ਸੰਗਤਾਂ ਦਾ ਪਿਆਰ ਦੇਖਦਿਆਂ ਜਗ੍ਹਾ ਬਾਰੇ ਸ਼ਾਇਦ ਅਜੇ ਹੋਰ ਸੋਚਣਾ ਪਵੇ।

## ਬਿਸ਼ਨਪੁਰਾ (ਲੋਪੇ) ਕੁਟੀਆ ਦੀ ਨੀਂਹ

ਜੁਲਾਈ 1989 ਦਾ ਜ਼ਿਕਰ ਹੈ ਜਦੋਂ ਹਜ਼ੂਰ ਮਹੰਤ ਮਹਾਰਾਜ ਜੀ, ਪੂਜਯ ਵਿਰੱਕਤ ਮਹਾਰਾਜ ਜੀਆਂ ਦੀ ਬਰਸੀ ਮਨਾਉਣ ਨਮਿੱਤ ਗੁਰਾਇਆਂ ਪਹੁੰਚੇ ਹੋਏ ਸਨ। ਇਹ ਮਹਾਨ ਸਮਾਗਮ ਮਨਾਉਣ ਲਈ ਨਾਭਾ, ਖੋਖ ਆਦਿਕ ਕਈ ਥਾਵਾਂ ਤੋਂ ਕਾਫੀ ਗਿਣਤੀ ਵਿੱਚ ਸੰਗਤਾਂ ਪਹੁੰਚੀਆਂ ਹੋਈਆਂ ਸਨ। ਮਹਾਰਾਜ ਜੀਆਂ ਨਮਿੱਤ ਸ੍ਰੀ ਅਖੰਡ ਪਾਠ ਸਾਹਿਬ ਚੱਲ ਰਹੇ ਹਨ। ਸ਼ਾਮ ਦੇ ਸਤਿਸੰਗ ਸਮਾਪਤ ਹੋ ਕੇ ਸਭ ਸੰਗਤਾਂ ਲੰਗਰ ਪਾਣੀ ਛਕ ਕੇ ਅਰਾਮ ਵਸ ਹੋ ਰਹੀਆਂ ਹਨ। ਸਮਾਂ ਵੀ ਰਾਤ ਦਸ ਵਜੇ ਦੇ ਕਰੀਬ ਹੋ ਚਲਿਆ ਹੈ। ਇਸ ਲਈ ਮਹੰਤ ਮਹਾਰਾਜ ਜੀ ਵੀ ਆਪਣੇ ਕਮਰੇ ਵਿੱਚ ਸੁਸ਼ੋਭਿਤ ਹਨ। ਇਤਨੇ ਨੂੰ ਲੋਪੇ ਪਿੰਡ ਤੋਂ ਹਰਬੰਸ ਸਿੰਘ, ਗੁਰਚਰਨ ਸਿੰਘ, ਨਾਹਰ ਸਿੰਘ ਅਤੇ ਸਾਧੂ ਸਿੰਘ ਮਿਸਤਰੀ ਇਤਿਆਦਿਕ ਛੇ-ਸਤ ਬੰਦੇ ਹਜ਼ੂਰ ਦੇ ਚਰਨਾਂ ਵਿੱਚ ਪਹੁੰਚ ਕੇ ਕੋਈ ਅਰਜ਼ ਕਰਨ ਲਈ ਖੜ੍ਹੇ ਹਨ। ਲੇਕਿਨ ਹਜ਼ੂਰ ਹਲਕੀ-ਹਲਕੀ ਮੁਸਕਾਨ ਨਾਲ ਇਉਂ ਹੱਸੀ ਜਾ ਰਹੇ ਹਨ, ਜਿਵੇਂ ਇੰਨ੍ਹਾਂ ਪ੍ਰੇਮੀਆਂ ਨੇ ਜੋ ਬੇਨਤੀ ਕਰਨੀ ਹੈ ਉਸ ਨੂੰ ਜਾਣਦੇ ਹੋਣ। ਮੁਸਕਾਨ ਦੁਆਰਾ ਹੀ ਮਾਨੋਂ ਪੁੱਛ ਰਹੇ ਹਨ ਕਿ ਰਾਤ ਦੇ ਦਸ ਵਜੇ ਤੁਹਾਨੂੰ ਅੰਦਰੋਂ ਪ੍ਰੇਰਨਾ ਕਰਨ ਵਾਲਾ ਕੌਣ ਹੈ? ਖੈਰ, ਸਾਰੇ ਇਉਂ ਹੱਥ ਜੋੜੀਂ ਖੜੇ ਹਨ, ਜਿਵੇਂ ਅਰਦਾਸ ਵਿੱਚ ਜੁੜੇ ਹੋਣ। ਇਤਨੇ ਨੂੰ ਅਰਜ਼ ਕੀਤੀ ਮਹਾਰਾਜ ਮਿਹਰ ਕਰੋ, ਲੋਪੇ ਪਿੰਡ ਕੁਟੀਆ ਬਣਾਉ! ਹੁਕਮ ਹੋਇਆ ਕੁਟੀਆ ਕਿਸ ਲਈ ਬਣਾਉਣੀ ਹੈ? ਮਹਾਰਾਜ! ਆਪ ਜੀ ਸਮੇਂ-ਸਮੇਂ ਆ ਕੇ ਉਥੇ ਠਹਿਰੋ, ਸਾਨੂੰ ਦਰਸ਼ਨ ਸਤਿਸੰਗ ਅਤੇ ਸੇਵਾ ਦਾ ਸਮਾਂ ਮਿਲਦਾ ਰਹੇਗਾ। ਹਜ਼ੂਰ ਮੁਸਕਰਾ ਕੇ ਬੋਲੇ, ਅਸੀਂ ਤਾਂ ਤੁਹਾਡੇ ਘਰ ਵੀ ਠਹਿਰ ਜਾਂਦੇ ਹਾਂ, ਜਾਂ ਗੁਰਦੁਵਾਰੇ ਠਹਿਰ ਜਾਵਾਂਗੇ। ਪ੍ਰੇਮੀਆਂ ਨੇ ਅਰਜ਼ ਕੀਤੀ, ਮਹਾਰਾਜ ਅਲੱਗ ਜਗ੍ਹਾ ਬਣ ਜਾਵੇ, ਸਾਂਝੇ ਥਾਂ, ਜਿੱਥੇ ਸਭ ਲੋਕ ਬਿਨਾ ਝਿਜਕ ਤੋਂ ਆ ਜਾ ਸਕਣ। ਹਜ਼ੂਰ ਖੜ੍ਹੇ ਬੰਦਿਆਂ ਵੱਲ ਇਸ਼ਾਰਾ ਕਰਕੇ ਬੋਲੇ, ਐਹ ਸਾਰੇ ਘਰ ਖਾਲੀ ਹੀ ਹਨ ਜਿਸ ਵਿੱਚ ਦੇਖਾਂਗੇ, ਬੈਠ ਜਾਵਾਂਗੇ! ਫਿਰ ਅਰਜ਼ ਕੀਤੀ, ਮਹਾਰਾਜ! ਇਨ੍ਹਾਂ ਖਾਲੀ ਘਰਾਂ ਨੂੰ ਭਰਨ ਲਈ ਹੀ ਤਾਂ ਤਰਲਾ ਹੈ ਕਿ ਆਪ ਉਥੇ ਬੈਠੋਗੇ, ਤਾਂ ਇਹ ਵਿਚਾਰਿਆਂ ਦਾ ਅੰਦਰਲਾ ਸੱਖਣਾਪਨ ਵੀ ਭਰ ਜਾਵੇਗਾ। ਪ੍ਰੇਮੀ ਦੀ ਅਰਜ਼ ਸੁਣਕੇ ਹਜ਼ੂਰ ਨੇ ਨੇਤਰ ਬੰਦ ਕਰ ਲਏ ਮਾਨੋਂ ਭਵਿੱਖ ਨੂੰ ਵਿਚਾਰ ਰਹੇ ਹਨ। ਕੁਝ ਪਲਾਂ ਬਾਅਦ ਕਮਲਾਂ ਵਰਗੇ ਨੇਤਰ ਖੋਲ ਕੇ ਇਲਾਹੀ ਹੁਕਮ ਕੀਤਾ ਠੀਕ ਹੈ ਬਣਾ ਲਉ! ਅਰਜ਼ ਕੀਤੀ, ਮਹਾਰਾਜ ਕ੍ਰਿਪਾ ਕਰੋ ਉਸਦੀ ਨੀਂਹ ਆਪਣੇ ਪਵਿੱਤਰ ਹਸਤ ਕਮਲਾਂ ਦੁਆਰਾ ਟਿਕਾਉ। ਹੁਕਮ ਹੋਇਆ ਠੀਕ ਹੈ। ਉੱਨੀ ਜੁਲਾਈ ਨੂੰ ਖੋਖ ਆਉਣਾ ਹੀ ਹੈ ਤੇ ਵੀਹ ਜੁਲਾਈ ਨੂੰ ਸਵੇਰੇ ਇਹ ਕਾਰਜ ਕਰ ਲਵਾਂਗੇ। ਸਤਾਰਾਂ ਜੁਲਾਈ ਨੂੰ ਗੁਰਾਇਆ ਵਾਲੇ ਬਰਸੀ ਸਮਾਗਮ ਸੰਪੂਰਨ ਕਰਕੇ ਉੱਨੀ ਜੁਲਾਈ ਨੂੰ ਹਜ਼ੂਰ ਖੋਖ ਪਹੁੰਚ ਗਏ। ਉਸੇ ਸ਼ਾਮ ਲੋਪਿਆਂ ਤੋਂ ਵੀ ਇੱਕ ਪਰੇਮੀ ਆਪ ਦੇ ਚਰਨਾਂ ਵਿੱਚ ਖੋਖ ਪਹੁੰਚ ਗਿਆ, ਤਾਂ ਦਰਸ਼ਨ ਸਤਿਸੰਗ ਕਰਦਿਆਂ ਰਾਤ ਚਰਨਾਂ ਵਿੱਚ ਗੁਜਾਰੀ। ਸਵੇਰੇ ਹਜ਼ੂਰ ਨੇ ਹੁਕਮ ਕੀਤਾ ਕਿ ਤੁਸੀਂ ਚੱਲ ਕੇ ਤਿਆਰੀ ਕਰੋ ਅਸੀਂ ਅੱਠ ਵਜੇ ਪਹੁੰਚ ਜਾਵਾਂਗੇ। ਪ੍ਰੇਮੀ ਨੇ ਜਾ ਕੇ ਸੰਗਤ ਨੂੰ ਨਾਲ ਲੈ ਕੇ ਸਾਰੀ ਤਿਆਰੀ ਕਰ ਲਈ, ਇਤਨੇ ਨੂੰ ਸੱਚੀ ਸਰਕਾਰ ਵੀ ਪਹੁੰਚ ਗਈ। ਪ੍ਰੇਮੀਆਂ ਨੇ ਅਰਜ਼ ਕੀਤੀ, ਮਹਾਰਾਜ ਪਹਿਲਾਂ ਬੈਠ ਕੇ ਥੋੜ੍ਹਾ ਦੁੱਧ ਪਾਣੀ ਛਕ ਲਉ! ਹੁਕਮ ਹੋਇਆ ਪਹਿਲਾਂ ਕਾਰਜ ਕਰੀਏ ਫਿਰ ਛਕਾਂਗੇ। ਇਤਨਾ ਬਚਨ ਕਰਕੇ ਗੁਰਦੁਵਾਰੇ ਤੋਂ ਪਿੱਛੇ ਨੂੰ ਚੱਲ ਪਏ ਤਾਂ ਇਕ ਪ੍ਰੇਮੀ ਦੇ ਮੋਢੇ ਤੇ ਹੱਥ ਧਰ ਕੇ ਚੱਲਦੇ ਹੋਏ ਹੀ ਪੁੱਛ ਰਹੇ ਹਨ ਕੁਟੀਆ ਬਣਾਉਣ ਲੱਗ ਗਏ, ਹੁਣ ਘਰ ਨਹੀਂ ਰਹਿਣਾ? ਪ੍ਰੇਮੀ ਵਿਚਾਰਾ ਇੰਨ੍ਹਾ ਗੁੱਝੇ ਰਾਜ਼ਾਂ ਨੂੰ ਕਿਵੇਂ ਸਮਝੇ? ਖੈਰ ਹੁਕਮ ਹੋਇਆ ਫੀਤਾ ਲਿਆਉ, ਮਿਸਤਰੀ ਫੀਤਾ ਲੈ ਆਇਆ, ਹਜ਼ੂਰ ਨੇ ਸਾਰੀ ਮਿਣਤੀ ਕਰਵਾ ਕੇ ਹੁਕਮ ਕਰ ਦਿੱਤਾ, ਕਿ ਇੱਥੇ ਨੀਂਹ ਪੁੱਟੋ! ਹੁਕਮ ਮੰਨ ਕੇ ਸੰਗਤਾਂ ਨੇ ਨੀਂਹ ਖੋਦ ਲਈ, ਲੇਕਿਨ ਹੁਕਮ ਹੋਇਆ ਅਜੇ ਹੋਰ ਡੂੰਘੀ ਕਰੋ! ਸਹੀ ਥਾਂ ਤੇ ਲਿਜਾ ਕੇ ਅਰਦਾਸ ਉਪਰੰਤ ਆਪਣੇ ਪਵਿੱਤਰ ਹੱਥਾਂ ਨਾਲ ਨੀਂਹ ਰੱਖੀ। ਦੂਸਰੇ ਦਿਨ ਖੋਖ ਪਿੰਡ ਬੈਠ ਕੇ ਆਪਣੇ ਪਵਿੱਤਰ ਹਸਤ ਕਮਲਾਂ ਦੁਆਰਾ ਇਕ ਕਾਗਜ਼ ਪੈਨਸਲ ਲੈ ਕੇ ਕੁਟੀਆ ਦਾ ਨਕਸ਼ਾ ਬਣਾਇਆ, ਨਕਸ਼ੇ ਮੁਤਾਬਿਕ ਹੁਕਮ ਕੀਤਾ, ਗੁਰੂ ਨਾਨਕ ਮਹਾਰਾਜ ਦਾ ਉਪਦੇਸ਼ ਚੌਹਾਂ ਵਰਨਾਂ ਲਈ ਸਾਂਝਾ ਹੈ ਇਸ ਲਈ ਇਸਦੇ ਚਾਰ ਗੇਟ ਬਣਾਉਣੇ ਹਨ। ਚਾਰੇ ਗੇਟ ਨਕਸ਼ੇ ਮੁਤਾਬਿਕ ਇਕ ਦੂਜੇ ਨੂੰ ਸਾਹਮਣੇ ਲਾਉਣੇ ਹਨ। ਮਿਸਤਰੀ ਨੇ ਬਾਥਰੂਮ ਵਾਲੀ ਚੋਖਟ ਛੋਟੀ ਬਣਾ ਲਈ ਕਿ ਇਸ ਦੀ ਇਤਨੀ ਵੱਡੀ ਦੀ ਜ਼ਰੂਰਤ ਨਹੀਂ ਹੈ, ਲੇਕਿਨ ਇਲਾਹੀ ਹੁਕਮ ਹੋਇਆ ਇਸ ਨੂੰ ਪੁੱਟ ਕੇ ਵੱਡੀ ਬਣਾਉ ਯਾਨੀ ਪੂਰੇ ਸਾਈਜ਼ ਦੀ ਲਾਉ।

## ਹਰਿਮੰਦਰ ਸਾਹਿਬ ਫੇਰੀ

ਜ਼ਿਕਰ 1989 ਦੇ ਨਵੰਬਰ ਦੇ ਅਖੀਰ ਦਾ ਹੈ ਜਦੋਂ ਆਪ ਗੁਰਾਇਆ ਕੁਟੀਆ ਬੈਠ ਕੇ ਗੁਰਬਾਣੀ ਦਾ ਪ੍ਰਵਾਹ ਚਲਾ ਰਹੇ ਸਨ। ਆਪ ਨੇ ਸਵੇਰੇ ਦਰਬਾਰ ਸਾਹਿਬ ਜਾ ਕੇ ਹੁਕਮਨਾਮਾ ਲਿਆ, ਜੋ ਇਲਾਹੀ ਬਚਨ ਆਇਆ—

ਜਨਮ ਜਨਮ ਕੇ ਦੂਖ ਨਿਵਾਰੈ ਸੂਕਾ ਮਨੁ ਸਾਧਾਰੈ॥
ਦਰਸਨੁ ਭੇਟਤ ਹੋਤ ਨਿਹਾਲਾ ਹਰਿ ਕਾ ਨਾਮੁ ਬੀਚਾਰੈ॥
ਮੇਰਾ ਬੈਦੁ ਗੁਰੂ ਗੋਵਿੰਦਾ॥
ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ॥ ਰਹਾਉ॥
ਸਮਰਥ ਪੁਰਖ ਪੂਰਨ ਬਿਧਾਤੇ ਆਪੇ ਕਰਣੈਹਾਰਾ॥
ਅਪੁਨਾ ਦਾਸੁ ਹਰਿ ਆਪਿ ਉਬਾਰਿਆ ਨਾਨਕ ਨਾਮ ਅਧਾਰਾ॥

(ਸੋ: ਮ: ੫ ਪੰਨਾ—੬੧੮)

ਮੁਖ ਵਾਕ ਲੈਣ ਉਪਰੰਤ ਮਨਮੋਹਣ ਸਿੰਘ ਦੇ ਘਰ ਗਏ, ਕਿਉਂਕਿ ਉਸਨੇ ਆਪਣੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਇਕ ਨਵਾਂ ਕਮਰਾ ਬਣਾਇਆ ਸੀ, ਉਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕਰਾਉਣ ਲਈ ਆਪ ਜੀ ਤੋਂ ਵਕਤ ਲਿਆ ਹੋਇਆ ਸੀ। ਅੱਗੇ ਕੜਾਹ ਪ੍ਰਸ਼ਾਦ ਬਣਾ ਕੇ ਸਾਰੀ ਤਿਆਰੀ ਕੀਤੀ ਹੋਈ ਸੀ, ਅਰਦਾਸ ਉਪਰੰਤ ਹਜ਼ੂਰ ਨੇ ਵਾਕ ਲਿਆ, ਤਾਂ ਉਹੀ ਸਵੇਰ ਵਾਲਾ ਵਾਕ ਹੀ ਆਇਆ। ਮਨਮੋਹਣ ਸਿੰਘ ਦੇ ਘਰੋਂ ਜਲ ਪਾਣੀ ਨਾਸ਼ਤਾ ਛਕ ਕੇ ਮਾਸਟਰ ਰਾਜਿੰਦਰ ਸਿੰਘ ਦੀ ਫੈਕਟਰੀ ਪਹੁੰਚੇ, ਉਥੇ ਬਿਜਲੀ ਦੀ ਸਵਿੱਚ ਦੇ ਨਵੇਂ ਸ਼ੈੱਡ ਦਾ ਉਦਘਾਟਨ ਕਰਨਾ ਸੀ। ਕੀਰਤਨ ਉਪਰੰਤ ਅਰਦਾਸ ਕਰਕੇ ਜਦੋਂ ਆਪ ਜੀ ਨੇ ਹੁਕਮਨਾਮਾ ਲਿਆ, ਤਾਂ ਇਥੇ ਵੀ ਸਵੇਰ ਵਾਲਾ ਹੀ ਆਇਆ। ਫਿਰ ਇਥੋਂ ਪ੍ਰਭਜੀਤ ਸਿੰਘ ਸੂਰੀ ਦੀ ਫੈਕਟਰੀ ਨਵੀਂ ਕੋਠੀ ਬਣਾਉਣ ਲਈ ਨੀਂਹ ਰੱਖਣੀ ਸੀ, ਇਸ ਲਈ ਹੁਣ ਉਥੇ ਪਹੁੰਚੇ। ਕਾਰ ਵਿੱਚੋਂ ਉਤਰਦਿਆਂ ਹੀ ਬਚਨ ਕੀਤਾ, ਅੱਜ ਸਵੇਰ ਦੇ ਗੁਰੂ ਅਰਜਨ ਦੇਵ ਮਹਾਰਾਜ ਇਕੋ ਹੀ ਬਚਨ ਬਖਸ਼ਿਸ਼ ਕਰਕੇ ਯਾਦ ਕਰ ਰਹੇ ਹਨ। ਨੀਂਹ ਰੱਖਣ ਦੀ ਤਿਆਰੀ ਕਰਕੇ ਅਰਦਾਸ ਉਪਰੰਤ ਮੁਖਵਾਕ ਲਿਆ, ਇਥੇ ਵੀ ਦਰਗਾਹੀ ਹੁਕਮ ਉਹੀ ਸਵੇਰੇ ਵਾਲਾ ਆਇਆ। ਚਰਨਜੀਤ ਸਿੰਘ ਨੇ ਅਰਜ਼ ਕੀਤੀ, ਮਹਾਰਾਜ! ਕੀ ਖੇਡ ਵਰਤਾ ਰਹੇ ਹੋ, ਸਵੇਰ ਦਾ ਇਕੋ ਹੀ ਹੁਕਮ ਨਾਮਾ ਆ ਰਿਹਾ ਹੈ? ਹੁਕਮ ਕੀਤਾ, ਭਾਈ ਸਹਿਜੇ ਹੀ ਹੋ ਰਿਹਾ ਹੈ, ਗੁਰੂ ਅਰਜਨ ਦੇਵ ਮਹਾਰਾਜ ਬੁਲਾ ਰਹੇ ਹਨ। ਤੂੰ ਇਉਂ ਕਰ ਕੁਟੀਆਂ ਤੋਂ ਸਾਡੇ ਵਸਤਰ ਲੈ ਆ ਅਸੀਂ ਉਜਾਗਰ ਸਿੰਘ ਸੂਰੀ ਦੀ ਬਾਹਰਲੀ ਫੈਕਟਰੀ ਚੱਲੇ ਹਾਂ, ਉਥੋਂ ਸ੍ਰੀ ਅੰਮ੍ਰਿਤਸਰ ਨੂੰ ਚਲਾਂਗੇ। ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੇ ਦਰਸ਼ਨ ਅਤੇ ਪਵਿੱਤਰ ਸਰੋਵਰ ਦੇ ਇਸ਼ਨਾਨ ਕਰਨ ਲਈ ਫੈਕਟਰੀ ਤੋਂ ਜਦੋਂ ਸ੍ਰੀ ਅੰਮ੍ਰਿਤਸਰ ਸਾਹਿਬ ਜਾਣ ਦਾ ਆਪਣਾ ਵਿਚਾਰ ਉਜਾਗਰ ਸਿੰਘ ਸੂਰੀ ਨੂੰ ਦੱਸਿਆ, ਤਾਂ ਸੂਰੀ ਨੇ ਅਰਜ਼ ਕੀਤੀ, ਮਹਾਰਾਜ ਅੱਜ ਇਲੈਕਸ਼ਨ ਹੋ ਰਹੀ ਹੈ, ਪੁਲੀਸ ਜਗ੍ਹਾ-ਜਗ੍ਹਾ ਰੋਕ ਕੇ ਤਲਾਸ਼ੀਆਂ ਕਰੇਗੀ, ਇਸ ਲਈ ਅੱਜ ਕੈਂਸਲ ਕਰ ਦਿਉ ਕੱਲ੍ਹ ਚੱਲਾਂਗੇ। ਹਜ਼ੂਰ ਨੇ ਹੁਕਮ ਕੀਤਾ, ਅਸੀਂ ਤਾਂ ਅੱਜ ਹੀ ਚੱਲੇ ਹਾਂ ਤੁਸੀਂ ਕੱਲ੍ਹ ਆ ਜਾਇਉ! ਆਪ ਜੀ ਦਾ ਅੱਜ ਹੀ ਜਾਣ ਦਾ ਅਟੱਲ ਨਿਸ਼ਚਾ ਜਾਣ ਕੇ ਚਾਰ-ਪੰਜ ਗੱਡੀਆਂ ਤਿਆਰ ਹੋ ਗਈਆਂ। ਜਦੋਂ ਤੁਰਨ ਲੱਗੇ ਚਰਨਜੀਤ ਨੇ ਅਰਜ਼ ਕੀਤੀ, ਮਹਾਰਾਜ ਆਪ ਜੀ ਦਾ ਇਕ ਕੱਪੜਾ ਕੁਟੀਆ ਰਹਿ ਗਿਆ, ਹੁਕਮ ਹੋਵੇ ਮੈਂ ਲੈ ਆਵਾਂ? ਹੁਕਮ ਕੀਤਾ, ਹੁਣ ਇਕ ਮਿੰਟ ਦੀ ਵੀ ਦੇਰੀ ਨਹੀਂ ਕਰਨੀ ਕੁਟੀਆ ਵੱਲ ਦੀ ਹੋ ਕੇ ਲੰਘ ਚੱਲੋ। ਜਦੋਂ ਕੁਟੀਆ ਪਹੁੰਚੇ ਤਾਂ ਆਪ ਨੇ ਹੁਕਮ ਕੀਤਾ, ਕਿਨੂੰਆਂ ਦੇ ਤਿੰਨ ਬੋਰੇ, ਜਿਹੜਾ ਨਿਰਮਲ ਸਿੰਘ ਕਪੂਰਥਲੇ ਵਾਲਾ ਲੈ ਕੇ ਆਇਆ ਸੀ, ਗੱਡੀਆਂ ਵਿੱਚ ਰੱਖ ਲਉ, ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੇ ਪਵਿੱਤਰ ਚਰਨਾਂ ਵਿੱਚ ਭੇਟ ਕਰਾਂਗੇ। ਹੁਕਮ ਅਨੁਸਾਰ ਕਿਨੂੰਆਂ ਦੇ ਤਿੰਨ ਬੋਰੇ ਗੱਡੀਆਂ ਵਿੱਚ ਰੱਖ ਕੇ ਚੱਲ ਪਏ ਸ੍ਰੀ ਅੰਮ੍ਰਿਤਸਰ ਸਾਹਿਬ ਵੱਲ ਨੂੰ। ਇਉਂ ਸਫਰ ਕਰਦੇ ਸ਼ਨੇ-ਸ਼ਨੇ ਜਾ ਪਹੁੰਚੇ ਸ੍ਰੀ ਗੁਰੂ ਰਾਮਦਾਸ ਮਹਾਰਾਜ ਦੇ ਪਵਿੱਤਰ ਚਰਨਾਂ ਵਿੱਚ ਸ੍ਰੀ ਦਰਬਾਰ ਸਾਹਿਬ। ਜਦੋਂ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰਨ ਲੱਗੇ, ਤਾਂ ਸ੍ਰੀ ਦਰਬਾਰ ਸਾਹਿਬ ਵਿੱਚ ਹੋ ਰਹੇ ਅੰਮ੍ਰਿਤ ਕੀਰਤਨ ਦੀ ਮਿੱਠੀ-ਮਿੱਠੀ ਫੁਹਾਰ ਕੰਨਾਂ ਵਿੱਚ ਪੈ ਕੇ ਮਨਾਂ ਨੂੰ ਵਿਸ਼ਮਾਦਤ ਕਰ ਰਹੀ ਸੀ। ਇਸ਼ਨਾਨ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਵਿੱਚ ਹੋ ਰਹੇ ਇਲਾਹੀ ਕੀਰਤਨ ਦੇ ਅਲੌਕਿਕ ਅਨੰਦ ਦਾ ਇਲਾਹੀ

ਰਸ ਚੱਖਣ ਲਈ ਜਾ ਬਿਰਾਜਮਾਨ ਹੋਏ ਗੁਰੂ ਅਰਜਨ ਦੇਵ ਮਹਾਰਾਜ ਦੀ ਦੀ ਪਵਿੱਤਰ ਗੋਦ ਵਿੱਚ। ਰਾਗੀ ਸਿੰਘ ਵੀ ਆਪ ਦੇ ਨੇਤਰਾਂ ਵਿੱਚ ਨੇਤਰ ਮਿਲਾ ਕੇ ਦਰਗਾਹੀ ਬਾਣੀ ਦੇ ਕੀਰਤਨ ਰਸ ਵਿੱਚ ਐਸਾ ਲੀਨ ਹੋਇਆ, ਕਿ ਡੇਢ ਘੰਟੇ ਦੇ ਕਰੀਬ ਮੰਤਰ ਮੁਗਧ ਹੋਇਆ ਅੰਦਰੋਂ ਬਾਹਰੋਂ ਭਿੱਜ ਕੇ ਅੰਮ੍ਰਿਤ ਵਰਸ਼ਾ ਕਰਦਾ ਰਿਹਾ। ਕੀਰਤਨ ਕਰਦੇ-ਕਰਦੇ ਨੇ ਅਚਾਨਕ ਇਉਂ ਆਰਤੀ ਪੜ੍ਹਨੀ ਸ਼ੁਰੂ ਕਰ ਦਿੱਤੀ, ਜਿਵੇਂ ਆਪਣੇ ਇਸ਼ਟ ਦੇਵ ਦੀ ਆਰਤੀ ਉਤਾਰ ਰਿਹਾ ਹੋਵੇ। ਮਹਾਰਾਜ ਉਸੇ ਸਮੇਂ ਉਠ ਖਲੋਤੇ, ਸੰਗਤ ਨੇ ਬਾਹਰ ਬੋਰਡ ਤੇ ਹੁਕਮਨਾਮਾ ਲਿਖਿਆ ਦੇਖਿਆ, ਜੋ ਸਵੇਰੇ ਆਇਆ ਸੀ—

**ਜਨਮ ਜਨਮ ਕੇ ਦੂਖ ਨਿਵਾਰੈ ਸੂਕਾ ਮਨੁ ਸਾਧਾਰੈ॥**

ਫਿਰ ਲੰਗਰ ਵੱਲ ਆਏ, ਲੇਕਿਨ ਲੰਗਰ ਬੰਦ ਹੋ ਚੁੱਕਿਆ ਸੀ। ਹੁਕਮ ਕੀਤਾ ਕਿ ਕਿਨੂੰਆਂ ਦੇ ਬੋਰੇ ਚੁੱਕ ਲਿਆਓ! ਜੋ ਪ੍ਰੇਮੀ ਹੁਕਮ ਮੰਨ ਕੇ ਚੁੱਕ ਲਿਆਏ। ਲੰਗਰ ਦੇ ਥੱਲੇ ਜਾ ਕੇ, ਜਿੱਥੇ ਲੰਗਰ ਪੱਕਦਾ ਹੈ ਉਥੇ ਸਫਾਈ ਕਰਦੇ ਸੇਵਾਦਾਰਾਂ ਨੂੰ ਵਰਤਾ ਦਿੱਤੇ। ਜਦੋਂ ਬਾਹਰ ਆਏ ਸੇਵਾਦਾਰ ਲੰਗਰ ਲੈ ਕੇ ਆ ਗਿਆ, ਉਸ ਸਮੇਂ ਆਪ ਪੌੜੀਆਂ ਉਤਰ ਰਹੇ ਸੀ, ਤਾਂ ਲੰਗਰ ਦੇ ਪ੍ਰਸ਼ਾਦੇ ਹੱਥਾਂ ਉੱਪਰ ਲੈ ਕੇ ਉੱਥੇ ਖੜ੍ਹਿਆਂ ਨੇ ਹੀ ਛਕ ਲਏ। ਇਥੋਂ ਚੱਲ ਕੇ ਫਿਰ ਨਿਰਮਲ ਸਿੰਘ ਕੋਲ ਕਪੂਰਥਲੇ ਪਹੁੰਚੇ। ਉਥੋਂ ਜਲ ਪਾਣੀ ਛਕ ਕੇ ਵਾਪਸ ਗੁਰਾਇਆ ਆ ਗਏ।

## ਡੁਬਈ ਅਤੇ ਸ੍ਰੀ ਲੰਕਾ ਦੀ ਯਾਤਰਾ

ਸਿੰਧੀ ਸੰਗਤ, ਜਿੰਨ੍ਹਾਂ ਨੂੰ ਪਰਮੇਸ਼ਰ ਨੇ ਪ੍ਰੇਮ ਦੀ ਦਾਤ ਬਹੁਤ ਤਰੁਠ ਕੇ ਥੋਕ ਵਿੱਚ ਬਖਸ਼ਿਸ ਕੀਤੀ ਹੋਈ ਹੈ, ਇਨ੍ਹਾਂ ਦੇ ਪ੍ਰੇਮ ਵਸ ਹੋਏ ਅਤੇ ਇਨ੍ਹਾਂ ਦੀਆਂ ਪ੍ਰੇਮ ਪੂਰਵਕ ਕੀਤੀਆਂ ਬੇਨਤੀਆਂ ਨੂੰ ਪ੍ਰਵਾਨ ਕਰਕੇ ਪਰਮ ਪੂਜਨੀਕ ਮਹੰਤ ਰਾਮ ਸਿੰਘ ਜੀ ਮਹਾਰਾਜ ਹਰ ਸਾਲ ਦੋ-ਢਾਈ ਮਹੀਨੇ ਬੰਬਈ ਆਦਿਕ ਥਾਵਾਂ ਤੇ ਇਨ੍ਹਾਂ ਕੋਲ ਗੁਜ਼ਾਰਦੇ ਹਨ। ਇਸ ਸਾਲ ਯਾਨੀ 1990 ਦੇ ਜਨਵਰੀ ਮਹੀਨੇ ਇਨ੍ਹਾਂ ਦੀ ਪ੍ਰੇਮ ਖਿੱਚ ਦੇ ਵਸ ਹੋਏ ਬੰਬਈ ਪਹੁੰਚ ਗਏ। ਇਸ ਸਮੇਂ ਆਪ ਜੀ ਨਾਲ ਸਤਿਕਾਰ ਯੋਗ ਸੰਤ ਜੋਧ ਸਿੰਘ ਜੀ ਵੀ ਸਨ। ਪ੍ਰੇਮੀਆਂ ਦੀ ਭਾਵਨਾਂ ਅਨੁਸਾਰ ਦੋ-ਦੋ ਚਾਰ-ਚਾਰ ਦਿਨ ਸਮੇਂ ਮੁਤਾਬਿਕ ਇਕ-ਇਕ ਪੜਾਅ ਤੇ ਬਖਸ਼ਿਸ਼ ਕੀਤੇ ਹਨ। ਸਮਾਂ ਪੂਰਾ ਹੋਣ ਤੇ ਦੂਸਰੇ ਪੜਾਅ ਵਾਲੇ ਪ੍ਰੇਮੀ ਲੈ ਜਾਂਦੇ ਹਨ। ਹਰ ਪੜਾਅ ਤੇ ਨੇੜੇ-ਨੇੜੇ ਸੰਗਤਾਂ ਦੀਆਂ ਬੇਨਤੀਆਂ ਪ੍ਰਵਾਨ ਕਰਕੇ ਘਰਾਂ ਵਿੱਚ ਵੀ ਅਕਸਰ ਚਰਨ ਪਾਉਣ ਜਾਂਦੇ ਹਨ। ਸਵੇਰੇ ਸ਼ਾਮ ਨੀਯਤ ਸਮੇਂ ਤੇ ਤਾਂ ਸੰਗਤਾਂ ਜੁੜਕੇ ਕੀਰਤਨ ਕਰਦੀਆਂ ਹੀ ਹਨ ਅਤੇ ਆਪ ਵੀ ਸਮੇਂ-ਸਮੇਂ ਕਥਾ ਪ੍ਰਵਚਨਾਂ ਦੁਆਰਾ ਅੰਮ੍ਰਿਤਮਈ ਵਰਖਾ ਕਰਦੇ ਰਹਿੰਦੇ ਹਨ ਪਰੰਤੂ ਦਿਨੇ ਆਈਆਂ ਸੰਗਤਾਂ ਨੂੰ ਵੀ ਉਪਦੇਸ਼ ਰੂਪੀ ਵਰਖਾ ਹੁੰਦੀ ਰਹਿੰਦੀ ਹੈ। ਇਸ ਪ੍ਰਕਾਰ ਜੋ ਡਿਊਟੀ ਧੁਰੋਂ ਕਰਤਾਰ ਨੇ ਲਾਈ ਹੈ, ਜਗਤ ਉਧਾਰ ਦੀ ਉਹ ਚੌਵੀਂ ਘੰਟੇ ਨਿਰੰਤਰ ਜਾਰੀ ਰਹਿੰਦੀ ਹੈ।

ਇਕ ਸਿੰਧੀ ਪ੍ਰੇਮੀ ਹੀਰਾ ਨੰਦ ਅਦਨਾਨੀ ਡੁਬਈ ਵਾਲਾ ਹਜ਼ੂਰ ਨੂੰ ਕਈ ਸਾਲਾਂ ਤੋਂ ਅਰਜਾਂ ਕਰ ਰਿਹਾ ਹੈ ਡੁਬਈ ਦਰਸ਼ਨ ਦੇਣ ਲਈ, ਲੇਕਿਨ ਅਜੇ ਤੱਕ ਆਪ ਨੇ ਪ੍ਰਵਾਨ ਨਹੀਂ ਸੀ ਕੀਤੀ। ਅੱਜ ਕੁਝ ਇਉਂ ਲੱਗਦਾ ਹੈ ਜਿਵੇਂ ਉਸਦੀ ਬੇਨਤੀ ਦਰ ਪ੍ਰਵਾਨ ਹੋ ਗਈ। ਹੁਕਮ ਕਰ ਦਿੱਤਾ ਠੀਕ ਹੈ, ਵੀਜ਼ਾ ਵਗੈਰਾ ਦਾ ਪ੍ਰਬੰਧ ਕਰ ਲਉ! ਆਪ ਜੀ ਵਲੋਂ ਡੁਬਈ ਜਾਣ ਦਾ ਪ੍ਰੋਗਰਾਮ ਸੁਣਕੇ ਹੋਰ ਸੰਗਤਾਂ ਨੇ ਵੀ ਅਰਜ਼ ਕੀਤੀ ਨਾਲ ਜਾਣ ਵਾਸਤੇ। ਆਪ ਨੇ ਸਭ ਨੂੰ ਆਗਿਆ ਦੇ ਦਿੱਤੀ, ਕਿ ਠੀਕ ਹੈ ਜਿਸ ਦੇ ਕਾਗਜ਼ ਵਗੈਰਾ ਬਣਦੇ ਹਨ ਬਣਾ ਲਉ। ਵੀਜ਼ਾ ਆਦਿ ਕਾਗਜ਼ ਪੱਤਰ ਤਿਆਰ ਹੋ ਜਾਣ ਤੇ ਪੂਜਯ ਮਹੰਤ ਜੀ ਮਹਾਰਾਜ, ਸਤਿਕਾਰਯੋਗ ਸੰਤ ਜੋਧ ਸਿੰਘ ਜੀ, ਹੀਰਾ ਨੰਦ, ਗੁਰਬਖਸ਼ ਬੇਲਾਨੀ, ਮੋਹਣੀ ਮਨਸੁਖਾਨੀ, ਪਿਰਮਲਾ ਸੰਗਤਾਨੀ, ਅਤੇ ਮੀਰਾਂ ਚੈਨਾਨੀ ਆਦਿਕ ਸੰਗਤ ਨੂੰ ਨਾਲ ਲੈ ਕੇ 26-2-1990 ਨੂੰ ਬੰਬਈ ਤੋਂ ਜਹਾਜ਼ ਰਾਹੀਂ ਡੁਬਈ ਪਹੁੰਚੇ। ਅੱਗੇ ਹੀਰਾ ਨੰਦ ਅਦਨਾਨੀ ਆਪਣੇ ਪਰਿਵਾਰ ਸਹਿਤ ਹਵਾਈ ਅੱਡੇ ਤੇ ਪਹੁੰਚਿਆਂ ਹੋਇਆ ਸੀ, ਉਹ ਬੜੇ ਸਤਿਕਾਰ ਨਾਲ ਹਜ਼ੂਰ ਅਤੇ ਸਾਰੀ ਸੰਗਤ ਨੂੰ ਕਾਰਾਂ ਵਿੱਚ ਬਿਠਾ ਕੇ ਆਪਣੇ ਘਰ ਲੈ ਗਏ। ਡੁਬਈ ਦੇ ਕਾਨੂੰਨ ਮੁਤਾਬਿਕ ਇਸ ਦੇਸ਼ ਵਿੱਚ ਇਸਲਾਮ ਤੋਂ ਬਗੈਰ ਕਿਸੇ ਹੋਰ ਧਰਮ ਦਾ ਪ੍ਰਚਾਰ ਨਹੀਂ ਕੀਤਾ ਜਾ ਸਕਦਾ, ਲੇਕਿਨ ਆਪ ਤਾਂ ਹੈ ਹੀ ਧਰਮ ਦੇ ਸਰੂਪ, ਧਰਮ ਤੋਂ ਬਗੈਰ ਰੱਤੀ ਮਾਤਰ ਵੀ ਕੋਈ ਦੂਜੀ ਵਸਤੂ ਨਹੀਂ ਹੈ, ਫਿਰ ਕਿਵੇਂ

ਹੋ ਸਕਦਾ ਹੈ ਕਿ ਧਰਮ ਦੀ ਗੱਲ ਨਾ ਕੀਤੀ ਜਾਵੇ? ਅਗਰ ਕੋਈ ਸੂਰਜ ਨੂੰ ਕਹੇ ਕਿ ਸਾਡੇ ਦੇਸ਼ ਵਿੱਚ ਆਪਣੀ ਮਰਜ਼ੀ ਨਾਲ ਪ੍ਰਕਾਸ਼ ਕਰਨਾ ਕਾਨੂੰਨ ਦੇ ਖਿਲਾਫ ਹੈ, ਤਾਂ ਕੀ ਉਹ ਕਾਨੂੰਨ ਸੂਰਜ ਤੇ ਲਾਗੂ ਹੋ ਜਾਵੇਗਾ? ਕੀ ਸੂਰਜ ਆਪਣਾ ਸੁਭਾਵ ਬਦਲ ਲਵੇਗਾ? ਹਰਗਿਜ਼ ਨਹੀਂ! ਇਹ ਸ਼ਰ੍ਹਾ ਦੀਆਂ ਬੰਦਸ਼ਾਂ ਤਾਂ ਸਾਡੇ ਆਦਿ ਗੁਰੂ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਪੰਜ ਸੌ ਸਾਲ ਪਹਿਲਾਂ ਹੀ ਤੋੜ ਗਏ ਸਨ, ਮੱਕੇ, ਬਗਦਾਦ ਦੀਆਂ ਉਦਾਸੀਆਂ ਸਮੇਂ। ਆਪ ਜਿਤਨੇ ਦਿਨ ਡੁਬਈ ਰਹੇ, ਹਰ ਰੋਜ਼ ਕਥਾ ਸਤਿਸੰਗ ਕਰਦੇ, ਸਿੰਧੀ ਪੰਜਾਬੀ ਸੰਗਤਾਂ ਰੋਜ਼ ਸੁਣਦੀਆਂ, ਗੁਰਬਾਣੀ ਦੀ ਕਥਾ ਵਿਆਖਿਆ ਦਾ ਲਾਭ ਉਠਾਉਂਦੀਆਂ, ਆਪੋ ਆਪਣੇ ਘਰਾਂ ਵਿੱਚ ਚਰਨ ਪਵਾਉਂਦੀਆਂ, ਆਪ ਜੀ ਨੇ ਗੁਰਬਾਣੀ ਦੇ ਸ਼ਬਦਾਂ ਦੀ ਜੋ ਵਿਆਖਿਆ ਡੁਬਈ ਯਾਤਰਾ ਦੇ ਦਰਮਿਆਨ ਕੀਤੀ ਪ੍ਰੇਮੀਆਂ ਨੇ ਸਭ ਰਿਕਾਰਡ ਕਰ ਲਈ ਜੋ ਅਜ ਤਕ ਕੈਸਟਾਂ ਰਾਹੀਂ ਘਰਾਂ ਵਿੱਚ ਸੁਣਦੇ ਹਨ। ਇਸ ਪ੍ਰਕਾਰ ਕੋਈ ਬਾਰਾਂ ਕੁ ਦਿਨ ਇਸਲਾਮੀ ਦੇਸ਼ ਡੁਬਈ ਵਿੱਚ ਗੁਰੂ ਨਾਨਕ ਦੇ ਘਰ ਦਾ ਪ੍ਰਚਾਰ ਕਰਕੇ 10-3-1990 ਨੂੰ ਵਾਪਸ ਬੰਬਈ ਆ ਗਏ।

ਉੱਧਰ ਸ੍ਰੀ ਲੰਕਾ ਤੋਂ ਮਾਤਾ ਕਮਲਾ ਭਗਵਾਨ ਦਾਸ ਹਿਰਦੇਰਮਾਨੀ ਅਤੇ ਉਸਦੇ ਬੇਟੇ ਕਿਸ਼ੋਰ ਹਿਰਦੇਰਮਾਨੀ ਅਤੇ ਜਨਕ ਹਿਰਦੇਰਮਾਨੀ ਵੀ ਕਾਫੀ ਸਮੇਂ ਤੋਂ ਆਪ ਜੀ ਨੂੰ ਸ੍ਰੀ ਲੰਕਾ ਆਉਣ ਦੀਆਂ ਬੇਨਤੀਆਂ ਕਰਦੇ ਸਨ। ਦੈਵ ਸੰਜੋਗ ਨਾਲ ਅੱਜ ਉਹ ਵੀ ਪ੍ਰਵਾਨ ਹੋ ਗਈਆਂ। ਸ੍ਰੀਮਾਨ ਸੰਤ ਜੋਧ ਸਿੰਘ ਜੀ ਅਤੇ ਸ੍ਰੀ ਗੁਰਬਖਸ਼ ਬੇਲਾਨੀ ਨੂੰ ਨਾਲ ਲੈ ਕੇ 12-3-1990 ਨੂੰ ਹਵਾਈ ਜਹਾਜ਼ ਰਾਹੀਂ ਕੋਲੰਬੋ ਜਾ ਉਤਰੇ। ਉਥੇ ਆਮ ਕਰਕੇ ਸਿੰਧੀ ਸੰਗਤ ਹੀ ਜ਼ਿਆਦਾ ਹੈ। ਜਦੋਂ ਉਨ੍ਹਾਂ ਨੂੰ ਪਤਾ ਲੱਗਿਆ, ਕਿ ਪਰਮ ਪੂਜਨੀਕ ਮਹੰਤ ਬਾਬਾ ਬੁੱਢਾ ਸਿੰਘ ਜੀ ਦੀ ਗੱਦੀ ਦੇ ਵਾਰਸ ਆਏ ਹਨ ਤਾਂ ਬਹੁਤ ਸੰਗਤਾਂ ਦਰਸ਼ਨਾਂ ਲਈ ਆਈਆਂ। ਸਤਿਸੰਗ ਗੁਰਬਾਣੀ ਦਾ ਪ੍ਰਵਾਹ ਤਾਂ ਆਪ ਜੀ ਦਾ ਸੁਭਾਵ ਹੀ ਹੈ, ਜਿੱਥੇ ਜਾਣ ਆਪ ਮੁਹਾਰੇ ਵਹਿ ਤੁਰਦਾ ਹੈ। ਸ੍ਰੀ ਲੰਕਾ ਦੀਆਂ ਸੰਗਤਾਂ ਹਰ ਰੋਜ਼ ਲੱਗੀਆਂ ਇਸ ਅੰਮ੍ਰਿਤ ਦੇ ਸੋਮੇ ਵਿੱਚ ਗੋਤੇ ਲਾਉਣ। ਪ੍ਰੇਮੀ ਸੰਗਤਾਂ ਸਭ ਆਪੋ ਆਪਣੇ ਘਰੀਂ ਲੈ ਕੇ ਗਈਆਂ, ਸ਼ਰਧਾਵਾਨ ਅਤੇ ਪਾਤਰ ਜਾਣ ਕੇ ਕਈਆਂ ਨੂੰ ਨਾਮ ਦੀ ਦਾਤ ਵੀ ਬਖਸ਼ਿਸ਼ ਕੀਤੀ। ਸੰਗਤਾਂ ਨੇ ਕੋਲੰਬੋ ਦੀਆਂ ਖਾਸ ਥਾਵਾਂ ਦੇ ਦਰਸ਼ਨ ਮੇਲੇ ਕਰਵਾਏ, ਆਪਣੇ ਚਾਹ ਦੇ ਬਾਗਾਂ ਵਿੱਚ ਵੀ ਪਵਿੱਤਰ ਚਰਨ ਪਵਾਏ। ਕਿਸ਼ੋਰ ਹਿਰਦੇਰਮਾਨੀ ਬੇਨਤੀ ਕਰਕੇ ਆਪਣੀਆਂ ਫੈਕਟਰੀਆਂ ਵਿੱਚ ਲੈ ਕੇ ਗਏ। ਉਸ ਜਗ੍ਹਾ ਕੋਲ ਹੀ ਇੱਕ ਵੱਡਾ ਪਲਾਟ ਖਰੀਦਿਆ ਹੋਇਆ ਸੀ ਅਰਜ਼ ਕੀਤੀ, ਮਹਾਰਾਜ ਮਿਹਰ ਕਰੋ ਇਹ ਫੈਕਟਰੀਆਂ ਜਲਦੀ ਤਿਆਰ ਹੋ ਜਾਣ। ਇਸ ਕਿਸ਼ੋਰ ਹਿਰਦੇਰਮਾਨੀ ਗਰੁੱਪ ਨੇ ਮਹਾਰਾਜ ਜੀਆਂ ਦੇ ਪਵਿੱਤਰ ਹਸਤ ਕਮਲਾਂ ਦੁਆਰਾ ਆਪਣੇ ਇੱਕ ਬੰਗਲੇ* ਦੀ ਨੀਂਹ ਵੀ ਰਖਵਾਈ। ਉਸ ਬੰਗਲੇ ਦਾ ਨਕਸ਼ਾ ਜਿਸ ਦੀ ਨੀਂਹ ਰੱਖੀ ਇਤਨਾ ਵੱਡਾ ਸੀ ਕਿ ਜਿਸ ਵਿੱਚ ਆਮ ਰਾਈਸਾਂ ਨਾਲੋਂ ਵੱਡੇ ਤਾਂ ਨੌਕਰਾਂ ਲਈ ਫਲੈਟ ਸਨ।

ਉਸ ਵਿੱਚ ਸਵਿਮਿੰਗ ਪੂਲ ਤੋਂ ਇਲਾਵਾ ਵੱਡੇ ਕਮਰਿਆਂ ਦੇ ਸਾਈਜ਼ ਦੇ ਬਾਥਰੂਮ ਸਨ। ਇਸ ਹਿਰਦੇਰਮਾਨੀ ਗਰੁੱਪ ਨਾਂ ਦੀ ਇਹ ਫਰਮ ਸ੍ਰੀ ਲੰਕਾ ਦੇ ਅਮੀਰ ਗਰੁੱਪਾਂ ਵਿੱਚ ਇੱਕ ਨੰਬਰ ਦੀ ਹੈ। ਉਸ ਸਮੇਂ ਇਸ ਹਿਰਦੇਰਮਾਨੀ ਪਰਿਵਾਰ ਕੋਲ ਫਾਰਨ ਦੀਆਂ ਵੱਡੀਆਂ-ਵੱਡੀਆਂ, ਨੱਬੇ ਕਾਰਾਂ ਸਨ। ਇਸ ਪ੍ਰਕਾਰ ਦਸ-ਬਾਰਾਂ ਦਿਨ ਕੋਲੰਬੋ ਸ਼ਹਿਰ ਵਿੱਚ ਗੁਰਬਾਣੀ ਦੀ ਮਹਿਕ ਖਿਲਾਰ ਕੇ, ਪ੍ਰੇਮੀ ਸੰਗਤਾਂ ਨੂੰ ਗੁਰਬਾਣੀ ਪ੍ਰੇਮ ਦੀ ਦਾਤ ਦਾ ਛੱਟਾ ਦੇ ਕੇ, ਪ੍ਰੇਮੀਆਂ ਦੀ ਅਰਜ਼ ਪ੍ਰਵਾਨ ਕਰਦੇ ਹੋਏ ਦੁਬਾਰਾ ਆਉਣ ਦਾ ਬਚਨ ਕਰਕੇ 24-3-1990 ਨੂੰ ਵਾਪਸ ਬੰਬਈ ਆ ਗਏ। ਹੁਣ ਨਿਰਮਲ ਆਸ਼ਰਮ ਹਸਪਤਾਲ ਦਾ ਉਦਘਾਟਨ ਸਮਾਂ ਵੀ ਨੇੜੇ ਆ ਗਿਆ ਸੀ, ਇਸ ਲਈ ਬੰਬਈ ਦੀਆਂ ਸੰਗਤਾਂ ਨੂੰ ਵੈਸਾਖੀ ਤੇ ਆਉਣ ਦਾ ਸੱਦਾ ਦੇ ਕੇ ਵਾਪਸ ਰਿਸ਼ੀਕੇਸ਼ ਆ ਗਏ।

## ਹਸਪਤਾਲ ਦਾ ਉਦਘਾਟਨ ਸਮਾਰੋਹ

ਪਰਉਪਕਾਰੀ ਮਹਾਂਪੁਰਸ਼ਾਂ ਨੇ ਅੱਜ ਤੋਂ ਚਾਰ ਸਾਲ ਪਹਿਲਾਂ ਯਾਨੀ 1986 ਨੂੰ ਵੈਸਾਖੀ ਦੇ ਪਵਿੱਤਰ ਦਿਹਾੜੇ ਤੇ ਨਿਰਮਲ ਆਸ਼ਰਮ ਹਸਪਤਾਲ ਰੂਪੀ ਬ੍ਰਿਛ ਦਾ ਜੋ ਬੀਜ ਬੋਇਆ ਸੀ ਉਹ ਚਾਰ ਸਾਲਾਂ ਦੇ ਸਮੇਂ ਵਿੱਚ ਲੋੜਵੰਦਾਂ ਨੂੰ

---

* *ਜਦੋਂ ਆਪ 1992 ਵਿੱਚ ਦੁਬਾਰਾ ਸ੍ਰੀ ਲੰਕਾ ਗਏ ਤਾਂ ਇਹ ਬੰਗਲਾ ਤਿਆਰ ਹੋ ਚੁੱਕਿਆ ਸੀ। ਆਪ ਜੀ ਦੀ ਰਿਹਾਇਸ਼ ਵੀ ਇਸ ਬੰਗਲੇ ਵਿੱਚ ਹੀ ਕੀਤੀ ਗਈ ਅਤੇ ਉਹ ਦੋਨੋਂ ਫੈਕਟਰੀਆਂ ਵੀ ਤਿਆਰ ਹੋ ਗਈਆਂ।*

ਠੰਡੀ ਛਾਂ ਅਤੇ ਮਿੱਠੇ ਫਲ ਦੇਣ ਦੇ ਯੋਗ ਹੋ ਗਿਆ। ਉਸ ਦੀ ਤਿੰਨ ਮੰਜ਼ਲੀ ਬਿਲਡਿੰਗ ਤਿਆਰ ਹੋ ਕੇ ਵਿੱਚ ਲੋੜ ਅਨੁਸਾਰ ਸਭ ਸਮਾਨ ਸੈੱਟ ਕਰ ਦਿੱਤਾ ਅਤੇ ਡਾਕਟਰ ਆਦਿਕ ਯੋਗ ਸਟਾਫ ਦੀ ਵੀ ਭਰਤੀ ਕਰ ਲਈ ਗਈ। ਯਾਨੀ ਹਰ ਪ੍ਰਕਾਰ ਨਾਲ ਤਿਆਰ ਹੋ ਕੇ ਸੇਵਾ ਸ਼ੁਰੂ ਕਰਨ ਲਈ ਉਸ ਪਰਉਪਕਾਰੀ ਦਿਨ ਦੀ ਉਡੀਕ ਕਰਨ ਲੱਗਿਆ, ਜਿਸ ਦੀ ਗੁਰੂ ਘਰ ਵਿੱਚ ਵਿਸ਼ੇਸ਼ ਮਹਾਨਤਾ ਹੈ। ਅੱਜ ਤੋਂ ਦੋ ਸੌ ਇਕਾਨਵੇਂ ਸਾਲ ਪਹਿਲਾਂ ਦਸ਼ਮੇਸ਼ ਪਿਤਾ ਨੇ ਦੀਨ ਦੁਖੀਆਂ ਦੀ ਰੱਖਸ਼ਾ ਕਰਨ ਲਈ ਸ਼ਸਤਰ ਧਾਰੀ ਪੰਥ ਦੀ ਸਾਜਨਾ ਕਰਨ ਵਾਸਤੇ ਵੈਸਾਖੀ ਦੇ ਇਸ ਪਵਿੱਤਰ ਦਿਹਾੜੇ ਦੀ ਹੀ ਚੋਣ ਕੀਤੀ ਸੀ। ਇਸ ਲਈ ਮਹਾਂਪੁਰਸ਼ਾਂ ਨੇ ਵੀ ਇਸ ਲੋਕ ਭਲਾਈ ਦੇ ਕਾਰਜ ਨੂੰ ਸ਼ੁਰੂ ਕਰਨ ਵਾਸਤੇ ਇਸ ਸ਼ੁਭ ਦਿਨ ਨੂੰ ਹੀ ਚੁਣਿਆ। ਇਸ ਸਮਾਗਮ ਨਮਿੱਤ ਪੰਜਾਬ, ਹਰਿਆਣਾ, ਦਿੱਲੀ, ਬੰਬਈ ਅਤੇ ਵਿਦੇਸ਼ਾਂ ਵਿੱਚ ਬੈਠੀਆਂ ਸਭ ਸੰਗਤ ਨੂੰ ਨਿਮੰਤਰਣ ਪੱਤਰ ਭੇਜ ਦਿੱਤੇ ਗਏ, ਕਿ ਤੇਰਾਂ ਅਪ੍ਰੈਲ 1990 ਦੇ ਵੈਸਾਖੀ ਵਾਲੇ ਪਵਿੱਤਰ ਦਿਨ ਤੇ ਨਿਰਮਲ ਆਸ਼ਰਮ ਹਸਪਤਾਲ ਦੇ ਉਦਘਾਟਨ ਸਮਾਰੋਹ ਹੋ ਰਹੇ ਹਨ, ਇਸ ਲਈ ਆਪ ਸਭ ਸੰਗਤਾਂ ਉਸ ਭਲੇ ਕਾਰਜ ਵਿੱਚ ਸ਼ਾਮਲ ਹੋ ਕੇ ਗੁਰੂ ਨਾਨਕ ਦੀਆਂ ਖੁਸ਼ੀਆਂ ਹਾਸਲ ਕਰੋ। ਇਹ ਸਮਾਗਮ ਮਨਾਉਣ ਨਮਿੱਤ ਦਸ ਤਾਰੀਖ ਵਾਲੇ ਦਿਨ ਹੀ ਭਾਰੀ ਗਿਣਤੀ ਵਿੱਚ ਸੰਗਤਾਂ ਆਸ਼ਰਮ ਪਹੁੰਚ ਗਈਆਂ। ਗਿਆਰਾਂ ਅਪ੍ਰੈਲ ਵਾਲੇ ਦਿਨ ਸਵੇਰੇ ਹੀ ਗਿਆਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਆਂ ਦੇ ਸਰੂਪ ਇਕ ਭਾਰੇ ਜਲੂਸ ਦੀ ਸ਼ਕਲ ਵਿੱਚ ਹਸਪਤਾਲ ਨੂੰ ਲੈ ਕੇ ਚੱਲੇ। ਅੱਗੇ-ਅੱਗੇ ਸੰਖਾਂ, ਘੜਿਆਲਾਂ ਦੀ ਘਣਘੋਰ, ਪਿੱਛੇ-ਪਿੱਛੇ ਲਾਈਨ ਵਿੱਚ ਗੁਰੂ ਸਾਹਿਬ ਜੀ ਦੇ ਸਰੂਪ ਸੰਗਤਾਂ ਸਿਰਾਂ ਤੇ ਉਠਾ ਕੇ ਉੱਚੀ ਸੁਰ ਵਿੱਚ ਅਖੰਡ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਜਾ ਰਹੀਆਂ ਹਨ, ਸਾਰੇ ਰਸਤੇ ਵਿੱਚ ਫੁੱਲਾਂ ਦੀ ਵਰਖਾ ਹੁੰਦੀ ਰਹੀ। ਹਸਪਤਾਲ ਦੀ ਤੀਜੀ ਮੰਜ਼ਲ ਵਿੱਚ ਸਵੇਰੇ ਦਸ ਵਜੇ ਗਿਆਰਾਂ ਸ੍ਰੀ ਅਖੰਡ ਪਾਠ ਸਾਹਿਬ ਅਤੇ ਇੱਕ ਸ੍ਰੀ ਜਪੁਜੀ ਸਾਹਿਬ ਜੀ ਦੀ ਅਖੰਡ ਜਾਪ ਪਰਾਰੰਭ ਕੀਤੇ ਗਏ। ਦੋ ਦਿਨ ਸਤਿਸੰਗ, ਕਥਾ ਪ੍ਰਵਚਨ, ਗੁਰੂ ਕੇ ਲੰਗਰ ਆਦਿਕਾਂ ਦੇ ਖੁੱਲ੍ਹੇ ਪ੍ਰਵਾਹ ਚੱਲਦੇ ਰਹੇ। ਤੇਰਾਂ ਅਪ੍ਰੈਲ ਵੈਸਾਖੀ ਵਾਲੇ ਪਵਿੱਤਰ ਦਿਹਾੜੇ ਤੇ ਸਵੇਰੇ ਨੌਂ ਵਜੇ ਗਿਆਰਾਂ ਅਖੰਡ ਪਾਠ ਸਾਹਿਬ ਜੀ ਦੇ ਮਰਿਆਦਾ ਅਨੁਸਾਰ ਭੋਗ ਪਾਏ ਗਏ। ਠੀਕ ਦਸ ਵਜੇ ਹਸਪਤਾਲ ਦੇ ਪਿੱਛਲੇ ਪਾਸੇ ਖੁੱਲ੍ਹੇ ਪੰਡਾਲ ਵਿੱਚ ਦੀਵਾਨ ਸਜਾਏ ਗਏ। ਇਸ ਸਮੇਂ ਤੱਕ ਪੰਜਾਬ, ਕਰਨਾਲ, ਦਿੱਲੀ ਅਤੇ ਬੰਬਈ ਆਦਿਕ ਥਾਵਾਂ ਤੋਂ ਭਾਰੀ ਗਿਣਤੀ ਵਿੱਚ ਸੰਗਤਾਂ ਪਹੁੰਚ ਚੁੱਕੀਆਂ ਸਨ, ਅਤੇ ਕਾਫੀ ਗਿਣਤੀ ਵਿੱਚ ਸਾਧੂ ਮਹਾਤਮਾ, ਡੇਰਿਆਂ ਦੇ ਮਹੰਤ ਅਤੇ ਨਿਰਮਲ ਪੰਚਾਇਤੀ ਅਖਾੜੇ ਦੇ ਸ੍ਰੀ ਮਹੰਤ ਸਾਹਿਬ, ਸ੍ਰੀਮਾਨ ਸੰਤ ਬਲਵੀਰ ਸਿੰਘ ਜੀ ਸ਼ਾਸਤਰੀ ਅਤੇ ਹੋਰ ਪ੍ਰਤਿਸ਼ਟਤ ਮਹਾਤਮਾ ਵੀ ਪੰਡਾਲ ਵਿੱਚ ਸੁਸ਼ੋਭਿਤ ਹੋ ਗਏ। ਇਸ ਸਮੇਂ ਰਾਗੀਆਂ ਵੱਲੋਂ ਇੱਕ ਘੰਟਾ ਰਸ ਭਿੰਨਾ ਕੀਰਤਨ ਕਰਨ ਉਪਰੰਤ ਸੰਤ ਸਮਾਗਮ ਸ਼ੁਰੂ ਹੋਇਆ। ਸੰਤ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਸੰਤ ਰਘੁਬੀਰ ਸਿੰਘ ਜੀ ਬਨਾਰਸ ਵਾਲੇ, ਸੰਤ ਰਘੁਬਰ ਦਿਆਲ ਜੀ ਸ਼ਾਸਤਰੀ ਮਹਾਂਮੰਡਲੇਸ਼ਵਰ ਰਿਸ਼ੀਕੇਸ਼ ਵਾਲੇ ਅਤੇ ਸ੍ਰੀ ਮਹੰਤ ਸਾਹਿਬ ਮਹੰਤ ਬਲਵੀਰ ਸਿੰਘ ਜੀ ਨਿਰਮਲ ਪੰਚਾਇਤੀ ਅਖਾੜਾ ਕਨਖਲ ਵੱਲੋਂ ਪਰਮ ਪੂਜਨੀਕ ਸ੍ਰੀਮਾਨ ੧੦੮ ਮਹੰਤ ਰਾਮ ਸਿੰਘ ਜੀ ਮਹਾਰਾਜ ਦੀ ਪਵਿੱਤਰ ਸ੍ਰਪ੍ਰਸਤੀ ਹੇਠ ਨਿਰਮਲ ਆਸ਼ਰਮ ਵੱਲੋਂ ਹੋ ਰਹੇ ਲੋਕ ਭਲਾਈ ਦੇ ਕਾਰਜਾਂ ਦੀ ਭਰਵੀਂ ਪ੍ਰਸ਼ੰਸਾ ਕੀਤੀ। ਸ੍ਰੀ ਰਘੁਬਰ ਦਿਆਲ ਸ਼ਾਸਤਰੀ ਜੀ ਨੇ ਪੂਜਯ ਮਹੰਤ ਬਾਬਾ ਰਾਮ ਸਿੰਘ ਜੀ ਦੀ ਅਗਵਾਈ ਵਿੱਚ ਸਤਿਕਾਰ ਯੋਗ ਸੰਤ ਜੋਧ ਸਿੰਘ ਜੀ, ਅਤੇ ਸਤਿਕਾਰ ਯੋਗ ਸੰਤ ਗੁਰਿੰਦਰ ਸਿੰਘ ਛੋਟੂ ਬਾਬਾ ਜੀ ਦੀ ਵੀ ਭਰਵੀਂ ਪ੍ਰਸ਼ੰਸਾ ਕੀਤੀ ਕਿ ਬੜੀ ਯੋਗਤਾ ਅਤੇ ਕੁਸ਼ਲਤਾ ਦੇ ਨਾਲ ਆਸ਼ਰਮ ਦੀਆਂ ਜ਼ਿੰਮੇਵਾਰੀਆਂ ਨਿਭਾ ਰਹੇ ਹਨ, ਤਾਂ ਹੀ ਆਸ਼ਰਮ ਬੜੀ ਤੇਜ਼ੀ ਨਾਲ ਤਰੱਕੀ ਦੇ ਮਾਰਗ ਤੇ ਅਗਰਸਰ ਹੈ। ਸਭ ਤੋਂ ਬਾਅਦ ਪਰਮ ਪੂਜਨੀਕ ਮਹੰਤ ਰਾਮ ਸਿੰਘ ਮਹਾਰਾਜ ਜੀ ਨੇ ਸਵੇਰੇ ਆਏ ਮੁਖਵਾਕ ਦੀ ਬਹੁਤ ਰਹੱਤ ਪੂਰਨ ਅਤੇ ਅਰਥਾਂ ਭਰਪੂਰ ਵਿਆਖਿਆ ਇਸ ਪ੍ਰਕਾਰ ਕੀਤੀ—

ਸੋਰਠਿ ਮਹਲਾ ੫ ॥
ਅਬਿਨਾਸੀ ਜੀਅਨ ਕੋ ਦਾਤਾ ਸਿਮਰਤ ਸਭ ਮਲੁ ਖੋਈ ॥
ਗੁਣ ਨਿਧਾਨ ਭਗਤਨ ਕਉ ਬਰਤਨਿ ਬਿਰਲਾ ਪਾਵੈ ਕੋਈ ॥
ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭੁ ਸੋਈ ॥
ਜਾ ਕੀ ਸਰਣਿ ਪਇਆਂ ਸੁਖੁ ਪਾਈਐ ਬਾਹੁੜਿ ਦੂਖੁ ਨਾ ਹੋਈ ॥ ਰਹਾਉ ॥

**ਵਡਭਾਗੀ ਸਾਧਸੰਗੁ ਪਰਾਪਤਿ ਤਿਨ ਭੇਟਤ ਦੁਰਮਤਿ ਖੋਈ॥**
**ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ ਜਿਨ ਹਰਿ ਨਾਮੁ ਰਿਦੈ ਪਰੋਈ॥**

*(ਪੰਨਾ—੬੧੭)*

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥**
**॥ ਜਪੁ ॥**
**ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥**

*(ਪੰਨਾ—੧)*

ਸਤਿਗੁਰ ਮਹਾਰਾਜ ਜੀਆਂ ਦੀ ਅਪਾਰ ਕਿਰਪਾ ਮਿਹਰ ਬਖਸ਼ਿਸ਼ ਦੇ ਸਦਕਾ ਸਾਰੀ ਸੰਗਤ ਸ਼ਰਧਾ ਪ੍ਰੇਮ ਦੇ ਨਾਲ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ, ਸਤਿਨਾਮ ਸ੍ਰੀ ਵਾਹਿਗੁਰੂ।

ਅੰਮ੍ਰਿਤ ਵੇਲੇ ਆਖੰਡ ਪਾਠ ਸਾਹਿਬ ਦੇ ਭੋਗ ਤੇ ਹੁਕਮਨਾਮਾ ਪੰਚਮ ਪਾਤਸ਼ਾਹ ਧੰਨ-ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀਆਂ ਦੇ ਪਵਿੱਤਰ ਮੁਖਾਰਬਿੰਦ ਤੋਂ, ਪਵਿੱਤਰ ਰਸਨਾ ਤੋਂ, ਪਵਿੱਤਰ ਹਿਰਦੇ ਤੋਂ, ਪਵਿੱਤਰ ਅਤੀ ਪਵਿੱਤਰ ਹਿਰਦੇ ਇਸਥਿਤ ਪ੍ਰਮਾਤਮਾ ਦੀ ਜੋਤ ਤੋਂ ਭਾਈ ਆਪਾਂ ਸਾਰਿਆਂ ਨੂੰ ਬਖਸ਼ਿਸ਼ ਹੋਇਆ ਹੈ। ਏਸ ਸ਼ਬਦ ਦੇ ਅੰਦਰ ਗੁਰੂ ਸਾਹਿਬਾਨ ਗੁਰੂ ਅਰਜਨ ਦੇਵ ਮਹਾਰਾਜ ਜੀ ਪ੍ਰਮਾਤਮਾ ਦੀ ਭਗਤੀ ਦੀ ਦ੍ਰਿੜਤਾ ਸਾਨੂੰ ਭਾਈ ਕਰਾ ਰਹੇ ਨੇ। ਪਰਮਾਤਮਾ ਦੀ ਭਗਤੀ ਗੁਰੂ ਹੀ ਕਰਾ ਸਕਦਾ ਹੈ ਜੋ ਕਿ ਪਰਮਾਤਮ ਸਰੂਪ ਹੁੰਦਾ ਹੈ।

**ਗੁਰੁ ਸਾਖਸ਼ਾਤ ਪਾਰਬ੍ਰਹਮ॥**
**ਗੁਰੁ ਪਰਮੇਸਰੁ ਏਕੋ ਜਾਣੁ॥**
**ਜੋ ਤਿਸੁ ਭਾਵੈ ਸੋ ਪਰਵਾਣੁ॥**

*(ਗੋ: ਮ: ੫, ਪੰਨਾ—੮੬੪)*

ਸੋ ਪੂਰਣ ਪੁਰਸ਼, ਬ੍ਰਹਮ ਗਿਆਨੀ, ਬ੍ਰਹਮ ਨਿਸ਼ਠ, ਵਿਰੱਕਤ ਸ਼੍ਰੋਮਣੀ ਸੰਤ ਬਾਬਾ ਨਿੱਕਾ ਸਿੰਘ ਜੀ ਮਹਾਰਾਜ **ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ** ਪਰਮਾਤਮ ਸਰੂਪ ਆਪਾਂ ਸਾਰਿਆਂ ਨੂੰ ਭਾਈ ਮਿਲੇ ਕਿਉਂਕਿ ਉਹ ਕਿਸੇ ਤੋਂ ਅਲੱਗ ਨਹੀਂ। ਜਦ ਉਹ ਗੁਰੂ ਜਦ ਉਹ ਪਰਮਾਤਮਾ ਸਵਰੂਪ, ਤਾਂ ਅਸੀਂ ਉਹਨਾਂ ਤੋਂ ਅਲੱਗ ਕਿਵੇਂ ਹੋ ਸਕਦੇ ਹਾਂ। ਖਿਡੌਣੇ ਖੰਡ ਦੇ, ਖੰਡ ਤੋਂ ਜੁਦਾ ਕਿਵੇਂ ਹੋ ਸਕਦੇ ਨੇ, ਗਹਿਨੇ ਸੋਨੇ ਦੇ ਸੋਨੇ ਤੇ ਜੁਦਾ ਕਿਵੇਂ ਹੋ ਸਕਦੇ ਨੇ, ਬਰਤਨ ਮਿੱਟੀ ਦੇ ਮਿੱਟੀ ਤੋਂ ਜੁਦਾ ਕਿਵੇਂ ਹੋ ਸਕਦੇ ਨੇ।

**ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ॥**
**ਏਕਹਿ ਆਪਿ ਨਹੀਂ ਕਛੁ ਭਰਮੁ॥**

*(ਗ: ਸੁਖਮਨੀ ਮ: ੫, ਪੰਨਾ—੨੮੭)*

ਆਪ ਹੀ ਪਰਮਾਤਮਾ ਜਦੋਂ ਉਪਦੇਸ਼ ਦਿੰਦਾ ਹੈ ਤਾਂ ਉਸ ਨੂੰ ਗੁਰੂ ਕਿਹਾ ਜਾਂਦਾ ਹੈ, ਜਦੋਂ ਸੁਣ ਰਿਹਾ ਹੈ ਉਸ ਨੂੰ ਸ਼ਿਸ਼ ਕਿਹਾ ਜਾਂਦਾ ਹੈ। ਸਿੱਖ, ਸ਼ਿਸ਼ ਕੋਈ ਪ੍ਰਮਾਤਮਾ ਜਾਂ ਗੁਰੂ ਤੋਂ ਜੁਦਾ ਵਸਤੂ ਨਹੀਂ।

**ਆਪਿ ਕਥੈ ਆਪਿ ਸੁਨਨੈਹਾਰੁ॥**

*(ਗ: ਸੁ: ਮ: ੫, ਪੰਨਾ—੨੯੨)*

ਜਿਸ ਹਿਰਦੇ ਵਿੱਚ ਬੈਠ ਕਰਕੇ ਕਥਨ ਕਰ ਰਿਹਾ ਹੈ ਉਪਦੇਸ਼ ਕਰ ਰਿਹਾ ਹੈ ਉਸ ਨੂੰ ਗੁਰੂ ਕਹਿ ਦਿੰਦੇ ਹਾਂ, ਸੰਤ ਕਹਿ ਦਿੰਦੇ ਹਾਂ, ਮਹਾਂਪੁਰਸ਼ ਕਹਿ ਦਿੰਦੇ ਹਾਂ, ਬ੍ਰਹਮ ਗਿਆਨੀ ਕਹਿ ਦਿੰਦੇ ਹਾਂ, ਤੇ ਜਿਸ ਹਿਰਦੇ ਦੇ ਵਿੱਚ ਬੈਠ ਕਰਕੇ ਸ੍ਰਵਣ ਕਰ ਰਿਹਾ ਹੈ, ਸੁਣ ਰਿਹਾ ਹੈ ਆਪਣਾ ਹੀ ਨਾਦ, ਆਪਣੀ ਹੀ ਬਾਣੀ, ਆਪਣਾ ਹੀ ਉਪਦੇਸ਼ ਉਸ ਨੂੰ ਅਸੀਂ ਸ਼ਿਸ਼ ਕਹਿ ਦਿੰਦੇ ਹਾਂ, ਸਿਖ ਕਹਿ ਦਿੰਦੇ ਹਾਂ, ਗੁਰਮੁਖ ਕਹਿ ਦਿੰਦੇ ਹਾਂ। ਤਾਂ ਗੁਰਸਿਖ ਉਹ ਹੈ ਜੋ ਪ੍ਰਮਾਤਮਾ ਦੇ ਨਾਦ ਨੂੰ ਸੁਣ ਰਿਹਾ ਹੈ ਤੇ ਦੋਨਾਂ ਵਿੱਚ ਆਪ ਮੌਜੂਦ ਹੈ, ਆਪ ਹਾਜ਼ਰ ਹੈ, ਪਰ ਦੋਨਾਂ ਦੇ ਵਿੱਚ ਹਾਜ਼ਰ ਹੁੰਦੇ ਹੋਏ ਉਸ ਦੀ ਆਪਣੀ ਅਸੰਗਤਾ, ਆਪਣੀ ਨਿਰਲੇਪਤਾ ਬਰਕਰਾਰ ਰਹਿੰਦੀ ਹੈ। ਕਿਸੇ ਵੀ ਉਪਾਧੀ ਦੇ ਨਾਲ ਸਪਰਸ਼ ਨਹੀਂ ਕਰਦਾ,

ਕਰਦਾ ਹੋਇਆ ਪ੍ਰਤੀਤ ਦੇ ਰਿਹਾ ਹੈ ਪਰ ਉਸ ਦੇ ਅੰਦਰ ਕੋਈ ਵਿਕਾਰ ਨਹੀਂ ਆ ਜਾਂਦਾ। ਆਕਾਸ਼ ਵਿੱਚ ਸੂਰਜ ਦੇਖ ਰਹੇ ਹਾਂ, ਜੇ ਉਸ ਸੂਰਜ ਦੀ ਕਿਰਣ ਇੱਕ ਸਰੋਵਰ ਦੇ ਜਲ ਤੇ ਪੈ ਰਹੀ ਹੈ, ਉਸ ਸੂਰਜ ਦੀ ਕਿਰਣ ਇੱਕ ਨਾਲੀ ਦੇ ਜਲ ਤੇ ਪੈ ਰਹੀ ਹੈ ਤਾਂ ਨਾ ਸੂਰਜ ਦੀ ਕਿਰਣ ਸਰੋਵਰ ਤੇ ਪੈਣ ਨਾਲ ਪਵਿੱਤਰ ਹੋ ਰਹੀ ਤੇ ਨਾ ਨਾਲੀ ਤੇ ਪੈਣ ਨਾਲ ਅਪਵਿੱਤਰ ਹੋ ਰਹੀ ਹੈ। ਉਸ ਦੀ ਅਸੰਗਤਾ ਬਰਕਰਾਰ ਹੈ। ਏਸੇ ਤਰ੍ਹਾਂ ਹੀ ਜੋ ਪ੍ਰਮਾਤਮਾ ਜੋ ਗਿਆਨ ਹੈ ਉਹ ਸ਼ੁਧ ਹੈ, ਉਹ ਨਿਰਵਿਕਾਰ ਹੈ।

**ਅਸੰਗੋ ਹੀ ਪੁਰਸ਼ਾ ਅਸੰਗੋ ਨਹੀਂ ਸਜਯਤੇ॥**

*(ਗੀਤਾ)*

ਸਭ ਨੂੰ ਸੱਤਾ ਸਫੁਰਤੀ ਦਿੰਦਾ ਹੋਇਆ ਵੀ ਆਪ ਜਿਉਂ ਦਾ ਤਿਉਂ ਹੈ, ਪਰ ਉਹ ਜਿਉਂ ਦਾ ਤਿਉਂ ਸਮਝ ਵਿੱਚ ਜਦੋਂ ਆ ਜਾਵੇ।

**ਹੈ ਤਉ ਸਹੀ ਲਖੈ ਜਉ ਕੋਈ**

*(ਗੌ. ਬਾਵਨ ਅਖਰੀ : ਕਬੀਰ ਜੀ, ਪੰਨਾ—੩੪੨)*

ਉਸ ਲੱਖਤਾ ਵਾਸਤੇ ਹੀ ਆਪਾਂ ਗੁਰੂ ਦੇ ਚਰਣਾਂ ਵਿੱਚ ਆਏ ਹਾਂ, ਆਉਣਾ ਹੈ, ਆਉਂਦੇ ਰਹਿਣਾ ਹੈ। ਉਹ ਆਤਮ ਲੱਖਤਾ ਭਾਈ ਬਿਨਾਂ ਗੁਰੂ ਤੋਂ ਕੋਈ ਕਰਾ ਨਹੀਂ ਸਕਦਾ।

**ਏਕੋ ਏਕੁ ਕਹੈ ਸਭੁ ਕੋਈ**

*(ਦਖਣੀ ਓਅੰਕਾਰੁ, ਪੰਨਾ—੯੩੦)*

ਕਹਿਣਾ ਆਸਾਨ ਹੈ ਇਕ, ਆਸਾਨ ਯਾਨੀ ਕਿ ਮਨ ਦਾ ਰਸਨਾ ਦਾ ਮੁਖ ਦਾ ਵਿਸ਼ਾ ਬਣਾ ਲੈਣਾ, ਪਰ ਉਸ ਨੇ ਬਣ ਨਹੀਂ ਜਾਣਾ। **ਅਗਮ ਅਗੋਚਰ ਅਲਖ ਨਿਰੰਜਨ** ਮਨ ਬੁੱਧੀ ਦਾ ਵਿਸ਼ਾ ਨਹੀਂ ਹੈ ਕਿਸੇ ਵੀ ਇੰਦਰੇ ਦਾ ਵਿਸ਼ੇ ਨਹੀਂ ਹੈ ਬਲਕਿ ਮਨ ਬੁੱਧੀ ਇੰਦਰੇ ਜੋ ਹੈਨ ਭਾਈ ਉਸ ਪਰਮਾਤਮਾ ਦੇ ਆਤਮਾ ਦੇ ਵਿਸ਼ੇ ਨੇ। ਆਤਮਾ ਦੇ ਸਾਹਮਣੇ ਨੇ ਆਤਮਾ ਦ੍ਰਿਸ਼ਟਾ ਹੈ, ਆਤਮਾ ਪਾਰਖ ਹੈ।

**ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ॥**

*(ਮਾਝ ਵਾਰ : ੧, ਪੰਨਾ-੧੪੪)*

ਉਹ ਆਪਣਾ ਆਪ ਹੈ। ਤੇ ਪਛਾਣ, ਉਹ ਅੱਖ, ਉਹ ਸ਼ਰਧਾ, ਉਹ ਵਿਸ਼ਵਾਸ, ਉਸ ਦੀ ਦ੍ਰਿੜਤਾ, ਉਹ ਸਤਿਗੁਰੂ ਦੇ ਸੰਗ ਦੇ ਨਾਲ ਹੈ। ਸਤਿਗੁਰੂ ਦੀ ਬਖਸ਼ਿਸ਼ ਦੇ ਨਾਲ ਹੈ, ਸਤਿਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਹੈ। ਸਤਿਗੁਰੂ ਦਾ ਉਪਦੇਸ਼, ਸਤਿਗੁਰੂ ਦਾ ਸ਼ਬਦ ਜਿਸ ਦੇ ਹਿਰਦੇ ਵਿੱਚ ਵੱਸ ਜਾਂਦਾ ਹੈ, ਉਸ ਹਿਰਦੇ ਦੇ ਵਿੱਚ ਸ਼ਬਦੀ ਪਰਮਾਤਮਾ ਭਾਈ ਪ੍ਰਗਟ ਹੋ ਜਾਂਦਾ ਹੈ ਤੇ ਐਸੇ ਜਨ ਵਿਰਲੇ ਨੇ।

**ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥**

*(ਸਲੋਕ ਵਾਰਾਂ ਤੇ ਵਧੀਕ ਮ: ੧ ਪੰਨਾ—੧੪੧੧)*

**ਕੋਈ ਹਰਿਆ ਬੂਟ ਰਹਿਓ ਰੀ॥** ਕੋਈ ਵਿਰਲਾ, ਏਸ ਵਾਸਤੇ ਕਿ ਅਨੇਕਤਾ ਵਿੱਚ ਇਕ ਹੈ। ਉਹ ਇਕ ਆਪ ਹੀ ਹੈ। ਉਥੇ ਦੂਜਾ, ਉਹਦਾ ਬਹੁਤਾਪਣਾ ਜਾਂ ਜ਼ਿਆਦਾਪਣਾ ਨਹੀਂ ਹੈ। ਜਿਹੜੀ ਚੀਜ਼ ਸਰਬਤ੍ਰ ਹੁੰਦੀ ਹੈ ਜਿਹੜੀ ਚੀਜ਼ ਹਰ ਥਾਂ ਤੇ ਹੈ।

**ਜਿਮੀ ਜਮਾਨ ਕੇ ਵਿਖੇ ਸਮਸਤ ਏਕ ਜੋਤ ਹੈ॥**
**ਨਾ ਵਾਧ ਹੈ ਨਾ ਘਾਟ ਹੈ ਨਾ ਘਾਟ ਵਾਧ ਹੋਤ ਹੈ॥**

*(ਦਸਮ ਗ੍ਰੰਥ)*

ਵਾਧਾ ਘਾਟਾ ਘਟਣਾ ਵਧਣਾ ਇਹ ਸੰਸਾਰ ਹੈ। ਇਹ ਠੀਕ ਹੈ ਕਿ ਰਜੋ ਗੁਣ ਛੱਡ ਦਿੱਤਾ, ਤਮੋ ਗੁਣ ਛੱਡ ਦਿੱਤਾ ਤੇ ਸਤੋ ਗੁਣੀ ਹੈ ਸੰਸਾਰ। ਇਹ ਸੰਸਾਰ ਦਾ ਹੀ ਇਕ ਅੰਗ ਹੈ, ਜਿੱਥੇ ਵੀ ਕਿਸੇ ਗੱਲ ਦੇ ਵਿੱਚ ਵਾਧਾ ਜਾਂ ਘਾਟਾ ਹੋ ਰਿਹਾ ਹੈ, ਬਣ ਜਾਂ ਵਿਗੜ ਰਹੀ ਹੈ, ਜਨਮ ਜਾਂ ਮੌਤ ਹੈ, ਦਵੰਦ ਹੈ ਦੋ ਸਿਰੇ ਨੇ, ਉਸਦਾ ਨਾਂ ਹੀ ਸੰਸਾਰ ਹੈ, ਉਸਦਾ

ਨਾਂ ਹੀ ਅਨਿੱਤਤਾ ਹੈ। ਔਰ ਗੁਰੂ ਸਾਹਿਬ ਏਸ ਸ਼ਬਦ ਦੇ ਵਿੱਚ ਪਹਿਲਾਂ ਅੱਖਰ ਹੀ ਅਬਿਨਾਸੀ ਲੈ ਰਹੇ ਨੇ ਜੋ ਨਾਸ਼ ਤੋਂ ਰਹਿਤ ਹੈ, ਜੋ ਸਰਬ ਵਿਆਪਕ ਹੈ, ਜੋ ਪਰੀਪੂਰਣ ਹੈ ਇਸ ਵਿੱਚ ਵਾਧਾ ਘਾਟਾ ਭਾਈ ਹੋ ਸਕਦਾ ਹੀ ਨਹੀਂ ਉਹਦਾ। ਉਹ ਆਪਣਾ ਆਪ ਹੈ ਉਹ ਸਤਿਗੁਰੂ ਦੀ ਕਿਰਪਾ ਦੇ ਨਾਲ ਹੀ ਭਾਈ ਲੱਖਤਾ ਦੇ ਵਿੱਚ ਆਉਂਦਾ ਹੈ। ਜੇ ਉਸ ਨੂੰ ਲਖਣਾ ਨਾ ਹੋਵੇ ਤਾਂ ਮਨੁਸ਼ ਜੀਵਨ ਤੇ ਉਸਦਾ ਮਨੋਰਥ ਕੀ ਹੋਇਆ? ਇਹ ਜੋ ਮਨੁੱਖ ਜੀਵਨ ਸਾਨੂੰ ਮਿਲਿਆ ਹੈ ਉਸ ਨੂੰ ਲਖਣ ਵਾਸਤੇ ਹੀ ਤਾਂ ਮਿਲਿਆ ਹੈ।

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥

*(ਆ ਮ: ੫, ਪੰਨਾ—੧੨)*

ਲਖਣ ਵਾਸਤੇ, ਤੇ ਜੇ ਕਹੋ ਬਈ ਲਖਣਾ ਨਹੀਂ, ਜਾਨਣਾ ਨਹੀਂ ਉਹ ਗਿਆਨ ਸਰੂਪ ਹੈ, ਉਹ ਆਪੇ ਆਪ ਹੈ, ਤੇ ਫਿਰ ਮਨੁੱਖ ਜੀਵਨ ਕਾਹਦੇ ਵਾਸਤੇ। ਮਨੁੱਖ ਜੀਵਨ ਦੇ ਵਿੱਚ ਆ ਕਰਕੇ ਉਸ ਨੂੰ ਜਾਣਨਾ ਹੈ ਗੁਰੂ ਕਿਰਪਾ ਦੇ ਨਾਲ। ਉਹ ਜਿਹੜਾ ਆਪਣਾ-ਆਪ ਹੈ, ਜੋ ਭਰਮ ਕਰਕੇ ਭਾਈ ਅਸੀਂ ਕਿਤੇ ਦੂਰ ਮੰਨ ਰਹੇ ਹਾਂ ਤੇ ਭਰਮ ਕਰਕੇ ਹੀ ਫੇਰ ਦੁਖਾਂ ਸੁਖਾਂ 'ਚ ਪੈ ਕਰਕੇ ਕਦੇ ਮੰਨਦੇ ਹਾਂ, ਕਦੇ ਨਹੀਂ ਮੰਨਦੇ ਮਾਇਆ ਦੇ ਪ੍ਰਭਾਵ ਹੇਠਾਂ ਆ ਜਾਂਦੇ ਹਾਂ। ਇਹ ਸਾਰੇ ਆਵਰਨ ਹੀ ਅਗਿਆਨਤਾ ਦੀ ਨਵਿਰਤੀ ਵਾਸਤੇ ਹੀ ਇਹ ਮਨੁੱਖ ਜੀਵਨ ਜਿਹੜਾ ਭਾਈ ਸਾਨੂੰ ਪ੍ਰਾਪਤ ਹੋਇਆ, ਅਗਿਆਨਤਾ ਦੀ ਨਵਿਰਤੀ ਵਾਸਤੇ ਤੇ ਉਸ ਪ੍ਰਾਪਤ ਦੀ ਹੀ ਪ੍ਰਾਪਤੀ ਵਾਸਤੇ। ਭਾਵੇਂ ਨਿਤ ਪ੍ਰਾਪਤ ਹੈ, ਪਰ ਹੱਥ ਖੜਾ ਕਰਕੇ ਕੋਈ ਵੀ ਦੱਸੇ ਕਿ ਉਸ ਨੂੰ ਇਸ ਗੱਲ ਦਾ ਬੋਧ ਹੈ, ਜੋ ਨਿੱਤ ਪ੍ਰਾਪਤ ਹੈ? ਠੀਕ ਹੈ ਮੈਨੂੰ ਇਸ ਗੱਲ ਦਾ ਬੋਧ ਹੋ ਗਿਆ, ਤੇ ਜੇ ਨਹੀਂ ਹੋਇਆ ਤਾਂ ਫੇਰ ਸੰਗ ਕਰਨਾ ਹੀ ਹੈ ਗੁਰੂ ਦਾ, ਫੇਰ ਗੁਰੂ ਹੀ ਏਸ ਭਰਮ ਨੂੰ ਕਟੇਗਾ ਜੋ ਅਪ੍ਰਾਪਤ ਵਤ ਸਾਨੂੰ ਲੱਗ ਰਿਹਾ ਹੈ। ਸਾਨੂੰ ਤਾਂ ਸੰਸਾਰ ਨਿੱਤ ਲਗ ਰਿਹਾ ਹੈ, ਤੇ ਮਹਾਰਾਜ ਬਿਰਧ ਸੰਤ ਬਾਬਾ ਭਗਤ ਸਿੰਘ, ਜੀ ਉਹ ਕਹਿੰਦੇ ਸਨ ਬੱਚੂ ਜੇ ਅੰਤਮ ਵੇਲੇ ਤੇਰਾ ਧਿਆਨ, ਤੇਰੀ ਸੁਰਤ ਇੱਕ ਕਿੱਲੀ ਦੇ ਵਿੱਚ ਵੀ ਚਲੀ ਗਈ ਤਾਂ ਵੀ ਤੇਰਾ ਜਨਮ ਵੱਟ ਤੇ ਪਿਆ, ਅਵੱਸ਼ ਹੋਏਗਾ। ਅਸੀਂ ਤਾਂ ਕਿੱਡਾ ਵੱਡਾ ਸੰਸਾਰ ਨੂੰ ਸਤਿ ਮੰਨਕੇ ਉਹਦੇ ਪਿੱਛੇ ਹੱਥ ਪੈਰ ਆਪਣੇ ਦੌੜਾਂਦੇ ਹਾਂ, ਬਿਰਤੀਆਂ ਦੌੜਾਂਦੇ ਹਾਂ, ਕਰਮ ਕਰਦੇ ਹਾਂ, ਦਿਨ ਰਾਤ ਇਕ ਕਰਦੇ ਰਹੇ ਹਾਂ, ਤੇ ਉਹ ਕਹਿ ਰਹੇ ਨੇ ਜੇ ਕਿੱਲੀ ਵਿੱਚ ਧਿਆਨ ਚਲਿਆ ਗਿਆ ਜੇ ਤੂੰ ਉਹਨੂੰ ਵੀ ਸਤਿ ਮੰਨ ਲਿਆ, ਆਪਣੇ-ਆਪ ਨੂੰ ਭੁੱਲ ਗਿਆ ਤੇ ਉਹ ਪ੍ਰਾਪਤੀ ਦਾ ਤੈਨੂੰ ਚਿੰਤਨ ਰਿਹਾ, ਜੇ ਅਨੁਕੂਲ ਵਸਤੂ ਹੋਈ, ਜੇ ਪ੍ਰਤੀਕੂਲ ਹੋਈ, ਤਾਂ ਉਹਨੂੰ ਹਟਾਉਣ ਦੀ ਤੇਰੇ ਅੰਦਰ ਵਾਸ਼ਨਾ ਬਣੀ ਰਹੀ ਤਾਂ ਤੇਰਾ ਜਨਮ ਅਵੱਸ਼ ਹੈ।

ਵਾਸਨਾ ਬਧਾ ਆਵੈ ਜਾਇ॥

ਉਹ ਵਾਸਨਾ ਭਾਵੇਂ ਕਿਸੇ ਵੀ ਕਿਸਮ ਦੀ ਹੋਵੇ ਆਉਣਾ ਜਾਣਾ ਅਵੱਸ਼ ਪੈਣਾ ਹੈ। ਏਸ ਆਉਣ ਜਾਣ ਦੇ ਛੁਟਕਾਰੇ ਵਾਸਤੇ ਹੀ ਭਾਈ ਆਪਾਂ ਗੁਰੂ ਦੀ ਸ਼ਰਣ ਵਿੱਚ ਆਏ ਹਾਂ, ਮਹਾਂਪੁਰਸ਼ਾਂ ਦੀ ਸ਼ਰਣ ਵਿੱਚ ਆਉਣਾ ਹੈ।

ਜੋ ਸ਼ਰਣਿ ਆਵੈ ਤਿਸੁ ਕੰਠਿ ਲਾਵੈ ਇਹ ਬਿਰਦੁ ਸੁਆਮੀ ਸੰਦਾ॥

*(ਬਿਹਾ: ਮ: ੫, ਪੰਨਾ—੫੪੪)*

ਜਦੋਂ ਤਹਿ ਦਿਲੋਂ, ਸੱਚੇ ਦਿਲੋਂ ਗੁਰੂ ਪਰਮੇਸ਼ਰ ਦੀ ਸ਼ਰਣ ਵਿੱਚ ਸਾਡਾ ਮਨ ਆ ਜਾਵੇਗਾ, ਤੇ ਭਾਈ ਫੇਰ ਪ੍ਰਮੇਸ਼ਰ ਦੂਰ ਨਹੀਂ, ਫੇਰ ਪਰਮੇਸ਼ਰ ਅਨਿਤ ਨਹੀਂ, ਫੇਰ ਪ੍ਰਮੇਸ਼ਰ ਭਰਪੂਰ ਹੈ, ਫੇਰ ਪ੍ਰਮੇਸ਼ਰ ਨਿੱਤ ਹੈ, ਫੇਰ ਪ੍ਰਮੇਸ਼ਰ ਆਪਣਾ-ਆਪ ਹੈ।

ਪਹਿਲੇ ਮਨੁ ਪਰਬੋਧਹਿ ਆਪਣਾ ਪਾਠੈ ਅਵਰੁ ਰੀਝਾਵੈ॥

ਪਹਿਲੇ ਆਪਣੇ-ਆਪ ਨੂੰ ਦੇਖਣਾ ਹੈ, ਆਪਣੇ ਮਨ ਨੂੰ ਦੇਖਣਾ ਹੈ, ਆਪਣੇ ਅੰਦਰ ਝਾਤੀ ਮਾਰਨੀ ਹੈ ਕਿ ਮੇਰੀ ਆਪਣੀ ਇਸਥਿਤੀ ਕੀ ਹੈ, ਫੇਰ ਦੂਜੇ ਰੀਝਣਗੇ, ਫੇਰ ਦੂਜੇ ਪ੍ਰਸੰਨ ਹੋਣਗੇ, ਫੇਰ ਦੂਜਿਆਂ ਨੂੰ ਆਨੰਦ ਮਿਲੇਗਾ, ਜੇ ਆਪਣੇ ਮਨ ਦੇ ਅੰਦਰ ਪਹਿਲਾਂ ਆਨੰਦ ਭਰਿਆ ਹੋਏਗਾ ਤਾਂ, ਭਰਿਆ ਤਾਂ ਪ੍ਰਮੇਸ਼ਰ ਵਲੋਂ ਹੀ ਹੈ।

ਕਹੁ ਕਬੀਰ ਇਹੁ ਰਾਮ ਕੀ ਅੰਸੁ॥

*(ਗੌਂਡ ਬਾਣੀ ਕਬੀਰ, ਪੰਨਾ—੮੭੧)*

ਆਨੰਦ ਤਾਂ ਹੈ ਪਰ ਲੱਖਤਾ ਨਹੀਂ। ਗੁਰੂ ਕਿਰਪਾ ਨਾਲ ਭਾਈ ਜਦੋਂ ਉਸ ਆਨੰਦ ਦੀ ਲੱਖਤਾ ਹੋ ਜਾਂਦੀ ਹੈ, ਫੇਰ ਉਹਦੇ ਤੋਂ ਹੋਰ ਵੀ ਵਰੋਸਾਏ ਜਾਂਦੇ ਨੇ।

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥

*(ਗਉ ਸੁ: ਮ: ੫, ਪੰਨਾ—੨੯੫)*

ਐਸਾ ਉਹ ਜੋ ਮੁਕਤ ਜਨ ਹੈ ਪ੍ਰਮੇਸ਼ਰ ਸਰੂਪ, ਆਤਮ ਬੇਤਾ, ਐਸੇ ਜਨ ਨੂੰ ਭਾਈ ਬਾਰੰਬਾਰ ਨਮਸਕਾਰ ਹੈ। ਤੇ ਨਮਸ਼ਕਾਰ ਦੇ ਨਾਲ ਕੀ ਹੁੰਦਾ ਹੈ? ਕਿ ਸਾਡੇ ਮਨ ਦੀ ਹੰਗਤਾ ਜੋ ਹੈ ਭਾਈ ਉਹ ਟੁੱਟਦੀ ਹੈ, ਹੰਕਾਰ ਦਾ ਪਰਦਾ ਜਿਹੜਾ ਹੈ ਉਹ ਟੁੱਟਦਾ ਹੈ, ਤੇ ਉਹ ਹੰਕਾਰ ਦਾ ਪਰਦਾ ਹੀ ਤੋੜਣਾ ਹੈ, ਹੋਰ ਤਾਂ ਕੁਝ ਬਾਕੀ ਕਰਨਾ ਹੈ ਨਹੀਂ। ਪੂਰਣ ਵਿਆਪਕ ਦੇ ਵਿੱਚ ਕਰਨਾ ਧਰਨਾ ਤਾਂ ਹੁੰਦਾ ਨਹੀਂ, ਕਰਨਾ ਧਰਨਾਂ ਤਾਂ ਪਰਛਿੰਨ ਵਿੱਚ ਹੁੰਦਾ ਹੈ, ਜੋ ਦੇਸ਼ ਕਾਲ ਨਾਲ ਸੰਬੰਧਿਤ ਵਸਤੂ ਹੋਵੇ ਉਹਦੇ ਵਿੱਚ ਕਰਨਾ ਧਰਨਾ ਹੁੰਦਾ ਹੈ, ਵਿਆਪਕ ਵਿੱਚ ਤਾਂ

ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ॥

*(ਧ. ਭ. ਤ੍ਰਿ. ਪੰਨਾ—੬੯੫)*

ਰੱਬ ਦੀ ਸੌਂਹ ਹੈ ਭਾਈ ਆਉਣ ਜਾਣ ਵਾਲਾ ਕੁਝ ਨਹੀਂ, ਉਹ ਆਪ ਹੀ ਪੀਰਪੂਰਣ ਵਿਆਪਕ ਪ੍ਰਮੇਸ਼ਰ ਹੈ, ਉਹ ਅਬਿਨਾਸੀ ਹੈ। ਉਸ ਦਾ ਬੋਧ ਭਾਈ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਮਹਾਰਾਜ ਜੀ ਜੋ ਕਰਾ ਰਹੇ ਨੇ ਉਹ ਮਹਾਰਾਜ ਜੀਆਂ ਦੀ ਕ੍ਰਿਪਾਲਤਾ ਦੇ ਨਾਲ ਇਸ ਮਨ ਬੁੱਧੀ ਦੇ ਮਾਧਿਅਮ ਦੇ ਨਾਲ ਭਾਈ ਕਰਦੇ ਹਾਂ।

## ਸੋਰਠਿ ਮਹਲਾ ੫॥

ਸੋਰਠ ਰਾਗ ਵਿੱਚ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਮਹਾਰਾਜ ਭਾਈ ਬਖਸ਼ਿਸ਼ ਕਰਦੇ ਨੇ।

## ਅਬਿਨਾਸੀ ਜੀਅਨ ਕੋ ਦਾਤਾ

ਅਬਿਨਾਸੀ ਨਾਸ ਰਹਿਤ ਪ੍ਰਮਾਤਮਾ ਭਾਵ ਸਦਾ ਸਤਿ ਸਰੂਪ ਜਿਵੇਂ ਹੁਣੇ ਮਹਾਂਪੁਰਸ਼ ਕਹਿ ਰਹੇ ਸਨ ਕਿ ਉਹ ਹੈ, ਵਸਤੂ ਹੈ ਜਾਂ ਨਹੀਂ ਹੈ, ਉਹ ਨਹੀਂ ਵੇਲੇ ਵੀ ਹੈ, ਵਸਤੂ ਹੈ ਵੇਲੇ ਹੈ, ਕੇਵਲ ਉਹ ਹੈ।

ਕਈ ਬਾਰ ਪਸਰਿਓ ਪਾਸਾਰ॥ ਸਦਾ ਸਦਾ ਇਕੁ ਏਕੰਕਾਰ॥

*(ਗਉ ਸੁ: ਮ: ੫ ਪੰਨਾ—੨੭੬)*

ਜਿਥੇ ਇਹ ਵਸਤੂਆਂ ਨਹੀਂ ਹਨ ਉੱਥੇ ਵੀ ਹੈ ਤੇ ਜਿਥੇ ਵਸਤੂਆਂ ਹਨ ਉੱਥੇ ਵੀ ਇਹ ਅਧਿਸਠਾਨ ਹੈ ਉਹ ਆਪ ਹੀ ਇਹਨਾਂ ਵਸਤੂਆਂ ਦਾ। ਇਹ ਵਸਤੂਆਂ ਤੇ ਨਾਮ ਰੂਪ ਨੇ, ਨਾਮ ਰੂਪ ਸਾਰੇ ਪਰੀਵਰਤਨਸ਼ੀਲ ਨੇ।

ਜੋ ਸੁਖ ਨਿਤ ਪ੍ਰਕਾਸ਼ ਬਿਭੁ ਨਾਮ ਰੂਪ ਆਧਾਰ॥
ਮਤੀ ਨ ਲਖੈ ਜਿਹ ਮਤੀ ਲਖੈ ਸੋ ਮੈਂ ਸੁਧ ਅਪਾਰ॥

ਸਾਰਾ ਨਾਮ ਰੂਪ ਜਿੰਨਾ ਵੀ ਇਹ ਪਰਪੰਚ ਹੈ, ਜਿੰਨਾ ਵੀ ਇਹ ਸੰਸਾਰ ਹੈ ਦ੍ਰਿਸ਼ਟਮਾਨ, ਦ੍ਰਿਸ਼ ਔਰ ਅਦ੍ਰਿਸ਼ ਦੋਨੋਂ ਹੀ। ਦ੍ਰਿਸ਼ ਵੇਲੇ ਵੀ ਇੱਕ ਬਿਰਤੀ ਹੈ ਤੇ ਅਦ੍ਰਿਸ਼ ਵੇਲੇ ਵੀ ਬਿਰਤੀ ਹੀ ਹੈ। ਜਦੋਂ ਕੁੱਝ ਸਾਹਮਣੇ ਚੀਜ਼ਾਂ ਬਣੀਆਂ ਨੇ ਉਦੋਂ ਅਸੀਂ ਕਹਿੰਦੇ ਹਾਂ ਸਾਡੀ ਬਿਰਤੀ ਦੇ ਸਾਹਮਣੇ ਆਹ ਕੁਝ ਹੈ, ਸਾਡੇ ਮਨ ਦੇ ਸਾਹਮਣੇ ਆਹ ਕੁਝ ਹੈ, ਉਦੋਂ ਵੀ ਇਕ ਮਨ ਦੀ ਬਿਰਤੀ ਹੀ ਹੈ, ਜਦੋਂ ਮਨ ਦੇ ਸਾਹਮਣੇ ਚੀਜ਼ਾਂ ਨਹੀਂ ਅਸੀਂ ਕਹਿੰਦੇ ਹਾਂ ਸਾਡਾ ਮਨ ਬਿਲਕੁਲ ਖਾਲੀ ਹੈ, ਬਿਲਕੁਲ ਇਕਾਂਤ ਹੈ, ਬਹੁਤ ਅਡੋਲ ਹੈ, ਹੁਣ ਤਾਂ ਬਹੁਤ ਆਨੰਦ ਹੈ। ਜਿਥੇ ਬਹੁਤ ਅਡੋਲ ਹੈ ਬਹੁਤ ਆਨੰਦਤਾ ਹੈ, ਉਹ ਵੀ ਇਕ ਅੰਤਹਕਰਣ ਦੀ ਬਿਰਤੀ ਹੀ ਹੈ, ਜੋ ਕਹਿ ਰਹੀ ਹੈ ਕਿ ਉੱਥੇ ਕੁਝ ਨਹੀਂ ਹੈ। ਨਹੀਂ ਨਾ ਕੌਣ ਕਹਿੰਦਾ ਉਥੇ? ਕੌਣ ਮਾਧਿਅਮ ਬਣਦਾ ਇਹ ਉਸ ਕਹਿਣ ਦਾ? ਉਹ ਵੀ ਇਕ ਬਿਰਤੀ ਹੈ। ਜਿਥੇ ਹੈ ਵਸਤੂ ਔਰ ਜਿਥੇ ਨਹੀਂ ਹੈ ਵਸਤੂ, ਦੋਨਾਂ ਦਾ ਜਿਹੜਾ ਅਧਿਸਠਾਨ ਹੈ, ਦੋਨਾਂ ਬਿਰਤੀਆਂ ਦਾ ਜਿਹੜਾ ਅਧਿਸਠਾਨ ਹੈ, ਦੋਨਾਂ ਦਾ ਜੋ ਪ੍ਰਕਾਸ਼ਕ ਹੈ, ਉਹ ਆਪਣਾ-ਆਪ ਹੈ ਕਿਉਂਕਿ ਜਿਥੇ ਬਿਰਤੀ ਨਹੀਂ ਹੈ, ਜਿਥੇ ਇਕਾਂਤ ਹੈ, ਉਹੀ ਜੇ ਆਪਣਾ-ਆਪ ਹੁੰਦਾ ਹੈ,

ਜਦੋਂ ਅਸੀਂ ਕਹਿੰਦੇ ਹਾਂ ਬਿਰਤੀ ਹੈ ਉਦੋਂ ਆਪਣਾ ਆਪ ਕਿਥੇ ਚਲਿਆ ਗਿਆ, ਆਪਣਾ ਆਪ ਤਾਂ ਉਦੋਂ ਵੀ ਹੈਗਾ। ਜਿਥੇ ਬਿਰਤੀ ਹੈ ਜਿਥੇ ਸਾਮਾਨ ਹੈ, ਜਿਥੇ ਦੁਕਾਨ ਹੈ, ਜਿਥੇ ਮੇਰੇ ਨੇ ਉੱਥੇ ਵੀ ਹੈ, ਆਪਣਾ ਆਪ ਤੇ ਉਸ ਵੇਲੇ ਵੀ ਹੈ, ਕਿਉਂਕਿ ਉਹ ਨਿੱਤ ਹੈ ਉਹ ਅਬਿਨਾਸੀ ਹੈ।

ਪਹਿਲਾ ਸ਼ਬਦ ਹੈ ਗੁਰੂ ਸਾਹਿਬ ਦਾ ਕਦੇ ਨਾਸ਼ ਨਹੀਂ ਹੁੰਦਾ ਜੇ। ਤੇਰੀਆਂ ਬਿਰਤੀਆਂ ਆਕਾਰ ਦੇ ਸਰੂਪ ਹੋਈਆਂ ਨੇ ਉਹ ਅਬਿਨਾਸੀ ਉਦੋਂ ਵੀ ਹੈ, ਜੋ ਬਿਰਤੀ ਆਕਾਰ ਤੋਂ ਰਹਿਤ ਹੋ ਗਈ ਹੈ ਉਦੋਂ ਵੀ ਹੈ। ਦੋਨੋਂ ਹੀ ਬਿਰਤੀਆਂ ਦਾ ਜੋ ਪ੍ਰਕਾਸ਼ਕ ਹੈ ਉਹ ਆਪਣਾ-ਆਪ ਹੈ।

**ਜਹਾ ਬੋਲ ਤਹ ਅਛਰ ਆਵਾ॥**
**ਜਹ ਅਬੋਲ ਤਹ ਮਨੁ ਨ ਰਹਾਵਾ॥**
**ਬੋਲ ਅਬੋਲ ਮਧਿ ਹੈ ਸੋਈ॥**

*(ਗਉੜੀ: ਅ: ਕਬੀਰ ਜੀ, ਪੰਨਾ—੩੪੦)*

ਪਰ ਅਸੀਂ ਬੋਲ ਤੋਂ ਡਰ ਕੇ ਭਾਵ ਰੌਲੇ ਤੋਂ ਡਰ ਕੇ, ਅੱਕ ਕੇ ਦੁੱਖੀ ਹੋ ਕੇ ਫੇਰ ਸੋਚਦੇ ਹਾਂ ਕਿ ਅਬੋਲ ਅਵਸਥਾ ਆ ਜਾਏ, ਇਕਾਂਤ ਆ ਜਾਏ, ਸੁੰਨਤਾ ਜਿਹੀ ਆ ਜਾਏ ਬੱਸ ਇਹ ਠੀਕ ਹੈ, ਤੇ ਗੁਰੂ ਸਾਹਿਬ ਕਹਿੰਦੇ ਨੇ ਕਿ ਉਹ ਵੀ ਤੂਾਂ ਥੋੜ੍ਹਾ ਹੈਂ? ਤੂੰ ਤਾਂ ਉਸ ਦਾ ਵੀ ਪ੍ਰਕਾਸ਼ਕ ਹੈਂ, ਉਸ ਨੂੰ ਵੀ ਜਾਨਣਹਾਰ ਹੈਂ, ਦੋਨੋਂ ਹੀ ਅਵਸਥਾਵਾਂ ਨੂੰ ਜੋ ਦੇਖਣਹਾਰ ਹੈ, ਤੂੰ ਤਾਂ ਉਹ ਹੈ, ਉਸ ਤੋਂ ਤੂੰ ਉੱਤੇ ਉਠ। ਉਹ ਤੂੰ ਨਹੀਂ, ਜੋ ਵੀ ਤੇਰੇ ਗਿਆਨ ਵਿੱਚ ਆ ਰਿਹਾ ਹੈ ਉਹ ਤੂੰ ਨਹੀਂ, ਤੂੰ ਗਿਆਨ ਹੈਂ, ਉਹ ਗਿਆਨ ਹੀ ਨਿੱਤ ਹੈ, ਬਿਰਤੀਆਂ ਨਿਤ ਨਹੀਂ ਹੋ ਸਕਦੀਆਂ, ਬਿਰਤੀਆਂ ਤਾਂ ਬਦਲਦੀਆਂ ਰਹਿੰਦੀਆਂ ਨੇ। ਬਿਰਤੀਆਂ ਤਾਂ ਹੁਣ ਆਪਾਂ ਏਸ ਖਿਆਲ ਵਿੱਚ ਬੈਠੇ ਹਾਂ ਸਤੋ ਗੁਣੀ ਵਿੱਚ, ਹੁਣੇ ਅਸੀਂ ਤਮੋ ਗੁਣੀ ਵਿੱਚ ਚਲੇ ਜਾਵਾਂਗੇ, ਰਜੋ ਗੁਣੀ ਵਿੱਚ ਚਲੇ ਜਾਵਾਂਗੇ, ਬਿਰਤੀਆਂ ਤਾਂ ਬਦਲਦੀਆਂ ਜਾ ਰਹੀਆਂ ਨੇ ਪ੍ਰਵਾਹਿਤ ਨਿਤ ਪ੍ਰਵਾਹ। ਪਰ ਇਸ ਪ੍ਰਵਾਹਿਤ ਜਗਤ ਨੂੰ ਦੇਖ ਕੌਣ ਰਿਹਾ ਹੈ, ਜੋ ਅਬਿਨਾਸ਼ੀ ਹੈ ਜੋ ਕਦੇ ਪ੍ਰਵਾਹਿਤ ਨਹੀਂ ਹੋਇਆ। ਪ੍ਰਵਾਹ ਕਿਥੋਂ ਕਿਥੇ ਜਾਏ, ਵਿਆਪਕ ਵਸਤੂ ਕਿਥੋਂ ਜਾਏ ਤੇ ਕਿਥੇ ਜਾਵੇ? ਨਾ ਉਹਦੇ ਵਿੱਚ ਕਿਥੇ, ਨਾ ਉਹਦੇ ਵਿੱਚ ਕਿਥੋਂ।

**ਊਹਾਂ ਤਉ ਜਾਈਐ ਜਉ ਈਹਾਂ ਨ ਹੋਇ॥**

*(ਰਾਮਾਨੰਦ ਜੀ ਪੰਨਾ—੧੧੯੫)*

ਉਸ ਬਾਰੇ ਪੰਚਮ ਪਾਤਸ਼ਾਹ ਕਹਿੰਦੇ ਨੇ ਤੂੰ ਅਬਿਨਾਸੀ ਜੋ ਹੈ ਪ੍ਰਮੇਸ਼ਰ, ਉਹ ਭਾਈ ਸਾਡੇ ਜੀਵਾਂ ਦਾ ਦਾਤਾ ਹੈ ਸਾਡੇ ਸਾਰਿਆਂ ਦਾ ਉਹ ਦਾਤਾ ਹੈ, ਸਾਨੂੰ ਸਭ ਨੂੰ ਬਣਾ ਕਰਕੇ ਕੇਵਲ ਦੁਨਿਆਵੀ ਦਾਤ ਸਾਨੂੰ ਨਹੀਂ ਦਿੱਤੀ, ਕੇਵਲ ਦੁਨਿਆਵੀ ਸੁੱਖ ਸਾਨੂੰ ਨਹੀਂ ਦਿੱਤੇ, ਕੇਵਲ ਮਾਤਾ-ਪਿਤਾ ਭਾਈ ਭੈਣ ਆਦਿ ਮੈਂ ਮੇਰਾ ਇੱਥੇ ਤੱਕ ਉਹ ਸੀਮਿਤ ਨਹੀਂ ਰਿਹਾ ਪ੍ਰਮੇਸ਼ਰ, ਬਲਕਿ ਉਹ ਅਬਿਨਾਸੀ ਪ੍ਰਮੇਸ਼ਰ ਨੇ ਆਪਣੇ ਆਪ ਤੋਂ ਭਾਈ ਕੁਝ ਵੀ ਓਹਲੇ ਨਹੀਂ ਰੱਖਿਆ, ਸਾਰਾ ਕੁੱਝ ਹੀ ਉਹਨੇ ਸਾਨੂੰ ਦੇ ਦਿੱਤਾ।

**ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥**
**ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥**

*(ਸੂਹੀ ਮ: ੫, ਪੰਨਾ—੭੪੯)*

ਰੱਬ ਦੇ ਜਨ ਮਿਲੇ, ਭਗਤੀ ਮਿਲੀ, ਜੀਵਤ ਵਸਤੂ ਮਿਲੀ, ਆਤਮ ਗਿਆਨ ਮਿਲਿਆ, ਭਾਵ ਪ੍ਰਮਾਤਮਾ ਮਿਲਿਆ, ਤਾਂ ਪਰਮਾਤਮਾ ਜਦੋਂ ਸਿਖ ਨੂੰ ਮਿਲਿਆ, ਉਦੋਂ ਪ੍ਰਮਾਤਮਾ ਨੇ ਆਪਣੇ ਕੋਲ ਕੁਝ ਨਹੀਂ ਰਖਿਆ, ਸਾਰੇ ਦਾ ਸਾਰਾ ਹੀ ਆ ਗਿਆ। ਅਸੀਂ ਜਿੱਡੇ ਮਰਜ਼ੀ ਵੱਡੇ ਦਾਤੇ ਬਣ ਜਾਈਏ ਕੁਝ ਨਾ ਕੁਝ ਬਚਾ ਲੈਂਦੇ ਹਾਂ, ਪਹਿਲਾਂ ਤਾਂ ਬਹੁਤ ਕੁਝ ਬਚਾਇਆ, ਦਿੰਦੇ ਹੀ ਥੋੜ੍ਹੇ ਹਾਂ, ਬਹੁਤ ਥੋੜ੍ਹਾ। **ਸੇਵਾ ਥੋਰੀ ਮਾਂਗਨ ਬਹੁਤਾ॥**

ਤੇ ਜੋ ਕੁਝ ਭਾਈ ਦੇ ਵੀ ਰਹੇ ਹਾਂ ਤਾਂ ਕਿੰਨਾ ਕੁ ਦਿੰਦੇ ਹਾਂ? ਵਿਚਾਰ ਲਈਏ ਤੇ ਜੇ ਸਾਰਾ ਕੁਝ ਦੇ ਵੀ ਦਿਆਂਗੇ ਤਾਂ ਜਿਹੜਾ ਦਿੱਤਾ ਉਹ ਤਾਂ ਰੱਖ ਲਿਆ ਨਾ, ਕਿ ਮੈਂ ਸਾਰਾ ਕੁੱਝ ਦਿੱਤਾ, ਇਹ ਬਿਰਤੀ ਤਾਂ ਫੇਰ ਰੱਖ ਲਈ ਨਾ, ਇਹ

ਹੰਕਾਰ ਤਾਂ ਫੇਰ ਰੱਖ ਲਿਆ ਨਾ। ਪ੍ਰਮੇਸ਼ਰ ਨੇ ਇੰਨਾ ਵੀ ਨਹੀਂ ਰਖਿਆ ਕਿ ਮੈਂ ਏਸ ਸ਼੍ਰਿਸ਼ਟੀ ਨੂੰ ਬਣਾ ਕੇ ਦਾਤ ਦੇ ਰਿਹਾ ਹਾਂ, ਨਹੀਂ ਪ੍ਰਮੇਸ਼ਰ ਆਪ ਹੀ ਆ ਗਿਆ, ਮਗਰ ਕੁਝ ਨਹੀਂ ਰਖਿਆ ਉਹਨੇ ਤਾਂ।

**ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ॥**
**ਏਕਹਿ ਆਪਿ ਨਹੀ ਕਛੁ ਭਰਮੁ॥**

*(ਗਉ ਸੁ: ਮ: ੫ ਪੰਨਾ– ੨੮੭)*

ਉਹਨੇ ਤਾਂ ਹੀ ਬ੍ਰਹਮ ਮਹਿ ਜਨੁ ਤੇ ਜਨ ਮਹਿ ਪਾਰਬ੍ਰਹਮ ਕਿਹਾ। ਪਾਰਬ੍ਰਹਮ ਹੁਣ ਜਨ ਤੋਂ ਅਲਗ ਨਹੀਂ ਰਿਹਾ। ਸਾਡੇ ਕੋਲ ਤਾਂ ਦਾਤਾਂ ਅਲੱਗ ਨੇ ਤੇ ਅਸੀਂ ਦਾਤਾ ਅਲੱਗ ਬਣੇ ਰਹਿੰਦੇ ਹਾਂ। ਦਾਤਾਂ ਦੇ ਕੇ ਵੀ ਲੱਖ, ਦੋ ਲੱਖ, ਦਸ ਲੱਖ ਦੇ ਕੇ ਵੀ ਚੀਜ਼ਾਂ ਦੇ ਕੇ ਵੀ ਮਗਰ ਬਣੇ ਰਹਿੰਦੇ ਹਾਂ ਦਾਤਾ। ਉਹ ਹੁਣ ਮਗਰ ਨਹੀਂ ਕੁਝ ਬਣਿਆ ਰਿਹਾ, ਉਹ ਸਾਰੇ ਦਾ ਸਾਰਾ ਹੀ ਉਤਰ ਗਿਆ, ਸਾਰੇ ਦਾ ਸਾਰਾ ਹੀ ਪ੍ਰਵੇਸ਼ ਕਰ ਗਿਆ, ਆਪਣੇ ਜੀਵਾਂ ਦੇ ਵਿੱਚ, ਆਪਣੀ ਸ਼੍ਰਿਸ਼ਟੀ ਦੇ ਵਿੱਚ।

**ਕੁਦਰਤਿ ਕਰਿ ਕੈ ਵਸਿਆ ਸੋਇ॥**

*(ਸਿਰੀਰਾਗੁ ਕੀ ਵਾਰ ਮ: ੪, ਪੰਨਾ–੮੩)*

ਸੋ ਜੋ ਪਰੀਪੂਰਣ ਵਿਆਪਕ ਪ੍ਰਮੇਸ਼ਰ ਹੈ ਉਹ ਆਤਮਕ ਰੂਪ ਦੇ ਨਾਲ ਸਾਰਿਆਂ ਦੇ ਵਿੱਚ ਭਾਈ ਪਰੀਪੂਰਣ ਹੈ, ਉਹੀ ਅਬਿਨਾਸੀ ਹੈ। ਪੰਚਮ ਪਾਤਸ਼ਾਹ ਕਹਿੰਦੇ ਉਹੀ ਦਾਤਾ ਹੈ। **ਸਿਮਰਤ ਸਭ ਮਲੁ ਖੋਈ॥** ਤੇ ਐਸਾ ਜਿਹੜਾ ਪ੍ਰਮੇਸ਼ਰ ਹੈ ਭਾਈ ਆਪਣੇ ਕੋਲ ਕੁਝ ਵੀ ਬਚਾ ਕੇ ਨਹੀਂ ਰੱਖਦਾ, ਸਭ ਕੁਝ ਹੀ ਸਾਨੂੰ ਦੇ ਦਿੰਦਾ ਹੈ, ਆਪ ਹੀ ਸਾਡੇ ਕੋਲ ਆ ਜਾਂਦਾ ਹੈ, ਐਸਾ ਜੋ ਜਾਤਾ ਪ੍ਰਮੇਸ਼ਰ ਹੈ, ਮਾਲਕ ਹੈ, ਪ੍ਰਭੂ ਹੈ, ਵਾਹਿਗੁਰੂ ਹੈ ਉਸ ਦਾ ਭਾਈ ਸਿਮਰਨ ਕਰ। ਮਹਾਰਾਜ ਕਹਿੰਦੇ ਉਸ ਦਾ ਤੂੰ ਧਿਆਨ ਕਰ ਉਸ ਦੀ ਤੂੰ ਭਗਤੀ ਕਰ ਤਾਂ ਕੀ ਹੋਊਗਾ? **ਸਿਮਰਤ ਸਭ ਮਲੁ ਖੋਈ॥** ਸਾਰੀ ਜਿਹੜੀ ਮੈਲ ਜੋ ਹੈ

**ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥**

*(ਸੋ: ਵਾਰ, ਪੰਨਾ–੬੫੧)*

ਜਿਹੜਾ ਮਨ ਵਿਕਸਿਪਤ ਸੀ, ਚੰਚਲ ਸੀ ਭਾਈ, ਉਹ ਸਾਰਾ ਹੀ ਜਦੋਂ ਪ੍ਰਮੇਸ਼ਰ ਦਾ ਭਜਨ ਕਰਾਂਗੇ ਸਾਫ ਹੋ ਜਾਏਗਾ, ਫਿਰ ਕਿਤੇ ਵੀ ਮੈਲ ਨਹੀਂ ਰਹਿਣੀ ਮਨ ਕੀ, ਤਨ ਦੇ ਵਿੱਚ ਵੀ ਮੈਲ ਨਹੀਂ ਰਹਿਣੀ। ਇਹਦਾ ਤਨ ਔਰ ਮਨ ਸਾਰਾ ਹੀ ਪਵਿੱਤਰ ਹੋ ਜਾਣਾ ਹੈ ਜਦੋਂ ਉਹ ਅਬਿਨਾਸੀ ਪ੍ਰਮੇਸ਼ਰ ਦਾ ਤੂੰ ਭਜਨ ਕਰੇਂਗਾ।

## ਗੁਣ ਨਿਧਾਨ ਭਗਤਨ ਕਉ ਬਰਤਨਿ

ਵਰਤਣ ਵਾਸਤੇ ਪ੍ਰਮੇਸ਼ਰ ਦਾ ਨਾਮ ਆਪ ਜਪਣ ਤੇ ਦੁਨੀਆਂ ਨੂੰ ਜਪਾਉਣ ਉਹੀ ਭਗਤ ਹੈ, ਪ੍ਰਮੇਸ਼ਰ ਦੇ ਨਾਮ ਦਾ ਰਸ ਆਪ ਛਕਣ ਤੇ ਦੂਜਿਆਂ ਨੂੰ ਛਕਾਉਣਾ, ਏਸ ਵਾਸਤੇ ਹੈ ਪ੍ਰਮੇਸ਼ਰ ਭਗਤਾਂ ਦੇ ਕੋਲ। ਤਾਂ ਏਸ ਲਕਸ਼ ਦੀ ਪੂਰਣਤਾ, ਬਿਨਾਂ ਸਤਿਗੁਰੂ ਦੀ ਕਿਰਪਾ ਤੋਂ ਭਾਈ ਨਹੀਂ ਹੁੰਦੀ। ਕਿ ਪ੍ਰਮੇਸ਼ਰ ਦਾ ਨਾਮ, ਰਸ ਰੂਪ ਹੋ ਜਾਏ, ਉਹ ਸਾਡਾ ਵਰਤਣ ਵਾਲੇਵਾ ਸੰਸਾਰ ਦੇ ਵਿੱਚ ਹੋ ਜਾਏ, ਭਾਵ ਸੰਸਾਰ ਵਿੱਚ ਕੰਮ ਕਾਜ ਕਰਦੇ ਹੋਏ ਅਸੀਂ ਪ੍ਰਮੇਸ਼ਰ ਦੇ ਨਾਮ ਨੂੰ ਨਾ ਭੁਲੀਏ। ਉਠਦਿਆਂ ਸਾਰ ਹੀ ਪਹਿਲਾਂ ਕੰਮ ਜੀਵਨ ਦੇ ਵਿੱਚ ਦਿਨ ਦੇ ਵਿੱਚ, ਪ੍ਰਮੇਸ਼ਰ ਦੇ ਨਾਮ ਜਪਣ ਦਾ ਹੈ। ਪਰ ਇਹ ਆਪਾਂ ਹੁਣ ਦੇਖੀਏ, ਝਾਤੀ ਮਾਰੀਏ, ਸਵੇਰੇ ਉਠਦੇ ਹਾਂ ਤਾਂ ਸਵੇਰੇ ਉਠਦਿਆਂ ਨਾਮ ਚਲਦਾ, ਨਾਮ ਸਿਮਰਨ ਹੁੰਦਾ ਹੈ, ਜੋ ਕੰਮ ਪ੍ਰਮੇਸ਼ਰ ਵੱਲੋਂ ਲਾਇਆ ਗਿਆ ਹੈ ਉਹ ਹੋ ਰਿਹਾ ਹੈ ਕਿ ਨਹੀਂ, ਕਿ ਜੋ ਕੰਮ ਆਪਣੀ ਮਰਜ਼ੀ ਦੁਆਰਾ ਅਸੀਂ ਕਰਨੇ ਚਾਹ ਰਹੇ ਹਾਂ, ਸੰਸਾਰ ਦੇ ਵਿੱਚ ਉਹਨਾਂ ਦਾ ਹੀ ਚਿੰਤਨ ਚਲਦਾ ਰਹਿੰਦਾ ਹੈ। ਪਰ ਸ਼ਾਇਦ ਮਨੋ ਜੋ ਸ਼੍ਰਿਸ਼ਟੀ ਅਸੀਂ ਬਣਾਈ ਹੈ, ਰਚੀ ਹੈ, ਰਚਣੀ ਚਾਹ ਰਹੇ ਹਾਂ ਉਸਦਾ ਹੀ ਚਿੰਤਨ ਚਲਦਾ ਹੈ। ਤੇ ਆਏ ਗੁਰੂ ਕੋਲ ਏਸ ਵਾਸਤੇ ਹਾਂ ਕਿ ਚਿੰਤਨ ਉਹਦਾ ਚਲੇ ਜਿਹੜਾ ਰੱਚਿਅਤਾ ਹੈ, ਜਿਹੜਾ ਕਰੀਏਟਰ (Creator) ਹੈ, ਜਿਹੜਾ ਬਣਾਉਣ ਵਾਲਾ ਹੈ, ਪ੍ਰਮਾਤਮਾ ਹੈ, ਜਿਹੜਾ ਅਬਿਨਾਸੀ ਹੈ।

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥**

*(ਗਉ ਵਾਰ, ਪੰਨਾ–੩੦੫)*

ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਮਹਾਰਾਜ ਜੀਆਂ ਦੇ ਗੁਰਦੇਵ ਕਹਿ ਰਹੇ ਨੇ, ਤੇ ਅਰਜਨ ਗੁਰੂ ਤਾਂ ਹੀ ਬਣੇ ਨੇ ਜਦੋਂ ਗੁਰਦੇਵਾਂ ਦੇ ਬਚਨ ਉਹਨਾਂ ਨੇ ਮੰਨੇ ਨੇ, ਤੇ ਜੇ ਬਚਨ ਮੰਨੇ ਨੇ ਤਾਂ ਇਹਦਾ ਮਤਲਬ ਉਠਦਿਆਂ ਸਾਰ ਉਹਨਾਂ ਨੇ ਨਾਮ ਜਪਿਆ ਹੈ, ਉਹ ਆਪ ਹੀ ਤਾਂ ਇਹਨੂੰ ਡਿਫਾਈਨ (Define) ਕਰ ਰਹੇ ਨੇ, ਗੁਰੂ ਸਿਖ ਨੂੰ—

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥**

ਪਹਿਲਾ ਕੰਮ ਪ੍ਰਮੇਸ਼ਰ ਦੇ ਨਾਮ ਜਪਣ ਦਾ ਹੈ ਉਠਦਿਆਂ ਸਾਰ, ਤੇ ਜੇ ਉਠਦਿਆਂ ਸਾਰ ਪ੍ਰਮੇਸ਼ਰ ਦੇ ਨਾਮ ਦਾ ਧਿਆਨ ਭਾਈ ਸਾਡਾ ਠੀਕ ਪੱਕਾ ਹੋ ਜਾਂਦਾ, ਤੇ ਦਿਨ ਭਰ ਅਸੀਂ ਆਪਣਾ ਕਾਰੋਬਾਰ ਕਰਾਂਗੇ ਉਦੋਂ ਪ੍ਰਮੇਸ਼ਰ ਦਾ ਭੈਅ ਮਨ ਵਿੱਚ ਰਹੇਗਾ, ਪ੍ਰਮੇਸ਼ਰ ਦਾ ਪਿਆਰ ਰਹੇਗਾ ਤੇ ਸੌਂਦਿਆਂ ਫਿਰ ਪ੍ਰਮੇਸ਼ਰ ਦਾ ਸ਼ੁਕਰਾਨਾ ਕਰਦੇ ਹੋਏ ਉਸ ਚਿੰਤਨ ਵਿੱਚ ਸੌਂ ਜਾਵਾਂਗੇ, ਫਿਰ ਪ੍ਰਮੇਸ਼ਰ ਦੂਰ ਨਹੀਂ ਹੈਂਗਾ, ਉਸ ਜਨ ਤੋਂ ਗੁਰੂ ਦੂਰ ਨਹੀਂ ਹੈਗਾ। ਉਸ ਜਨ ਤੋਂ ਫੇਰ ਗੁਰੂ ਪ੍ਰਮੇਸ਼ਰ ਭਾਈ ਹਮੇਸ਼ਾਂ ਉਹਦੇ ਨਾਲ ਹੈ, ਉਹਦੇ ਅੰਗ ਸੰਗ ਹੈ, ਪਰ ਜੇ ਨਾਮ ਦੇ ਨਾਲ ਧਿਆਨ ਜੁੜੇ ਤਾਂ। ਅੰਮ੍ਰਿਤ ਵੇਲੇ ਉੱਠ ਕਰਕੇ ਆਪਾਂ ਨੇ ਦੇਖਣਾ ਹੈ, ਵਾਚਣਾ ਹੈ, ਜੋ ਆਪਾਂ ਸੁਣਦੇ ਹਾਂ ਪਰ ਅਜੇ ਸ਼ਾਇਦ ਇੰਨਾ ਅਭਿਆਸ ਹੋ ਨਹੀਂ ਰਿਹਾ ਏਸ ਪਾਸੇ। ਸੁਣਨ ਦਾ ਸ਼ੌਕ ਜਾਗ ਰਿਹਾ ਹੈ, ਪਰ ਸੁਣਨ ਤੋਂ ਬਾਅਦ ਮੰਨਣ ਦਾ ਸ਼ੌਕ ਜਿਹੜਾ ਹੈ ਉਹ ਨਹੀਂ ਜਾਗਿਆ। ਜਦੋਂ ਮੰਨਣ ਦਾ ਸ਼ੌਕ ਜਾਗ ਗਿਆ ਫੇਰ ਤਾਂ **ਸੁਣਿਆ ਮੰਨਿਆ ਮਨਿ ਕੀਤਾ ਭਾਉ॥ ਅੰਤਰਗਤਿ ਤੀਰਥਿ ਮਲਿ ਨਾਉ॥**

ਤਾਂ ਤੇ ਪ੍ਰਮੇਸ਼ਰ ਸਵਰੂਪ ਹੀ ਹੈ, ਤਾਂ ਤੇ ਪ੍ਰਮੇਸ਼ਰ ਸਾਡੇ ਤੋਂ ਅਲੱਗ ਹੈ ਹੀ ਨਹੀਂ, ਪਰ ਅਸੀਂ ਤਾਂ ਉਹਨੂੰ ਅਜੇ ਅਲੱਗ ਪਏ ਮੰਨਦੇ ਹਾਂ, ਕਿਤੇ ਹੋਰ ਹੈ ਵੇਲੇ ਕੁਵੇਲੇ ਉਹਨੂੰ ਸਦਦੇ ਹਾਂ, ਜਦੋਂ ਕੋਈ ਦੁੱਖ ਦੀ ਘੜੀ ਆਈ ਜਾਂ ਸੁੱਖ ਦੀ ਘੜੀ ਵਿੱਚ ਵੀ ਸੱਦਦੇ ਹਾਂ, ਉਹ ਵੀ ਆਪਣੀ ਗਰਜ ਵਾਸਤੇ, ਕਿ ਜਿਹੜਾ ਸੁੱਖ ਅਸੀਂ ਆਪਣੀ ਕਲਪਣਾ ਦੇ ਮੁਤਾਬਿਕ ਉਸ ਹਰਕਤ ਦੇ ਵਿੱਚ, ਉਸ ਕਿਰਿਆ ਦੇ ਵਿੱਚ ਮੰਨਦੇ ਹਾਂ ਉਹ ਮਿਲ ਜਾਏ ਸਾਨੂੰ, ਏਸ ਵਾਸਤੇ ਉਸਨੂੰ ਯਾਦ ਕਰਦੇ ਰਹੇ ਹਾਂ। ਸਮਝੋ ਅੱਜ ਜਿਵੇਂ ਸ਼ਾਦੀ ਦਾ ਮੌਕਾ ਹੈ ਤਾਂ ਉਹ ਇਸ ਵਾਸਤੇ ਕਿ ਉਹ ਯਾਨੀ ਸੌਖੀ ਹੋ ਜਾਏ, ਉਹਦੇ ਪਿਛੇ ਵੀ ਆਪਣਾ ਸੁੱਖ ਹੈ ਤਾਂ ਜੇ ਸੁੱਖ ਵਾਸਤੇ ਕੀਤਾ ਜਾਂ ਦੁੱਖ ਵਾਸਤੇ ਕੀਤਾ, ਭਾਵ ਸੰਸਾਰ ਵਾਸਤੇ ਹੀ ਉਹਨੂੰ ਯਾਦ ਕੀਤਾ, ਇਹਦਾ ਮਤਲਬ ਸੰਸਾਰ ਨੂੰ ਸਤਿ ਮੰਨਿਆ ਹੈ, ਤੇ ਜੇ ਸੰਸਾਰ ਨੂੰ ਹੀ ਸਤਿ ਮੰਨਿਆ ਹੈ ਤਾਂ ਗੁਰੂ ਦੀ ਸ਼ਰਣ ਚਰਣ ਕੀ ਲਈ? ਸੰਸਾਰ ਤਾਂ ਮਹਾਰਾਜ ਕਹਿੰਦੇ ਨੇ।

**ਇਹੁ ਜਗੁ ਧੂਏ ਕਾ ਪਹਾਰ॥ ਤੈ ਸਾਚਾ ਮਾਨਿਆ ਕਿਹ ਬਿਚਾਰਿ॥**

*(ਬਸੰਤੁ ਮ: ੯, ਪੰਨਾ—੧੧੮੬)*

ਪਰ ਇਹ ਵੀ ਤਾਂ ਇਕ ਗਲਤ ਹੈ ਕਿ ਹੁਣ ਸ਼ੁਭ ਘੜੀ ਵਿੱਚ ਗੁਰੂ ਮਹਾਰਾਜ ਜੀ ਦਾ ਨਾਂ ਓਟ ਆਸਰਾ ਲੈਂਦੇ, ਜਾਂ ਦੁੱਖ ਵਿੱਚ ਨਾ ਲਈਏ, ਸੁੱਖ ਦੁੱਖ ਵੇਲੇ ਲੈਣਾ ਹੈ, ਤਾਂ ਪਰ ਇਹ ਲੈ ਕਰਕੇ ਇਥੋਂ ਆਪਣੀ ਜੀਵਨ ਦੀ ਸੇਧ ਲੈਣੀ ਹੈ, ਕਿ ਜਿਹੜੇ ਸਾਡੇ ਸੁੱਖਾਂ ਦੇ ਵਿੱਚ ਵੀ ਸੁੱਖ ਰੂਪ ਆਪ ਹੈ, ਅਤੇ ਦੁੱਖਾਂ ਦੇ ਵਿੱਚ ਵੀ ਦੁੱਖ ਨੂੰ ਕੱਟ ਕੇ ਸੁੱਖ ਆਪ ਦੇਣ ਵਾਲਾ ਹੈ, ਉਹ ਸੁੱਖ ਸਰੂਪ ਨੂੰ ਆਪਾਂ ਨੇ ਭਾਈ ਜਾਣ ਲੈਣਾ ਹੈ, ਉਸ ਨੂੰ ਪਾ ਲੈਣਾ ਹੈ ਜਿਹੜਾ ਹਰ ਵੇਲੇ ਸਾਡੇ ਕੋਲ ਰਹੇ। ਵੇਲੇ ਕੁਵੇਲੇ ਉਹਨੂੰ ਕਿਉਂ ਸੱਦਣਾ ਹੈ ਨਿਰਾ, ਹਰ ਵੇਲੇ ਹੀ ਕਿਉਂ ਨਾ ਉਹਨੂੰ ਸਦ ਲਈਏ ਜੋ ਤਿਆਰ ਹੈ ਆਉਣ ਵਾਲਾ, ਜਦੋਂ ਦਾਤਾ ਆਉਣ ਨੂੰ ਤਿਆਰ ਹੈ, ਫੇਰ ਆਪਾਂ ਕਿਉਂ ਨਾ ਉਸ ਚੀਜ਼ ਨੂੰ ਗ੍ਰਹਿਣ ਕਰ ਲਈਏ, ਅਪਨਾ ਲਈਏ, ਧਾਰਨ ਕਰ ਲਈਏ ਜੀਵਨ ਦੇ ਵਿੱਚ, ਜੋ ਭਾਈ ਸੁਤੇ ਸਿਧ ਸਭ ਨੂੰ ਦੇ ਰਿਹਾ ਹੈ।

## ਬਿਰਲਾ ਪਾਵੈ ਕੋਈ॥

ਪਰ ਮਹਾਰਾਜ ਕਹਿੰਦੇ ਇਹ ਭਗਤੀ ਦੀ ਦਾਤ ਜੋ ਹੈ ਕੋਈ ਵਿਰਲਾ ਹੀ ਪਾਉਂਦਾ ਹੈ ਜਿਸ ਦੇ ਵੱਡੇ ਭਾਗ ਹੋਣ।

**ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥**
**ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥**

*(ਗਉ ਮ: ੫, ਪੰਨਾ-੨੦੪)*

ਸ਼ੁਭ ਕਰਮ, ਭਲੇ ਦੇ ਕਰਮ ਸੇਵਾ ਕੀਤੀ ਹੋਈ, ਦੂਜਿਆਂ ਨੂੰ ਸੁੱਖ ਦਿੱਤਾ ਹੋਇਆ, ਜਦੋਂ ਇਸ ਤਰ੍ਹਾਂ ਪੁੰਨ ਕਰਮ ਭਾਈ ਜਾਗਦੇ ਨੇ, ਪ੍ਰਮੇਸ਼ਰ ਦਾ ਹੁਕਮ ਹੁੰਦਾ ਹੈ ਉਹ ਫੇਰ ਅੰਕੁਰ ਫੁੱਟਦਾ ਹੈ, ਫੇਰ ਸੰਤ ਗੁਰੂ ਦੇ ਨਾਲ ਭਾਈ ਮਿਲਾਪ

ਹੁੰਦਾ ਹੈ। ਮਿਲਾਪ ਤਾਂ ਹੁਣ ਵੀ ਸਾਡਾ ਹੋ ਰਿਹਾ ਹੈ ਪਰ ਮਿਲਕੇ ਅਜੇ ਕੁਝ ਪਾਇਆ ਨਹੀਂ, ਜੋ ਪਾਉਣਾ ਚਾਹੁੰਦੇ ਹਾਂ ਜਾਂ ਪਾਉਣਾ ਸੀ। ਬਾਣੀ ਦੁਆਰਾ, ਗੀਤਾ ਦੁਆਰਾ, ਸਤਿਸੰਗ ਦੁਆਰਾ, ਮਹਾਂਪੁਰਸ਼ਾਂ ਦੁਆਰਾ ਜੋ ਦੱਸਿਆ ਜਾ ਰਿਹਾ ਹੈ ਇਹ ਅਜੇ ਪਾਇਆ ਨਹੀਂ, ਉਸ ਤੋਂ ਅਜੇ ਖਾਲੀ ਹਾਂ, ਉਸ ਤੋਂ ਵੰਚਿਤ ਹਾਂ, ਉਸ ਤੋਂ ਅਧੂਰੇ ਹਾਂ ਆਪਣੇ-ਆਪ ਨੂੰ ਮੰਨ ਰਹੇ ਹਾਂ। ਉਹ ਪੂਰਣ ਪਦ ਦੀ ਪ੍ਰਾਪਤੀ ਵਾਸਤੇ ਇਹ ਸ਼ੁੱਭ ਕਰਮ ਫੁਟਦੇ ਨੇ ਤਾਂ ਮਹਾਂਪੁਰਸ਼ ਦਾ ਭਾਈ ਮਿਲਾਪ ਹੁੰਦਾ ਹੈ।

ਸੰਤਸੰਗਿ ਅੰਤਰਿ ਪ੍ਰਭੁ ਡੀਠਾ॥
ਨਾਮੁ ਪ੍ਰਭੂ ਕਾ ਲਾਗਾ ਮੀਠਾ॥

*(ਗਉ ਸੁ: ਮ: ੫ ਪੰਨਾ—੨੯੩)*

ਫੇਰ ਪ੍ਰਮੇਸ਼ਰ ਦਾ ਨਾਮ, ਉਹਦਾ ਸਿਮਰਨ, ਉਹਦੀ ਭਗਤੀ, ਉਹਦਾ ਧਿਆਨ, ਉਹਦਾ ਰਸ, ਉਹਦਾ ਰੂਪ ਹੋ ਜਾਂਦਾ ਹੈ, ਉਹ ਆਪਣੇ ਆਪ ਫੇਰ ਭਾਈ ਪ੍ਰਗਟ ਹੁੰਦਾ ਹੈ।

## ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭੁ ਸੋਈ॥

ਹੇ ਮੇਰੇ ਮਨ ਪੰਚਮ ਪਾਤਸ਼ਾਹ ਆਪਣੇ ਮਨ ਦੁਆਰਾ ਸਾਨੂੰ ਉਪਦੇਸ਼ ਕਰਦੇ ਨੇ, ਸਾਡੇ ਤੇ ਬਖਸ਼ਿਸ਼ ਕਰਦੇ ਨੇ, ਸਾਡੇ ਤੇ ਰਹਿਮਤ ਕਰਦੇ ਨੇ ਪਰ ਆਪਣੇ ਮਨ ਦੁਆਰਾ, ਉੱਤਮ ਪੁਰਖ ਦੁਆਰਾ। ਇਹ ਸ਼ੈਲੀ ਨੂੰ ਮਹਾਨ ਗਿਣਿਆ ਗਿਆ ਹੈ, ਵਧੀਆ ਗਿਣਿਆ ਗਿਆ ਹੈ, ਕਿਸੇ ਨੂੰ ਕਹਿਣਾ ਕਿ ਤੂੰ ਇੰਝ ਕਰ, ਕਿਸੇ ਨੂੰ ਕਹਿਣਾ ਤੂੰ ਜਪ ਕਰ। ਨਹੀਂ, ਆਪਣੇ-ਆਪ ਨੂੰ ਜਾਪ ਦੇ ਵਿੱਚ ਲਾ ਲੈਣਾ, ਦੂਜਾ ਆਪੇ ਲੱਗ ਜਾਊਂ। ਮਹਾਂਪੁਰਸ਼ਾਂ ਨੇ ਆਪਣੇ-ਆਪ ਨੂੰ ਗੁਰੂ ਕਿਰਪਾ ਦੇ ਨਾਲ ਆਤਮਾ ਨਾਲ, ਪਰਮਾਤਮਾ ਨਾਲ ਜੋੜਿਆ, ਇੱਕ-ਮਿੱਕ ਹੋਏ, ਆਤਮਾ ਪਰਮਾਤਮਾ ਦੀ ਏਕਤਾ ਦਾ ਬੋਧ ਹੋਇਆ, ਤਾਂ ਉਸ ਦੀ ਸੁਗੰਧ ਉਸ ਤੋਂ ਸੁੱਖ ਅਸੀਂ ਸੁਤੇ ਹੀ ਲੈ ਰਹੇ ਹਾਂ। ਇਹ ਨਹੀਂ ਕਿ ਮਹਾਂਪੁਰਸ਼ਾਂ ਨੇ ਸਾਨੂੰ ਵਿਸ਼ੇਸ਼ ਕਰਕੇ ਦਿੱਤਾ, ਉਹ ਦੇਣਾ ਤਾਂ ਉਨ੍ਹਾਂ ਦਾ ਸੁਭਾਅ ਹੀ ਹੋ ਗਿਆ ਸੀਗਾ, ਹੋਰ ਉਨ੍ਹਾਂ ਨੇ ਦੁੱਖ ਥੋੜ੍ਹਾ ਦੇਣਾ ਸੀ ਮਹਾਂਪੁਰਸ਼ਾਂ ਨੇ। ਨਾ ਦੁੱਖ ਦਿੰਦੇ ਨੇ, ਉਹ ਤਾਂ ਸੁੱਖ ਦਿੰਦੇ ਨੇ, ਸੁੱਖ ਰੂਪ ਹੋ ਗਏ ਹੁੰਦੇ ਨੇ। ਬਗੀਚੇ ਵਿੱਚ ਫੁੱਲ ਖਿੜੇ ਨੇ, ਉਹ ਇਹ ਨਹੀਂ ਕਿ ਸੁਗੰਧ ਦੇ ਰਹੇ ਨੇ, ਉਹ ਹੈ ਹੀ ਸੁਗੰਧ। ਸੁਗੰਧ ਕੋਈ ਵਿਸ਼ੇਸ਼ ਕਰ ਕੇ ਨਹੀਂ ਦੇ ਰਹੇ, ਜੇ ਵਿਸ਼ੇਸ਼ ਕਰ ਕੇ ਸੁਗੰਧ ਫੁੱਲ ਦਿੰਦਾ ਹੋਵੇ ਤਾਂ ਪਹਿਲਾਂ ਦੇਖੋ ਕਿ ਮੇਰੇ ਕੋਲ ਲੈਣ ਵਾਲਾ ਖੜਾ ਵੀ ਹੈ ਕਿ ਮੈਂ ਸੁਗੰਧ ਦੇ ਰਿਹਾ ਹੈ। ਪਰ ਜੇ ਅਸੀਂ ਨਹੀਂ ਵੀ ਹੁੰਦੇ ਤਾਂ ਵੀ ਦੇਈ ਜਾ ਰਿਹਾ ਹੈ ਇਹ ਸੁਗੰਧ ਤੇ। ਬਗੀਚੇ ਵਿੱਚ ਸੁਗੰਧ ਤਾਂ ਨਿਰੰਤਰ ਹੈ। ਏਸੇ ਤਰ੍ਹਾਂ ਬ੍ਰਹਮ ਗਿਆਨੀ ਜਿਹੜਾ ਹੈ ਭਾਈ ਉਹ ਤਾਂ ਸੁੱਖ ਰੂਪ ਹੈ। **ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥**

ਉਹ ਤਾਂ ਸਹਜੇ ਸੁੱਤੇ ਹੀ ਸੁੱਖ ਦੇ ਹੀ ਰਿਹਾ ਹੈ, ਸੁੱਖ ਉਸ ਤੋਂ ਨਿਕਲ ਹੀ ਰਿਹਾ ਹੈ। ਉਹ ਤਾਂ ਝਰਨਾ ਜਿਵੇਂ ਫੁੱਟਦਾ ਹੈ ਪਹਾੜਾਂ ਵਿੱਚੋਂ ਤਾਂ ਦਿਨ ਰਾਤ ਉਹ ਪਾਣੀ ਨਿਕਲਦਾ ਜਾ ਰਿਹਾ ਹੈ ਉਥੋਂ, ਪਰ ਜਿਹੜਾ ਮੋਟਰ ਹੈ ਜਾਂ ਨਲਕਾ ਹੈ ਇੱਥੇ ਦਿਨ ਰਾਤ ਨਹੀਂ, ਇੱਥੇ ਬਟਨ ਦਬੋਗੇ ਜਾਂ ਨਲਕਾ ਚਲਾਉਣਗੇ ਤਾਂ ਪਾਣੀ ਨਿਕਲੇਗਾ, ਉਹ ਵੀ ਕਦੇ ਵਧੇਗਾ ਕਦੇ ਘਟੇਗਾ, ਕਦੇ ਕਿਵੇਂ ਹੋਏਗਾ ਤਾਂ ਨਿਰੰਤਰ ਨਹੀਂ ਰਹੇਗਾ। ਝਰਨਾ ਨਿਰੰਤਰ ਰਹੇਗਾ, ਝਰਨਾ ਸਹਜੇ ਸੁਤੇ ਆਪਣਾ-ਆਪ। ਐਸੇ ਤਰ੍ਹਾਂ ਮਹਾਂਪੁਰਸ਼ ਬ੍ਰਹਮ ਗਿਆਨੀ ਜਨ ਜਿਹੜੇ ਨੇ, ਸਹਜੇ ਸੁਤੇ ਉਹਨਾਂ ਦੇ ਇੰਦਰੇ ਉਹਨਾਂ ਦਾ ਜਿਹੜਾ ਸਰੀਰ ਹੈ ਭਾਈ ਉਹ ਕੰਮ ਕਰਦੇ ਨੇ, ਤੇ ਭਲੇ ਦਾ ਕੰਮ ਕਰਦੇ ਨੇ, ਤੇ ਜਿਹੜਾ ਵੀ ਇਨਸਾਨ ਜਿਸ ਤੋਂ ਵੀ ਭਲੇ ਦਾ ਕੰਮ ਹੋ ਰਿਹਾ ਹੈ, ਉਹੀ ਜਾਣੋ ਮਹਾਂਪੁਰਸ਼ ਹੈ, ਜਿਹੜਾ ਆਪ ਸੁੱਖ ਮਾਣ ਰਿਹਾ ਹੈ ਤੇ ਦੂਜਾ ਉਹ ਤੋਂ ਸੁੱਖੀ ਹੋ ਰਿਹਾ ਹੈ ਬੱਸ ਇੰਨੀ ਗਲ, ਫੁੱਲ ਆਪ ਸੁਗੰਧ ਨਾਲ ਭਰਿਆ ਹੈ ਤੇ ਦੂਜੇ ਨੂੰ ਦੇ ਰਿਹਾ ਹੈ। ਇਸੇ ਤਰ੍ਹਾਂ ਹੀ ਮਹਾਂਪੁਰਸ਼ ਆਪ ਸੁਖ ਸਵਰੂਪ ਹੈ ਤੇ ਦੂਜੇ ਨੂੰ ਵੀ ਭਾਵ ਉਸ ਕੁਦਰਤ ਨੂੰ ਵੀ ਸੁੱਖ ਪ੍ਰਦਾਨ ਕਰ ਰਿਹਾ ਹੈ। ਏਸ ਤਰ੍ਹਾਂ ਪਰਮਾਤਮਾ ਕੁਦਰਤ ਨੂੰ ਸੁੱਖ ਪ੍ਰਦਾਨ ਕਰ ਰਿਹਾ ਹੈ, ਸਾਨੂੰ ਤੁਹਾਨੂੰ ਸੁੱਖ ਪ੍ਰਦਾਨ ਕਰ ਰਿਹਾ ਹੈ, ਉਹ ਸੁੱਖ ਦੀ ਮਾੜੀ ਜਿਹੀ ਭਿਣਕ ਕਰਕੇ ਹੀ ਆਪਾਂ ਚਾਹੁੰਦੇ ਹਾਂ ਕਿ ਆਪਾਂ ਨੂੰ ਸੁੱਖ ਮਿਲੇ, ਪਰ ਅਜੇ ਵੱਲ ਨਹੀਂ ਪਿਆ ਆਉਂਦਾ, ਜਾਂਚ ਨਹੀਂ ਪਈ ਆਉਂਦੀ, ਕਿ ਉਹ ਕਿਵੇਂ ਮਿਲੇ, ਕਿਵੇਂ ਧਾਰਨ ਕਰੀਏ, ਏਸ ਪਾਸੇ ਨਹੀਂ ਅਜੇ ਤੁਰੇ। ਸੁੱਖ ਚੰਗਾ ਤਾਂ ਲੱਗਦਾ ਪਿਆ,

ਖੁਸ਼ਬੂ ਚੰਗੀ ਤਾਂ ਲੱਗੀ ਹੈ, ਪਰ ਬਗੀਚੇ ਵਿੱਚ ਜਾਣਾ ਪੈਣਾ ਹੈ, ਉਹਦੇ ਕੋਲ ਜਾਣਾ ਪੈਣਾ ਬਗੀਚੇ ਵਿੱਚ, ਫੁੱਲਾਂ ਵਿੱਚ, ਖੁਸ਼ਬੂ ਤਾਂ ਹੈ ਹੀ, ਤਾਂ ਇਹ ਸੰਸਾਰ ਦੇ ਵਿੱਚ ਪਰਮਾਤਮਾ ਦਾ ਸੁੱਖ ਵਿਛਾਇਆ ਹੋਇਆ ਹੈ। **ਸਭਹੁ ਕੋ ਰਸ ਹਰਿ ਹੋ॥**

ਹਰੀ ਪ੍ਰਮੇਸ਼ਰ ਦਾ ਰਸ ਕਣ ਕਣ ਦੇ ਵਿੱਚ ਹੈ, ਹਰ ਥਾਂ ਤੇ ਹੈ, ਔਰ ਸੁੱਖ ਸਰੂਪ ਆਪਣਾ-ਆਪ ਹੈ, ਏਸ ਵਾਸਤੇ ਬਾਹਰਲਾ ਵੀ ਸੁੱਖ ਚੰਗਾ ਪਿਆ ਲੱਗਦਾ ਜੇ। ਉਹ ਸੁੱਖ ਸਰੂਪ ਆਪਣਾ-ਆਪ ਨਾ ਹੁੰਦਾ ਤਾਂ ਬਾਹਰਲਾ ਸੁੱਖ ਸਾਨੂੰ ਚੰਗਾ ਨਹੀਂ ਸੀ ਲੱਗਣਾ, ਜਿਵੇਂ ਕਿ ਬਾਹਰਲਾ ਦੁੱਖ ਸਾਨੂੰ ਚੰਗਾ ਨਹੀਂ ਲੱਗਦਾ, ਦੁੱਖ ਸੁੱਖ ਸਾਰੇ ਬਾਹਰ ਹੀ ਨੇ ਅੰਦਰ ਨਹੀਂ। ਅੰਦਰ ਤਾਂ ਭਾਈ ਅੰਮ੍ਰਿਤ ਭਰਿਆ ਹੈ, ਅੰਦਰ ਤਾਂ ਸੁੱਖ ਰੂਪ ਪ੍ਰਮੇਸ਼ਰ ਹੈ, ਅੰਦਰ ਤਾਂ ਸਤ ਚਿਤ ਆਨੰਦ ਹੈ ਤੇ ਬਾਹਰ ਵੀ ਸਾਨੂੰ ਉਹੀ ਚੀਜ਼ ਠੀਕ ਲੱਗਦੀ ਹੈ, ਉਹੀ ਭਾਉਂਦੀ ਹੈ ਜਿਹੜੀ ਅੰਦਰਲੇ ਭਾਵ ਨਾਲ ਤਾਲ ਮੇਲ ਖਾ ਜਾਂਦੀ ਹੈ। ਜੇ ਅੰਦਰ ਸਾਡਾ ਦੁੱਖ ਰੂਪ ਹੁੰਦਾ, ਸਾਡਾ ਸਰੂਪ ਦੁੱਖ ਰੂਪ ਹੁੰਦਾ, ਪ੍ਰਮੇਸ਼ਰ ਤੋਂ ਅਲੱਗ ਕੋਈ ਹੋਰ ਹੀ, ਭਾਵ ਅਸੀਂ ਪ੍ਰਮੇਸ਼ਰ ਤੋਂ ਅਲੱਗ ਕੁਝ ਹੁੰਦੇ ਤਾਂ ਸਾਨੂੰ ਬਾਹਰਲੇ ਦੁੱਖ ਚੰਗੇ ਲੱਗਣੇ ਚਾਹੀਦੇ ਸਨ। ਹੁਣ ਬਾਹਰਲੇ ਦੁੱਖ ਚੰਗੇ ਨਹੀਂ ਲੱਗਦੇ, ਬਾਹਰੋਂ ਸਾਨੂੰ ਸੁੱਖ ਚੰਗੇ ਲੱਗਦੇ ਨੇ, ਭਾਵ ਅਸੀਂ ਚਾਹੁੰਦੇ ਹਾਂ, ਕਿਉਂਕਿ ਪ੍ਰਮਾਤਮਾ ਸੁੱਖ ਰੂਪ ਹੈ, ਆਤਮਾ ਸੁੱਖ ਰੂਪ ਹੈ, ਸੁੱਖ ਰੂਪ ਆਪਣਾ-ਆਪ ਹੈ ਪਰ ਏਸ ਗੱਲ ਦਾ ਅਜ ਵੀ ਨਿਸ਼ਚਾ ਨਹੀਂ ਆ ਰਿਹਾ, ਤੇ ਜਦੋਂ ਇਹਦੀ ਵਿਚਾਰ ਐਨ ਠੀਕ ਹੋ ਜਾਂਦੀ ਹੈ ਫੇਰ ਇਹਨੂੰ ਨਿਸ਼ਚਾ ਆ ਜਾਂਦਾ ਹੈ, ਕਿ ਹਾਂ ਮੇਰਾ ਤਾ ਸਰੂਪ ਇਹੀ ਹੈ, ਤੇ ਜਦੋਂ ਆਪਣੇ ਸਰੂਪ ਦਾ ਠੀਕ ਬੋਧ ਹੋ ਗਿਆ ਤਾਂ ਮਹਾਰਾਜ ਕਹਿੰਦੇ ਕਿ ਉਹ ਜਨ ਭਾਈ ਵਿਰਲੇ ਨੇ, ਉਹ ਪ੍ਰਮੇਸ਼ਰ ਗੁਰੂ ਦੀ ਕਿਰਪਾ ਦੇ ਨਾਲ ਕਿਉਂਕਿ ਲੱਖਤਾ ਹੋਈ ਹੈ, ਤੇ ਗੁਰੂ ਚਰਣਾ ਵਿੱਚ ਤਾਂ ਕੋਈ ਵਿਰਲੇ ਹੀ ਆਉਂਦੇ ਨੇ, ਬਾਕੀ ਤਾਂ ਸੰਸਾਰ ਦੇ ਕੋਲ ਹੀ ਜਾ ਰਹੇ ਨੇ, ਜੇ ਗੁਰੂ ਪ੍ਰਮੇਸ਼ਰ ਕੋਲ ਆ ਰਹੇ ਨੇ ਤਾਂ ਵੀ ਸੰਸਾਰ ਵਾਸਤੇ ਹੀ ਆ ਰਹੇ ਨੇ, ਇਸ ਤੋਂ ਅੱਗੇ ਲੰਘਣਾ ਵੀ ਨਹੀਂ ਚਾਹੁੰਦੇ ਆਪਾਂ। ਪਰ ਏਸ ਤੋਂ ਅੱਗੇ ਕਿੰਨਾਂ ਕੁਝ ਹੈ, ਇਹ ਸੰਸਾਰ ਇੰਨਾਂ ਹੈ ਕੋਈ? ਇੱਥੇ ਹੀ ਬੱਸ ਨਹੀਂ ਰੋਜ਼ ਪੜ੍ਹਾਂਗੇ।

**ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ**

*(ਸੋ: ਮ: ੪, ਪੰਨਾ—੬੧੨ )*

**ਧਰਤੀ ਹੋਰੁ ਪਰੈ ਹੋਰੁ ਹੋਰੁ॥**

*(ਜਪੁ : ਪੰਨਾ—੩)*

**ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥**

*(ਜਪੁ : ਪੰਨਾ—੫)*

ਪਰ ਅਸੀਂ ਏਸ ਸੰਸਾਰ ਦੇ ਵਿੱਚ ਹੀ ਹੱਥ ਪੈਰ ਮਾਰਦੇ ਰਹਿੰਦੇ ਹਾਂ, ਬੱਸ ਬਈ ਆਹ ਮਿਲ ਜਾਏ। ਇਹੋ-ਜਿਹੇ ਤਾਂ ਕਿੰਨੇ ਸੰਸਾਰ, ਕਿੰਨੀਆਂ ਕੁਦਰਤਾਂ ਇੱਕ ਸੰਕਲਪ ਮਾਤਰ ਦੇ ਵਿੱਚ ਬਣੀਆਂ ਪਈਆਂ ਨੇ, ਪਰ ਜਿਸ ਸੰਕਲਪ, ਸਤ ਸੰਕਲਪ, ਜਿਸ ਪ੍ਰਮੇਸ਼ਰ ਦੇ ਹਨ ਉਸ ਪ੍ਰਮੇਸ਼ਰ ਨੂੰ ਤੂੰ ਪਾ। ਉਸ ਅਧਿਸਠਾਨ ਨੂੰ ਤਾਂ, ਯਾਨੀ ਇਕ ਕਿਰਣ ਨੂੰ ਤੂੰ ਨਾ ਪਕੜ, ਸੂਰਜ ਨੂੰ ਤੂੰ ਪਕੜ। ਜੇ ਕਿਰਣ ਦੇ ਨਾਲ ਤੂੰ ਖੁਸ਼ ਹੋ ਰਿਹਾ ਹੈਂ ਤੇਰੀਆਂ ਖੇਤੀਆਂ ਪੱਕ ਰਹੀਆਂ ਨੇ, ਤੇਰੇ ਸਾਰੇ ਸੁੱਖ ਇੱਥੇ ਤੈਨੂੰ ਦੇ ਰਿਹਾ ਹੈ, ਤਪਸ ਦੇ ਰਿਹਾ, ਪ੍ਰਕਾਸ਼ ਦੇ ਰਿਹਾ, ਸਰਦੀ ਦੇ ਵਿੱਚ ਕਿੰਨਾ ਵਧੀਆ ਲੱਗਦਾ ਤੇ ਗਰਮੀ ਦੇ ਵਿੱਚ ਵੀ, ਕਿਉਂਕਿ ਫਸਲਾਂ ਪਕਦੀਆਂ ਨੇ ਇਹਦੇ ਨਾਲ, ਜੇ ਉਹ ਕਿਰਣਾਂ ਚੰਗੀਆਂ ਲੱਗਦੀਆਂ ਨੇ ਤਾਂ ਉਹ ਕਿਰਣਾਂ ਦੇ ਉਤੇ ਮਤ ਟਿਕ ਜਾ, ਕਿਰਣਾਂ ਕਿਥੋਂ ਆ ਰਹੀਆਂ ਨੇ? ਉੱਥੇ ਕਿੰਨਾਂ ਸੁੱਖ ਹੋਏਗਾ? ਇਹ ਤਾਂ ਇਕ ਨਮੂਨਾ ਮਾਤਰ ਹੈ। ਇਸ ਸੰਸਾਰ ਦੇ ਜਿਹੜੇ ਸੁੱਖ ਦੁੱਖ ਨੇ ਦੋਨੋਂ ਹੀ ਇੱਕ ਨਮੂਨਾ ਮਾਤਰ ਨੇ। ਇਹਨਾਂ ਸੁੱਖਾਂ ਦੇ ਵਿੱਚ ਨਹੀਂ ਅਟਕ ਜਾਣਾ ਭਾਈ ਏਸ ਤੋਂ ਅੱਗੇ ਇੱਕ ਮਹਾਨ ਸੁੱਖ ਹੈ, ਉਹ ਸੋਮਾ ਹੈ, ਉੱਥੇ ਆਪਾਂ ਨੇ ਪੁੱਜਣਾ ਹੈ, ਉੱਥੇ ਗੁਰੂ ਪਹੁੰਚਾ ਸਕਦਾ ਹੈ, ਤੇ ਹੋਰ ਕੋਈ ਨਹੀਂ ਪਹੁੰਚਾ ਸਕਦਾ। ਕਿਉਂਕਿ ਗੁਰੂ ਉੱਥੇ ਪਹੁੰਚਿਆ ਹੁੰਦਾ ਹੈ, ਗੁਰੂ ਉੱਥੇ ਖੜ੍ਹਾ ਹੁੰਦਾ ਹੈ, ਗੁਰੂ ਉੱਥੇ ਅਭੇਦ ਹੁੰਦਾ ਹੈ, ਉਹਦੇ ਕੋਲ ਤਾਂ ਦਾਤ ਹੀ ਉਹੀ ਹੈ, ਪਰ ਅਸੀਂ ਉਸ ਗੁਰੂ ਦੀ ਦਾਤ ਨੂੰ ਸੰਸਾਰ ਵਿੱਚ ਪਰਛਿੰਨ ਵਿੱਚ ਲੈ ਆਉਂਦੇ ਹਾਂ, ਭਾਵ ਉਸ ਨੂੰ ਨਹੀਂ ਪਾ ਰਹੇ, ਨਹੀਂ ਜਾਣ ਰਹੇ ਗੁਰੂ ਨੂੰ, ਅਜੇ ਤਾਂ ਗੁਰੂ ਨੂੰ ਜਾਣਨਾ ਹੈ ਭਾਈ, ਹਾਲਾਂਕਿ, ਜਦੋਂ ਜਾਨਣਾ ਹੈ ਉਦੋਂ ਜਾਨਣ ਵਾਲਾ ਅਲੱਗ ਨਹੀਂ ਰਹਿਣਾ। ਜਿਵੇਂ, ਭਾਈ ਲਹਿਣੇ ਨੇ ਜੇ ਗੁਰੂ ਨਾਨਕ ਨੂੰ, ਆਪਣੇ ਗੁਰੂ ਨੂੰ ਜਾਣ ਲਿਆ ਤਾਂ ਲਹਿਣਾ ਅਲੱਗ ਨਹੀਂ ਰਿਹਾ, ਲਹਿਣਾ ਤਾਂ ਉੱਥੇ ਗੁਰੂ ਅੰਗਦ ਹੋ ਗਿਆ। ਏਸੇ ਤਰ੍ਹਾਂ ਜੇ

ਗੁਰੂ ਨੂੰ ਅਸੀਂ ਕਹਿ ਦੇਈਏ ਜਾਨਣਾ ਹੈ, ਵਾਲਾ ਅਲੱਗ ਨਹੀਂ ਰਹਿਣਾ। ਜਿਵੇਂ, ਭਾਈ ਲਹਿਣੇ ਨੇ ਜੇ ਗੁਰੂ ਨਾਨਕ ਨੂੰ, ਆਪਣੇ ਗੁਰੂ ਨੂੰ ਜਾਣ ਲਿਆ ਤਾਂ ਲਹਿਣਾ ਅਲੱਗ ਨਹੀਂ ਰਿਹਾ, ਲਹਿਣਾ ਤਾਂ ਉੱਥੇ ਗੁਰੂ ਅੰਗਦ ਹੋ ਗਿਆ। ਏਸੇ ਤਰ੍ਹਾਂ ਜੇ ਗੁਰੂ ਨੂੰ ਅਸੀਂ ਕਹਿ ਦੇਈਏ ਜਾਨਣਾ ਹੈ, ਤਾਂ ਇਹ ਨਹੀਂ ਕਿ ਅਲੱਗ ਹੋ ਕਰਕੇ ਅਸੀਂ ਉਹਨੂੰ ਜਾਣਨਾ ਹੈ, ਉਹਨੂੰ ਆਪਣੇ ਨਾਲ, ਪਹਿਲਾਂ ਉਸਦਾ ਸ਼ਬਦ ਸਵਾਸ ਸਵਾਸ ਚੱਲੇ, ਉਸਦਾ ਸਿਮਰਨ ਚੱਲੇ, ਉਸਦਾ ਧਿਆਨ ਚੱਲੇ।

**ਗੁਰ ਕੀ ਮੂਰਤਿ ਮਨ ਮਹਿ ਧਿਆਨੁ॥**
**ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥**

*(ਗੋ: ਮ: ੫ ਪੰਨਾ—੮੬੪)*

ਫੇਰ ਜਾਨਣ ਵਾਲਾ ਕੀ ਤੇ ਜਾਣਿਆ ਗਿਆ ਕੀ? ਇਕ ਹੋ ਜਾਏਗਾ। ਦਰਸ਼ਨ ਕੀ, ਦ੍ਰਿਸ਼ਟਾ ਕੀ, ਦ੍ਰਿਸ਼ ਕੀ? ਇਕ ਰੂਪ ਹੋ ਜਾਏਗਾ।

**ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥**

*(ਅਨੰਦੁ ਸਾਹਿਬ : ਮ: ੩, ਪੰਨਾ—੯੨੨)*

ਚੀਨੀ ਕੀਹ, ਖਿਡੌਣੇ ਕੀਹ, ਇਕ ਰੂਪ ਹੋ ਜਾਣਗੇ। ਹੈਣ ਹੀ ਇਕ ਰੂਪ, ਭਰਮ ਦੀ ਨਵਿਰਤੀ ਹੋ ਜਾਏਗੀ। ਅਲਪ ਸੁੱਖ ਦੇ ਵਿੱਚ ਆਪਾਂ ਜਿਹੜੇ ਅਟਕੇ ਹੋਏ ਹਾਂ, ਇੱਥੋਂ ਭਾਈ ਆਪਣੇ ਮਨ ਨੂੰ ਵਿਚਾਰ ਦੇ ਨਾਲ ਅੱਗੇ ਲੈ ਜਾਣਾ ਹੈ, ਤੇ ਜਦ ਵਿਚਾਰ ਦੇ ਨਾਲ ਮਨ ਅੱਗੇ ਜਾਵੇਗਾ, ਉਦੋਂ ਮਨ ਇਹ ਨਹੀਂ ਰਹਿਣਾ ਭਾਵ, ਮੈਲਾ ਮਨ ਅਗੇ ਨਹੀਂ ਜਾ ਸਕਦਾ। ਪਵਿੱਤਰ ਮਨ ਨੇ ਹੀ ਅੱਗੇ ਜਾਣਾ ਹੈ, ਤੇ ਮਨ ਨੇ ਪਵਿੱਤਰ ਫਿਰ ਸਿਮਰਨ ਦੇ ਨਾਲ ਹੀ ਹੋਣਾ ਹੈ।

**ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥**
**ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥**

*(ਗਉ: ਸੁ: ਮ: ੫ ਪੰਨਾ—੨੬੩)*

ਤੇ ਜਿਨ੍ਹਾਂ ਜਨਾਂ ਦਾ ਮਨ ਭਾਈ ਪਵਿੱਤਰ ਹੋ ਗਿਆ, ਉਹ ਪਵਿੱਤਰ ਅਤਿ ਪਵਿੱਤਰ ਪ੍ਰਮਾਤਮਾ ਦੇ ਨਾਲ ਜਾ ਮਿਲੇ। ਉਹ ਅਲਪ ਸੁੱਖ ਵਿੱਚ ਨਹੀਂ ਅਟਕੇ। ਜਿਨ੍ਹਾਂ ਮਹਾਂਪੁਰਸ਼ਾਂ ਦੇ ਅਸੀਂ ਤੁਸੀਂ ਸੰਗ ਕੀਤੇ ਨੇ ਗੁਰਦੇਵਾਂ ਦੇ, ਮਹਾਰਾਜ ਵਿਰੱਕਤ ਜੀਆਂ ਦੇ, ਕੁਟੀਆਂ ਤੋਂ ਬਰਸਾਤਾਂ ਦੇ ਵਿੱਚ ਚੱਲੇ ਇੱਕ ਵਾਰੀ ਪੰਜਾਬ ਨੂੰ, ਤੇ ਪਾਣੀਪਤ ਬੈਠੇ ਹਨ ਮਹਾਰਾਜ ਕ੍ਰਿਸ਼ਨ ਜੀ ਉਸ ਵੇਲੇ ਕੋਲ ਹੀ ਸਨ ਏਸ ਕੁਟੀਆ ਦੇ ਵਿੱਚ। ਉਹ ਕਹਿਣ ਲੱਗੇ ਮਹਾਰਾਜ ਅੱਜ ਕਲ ਤੁਸੀਂ ਚੱਲੇ ਹੋ, ਬਰਸਾਤਾਂ ਦੇ ਵਿੱਚ ਪੰਜਾਬ ਨੂੰ ਚੱਲੇ ਹੋ, ਭਾਵ ਇੱਥੇ ਸਾਰਾ ਸੁੱਖ ਸੁਵਿਧਾ ਹੈ ਕੁਟੀਆ ਦੇ ਵਿੱਚ ਸਭ ਬੰਦੋਬਸਤ ਹੈ, ਤੇ ਅੱਜ ਕੱਲ ਲੋਕ ਤਾਂ ਚੌਮਾਸਿਆਂ ਵਿੱਚ ਇੱਕ ਥਾਂ ਹੀ ਬੈਠ ਜਾਂਦੇ ਨੇ, ਜਿਹੜੇ ਸਾਧਕ ਹੁੰਦੇ ਨੇ, ਬਈ ਬੈਠ ਜਾਉ ਇੱਕ ਥਾਂ ਤੇ। ਉਹ ਕਹਿਣ ਲੱਗੇ ਭਾਈ ਜੇ ਆਹ ਕੁਟੀਆ ਤੋਂ ਚਲੇ ਤੇ ਬਾਈਪਾਸ ਤੇ ਸਾਡਾ ਕਦਮ ਚਲਿਆ ਗਿਆ, ਫੇਰ ਜੇ ਕੁਟੀਆ ਦੇ ਸੁਖ ਚੇਤੇ ਆ ਗਏ ਤਾਂ ਫੇਰ ਸੰਤ ਕਾਹਦੇ ਹੋਏ ਅਸੀਂ। ਅਲਪ ਸੁੱਖ ਛੱਡ ਦਿੱਤੇ ਅਲਪ ਸੁੱਖ ਵਿੱਚ ਨਹੀਂ ਅਟਕੇ, ਪਰ ਅਸੀਂ ਅਟਕੇ ਅਲਪ ਸੁੱਖ ਦੇ ਵਿੱਚ ਹੋਏ ਹਾਂ। ਅਲਪ ਨਾਮ ਥੋੜੇ ਦਾ ਹੈ, ਅਲਪ ਨਾਮ ਸੰਸਾਰ ਸਾਰੇ ਦਾ ਹੀ ਹੈ। ਸਾਰੇ ਸੰਸਾਰ ਦੇ ਮਾਲਕ ਕਿਉਂ ਨਾ ਹੋ ਜਾਈਏ ਤਾਂ ਵੀ। **ਸਗਲ ਸ੍ਰਿਸਟਿ ਕੋ ਰਾਜਾ ਦੁਖੀਆ॥** ਅਲਪ ਇਹ ਨਹੀਂ ਕਿ ਆਪਣਾ ਘਰ ਹੀ, ਸ਼ਹਿਰ ਉਰਾਂ ਪਰ੍ਹਾਂ ਸਾਰਾ ਹੀ ਸੰਸਾਰ ਜਿੰਨਾਂ ਵੀ ਕੀਤਾ ਹੋਇਆ ਸਾਰੀ ਹੀ ਅਲਪ ਹੈ। ਕਿਰਣ ਸੂਰਜ ਨਹੀਂ, ਇੱਕ ਦ੍ਰਿਸ਼ਟੀ ਨਾਲ ਸੂਰਜ ਵੀ ਹੋ ਜਾਏਗੀ। ਜਦੋਂ ਉਹਦੇ ਅਸਤਿੱਤਵ ਉੱਤੇ ਪਹੁੰਚ ਜਾਵਾਂਗੇ, ਜਦੋਂ ਉਹਦੇ ਅਸਲੇ ਤੇ ਪਹੁੰਚ ਜਾਵਾਂਗੇ, ਜਦੋਂ ਉਹਦੇ ਮੂਲ ਤੇ ਪਹੁੰਚ ਜਾਵਾਂਗੇ, ਫੇਰ ਤਾਂ ਬੂੰਦ ਵੀ ਸਾਗਰ, ਤੇ ਸਾਗਰ ਵੀ ਬੂੰਦ, ਫਿਰ ਕੋਈ ਫਰਕ ਨਹੀਂ। ਪਰ ਅਜੇ ਅਸੀਂ ਪਹੁੰਚੇ ਨਹੀਂ, ਤੇ ਬਿਨਾਂ ਪਹੁੰਚਿਆਂ ਬੰਦਾ ਜੇ ਪਹੁੰਚੀ ਥਾਂ ਦੀ ਗੱਲ ਕਰਦਾ ਰਹੇਗਾ ਉਹਦੇ ਪੱਲੇ ਕੁੱਝ ਨਹੀਂ ਪੈਣਾ ਉਹਦਾ ਜੀਵਨ ਬਿਰਥਾ ਚਲਿਆ ਜਾਣਾ ਹੈ। ਜੀਵਨ ਤਾਂ ਮਿਲਿਆ ਸੀ ਪਾਉਣ ਵਾਸਤੇ, ਉਸ ਗੱਲ ਨੂੰ ਬੁਝਣ ਵਾਸਤੇ, ਉਹ ਗੁਰੂ ਦੀ ਕਿਰਪਾ ਦੇ ਨਾਲ ਹੀ ਇਹ ਗਿਆਨ, ਇਹ ਬਖਸ਼ਿਸ਼ ਜਿਹੜਾ ਹੈ ਦ੍ਰਿੜ ਹੁੰਦਾ ਹੈ, ਆਪਣੇ-ਆਪ ਨਹੀਂ ਹੋ ਸਕਦਾ। ਜੇ ਆਪਣੇ-ਆਪ ਇਹ ਗਿਆਨ ਦੀ ਪ੍ਰਾਪਤੀ ਹੋ ਜਾਏ ਤਾਂ ਗੁਰੂ ਦੀ ਤਾਂ ਲੋੜ ਹੀ ਨਾ ਪਵੇ, ਤੇ ਬਿਨਾਂ ਗੁਰੂ ਤੋਂ ਦੱਸੋ ਗਿਆਨ ਕੀਹਨੂੰ ਹੋਇਆ? ਉਹ ਗੁਰੂ ਭਾਵੇਂ ਇਸ ਧਰਤੀ ਦੇ ਉੱਤੇ, ਇਸ ਮਾਤ ਲੋਕ ਦੇ ਵਿੱਚ ਗੁਰੂ ਕਿਰਪਾ ਨਾਲ ਗੁਰੂ ਬਣਿਆ ਹੋਵੇ, ਤੇ ਭਾਵੇਂ ਧੁਰੋਂ ਪ੍ਰਮੇਸ਼ਰ ਆਪ ਗੁਰੂ ਰੂਪ ਧਾਰਨ ਕਰਕੇ

ਆਇਆ ਹੋਵੇ। **ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ**। ਭਾਵੇਂ ਪ੍ਰਮੇਸ਼ਰ ਆਪ ਆਵੇ ਤੇ ਭਾਵੇਂ ਆਪਣੇ ਸਰੂਪ ਸਤਿਗੁਰੂ ਦੇ ਸੰਗ ਦੇ ਨਾਲ ਗੁਰੂ ਗਿਆਨ ਬਖਸ਼ਿਸ਼ ਕੀਤਾ ਹੋਵੇ, ਜਦ ਤੱਕ ਉਹਦਾ ਸੰਗ ਨਹੀਂ ਹੋਣਾ ਤਦ ਤੱਕ ਅਗਿਆਨ ਦੀ ਨਵਿਰਤੀ ਤਾਂ ਹੋ ਹੀ ਨਹੀਂ ਸਕਦੀ। ਪਰ ਇਹ ਉਹਦੇ ਸੰਗ ਨੂੰ ਠੀਕ ਇਹਨੇ ਜਾਣਿਆ ਨਹੀਂ ਅਜੇ, ਉਸ ਨੂੰ ਤਾਂ ਮਨੁੱਖ ਜਾਣਦਾ ਹੈ, ਉਸ ਨੂੰ ਤਾਂ ਆਪਣੇ ਵਰਗਾ ਜਾਣ ਲੈਂਦਾ ਹੈ, ਉਸ ਨੂੰ ਤਾਂ ਆਉਣ ਜਾਣ ਵਾਲਾ, ਖਾਣ ਪੀਣ ਵਾਲਾ, ਗਲ ਬਾਤ ਕਰਨ ਵਾਲਾ ਜਾਣ ਲੈਂਦਾ ਹੈ, ਇਸ ਤੋਂ ਅੱਗੇ ਤਾਂ ਵੱਧਦਾ ਹੀ ਨਹੀਂ, ਕਿ ਉਹ ਕਿਸ ਥਾਂ ਤੇ ਖੜਾ ਹੈ, ਤੇ ਜੇ ਅਸੀਂ ਹੁੰਦੇ ਤਾਂ ਕੁਟੀਆ ਤੇ ਬਹਿ ਰਹਿੰਦੇ, ਬਈ ਠੀਕ ਹੈ ਇੱਥੇ ਬੈਠੇ ਰਹੀਏ, ਉਹ ਤਾਂ ਮਹਾਂਪੁਰਸ਼ ਸਨ, ਜਿਨ੍ਹਾਂ ਨੇ ਮਹਾਂਪੁਰਖ ਪਾ ਲਿਆ ਸੀ ਅਲਪ ਸੁੱਖ ਵਿੱਚ ਨਹੀਂ ਅਟਕੇ। ਅਲਪ ਸੁੱਖ ਪਰਮ ਸੁੱਖ ਕਹਿਣ ਮਾਤਰ ਹੀ ਹੈ ਸੁੱਖ ਉਹੀ ਹੈ, ਪਰ ਅਸੀਂ ਤਾਂ ਉਪਾਧੀਆਂ ਵਿੱਚ ਅਟਕ ਗਏ ਹਾਂ ਨਾ। ਮਹਾਨ ਸੁੱਖ ਕਹਾਂਗੇ ਤਾਂ ਵੀ ਉਹਨੂੰ ਵਿਆਪਕ ਜਾਣਕੇ ਕਹਿ ਰਹੇ ਹਾਂ, ਅਲਪ ਸੁੱਖ ਕਹਾਂਗੇ ਤੇ ਪਰਛਿੰਨ ਜਾਣਕੇ ਕਹਿ ਗਏ ਹਾਂ, ਦੋਨਾਂ ਵਿੱਚ ਸੁੱਖ ਜਿਹੜਾ ਹੈ ਉਹ ਉਹੀ ਹੈ, ਪਰ ਉਸ ਦਾ ਬੋਧ ਭਾਈ ਜਿਹੜਾ ਹੈ, ਉਹ ਗੁਰੂ ਕਿਰਪਾ ਦੇ ਨਾਲ ਹੈ, ਤੇ ਉਹ ਕਿਸੇ ਵਿਰਲੇ ਨੂੰ ਹੈ, ਪਰ ਵਿਰਲਿਆਂ ਵਿੱਚ ਸਾਡਾ ਨੰਬਰ ਵੀ ਲੱਗ ਸਕਦਾ ਹੈ। ਇਹ ਥੋੜ੍ਹਾ ਹੈ ਕਿ ਨੰਬਰ ਨਹੀਂ ਲੱਗ ਸਕਦਾ।

**ਜਾ ਕਉ ਅਪੁਨੀ ਕਰੈ ਬਖਸੀਸ॥ ਤਾ ਕਾ ਲੇਖਾ ਨ ਗਨੈ ਜਗਦੀਸ॥**

*(ਗਉ: ਸੁ: ਮ: ੫, ਪੰਨਾ—੨੭੭)*

**ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥**

*(ਸੋ: ਮ: ੯, ਪੰਨਾ—੬੩੨)*

ਜੇ ਐਸੇ ਐਸੇ ਤਰ ਗਏ ਨੇ ਭਾਈ ਤਾਂ ਆਪਾਂ ਵੀ ਉਹਨਾਂ ਵਰਗੇ ਹੀ ਹਾਂ, ਭਾਵੇਂ ਉਸ ਤੋਂ ਮਹਾਨ ਹੋਰ ਵੀ ਜ਼ਿਆਦਾ ਹਤਿਆਰੇ ਹੋਵਾਂਗੇ, ਪਾਪੀ ਹੋਵਾਂਗੇ, ਅਉਗਿਣਆਰੇ ਹੋਵਾਂਗੇ, ਹਾਂ ਵੀ।

**ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ॥**
**ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ॥**

*(ਗਉ: ਮ: ੧, ਪੰਨਾ—੧੫੬)*

ਤੁਸੀਂ ਤਾਂ ਦਇਆਲ ਹੋ। ਪ੍ਰਕਾਸ਼ ਨੇ, ਚਾਨਣ ਨੇ ਇਹ ਗੱਲ ਨਹੀਂ ਦੇਖਣੀ ਕਿ ਇਹ ਹਨੇਰਾ ਜਿਹੜਾ ਹੈ ਕਦੋਂ ਦਾ ਹੈ, ਨਹੀਂ ਉਹ ਹਨੇਰਾ, ਉਹ ਅਗਿਆਨਤਾ ਭਾਵੇਂ ਜਨਮਾਂ ਜਨਮਾਂ ਦੀ ਹੋਵੇ, ਭਾਵੇਂ ਏਸ ਜਨਮ ਵਿੱਚ ਕਿਸੇ ਭੁੱਲ ਨਾਲ ਹੋ ਗਈ ਹੋਵੇ, ਉਸ ਪ੍ਰਕਾਸ਼ ਨੇ, ਉਸ ਚਾਨਣ ਨੇ ਝੱਟ ਉਸ ਚੀਜ਼ ਨੂੰ ਖ਼ਤਮ ਕਰ ਦੇਣਾ ਹੈ। ਅੱਗ ਦੇ ਵਿੱਚ ਜਦੋਂ ਤੁਸੀਂ ਲੱਕੜੀ ਪਾ ਰਹੇ ਹੋ, ਤੇ ਲੱਕੜੀ ਭਾਵੇਂ ਨਵੀਂ ਤੇ ਭਾਵੇਂ ਹੋਵੇ ਪੁਰਾਣੀ ਉਹ ਤਾਂ ਜਲ ਹੀ ਜਾਣੀ ਹੈ। ਭਾਵੇਂ ਵੱਡੀ ਤੇ ਭਾਵੇਂ ਛੋਟੀ ਹੋਵੇ ਉਹ ਤੇ ਜਲ ਹੀ ਜਾਣੀ ਹੈ। ਇਸੇ ਤਰ੍ਹਾਂ ਪ੍ਰਕਾਸ਼ ਨੇ ਨਹੀਂ ਦੇਖਣਾ ਕਿ ਇਹ ਕਿੰਨਾ ਮੈਲਾ ਹੈ, ਕਿੰਨਾ ਨਹੀਂ, ਉਹ ਤਾਂ ਪ੍ਰਕਾਸ਼ ਉਹਨੇ—

**ਇਕ ਛਿਨ ਜਿਹ ਇਕ ਚਿਤ ਧਿਆਇਓ॥**
**ਕਾਲ ਫਾਸ ਕੇ ਬੀਚ ਨ ਆਇਓ॥**

*(ਦਸਮ ਗ੍ਰੰਥ)*

ਚਿੱਤ ਦੀ ਇਕਾਗਰਤਾ ਹੋਣੀ ਚਾਹੀਦੀ ਹੈ, ਚਿੱਤ ਵਿੱਚ ਪੂਰਣ ਸ਼ਰਧਾ ਹੋਣੀ ਚਾਹੀਦੀ ਹੈ, ਉਸ ਗੁਰੂ ਨੂੰ ਪ੍ਰਮੇਸ਼ਰ ਸਰੂਪ ਜਾਨਣਾ ਹੈ, ਤੇ ਗੁਰੂ ਦੇ ਸ਼ਬਦ ਨੂੰ ਪ੍ਰਮੇਸ਼ਰ ਸਰੂਪ ਜਾਨਣਾ, ਤੇ ਗੁਰੂ ਹਮੇਸ਼ਾਂ ਸਿੱਖ ਦੇ ਕੋਲ ਸ਼ਬਦ ਰਾਹੀਂ ਰਹਿ ਸਕਦਾ ਹੈ ਉਂਝ ਨਹੀਂ। ਗੁਰੂ, ਨਾਮ ਹੀ ਸ਼ਬਦ ਦਾ ਹੈ, ਤੇ ਸ਼ਬਦ ਸ਼ਬਦੀ ਦਾ ਹੈ, ਪ੍ਰਮੇਸ਼ਰ ਦਾ ਹੈ, ਤੇ ਪ੍ਰਮੇਸ਼ਰ ਸਦਾ ਹੈ। ਸਦਾ ਦੇ ਨਾਲ ਧਿਆਨ ਜਦੋਂ ਜੁੜ ਗਿਆ ਅਬਿਨਾਸੀ ਪਦ ਦੀ ਪ੍ਰਾਪਤੀ ਹੋ ਗਈ, ਜੀਵਨ ਸਾਡਾ ਸੁੱਖੀ ਹੋ ਗਿਆ। ਇਸ ਜੀਵਨ ਦੀਆਂ ਨਿੱਕੀਆਂ-ਨਿੱਕੀਆਂ ਚਾਹਾਂ ਤੋਂ ਹੀ ਇੰਨੇ ਚਾਹਵਾਨ ਹੋ ਜਾਂਦੇ ਹਾਂ ਕਿ ਅਸਲੀ ਚਾਹ ਨੂੰ ਤਾਂ ਭੁੱਲ ਹੀ ਗਏ, ਜਿਹੜੀ ਅਸਲੀ ਚਾਹ ਲੱਗਣੀ ਚਾਹੀਦੀ ਸੀ ਮਨ ਦੇ ਵਿੱਚ ਪਿਆਸ, ਤੜਪ।

**ਰਾਜੁ ਨ ਚਾਹਉ ਮੁਕਤਿ ਨਾ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥**

*(ਦੇ: ਗ: ੫, ਪੰਨਾ—੫੩੪)*

ਉਹ ਤਾਂ ਭੁੱਲ ਹੀ ਗਏ, ਤੇ ਜਿਹੜੀ ਚੀਜ਼ ਭਾਈ ਭੁਲਾਉਣ ਵਾਲੀ ਸੀ ਉਹਨੂੰ ਚੇਤੇ ਪਏ ਕਰਦੇ ਹਾਂ, ਤੇ ਜਿਹੜੀ ਚੇਤੇ ਕਰਨ ਵਾਲੀ ਸੀ ਉਹਨੂੰ ਭੁਲਾਈ ਜਾਂਦੇ ਹਾਂ, ਤਾਂ ਜੀਵਨ ਤਾਂ ਫੇਰ ਉਲਟ ਪਾਸੇ ਚਲਿਆ ਗਿਆ। ਜੋ ਚੇਤੇ ਕਰਨ ਵਾਲੀ ਚੀਜ਼ ਹੈ ਜਿਸ ਨੂੰ ਅਸੀਂ ਨਹੀਂ ਭੁਲਾ ਸਕਦੇ, ਤੇ ਜੋ ਸਾਨੂੰ ਨਹੀਂ ਭੁਲਾ ਰਿਹਾ ਕਰਦੀ ਵੀ। ਅਸੀਂ ਜੇ ਉਹਨੂੰ ਭੁਲਾ ਦਿੰਦੇ ਹਾਂ, ਅਸੀਂ ਜੇ ਗੁਰਮੁੱਖ ਨਹੀਂ ਮਨਮੁੱਖ ਹੋ ਜਾਂਦੇ ਹਾਂ, ਤਾਂ ਉਹਨੇ ਤਾਂ ਨਹੀਂ ਸਾਨੂੰ ਭੁਲਾ ਦੇਣਾ, ਉਹ ਤਾਂ ਫੇਰ ਵੀ ਚੇਤੇ ਰੱਖਦਾ ਹੈ, ਉਹ ਤਾਂ ਫਿਰ ਵੀ ਦੇਖ ਰਿਹਾ ਹੈ, ਚੰਗੇ ਨੂੰ ਵੀ ਬੁਰੇ ਨੂੰ ਵੀ। ਜੇ ਉਹ ਭੁਲਾ ਦੇਵੇ ਤਾਂ ਮਾੜੇ ਕਰਮ ਕਰੇਗਾ ਹੀ, ਉਹਦਾ ਫਲ ਕੌਣ ਭੋਗੇ? ਮਾੜੇ ਦਾ ਕਰਮ ਦੁੱਖ, ਉਹ ਅਸੀਂ ਕਾਹਨੂੰ ਭੋਗਣਾ ਹੈ, ਜੀਵਨ ਉੱਥੇ ਪੂਰਾ ਹੈ। ਜਿੱਥੇ ਉਹਨੂੰ ਅਸੀਂ ਭੁਲਾ ਦਿੱਤਾ, ਕਿਉਂਕਿ ਅਸੀਂ ਸੁੱਖ ਚਾਹੁੰਦੇ ਹਾਂ, ਤਾਂ ਉਹ ਪ੍ਰਮੇਸ਼ਰ ਭਾਈ ਸਾਨੂੰ ਨਹੀਂ ਭੁਲਾਂਦਾ ਤੇ ਅਸੀਂ ਵੀ ਉਹਨੂੰ ਨਹੀਂ ਭੁਲਾਣਾ। ਜੀਵਨ ਅਧੂਰਾ ਹੋ ਜਾਣਾ ਹੈ, ਕਰਮਾਂ ਦਾ ਗੇੜ ਬੱਝ ਜਾਣਾ ਹੈ, ਚੌਰਾਸੀ ਦਾ ਚੱਕਰ ਚਲ ਪੈਣਾ ਹੈ।

**ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥**

*(ਮਾਰੂ ਮ: ੫, ਪੰਨਾ—੧੦੭੫)*

ਇਹ ਮਨੁੱਖ ਜੀਵਨ ਨੂੰ ਸਫਲ ਕਰਨਾ ਹੈ, ਤਾਂ ਗੁਰੂ ਦੀ ਚਰਣ ਸ਼ਰਣ ਭਾਈ ਸ਼ਰਧਾ ਦੇ ਨਾਲ ਧਾਰਨ ਕਰਨੀ ਹੈ। ਭਾਵੇਂ ਮਹਾਰਾਜ ਪੰਚਮ ਪਾਤਸ਼ਾਹ ਕਹਿੰਦੇ ਕੋਈ ਵਿਰਲਾ ਹੀ ਬੁੱਝਦਾ ਹੈ, ਪਰ ਵਿਰਲਿਆਂ ਵਿੱਚ ਭਾਈ ਆਪਾਂ ਵੀ ਆ ਸਕਦੇ ਹਾਂ, ਐਸੀ ਕੋਈ ਗੱਲ ਨਹੀਂ। ਵਿਰਲਾ ਹੀ ਕਿਹਾ ਹੈ ਇਹ, ਤਾਂ ਨਹੀਂ ਕਿਹਾ ਕਿ ਫਲਾਣਾ ਬੁੱਝਦਾ ਹੈ ਫਲਾਣਾ ਨਹੀਂ। ਨਿਸ਼ਾਨ ਨੰਬਰ ਨਹੀਂ ਲਾ ਦਿੱਤੇ, ਉਹਦੇ ਵਿੱਚ ਕੋਈ ਵੀ ਹੋ ਸਕਦਾ ਹੈ।

**ਜੋ ਜੋ ਜਪੈ ਤਿਸ ਕੀ ਗਤਿ ਹੋਇ॥**

*(ਗਉੜੀ ਸੁਖਮਨੀ ਮ: ੫, ਪੰਨਾ—੨੭੪)*

ਜੋ ਵੀ ਪ੍ਰਮੇਸ਼ਰ ਦੇ ਨਾਮ ਨੂੰ ਜਪੇਗਾ ਗੁਰੂ ਕਿਰਪਾ ਦੇ ਨਾਲ ਉਹਦੀ ਗਤੀ, ਮੁਕਤੀ ਅਵੱਸ਼ ਹੋ ਜਾਏਗੀ।

## ਜਾ ਕੀ ਸਰਣਿ ਪਇਆਂ ਸੁਖੁ ਪਾਈਐ

ਜਿਸ ਪ੍ਰਮੇਸ਼ਰ ਦੀ ਸ਼ਰਣ ਪਇਆਂ ਭਾਈ ਸੁਖ ਦੀ ਪ੍ਰਾਪਤੀ ਹੈ, ਜੋ ਪ੍ਰਮੇਸ਼ਰ ਪਰੀਪੂਰਣ ਵਿਆਪਕ ਹੈ, ਉਸ ਦੀ ਸ਼ਰਣ ਕਿ ਤੇਰਾ ਧਿਆਨ ਉਸ ਦੇ ਵਿੱਚ ਹੋ ਜਾਏ, ਜਦ ਧਿਆਨ ਪ੍ਰਮੇਸ਼ਰ ਕਹੋ, ਗੁਰੂ ਕਹੋ, ਨਾਮ ਕਹੋ, ਇਹ ਧਿਆਨ ਔਰ ਨਾਮ ਜਦ ਇੱਕ ਹੋ ਗਏ ਤੇ ਫਿਰ ਇਕ ਹੀ ਹੈ। ਜਦੋਂ ਧਿਆਨ ਨਾਮ ਤੋਂ ਬਿਨਾਂ ਹੈ, ਤਾਂ ਸੰਸਾਰਕ ਦੁੱਖ-ਸੁੱਖ ਹੈ ਆਉਣ ਜਾਣ ਵਾਲਾ ਸਦਾ ਵਾਸਤੇ, ਉਹ ਜਨ ਨਹੀਂ ਹੋ ਸਕਦਾ ਜਦ ਤੱਕ ਉਹ ਨਾਮ ਦੇ ਨਾਲ ਨਹੀਂ ਜੁੜਦਾ।

## ਬਾਹੁੜਿ ਦੂਖੁ ਨ ਹੋਈ॥ ਰਹਾਉ॥

ਔਰ ਨਾਮ ਨਾਲ ਜੁੜਿਆਂ ਮਹਾਰਾਜ ਕਹਿੰਦੇ ਇਹ ਮੁੜਕੇ ਦੁੱਖੀ ਨਹੀਂ ਹੋਏਗਾ, ਮੁੜਕੇ ਇਹ ਫਿਰ ਪ੍ਰਮੇਸ਼ਰ ਤੋਂ ਵਿੱਛੜ ਨਹੀਂ ਸਕੇਗਾ। ਭਾਈ ਜੇ ਇਹ ਇੱਕ ਵਾਰੀ ਨਾਮ ਦੇ ਨਾਲ ਮਿਲ ਜਾਏ, ਇਹਦਾ ਨਾਮ ਐਨ ਸਿਮਰਨ ਰੂਪ ਹੋ ਜਾਏ, ਉਹ ਸਿਮਰਤੀ ਕਦੇ ਬਿਸਿਮਰਤੀ ਨਾ ਹੋਵੇ। ਇਕ ਬਿਰਤੀ ਵੀ ਐਸੀ ਨਾ ਉੱਠੇ ਜਿਹੜੀ ਕਿ ਪ੍ਰਮੇਸ਼ਰ ਤੋਂ ਭੁਲਾਉਣ ਵਾਲੀ ਹੋਵੇ। ਬਿਰਤੀ ਦਾ ਉੱਠਣਾ ਹੀ ਸੰਸਾਰ ਦਾ ਖੜਾ ਹੋਣਾ ਹੈ, ਬਿਰਤੀ ਨਾਮ ਮਨ ਦਾ ਹੈ।

**ਸੰਕਲਪ ਵਿਕਲਪ ਹੀ ਮਨਾ,** ਜਿੱਥੇ ਬਿਰਤੀ ਹੈ ਉਹੀ ਮਨ ਹੈ, ਜਿੱਥੇ ਮਨ ਹੈ ਉਹੀ ਤਨ ਹੈ, ਜਿਹੜਾ ਤਨ ਹੈ, ਉਹੀ ਸੰਸਾਰ ਹੈ, ਇਸ ਤੋਂ ਵੱਧ ਸੰਸਾਰ ਕੋਈ ਨਹੀਂ। ਜੇ ਸੰਸਾਰ ਤੋਂ ਮਨ ਹਟਾ ਲਓ ਤਾਂ ਆ ਗਿਆ ਸਰੀਰ, ਸਰੀਰ ਤੋਂ ਮਨ ਨੂੰ ਹਟਾ ਲਓ ਆ ਗਿਆ ਮਨ, ਆਪਣਾ ਸੰਕਲਪ ਤੇ ਵਿਕਲਪ। ਇੱਥੋਂ ਉੱਠਕੇ ਦੇਖੋ ਕਿ ਕੀ ਹੈ ਉੱਥੇ ਨਾਮ ਹੈ। ਜਿੱਥੇ ਸੰਕਲਪ ਚਲੇਗਾ ਉੱਥੇ ਨਾਮ ਸਿਮਰਨ ਨਹੀਂ ਹੁੰਦਾ, ਤੇ ਜਿੱਥੇ ਨਾਮ ਸਿਮਰਨ ਹੁੰਦਾ ਉੱਥੇ ਸੰਕਲਪ ਨਹੀਂ ਹੁੰਦਾ। ਸੰਕਲਪ ਦੀ ਗੰਮਤਾ ਨਹੀਂ ਉੱਥੇ ਹੁੰਦੀ। ਸੱਪ ਤਾਂ ਹੈ, ਪਰ ਜ਼ਹਿਰ ਕੋਈ ਨਹੀਂ, ਸੰਕਲਪ ਸ਼ੁਭ ਤਾਂ ਹੋਏਗਾ, ਭਲੇ ਦਾ ਤਾਂ ਹੋਏਗਾ, ਪਰ ਉਹਦੇ 'ਚ ਅਸ਼ੱਕਤੀ ਕੋਈ ਨਹੀਂ, ਉਹ ਸੱਤ ਵਿੱਚ ਇਸਥਿਤ ਹੋ ਚੁੱਕਿਆ ਹੋਏਗਾ, ਸੱਤ ਅਰੂੜ ਹੋ ਚੁੱਕਿਆ ਹੋਏਗਾ ਉਸ ਜਨ ਦੇ।

## ਵਡਭਾਗੀ ਸਾਧਸੰਗੁ ਪਰਾਪਤਿ

ਵੱਡੇ ਭਾਗਾਂ ਦੇ ਨਾਲ, ਭਾਈ ਪੁੰਨਾ ਕਰਮਾਂ ਦੇ ਨਾਲ, ਸ਼ੁੱਭ ਕਰਮਾਂ ਦੇ ਨਾਲ ਪ੍ਰਮੇਸ਼ਰ ਦੇ ਹੁਕਮ ਦੇ ਵਿੱਚ ਸਤਿ ਸੰਗਤ ਦੀ ਪ੍ਰਾਪਤੀ ਹੁੰਦੀ ਹੈ। ਸਾਧੂ ਸੰਤ ਮਹਾਤਮਾਵਾਂ ਦੀ ਪ੍ਰਾਪਤੀ ਹੁੰਦੀ ਹੈ, ਗੁਰੂ ਜਨਾਂ ਦੀ ਪ੍ਰਾਪਤੀ ਹੁੰਦੀ ਹੈ, ਗਿਆਨ ਦੀ ਪ੍ਰਾਪਤੀ ਹੁੰਦੀ ਹੈ ਔਰ ਸਹੀ ਸਤਿ ਦੇ ਨਾਲ ਭਾਈ ਸੰਗ ਹੋ ਜਾਂਦਾ ਹੈ।

## ਤਿਨ ਭੇਟਤ ਦੁਰਮਤਿ ਖੋਈ॥

ਔਰ ਉਹ ਸਤਿ ਦੇ ਨਾਲ ਸੰਗ ਹੋਇਆਂ ਹੀ ਦੁਰਮਤ ਖੋਟੀ ਬੁੱਧੀ ਜਿਹੜੀ ਹੈ ਭਾਈ ਨਾਸ਼ ਹੋਣੀ ਹੈ। ਪ੍ਰਕਾਸ਼ ਦੇ ਨਾਲ ਜਿਹੜਾ ਅੰਧਕਾਰ ਹੈ ਉਹ ਦੂਰ ਹੋਣਾ ਹੈ, ਉਹ ਸਤਿ ਜੋ ਪਰੀਪੂਰਣ ਹੈ, ਸਤਿ ਜੋ ਆਪਣਾ-ਆਪ ਹੈ, ਜਦ ਤੱਕ ਉਸ ਨੂੰ ਨਹੀਂ ਲਖਦਾ ਤੇ ਭਾਈ ਇਹਦੀ ਦੁਰਮਤ ਜੋ ਹੈ, ਖੋਟੀ ਮੱਤ ਜੋ ਹੈ ਦੂਰ ਨਹੀਂ ਹੋ ਸਕਦੀ, ਹੋਰ ਕਿਸੇ ਸਾਧਨ ਦੇ ਨਾਲ।

## ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ

ਤੇ ਜਿਨ੍ਹਾਂ ਦੀ ਭਾਈ ਦੁਰਮਤ ਨਾਸ ਹੋ ਗਈ ਗੁਰੂ ਦੀ ਮੱਤ ਦੇ ਨਾਲ, ਗਿਆਨ ਬਿਰਤੀ ਅਰੂੜ੍ਹ ਚੇਤਨ ਜੋ ਹੈ ਉਸ ਨੂੰ ਸੱਤ ਵਿਆਪਕ ਜਿਸ ਨੇ ਜਾਣ ਲਿਆ, ਐਸੇ ਜਨਾਂ ਦੀ ਚਰਣ ਧੂੜੀ ਗੁਰੀ ਸਾਹਿਬ ਕਹਿੰਦੇ ਨੇ ਸਾਨੂੰ ਚਾਹੀਦੀ ਹੈ। ਐਸੇ ਜਨ ਹੀ ਮਹਾਰਾਜ ਵਿਰੱਕਤ ਜੀ ਬ੍ਰਹਮ ਗਿਆਨੀ ਜਨ ਤੇ ਐਸੇ ਜਨਾਂ ਦੀ ਚਰਣ ਧੂੜੀ ਤਾਂ ਭਾਈ ਗੁਰੂ ਸਾਹਿਬ ਲੋਚਦੇ ਪਏ ਨੇ, ਤੇ ਗੁਰੂ ਤੇ ਪ੍ਰਮੇਸ਼ਰ ਰੂਪ ਨੇ, ਤੇ ਜਦ ਉਹ ਲੋਚਦੇ ਨੇ ਤੇ ਸਾਡਾ ਕਿਵੇਂ ਨਿਸਤਾਰਾ ਹੋ ਜਾਊ ਬਿਨਾਂ ਐਸੀ ਲੋਚਾਂ ਤੋਂ, ਐਸੀ ਚਾਹਨਾ ਤੋਂ ਦੂਜੀਆਂ ਜੋ ਹੋਰ ਚਾਹਨਾ ਕਰਦੇ ਰਹੇ ਉਹ ਚਾਹਨਾ ਜੇ ਨਾ ਕੀਤੀ, ਐਸਾ ਸੰਗ ਜੇ ਨਾ ਕੀਤਾ, ਮਹਾਂਪੁਰਸ਼ਾਂ ਦਾ, ਤਾਂ ਭਾਈ ਜੀਵਨ ਸਫਲ ਕਿਵੇਂ ਹੋਏਗਾ?

## ਜਿਨ ਹਰਿ ਨਾਮੁ ਰਿਦੈ ਪਰੋਈ॥

ਤੇ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਨੇ ਭਾਈ ਕਿ ਜਿਨ੍ਹੇ ਹਰੀ ਪ੍ਰਮੇਸ਼ਰ ਦਾ ਨਾਮ ਆਪਣੇ ਹਿਰਦੇ ਦੇ ਵਿੱਚ ਗੁਰੂ ਕਿਰਪਾ ਦੇ ਨਾਲ ਪਰੋ ਲਿਆ, ਸਵਾਸ ਸਵਾਸ ਜੋ ਪ੍ਰਮੇਸ਼ਰ ਦਾ ਨਾਮ ਸਿਮਰਨ ਕਰ ਰਿਹਾ ਹੈ ਤੇ ਮਨ ਉੱਥੇ ਉਹਦਾ ਹਾਜ਼ਰ ਹੈ ਮਨ ਦੀ ਹਾਜ਼ਰੀ ਦੇ ਨਾਲ, ਮਨ ਤੇ ਸਦਾ ਹੈ।

**ਤਨ ਮਹਿ ਮਨੂਆ ਮਨ ਮਹਿ ਸਾਚਾ॥ ਸੋ ਸਾਚਾ ਮਿਲਿ ਸਾਚੇ ਰਾਚਾ॥**

*(ਧਨ: ਮ: ੧, ਪੰਨਾ—੬੮੬)*

ਹਰ ਸਰੀਰ ਦੇ ਵਿੱਚ ਮਨ ਹੈ, ਕੇਵਲ ਮਨੁੱਖ ਨਹੀਂ ਕੋਈ ਵੀ ਜੋਨੀ ਹੋਵੇ, ਕੋਈ ਵੀ ਕੀੜੇ ਮਕੌੜੇ ਜਿੰਨੀਆਂ ਵੀ ਜੋਨੀਆਂ ਨੇ, ਸਾਰਿਆਂ ਦੇ ਸਰੀਰਾਂ ਦੇ ਅੰਦਰ ਮਨ ਹੈ, ਤੇ ਉਸ ਦੇ ਮਨ ਦੇ ਵਿੱਚ ਮਹਾਰਾਜ ਕਹਿੰਦੇ, ਪੰਚਮ ਪਾਤਸ਼ਾਹ ਕਿ ਉਹਦੇ ਵਿੱਚ ਪ੍ਰਮੇਸ਼ਰ ਹੈ, ਸਤਿ ਸਰੂਪ ਹੈ, ਸੱਤ ਉੱਥੇ ਤਾਂ ਰਹਿੰਦਾ।

**ਅੰਤਰ ਆਤਮੈ ਬ੍ਰਹਮੁ ਨ ਚੀਨਿਆ ਮਾਇਆ ਕਾ ਮੁਹਤਾਜੁ ਭਇਆ॥**

*(ਆ: ਮ: ੩ ਪੰਨਾ—੪੩੫)*

ਤੇ ਅੰਤਰ ਆਤਮਾ ਸੱਤ ਸੀ, ਉਸ ਨੂੰ ਬ੍ਰਹਮ ਤੂੰ ਵਿਆਪਕ ਨਾ ਜਾਣਿਆ। ਮਾਇਆ ਦੇ ਅਧੀਨ ਹੋ ਗਿਆ, ਜੇ ਉਸ ਨੂੰ ਤੂੰ ਵਿਆਪਕ ਜਾਣ ਲਵੇਂ ਤਾਂ ਮਹਾਰਾਜ ਕਹਿੰਦੇ ਉਹੋ ਜਿਹਾ ਤਾਂ ਸਾਨੂੰ ਚਾਹੀਦਾ ਹੈ, ਉਹੋ ਜਿਹਾ ਤਾਂ ਸੰਗ ਸਾਨੂੰ ਮਿਲੇ, ਤਾਂ ਕਿ ਸਾਡਾ ਵੀ ਧਿਆਨ ਭਾਵ ਉੱਥੇ ਲੱਗ ਜਾਵੇ ਸੱਚ ਦੇ ਵਿੱਚ ਲੱਗ ਜਾਵੇ।

**ਸੋ ਸਾਚਾ ਮਿਲਿ ਸਾਚੇ ਰਾਚਾ॥**

*(ਧਨਾ: ਮ: ੧, ਪੰਨਾ—੬੮੬)*

ਜਦ ਤੱਕ ਉਹ ਸੱਚ ਦੇ ਵਿੱਚ ਧਿਆਨ ਨਹੀਂ ਤੇਰਾ ਲੱਗਦਾ, ਜਿਹੜਾ ਅੰਤਰ ਸੱਚ ਹੈ, ਸੱਚ ਤਾਂ ਸਾਰੇ ਹਨ, ਪਰ ਅੰਤਰ ਸੱਤ ਦੇ ਨਾਲ ਤੇਰਾ ਕੰਮ ਸ਼ੁਰੂ ਹੋਣਾ ਹੈ, ਤੇ ਗੁਰੂ ਨੇ ਕਿਰਪਾ ਕਰਕੇ ਜਦ ਨਾਮ ਦੇਣਾ ਉਹ ਅੰਤਰ ਸਤ ਦਾ ਹੀ ਦਿੰਦਾ ਹੈ, ਉਸ ਹਿਰਦੇਸ਼ਵਰ ਦਾ ਹੀ ਗੁਰੂ ਨਾਮ ਦਿੰਦਾ ਹੈ, ਗੁਰੂ ਕੋਈ ਜੜ੍ਹ ਦਾ ਨਹੀਂ ਉਪਾਸ਼ਕ ਹੁੰਦਾ ਤੇ ਨਾ ਕਿਸੇ

ਨੂੰ ਬਣਾਉਂਦਾ ਹੈ। ਗੁਰੂ ਤਾਂ ਨਾਮ ਹੀ ਗਿਆਨ ਦਾ ਹੈ, ਤੇ ਚੇਤਨ ਦਾ, ਤੇ ਚੇਤਨ ਨਾਲ ਹੀ ਜੋੜਦਾ ਹੈ, ਤਾਂ ਚੇਤਨ ਸਾਰਿਆਂ ਦੇ ਮਨਾਂ ਦੇ ਵਿੱਚ ਬੈਠਾ ਹੈ, ਉਹਦੇ ਨਾਲ ਗੁਰੂ ਸਾਹਿਬ ਕਹਿੰਦੇ ਜਦੋਂ ਤੇਰਾ ਮਨ ਰਚ ਜਾਏਗਾ, ਜਦੋਂ ਤੂੰ ਇੱਕ ਮਿਕ ਹੋ ਜਾਏਂਗਾ, ਸਾਚੇ ਰਾਚਾ ਤੂੰ ਇਕ ਮਿਕ ਹੋ ਜਾਏਗਾ, ਜਦੋਂ ਤੂੰ ਇਕ ਮਿਕ ਹੋ ਜਾਏਗਾ ਤਾਂ ਵਿਆਪਕ ਹੋ ਜਾਏਂਗਾ। ਤਾਂ ਗੁਰੂ ਨੇ ਨਾਮ ਦਿੱਤਾ ਤੇ ਅੰਤਰ ਆਤਮੇ ਉਸ ਚੇਤਨ ਨਾਲ ਜੋੜਿਆ, ਤੇ ਜੈਸੇ ਹੀ ਉਸ ਚੇਤਨ ਦਾ ਫੇਰ ਉਸ ਨੂੰ ਬੋਧ ਹੋਇਆ, ਤੇ ਵਿਆਪਕ ਵੇਲੇ ਦੂਜੀ ਵਸਤੂ ਹੋਰ ਨਹੀਂ ਹੋਏਗੀ। ਵਿਆਪਕ ਵੇਲੇ ਗੁਰੂ ਔਰ ਸਿਖ ਦੀ ਏਕਤਾ ਹੋ ਜਾਏਗੀ। ਘਟ ਘਟ ਦੀਆਂ ਉਪਾਧੀਆਂ ਦੀਆਂ ਬਿਰਤੀਆਂ ਦਾ ਮਿਥੱਤਵ ਨਿਸ਼ਚਾ ਹੋ ਚੁੱਕਿਆ ਹੋਵੇਗਾ, ਉੱਥੇ ਤਾਂ ਇੱਕੋ-ਇੱਕ ਹੀ ਹੋਵੇਗਾ।

**ਸਰਬੰ ਸਾਚਾ ਏਕੁ ਹੈ ਦੂਜਾ ਨਾਹੀ ਕੋਇ॥**
**ਤਾ ਕੀ ਸੇਵਾ ਸੋ ਕਰੇ ਜਾ ਕਉ ਨਦਰਿ ਕਰੇ॥**

*(ਧਨਾ: ਮ: ੧ ਪੰਨਾ–੬੬੦)*

ਪ੍ਰਮੇਸ਼ਰ ਕਿਰਪਾ ਕਰਦਾ ਹੈ ਭਾਈ ਤਾਂ ਉਹ ਸੇਵਾ ਮਿਲਦੀ ਹੈ, ਉਹਦੀ ਸਿਮਰਤੀ ਮਿਲਦੀ ਹੈ, ਉਹਦੀ ਸਿਮਰਤੀ ਹੀ ਸੇਵਾ ਹੈ, ਉਹਦੇ ਉਪਦੇਸ਼ ਨੂੰ ਤੁਸੀਂ ਯਾਦ ਰੱਖਿਆ ਹੈ ਇਹੀ ਸੇਵਾ ਹੈ, ਤੇ ਜਿਹੜਾ ਉਪਦੇਸ਼ ਨੂੰ ਭੁੱਲ ਗਿਆ ਉਹ ਹੋਰ ਜੋ ਮਰਜ਼ੀ ਪਿਆ ਕਰੇ, ਉਹ ਸੇਵਾ ਨਹੀਂ ਉਹ ਕਰਮ ਹੈ, ਤੇ ਕਰਮ ਸ਼ੁੱਭ ਦਾ ਫਲ ਚੰਗਾ ਹੋ ਸਕਦਾ, ਸ਼ੁੱਭ ਹੋ ਸਕਦਾ ਹੈ, ਤੇ ਬੁਰੇ ਦਾ ਦੁੱਖ, ਪਰ ਜਿਹੜਾ ਮੋਕਸ਼ ਹੈ ਜਨਮ ਮਰਨ ਤੋਂ ਖਹਿੜਾ ਛੁੱਟਣਾ ਉਹ ਤਾਂ ਉਸ ਸੱਤ ਦੀ ਸੇਵਾ ਇਹੀ ਹੈ ਕਿ ਗੁਰੂ ਦਾ ਉਪਦੇਸ਼ ਹਰ ਵੇਲੇ ਚੇਤੇ ਰਹੇ। ਗੁਰੂ ਦੇ ਉਪਦੇਸ਼ ਦੇ ਵਿੱਚ ਉਪਦੇਸ਼ਟਾ ਪ੍ਰਮਾਤਮਾ ਜੋ ਸਰਬ ਵਿਆਪਕ ਹੈ ਆਤਮਾ ਰੂਪ ਦੇ ਵਿੱਚ ਇਸਥਿਤ ਹੈ ਤੇ ਆਤਮਾ ਦੀ ਲੱਖਤਾ ਹੁੰਦੇ ਹੀ ਫੇਰ ਗੁਰੂ ਔਰ ਸਿਖ ਦੋਨੋਂ ਹੀ ਇੱਕੋ ਨੇ, ਫੇਰ ਸਾਰੀ ਸ੍ਰਿਸ਼ਟੀ ਹੀ ਇੱਕੋ ਹੈ, ਫੇਰ ਸਾਰੀ ਸ੍ਰਿਸ਼ਟੀ ਦੇ ਵਿੱਚ ਸ੍ਰਿਸ਼ਟਾ ਹੀ ਇਕੋ ਹੈ, ਸਾਰੇ ਖਿਡੋਣਿਆਂ ਦੇ ਵਿੱਚ ਖੰਡ ਆਪ ਹੈ, ਸਾਰੇ ਬਰਤਨਾਂ ਦੇ ਵਿੱਚ ਮਿੱਟੀ ਹੈ ਤੇ ਸਾਰੀ ਸ੍ਰਿਸ਼ਟੀ ਦੇ ਵਿੱਚ ਜਦੋਂ ਸ੍ਰਿਸ਼ਟਾ ਆਪ ਹੈ, ਤੇ ਜਦੋਂ ਇਹ ਆਪ ਦਾ ਬੋਧ ਠੀਕ ਹੋ ਗਿਆ ਗੁਰੂ ਕਿਰਪਾ ਦੇ ਨਾਲ, ਫੇਰ ਇਸ ਦੇ ਜੀਵਨ ਦੀ ਯਾਤਰਾ ਜੋ ਹੈ ਭਾਈ ਸਫਲਤਾ ਦੇ ਨਾਲ ਪੂਰਣ ਹੁੰਦੀ ਹੈ, ਤੇ ਇਹ ਸਫਲਤਾ ਦੇ ਨਾਲ ਸੰਪੂਰਣ ਹੋਣਾ ਹੀ ਜੀਵਨ ਦਾ ਲਕਸ਼ ਹੈ।

ਸੰਪੂਰਣ ਸਭ ਦੀ ਹੋ ਜਾਣੀ ਹੈ। ਜੀਵਨ ਤਾਂ ਚੋਰ ਵੀ ਬਿਤਾ ਗਿਆ, ਜੀਵਨ ਸਾਧ ਵੀ ਬਿਤਾ ਗਿਆ, ਜੀਵਨ ਗੁਰਮੁਖ ਵੀ ਬਿਤਾ ਗਿਆ ਤੇ ਜੀਵਨ ਮਨਮੁੱਖ ਵੀ ਬਿਤਾ ਗਿਆ ਪਰ ਸਫਲਤਾ ਦੇ ਨਾਲ ਸੰਪੂਰਣ ਹੋਣਾ ਹੀ ਇਸ ਜੀਵਨ ਦਾ ਲਕਸ਼ ਹੈ। ਉਹ ਸਫਲਤਾ ਭਾਈ ਸਤਿਗੁਰੂ ਦੀ ਕਿਰਪਾ ਦੇ ਨਾਲ ਹੈ।

ਬੋਲੋ ਸਤਿਨਾਮ ਸ੍ਰੀ ਵਾਹਿਗੁਰੂ॥

## ਸੰਤ ਚਮਨ ਲਾਲ ਜੀ

ਆਪ ਦਾ ਜਨਮ ਕਮਾਲੀਆਂ ਬਰਾਦਰੀ ਵਿੱਚ ਪਿਤਾ ਲਾਲਾ ਬਹਾਦਰ ਚੰਦ ਅਤੇ ਮਾਤਾ ਸੀਤਾ ਦੇਵੀ ਦੇ ਘਰ ਈ: ਸੰਨ 1919 ਵਿੱਚ ਹੋਇਆ। ਪੜ੍ਹਾਈ ਪੂਰੀ ਕਰਨ ਤੋਂ ਬਾਅਦ ਆਪ ਨੂੰ ਸੈਂਟਰਲ ਬੈਂਕ ਆਫ ਇੰਡੀਆ ਵਿੱਚ ਸਰਵਿਸ ਮਿਲ ਗਈ। ਇਤਨੇ ਨੂੰ ਦੇਸ਼ ਦੀ ਵੰਡ ਵਾਲਾ ਝਗੜਾ ਖੜਾ ਹੋ ਗਿਆ। ਉਸ ਸਮੇਂ ਆਪ ਪਾਕਿਸਤਾਨ ਵਾਲੇ ਏਰੀਏ ਵਿੱਚੋਂ ਉੱਠ ਕੇ ਪਾਨੀਪਤ ਆ ਵੱਸੇ। ਇਸ ਦਰਮਿਆਨ ਆਪ ਜੀ ਨੂੰ ਕਿਸੇ ਪੂਰਬਲੇ ਸੰਜੋਗ ਵਸ ਪਰਮ ਪੂਜਨੀਕ ਸ੍ਰੀਮਾਨ ੧੦੮ ਸੰਤ ਨਿੱਕਾ ਸਿੰਘ ਮਹਾਰਾਜ ਜੀਆਂ ਦਾ ਸੰਗ ਪ੍ਰਾਪਤ ਹੋ ਗਿਆ। ਉਸ ਸਮੇਂ ਆਪ ਜੀਆਂ ਦੇ ਨਾਲ ਇੱਕ ਬੈਂਕ ਔਫੀਸਰ, ਸ੍ਰੀ ਲਾਲ ਚੰਦ ਜੀ ਮਿੱਢਾ ਵੀ ਸਨ। ਦੋਨੋਂ ਸੱਜਨਾਂ ਨੂੰ ਜਿਵੇਂ-ਜਿਵੇਂ ਸਮਾਂ ਮਿਲਦਾ ਵਿਰੱਕਤ ਮਹਾਰਾਜ ਜੀਆਂ ਦੇ ਦਰਸ਼ਨ ਸਤਿਸੰਗ ਦਾ ਲਾਭ ਉਠਾਉਂਦੇ ਰਹਿੰਦੇ ਸਨ। ਅਸਲ ਵਿੱਚ ਇੰਨ੍ਹਾ ਦੋਨਾਂ ਪ੍ਰੇਮੀਆਂ ਨੂੰ ਸਭ ਤੋਂ ਪਹਿਲਾਂ ਸੰਤ ਮਹਾਰਾਜ ਭਗਤ ਸਿੰਘ ਜੀਆਂ ਦਾ ਸੰਗ ਪ੍ਰਾਪਤ ਹੋਇਆ ਸੀ। ਉਨ੍ਹਾਂ ਬ੍ਰਿਧ ਮਹਾਪੁਰਸ਼ਾਂ ਦੀ ਸ਼ਰਨ ਵਿੱਚ ਕੁੱਝ ਸਮਾਂ ਸੇਵਾ ਸਤਿਸੰਗ ਦਾ ਲਾਭ ਉਠਾਉਣ ਉਪਰੰਤ ਉਨ੍ਹਾਂ ਦੀ ਕਿਰਪਾ ਦੁਆਰਾ ਹੀ ਕਰਨਾਲ ਦੀਆਂ ਹੋਰ ਸੈਂਕੜੇ ਸੰਗਤਾਂ ਦੀ ਤਰ੍ਹਾਂ ਆਪ ਜੀ ਨੂੰ ਵੀ ਵਿਰੱਕਤ ਮਹਾਰਾਜ ਜੀ ਪ੍ਰਾਪਤ ਹੋਏ ਸਨ। ਆਖਰ ਸਰਵਿਸ ਦਾ ਸਮਾਂ ਪੂਰਾ ਹੋਣ ਤੇ ਸੰਨ 1979 ਵਿੱਚ ਅੰਬਾਲਾ ਕੈਂਟ ਤੋਂ ਸ੍ਰੀ ਚਮਨ ਲਾਲ ਜੀ ਡਿਪਟੀ ਚੀਫ ਆਫੀਸਰ ਦੇ ਰੈਂਕ ਤੋਂ ਰਿਟਾਇਰ ਹੋਏ। ਫਿਰ ਆਪਣੇ

ਗ੍ਰਹਿਸਤ ਦੇ ਵਿਹਾਰ ਕਰਦੇ ਹੋਏ ਜ਼ਿਆਦਾ ਸਮਾਂ ਮਹਾਰਾਜ ਜੀਆਂ ਨਾਲ ਗੁਜ਼ਾਰਦੇ ਰਹੇ। ਇਸ ਸਮੇਂ ਦੌਰਾਨ ਹੀ ਆਪ ਵਿਰੱਕਤ ਮਹਾਰਾਜ ਜੀਆਂ ਨਾਲ ਪੰਜਾਬ, ਹਰਿਆਣਾ, ਦਿੱਲੀ, ਰਿਸ਼ੀਕੇਸ਼, ਕਨਖਲ ਆਦਿਕ ਥਾਵਾਂ ਤੇ ਵਿਚਰੇ। ਸੰਨ 1983 ਦੇ ਕਿਸੇ ਸਮੇਂ ਵਿਰੱਕਤ ਮਹਾਰਾਜ ਜੀਆਂ ਦੇ ਹੁਕਮ ਅਨੁਸਾਰ ਨਿਰਮਲ ਬਾਗ ਕਨਖਲ ਪੱਕੇ ਤੌਰ ਤੇ ਠਹਿਰ ਕੇ ਸੇਵਾ ਕਰਨ ਲੱਗ ਗਏ। ਉਸ ਤੋਂ ਕੁੱਝ ਸਮੇਂ ਬਾਅਦ ਵਿਰੱਕਤ ਮਹਾਰਾਜ ਜੀਆਂ ਨੇ ਸੰਤ ਮਹੇਸ਼ ਚੰਦਰ (ਪੰਡਿਤ ਜੀ) ਨੂੰ ਨਿਰਮਲ ਭੇਖ ਬਖਸ਼ਿਸ਼ ਕਰਕੇ ਆਪ ਜੀਆਂ ਦੇ ਨਾਲ ਹੀ ਕਨਖਲ ਸੇਵਾ ਵਿੱਚ ਲਾ ਦਿੱਤਾ। ਸੰਤ ਚਮਨ ਲਾਲ ਜੀ ਸੁਭਾਵ ਤੋਂ ਮਿਲਣਸਾਰ ਅਤੇ ਜੁਬਾਨ ਦੇ ਮਿੱਠ ਬੋਲੜੇ ਸੱਜਣ ਸਨ। ਆਸ਼ਰਮ ਵਿੱਚ ਹਰ ਆਏ ਯਾਤਰੀ ਨਾਲ ਬਗੈਰ ਆਪਣੇ-ਪਰਾਏ ਦੇ ਭੇਦ-ਭਾਵ ਤੋਂ ਪਿਆਰ ਭਰਿਆ ਵਿਵਹਾਰ ਕਰਦੇ ਸਨ। ਪਰਮ ਪੂਜਨੀਕ ਮਹੰਤ ਬਾਬਾ ਰਾਮ ਸਿੰਘ ਜੀਆਂ ਦੇ ਹੁਕਮ ਵਿੱਚ ਲੰਗਰ, ਆਏ ਗਏ ਦੀ ਸੇਵਾ ਸੰਭਾਲ, ਆਰਥਿਕ ਮਾਮਲੇ, ਅਤੇ ਹੋਰ ਅੰਦਰ ਬਾਹਰ ਦੇ ਕਾਰਜਾਂ ਨੂੰ ਕੁਸ਼ਲਤਾ ਪੂਰਵਕ ਸੰਭਾਲਦੇ ਸਨ। ਆਖਰ—**ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰ** ਵਾਲੇ ਅਕਾਲ ਪੁਰਖ ਦੇ ਅਟਲ ਨੀਯਮ ਅਨੁਸਾਰ ਦਿਲ ਦਾ ਦੌਰਾ ਪੈਣ ਨਾਲ 20-4-1990 ਨੂੰ ਆਪਣਾ ਪੰਜ ਭੌਤਿਕ ਸਰੀਰ ਤਿਆਗ ਗਏ। ਉਨ੍ਹਾਂ ਦੀ ਆਤਮਿਕ ਸ਼ਾਂਤੀ ਵਾਸਤੇ ਆਸ਼ਰਮ ਵੱਲੋਂ ਇੱਕ ਸਹਿਜ ਪਾਠ ਆਰੰਭ ਕੀਤਾ ਗਿਆ, ਅਤੇ 4-5-1990 ਵਾਲੇ ਦਿਨ ਨਿਰਮਲ ਬਾਗ ਕਨਖਲ ਵਿਖੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕੀਤਾ ਗਿਆ, 6-5-1990 ਵਾਲੇ ਦਿਨ ਸਵੇਰੇ ਛੇ ਵਜੇ ਸ੍ਰੀ ਆਖੰਡ ਪਾਠ ਸਾਹਿਬ ਅਤੇ ਸਹਿਜ ਪਾਠ ਦੇ ਭੋਗ ਪਾਏ ਗਏ, ਸਾਢੇ ਅੱਠ ਤੋਂ ਸਾਢੇ ਗਿਆਰਾਂ ਤੱਕ ਕੀਰਤਨ ਅਤੇ ਸ਼ਰਧਾਜਲੀ ਸਮਾਗਮ ਹੋਇਆ। ਬਾਅਦ ਵਿੱਚ ਸਾਧੂ ਮਹਾਤਮਾ ਅਤੇ ਆਈਆਂ ਸੰਗਤਾਂ ਨੇ ਗੁਰੂ ਕੇ ਲੰਗਰ ਵਿੱਚੋਂ ਪ੍ਰਸ਼ਾਦ ਪਾਣੀ ਛਕੇ ਅਤੇ ਹੋਰ ਗਰੀਬਾਂ ਅਨਾਥਾਂ ਲਈ ਖੁੱਲ੍ਹੇ ਭੰਡਾਰੇ ਵਰਤਾਏ ਗਏ।

## ਕਨਖਲ ਵਾਲੀ ਨਵੀਂ ਬਿਲਡਿੰਗ ਦੀ ਨੀਂਹ

ਜ਼ਿਕਰ 1989 ਵਾਲੀ ਬਰਸੀ ਦਾ ਹੈ ਜਦੋਂ ਪੰਜਾਬ, ਹਰਿਆਣਾ, ਦਿੱਲੀ ਅਤੇ ਬੰਬਈ ਆਦਿਕ ਥਾਵਾਂ ਤੋਂ ਭਾਰੀ ਗਿਣਤੀ ਵਿੱਚ ਸੰਗਤਾਂ ਕਨਖਲ ਪਹੁੰਚੀਆਂ ਹੋਈਆਂ ਸਨ। ਮਕਾਨਾਂ ਦੀ ਤੰਗੀ ਕਰਕੇ ਪਾਠੀ ਸਿੰਘਾਂ ਦੇ ਰਹਿਣ ਲਈ ਨਿਰਮਲ ਵਿਰੱਕਤ ਕੁਟੀਆ ਵਿੱਚ ਪ੍ਰਬੰਧ ਕੀਤਾ ਹੋਇਆ ਸੀ। ਬਾਕੀ ਸੰਗਤਾਂ ਲਈ ਲੰਗਰ ਵਾਲੇ ਬਰਾਂਡੇ ਤੋਂ ਬਾਹਰ ਗਊਸ਼ਾਲਾ ਵੱਲ ਨੂੰ ਇੱਕ ਕਾਫੀ ਵੱਡਾ ਸ਼ਾਮਿਆਨਾ ਲਾ ਕੇ ਥੱਲੇ ਫਰਸ਼ ਵਗੈਰਾ ਵਿਛਾਏ ਹੋਏ ਸਨ ਤਾਂ ਕਿ ਸੰਗਤਾਂ ਰਾਤ ਨੂੰ ਇੱਥੇ ਅਰਾਮ ਕਰ ਸਕਣ। ਇਕ ਰਾਤ ਤਾਂ ਇਸ ਤਰੀਕੇ ਠੀਕ ਗੁਜ਼ਰ ਗਈ, ਲੇਕਿਨ ਦੂਸਰੀ ਰਾਤ ਪਰਮੇਸ਼ਰ ਦਾ ਖੇਡ ਵਰਤਿਆ, ਜ਼ੋਰਦਾਰ ਬਾਰਸ਼ ਆ ਗਈ। ਪੂਰਾ-ਪੂਰਾ ਰਾਜ਼ ਤਾਂ ਪਰਮੇਸ਼ਰ ਹੀ ਜਾਣੇ, ਲੇਕਿਨ ਲੱਗ ਇਉਂ ਰਿਹਾ ਹੈ ਜਿਵੇਂ ਇਸ ਬਾਰਸ਼ ਦੀ ਬਹੁਤ ਜ਼ਰੂਰਤ ਸੀ। ਸ਼ਾਇਦ ਇਸੇ ਲਈ ਹੀ ਪਰਮੇਸ਼ਰ ਨੇ ਬਾਰਸ਼ ਵਾਲਾ ਖੇਡ ਰਚਿਆ ਕਿਉਂਕਿ ਇਸ ਧਰਤੀ ਵਿੱਚ ਇਕ ਜ਼ਬਰਦਸ਼ਤ ਬੀਜ ਪਿਆ ਸੀ, ਜਿਸ ਨੂੰ ਪੁੰਗਰਨ ਲਈ ਲੋੜੀਂਦੀ ਸਿੱਲ੍ਹ ਜ਼ਰੂਰੀ ਸੀ। ਔਰ ਸ਼ਾਇਦ ਸਮਾਂ ਵੀ ਆ ਚੁੱਕਿਆ ਸੀ। ਖੈਰ, ਸੰਗਤਾਂ ਨੇ ਸ਼ਾਮਿਆਨੇ ਹੇਠੋਂ ਉੱਠ ਕੇ ਲੰਗਰ ਵਾਲਾ ਬਰਾਂਡਾ, ਦਰਬਾਰ ਸਾਹਿਬ ਵਾਲਾ ਬਰਾਂਡਾ ਇਤਿਆਦਿਕ ਇਧਰ ਉੱਧਰ ਪੈ ਅਤੇ ਬੈਠ ਕੇ ਰਾਤ ਗੁਜ਼ਾਰ ਲਈ, ਲੇਕਿਨ ਸ਼ਾਮਿਆਨਾ ਸਾਰਾ ਥੱਲੇ ਗਿਰ ਗਿਆ। ਕੌਣ ਜਾਣੇ ਇਸ ਚਾਰ ਘੰਟੇ ਦੇ ਕਸ਼ਟ ਨੇ ਕਿਸੇ ਵੱਡੇ ਸੁੱਖ ਨੂੰ ਜਨਮ ਦੇਣਾ ਹੈ। ਖੈਰ ਜਿਵੇਂ ਕਿਵੇਂ ਕਰਕੇ ਬਰਸੀ ਸਮਾਗਮ ਸੰਪੂਰਨ ਹੋ ਗਿਆ। ਜ਼ਿਆਦਾ ਸੰਗਤਾਂ ਮਹਾਪੁਰਸ਼ਾਂ ਦੇ ਪਵਿੱਤਰ ਹਸਤ ਕਮਲਾਂ ਤੋਂ ਪ੍ਰਸ਼ਾਦ ਲੈ ਕੇ ਵਾਪਸ ਘਰਾਂ ਨੂੰ ਚਲੀਆਂ ਗਈਆਂ। ਬਾਕੀ ਦੀਆਂ ਲੰਗਰ ਵੱਲ ਚਾਹ ਵਗੈਰਾ ਛੱਕ ਰਹੀਆਂ ਹਨ। ਇਉਂ ਲੱਗਦਾ ਹੈ ਜਿਵੇਂ ਹਰੀ ਤੋਂ ਸੰਗਤਾਂ ਦੀ ਬੇ-ਆਰਾਮੀ ਸਹਿਣ ਨਹੀਂ ਹੋਈ। ਮਹਾਂਪੁਰਸ਼ ਆਪਣੇ ਕਮਰੇ ਤੋਂ ਬਾਹਰ ਆ ਕੇ ਖੂਹ ਦੇ ਕੋਲ ਆ ਖਲੋਤੇ। ਬਰਾਂਡੇ ਵਿੱਚ ਖੂੰਡੇ ਦੇ ਸਹਾਰੇ ਖੜ੍ਹੇ ਬਹੁਤ ਗੰਭੀਰ ਦ੍ਰਿਸ਼ਟੀ ਨਾਲ ਬਾਗ ਵੱਲ ਨੂੰ ਤੱਕ ਰਹੇ ਹਨ। ਗੰਭੀਰਤਾ ਸਮੁੰਦਰ ਦੀ ਨਿਆਈਂ ਇਤਨੀ ਹੈ ਕਿ ਚਿਹਰੇ ਤੇ ਰੱਤੀ ਭਰ ਵੀ ਮੁਸਕਾਨ ਨਹੀਂ, ਬਸ ਇਕ ਟਕ ਖੜ੍ਹੇ ਦਰਬਾਰ ਸਾਹਿਬ ਤੋਂ ਪਿੱਛੇ ਬਾਗ ਵੱਲ ਨੂੰ ਤੱਕੀ ਜਾ ਰਹੇ ਹਨ। ਹੁਣ ਪਵਿੱਤਰ ਬੁੱਲ ਥੋੜੇ ਕਰਕੇ ਬਹੁਤ ਧੀਮੀ ਆਵਾਜ਼ ਵਿੱਚ ਬੋਲੇ ਮਕਾਨ ਛੋਟਾ ਰਹਿ ਗਿਆ। ਲੇਕਿਨ ਧਿਆਨ ਅਜੇ ਵੀ ਬਾਗ ਵੱਲ ਹੀ ਜਮਾਇਆ ਹੋਇਆ ਹੈ। ਕੋਲ ਖੜੇ ਇੱਕ ਪ੍ਰੇਮੀ ਨੇ ਅਰਜ਼ ਕੀਤੀ, ਮਹਾਰਾਜ ਮਕਾਨ ਤਾਂ ਕਾਫੀ ਹੈ, ਆਪ ਜੀ ਦਾ ਪਰਿਵਾਰ ਹੀ ਵੱਡਾ ਹੋ ਗਿਆ।

ਮਹਾਂਪੁਰਸ਼ ਬੋਲੇ ਤੇਰੀ ਦ੍ਰਿਸ਼ਟੀ ਪਰਿਵਾਰ ਤੇ ਹੈ ਸਾਡੀ ਦ੍ਰਿਸ਼ਟੀ ਮਕਾਨ ਤੇ ਹੈ। ਪ੍ਰੇਮੀ ਸਮਝ ਗਿਆ ਕਿ ਹੁਣ ਮਕਾਨ ਦਾ ਤਾਂ ਕਿਲ੍ਹਾਂ ਕੋਈ ਉਸਰਨ ਵਾਲਾ ਹੀ ਹੈ, ਕਿਉਂਕਿ ਸਪਸ਼ਟ ਹੀ ਜੋ ਆਖ ਦਿੱਤਾ, ਸਾਡੀ ਦ੍ਰਿਸ਼ਟੀ ਮਕਾਨ ਤੇ ਹੈ। ਇਨ੍ਹਾਂ ਦੀ ਦ੍ਰਿਸ਼ਟੀ ਕਿਹੋ-ਜਿਹੀ ਹੈ। ਉਸ ਦੀ ਪਰਿਭਾਸ਼ਾ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਸਮਝਾ ਹੀ ਦਿੱਤੀ;-

ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ॥

(ਗ:ਸੁ:ਮ: ੫, ਪੰਨਾ-੨੭੩)

ਐਸੀ ਦ੍ਰਿਸ਼ਟੀ ਸੁੱਕੇ ਬਾਗ ਤੇ ਪੈ ਜਾਵੇ ਹਰਾ ਹੋ ਜਾਂਦਾ ਹੈ, ਬੰਜਰ ਧਰਤੀ ਤੇ ਪੈ ਜਾਵੇ ਮੋਤੀ ਉਗੱਣੇ ਸ਼ੁਰੂ ਕਰ ਦਿੰਦੀ ਹੈ, ਬੀਮਾਰ ਤੇ ਪੈ ਜਾਵੇ ਨਿਰੋਗ ਹੋ ਜਾਂਦਾ ਹੈ, ਪ੍ਰਾਣਾਂ ਦਾ ਅੰਤ ਹੋਏ ਸਰੀਰ ਤੇ ਪੈ ਜਾਵੇ ਮੁੜ ਜ਼ਿੰਦਾ ਹੋ ਜਾਂਦਾ ਹੈ, ਡੁੱਬਦੇ ਤੇ ਪੈ ਜਾਵੇ, ਹੋਰਾਂ ਦਾ ਵੀ ਤਾਰਨਹਾਰ ਹੋ ਜਾਂਦਾ ਹੈ, ਕੰਗਾਲ ਤੇ ਪੈ ਜਾਵੇ ਧਨਵਾਨ ਬਣਾ ਦਿੰਦਾ ਹੈ, ਮੂਰਖ ਤੇ ਪੈ ਜਾਵੇ ਪੰਡਿਤ ਹੋ ਜਾਂਦਾ ਹੈ, ਪਿੰਗਲੇ ਤੇ ਪੈ ਜਾਵੇ ਪਰਬਤਾਰੋਹੀ ਹੋ ਜਾਂਦਾ ਹੈ, ਯਥਾ—

ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥
ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ॥
ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥
ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥

(ਬਿ: ਮ: ੫: ਪੰਨਾ-੮੦੯)

ਨੇਤਰਹੀਣ ਪੁਰਸ਼ ਤੇ ਪੈ ਜਾਵੇ ਤਿੰਨਾਂ ਭਵਨਾਂ ਦੀ ਸੋਝੀ ਹੋ ਆਉਂਦੀ ਹੈ, ਵਿਸ਼ਿਆ ਦੀ ਮਾਰੂ ਅਗਲੀ ਨਾਲ ਸੜ ਰਹੀ ਹਿਰਦੇ ਰੂਪੀ ਤਪਤ ਭੂਮੀ ਤੇ ਪੈ ਜਾਵੇ ਤਾਂ ਸ਼ੁੱਭ ਗੁਣਾਂ ਰੂਪੀ ਹਰਿਆ ਭਰਿਆ ਬਾਗ ਲੱਗ ਕੇ ਮਨ ਬੜੇ ਵਰਗਾ ਠੰਡਾ ਹੋ ਆਉਂਦਾ ਹੈ। ਗਨਿਕਾ ਤੇ ਪੈ ਜਾਵੇ ਬੈਕੁੰਠ ਵਾਸੀ ਬਣਾ ਦਿੰਦੀ ਹੈ, ਗੱਲ ਕੀ ਕੋਈ ਐਸਾ ਕਾਰਜ ਨਹੀਂ ਜੋ ਅਨਹੋਇਆ ਰਹਿ ਜਾਵੇ, ਬਸ਼ਰਤੇ ਦ੍ਰਿਸ਼ਟੀ ਪੈ ਜਾਵੇ!

ਦੇਖੋ ਅੱਜ ਪੈ ਗਈ ਮਕਾਨ ਦੀ ਕਮੀ ਤੇ ਇਸ ਦਾ ਰਿਜ਼ਲਟ (Result) ਕੀ ਸਾਹਮਣੇ ਆਉਂਦਾ ਹੈ?

ਬਰਸੀ ਸੰਪੂਰਨ ਹੋਣ ਤੇ ਕੁਝ ਦਿਨਾਂ ਬਾਅਦ ਬੰਬੇ ਦਾ ਇੱਕ ਰੱਜਦਾ ਪੁੱਜਦਾ ਖੁਸ਼ਹਾਲ ਖਾਨਦਾਨ ਰਾਧਾ ਕਲਿਆਨ ਦਾਸ ਦਰਿਆਨਾਨੀ ਚੈਰੀਟੇਬਲ ਟਰੱਸਟ ਦਾ ਚੇਅਰਮੈਨ ਸ੍ਰੀ ਪ੍ਰੇਮ ਦਰਿਆਨਾਨੀ ਰਿਸ਼ੀਕੇਸ਼ ਆਇਆ। ਇੱਕ-ਦੋ-ਦਿਨ ਠਹਿਰ ਕੇ ਸਾਧੂ ਅਤੇ ਹੋਰ ਗਰੀਬ ਸਮਾਜ ਨੂੰ ਹਰ ਰੋਜ ਵਰਤਦਾ ਅੰਨ ਛੇਤਰ ਅਤੇ ਦੁਖੀਆਂ ਦਰਦਮੰਦਾਂ ਨੂੰ ਹੋ ਰਹੀ ਹਸਪਤਾਲ ਵੱਲੋਂ ਹਰ ਪ੍ਰਕਾਰ ਦੀ ਸਹਾਇਤਾ ਦੇਖ ਕੇ ਮਨ ਦ੍ਰਵਿਆ। ਮਹਾਂਪੁਰਸ਼ਾਂ ਦੇ ਚਰਨਾਂ ਵਿੱਚ ਅਰਜ ਕੀਤੀ ਮਹਾਰਾਜ! ਮੈਂ ਆਪਣੇ ਸਵਰਗੀ ਮਾਤਾ-ਪਿਤਾ ਦੇ ਨਾਮ ਤੇ ਕੋਈ ਬਿਲਡਿੰਗ ਆਦਿ ਬਣਾਉਣੀ ਚਾਹੁੰਦਾ ਹਾਂ, ਆਪ ਕ੍ਰਿਪਾ ਕਰਕੇ ਕੋਈ ਸੇਵਾ ਬਖਸ਼ੋ ਜਿਸ ਨਾਲ ਮੇਰੇ ਮਨ ਦਾ ਸੰਕਲਪ ਪੂਰਾ ਹੋ ਜਾਵੇ। ਮਹਾਂਪੁਰਸ਼ ਮੁਸਕਰਾਉਂਦੇ ਰਹੇ, ਅੱਗੋਂ ਕੋਈ ਜਵਾਬ ਨਹੀਂ ਦਿੱਤਾ। ਸ੍ਰੀ ਪ੍ਰੇਮ ਦਰਿਆਨਾਨੀ ਨੇ ਫਿਰ ਅਰਜ਼ ਕੀਤੀ, ਕਰ ਦਿਉ ਕੋਈ ਇਸ਼ਾਰਾ ਮੇਰੇ ਮਾਤਾ ਪਿਤਾ ਦਾ ਨਾਮ ਰਹਿ ਜਾਵੇ!

ਮਹਾਂਪੁਰਸ਼ਾਂ ਨੇ ਪ੍ਰੇਮੀ ਦਾ ਦ੍ਰਿੜ ਨਿਸ਼ਚਾ ਜਾਣ ਕੇ ਹੁਕਮ ਕੀਤਾ, ਪ੍ਰੇਮੀਆਂ! ਕਨਖਲ ਵਾਲੇ ਆਸ਼ਰਮ ਵਿੱਚ ਕੁਝ ਜਗ੍ਹਾਂ ਦੀ ਕਮੀ ਹੈ, ਸਾਡਾ ਵਿਚਾਰ ਉੱਥੇ ਕੋਈ ਕਾਫੀ ਵੱਡੀ ਬਿਲਡਿੰਗ ਬਣਾਉਣ ਦਾ ਬਣਿਆ ਹੈ, ਅਗਰ ਤੇਰੀ ਕੋਈ ਸੇਵਾ ਕਰਨ ਦੀ ਇੱਛਾ ਹੈ ਤਾਂ ਉਸ ਵਿੱਚ ਕਰ ਲਵੀਂ। ਸ੍ਰੀ ਦਰਿਆਨਾਨੀ ਨੇ ਅਰਜ਼ ਕੀਤੀ, ਮਹਾਰਾਜ ਉਸ ਬਿਲਡਿੰਗ ਦਾ ਸਾਰੀ ਸੇਵਾ ਫਿਰ ਮੈਨੂੰ ਹੀ ਬਖਸ਼ ਦਿਉ! ਹੁਕਮ ਹੋਇਆ ਬਿਲਡਿੰਗ ਕਾਫੀ ਵੱਡੀ ਬਨਾਉਣੀ ਹੈ, ਜਿਤਨੀ ਸੇਵਾ ਤੂੰ ਕਰ ਲਏਂਗਾ, ਉਤਨਾ ਤੇਰੇ ਨਾਮ ਦਾ ਬੋਰਡ ਲਾ ਦਿਆਂਗੇ। ਅਗਰ ਸਾਰੀ ਬਿਲਡਿੰਗ ਦਾ ਖਰਚਾ ਤੁਸੀਂ ਕਰ ਲਿਆ ਤਾਂ ਸਾਰੀ ਦਾ ਬੋਰਡ ਤੁਹਾਡਾ ਲਾ ਦਿੱਤਾ ਜਾਵੇਗਾ। ਇਹ ਫੈਸਲਾ ਸਮੇਂ 'ਤੇ ਹੀ ਛੱਡ ਦਿਉ, ਜਿਤਨੀ ਸੇਵਾ ਗੁਰੂ ਨਾਨਕ ਤੁਹਾਡੇ ਤੇ ਕਰਵਾਉਣਗੇ, ਉਤਨੀ ਕਰ ਲੈਣੀ। ਮਹਾਂਪੁਰਸ਼ਾਂ ਤੋਂ ਸੇਵਾ ਦੀ ਪ੍ਰਵਾਨਗੀ ਲੈ ਕੇ ਸ੍ਰੀ ਪ੍ਰੇਮ ਦਰਿਆਨਾਨੀ ਵਾਪਸ ਬੰਬੇ ਚਲਿਆ ਗਿਆ। ਉਸ ਤੋਂ ਕੁਝ ਮਹੀਨੇ ਬਾਅਦ ਯਾਨੀ 1990 ਗਰਮੀਆਂ ਦਾ ਮੌਸਮ ਸੀ ਜਦੋਂ ਨੀਂਹ ਰਖਾਉਣ ਲਈ ਵਾਪਸ ਰਿਸ਼ੀਕੇਸ਼ ਆਇਆ। ਮਹਾਂਪੁਰਸ਼ਾਂ ਨੇ ਬਿਲਡਿੰਗ ਦੇ ਕਾਰਜ ਦੀ ਸਫਲਤਾ ਲਈ ਇੱਕ ਸਹਿਜ

ਪਾਠ ਦਾ ਭੋਗ ਪਾ ਕੇ ਅਰਦਾਸ ਉਪਰੰਤ ਇੱਕ ਆਲੀਸ਼ਾਨ ਬਿਲਡਿੰਗ ਦੀ ਨੀਂਹ ਆਪਣੇ ਪਵਿੱਤਰ ਹਸਤ ਕਮਲਾਂ ਦੁਆਰਾ ਰੱਖੀ। ਉਪਰੰਤ ਕੜ੍ਹਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ।

## ਬਿਸ਼ਨਪੁਰਾ (ਲੋਪੋ) ਕੁਟੀਆ ਦਾ ਉਦਘਾਟਨ

ਸਵਾ ਕੁ ਸਾਲ ਪਹਿਲਾਂ ਆਪ ਜੀ ਨੇ ਆਪਣੇ ਪਵਿੱਤਰ ਹਸਤ ਕਮਲਾਂ ਦੁਆਰਾ ਜੋ ਲੋਪੋ ਕੁਟੀਆ ਦੀ ਨੀਂਹ ਰੱਖੀ ਸੀ, ਉਸ ਦੀ ਸਿਰਜਨਾ ਕਾਲ ਵਿੱਚ ਸਮੇਂ-ਸਮੇਂ ਆ ਕੇ ਜੜ ਵਿੱਚ ਪਾਣੀ ਪਾਉਂਦੇ ਰਹੇ ਅਤੇ ਸੇਵਾਦਾਰਾਂ ਨੂੰ ਯੋਗ ਅਗਵਾਈ ਤੇ ਹੱਲਾਸ਼ੇਰੀ ਬਖਸ਼ਿਸ਼ ਕਰਦੇ ਰਹੇ। ਇਉਂ ਆਪ ਜੀ ਦੀ ਭਰਪੂਰ ਬਖਸ਼ਿਸ਼ ਦਾ ਸਦਕਾ, ਉਹ ਕੁਟੀਆ ਹੁਣ ਬਣਕੇ ਤਿਆਰ ਹੋ ਗਈ। ਉਸ ਦੇ ਉਦਘਾਟਨ ਨਮਿੱਤ ਆਪ ਜੀ ਨੇ 16 ਨਵੰਬਰ, 1990 ਅਰਥਾਤ ਮੱਘਰ ਮਹੀਨੇ ਦੀ ਸੰਗਰਾਂਦ ਦਾ ਪਵਿੱਤਰ ਦਿਨ ਬਖਸ਼ਿਸ਼ ਕਰ ਦਿੱਤਾ। ਤੇਰਾਂ ਨਵੰਬਰ ਵਾਲੇ ਤਿਨ ਆਪ ਚੌਧਰੀ ਮਾਜਰੇ ਟਿਕੇ ਹੋਏ ਸਨ। ਪ੍ਰੇਮੀਆਂ ਨੂੰ ਹੁਕਮ ਕਰ ਦਿੱਤਾ ਕਿ ਕੱਲ੍ਹ ਸਵੇਰੇ ਅਸੀਂ ਨੌਹਰੇ ਪਿੰਡ ਨਛੱਤਰ ਸਿੰਘ ਦੇ ਘਰ ਸਹਿਜ ਪਾਠ ਦਾ ਭੋਗ ਪਾ ਕੇ ਦਸ ਕੁ ਵਜੇ ਲੋਪੋ ਕੁਟੀਆ ਪਹੁੰਚ ਜਾਵਾਂਗੇ, ਤੁਸੀਂ ਸਾਰੀ ਤਿਆਰੀ ਕਰ ਰੱਖਣੀ, ਅਖੰਡ ਪਾਠ ਸਾਹਿਬ ਅਸੀਂ ਆ ਕੇ ਆਰੰਭ ਕਰਾਵਾਂਗੇ। ਪ੍ਰੇਮੀਆਂ ਨੇ ਅਰਜ਼ ਕੀਤੀ, ਮਹਾਰਾਜ! ਅਖੰਡ ਪਾਠ ਸਾਹਿਬ ਗੁਰਦੁਆਰਾ ਸਾਹਿਬ ਵਿੱਚ ਆਰੰਭ ਕਰ ਲਈਏ, ਕੁਟੀਆ ਵਿੱਚ ਆਪ ਜੀ ਠਹਿਰ ਜਾਇਓ! ਹੁਕਮ ਹੋਇਆ, ਕਿੰਨਾ ਸੁੰਦਰ ਮਕਾਨ ਬਣਿਆ ਹੈ, ਇਸ ਲਈ ਉਸ ਵਿੱਚ ਸਭ ਤੋਂ ਪਹਿਲਾਂ ਗੁਰੂਆਨ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਚਰਨ ਪੈਣ, ਦੋ ਦਿਨ ਗੁਰਬਾਣੀ ਦਾ ਨਿਰੰਤਰ ਪ੍ਰਵਾਹ ਚੱਲੇ, ਫਿਰ ਆਾਵਾਂ ਠਹਿਰ ਜਾਇਆ ਕਰਾਂਗੇ, ਹੁਣ ਸਮਾਗਮ ਦੌਰਾਨ ਉੱਥੇ ਕਿਸੇ ਕਮਰੇ ਵਿੱਚ ਠਹਿਰ ਜਾਵਾਂਗੇ, ਜਾਂ ਤੁਹਾਡੇ ਘਰ ਤੁਰ ਚੱਲਾਂਗੇ, ਇਸ ਲਈ ਅਖੰਡ ਪਾਠ ਸਾਹਿਬ ਦੀ ਤਿਆਰੀ ਕੁਟੀਆਂ ਵਿੱਚ ਹੀ ਕਰਿਓ! ਹੁਕਮ ਅਨੁਸਾਰ ਚੌਦਾਂ ਨਵੰਬਰ, 1990 ਵਾਲੇ ਦਿਨ ਕੁਟੀਆ ਵਿੱਚ ਸਾਰੀ ਤਿਆਰੀ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਲਿਆਂਦੇ ਗਏ। ਦਸ ਕੁ ਵਜੇ ਦੇ ਕਰੀਬ ਨੌਹਰੇ ਪਿੰਡ ਹੋ ਕੇ ਕੁਟੀਆ ਦੇ ਮਾਲਕ ਜੀ ਵੀ ਆ ਗਏ। ਸੰਗਤ ਤਾਂ ਸਾਰੀ ਤਿਆਰੀ ਕਰਕੇ ਉਡੀਕ ਕਰ ਹੀ ਰਹੀ ਸੀ। ਆਪ ਨੇ ਜਿਉਂ ਹੀ ਕਾਰ ਵਿੱਚੋਂ ਉਤਰ ਕੇ ਕੁਟੀਆ ਵੱਲ ਪਹਿਲੀ ਦ੍ਰਿਸ਼ਟੀ ਨਾਲ ਤੱਕਿਆ ਤਾਂ ਉਸ ਸਮੇਂ ਪੂਰਨਮਾਸ਼ੀ ਦੇ ਚੰਦਰਮਾ ਵਾਂਗ ਖਿੜੇ ਸ਼ਾਂਤ ਚਿਹਰੇ ਤੇ ਹਜ਼ਾਰਾਂ ਸੂਰਜਾਂ ਵਰਗਾ ਤੇਜ ਅਤੇ ਕਰੋੜਾਂ ਚੰਦਰਮਾ ਵਰਗੀ ਸ਼ਾਂਤ ਆਭਾ ਦਮਕਾ ਮਾਰ ਉੱਠੀ। ਇੱਕ-ਇੱਕ ਕਦਮ ਸਹਿਜੇ-ਸਹਿਜੇ ਕੁਟੀਆ ਵੱਲ ਨੂੰ ਜਾ ਰਹੇ ਕੁਟੀਆ ਦੀ ਬਾਹਰਲੀ ਅਕ੍ਰਿਤੀ ਨੂੰ ਦੇਖ-ਦੇਖ ਕੇ ਇਉਂ ਵਿਸ਼ਮਾਦ ਹੋ ਰਹੇ ਹਨ, ਜਿਵੇਂ ਕਦੇ ਹੋਏ ਸਨ ਭੀਲਨੀ ਦੀ ਕੁਟੀਆ ਵਿੱਚ ਜਾ ਕੇ ਤ੍ਰੇਤੇ ਯੁੱਗ ਵਿੱਚ। ਪਵਿੱਤਰ ਬੁੱਲ੍ਹਾਂ 'ਤੇ ਮਿੱਠੀ-ਮਿੱਠੀ ਮੁਸਕਾਨ ਅਤੇ ਚਿਹਰੇ 'ਤੇ ਖਿੜਾਉਂ ਵੱਲ ਧਿਆਨ ਨਾਲ ਤੱਕਿਆ ਇਉਂ ਪ੍ਰਤੀਤ ਦੇ ਰਿਹਾ ਹੈ, ਜਿਵੇਂ ਅੰਦਰ ਖੁਸ਼ੀਆਂ ਦਾ ਸਮੁੰਦਰ ਵਹਿ ਤੁਰਿਆ ਹੋਵੇ। ਅੰਦਰ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਮਸ਼ਕਾਰ ਕੀਤੀ, ਫਿਰ ਦੂਸਰਾ ਕਮਰਾ ਅਤੇ ਬਾਥਰੂਮ ਨੂੰ ਖੋਲ੍ਹ ਕੇ ਬੜੀ ਗਹੁ ਨਾਲ ਤਕਿਆ, ਫਿਰ ਪੌੜੀ ਰਾਹੀਂ ਛੱਤ ਉੱਪਰ ਜਾ ਚੜ੍ਹੇ। ਛੱਤ ਉੱਪਰ ਕੀ ਜਾ ਚੜ੍ਹੇ ਮਾਨੋਂ ਅਕਾਸ਼ ਵਿੱਚੋਂ ਬਰਸਣ ਲਈ ਬੱਦਲ ਨੇ ਹੁਣ ਪੂਰੀ ਤਿਆਰੀ ਕਰ ਲਈ ਹੈ। ਹੱਥ ਵਿੱਚ ਖੂੰਡਾ ਫੜੀ ਕੁਟੀਆ ਦੀ ਛੱਤ 'ਤੇ ਖੜਾ ਹੈ ਅਰਸ਼ੀ ਪ੍ਰੀਤਮ ਕਿਸੇ ਗਹਿਰੀ ਚੁੱਪ ਵਿੱਚ। ਔਹ ਜ਼ਰਾ ਧਿਆਨ ਨਾਲ ਤੱਕੋ! ਕਿਵੇਂ ਅਰਸ਼ਾਂ ਤੋਂ ਫੁੱਲਾਂ ਦੀ ਵਰਖਾ ਸ਼ੁਰੂ ਹੋ ਗਈ। ਹੁਣ ਚੁੱਪ ਖੁੱਲ੍ਹੀ, ਪਵਿੱਤਰ ਬੁੱਲ ਫਰਕੇ, ਅੰਮ੍ਰਿਤ ਬਰਸਣਾਂ ਸ਼ੁਰੂ ਹੋ ਗਿਆ, ਬਰਸਾਤ ਕੀ ਸ਼ੁਰੂ ਹੋਈ ਮਾਨੋਂ ਵਰਦਾਨਾਂ ਦੀ ਝੜੀ ਲਾ ਦਿੱਤੀ, ਜਿਹੋ-ਜਿਹੀ ਲਗਾਈ ਸੀ ਗਿਆਰਾਂ ਸਾਲ ਪਹਿਲਾਂ ਕਿਸੇ ਹੋਰ ਰੂਪ ਵਿੱਚ। ਇਸ ਧਰਤੀ ਵਿੱਚ ਗਿੱਲ ਤਾਂ ਭਾਵੇਂ ਪਹਿਲੀ ਬਰਸਾਤ ਦੀ ਵੀ ਥੋੜ੍ਹੀ ਬਹੁਤ ਅਜੇ ਮੌਜੂਦ ਸੀ, ਲੇਕਿਨ ਅੱਜ ਦੀ ਭਰਵੀਂ ਬਰਸਾਤ ਨੇ ਤਾਂ ਸ਼ਾਈਦ ਇਸ ਨੂੰ ਸਦਾ ਲਈ ਤ੍ਰਿਪਤ ਕਰ ਦਿੱਤਾ। ਧੰਨ ਹੈ ਅੱਜ 14 ਨਵੰਬਰ, 1990 ਦਾ ਦਿਹਾੜਾ ਅਤੇ ਧੰਨ ਹੈ ਅੱਜ ਬਰਸਣ ਵਾਲਾ ਬੱਦਲ। ਖੈਰ, ਅਰਦਾਸ ਕਰਕੇ ਸ੍ਰੀ ਅਖੰਡ ਪਾਠ ਸਾਹਿਬ ਅਤੇ ਜਪੁਜੀ ਸਾਹਿਬ ਦੇ ਅਖੰਡ ਜਾਪ ਪਰਾਰੰਭ ਕੀਤੇ ਗਏ। ਉੱਧਰ ਦਰਬਾਰਾ ਸਿੰਘ ਬਾਬਰਪੁਰ ਵਾਲਿਆਂ ਦੀ ਲੜਕੀ ਦੇ ਘਰ *ਸਾਧੋਹੇੜੀ ਪਿੰਡ* ਜਾਣ ਦਾ ਸਮਾਂ ਦਿੱਤਾ ਹੋਇਆ ਸੀ, ਉਹ ਪ੍ਰੇਮੀ ਗੱਡੀ ਲੈ ਕੇ ਆ ਗਏ। ਸ੍ਰੀ ਅਖੰਡ ਪਾਠ ਸਾਹਿਬ ਪਰਾਰੰਭ ਕਰਕੇ ਲੋੜ ਅਨੁਸਾਰ ਥੋੜਾ ਬਹੁਤ ਜਲ ਪਾਣੀ ਛਕ ਕੇ ਦੋ ਗੱਡੀਆਂ ਵਿੱਚ ਸਵਾਰ ਹੋ ਕੇ ਪਿੰਡ ਸਾਧੋਹੇੜੀ ਪਹੁੰਚ ਗਏ। ਉਸ ਪ੍ਰੇਮੀ ਪਰਿਵਾਰ ਨੇ ਬੜੀ ਭਾਵੁਕਤਾ ਨਾਲ ਸੇਵਾ ਕਰਕੇ ਅਸ਼ੀਰਵਾਦ ਪ੍ਰਾਪਤ ਕੀਤੀ। ਕੁਝ ਦੇਰ ਉੱਥੇ ਬੈਠੇ ਪਰਮਾਰਥ ਬਚਨਾਂ ਦੀ ਮਿੱਠੀ-ਮਿੱਠੀ ਫੁਹਾਰ ਵਰਸਾਉਂਦੇ ਰਹੇ, ਉਪਰੰਤ ਪਰਿਵਾਰ ਦੀ ਮਨੋਭਾਵਨਾਂ ਪੂਰੀ ਕਰਕੇ ਵਾਪਸ ਬਿਸ਼ਨਪੁਰਾ (ਲੋਪੋ)

ਕੁਟੀਆ ਵਿੱਚ ਆ ਗਏ। ਰਾਤ ਦੇ ਦਸ ਵਜੇ ਤੱਕ ਸਤਿਸੰਗ ਚੱਲਦਾ ਰਿਹਾ ਉਪਰੰਤ ਮੱਲ੍ਹੇਵਾਲ ਪਿੰਡ ਤੋਂ ਭਾਈ ਦਰਸ਼ਨ ਸਿੰਘ ਅਤੇ ਸੁਖਦੇਵ ਸਿੰਘ ਨੇ ਆਪਣੇ ਘਰਾਂ ਵਿੱਚ ਚਰਨ ਪਵਾਉਣ ਦੀ ਅਰਜ਼ ਕੀਤੀ। ਆਪ ਨੇ ਪ੍ਰਵਾਨ ਕਰਕੇ ਹੁਕਮ ਕਰ ਦਿੱਤਾ, ਕਿ ਪਰਸੋਂ ਭੋਗ ਤੋਂ ਬਾਅਦ ਤੀਸਰੇ ਪਹਿਰ ਚੱਲਾਂਗੇ। ਭੋੜੇ ਪਿੰਡ ਤੋਂ ਬਲਦੇਵ ਸਿੰਘ ਪ੍ਰਧਾਨ ਗੁਰਦੁਆਰਾ ਸਾਹਿਬ ਅਤੇ ਦੂਸਰਾ ਬਲਦੇਵ ਸਿੰਘ ਰਾੜਾ, ਜੰਗ ਸਿੰਘ, ਗੁਰਦਿਆਲ ਸਿੰਘ ਨੰਬਰਦਾਰ, ਅਤੇ ਸੁਰਜਨ ਸਿੰਘ ਇਤਿਆਦਿਕ ਅਠ-ਦੱਸ ਬੰਦਿਆਂ ਨੇ ਅਰਜ਼ ਕੀਤੀ ਕਿ ਮਹਾਰਾਜ ਆਪ ਜੀ ਦੀ ਕ੍ਰਿਪਾ ਨਾਲ ਗੁਰਦੁਵਾਰਾ ਸਾਹਿਬ ਤੇ ਲੈਂਟਰ ਪੈ ਗਿਆ ਹੈ, ਆਪ ਕ੍ਰਿਪਾ ਕਰੋ ਉੱਥੇ ਸੰਗਤਾਂ ਨੂੰ ਦਰਸ਼ਨ ਦੀਦਾਰੇ ਬਖਸ਼ੋ ਤਾਂ ਕਿ ਸੰਗਤਾਂ ਹੋਰ ਉਤਸ਼ਾਹ ਨਾਲ ਸੇਵਾ ਵਿੱਚ ਜੁਟੀਆਂ ਰਹਿਣ। ਉਨ੍ਹਾਂ ਪ੍ਰੇਮੀਆਂ ਤੇ ਛਲ ਕਪਟ ਤੋਂ ਰਹਿਤ ਹਿਰਦੇ ਤੱਕ ਕੇ ਆਪ ਬਹੁਤ ਖੁਸ਼ ਹੋਏ, ਹੁਕਮ ਕਰ ਦਿੱਤਾ ਪਰਸੋਂ ਸ਼ਾਮ ਦਾ ਲੰਗਰ ਛਕ ਕੇ ਚੱਲਾਂਗੇ। ਹੁਣ ਰਾਤ ਵੱਡੀ ਹੋਈ ਜਾਣ ਕੇ ਸਭ ਸੰਗਤਾਂ ਘਰਾਂ ਚਲੀਆਂ ਗਈਆਂ, ਪਰੰਤੂ ਅਖੰਡ ਪਾਠ ਸਾਹਿਬ ਦੇ ਪਾਠੀ ਅਤੇ ਕੁਝ ਹੋਰ ਸੇਵਾ ਵਾਲੇ ਸੱਜਣ ਰਹਿ ਗਏ। ਪ੍ਰੇਮੀ ਨੇ ਅਰਜ਼ ਕੀਤੀ, ਮਹਾਰਾਜ! ਆਪ ਜੀਆਂ ਦੀ ਰਿਹਾਇਸ਼ ਦਾ ਪ੍ਰਬੰਧ ਘਰ ਕੀਤਾ ਹੋਇਆ ਹੈ, ਤੇ ਹੁਣ ਰਾਤ ਵੀ ਵੱਡੀ ਹੋ ਚੁੱਕੀ ਹੈ ਇਸ ਲਈ ਕਿਰਪਾ ਕਰੋ ਘਰ ਚੱਲਕੇ ਅਰਾਮ ਕਰੋ! ਆਪ ਜੀ ਮੁਸਕਰਾਉਂਦੇ ਹੋਏ ਮੁੱਖ ਨਾਲ ਬੋਲੇ! ਅੱਜ ਕੱਲ੍ਹ ਦੇ ਸਮੇਂ ਵਿੱਚ ਕਬਜ਼ਾ ਮੁਖ ਸਮਾ ਰੱਖਿਆ ਜਾਂਦਾ ਹੈ, ਫਿਰ ਇਤਨੀ ਸੁੰਦਰ ਜਗ੍ਹਾ ਦਾ ਕਬਜ਼ਾ ਅਸੀਂ ਵੀ ਕਿਉਂ ਛੱਡੀਏ? ਪ੍ਰੇਮੀ ਸੁਣਕੇ ਬਾਹਰੋਂ ਤਾਂ ਭਾਵੇਂ ਚੁੱਪ ਹੋ ਗਿਆ, ਲੇਕਿਨ ਅੰਦਰੋਂ ਅਰਜ ਕਰ ਰਿਹਾ ਹੈ, ਮਹਾਰਾਜ! ਦਿਲੋਂ ਤਾਂ ਮੈਂ ਵੀ ਇਹੀ ਚਾਹੁੰਦਾ ਹਾਂ ਕਿ ਇਸ ਥਾਂ ਆਪ ਦਾ ਪੱਕਾ ਕਬਜ਼ਾ ਹੋ ਜਾਵੇ, ਇੱਕ ਪਲ ਲਈ ਵੀ ਆਪ ਇਸ ਜਗ੍ਹਾ ਤੋਂ ਪਰੇ ਨਾ ਹੋਵੋਂ। ਖੈਰ! ਰਾਤ ਹਜ਼ੂਰ ਨੇ ਉੱਥੇ ਹੀ ਨਾਲ ਦੇ ਛੋਟੇ ਕਮਰੇ ਵਿੱਚ ਗੁਜ਼ਾਰ ਲਈ। ਦੂਸਰੇ ਦਿਨ ਆਲੇ-ਦੁਆਲੇ ਦੇ ਪਿੰਡਾਂ ਦੀਆਂ ਸੰਗਤਾਂ ਦਾ ਦਰਸ਼ਨ ਕਰਨ ਲਈ ਪੂਰਾ ਦਿਨ ਤਾਤਾ ਲੱਗਿਆ ਰਿਹਾ। ਸ਼ਾਮ ਨੂੰ ਤੀਸਰੇ ਪਹਿਰ ਸ੍ਰੀਮਾਨ ਸੰਤ ਸੁਖਦੇਵ ਸਿੰਘ ਜੀ ਸਿੱਧਸਰ ਅਲੌਹਰਾਂ ਵਾਲੇ ਵੀ ਆਏ, ਘੰਟਾ ਕੁ ਭਰ ਉਨ੍ਹਾਂ ਵੀ ਪਰਮਾਰਥਕ ਬਚਨ ਬਿਲਾਸ ਹੁੰਦੇ ਰਹੇ। ਅੱਜ ਦੀ ਰਾਤ ਆਪ ਨੇ ਫਿਰ ਉਸੇ ਛੋਟੇ ਕਮਰੇ ਵਿੱਚ ਹੀ ਗੁਜ਼ਾਰੀ। ਸੰਗਤਾਂ ਵਿੱਚ ਵੀ ਸੇਵਾ ਦਾ ਉਤਸ਼ਾਹ ਬਹੁਤ ਨਜ਼ਰ ਆ ਰਿਹਾ ਹੈ, ਕੁਟੀਆ, ਗੁਰਦੁਆਰਾ ਸਾਹਿਬ ਅਤੇ ਹੋਰ ਆਲੇ ਦੁਆਲੇ ਦਰਖਤਾਂ ਵਗੈਰਾ ਤੇ ਬਲਬਾਂ ਦੀਆਂ ਲੜੀਆਂ ਸੁੱਟ ਕੇ ਇਤਨੀ ਜਗਮਗ ਕੀਤੀ ਹੋਈ ਹੈ, ਮਾਨੋਂ ਰਾਮ ਜੀ ਦੇ ਆਉਣ ਦੀ ਖੁਸ਼ੀ ਵਿੱਚ ਦੀਵਾਲੀ ਇੱਕ ਰਾਤ ਦੀ ਬਜਾਏ ਦੋ ਰਾਤਾਂ ਮਨਾਈ ਜਾ ਰਹੀ ਹੈ।

ਅੱਜ ਸੋਲਾਂ ਨਵੰਬਰ 1990 ਮੱਘਰ ਦੀ ਸੰਗਰਾਂਦ ਦਾ ਪਵਿੱਤਰ ਦਿਹਾੜਾ ਹੈ, ਸਵੇਰੇ ਨੌਂ ਕੁ ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭਾਗ ਉਪਰੰਤ ਕੁਟੀਆ ਦੇ ਬ੍ਰਾਂਡੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕਰਕੇ ਦੀਵਾਨ ਸ਼ੁਰੂ ਹੋ ਗਿਆ। ਭਾਈ ਸਾਹਿਬ ਭਾਈ ਮੁਖਤਿਆਰ ਸਿੰਘ ਜੀ ਨਾਭਾ ਨੇ ਇੱਕ ਘੰਟਾ ਬਹੁਤ ਰਸ ਭਿੰਨਾਂ ਕੀਰਤਨ ਕੀਤਾ। ਉਸ ਤੋਂ ਬਾਅਦ ਦੁਨੀਆਂ ਭਰ ਦਾ ਮਸ਼ਹੂਰ ਰਾਗੀ ਜੱਥਾ ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲਿਆਂ ਨੇ ਤਾਂ ਕੀਰਤਨ ਰਾਹੀਂ ਇੱਕ ਘੰਟਾ ਐਸੀ ਅੰਮ੍ਰਿਤਮਈ ਵਰਖਾ ਕੀਤੀ, ਸਾਰੇ ਸਰੋਤੇ ਅਸ਼-ਅਸ਼ ਕਰ ਉੱਠੇ। ਕੀਰਤਨ ਰਾਹੀਂ ਕੀਤੀ ਦੋ ਘੰਟੇ ਜ਼ੋਰਦਾਰ ਬਰਸਾਤ ਤੋਂ ਬਾਅਦ ਹੁਣ ਹਜ਼ੂਰ ਨੇ ਮੱਘਰ ਮਹੀਨੇ ਦੀ ਕਥਾ ਸ਼ੁਰੂ ਕੀਤੀ ਜੋ ਇਸ ਪ੍ਰਕਾਰ ਹੈ—

ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥
ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥
ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥
ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥
ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥
ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥
ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥

**ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ॥**

*(ਬਾ: ਮ: ਪੰਨਾ—੧੩੫)*

**੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥**

**॥ ਜਪੁ ॥**

**ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ੧॥**

*(ਜਪੁਜੀ, ਪੰਨਾ-੧)*

ਸਤਿਗੁਰੁ ਮਹਾਰਾਜ ਜੀਆਂ ਦੀ ਅਪਾਰ ਕਿਰਪਾ ਮਿਹਰ ਬਖਸ਼ਿਸ਼ ਦਾ ਸਦਕਾ ਸਾਰੀ ਸੰਗਤ ਸ਼ਰਧਾ ਪ੍ਰੇਮ ਨਾਲ ਬੋਲੋ,

ਸਤਿਨਾਮੁ ਸ੍ਰੀ ਵਾਹਿਗੁਰੂ॥ ਸਤਿਨਾਮੁ ਸ੍ਰੀ ਵਾਹਿਗੁਰੂ॥

ਆਪਾਂ ਅੱਜ ਮੱਘਰ ਮਹੀਨੇ ਦੀ ਪਵਿੱਤਰ ਸੰਗਰਾਂਦ ਦੇ ਪਵਿੱਤਰ ਦਿਨ ਤੇ ਗੁਰੂਆਂ ਦੇ ਗੁਰੂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀਆਂ ਦੀ ਹਜੂਰੀ ਵਿੱਚ ਜੋ ਇਕੱਤਰ, ਜੋ ਹਾਜ਼ਰ ਹੋਏ, ਇਸ ਪਵਿੱਤਰ ਅਸਥਾਨ ਤੇ, ਜਿਨ੍ਹਾਂ ਨੂੰ ਕਿ ਮਹਾਂਪੁਰਸ਼ਾਂ, ਪੂਰਨਪੁਰਸ਼ ਧੰਨ-ਧੰਨ ਬ੍ਰਹਮਗਿਆਨੀ ਸੰਤ ਬਾਬਾ ਨਿੱਕਾ ਸਿੰਘ ਮਹਾਰਾਜ ਜੀਆਂ ਦਾ ਸੰਗ ਪ੍ਰਾਪਤ ਹੋ ਚੁੱਕਿਆ ਹੋਇਆ ਹੈ। ਕੇਵਲ ਚਰਨ ਛੋਹ ਨਹੀਂ ਕਿਹਾ, ਮਹਾਂਪੁਰਸ਼ਾਂ ਦਾ ਸੰਗ ਕਿਹਾ। ਮਹਾਂਪੁਰਸ਼ ਆਪਣਾ ਸੰਗ ਕੇਵਲ ਚਰਨਾਂ ਨਾਲ ਹੀ ਨਹੀਂ, ਬਲਕਿ ਹਰ ਬਿਧ ਦੇ ਨਾਲ ਬਖਸ਼ਿਸ਼ ਕਰਦੇ ਨੇ — **ਨਾਨਕ ਨਦਰੀ ਨਦਰਿ ਨਿਹਾਲ** ਯਾਨੀ ਨਦਰ ਨਾਲ ਵੀ।

**ਹਉ ਪੰਜੇ ਬਧੇ ਮਹਾਂਬਲੀ ਅਤੇ**

**ਗੁਰ ਥਾਪੀ ਦਿੱਤੀ ਕੰਡ ਜੀਉ**

ਥਾਪੜੇ ਨਾਲ ਭੀ, ਹੱਥਾਂ ਨਾਲ ਭੀ, ਭਾਵ; ਜੈਸੇ ਪਰਮਾਤਮਾ ਦਾ ਹੁਕਮ ਹੁੰਦਾ ਹੈ, ਮਹਾਂਪੁਰਸ਼ ਉਸ ਤਰ੍ਹਾਂ ਕਾਰਜ ਕਰਦੇ ਹਨ। ਮਤਲਬ ਮਿਲਣ ਤੋਂ ਹੈ, ਮੇਲ ਤੋਂ ਹੈ, ਮਿਲਾਪ ਤੋਂ ਹੈ, ਕਿਵੇਂ ਭੀ ਹੋ ਜਾਵੇ ਇਹ ਮਿਲਾਪ। ਈਸ਼ਰੀ ਮਿਲਾਪ, ਰੱਬੀ ਮਿਲਾਪ, ਪਰਮਾਤਮਾ ਦਾ ਮਿਲਾਪ, ਪ੍ਰਮਾਤਮਾ ਸਵਰੂਪ ਬਾਣੀ ਦਾ ਮਿਲਾਪ, ਸ਼ਬਦ ਦਾ ਮਿਲਾਪ ਇਹ ਸਾਰਾ ਕੁਝ। ਪ੍ਰੇਮਾ, ਭਗਤੀ ਦਾ ਮਿਲਾਪ, ਸਤਿਸੰਗਤ ਦਾ ਮਿਲਾਪ, ਸ਼ੁਭ ਗੁਣਾਂ ਦਾ ਮਿਲਾਪ, ਸ਼ੁਭ ਸੰਕਲਪਾਂ ਦਾ ਮਿਲਾਪ, ਸ਼ੁੱਭ ਕਰਮਾਂ ਦਾ ਮਿਲਾਪ, ਇਹ ਸਾਰਾ ਕੁਝ ਮਿਲਕੇ ਨਾ ਵਿਛੜਨ ਵਾਲਾ ਹੈ। ਪਰ ਇਸ ਤੋਂ ਇਲਾਵਾ, ਭਾਵ ਪ੍ਰਮਾਤਮਾ ਗੁਰੂ ਤੋਂ ਇਲਾਵਾ, ਇਸ ਗੁਰਮਤ ਤੋਂ ਇਲਾਵਾ ਜੋ ਕੁਝ ਵੀ ਮਿਲਦਾ ਹੈ ਉਹ ਫਿਰ ਵਿਛੜ ਜਾਂਦਾ ਹੈ, **ਸੰਜੋਗ ਵਿਜੋਗ ਧੁਰੋਂ ਹੀ ਹੂਆ,** ਜਿੱਥੇ ਮਨ ਖੜ੍ਹਾ ਹੈ, ਜਿੱਥੇ ਮਨ ਵਿੱਚ ਹੰਗਤਾ ਹੈ, ਉੱਥੇ ਮੇਲ ਤੋਂ ਬਾਅਦ, ਮਿਲਾਪ ਤੋਂ ਬਾਅਦ ਵਿਜੋਗ ਵੀ ਨਾਲ ਹੈ। ਜਿਥੇ ਮਨ ਮਿੱਟ ਗਿਆ, ਹੰਗਤਾ ਟੁੱਟ ਗਈ, ਗੁਰੂ ਦੀ ਕਿਰਪਾ ਹੋ ਗਈ, ਮਨ ਨੂੰ ਅੰਦਰ ਹੀ ਅੰਦਰ ਗਿਆਨ ਦੀ ਪ੍ਰਾਪਤੀ ਹੋ ਗਈ—**ਪ੍ਰੀਤਮ ਜਾਨਿ ਲੇਹੁ ਮਨ ਮਾਹੀ,** ਫਿਰ ਉੱਥੇ ਵਿਛੋੜਾ ਨਹੀਂ। ਉੱਥੇ ਐਸੀ ਚੀਜ ਦਾ ਮਿਲਣ ਹੋ ਗਿਆ ਜੋ ਕਿ ਅਭੇਦ ਹੈ। ਜੋ ਇਸ ਅਦਵੈਤ ਅਵਸਥਾ ਤੇ ਪਹੁੰਚੇ ਹੋਏ, ਉਸ ਨਿਰਦ੍ਵੰਧ ਅਵਸਥਾ ਤੇ ਪਹੁੰਚੇ ਹੋਏ, ਉਸ ਅਭੇਦ ਅਵਸਥਾ ਤੇ ਪਹੁੰਚੇ ਹੋਏ, ਮਹਾਂਪੁਰਸ਼, ਪੂਰਨ ਪੁਰਸ਼ ਧੰਨ-ਧੰਨ ਮਹਾਰਾਜ ਵਿਰੱਕਤ ਸੀ, ਐਸੇ ਜਨ, ਐਸੇ ਮਹਾਂਪੁਰਸ਼ ਜਿੰਨਾ ਨੂੰ ਪ੍ਰਾਪਤ ਹੋਏ ਭਾਈ, ਉਹ ਵੀ ਸਾਰੇ ਵਡਭਾਗੇ ਹਨ। ਤਾਂ ਹੀ ਪੂਰਨ ਗੁਰੂ ਪੂਰਨ ਸੰਤ ਦਾ ਮਿਲਾਪ ਹੋਇਆ—

**ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥**

**ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥**

*(ਗਉ: ਪੂ: ਮ: ੫, ਪੰਨਾ-੨੦੪)*

ਰਾਮਾਇਣ ਦੇ ਵਿੱਚ ਸਵਾਮੀ ਤੁਲਸੀਦਾਸ ਜੀ ਵਰਨਣ ਕਰਦੇ ਹਨ **ਪੁੰਨ ਪੁੰਜ ਬਿਨੁ ਮਿਲੇ ਨ ਸੰਤਾ।** ਵੱਡੇ ਭਾਗ, ਪੁੰਨ ਕਰਮ ਹੋਣ ਤਾਂ ਹੀ ਪਰਮਾਤਮਾ ਦੇ ਹੁਕਮ ਵਿੱਚ ਇਨ੍ਹਾਂ ਸ਼ੁੱਭ ਕਰਮਾਂ ਦੇ ਫਲ ਨਾਲ ਸੰਤ ਦਾ ਮਿਲਾਪ ਹੁੰਦਾ ਹੈ। **ਸੋ ਸਤ ਸੰਗਤੀ ਸੰਸਕ੍ਰਿਤੀ ਕਾ ਹੰਤਾ** ਉਸ ਸੰਤ ਦੇ ਮਿਲਾਪ ਦੇ ਨਾਲ ਹੁੰਦਾ ਕੀ ਹੈ? ਸੰਸਕਾਰਾਂ ਦਾ ਅੰਤ ਹੋ ਜਾਂਦਾ

ਹੈ, ਵਾਸ਼ਨਾਵਾਂ ਦਾ ਅੰਤ ਹੋ ਜਾਂਦਾ ਹੈ। ਇਹ ਵਾਸ਼ਨਾਂ ਕਰਕੇ ਹੀ ਜਨਮ-ਜਨਮ ਦਾ ਗੇੜ ਬੱਝਿਆ ਹੋਇਆ ਹੈ ਭਾਈ, **ਵਾਸਨਾਂ ਬਧਾ ਆਵੈ ਜਾਇ॥** ਪਰ ਪਰਮੇਸ਼ਰ ਦਾ ਸਰੂਪ ਸੰਤ ਮਿਲ ਗਿਆ, **ਸੰਤ ਅੰਨਤਹਿ ਅੰਤਹਿ ਨਾਹੀ।**

ਯਥਾ — **ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥**
**ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥**

*(ਅ: ਮ: ੫, ਪੰਨਾ—੩੯੭)*

ਜਦੋਂ ਐਸੇ ਜਨ ਮਿਲ ਗਏ, ਭਾਵ ਜਦੋਂ ਐਸੇ ਜਨਾਂ ਮਹਾਂਪੁਰਸ਼ਾਂ ਦਾ ਮੇਲ ਸਾਡੇ ਮਨ ਵਿੱਚ ਘਰ ਕਰ ਗਿਆ, ਫਿਰ ਭਾਈ ਸੰਸਕਾਰਾਂ ਦੀ ਇੱਛਾਂ, ਤ੍ਰਿਸ਼ਨਾ, ਵਾਸਨਾਵਾਂ ਦਾ ਸਾਡੇ ਮਨ ਵਿੱਚ ਅੰਤ ਹੋ ਜਾਂਦਾ ਹੈ, ਸੰਸਾਰ ਦਾ ਵੱਧ ਹੋ ਜਾਂਦਾ ਹੈ ਅਤੇ ਸਰੂਪ ਦਾ ਬੋਧ ਹੋ ਜਾਂਦਾ ਹੈ। ਜਿਸ ਸਰੂਪ ਦੇ ਬੋਧ ਵਾਸਤੇ, ਗਿਆਨ ਵਾਸਤੇ ਇਹ ਮਨੁੱਖ ਜੀਵਨ ਭਾਈ ਧਾਰਨ ਕੀਤਾ ਹੈ। ਇਹ ਤਾਂ ਪਰਮਾਤਮਾ ਦੀ ਅਪਾਰ ਕਿਰਪਾ ਹੋਈ ਹੈ, ਮਨੁੱਖ ਸਰੀਰ ਸਾਨੂੰ ਮਿਲਿਆ, ਤੇ ਉਸ ਮਨੁੱਖ ਤੇ ਕਿਰਪਾ ਹੋਈ ਕਿ ਪੂਰਨ ਪੁਰਸ਼, ਮਹਾਂਪੁਰਸ਼ ਸੰਤ ਜਨ ਮਿਲੇ, ਔਰ ਸ਼ਾਖਸਾਤ ਕਿਰਪਾ ਕਿ ਗੁਰੂਆਂ ਦੇ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀਆਂ ਦੀ ਹਜ਼ੂਰੀ ਵਿੱਚ ਹਾਜਰੀ ਭਰ ਰਹੇ ਹਾਂ।

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥**

*(ਨਟ ਮ: ੪, ਪੰਨਾ-੯੮੨)*

ਗੁਰੂ ਨਿਸਤਾਰਾ ਕਦੋਂ ਕਰਦਾ ਹੈ?

ਜਦੋਂ ਸੇਵਕ ਗੁਰੂ ਦੀ ਆਗਿਆ ਨੂੰ ਮੰਨਦਾ ਹੈ, ਹੁਕਮ ਨੂੰ ਮੰਨਦਾ ਹੈ, ਫਿਰ ਸਾਰੇ ਹੀ ਅੰਮ੍ਰਿਤ ਸਾਰੇ ਹੀ ਲੋਕ-ਪਰਲੋਕ ਦੇ ਸੁੱਖ, ਉਸ ਜਨ ਨੂੰ, ਉਸ ਸਿੱਖ ਨੂੰ ਪ੍ਰਾਪਤ ਹੋ ਜਾਂਦੇ ਨੇ, ਕਿਉਂਕਿ ਉੱਥੇ ਫਿਰ ਇਹ ਸੰਜੋਗ, ਉਪਦੇਸ਼ ਰਾਹੀਂ, ਗਿਆਨ ਰਾਹੀਂ, ਪ੍ਰੇਮਾਂ ਭਗਤੀ ਰਾਹੀਂ, ਨਿਸ਼ਕਾਮ ਸੇਵਾ ਰਾਹੀਂ ਪ੍ਰਵੇਸ਼ ਕਰਦਾ ਹੈ। ਬਹੁਤ ਕੁਝ ਉਸ ਗੁਰੂ ਤੋਂ ਮਿਲਿਆ। ਅੱਜ ਜੋ ਆਪਾਂ ਸੰਗਰਾਂਦ ਦੇ ਪਵਿੱਤਰ ਦਿਹਾੜੇ ਤੇ ਇੱਥੇ ਜੁੜੇ ਹਾਂ, ਬਾਰਹ ਮਾਹ ਦਾ ਪਾਠ ਕੀਤਾ, ਸੁਣਿਆ, ਇਸ ਨੂੰ ਉਚਾਰਨ ਕਿਸ ਨੇ ਕੀਤਾ?

ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀਆਂ ਨੇ, ਜੋ ਕਿ ਸ਼ਾਖਸਾਤ ਪਰਮੇਸ਼ਰ ਦਾ ਸਵਰੂਪ ਹਨ—

**ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ॥**
**ਭਨਿ ਮਥੁਰਾ ਕਛੁ ਭੇਦ ਨਹੀਂ ਗੁਰੁ ਅਰਜੁਨੁ ਪਰਤਖ੍ਹ ਹਰਿ॥**

*(ਸਵਈਏ, ਪੰਨਾ-੧੪੦੯)*

ਭਾਵ ਸ੍ਰੀ ਗੁਰੂ ਅਰਜਨ ਦੇਵ ਪਰਮਾਤਮਾ ਤੋਂ ਅਲੱਗ ਨਹੀਂ, ਔਰ ਪਰਮਾਤਮਾ, ਗੁਰੂ ਅਰਜਨ ਦੇਵ ਜੀਆਂ ਤੋਂ ਅਲੱਗ ਨਹੀਂ। **ਏਕੁ ਜੋਤਿ ਦੁਇ ਮੂਰਤੀ ਧਨੁ ਪਿਰੁ ਕਹੀਐ ਸੋਇ॥**

ਇਹ ਤਾਂ ਮਹਾਂਪੁਰਸ਼ਾਂ ਦੀ, ਸੰਤ ਜਨਾਂ ਦੀ, ਗੁਰਮੁਖਾਂ ਦੀ ਵਡਿਆਈ ਹੈ ਕਿ ਪਰਮਾਤਮਾ ਸਰੂਪ ਹੋ ਕਰਕੇ ਵੀ, ਬ੍ਰਹਮ ਗਿਆਨ ਨੂੰ ਪ੍ਰਾਪਤ ਹੋ ਕਰਕੇ ਵੀ ਆਪਣੇ-ਆਪ ਨੂੰ ਦਾਸਾ ਭਾਵ ਵਿੱਚ ਰੱਖਣਾ, ਨਿਸ਼ਹੰਕਾਰਤਾ ਵਿੱਚ ਰੱਖਣਾ, ਨਿਰਮਾਣਤਾ ਦੇ ਵਿੱਚ ਰੱਖਣਾ, **ਸਭ ਕਿਛੁ ਕਰਤਾ ਤਉ ਅਕਰਤਾ** ਵਾਲੇ ਭਾਵ ਵਿੱਚ ਮਨ ਦਾ ਰਹਿਣਾ। ਮਨ ਨੂੰ ਹੀ ਸੋਧਣਾ ਹੈ, ਗਿਆਨ ਤਾਂ ਪਹਿਲਾਂ ਹੀ ਸ਼ੁੱਧ ਹੈ। ਪ੍ਰਕਿਰਤੀ, ਮਾਇਆ, ਉਹ ਤਾਂ ਇੱਕ ਸੰਕਲਪ ਮਾਤਰ ਪਰਮਾਤਮਾ ਦਾ ਹੁਕਮ ਹੈ, ਸਿਰਫ ਸੁਧਾਈ ਇੱਥੇ ਮਨ ਦੀ ਹੋਣੀ ਹੈ। ਔਰ ਹਰ ਇੱਕ ਦਾ ਸਵਾਲ ਵੀ ਇਹੀ ਹੈ, ਪ੍ਰਸ਼ਨ ਵੀ ਇਹੀ ਹੈ, ਕਿ ਮਨ ਨਹੀਂ ਟਿਕਦਾ? ਬਾਣੀ ਵੀ ਪੜ੍ਹਦੇ ਹਾਂ, ਸਤਿਸੰਗ ਵੀ ਕਰਦੇ ਹਾਂ, ਮਹਾਂਪੁਰਸ਼ਾਂ ਕੋਲ ਵੀ ਜਾਂਦੇ ਹਾਂ, ਪਰ ਮਨ ਨਹੀਂ ਟਿਕਦਾ?

ਸਵਾਲ ਬਿਲਕੁਲ ਠੀਕ ਹੈ, ਟਿਕਾਉਣਾ ਵੀ ਮਨ ਨੂੰ ਹੀ ਹੈ, ਪਰ ਮਨ ਟਿਕੇਗਾ ਤਾਂ ਜਦੋਂ ਕਿਸੇ ਟਿਕੀ ਹੋਈ ਵਸਤੂ ਨਾਲ ਮਿਲੇਗਾ। ਇਹ ਹੁਣ ਆਪਾਂ ਦੇਖੀਏ ਕਿ ਸਾਡਾ ਮਨ ਕਿਸੇ ਟਿਕੀ ਹੋਈ ਵਸਤੂ ਦੇ ਨਾਲ, ਕਿਸੇ ਅਚੱਲ ਵਸਤੂ ਦੇ ਨਾਲ ਜੁੜਿਆ ਹੈ, ਸਦਾ ਰਹਿਣ ਵਾਲੀ ਵਸਤੂ ਦੇ ਨਾਲ ਜੁੜਿਆ ਹੋਇਆ ਹੈ, ਜਾਂ ਫਿਰ ਉਸਦੇ ਮਿਲਣ ਦਾ ਉਪਰਾਲਾ ਕਰ ਰਿਹਾ ਹੈ, ਅਰਦਾਸ, ਬੇਨਤੀ, ਜੋਦੜੀ ਕਰ ਰਿਹਾ ਹੈ, ਅਰਦਾਸ ਵਿੱਚ ਮੰਗ ਤਾਂ ਉਨ੍ਹਾਂ ਚੀਜ਼ਾਂ ਦੀ ਹੈ

ਜੋ ਨਾ ਰਹਿਣ ਵਾਲੀਆਂ ਹਨ। ਅਰਦਾਸ ਵਿੱਚ ਮੰਗ ਉਸ ਚੀਜ਼ ਦੀ ਹੋਵੇ, ਜੋ ਰਹਿਣ ਵਾਲੀ ਹੈ। ਜਿਨ੍ਹਾਂ ਮਹਾਂਪੁਰਸ਼ਾਂ ਦੀ ਯਾਦ ਵਿੱਚ ਬੈਠੇ ਹਾਂ, ਮਹਾਰਾਜ ਵਿਰੱਕਤ ਜੀਆਂ ਦੀ, ਉਹ ਆਪ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਇੱਕ ਵਾਰੀ ਬਖਸ਼ਿਸ ਕਰ ਰਹੇ ਨੇ, ਕਿ ਕਈ ਭਾਈ ਤਾਂ ਏਨੀ ਵੱਡੀ ਅਰਦਾਸ ਕਰਦੇ ਨੇ ਅੱਧਾ-ਅੱਧਾ ਘੰਟਾ ਲਾ ਦਿੰਦੇ ਨੇ ਉਸ ਵਿੱਚ ਸੰਸਾਰ ਨੂੰ ਹੀ ਮੰਗਦੇ ਰਹਿੰਦੇ ਹਨ। ਐਹ ਹੋ ਜਾਏ, ਔਹ ਹੋ ਜਾਏ। ਇਸ ਤਰ੍ਹਾਂ ਨਹੀਂ, ਇਸ ਤਰ੍ਹਾਂ ਹੋ ਜਾਏ, ਭਾਵ ਆਪ ਪਰਮਾਤਮਾ ਤੋਂ ਸਿਆਣੇ ਬਣਦੇ ਨੇ, ਜਦ ਕਿ ਪਰਮਾਤਮਾ ਭਾਈ ਸਾਡੇ ਤੋਂ ਬਹੁਤ ਸਿਆਣਾ ਹੈ, ਸਾਡੀ ਸਿਆਣਪ ਤਾਂ ਉਸਦੇ ਅਧੀਨ ਹੈ। ਅਸੀਂ ਤਾਂ ਉਸ ਦੁਆਰਾ ਕੀਤੇ ਹੋਏ ਹਾਂ—**ਕਰਤੇ ਕੀ ਮਿਤਿ ਨ ਜਾਨੈ ਕੀਆ॥** ਉਸਦਾ ਅੰਤ ਕਿਵੇਂ? ਉਸ ਤੱਕ ਪਹੁੰਚ ਕਿਵੇਂ? ਉਸ ਤੱਕ ਪਹੁੰਚਣ ਵਾਸਤੇ, ਉਸ ਅਨੰਤ ਦੇ ਵਿੱਚ ਲੈਅ ਹੋਣ ਵਾਸਤੇ ਟਿਕੀ ਹੋਈ ਵਸਤੂ ਦੇ ਨਾਲ ਭਾਈ ਮਿਲਣਾ ਹੈ, ਫਿਰ ਮਨ ਦੇ ਟਿਕਣਾ ਹੈ, ਫਿਰ ਮਨ ਨੇ ਲੈਅ ਹੋਣਾ ਹੈ। ਮਹਾਂਪੁਰਸ਼ ਗੁਰੂ ਨਾਨਕ ਸਾਹਿਬ ਆਪਣੀ ਰਸਨਾਂ ਦੇ ਨਾਲ ਬਖਸ਼ਿਸ਼ ਕਰਦੇ ਨੇ—

**ਕੁੰਭੇ ਬਧਾ ਜਲੁ ਰਹੈ ਜਲ ਬਿਨੁ ਨ ਹੋਇ॥**
**ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥**

*(ਆਸਾ ਵਾਰ ਮ: ੧, ਪੰਨਾ-੪੬੯)*

ਮਨ ਨੂੰ ਟਿਕਾਉਣਾ ਹੈ, ਆਪਾਂ ਨੇ ਇਥੇ। ਘੜੇ ਦੇ ਮੁਕਾਬਲੇ ਤੇ, ਕੁੰਭ ਨਾਮ ਘੜੇ ਦਾ ਹੈ, **ਕੁੰਭੇ ਬਧਾ ਜਲ ਰਹੈ॥** ਘੜੇ ਵਿੱਚ ਪਾਣੀ ਟਿੱਕ ਜਾਂਦਾ ਹੈ, ਤੇ ਘੜੇ ਦੇ ਵਿੱਚ ਨਾ ਹੋਵੇ ਪਾਣੀ? ਘੜੇ ਤੋਂ ਬਾਹਰ ਹੋ ਜਾਏ, ਤਾਂ ਉਹ ਕਿਸੇ ਦੇ ਵੀ ਕੰਮ ਨਹੀਂ, ਉਹ ਫਿਰ ਵਹਿ ਜਾਏਗਾ, ਥਿਰਕ ਜਾਏਗਾ, ਤੇ ਜੇ ਘੜੇ ਵਿੱਚ ਹੋਇਆ ਟਿਕਿਆ ਵੀ ਰਹੇਗਾ, ਠੰਡਾ ਵੀ ਹੋ ਜਾਏਗਾ, ਸਾਡੀ ਪਿਆਸ ਵੀ ਬੁਝਾਏਗਾ। ਪਰ ਘੜਾ ਜਿਹੜਾ ਹੈ ਜਲ ਤੋਂ ਬਿਨਾਂ ਨਹੀਂ ਬਣਦਾ। ਗੁਰੂ ਨਾਨਕ ਪਾਤਿਸ਼ਾਹ ਫੁਰਮਾਂਦੇ ਹਨ,—**ਜਲ ਬਿਨੁ ਕੁੰਭੁ ਨ ਹੋਇ॥**

ਇਹੀ ਤਾਂ ਬਖਸ਼ੀਸ ਕਰਦੇ ਨੇ, ਭਾਵੇਂ ਉਸਦਾ ਅਧਿਸ਼ਠਾਨ ਮਿੱਟੀ ਹੀ ਹੈ, ਪਰ ਮਿੱਟੀ ਵਿੱਚ ਜਦੋਂ ਜਲ ਮਿਲਿਆ, ਫਿਰ ਗੁੰਨ੍ਹਿਆ ਗਿਆ। ਤੇ ਅੱਗੋਂ ਫਿਰ ਘੁਮਾਰ ਨੇ ਉਸ ਨੂੰ ਬਣਾਇਆ, ਫਿਰ ਉਸ ਵਿੱਚ ਪਾਣੀ ਟਿਕਿਆ, ਗੁਰੂ ਸਾਹਿਬ ਬਖਸ਼ਿਸ਼ ਕਰਦੇ ਨੇ ਫਿਰ **ਕੁੰਭੇ ਬਧਾ ਜਲੁ ਰਹੈ॥**

ਇਸੇ ਤਰ੍ਹਾਂ ਮਹਾਰਾਜ ਕਹਿੰਦੇ ਨੇ ਫਿਰ **ਗਿਆਨ ਕਾ ਬਧਾ ਮਨੁ ਰਹੈ** ਜੇ ਤੇਰੇ ਅੰਦਰ ਸਰੂਪ ਦਾ ਗਿਆਨ ਸਤਿਗੁਰਾਂ ਦੀ ਕਿਰਪਾ ਨਾਲ ਟਿੱਕ ਜਾਵੇ, ਪ੍ਰਗਟ ਹੋ ਜਾਵੇ, ਫਿਰ ਤੇਰਾ ਮਨ ਭਾਈ ਟਿੱਕ ਜਾਵੇਗਾ। ਭਾਵ ਮਨ ਦੇ ਗਿਆਨ ਦੇ ਵਿੱਚ ਹੀ ਲੈਅ ਹੋਣਾ ਹੈ, ਉੱਥੇ ਜਾ ਕੇ ਟਿਕਣਾ ਹੈ। ਜਿਵੇਂ ਪਾਣੀ ਨੇ ਘੜੇ ਵਿੱਚ ਟਿਕਣਾ ਹੈ ਇਸ ਤਰ੍ਹਾਂ ਭਾਈ ਸਾਡੇ ਮਨ ਨੇ ਗਿਆਨ ਦੇ ਵਿੱਚ ਹੀ ਟਿੱਕਣਾ ਹੈ, ਉਹ ਫਿਰ ਜਿੰਨਾ ਵੀ ਹੈ—**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥**

ਜੋਤ ਰੂਪ ਪਰਮੇਸ਼ਰ ਹੈ, ਉਹ ਆਪਣਾ-ਆਪ ਸੁਰੂਪ ਹੈ। ਉਸ ਅਵਸਥਾ ਵਿੱਚ ਟਿਕਾਉ ਹੈ। ਉਹ ਅਵਸਥਾ ਹੈ—**ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥**

ਬੜਾ ਅਨਮੋਲ, ਅਜਰ, ਅਮਰ, ਅਬਿਨਾਸ਼ੀ ਪਰ ਨਾਲ ਹੀ ਕਹਿ ਦਿੱਤਾ, **ਗੁਰ ਬਿਨੁ ਗਿਆਨੁ ਨ ਹੋਇ॥**

ਜਦ ਤੱਕ ਗੁਰੂ ਦੀ ਚਰਨ ਸ਼ਰਨ ਤੈਨੂੰ ਪ੍ਰਾਪਤ ਨਹੀਂ ਹੋਈ, ਜਦ ਤੱਕ ਗੁਰੂ ਘਰ ਵਿੱਚ ਤੂੰ ਆਇਆ ਨਹੀਂ, ਗੁਰੂ ਸ਼ਰਨ ਵਿੱਚ ਤੂੰ ਆਇਆ ਨਹੀਂ, ਗੁਰੂ ਦੇ ਕੋਲ ਤੂੰ ਪਹੁੰਚਿਆ ਨਹੀਂ, ਤਦ ਤੱਕ ਮਨ ਟਿਕਦਾ ਨਹੀਂ। ਸੋ ਭਾਵ ਮਨ ਨੂੰ ਟਿਕਾਉਣ ਵਾਸਤੇ ਗਿਆਨ ਚਾਹੀਦਾ ਹੈ, ਤੇ ਗਿਆਨ ਗੁਰੂ ਤੋਂ ਪ੍ਰਾਪਤ ਹੁੰਦਾ ਹੈ, ਤਾਂ ਗੁਰੂ ਦਰ, ਗੁਰੂ ਘਰ ਵਿੱਚ ਆਉਣਾ ਹੈ। ਜਦ ਗੁਰੂ ਦਰ ਵਿੱਚ, ਗੁਰੂ ਘਰ ਵਿੱਚ, ਗੁਰੂ ਸ਼ਰਨ ਵਿੱਚ ਸਾਡਾ ਮਨ ਆਏਗਾ, ਤਾਂ ਫਿਰ ਗਿਆਨ ਦੂਰ ਨਹੀਂ, ਫਿਰ ਗਿਆਨ ਸੰਪੂਰਨ, ਵਿਆਪਕ, ਯਾਨੀ ਗਿਆਨ ਹੀ ਗਿਆਨ ਹੈ, ਫਿਰ ਅਗਿਆਨ ਹੈ ਹੀ ਨਹੀਂ, ਫਿਰ ਚਾਨਣ ਹੀ ਚਾਨਣ ਹੈ, ਹਨੇਰਾ ਤਾਂ ਭਾਈ ਹੈ ਹੀ ਨਹੀਂ, ਫਿਰ ਸੁੱਖ ਹੀ ਸੁੱਖ ਹੈ, ਦੁੱਖ ਉੱਥੇ ਹੈ ਹੀ ਨਹੀਂ, ਔਰ ਸੁੱਖ ਭੀ ਅਪੇਕਸ਼ਕ ਨਹੀਂ ਜੇ, ਨਿਰਪੇਕਸ਼ਕ ਸੁੱਖ ਹੈ। ਕਿਸੇ ਵਸਤੂ, ਪਦਾਰਥ, ਭੋਗ ਦਾ ਸੁੱਖ ਨਹੀਂ, ਸੁਤੇ ਪ੍ਰਕਾਸ ਹੈ, ਤੇ ਸੁਤੇ ਸਿੱਧ ਹੈ। ਉਸ ਨੂੰ ਸਿੱਧ ਜਾਂ ਚਾਨਣ ਵੀ ਕੋਈ ਦੂਜਾ ਨਹੀਂ ਕਰ ਸਕਦਾ, ਉਹ ਆਪਣੇ ਤੋਂ ਆਪ ਹੀ ਪ੍ਰਾਪਤ ਹੈ। ਦੂਜੇ ਦੀ ਉੱਥੋਂ ਤੱਕ ਪਹੁੰਚ ਕਿੱਥੇ ਹੈ? ਯਾਨੁ ਦੂਜੇ ਦੀ ਪਹੁੰਚ ਨਹੀਂ। ਗੁਰੂ ਨਾਨਕ ਪਾਤਿਸ਼ਾਹ ਦੇ ਚਰਨਾਂ ਵਿੱਚ ਦੂਜਾ ਆਇਆ, ਆਇਆ ਤੇ ਕੀ ਹੋਇਆ?

ਕੌਣ ? ਭਾਈ ਲਹਿਣਾ ! ਪਰ ਜਦੋਂ ਭਾਈ ਲਹਿਣਾ ਗੁਰੂ ਦੇ ਦਰ ਤੇ ਆ ਗਿਆ, ਗੁਰੂ ਨਾਨਕ ਦੇ ਸਨਮੁੱਖ ਹੋ ਗਿਆ, ਗੁਰੂ ਦੀ ਮਤ ਨੂੰ ਧਾਰਨ ਕਰ ਲਿਆ, ਫਿਰ ਉੱਥੇ ਲਹਿਣਾ ਕਿੱਧਰ ਗਿਆ ?

ਉੱਥੇ ਗੁਰੂ ਅੰਗਦ ਹੈ, ਲਹਿਣਾ ਕਿੱਥੇ ਗਿਆ ? ਲਹਿਣਾ ਗੁੰਮ ਹੋ ਗਿਆ, ਸਿਰਫ ਗੁਰੂ ਅੰਗਦ ਹੈ, ਤੇ ਗੁਰੂ ਅੰਗਦ ਗੁਰੂ ਨਾਨਕ ਹੈ, ਤੇ ਗੁਰੂ ਨਾਨਕ ਆਪ ਪਰਮੇਸ਼ਰ ਹੈ,

**ਜੋਤਿ ਰੂਪੁ ਹਰਿ ਆਪਿ ਗੁਰੂ ਨਾਨਕੁ ਕਹਾਯਉ ॥**
**ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥**

*(ਸਵਈਏ, ਪੰਨਾ-੧੪੦੮)*

ਓਥੇ ਲਹਿਣਾ ਨਹੀਂ ਰਿਹਾ, ਉੱਥੇ ਆਪ-ਹੀ ਆਪ ਹੈ। ਉਹ ਆਪ ਨਿਰੰਕਾਰ ਹੀ ਗੁਰੂ ਨਾਨਕ ਦਾ ਸਰੂਪ, ਉਹ ਆਪ ਨਿਰੰਕਾਰ ਹੀ ਸ੍ਰੀ ਗੁਰੂ ਅੰਗਦ ਦੇਵ ਜੀਆਂ ਦਾ ਰੂਪ ਅਖਤਿਆਰ ਕਰ ਗਿਆ। ਫਿਰ ਸ੍ਰੀ ਗੁਰੂ ਅੰਗਦ ਦੇਵ ਮਹਾਰਾਜ ਜੀਆਂ ਦੇ ਚਰਨਾਂ ਦੇ ਵਿੱਚ, ਕੌਣ ਆਇਆ ? ਅਮਰੂ ਆਇਆ, ਨਿਮਾਣਾ, ਨਿਤਾਣਾ ਆਇਆ। ਪਰ ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਉਪਦੇਸ਼, ਜਦੋਂ ਗੁਰਮਤ ਧਾਰਨ, ਬਾਰਾਂ ਵਰ੍ਹੇ ਗਾਗਰਾਂ ਢੋਈਆਂ, ਗੁਰੂ ਦੀ ਸੇਵਾ ਕੀਤੀ, ਉੱਥੇ ਫਿਰ ਅਮਰੂ ਨਿਮਾਣਾ, ਨਿਤਾਣਾ ਨਹੀਂ, ਓਥੇ ਸ੍ਰੀ ਗੁਰੂ ਅਮਰਦਾਸ ਪ੍ਰਗਟ ਹੋ ਗਿਆ। ਉੱਥੇ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਓਟਿਆਂ ਦੀ ਓਟ, ਨਿਗਤਿਆਂ ਦੀ ਗਤ, ਨਿਪੱਤਿਆਂ ਦੀ ਪਤ, ਨਿਧਿਰਆਂ ਦੀ ਧਿਰ, ਨਿਆਸਿਰਿਆਂ ਦਾ ਆਸਰਾ ਉੱਥੇ ਪ੍ਰਗਟ ਹੋ ਗਿਆ, ਅਮਰੂ ਕਿੱਥੇ ਗਿਆ ?

ਤੇ ਜਦ ਸ੍ਰੀ ਗੁਰੂ ਅਮਰਦਾਸ ਦੇ ਚਰਨਾਂ ਵਿੱਚ ਭਾਈ ਜੇਠਾ ਆਇਆ, ਤੇ ਜਿਸ ਨੇ ਸੇਵਾ ਕੀਤੀ ਗੋਇੰਦਵਾਲ ਬਉਲੀ ਸਾਹਿਬ, ਸਿਰ 'ਤੇ ਟੋਕਰੇ ਢੋਅ ਕੇ, ਫਿਰ ਜਦੋਂ ਗੁਰੂ ਦੀ ਪਦਵੀ ਪ੍ਰਾਪਤ ਹੋ ਗਈ, **ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ ॥** ਤੇ ਫਿਰ ਜੇਠਾ ਕਿੱਧਰ ਗਿਆ ? ਗੁਰੂ ਰਾਮਦਾਸ ਪ੍ਰਗਟ ਹੋ ਗਿਆ, ਭਾਵ, ਗੁਰੂ ਅਮਰਦਾਸ ਤੋਂ ਅਲੱਗ ਹੁਣ ਕੋਈ ਜੇਠਾ ਨਹੀਂ ਰਿਹਾ, ਓਹੀ, ਗੁਰੂ ਅਮਰਦਾਸ ਦਾ ਹੀ ਸਾਖਸ਼ਾਤ ਸਰੂਪ, ਗੁਰੂ ਰਾਮਦਾਸ ਹੈ। ਫਿਰ ਅਰਜਨ, ਗੁਰੂ ਰਾਮਦਾਸ ਜੀਆਂ ਦੇ ਚਰਨਾਂ ਵਿੱਚ ਆਇਆਂ, ਉੱਥੇ ਹੁਣ ਅਰਜਨ ਨਹੀਂ, ਉੱਥੇ ਹੁਣ ਗੁਰੂ ਅਰਜਨ ਸਾਹਿਬ ਹੋ ਗਿਆ—

**ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥**

*(ਸ੍ਰੋ. ਬਾਣੀ ਰਵਿਦਾਸ, ਪੰਨਾ—੬੫੭)*

ਇੱਕ ਮਿਆਨ ਵਿੱਚ ਇੱਕ ਤਲਵਾਰ ਰਹਿਣੀ ਹੈ, ਦੋ ਨਹੀਂ ਰਹਿਣੀਆਂ। ਇਸੇ ਤਰ੍ਹਾਂ ਹੀ ਇੱਕ ਅਦਵੈਤ ਵਸਤੂ ਹੀ ਸਾਰੇ ਥਾਂ 'ਤੇ ਵਿਆਪਕ ਹੈ, ਹਰ ਥਾਂ ਤੇ ਹੈ, ਹਰ ਘਟ ਵਿੱਚ ਹੈ, ਹਰ ਜਨ ਵਿੱਚ ਹੈ, ਉੱਥੇ ਉਹ ਆਪ ਹੀ ਆਪ ਹੈ ਦੂਜਾ ਨਹੀਂ। ਪਰ ਉਸ ਪਰਮਾਤਮਾ ਦੀ ਇੰਨੀ ਰਹਿਮਤ ਹੈ, ਕਿ ਜਿਹੜਾ ਗੁਰੂ ਦਾ ਰੂਪ ਅਖਤਿਆਰ ਕਰਕੇ, ਗੁਰਮਤ ਬਖਸ਼ਿਸ਼ ਕਰਕੇ, ਆਪਣੇ ਚਰਨਾਂ ਕਮਲਾਂ ਦੀ ਸੇਵਾ ਬਖਸ਼ਿਸ਼ ਕਰਕੇ ਦੂਈ ਦਵੈਤ ਨੂੰ ਖ਼ਤਮ ਕਰ ਦਿੰਦਾ ਹੈ। ਜਿਵੇਂ **ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥**

ਉੱਥੇ ਆਪ ਹੀ ਆਪ ਹੈ, ਦੂਜਾ ਨਹੀਂ। ਕਿਉਂਕਿ ਗੁਰੂ ਸਾਹਿਬ ਜੀ ਦਾ ਫ਼ੁਰਮਾਨ ਹੈ—

**ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥**

*(ਅਨੰਦੁ ਸਾਹਿਬ, ਪੰਨਾ-੯੨੨)*

ਦੂਜਾ ਨਹੀਂ। ਤਾਂ ਉਹ ਜੋ ਦੂਜਾ ਨਹੀਂ, ਇੱਕੋ ਇੱਕ ਹੈ, ਅਦੁੱਤੀ ਹੈ, ਪਰਮਾਤਮਾ ਆਪ ਗੁਰੂ ਅਰਜਨ ਦੇਵ ਮਹਾਰਾਜ ਜੀਆਂ ਦੇ ਸਾਖਸ਼ਾਤ ਰੂਪ ਦੇ ਵਿੱਚ ਪ੍ਰਗਟ ਹੋ ਕਰਕੇ ਇਸ ਬਾਰਹ ਮਾਹਾਂ ਬਾਣੀ ਰਾਹੀਂ ਜੋ ਭਾਈ ਸਾਨੂੰ ਉਪਦੇਸ਼ ਕਰਦੇ ਨੇ ਉਸਦਾ ਵਿਚਾਰ, ਬ੍ਰਹਮ ਗਿਆਨੀ ਮਹਾਂਪੁਰਸ਼ ਸੰਤ ਬਾਬਾ ਨਿੱਕਾ ਸਿੰਘ ਮਹਾਰਾਜ ਜੀਆਂ ਦੀ ਕ੍ਰਿਪਾਲਤਾ ਦੇ ਨਾਲ ਇਸ ਮਨ ਬੁੱਧੀ ਦੇ ਮਾਧਿਅਮ ਨਾਲ ਭਾਈ ਥੋੜ੍ਹੇ ਵਿੱਚ ਹੀ ਕਰਦੇ ਹਾਂ—

ਮੂਲ — **ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥**

ਅਰਥ — ਮੱਘਰ ਦੇ ਮਹੀਨੇ ਦੁਆਰੇ ਗੁਰੂ ਅਰਜਨ ਦੇਵ ਮਹਾਰਾਜ ਜੀ ਬਖਸ਼ਿਸ਼ ਕਰਦੇ ਨੇ ਕਿ ਉਹ ਜੀਵ ਰੂਪ ਇਸਤਰੀਆਂ ਸ਼ੋਭਨੀਕ ਨੇ, ਸੁਭਾਇਮਾਨ ਨੇ, ਸੁਖੀ ਨੇ ਜਿਹੜੀਆਂ ਕਿ ਭਾਈ ਹਰੀ ਪ੍ਰਮਾਤਮਾ,

ਵਾਹਿਗੁਰੂ ਜੋ ਕਿ ਸਾਡਾ ਪਤੀ ਹੈ ਭਾਵ ਜਿਹੜੀ ਇਸਤਰੀ ਪਤੀ ਦੇ ਕੋਲ ਹੈ ਉਹ ਸੁਭਾਇਮਾਨ ਹੈ। ਜਿਹੜੀ ਪਤੀ ਦੀ ਆਗਿਆ ਵਿੱਚ ਹੈ ਉਹੀ ਸੁਭਾਇਮਾਨ ਹੈ, ਅਤੇ ਹਰ ਪ੍ਰਕਾਰ ਨਾਲ ਸੁਖੀ ਹੈ। ਇਸੇ ਤਰ੍ਹਾਂ ਜਿਹੜੀਆਂ ਜੀਵ ਰੂਪ ਇਸਤਰੀਆਂ ਪਤੀ ਪ੍ਰਮਾਤਮਾ ਦੇ ਕੋਲ ਨੇ, ਆਗਿਆ ਵਿੱਚ ਨੇ, ਸੇਵਾ ਵਿੱਚ ਨੇ, ਉਹੀ ਭਾਈ ਸੁਭਾਇਮਾਨ ਨੇ, ਤੇ ਸੁਖੀ ਨੇ।

ਮੂਲ — ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥

ਅਰਥ — ਤੇ ਜਿਨ੍ਹਾਂ ਨੂੰ ਭਾਈ, ਸਾਹਿਬ, ਮਾਲਕ ਵਾਹਿਗੁਰੂ ਨੇ ਆਪਣੇ ਨਾਲ ਹੀ ਮੇਲ ਲਿਆ, ਜਿਵੇਂ ਲਹਿਣੇ ਨੂੰ ਮੇਲ ਲਿਆ, ਜਿਵੇਂ ਅਮਰੂ ਨੂੰ ਮੇਲ ਲਿਆ, ਜਿਵੇਂ ਜੇਠੇ ਨੂੰ ਮੇਲ ਲਿਆ। ਤਾਂ ਜਿੰਨ੍ਹਾਂ ਨੂੰ ਉਸ ਪ੍ਰਮਾਤਮਾ ਨੇ, ਵਾਹਿਗੁਰੂ ਨੇ, ਸਤਿਗੁਰੂ ਦਾ ਮੇਲ ਬਖਸ਼ ਕੇ, ਗੁਰਮਤ ਬਖਸ਼ ਕੇ, ਆਪਣੇ ਨਾਲ ਮੇਲ ਲਿਆ ਹੈ, ਮਹਾਰਾਜ ਪੰਚਮ ਪਾਤਿਸ਼ਾਹ ਕਹਿੰਦੇ ਨੇ ਉਨ੍ਹਾਂ ਦੀ ਤਾਂ ਗੱਲ ਹੀ ਕੀ ਹੈ। ਉਨ੍ਹਾਂ ਦਾ ਕੀ ਵਰਨਣ ਕਰੀਏ,

ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ॥

ਉਨ੍ਹਾਂ ਨੂੰ ਕੀ ਵਸਤੂ ਮਿਲੀ ਹੈ? ਉਹ ਭਾਈ ਕਹੀ ਨਹੀਂ ਜਾ ਸਕਦੀ, ਮਨ ਬੁੱਧੀ ਦਾ ਇਹ ਵਿਸ਼ਾ ਨਹੀਂ,

ਕਹੁ ਕਬੀਰ ਗੂੰਗੇ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥

ਉਹ ਹੁਣ ਕਹੇ ਕੀ, ਅਤੇ ਕਿਹਨੂੰ ਕਹੇ?

ਉਹ ਤਾਂ ਭਾਈ ਹੁਣ ਆਪਣੇ ਰੰਗ ਵਿੱਚ ਰੰਗਿਆ ਗਿਆ। ਉਹ ਤਾਂ ਪਰਮਾਤਮਾ ਦੇ ਰੰਗ ਵਿੱਚ ਰੰਗਿਆ ਗਿਆ।

ਮੂਲ — ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥

ਅਰਥ — ਜਿੰਨ੍ਹਾਂ ਨੂੰ ਭਾਈ ਸੰਗਿ ਮਿਲਿਆ ਹੈ, ਸਾਧ ਸਹੇਲੜੀਆਂ, ਯਾਨੀ ਸਾਧੂ ਜਨਾਂ ਦਾ, ਜਿੰਨ੍ਹਾਂ ਨੇ ਆਪਣੇ ਆਪ ਨੂੰ ਸਾਧ ਲਿਆ, ਜਿੰਨ੍ਹਾਂ ਨੇ ਆਪਣਾ ਮਨ ਸੋਧ ਲਿਆ ਜੋ ਬਿਲਕੁੱਲ ਪਰਮ ਪਵਿੱਤਰ ਪਰਮਾਤਮਾ ਦੇ ਨਾਲ ਅਭੇਦ ਹੋ ਗਏ, ਐਸੇ ਜਨਾਂ ਦਾ ਸੰਗ ਜਿਸ ਨੂੰ ਮਿਲ ਗਿਆ, ਉਸ ਦਾ ਤਾਂ ਭਾਈ ਤਨ, ਮਨ ਮਉਲ ਹੀ ਗਿਆ, ਥਿਰ ਹੋ ਗਿਆ, ਆਨੰਦ ਪ੍ਰਾਪਤ ਹੋ ਗਿਆ, ਉਨ੍ਹਾਂ ਨੂੰ ਭਾਈ ਗਿਆਨ ਪ੍ਰਾਪਤ ਹੋ ਗਿਆ।

ਮੂਲ — ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ॥

ਅਰਥ — ਪਰ ਜੋ ਭਾਈ ਸਾਧੂ ਜਨਾਂ ਤੋਂ ਬਾਹਰ, ਮਹਾਂਪੁਰਸ਼ਾਂ ਤੋਂ ਬਾਹਰ, ਗੁਰੂ ਜਨਾਂ ਤੋਂ ਬਾਹਰ, ਗੁਰਮਤ ਤੋਂ ਬਾਹਰ, ਉਹ ਭਾਈ ਇਕੱਲੇ ਹੀ ਨੇ ਉਨ੍ਹਾਂ ਦੇ ਨਾਲ ਪ੍ਰਮਾਤਮਾ ਨਹੀਂ ਹੈ—

ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ॥
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ॥
ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ॥
ਜਬ ਹੀ ਹੰਸ ਤਜੀ ਇਹ ਕਾਇਆ ਪ੍ਰੇਤ ਪ੍ਰੇਤ ਕਰ ਭਾਗੀ॥
ਇਹ ਬਿਧਿ ਕੋ ਬਿਉਹਾਰੁ ਬਨਿਓ ਹੈ ਜਾ ਸਿਉ ਨੇਹੁ ਲਗਾਇਓ॥
ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ॥

*(ਸੋ:ਮ:੯, ਪੰਨਾ-੬੩੪)*

ਰਾਵਨ ਨੂੰ ਕਿਤਨਾਂ ਕੁਛ ਪ੍ਰਾਪਤ ਸੀ, ਇਕੁ ਲਖੁ ਪੂਤ ਸਵਾ ਲਖੁ ਨਾਤੀ॥

ਯਥਾ— ਲੰਕਾ ਗਢੁ ਸੋਨੇ ਕਾ ਭਇਆ॥ ਮੂਰਖੁ ਰਾਵਨੁ ਕਿਆ ਲੇ ਗਇਆ॥

ਕਿੰਨਾ ਕੁਝ ਸੀ? ਸਿਕੰਦਰ ਬਾਦਸ਼ਾਹ ਕੋਲ ਕਿੰਨਾ ਧਨ ਦੌਲਤ ਸੀਗਾ, ਅਖੀਰ ਜਦੋਂ ਦਫਨਾਇਆ ਗਿਆ, ਕਹਿੰਦਾ ਹੱਥ ਬਾਹਰ ਕੱਢ ਦਿਉ ਜੇ, ਤਾਂ ਕਿ ਲੋਕਾਂ ਨੂੰ ਪਤਾ ਚੱਲੇ, ਨਾਲ ਕੁਝ ਨਹੀਂ ਜਾਣਾ, ਕਿਸੇ ਨੇ ਸਾਥ ਨਹੀਂ ਦੇਣਾ। ਉਹ ਜਨ ਭਾਈ ਲੱਗਦਾ ਹੈ ਕਿ ਬਹੁਤ ਐਸ੍ਵਰਜ ਵਿੱਚ ਹੈ, ਬਹੁਤ ਰਿਸ਼ਤੇਦਾਰਾਂ ਵਿੱਚ ਹੈ, ਬਹੁਤ ਸੁੱਖਾਂ ਵਿੱਚ ਹੈ, ਬਹੁਤ

ਪਦਾਰਥਾਂ ਦਾ ਮਾਲਕ ਹੈ, ਪਰ ਮਹਾਰਾਜ ਪੰਚਮ ਪਾਤਿਸ਼ਾਹ ਕਹਿੰਦੇ ਨੇ, ਕਿਉਂਕਿ ਸਾਧ ਦਾ ਸੰਗ ਨਹੀਂ, ਕਿਉਂਕਿ ਉਸ ਨੂੰ ਸਤ ਸੰਗ ਨਹੀਂ, ਇਸ ਵਾਸਤੇ ਉਹ ਇਕੇਲਾ ਹੀ ਹੈ। ਤੇ ਜਵਾਬ ਵੀ ਉਸ ਇਕੇਲੇ ਨੂੰ ਹੀ ਦੇਣਾ ਪਵੇਗਾ ਭਾਈ!

**ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥** ਕੋਈ ਕਿਸੇ ਦਾ ਭਾਈ ਸਾਥੀ ਨਹੀਂ ਬਿਨ੍ਹਾਂ ਪਰਮੇਸ਼ਰ ਤੋਂ।

ਮੂਲ — **ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ॥**

ਤੇ ਜਿੰਨ੍ਹਾਂ ਨੂੰ ਭਾਈ ਸਤਿਸੰਗ ਪ੍ਰਾਪਤ ਨਹੀਂ ਹੋਇਆ, ਗਿਆਨ ਪ੍ਰਾਪਤ ਨਹੀਂ ਹੋਇਆ, ਪ੍ਰਮਾਤਮਾ ਦੇ ਚਰਨਾਂ ਨਾਲ ਅਭੇਦ ਨਹੀਂ ਹੋਏ, ਐਸੇ ਜਨ ਜਿਹੜੇ ਨੇ ਉਹ ਕਿੱਥੇ ਨੂੰ ਜਾਣਗੇ?

**ਜਮ ਕੈ ਵਸਿ ਪੜੀਆਹ॥**

ਉਨ੍ਹਾਂ ਨੂੰ ਭਾਈ ਇਹ ਮੌਤ, ਤੇ ਮੌਤ ਤੋਂ ਬਾਅਦ? ਕਿਉਂਕਿ ਮੌਤ ਹੋਈ ਸੰਸਕਾਰਾਂ ਦੇ ਨਾਲ, ਤੇ ਸੰਸਕਾਰਾਂ ਦੇ ਨਾਲ ਹੀ ਫਿਰ ਜਨਮ ਹੈ, ਜਨਮ ਹੈ ਤਾਂ ਮੌਤ ਵੀ ਅਵੱਸ਼ ਹੈ, ਇਸ ਪ੍ਰਕਾਰ ਜਨਮ-ਮਰਨ ਦੇ ਗੇੜ ਵਿੱਚ ਬੱਝਿਆ ਹੀ ਰਹਿਣਾ ਹੈ ਤੇ—**ਜਨਮ ਮਰਨ ਕਾ ਦੁਖੁ ਘਣੋ॥**

ਮਹਾਰਾਜ ਕਹਿੰਦੇ ਨੇ ਕਿ ਜਨਮ ਮਰਨ ਦਾ ਬਹੁਤ ਦੁੱਖ ਹੈ, ਕਿ ਜਨਮ ਤੋਂ ਮੌਤ ਆਉਣ ਤੱਕ ਵੀ ਅਨੇਕਾਂ ਦੁੱਖ ਕਸ਼ਟ ਸਹਾਰਨੇ ਪੈਂਦੇ ਹਨ—

ਮੂਲ — **ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ॥**

ਤਾਂ ਜਿਨ੍ਹਾਂ ਜੀਵਾਂ ਨੇ, ਜਿਨ੍ਹਾਂ ਮਨੁੱਖਾਂ ਨੇ ਭਾਈ ਆਪਣੇ ਪਰਮੇਸ਼ਰ ਨੂੰ ਯਾਦ ਕੀਤਾ ਹੈ, ਸਿਮਰਨ ਕੀਤਾ ਹੈ, ਰਾਵਿਆ ਹੈ, ਤੇ ਭੋਗਿਆ ਹੈ ਆਤਮ ਰੰਗ, ਆਤਮ ਰਸ, ਮਹਾਰਾਜ ਜੀ ਕਹਿੰਦੇ ਉਹ ਨਿਤ ਖੜ੍ਹੇ ਨੇ, ਸਦਾ ਹਾਜ਼ਰ ਨੇ, ਕਦੇ ਗੈਰ ਹਾਜ਼ਰ ਨਹੀਂ ਹੋਏ। ਉਹ ਭਾਵੇਂ ਭਗਤਿ ਕਬੀਰ ਹੋਵੇ, ਭਾਵੇਂ ਭਗਤ ਫਰੀਦ ਹੋਵੇ, ਭਾਵੇਂ ਭਗਤ ਰਵਿਦਾਸ ਹੋਵੇ, ਤੇ ਭਾਵੇਂ ਦਸੋ ਪਾਤਿਸ਼ਾਹੀਆਂ। ਸਦਾ ਥਿਰ ਨੇ, ਸਦਾ ਹਾਜ਼ਰ ਨੇ। ਜੇ ਹਮੇਸ਼ਾਂ ਹਾਜ਼ਰ ਹਨ ਤਾਂ ਅਰਦਾਸ, ਬੇਨਤੀ, ਜੋਦੜੀਆਂ ਕਰਦੇ ਹਾਂ ਭਾਈ, ਕਿ ਸਾਡੀ ਪੁਕਾਰ ਸੁਣੋ, ਸਾਡੀ ਫਰਿਆਦ ਸੁਣੋ। ਜੇ ਉਹ ਗੈਰ ਹਾਜ਼ਰ ਹੋ ਜਾਣ ਤਾਂ ਅਸੀਂ ਕੀਹਦੇ ਕੋਲ ਪੁਕਾਰ ਕਰੀਏ। ਉਹ ਤਾਂ ਭਾਈ ਸਦਾ ਹਾਜ਼ਰ ਨੇ, ਸੁਨਣ ਵਾਲਾ ਸਦਾ ਹਾਜ਼ਰ ਹੈ, ਕੋਈ ਸੁਨਾਉਣ ਵਾਲਾ ਹੋਣਾ ਚਾਹੀਦਾ ਹੈ, ਜਿਹੜਾ ਸੁਨਣ ਵਾਲੇ ਨੂੰ ਸੁਣਾ ਸਕੇ। ਪਰ ਅਸੀਂ ਕੀਹਨੂੰ ਸੁਣਾ ਰਹੇ ਹਾਂ? ਜਿਹੜੇ ਸੁਨਣ ਵਾਲੇ ਨਹੀਂ। **ਮਾਇਆਧਾਰੀ ਅਤਿ ਅੰਨਾ ਬੋਲਾ॥**

ਅਸੀਂ ਉਨ੍ਹਾਂ ਨੂੰ ਸੁਣਾਉਂਦੇ ਹਾਂ ਜਿਹੜੇ ਬੋਲ਼ੇ ਨੇ, ਸਾਡੀ ਫਰਿਆਦ ਬੋਲ਼ਿਆਂ ਸਾਹਮਣੇ ਹੈ, ਮਾਇਆ ਧਾਰੀਆਂ ਸਾਹਮਣੇ ਹੈ। ਜਦੋਂ ਪੁਕਾਰ ਕਰਨੀ ਹੈ ਪਰਮਾਤਮਾ ਦੇ ਸਾਹਮਣੇ, ਗੁਰੂ ਦੇ ਸਾਹਮਣੇ ਤਾਂ ਵਿਚਾਲੇ ਕੋਈ ਚੀਜ਼ ਨਹੀਂ ਹੋਣੀ ਚਾਹੀਦੀ। ਇਉਂ ਕੀਤੀ ਅਰਦਾਸ—

**ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥**
**ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ॥**

*(ਬਿਲਾ:ਮ:.੫, ਪੰਨਾ-੮੧੯)*

ਵਿਚਾਲੇ ਜਦੋਂ ਕੋਈ ਦੂਸਰਾ ਨਹੀਂ ਖੜ੍ਹਾ ਹੋਵੇਗਾ, ਉਸ ਸਮੇਂ ਅਰਦਾਸ ਅਵੱਸ਼ ਸੁਣੀ ਜਾਵੇਗੀ। ਦੇਖੋ ਮੱਖਣਸ਼ਾਹ ਲੁਬਾਣਾ, ਜਿਸ ਦਾ ਸਮੁੰਦਰ ਵਿੱਚ ਬੇੜਾ ਤੂਫਾਨ ਆਂਧੀ ਦਾ ਸ਼ਿਕਾਰ ਹੋ ਕੇ ਡਾਵਾਂਡੋਲ ਹੋਣ ਲੱਗਿਆ, ਡੁੱਬਣ ਲੱਗਿਆ, ਉਸ ਸਮੇਂ ਇਕ ਮਨ ਹੋ ਕੇ ਪੁਕਾਰ ਕੀਤੀ, ਕੀਹਦੇ ਸਾਹਮਣੇ?

ਪ੍ਰਮਾਤਮਾ ਸਾਹਮਣੇ। ਕੀਹਦੇ ਸਾਹਮਣੇ? ਪ੍ਰਮਾਤਮ ਸਰੂਪ ਗੁਰੂ ਨਾਨਕ ਸਾਹਮਣੇ। ਤੇ ਫਿਰ ਉਨ੍ਹਾਂ ਦੇ ਸਾਹਮਣੇ ਕੀਤੀ ਕਿਸ ਤਰ੍ਹਾਂ?

ਉਨ੍ਹਾਂ ਨੂੰ ਪਰਮਾਤਮਾ ਜਾਂ ਗੁਰੂ ਸਮਝ ਕੇ ਕੀਤੀ, ਤੇ ਗੁਰੂ ਭਾਵੇਂ ਭੋਰੇ ਵਿੱਚ ਬੈਠਾ ਸੀ ਗੁਰੂ ਤੇਗ ਬਹਾਦਰ ਸਾਹਿਬ, ਉੱਥੋਂ ਹੀ ਮੋਢਾ ਲਾ ਕੇ ਬੇੜਾ ਪਾਰ ਕਰ ਦਿੱਤਾ। ਤੇ ਮੱਖਣਸ਼ਾਹ ਨੇ ਅਰਦਾਸ ਕਰਨ ਸਮੇਂ ਵਿਚਾਲੇ ਕਿਸੇ ਨੂੰ ਹੋਰ ਨਹੀਂ ਖੜ੍ਹਾ ਕੀਤਾ। ਲੇਕਿਨ ਅਸੀਂ ਭਾਈ ਹੋਰ ਵਿਚਾਲੇ ਬਹੁ ਖੜ੍ਹੇ ਕਰ ਲੈਂਦੇ ਹਾਂ। ਆਪਣਾ ਆਪ ਤਾਂ ਪਰਮੇਸ਼ਰ ਅੱਗੇ ਰੱਖਿਆ ਹੀ ਨਹੀਂ, ਗੁਰੂ ਅੱਗੇ ਰੱਖਿਆ ਹੀ ਨਹੀਂ। ਪਰੰਤੂ ਹੋਰ ਜਣੇ ਖਣੇ ਦੇ ਅੱਗੇ ਹੱਥ ਅੱਡੀ ਫਿਰਦੇ ਹਾਂ—

**ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ॥**
**ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ॥**

*(ਆ.ਮ. ੯, ਪੰਨਾ-੪੧੧)*

ਇਸ ਪ੍ਰਕਾਰ ਦੁਆਰੇ-ਦੁਆਰੇ ਮੰਗਤੇ ਬਣੇ ਫਿਰਦੇ ਹਾਂ। ਤਾਂ ਹੀ ਭਾਈ ਵਸਤੂ ਨਹੀਂ ਪ੍ਰਾਪਤ ਹੋ ਰਹੀ। ਜਿਹੜਾ ਉਸ ਪਰਮੇਸ਼ਰ ਨੂੰ ਭਾਅ ਜਾਵੇ, ਜਿਹੜਾ ਉਸ ਦੇ ਸਨਮੁਖ ਹੋ ਜਾਵੇ ਉਸ ਨੂੰ ਦਾਤ ਪਰਮੇਸ਼ਰ ਆਪ ਦੇ ਦਿੰਦਾ ਹੈ ਤੇ ਐਸੇ ਜਨ ਨੂੰ ਜੋ ਉਸ ਦਾਤ ਦੇ ਮਾਲਕ ਹੋ ਚੁੱਕੇ ਨੇ, ਜੋ ਉਸ ਦਾਤ ਨੂੰ ਪ੍ਰਾਪਤ ਹੋ ਚੁੱਕੇ ਨੇ, ਮਹਾਰਾਜ ਪੰਚਮ ਪਾਤਿਸ਼ਾਹ ਕਹਿੰਦੇ ਕਿ ਉਹ ਹਮੇਸ਼ਾਂ ਖੜ੍ਹੇ ਨੇ ਭਾਈ, ਉਹ ਹਮੇਸ਼ਾਂ ਸੁਨਣ ਨੂੰ ਤਿਆਰ ਨੇ, ਤੁਸੀਂ ਪੁਕਾਰ ਉਨ੍ਹਾਂ ਦੇ ਸਾਹਮਣੇ ਕਰੋ।

ਮੂਲ — **ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥**

ਐਸੇ ਜਨਾਂ ਦੇ ਕੋਲ ਭਾਈ, ਰਤਨ, ਜਵਾਹਰ, ਲਾਲ ਯਾਨੀ ਸਤਿਸੰਗਤ ਰੂਪੀ ਪਦਾਰਥ ਅਤੇ ਵਿਵੇਕ, ਵੈਰਾਗ, ਗਿਆਨ, ਵਿਗਿਆਨ ਸਾਰੇ ਉਨ੍ਹਾਂ ਦੇ ਕੰਠ ਵਿੱਚ ਹੀ ਜੜੇ ਹੋਏ ਨੇ, ਭਾਵ ਉਨ੍ਹਾਂ ਨੇ ਹਿਰਦੇ ਵਿੱਚ ਧਾਰਨ ਕੀਤੇ ਹੁੰਦੇ ਨੇ ਐਸੇ ਜਨਾ ਦੇ।

ਮੂਲ — **ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥**

ਐਸੇ ਜਨਾਂ ਦੀ ਭਾਈ, ਜੋ ਕਦੇ ਗੈਰ ਹਾਜ਼ਰ ਨਹੀਂ ਹੁੰਦੇ, ਸਦਾ ਹਾਜ਼ਰ ਨੇ, ਸਦਾ ਵੇਖਦੇ ਨੇ, ਸਦਾ ਸੁਣਦੇ ਨੇ ਐਸੇ ਜਨਾਂ ਦੀ ਧੂੜ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਲੋਚਦੇ ਨੇ, ਕਿ ਐਸੇ ਜਨਾਂ ਦੀ ਧੂੜ ਮਿਲੇ, ਤਾਂ ਜਾ ਕੇ ਜੀਵਨ ਸਫਲ ਹੋ ਜਾਏ—

ਮੂਲ — **ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥**

ਗੁਰੂ ਬਾਬਾ ਜੀ ਮੱਘਰ ਦੇ ਮਹੀਨੇ ਦੁਆਰਾ ਉਪਦੇਸ਼ ਕਰਦੇ ਹਨ, ਕਿ ਮੁੜਕੇ ਤੇਰਾ ਜਨਮ ਨਹੀਂ ਹੋਵੇਗਾ, ਕਦੋਂ ? ਜਦੋਂ ਪਰਮੇਸ਼ਰ ਦਾ ਧਿਆਨ ਧਰੇਂਗਾ, ਜਦੋਂ ਇੱਕ ਪਰਮੇਸ਼ਰ ਦੇ ਪਰਾਇਣ ਹੋ ਜਾਏਂਗਾ,

**ਏਕ ਊਪਰਿ ਜਿਸੁ ਜਨ ਕੀ ਆਸਾ ॥ ਤਿਸ ਕੀ ਕਟੀਐ ਜਮ ਕੀ ਫਾਸਾ ॥**

ਇਕ ਪਰਮੇਸ਼ਰ ਦੇ, ਅਕਾਲ ਪੁਰਖ ਦੇ, ਨਿਰੰਕਾਰ ਦੇ, ਨਿਰੰਕਾਰ ਜੋਤੀ ਸਰੂਪ ਸਤਿਗੁਰੂ ਦੇ ਭਾਈ, ਗੁਰੂ ਦੀ ਬਾਣੀ ਦੇ ਉੱਪਰ ਸਾਨੂੰ ਪੂਰਨ ਰੂਪ ਵਿੱਚ ਸ਼ਰਧਾ ਵਿਸ਼ਵਾਸ਼ ਹੋਵੇ, ਫਿਰ ਸਾਰੇ ਕਾਰਜ ਇਹਦੇ ਭਾਈ ਰਾਸ ਹੋ ਜਾਣਗੇ, ਪਰਮੇਸ਼ਰ ਨੂੰ ਪ੍ਰਾਪਤ ਹੋ ਜਾਵੇਗਾ, ਦੁੱਖਾਂ ਦੀ ਨਵਿਰਤੀ ਹੋ ਜਾਵੇਗੀ ਔਰ ਜੀਵਨ ਸਫਲ ਹੋ ਜਾਏਗਾ। ਇਹ ਜੋੜ ਮੇਲ ਵੀ ਭਾਈ ਤਾਂ ਹੀ ਸਫ਼ਲ ਹਨ, ਜੇ ਅਸੀਂ ਉਸ ਅਵਸਥਾ ਨੂੰ ਪ੍ਰਾਪਤ ਹੋ ਜਾਈਏ, ਜੋ ਪੰਚਮ ਪਾਤਿਸ਼ਾਹ ਨੇ ਅੱਜ ਸਾਨੂੰ ਬਖਸ਼ੀ ਹੈ, ਯਾਨੀ ਸਰੂਪ ਦੀ ਇਸਥਿਤੀ ਹੋ ਜਾਵੇ। ਇਸ ਪ੍ਰਕਾਰ ਸਾਧ ਜਨਾਂ ਦਾ ਸੰਗ, ਮਹਾਂਪੁਰਸ਼ਾਂਦਾ ਸੰਗ, ਗੁਰੂ ਨੂੰ ਆਪਣੇ ਜੀਵਨ ਵਿੱਚ ਲਿਆ ਕੇ, ਜੀਵਨ ਨੂੰ ਸੁਖੀ ਸੁਹੇਲਾ ਕਰ ਲੇਉ। ਫਿਰ—

**ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥ ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥**

*(ਪੰਨਾ ੨੯੨-੯੩)*

ਇਸ ਪ੍ਰਕਾਰ ਆਪ ਜੀ ਨੇ ਪਵਿੱਤਰ ਰਸਨਾਂ ਤੋਂ ਮੱਘਰ ਮਹੀਨੇ ਦੀ ਅੰਮ੍ਰਿਤਮਈ ਐਸੀ ਰਸਦਾਇਕ ਕਥਾ ਕੀਤੀ, ਮਾਨੋ ਸਰੋਤਿਆਂ ਦੇ ਹਿਰਦਿਆਂ ਵਿੱਚ ਇਉਂ ਸਮਾ ਗਈ, ਜਿਵੇਂ ਬਰੀਕ ਕਣੀ ਦੀ ਬਾਰਸ਼ ਦਾ ਜਲ ਸਾਰਾ ਧਰਤੀ ਵਿੱਚ ਸਮਾ ਜਾਂਦਾ ਹੈ, ਰਿੜ੍ਹ ਕੇ ਇੱਧਰ ਉੱਧਰ ਨਹੀਂ ਜਾਂਦਾ। ਸੰਗਤਾਂ ਦਾ ਇੱਕ ਟੱਕ ਧਿਆਨ ਆਪ ਦੇ ਪਵਿੱਤਰ ਚਿਹਰੇ ਵੱਲ, ਅਤੇ ਕੰਨ ਸੁਣਨ ਵੱਲ ਲੱਗੇ ਰਹੇ, ਮਾਨੋ ਇੱਕ-ਇੱਕ ਸ਼ਬਦ ਨੂੰ ਔਸ਼ਧੀ ਰੂਪ ਜਾਣਕੇ ਸੇਵਨ ਕਰਦੇ ਹੋਏ, ਇੱਕ ਬੂੰਦ ਵੀ ਨਹੀਂ ਗਵਾਉਣਾ ਚਾਹੁੰਦੇ। ਹੁਣ ਸਮਾਪਤੀ ਤੋਂ ਬਾਅਦ ਗੁਰੂ ਕੇ ਲੰਗਰ ਦੇ ਅਤੁੱਟ ਭੰਡਾਰੇ ਵਰਤਾਏ ਗਏ ਲੇਕਿਨ ਪੱਕੇ ਹੋਏ ਪਦਾਰਥ ਫਿਰ ਵੀ ਬਹੁਤ ਬਚ ਗਏ।

ਤੀਸਰੇ ਪਹਿਰ ਮੱਲ੍ਹੇਵਾਲ ਵਾਲੇ ਪ੍ਰੇਮੀਆਂ ਨੂੰ ਬਚਨ ਦਿੱਤਾ ਹੋਇਆ ਸੀ, ਇਸ ਲਈ ਕਾਫੀ ਸੰਗਤ ਨੂੰ ਨਾਲ ਲੈ ਕੇ ਪੈਦਲ ਹੀ ਸਤਿਨਾਮ ਦਾ ਜਾਪ ਕਰਦੇ ਸੁਖਦੇਵ ਸਿੰਘ ਦੇ ਘਰ ਪਿੰਡ ਮੱਲ੍ਹੇਵਾਲ ਪਹੁੰਚੇ। ਅੱਗੇ ਸੰਗਤ ਬਹੁਤ ਇਕੱਠੀ ਹੋਈ ਬੈਠੀ ਸੀ। ਆਪ ਨੇ ਸਭ ਨੂੰ ਜਪੁਜੀ ਸਾਹਿਬ ਦੀਆਂ ਪੰਜ ਪੌੜੀਆਂ ਦਾ ਪਾਠ ਕਰਵਾਇਆ। ਉਪਰੰਤ ਆਪਣੇ ਪਵਿੱਤਰ ਹਸਤ ਕਮਲਾਂ ਦੁਆਰਾ ਦਰਸ਼ਨਾਂ ਹਿੱਤ ਆਈਆਂ ਸਭ ਸੰਗਤਾਂ ਨੂੰ ਪ੍ਰਸ਼ਾਦ ਵਰਤਾ ਕੇ, ਪਿੰਡ ਦੀਆਂ ਗਲੀਆਂ ਵਿੱਚ ਦੀ ਕਾਫੀ ਸੰਗਤਾਂ ਨਾਲ ਸਤਿਨਾਮ ਵਾਹਿਗੁਰੂ ਦਾ ਜਾਪ ਉੱਚੀ ਸੁਰ ਵਿੱਚ ਕਰਦੇ ਭਾਈ ਸਾਹਿਬ ਦਰਸ਼ਨ ਸਿੰਘ ਦੇ ਘਰ ਪਹੁੰਚੇ। ਓਥੇ ਵੀ ਪੰਜ ਪੌੜੀਆਂ ਦਾ ਪਾਠ ਕਰਵਾ ਕੇ ਸੰਗਤ ਨੂੰ ਪ੍ਰਸ਼ਾਦ ਵਰਤਾਉਣ ਉਪਰੰਤ ਪੈਦਲ ਹੀ ਮੱਲ੍ਹੇਵਾਲ

ਦੇ ਗੁਰਦੁਆਰਾ ਸਾਹਿਬ ਗਏ। ਉੱਥੇ ਦਰਸ਼ਨ ਮੇਲਾ ਕਰਕੇ ਗੁਰ ਸਾਹਿਬ ਜੀ ਤੋਂ ਹੁਕਮਨਾਮਾ ਲੈ ਕੇ ਵਾਪਸ ਲੋਪੋ ਕੁਟੀਆ ਆ ਗਏ। ਲੰਗਰ ਛੱਕਣ ਤੋਂ ਬਾਅਦ ਰਾਤ ਨੂੰ ਕਾਫੀ ਸੰਗਤ ਦੇ ਨਾਲ ਪੈਦਲ ਹੀ ਉੱਚੀ ਸੁਰ ਵਿੱਚ ਸਤਿਨਾਮ ਦਾ ਜਾਪ ਜਪਦੇ ਪਿੰਡ ਭੋੜੇ ਨੂੰ ਚਾਲੇ ਪਾ ਦਿੱਤੇ, ਕਿਉਂਕਿ ਅੱਜ ਤੋਂ ਦੋ ਦਿਨ ਪਹਿਲਾਂ ਉੱਥੋਂ ਦੀ ਸੰਗਤ ਨੂੰ ਬਚਨ ਦਿੱਤਾ ਹੋਇਆ ਸੀ। ਸੋ ਬਚਨ ਪੂਰਾ ਕਰਨ ਨਮਿੱਤ ਰਾਤ ਨੂੰ ਪਹੁੰਚ ਗਏ ਪਿੰਡ ਭੋੜੇ ਗੁਰਦੁਆਰਾ ਸਾਹਿਬ। ਤਾਂ ਅੱਗੇ ਲੋਕਾਂ ਦਾ ਐਨਾ ਇਕੱਠ ਹੋਇਆ ਸੀ ਕਿ ਗਿਣਵੇਂ-ਚੁਣਵੇਂ ਲੋਕ ਹੀ ਘਰਾਂ ਵਿੱਚ ਰਹੇ ਹੋਣਗੇ। ਸੰਗਤ ਨੇ ਮਾਈਕ ਵਗੈਰਾ ਤਾਂ ਪਹਿਲਾਂ ਹੀ ਲਾਇਆ ਹੋਇਆ ਸੀ, ਇਸ ਲਈ ਅਰਜ਼ ਕੀਤੀ, ਮਹਾਰਾਜ ਕੁਝ ਪ੍ਰਵਚਨ ਸੁਣਾਉ!

ਆਪ ਕੁੱਝ ਦੇਰ ਤਾਂ ਟਾਲ-ਟਪ ਕਰਦੇ ਰਹੇ, ਲੇਕਿਨ ਸੰਗਤ ਦਾ ਭਰਵਾਂ ਪ੍ਰੇਮ, ਅਤੇ ਨਿਰਛਲ ਦੇਖ ਕੇ ਅੱਧਾ ਘੰਟਾ ਅੰਮ੍ਰਿਤ ਬਚਨਾਂ ਦੀ ਝੜੀ ਲਾਈ। ਆਪ ਜੀ ਨੇ ਫੁਰਮਾਇਆ, ਤੁਹਾਨੂੰ ਵੱਡੇ ਭਾਗਾਂ ਨਾਲ ਗੁਰੂ ਘਰ ਦੀ ਸੇਵਾ ਪ੍ਰਾਪਤ ਹੋਈ ਹੈ, ਸੋ ਤਕੜੇ ਹੋ ਕੇ ਕਰੋ! ਪਰਮੇਸ਼ਰ ਸੇਵਾ ਤੇ ਹੀ ਰੀਝਦਾ ਹੈ, ਉਸ ਨੂੰ ਰੀਝਾਉਣ ਦਾ ਤਰੀਕਾ ਕੇਵਲ ਸੇਵਾ ਤੇ ਪ੍ਰੇਮ ਹੈ। ਇਸ ਲਈ ਪ੍ਰੇਮ ਨਾਲ ਤਕੜੇ ਹੋ ਕੇ ਸੇਵਾ ਕਰਦੇ ਰਹੋ, ਅਸੀਂ ਵੀ ਤੁਹਾਡੇ ਪਿੰਡ ਫਿਰ ਆਵਾਂਗੇ। ਉੱਥੋਂ ਬਲਦੇਵ ਸਿੰਘ ਅਰਜ਼ ਕਰਕੇ ਆਪਣੇ ਘਰ ਲੈ ਗਿਆ, ਫਿਰ ਦੂਸਰਾ ਬਲਦੇਵ ਸਿੰਘ ਜੋ ਗੁਰਦੁਆਰਾ ਸਾਹਿਬ ਦਾ ਪ੍ਰਧਾਨ ਹੈ ਉਸ ਦੇ ਘਰ ਗਏ। ਉਨ੍ਹਾਂ ਲੋਕਾਂ ਦੇ ਨਿਰਛਲ ਹਿਰਦੇ, ਅਤੇ ਸਿੱਧਾਪਨ ਦੇਖਕੇ ਆਪ ਪ੍ਰੇਮ ਵਸ ਹੋਏ ਰਾਤ ਦੇ ਸਾਢੇ ਗਿਆਰਾਂ ਵਜੇ ਗਏ। ਉਨ੍ਹਾਂ ਨੂੰ ਸੇਵਾ ਦਾ ਉਤਸ਼ਾਹ ਬਖਸ਼ ਕੇ ਅਤੇ ਕੀਤੀ ਸੇਵਾ ਦਾ ਸ਼ਾਬਾਸ਼ ਦੇ ਕੇ ਅੱਧੀ ਰਾਤ ਪੈਦਲ ਹੀ ਵਾਪਸ ਕੁਟੀਆ ਆਏ। ਇਉਂ ਤਿੰਨ-ਚਾਰ ਦਿਨ ਉਸ ਕੁਟੀਆ ਅਤੇ ਇਲਾਕੇ ਨੂੰ ਆਪਣੀ ਪਵਿੱਤਰ ਸੁਗੰਧੀ ਨਾਲ ਮਹਿਕਾ ਰੁਸ਼ਨਾਅ ਕੇ, ਕੁੱਝ ਪੁਰਾਣੇ ਲੱਗੇ ਬੂਟਿਆਂ ਵਿੱਚ ਖਾਦ ਪਾ ਕੇ ਅਤੇ ਕਾਫੀ ਗਿਣਤੀ ਵਿੱਚ ਹੋਰ ਨਵੇਂ ਲਾ ਕੇ ਸਤਾਰਾਂ ਨਵੰਬਰ, 1990 ਨੂੰ ਵਗਦੇ ਦਰਿਆ ਦੀ ਤਰ੍ਹਾਂ ਅੱਗੇ ਨੂੰ ਰਵਦੇ ਹੋਏ।

## ਜਿਨ ਪ੍ਰੇਮ ਕੀਉ

ਜਿਕਰ 1990 ਨਵੰਬਰ ਮਹੀਨੇ ਦਾ ਹੈ ਜਦੋਂ ਆਪ ਦਿੱਲੀ ਦੀਆਂ ਸੰਗਤਾਂ ਨੂੰ ਦਰਸ਼ਨ ਸਤਿਸੰਗ ਅਤੇ ਗੁਰਬਾਣੀ ਦੀ ਇਲਾਹੀ ਦਾਤ ਦੁਆਰਾ ਤ੍ਰਿਪਤ ਕਰ ਰਹੇ ਸਨ। ਅੱਜ ਫੈਜ਼ ਰੋਡ ਦੇ ਮਾਤਾ ਨਿਰਮਲਾ ਦੇ ਘਰ ਬੈਠੇ ਹਨ, ਇਹ ਮਾਤਾ ਸੰਸਾਰਕ ਰਿਸ਼ਤੇ ਵਜੋਂ ਹਜ਼ੂਰ ਦੀ ਮਾਸੀ ਲੱਗਦੀ ਹੈ। ਇੱਥੇ ਇੱਕ ਮਾਈ ਰਾਜ ਕੁਮਾਰੀ ਮੁਜ਼ੱਫਰ ਨਗਰ ਵਾਲੀ ਜੋ ਮਾਤਾ ਨਿਰਮਲਾ ਦੀ ਸੱਕੀ ਭੈਣ ਹੈ ਨੇ ਅਰਜ਼ ਕੀਤੀ, ਮਹਾਰਾਜ, ਆਪ ਨੇ ਕੱਲ੍ਹ ਰਿਸ਼ੀਕੇਸ਼ ਜਾਣਾ ਹੈ, ਕਿਰਪਾ ਕਰੋ ਮੁਜ਼ੱਫਰ ਨਗਰ ਅਰਾਮ ਕਰਕੇ ਲੰਘ ਜਾਣਾ। ਆਪ ਨੇ ਜਵਾਬ ਦਿੱਤਾ ਕਿ ਸਮਾਂ ਬਹੁਤ ਘੱਟ ਹੈ, ਫਿਰ ਕਦੇ ਸੰਜੋਗ ਬਣਿਆ ਤਾਂ ਆ ਜਾਵਾਂਗੇ। ਮਾਤਾ ਨੇ ਅਰਜ਼ ਕੀਤੀ, ਮਹਾਰਾਜ, ਸਮਾਂ ਸੰਜੋਗ ਤਾਂ ਆਪ ਦੇ ਅਧੀਨ ਹੈ ਇਸ ਲਈ ਕਿਰਪਾ ਕਰਕੇ ਕੱਲ੍ਹ ਹੀ ਬਣਾ ਲੈਣਾਂ, ਮੈਂ ਉਡੀਕ ਕਰਾਂਗੀ। ਖੈਰ ਅੱਜ ਰਾਤ ਦਾ ਪੜਾਅ, ਮਾਨ ਸਿੰਘ ਕੋਹਲੀ ਦੇ ਘਰ ਸੀ, ਸਵੇਰ ਦਾ ਨਾਸ਼ਤਾ ਕੋਹਲੀ ਦੇ ਕਿਸੇ ਸੰਬੰਧੀ ਦੇ ਘਰ ਛਕ ਕੇ ਰਿਸ਼ੀਕੇਸ਼ ਦੀ ਤਿਆਰੀ ਕੀਤੀ। ਗੱਡੀ ਦੀ ਸੇਵਾ ਬਲਵਿੰਦਰ ਸਿੰਘ 'ਵੈਂਪੀ' ਨੇ ਲਈ ਹੋਈ ਸੀ, ਉਸ ਨੇ ਅਰਜ਼ ਕੀਤੀ, ਮਹਾਰਾਜ ਦੁਪਹਿਰ ਵਾਸਤੇ ਲੰਗਰ ਨਾਲ ਲੈ ਚੱਲੀਏ? ਹੁਕਮ ਹੋਇਆ ਨਾਲ ਕੁਝ ਨਹੀਂ ਚੁੱਕਣਾ, ਤੂੰ ਤਿਆਰੀ ਕਰ ਹੁਣ ਚੱਲੀਏ। ਬਸ ਉਸੇ ਸਮੇਂ ਗੁਰੂ ਨਾਨਕ ਦੇ ਚਰਨਾਂ ਵਿੱਚ ਅਰਦਾਸ ਕਰਕੇ ਰਿਸ਼ੀਕੇਸ਼ ਨੂੰ ਚਾਲੇ ਪਾ ਦਿੱਤੇ। ਸਫਰ ਕਰਦਿਆਂ ਜਦੋਂ ਖਤੌਲੀ ਕੋਲ ਪਹੁੰਚੇ, ਉਸ ਦੇ ਪਿੱਛੇ ਹੀ ਗੱਡੀ ਪੈਂਚਰ ਹੋ ਗਈ। ਸਟਿੱਪਨੀ ਵਾਲਾ ਟਾਇਰ ਬਦਲਨਾ ਸ਼ੁਰੂ ਕੀਤਾ ਤਾਂ ਨਾਲ ਇੱਕ ਢਾਬੇ ਵਾਲੇ ਨੂੰ ਵੈਂਪੀ ਨੇ ਠੰਡੇ ਲੈ ਕੇ ਆਉਣ ਲਈ ਇਸ਼ਾਰਾ ਕੀਤਾ। ਢਾਬੇ ਵਾਲੇ ਦਾ ਇੱਕ ਗਰੀਬ ਨੌਕਰ ਲੜਕਾ ਠੰਡੇ ਲੈ ਕੇ ਆ ਗਿਆ ਹਜ਼ੂਰ ਨੇ ਉਸ ਨੂੰ ਇੱਕ ਸੇਬ ਦਿੱਤਾ, ਵੈਂਪੀ ਨੇ ਅਰਜ਼ ਕੀਤੀ, ਮਹਾਰਾਜ! ਇੱਥੇ ਜਲ ਪਾਣੀ ਛਕਣਾ, ਇਸ ਗਰੀਬ ਲੜਕੇ ਨੂੰ ਸੇਬ ਦੇਣਾ, ਕੀ ਇਹ ਸੰਜੋਗ ਨੇ ਹੀ ਗੱਡੀ ਪੈਂਚਰ ਦਾ ਬਹਾਨਾ ਬਣਾਇਆ? ਹੁਕਮ ਹੋਇਆ, ਸੰਜੋਗ ਹੁਕਮ ਤੋਂ ਬਿਨਾਂ ਨਹੀਂ ਫਲੀ ਭੂਤ ਹੋਇਆ ਕਰਦਾ, ਕਿਉਂਕਿ ਕਰਮ ਅਤੇ ਸੰਜੋਗ ਸਾਰੇ ਆਪਣੇ ਆਪ ਵਿੱਚ ਜੜ੍ਹ ਹਨ, ਚੇਤਨ ਦੀ ਸੱਤਾ ਨਾਲ ਹੀ ਹਰਕਤ ਵਿੱਚ ਆਉਂਦੇ ਹਨ, ਕਰਮ ਸਾਰੇ ਕਿਰਤ ਹਨ, ਹੁਕਮ ਕਰਤਾ ਦਾ ਹੈ, ਇਸ ਲਈ ਹੁਕਮ ਆਪਣੀ ਸੁਤੰਤਰਾ ਵਿੱਚ ਉੱਪਰ ਵਰਤਦਾ ਹੈ। ਅੱਗੇ ਖਤੌਲੀ ਜਾ ਕੇ ਪੈਂਚਰ ਲਵਾਇਆ ਫਿਰ ਅੱਗੇ ਨੂੰ ਚੱਲ ਪਏ। ਮੁਜ਼ੱਫਰ ਨਗਰ ਦੇ ਨੇੜੇ ਜਾ ਕੇ ਵੈਂਪੀ ਨੇ ਅਰਜ਼ ਕੀਤੀ, ਬਾਈਪਾਸ ਚੱਲੀਏ, ਜਾਂ ਅੰਦਰ ਦੀ? ਹਜ਼ੂਰ ਤਾਂ ਕੁੱਝ ਨਾ ਬੋਲੇ, ਅਮਰੀਕ ਸਿੰਘ ਨੇ ਕਿਹਾ, ਕਿ ਅੰਦਰ

ਜ਼ਿਆਦਾ ਭੀੜ ਹੋਏਗੀ, ਇਸ ਲਈ ਬਾਈਪਾਸ ਠੀਕ ਹੈ। ਜਦੋਂ ਉਸ ਟਿਕਾਣੇ ਪਹੁੰਚੇ, ਜਿੱਥੋਂ ਬਾਈਪਾਸ ਫਟਦਾ ਹੈ ਉੱਥੇ ਗੱਡੀਆਂ ਦੀ ਐਨੀ ਭੀੜ ਹੋ ਗਈ, ਕਿ ਵੈਂਪੀ ਤੋਂ ਘਬਰਾ ਕੇ ਗੱਡੀ ਬਜਾਏ ਬਾਈਪਾਸ ਦੇ ਸ਼ਹਿਰ ਵਿੱਚ ਨੂੰ ਹੀ ਸਿੱਧੀ ਹੋ ਗਈ। ਸੋਚਿਆ ਹੁਣ ਚੱਲੋ ਸ਼ਹਿਰ ਵਿੱਚ ਦੀ ਹੀ ਚਲਦੇ ਹਾਂ, ਯਾਨੀ ਥੋੜ੍ਹਾ ਸਮਾਂ ਹੋਰ ਲੱਗ ਜਾਏਗਾ। ਜਦੋਂ ਥੋੜ੍ਹਾ ਅੱਗੇ ਗਏ ਗੱਡੀ ਫਿਰ ਪੈਂਚਰ ਹੋ ਗਈ। ਵੈਂਪੀ ਨੇ ਅਰਜ਼ ਕੀਤੀ, ਮਹਾਰਾਜ ਗੱਡੀ ਵੀ ਨਵੀਂ ਹੈ, ਟਾਇਰ ਵੀ ਨਵੇਂ ਹਨ ਪੈਂਚਰ ਫਿਰ ਪਤਾ ਨਹੀਂ ਕਿਉਂ ਹੋਈ ਜਾਂਦੀ ਹੈ? ਹਜ਼ੂਰ ਮੁਸਕਰਾ ਕੇ ਬੋਲੇ, ਕੋਈ ਗੱਲ ਨਹੀਂ, ਫਟਾਫਟ ਟਾਇਰ ਬਦਲ ਅੱਗੇ ਚੱਲੀਏ। ਥੋੜ੍ਹਾ ਅੱਗੇ ਜਾ ਕੇ ਹੁਕਮ ਕੀਤਾ, ਗੱਡੀ ਸੱਜੇ ਹੱਥ ਮੋੜ ਲਉ! ਜਾ ਪਹੁੰਚੇ ਮਾਈ ਰਾਜ ਕੁਮਾਰੀ ਦੇ ਘਰ, ਅੱਗੇ ਮਾਈ ਲੰਗਰ ਤਿਆਰ ਕਰਕੇ, ਬਰਤਨ ਵਗੈਰਾ ਟੇਬਲ ਤੇ ਸਜਾ ਕੇ ਹਰ ਪ੍ਰਕਾਰ ਨਾਲ ਛਕਾਉਣ ਦੀ ਤਿਆਰੀ ਕਰੀ ਬੈਠੀ, ਉਡੀਕ ਕਰ ਰਹੀ ਸੀ। ਦਰਸ਼ਨ ਕਰਕੇ ਮਾਤਾ ਦਾ ਚਿਹਰਾ ਖਿੜ ਗਿਆ, ਚਰਨਾਂ ਤੇ ਨਮਸ਼ਕਾਰ ਕਰ ਅਰਜ਼ ਕੀਤੀ, ਮਹਾਰਾਜ ਸਾਡੇ ਧੰਨ ਭਾਗ ਹਜ਼ੂਰ ਦੇ ਮੁਬਾਰਕ ਚਰਨ ਪਏ, ਘਰ ਪਵਿੱਤਰ ਹੋਇਆ। ਹਜ਼ੂਰ ਬੋਲੇ, ਅਸੀਂ ਤਾਂ ਤੁਹਾਨੂੰ ਆਉਣ ਬਾਰੇ ਨਾਂਹ ਕੀਤੀ ਸੀ, ਤੁਸੀਂ ਸਾਡੀ ਗੱਡੀ ਦੇ ਟਾਇਰ ਪੈਂਚਰ ਕਰਨੇ ਸ਼ੁਰੂ ਕਰ ਦਿੱਤੇ। ਮਾਤਾ ਬੋਲੀ, ਮਹਾਰਾਜ ਟਾਇਰ ਪੈਂਚਰ ਬਾਰੇ ਤਾਂ ਮੈਨੂੰ ਨਹੀਂ ਪਤਾ, ਲੇਕਿਨ ਮੈਨੂੰ ਇਹ ਵਿਸ਼ਵਾਸ਼ ਸੀ, ਕਿ ਆਪ ਨੂੰ ਵਸ ਕਰਨ ਦਾ ਇੱਕ ਹੀ ਤਰੀਕਾ ਹੈ, ਪ੍ਰੇਮ!

ਇਸ ਲਈ ਮੈਂ ਲੰਗਰ ਤਿਆਰ ਕਰਕੇ ਪੂਰੇ ਵਿਸ਼ਵਾਸ਼ ਨਾਲ ਟੇਬਲ ਤੇ ਲਾਈ ਬੈਠੀ ਸੀ ਕਿ ਆਪ ਜ਼ਰੂਰ ਆਵੋਗੇ। ਮਾਤਾ ਨੇ ਪ੍ਰੇਮ ਨਾਲ ਸਭ ਨੂੰ ਲੰਗਰ ਛਕਾਇਆ, ਆਪ ਨੇ ਵੈਂਪੀ ਨੂੰ ਹੁਕਮ ਕੀਤਾ, ਟਾਇਰ ਵਗੈਰਾ ਠੀਕ ਕਰਵਾ ਲਉ ਅਰਾਮ ਕਰਕੇ ਹੁਣ ਸ਼ਾਮ ਨੂੰ ਹੀ ਚੱਲਾਂਗੇ। ਵੈਂਪੀ ਨੇ ਬਾਜ਼ਾਰ ਵਿੱਚੋਂ ਨਵਾਂ ਟਾਇਰ ਲੈ ਕੇ ਲਾ ਲਿਆ, ਸ਼ਾਮ ਨੂੰ ਚੱਲਕੇ ਰਿਸ਼ੀਕੇਸ਼ ਪਹੁੰਚ ਗਏ।

## ਪਿੰਡ ਅਸਰਪੁਰ ਕੁਟੀਆ

ਅਸਰਪੁਰ ਪਿੰਡ ਆਪਦਾ ਪੁਰਾਣਾ ਸੇਵਕ ਚਲਿਆ ਆ ਰਿਹਾ ਹੈ। ਪਹਿਲਾਂ ਇੱਥੇ ਸੰਤ ਬੇਅੰਤ ਸਿੰਘ ਜੀ ਮਹਾਰਾਜ ਅਤੇ ਪਰਮ ਪੂਜਨੀਕ ਸੰਤ ਨਿੱਕਾ ਸਿੰਘ ਜੀ ਵਿਰੱਕਤ ਮਹਾਰਾਜ ਇਨ੍ਹਾਂ ਲੋਕਾਂ ਦੇ ਪ੍ਰੇਮਵਸ ਜ਼ਿੰਦਗੀ ਦਾ ਲੰਮਾ ਸਮਾਂ ਆਉਂਦੇ ਰਹੇ। ਹੁਣ ਆਪ ਵੀ ਇੱਥੋਂ ਦੀਆਂ ਸੰਗਤਾਂ ਦੇ ਪ੍ਰੇਮ ਕਾਰਨ ਇੱਕ-ਦੋ ਚੱਕਰ ਸਾਲ ਵਿੱਚ ਲਾ ਜਾਂਦੇ ਹਨ। ਠਹਿਰਣ ਲਈ ਪਿੰਡ ਤੋਂ ਕਿਲੋਮੀਟਰ ਦੀ ਦੂਰੀ ਤੇ ਇੱਕ ਕੋਠਾ ਹੈ। ਇਹ ਕੋਠਾ ਕਿਸੇ ਸਮੇਂ ਕਈ ਘਰਾਂ ਦੇ ਸਾਂਝੇ ਖੂਹ ਤੇ ਸੀ, ਸਮਾਂ ਪਾ ਕੇ ਇਹ ਖੂਹ ਵੀ ਬੰਦ ਹੋ ਗਿਆ, ਅਤੇ ਮੁਰੱਬੇ ਬੰਦੀ ਤੋਂ ਬਾਅਦ ਇੱਥੇ ਜ਼ਮੀਨ ਵੀ ਥੋੜ੍ਹੇ ਘਰਾਂ ਦੀ ਹੀ ਰਹਿ ਗਈ, ਬਾਕੀ ਦਿਆਂ ਨੂੰ ਹੋਰ ਦੂਰ ਨੇੜੇ ਇੱਧਰ ਉੱਧਰ ਪੈ ਗਈ, ਲੇਕਿਨ ਸੰਗਤ ਸਭ ਪਹਿਲਾਂ ਦੀ ਤਰ੍ਹਾਂ ਜੁੜੀ ਰਹੀ।

ਹੁਣ 1990 ਦੇ ਨੇੜੇ-ਤੇੜੇ ਇਸ ਕੁਟੀਆ ਦੇ ਨੇੜੇ ਕਿਸੇ ਨੇ ਆਪਣੀ ਜ਼ਮੀਨ ਵਿੱਚ ਇੱਟਾਂ ਦਾ ਭੱਠਾ ਲਾ ਲਿਆ, ਜਿਸ ਦੀ ਵਜ੍ਹਾ ਕਰਕੇ ਇਸ ਪੁਰਾਤਨ ਕੁਟੀਆ ਵਿੱਚ ਨਾ ਤਾਂ ਪਹਿਲਾਂ ਵਰਗੀ ਇਕਾਂਤ ਰਹੀ ਅਤੇ ਨਾ ਸਾਫ ਸੁਥਰਾ ਵਾਤਾਵਰਨ। ਕਿਉਂਕਿ ਭੱਠੇ ਦਾ ਕੋਲਾ ਅਤੇ ਇੱਟਾਂ ਦਾ ਖੋਰਾ ਉੱਡ ਕੇ ਦੂਰ ਤੱਕ ਵਾਤਾਵਰਨ ਨੂੰ ਗੰਧਲਾ ਕਰਦਾ ਹੈ। ਇੱਕ ਪ੍ਰੇਮੀ ਭਾਈ ਬਲਦੇਵ ਸਿੰਘ ਜਿਨ੍ਹਾਂ ਦੀ ਜ਼ਮੀਨ ਵਿੱਚ ਉਹ ਪੁਰਾਤਨ ਕੁਟੀਆ ਸੀ ਅਤੇ ਸੰਗਤ ਵਿੱਚੋਂ, ਮੁਖੀਆ ਸੇਵਕ ਹੈ ਨੇ ਇੱਕ ਦਿਨ ਹਜ਼ੂਰ ਦੇ ਚਰਨਾਂ ਵਿੱਚ ਅਰਜ਼ ਕੀਤੀ, ਕਿ ਮਹਾਰਾਜ! ਭੱਠੇ ਦੀ ਵਜ੍ਹਾ ਕਰਕੇ ਇਹ ਕੁਟੀਆ ਹੁਣ ਰਹਿਣ ਦੇ ਯੋਗ ਨਹੀਂ ਰਹੀ, ਇਸ ਭੱਠੇ ਤੋਂ ਦੂਰ ਪਿੰਡ ਵਾਲੇ ਪਾਸੇ ਕਾਫੀ ਉੱਚੇ ਥਾਂ ਮੇਰੀ ਇੱਕ ਜ਼ਮੀਨ ਹੈ, ਆਪ ਜੀ ਦਾ ਹੁਕਮ ਹੋਵੇ ਕੁਟੀਆ ਉੱਥੇ ਬਣਾ ਲਈਏ? ਇਹੀ ਠੀਕ ਹੈ, ਇਕ ਦੋ ਰਾਤਾਂ ਠਹਿਰਨਾ ਹੁੰਦਾ ਹੈ ਇੱਥੇ ਹੀ ਠਹਿਰ ਜਾਇਆ ਕਰਾਂਗੇ, ਹੋਰ ਪੈਸਾ ਲਾਉਣ ਦੀ ਕੀ ਜ਼ਰੂਰਤ ਹੈ? ਲੇਕਿਨ ਬਲਦੇਵ ਸਿੰਘ ਬਾਰ-ਬਾਰ ਅਰਜ਼ਾਂ ਕਰਦਾ ਰਿਹਾ। ਇੱਕ ਦਿਨ ਉਸਦੀ ਬੇਨਤੀ ਦਰ ਪ੍ਰਵਾਨ ਹੋ ਗਈ। ਦਿਆਲੂ ਦਾਤੇ ਨੇ ਹੁਕਮ ਕਰ ਦਿੱਤਾ ਠੀਕ ਹੈ, ਅਗਰ ਤੁਹਾਡੇ ਮਨ ਵਿੱਚ ਸੰਕਲਪ ਉੱਠਿਆ ਹੀ ਹੈ ਤਾਂ ਬਣਾ ਲਉ।

ਬਲਦੇਵ ਸਿੰਘ ਨੇ ਆਪਣੇ ਖੇਤ ਵਿੱਚ ਨਕਸ਼ੇ ਮੁਤਾਬਿਕ ਹਜ਼ੂਰ ਲਈ ਇੱਕ ਕਮਰਾ, ਅੱਗੇ ਬ੍ਹਾਂਡਾ, ਇੱਕ ਸਾਈਡ ਤੇ ਰਸੋਈ ਅਤੇ ਪਿਛਲੇ ਪਾਸੇ ਲੈਟਰਿਨ, ਬਾਥਰੂਮ ਆਦਿਕ ਸਹੂਲਤਾਂ ਵਾਲਾ ਸੈਟ ਬਨਾਉਣਾ ਸ਼ੁਰੂ ਕੀਤਾ। ਇਸ ਸੇਵਾ

ਦੇ ਕਾਰਜ ਵਿੱਚ ਭਾਵੇਂ ਥੋੜ੍ਹੀ ਬਹੁਤ ਸੰਗਤ ਪਿੰਡ ਵਿੱਚੋਂ ਵੀ ਲੱਗੀ, ਲੇਕਿਨ ਇਸ ਵਿੱਚ ਸੇਵਾ ਦਾ ਵੱਡਾ ਹਿੱਸਾ ਬਲਦੇਵ ਸਿੰਘ ਨੂੰ ਹੀ ਪ੍ਰਾਪਤ ਹੋਇਆ। ਕੁੱਝ ਸਮੇਂ ਵਿੱਚ ਕੁਟੀਆ ਤਿਆਰ ਹੋ ਗਈ, ਫਿਰ ਹਜ਼ੂਰ ਤੋਂ ਤਾਰੀਖ ਲੈ ਕੇ ਅਖੰਡ ਪਾਠ ਸਾਹਿਬ ਕਰਵਾਇਆ, ਉਪਰੰਤ ਹਜ਼ੂਰ ਉਸ ਕੁਟੀਆ ਵਿੱਚ ਹੀ ਜਾ ਕੇ ਠਹਿਰਦੇ ਹਨ। ਪਰਮ ਪੂਜਨੀਕ ਸੰਤ ਬਾਬਾ ਨਿੱਕਾ ਸਿੰਘ ਜੀ, ਅਤੇ ਪੂਜਯ ਬਾਬਾ ਬੇਅੰਤ ਸਿੰਘ ਜੀ ਦੀ ਸਲਾਨਾ ਬਰਸੀ ਵੀ ਸਭ ਸੰਗਤਾਂ ਮਿਲਕੇ ਇਸੇ ਕੁਟੀਆ ਵਿੱਚ ਮੰਨਾਉਂਦੀਆਂ ਹਨ। ਇਸ ਪ੍ਰਕਾਰ ਆਪ ਜੀ ਦੀ ਕਿਰਪਾ ਦੁਆਰਾ ਸੰਗਤਾਂ ਨੇ ਸੇਵਾ ਕਰਕੇ ਉਹ ਨਵਾਂ ਅਸਥਾਨ ਤਿਆਰ ਕਰ ਲਿਆ।

## ਪਿੰਡ ਬੂਹਾ ਕੁਟੀਆ

ਪਰਮ ਪੂਜਨੀਕ ੧੦੮ ਸੰਤ ਬਾਬਾ ਨਿੱਕਾ ਸਿੰਘ ਵਿਰੱਕਤ ਮਹਾਰਾਜ ਜੀ, ਕਰਤਾਰ ਦੇ ਹੁਕਮ ਵਿੱਚ ਜਗਤ ਉਧਾਰ ਦੀ ਕਾਰ ਕਰਦੇ ਦੇਸ਼ ਰਟਨ ਸਮੇਂ ਇਸ ਭਾਗਵਾਨ ਪਿੰਡ ਬੂਹੇ ਵੀ ਕਾਫੀ-ਕਾਫੀ ਸਮਾਂ ਠਹਿਰਦੇ ਰਹੇ। ਪਿੰਡ ਦੇ ਚੜ੍ਹਦੇ ਪਾਸੇ ਨਜ਼ਦੀਕ ਹੀ ਇੱਕ ਪ੍ਰੇਮੀ ਗੁਰਦਿਆਲ ਸਿੰਘ ਨੇ ਆਪਣੀ ਜ਼ਮੀਨ ਵਿੱਚ ਆਮ ਧਰਤੀ ਨਾਲੋਂ ਦੋ ਕੁ ਫੁੱਟ ਉੱਚਾ ਕੱਚਾ ਥੜਾ ਬਣਾ ਕੇ ਉੱਪਰ ਕਾਨਿਆਂ ਦੀ ਛੱਪਰੀ ਬਣਾਈ ਹੋਈ ਸੀ, ਹਜ਼ੂਰ ਇਨ੍ਹਾਂ ਪ੍ਰੇਮੀਆਂ ਦੇ ਪ੍ਰੇਮ ਵਸ ਦੋ-ਦੋ, ਤਿੰਨ-ਤਿੰਨ ਮਹੀਨੇ ਇਸ ਕੁੱਲ੍ਹੀ ਵਿੱਚ ਲਗਾਤਾਰ ਠਹਿਰ ਜਾਇਆ ਕਰਦੇ ਸਨ। ਜਦੋਂ ਆਪ ਇੱਥੋਂ ਕਿਤੇ ਹੋਰ ਚਲੇ ਜਾਂਦੇ, ਤਾਂ ਇਹ ਪ੍ਰੇਮੀ ਗੁਰਦਿਆਲ ਸਿੰਘ, ਇਸ ਕੁੱਲੀ ਨੂੰ 'ਥਾਨ ਸੁਹਾਵਾ' ਜਾਨ ਕੇ ਪੂਜਦਾ ਰਹਿੰਦਾ, ਅਤੇ ਹਰ ਪ੍ਰਕਾਰ ਸੰਭਾਲ ਕਰਦਾ। ਇਸ ਛਪਰੀ ਦੇ ਬਿਲਕੁੱਲ ਨਾਲ ਹੀ ਇਸ ਨੇ ਪਾਣੀ ਦੀ ਸਹੂਲਤ ਲਈ ਨਲਕਾ ਲਾਇਆ। ਵਿਰੱਕਤ ਮਹਾਰਾਜ ਜੀ ਨੇ ਹੁਕਮ ਕੀਤਾ, ਇਸ ਵਿੱਚ ਪੰਜ ਸਰੋਵਰਾਂ ਦਾ ਪਾਣੀ ਲਿਆ ਕੇ ਪਾ। ਚਾਰ ਤਾਂ ਹਰਿਮੰਦਰ ਸਾਹਿਬ, ਦਮਦਮਾਂ ਸਾਹਿਬ ਆਦਿਕ ਗੁਰੂ ਅਸਥਾਨਾਂ ਤੋਂ ਪੰਜਵਾਂ ਜੋ ਬਾਬਾ ਬੇਅੰਤ ਸਿੰਘ ਜੀ ਨੇ ਇਸ ਪਿੰਡ ਟੋਬ੍ਹਾ ਪੁਟਵਾਇਆ ਸੀ ਉਸ ਵਿੱਚੋਂ। ਹੁਕਮ ਅਨੁਸਾਰ ਗੁਰਦਿਆਲ ਸਿੰਘ ਨੇ ਐਸਾ ਹੀ ਕੀਤਾ।

ਸਵਾਲ—ਵਿਰੱਕਤ ਮਹਾਰਾਜ ਜੀ ਨੇ ਇਸ ਥਾਂ ਯਾ ਨਲਕੇ ਨੂੰ ਇਤਨੀ ਵਿਸ਼ੇਸ਼ਤਾ ਕਿਉਂ ਦਿੱਤੀ?

ਜਵਾਬ— ਉਹ ਖੁਦ ਹੀ ਜਾਨਣ! ਕਿਉਂਕਿ ਬ੍ਰਹਮਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ।

ਇਹ ਪ੍ਰੇਮੀ ਗੁਰਦਿਆਲ ਸਿੰਘ ਦੇ ਕੋਈ ਔਲਾਦ ਨਹੀਂ ਹੈ, ਕਿਸੇ ਸਮੇਂ ਇਸ ਨੇ ਵਿਰੱਕਤ ਮਹਾਰਾਜ ਜੀਆਂ ਦੇ ਚਰਨਾਂ ਵਿੱਚ ਔਲਾਦ ਲਈ ਅਰਜ਼ ਕੀਤੀ ਸੀ, ਹਜ਼ੂਰ ਨੇ ਹੁਕਮ ਕੀਤਾ, ਜ਼ਰੂਰ ਹੀ ਬੱਚਿਆਂ ਦਾ ਗੰਦ ਚੁੱਕਣਾ ਹੈ! ਪਰਮੇਸ਼ਰ ਦਾ ਭਜਨ ਕਰਦੇ ਰਹੋ। ਦੋਨੋਂ ਮੀਆਂ, ਬੀਵੀ ਨੇ ਇਲਾਹੀ ਹੁਕਮ ਮੰਨ ਕੇ ਬੱਚੇ ਦੀ ਖਾਹਿਸ਼ ਮਿਟਾ ਦਿੱਤੀ, ਬਸ ਬੜੇ ਪ੍ਰੇਮ ਨਾਲ ਹਜ਼ੂਰ ਦੀ ਸੇਵਾ ਕਰਨ ਲੱਗੇ। ਕੁਝ ਸਮੇਂ ਬਾਅਦ ਸਤਲੁਜ ਯਮੁਨਾ ਲਿੰਕ ਨਹਿਰ ਦਾ ਜਦੋਂ ਸਰਵੇ ਹੋਇਆ ਤਾਂ ਗੁਰਦਿਆਲ ਸਿੰਘ ਦੀ ਉਸ ਕੁੱਲ੍ਹੀ ਵਾਲੀ ਤਿੰਨ ਬੀਘੇ ਜ਼ਮੀਨ ਛੱਡਕੇ ਬਾਕੀ ਦੀ ਸਾਰੀ ਜ਼ਮੀਨ ਇਸ ਨਹਿਰ ਵਿੱਚ ਆ ਗਈ। ਗੁਰਦਿਆਲ ਸਿੰਘ ਦਾ ਵਿਸ਼ਵਾਸ਼ ਹੋਰ ਪੱਕਾ ਹੋ ਗਿਆ, ਕਿ ਇਹ ਜਗ੍ਹਾ ਮਹਾਰਾਜ ਜੀਆਂ ਦੀ ਕੁੱਲ੍ਹੀ ਕਰਕੇ ਹੀ ਬਚੀ ਹੈ ਨਹੀਂ ਤਾਂ ਇਹ ਵੀ ਨਹਿਰ ਵਿੱਚ ਆ ਜਾਣੀ ਸੀ। ਵਿਰੱਕਤ ਮਹਾਰਾਜ ਜੀਆਂ ਦੇ ਪੰਜ ਭੌਤਿਕ ਚੋਲਾ ਤਿਆਗ ਕੇ ਸੱਚਖੰਡ ਜਾ ਬਿਰਾਜਨ ਤੋਂ ਬਾਅਦ ਕੁੱਲ੍ਹੀ ਤਾਂ ਕੱਖਾਂ ਕਾਨਿਆਂ ਦੀ ਸੀ ਟੁੱਟ ਗਈ, ਲੇਕਿਨ ਕੁੱਲ੍ਹੀ ਵਾਲੇ ਕੱਚੇ ਥੜ੍ਹੇ ਨੂੰ ਗੁਰਦਿਆਲ ਸਿੰਘ ਲਿੱਪ-ਪੋਚ ਕੇ ਬੜੀ ਸ਼ਰਧਾ ਵਿਸ਼ਵਾਸ਼ ਨਾਲ ਪਵਿੱਤਰ ਸਮਝਦਾ ਹੋਇਆ ਵਿਰੱਕਤ ਮਹਾਰਾਜ ਜੀਆਂ ਦੀ ਅਮਾਨਤ ਜਾਣ ਸੰਭਾਲਦਾ ਰਿਹਾ। ਫਿਰ ਜਦੋਂ ਵਿਰੱਕਤ ਮਹਾਰਾਜ ਜੀਆਂ ਦੇ ਹੁਕਮ ਅਨੁਸਾਰ ਉਨ੍ਹਾਂ ਵਿੱਚ ਅਭੇਦ ਹੋ ਕੇ ਪੂਜਯ ਮਹੰਤ ਰਾਮ ਸਿੰਘ ਜੀ ਸੰਗਤਾਂ ਵਿੱਚ ਵਿਚਰਨ ਲੱਗੇ, ਤਾਂ ਬੂਹਾ ਪਿੰਡ ਦੀ ਸੰਗਤ ਦੀ ਬੇਨਤੀ ਪ੍ਰਵਾਨ ਕਰਕੇ ਜਦੋਂ ਇਸ ਪਿੰਡ ਜਾਂਦੇ ਤਾਂ ਰਿਹਾਇਸ਼ ਇੱਥੇ ਕਮਰੇ ਵਿੱਚ ਹੀ ਰੱਖਦੇ, ਜੋ ਉਸ ਕੱਚੇ ਥੜ੍ਹੇ ਤੋਂ ਦਸ ਕੁ ਕਦਮ ਪਿੱਛੇ ਤਿੰਨ ਕੁ ਖਣਾਂ ਦਾ ਗੁਰਦਿਆਲ ਸਿੰਘ ਨੇ ਆਪ ਜੀ ਵਾਸਤੇ ਹੀ ਬਣਾਇਆ ਸੀ। ਗੁਰਦਿਆਲ ਸਿੰਘ ਅਤੇ ਪਿੰਡ ਦੀ ਹੋਰ ਸੰਗਤ ਦੇ ਪ੍ਰੇਮ ਵਸ ਆਪ ਦੇ ਸਾਲ ਵਿੱਚ ਇੱਕ ਦੋ ਚੱਕਰ ਇਸ ਪਿੰਡ ਅਕਸਰ ਲੱਗ ਜਾਂਦੇ ਸਨ। ਹੁਣ **ਜਿਸ ਕੀ ਬਸਤੁ ਤਿਸੁ ਆਗੈ ਰਾਖੈ** ਵਾਲਾ ਸਮਾਂ ਨੇੜੇ ਆ ਗਿਆ।

ਗੁਰਦਿਆਲ ਸਿੰਘ ਦੇ ਮਨ ਵਿੱਚ ਬਾਰ-ਬਾਰ ਸੰਕਲਪ ਉੱਠਣ ਲੱਗਿਆ ਕਿ ਵਿਰੱਕਤ ਮਹਾਰਾਜ ਜੀਆਂ ਦੀ ਇਹ ਜਗ੍ਹਾ ਮੇਰੇ ਕੋਲ ਅਮਾਨਤ ਹੈ, ਕਿਉਂ ਨਾ ਉਨ੍ਹਾਂ ਦੀ ਵਾਪਸ ਕਰ ਦਿੱਤੀ ਜਾਵੇ। ਪੂਜਯ ਮਹੰਤ ਮਹਾਰਾਜ ਜੀਆਂ ਨੂੰ ਉਨ੍ਹਾਂ

ਦਾ ਸਰੂਪ ਜਾਣਕੇ ਅਰਜ਼ ਕੀਤੀ, ਮਹਾਰਾਜ ਇਹ ਤਿੰਨ ਬੀਘੇ ਜ਼ਮੀਨ ਆਪ ਜੀ ਦੀ ਹੀ ਹੈ, ਇਹ ਸੰਭਾਲੋ! ਹਜ਼ੂਰ ਬੋਲੇ, ਕੋਈ ਗੱਲ ਨਹੀਂ, ਤੂੰ ਸੰਭਾਲ ਕਰਦਾ ਹੈਂ, ਉਸੇ ਤਰ੍ਹਾਂ ਕਰਦਾ ਰਹੋ, ਅਸੀਂ ਵੀ ਜਦੋਂ ਆਉਂਦੇ ਹਾਂ ਰਾਤ ਇੱਥੇ ਹੀ ਠਹਿਰਦੇ ਹਾਂ। ਗੁਰਦਿਆਲ ਸਿੰਘ ਬਾਰ-ਬਾਰ ਬੇਨਤੀਆਂ ਕਰਦਾ ਰਿਹਾ। ਆਖਰ ਕਾਫੀ ਸਮੇਂ ਬਾਅਦ ਇੱਕ ਦਿਨ ਮਹਾਰਾਜ ਜੀ ਨੇ ਆਖ ਦਿੱਤਾ, ਕਿ ਚੰਗਾ ਜਿਵੇਂ ਤੇਰਾ ਮਨ ਹੈ ਉਸ ਤਰ੍ਹਾਂ ਕਰ ਲੈ! ਗੁਰਦਿਆਲ ਸਿੰਘ ਨੇ ਜਿਵੇਂ, ਤਿਵੇਂ ਕਰਕੇ ਇਹ ਤਿੰਨ ਬੀਘੇ ਜ਼ਮੀਨ ਨਿਰਮਲ ਆਸ਼ਰਮ ਰਿਸ਼ੀਕੇਸ਼ ਦੇ ਨਾਂ ਲਗਵਾ ਦਿੱਤੀ। ਮਹਾਂਪੁਰਸ਼ਾਂ ਨੇ ਹੁਣ ਆਸ਼ਰਮ ਦੀ ਜ਼ਿੰਮੇਵਾਰੀ ਸਮਝਕੇ ਅਠਾਈ ਮਾਰਚ 1991 ਦੇ ਦਿਹਾੜੇ ਉਸ ਜਗ੍ਹਾ ਸਮਾਗਮ ਕਰਨ ਲਈ ਪੰਜਾਬ, ਹਰਿਆਣੇ ਦੀਆਂ ਸਭ ਸੰਗਤਾਂ ਨੂੰ ਨਿਮੰਤਰਣ ਪੱਤਰ ਭੇਜ ਦਿੱਤੇ। ਇਸ ਪ੍ਰਕਾਰ ਇੱਕ ਦਿਨ ਪਹਿਲਾਂ ਯਾਨੀ ਪੰਝੀ ਤਾਰੀਖ ਨੂੰ ਸੰਤ ਜੋਧ ਸਿੰਘ ਜੀ ਅਤੇ ਸੰਤ ਗੁਰਿੰਦਰ ਸਿੰਘ (ਛੋਟੂ ਬਾਬਾ) ਜੀ, ਰਿਸ਼ੀਕੇਸ਼ ਤੋਂ ਬੂਹੇ ਪਹੁੰਚ ਗਏ, ਅਤੇ ਖੋਖ, ਲੋਪੇ, ਭੋੜੇ ਆਦਿਕ ਥਾਵਾਂ ਤੋਂ ਵੀ ਕਾਫੀ ਸੰਗਤ ਆ ਗਈ ਅਤੇ ਪੂਜਯ ਮਹਾਰਾਜ ਜੀ ਵੀ ਯਾਤਰਾ ਵਿੱਚੋਂ ਸਿੱਧੇ ਇੱਥੇ ਆ ਪਹੁੰਚੇ। ਸੰਗਤ ਵੱਲੋਂ ਮਿਲ ਜੁਲ ਕੇ ਇਸ ਸਮੇਂ ਤੱਕ ਸਾਰੀ ਤਿਆਰੀ ਕਰ ਲਈ ਗਈ, ਮਹਾਂਪੁਰਸ਼ਾਂ ਵਾਸਤੇ ਇੱਕ ਪਾਸੇ ਤੰਬੂ ਲਾਇਆ ਗਿਆ। ਲੰਗਰ ਦੇ ਸਮਾਨ ਵਾਸਤੇ ਅਲੱਗ ਤੰਬੂ, ਪਾਠੀਆਂ ਅਤੇ ਹੋਰ ਸੇਵਾਦਾਰਾਂ ਲਈ ਵੱਖਰਾ ਇੰਤਜ਼ਾਮ ਕੀਤਾ ਗਿਆ। ਛੱਬੀ ਮਾਰਚ 1991 ਨੂੰ ਸਵੇਰੇ ਦਸ ਵਜੇ ਦੋ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ। ਮਹਾਂਪੁਰਸ਼ਾਂ ਨੇ ਹੁਕਮ ਕੀਤਾ, ਕਿ ਲੰਗਰ ਚੌਵੀ ਘੰਟੇ ਖੁੱਲ੍ਹਾ ਚੱਲਦਾ ਰਹੇ, ਢੋਲ ਤੇ ਡੱਗਾ ਲਗਾ ਦਿਉ, ਤਾਂ ਕਿ ਬੂਹਾ ਸਾਰਾ ਪਿੰਡ ਅਤੇ ਨੇੜੇ-ਨੇੜੇ ਦੇ ਦੂਸਰੇ ਪਿੰਡਾਂ ਦੇ ਲੋਕ ਵੀ ਗੁਰੂ ਕੇ ਲੰਗਰ ਵਿੱਚ ਪ੍ਰਸ਼ਾਦ ਛਕ ਕੇ ਗੁਰੂ ਨਾਨਕ ਦਾ ਜਸ ਕਰਦੇ ਜਾਣ। ਹੁਕਮ ਅਨੁਸਾਰ ਲੰਗਰ ਦੀ ਸੇਵਾ ਸ਼ੁਰੂ ਹੋ ਗਈ, ਪਿੰਡ ਵਿੱਚੋਂ ਮਾਈਆਂ ਨੇ ਆ ਕੇ ਪ੍ਰਸ਼ਾਦੇ ਪਕਾਉਣ ਦੀ ਸੇਵਾ ਸੰਭਾਲ ਲਈ। ਮਹਾਂਪੁਰਸ਼ਾਂ ਵੱਲੋਂ ਰਚਿਆ ਸਮਾਗਮ ਜਾਣ ਕੇ ਕਰਨਾਲ ਆਦਿਕ ਥਾਵਾਂ ਤੋਂ ਵੀ ਭਾਰੀ ਗਿਣਤੀ ਵਿੱਚ ਸੰਗਤਾਂ ਪਹੁੰਚ ਗਈਆਂ। ਸਵੇਰੇ ਆਸਾ ਦੀ ਵਾਰ ਜੀ ਦਾ ਕੀਰਤਨ ਹੁੰਦਾ, ਸ਼ਾਮ ਨੂੰ ਬਾਹਰ ਖੁੱਲ੍ਹੇ ਪੰਡਾਲ ਵਿੱਚ ਦੀਵਾਨ ਸਜਦੇ। ਤੀਸਰੇ ਤਿਨ ਸ੍ਰੀ ਅਖੰਡ ਪਾਠਾਂ ਦੇ ਭੋਗ ਪਾ ਕੇ ਬਾਹਰ ਖੁੱਲ੍ਹੇ ਪੰਡਾਲ ਵਿੱਚ ਦੀਵਾਨ ਸਜਾਏ ਗਏ, ਜਿਸ ਵਿੱਚ ਬੀਬੀ ਹਰਮਿੰਦਰ ਕੌਰ ਕਰਨਾਲ, ਅਤੇ ਭਾਈ ਦਿਲਬਾਗ ਸਿੰਘ ਕਰਨਾਲ ਦੇ ਰਾਗੀ ਜੱਥੇ ਨੇ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਕੀਤਾ, ਉਪਰੰਤ ਪੂਜਯ ਮਹੰਤ ਰਾਮ ਸਿੰਘ ਮਹਾਰਾਜ ਜੀ ਨੇ ਗੁਰਸ਼ਬਦ ਦੀ ਵਿਆਖਿਆ ਭਰਪੂਰ ਕਥਾ ਕੀਤੀ। ਲੰਗਰ ਤਾਂ ਗੁਰੂ ਕੇ ਤਿੰਨ ਦਿਨ ਤੋਂ ਨਿਰੰਤਰ ਚੱਲ ਹੀ ਰਹੇ ਸਨ, ਲੇਕਿਨ ਭੋਗ ਵਾਲੇ ਦਿਨ ਤਾਂ ਜਲੇਬੀਆਂ ਅਤੇ ਲੱਡੂ ਆਦਿਕ ਮਿਸ਼ਠਾਨ ਪਦਾਰਥ ਵੀ ਖੁੱਲ੍ਹੇ ਵਰਤਾਏ ਗਏ, ਜਿਸ ਵਿੱਚ ਅੰਦਾਜ਼ਨ ਕਈ ਹਜ਼ਾਰ ਬੰਦਿਆਂ ਨੇ ਗੁਰੂ ਕੇ ਲੰਗਰੋਂ ਪ੍ਰਸ਼ਾਦ ਛਕਿਆ। ਉਸੇ ਸਮੇਂ ਜਿਸ ਜਗ੍ਹਾ ਵਿਰੱਕਤ ਮਹਾਰਾਜ ਜੀਆਂ ਦੀ ਕੁੱਲ੍ਹੀ ਵਾਲਾਥੜ੍ਹਾ ਸੀ ਉਸ ਨੂੰ ਵਿਚਕਾਰ ਲੈ ਕੇ ਪੂਜਯ ਮਹੰਤ ਮਹਾਰਾਜ ਜੀਆਂ ਨੇ ਅਰਦਾਸ ਉਪਰੰਤ ਸੰਗਤਾਂ ਦੇ ਭਾਰੇ ਇਕੱਠ ਵਿੱਚ ਜੈਕਾਰਿਆਂ ਦੀ ਗੂੰਜ ਨਾਲ ਆਪਣੇ ਪਵਿੱਤਰ ਹੱਥਾਂ ਦੁਆਰਾ ਕੁਟੀਆ ਦੀ ਨੀਂਹ ਰੱਖੀ। ਇਸ ਮਹਾਨ ਯੱਗ ਵਿੱਚ ਜਿਥੇ ਬੂਹਾ ਨਿਵਾਸੀ ਸੰਗਤਾਂ ਨੇ ਤਨ, ਮਨ, ਧਨ ਅਤੇ ਬੜੇ ਉਤਸ਼ਾਹ ਪੂਰਵਕ ਸੇਵਾ ਕੀਤੀ, ਉੱਥੇ ਬਾਹਰਲੀਆਂ ਸੰਗਤਾਂ ਨੇ ਵੀ ਸੇਵਾ ਵਿੱਚ ਭਰਵਾਂ ਹਿੱਸਾ ਪਾਇਆ। ਜੱਥੇਦਾਰ ਨਛੱਤਰ ਸਿੰਘ ਅਤੇ ਮੱਘਰ ਸਿੰਘ ਆਦਿਕ ਖੋਖ ਪਿੰਡ ਦੀ ਸੰਗਤ ਨੇ ਸਮਾਨ ਇਕੱਠਾ ਕਰਨਾ ਅਤੇ ਹੋਰ ਪ੍ਰਬੰਧ ਦੀ ਜ਼ਿੰਮੇਵਾਰੀ ਬੜੀ ਕੁਸ਼ਲਤਾ ਨਾਲ ਨਿਭਾਈ। ਲੰਗਰ ਵਿੱਚ ਦਾਲਾਂ ਸਬਜ਼ੀਆਂ ਅਤੇ ਚਾਵਲ ਆਦਿਕ ਪਦਾਰਥ ਬਨਾਉਣ ਦੀ ਸੇਵਾ ਛੋਟਾ ਕੁਲਵੰਤ ਸਿੰਘ ਕਰਨਾਲ ਨੇ ਰਾਜੂ ਆਦਿਕ ਆਪਣੇ ਸਾਥੀਆਂ ਸਮੇਤ ਬੜੀ ਸਹਿਯੋਗਤਾ ਨਾਲ ਨਿਭਾਈ। ਪੰਡਾਲ ਵਿੱਚ ਸ਼ਾਮਿਆਨੇ ਅਤੇ ਟੈਂਟ ਆਦਿਕ ਦੀ ਸੇਵਾ ਵਰਮਾ ਟੈਂਟ ਹਾਊਸ ਨਾਭਾ ਨੇ ਨਿਸ਼ਕਾਮ ਕੀਤੀ। ਇਸ ਪ੍ਰਕਾਰ ਦੂਰ ਨੇੜੇ ਦੀਆਂ ਸਭ ਸੰਗਤਾਂ ਨੇ ਇਸ ਸਮਾਗਮ ਵਿੱਚ ਸੇਵਾ ਦਾ ਲਾਭ ਉੱਠਾ ਕੇ ਮਹਾਂਪੁਰਸ਼ਾਂ ਦੇ ਪਵਿੱਤਰ ਹਸਤ ਕਮਲਾਂ ਦੁਆਰਾ ਪ੍ਰਸ਼ਾਦ ਪ੍ਰਾਪਤ ਕਰਕੇ ਘਰਾਂ ਨੂੰ ਚਾਲੇ ਪਾਏ। ਇਸ ਸਮੇਂ ਪ੍ਰਸ਼ਾਦ ਪ੍ਰਾਪਤ ਕਰ ਰਹੇ, ਇੱਕ ਪ੍ਰੇਮੀ ਹਰਦੇਵ ਸਿੰਘ ਮੰਢੋਰ ਨੇ ਅਰਜ਼ ਕੀਤੀ, ਮਹਾਰਾਜ! ਇਹ ਕੁਟੀਆ ਤਿਆਰ ਹੋਣ ਤੇ ਇਸ ਵਿੱਚ ਪਹਿਲਾ ਅਖੰਡ ਪਾਠ ਮੇਰੇ ਵੱਲੋਂ ਹੋਵੇ; ਮੈਂ ਪੰਜ ਹਜ਼ਾਰ ਰੁਪਏ ਉਸ ਕਾਰਜ ਵਿੱਚ ਹਿੱਸਾ ਪਾਵਾਂਗਾ, ਥੋੜ੍ਹਾ ਰੁੱਕ ਕੇ ਕਹਿਣ ਲੱਗਿਆ, ਸਤ ਹਜ਼ਾਰ ਰੁਪਏ ਦੇਵਾਂਗਾ, ਫਿਰ ਬੋਲਿਆ, ਨੌਂ ਹਜ਼ਾਰ ਦੇਵਾਂਗਾ, ਹਜ਼ੂਰ ਖੜੇ ਮੁਸਕਰਾਈ ਜਾ ਰਹੇ ਹਨ, ਲੇਕਿਨ ਬੋਲ ਕੁਝ ਨਹੀਂ ਰਹੇ। ਹਰਦੇਵ ਸਿੰਘ ਫਿਰ ਬੋਲਿਆ, ਮਹਾਰਾਜ ਯਾਰਾਂ ਹਜ਼ਾਰ ਰੁਪਏ ਭੇਟਾ ਕਰਾਂਗਾ। ਹਜ਼ੂਰ ਨੇ ਹੁਣ ਚੁੱਪ ਖੋਲ੍ਹੀ, ਹੱਸ ਕੇ ਕਹਿਣ ਲੱਗੇ, ਚੱਲ ਹੁਣ ਬਸ ਕਰ ਬਥੇਰੇ ਨੇ। ਹਰਦੇਵ ਸਿੰਘ ਪ੍ਰਸ਼ਾਦ ਲੈ ਕੇ ਯਾਰਾਂ ਹਜ਼ਾਰ ਰੁਪਏ ਦਾ ਬਚਨ ਦੇ ਕੇ ਜਿਸ ਵਕਤ ਗਿਆ

ਤਾਂ ਪਤਾ ਲੱਗਿਆ ਕਿ ਅੱਜ ਕਣਕ ਦੇ ਪੱਕੇ ਹੋਏ ਖੇਤ ਨੂੰ ਅੱਗ ਲੱਗ ਗਈ ਸੀ। ਪਰਿਵਾਰ ਵਾਲਿਆਂ ਨੇ ਦੱਸਿਆ ਕਿ ਇੱਕ ਦਫਾ ਤਾਂ ਅੱਗ ਬਹੁਤ ਭੜਕੀ ਲੇਕਿਨ ਫਿਰ ਹੌਲੀ-ਹੌਲੀ ਲੋਕਾਂ ਨੇ ਕਾਬੂ ਪਾ ਲਿਆ। ਹਰਦੇਵ ਸਿੰਘ ਨੇ ਪੁੱਛਿਆ ਸਮਾਂ ਕੀ ਸੀ?

ਘਰ ਵਾਲਿਆਂ ਦੇ ਦੱਸਣ ਤੇ ਉਸ ਨੇ ਸਮਝਿਆ ਇਹ ਤਾਂ ਬਿਲਕੁੱਲ ਉਹੀ ਸਮਾਂ ਸੀ, ਜਦੋਂ ਮੈਂ ਅਖੰਡ ਪਾਠ ਲਈ ਭੇਟਾ ਬਾਰ-ਬਾਰ ਵਧਾ ਕੇ ਕਹਿ ਰਿਹਾ ਸੀ। ਇਸ ਪ੍ਰਕਾਰ ਜੋੜ ਮੇਲੇ ਦੀ ਸਮਾਪਤੀ ਤੇ ਸਮਾਨ ਦੀ ਸੰਭਾਲ ਤੋਂ ਬਾਅਦ ਅਤੇ ਸਭ ਸੰਗਤਾਂ ਨੂੰ ਵਿਦਾਇਗੀ ਦੇ ਕੇ ਪੂਜਯ ਮਹਾਰਾਜ ਜੀ ਅਤੇ ਸਤਿਕਾਰਯੋਗ ਸੰਤ ਜੋਧ ਸਿੰਘ ਜੀ ਅਤੇ ਸੰਤ ਗੁਰਿੰਦਰ ਸਿੰਘ (ਛੋਟੂ ਬਾਬਾ) ਜੀ, ਵੈਸਾਖੀ ਦਾ ਸ਼ੁਭ ਦਿਹਾੜਾ ਨੇੜੇ ਜਾਣ ਕੇ ਵਾਪਸ ਰਿਸ਼ੀਕੇਸ਼ ਪਹੁੰਚ ਗਏ। ਵੈਸਾਖੀ ਨੂੰ ਹਸਪਤਾਲ ਦਾ ਪਹਿਲਾ ਸਲਾਨਾ ਸਮਾਰੋਹ ਬੜੀ ਧੂਮਧਾਮ ਨਾਲ ਮਨਾਇਆ ਗਿਆ। ਵੈਸਾਖੀ ਤੇ ਹੀ ਮੇਵਾ ਸਿੰਘ ਲੋਹਸਿੰਬਲੀ ਵਾਲੇ ਨੇ ਸਵਰਗੀ ਲਾਭ ਸਿੰਘ ਦੀ ਯਾਦ ਵਿੱਚ ਘਰ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ ਲਈ ਤਾਰੀਖ ਦੀ ਮੰਗ ਕੀਤੀ। ਮਹਾਂਪੁਰਸ਼ਾਂ ਨੇ ਉਸ ਨੂੰ ਸੱਤ ਮਈ ਦੀ ਤਾਰੀਖ ਦੇ ਦਿੱਤੀ। ਨਾਲ ਹੀ ਵਿਚਾਰ ਕੀਤਾ, ਕਿ ਅੱਠ ਮਈ ਨੂੰ ਬੂਹੇ ਵਾਲੀ ਕੁਟੀਆ ਦਾ ਕੰਮ ਸ਼ੁਰੂ ਕਰਵਾ ਆਈਏ। ਆਪ ਦਿੱਤੀ ਤਾਰੀਖ ਅਨੁਸਾਰ ਛੇ ਮਈ ਨੂੰ ਸੰਤ ਜੋਧ ਸਿੰਘ ਜੀ ਨੂੰ ਨਾਲ ਲੈ ਕੇ ਲੋਹਸਿੰਬਲੀ ਪਧਾਰੇ। ਸੱਤ ਮਈ ਨੂੰ ਮੇਵਾ ਸਿੰਘ ਦੇ ਘਰ ਭੋਗ ਤੋਂ ਬਾਅਦ ਸ਼ਾਮ ਨੂੰ ਬੂਹੇ ਪਹੁੰਚ ਗਏ। ਰਾਤ ਨੂੰ ਹੁਕਮ ਕੀਤਾ, ਕਿ ਸਵੇਰੇ ਸੁਵੱਖਤੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲਿਆ ਕੇ ਪ੍ਰਕਾਸ਼ ਕਰਕੇ ਕੜਾਹ ਪ੍ਰਸ਼ਾਦ ਦੀ ਦੇਗ ਸਜਾ ਲਓ, ਸਥਾਨਕ ਰਾਗੀ ਦੋ ਸ਼ਬਦ ਪੜ੍ਹਣਗੇ, ਉਪਰੰਤ ਅਰਦਾਸ ਕਰਕੇ ਨੀਹਾਂ ਵਾਲੀ ਜਗ੍ਹਾ ਕਲੀ ਚੂਨੇ ਦੁਆਰਾ ਲਾਈਨਾਂ ਲਾ ਕੇ ਅੱਠ ਵਜੇ ਰਿਸ਼ੀਕੇਸ਼ ਨੂੰ ਵਾਪਸ ਮੁੜ ਜਾਵਾਂਗੇ, ਤਾਂ ਕਿ ਦੁਪਹਿਰ ਨੂੰ ਆਸ਼ਰਮ ਪਹੁੰਚ ਜਾਈਏ। ਆਗਿਆ ਅਨੁਸਾਰ ਅੱਠ ਮਈ 1991 ਵਾਲੇ ਦਿਨ ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲਿਆ ਕੇ ਕੜਾਹ ਪ੍ਰਸ਼ਾਦ ਦੀ ਦੇਗ ਸਜਾ ਲਈ ਗਈ। ਬੂਹਾ ਪਿੰਡ ਦੇ ਮੇਵਾ ਸਿੰਘ ਹੁਰਾਂ ਨੇ ਅੱਧਾ ਘੰਟਾ ਗੁਰਬਾਣੀ ਦਾ ਕੀਰਤਨ ਕੀਤਾ, ਉਪਰੰਤ ਅਰਦਾਸ ਕਰਕੇ ਨਕਸ਼ੇ ਮੁਤਾਬਿਕ ਨੀਹਾਂ ਤੇ ਤ੍ਰਿਲੋਚਨ ਸਿੰਘ ਨੇ ਕਲੀ ਦੇ ਨਿਸ਼ਾਨ ਲਗਾ ਦਿੱਤੇ। ਇਸ ਕੰਮ ਲਈ ਠੇਕੇਦਾਰ ਕਾਬਲ ਸਿੰਘ ਜੀ ਨੂੰ ਰਿਸ਼ੀਕੇਸ਼ ਤੋਂ ਸਪੈਸ਼ਲ ਬੁਲਾਇਆ ਹੋਇਆ ਸੀ ਅਤੇ ਸਾਧੂ ਸਿੰਘ ਮਿਸਤਰੀ ਨੂੰ ਪਹਿਲਾਂ ਹੀ ਬੁਲਾਇਆ ਹੋਇਆ ਸੀ। ਕਾਬਲ ਸਿੰਘ ਜੀ ਦੇ ਇਸ਼ਾਰੇ ਮੁਤਾਬਿਕ ਸੰਗਤਾਂ ਨੇ ਨੀਂਹ ਪੁੱਟਣੀ ਸ਼ੁਰੂ ਕਰ ਦਿੱਤੀ; ਮਹਾਂਪੁਰਸ਼ ਵੀ ਵਿੱਚ ਖੜ੍ਹੇ ਹੱਲਾਸ਼ੇਰੀ ਦਿੰਦੇ ਰਹੇ। ਅੱਠ ਵਜੇ ਮੁੜਨ ਦੀ ਬਜਾਏ ਦਿਨ ਦੇ ਨੌਂ, ਹੁਣ ਦਸ ਫਿਰ ਗਿਆਰਾਂ ਵਜ ਗਏ, ਲੇਕਿਨ ਹਜ਼ੂਰ ਦਾ ਮੁੜਨ ਵੱਲ ਕੋਈ ਧਿਆਨ ਨਹੀਂ। ਪਿੰਡ ਵਾਲਿਆਂ ਨੂੰ ਰਾਤ ਹੀ ਇੱਟਾਂ, ਰੇਤਾ ਲਿਆਉਣ ਲਈ ਹੁਕਮ ਕਰ ਦਿੱਤਾ ਸੀ, ਜੋ ਸ਼ਾਮ ਤੱਕ ਲੈ ਕੇ ਆ ਗਏ ਅਤੇ ਸ਼ਾਮ ਤੱਕ ਨੀਹਾਂ ਵੀ ਪੁੱਟ ਲਈਆਂ ਗਈਆਂ। ਹੁਣ ਫਿਰ ਅਰਸ਼ੀ ਪ੍ਰੀਤਮ ਨੇ ਹੁਕਮ ਕੀਤਾ, ਕਿ ਕੱਲ੍ਹ ਸਵੇਰੇ ਕੰਮ ਸ਼ੁਰੂ ਕਰਾ ਕੇ ਅੱਠ ਕੁ ਵਜੇ ਨਿੱਕਲ ਚੱਲਾਂਗੇ। ਦੂਸਰੇ ਦਿਨ ਸਾਧੂ ਸਿੰਘ ਅਤੇ ਇੱਕ ਸਥਾਨਕ ਮਿਸਤਰੀ ਨੀਹਾਂ ਭਰਨ ਲੱਗੇ, ਤਾਂ ਇਤਨੇ ਨੂੰ ਸਵੇਰੇ ਹੀ ਅਸਰਪੁਰ ਵਾਲਾ ਸਰੂਪ ਸਿੰਘ ਠੇਕੇਦਾਰ ਆ ਗਿਆ, ਉਸਨੇ ਦੱਸਿਆ ਕਿ ਮੈਂ ਰਾਤ ਦਾ ਇੱਥੇ ਨੇੜੇ ਦੇ ਪਿੰਡ ਰਿਸ਼ਤੇਦਾਰੀ ਵਿੱਚ ਆਇਆ ਹੋਇਆ ਸੀ ਮੈਨੂੰ ਪਤਾ ਲੱਗਿਆ ਕਿ ਇੱਥੇ ਮਹਾਰਾਜ ਜੀ ਆਏ ਹੋਏ ਹਨ, ਮੈਂ ਸੋਚਿਆ ਦਰਸ਼ਨ ਕਰਕੇ ਚਲਾਂਗੇ। ਇਹ ਸੇਵਾ ਸ਼ੁਰੂ ਹੋਣ ਦਾ ਮੈਨੂੰ ਇੱਥੇ ਆ ਕੇ ਹੀ ਪਤਾ ਲੱਗਿਆ, ਆਪ ਜੀ ਦੀ ਕਿਰਪਾ ਨਾਲ ਮੈਂ ਬਿਲਡਿੰਗਾਂ ਬਨਾਉਣ ਦਾ ਹੀ ਕੰਮ ਕਰਦਾ ਹਾਂ, ਮੇਰੇ ਕੋਲ ਬਿਲਡਿੰਗਾਂ ਬਨਾਉਣ ਦਾ ਮਿਕਸਰ ਅਤੇ ਸ਼ਟਰਿੰਗ ਦਾ ਸਭ ਸਮਾਨ ਹੈ ਅਤੇ ਮਿਸਤਰੀ ਵੀ ਬਹੁਤ ਹਨ, ਆਪ ਜੀ ਦਾ ਹੁਕਮ ਹੋਵੇ ਇਸ ਸੇਵਾ ਵਿੱਚ ਮੈਂ ਵੀ ਹਿੱਸਾ ਪਾ ਲਵਾਂ।

ਹਜ਼ੂਰ ਨੇ ਮੁਸਕਰਾ ਕੇ ਇਸ਼ਾਰਾ ਕਰ ਦਿੱਤਾ, ਜਿਵੇਂ ਤੇਰੀ ਮਰਜ਼ੀ! ਠੇਕੇਦਾਰ ਤਾਂ ਆਗਿਆ ਲੈ ਕੇ ਚਲਾ ਗਿਆ, ਇੱਧਰ ਮਹਾਰਾਜ ਜੀ ਨੂੰ ਸੰਗਤ ਨੇ ਪੁੱਛਿਆ, ਮਹਾਰਾਜ ਆਪ ਜਾਣ ਬਾਰੇ ਵਿਚਾਰ ਕਰਦੇ ਸੀ? ਹਜ਼ੂਰ ਬੋਲੇ, ਆਏ ਤਾਂ ਨੀਹਾਂ ਦੀਆਂ ਨਿਸ਼ਾਨੀਆਂ ਲਾਉਣ ਲਈ ਹੀ ਸੀ, ਲੇਕਿਨ ਬਾਬਾ ਜਾਣ ਨਹੀਂ ਦੇ ਰਿਹਾ! ਇਤਨੇ ਨੂੰ ਥੋੜ੍ਹੀ ਦੇਰ ਬਾਅਦ ਰਛਪਾਲ ਸਿੰਘ ਗੁਲਾਟੀ ਕਰਨਾਲ ਵਾਲੇ ਦਾ ਲੜਕਾ ਰਾਜਪੁਰੇ ਫਰਨੀਚਰ ਬਨਾਉਣ ਦੀ ਦੁਕਾਨ ਕਰਦਾ ਹੈ, ਦਰਸ਼ਨ ਕਰਨ ਲਈ ਆਇਆ। ਇੱਥੇ ਸੇਵਾ ਚੱਲਦੀ ਦੇਖ ਕੇ ਉਸਨੇ ਅਰਜ਼ ਕੀਤੀ, ਮਹਾਰਾਜ! ਇੱਥੇ ਜੋ ਚੋਖਾਟਾਂ ਲੱਗਣੀਆਂ ਉਹ ਸਾਰੀਆਂ ਦੀ ਸੇਵਾ ਮੈਨੂੰ ਬਖਸ਼ ਦਿਉ! ਹਜ਼ੂਰ ਨੇ ਮੁਸਕਰਾ ਕੇ ਹੱਥ ਨਾਲ ਇਸ਼ਾਰਾ ਕਰ ਦਿੱਤਾ, ਜਿਵੇਂ ਤੇਰੀ ਮਰਜ਼ੀ!

ਬੂਹੇ ਪਿੰਡ ਵਿੱਚ ਇੱਕ ਪੰਡਿਤ ਪਰਿਵਾਰ ਕੋਲ ਟਰੱਕ ਸੀ, ਉਨ੍ਹਾਂ ਨੇ ਰੇਤਾ ਬਜਰੀ ਲਿਆਉਣ ਦੀ ਸੇਵਾ ਲੈ ਲਈ, ਇੱਟਾਂ ਲਿਆਉਣ ਦੀ ਸੇਵਾ ਪਿੰਡ ਦੇ ਟਰੈਕਟਰ ਵਾਲਿਆਂ ਨੇ ਲੈ ਲਈ ਅਤੇ ਲੰਗਰ ਦੀ ਸੇਵਾ ਦਾ ਸਾਰਾ ਪ੍ਰਬੰਧ ਪਿੰਡ ਵਾਲੀ ਸੰਗਤ ਨੇ ਆਪ ਹੀ ਕਰ ਲਿਆ। ਤੀਸਰੇ ਦਿਨ ਸਵੇਰੇ ਹੀ ਸਰੂਪ ਸਿੰਘ ਠੇਕੇਦਾਰ ਚਾਰ ਮਿਸਤਰੀ ਲੈ ਕੇ ਆ ਗਿਆ। ਸੇਵਾ ਹੁਣ ਪੂਰੇ ਜ਼ੋਰ-ਸ਼ੋਰ ਨਾਲ ਸ਼ੁਰੂ ਹੋ ਗਈ, ਟਾਈਮ ਦੀ ਕੋਈ ਪਾਬੰਦੀ ਨਹੀਂ, ਸਵੇਰੇ ਸੁਵੱਖਤੇ ਹੀ ਸ਼ੁਰੂ ਹੋ ਕੇ ਵੱਡੀ ਰਾਤ ਤੱਕ ਕੰਮ ਚੱਲਦਾ ਰਹਿੰਦਾ ਹੈ। ਨਾਲ-ਨਾਲ ਚਾਹ ਪ੍ਰਸ਼ਾਦੇ ਦਾ ਲੰਗਰ ਵੀ ਪਿੰਡ ਵਾਲੇ ਬਹੁਤ ਪ੍ਰੇਮ ਨਾਲ ਖੁੱਲ੍ਹਾ ਚਲਾ ਰਹੇ ਹਨ। ਪਿੰਡ ਦੇ ਭਾਵੇਂ ਕਾਫੀ ਪਰਿਵਾਰ ਸੇਵਾ ਵਿੱਚ ਜੁਟੇ ਹੋਏ ਹਨ, ਲੇਕਿਨ ਫਕੀਰ ਸਿੰਘ, ਫੁੰਮਣ ਸਿੰਘ, ਅਮਰਜੀਤ ਸਿੰਘ, ਸੰਤੋਖ ਸਿੰਘ, ਬਾਬੂ ਸਿੰਘ ਤੇ ਸਰਪੰਚ ਆਦਿਕ ਤਾਂ ਦਿਨ ਰਾਤ ਹੀ ਲੱਗੇ ਰਹਿੰਦੇ ਹਨ। ਖੋਖ, ਭੋੜੇ, ਲੋਪੋ ਅਤੇ ਅਸਰਪੁਰ ਦੀ ਵੀ ਕੁੱਝ ਸੰਗਤ ਨਾਲ ਲੱਗੀ ਹੋਈ ਹੈ, ਇਸ ਪ੍ਰਕਾਰ ਸੇਵਾ ਦੇ ਦਿਨ ਰਾਤ ਚੱਲ ਰਹੇ ਤੇਜ ਪ੍ਰਵਾਹ ਨਾਲ ਪੰਜ ਦਿਨਾਂ ਵਿੱਚ ਯਾਨੀ 13-5-91 ਨੂੰ ਦੀਵਾਰਾਂ ਸੰਪੂਰਨ ਹੋ ਕੇ ਸ਼ਾਮ ਤੱਕ ਲੈਂਟਰ ਦੀ ਸ਼ਟਰਿੰਗ ਹੋ ਗਈ। ਮਹਾਂਪੁਰਸ਼ ਤਾਂ ਸ੍ਰੀ ਰਾਜਪਾਲ ਸਿੰਘ ਨਰੂਲਾ ਮੋਹਾਲੀ ਵਾਲੇ ਦੀ ਬੇਨਤੀ ਪ੍ਰਵਾਨ ਕਰਕੇ ਉਸਦੇ ਘਰ ਰਾਤ ਰਹਿਣ ਲਈ ਸੰਤ ਜੋਧ ਸਿੰਘ ਜੀਆਂ ਨੂੰ ਨਾਲ ਲੈ ਕੇ ਮੋਹਾਲੀ ਚਲੇ ਗਏ। ਇੱਧਰ ਹੁਕਮ ਕਰ ਗਏ ਕਿ ਅਸੀਂ ਸਵੇਰੇ ਹੀ ਆ ਜਾਵਾਂਗੇ, ਤੁਸੀਂ ਰਾਤ-ਰਾਤ ਸਰੀਆ ਬੰਨ੍ਹ ਕੇ ਇੱਟਾਂ ਵਗੈਰਾ ਪਾ ਲਉ, ਸਵੇਰੇ ਸੁਵੱਖਤੇ ਹੀ ਲੈਂਟਰ ਦੀ ਸੇਵਾ ਸ਼ੁਰੂ ਕਰ ਲਵਾਂਗੇ, ਹੁਕਮ ਅਨੁਸਾਰ ਸਰੀਆ ਇੱਟਾਂ ਦਾ ਕੰਮ ਕੋਈ ਰਾਤ ਦੇ ਇੱਕ, ਡੇਢ ਵਜੇ ਤਿਆਰ ਹੋਇਆ। ਸਵੇਰੇ ਹੀ ਹਜ਼ੂਰ ਮੋਹਾਲੀ ਤੋਂ ਆ ਗਏ, ਉਸ ਸਮੇਂ ਤੱਕ ਲੈਂਟਰ ਦੀ ਸਾਰੀ ਤਿਆਰੀ ਹੋ ਚੁੱਕੀ ਸੀ, ਲੈਂਟਰ ਦਾ ਪਤਾ ਲੱਗਣ ਤੇ ਲੋਹਸਿੰਬਲੀ, ਅਸਰਪੁਰ, ਖੋਖ ਅਤੇ ਲੋਪੋ, ਤੋੜਿਆਂ ਤੋਂ ਵੀ ਹੋਰ ਸੰਗਤਾਂ ਪਹੁੰਚ ਚੁੱਕੀਆਂ ਸਨ। ਲੈਂਟਰ ਸੇਵਾ ਸ਼ੁਰੂ ਕਰਨ ਤੋਂ ਪਹਿਲਾਂ ਹਜ਼ੂਰ ਕਮਰਿਆਂ ਵਿੱਚ ਫਿਰ ਕੇ ਸ਼ਟਰਿੰਗ ਦੇਖਦੇ-ਦੇਖਦੇ ਪਿਛਲੇ ਪਾਸੇ ਬ੍ਰਾਂਡੇ ਵਿੱਚ ਜੋ ਅੱਠ ਕੁ ਫੁੱਟ ਦਾ ਛੋਟਾ ਕਮਰਾ ਬਣਾਇਆ ਹੈ, ਉਸ ਵਿੱਚ ਜਾ ਖੜ੍ਹੇ। ਉਸ ਨੂੰ ਬੜੀ ਗੰਭੀਰ ਮੁਦਰਾ ਨਾਲ ਤੱਕ ਕੇ ਪਵਿੱਤਰ ਮੁੱਖ ਤੋਂ ਬੋਲੇ, ਸਾਡੇ ਵਾਲਾ ਤਾਂ ਐਹ ਕਮਰਾ ਵਧੀਆ ਹੈ, ਇਸ ਵਿੱਚ ਇੱਕ ਵੱਡੇ-ਵੱਡੇ ਕਮਰੇ ਬਣਾਏ ਹਨ, ਉਹ ਫਿਰ ਕਿਸ ਲਈ ਹਨ?

ਹੁਕਮ ਹੋਇਆ, ਭਾਈ ਸਮਾਂ ਦੱਸੇਗਾ! ਤਿਆਰੀ ਤਾਂ ਸਾਰੀ ਹੋ ਹੀ ਚੁੱਕੀ ਸੀ, ਬਸ ਹੁਕਮ ਦੀ ਦੇਰੀ ਸੀ, ਹੁਣ ਹੁਕਮ ਹੋ ਗਿਆ, ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਚਰਨਾਂ ਵਿੱਚ ਅਰਦਾਸ ਕਰਕੇ ਲੈਂਟਰ ਸੇਵਾ ਸ਼ੁਰੂ ਹੋ ਗਈ। ਸੰਗਤਾਂ ਬੜੇ ਉਤਸ਼ਾਹ ਨਾਲ ਲੱਗੀਆਂ ਰਹੀਆਂ, ਦੁਪਹਿਰ ਦੇ ਲੰਗਰ ਵੇਲੇ ਨੂੰ ਹੀ ਲੈਂਟਰ ਸੰਪੂਰਨ ਹੋ ਗਿਆ। ਇਸ ਪ੍ਰਕਾਰ ਚੌਦਾਂ ਸੌ ਸਕੇਅਰ ਫੁੱਟ ਏਰੀਆ ਦੀ ਇਹ ਮੌਜੂਦਾ ਕੁਟੀਆ ਜਿਸ ਵਿੱਚ ਇੱਕ ਵੱਡਾ ਕਮਰਾ, ਨਾਲ ਖੁੱਲ੍ਹੀ ਰਸੋਈ, ਲੈਟਰੀਨ ਬਾਥਰੂਮ ਅਟੈਚ, ਤਿੰਨ ਪਾਸੇ ਬ੍ਰਾਂਡਾ, ਬ੍ਰਾਂਡੇ ਵਿੱਚ ਇੱਕ ਪਾਸੇ ਅੱਠ ਫੁੱਟ ਦਾ ਛੋਟਾ ਕਮਰਾ, ਇਤਿਆਦਿਕ ਸਰੂਪ ਵਾਲੀ ਛੇ ਦਿਨਾਂ ਵਿੱਚ ਯਾਨੀ ਅੱਠ ਮਈ 1991 ਨੂੰ ਸ਼ੁਰੂ ਕਰਕੇ 14 ਮਈ 1991 ਦੇ ਦੁਪਹਿਰ ਨੂੰ ਲੈਂਟਰ ਪੈ ਕੇ ਸੰਪੂਰਨ ਹੋ ਗਈ। ਸਭ ਸੰਗਤਾਂ ਨੇ ਇਸ਼ਨਾਨ ਵਗੈਰਾ ਕਰਕੇ ਗੁਰੂ ਕੇ ਲੰਗਰ ਵਿੱਚ ਪ੍ਰਸ਼ਾਦ ਪਾਣੀ ਛਕਿਆ, ਉਪਰੰਤ ਮਹਾਂਪੁਰਸ਼ਾਂ ਤੋਂ ਅਸ਼ੀਰਵਾਦ ਲੈ ਕੇ ਘਰਾਂ ਨੂੰ ਵਾਪਸ ਹੋਈਆਂ। ਮਹਾਂਪੁਰਸ਼ ਆਪਣੀ ਮੌਜ ਵਿੱਚ ਫੁਰਮਾਣ ਲੱਗੇ, ਛੇ ਦਿਨ ਪਹਿਲਾਂ ਖਾਲੀ ਹੱਥ ਆਏ ਸੀ, ਅੱਜ ਖਾਲੀ ਹੱਥ ਵਾਪਸ ਰਿਸ਼ੀਕੇਸ਼ ਨੂੰ ਚੱਲੇ ਹਾਂ। ਕੁਟੀਆ ਦੀ ਸਾਰੀ ਸੇਵਾ ਗੁਰੂ ਨਾਨਕ ਦੇਵ ਮਹਾਰਾਜ ਨੇ ਆਪ ਹੀ ਸੰਪੂਰਨ ਕਰ ਲਈ, ਪ੍ਰੇਮੀ ਨੇ ਅਰਜ਼ ਕੀਤੀ, ਮਹਾਰਾਜ ਛੇ ਦਿਨ ਮੱਛਰ ਦੀ ਭਿਣ-ਭਿਣਾਹਟ ਵਿੱਚ ਜੋ ਸਖਤ ਤਪੱਸਿਆ ਕੀਤੀ? ਹੁਕਮ ਹੋਇਆ ਉਹ ਤਾਂ ਸਰੀਰ ਦੀ ਪ੍ਰਾਰਬਧ ਸੀ, ਇਸਦਾ ਕੁਟੀਆ ਨਾਲ ਕੀ ਤਾਲੁਕ! ਪ੍ਰੇਮੀ ਸੋਚ ਰਿਹਾ ਹੈ, ਸ਼ਾਇਦ ਐਸੀ ਅਵਸਥਾ ਪ੍ਰਥਾਇ ਹੀ ਉਚਾਰਨ ਕੀਤਾ ਹੈ—**ਸਭ ਕਿਛੁ ਕਰਤਾ ਤਉ ਅਕਰਤਾ॥**

## ਆਖਣਿ ਜੋਰੁ ਚੁਪੈ ਨਹ ਜੋਰੁ

ਕਿਸੇ ਸਮੇਂ ਆਪ ਜੀ ਨੂੰ ਪਰਮ ਪੂਜਨੀਕ ਸ੍ਰੀਮਾਨ ੧੦੮ ਸੰਤ ਬਾਬਾ ਨਿੱਕਾ ਸਿੰਘ ਮਹਾਰਾਜ ਜੀ ਨੇ ਹੁਕਮ ਕੀਤਾ ਸੀ ਕਿ ਭਾਈ, ਕਥਾ ਕਰਿਆ ਕਰ! ਆਪ ਜੀ ਦਾ ਬਚਪਨ ਤੋਂ ਹੀ ਭਾਵੇਂ ਬਹੁਤ ਘੱਟ ਬੋਲਣਾ, ਦਿਖਾਵੇ ਰਹਿਤ ਸੇਵਾ ਯਾਨੀ ਸਭ ਕੁਝ ਕਰਦੇ ਹੋਏ ਵੀ ਪਿੱਛੇ ਰਹਿਣਾ, ਇਤਿਆਦਿਕ ਵਡਮੁੱਲੇ ਅਤੇ ਦੈਵੀ ਗੁਣਾਂ ਸੰਯੁਕਤ ਸੰਕੋਚਵਾਂ ਸੁਭਾਅ ਸੀ ਲੇਕਿਨ ਹੁਕਮ ਮੰਨ ਕੇ ਕਥਾ ਸ਼ੁਰੂ ਕਰ ਦਿੱਤੀ। ਕਥਾ ਵੀ ਕੈਸੀ ਸ਼ੁਰੂ ਕੀਤੀ?

ਕੋਈ ਪੜ੍ਹ ਸੁਣ ਯਾ ਸ਼ਬਦ ਅੱਖਰ ਪਕਾ ਕੇ ਨਹੀਂ, ਸਗੋਂ ਆਪਣੇ ਆਤਮ ਸਰੂਪ ਵਿੱਚ ਭਿੱਜ ਕੇ ਅਨੁਭਵੀ! ਜਿਸ ਦੀ ਬਾਬਤ ਫੁਰਮਾਨ ਹੈ—

**ਸੰਤਨ ਕੀ ਸੁਣਿ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀ॥**

*(ਰਾਮ ਮ: ੫, ਪੰਨਾ-੮੯੪)*

ਚਾਰ ਅੱਖਰ ਪੜ੍ਹ ਸੁਣ ਕੇ ਪਕਾ ਲੈਣੇ ਫਿਰ ਉਹੀ ਲੋਕਾਂ ਨੂੰ ਸੁਣਾ ਦੇਣੇ, ਇਹ ਕੋਈ ਕਥਾ ਨਹੀਂ ਹੋ ਜਾਂਦੀ, ਇਹ ਤਾਂ ਆਪਣੇ ਆਪ ਅਤੇ ਲੋਕਾਂ ਨੂੰ ਭੁਲੇਖਾ ਦੇਣ ਵਾਲੀ ਗੱਲ ਹੈ। ਇਸ ਨਾਲ ਨਾ ਆਪ ਦਾ ਮਨ ਸ਼ਾਂਤ ਹੁੰਦਾ ਹੈ, ਅਤੇ ਨਾ ਸੁਨਣ ਵਾਲਿਆਂ ਦਾ। ਕਥਾ ਸ਼ਬਦ ਦਾ ਅਸਲ ਅਰਥ ਹੈ, ਸਿਮਰਨ, ਸਾਂਈ ਦੀ ਨਿਰੰਤਰ ਯਾਦ, ਜਿਸ ਵਕਤ ਮਨ ਅੰਤਰਮੁੱਖ ਹੋਇਆ, ਸਾਂਈ ਦੀ ਨਿਰੰਤਰ ਯਾਦ ਵਿੱਚ ਲੀਨ ਹੈ, ਉਸ ਨੂੰ ਸਿਮਰਨ ਕਹਿ ਦਿੰਦੇ ਹਨ, ਉਹੀ ਸਿਮਰਨ ਜਦੋਂ ਅਸਥੂਲ ਰੂਪ ਧਾਰਨ ਕਰਕੇ ਜ਼ੁਬਾਨ ਤੇ ਆ ਜਾਵੇ, ਤਾਂ ਉਸ ਨੂੰ ਕਥਾ ਕਿਹਾ ਜਾਂਦਾ ਹੈ। ਯਾਨੀ ਤੱਤਵ ਦਰਸ਼ੀ ਪੁਰਸ਼ ਦੀ ਜ਼ੁਬਾਨ ਤੋਂ ਜੋ ਸ਼ਬਦ ਨਿਕਲਦਾ ਹੈ ਉਹ ਕਥਾ ਰੂਪ ਹੀ ਹੁੰਦਾ ਹੈ, ਕਿਉਂਕਿ ਹੁਣ **ਹਰਿ ਜੀ ਬਸਹਿ ਸਾਧ ਕੀ ਰਸਨਾ** ਵਾਲੀ ਅਵਸਥਾ ਪਰਪੱਕ ਹੋ ਗਈ ਹੈ। ਜਿਸ ਰਸਨਾ ਤੇ ਹਰੀ ਜੀ ਨੇ ਵਾਸਾ ਕਰ ਲਿਆ, ਉਸ ਜ਼ੁਬਾਨ ਵਿੱਚੋਂ ਹੁਣ ਜੋ ਸਬਦ ਉਚਾਰਨ ਹੋਵੇਗਾ, ਯਾਨੀ—**ਤ੍ਰੈ ਕਾਲ ਅਬਾਧਿ,** ਉਸ ਦਾ ਤਿੰਨ ਕਾਲਾਂ ਵਿੱਚ ਛੇਦਨ ਨਹੀਂ ਹੋਵੇਗਾ।

ਯਥਾ — **ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ॥**
**ਬਚਨੁ ਗੁਰੂ ਜੋ ਪੂਰੇ ਕਹਿਓ ਮੈਂ ਛੀਕਿ ਗਾਂਠਰੀ ਬਾਧਾ॥ ਰਹਾਉ॥**
**ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ॥**
**ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ॥**
**ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ॥**
**ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ॥**
**ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ॥**
**ਦ੍ਰਿਸ਼ਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ॥**
**ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲੁ ਦਿਖਾਧਾ॥**
**ਪਾਇਓ ਨ ਜਾਈ ਕਹੀ ਭਾਂਤਿ ਰੇ ਪ੍ਰਭੁ ਨਾਨਕ ਗੁਰ ਮਿਲਿ ਲਾਧਾ॥**

*(ਸਾਰਗ ਮ: ੫, ਪੰਨਾ-੧੨੦੪)*

ਐਸੀ ਅਵੱਸਥਾ ਵਿੱਚ ਸਥਿਤ ਹੋ ਕੇ ਉਚਾਰਨ ਕੀਤਾ ਸ਼ਬਦ ਹੀ ਅਸਲ ਵਿੱਚ ਕਥਾ ਕਿਹਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂਆਂ ਭਗਤਾਂ ਦੀ ਜਿਤਨੀ ਬਾਣੀ ਅੰਕਿਤ ਹੈ ਉਹ ਸਾਰੀ ਪੜ੍ਹ ਸੁਣ ਯਾ ਅੱਖਰ ਪਕਾ ਕੇ ਨਹੀਂ ਉਚਾਰਨ ਕੀਤੀ ਗਈ, ਸਗੋਂ ਉਹ ਤਾਂ ਜਿਸ ਦੀ ਬਾਣੀ ਹੈ ਉਸ ਨਾਲ ਅੰਦਰੋਂ ਬਾਹਰੋਂ ਅਭੇਦ ਹੋ ਕੇ ਉਸ ਦੇ ਪਿਆਰ ਵਿੱਚ ਭਿੱਜ ਕੇ ਆਪ ਮੁਹਾਰੇ ਸਹਿਜ ਵਿੱਚ ਤੁਰਿਆ ਪ੍ਰਵਾਹ ਹੈ। ਐਸੀ ਅਰਸ਼ਾਂ ਕਰਸ਼ਾਂ ਦੇ ਮਾਲਕ ਦੀ ਸਹਿਜ ਵਿੱਚ ਉਚਾਰਨ ਕੀਤੀ ਬਾਣੀ ਨੂੰ ਮਨ ਬੁੱਧੀ ਦਾ ਵਿਸ਼ਾ ਬਣਾ ਕੇ ਵਿਆਖਿਆ ਕਰਨੀ, ਯਥਾਰਥ ਕਥਾ ਨਹੀਂ ਹੋ ਸਕਦੀ। ਬਲਕਿ ਐਸੀ ਅੰਮ੍ਰਿਤ ਮਈ ਬਾਣੀ ਦੀ ਕਥਾ ਨਹੀਂ ਕਰਨੀ, ਉਸ ਵਿੱਚ ਲੀਨ ਹੋਣਾ ਹੈ। ਆਪਣੀ ਵੱਖਰੀ ਹੋਂਦ ਮਿਟਾ ਕੇ ਮਨ ਜਦੋਂ ਉਸ ਵਿੱਚ ਲੀਨ ਹੋਵੇਗਾ, ਫਿਰ ਜ਼ੁਬਾਨ ਤੋਂ ਜੋ ਸ਼ਬਦ ਉਚਾਰਨ ਹੋਵੇਗਾ, ਉਹ ਸਹਿਜ ਵਿੱਚ ਉਚਾਰਨ ਹੋਇਆ ਸ਼ਬਦ ਅਵੱਸ਼ ਹੀ ਪਿਆਰੇ ਦੀ ਕਥਾ ਹੋਵੇਗੀ, ਕਿਉਂਕਿ ਹੁਣ ਪਿਆਰੇ ਪ੍ਰੀਤਮ ਤੋਂ ਬਿਨ੍ਹਾਂ ਦੂਜਾ ਰਿਹਾ ਹੀ ਨਹੀਂ, ਹੁਣ ਗਿਆਨ ਹੀ ਬੋਲਦਾ ਹੈ, ਗਿਆਨ ਹੀ ਸੁਣਦਾ ਹੈ, ਗਿਆਨ ਹੀ ਦੇਖਦਾ ਹੈ, ਯਾਨੀ ਸਮੁੰਦਰ ਵਿੱਚ ਰਹਿਣ ਵਾਲੀ ਮੱਛੀ ਵਾਂਗ ਚਾਰੋਂ ਤਰਫ਼ ਗਿਆਨ ਹੀ ਗਿਆਨ ਹੈ। ਗਿਆਨ ਤੋਂ ਸਿਵਾਏ ਦੂਸਰੀ ਵਸਤੂ ਦਾ ਮੂਲੋਂ ਹੀ ਅਭਾਵ ਹੋ ਗਿਆ। ਐਸੀ ਅਨੰਦਮਈ ਅਤੇ ਪਾਕ ਪਵਿੱਤਰ ਅਵਸਥਾ ਬਾਰੇ ਹੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਆਪਣੀ ਪਵਿੱਤਰ ਰਸਨਾ ਤੋਂ ਉਚਾਰਨ ਕਰਦੇ ਹਨ।



ਪੂਜਯ ਮਹੰਤ ਰਾਮ ਸਿੰਘ ਜੀ ਮਹਾਰਾਜ, ਸੰਤ ਜੋਧ ਸਿੰਘ ਜੀ ਮਹਾਰਾਜ ਤੇ ਸੰਤ ਭਰਤ ਸਿੰਘ ਜੀ ਮਹਾਰਾਜ ਆਪਣੇ ਆਸ਼ਰਮ ਗਿਆਨ ਗੁਫਾ ਕਾਸ਼ੀ ਵਿਖੇ



ਨਿਰਮਲ ਕੁਟੀਆ ਪਿੰਡ ਖੋਖ (ਪੰਜਾਬ)





ਨਿਰਮਲ ਕੁਟੀਆ, ਕਰਨਾਲ




ਗੁਰਦੁਆਰਾ ਸਾਹਿਬ ਬਿਸ਼ਨਪੁਰਾ (ਲੋਪੋ) ਪੰਜਾਬ




ਨਿਰਮਲ ਕੁਟੀਆ, ਬਿਸ਼ਨਪੁਰਾ (ਲੋਪੋ) ਪੰਜਾਬ



ਨਿਰਮਲ ਕੁਟੀਆ, ਪਿੰਡ ਗੁਰਾਇਆ (ਪੰਜਾਬ)




ਨਿਰਮਲ ਕੁਟੀਆ, ਪਿੰਡ ਲੋਹਸਿੰਬਲੀ (ਪੰਜਾਬ)




ਨਿਰਮਲ ਕੁਟੀਆ, ਪਿੰਡ ਅਸਰਪੁਰ (ਪੰਜਾਬ)



ਨਿਰਮਲ ਕੁਟੀਆ, ਪਿੰਡ ਬੂਹਾ (ਪੰਜਾਬ)




ਨਿਰਮਲ ਕੁਟੀਆ, ਪਿੰਡ ਕੁਤਬਨਪੁਰ (ਪੰਜਾਬ)



ਨਿਰਮਲ ਕੁਟੀਆ, ਪਿੰਡ ਅਖਲਾਸਪੁਰ, ਹੁਸ਼ਿਆਰਪੁਰ (ਪੰਜਾਬ)



ਜਨਮ ਸਥਾਨ ਸੰਤ ਬਾਬਾ ਨਿੱਕਾ ਸਿੰਘ ਜੀ ਮਹਾਰਾਜ ਪਿੰਡ ਸ਼ੀਹਾਂਦੌਦ (ਪੰਜਾਬ)



ਨਿਰਮਲ ਕੁਟੀਆ, ਸੰਤ ਬਾਬਾ ਨਿੱਕਾ ਸਿੰਘ ਜੀ ਮਹਾਰਾਜ ਪਿੰਡ ਉੱਚੀਦੌਦ (ਪੰਜਾਬ)



ਗੁਰਦੁਆਰਾ ਸਾਹਿਬ ਅਤੇ ਸਰੋਵਰ ਪਾਤਿਸ਼ਾਹੀ ਨੌਂਵੀਂ, ਪਿੰਡ ਅਗੌਲ (ਪੰਜਾਬ) ਜਿਸ ਦੀ ਸੇਵਾ ਵਿਰੱਕਤ
ਸ਼੍ਰੋਮਣੀ ਸੰਤ ਬਾਬਾ ਨਿੱਕਾ ਸਿੰਘ ਮਹਾਰਾਜ ਜੀਆਂ ਨੇ ਕਰਵਾਈ।




ਨਿਰਮਲ ਸੰਤ ਨਿਵਾਸ, ਬੰਬਈ

ਯਥਾ — ਗੁਰ ਕਾ ਸਬਦੁ ਰਿਦ ਅੰਤਰਿ ਧਾਰੈ॥ ਪੰਚ ਜਨਾ ਸਿਉ ਸੰਗੁ ਨਿਵਾਰੈ॥
ਦਸ ਇੰਦ੍ਰੀ ਕਰਿ ਰਾਖੈ ਵਾਸਿ॥ ਤਾ ਕੈ ਆਤਮੈ ਹੋਇ ਪਰਗਾਸੁ॥
ਐਸੀ ਦ੍ਰਿੜਤਾ ਤਾ ਕੈ ਹੋਇ॥ ਜਾ ਕਉ ਦਇਆ ਮਇਆ ਪ੍ਰਭ ਸੋਇ॥ ਰਹਾਉ॥
ਸਾਜਨੁ ਦੁਸਟੁ ਜਾ ਕੈ ਏਕ ਸਮਾਨੈ। ਜੇਤਾ ਬੋਲਣੁ ਤੇਤਾ ਗਿਆਨੈ॥
ਜੇਤਾ ਸੁਨਣਾ ਤੇਤਾ ਨਾਮੁ॥ ਜੇਤਾ ਪੇਖਨੁ ਤੇਤਾ ਧਿਆਨੁ॥
ਸਹਜੇ ਜਾਗਣੁ ਸਹਜੇ ਸੋਇ॥ ਸਹਜੇ ਹੋਤਾ ਜਾਇ ਸੁ ਹੋਇ॥
ਸਹਿਜ ਬੈਰਾਗੁ ਸਹਜੇ ਹੀ ਹਸਨਾ॥ ਸਹਜੇ ਚੂਪ ਸਹਜੇ ਹੀ ਜਪਨਾ॥
ਸਹਜੇ ਭੋਜਨੁ ਸਹਜੇ ਭਾਉ॥ ਸਹਜੇ ਮਿਟਿਓ ਸਗਲ ਦੁਰਾਉ॥
ਸਹਜੇ ਹੋਆ ਸਾਧੂ ਸੰਗੁ॥ ਸਹਿਜ ਮਿਲਿਓ ਪਾਰਬ੍ਰਹਮੁ ਨਿਸੰਗੁ॥
ਸਹਜੇ ਗ੍ਰਿਹ ਮਹਿ ਸਹਜਿ ਉਦਾਸੀ॥ ਸਹਜੇ ਦੁਬਿਧਾ ਤਨ ਕੀ ਨਾਸੀ॥
ਜਾ ਕੈ ਸਹਜਿ ਮਨਿ ਭਇਆ ਅਨੰਦੁ॥ ਤਾ ਕਉ ਭੇਟਿਆ ਪਰਮਾਨੰਦੁ॥
ਸਹਜੇ ਅੰਮ੍ਰਿਤੁ ਪੀਓ ਨਾਮੁ॥ ਸਹਜੇ ਕੀਨੋ ਜੀਅ ਕੋ ਦਾਨੁ॥
ਸਹਜ ਕਥਾ ਮਹਿ ਆਤਮੁ ਰਸਿਆ॥ ਤਾ ਕੈ ਸੰਗਿ ਅਬਿਨਾਸੀ ਵਸਿਆ॥
ਸਹਜੇ ਆਸਣੁ ਅਸਥਿਰੁ ਭਾਇਆ॥ ਸਹਜੇ ਅਨਹਤ ਸਬਦੁ ਵਜਾਇਆ॥
ਸਹਜੇ ਰੁਣ ਝੁਣਕਾਰ ਸੁਹਾਇਆ॥ ਤਾ ਕੈ ਘਰਿ ਪਾਰਬ੍ਰਹਮੁ ਸਮਾਇਆ॥
ਸਹਜੇ ਜਾ ਕਉ ਪਰਿਓ ਕਰਮਾ॥ ਸਹਜੇ ਗੁਰੁ ਭੇਟਿਓ ਸਚੁ ਧਰਮਾ॥
ਜਾ ਕੈ ਸਹਜੁ ਭਇਆ ਸੋ ਜਾਣੈ॥ ਨਾਨਕ ਦਾਸ ਤਾ ਕੈ ਕੁਰਬਾਣੈ॥

*(ਗਉ: ਮ: ੫, ਪੰਨਾ-੨੩੬)*

ਐਸੀ ਅਵੱਸਥਾ ਵਿੱਚ ਸਥਿਤ ਆਤਮ ਦਰਸ਼ੀ ਪੁਰਸ਼ ਯਥਾਰਥ ਵਕਤਾ ਹੁੰਦਾ ਹੈ, ਹੁਣ ਉਹ ਮਨ ਬੁੱਧੀ ਵਿੱਚ ਸੋਚ ਕੇ ਬਾਤਾਂ ਨਹੀਂ ਕਰ ਰਿਹਾ, ਸਗੋਂ ਸੱਚ ਵਿੱਚ ਇਸਥਿੱਤ ਹੋਣ ਕਰਕੇ ਅੰਦਰੋਂ ਸੱਚ ਦਾ ਪ੍ਰਵਾਹ ਦਰਿਆ ਦੀ ਤਰ੍ਹਾਂ ਆਪ ਮੁਹਾਰੇ ਵਹਿ ਰਿਹਾ ਹੈ। ਹੁਣ ਉਹ ਚੁੱਪ ਹੈ, ਤਾਂ ਵੀ ਅੰਦਰ ਸੱਚ ਦਾ ਪ੍ਰਵਾਹ ਨਿਰੰਤਰ ਜਾਰੀ ਹੈ, ਅਗਰ ਬੋਲਦਾ ਹੈ ਤਾਂ ਅੰਦਰਲਾ ਸੱਚ ਵਾਲਾ ਪ੍ਰਵਾਹ ਆਪ ਮੁਹਾਰੇ ਬਾਹਰ ਨੂੰ ਵਹਿ ਤੁਰਦਾ ਹੈ। ਹੁਣ ਜ਼ਬਾਨ ਰਾਹੀਂ ਵੀ ਸੱਚ ਵਹਿੰਦਾ ਹੈ, ਅੱਖਾਂ ਦੁਆਰਾ ਵੀ ਸੱਚ ਵਹਿੰਦਾ ਹੈ, ਕੰਨਾਂ ਦੁਵਾਰੇ ਵੀ ਸੱਚ ਸੁਣਦਾ ਹੈ, ਗੱਲ ਕੀ ਸਾਰੇ ਇੰਦਰੇ ਅਤੇ ਸਰੀਰ ਦੇ ਸਾਢੇ ਤਿੰਨ ਕਰੋੜ ਰੋਮ ਵਿੱਚੋਂ ਆਪ ਮੁਹਾਰੇ ਸੱਚ ਦੇ ਫੁਹਾਰੇ ਚੱਲਦੇ ਹਨ। ਹੁਣ ਤਾਂ :—

ਜੌ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀਂ ਹੋਰ॥

*(ਮਲਾਰ ਮ: ੪, ਪੰਨਾ-੧੨੬੫)*

ਯਥਾ — ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮੁ॥

*(ਬਿਹਾ: ਮ: ੪, ਪੰਨਾ-੫੪੦)*

ਵਾਲੀ ਅਵਸਥਾ ਪ੍ਰਾਪਤ ਹੋ ਗਈ, ਜਿੱਧਰ ਨਜ਼ਰ ਮਾਰਦਾ ਹੈ :—

ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥

*(ਕਬੀਰ, ਪੰਨਾ—੧੩੭੫)*

ਯਥਾ — ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀਂ ਜਾਣੀਐ॥

*(ਬਿਲ: ਮ: ੫, ਪੰਨਾ-੮੫੬)*

ਵਾਲੀ ਦ੍ਰਿਸ਼ਟੀ ਪ੍ਰਾਪਤ ਹੋ ਗਈ। ਹਰ ਇਨਸਾਨ ਗੱਲ ਉਹੀ ਕਰਦਾ ਹੈ, ਜੋ ਮਨ ਬੁੱਧੀ ਦੇ ਸਾਹਮਣੇ ਹੋਵੇ। ਜਦੋਂ ਗੁਰੂ ਕਿਰਪਾ ਦੁਆਰਾ ਮਨ ਬੁੱਧੀ ਦੇ ਸਾਹਮਣੇ ਦਵੈਤ ਸਾਰੀ ਮਿਟ ਗਈ, ਅਤੇ ਇੱਕ ਸਤ ਵਸਤੂ ਹੀ ਸ਼ੇਸ਼ ਰਹਿ ਗਈ, ਬਲਕਿ ਮਨ ਬੁੱਧੀ ਵੀ ਸੱਤ ਵਸਤੂ ਦਾ ਹੀ ਰੂਪ ਹੋ ਭਾਸੇ, ਫਿਰ ਜ਼ੁਬਾਨ ਜੋ ਵੀ ਸ਼ਬਦ ਬੋਲਦੀ ਹੈ, ਉਹ ਨਿਸ਼ਚੇ ਹਰੀ ਪਰਥਾਇ ਹੀ ਹੋਵੇਗਾ, ਅਸਲ ਵਿੱਚ ਉਹੀ ਕਥਾ ਹੈ। ਇਸ ਅਵਸਥਾ ਵਿੱਚ ਇਸਥਿਤ ਹੋਣ ਤੋਂ ਪਹਿਲਾਂ ਯਾਨੀ ਜਿਤਨੀ ਦੇਰ ਮਨ ਬੁੱਧੀ ਦੇ ਸਾਹਮਣੇ ਰੰਚਕ ਮਾਤਰ ਦੀ ਦਵੈਤ ਖੜ੍ਹੀ ਹੈ ਉਸਨੂੰ ਬੁੱਧੀਮਾਨ ਤਾਂ ਕਿਹਾ ਜਾ ਸਕਦਾ ਹੈ, ਯਥਾਰਥ ਵਕਤਾ ਨਹੀਂ।

ਪਰਮ ਪੂਜਨੀਕ ਵਿਰੱਕਤ ਮਹਾਰਾਜ ਜੀ ਨੇ ਆਪਣੇ ਪਰਮ ਸ਼ਿਸ਼ ਸ੍ਰੀ ਮਾਨ ਮਹੰਤ ਰਾਮ ਸਿੰਘ ਜੀ ਨੂੰ ਉਪਰੋਕਤ ਆਤਮ ਦ੍ਰਿਸ਼ਟੀ ਵਿੱਚ ਇਸਥਿਤ ਕਰਕੇ ਹੀ ਕਥਾ ਕਰਨ ਦਾ ਹੁਕਮ ਕੀਤਾ ਸੀ, ਕਿ ਜੋ ਗੱਲਾਂ ਹਰੀ ਨਾਲ ਚੌਵੀ ਘੰਟੇ ਅੰਦਰ ਕਰਦਾ ਹੈਂ, ਉਹ ਬਾਹਰ ਕਰਨੀਆਂ ਸ਼ੁਰੂ ਕਰ ਦੇ, ਬਸ ਇਹੀ ਕਥਾ ਹੈ! ਆਪ ਦਾ ਹਰ ਸੁਆਸ ਹਰ ਕਿਰਿਆ ਹੁਕਮ ਵਿੱਚ ਤਾਂ ਹੈ ਹੀ ਸੀ, ਇਸ ਲਈ ਇਲਾਹੀ ਹੁਕਮ ਵਿੱਚ ਕਥਾ ਵਾਲੀ ਕਾਰ ਵੀ ਸਹਿਜੇ ਹੀ ਸ਼ੁਰੂ ਹੋ ਗਈ। ਇਸ ਪ੍ਰਕਾਰ ਹੁਕਮ ਵਿੱਚ ਕਥਾ ਵਾਲੀ ਕਾਰਜ ਕੋਈ ਅੱਠ ਕੁ ਸਾਲ ਸਹਿਜੇ ਹੁੰਦੀ ਰਹੀ, ਹੁਣ ਸ਼ਾਇਦ ਹਰੀ ਦੀ ਕੋਈ ਹੋਰ ਮੌਜ ਸੀ।

ਬੰਬਈ ਕਿਸੇ ਸਿੰਧੀ ਪ੍ਰੇਮੀ ਦੇ ਬੱਚੇ ਦੀ ਸ਼ਾਦੀ ਸੀ, ਇਸ ਲਈ ਉਸਦੀ ਬੇਨਤੀ ਪ੍ਰਵਾਨ ਕਰਕੇ ਆਪ ਜੀ ਸਤ ਜੁਲਾਈ 1991 ਨੂੰ ਦਸ ਦਿਨਾਂ ਵਾਸਤੇ ਬੰਬਈ ਪਹੁੰਚੇ। ਸ਼ਾਦੀ ਵਾਲੇ ਪ੍ਰੇਮੀ ਪਰਿਵਾਰ ਦੀ ਭਾਵਨਾ ਪੂਰੀ ਕਰਕੇ ਸ਼ਾਦੀ ਤੋਂ ਬਾਅਦ ਹੋਰ ਸਭ ਸੰਗਤਾਂ ਨੂੰ ਮਿਲੇ, ਪ੍ਰੇਮੀਆਂ ਦੇ ਘਰੇ ਚਰਨ ਪਾਏ, ਕਈ ਘਰਾਂ ਵਿੱਚ ਕਥਾ ਪ੍ਰਵਚਨ ਵੀ ਕੀਤੇ। ਅੱਜ ਤੇਰਾਂ ਜੁਲਾਈ 1991 ਵਾਲੇ ਦਿਨ ਸ੍ਰੀਮਤੀ ਪ੍ਰਿਮਲਾ ਸੰਗਤਾਨੀ ਦੇ ਘਰ ਸਮਾਗਮ ਹੋਇਆ, ਕੀਰਤਨ ਤੋਂ ਬਾਅਦ ਹਜ਼ੂਰ ਨੇ ਉਸ ਮੁੱਖ ਵਾਕ ਦੀ ਕਥਾ ਕੀਤੀ, ਜੋ ਚੌਥੇ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਰਾਮਦਾਸ ਮਹਾਰਾਜ ਦੁਆਰਾ ਉਨ੍ਹਾਂ ਦੇ ਪਵਿੱਤਰ ਮੁੱਖ ਤੋਂ ਇਲਾਹੀ ਹੁਕਮਨਾਮਾ ਆਇਆ—

ੴ ਸਤਿਗੁਰ ਪ੍ਰਸਾਦਿ ॥

ਆਪੇ ਆਪਿ ਵਰਤਦਾ ਪਿਆਰਾ ਆਪੇ ਆਪਿ ਅਪਾਹੁ ॥
ਵਣਜਾਰਾ ਜਗੁ ਆਪਿ ਹੈ ਪਿਆਰਾ ਆਪੇ ਸਾਚਾ ਸਾਹੁ ॥
ਆਪੇ ਵਣਜੁ ਵਾਪਾਰੀਆ ਪਿਆਰਾ ਆਪੇ ਸਚੁ ਵੇਸਾਹੁ ॥
ਜਪਿ ਮਨ ਹਰਿ ਹਰਿ ਨਾਮੁ ਸਲਾਹ ॥
ਗੁਰ ਕਿਰਪਾ ਤੇ ਪਾਈਐ ਪਿਆਰਾ ਅੰਮ੍ਰਿਤ ਅਗਮ ਅਥਾਹ ॥ ਰਹਾਉ ॥
ਆਪੇ ਸੁਣਿ ਸਭ ਵੇਖਦਾ ਪਿਆਰਾ ਮੁਖਿ ਬੋਲੇ ਆਪਿ ਮੁਹਾਰੁ ॥
ਆਪੇ ਉਝੜਿ ਪਾਇਦਾ ਪਿਆਰਾ ਆਪਿ ਵਿਖਾਲੇ ਰਾਹੁ ॥
ਆਪੇ ਹੀ ਸਭੁ ਆਪਿ ਹੈ ਪਿਆਰਾ ਆਪੇ ਵੇਪਰਵਾਹੁ ॥
ਆਪੇ ਆਪਿ ਉਪਾਇਦਾ ਪਿਆਰਾ ਸਿਰਿ ਆਪੇ ਧੰਧੜੈ ਲਾਹੁ ॥
ਆਪਿ ਕਰਾਏ ਸਾਖਤੀ ਪਿਆਰਾ ਆਪਿ ਮਾਰੇ ਮਰਿ ਜਾਹੁ ॥
ਆਪੇ ਸਾਗਰੁ ਬੋਹਿਥਾ ਪਿਆਰਾ ਗੁਰੁ ਖੇਵਟੁ ਆਪਿ ਚਲਾਹੁ ॥
ਆਪੇ ਹੀ ਚੜਿ ਲੰਘਦਾ ਪਿਆਰਾ ਕਰਿ ਚੋਜ ਵੇਖੈ ਪਾਤਿਸਾਹੁ ॥
ਆਪੇ ਆਪਿ ਦਇਆਲੁ ਹੈ ਪਿਆਰਾ ਜਨ ਨਾਨਕ ਬਖਸਿ ਮਿਲਾਹੁ ॥

*(ਸੋਰਠਿ ਮ: ੪ ਘਰ: ੧, ਪੰਨਾ-੬੦੪)*

ਇਸ ਪਾਵਨ ਸ਼ਬਦ ਦੀ ਕਥਾ ਕਰਦਿਆਂ, ਜਿਸ ਵਿੱਚ ਦਵੈਤ ਦਾ ਨਾਮੋ ਨਿਸ਼ਾਨ ਨਹੀਂ, ਹਜ਼ੂਰ ਦਾ ਮਨ ਇਤਨਾ ਲੀਨ ਹੋ ਕੇ ਇਉਂ ਭਾਸਨ ਲੱਗਿਆ, ਕਿ ਜਿਵੇਂ ਇਸ ਸ਼ਬਦ ਦੀ ਕਥਾ ਪੂਰੀ ਨਹੀਂ ਹੋਵੇਗੀ, ਖੈਰ ਪ੍ਰੇਮ ਦੇ ਗਹਿਰੇ ਭਾਵ

ਵਿੱਚ ਉਤਰ ਕੇ ਸਹਿਜੇ-ਸਹਿਜੇ ਕਥਾ ਤਾਂ ਸੰਪੂਰਨ ਹੋ ਗਈ, ਲੇਕਿਨ ਮਨ ਇਤਨਾ ਅ-ਮਨ, ਭਾਵ ਵਿੱਚ ਚਲਾ ਗਿਆ ਯਾਨੀ ਗੁਰੂ ਰਾਮਦਾਸ ਵੱਲੋਂ ਭੇਜੀ ਦਰਗਾਹੀ ਚਿੱਠੀ ਪੜ੍ਹਕੇ ਇਤਨਾ ਪ੍ਰੇਮ ਵਿੱਚ ਭਿੱਜ ਗਿਆ, ਮਾਨੋਂ ਚਿੱਠੀ ਦਾ ਰੂਪ ਹੀ ਹੋ ਗਿਆ। ਇਹ ਸ਼ਬਦ ਚਿੱਠੀ ਸੀ ਜਾਂ ਕੋਈ ਇਲਾਹੀ ਹੁਕਮ ਸੰਦੇਸ਼ਾ?

ਇਸ ਪ੍ਰਕਾਰ ਦਸ ਦਿਨ ਬੰਬਈ ਨਿਵਾਸੀ ਸੰਗਤਾਂ ਨੂੰ ਦਰਸ਼ਨ ਮੇਲੇ ਬਖਸ਼ ਕੇ ਅਤੇ ਪ੍ਰੇਮ ਦੇ ਖੁੱਲ੍ਹੇ ਗੱਫੇ ਵਰਤਾ ਕੇ ਅਤੇ ਹੁਕਮ ਦੀ ਦਾਤ ਸਿਰ ਮੱਥੇ ਤੇ ਧਰਕੇ, ਯਾ ਹੁਕਮ ਵਿੱਚ ਲੀਨ ਹੋ ਕੇ, ਯਾਨੀ ਹੁਕਮ ਦਾ ਹੀ ਰੂਪ ਹੋਏ ਸੋਲਾਂ ਜੁਲਾਈ ਨੂੰ ਵਾਪਸ ਰਿਸ਼ੀਕੇਸ਼ ਆ ਗਏ।

ਬਾਈ ਜੁਲਾਈ ਵਾਲੇ ਦਿਨ ਨਵੀਂ ਬਣ ਰਹੀ ਕਨਖਲ ਵਾਲੀ ਬਿਲਡਿੰਗ ਤੇ ਲੈਂਟਰ ਪਾਇਆ, ਤੇਈ ਜੁਲਾਈ ਵਾਲੇ ਦਿਨ ਲੈਂਟਰ ਪਾਉਣ ਆਈਆਂ ਸੰਗਤਾਂ ਨੂੰ ਸਿਰੋਪਾਉ ਬਖਸ਼ਿਸ਼ ਕਰਕੇ, ਵਿਦਾਇਗੀ ਦਿੱਤੀ। 24 ਜੁਲਾਈ ਨੂੰ ਸੰਤ ਬਾਬਾ ਜੋਧ ਸਿੰਘ ਜੀ ਨੂੰ ਨਾਲ ਲੈ ਕੇ ਗੁਰਾਇਆ ਪਹੁੰਚ ਗਏ, ਕਿਉਂਕਿ ਦੂਸਰੇ ਦਿਨ ਯਾਨੀ 25 ਜੁਲਾਈ ਨੂੰ ਪਰਮ ਪੂਜਨੀਕ, ਬ੍ਰਹਮਲੀਨ ਸ੍ਰੀਮਾਨ ਸੰਤ ਬਾਬਾ ਨਿੱਕਾ ਸਿੰਘ ਵਿਰੱਕਤ ਮਹਾਰਾਜ ਜੀਆਂ ਦੀ ਪਵਿੱਤਰ ਯਾਦ ਵਿੱਚ ਬਰਸੀ ਸਮਾਗਮ ਮਨਾਇਆ ਜਾ ਰਿਹਾ ਸੀ। ਦੂਸਰੇ ਦਿਨ ਯਾਨੀ 25 ਜੁਲਾਈ 1991 ਵਾਲੇ ਦਿਨ ਮਹਾਂਪੁਰਸ਼ਾਂ ਦੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਉਪਰੰਤ ਬਾਰਾਂਦਰੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕਰਕੇ ਕੀਰਤਨ ਸ਼ੁਰੂ ਹੋਇਆ। ਕੀਰਤਨ ਕਰਨ ਵਾਲੇ ਸਭ ਰਾਗੀਆਂ ਨੂੰ ਤਰਤੀਬ ਅਨੁਸਾਰ ਸਮਾਂ ਵੰਡ ਕੇ ਦਿੱਤਾ ਹੋਇਆ ਸੀ। ਹਰ ਰਾਗੀ ਦੇ ਬਦਲਣ ਤੇ ਸਟੇਜ ਸੈਕਟਰੀ ਮਾਸਟਰ ਰਜਿੰਦਰ ਸਿੰਘ ਜੀ ਬਾਰ-ਬਾਰ ਅਨਾਊਂਸ ਕਰੀ ਜਾ ਰਹੇ ਸਨ ਕਿ ਠੀਕ ਗਿਆਰਾਂ ਵਜੇ ਪਰਮ ਪੂਜਨੀਕ ਸ੍ਰੀਮਾਨ ੧੦੮ ਮਹੰਤ ਬਾਬਾ ਰਾਮ ਸਿੰਘ ਜੀ ਆਪਣੀ ਪਵਿੱਤਰ ਰਸਨਾ ਤੋਂ ਗੁਰਸ਼ਬਦ ਦੀ ਕਥਾ ਕਰਨਗੇ। ਸ਼ਬਦ ਕੀਰਤਨ ਕਰਨ ਵਾਲੇ ਆਪਣੇ ਮਿੰਟ ਪੂਰੇ ਹੋਣ ਤੇ ਬਦਲਦੇ ਗਏ, ਤੇ ਮਾਸਟਰ ਜੀ ਵੀ ਬਾਰ-ਬਾਰ ਕਥਾ ਕਰਨ ਦੀ ਅਨਾਉਂਸਮੈਂਟ ਕਰਦੇ ਰਹੇ। ਆਖਰ ਜਦ ਗਿਆਰਾਂ ਵਜ ਗਏ ਤੇ ਆਪ ਜੀ ਫਿਰ ਵੀ ਪੰਡਾਲ ਵਿੱਚ ਨਾ ਆਏ, ਤਾਂ ਪੰਜ ਮਿੰਟ ਕਿਸੇ ਨੂੰ ਅਤੇ ਦਸ ਮਿੰਟ ਕਿਸੇ ਨੂੰ ਦੇ ਇਉਂ ਉਡੀਕ ਕਰਦੇ ਰਹੇ, ਉੱਧਰ ਸੈਕਟਰੀ ਅਨਾਊਂਸ ਤਾਂ ਬਾਰ-ਬਾਰ ਕਰੀ ਜਾ ਰਿਹਾ ਹੈ। ਇੱਧਰ ਪੰਡਾਲ ਵਿੱਚ ਬੈਠੀ ਸੰਗਤ ਦਾ ਧਿਆਨ ਹੁਣ ਕੀਰਤਨ ਵੱਲ ਨਹੀਂ ਸੀ, ਸਗੋਂ ਮਹਾਂਪੁਰਸ਼ਾਂ ਵਾਲੇ ਕਮਰੇ ਦੇ ਦਰਵਾਜ਼ੇ ਵੱਲ ਸੀ ਕਿ ਕਦੋਂ ਖੁੱਲ੍ਹਦਾ ਹੈ, ਤੇ ਕਦੋਂ ਆ ਕੇ ਕਥਾ ਸ਼ੁਰੂ ਕਰਦੇ ਹਨ। ਆਖਰ ਕਈ ਮਿੰਟ ਉਪਰ ਬੀਤ ਜਾਣ ਤੇ ਵੀ ਜਦੋਂ ਦਰਵਾਜ਼ਾ ਨਾ ਖੁੱਲਿਆ, ਤਾਂ ਉਜਾਗਰ ਸਿੰਘ ਸੂਰੀ ਅਤੇ ਸਤਨਾਮ ਸਿੰਘ ਆਦਿਕ ਚਾਰ ਕੁ ਮੁਖੀ-ਮੁਖੀ ਸੱਜਣਾਂ ਨੇ ਹਜ਼ੂਰ ਦੇ ਦਰਵਾਜ਼ੇ ਕੋਲ ਜਾ ਕੇ ਅਰਜ਼ ਕੀਤੀ, ਮਹਾਰਾਜ! ਸਮਾਂ ਹੋ ਗਿਆ ਆਪ ਪੰਡਾਲ ਵਿੱਚ ਦਰਸ਼ਨ ਬਖਸ਼ੋ, ਸੰਗਤਾਂ ਬਿਹਬਲ ਹੋ ਰਹੀਆਂ ਹਨ। ਬਿਨਾਂ ਦਰਵਾਜ਼ੇ ਖੁੱਲ੍ਹੇ ਹੀ ਅੰਦਰੋਂ ਆਵਾਜ਼ ਆਈ, ਨੀਯਤ ਸਮੇਂ ਤੇ ਅਰਦਾਸ ਕਰਕੇ ਗੁਰੂ ਕਾ ਲੰਗਰ, ਸ਼ੁਰੂ ਕਰ ਦਿਉ! ਪ੍ਰੇਮੀ ਨੇ ਬਾਰ-ਬਾਰ ਬੇਨਤੀ ਕੀਤੀ, ਮਹਾਰਾਜ! ਸੰਗਤਾਂ ਆਪ ਦੇ ਪਵਿੱਤਰ ਮੁੱਖ ਤੋਂ ਪ੍ਰਵਚਨ ਸੁਣਨ ਲਈ ਆਈਆਂ ਹਨ, ਕਿਰਪਾ ਕਰਕੇ ਸੰਗਤਾਂ ਦੀ ਭਾਵਨਾ ਪੂਰੀ ਕਰੋ! ਹੁਕਮ ਹੋਇਆ ਗੁਰਬਾਣੀ ਹੀ ਸੁਨਣੀ ਹੈ ਉਹ ਕੀਰਤਨ ਰਾਹੀਂ ਸੁਣ ਰਹੇ ਹਾਂ, ਜਦੋਂ ਸਮਾਂ ਹੋ ਗਿਆ ਅਰਦਾਸ ਕਰ ਦਿਉ! ਗੁਰਾਇਆ ਵਾਲੀ ਸੰਗਤ ਚਿੰਤਾ ਵਿੱਚ ਪੈ ਗਈ, ਕਿ ਸ਼ਾਇਦ ਸਾਥੋਂ ਕੋਈ ਗਲਤੀ ਹੋ ਗਈ, ਜਿਸ ਕਰਕੇ ਅੱਜ ਕਥਾ ਨਹੀਂ ਕਰ ਰਹੇ। ਅੱਜ ਤੱਕ ਕੋਈ ਵੀ ਐਸਾ ਸਮਾਂ ਸਮਾਗਮ ਨਹੀਂ, ਜਿਸ ਵਿੱਚ ਆਪ ਜੀ ਨੇ ਕਥਾ ਪ੍ਰਵਚਨ ਨਾ ਕੀਤੇ ਹੋਣ! ਅੱਜ ਸਾਡੇ ਸਮਾਗਮ ਤੇ ਕਥਾ ਨਾ ਕਰਨੀ ਜ਼ਰੂਰ ਹੀ ਸਾਥੋਂ ਕੋਈ ਅਨਉਚਿੱਤ ਬਾਤ ਹੋ ਗਈ। ਸੰਗਤ ਤਾਂ ਭਾਵੇਂ ਸਾਰੀ ਹੀ ਉਦਾਸ ਸੀ, ਲੇਕਿਨ ਗੁਰਾਇਆ ਵਾਲੀ ਸੰਗਤ, ਖਾਸ ਕਰਕੇ ਪ੍ਰਬੰਧਕ ਸੱਜਣਾਂ ਦੀ ਹਾਲਤ ਤਾਂ ਬਹੁਤ ਹੀ ਤਰਸਯੋਗ ਹੋ ਗਈ। ਰੋ ਤਾਂ ਵਿਚਾਰੇ ਨਹੀਂ ਰਹੇ, ਲੇਕਿਨ ਕਸਰ ਵੀ ਕੋਈ ਬਾਕੀ ਨਹੀਂ। ਉਧਰ ਸਟੇਜ ਸੈਕਟਰੀ ਮਾਸਟਰ ਰਾਜਿੰਦਰ ਸਿੰਘ ਮਾਈਕ ਤੇ ਖੜ੍ਹਾ ਇਹ ਧਾਰਨਾ ਉੱਚੀ ਆਵਾਜ਼ ਵਿੱਚ ਬਾਰ-ਬਾਰ ਆਪ ਪੜ੍ਹੀ ਜਾ ਰਿਹਾ ਹੈ, ਅਤੇ ਸੰਗਤ ਤੋਂ ਪੜ੍ਹਾ ਰਿਹਾ ਹੈ, ਬਖਸ਼ ਲਉ ਮਹਾਰਾਜ ਹਮ ਅਪਰਾਧੀ! ਹਮ ਅਪਰਾਧੀ!! ਖੈਰ ਜਿਵੇਂ ਕਿਵੇਂ ਕਰਕੇ ਬਾਰਾਂ ਵਜੇ ਤੱਕ ਸਮਾਂ ਪੂਰਾ ਕੀਤਾ, ਉਪਰੰਤ ਅਰਦਾਸ ਕਰਕੇ ਗੁਰੂ ਕਾ ਲੰਗਰ ਸ਼ੁਰੂ ਹੋ ਗਿਆ। ਸੰਗਤਾਂ ਦੇ ਲੰਗਰ ਛਕ ਲੈਣ ਤੋਂ ਬਾਅਦ ਹੁਣ ਕੁੰਡੀ ਖੁੱਲ੍ਹੀ ਅਤੇ ਸੰਗਤਾਂ ਨੂੰ ਪ੍ਰਸ਼ਾਦ ਵਰਤਾਉਣਾ ਸ਼ੁਰੂ ਹੋਇਆ। ਸਭ ਸੰਗਤਾਂ ਪ੍ਰਸ਼ਾਦ ਲੈ ਕੇ ਆਪੋ ਆਪਣੇ ਰਸਤੇ ਪਈਆਂ। ਪਰ ਉਧਰ ਦੇਖੋ ਇਲਾਹੀ ਮੌਜ!

ਸੰਗਤਾਂ ਦੇ ਜਾਣ ਤੋਂ ਬਾਅਦ ਥੋੜ੍ਹਾ ਬਹੁਤ ਲੰਗਰ ਛਕ ਕੇ ਫਿਰ ਕੁੰਡੀ ਲੱਗ ਗਈ। ਇੱਧਰ ਕੁਲਵੰਤ ਸਿੰਘ ਮਿਸਤਰੀ ਵੀ ਆਪ ਜੀ ਨੂੰ ਕਰਨਾਲ ਦੀ ਬਰਸੀ ਵਾਸਤੇ ਲੈਣ ਆਇਆ ਹੋਇਆ ਸੀ, ਉਸ ਦੀ ਨਜ਼ਰ ਕੁੰਡੀ ਵੱਲ ਹੈ ਕਿ ਕਦੋਂ ਕੁੰਡੀ ਖੁੱਲ੍ਹੇ, ਅਤੇ ਹੁਕਮ ਹੋਵੇ ਗੱਡੀ ਤਿਆਰ ਕਰਕੇ ਸਮਾਨ ਵਿੱਚ ਰੱਖੋ। ਚਾਰ ਵਜ ਗਏ, ਪੰਜ ਵਜ ਗਏ, ਹੁਣ ਛੇ ਵਜੇ ਕੁੰਡੀ ਖੁੱਲ੍ਹੀ, ਲੇਕਿਨ ਨਾ ਗੱਡੀ ਤਿਆਰ ਕਰਨ ਦਾ ਹੁਕਮ ਤੇ ਨਾ ਸਮਾਨ ਰੱਖਣ ਦਾ ਇਸ਼ਾਰਾ। ਥੋੜ੍ਹਾ ਬਹੁਤ ਜਲ ਪਾਣੀ ਛਕ ਕੇ ਬਾਹਰ ਸੈਰ ਨੂੰ ਚੱਲ ਪਏ। ਕੁਲਵੰਤ ਸਿੰਘ ਤੇ ਹੋਰ ਸੰਗਤਾਂ ਨੇ ਸੋਚਿਆ, ਸ਼ਾਇਦ ਸਵੇਰੇ ਸੁਵੱਖਤੇ ਜਾਣ ਦਾ ਪ੍ਰੋਗਰਾਮ ਹੋਵੇ, ਕਿ ਪੰਜ-ਛੇ-ਵਜੇ ਚੱਲ ਕੇ ਨੌਂ-ਦਸ ਵਜੇ ਭੋਗ ਸਮੇਂ ਨੂੰ ਪਹੁੰਚ ਜਾਵਾਂਗੇ। ਸਵੇਰੇ ਵੀ ਅੱਠ-ਦਸ ਵਜੇ ਦਾ ਸਮਾਂ ਲੰਘਾ ਕੇ ਦੁਪਹਿਰ ਹੋ ਗਈ, ਜਾਣ ਬਾਰੇ ਨਾ ਕੋਈ ਹੁਕਮ, ਨਾ ਇਸ਼ਾਰਾ! ਕੌਣ ਜਾਣੇ ਸਾਹਿਬ ਦੀ ਮੌਜ ਨੂੰ, ਕਿਸਦਾ ਹੌਸਲਾ ਪਵੇ ਪੁੱਛਣ ਲਈ?

ਖੈਰ ਦੂਸਰੇ ਦਿਨ ਲਈ ਕਿਸੇ ਪ੍ਰੇਮੀ ਨੂੰ ਅਖੰਡ ਪਾਠ ਦੀ ਤਾਰੀਖ ਦਿੱਤੀ ਹੋਈ ਸੀ, ਇਸ ਲਈ ਸ਼ਾਮ ਨੂੰ ਚੱਲ ਕੇ ਕੁਰਾਲੀ ਪਹੁੰਚੇ। ਭੋਗ ਤੋਂ ਬਾਅਦ ਉੱਥੇ ਵੀ ਸੰਗਤਾਂ ਨੇ ਕਥਾ ਪ੍ਰਵਚਨ ਕਰਨ ਲਈ ਅਰਜ਼ ਕੀਤੀ, ਲੇਕਿਨ ਪ੍ਰਵਾਨ ਨਹੀਂ ਹੋਈ। ਇਸੇ ਤਰ੍ਹਾਂ ਹਰ ਰੋਜ਼ ਲੋਕਾਂ ਨੂੰ ਦਿੱਤੀਆਂ ਤਾਰੀਖਾਂ ਅਨੁਸਾਰ ਅਖੰਡ ਪਾਠਾਂ ਦੇ ਭੋਗ ਪੈਂਦੇ, ਸਭ ਪ੍ਰੇਮੀ ਆਪੋ ਆਪਣੇ ਸਮਾਗਮਾਂ ਤੇ ਕਥਾ ਕਰਨ ਲਈ ਅਰਜੋਈਆਂ ਕਰਦੇ ਲੇਕਿਨ ਪ੍ਰਵਾਨਗੀ ਨਹੀਂ ਮਿਲੀ।

ਕੋਈ ਦੋ ਕੁ ਮਹੀਨੇ ਦਾ ਸਮਾਂ ਇਸੇ ਤਰ੍ਹਾਂ ਹੀ ਗੁਜ਼ਰ ਗਿਆ, ਪਰੰਤੂ ਕਿਤੇ ਵੀ ਕਥਾ ਨਾ ਕੀਤੀ। ਹੁਣ ਸੰਗਤਾਂ ਸੋਚਣ ਲੱਗੀਆਂ ਕਿ ਸ਼ਾਇਦ ਹਰਿਦੁਆਰ ਵਾਲੀ ਬਰਸੀ ਤੇ ਆਪਣੇ ਸਮਾਗਮ ਤੋਂ ਹੀ ਸ਼ੁਰੂ ਕਰਨ? ਲੇਕਿਨ ਸਿਆਣੇ ਪੁਰਸ਼ ਸਮਝਦੇ ਸਨ ਕਿ ਸਾਰੇ ਘਰ ਉਨ੍ਹਾਂ ਦੇ ਹੀ ਤਾਂ ਹਨ। ਸਾਰੇ ਸਮਾਗਮ ਉਨ੍ਹਾਂ ਦੇ ਆਪਣੇ ਹੀ ਤਾਂ ਹਨ, ਜੀਵ ਤਾਂ ਵਿਚਾਰੇ ਕਾਠ ਦੀਆਂ ਪੁਤਲੀਆਂ ਹਨ, ਜਿਵੇਂ ਨਚਾਉਂਦੇ ਹਨ ਤਿਵੇਂ ਨੱਚਦੇ ਹਨ, ਐਸਾ ਕਿਹੜਾ ਘਰ ਅਤੇ ਸਮਾਗਮ ਹੈ ਜਿਹੜਾ ਉਨ੍ਹਾਂ ਦਾ ਨਹੀਂ?

ਖੈਰ ਕਨਖਲ ਵਾਲੀ ਬਰਸੀ ਵੀ ਆ ਗਈ। ਬੜੀ ਧੂਮ-ਧਾਮ ਨਾਲ ਸਾਰੀ ਤਿਆਰੀ ਕੀਤੀ ਗਈ, ਪੰਜਾਬ, ਹਰਿਆਣਾ, ਦਿੱਲੀ ਅਤੇ ਬੰਬਈ ਆਦਿਕ ਥਾਵਾਂ ਤੋਂ ਭਾਰੀ ਗਿਣਤੀ ਵਿੱਚ ਸੰਗਤਾਂ ਪਹੁੰਚੀਆਂ। ਕੁਝ ਸੰਗਤਾਂ ਇਸ ਵਿਚਾਰ ਨਾਲ ਵੀ ਆਈਆਂ, ਕਿ ਸ਼ਾਇਦ ਉੱਥੇ ਕਥਾ ਰੂਪੀ ਅੰਮ੍ਰਿਤ ਦਾ ਪ੍ਰਸ਼ਾਦ ਪ੍ਰਾਪਤ ਹੋਵੇ। ਹਰ ਰੋਜ਼ ਸਵੇਰੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ, ਅਤੇ ਸ਼ਾਮ ਨੂੰ ਖੁੱਲ੍ਹੇ ਪੰਡਾਲ ਵਿੱਚ ਦੀਵਾਨ ਸਜਦੇ, ਜਿਸ ਵਿੱਚ ਸੁਖਮਨੀ ਸਾਹਿਬ ਦਾ ਪਾਠ ਸੰਗਤਾਂ ਮਿਲਕੇ ਕਰਦੀਆਂ, ਬਾਅਦ ਵਿੱਚ ਕੀਰਤਨ ਆਰਤੀ ਉਪਰੰਤ ਸਮਾਪਤੀ। ਇਸ ਸਮੇਂ ਦੌਰਾਨ ਆਪ ਜੀ ਨੇ ਦੋਨੋਂ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਮੁਖਵਾਕ ਤਾਂ ਲਿਆ, ਲੇਕਿਨ ਕਥਾ ਪ੍ਰਵਚਨ ਕੋਈ ਨਾ ਕੀਤਾ। ਪਰੰਤੂ ਸੰਗਤਾਂ ਨੂੰ ਅਜੇ ਵੀ ਆਸ ਹੈ ਕਿ ਸ਼ਾਇਦ ਭੋਗ ਵਾਲੇ ਦਿਨ ਕਥਾ ਵਾਲੀ ਕਿਰਪਾ ਕਰਨ। ਸਵੇਰੇ ਭੋਗ ਤੋਂ ਉਪਰੰਤ ਬਾਹਰ ਦੀਵਾਨ ਸਜਾਉਣ ਲਈ ਪੰਡਾਲ ਦੀ ਤਿਆਰੀ ਕੀਤੀ ਜਾ ਰਹੀ ਹੈ ਅਤੇ ਸੰਗਤਾਂ ਚਾਹ ਨਾਸ਼ਤਾ ਕਰ ਰਹੀਆਂ ਹਨ। ਇਤਨੇ ਨੂੰ ਸਰਦਾਰ ਉਜਾਗਰ ਸਿੰਘ ਸੂਰੀ, ਸਤਨਾਮ ਸਿੰਘ ਗੁਰਾਇਆ, ਸ੍ਰ: ਸੁਰਿੰਦਰ ਸਿੰਘ ਕਰਨਾਲ, ਅਤੇ ਰਛਪਾਲ ਸਿੰਘ (ਪਾਲੀ) ਆਦਿਕ ਪ੍ਰੇਮੀਆਂ ਨੇ ਸਲਾਹ ਕੀਤੀ, ਕਿ ਇਕੱਠੇ ਹੋ ਕੇ ਹਜ਼ੂਰ ਦੇ ਚਰਨਾਂ ਵਿੱਚ ਅਰਜ਼ ਕੀਤੀ ਜਾਵੇ, ਮਹਾਰਾਜ! ਕਿਰਪਾ ਕਰੋ ਅੱਜ ਬਾਹਰ ਦੀਵਾਨ ਵਿੱਚ ਸੰਗਤਾਂ ਨੂੰ ਕਥਾ ਰੂਪੀ ਵਚਨ ਜ਼ਰੂਰ ਸੁਣਾਉ! ਇਹ ਵਿਚਾਰ ਕਰਕੇ ਇੱਕ ਪ੍ਰੇਮੀ ਨੂੰ ਹੋਰ ਨਾਲ ਲੈ ਉੱਪਰ ਚੁਬਾਰੇ ਵਿੱਚ ਹਜ਼ੂਰ ਦੇ ਚਰਨਾਂ ਵਿੱਚ ਜਾ ਖਲੋਤੇ। ਅੱਗੇ ਹਜ਼ੂਰ ਵੀ ਇਨ੍ਹਾਂ ਵੱਲ ਤੱਕ ਕੇ ਮੁਸਕਰਾਈ ਜਾ ਰਹੇ ਹਨ। ਪ੍ਰੇਮੀ ਨਮਸ਼ਕਾਰ ਕਰਨ ਉਪਰੰਤ ਹੱਥ ਜੋੜ ਕੇ ਸਨਮੁਖ ਖੜ੍ਹੇ ਹੋ ਗਏ। ਇੱਕ ਪ੍ਰੇਮੀ ਨੇ ਅਰਜ਼ ਕੀਤੀ, ਮਹਾਰਾਜ! ਇਸ ਸਾਲ ਬਰਸੀ ਤੇ ਸੰਗਤਾਂ ਕਾਫੀ ਗਿਣਤੀ ਵਿੱਚ ਆਈਆਂ ਹੋਈਆਂ ਹਨ, ਉਨ੍ਹਾਂ ਵਿੱਚ ਕੁਝ ਐਸੇ ਸੱਜਣ ਵੀ ਹਨ, ਜਿਹੜੇ ਕੇਵਲ ਤੇ ਕੇਵਲ ਆਪ ਜੀਆਂ ਦੇ ਪਵਿੱਤਰ ਮੁਖਾਰਬਿੰਦ ਤੋਂ ਕੁਝ ਅੰਮ੍ਰਿਤਮਈ ਵਚਨ ਸੁਨਣ ਲਈ ਆਏ ਹਨ। ਇਸ ਲਈ ਆਪ ਕਿਰਪਾ ਕਰੋ, ਉਨ੍ਹਾਂ ਪਿਆਸਿਆਂ ਦੀ ਆਪ ਜੀ ਕਥਾ ਪ੍ਰਵਚਨ ਦੁਆਰਾ ਪਿਆਸ ਬੁਝਾਉ! ਪ੍ਰੇਮੀ ਦੀ ਬੇਨਤੀ ਸਮਾਪਤ ਹੁੰਦੇ ਹੀ, ਹਜ਼ੂਰ ਨੇ ਪਵਿੱਤਰ ਮੁਖ ਤੋਂ ਉਚਾਰਨ ਕੀਤਾ— **ਆਖਣਿ ਜੋਰੁ ਚੁਪੈ ਨਹ ਜੋਰੁ॥**

ਬੋਲੇ ਇਸ ਪੰਕਤੀ ਨੂੰ ਵਿਚਾਰਦੇ ਹੋਏ, ਥੱਲੇ ਜਾ ਕੇ ਜੋ ਸੇਵਾ ਮਿਲੀ, ਉਸ ਨੂੰ ਨਿਭਾਉ, ਅਸੀਂ ਜੋ ਕਹਿਣਾ, ਸੁਨਣਾ ਸੀ ਆਖ ਦਿੱਤਾ, ਬਸ ਇਹੀ ਸਾਰ ਹੈ। ਪ੍ਰੇਮੀ ਵਿਚਾਰੇ ਜਿਹੜੇ ਬੜੀ ਆਸ ਨਾਲ ਪੰਚਾਇਤੀ ਜੁੜ ਕੇ ਗਏ ਸਨ, ਨਿਰਾਸ ਜਿਹੇ ਹੋ ਥੱਲੇ ਆ ਗਏ।

## ਓਇ ਮੁਇਆ ਨ ਜਾਹੀ ਛੋੜਿ

ਜ਼ਿਕਰ 1991 ਦੀ ਕਨਖਲ ਵਾਲੀ ਬਰਸੀ ਦਾ ਹੈ। ਉਹ ਬਰਸੀ ਦਾ ਜ਼ਿਕਰ ਭਾਵੇਂ ਪਿੱਛੇ ਨਾਲ ਹੀ ਆ ਚੁੱਕਿਆ ਹੈ, ਲੇਕਿਨ ਇਸ ਲੇਖ ਦਾ ਵਿਸ਼ਾ ਕੁੱਝ ਵੱਖਰਾ ਹੋਣ ਕਰਕੇ ਅਲੱਗ ਦਿੱਤਾ ਜਾ ਰਿਹਾ ਹੈ। ਬਰਸੀ ਪੂਰੀ ਸਜ-ਧਜ ਨਾਲ ਮਨਾਈ ਜਾ ਰਹੀ ਹੈ ਅਤੇ ਸੰਗਤਾਂ ਦੀ ਵੀ ਭਾਰੀ ਗਹਿਮਾ ਗਹਿਮੀ ਹੈ। ਵਿਚਕਾਰਲੇ ਯਾਨੀ ਮੱਧ ਵਾਲੇ ਇਸ ਸਵੇਰੇ ਅੱਠ ਵਜੇ ਦਾ ਸਮਾਂ ਹੈ। ਹਜ਼ੂਰ ਆਪਣੀ ਮੌਜ ਵਿੱਚ ਖੂੰਡੇ ਦੇ ਸਹਾਰੇ ਖੜੇ, ਬਲਵਿੰਦਰ ਸਿੰਘ (ਵੈਂਪੀ) ਗੁਰਾਇਆ ਵਾਲੇ ਨੂੰ ਪੁੱਛ ਰਹੇ ਹਨ, ਸੁਣਿਆ ਸੀ ਤੇਰੀ ਵੱਡੀ ਕਾਰ ਦਾ ਐਕਸੀਡੈਂਟ ਹੋ ਗਿਆ? ਵੈਂਪੀ ਨੇ ਅਰਜ਼ ਕੀਤੀ, ਮਹਾਰਾਜ! ਡਰਾਈਵਰ ਬਾਹਰ ਸੂਏ ਤੇ ਧੋ ਰਿਹਾ ਹੈ, ਕਿਰਪਾ ਕਰੋ ਦੇਖੋ ਉੱਥੇ ਚੱਲਕੇ! ਆਪ ਦੀ ਕਿਰਪਾ ਨਾਲ ਬਚਾਅ ਹੋ ਗਿਆ! ਖੂੰਡਾ ਹੱਥ ਵਿੱਚ ਲੈ ਕੇ ਵੈਂਪੀ ਨਾਲ ਬਾਹਰ ਨਹਿਰ ਵੱਲ ਨੂੰ ਚੱਲ ਪਏ। ਡਾ: ਬਾਵਾ ਜੀ, ਅਤੇ ਇੱਕ ਹੋਰ ਪ੍ਰੇਮੀ ਵੀ ਚਿੱਪੀ ਲੈ ਕੇ ਇਸ ਆਸ ਨਾਲ ਚੱਲ ਪਏ, ਕਿ ਸ਼ਾਇਦ ਮਹਾਰਾਜ ਜੀ ਬਾਹਰ ਸੈਰ ਨੂੰ ਜਾਣਗੇ। ਗੱਡੀ ਕੋਲ ਜਾ ਕੇ ਵੈਂਪੀ ਨੂੰ ਪੁੱਛ ਰਹੇ ਹਨ, ਕਿ ਡੈਂਟਿੰਗ ਵਗੈਰਾ ਤੇ ਕਿੰਨਾ ਕੁ ਖਰਚਾ ਪੈ ਗਿਆ?

ਵੈਂਪੀ ਨੇ ਦੱਸਿਆ ਮਹਾਰਾਜ, ਰੁਪਏ ਤਾਂ ਕੋਈ ਪੈਂਠ-ਛਿਆਠ ਹਜ਼ਾਰ ਦੇ ਕਰੀਬ ਖ਼ਰਚ ਹੋ ਗਿਆ, ਲੇਕਿਨ ਇਸ ਦਾ ਇਨਸ਼ੋਰੈਂਸ ਤੇ ਕਲੇਮ ਹੋ ਜਾਵੇਗਾ। ਕੋਲੋਂ ਤਾਂ ਅੱਠ ਕੁ ਹਜ਼ਾਰ ਦੇ ਕਰੀਬ ਹੀ ਲੱਗੇਗਾ। ਇਸ ਤਰ੍ਹਾਂ ਗੱਲਾਂ ਤਾਂ ਭਾਵੇਂ ਵੈਂਪੀ ਨਾਲ ਕਰਦੇ ਖੜ੍ਹੇ ਨਜ਼ਰ ਆ ਰਹੇ ਹਨ, ਲੇਕਿਨ ਗਹੁ ਨਾਲ ਤੱਕਿਆਂ ਇਉਂ ਪ੍ਰਤੀਤ ਹੁੰਦਾ ਹੈ, ਜਿਵੇਂ ਵੈਂਪੀ ਦੀਆਂ ਗੱਲਾਂ ਵੱਲ ਕੋਈ ਧਿਆਨ ਨਹੀਂ ਬਲਕਿ ਖਿੱਚ ਕਿਸੇ ਹੋਰ ਪਾਸੇ ਪੈ ਰਹੀ ਪ੍ਰਤੀਤ ਹੋ ਰਹੀ ਹੈ। ਇਉਂ ਗੱਲਾਂ ਕਰਦੇ-ਕਰਦੇ ਬੜੀ ਤੇਜ਼ੀ ਨਾਲ ਬਾਈਪਾਸ ਵੱਲ ਨੂੰ ਚੱਲ ਪਏ, ਡਾ: ਬਾਵਾ ਜੀ ਅਤੇ ਦੂਸਰਾ ਚਿੱਪੀ ਵਾਲਾ ਪ੍ਰੇਮੀ ਵੀ ਨਾਲ ਹੋ ਗਿਆ। ਸੜਕ ਕਰਾਸ ਕਰਕੇ ਵੱਡੀ ਨਹਿਰ ਤੇ ਜਾ ਕੇ ਸ਼ੰਕਰਾਚਾਰੀਆ ਚੌਂਕ ਵੱਲ ਨੂੰ ਰੁਖ ਕੀਤਾ। ਨਾਲ ਜਾ ਰਹੇ ਪ੍ਰੇਮੀ ਨੂੰ ਹੁਕਮ ਕੀਤਾ ਕਿ ਜਪੁਜੀ ਸਾਹਿਬ ਦਾ ਪਾਠ ਸ਼ੁਰੂ ਕਰੋ। ਹੁਕਮ ਮੰਨ ਕੇ ਪ੍ਰੇਮੀਆਂ ਨੇ ਪਾਠ ਸ਼ੁਰੂ ਕਰ ਲਿਆ, ਲੇਕਿਨ ਤੇਜ਼ ਚੱਲਣ ਕਰਕੇ ਪਾਠ ਵੀ ਤੇਜ਼ ਹੋ ਰਿਹਾ ਸੀ। ਹੁਕਮ ਹੋਇਆ ਥੋੜ੍ਹੇ ਹੌਲੀ ਹੋ ਜਾਂਦੇ ਹਾਂ, ਲੇਕਿਨ ਪਾਠ ਬੜੇ ਪ੍ਰੇਮ ਨਾਲ ਹੌਲੀ-ਹੌਲੀ ਕਰੋ। ਖੈਰ ਸ਼ੰਕਰਾਚਾਰੀਆ ਚੌਂਕ ਕੋਲ ਜਾ ਕੇ ਜਪੁਜੀ ਸਾਹਿਬ ਦਾ ਪਾਠ ਸੰਪੂਰਨ ਹੋ ਗਿਆ। ਬਸ ਪਾਠ ਸੰਪੂਰਨ ਹੋਣ ਦੀ ਦੇਰ ਸੀ ਹੁਣ ਤਾਂ ਇਤਨੀ ਤੇਜ਼ੀ ਨਾਲ ਚੱਲ ਪਏ, ਜਿਵੇਂ ਬਹੁਤ ਜ਼ਲਦੀ ਕਿਸੇ ਟਿਕਾਣੇ ਤੇ ਪਹੁੰਚਣਾ ਹੈ, ਜਾਂ ਇਉਂ ਸਮਝੋ ਕਿ ਆਪਣੇ ਦਿਆਲੂ ਕ੍ਰਿਪਾਲੂ ਸੁਭਾਅ ਅਨੁਸਾਰ ਇੱਕ ਪਲ ਦੀ ਦੇਰੀ ਵੀ ਹੁਣ ਸਹਿਣ ਨਹੀਂ ਹੋ ਰਹੀ। ਚੌਂਕ ਤੋਂ ਬਜਾਏ ਸ਼ਹਿਰ ਜਾਂ ਨਹਿਰ ਵੱਲ ਜਾਣ ਦੇ ਬਾਈਪਾਸ ਵੱਲ ਨੂੰ ਰੁਖ ਕੀਤਾ। ਔਹ ਦੇਖੋ, ਹੁਣ ਬਾਈਪਾਸ ਵੀ ਛੱਡ ਦਿੱਤਾ ਇਤਨੀ ਜਲਦੀ ਕਿਉਂ? ਸ਼ਾਇਦ ਬਾਈਪਾਸ ਦੇ ਰਾਹ ਪੰਜ-ਸਤ ਮਿੰਟ ਵੱਧ ਲੱਗਣ ਦਾ ਡਰ ਸੀ, ਲੇਕਿਨ ਹੁਣ ਤਾਂ ਸ਼ਾਇਦ ਪਲ ਤੋਂ ਵੀ ਪਹਿਲਾਂ ਪਹੁੰਚਣਾ ਚਾਹੁੰਦੇ ਹਨ। ਰਸਤਾ ਕੋਈ ਨਹੀਂ, ਚੋਲਾ ਝਾੜੀਆਂ ਵਿੱਚ ਫਸ ਰਿਹਾ ਹੈ, ਚਰਨ ਚੱਪਲਾਂ ਸਮੇਤ ਛੋਟੀ ਮੋਟੀ ਝਾੜੀ ਦੇ ਸਿਰ ਤੇ ਹੀ ਟਿਕ ਜਾਂਦੇ ਹਨ। ਕਿਉਂਕਿ ਹੁਣ ਚੋਲਾ, ਚਰਨ, ਸਰੀਰ ਯਾ ਰਸਤੇ ਵੱਲ ਧਿਆਨ ਕਿੱਥੇ ਹੈ? ਡਾ: ਬਾਵਾ ਜੀ ਅਤੇ ਦੂਸਰਾ ਪ੍ਰੇਮੀ ਭੱਜ-ਭੱਜ ਕੇ ਰੱਲਣ ਦੀ ਕੋਸ਼ਿਸ਼ ਕਰਦੇ ਹਨ, ਲੇਕਿਨ ਬਜਾਏ ਨਾਲ ਰੱਲਣ ਦੇ ਦੂਰੀ ਵੱਧਦੀ ਜਾ ਰਹੀ ਹੈ। ਅਰਸ਼ੀ ਦਾਤਾ ਵੀ ਉੱਡ ਕੇ ਜਾਣ ਵਾਲੀ ਕਰਾਮਾਤ ਨੂੰ ਕਹਿਰ ਸਮਝਦਾ ਹੋਇਆ ਸ਼ਾਇਦ ਸੰਕੋਚ ਕਰਦਾ ਹੈ, ਲੇਕਿਨ ਕਸਰ ਹੁਣ ਕੋਈ ਬਾਕੀ ਨਹੀਂ। ਚਰਨ ਭਾਵੇਂ ਥੋੜ੍ਹੇ-ਬਹੁਤ ਥੱਲੇ ਲੱਗ ਰਹੇ ਹਨ ਲੇਕਿਨ ਤੇਜ਼ੀ ਹੁਣ ਪਲ-ਪਲ ਹਵਾ ਵਿੱਚ ਉਡਾਨ ਵਾਲੀ ਹੀ ਹੁੰਦੀ ਜਾ ਰਹੀ ਹੈ। ਹੁਣ ਇੱਕ ਕਾਫ਼ੀ ਉੱਚਾ ਬੰਨ੍ਹਾ ਆ ਗਿਆ, ਔਹ ਬੜੀ ਤੇਜ਼ੀ ਨਾਲ ਉੱਪਰ ਜਾ ਚੜ੍ਹੇ, ਪ੍ਰੇਮੀ ਵੀ ਪਿੱਛੇ-ਪਿੱਛੇ ਕਾਫੀ ਕੋਸ਼ਿਸ਼ ਕਰ ਰਿਹਾ ਹੈ, ਨਾਲ ਚੱਲਣ ਦੀ, ਲੇਕਿਨ ਅਸਫਲ। ਡਾ: ਜੀ ਤਾਂ ਹੋਰ ਵੀ ਪਿੱਛੇ ਰਹਿ ਗਏ, ਅਜੇ ਸ਼ਾਇਦ ਟਿਕਾਣਾ ਨਹੀਂ ਆਇਆ, ਜਿੱਥੇ ਆਪ ਪਹੁੰਚਣਾ ਚਾਹੁੰਦੇ ਹਨ। ਪਿੱਛੇ ਆ ਰਹੇ ਪ੍ਰੇਮੀਆਂ ਵੱਲ ਵੀ ਕੋਈ ਧਿਆਨ ਨਹੀਂ, ਆਲੇ-ਦੁਆਲੇ ਤੋਂ ਬਿਲਕੁਲ

ਬੇਖ਼ਬਰ, ਉੱਚੇ, ਨੀਵੇਂ ਥਾਂ ਤੋਂ ਬੇਪਰਵਾਹ, ਬਸ ਚੱਲ ਸੋ ਚੱਲ ਹੈ। ਪ੍ਰੇਮੀ ਵੀ ਮਨ ਵਿੱਚ ਸੋਚ ਰਿਹਾ ਹੈ, ਕਿ ਸੜਕ ਦਾ ਰਸਤਾ ਛੱਡ ਕੇ ਉੱਚੇ ਨੀਵੇਂ ਕੰਡਿਆਲੇ ਰਾਹ ਪੈ ਜਾਣਾ, ਇਹ ਸੈਰ ਨਹੀਂ, ਇਹ ਤਾਂ ਕੋਈ ਖਾਸ ਕਾਰਨ ਹੈ। ਬੰਨ੍ਹ ਤੇ ਵੀ ਹਵਾ ਵਰਗੀ ਤੇਜ਼ੀ ਨਾਲ ਚੱਲਦੇ ਹੋਏ, ਹੁਣ ਉਸ ਥਾਂ ਜਾ ਪਹੁੰਚੇ, ਨੀਲਧਾਰਾ ਯਾਨੀ ਜਿੱਥੇ ਬੰਨ੍ਹ ਖ਼ਤਮ ਹੁੰਦਾ ਹੈ। ਅੱਗੇ ਹੁਣ ਕੋਈ ਰਸਤਾ ਨਹੀਂ, ਕਿਉਂਕਿ ਗੰਗਾ ਦਾ ਤੀਰ ਆ ਗਿਆ, ਸ਼ਾਇਦ ਵਾਪਸ ਮੁੜਨ, ਪਰੰਤੂ ਨਹੀਂ! ਵਾਪਸ ਮੁੜਨ ਦੀ ਬਜਾਏ ਉਤਨੀ ਹੀ ਤੇਜ਼ੀ ਨਾਲ ਵੱਡੇ-ਵੱਡੇ ਪੱਥਰਾਂ ਤੇ ਛਾਲਾਂ ਮਾਰਦੇ ਥੱਲੇ ਜਾ ਖੜ੍ਹੇ ਗੰਗਾ ਦੇ ਤੀਰ ਤੇ, ਆਸ਼ਰਮ ਤੋਂ ਚੱਲਕੇ ਹੁਣ ਪਹਿਲੀ ਵਾਰ ਪਿੱਛੇ ਨੂੰ ਦ੍ਰਿਸ਼ਟੀ ਘੁਮਾਈ, ਦਸ ਕੁ ਕਦਮ ਪਿੱਛੇ ਆ ਰਹੇ ਪ੍ਰੇਮੀ ਨੂੰ ਬੋਲੇ, ਆਉ ਕਰੋ ਦਰਸ਼ਨ! ਪ੍ਰੇਮੀ ਨੇ ਸੋਚਿਆ ਗੰਗਾ ਦੇ ਦਰਸ਼ਨਾਂ ਬਾਰੇ ਆਖ ਰਹੇ ਹਨ, ਬੋਲਿਆ ਹਾਂ ਮਹਾਰਾਜ ਜੀ ਆ ਰਿਹਾ ਹਾਂ। ਜਦੋਂ ਕੋਲ ਪਹੁੰਚ ਕੇ ਦੇਖਿਆ, ਪ੍ਰੇਮੀ ਹੈਰਾਨ ਹੋ ਗਿਆ ਇੱਕ ਨਿਰਜਿੰਦ ਮਨੁੱਖ ਨੂੰ ਗੰਗਾ ਵਿੱਚ ਖੜਾ ਦੇਖ ਕੇ! ਅਸਚਰਜਤਾ ਦੀ ਹੱਦ ਨਾ ਰਹੀ, ਮਨ ਬੁੱਧੀ ਦੀ ਸੋਚ ਤੋਂ ਪਰ੍ਹੇ ਦਾ ਖੇਡ ਦੇਖਕੇ, ਚਰਨਾਂ ਤੇ ਡਿੱਗ ਕੇ ਅਰਜ਼ ਕੀਤੀ, ਮਹਾਰਾਜ! ਐਹ ਕਾਰਨ ਸੀ ਆਪ ਦੀ ਹਵਾ ਵਰਗੀ ਤੇਜ਼ੀ ਦਾ, ਕਿੰਨਾਂ ਕੋਈ ਕੋਈ ਭਾਗਸ਼ਾਲੀ ਜੀਵ ਹੈ, ਜਿਸ ਦੀ ਪਰੇਮ ਖਿਚ ਕਾਰਨ ਆਪ ਰਾਹੋਂ, ਕੁਰਾਹ, ਉੱਚੀ, ਨੀਵੀਂ ਨੀਵੀਂ ਜਗ੍ਹਾ ਤੋਂ ਬੇਖ਼ਬਰ, ਝਾੜੀਆਂ ਕੰਡਿਆਂ ਦੇ ਵਿੱਚ ਚੋਲੇ ਦਾ ਫਸਣਾ, ਚੱਪਲਾਂ ਸਮੇਤ ਝਾੜੀਆਂ ਦੇ ਸਿਰਾਂ ਤੇ ਚਰਨ ਰੱਖਦੇ ਪੂਰੀ ਬੇਪ੍ਰਵਾਹੀ ਨਾਲ ਚੱਲਦੇ ਹੋਏ, ਇਸਦੇ ਕੋਲ ਪਹੁੰਚੇ ਹੋ?

ਮਹਾਰਾਜ ਇਹ ਪ੍ਰੇਮੀ ਹੈ ਕੌਣ? ਅਤੇ ਇਸਦੀ ਕਿਹੜੀ ਕਿਰਿਆ ਤੇ ਰੀਝਕੇ ਇਤਨੇ ਕਸ਼ਟਦਾਇਕ ਰਸਤੇ ਵਿੱਚ ਦੀ ਗੁਜ਼ਰ ਕੇ ਇਸਦੀ ਸੰਸਾਰਕ ਯਾਤਰਾ ਦੇ ਆਖਰੀ ਸਮੇਂ ਕੋਲ ਪਹੁੰਚੇ ਹੋ? ਮਹਾਰਾਜ! ਇਸ ਨੂੰ ਕੋਈ ਪੁਰਾਤਨ ਬਚਨ ਦਿੱਤਾ ਹੋਇਆ ਸੀ, ਜਾਂ ਇਸਦੀ ਕੋਈ ਸੇਵਾ ਆਪ ਦੇ ਮਨ ਨੂੰ ਭਾ ਗਈ?

ਆਪ ਧੰਨ ਹੋ! ਆਪ ਦੀ ਲੀਲਾ ਲਖੀ ਨਹੀਂ ਜਾ ਸਕਦੀ। —**ਤੁਮਰੀ ਗਤਿ ਮਿਤਿ ਤੁਮਹੀ ਜਾਨੀ॥** ਪ੍ਰੇਮੀ ਅਧ ਬੇਹੋਸ਼ੀ ਹਾਲਤ ਵਿੱਚ ਅਤੇ ਅਸਚਰਜਤਾ ਵਿੱਚ ਡੁੱਬਿਆ ਉਪਰੋਕਤ ਬਚਨ ਉਚਾਰੀ ਜਾ ਰਿਹਾ ਹੈ। ਹੁਣ ਹਜ਼ੂਰ ਨੇ ਚੁੱਪ ਖੋਲ੍ਹੀ ਪਵਿੱਤਰ ਬੁੱਲ੍ਹ ਫਰਕੇ, ਹੁਕਮ ਹੋਇਆ—

ੴ ਦੇ ਦਰਸ਼ਨ ਕਰੋ! ਅਰਜ਼ ਕੀਤੀ, ਮਹਾਰਾਜ ਕਰਾ ਦਿਉ! ਔਹ ਦੇਖੋ ਹੱਥ ਤੇ। ਪ੍ਰੇਮੀ ਨੇ ਜਦੋਂ ਨਜ਼ਰ ਮਾਰੀ ਉਸ ਭਾਗਵਾਨ ਪੁਰਸ਼ ਦੇ ਹੱਥ ਤੇ ਪਿਛਲੇ ਪਾਸੇ ੴ ਉਕਰਿਆ ਹੋਇਆ ਸੀ। ਗੰਗਾ ਦੇ ਤੇਜ਼ ਵਹਿ ਰਹੇ ਪਾਣੀ ਵਿੱਚ ਬਿਲਕੁਲ ਸਿੱਧੇ ਖੜ੍ਹੇ ਉਸ ਨਿਰਜਿੰਦ ਪੁਰਸ਼ ਦੇ ਉੱਪਰ ਨੂੰ ਖੜ੍ਹੇ ਦੋਨੋਂ ਹੱਥ ਅੱਗੇ, ਪਿੱਛੇ ਨੂੰ ਹਿੱਲੀ ਜਾ ਰਹੇ ਹਨ। ਹਜ਼ੂਰ ਨੇ ਪੁੱਛਿਆ ਇਹ ਹੱਥ ਕਿਉਂ ਹਿਲਾਉਂਦਾ ਹੈ? ਮਹਾਰਾਜ! ਇਹ ਖੁਦ ਤਾਂ ਹਿਲਾ ਨਹੀਂ ਸਕਦਾ, ਕਿਉਂਕਿ ਨਿਰਜਿੰਦ ਹੈ, ਇਸ ਲਈ ਇਹ ਤਾਂ ਪਾਣੀ ਦੀਆਂ ਝੋਲਾਂ ਨਾਲ ਹਿੱਲ ਰਹੇ ਹਨ! ਹਜ਼ੂਰ ਬੋਲੇ, ਐਸਾ ਨਹੀਂ ਹੈ! ਇਹ ਤਾਂ ਦੋਨੋਂ ਹੱਥ ਖੜ੍ਹੇ ਕਰਕੇ ਕਹਿ ਰਿਹਾ ਹੈ, ਬੜਾ ਅਨੰਦ ਹੈ! ਬੜਾ ਅਨੰਦ ਹੈ!! ਬੜਾ ਅਨੰਦ ਹੈ!!!

ਇਤਨੇ ਨੂੰ ਡਾਕਟਰ ਜੀ ਵੀ ਆ ਗਏ, ਬੋਲੇ ਮਹਾਰਾਜ! ਸ਼ਾਸਤਰਾਂ ਵਿੱਚ ਲਿਖਿਆ ਹੈ, ਕਿ ਜੀਵ ਜੋ ਕਰਮ ਕਰਦਾ ਹੈ ਉਨ੍ਹਾਂ ਦਾ ਫਲ, ਸੂਖਸ਼ਮ ਸਰੀਰ ਪ੍ਰਾਣਾਂ ਦੇ ਅੰਤ ਸਮੇਂ ਨਾਲ ਲੈ ਕੇ ਚਲਾ ਜਾਂਦਾ ਹੈ, ਉਨ੍ਹਾਂ ਕੀਤੇ ਕਰਮਾਂ ਦੇ ਅਨੁਸਾਰ ਹੀ ਉਸਨੂੰ ਦੂਸਰਾ ਸਰੀਰ ਜਾਂ ਦੁੱਖ-ਸੁੱਖ ਪ੍ਰਾਪਤ ਹੁੰਦੇ ਹਨ। ਪਿੱਛੇ ਰਿਹਾ, ਮ੍ਰਿਤਕ ਪੰਜ ਭੌਤਿਕ ਸਰੀਰ ਤਾਂ ਜੜ੍ਹ ਹੈ, ਇਸ ਨੇ ਕੀ ਮੁਕਤ ਤੇ ਕੀ ਬੰਧਾਇਮਾਨ ਹੋਣਾ ਹੋਇਆ? ਕਿਉਂਕਿ ਮੁਕਤੀ ਅਤੇ ਬੰਧਨ ਸੂਕਸ਼ਮ ਸਰੀਰ ਦੇ ਧਰਮ ਹਨ, ਇਸ ਅਸਥੂਲ ਸਰੀਰ ਦੇ ਨਹੀਂ? ਹਜ਼ੂਰ ਬੋਲੇ, ਭਾਈ ਸ਼ਾਸਤਰ ਸਾਰੇ ਕ੍ਰਿਤ ਹਨ ਕਰਤਾ ਪੁਰਖ ਦੀ। ਕਰਤਾਰ ਸਭ ਕੁੱਝ ਕਰਨ ਨੂੰ ਸਮਰਥ ਹੈ, ਸ਼ਾਸਤਰ ਉਸ ਦੀ ਮਹਿਮਾ ਨੂੰ ਨਹੀਂ ਜਾਣ ਸਕਦੇ, ਦੇਖ ਗੁਰੂ ਸਾਹਿਬ ਜੀ ਕੀ ਇਸ਼ਾਰਾ ਕਰ ਰਹੇ ਹਨ—

**ਮਹਿਮਾ ਨ ਜਾਨਹਿ ਬੇਦ॥ ਬ੍ਰਹਮੇ ਨਹੀ ਜਾਨਹਿ ਭੇਦ॥**
**ਅਵਤਾਰ ਨ ਜਾਨਹਿ ਅੰਤੁ॥ ਪਰਮੇਸਰੁ ਪਾਰਬ੍ਰਹਮ ਬੇਅੰਤੁ॥**
**ਅਪਨੀ ਗਤਿ ਆਪਿ ਜਾਨੈ॥ ਸੁਣਿ ਸੁਣਿ ਅਵਰ ਵਖਾਨੈ॥ ਰਹਾਉ॥**
**ਸੰਕਰਾ ਨਹੀਂ ਜਾਨਹਿ ਭੇਵ॥ ਖੋਜਤ ਹਾਰੇ ਦੇਵ॥**

ਦੇਵੀਆ ਨਹੀ ਜਾਨੈ ਮਰਮ॥ ਸਭ ਊਪਰਿ ਅਲਖ ਪਾਰਬ੍ਰਹਮ॥
ਅਪਨੈ ਰੰਗਿ ਕਰਤਾ ਕੇਲ॥ ਆਪਿ ਬਿਛੋਰੈ ਆਪੇ ਮੇਲ॥
ਇਕਿ ਭਰਮੇ ਇਕਿ ਭਗਤੀ ਲਾਏ॥ ਆਪਣਾ ਕੀਆ ਆਪਿ ਜਣਾਏ॥
ਸੰਤਨ ਕੀ ਸੁਣਿ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀ॥
ਨਹੀ ਲੇਪੁ ਤਿਸੁ ਪੁੰਨਿ ਨ ਪਾਪਿ॥ ਨਾਨਕ ਕਾ ਪ੍ਰਭੁ ਆਪੇ ਆਪਿ॥

*(ਰਾਮਕਲੀ ਮ: ੫ ਪੰਨਾ-੮੯੪)*

ਉਸ ਦੀ ਪੂਰੀ-ਪੂਰੀ ਮਹਿਮਾ ਲਿਖਣ ਪੜ੍ਹਣ ਵਿੱਚ ਨਹੀਂ ਆ ਸਕਦੀ, ਉਹ ਤਾਂ ਉਹ ਖੁਦ ਹੀ ਜਾਣਦਾ ਹੈ। ਠੀਕ ਹੈ ਸ਼ਾਸਤਰ ਵੀ ਉਸਦੇ ਵਿਧਾਨ ਦੀ ਵਿਆਖਿਆ ਕਰਦੇ ਹਨ, ਲੇਕਿਨ ਵਿਧਾਨ ਬਨਾਉਣ ਵਾਲਾ ਵਿਧਾਨ ਤੋਂ ਉੱਪਰ ਹੈ, ਉਹ ਚਾਹੇ, ਤਾਂ ਵਿਧਾਨ ਦੀਆਂ ਧਾਰਾਂਵਾਂ ਵੀ ਬਦਲ ਸਕਦਾ ਹੈ। ਜਿਵੇਂ ਇੱਕ ਕਿਸੇ ਵੱਡੇ ਦੋਸ਼ੀ ਨੂੰ ਕਾਨੂੰਨ ਦੇ ਤਹਿਤ ਜੱਜ ਫਾਂਸੀ ਦੀ ਸਜ਼ਾ ਸੁਣਾ ਦਿੰਦਾ ਹੈ ਲੇਕਿਨ ਦੇਸ਼ ਦਾ ਰਾਜਾ ਹੁਕਮ ਕਰ ਦਿੰਦਾ ਹੈ, ਇਸ ਨੂੰ ਛੱਡ ਦਿਉ! ਫਾਂਸੀ ਨਹੀਂ ਦੇਣੀ। ਫਿਰ ਕਾਨੂੰਨ ਅਤੇ ਜੱਜ ਕਿੱਥੇ ਰਹਿ ਜਾਂਦੇ ਹਨ। ਇਸ ਲਈ **ਹਰਿ ਕੀ ਗਤਿ ਨ ਕੋਊ ਜਾਨੈ॥** ਹਜ਼ੂਰ ਉਸ ਨਿਰਜਿੰਦ ਪੁਰਸ਼ ਦੇ ਸਿਰ ਦੇ ਬਰਾਬਰ ਖੜ੍ਹੇ ਖੁੰਡੇ ਤੇ ਠੋਡੀ ਟਿਕਾ, ਉਪਰੋਕਤ ਬਚਨ ਉਚਾਰਦੇ ਗਏ। ਲੇਕਿਨ ਧਿਆਨ ਇੱਕ ਟੱਕ ਉਸ ਪੁਰਸ਼ ਵੱਲ ਹੀ ਟਿਕਾਈ ਰੱਖਿਆ। ਹੁਣ ਆਪ ਨੇ ਆਪਣੀ ਮੰਜ਼ਿਲ ਵਿੱਚ ਵਾਪਸੀ ਦਾ ਰੁਖ ਕੀਤਾ, ਲੇਕਿਨ ਪ੍ਰੇਮੀ ਦੀ ਅਸ਼ਚਰਜਤਾ ਵਿੱਚ ਅਜੇ ਵੀ ਕੋਈ ਫਰਕ ਨਹੀਂ ਆ ਰਿਹਾ, ਅੰਦਰ ਇਉਂ ਮਹਿਸੂਸ ਕਰੀ ਜਾ ਰਿਹਾ ਹੈ, ਕਿ ਮੈਂ ਕਿਸੇ ਹੋਰ ਧਰਤੀ ਤੇ ਅਲੌਕਿਕ ਦ੍ਰਿਸ਼ ਦੇਖ ਰਿਹਾ ਹਾਂ। ਵਾਪਸ ਚੱਲਦਿਆਂ-ਚੱਲਦਿਆਂ ਅਰਜ਼ ਕੀਤੀ, ਮਹਾਰਾਜ! ਅੱਜ ਤਾਂ ਆਪ ਜੀਆਂ ਨੇ ਇਉਂ ਅਲੌਕਿਕ ਦਰਸ਼ਨ ਕਰਵਾਏ ਜਿਵੇਂ ਬਗਦਾਦ ਵਿੱਚ ਪੀਰ ਬਹਿਲੋਲ ਦੇ ਪੁੱਤਰ ਨੂੰ ਗੁਰੂ ਨਾਨਕ ਦੇਵ ਜੀ ਨੇ ਲੱਖ ਆਗਾਸ ਲੱਖ ਪਾਤਾਲ ਦੇ ਦਰਸ਼ਨ ਕਰਾਏ ਸਨ। ਹਜ਼ੂਰ ਬੋਲੇ, ਗੁਰੂ ਬਾਬਾ ਜੀ ਨੇ ਤਾਂ ਪੀਰ ਦੇ ਲੜਕੇ ਨੂੰ ਕਿਸੇ ਹੋਰ ਪੁਰੀ ਵਿੱਚੋਂ ਪ੍ਰਸ਼ਾਦ ਦਾ ਕੌਲ ਵੀ ਦਵਾ ਕੇ ਲਿਆਂਦਾ ਸੀ ਕਿ ਤੇਰੇ ਪਿਉ ਨੂੰ ਛਕਾਈਂ। ਜਦੋਂ ਆਪ ਇਹ ਬਚਨ ਕਰ ਰਹੇ ਸਨ, ਉਸ ਵਕਤ ਸ਼ੰਕਰਾਚਾਰੀਆ ਚੌਕ ਵਿੱਚ ਪਹੁੰਚ ਚੁੱਕੇ ਸਨ। ਉਸੇ ਸਮੇਂ ਸਫੈਦ ਰੰਗ ਦੀ ਇੱਕ ਅੰਬੈਸਡਰ ਕਾਰ ਕੋਲ ਆ ਕੇ ਰੁਕੀ, ਉਸ ਵਿੱਚੋਂ ਪੰਜ-ਛੇ ਬੰਦਿਆਂ ਨੇ ਨਿਕਲ ਕੇ ਹਜ਼ੂਰ ਨੂੰ ਨਮਸ਼ਕਾਰ ਕੀਤੀ, ਜਿਨ੍ਹਾਂ ਵਿੱਚ ਦੇਵਪੁਰਾ ਆਸ਼ਰਮ ਦੇ ਮਹੰਤ, ਸ੍ਰੀਮਾਨ ਦਰਸ਼ਨ ਸਿੰਘ ਜੀ ਨੇ ਪੰਜ ਸੌ ਰੁਪਏ ਦਾ ਨੋਟ ਆਪ ਦੇ ਚਰਨਾਂ ਵਿੱਚ ਰੱਖਕੇ ਨਮਸ਼ਕਾਰ ਕੀਤੀ, ਅਤੇ ਦੱਸਿਆ, ਕਿ ਮਹਾਰਾਜ! ਇਹ ਪੰਜ ਸੌ ਰੁਪਇਆ ਮਹਾਰਾਜ ਮ੍ਰਿਗਇੰਦਰ ਸਿੰਘ ਪਟਿਆਲਾ ਨੇ ਅਮਰੀਕਾ ਤੋਂ ਆਪ ਦੇ ਚਰਨਾਂ ਵਿੱਚ ਭੇਜਿਆ ਹੈ, ਪ੍ਰਵਾਨ ਕਰੋ। ਪ੍ਰੇਮੀ ਨੇ ਨੋਟ ਚਰਨਾਂ ਤੋਂ ਚੁਕਦਿਆਂ ਅਰਜ਼ ਕੀਤੀ, ਮਹਾਰਾਜ! ਪੀਰ ਦੇ ਲੜਕੇ ਵਾਂਗ ਪ੍ਰਸ਼ਾਦ ਵੀ ਆ ਗਿਆ ਸਭ ਸੰਗਤਾਂ ਵਾਸਤੇ। ਲੇਕਿਨ ਮਿੱਠੀ-ਮਿੱਠੀ ਸੁਰ ਵਿੱਚ ਇੱਕ ਆਵਾਜ਼ ਸੁਣਾਈ ਦੇ ਰਹੀ ਹੈ—

ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥

*(ਡਖਣੇ ਮ: ੫, ਪੰਨਾ-੧੧੦੨)*

## ਜੋ ਮਾਗਹਿ ਠਾਕੁਰ ਅਪੁਨੇ ਤੇ

ਗੁਰਬਾਣੀ ਅਨੁਸਾਰ ਦੁੱਖ, ਦਵਾਈ ਬਣ ਜਾਂਦਾ ਹੈ, ਅਤੇ ਸੁੱਖ ਰੋਗ, ਲੇਕਿਨ ਕਿਸੇ ਸੀਮਾ ਤੱਕ। ਸਹਿਣ ਕਰਨ ਦੀ ਹੱਦ ਤੋਂ ਉੱਪਰ ਲੰਘ ਕੇ ਦੋਨੋਂ ਇਨਸਾਨ ਨੂੰ ਗੁਮਰਾਹ ਬਣਾ ਦਿੰਦੇ ਹਨ। ਜਦੋਂ ਮਨ ਦੀ ਸਹਿਣ ਸ਼ਕਤੀ ਤੋਂ ਵੱਧ ਜਾਂਦੇ ਹਨ ਤਾਂ ਚੌਵੀ ਘੰਟੇ ਇਨ੍ਹਾਂ ਵੱਲ ਲੱਗਿਆ ਰਹਿਣ ਕਰਕੇ ਸੇਵਾ, ਸਿਮਰਨ, ਧਿਆਨ, ਜੱਪ, ਤੱਪ, ਆਦਿਕ ਦੈਵੀ ਗੁਣ ਵਿਸਰ ਜਾਂਦੇ ਹਨ। ਅਜਿਹਾ ਹੀ ਇੱਕ ਜ਼ਿਕਰ 1991 ਈ: ਦੇ ਕਰੀਬ ਦਾ ਹੈ ਜਦੋਂ ਉਜਾਗਰ ਸਿੰਘ ਸੂਰੀ ਪਰਿਵਾਰ ਗੁਰਾਇਆ ਵਾਲੇ ਜੋ ਹਜ਼ੂਰ ਦਾ ਅਨਿੰਨ ਸੇਵਕ ਹੈ ਨੂੰ ਕਾਰੋਬਾਰ ਵਿੱਚ ਥੋੜ੍ਹਾ ਝਟਕਾ ਲੱਗਿਆ।

ਹੋਇਆ ਇੰਜ ਕਿ ਸੂਰੀ ਫਰਮ ਹੀਰੋਹਾਂਡਾ ਮੋਟਰਸਾਈਕਲ ਨੂੰ ਸਪੀਡੋਮੀਟਰ ਦਾ ਕੋਈ ਪਾਰਟ ਸਪਲਾਈ ਕਰਦੇ ਸਨ। ਕਾਰੋਬਾਰ ਮੁਨਾਫੇ ਵਾਲਾ ਹੋਣ ਕਰਕੇ ਜਿੱਥੇ ਸਾਰਾ ਪਰਿਵਾਰ ਸੁੱਖ ਦਾ ਜੀਵਨ ਬਤੀਤ ਕਰ ਰਿਹਾ ਸੀ, ਉੱਥੇ ਗੁਰਬਾਣੀ

ਦਾ ਨਿੱਤਨੇਮੀ, ਸੰਤ ਸੇਵੀ, ਧਾਰਮਿਕ ਕੰਮਾਂ ਵਿੱਚ ਵੱਧ ਚੜ੍ਹਕੇ ਰੁਚੀ ਰੱਖਦਾ ਸੀ। ਅਚਾਨਕ ਹੀਰੋਹਾਂਡਾ ਫਰਮ ਨੇ ਪਾਰਟ ਲੈਣ ਤੋਂ ਇਨਕਾਰ ਕਰ ਦਿੱਤਾ, ਕਿ ਇਹੀ ਪਾਰਟ ਅਸੀਂ ਜਪਾਨ ਦੀ ਸਜ਼ੂਕੀ ਕੰਪਨੀ ਤੋਂ ਬਰਾਮਦ ਕਰਾਂਗੇ। ਸੂਰੀ ਫਰਮ ਨੇ ਆਪਣੇ ਸਾਧਨਾਂ ਰਾਹੀਂ ਪੂਰੀ ਕੋਸ਼ਿਸ਼ ਕੀਤੀ, ਕਿ ਸਮਾਨ ਦੀ ਸਪਲਾਈ ਸ਼ੁਰੂ ਹੋ ਜਾਵੇ, ਲੇਕਿਨ ਸਭ ਅਸਫਲ। ਬਣਿਆ ਸਮਾਨ ਕਾਫੀ ਜਮ੍ਹਾਂ ਹੋ ਗਿਆ, ਕੋਈ ਚੁੱਕ ਨਹੀਂ ਰਿਹਾ। ਪਰੋਡਕਸ਼ਨ ਬੰਦ ਨਹੀਂ ਕਰ ਸਕਦੇ, ਕਿਉਂਕਿ ਲੇਬਰ ਵਿਹਲੀ ਬੈਠੇਗੀ, ਕਾਨੂੰਨ ਮੁਤਾਬਿਕ ਲੇਬਰ ਨੂੰ ਹਟਾ ਵੀ ਨਹੀਂ ਸਕਦੇ। ਕਈ ਦਿਨ ਐਸੇ ਹੀ ਗੁਜ਼ਰ ਗਏ, ਕੋਈ ਹੱਲ ਨਾ ਹੋਇਆ। ਇਸ ਤੋਂ ਬਿਨਾਂ ਹੋਰ ਕੋਈ ਕਿੱਤਾ ਵੀ ਨਹੀਂ ਜਿਸ ਤੋਂ ਗੁਜ਼ਾਰਾ ਚੱਲਦਾ ਰਹੇ। ਲੇਬਰ, ਬਿਜਲੀ ਆਦਿਕ ਫੈਕਟਰੀ ਦੇ ਰੋਜ਼ ਦੇ ਹਜ਼ਾਰਾਂ ਖਰਚੇ, ਆਮਦਨ ਇੱਕ ਆਨੇ ਦੀ ਵੀ ਨਹੀਂ, ਕਿੰਨੇ ਦਿਨ ਐਸੀ ਹਾਲਤ ਵਿੱਚ ਗੁਜ਼ਰ ਗਏ। ਸਭ ਪਰਿਵਾਰ ਦਾ ਜਪੁ, ਤਪੁ, ਪੂਜਾ, ਪਾਠ ਭੁੱਲ ਗਿਆ, ਧਿਆਨ ਸਭ ਦਾ ਚੌਵੀ ਘੰਟੇ ਕਾਰੋਬਾਰ ਦੀ ਦੁਖਦਾਈ ਹਾਲਤ ਵੱਲ, ਨਾ ਬਣਿਆ ਸਮਾਨ ਵਿਕਦਾ ਹੈ, ਨਾ ਲੇਬਰ ਨੂੰ ਵਿਹਲਾ ਬਿਠਾਇਆ ਜਾ ਸਕਦਾ ਹੈ। ਹੁਣ ਹੋਰ ਕੋਈ ਚਾਰਾ ਨਾ ਚੱਲਦਾ ਦੇਖ ਕੇ—**ਅਖੀਂ ਮੀਟ ਧਿਆਨ ਧਰ ਹਾ-ਹਾ ਕ੍ਰਿਸ਼ਨ ਕਰੇ ਬਿਲਲਾਂਦੀ** ਵਾਲਾ ਤਰੀਕਾ ਸੁੱਝਿਆ। ਪੂਜਯ ਮਹੰਤ ਮਹਾਰਾਜ ਜੀ ਬੰਬਈ ਗਏ ਹੋਏ ਸਨ। ਰਾਤ ਨੂੰ ਵੈਂਪੀ ਨੇ ਫੋਨ ਮਿਲਾ ਕੇ ਨਮਸ਼ਕਾਰ ਕੀਤੀ। ਘਟ-ਘਟ ਕੀ ਜਾਨਣਹਾਰ ਦਾਤੇ ਨੇ ਪੁੱਛਿਆ, ਪਾਠ ਕਿਤਨਾ ਕਰਦੇ ਹੋ ਰੋਜ਼? ਵੈਂਪੀ ਸਮਝ ਗਿਆ ਕਿ ਡਾਕਟਰ ਨੇ ਨਬਜ਼ ਪਕੜ ਲਈ, ਅਰਜ਼ ਕੀਤੀ ਮਹਾਰਾਜ ਹੁਣ ਤਾਂ ਸਭ ਭੁੱਲ ਗਿਆ। ਹੁਕਮ ਹੋਇਆ—**ਸੇਵਾ ਥੋਰੀ ਮਾਂਗਨ ਬਹੁਤਾ॥** ਵੈਂਪੀ ਹੈਰਾਨ ਹੈ ਕਿ ਬਿਨਾਂ ਦੱਸੇ ਹੀ ਦਾਤੇ ਨੇ ਮੇਰੇ ਦੁੱਖ ਨੂੰ ਪਕੜ ਲਿਆ। ਹੁਣ ਭੈ ਇਤਨਾ ਪੈ ਗਿਆ, ਕਿ ਜਿਸ ਅਰਜ਼ ਲਈ ਫੋਨ ਕੀਤਾ ਸੀ ਉਹ ਜ਼ਬਾਨ ਵਿੱਚੋਂ ਨਿਕਲ ਹੀ ਨਹੀਂ ਰਹੀ। ਆਖਰ ਨਮਸ਼ਕਾਰ ਕਰਕੇ ਫੋਨ ਰੱਖ ਦਿੱਤਾ। ਰਾਤ ਗੁਜਰਨ ਤੋਂ ਬਾਅਦ ਸਵੇਰੇ ਨੌਂ ਵਜੇ ਦਫਤਰ ਗਏ, ਤਾਂ ਹੀਰੋਹਾਂਡਾ ਕੰਪਨੀ ਦਾ ਮੈਨੇਜਰ ਆਇਆ ਬੈਠਾ ਹੈ। ਮੈਨੇਜਰ ਨੇ ਆਖਿਆ ਕਿ ਸਜ਼ੂਕੀ ਕੰਪਨੀ ਨਾਲ ਸਾਡੀ ਗੱਲ ਟੁੱਟ ਚੁੱਕੀ ਹੈ। ਤੁਹਾਡੇ ਕੋਲ ਹੁਣ ਜਿਤਨਾ ਸਮਾਨ ਤਿਆਰ ਹੈ, ਬਿਨ੍ਹਾਂ ਕਿਸੇ ਦੇਰੀ ਤੋਂ ਅੱਜ ਹੀ ਭੇਜ ਦਿਉ, ਬਾਕੀ ਰੁਟੀਨ ਅਨੁਸਾਰ ਭੇਜਦੇ ਰਹਿਣਾ।

## ਨਿਰਭਉ ਤੇ ਨਿਰਵੈਰ

ਜ਼ਿਕਰ 1991 ਦੇ ਕਿਸੇ ਸਮੇਂ ਦਾ ਹੈ ਜਦੋਂ ਪੰਜਾਬ ਵਿੱਚ ਬਦਅਮਨੀ, ਅਸ਼ਾਂਤੀ ਅਤੇ ਮਾਰਧਾੜ ਦਾ ਦੌਰ ਜ਼ੋਰਾਂ ਤੇ ਚੱਲ ਰਿਹਾ ਸੀ। ਪੂਜਯ ਸ੍ਰੀਮਾਨ ੧੦੮ ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ ਨੂੰ ਉਨ੍ਹਾਂ ਦਿਨਾਂ ਵਿੱਚ ਰਿਸ਼ੀਕੇਸ਼ ਨਿਵਾਸੀ ਇੱਕ ਪ੍ਰਤਿਸ਼ਟਤ ਮਹਾਤਮਾ ਅਤੇ ਭਾਰੀ ਵਿਦਵਾਨ, ਮਹਾਂਮੰਡਲੇਸ਼ਵਰ ਜੋ ਆਪ ਜੀ ਨਾਲ ਚੰਗਾ ਸਨੇਹ ਰੱਖਦੇ ਹਨ, ਨੇ ਗੱਲਾਂ-ਗੱਲਾਂ ਵਿੱਚ ਪੁੱਛਿਆ, ਕਿ ਮਹਾਰਾਜ ਧਰਮ ਪ੍ਰਚਾਰ ਲਈ ਪੰਜਾਬ ਅੱਜ ਕੱਲ ਵੀ ਜਾਂਦੇ ਹੋ? ਮਹਾਰਾਜ ਬੋਲੇ ਹਾਂ ਸ਼ਾਸਤਰੀ ਜੀ ਅੱਜ ਤੋਂ ਸਾਡੀ ਪੰਜਾਬ ਯਾਤਰਾ ਸ਼ੁਰੂ ਹੈ, ਚਲੋ ਤੁਹਾਨੂੰ ਵੀ ਨਾਲ ਲੈ ਚੱਲੀਏ! ਸ਼ਾਸਤਰੀ ਜੀ ਬੋਲੇ, ਮਹਾਰਾਜ, ਪੰਜਾਬ ਵਿੱਚ ਤਾਂ ਗੋਲੀਆਂ ਦੀ ਅੱਗ ਵਰ੍ਹ ਰਹੀ ਹੈ, ਕਿਸੇ ਬੰਦੇ ਦੀ ਜਾਨ ਸੁਰੱਖਿਅਤ ਨਹੀਂ, ਉੱਥੇ ਕਿਵੇਂ ਜਾਈਏ? ਹਜ਼ੂਰ ਬੋਲੇ, ਸੰਤ ਨੂੰ ਤਾਂ ਜਾਣਾ ਹੀ ਉੱਥੇ ਚਾਹੀਦਾ ਹੈ, ਜਿੱਥੇ ਅਸ਼ਾਂਤੀ ਹੋਵੇ, ਤਾਂ ਕਿ ਸੁਪਨੇ ਦੇ ਦੁੱਖ ਵਿੱਚ ਕਸ਼ਟ ਉਠਾ ਰਹੇ ਲੋਕਾਂ ਨੂੰ ਜਗਾ ਦਿੱਤਾ ਜਾਵੇ, ਉਹ ਦੁਖੀ ਲੋਕ ਵਿਚਾਰੇ ਅਸਲੀਅਤ ਨੂੰ ਸਮਝਕੇ ਸੁਖੀ ਹੋ ਜਾਣ। ਡਾਕਟਰੀ ਵਿਦਿਆ, ਮਰੀਜ ਤੋਂ ਬਿਨ੍ਹਾਂ ਕਿਸ ਕੰਮ? ਕੇਵਲ ਵਿਦਿਆ ਪੜ੍ਹ ਲੈਣ ਨਾਲ ਕੋਈ ਨਿਰਭਉ ਨਹੀਂ ਹੋ ਜਾਂਦਾ, ਜਿਤਨੀ ਦੇਰ ਹਿਰਦੇ ਵਿੱਚ ਪੂਰੀ-ਪੂਰੀ ਨਿਰਵੈਰਤਾ ਨਾ ਆ ਜਾਵੇ। ਯਾਨੀ ਨਿਰਵੈਰੁ ਪੁਰਸ਼ ਹੀ ਨਿਰਭਉ ਹੋ ਸਕਦਾ ਹੈ। ਨਿਰਵੈਰ ਉਹੀ ਹੋ ਸਕਦਾ ਹੈ ਜਿਸ ਦੀ ਦਵੈਤ ਮੂਲੋਂ ਮਿਟ ਜਾਵੇ। ਯਾਨੀ ਜਿਤਨੀ ਚਰ, ਅਚਰ ਸ੍ਰਿਸ਼ਟੀ ਹੈ ਸਭ ਵਿੱਚ ਆਪਣਾ ਆਪ ਦੇਖੇ—

**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥**

*(ਕਾ: ਮ: ੫ ਪੰਨਾ-੧੨੯੯)*

ਯਥਾ — **ਨਾ ਕੋ ਮੇਰਾ ਦੁਸਮਨੁ ਰਹਿਆ ਨ ਹਮ ਕਿਸ ਕੇ ਬੈਰਾਈ॥**
**ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ॥**
**ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥**

ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ॥

(ਧਨਾ: ਮ: ੫, ਪੰਨਾ-੬੭੧)

ਯਥਾ — ਜੋਗੀ ਕਉ ਕੈਸਾ ਡਰੁ ਹੋਇ॥ ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ॥

(ਗਉ: ਮ: ੧, ਪੰਨਾ-੨੨੩)

ਐਸੀ ਦ੍ਰਿਸ਼ਟੀ ਪਰਪੱਕ ਹੋ ਜਾਵੇ, ਕਿਰਪਾ ਦੁਆਰਾ ਦਵੈਤ ਭਰਮ ਸਾਰਾ ਮਿੱਟ ਜਾਵੇ, ਅਕਾਲ ਪੁਰਖ ਦੇ ਹੁਕਮ ਨੂੰ ਪਛਾਣ ਕੇ ਉਸ ਵਿੱਚ ਪੂਰੀ ਤਰ੍ਹਾਂ ਇਸਥਿਤ ਹੋ ਜਾਵੇ, ਅਤੇ ਮੇਰ, ਤੇਰ, ਅਪਨਾ, ਪਰਾਇਆ ਆਦਿ ਮੈਲ ਤੋਂ ਹਿਰਦਾ ਪੂਰਨ ਤੌਰ ਤੇ ਸ਼ੁੱਧ ਹੋ ਜਾਵੇ, ਫਿਰ ਇਹ ਜੀਅੜਾ ਪੂਰਨ ਤੌਰ ਤੇ ਨਿਰਭੈ ਹੋ ਕੇ ਵਿਚਰਦਾ ਹੈ, ਦੇਖੋ ਗੁਰੂ ਅਰਜਨ ਦੇਵ ਮਹਾਰਾਜ ਕੀ ਹੁਕਮ ਕਰਦੇ ਹਨ—

ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ॥
ਭ੍ਰਮ ਕਾਟੇ ਗੁਰਿ ਆਪਣੈ ਪਾਏ ਬਿਸਰਾਮਾ॥
ਓਇ ਬਿਖਾਦੀ ਦੋਖੀਆ ਤੇ ਗੁਰ ਤੇ ਹੂਟੇ॥
ਹਮ ਛੂਟੇ ਅਬ ਉਨਾ ਤੇ ਓਇ ਹਮ ਤੇ ਛੂਟੇ॥ ਰਹਾਉ॥
ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ॥
ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ॥
ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ॥
ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ॥
ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ॥
ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ॥

(ਆ: ਮ: ੫, ਪੰਨਾ-੪੦੦)

ਆਪ ਉਪਰੋਕਤ ਇਲਾਹੀ ਹੁਕਮ ਵਿੱਚ ਇਸਥਿਤ ਹੋ ਕੇ ਪੰਜਾਬ ਵਿੱਚ ਉਸ ਸਮੇਂ ਵੀ ਦਿਨ-ਰਾਤ ਇਕੱਲੇ ਵਿਚਰਦੇ ਰਹੇ, ਜਦੋਂ ਪੰਜਾਬ ਵਿੱਚ ਵਰ੍ਹਦੀਆਂ ਗੋਲੀਆਂ ਦੀ ਅੱਗ ਤੋਂ ਬੜੇ-ਬੜੇ ਵਿਦਵਾਨ ਸ਼ਾਸਤਰੀ, ਅਚਾਰੀਆ, ਮਹਾਂਮੰਡਲੇਸ਼ਵਰ ਅਤੇ ਲੋਕਾਂ ਵਿੱਚ ਪ੍ਰਤਿਸ਼ਠਤ ਮਹਾਤਮਾ ਡਰਦੇ ਪੰਜਾਬ ਵੱਲ ਨੂੰ ਮੂੰਹ ਨਹੀਂ ਸਨ ਕਰਦੇ।

ਪੰਜਾਬ ਵਿੱਚ ਸਾਰੀਆਂ ਕੁਟੀਆਂ ਪਿੰਡਾਂ ਤੋਂ ਦੂਰ ਖੇਤਾਂ ਵਿੱਚ ਇਕਾਂਤ, ਉਨ੍ਹਾਂ ਵਿੱਚ ਇਕੱਲੇ ਰਹਿਣਾ, ਸਵੇਰੇ ਦੋ ਵਜੇ ਉੱਠ ਕੇ ਬੇਪ੍ਰਵਾਹੀ ਵਿੱਚ ਸੈਰ ਨੂੰ ਚਲੇ ਜਾਣਾ, ਹਮੇਸ਼ਾਂ ਇੱਕੋ ਰੰਗ ਵਿੱਚ ਪ੍ਰਸੰਨ ਚਿਤ ਰਹਿਣਾ। ਉਹ ਕਿਹੜੀ ਸ਼ਕਤੀ ਹੈ ਜਿਸ ਦੇ ਬਲ ਕਰਕੇ ਆਪ ਨਿਰਭੈ ਵਿਚਰ ਰਹੇ ਹਨ? ਹਿਰਦੇ ਵਿੱਚ ਪੂਰਨ ਤੌਰ ਤੇ ਨਿਰਵੈਰਤਾ ਅਤੇ ਇਲਾਹੀ ਹੁਕਮ ਵਿੱਚ ਪੂਰਨ ਇਸਥਿਤੀ।

ਔਹ ਦੇਖੋ ਕੁਰਾਹੇ ਪਏ ਵਿਚਾਰੇ ਕੁੱਝ ਜੀਵਾਂ ਤੇ ਤਰਸ ਖਾ ਕੇ ਅੱਜ ਕਿਵੇਂ ਜੀਵਨ ਕਣੀ ਬਖਸ਼ਿਸ਼ ਕਰਦੇ ਹਨ। ਸਮਾਂ 1991 ਦੇ ਦਸੰਬਰ ਮਹੀਨੇ ਦਾ ਚੱਲ ਰਿਹਾ ਹੈ, ਆਪ ਭੋਤਨੇ ਕੁਟੀਆ ਰੁਕੇ ਹੋਏ ਹਨ, ਜੋ ਬਰਨਾਲਾ-ਮੋਗਾ ਰੋਡ ਤੇ ਭੋਤਨੇ ਬਖਤਗੜ੍ਹ ਪਿੰਡਾਂ ਦੇ ਦਰਮਿਆਨ ਦੋਨਾਂ ਪਿੰਡਾਂ ਤੋਂ ਡੇਢ-ਡੇਢ ਕਿਲੋਮੀਟਰ ਦੂਰ ਖੇਤਾਂ ਵਿੱਚ ਇਸਥਿਤ ਹੈ। ਸਮਾਂ ਵੀ ਨਹੀਂ ਛੱਡਿਆ ਸੰਤ ਤੇ ਸਾਧ ਮੀਆਂ ਵਾਲਾ ਚੱਲ ਰਿਹਾ ਹੈ, ਨੇੜੇ ਕੋਈ ਪਿੰਡ ਨਹੀਂ, ਕੋਈ ਆਬਾਦੀ ਬਸਤੀ ਨਹੀਂ, ਬਸ ਜੇ ਨੇੜੇ ਹੈ, ਤਾਂ ਆਪਣਾ ਪ੍ਰੀਤਮ, ਜਾਂ ਉਸ ਦੀ ਬਖਸ਼ੀ ਜਗਤ ਉਧਾਰ ਦੀ ਕਾਰ, ਗੁਰਬਾਣੀ ਦੀ ਵਿਚਾਰ। ਰਾਤ ਦੇ ਕੋਈ ਦਸ ਕੁ ਵਜ ਚੁੱਕੇ ਹਨ, ਦੋ-ਤਿੰਨ ਕੁ ਸਰੀਰ ਪਿੰਡ ਦੇ ਤੇ ਗੁਰਮੀਤ ਸਿੰਘ ਸੇਵਾਦਾਰ ਤੋਂ ਬਗੈਰ ਕੋਲ ਕੋਈ ਪੰਜਵਾਂ ਬੰਦਾ ਨਹੀਂ। ਦਿਨੁ ਰਾਤੀ ਆਰਾਧਹੁ ਪਿਆਰੋ ਨਿਮਖ ਨ ਕੀਜੈ ਢੀਲਾ, ਵਾਲੀ ਕਾਰ ਕਰਦੇ ਹੋਏ ਭਾਈ ਵੀਰ ਸਿੰਘ ਜੀ ਦਾ ਕੀਤਾ ਹੋਇਆ ਗੁਰਬਾਣੀ ਦਾ ਟੀਕਾ ਪੜ੍ਹ ਰਹੇ ਹਨ। ਵਿਚਾਰ ਚੱਲ ਰਹੀ ਹੈ ਕਿ ਜਿਤਨੀ ਦੇਰ

ਇਸਦਾ ਜੀਵਨ ਗੁਰਬਾਣੀ ਦੇ ਮੁਤਾਬਿਕ ਬਾ-ਅਮਲ ਹੈ, ਉਤਨੀ ਦੇਰ ਇਹ ਜੀਵ ਸੁਖੀ ਹੈ ਅਤੇ ਸੰਸਾਰ ਵਿੱਚ ਜਸ ਹੁੰਦਾ ਹੈ। ਲੇਕਿਨ ਜਦੋਂ ਇਹ ਗੁਰਬਾਣੀ ਦਾ ਰਸਤਾ ਛੱਡ ਕੇ ਮਨ ਮਰਜ਼ੀ ਕਰਦਾ ਹੈ, ਉਸੇ ਵਕਤ ਉਸ ਦੇ ਜੀਵਨ ਵਿੱਚ ਦੁੱਖਾਂ ਦੀ ਉੱਤਪਤੀ ਅਤੇ ਸੰਸਾਰ ਵਿੱਚ ਅਪਜਸ ਹੋਣਾ ਸ਼ੁਰੂ ਹੋ ਜਾਂਦਾ ਹੈ। ਅਪਜਸ ਦੀ ਜ਼ਿੰਦਗੀ ਨਾਲੋਂ ਮੌਤ ਹਜ਼ਾਰਾਂ ਗੁਣਾ ਚੰਗੀ ਹੈ। **ਬਿਨਾਸ ਕਾਲੇ ਵਿਪਰੀਤ ਬੁੱਧੀ,** ਜਦੋਂ ਬੁੱਧੀ ਪਲੀਤ ਮੈਲੀ ਹੋ ਜਾਵੇ, ਯਾਨੀ ਵਿਵੇਕ, ਵਿਚਾਰ, ਹੱਕ ਨਿਹੱਕ, ਜਾਇਜ਼ ਨਜਾਇਜ਼, ਅੱਛਾ-ਬੁਰਾ ਆਦਿਕ ਵਿਚਾਰ ਨੂੰ ਖੋਹ ਬੈਠੇ, ਤੁਲਸੀਦਾਸ ਜੀ ਕਹਿੰਦੇ, ਸਮਝੋ ਉਸ ਜੀਵ ਦੇ ਨਾਸ਼ ਦਾ ਸਮਾਂ ਆ ਗਿਆ। ਇਸ ਲਈ ਜੀਵ ਨੂੰ ਬਿਨਾਸ ਤੋਂ ਬਚਣ ਲਈ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ। ਫਰੀਦ ਸਾਹਿਬ ਜੀ ਇਸ ਨੂੰ ਸੁਚੇਤ ਕਰਦੇ ਹਨ—

**ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥**
**ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥**

*(ਸ. ਸੇਖ ਫਰੀਦ, ਪੰਨਾ-੧੩੭੮)*

ਐਹ ਜੀਵ ਤੂੰ ਹੋਰ ਕਿਸੇ ਦੇ ਦੋਸ਼ਾਂ ਵੱਲ ਨਾ ਦੇਖ, ਬਲਕਿ ਹਰ ਸਮੇਂ ਆਪਣੇ ਮਨ ਰੂਪੀ ਕੇਸਾਂ ਵਿੱਚ ਕੰਘੀ ਮਾਰਦੇ ਰਹੋ, ਯਾਨੀ ਮਨ ਵਿੱਚ ਝਾਤੀ ਮਾਰਕੇ ਦੇਖ ਕੋਈ ਬੁਰਾਈ ਤਾਂ ਨਹੀਂ ਉਠ ਰਹੀ, ਅਗਰ ਉਠ ਰਹੀ ਹੈ, ਉਸ ਨੂੰ ਆਤਮਿਕ ਬਲ ਦੁਆਰਾ ਮਾਰ। ਕਿਉਂਕਿ—

**ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥**

(ਰਾਮਕਲੀ ਮ: ੩, ਪੰਨਾ-੯੧੮)

ਐਸਾ ਕਿਹੜਾ ਕੰਮ ਹੈ, ਜਿਤ ਕੀਤਿਆ ਅੰਤ ਨੂੰ ਪਛਤਾਉਣਾ ਪੈਂਦਾ ਹੈ—

**ਦੁਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ॥**

*(ਸਲੋਕ ਮ: ੫, ਪੰਨਾ-੩੨੨)*

ਅਗਰ ਦਰਗਾਹ ਵਿੱਚ ਇੱਜ਼ਤ ਮਾਣ ਚਾਹੁੰਦਾ ਹੈਂ, ਤਾਂ ਕਿਸੇ ਜੀਵ ਦਾ ਹਿਰਦਾ ਨਾ ਦੁਖਾ ਦੇਵੀਂ। ਬਾਬਾ ਫਰੀਦ ਜੀ ਫਿਰ ਇਸ਼ਾਰਾ ਕਰਦੇ ਹਨ—

**ਮਤਿ ਹੋਦੀ ਹੋਇ ਇਆਣਾ॥ ਤਾਣ ਹੋਦੇ ਹੋਇ ਨਿਤਾਣਾ॥**
**ਅਣਹੋਦੇ ਆਪੁ ਵੰਡਾਏ॥ ਕੋ ਐਸਾ ਭਗਤੁ ਸਦਾਏ॥**
**ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥**
**ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥**
**ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥**
**ਜੇ ਤਉ ਪਿਰੀਆਂ ਦੀ ਸਿਕ ਹਿਆਉ ਨਾ ਠਾਹੇ ਕਹੀ ਦਾ॥**

*(ਪੰਨਾ-੧੩੮੪)*

ਬਾਬਾ ਜੀ ਕਹਿੰਦੇ, ਬੁੱਧੀਮਾਨ ਹੁੰਦੇ ਹੋਏ ਵੀ ਆਪਣੇ ਆਪ ਨੂੰ ਛੋਟਾ ਸਮਝਣਾ, ਬਲ ਵਾਲਾ ਹੁੰਦੇ ਹੋਏ ਵੀ ਆਪ ਨੂੰ ਸਭ ਨਾਲੋਂ ਕਮਜ਼ੋਰ ਮੰਨਣਾ, ਲੋੜਵੰਦਾਂ ਨਾਲ ਵੰਡਕੇ ਛਕਣਾ, ਐਸਾ ਪੁਰਸ਼ ਪਰਮੇਸ਼ਰ ਦਾ ਭਗਤ ਮੰਨਿਆ ਜਾਂਦਾ ਹੈ। ਕਿਸੇ ਨੂੰ ਫਿੱਕਾ ਬਚਨ ਨਾ ਬੋਲਣਾ ਕਿਉਂਕਿ ਹਰੀ ਪ੍ਰਮਾਤਮਾ ਸਭਨਾਂ ਦੇ ਅੰਦਰ ਬੈਠਾ ਹੈ, ਕਿਸੇ ਦਾ ਹਿਰਦਾ ਨਾ ਦੁਖਾ ਦੇਣਾ, ਕਿਉਂਕਿ ਸਭ ਹਿਰਦੇ ਬੇਮੁੱਲੇ ਮਾਣਕ ਹਨ। ਕਿਵੇਂ ਹਨ ਬੇ-ਮੁੱਲੇ ਮਾਣਕ?

ਕਿਉਂਕਿ ਸਭਨਾਂ ਹਿਰਦਿਆਂ ਵਿੱਚ ਮਾਣਕ ਰੂਪ ਪਰਮੇਸ਼ਰ ਬਿਰਾਜਮਾਨ ਹੈ, ਇਸ ਲਈ ਕਿਸੇ ਹਿਰਦੇ ਨੂੰ ਦੁਖਾ ਦੇਣਾ, ਮੂਲੋਂ ਹੀ ਬੁਰਾ ਹੈ। ਇਸ ਲਈ ਬਾਬਾ ਫਰੀਦ ਜੀ ਕਹਿੰਦੇ ਹਨ ਐ ਜੀਵ ਜੇ ਤੂੰ ਸੁਖੀ ਰਹਿਣਾ ਚਾਹੁੰਦਾ ਹੈਂ ਅਤੇ ਮਨੁੱਖ ਜਨਮ ਦਾ ਅਸਲ ਨਿਸ਼ਾਨਾ, ਪਿਆਰੇ ਪਰਮੇਸ਼ਰ ਨੂੰ ਪਾਉਣਾ ਚਾਹੁੰਦਾ ਹੈਂ ਤਾਂ ਭੁੱਲ ਕੇ ਵੀ ਕਿਸੇ ਜੀਵ ਦਾ ਹਿਰਦਾ ਨਾ ਦੁਖਾ ਦੇਵੀਂ।

ਇਸ ਪ੍ਰਕਾਰ ਦਾ ਜਦੋਂ ਉਪਦੇਸ਼ ਰੂਪੀ ਮੀਂਹ ਵਰਸ ਰਿਹਾ ਸੀ ਤਾਂ ਉਸ ਸਮੇਂ ਚਾਰ ਕੁ ਸਤਸੰਗੀਆਂ ਤੋਂ ਬਿਨ੍ਹਾਂ ਚਾਰ-ਪੰਜ ਜਵਾਨ ਲੜਕੇ ਉੱਪਰ ਗਰਮ ਸ਼ਾਲਾਂ ਓਢੀਂ ਆ ਗਏ। ਨਮਸ਼ਕਾਰ ਕਰਕੇ ਬੈਠ ਗਏ, ਫਿਰ ਉਪਰੋਕਤ ਸਾਰਾ ਉਪਦੇਸ਼ ਸ਼ਾਂਤ ਚਿੱਤ ਸੁਣਦੇ ਰਹੇ। ਉਪਦੇਸ਼ ਸਤਿਸੰਗ ਸਮਾਪਤ ਹੋਣ ਉਪਰੰਤ ਮਹਾਂਪੁਰਸ਼ਾਂ ਨੂੰ ਨਮਸ਼ਕਾਰ ਕਰਕੇ ਚੱਲੇ ਗਏ, ਕਿਉਂਕਿ ਰਾਤ ਵੀ ਹੁਣ ਅੱਧੀ ਦੇ ਕਰੀਬ ਹੋ ਗਈ ਸੀ। ਕੌਣ ਸਨ ਇਹ ਲੜਕੇ ? ਕਿੱਥੋਂ ਆਏ ਸਨ ? ਆਉਣ ਦਾ ਮਨੋਰਥ ਕੀ ਸੀ ? ਖੁਦਾ ਜਾਣੇ ! ਬਾਅਦ ਵਿੱਚ ਇੱਕ ਸਤਸੰਗੀ ਨਛੱਤਰ ਸਿੰਘ ਭੋਤਨੇ ਵਾਲਾ ਬੋਲਿਆ, ਮਹਾਰਾਜ, ਇਹ ਲੜਕੇ ਚੰਗੇ ਨਹੀਂ ਸਨ ! ਹਜ਼ੂਰ ਤਾਂ ਆਪਣੀ ਮੌਜ ਵਿੱਚ ਮੁਸਕਰਾਉਂਦੇ ਰਹੇ, ਲੇਕਿਨ ਨਛੱਤਰ ਸਿੰਘ ਦੇ ਕੰਨਾਂ ਵਿੱਚ ਅਵਾਜ਼ ਪੈ ਰਹੀ ਹੈ, ਡਾਕਟਰ ਕੋਲ ਹਰ ਪ੍ਰਕਾਰ ਦੇ ਮਰੀਜ਼ ਆਉਂਦੇ ਹਨ। ਡਾਕਟਰ ਸਭ ਦੇ ਰੋਗ ਅਨੁਭਵ ਕਰਕੇ ਰੋਗ ਅਨੁਸਾਰ ਔਸ਼ਧੀ ਦਿੰਦਾ ਹੈ। ਇੱਕ ਮਰੀਜ਼ ਦਾ ਦੂਸਰੇ ਦੇ ਆਉਣ ਬਾਰੇ ਸ਼ੰਕਾ ਕਰਨਾ ਨਿਰਮੂਲ ਹੈ। ਤੰਦਰੁਸਤ ਦਾ ਡਾਕਟਰ ਕੋਲ ਕੀ ਕੰਮ ? ਆਪਾਂ ਸਭ ਹਉਮੈ ਰੋਗ ਦੇ ਸ਼ਿਕਾਰ ਹਾਂ, ਕਿਸੇ ਨੂੰ ਜ਼ਿਆਦਾ ਹੈ, ਕਿਸੇ ਨੂੰ ਕੁਝ ਘੱਟ, ਲੇਕਿਨ ਅਨੁਭਵੀ ਡਾਕਟਰ ਤੋਂ ਬਗੈਰ ਹੈ ਸਭ ਨੂੰ। ਇਸ ਲਈ ਉਹ ਰੂਹਾਨੀ ਵੈਦ ਹੀ ਜਾਨਣ ਕਿ ਕਿਸ ਨੂੰ ਕਿਤਨੀ ਮਾਤਰਾ ਵਿੱਚ ਕਿਹੜੀ ਦਵਾਈ ਦੇਣੀ ਹੈ ?

ਕਿਉਂਕਿ ਇਨ੍ਹਾਂ ਨੇ ਕੈਂਪ ਹੀ ਇੱਥੇ ਮਰੀਜ਼ਾਂ ਲਈ ਲਾਇਆ ਹੈ ਯਾਨੀ ਦੋ ਦਿਨ ਤੋਂ ਹਰ ਪ੍ਰਕਾਰ ਦੇ ਮਰੀਜ਼ਾਂ ਲਈ ਲਾਇਆ ਹੈ। ਅਗਰ ਮਰੀਜ਼ ਨਾ ਆਉਂਦੇ ਤਾਂ ਕੈਂਪ ਕਿਸ ਕੰਮ ?

ਰਾਤ ਇੱਥੇ ਆਤਮਰੰਗ ਵਿੱਚ ਗੁਜ਼ਾਰੀ, ਦੂਸਰੇ ਦਿਨ ਇੱਥੋਂ ਚੱਲਕੇ ਆਪਣਾ ਕੈਂਪ ਧਨੌਲੇ ਕੁਟੀਆ ਜਾ ਲਾਇਆ। ਦਿਨ ਨੂੰ ਲੰਗਰ ਪਾਣੀ ਛਕ ਕੇ ਕੁਟੀਆ ਅਰਾਮ ਕੀਤਾ, ਸ਼ਾਮ ਨੂੰ ਸੈਰ ਕਰਨ ਲਈ ਸੂਏ ਦੇ ਰਾਹ ਪੈ ਗਏ, ਨਾਲ ਨਛੱਤਰ ਸਿੰਘ ਭੋਤਨੇ ਵਾਲਾ ਵੀ ਚੱਲ ਪਿਆ। ਸੈਰ ਨੂੰ ਕੀ ਚੱਲੇ ਮਾਨੋਂ ਇੱਕ ਬਚਪਨ ਦੇ ਬਹੁਤ ਪੁਰਾਣੇ ਮਰੀਜ਼ ਦਾ ਅਪ੍ਰੇਸ਼ਨ ਕਰਨ ਲਈ ਚੱਲੇ ਹਨ, ਨਾਲ ਇੱਕ ਮਲ੍ਹਮ ਪੱਟੀ ਵਾਲਾ ਲੈ ਕੇ। ਪਿੰਡਾਂ ਤੋਂ ਥੋੜ੍ਹੀ ਦੂਰ ਖੇਤਾਂ ਵਿੱਚ ਕੁੱਝ ਮਕਾਨ ਹਨ ਜਿਨ੍ਹਾਂ ਨੂੰ ਜੈਦਾਂ ਪੱਤੀ ਦੂਨਾਂ ਸ਼ਾਹ ਧਨੌਲਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇੱਥੇ ਜੰਗੀਰ ਸਿੰਘ ਨਾਂ ਦਾ ਇੱਕ ਬੰਦਾ ਰਹਿੰਦਾ ਹੈ, ਜਿਸ ਦਾ ਪਿੰਡ ਤਾਂ ਮੁਤਾਬੋ-ਕੇ ਹੈ, ਲੇਕਿਨ ਇੱਥੇ ਨਾਨਕਿਆਂ ਦੀ ਜ਼ਮੀਨ ਦਾ ਵਾਰਸ ਹੈ। ਇਹ ਪੁਰਸ਼ ਬਚਪਨ ਤੋਂ ਹੀ ਕੁਝ ਮਨਮਤ ਦੇ ਖਿਆਲਾਂ ਵਾਲਾ ਹੈ। ਹਜ਼ੂਰ ਸੈਰ ਨੂੰ ਜਾਂਦੇ ਹੋਏ, ਇਸ ਦੇ ਕੋਠਿਆਂ ਦੇ ਕੋਲ ਦੀ ਸੂਏ-ਸੂਏ ਅੱਗੇ ਲੰਘ ਗਏ। ਕਾਫੀ ਦੂਰ ਅੱਗੇ ਲੰਘ ਕੇ ਜਦ ਵਾਪਸ ਮੁੜੇ ਤਾਂ ਉਸ ਵਕਤ ਨੂੰ ਦਿਨ ਦਾ ਛਿਪਾਅ ਹੋ ਆਇਆ। ਜਦੋਂ ਇਸ ਦੇ ਕੋਠਿਆਂ ਦੀ ਬਰਾਬਰ ਸੂਏ ਤੇ ਆਏ, ਤਾਂ ਇਹ ਜੰਗੀਰ ਸਿੰਘ ਸ਼ਰਾਬ ਦੇ ਨਸ਼ੇ ਵਿੱਚ ਧੁੱਤ ਹੋਇਆ, ਡਾਂਗ ਲੈ ਕੇ ਸੂਏ ਦੇ ਰਸਤੇ ਦੇ ਵਿਚਾਲੇ ਆ ਖੜ੍ਹਾ ਹੋਇਆ। ਹਜ਼ੂਰ ਜਦੋਂ ਕੋਲ ਆਏ ਤਾਂ ਇਹ ਜ਼ੋਰ ਦੀ ਬੋਲਿਆ, ਠਹਿਰ ਜਾਉ ! ਮਹਾਰਾਜ ਮੁਸਕਰਾਉਂਦੇ ਹੋਏ ਬੋਲੇ, ਕੀ ਗੱਲ ਹੈ ਭਾਈ ! ਇਤਨੇ ਨੂੰ ਸੂਏ-ਸੂਏ ਇੱਕ ਟਰੈਕਟਰ ਤੇ ਬੈਠੇ ਚਾਰ ਪੰਜ ਬੰਦੇ ਆ ਪਹੁੰਚੇ, ਇਹ ਸ਼ਾਇਦ ਜੰਗੀਰ ਸਿੰਘ ਦੇ ਸੰਬੰਧੀ ਹਨ। ਉਹ ਫਟਾ-ਫਟਾ ਟਰੈਕਟਰ ਤੋਂ ਉਤਰ ਕੇ ਮਹਾਂਪੁਰਸ਼ਾਂ ਦੇ ਚਰਨਾਂ ਵਿੱਚ ਡਿੱਗ ਪਏ। ਜੰਗੀਰ ਸਿੰਘ ਨੂੰ ਬੋਲੇ, ਇਹ ਤਾਂ ਬਾਬੇ ਕਾਨ੍ਹੂੰਗੋ ਦੇ ਖੂਹ ਤੇ ਆਏ ਹਨ। ਜੰਗੀਰ ਸਿੰਘ ਤਾਂ ਸੁਣਦਾ ਹੀ ਪਤਾ ਨਹੀਂ ਕਿਧਰ ਪੱਤਰਾ ਵਾਚ ਗਿਆ। ਟਰੈਕਟਰ ਵਾਲੇ ਹਜ਼ੂਰ ਤੋਂ ਮਾਫੀ ਮੰਗਣ, ਮਹਾਰਾਜ ! ਮੁਆਫ ਕਰੋ ਇਹ ਬਚਪਨ ਤੋਂ ਹੀ ਐਸਾ ਹੈ ਇਤਿਆਦਿਕ। ਹਜ਼ੂਰ ਬੋਲੇ ਕੋਈ ਗੱਲ ਨਹੀਂ, ਸਾਨੂੰ ਤਾਂ ਇਸਨੇ ਕੁੱਝ ਨਹੀਂ ਕਿਹਾ ! ਖੈਰ ਕੁਟੀਆ ਵਾਪਸ ਆ ਗਏ, ਲੇਕਿਨ ਲੱਗਦਾ ਹੈ, ਉਸ ਮਰੀਜ਼ ਨੂੰ ਪੇਟ ਸਾਫ ਦੀ ਕੋਈ ਗੋਲੀ ਦੇ ਆਏ। ਆਪਣੀ ਮੌਜ ਵਿੱਚ ਲੀਨ ਹੋਏ ਇਸ਼ਨਾਨ ਕਰ ਲੰਗਰ ਛਕ ਕੇ ਕੁੰਡੀ ਬੰਦ ਕਰ ਲਈ, ਉੱਧਰ ਕਾਨ੍ਹੂੰਗੋ ਨੂੰ ਪਤਾ ਚੱਲ ਗਿਆ ਕਿ ਜੰਗੀਰ ਨੇ ਐਸਾ ਕੀਤਾ ਹੈ। ਕਾਨ੍ਹੂੰਗੋ ਉਸ ਨੂੰ ਪੁੱਛਣ ਲਈ ਕੋਠਿਆਂ ਵਿੱਚ ਗਿਆ, ਲੇਕਿਨ ਜੰਗੀਰ ਨਹੀਂ ਮਿਲਿਆ। ਰਾਤ ਗੁਜ਼ਰ ਗਈ, ਦੂਸਰਾ ਦਿਨ ਗੁਜ਼ਰ ਕੇ ਸ਼ਾਮ ਦੇ ਚਾਰ ਵਜ ਗਏ। ਹੁਣ ਦੇਖੋ ਡਾਕਟਰ ਦੀ ਉਦਾਰਤਾ, ਮਰੀਜ਼ ਨੂੰ ਖੁਦ ਯਾਦ ਕਰ ਰਿਹਾ ਹੈ। ਹਜ਼ੂਰ ਨੇ ਪੁੱਛਿਆ ਉਹ ਕੱਲ੍ਹ ਵਾਲਾ ਬੰਦਾ ਨਹੀਂ ਆਇਆ ? ਕਾਨ੍ਹੂੰਗੋ ਨੇ ਦੱਸਿਆ, ਮਹਾਰਾਜ ਆਇਆ ਨਹੀਂ। ਦਾਤਾ ਆਪਣੀ ਮੌਜ ਵਿੱਚ ਇੱਧਰ-ਉੱਧਰ ਟਹਿਲ ਰਿਹਾ ਹੈ, ਇਤਨੇ ਨੂੰ ਜੰਗੀਰ ਸਿੰਘ ਆ ਚਰਨਾਂ ਤੇ ਡਿੱਗਿਆ। ਹੱਥ ਜੋੜੀ ਅਰਜ਼ ਕਰੀ ਜਾ ਰਿਹਾ ਹੈ, ਮਹਾਰਾਜ ਬਖਸ਼ੋ ! ਮੈਥੋਂ ਭੁੱਲ ਹੋ ਗਈ। ਦਾਤਾ ਮੁਸਕਰਾਈ ਜਾ ਰਿਹਾ ਹੈ, ਲੇਕਿਨ ਆਖ ਕੁਝ ਨਹੀਂ ਰਿਹਾ। ਹੁਣ ਥੋੜ੍ਹੀ ਦੇਰ ਬਾਅਦ ਚੁੱਪ ਖੋਲੀ। ਬੋਲੇ ਭਾਈ ! ਗਲਤੀ ਵਾਲੀ ਤਾਂ ਕੋਈ

ਗੱਲ ਨਹੀਂ। ਦੇਖੋ! ਡਾਕਟਰ ਦੀ ਫਰਾਖ਼ਦਿਲੀ, ਬਚਪਨ ਦੇ ਮਰੀਜ਼ ਨੂੰ ਤੰਦਰੁਸਤੀ ਦਾ ਸਰਟੀਫਿਕੇਟ ਦੇ ਰਹੇ ਹਨ। ਜੰਗੀਰ ਦੋਨੋਂ ਹੱਥ ਜੋੜੀਂ ਅਰਜ਼ ਕਰੀ ਜਾ ਰਿਹਾ ਹੈ, ਮਹਾਰਾਜ ਮੇਰੇ ਘਰ ਚਰਨ ਪਾਉ। ਅਰਸ਼ੀ ਪ੍ਰੀਤਮ ਮੁਸਕਰਾਈ ਜਾ ਰਿਹਾ ਹੈ, ਮਾਨੋਂ ਚੈਕ ਕਰ ਰਿਹਾ ਹੈ ਕਿ ਮਰੀਜ਼ ਪੂਰੀ ਤਰ੍ਹਾਂ ਨਿਰੋਗ ਹੋ ਗਿਆ ਹੈ ਕਿ ਅਜੇ ਕਿਸੇ ਨਾੜੀ 'ਚ ਹੈ ਕਸਰ? ਖੈਰ, ਜੰਗੀਰ ਦੀਆਂ ਬਾਰ-ਬਾਰ ਕੀਤੀਆਂ ਬੇਨਤੀਆਂ ਤੇ ਹੁਕਮ ਕਰ ਦਿੱਤਾ ਕਿ ਤੂੰ ਚੱਲ ਘਰ, ਅਸੀਂ ਆ ਜਾਂਦੇ ਹਾਂ। ਕੁਝ ਦੇਰ ਬਾਅਦ ਪਹੁੰਚ ਗਿਆ, ਅਰਸ਼ੀ ਪ੍ਰੀਤਮ ਜੰਗੀਰ ਸਿੰਘ ਦੇ ਘਰ। ਜਲ ਪਾਣੀ ਛਕਾ ਕੇ ਸਭ ਪਰਿਵਾਰ ਨੇ ਅਰਜ਼ ਕੀਤੀ, ਮਹਾਰਾਜ ਸਾਡੇ ਘਰ ਅਖੰਡ ਪਾਠ ਕਰਵਾਓ! ਹਜ਼ੂਰ ਬੋਲੇ, ਅਖੰਡ ਪਾਠਾਂ ਦੀਆਂ ਤਾਰੀਖਾਂ ਤਾਂ ਰਿਸ਼ੀਕੇਸ਼ ਦਿੰਦੇ ਹਾਂ ਬਰਸੀ ਤੇ, ਉਸ ਤੋਂ ਪਹਿਲਾਂ ਸਭ ਤਾਰੀਖਾਂ ਦਿੱਤੀਆਂ ਹੋਈਆਂ ਹਨ। ਜੰਗੀਰ ਨੇ ਅਰਜ਼ ਕੀਤੀ ਮਹਾਰਾਜ! ਮੈਂ ਬਰਸੀ ਤੇ ਰਿਸ਼ੀਕੇਸ਼ ਆ ਜਾਵਾਂਗਾ, ਫਿਰ ਕਿਰਪਾ ਕਰਕੇ ਕੋਈ ਤਾਰੀਖ ਬਖਸ਼ ਦਿਉ! ਜੰਗੀਰ ਦਾ ਸਫਲ ਅਪ੍ਰੇਸ਼ਨ ਕਰਕੇ ਵਾਪਸ ਕੁਟੀਆ ਆ ਗਏ। ਜੰਗੀਰ ਬਰਸੀ ਤੇ ਰਿਸ਼ੀਕੇਸ਼ ਪਹੁੰਚਿਆ, ਤਾਰੀਖ ਲੈ ਕੇ ਘਰ ਸ੍ਰੀ ਅਖੰਡ ਪਾਠ ਸਾਹਿਬ ਕਰਵਾਇਆ, ਬੁਰੇ ਕੰਮਾਂ ਤੋਂ ਕਿਨਾਰਾ ਕੀਤਾ, ਅੱਗੇ ਨੂੰ ਨੇਕ ਇਨਸਾਨਾਂ ਵਾਲਾ ਜੀਵਨ ਜੀਣ ਦਾ ਬਚਨ ਦਿੱਤਾ।

## ਗੁਰਦੁਆਰਾ ਸਾਹਿਬ ਘਣੀਵਾਲ

ਲੋਪੇ ਪਿੰਡ ਤੋਂ ਕੋਈ ਚਾਰ ਕੁ ਕਿਲੋਮੀਟਰ ਦੀ ਦੂਰੀ ਤੇ ਲਹਿੰਦੇ ਪਾਸੇ, ਨਹਿਰ ਦੇ ਕਿਨਾਰੇ ਇੱਕ ਪਿੰਡ ਘਣੀਵਾਲ ਵੱਸਦਾ ਹੈ। ਇਸ ਪਿੰਡ ਨਹਿਰ ਦੇ ਬਿਲਕੁੱਲ ਨਾਲ ਗੁਰਦੁਆਰਾ ਸਾਹਿਬ ਤਾਂ ਕੋਈ ਪੰਝੀ ਕੁ ਸਾਲ ਪਹਿਲਾਂ ਬਣਿਆ ਹੋਇਆ ਸੀ, ਲੇਕਿਨ ਉਹ ਬਿਲਡਿੰਗ ਬਹੁਤ ਛੋਟੀ ਅਤੇ ਨੀਵੀਂ ਸੀ। ਨੀਵੀਂ ਹੋਣ ਦੀ ਵਜ੍ਹਾ ਕਰਕੇ ਥੋੜ੍ਹੀ ਹਵਾ ਨਾਲ ਅੰਦਰ ਮਿੱਟੀ ਘੱਟਾ ਅਤੇ ਕੀੜੇ-ਮਕੌੜੇ ਆਮ ਹੀ ਫਿਰੀ ਜਾਂਦੇ ਹਨ। ਹੁਣ ਕੁਝ ਭਲਾ ਸੰਜੋਗ ਬਣਿਆ, ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦਾ ਇੱਕ ਹਿੰਮਤੀ ਨੌਜਵਾਨ, ਪ੍ਰਧਾਨ ਬਣ ਗਿਆ। ਇਸ ਪਿੰਡ ਵਿੱਚ ਇੱਕ ਸੰਤ ਸੇਵੀ ਖਿਆਲਾਂ ਦਾ ਨੌਜਵਾਨ ਰਣਦੀਪ ਸਿੰਘ ਜੋ ਗੁਰਬਾਣੀ ਦਾ ਪਾਠੀ ਵੀ ਸੀ ਅਤੇ ਪ੍ਰਧਾਨ ਜੋਗਿੰਦਰ ਸਿੰਘ ਆਦਿਕ ਨੇ ਮਿਲ ਕੇ ਨਵੀਂ ਬਿਲਡਿੰਗ ਬਨਾਉਣ ਲਈ ਪਿੰਡ ਦੇ ਲੋਕਾਂ ਨੂੰ ਪ੍ਰੇਰਨਾ ਕੀਤੀ। ਪਰਮੇਸ਼ਰ ਦੀ ਕਿਰਪਾ ਨਾਲ ਪਿੰਡ ਦੇ ਆਮ ਲੋਕ ਸਹਿਮਤ ਹੋ ਗਏ, ਜਿਨ੍ਹਾਂ ਵਿੱਚ ਪ੍ਰਧਾਨ ਜੋਗਿੰਦਰ ਸਿੰਘ, ਰਣਦੀਪ ਸਿੰਘ, ਕਰਤਾਰ ਸਿੰਘ, ਅਮਰ ਸਿੰਘ, ਉਜਾਗਰ ਸਿੰਘ, ਨਾਹਰ ਸਿੰਘ, ਬਚਨ ਸਿੰਘ ਨੰਬਰਦਾਰ ਅਤੇ ਡਾਕਟਰ ਰਣਜੀਤ ਸਿੰਘ ਅਤੇ ਕਈ ਹੋਰ ਸੱਜਣ ਬਹੁਤ ਦਿਲਚਸਪੀ ਨਾਲ ਲੱਗੇ। ਰਣਦੀਪ ਸਿੰਘ ਦੀ ਸਲਾਹ ਤੇ ਇਨ੍ਹਾਂ ਨੇ ਪਰਮ ਪੂਜਨੀਕ ਸ੍ਰੀਮਾਨ ੧੦੮ ਮਹੰਤ ਰਾਮ ਸਿੰਘ ਜੀਆਂ ਨੂੰ ਆਪਣੇ ਪਵਿੱਤਰ ਕਰ ਕਮਲਾਂ ਦੁਆਰਾ ਨੀਂਹ ਰੱਖਣ ਲਈ ਅਰਜ਼ ਕੀਤੀ। ਆਪ ਨੇ ਇਹ ਸ਼ੁਭ ਕਾਰਜ ਲਈ ਤਾਰੀਖ ਦੇ ਦਿੱਤੀ। ਨੀਯਤ ਦਿਨ ਤੇ ਪ੍ਰੇਮੀਆਂ ਨੇ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾਇਆ ਅਤੇ ਅਰਦਾਸ ਕਰਕੇ ਮਹਾਂਪੁਰਸ਼ਾਂ ਨੂੰ ਇੱਟ ਰੱਖਣ ਲਈ ਅਰਜ ਕੀਤੀ। ਮਹਾਂਪੁਰਸ਼ਾਂ ਨੇ ਹੁਕਮ ਕੀਤਾ, ਨੀਂਹ ਹੋਰ ਡੂੰਘੀ ਪੁੱਟੋ।

ਘਣੀਵਾਲ ਵਾਲੇ ਪ੍ਰੇਮੀਆਂ ਨੇ ਦੋ ਢਾਈ ਕੁ ਫੁੱਟ ਨੀਂਹ ਪੁੱਟੀ ਹੋਈ ਸੀ ਕਿਉਂਕਿ ਉਹ ਡਰਦੇ ਹਨ, ਕਿ ਬਿਲਡਿੰਗ ਕਾਫੀ ਵੱਡੀ ਚੌੜੀ ਹੈ, ਇਸ ਲਈ ਜ਼ਿਆਦਾ ਡੂੰਘੀ ਨੀਂਹ ਪੁੱਟਣ ਨਾਲ ਇੱਟਾਂ ਸੀਮਿੰਟ ਦਾ ਖਰਚਾ ਬਹੁਤ ਵੱਧ ਜਾਏਗਾ। ਖੈਰ ਮਹਾਂਪੁਰਸ਼ਾਂ ਦੇ ਨਾਲ ਆਈ, ਲੋਪੇ, ਭੋੜੇ, ਥੋਖ ਆਦਿਕ ਪਿੰਡਾਂ ਦੀ ਸੰਗਤ ਲੱਕ ਬੰਨ੍ਹ ਕੇ ਲੱਗ ਗਈ। ਇੱਕ ਸਾਈਡ ਤੋਂ ਕੋਈ ਛੇ ਕੁ ਫੁੱਟ ਦੇ ਕਰੀਬ ਡੂੰਘੀ ਪੁੱਟਵਾ ਕੇ ਮਹਾਂਪੁਰਸ਼ਾਂ ਨੇ ਆਪਣੇ ਪਵਿੱਤਰ ਕਰ ਕਮਲਾਂ ਦੁਆਰਾ ਉਸ ਅਸਥਾਨ ਦੀ ਨੀਂਹ ਰੱਖੀ। ਪਿੰਡ ਵਾਲੀ ਸੰਗਤ ਕੁਝ ਉਦਾਸ ਸੀ, ਕਿ ਪੰਜਾਹ ਹਜ਼ਾਰ ਇੱਟ ਤਾਂ ਨੀਂਹ ਵਿੱਚ ਹੀ ਪੈ ਜਾਵੇਗੀ, ਖੈਰ ਦੂਸਰੇ ਦਿਨ ਜਦੋਂ ਪਿੰਡ ਵਾਲਿਆਂ ਨੇ ਚਾਰੇ ਪਾਸੇ ਨੀਂਹ ਖੋਦੀ ਤਾਂ ਇੱਕ ਪਾਸੇ ਦੀ ਨੀਂਹ ਵਿੱਚ ਚਾਰ ਫੁੱਟ ਤੋਂ ਛੇ ਫੁੱਟ ਦੀ ਡੂੰਘਾਈ ਦੇ ਦਰਮਿਆਨ ਪੁਰਾਤਨ ਕਬਰਾਂ ਨਿਕਲ ਆਈਆਂ। ਕਬਰਾਂ ਵਿੱਚ ਪਏ ਮਿੱਟੀ ਦੇ ਸਾਬਤ ਘੜੇ ਨਿਕਲੇ, ਘਣੀਵਾਲ ਪਿੰਡ ਦੀ ਸੰਗਤ ਹੁਣ ਸਮਝੀ ਕਿ ਮਹਾਂਪੁਰਸ਼ਾਂ ਨੇ ਛੇ ਫੁੱਟ ਡੂੰਘੀ ਨੀਂਹ ਕਿਉਂ ਪੁਟਵਾਈ?

ਉਹ ਆਪਣੀ ਦਿੱਬ੍ਰ ਦ੍ਰਿਸ਼ਟੀ ਦੁਆਰਾ ਜਾਣਦੇ ਸਨ ਕਿ ਜੇ ਨੀਂਹ ਉੱਪਰ ਹੀ ਰੱਖ ਦਿੱਤੀ, ਤਾਂ ਕਬਰਾਂ ਵਾਲੀ ਸਾਈਡ ਘੜੇ ਪੁੱਟ ਕੇ ਬੈਠ ਜਾਵੇਗੀ। ਸਮਾਂ ਪਾ ਕੇ ਹੁਣ ਉੱਥੇ ਆਲੀਸ਼ਾਨ ਬਿਲਡਿੰਗ ਬਣ ਗਈ ਹੈ।

## ਲਾਲਚੀ ਰੂਹ ਦਾ ਨਿਸਤਾਰਾ

ਸਮਾਂ 1991 ਦੇ ਜੁਲਾਈ ਮਹੀਨੇ ਸਵੇਰੇ ਚਾਰ ਕੁ ਵਜੇ ਦਾ ਹੈ, ਬਾਹਰ ਹਲਕੀ-ਹਲਕੀ ਬਰਸਾਤ ਹੋ ਰਹੀ ਹੈ, ਆਪ ਅੰਦਰ ਬੈਠੇ ਚਾਰ-ਪੰਜ ਕੁ ਸਤਿਸੰਗੀਆਂ ਨੂੰ ਸ਼ਬਦ ਹਜ਼ਾਰੇ ਦਾ ਪਾਠ ਕਰਵਾ ਰਹੇ ਹਨ। ਥੋੜ੍ਹੀ ਦੇਰ ਬਾਅਦ ਆਪ ਦਾ ਇੱਕ ਸਿੰਧੀ ਸੇਵਕ ਨਰਿਆਨੀ ਅੰਦਰ ਆ ਗਿਆ। ਪਾਠ ਪੂਰਾ ਹੋਣ ਤੇ ਉਸ ਨੇ ਆਪ ਦੇ ਚਰਨਾਂ ਵਿੱਚ ਅਰਜ਼ ਕੀਤੀ, ਮਹਾਰਾਜ! ਸ਼ਾਂਪ। ਹਜ਼ੂਰ ਨੇ ਪੁੱਛਿਆ ਕਿੱਥੇ ਹੈ? ਮਹਾਰਾਜ ਬਾਹਰ ਆਪ ਦੇ ਦਰਵਾਜ਼ੇ ਦੇ ਬਿਲਕੁੱਲ ਨਾਲ! ਹਜ਼ੂਰ ਨੇ ਇੱਕ ਪ੍ਰੇਮੀ ਨੂੰ ਹੁਕਮ ਕੀਤਾ, ਕਿ ਉਸਨੂੰ ਜੀਉਂਦਾ ਫੜੋ, ਮਾਰਨਾ ਨਹੀਂ! ਹੁਕਮ ਦੀ ਕਾਰ ਸੀ, ਪ੍ਰੇਮੀ ਨੇ ਫੜ ਕੇ ਬਾਲਟੀ ਵਿੱਚ ਪਾ ਲਿਆ। ਜਦੋਂ ਹਜ਼ੂਰ ਦੇ ਸਨਮੁਖ ਲੈ ਕੇ ਆਏ, ਉਹ ਲਾਲਚੀ ਰੂਹ ਬਾਲਟੀ ਵਿੱਚੋਂ ਨਿਕਲਣ ਲੱਗੀ, ਸ਼ਾਇਦ ਮਨ ਵਿੱਚ ਨਮਸ਼ਕਾਰ ਕਰਨ ਦੀ ਸਿੱਕ ਹੋਵੇ। ਹਜ਼ੂਰ ਨੇ ਹੁਕਮ ਕੀਤਾ, ਦਰਬਾਰ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸ਼ਕਾਰ ਕਰਾ ਕੇ ਗੰਗਾ ਵੱਲ ਛੱਡ ਆਉ! ਹੁਕਮ ਅਨੁਸਾਰ ਦੁਬਾਰਾ ਫਿਰ ਬਾਲਟੀ ਵਿੱਚ ਪਾ ਕੇ ਦਰਬਾਰ ਸਾਹਿਬ ਨਮਸ਼ਕਾਰ ਕਰਾ ਕੇ, ਜਿਸ ਵਕਤ ਗੰਗਾ ਵੱਲ ਜਾ ਕੇ ਬਾਲਟੀ ਵਿੱਚੋਂ ਬਾਹਰ ਕੱਢਿਆ, ਤਾਂ ਪ੍ਰੇਮੀ ਨੇ ਕਿਹਾ, ਸਾਧ ਹੋ ਕੇ ਵੀ ਮਾਇਆ ਦਾ ਮੋਹ ਨਹੀਂ ਤਿਆਗਿਆ, ਦੇਖ ਲਿਆ ਫਲ? ਧਰਤੀ ਤੇ ਢਿੱਡ ਘਸਾ ਕੇ ਰਿੜ੍ਹਦਾ ਰਿਹਾ! ਖੈਰ, ਹੁਣ ਵੀ ਸ਼ੁਕਰ ਕਰ ਕਰਤਾਰ ਦੁਆਰਾ ਛੇਤੀ ਸੁਣੀ ਗਈ ਫਰਿਆਦ!

## ਸ੍ਰੀ ਲੰਕਾ ਦੀ ਦੂਜੀ ਫੇਰੀ

ਸੰਨ 1992 ਜਨਵਰੀ ਵਿੱਚ ਹਰ ਸਾਲ ਦੀ ਤਰ੍ਹਾਂ ਸੰਗਤ ਦੀ ਬੇਨਤੀ ਪ੍ਰਵਾਨ ਕਰਕੇ ਬੰਬਈ ਪਧਾਰੇ। ਉਸ ਫੇਰੀ ਦੌਰਾਨ ਸੰਤ ਗੁਰਿੰਦਰ ਸਿੰਘ (ਛੋਟੂ ਬਾਬਾ) ਜੀ ਵੀ ਨਾਲ ਸਨ। ਸ੍ਰੀ ਅਮਰੀਕ ਚੰਦ ਜੀ ਚਾਵਲਾ ਅੰਧੇਰੀ ਸਤ-ਬੰਗਲਾ, ਮਾਤਾ ਰੁਕਮਾ ਹੀਰਾ ਵਰਸੋਵਾ ਸਤ ਬੰਗਲਾ, ਸ੍ਰੀਮਤੀ ਜਾਨੂੰ ਅਡਵਾਨੀ ਖਾਰ, ਸ੍ਰੀਮਤੀ ਪਿਰਮਲਾ ਸੰਗਤਾਨੀ ਚੰਬੂਰ, ਸ੍ਰੀ ਸ਼ਾਮ ਕਵੀਤਾ ਜੋਗੇਸ਼ੀਆ ਮੁਲੰਦ ਅਤੇ ਸ੍ਰੀ ਗੁਲ ਚੈਨਾਨੀ ਜੀ ਮੈਰਿਨਡਰਾਈਵ, ਚਰਚ ਗੇਟ ਇਤਿਆਦਿਕ ਪ੍ਰੇਮੀਆਂ ਕੋਲ ਬੇਨਤੀ ਪ੍ਰਵਾਨ ਕਰਦੇ ਹੋਏ ਚਾਰ-ਚਾਰ, ਪੰਜ-ਪੰਜ ਦਿਨ ਠਹਿਰ ਕੇ ਸਵੇਰੇ-ਸ਼ਾਮ ਸਤਿਸੰਗ ਕੀਰਤਨ ਦੁਆਰਾ ਸਮਾਂ ਸਫਲ ਹੁੰਦਾ ਰਿਹਾ। ਦਿਨ ਨੂੰ ਸ਼ਰਧਾਵਾਨ ਪ੍ਰੇਮੀ ਆਪਣੇ ਘਰਾਂ ਵਿੱਚ ਚਰਨ ਪਵਾਉਂਦੇ, ਭੋਗ ਮੋਖ ਦੀਆਂ ਦਾਤਾਂ ਪ੍ਰਾਪਤ ਕਰਦੇ, ਗੁਰਬਾਣੀ ਦੇ ਲੜ ਲੱਗਦੇ, ਇਸ ਪ੍ਰਕਾਰ ਜਨਵਰੀ ਦਾ ਪੂਰਾ ਮਹੀਨਾ ਗੁਜ਼ਰ ਗਿਆ। ਹੁਣ ਫਰਵਰੀ ਵਿੱਚ ਸ੍ਰੀ ਕਿਸ਼ੋਰ ਹਿਰਦੇਰਮਾਨੀ ਅਤੇ ਜਨਕ ਹਿਰਦੇਰਮਾਨੀ ਭਰਾਵਾਂ ਦੀ ਬੇਨਤੀ ਪ੍ਰਵਾਨ ਕਰਕੇ ਕੋਲੰਬੋ ਪਹੁੰਚੇ। ਸ੍ਰੀ ਕਿਸ਼ੋਰ ਹਿਰਦੇਰਮਾਨੀ ਨੇ ਦੋ ਸਾਲ ਪਹਿਲਾਂ ਸੰਨ 1990 ਵਿੱਚ ਆਪ ਜੀ ਦੀ ਪਹਿਲੀ ਫੇਰੀ ਸਮੇਂ ਜਿਸ ਬੰਗਲੇ ਦੀ ਨੀਂਹ ਆਪ ਜੀ ਦੇ ਪਵਿੱਤਰ ਹਸਤ ਕਮਲਾਂ ਦੁਆਰਾ ਰਖਵਾਈ ਸੀ, ਉਹ ਹੁਣ ਤਿਆਰ ਹੋ ਚੁੱਕਿਆ ਸੀ, ਇਸ ਲਈ ਆਪ ਜੀਆਂ ਦਾ ਨਿਵਾਸ ਉਸ ਬੰਗਲੇ ਵਿੱਚ ਹੀ ਕਰਵਾਇਆ। ਕੋਲੰਬੋ ਨਿਵਾਸੀ ਸਭ ਸਿੰਧੀ ਸੰਗਤਾਂ ਬੜੇ ਪ੍ਰੇਮ ਨਾਲ ਮਿਲੀਆਂ। ਸਵੇਰੇ ਸ਼ਾਮ ਸਤਿਸੰਗ, ਗੁਰਬਾਣੀ ਵਿਚਾਰ ਹੁੰਦਾ, ਦਿਨ ਨੂੰ ਪ੍ਰੇਮੀ ਆਪਣੇ ਘਰਾਂ ਫੈਕਟਰੀਆਂ ਵਿੱਚ ਚਰਨ ਪਵਾਉਂਦੇ, ਇਸ ਪ੍ਰਕਾਰ ਦਸ ਦਿਨ ਕੋਲੰਬੋ ਦੀਆਂ ਸੰਗਤਾਂ ਨੂੰ ਗੁਰਬਾਣੀ ਪ੍ਰੇਮ ਦੇ ਗੱਫੇ ਵਰਤਾ ਕੇ ਵਾਪਸ ਬੰਬਈ ਆ ਗਏ। ਬੰਬਈ ਕੁੱਝ ਦਿਨ ਠਹਿਰਣ ਤੋਂ ਬਾਅਦ ਵਾਪਸ ਰਿਸ਼ੀਕੇਸ਼ ਆ ਗਏ।

## ਦੀਵਾਲੀ ਕਿ ਗੁਰਬਾਣੀ ਦਾ ਬੀਜ?

ਔਹ ਜ਼ਰਾ ਧਿਆਨ ਨਾਲ ਦੇਖੋ! ਅੱਜ ਪੂਰਬ ਵਿੱਚ ਕਿਤਨੀ ਸੁੰਦਰਤਾ ਹੈ? ਦੂਜਾ ਪ੍ਰੇਮੀ-ਪੂਰਬ ਵੱਲ ਤੱਕ ਕੇ, ਹਾਂ! ਸੂਰਜ ਚੜ੍ਹਣ ਤੋਂ ਪਹਿਲਾਂ ਲਾਲੀ ਹੁੰਦੀ ਭਾਵੇਂ ਰੋਜ਼ ਹੀ ਹੈ, ਲੇਕਿਨ ਅੱਜ ਤਾਂ ਬਹੁਤ ਹੀ ਵਿਸ਼ੇਸ਼ ਕਿਸਮ ਦੀ ਹੈ, ਨਾ ਗਰਮੀ ਹੈ ਨਾ ਸਰਦੀ। ਇਹ ਤਾਂ ਚੱਲੋ ਮੰਨ ਲੈਂਦੇ ਹਾਂ ਕਿ ਮੌਸਮ ਜੋ ਸੁਹਾਵਣਾ ਹੋਇਆ, ਕੱਤਕ ਮਹੀਨੇ ਦਾ। ਦੂਜਾ ਪ੍ਰੇਮੀ, ਠੀਕ ਹੈ! ਮੌਸਮ ਤਾਂ ਸੁਹਾਵਣਾ ਚੱਲ ਰਿਹਾ ਹੈ, ਲੇਕਿਨ ਇਹ ਜੋ ਵਿਸ਼ੇਸ਼ ਅਨੰਦ ਜਿਹਾ ਮਹਿਸੂਸ ਹੋ ਰਿਹਾ ਹੈ, ਜਿਹੜਾ ਦੱਸਿਆ ਵੀ ਨਹੀਂ ਜਾਂਦਾ, ਇਹ ਤਾਂ ਰੋਜ਼ ਨਹੀਂ ਨਾ ਮਹਿਸੂਸ ਹੁੰਦਾ?

ਟਿਕੇ ਅਤੇ ਸ਼ਾਂਤ ਵਾਤਾਵਰਨ ਵਿੱਚ ਬਹੁਤ ਸੁੰਦਰ ਆਵਾਜ਼ ਸੁਣਾਈ ਦੇ ਰਹੀ ਹੈ :-

**ਗੁਰਬਾਣੀ ਗਾਵਹ ਭਾਈ॥ ਓਹ ਸਫਲ ਸਦਾ ਸੁਖਦਾਈ॥**

*(ਸੋ: ਮ: ੫, ਪੰਨਾ-੬੨੮)*

ਇਹ ਪੰਕਤੀ ਬਾਰ-ਬਾਰ ਉਚਾਰਨ ਹੋ ਰਹੀ ਹੈ। ਪ੍ਰੇਮੀ ਦੂਸਰੇ ਨੂੰ ਬੋਲਿਆ! ਅੱਜ ਦੀਵਾਲੀ ਦਾ ਦਿਨ ਚੜ੍ਹਣ ਵਾਲਾ ਹੈ, ਇਸ ਲਈ ਇਹ ਜੋ ਪੂਰਬ ਦਿਸ਼ਾ ਵਿੱਚ ਸੁੰਦਰਤਾ, ਵਾਤਾਵਰਨ ਵਿੱਚ ਵਿਸ਼ੇਸ਼ ਕਿਸਮ ਦਾ ਅਨੰਦ, ਸ਼ੀਤਲਤਾ ਅਤੇ ਮਿਠਾਸ ਰਸ ਜਿਹਾ ਮਹਿਸੂਸ ਹੋ ਰਿਹਾ ਹੈ, ਇਹ ਉਦਯ ਹੋ ਰਹੇ ਦੀਵਾਲੀ ਦੇ ਵਿਸ਼ੇਸ਼ ਦਿਨ ਦਾ ਸੂਚਕ ਹੈ, ਯਾਨੀ ਰਾਮ ਜੀ ਦੇ ਵਾਪਸ ਆਪਣੀ ਜਨਮ ਭੂਮੀ ਆਉਣ ਦਾ ਪਵਿੱਤਰ ਦਿਹਾੜਾ ਹੈ, ਇਸ ਲਈ ਸਾਰੀ ਪ੍ਰਕਿਰਤੀ ਸ਼ਾਂਤ ਰਸ ਵਿੱਚ ਡੁੱਬੀ ਹੋਈ ਆਪਣੇ ਸੁਆਮੀ ਦਾ ਜਸ ਕਰ ਰਹੀ ਹੈ। ਇਤਨੇ ਨੂੰ ਫਿਰ ਮਿੱਠੀ-ਮਿੱਠੀ ਧੁਨ ਵਿੱਚ ਆਵਾਜ਼ ਸੁਣਾਈ ਦੇਣ ਲੱਗੀ।

**ਆਇਓ ਸੁਨਨ ਪੜਨ ਕਉ ਬਾਣੀ॥**
**ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ॥ ਰਹਾਉ॥**
**ਸਮਝੁ ਅਚੇਤ ਚੇਤਿ ਮਨ ਮੇਰੇ ਕਥੀ ਸੰਤਨ ਅਕਥ ਕਹਾਣੀ॥**
**ਲਾਭੁ ਲੈਹੁ ਹਰਿ ਰਿਦੈ ਅਰਾਧਹੁ ਛੁਟਕੈ ਆਵਣ ਜਾਣੀ॥**
**ਉਦਮੁ ਸਕਤਿ ਸਿਆਣਪ ਤੁਮਰੀ ਦੇਹਿ ਤ ਨਾਮੁ ਵਖਾਣੀ॥**
**ਸੇਈ ਭਗਤ ਭਗਤਿ ਸੇ ਲਾਗੇ ਨਾਨਕ ਜੋ ਪ੍ਰਭ ਭਾਣੀ॥**

*(ਸਾਰਗ ਮ: ੫, ਪੰਨਾ-੧੨੧੯)*

ਪ੍ਰੇਮੀਆਂ ਨੇ ਇੱਧਰ-ਉੱਧਰ ਧਿਆਨ ਟਿਕਾ ਕੇ ਤੱਕਿਆ, ਕਿ ਆਵਾਜ਼ ਕਿੱਥੋਂ ਆ ਰਹੀ ਹੈ, ਹੁਣ ਪਤਾ ਚੱਲਿਆ ਅਰਸ਼ੀ ਪ੍ਰੀਤਮ ਆਪਣੇ ਚੁਬਾਰੇ ਦੀ ਕੁੰਡੀ ਬੰਦ ਕਰੀ ਉੱਚੀ ਸੁਰ ਵਿੱਚ ਪੜ੍ਹ ਰਿਹਾ ਹੈ। ਦਿਨ ਚੜ੍ਹ ਆਇਆ, ਕੁੰਡੀ ਖੁੱਲ੍ਹੀ, ਸੰਗਤ ਨੇ ਦਰਸ਼ਨ ਮੇਲਾ ਕੀਤਾ, ਇਤਨੇ ਨੂੰ ਕੁਲਵੰਤ ਸਿੰਘ ਮਿਸਤਰੀ ਕਾਰ ਲੈ ਕੇ ਆ ਗਿਆ, ਕਿਉਂਕਿ ਅੱਜ 1992 ਨੂੰ ਦੀਵਾਲੀ ਦੇ ਦਿਨ ਦੀ ਤਾਰੀਖ ਉਸ ਨੂੰ ਦਿੱਤੀ ਹੋਈ ਸੀ, ਇਸ ਲਈ ਉਸਦੀ ਫੈਕਟਰੀ ਅਖੰਡ ਪਾਠ ਸਾਹਿਬ ਦੇ ਭੋਗ ਤੇ ਜਾਣਾ ਹੈ। ਫੈਕਟਰੀ ਪਹੁੰਚਣ ਤੋਂ ਬਾਅਦ ਨੀਯਤ ਸਮੇਂ ਅਨੁਸਾਰ ਭੋਗ ਪੈ ਚੁੱਕੇ ਹਨ, ਕੀਰਤਨ ਦੀ ਸਮਾਪਤੀ, ਅਰਦਾਸ ਉਪਰੰਤ ਗੁਰੂ ਕੇ ਲੰਗਰ ਵਰਤਣੇ ਸ਼ੁਰੂ ਹੋ ਗਏ। ਲੰਗਰ ਛਕ ਕੇ ਸ੍ਰ: ਤਰਜੀਤ ਸਿੰਘ ਨਰੂਲਾ, ਸ੍ਰ: ਸੁਰਿੰਦਰ ਸਿੰਘ ਸੱਚਦੇਵਾ, ਅਤੇ ਸ੍ਰ: ਕੰਵਰਜੀਤ ਸਿੰਘ ਭਸੀਨ ਇਤਿਆਦਿਕ ਤਿੰਨ-ਚਾਰ ਪ੍ਰੇਮੀਆਂ ਨੇ ਆਪ ਦੇ ਚਰਨਾਂ ਵਿੱਚ ਅਰਜ਼ ਕੀਤੀ, ਮਹਾਰਾਜ! ਆਪ ਕਿਰਪਾ ਕਰੋ, ਅੱਜ ਸ਼ਾਮ ਨੂੰ ਦੀਵਾਲੀ ਛੋਟੀ ਕੁਟੀਆ ਮਨਾਉ। ਨਾਲੇ ਦੀਵਾਲੀ ਦੀ ਖੁਸ਼ੀ ਵਿੱਚ ਸ਼ਾਮ ਦਾ ਲੰਗਰ ਵੀ ਸਭ ਸੰਗਤਾਂ ਉੱਥੇ ਹੀ ਛੱਕਣ। ਪ੍ਰੇਮੀਆਂ ਦੀ ਬੇਨਤੀ ਸੁਣ ਕੇ ਆਪ ਮੁਸਕਰਾ ਰਹੇ ਹਨ, ਮਾਨੋਂ ਮੁਸਕਰਾਉਂਦੇ ਹੋਏ ਪ੍ਰੇਮੀਆਂ ਦੇ ਅੰਦਰ ਛੁਪੇ ਕਿਸੇ ਵੱਡੇ ਕਾਰਜ ਦੇ ਬੀਜ ਨੂੰ ਤੱਕ ਰਹੇ ਹਨ ਜੋ ਪੁੰਗਰਦਾ ਜਿਹਾ ਨਜ਼ਰ ਆ ਰਿਹਾ ਹੈ। ਪ੍ਰੇਮੀ ਹੱਥ ਜੋੜੀਂ ਖੜ੍ਹੇ ਹਨ, ਮਾਨੋਂ ਝੋਲੀਆਂ ਅੱਡੀਆਂ ਹਨ ਅੱਜ ਸ਼ਾਮ ਦੇ ਦੀਵਾਲੀ ਸਮਾਗਮ ਦੀ ਖੈਰ ਪਵਾਉਣ ਲਈ। ਪਰੰਤੂ ਅਰਸ਼ੀ ਪ੍ਰੀਤਮ ਅੱਗਿਓਂ ਮੁਸਕਰਾਈ ਜਾ ਰਹੇ ਹਨ, ਮਾਨੋਂ ਕਹਿ ਰਹੇ ਹਨ, ਤੁਹਾਡੀ ਮੰਗ ਬੜੀ ਛੋਟੀ ਹੈ, ਸਿਰਫ ਅੱਜ ਦੀ ਦੀਵਾਲੀ? ਲੇਕਿਨ ਗੁਰੂ ਨਾਨਕ ਤਾਂ ਤੁਹਾਡੀ ਸੇਵਾ, ਪ੍ਰੇਮ ਅਤੇ ਪਰਉਪਕਾਰੀ ਭਾਵਨਾ ਤੋਂ ਖੁਸ਼ ਹੋ ਕੇ, ਗੁਰਬਾਣੀ ਰੂਪੀ ਕੋਈ ਵੱਡਾ ਬ੍ਰਿੱਛ ਹੀ ਤੁਹਾਡੀ ਝੋਲੀ ਵਿੱਚ ਪਾਉਣ ਲਈ ਤਰੁੱਠਿਆ ਹੈ। ਜਿਸ ਦਾ ਅੰਮ੍ਰਿਤ ਵਰਗਾ ਮਿੱਠਾ ਫਲ ਅਤੇ ਠੰਡੀ ਗੂੜ੍ਹੀ ਛਾਂ ਦਾ ਤੁਸੀਂ ਆਪ ਅਨੰਦ ਮਾਣੋਂ ਅਤੇ ਦੂਸਰੇ ਲੋੜਵੰਦ ਪ੍ਰੇਮੀਆਂ ਦੇ ਘਰਾਂ ਵਿੱਚ ਖੁੱਲ੍ਹਾ ਵਰਤਾਉ, ਅਤੇ ਜਿਸ ਦੀ ਮਹਿਕ ਕੇਵਲ ਕਰਨਾਲ ਵਿੱਚ ਹੀ ਨਹੀਂ ਸਗੋਂ ਪੰਜਾਬ ਤੱਕ ਪਸਰੇਗੀ! ਖੈਰ ਹੁਕਮ ਕਰ ਦਿੱਤਾ, ਠੀਕ ਹੈ ਸਭ ਸੰਗਤਾਂ ਮਿਲ ਕੇ ਸ਼ਾਮ ਨੂੰ ਚਾਰ ਵਜੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਸ਼ੁਰੂ ਕਰ ਦਿਉ, ਫਿਰ ਕੀਰਤਨ ਉਪਰੰਤ ਗੁਰੂ ਕਾ ਲੰਗਰ ਹੋ ਜਾਵੇਗਾ। ਪ੍ਰੇਮੀਆਂ ਨੇ ਆਗਿਆ ਲੈ ਕੇ ਖੁਸ਼ੀ-ਖੁਸ਼ੀ ਜਾ ਤਿਆਰੀ

ਕੀਤੀ, ਸ਼ਾਮ ਨੂੰ ਚਾਰ ਵਜੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਸ਼ੁਰੂ ਹੋ ਗਿਆ, ਪਤਾ ਲੱਗਣ ਤੇ ਸੰਗਤਾਂ ਵੀ ਭਾਰੀ ਗਿਣਤੀ ਵਿੱਚ ਇਕੱਠੀਆਂ ਹੋ ਗਈਆਂ। ਲੰਗਰ ਵਾਲੇ ਪ੍ਰੇਮੀ ਲੰਗਰ ਦੀ ਤਿਆਰੀ ਕਰਦੇ ਰਹੇ, ਉਧਰ ਸੁਖਮਨੀ ਸਾਹਿਬ ਦਾ ਪਾਠ ਸੰਪੂਰਨ ਹੋਣ ਤੇ ਇਲਾਹੀ ਬਾਣੀ ਦਾ ਕੀਰਤਨ ਸ਼ੁਰੂ ਹੋ ਗਿਆ। ਬੀਬੀ ਹਰਮਿੰਦਰ ਕੌਰ ਨੇ ਦੋ ਘੰਟੇ ਬਹੁਤ ਰਸ ਭਿੰਨਾਂ ਕੀਰਤਨ ਕੀਤਾ। ਸੰਗਤ ਵੀ ਇਤਨੀ ਇਕੱਠੀ ਹੋ ਗਈ ਹੈ ਕਿ ਵਿਹੜਾ ਸਾਰਾ ਭਰ ਗਿਆ। ਸੰਗਤ ਨੇ ਖੁਸ਼ੀ ਵਿੱਚ ਆਤਿਸ਼ਬਾਜ਼ੀ ਵੀ ਕਾਫੀ ਲਿਆਂਦੀ ਹੋਈ ਹੈ, ਅਰਜ਼ ਕੀਤੀ, ਮਹਾਰਾਜ ਦੀਵਾਲੀ ਦੀ ਖੁਸ਼ੀ ਵਿੱਚ ਆਤਿਸ਼ਬਾਜ਼ੀ ਚਲਾਉ। ਆਪ ਨੇ ਬੇਨਤੀ ਪ੍ਰਵਾਨ ਕਰਕੇ ਪਹਿਲੀ ਫੁੱਲਝੜੀ ਚਲਾਈ, ਫਿਰ ਇੱਕ-ਦੋ ਪਟਾਕੇ ਵਗੈਰਾ ਚਲਾ ਕੇ ਹੁਣ ਬਾਕੀ ਦੀ ਸਾਰੀ ਸੰਗਤ ਨੂੰ ਵੰਡ ਦਿੱਤੀ। ਸੰਗਤਾਂ ਨੇ ਵੀ ਆਪੋ-ਆਪਣੇ ਤਰੀਕੇ ਨਾਲ ਸਭ ਚਲਾ ਦਿੱਤੀ। ਇਤਨੇ ਨੂੰ ਗੁਰੂ ਕਾ ਲੰਗਰ ਤਿਆਰ ਹੋ ਗਿਆ, ਸਭ ਸੰਗਤਾਂ ਨੇ ਵਿਹੜੇ ਵਿੱਚ ਪੰਗਤਾਂ ਲਾ ਲਈਆਂ। ਹਜ਼ੂਰ ਦੇ ਲੰਗਰ ਛਕਣ ਲਈ ਇੱਕ ਕਮਰੇ ਵਿੱਚ ਪਲੰਘ ਲਾਇਆ ਹੋਇਆ ਸੀ, ਉਸ ਉੱਪਰ ਸੁਸ਼ੋਭਿਤ ਹੋ ਕੇ ਲੰਗਰ ਛਕ ਲਿਆ। ਲੰਗਰ ਛੱਕਣ ਤੋਂ ਬਾਅਦ ਸ੍ਰੀ ਸੁਰਿੰਦਰ ਸਿੰਘ, ਤਰਜੀਤ ਸਿੰਘ ਅਤੇ ਰਛਪਾਲ ਸਿੰਘ ਗੁਲਾਟੀ ਆਦਿਕ ਅੱਠ-ਦਸ ਬੰਦੇ ਬੜੇ ਖੁਸ਼ ਮਜ਼ਾਜ ਵਿੱਚ ਹਜ਼ੂਰ ਦਾ ਸ਼ੁਕਰਾਨਾ ਕਰਨ ਲਈ ਅੰਦਰ ਕਮਰੇ ਵਿੱਚ ਆ ਗਏ। ਅਰਜ਼ ਕੀਤੀ, ਮਹਾਰਾਜ! ਬੜੀ ਕਿਰਪਾ ਕੀਤੀ, ਇਤਨਾ ਸੁੰਦਰ ਸਮਾਗਮ ਹੋ ਗਿਆ, ਦੋ-ਤਿੰਨ ਘੰਟੇ ਗੁਰਬਾਣੀ ਦਾ ਪ੍ਰਵਾਹ ਚੱਲਿਆ, ਉਪਰੰਤ ਦੀਵਾਲੀ ਬੜੀ ਧੂਮ-ਧਾਮ ਨਾਲ ਮਨਾਈ ਗਈ। ਆਪ ਦੀ ਕਿਰਪਾ ਨਾਲ ਗੁਰੂ ਕੇ ਲੰਗਰ ਅਤੁੱਟ ਵਰਤੇ, ਅਨੇਕਾਂ ਪ੍ਰਕਾਰ ਦੇ ਪਦਾਰਥ ਸੰਗਤਾਂ ਨੇ ਛਕੇ, ਅਜੇ ਵੀ ਬਾਹਰ ਖੁੱਲ੍ਹੇ ਵਰਤ ਰਹੇ ਹਨ। ਹਜ਼ੂਰ ਅਜੇ ਵੀ ਆਪਣੀ ਮੌਜ ਵਿੱਚ ਮੁਸਕਰਾ ਰਹੇ ਹਨ। ਇਨ੍ਹਾਂ ਪ੍ਰੇਮੀਆਂ ਦੇ ਅੰਦਰ ਸੇਵਾ ਦਾ ਕੋਈ ਵੱਡਾ ਬੀਜ ਪਿਆ ਹੈ, ਜਿਸ ਤੋਂ ਇਹ ਨਾ-ਵਾਕਫ ਹਨ, ਪਰੰਤੂ ਆਪ ਦੀ ਰਸ ਭਰੀ ਮੁਸਕਾਨ ਮਾਨੋਂ ਉਸ ਬੀਜ ਨੂੰ ਥੋੜ੍ਹਾ ਹਿਲਾ ਰਹੀ ਹੈ। ਹੁਣ ਪਵਿੱਤਰ ਬੁੱਲ੍ਹ ਹਰਕਤ ਵਿੱਚ ਆਏ, ਬਹੁਤ ਖੁਸ਼ ਲਹਿਜੇ ਵਿੱਚ ਬੋਲੇ ਭਾਈ, ਅਸੀਂ ਤਾਂ ਆ ਕੇ ਬੈਠ ਹੀ ਗਏ ਹਾਂ, ਕੋਸ਼ਿਸ਼ ਹਿੰਮਤ ਸਾਰੀ ਤੁਹਾਡੀ ਅਤੇ ਬਖਸ਼ਿਸ਼ ਬਾਬੇ ਨਾਨਕ ਦੀ! ਮੁਸਕਰਾਉਂਦੇ ਹੋਏ ਹੀ ਔਹ ਦੇਖੋ, ਹੁਣ ਕਈ ਹਜ਼ਾਰ ਸਾਲ ਦੇ ਪਏ ਪੁਰਾਤਨ ਬੀਜ ਉਪਰੋਂ ਕਿਵੇਂ ਪੜਦਾ ਹਟਾ ਰਹੇ ਹਨ। ਖੁਸ਼ ਲਹਿਜੇ ਵਿੱਚ ਆਖ ਰਹੇ ਹਨ, ਇਹ ਸਮਾਗਮ ਅੱਜ ਤੁਰਤ ਤੇ ਹੀ ਤਿਆਰੀ ਕਰਕੇ ਕਿੰਨਾ ਚੰਗਾ ਸੁੰਦਰ ਢੰਗ ਨਾਲ ਮਨਾਇਆ ਗਿਆ, ਪਰੰਤੂ ਜੇ ਕਿਤੇ ਪਹਿਲਾਂ ਵਿਚਾਰ ਕੀਤੀ ਹੁੰਦੀ ਤਾਂ ਪਾਵਨ ਬਾਣੀ ਦਾ ਸ੍ਰੀ ਅਖੰਡ ਪਾਠ ਸਾਹਿਬ ਹੋ ਜਾਂਦਾ, ਫਿਰ ਹੋਰ ਵੀ ਸੋਨੇ ਤੇ ਸੁਹਾਗਾ ਹੋ ਜਾਣਾ ਸੀ। ਸ਼ਾਇਦ ਇਤਨੇ ਕੁ ਸਹਾਰੇ ਦੀ ਹੀ ਲੋੜ ਸੀ ਬੀਜ ਦੇ ਪੁੰਗਰਨ ਲਈ, ਝੱਟ ਹੀ ਸੁਰਿੰਦਰ ਸਿੰਘ ਨੇ ਅਰਜ਼ ਕਰ ਦਿੱਤੀ, ਮਹਾਰਾਜ! ਕਿਰਪਾ ਕਰੋ ਅਗਲੇ ਸਾਲ ਦੀ ਦੀਵਾਲੀ ਇੱਥੇ ਹੀ ਬਖਸ਼ ਦਿਉ, ਨਾਲ ਸ੍ਰੀ ਅਖੰਡ ਪਾਠ ਸਾਹਿਬ ਵੀ ਹੋ ਜਾਏਗਾ। ਆਪ ਮੁਸਕਰਾਉਂਦੇ ਹੋਏ ਆਖ ਰਹੇ ਹਨ, ਅਗਲਾ ਸਾਲ ਤਾਂ ਅਜੇ ਦੂਰ ਹੈ, ਜਿਵੇਂ ਗੁਰੂ ਨਾਨਕ ਕਰਵਾਏਗਾ ਹੋ ਜਾਵੇਗਾ। ਹੁਣ ਕਮਰੇ ਵਿੱਚ ਖੜ੍ਹੀ ਸਾਰੀ ਸੰਗਤ ਹੀ ਅਰਜ਼ ਕਰਨ ਲੱਗੀ ਮਹਾਰਾਜ ਕਿਰਪਾ ਕਰੋ, ਅਗਲੇ ਸਾਲ ਦੀ ਦੀਵਾਲੀ ਇੱਥੇ ਹੀ ਪੱਕੀ ਕਰ ਦਿਉ! ਬਸ ਹੁਣ ਸ਼ਾਇਦ ਸਮਾਂ ਆ ਚੁੱਕਿਆ ਸੀ, **ਮੇਘੈ ਨੂੰ ਫੁਰਮਾਣ ਹੋਆ ਵਰਸਹੁ ਕ੍ਰਿਪਾ ਧਾਰਿ** ਵਾਲਾ ਇਸ਼ਾਰਾ ਕਰ ਦਿੱਤਾ। ਠੀਕ ਹੈ ਅਸੀਂ ਵੀ ਆ ਜਾਵਾਂਗੇ, ਦੀਵਾਲੀ ਦੇ ਨਾਲ-ਨਾਲ ਪੂਜਯ ਸੰਤ ਬਾਬਾ ਭਗਤ ਸਿੰਘ ਮਹਾਰਾਜ ਅਤੇ ਪਰਮ ਪੂਜਨੀਕ ਸੰਤ ਬਾਬਾ ਨਿੱਕਾ ਸਿੰਘ ਜੀ ਮਹਾਰਾਜ, ਆਦਿਕ ਦੋਨਾਂ ਮਹਾਂਪੁਰਸ਼ਾਂ ਦੀ ਯਾਦ ਮਨਾਈ ਜਾਵੇਗੀ। ਆਪ ਜੀ ਦੇ ਪਵਿੱਤਰ ਮੁਖਾਰਬਿੰਦ ਤੋਂ ਸਪੱਸ਼ਟ ਸੰਕੇਤ ਸੁਣਕੇ ਸੰਗਤ ਗਦ ਗਦ ਹੋ ਗਈ, ਸਤਿਕਾਰਯੋਗ ਮਾਤਾ ਬਿਮਲਾਦੇਵੀ ਜੀ ਨੇ ਅਰਜ਼ ਕੀਤੀ, ਮਹਾਰਾਜ! ਇੱਕ ਅਖੰਡ ਪਾਠ ਸਾਹਿਬ ਦੀ ਸੇਵਾ ਮੈਨੂੰ ਬਖ਼ਸ਼ ਦਿਉ। ਹਜ਼ੂਰ ਬੋਲੇ, ਇੱਕ ਤਾਂ ਸਰਬੱਤ ਸਾਧ ਸੰਗਤ ਵੱਲੋਂ ਹੋ ਜਾਵੇਗਾ, ਦੂਸਰਾ ਤੁਹਾਡੇ ਵੱਲੋਂ ਰੱਖਵਾ ਲੈਣਾ। ਇਤਨੇ ਨੂੰ ਰਛਪਾਲ ਸਿੰਘ ਗੁਲਾਟੀ ਨੇ ਅਰਜ਼ ਕੀਤੀ, ਮਹਾਰਾਜ ਇੱਕ ਪਾਠ ਸਾਹਿਬ ਦੀ ਸੇਵਾ ਮੈਨੂੰ ਬਖਸ਼ ਦਿਉ! ਹਜ਼ੂਰ ਮੁਸਕਰਾਈ ਜਾ ਰਹੇ ਹਨ। ਪ੍ਰੇਮੀਆਂ ਨੇ ਮੁਸਕਰਾਉਣ ਨੂੰ ਹੀ ਇਸ਼ਾਰਾ ਸਮਝ ਕੇ ਪਾਠ ਸਾਹਿਬ ਦੀ ਸੇਵਾ ਪ੍ਰਾਪਤ ਕਰਨ ਲਈ ਅਰਜ਼ਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਹਜ਼ੂਰ ਨੇ ਹੁਕਮ ਕਰ ਦਿੱਤਾ ਕਿ ਇੱਕ ਕਾਗਜ਼ ਤੇ ਨਾਮ ਲਿਖ ਲਉ, ਜਿਹੜੇ-ਜਿਹੜੇ ਪ੍ਰੇਮੀ ਪਾਠ ਸਾਹਿਬ ਦੀ ਸੇਵਾ ਲੈਣੀ ਚਾਹੁੰਦੇ ਹਨ। ਪ੍ਰੇਮੀਆਂ ਨੇ ਫਟਾਫਟ ਕਾਗਜ ਲੈ ਕੇ ਨਾਮ ਲਿਖਣੇ ਸ਼ੁਰੂ ਕਰ ਦਿੱਤੇ— ਪਹਿਲਾਂ ਪਾਠ ਸਰਬੱਤ ਸਾਧ ਸੰਗਤ ਵੱਲੋਂ।

ਸਤਿਕਾਰਯੋਗ ਮਾਤਾ ਬਿਮਲਾ ਦੇਵੀ ਜੀ ਕਰਨਾਲ, ਸ੍ਰੀ ਰਛਪਾਲ ਸਿੰਘ ਜੀ ਗੁਲਾਟੀ ਕਰਨਾਲ, ਸ੍ਰੀ ਸਵਰਨ ਸਿੰਘ ਜੀ ਸਚਦੇਵਾ ਕਰਨਾਲ, ਸ੍ਰੀ ਕੰਵਰਜੀਤ ਸਿੰਘ ਜੀ ਭਸੀਨ ਕਰਨਾਲ, ਸ੍ਰੀ ਸੁਰਿੰਦਰ ਸਿੰਘ ਜੀ ਸਚਦੇਵਾ ਕਰਨਾਲ, ਸ੍ਰੀ ਤ੍ਰਿਲੋਕ ਸਿੰਘ ਖੁਰਾਨਾ ਕਰਨਾਲ, ਸ੍ਰੀ ਤਰਜੀਤ ਸਿੰਘ ਜੀ ਨਰੂਲਾ ਕਰਨਾਲ, ਕੁਲਦੀਪ ਸਿੰਘ ਕਾਲੜਾ ਕਰਨਾਲ, ਮਾਤਾ ਪ੍ਰਕਾਸ਼ ਕੌਰ ਕਰਨਾਲ, ਸ੍ਰੀ ਮਹਿੰਦਰ ਸਿੰਘ ਜੀ ਬੱਬਰ ਕਰਨਾਲ, ਸ੍ਰੀ ਬਨਾਰਸੀ ਲਾਲ ਜੀ ਬਾਂਬਾ ਕਰਨਾਲ, ਸ੍ਰ: ਤ੍ਰਿਲੋਚਨ ਸਿੰਘ ਜੀ ਕਰਨਾਲ ਅਤੇ ਸ੍ਰ: ਰਣਵੀਰ ਸਿੰਘ ਢਿੱਲੋਂ ਕੁੜਕ ਇਤਿਆਦਿਕ ਚੌਦਾਂ ਪ੍ਰੇਮੀਆਂ ਵੱਲੋਂ ਪਾਠ ਸਾਹਿਬ ਦੀ ਸੇਵਾ ਕਰਨ ਲਈ ਨਾਮ ਲਿਖਵਾ ਦਿੱਤੇ ਗਏ। ਹਜ਼ੂਰ ਮੁਸਕਰਾ ਕੇ ਪੁੱਛ ਰਹੇ ਹਨ? ਇਤਨੇ ਪਾਠ ਕਰੋਗੇ ਕਿੱਥੇ? ਇਸ ਕਮਰੇ ਵਿੱਚ ਤਾਂ ਪੰਜ ਪਾਠਾਂ ਤੋਂ ਵੱਧ ਨਹੀਂ ਆਉਣੇ। ਆਪ ਨੇ ਤਾਂ ਸਪਸ਼ਟ ਸੰਕੇਤ ਕਰ ਦਿੱਤਾ ਕਿ ਜੋ ਲਿਸਟ ਤੁਸੀਂ ਬਣਾ ਰਹੇ ਹੋ, ਉਨ੍ਹਾਂ ਵਿੱਚੋਂ ਪੰਜ ਪਾਠ ਇੱਥੇ ਹੋ ਜਾਣਗੇ। ਸੰਗਤ ਵਿੱਚੋਂ ਅਵਾਜ਼ ਆਈ, ਮਹਾਰਾਜ! ਦੋਨੋਂ ਕਮਰਿਆਂ ਦੇ ਵਿਚਕਾਰ ਵਾਲੀ ਦੀਵਾਰ ਹਟਾ ਦਿਆਂਗੇ, ਫਿਰ ਇਹ ਚੌਦਾਂ ਪਾਠ ਅੰਦਰ ਹੀ ਆ ਜਾਣਗੇ! ਹਜ਼ੂਰ ਮੁਸਕਰਾ ਕੇ ਕਹਿ ਰਹੇ ਹਨ, ਹਾਂ ਦੀਵਾਰ ਹੀ ਹਟਾਉਣੀ ਹੈ ਦੋਨੋਂ ਕੁਟੀਆ ਦੀ! ਲੇਕਿਨ ਅਰਸ਼ੀ ਪ੍ਰੀਤਮ ਅਜੇ ਵੀ ਮੁਸਕਰਾਈ ਜਾ ਰਿਹਾ ਹੈ, ਮਾਨੋਂ ਕਹਿ ਰਿਹਾ ਹੈ, ਭਾਈ! ਕਰਤਾਰ ਜੈਸੇ ਕਰਾਏਗਾ! ਇਤਨੇ ਨੂੰ ਬਾਹਰ ਵਾਲੀ ਸੰਗਤ ਵਿੱਚ ਵੀ ਪਤਾ ਲੱਗ ਗਿਆ ਕਿ ਅਗਲੀ ਦੀਵਾਲੀ ਵੀ ਇੱਥੇ ਹੀ ਮਨਾਈ ਜਾਏਗੀ, ਨਾਲ ਅਖੰਡ ਪਾਠ ਸਾਹਿਬ ਵੀ ਹੋਣਗੇ, ਜੋ ਅੰਦਰ ਲਿਖੇ ਜਾ ਰਹੇ ਹਨ।

ਹੁਣ ਤੋਂ ਕੁੱਝ ਮਿੰਟ ਪਹਿਲਾਂ ਸੰਗਤਾਂ ਵਿੱਚ ਜੋ ਖੁਸ਼ੀ ਨਜ਼ਰ ਆ ਰਹੀ ਸੀ, ਅੱਜ ਦੇ ਦੀਵਾਲੀ ਸਮਾਗਮ ਦੀ ਉਹ ਹੁਣ ਭੁੱਲਦੀ ਜਾ ਰਹੀ ਹੈ, ਕਿਉਂਕਿ ਆਉਣ ਵਾਲੇ ਸਾਲ ਦੀ ਦੀਵਾਲੀ ਦੀ ਵੱਡੀ ਖੁਸ਼ੀ ਨੇ ਦਿਲਾਂ ਤੇ ਆਪਣਾ ਅਸਰ ਪਾਉਣਾ ਸ਼ੁਰੂ ਕਰ ਦਿੱਤਾ। ਖੈਰ ਰਾਤ ਵੀ ਹੁਣ ਕਾਫੀ ਵੱਡੀ ਹੋ ਗਈ, ਇਸ ਲਈ ਸਭ ਸੰਗਤਾਂ ਕਿਸੇ ਅਕਹਿ ਖੁਸ਼ੀ ਵਿੱਚ ਲੀਨ ਹੋਈਆਂ ਆਗਿਆ ਲੈ ਕੇ ਘਰਾਂ ਨੂੰ ਵਾਪਸ ਹੋਈਆਂ, ਇੱਧਰ ਆਪ ਜੀ ਵੀ ਕਿਸੇ ਵੱਡੇ ਕਾਰਜ ਦੀ ਨੀਂਹ ਰੱਖ ਕੇ ਵਾਪਸ ਵੱਡੀ ਕੁਟੀਆ ਆ ਗਏ। ਰਾਤ ਗੁਜ਼ਰਨ ਤੋਂ ਬਾਅਦ ਸਵੇਰੇ ਸੁਵੱਖਤੇ ਹੀ ਸਤਿਕਾਰਯੋਗ ਭਗਤ ਲੱਭਾ ਮੱਲ ਜੀ ਨੇ ਆਪ ਜੀ ਦੇ ਚਰਨਾਂ ਵਿੱਚ ਅਰਜ਼ ਕੀਤੀ, ਮਹਾਰਾਜ! ਪਤਾ ਲੱਗਿਆ ਹੈ ਅਗਲੇ ਸਾਲ ਦੀ ਦੀਵਾਲੀ ਇੱਥੇ ਹੀ ਮਨਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ, ਅਤੇ ਕੁਝ ਪ੍ਰੇਮੀਆਂ ਨੇ ਅਖੰਡ ਪਾਠ ਦੀ ਸੇਵਾ ਲਈ ਹੈ, ਇੱਕ ਪਾਠ ਦੀ ਸੇਵਾ ਮੈਨੂੰ ਵੀ ਬਖਸ਼ ਦਿਉ! ਆਪ ਨੇ ਮੁਸਕਰਾਉਂਦਿਆਂ ਇਸ਼ਾਰਾ ਕਰ ਦਿੱਤਾ, ਜਿਵੇਂ ਤੁਹਾਡੀ ਮਰਜ਼ੀ! ਹੁਣ ਜਿਵੇਂ-ਜਿਵੇਂ ਦਿਨ ਚੜ੍ਹਦਾ ਜਾ ਰਿਹਾ ਹੈ, ਖ਼ਬਰ ਸਭ ਸੰਗਤਾਂ ਵਿੱਚ ਪਸਰੀ ਜਾ ਰਹੀ ਹੈ, ਇਤਨੇ ਨੂੰ ਹਜ਼ੂਰ ਨੇ ਕੁੰਡੀ ਖੋਲ੍ਹੀ, ਸੰਗਤਾਂ ਨੇ ਦਰਸ਼ਨ ਦੀਦਾਰੇ ਕਰ ਕੇ ਅਤੇ ਨਮਸ਼ਕਾਰਾਂ ਕਰਕੇ ਅਰਜ਼ਾਂ ਕਰਨੀਆਂ ਸ਼ੁਰੂ ਕੀਤੀਆਂ, ਮਹਾਰਾਜ, ਇੱਕ ਪਾਠ ਦੀ ਸੇਵਾ ਸਾਨੂੰ ਦਿਉ! ਇੱਕ ਪਾਠ ਦੀ ਸੇਵਾ ਸਾਨੂੰ ਬਖਸ਼ੋ! ਇਤਿਆਦਿਕ। ਹਜ਼ੂਰ ਆਪਣੀ ਮੌਜ ਵਿੱਚ ਮੁਸਕਰਾਈ ਜਾ ਰਹੇ ਹਨ, ਲਿਖਣ ਵਾਲਾ ਇਸ਼ਾਰਾ ਸਮਝ ਕੇ ਲਿਖੀ ਜਾ ਰਿਹਾ ਹੈ ਅਤੇ ਲਿਖਾਉਣ ਵਾਲੇ ਲਿਖਾਈ ਜਾ ਰਹੇ ਹਨ। ਇਸ ਪ੍ਰਕਾਰ ਲਿਸਟ ਕੋਈ ਹੁਣ ਤੱਕ ਪੈਂਤੀ ਕੁ ਤੇ ਪਹੁੰਚ ਗਈ। ਪ੍ਰੇਮੀ ਸੋਚ ਰਹੇ ਹਨ ਕਿ ਪੈਂਤੀ ਪਾਠਾਂ ਵਾਸਤੇ ਤਾਂ ਜਗ੍ਹਾ ਛੋਟੀ ਕੁਟੀਆ ਵਿੱਚ ਸਮੇਤ ਵਿਹੜੇ ਵੀ ਨਹੀਂ ਹੈ, ਫਿਰ ਇਹ ਕਿੱਥੇ ਰੱਖੇ ਜਾਣਗੇ? ਜਿਵੇਂ-ਜਿਵੇਂ ਖ਼ਬਰ ਪਸਰ ਰਹੀ ਹੈ, ਸੰਗਤਾਂ ਵਿੱਚ ਉਤਸ਼ਾਹ ਵਧੀ ਜਾ ਰਿਹਾ ਹੈ।

ਅੱਜ ਤੀਜਾ ਦਿਨ ਚੜ੍ਹਿਆ ਸੰਗਤਾਂ ਨੇ ਫਿਰ ਨਾਮ ਲਿਖਾਉਣੇ ਸ਼ੁਰੂ ਕਰ ਦਿੱਤੇ, ਹਜ਼ੂਰ ਫਿਰ ਆਪਣੀ ਮੌਜ ਵਿੱਚ ਮੁਸਕਰਾਈ ਜਾ ਰਹੇ ਹਨ, ਉਧਰ ਲਿਖਣ ਵਾਲਾ ਪ੍ਰੇਮੀ ਪਾਠ ਲਿਖਣੇ ਬੰਦ ਕਰਨ ਬਾਰੇ ਕੋਈ ਸਪਸ਼ਟ ਸੰਕੇਤ ਨਾ ਮਿਲਣ ਕਰਕੇ ਲਿਖੀ ਜਾ ਰਿਹਾ ਹੈ। ਸੰਗਤ ਸੋਚ ਰਹੀ ਹੈ ਕਿ ਸ਼ਾਇਦ ਇਕਵੰਜਾ ਪਾਠਾਂ ਤੇ ਜਾ ਕੇ ਲਿਖਣੇ ਬੰਦ ਕਰ ਦੇਣ, ਪਰ ਕੌਣ ਜਾਣੇ ਅਰਸ਼ੀ ਪ੍ਰੀਤਮ ਦੀ ਅਗੰਮੀ ਮੌਜ ਨੂੰ, ਸ਼ਾਮ ਤੱਕ ਇਕਵੰਜਾ ਵਾਲਾ ਖਿਆਲ ਸੰਗਤਾਂ ਦਾ ਥੱਲੇ ਰਹਿ ਗਿਆ। ਗਿਣਤੀ ਛਵੰਜਾ ਤੱਕ ਜਾ ਪਹੁੰਚੀ। ਲੇਕਿਨ ਪਾਠ ਲਿਖਣੇ ਅਜੇ ਵੀ ਜਾਰੀ ਹਨ, ਹੁਣ ਸੰਗਤਾਂ ਆਪਸ ਵਿੱਚ ਵਿਚਾਰਾਂ ਕਰਨ ਲੱਗੀਆਂ, ਕਿ ਸ਼ਾਇਦ ਇੱਕ ਸੌ ਇੱਕ ਤੇ ਹੀ ਜਾ ਕੇ ਰੁਕੇ, ਪਰ ਹੈ ਇਹ ਸੋਚ ਬੁੱਧੀ ਮੰਡਲ ਦੀ ਹੀ, ਲੇਕਿਨ ਵਰਤਾਰਾ ਬੁੱਧੀ ਦੇ ਮੰਡਲ ਤੋਂ ਉਪਰ ਦਾ ਵਰਤ ਰਿਹਾ ਹੈ।

ਹਜ਼ੂਰ ਨੇ ਹੁਣ ਦਿੱਤੀਆਂ ਤਾਰੀਖਾਂ ਅਨੁਸਾਰ ਬਾਹਰ ਪਿੰਡਾਂ ਵਿੱਚ ਜਾਣਾ ਸ਼ੁਰੂ ਕੀਤਾ। ਪਾਠਾਂ ਵਾਲੀ ਖ਼ਬਰ ਸਾਰੇ ਫੈਲ ਹੀ ਚੁੱਕੀ ਸੀ, ਇਸ ਲਈ ਜਿੱਥੇ ਜਾਂਦੇ ਹਨ ਸੰਗਤਾਂ ਬੜੇ ਉਤਸ਼ਾਹ ਨਾਲ ਪਾਠ ਲਿਖਾਈ ਜਾ ਰਹੀਆਂ ਹਨ, ਅਤੇ

ਲਿਖਣ ਵਾਲਾ ਲਿਖੀ ਜਾ ਰਿਹਾ ਹੈ। ਲੇਕਿਨ ਅਰਸ਼ੀ ਪ੍ਰੀਤਮ ਚੁੱਪ ਹੈ, ਜੇ ਕੋਈ ਅਰਜ਼ ਕਰਦਾ ਵੀ ਹੈ, ਕਿ ਮਹਾਰਾਜ ਕਿੰਨੇ ਪਾਠ ਹੋਣਗੇ? ਕਿੱਥੇ ਕੀਤੇ ਜਾਣਗੇ? ਇਤਨੇ ਪਾਠੀਆਂ ਦਾ ਇੰਤਜਾਮ ਕਿਵੇਂ ਹੋਵੇਗਾ? ਦਾਤਾ ਮੁਸਕਰਾ ਕੇ ਹੱਥ ਉੱਪਰ ਨੂੰ ਕਰ ਦਿੰਦਾ ਹੈ, ਜਿਸ ਨੂੰ ਬੁੱਧੀ ਨਾਲ ਸੋਚਿਆਂ ਕੁੱਝ ਇਉਂ ਸਮਝ ਪੈਂਦੀ ਹੈ, ਜਿਵੇਂ ਕਹਿ ਰਿਹਾ ਹੋਵੇ ਗੁਰੂ ਨਾਨਕ ਜਾਣੇ। ਪ੍ਰੇਮੀ ਵਿਚਾਰੇ ਅਜੇ ਵੀ ਨਹੀਂ ਸਮਝ ਰਹੇ ਕਿ ਇਸ ਮਹਾਨ ਯੱਗ ਦੀ ਬੁਨਿਆਦ ਗੁਰੂ ਨਾਨਕ ਦੀ ਬਾਣੀ ਦਾ ਜਸ ਫੈਲਾਉਣ ਲਈ ਹੀ ਰੱਖੀ ਗਈ ਹੈ। ਇਹ ਵਿਚਾਰੇ ਇਨ੍ਹਾਂ ਸੌ, ਦੋ ਸੌ, ਪਾਠਾਂ ਬਾਰੇ ਹੀ ਚਿੰਤਾਤੁਰ ਹਨ, ਪਰੰਤੂ ਸਮਾਂ ਦੱਸੇਗਾ ਕਿ ਇਸ ਯੱਗ ਦੀ ਸੰਪੂਰਨਤਾ ਨਾਲ ਅਣਗਿਣਤ ਘਰ ਐਸੇ ਹੋਣਗੇ, ਜਿੰਨ੍ਹਾਂ ਨੂੰ ਅਖੰਡ ਪਾਠ ਕਰਵਾਉਣ ਵਾਸਤੇ ਦੂਸਰੇ ਘਰਾਂ ਤੋਂ ਪਾਠੀ ਨਹੀਂ ਮੰਗਣਾ ਪਵੇਗਾ।

ਔਹ ਦੇਖੋ! ਅੱਜ ਅਰਸ਼ੀ ਦਾਤਾ ਗੁਰਬਾਣੀ ਦਾ ਛੱਟਾ ਦੇ ਕੇ ਨਿਸ਼ਕਾਮ ਪਾਠੀਆਂ ਦੇ ਪੂਰਾਂ ਦੇ ਪੂਰ ਤਿਆਰ ਕਰਨ ਦਾ ਬੀਜ ਬੋਣਾ ਸ਼ੁਰੂ ਕਰ ਰਿਹਾ ਹੈ। ਅੱਜ ਕਿਸੇ ਪ੍ਰੇਮੀ ਨੂੰ ਦਿੱਤੀ ਤਾਰੀਖ ਅਨੁਸਾਰ ਉਸ ਦੇ ਪਿੰਡ ਪਖਾਣੇ ਪਹੁੰਚੇ। ਅਖੰਡ ਪਾਠ ਸਾਹਿਬ ਦੇ ਭੋਗ ਪਏ, ਕੀਰਤਨ ਸਮਾਪਤੀ ਉਪਰੰਤ ਵਰਤ ਰਹੇ ਗੁਰੂ ਕੇ ਲੰਗਰ ਵਿੱਚੋਂ ਪ੍ਰਸ਼ਾਦ ਪਾਣੀ ਛਕੇ। ਇਤਨੇ ਨੂੰ ਮਾਸਟਰ ਗਰਵੰਤ ਸਿੰਘ ਜੀ ਮਾਨ ਉਨ੍ਹਾਂ ਦੀਆਂ ਬੇਟੀਆਂ, ਡਾਲੀ ਤੇ ਰੂਬੀ ਅਤੇ ਦੋ-ਚਾਰ ਹੋਰ ਬੰਦੇ ਜੁੜਕੇ ਆਪ ਜੀ ਦੇ ਚਰਨਾਂ ਵਿੱਚ ਪਹੁੰਚੇ, ਅਰਜ਼ ਕੀਤੀ, ਮਹਾਰਾਜ! ਸਾਡੇ ਪਿੰਡ ਵਿੱਚ ਕਾਫੀ ਸੰਗਤ ਗੁਰਬਾਣੀ ਪਾਠ ਦੀ ਸੰਥਯਾ ਕਰਨ ਦੀ ਚਾਹਵਾਨ ਹੈ। ਆਪ ਕ੍ਰਿਪਾ ਕਰੋ ਰਿਸ਼ੀਕੇਸ਼ ਤੋਂ ਕੋਈ ਪੜ੍ਹਾਉਣ ਵਾਲਾ ਭੇਜੋ! ਹਜ਼ੂਰ ਮੁਸਕਰਾ ਕੇ ਬੋਲੇ! ਰਿਸ਼ੀਕੇਸ਼ ਤੋਂ ਕਿਸ ਨੂੰ ਭੇਜਣਾ ਹੈ, ਰੂਬੀ, ਡਾਲੀ ਵੱਲ ਇਸ਼ਾਰਾ ਕੀਤਾ, ਕਿ ਤੁਸੀਂ ਪੜ੍ਹਾਉ। ਦੋਨੋਂ ਲੜਕੀਆਂ ਨੇ ਹੱਥ ਜੋੜ ਕੇ ਅਰਜ਼ ਕਰ ਦਿੱਤੀ, ਮਹਾਰਾਜ ਜੈਸਾ ਆਪ ਦਾ ਹੁਕਮ! ਆਪ ਨੇ ਹੁਕਮ ਕੀਤਾ ਕਿ ਜੋ ਸੰਥਯਾ ਕਰਨੀ ਚਾਹੁੰਦੇ ਹਨ, ਉਨ੍ਹਾਂ ਦੇ ਨਾਮ ਲਿਖ ਲਉ! ਜਦੋਂ ਲਿਸਟ ਬਣਾਈ, ਕੋਈ ਸੱਠ ਬੰਦਿਆਂ ਦੇ ਨਾਮ ਆ ਗਏ। ਹਜ਼ੂਰ ਨੇ ਹੁਕਮ ਕੀਤਾ, ਕਿ ਦੋ-ਤਿੰਨ ਸ਼ਿਫਟਾਂ ਬਣਾ ਕੇ ਤੁਸੀਂ ਆਪਣੇ ਘਰ ਹੀ ਸੰਥਯਾ ਦੇਣੀ ਸ਼ੁਰੂ ਕਰ ਦਿਉ! ਮਾਸਟਰ ਗੁਰਵੰਤ ਸਿੰਘ ਜੀ ਨੇ ਅਰਜ਼ ਕੀਤੀ, ਮਹਾਰਾਜ! ਪੜ੍ਹਾਉਣ ਵਾਲੀ ਸੇਵਾ ਤਾਂ ਆਪ ਨੇ ਬੱਚਿਆਂ ਨੂੰ ਦੇ ਦਿੱਤੀ, ਪਰੰਤੂ ਸਾਨੂੰ ਵੀ ਕੋਈ ਸੇਵਾ ਬਖਸ਼ੋ। ਹੁਕਮ ਹੋਇਆ ਮਹੀਨਾ ਸਰਦੀ ਦਾ ਹੈ, ਜਿਹੜੀ ਸੰਗਤ ਸਵੇਰੇ ਚਾਰ ਵਜੇ ਪੜ੍ਹਣ ਆਇਆ ਕਰੇਗੀ, ਤੁਸੀਂ ਉਸ ਨੂੰ ਚਾਹ ਛਕਾ ਦਿਆ ਕਰੋ। ਮਾਸਟਰ ਜੀ ਨੇ ਅਰਜ਼ ਕੀਤੀ, ਮਹਾਰਾਜ! ਨਾਲ ਬਿਸਕੁਟ ਵਗੈਰਾ ਹੋ ਜਾਣ। ਹੁਕਮ ਹੋਇਆ, ਜਿਵੇਂ ਤੁਹਾਡੀ ਮਰਜ਼ੀ। ਮਾਸਟਰ ਜੀ ਦੇ ਘਰੋਂ ਮਾਤਾ ਸਵਰਨ ਕੌਰ ਨੇ ਪੰਜਾਬੀ ਪੜ੍ਹਾਉਣ ਦੀ ਸੇਵਾ ਲੈ ਲਈ। ਇਸ ਪ੍ਰਕਾਰ ਹਰੀ ਨੇ ਤਰੁੱਠ ਕੇ ਇਸ ਪਰਿਵਾਰ ਦੀ ਝੋਲੀ ਸੇਵਾ ਨਾਲ ਭਰ ਦਿੱਤੀ। ਹੁਣ ਪਤਾ ਲੱਗਣ ਤੇ ਸਾਰੇ ਪਿੰਡ ਵਿੱਚ ਗੁਰਬਾਣੀ ਪੜ੍ਹਣ ਦੀ ਇੱਕ ਲਹਿਰ ਪੈਦਾ ਹੋ ਗਈ। ਕੁਝ ਦਿਨਾਂ ਬਾਅਦ ਪੜ੍ਹਣ ਵਾਲਿਆਂ ਦੀ ਗਿਣਤੀ ਸੌ ਦੇ ਕਰੀਬ ਜਾ ਪਹੁੰਚੀ। ਇਸ ਪ੍ਰਕਾਰ ਇਸ ਪਖਾਣੇ ਪਿੰਡ ਵਿੱਚ— **ਹੋਰਿੰਓ ਗੰਗ ਵਹਾਈਐ ਦੁਨਿਆਈ ਆਖੈ ਕਿ ਕਿਓਨੁ,** ਵਾਲਾ ਖੇਡ ਵਰਤਾ ਕੇ, ਯਾਨੀ ਬੱਚਿਆਂ ਕੋਲੋਂ ਵੱਡੀ ਉਮਰ ਵਾਲਿਆਂ ਨੂੰ ਗੁਰਬਾਣੀ ਦੀ ਸੰਥਯਾ ਅਤੇ ਸੋਝੀ ਦੇਣ ਦਾ ਤੇਜ਼ ਪ੍ਰਵਾਹ ਵਹਾ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਪੁਰਬ ਅਤੇ ਸੰਤ ਬਾਬਾ ਭਗਤ ਸਿੰਘ ਜੀ ਦੀ ਬਰਸੀ ਮਨਾਉਣ ਨਮਿੱਤ ਵਾਪਸ ਕਰਨਾਲ ਕੁਟੀਆ ਪਹੁੰਚ ਗਏ। ਜਿਵੇਂ-ਜਿਵੇਂ ਸਮਾਂ ਗੁਜ਼ਰਦਾ ਜਾ ਰਿਹਾ ਹੈ, ਸੰਗਤਾਂ ਵਿੱਚ ਸਿਰਜੇ ਜਾ ਰਹੇ ਦੀਵਾਲੀ ਸਮਾਗਮ ਦਾ ਉਤਸ਼ਾਹ ਹੋਰ ਵਧੀ ਜਾ ਰਿਹਾ ਹੈ, ਪਾਠਾਂ ਦੀ ਗਿਣਤੀ ਵੀ ਨੱਬੇ ਦੇ ਕਰੀਬ ਪਹੁੰਚ ਚੁੱਕੀ ਹੈ। ਸੰਗਤਾਂ ਆਪੋ ਆਪਣੇ ਖਿਆਲ ਅਨੁਸਾਰ ਸੋਚ ਰਹੀਆਂ ਹਨ ਕਿ ਇਤਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਕਿੱਥੋਂ ਆਉਣਗੇ? ਬੁੱਧੀ ਨਾਲ ਵਿਚਾਰਾਂ ਹੋ ਰਹੀਆਂ ਹਨ ਕਿ ਜੇ ਇੱਕ ਸੌ ਇੱਕ ਅਖੰਡ ਪਾਠ ਸਾਹਿਬ ਕਰਨੇ ਹੋਏ ਤਾਂ ਪੰਜਾਹ-ਪੰਜਾਹ ਦੋ ਵਾਰ ਕਰ ਲਏ ਜਾਣ। ਇਤਨੇ ਗੁਰੂ ਬਾਬਾ ਜੀ ਦੇ ਸਰੂਪ ਵੀ ਗੁਰਦੁਆਰਿਆਂ ਵਿੱਚੋਂ ਅਤੇ ਇੱਧਰੋਂ-ਉਧਰੋਂ ਲਿਆਂਦੇ ਜਾਣਗੇ, ਨਾਲੇ ਇਸ ਤਰ੍ਹਾਂ ਪਾਠੀਆਂ ਦਾ ਕੰਮ ਵੀ ਸੌਖਾ ਚੱਲ ਜਾਏਗਾ। ਲੇਕਿਨ ਕੁਝ ਇਉਂ ਲੱਗ ਰਿਹਾ ਹੈ, ਜਿਵੇਂ ਇਹ ਵਿਚਾਰੇ ਅਰਸ਼ੀ ਪ੍ਰੀਤਮ ਦੀ ਪ੍ਰੇਰਕ ਸ਼ਕਤੀ ਤੋਂ ਨਾ ਵਾਕਫ ਹਨ, ਜੋ ਸਭ ਜੀਵ ਰੂਪ ਗੱਡੀਆਂ ਅੰਦਰ ਬੈਠ ਕੇ ਡਰਾਈਵਰ ਦਾ ਕੰਮ ਕਰ ਰਹੀ ਹੈ। ਸ਼ਾਇਦ ਐਸੀ ਅਣਡਿੱਠ ਸ਼ਕਤੀ ਬਾਰੇ ਹੀ ਇਸ਼ਾਰਾ ਹੈ—

**ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ॥**

*(ਗਉ: ਮ: ੫, ਪੰਨਾ-੨੦੬)*

ਦੇਖੋ! ਅੱਜ ਉਸ ਅਣਡਿੱਠ ਸ਼ਕਤੀ ਨੇ ਪ੍ਰਤੱਖ ਵਰਤਾਰਾ ਸ਼ੁਰੂ ਕਰ ਦਿੱਤਾ। ਗੁਰੂ ਨਾਨਕ ਦੇਵ ਮਹਾਰਾਜ ਦਾ ਪੁਰਬ ਮਨਾਉਣ ਲਈ ਆਪ ਅੱਜ ਕਰਨਾਲ ਕੁਟੀਆ ਬਿਰਾਜਮਾਨ ਹਨ, ਅਤੇ ਕਾਫੀ ਸੰਗਤ ਵੀ ਚਰਨਾਂ ਵਿੱਚ ਬੈਠੀ ਆਪ ਜੀ ਦੇ ਪਵਿੱਤਰ ਚਿਹਰੇ ਵੱਲ ਤੱਕਦੀ ਹੈ। ਹੁਣ ਭਾਈ ਤਰਜੀਤ ਸਿੰਘ ਜੀ ਨਰੂਲਾ ਕਰਨਾਲ ਨਿਵਾਸੀ ਨੇ ਦੋਨੋਂ ਹੱਥ ਜੋੜ ਕੇ ਆਪ ਦੇ ਸਨਮੁੱਖ ਅਰਜ਼ ਕੀਤੀ, ਮਹਾਰਾਜ! ਆਉਣ ਵਾਲੇ ਸਾਲ ਦੀ ਦੀਵਾਲੀ ਸਮਾਗਮ ਜੋ ਆਪ ਨੇ ਤਰੁੱਠ ਕੇ ਕਰਨਾਲ ਨਿਵਾਸੀ ਸੰਗਤਾਂ ਦੀ ਝੋਲੀ ਵਿੱਚ ਪਾਇਆ ਹੈ, ਉਸ ਵਿੱਚ ਜਿਤਨੇ ਸ੍ਰੀ ਅਖੰਡ ਪਾਠ ਸਾਹਿਬ ਹੋਣਗੇ, ਉਨ੍ਹਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰੇ ਨਵੇਂ ਸਰੂਪ ਲੈ ਕੇ ਆਉਣ ਦੀ ਸੇਵਾ, ਦਾਸ ਦੀ ਝੋਲੀ ਵਿੱਚ ਬਖਸ਼ਿਸ਼ ਕਰ ਦਿਉ, ਤਾਂ ਕਿ ਕਿਤੇ ਮੰਗਣ ਨਾ ਜਾਣਾ ਪਵੇ! ਹਜ਼ੂਰ ਮੁਸਕਰਾ ਰਹੇ ਹਨ, ਮਾਨੋਂ ਇਸ਼ਾਰਾ ਕਰ ਰਹੇ ਹਨ, ਭਾਈ! ਮੰਗਣਾ ਕੰਮ ਜੀਵ ਦਾ ਹੁੰਦਾ ਹੈ, ਦਾਤੇ ਦਾ ਨਹੀਂ। ਇਤਨੇ ਨੂੰ ਭਾਈ ਸੁਰਿੰਦਰ ਸਿੰਘ ਸਚਦੇਵਾ ਨੇ ਉਠ ਕੇ ਹਜ਼ੂਰ ਦੇ ਅੱਗੇ ਝੋਲੀ ਅੱਡ ਲਈ, ਮਹਾਰਾਜ! ਕ੍ਰਿਪਾ ਕਰੋ ਜਿਤਨੇ ਪਾਠ ਸਾਹਿਬ ਹੋਣਗੇ ਸਾਰੇ ਪੀੜ੍ਹੇ ਸਾਹਿਬ ਦੀ ਸੇਵਾ ਦਾਸ ਦੀ ਝੋਲੀ ਵਿੱਚ ਪਾ ਦਿਉ। ਫਿਰ ਸ: ਸੇਵਾ ਸਿੰਘ ਜੀ ਸਰਪੰਚ ਅਤੇ ਉਨ੍ਹਾਂ ਦੇ ਸਪੁੱਤਰ ਹਰਭਜਨ ਸਿੰਘ ਡਬਰੀ ਵਾਲਿਆਂ ਨੇ ਖੜੇ ਹੋ ਕੇ ਅਰਜ਼ ਕੀਤੀ, ਮਹਾਰਾਜ ਰੁਮਾਲੇ ਜਿਤਨੇ ਲੱਗਣਗੇ ਉਹ ਸਾਰੀ ਸੇਵਾ ਸਾਨੂੰ ਬਖਸ਼ਿਸ਼ ਕਰ ਦਿਉ! ਸ੍ਰੀ ਖਜ਼ਾਨ ਸਿੰਘ ਜੀ ਭਸੀਨ ਅਤੇ ਕੁਲਦੀਪ ਸਿੰਘ ਕਾਲੜਾ ਨੇ ਅਰਜ਼ ਕੀਤੀ ਸਾਰੇ ਚੌਰ ਸਾਹਿਬਾਂ ਦੀ ਸੇਵਾ ਸਾਨੂੰ ਬਖਸ਼ ਦਿਉ! ਸ: ਸਵਰਨ ਸਿੰਘ ਸਚਦੇਵਾ ਨੇ ਅਰਜ਼ ਕੀਤੀ, ਮਹਾਰਾਜ! ਪੀੜ੍ਹਾ ਸਾਹਿਬ ਤੇ ਜਿਤਨੇ ਗੱਦੇ ਲੱਗਣਗੇ ਉਹ ਸਾਰੀ ਸੇਵਾ ਦਾਸ ਨੂੰ ਬਖਸ਼ ਦਿਉ! ਭਾਈ ਕੰਵਲਇੰਦਰ ਸਿੰਘ ਜੀ ਨੇ ਅਰਜ਼ ਕੀਤੀ, ਮਹਾਰਾਜ ਅਖੰਡ ਪਾਠ ਸਾਹਿਬਾਂ ਤੇ ਜਿਤਨਾ ਚੰਦੋਆ ਲੱਗੇਗਾ, ਉਹ ਸਾਰੇ ਦੀ ਸੇਵਾ ਮੈਨੂੰ ਬਖਸ਼ ਦਿਉ! ਮਲਿਕ ਜੀ ਦੀਆਂ ਲੜਕੀਆਂ ਬੀਬੀ ਰਮੇਸ਼ ਅਤੇ ਬਬਲੀ ਮਲਿਕ ਨੇ ਅਰਜ਼ ਕੀਤੀ, ਮਹਾਰਾਜ! ਸਾਰੇ ਗੁਰੂ ਗ੍ਰੰਥ ਸਾਹਿਬਾਂ ਤੇ ਇੱਕ-ਇੱਕ ਚਾਂਦੀ ਦਾ ਛੱਬਾ ਲੱਗ ਜਾਵੇ, ਇਹ ਸਾਰੀ ਸੇਵਾ ਸਾਨੂੰ ਬਖਸ਼ਿਸ਼ ਕਰ ਦਿਉ! ਸ: ਕੰਵਲਇੰਦਰ ਸਿੰਘ ਅਤੇ ਸ: ਅਮਰਜੀਤ ਸਿੰਘ ਪਿੰਡ ਰੰਬਾ ਵਾਲਿਆਂ ਨੇ ਅਰਜ਼ ਕੀਤੀ, ਮਹਾਰਾਜ! ਉਸ ਸਮਾਗਮ ਦੌਰਾਨ ਲੰਗਰ ਵਿੱਚ ਵਰਤਣ ਵਾਲੇ ਸਾਰੇ ਦੁੱਧ ਦੀ ਸੇਵਾ ਸਾਨੂੰ ਬਖਸ਼ ਦਿਉ! ਇਸ ਪ੍ਰਕਾਰ ਕਿਸੇ ਨੇ ਦਸ ਟੀਨ ਦੇਸੀ ਘਿਉ ਦੀ ਸੇਵਾ ਮੰਗੀ, ਕਿਸੇ ਨੇ ਦਸ ਬੋਰੀ ਚੀਨੀ ਦੀ ਸੇਵਾ ਮੰਗੀ, ਕਿਸੇ ਨੇ ਦਸ ਬੋਰੀ ਆਟੇ ਦੀ ਸੇਵਾ ਮੰਗੀ, ਕਿਸੇ ਨੇ ਦਸ ਬੋਰੀ ਦਾਲ ਦੀ ਸੇਵਾ ਮੰਗੀ, ਇਤਿਆਦਿਕ ਹਰ ਪ੍ਰਕਾਰ ਦੀ ਸੇਵਾ ਪ੍ਰਾਪਤ ਕਰਨ ਵਾਲਿਆਂ ਵੱਲ ਅਰਸ਼ੀ ਪ੍ਰੀਤਮ ਨੇ ਪ੍ਰੇਮ ਭਰੀ ਦ੍ਰਿਸ਼ਟੀ ਨਾਲ ਮੁਸਕਰਾ ਕੇ ਸਭ ਵੱਲ ਤੱਕਿਆ, ਮਾਨੋਂ ਸਭ ਦੀਆਂ ਅਰਜਾਂ ਪ੍ਰਵਾਨ ਕਰਕੇ ਸੇਵਾਵਾਂ ਨਾਲ ਝੋਲੀਆਂ ਭਰ ਦਿੱਤੀਆਂ।

ਇਤਨੇ ਨੂੰ ਸੰਗਤ ਵਿੱਚ ਪਤਾ ਚੱਲ ਗਿਆ, ਕਿ ਪਖਾਣੇ ਪਿੰਡ ਮਹਾਰਾਜ ਜੀ ਪਾਠ ਦੀ ਸੰਥਯਾ ਸ਼ੁਰੂ ਕਰਵਾ ਕੇ ਆਏ ਹਨ ਜਿਸ ਵਿੱਚ ਵੱਡੀ ਗਿਣਤੀ ਨਾਲ ਬੱਚੇ, ਜਵਾਨ ਅਤੇ ਮਾਈਆਂ ਪਾਠ ਦੀ ਸੰਥਯਾ ਲੈ ਰਹੀਆਂ ਹਨ। ਇਸ ਨਾਲ ਕਰਨਾਲ ਦੀ ਸੰਗਤ ਵਿੱਚ ਵੀ ਗੁਰਬਾਣੀ ਪੜ੍ਹਣ ਦਾ ਉਤਸ਼ਾਹ ਪੈਦਾ ਹੋਇਆ। ਕਾਫੀ ਸੰਗਤ ਨੇ ਆਪ ਦੇ ਚਰਨਾਂ ਵਿੱਚ ਅਰਜ਼ ਕੀਤੀ ਮਹਾਰਾਜ, ਇੱਥੇ ਵੀ ਕ੍ਰਿਪਾ ਕਰੋ ਗੁਰਬਾਣੀ ਦਾ ਪਾਠ ਸਿਖਾਉਣ ਦੀ। ਹੁਕਮ ਕਰ ਦਿੱਤਾ ਕਿ ਜਿਤਨੇ ਮਾਈ ਭਾਈ, ਬੱਚੇ, ਬੁੱਢੇ ਸੰਥਯਾ ਲੈਣੀ ਚਾਹੁੰਦੇ ਹਨ, ਨਾਮ ਲਿਖਵਾ ਕੇ ਇਕ ਲਿਸਟ ਤਿਆਰ ਕਰ ਲਉ! ਹੁਕਮ ਅਨੁਸਾਰ ਲਿਸਟ ਬਣਾਈ ਗਈ ਜਿਸ ਵਿੱਚ ਸੈਂਕੜੇ ਅਭਿਲਾਸ਼ੀਆਂ ਦੇ ਨਾਮ ਦੇ ਦਿੱਤੇ। ਹਜ਼ੂਰ ਨੇ ਪੁਰਾਣੇ ਹੰਢੇ ਹੋਏ ਅਤੇ ਜੀਵਨ ਵਾਲੇ ਪਾਠੀਆਂ ਵੱਲ ਇਸ਼ਾਰਾ ਕੀਤਾ ਕਿ ਇਹ ਸੇਵਾ ਵੀ ਸੰਭਾਲੋ! ਜਿੰਨ੍ਹਾਂ ਵਿੱਚ ਸ: ਤਰਜੀਤ ਸਿੰਘ ਨਰੂਲਾ, ਸ੍ਰੀ ਸੁਰਜੀਤ ਸਿੰਘ ਜੀ ਸੂਰੀ, ਸ੍ਰੀ ਅਸ਼ੋਕ ਕੁਮਾਰ ਜੀ ਚਾਵਲਾ, ਸ੍ਰੀ ਆਦਰਸ਼ ਕੁਮਾਰ ਜੀ ਅਤੇ ਬੀਬੀ ਪ੍ਰਸਿੰਨੀ ਦੇਵੀ ਨੇ ਆਪਣੀਆਂ ਝੋਲੀਆਂ ਵਿੱਚ ਪਵਾ ਲਈ। ਹਜ਼ੂਰ ਨੇ ਹੁਕਮ ਕੀਤਾ ਛੋਟੀ ਕੁਟੀਆ ਦੇ ਅਸਥਾਨ ਤੇ ਸੰਥਯਾ ਸ਼ੁਰੂ ਕਰ ਦਿਉ! ਪੜ੍ਹਾਉਣ ਵਾਲੇ ਸਾਰੇ ਸੇਵਾਦਾਰ ਆਪੋ-ਆਪਣਾ ਸਮਾਂ ਨੀਯਤ ਕਰਕੇ ਪੜ੍ਹਣ ਵਾਲੀ ਸੰਗਤ ਨੂੰ ਦਸ ਦਿਉ! ਇਸ ਪ੍ਰਕਾਰ ਕਰਨਾਲ ਵਿੱਚ ਵੀ ਗੁਰਬਾਣੀ ਸੰਥਯਾ ਦਾ ਪ੍ਰਵਾਹ ਸ਼ੁਰੂ ਹੋ ਗਿਆ। ਚਾਰ-ਪੰਜ ਗਰੁੱਪ ਹੋ ਜਾਣ ਨਾਲ ਪੂਰਾ ਦਿਨ ਛੋਟੀ ਕੁਟੀਆ ਵਿੱਚ ਗੁਰਬਾਣੀ ਦਾ ਤੇਜ ਪ੍ਰਵਾਹ ਵਹਿਣ ਲੱਗਿਆ। ਹਰਿਆਣੇ ਵਿੱਚ ਪੰਜਾਬੀ ਪੜ੍ਹਾਈ ਨਾ ਹੋਣ ਕਰਕੇ ਕੁੱਝ ਦਿੱਕਤ ਆ ਰਹੀ ਸੀ ਗੁਰਬਾਣੀ ਪੜ੍ਹਣ ਦੇ ਚਾਹਵਾਨਾਂ ਨੂੰ, ਉਸ ਨੂੰ ਦੂਰ ਕਰਨ ਲਈ ਬੀਬੀ ਪ੍ਰਸਿੰਨੀ ਦੇਵੀ ਜਿੱਥੇ ਰੋਜ਼

ਇੱਕ ਪੀਰਡ ਗੁਰਬਾਣੀ ਪੜ੍ਹਾਉਣ ਦਾ ਲਾਉਂਦੀ ਸੀ, ਉੱਥੇ ਦੂਜਾ ਪੀਰਡ ਪੰਜਾਬੀ ਪੜ੍ਹਾਉਣ ਦਾ ਵੀ ਲਾਉਣਾ ਸ਼ੁਰੂ ਕਰ ਦਿੱਤਾ। ਵੱਡੀ ਕੁਟੀਆ ਵਿਰੱਕਤ ਮਹਾਰਾਜ ਜੀਆਂ ਦੇ ਸਮੇਂ ਤੋਂ ਹੀ ਬਾਬਾ ਕ੍ਰਿਪਾਲ ਸਿੰਘ ਜੀ ਗੁਰਬਾਣੀ ਪੜ੍ਹਾਉਣ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਸਨ, ਉਨ੍ਹਾਂ ਨੇ ਵੀ ਸੰਥਯਾ ਵਾਲਾ ਕਾਰਜ ਹੁਣ ਹੋਰ ਤੇਜ਼ ਕਰ ਦਿੱਤਾ। ਇਸ ਪ੍ਰਕਾਰ ਕਰਨਾਲ ਸ਼ਹਿਰ ਵਿੱਚ ਮਹਾਂਪੁਰਸ਼ਾਂ ਦੀ ਕ੍ਰਿਪਾ ਦੁਆਰਾ ਪੰਜਾਬੀ ਅਤੇ ਗੁਰਬਾਣੀ ਪੜ੍ਹਾਉਣ ਦਾ ਮਾਨੋਂ ਦਰਿਆ ਦੀ ਤਰ੍ਹਾਂ ਤੇਜ਼ ਪ੍ਰਵਾਹ ਵਹਿ ਤੁਰਿਆ। ਕਰਨਾਲ ਅਤੇ ਆਲੇ-ਦੁਆਲੇ ਦੇ ਪਿੰਡਾਂ ਦੀ ਸੰਗਤ ਨੂੰ ਗੁਰਬਾਣੀ ਦੇ ਤੇਜ਼ ਪ੍ਰਵਾਹ ਵਿੱਚ ਵਹਾ ਕੇ ਹੁਣ ਆਪ ਨੇ ਰੁਖ ਪੰਜਾਬ ਵੱਲ ਨੂੰ ਕੀਤਾ। ਪੰਜਾਬ ਦੀਆਂ ਸੰਗਤਾਂ ਨੂੰ ਪਹਿਲਾਂ ਹੀ ਕਨਸੋਹ ਲੱਗ ਚੁੱਕੀ ਸੀ ਕਿ ਅਗਲੇ ਸਾਲ ਦੀ ਦੀਵਾਲੀ ਕਰਨਾਲ ਵਿੱਚ ਬੜੀ ਧੂਮ-ਧਾਮ ਨਾਲ ਮਨਾਈ ਜਾਵੇਗੀ। ਪਾਠ ਵੀ ਸੌ ਦੇ ਕਰੀਬ ਲਿਖੇ ਜਾ ਚੁੱਕੇ ਹਨ। ਸ਼ਾਇਦ ਇੱਕ ਪੂਰੀ ਮਾਲਾ ਸ੍ਰੀ ਅਖੰਡ ਪਾਠ ਸਾਹਿਬਾਂ ਦੀ ਕੀਤੀ ਜਾਵੇ ਜੋ ਕਿ ਇੱਕ ਸੌ ਅੱਠ ਮਣਕਿਆਂ ਦੀ ਹੁੰਦੀ ਹੈ ਅਤੇ ਕਰਨਾਲ ਪਧਾਣੇ ਆਦਿਕ ਥਾਵਾਂ ਤੇ ਗੁਰਬਾਣੀ ਦੀ ਸੰਥਯਾ ਵੀ ਬੜੀ ਪੱਧਰ ਤੇ ਸ਼ੁਰੂ ਹੋ ਚੁੱਕੀ ਹੈ। ਇਹ ਸਾਰੀਆਂ ਖ਼ਬਰਾਂ ਸੁਣਕੇ ਪੰਜਾਬ ਦੀ ਸੰਗਤ ਵਿੱਚ ਵੀ ਜ਼ੋਰਦਾਰ ਉਤਸ਼ਾਹ ਪੈਦਾ ਹੋ ਗਿਆ। ਅਖੰਡ ਪਾਠ ਲਿਖਵਾਉਣ ਲਈ ਅਤੇ ਗੁਰਬਾਣੀ ਦਾ ਪਾਠ ਸਿੱਖਣ ਵਾਸਤੇ। ਕਰਨਾਲ ਤੋਂ ਚੱਲ ਕੇ ਹਜ਼ੂਰ ਲੋਹਸਿੰਬਲੀ ਪਿੰਡ ਪਹੁੰਚੇ ਜੋ ਕਿ ਅੰਬਾਲਾ ਸ਼ਹਿਰ ਦੇ ਨਜ਼ਦੀਕ ਹੈ ਜਿੱਥੇ ਪੂਜਯ ਵਿਰੱਕਤ ਮਹਾਰਾਜ ਜੀਆਂ ਦੀ ਬਰਸੀ ਮਨਾਉਣ ਨਮਿੱਤ ਤਾਰੀਖ ਪਹਿਲਾਂ ਹੀ ਬਖਸ਼ਿਸ਼ ਕੀਤੀ ਹੋਈ ਸੀ। ਪਾਠ ਲਿਖਾਉਣ ਵਾਲਾ ਖਾਤਾ ਹੁਣ ਪੂਰੀ ਤਰ੍ਹਾਂ ਖੁੱਲ੍ਹਾ ਹੋਣ ਕਰਕੇ ਸੰਗਤਾਂ ਬੜੇ ਉਤਸ਼ਾਹ ਨਾਲ ਪਾਠ ਲਿਖਾਈ ਜਾ ਰਹੀਆਂ ਹਨ। ਬਰਸੀ ਸਮਾਗਮ ਪੂਰਾ ਹੋਣ ਤੇ ਲੋਹਸਿੰਬਲੀ ਦੀ ਸੰਗਤ ਨੇ ਅਰਜ਼ ਕੀਤੀ, ਮਹਾਰਾਜ! ਸਾਡੇ ਪਿੰਡ ਵਿੱਚ ਕੁੱਝ ਲੜਕੇ ਲੜਕੀਆਂ ਪਾਠ ਸਿੱਖਣ ਦੇ ਚਾਹਵਾਨ ਹਨ, ਕ੍ਰਿਪਾ ਕਰਕੇ ਕੋਈ ਪੜ੍ਹਾਉਣ ਵਾਲਾ ਸੱਜਣ ਭੇਜ ਦਿਉ, ਤਾਂ ਕਿ ਕੁਝ ਸੰਗਤ ਗੁਰਬਾਣੀ ਦੇ ਲੜ ਲੱਗ ਜਾਵੇ। ਸੰਗਤ ਦੀ ਅਰਜ਼ ਸੁਣਕੇ ਆਪ ਚੁੱਪ ਹਨ, ਕੋਈ ਉੱਤਰ ਨਾ ਦਿੱਤਾ। ਸੰਗਤ ਕੁਝ ਨਿਰਾਸ਼ ਹੋ ਕੇ ਸੋਚ ਰਹੀ ਹੈ ਸ਼ਾਇਦ ਸਾਡੀ ਅਰਜ਼ ਪ੍ਰਵਾਨ ਨਹੀਂ ਹੋਈ। ਉਨ੍ਹਾਂ ਦੀ ਨਿਰਾਸ਼ਾ ਦੇਖ ਕੇ ਇੱਕ ਪ੍ਰੇਮੀ ਦਿਲਾਸਾ ਦੇ ਰਿਹਾ ਹੈ, ਨਿਰਾਸ਼ ਕਿਉਂ ਹੁੰਦੇ ਹੋ? ਇਨ੍ਹਾਂ ਦਾ ਤਾਂ ਅਵਤਰਣ ਹੀ ਗੁਰੂ ਨਾਨਕ ਦੇ ਘਰ ਦਾ ਜਸ ਫੈਲਾਉਣ ਅਤੇ ਗੁਰਬਾਣੀ ਰੂਪੀ ਜੀਵਣ ਕਣੀਂ ਘਰ-ਘਰ ਪਹੁੰਚਾਉਣ ਲਈ ਹੋਇਆ ਹੈ। ਫਿਰ ਐਹ ਜਿਹੜਾ ਦੀਵਾਲੀ ਦਾ ਸੁਵੰਬਰ ਰਚਿਆ ਜਾ ਰਿਹਾ ਹੈ, ਇਹ ਤਾਂ ਹੈ ਹੀ ਕਲਯੁੱਗ ਦੇ ਅਵਤਾਰ, ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੀ ਠੰਡੀ ਮਿੱਠੀ ਅਤੇ ਸ਼ਾਂਤ ਮਹਿਕ ਘਰ ਘਰ ਖਿਲਾਰਨ ਲਈ, ਤਾਂ ਕਿ ਇਸਦੀ ਅਨੂਠੀ, ਅਗੰਮੀ ਅਤੇ ਰੂਹਾਨੀ ਮਹਿਕ ਨਾਲ, ਸਮਾਜ ਵਿੱਚ ਉਠ ਰਹੀ ਮਜ਼ਹਬਾਂ, ਫਿਰਕਿਆਂ ਦੀ ਨਫ਼ਰਤ ਰੂਪੀ ਗੰਦੀ ਬੂ ਦਾ ਅਸਰ ਘਟ ਜਾਵੇ। ਸਭ ਥਾਂ ਪ੍ਰੇਮ, ਭਰਾਤਰੀ ਭਾਵ, **ਏਕੁ ਪਿਤਾ ਏਕਸੁ ਕੇ ਹਮ ਬਾਰਿਕ** ਦੇ ਸਿਧਾਂਤ ਵਾਲੀ ਸੁਗੰਧੀ ਨਾਲ ਸਾਰਾ ਵਾਤਾਵਰਣ ਸੁਗੰਧਤ ਹੋ ਜਾਵੇ। ਇਉਂ ਉਨ੍ਹਾਂ ਨਿਰਾਸ ਹੋਏ ਪ੍ਰੇਮੀਆਂ ਨੂੰ ਕੁਝ ਆਸ ਦੀ ਕਿਰਨ ਬੱਝੀ।

ਹੁਣ ਅਰਸ਼ੀ ਦਾਤੇ ਨੇ ਇੱਥੋਂ ਚਾਲੇ ਪਾ ਕੇ ਦਿੱਤੀ ਤਾਰੀਖ ਅਨੁਸਾਰ ਅਸਰਪੁਰ ਡੇਰੇ ਜਾ ਲਾਏ। ਇੱਥੋਂ ਦੇ ਬਰਸੀ ਸਮਾਗਮ ਤੋਂ ਬਿਨ੍ਹਾਂ ਦੋ-ਤਿੰਨ ਹੋਰ ਪ੍ਰੇਮੀਆਂ ਦੇ ਘਰ ਵੀ ਅਖੰਡ ਪਾਠ ਸਾਹਿਬ ਸਨ, ਇਸ ਲਈ ਇੱਥੇ ਕਈ ਦਿਨ ਦਾ ਪੜ੍ਹਾਅ ਸੀ। ਇੱਥੇ ਹੀ ਇੱਕ ਦਿਨ ਕੁਤਬਨਪੁਰ ਦੀ ਸੰਗਤ ਨੇ ਬੇਨਤੀ ਕੀਤੀ, ਮਹਾਰਾਜ! ਸੰਗਤ ਨੇ ਕੁਟੀਆ ਬਣਾਉਣ ਦੀ ਵਿਚਾਰ ਕੀਤੀ ਹੈ, ਆਪ ਕ੍ਰਿਪਾ ਕਰਕੇ ਆਪਣੇ ਪਵਿੱਤਰ ਕਰ ਕਮਲਾਂ ਦੁਆਰਾ ਉਸ ਦੀ ਬੁਨਿਆਦ ਰੱਖੋ! ਉਨ੍ਹਾਂ ਦੀ ਬੇਨਤੀ ਪ੍ਰਵਾਨ ਕਰਕੇ ਆਪ ਕੁਤਬਨਪੁਰ ਪਹੁੰਚੇ, ਉਸ ਸਮੇਂ ਸੰਤ ਬਾਬਾ ਜੋਧ ਸਿੰਘ ਜੀ ਵੀ ਨਾਲ ਸਨ। ਅੱਜ ਇੱਥੇ ਨੀਂਹ ਕੀ ਰੱਖਣ ਆਏ ਹਨ, ਮਾਨੋਂ ਕੁੱਝ ਸਾਲ ਪਹਿਲਾਂ ਬੀਜੇ ਇੱਕ ਬੀਜ ਉਪਰੋਂ ਪਰਦਾ ਹਟਾਉਣ ਆਏ ਹਨ। ਅੱਜ ਤੋਂ ਕੁਝ ਕੁ ਸਾਲ ਪਹਿਲਾਂ ਸਰਦੀ ਦੀ ਇੱਕ ਪੂਰੀ ਰਾਤ ਸਮੇਤ ਸੰਗਤ ਦੇ ਇਸ ਪਵਿੱਤਰ ਜਗ੍ਹਾ ਤੇ ਮੂਲ ਮੰਤਰ ਦਾ ਪਾਠ ਕਰਕੇ ਗੁਰਬਾਣੀ ਦਾ ਬੀਜ ਬੀਜਿਆ ਸੀ, ਜਿਹੜਾ ਅੱਜ ਨਰਮ-ਨਰਮ ਪੱਤੀਆਂ ਕੱਢ ਕੇ ਪ੍ਰਤੱਖ ਹੋ ਰਿਹਾ ਹੈ। ਅਰਦਾਸ ਉਪਰੰਤ ਆਪ ਨੇ ਪਵਿੱਤਰ ਹੱਥਾਂ ਨਾਲ ਕੁਟੀਆ ਦੀ ਨੀਂਹ ਰੱਖੀ, ਜਿਸ ਕੁਟੀਆ ਦੀ ਸਿਰਜਣਾ, ਕੇਵਲ ਤੇ ਕੇਵਲ ਗੁਰਬਾਣੀ ਪੜ੍ਹਣ ਤੇ ਪੜ੍ਹਾਉਣ ਲਈ ਹੀ ਹੋਣੀ ਹੈ। ਨੀਂਹ ਸਮਾਗਮ ਤੋਂ ਬਾਅਦ ਉਥੋਂ ਦੀ ਸੰਗਤ ਨੇ ਅਰਜ਼ ਕੀਤੀ,

ਮਹਾਰਾਜ! ਕਰਨਾਲ ਦੇ ਏਰੀਏ ਵਿੱਚ ਤਾਂ ਆਪ ਬਹੁਤ ਗੁਰਬਾਣੀ ਦਾ ਪ੍ਰਵਾਹ ਚਲਾ ਕੇ ਆਏ ਹੋ! ਕ੍ਰਿਪਾ ਕਰੋ ਸਾਡੇ ਪਿੰਡ ਵਿੱਚ ਵੀ ਕਾਫੀ ਸੰਗਤ ਚਾਹਵਾਨ ਹੈ, ਕੋਈ ਪੜ੍ਹਾਉਣ ਵਾਲਾ ਸੱਜਣ ਘੱਲ ਦਿਉ ਤਾਂ ਕਿ ਗੁਰੂ ਨਾਨਕ ਦੀ ਬਖਸ਼ਿਸ਼ ਦਾ ਪ੍ਰਸ਼ਾਦ ਥੋੜ੍ਹਾ ਸਾਨੂੰ ਵੀ ਪ੍ਰਾਪਤ ਹੋ ਜਾਏ। ਹਜ਼ੂਰ ਚੁੱਪ ਹਨ, ਇਨ੍ਹਾਂ ਪ੍ਰੇਮੀਆਂ ਨੂੰ ਵੀ ਕੋਈ ਇਸ਼ਾਰਾ ਨਹੀਂ ਕੀਤਾ, ਸ਼ਾਇਦ ਇਨ੍ਹਾਂ ਦੀ ਬਿਰਹਾ ਅਗਨੀ ਨੂੰ ਅਜੇ ਹੋਰ ਤੇਜ਼ ਕਰਨਾ ਚਾਹੁੰਦੇ ਹਨ। ਇੱਥੋਂ ਦੀ ਸੰਗਤ ਨੂੰ ਵੀ ਕੋਈ ਬਗੈਰ ਇਸ਼ਾਰਾ ਕੀਤਿਆਂ, ਵਾਪਸ ਅਸਰਪੁਰ ਆ ਗਏ। ਅਸਰਪੁਰ ਦੇ ਸਾਰੇ ਸਮਾਗਮ ਸੰਪੂਰਨ ਹੋ ਗਏ, ਹੁਣ ਇੱਥੋਂ ਦੀ ਸੰਗਤ ਨੇ ਵੀ ਬੇਨਤੀ ਕੀਤੀ, ਮਹਾਰਾਜ! ਇੱਥੇ ਕੁਝ ਲੜਕੇ-ਲੜਕੀਆਂ ਗੁਰਬਾਣੀ ਦਾ ਪਾਠ ਸਿਖਣਾ ਚਾਹੁੰਦੇ ਹਨ। ਕ੍ਰਿਪਾ ਕਰਕੇ ਸੰਤ ਭਰਤ ਸਿੰਘ ਜੀ ਨੂੰ ਇੱਥੇ ਘੱਲ ਦਿਉ, ਗੁਰਬਾਣੀ ਪੜ੍ਹਾਉਣ ਵਾਸਤੇ। ਬੇਨਤੀ ਸੁਣਕੇ ਥੋੜ੍ਹੀ ਦੇਰ ਆਪ ਚੁੱਪ ਰਹੇ। ਹੁਣ ਹੁਕਮ ਕਰ ਦਿੱਤਾ, ਕਿ ਅੱਜ ਤੋਂ ਚੌਥੇ ਨੂੰ ਯਾਨੀ ਇੱਕ ਦਸੰਬਰ ਵਾਲੇ ਦਿਨ ਤੁਹਾਡੇ ਪਿੰਡ ਗੁਰਬਾਣੀ ਸੰਥਯਾ ਦਾ ਕਾਰਜ ਸ਼ੁਰੂ ਹੋ ਜਾਵੇਗਾ, ਪੜ੍ਹਾਉਣ ਵਾਲਾ ਬੰਦਾ ਇੱਕ ਦਿਨ ਪਹਿਲਾਂ, ਤੀਹ ਨਵੰਬਰ ਨੂੰ ਹੀ ਤੁਹਾਡੇ ਕੋਲ ਆ ਜਾਵੇਗਾ, ਉਸ ਤੋਂ ਪਹਿਲਾਂ ਤੁਸੀਂ ਆਪਣੇ ਪੜ੍ਹਣ ਵਾਲਿਆਂ ਦੀ ਤਿਆਰੀ ਰੱਖਣਾ। ਅਸਰਪੁਰ ਵਾਲਿਆਂ ਨੂੰ ਬਚਨ ਦੇ ਕੇ ਲੋਹਸਿੰਬਲੀ ਪਹੁੰਚ ਗਏ। ਉੱਥੇ ਇੱਕ ਰਾਤ ਠਹਿਰ ਕੇ ਦੂਸਰੇ ਦਿਨ ਉਨੱਤੀ ਨਵੰਬਰ ਵਾਲੇ ਦਿਨ ਸ਼ਾਮ ਨੂੰ ਲੋਪੇ ਕੁਟੀਆ ਪਹੁੰਚ ਗਏ। ਇੱਥੇ ਵੀ ਦੋ-ਤਿੰਨ ਪਿੰਡਾਂ ਯਾਨੀ ਬਿਸ਼ਨਪੁਰਾ (ਲੋਪੇ) ਅਤੇ ਭੋੜੇ ਆਦਿਕ ਕਈ ਪਿੰਡਾਂ ਦੀ ਸੰਗਤ ਗੁਰਬਾਣੀ ਪੜ੍ਹਣ ਦੀ ਚਾਹਵਾਨ ਸੀ। ਇਸ ਲਈ ਭਾਈ ਭੁਪਿੰਦਰ ਸਿੰਘ ਬਿਸ਼ਨਪੁਰਾ ਲੋਪੇ ਵਾਲੇ ਦੀ ਡਿਊਟੀ ਇੱਥੇ ਕੁਟੀਆ ਤੇ ਗੁਰਬਾਣੀ ਪੜ੍ਹਾਉਣ ਲਈ ਲਗਾ ਦਿੱਤੀ। ਹੁਣ ਆਪ ਜੀ ਦਾ ਧਿਆਨ ਲੋਹਸਿੰਬਲੀ ਦੀ ਸੰਗਤ ਵੱਲ ਗਿਆ, ਜਿਸ ਨੇ ਹਫਤਾ ਕੁ ਪਹਿਲਾਂ ਅਰਜ਼ ਕੀਤੀ ਸੀ, ਗੁਰਬਾਣੀ ਦੀ ਇਲਾਹੀ ਦਾਤ ਪ੍ਰਾਪਤ ਕਰਨ ਵਾਸਤੇ। ਔਹ ਦੇਖੋ ਉਨ੍ਹਾਂ ਤੇ ਵੀ ਦਾਤਾ ਹੁਣ ਤਰੁੱਠ ਰਿਹਾ ਹੈ। ਭਾਈ ਬਲਵੀਰ ਸਿੰਘ ਹੱਲ੍ਹੇ ਵਾਲੇ ਨੂੰ ਹੁਕਮ ਕੀਤਾ, ਕਿ ਲੋਹਸਿੰਬਲੀ ਦੀ ਸੰਗਤ ਨੂੰ ਗੁਰਬਾਣੀ ਪੜ੍ਹਾਉ! ਬਲਬੀਰ ਸਿੰਘ ਨੇ ਦੋਨੋਂ ਹੱਥ ਜੋੜ ਇਲਾਹੀ ਹੁਕਮ ਪ੍ਰਵਾਨ ਕਰ ਲਿਆ। ਦਾਤੇ ਨੇ ਪੁੱਛਿਆ, ਕਦੋਂ ਜਾ ਕੇ ਕੰਮ ਸ਼ੁਰੂ ਕਰਨਾ ਹੈ? ਬਲਬੀਰ ਸਿੰਘ ਨੇ ਅਰਜ਼ ਕੀਤੀ, ਮਹਾਰਾਜ! ਇੱਕ-ਦੋ ਘਰ ਦੇ ਕੰਮ ਹਨ ਉਹ ਨਿਪਟਾ ਕੇ ਛੇ ਦਸੰਬਰ ਵਾਲੇ ਦਿਨ ਚਲਾ ਜਾਵਾਂਗਾ। ਹਜ਼ੂਰ ਨੇ ਹੁਕਮ ਕੀਤਾ, ਕਿ ਠੀਕ ਹੈ ਅਸੀਂ ਵੀ ਛੇ ਤਾਰੀਖ ਨੂੰ ਪਹੁੰਚ ਕੇ ਤੇਰਾ ਕਾਰਜ਼ ਸ਼ੁਰੂ ਕਰਾਵਾਂਗੇ! ਕੋਲ ਖੜ੍ਹਾ ਇੱਕ ਪ੍ਰੇਮੀ ਸੋਚ ਰਿਹਾ ਹੈ ਕਿ ਧੰਨ ਹੈ ਇਹ ਸੱਜਣ, ਜਿਸਦਾ ਕਾਰਜ ਦਾਤਾ ਆਪ ਖੁਜ ਦਾ ਕੇ ਸ਼ੁਰੂ ਕਰਵਾ ਰਿਹਾ ਹੈ। ਖੈਰ, ਰਾਤ ਲੋਪੇ ਠਹਿਰ ਕੇ ਦੂਸਰੇ ਦਿਨ ਤੀਹ ਨਵੰਬਰ 1992 ਵਾਲੇ ਦਿਨ ਸਲਾਰ ਪਿੰਡ ਸ੍ਰ: ਦਲੀਪ ਸਿੰਘ ਨੰਬਰਦਾਰ ਦੇ ਘਰ ਸ੍ਰੀ ਅਖੰਡ ਪਾਠ ਸਾਹਿਬ ਦੀ ਤਾਰੀਖ ਦਿੱਤੀ ਹੋਈ ਸੀ ਇਸ ਲਈ ਉੱਥੇ ਪਹੁੰਚੇ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਬਾਹਰ ਖੁੱਲ੍ਹੇ ਪੰਡਾਲ ਵਿੱਚ ਦੀਵਾਨ ਸਜਿਆ, ਕੀਰਤਨ ਸਮਾਪਤੀ ਉਪਰੰਤ ਇੱਕ ਕਮਰੇ ਵਿੱਚ ਬੈਠ ਕੇ ਲੰਗਰ ਛਕਿਆ, ਫਿਰ ਅਜੀਤ ਸਿੰਘ ਖੋਖ ਵਾਲੇ ਨੂੰ ਬੁਲਾ ਕੇ ਪੁੱਛਿਆ ਤੁਹਾਡਾ ਲੜਕਾ ਕੁਲਵਿੰਦਰ ਸਿੰਘ ਹੁਣ ਕੀ ਕਰਦਾ ਹੈ? ਅਜੀਤ ਸਿੰਘ ਨੇ ਦੱਸਿਆ, ਮਹਾਰਾਜ! ਪੜ੍ਹਾਈ ਉਸਦੀ ਪੂਰੀ ਹੋ ਗਈ ਹੈ, ਨੌਕਰੀ ਅਜੇ ਕੋਈ ਮਿਲੀ ਨਹੀਂ, ਇਸ ਲਈ ਘਰ ਹੀ ਹੈ। ਹੁਕਮ ਕੀਤਾ ਉਸ ਨੂੰ ਕੁਤਬਨਪੁਰ ਗੁਰਬਾਣੀ ਪੜ੍ਹਾਉਣ ਲਈ ਭੇਜ ਦੇਈਏ? ਅਜੀਤ ਸਿੰਘ ਬੋਲਿਆ, ਜਿਵੇਂ ਆਪ ਜੀ ਦੀ ਮੌਜ! ਮਹਾਂਪੁਰਸ਼ਾਂ ਨੇ ਗੁਰਮੀਤ ਸਿੰਘ ਖੋਖ ਨੂੰ ਹੁਕਮ ਕਰ ਦਿੱਤਾ, ਕਿ ਕੁਤਬਨਪੁਰ ਸੰਗਤ ਨੂੰ ਜਾ ਕੇ ਦੱਸ ਆਉ, ਕਿ ਤਿੰਨ ਦਸੰਬਰ ਤੁਹਾਡੇ ਪਿੰਡ ਗੁਰਬਾਣੀ ਪੜ੍ਹਾਉਣ ਦੀ ਸੰਥਯਾ ਸ਼ੁਰੂ ਹੋ ਜਾਵੇਗੀ, ਅਤੇ ਅਸੀਂ ਖੁਦ ਵੀ ਤਿੰਨ ਤਾਰੀਖ ਨੂੰ ਸਮੇਂ ਤੇ ਪਹੁੰਚਾਂਗੇ, ਇਸ ਲਈ ਪੜ੍ਹਣ ਵਾਲੀ ਸੰਗਤ ਅਤੇ ਪੋਥੀਆਂ ਆਦਿਕ ਦੀ ਤਿਆਰੀ ਕਰ ਰੱਖਣੀ।

ਇਸ ਪ੍ਰਕਾਰ ਇੱਕ ਦਸੰਬਰ ਨੂੰ ਅਸਰਪੁਰ, ਤਿੰਨ ਦਸੰਬਰ ਨੂੰ ਕੁਤਬਨੁਰ, ਅਤੇ ਛੇ ਦਸੰਬਰ ਨੂੰ ਪਿੰਡ ਲੋਹਸਿੰਬਲੀ ਆਦਿਕ ਪਿੰਡਾਂ ਵਿੱਚ ਗੁਰਬਾਣੀ ਪਾਠ ਦੀ ਸੰਥਯਾ ਸ਼ੁਰੂ ਕਰਵਾ ਦਿੱਤੀ। ਖੋਖ, ਕੋਟਲੀ ਪਿੰਡ ਜਿੱਥੇ ਪਹਿਲਾਂ ਹੀ ਬਾਬਾ ਬਲਵੰਤ ਸਿੰਘ ਜੀ ਨੇ ਸੱਠ-ਸੱਤਰ ਪਾਠੀ ਤਿਆਰ ਕਰ ਦਿੱਤੇ ਸਨ, ਉੱਥੇ ਵੀ ਹੋਰ ਜ਼ੋਰ-ਸ਼ੋਰ ਨਾਲ ਪੜ੍ਹਾਈ ਦਾ ਕੰਮ ਸ਼ੁਰੂ ਹੋ ਗਿਆ। ਜ਼ਿਲ੍ਹੇ ਪਟਿਆਲੇ ਦੇ ਉਪਰੋਕਤ ਇਲਾਕਿਆਂ ਵਿੱਚ ਗੁਰਬਾਣੀ ਦੇ ਬੀਜ ਦਾ ਗਹਿਰਾ ਛੱਟਾ ਦੇ ਕੇ, ਹੁਣ

ਰੁੱਖ ਦੁਆਬੇ ਵੱਲ ਨੂੰ ਕੀਤਾ। ਨਿਸ਼ਚਿਤ ਤਾਰੀਖ ਅਨੁਸਾਰ ਹੁਣ ਗੁਰਾਇਆ ਨਗਰ ਪਹੁੰਚ ਗਏ। ਆਉਣ ਵਾਲੇ ਦੀਵਾਲੀ ਸਮਾਗਮ ਦੀ ਰਸ ਭਰੀ ਮਹਿਕ ਤਾਂ ਇੱਥੇ ਵੀ ਪਹੁੰਚੀ ਹੋਈ ਹੀ ਸੀ, ਇਸ ਲਈ ਸੰਗਤਾਂ ਬਹੁਤ ਉਤਸ਼ਾਹ ਯੁਕਤ ਮਿਲੀਆਂ, ਉਜਾਗਰ ਸਿੰਘ ਸੂਗੀ ਨੇ ਅਰਜ਼ ਕੀਤੀ, ਮਹਾਰਾਜ! ਉਸ ਸਮਾਗਮ ਵਿੱਚ ਸਾਨੂੰ ਵੀ ਕੋਈ ਸੇਵਾ ਬਖਸ਼ਿਸ਼ ਕਰ ਦਿਉ! ਆਪ ਆਪਣੇ ਸਦੀਵੀਂ ਸੁਭਾਅ ਅਨੁਸਾਰ ਮੁਸਕਰਾਉਂਦੇ ਹੋਏ ਬੋਲੇ, ਕਾਰਜ ਬਾਬੇ ਨਾਨਕ ਦਾ! ਸੇਵਾ ਸਭ ਸੰਗਤਾਂ ਦੀ! ਇਸ ਲਈ ਜੋ ਕਰੋਗੇ ਵਧੀਆ। ਸੂਗੀ ਜੀ ਨੇ ਫਿਰ ਅਰਜ਼ ਕੀਤੀ, ਮਹਾਰਾਜ! ਜੋ ਕਰਾਉਗੇ ਹੋਏਗਾ ਤਾਂ ਉਹੀ, ਲੇਕਿਨ ਫਿਰ ਭੀ ਕੋਈ ਵਿਸ਼ੇਸ਼ ਤੌਰ ਤੇ ਸੇਵਾ ਬਖਸ਼ ਦਿਉ! ਹੁਕਮ ਹੋਇਆ, ਮੋਟੀਆਂ-ਮੋਟੀਆਂ ਸੇਵਾਵਾਂ ਤਾਂ ਸੰਗਤਾਂ ਨੇ ਉਸ ਸਮੇਂ ਹੀ ਲੈ ਲਈਆਂ ਸਨ, ਬਾਕੀ ਕੋਈ ਹੋਰ ਸੇਵਾ ਤੁਹਾਡੀ ਨਜ਼ਰ ਵਿੱਚ ਹੈ ਤਾਂ ਦੇਖ ਲਵੋ! ਸੂਗੀ ਜੀ ਬੋਲੇ, ਮਹਾਰਾਜ! ਉਸ ਪੂਰੇ ਸਮਾਗਮ ਦੇ ਲੰਗਰ ਦੀ ਸੇਵਾ ਮੈਨੂੰ ਬਖਸ਼ ਦਿਉ! ਮਹਾਂਪੁਰਸ਼ ਬੋਲੇ, ਲੰਗਰ ਕਿਸੇ ਇੱਕ ਵੱਲੋਂ ਨਹੀਂ ਹੋ ਸਕਦਾ, ਉਹ ਤਾਂ ਗੁਰੂ ਨਾਨਕ ਦਾ ਸਭ ਸੰਗਤਾਂ ਵੱਲੋਂ ਸਾਂਝਾ ਹੀ ਹੋਵੇਗਾ। ਸੂਗੀ ਜੀ ਨੇ ਅਰਜ਼ ਕੀਤੀ, ਮਹਾਰਾਜ! ਫਿਰ ਪਾਠੀ ਅਤੇ ਅਤੇ ਹੋਰ ਲੰਗਰ ਆਦਿਕ ਦੇ ਸਭ ਸੇਵਾਦਾਰਾਂ ਨੂੰ ਜੋ ਸਿਰੋਪਾਉ ਦੀ ਬਖਸ਼ਿਸ਼ ਕਰੋਗੇ, ਉਹ ਸਾਰੀ ਸੇਵਾ ਮੈਨੂੰ ਬਖਸ਼ ਦਿਉ! ਆਪ ਨੇ ਇਸ਼ਾਰਾ ਕਰ ਦਿੱਤਾ, ਠੀਕ ਹੈ ਤੁਸੀਂ ਕਰ ਲਿਉ।

ਗੁਰਾਇਆ ਨਿਵਾਸੀ ਸੰਗਤਾਂ ਨੇ ਬੇਨਤੀ ਕਰਕੇ ਦੀਵਾਲੀ ਸਮਾਗਮ ਲਈ ਆਪੋ ਆਪਣੇ ਵੱਲੋਂ ਪਾਠ ਦਰਜ਼ ਕਰਵਾਏ, ਉਪਰੰਤ ਸਭ ਸੰਗਤ ਨੇ ਅਰਜ਼ ਕੀਤੀ, ਮਹਾਰਾਜ! ਗੁਰਬਾਣੀ ਪਾਠ ਦੀ ਸੰਥਯਾ ਲਈ ਇੱਥੇ ਵੀ ਕਾਫੀ ਸੰਗਤ ਉਤਸ਼ਾਹ ਜਨਕ ਹੈ, ਇਸ ਲਈ ਕ੍ਰਿਪਾ ਕਰਕੇ ਕਿਸੇ ਸੰਥਯਾ ਦੇਣ ਵਾਲੇ ਸੱਜਣ ਦੀ ਡਿਊਟੀ ਲਗਾ ਦਿਉ। ਹਜ਼ੂਰ ਨੇ ਸ੍ਰ: ਮਨਮੋਹਣ ਸਿੰਘ ਜੀ ਅਤੇ ਭਾਈ ਰਾਜਿੰਦਰ ਸਿੰਘ (ਵੱਡੂ) ਜੀ ਆਦਿਕ ਦੋਨਾਂ ਪ੍ਰੇਮੀਆਂ ਦੀ ਡਿਊਟੀ ਲਾ ਕੇ ਸੰਥਯਾ ਸ਼ੁਰੂ ਕਰਵਾ ਦਿੱਤੀ। ਇਤਨੇ ਨੂੰ ਫਤਿਹਗੜ੍ਹ ਸਾਹਿਬ ਦਾ ਸਾਲਾਨਾ ਜੋੜਮੇਲਾ ਆ ਗਿਆ। ਤਾਂ ਖੋਖ ਵਾਲੀ ਸੰਗਤ ਦੀ ਅਰਜ਼ ਪ੍ਰਵਾਨ ਕਰਕੇ ਆਪ ਜੀ ਛੱਬੀ ਦਸੰਬਰ ਵਾਲੇ ਦਿਨ ਫਤਹਿਗੜ੍ਹ ਸਾਹਿਬ ਦੇ ਦਰਸ਼ਨ ਦੀਦਾਰੇ ਕਰਦੇ ਹੋਏ, ਲੰਗਰ ਵਿੱਚ ਪਹੁੰਚ ਗਏ, ਜੋ ਕਿ ਖੋਖ, ਕੋਟਲੀ, ਅਤੇ ਇਲਾਕੇ ਦੇ ਹੋਰ ਕਾਫੀ ਪਿੰਡਾਂ ਵੱਲੋਂ ਮਿਲਕੇ ਚਲਾਇਆ ਜਾਂਦਾ ਹੈ। ਲੰਗਰ ਵਿੱਚ ਸੈਂਕੜੇ ਸੰਗਤਾਂ ਬੜੇ ਪਰੇਮ ਨਾਲ ਸੇਵਾ ਕਰ ਰਹੀਆਂ ਹਨ। ਬਰੈਡ, ਪਕੌੜੇ, ਕੜਾਹ ਪ੍ਰਸ਼ਾਦ, ਗਰਮ-ਗਰਮ ਚਾਹ, ਪ੍ਰਸ਼ਾਦੇ ਦਾਲ ਸਬਜ਼ੀਆਂ ਆਦਿਕ ਪਦਾਰਥ ਬੜੇ ਪ੍ਰੇਮ ਨਾਲ ਬਣਾ ਕੇ ਸੰਗਤਾਂ ਨੂੰ ਅਤੁੱਟ ਵਰਤਾਏ ਜਾ ਰਹੇ ਹਨ, ਅਤੇ ਨਾਲ ਨਾਲ ਰੱਬੀ ਬਾਣੀ ਦਾ ਸ੍ਰੀ ਅਖੰਡ ਪਾਠ ਸਾਹਿਬ ਹੋ ਰਿਹਾ ਹੈ। ਸੰਗਤਾਂ ਭਾਵੇਂ ਸਬਜ਼ੀ ਕੱਟ ਰਹੀਆਂ ਹਨ, ਯਾ ਕੋਈ ਹੋਰ ਸੇਵਾ ਯਾਨੀ ਜਿੱਥੇ ਵੀ ਚਾਰ ਬੰਦੇ ਇਕੱਠੇ ਹਨ, ਗੱਲ ਉੱਥੇ ਆਉਣ ਵਾਲੇ ਦੀਵਾਲੀ ਸਮਾਗਮ ਅਤੇ ਜਗ੍ਹਾ-ਜਗ੍ਹਾ ਸ਼ੁਰੂ ਗੁਰਬਾਣੀ ਸੰਥਯਾ ਦੇ ਪ੍ਰਵਾਹ ਦੀ ਹੀ ਚੱਲ ਰਹੀ ਹੈ।

ਜਦੋਂ ਹਜ਼ੂਰ ਇਸ ਲੰਗਰ ਵਿੱਚ ਪਹੁੰਚੇ ਤਾਂ ਸਲਾਰ ਪਿੰਡ ਦੀ ਸੰਗਤ ਨੇ ਅਰਜ਼ ਕੀਤੀ, ਮਹਾਰਾਜ! ਸਾਡੇ ਪਿੰਡ ਵੀ ਗੁਰਬਾਣੀ ਦਾ ਪ੍ਰਵਾਹ ਚਲਾਉ! ਕੋਈ ਪੜ੍ਹਾਉਣ ਵਾਲਾ ਸੱਜਣ ਭੇਜ ਦੇਵੋ ਤਾਂ ਕਿ ਚਾਹਵਾਨ ਸੰਗਤਾਂ ਸੰਥਯਾ ਹਾਸਲ ਕਰ ਲੈਣ! ਆਪ ਜੀ ਨੇ ਸੁਰਜੀਤ ਸਿੰਘ ਲੋਪੋ ਨੂੰ ਹੁਕਮ ਕਰ ਦਿੱਤਾ, ਕਿ ਸਲਾਰ ਪਿੰਡ ਜਾ ਕੇ ਸੰਗਤ ਨੂੰ ਗੁਰਬਾਣੀ ਪੜ੍ਹਾਓ! ਇੱਥੇ ਵੀ ਕੁੱਝ ਪ੍ਰੇਮੀਆਂ ਨੇ ਦੀਵਾਲੀ ਸਮਾਗਮ ਵਾਲੀ ਲਿਸਟ ਵਿੱਚ ਆਪਣੇ ਪਾਠ ਦਰਜ਼ ਕਰਵਾਏ। ਪਾਠਾਂ ਦੀ ਗਿਣਤੀ ਹੁਣ ਇਕ ਸੌ ਪੰਜਾਹ ਤੋਂ ਉੱਪਰ ਲੰਘ ਚੁੱਕੀ ਹੈ। ਸੰਗਤਾਂ ਨੇ ਹੁਣ ਸੋਚਣਾ ਸ਼ੁਰੂ ਕੀਤਾ, ਕਿ ਸ਼ਾਇਦ ਹੁਣ ਦੋ ਸੌ ਇਕ ਪਾਠ ਤੇ ਬੰਦ ਕਰਨਗੇ, ਪਰੰਤੂ ਇੰਨੇ ਪਾਠ ਇਕੱਠੇ ਰੱਖਣ ਲਈ ਤਾਂ ਜਗ੍ਹਾ ਕੋਈ ਪੂਰੀ ਕਰਨਾਲ ਸ਼ਹਿਰ ਵਿੱਚ ਨਹੀਂ, ਲੇਕਿਨ ਇਹ ਤਾਂ ਸੁਣਿਆ ਹੈ ਕਿ ਰੱਖਣੇ ਵੀ ਕੁਟੀਆ ਵਿੱਚ ਹੀ ਹਨ? ਦੂਸਰਾ ਬੋਲਿਆ, ਸ਼ਾਇਦ ਤੰਬੂ ਸ਼ਾਮਿਆਨੇ ਲਾ ਲਏ ਜਾਣ। ਫਿਰ ਤੀਸਰਾ ਬੋਲਿਆ, ਹਨੇਰੀ ਮੀਂਹ ਵੀ ਆ ਸਕਦਾ ਹੈ। ਤੇਜ਼ ਹਨੇਰੀ ਵਿੱਚ ਤੰਬੂ ਸ਼ਾਮਿਆਨੇ ਤਾਂ ਸਾਰੇ ਉੱਡ ਜਾਂਦੇ ਹਨ, ਬਾਰਸ਼ ਨਾਲ ਸਾਰੇ ਚੋਣ ਵੀ ਤਾਂ ਲੱਗ ਜਾਂਦੇ ਹਨ। ਅਗਰ ਇੰਦਰ ਦੇਵਤਾ ਜ਼ਿਆਦਾ ਹੀ ਖੁਸ਼ੀ ਵਿੱਚ ਆ ਜਾਵੇ, ਤਾਂ ਸ਼ਾਮਿਆਨੇ ਤੰਬੂ ਪਾੜ ਹੇਠਾਂ ਸੁੱਟ ਦਿੰਦਾ ਹੈ, ਫਿਰ ਧਰਤੀ ਤੇ ਵੀ ਪਾਣੀ ਹੀ ਪਾਣੀ ਕਰ ਦਿੰਦਾ ਹੈ, ਫਿਰ ਇਤਨੀ ਗਿਣਤੀ ਵਿੱਚ ਗੁਰੂ ਗ੍ਰੰਥ ਸਾਹਿਬ ਜੀਆਂ ਦਾ ਸਤਿਕਾਰ ਸੰਭਾਲ ਕਰਨਾ ਮੁਸ਼ਕਲ ਹੋ ਜਾਵੇਗਾ, ਅਤੇ ਦੀਵਾਲੀ ਦੇ ਦਿਨ ਹੋਣ ਕਰਕੇ ਤੰਬੂ ਸ਼ਾਮਿਆਨੇ ਨੂੰ ਅੱਗ ਆਤਿਸ਼ਬਾਜ਼ੀ ਦਾ ਵੀ ਖਤਰਾ ਹੁੰਦਾ ਹੈ?

ਇਉਂ ਮਨ ਬੁੱਧੀ ਦੇ ਮੰਡਲ ਵਿੱਚ ਖੜ੍ਹੇ ਕੁੱਝ ਪ੍ਰੇਮੀ ਵਿਚਾਰਾਂ ਕਰ ਰਹੇ ਹਨ, ਇਤਨੇ ਨੂੰ ਕੰਨਾਂ ਵਿੱਚ ਬਹੁਤ ਬਾਰੀਕ ਅਵਾਜ਼ ਪੈਣੀ ਸ਼ੁਰੂ ਹੋਈ–

ਭੈ ਵਿਚਿ ਪਵਣੁ ਵਹੈ ਸਦਵਾਉ॥ ਭੈ ਵਿਚਿ ਚਲਹਿ ਲਖ ਦਰੀਆਉ॥
ਭੈ ਵਿਚਿ ਅਗਨਿ ਕਢੈ ਵੇਗਾਰਿ॥ ਭੈ ਵਿਚਿ ਧਰਤੀ ਦਬੀ ਭਾਰਿ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥ ਭੈ ਵਿਚਿ ਰਾਜਾ ਧਰਮ ਦੁਆਰੁ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥
ਭੈ ਵਿਚਿ ਸਿਧ ਬੁਧ ਸੁਰ ਨਾਥ॥ ਭੈ ਵਿਚਿ ਆਡਾਣੇ ਆਕਾਸ॥
ਭੈ ਵਿਚਿ ਜੋਧ ਮਹਾਬਲ ਸੂਰ॥ ਭੈ ਵਿਚਿ ਆਵਹਿ ਜਾਵਹਿ ਪੂਰ॥
ਸਗਲਿਆ ਭਉ ਲਿਖਿਆ ਸਿਰਿ ਲੇਖੁ। ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥

*(ਆਸਾ ਦੀ ਵਾਰ, ਪੰਨਾ-੪੬੪)*

ਯਥਾ — ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ॥

*(ਸਲੋਕ ਮ: ੨, ਪੰਨਾ-੯੫੫)*

ਬਾਬਾ ਜੋਰਾਵਾਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਦੀ ਪਵਿੱਤਰ ਯਾਦ ਵਿੱਚ ਹਾਜ਼ਰੀ ਲਵਾ ਕੇ, ਲੰਗਰ ਵਿੱਚ ਸੇਵਾ ਕਰ ਰਹੀਆਂ ਸੰਗਤਾਂ ਨੂੰ ਉਤਸ਼ਾਹ ਬਖਸ਼ ਕੇ, ਅਤੇ ਕੁਝ ਪ੍ਰੇਮੀਆਂ ਨੂੰ ਗੁਰਬਾਣੀ ਪੜ੍ਹਣ ਪੜ੍ਹਾਉਣ ਦੀ ਦਾਤ ਬਖਸ਼ ਕੇ ਸ਼ਾਮ ਨੂੰ ਵਾਪਸ ਖੋਖ ਕੁਟੀਆ ਆ ਗਏ। ਰਾਤ ਖੋਖ ਠਹਿਰ ਕੇ ਸਵੇਰੇ ਗੁਰਬਾਣੀ ਪੜ੍ਹਾਉਣ ਵਾਲੇ ਅਸਰਪੁਰ ਲੋਹਸਿੰਬਲੀ ਆਦਿਕ ਅਸਥਾਨਾਂ ਤੇ ਪਾਠ ਪੜ੍ਹਣ ਵਾਲੀਆਂ ਸੰਗਤਾਂ ਨੂੰ ਹੱਲਾ ਸ਼ੇਰੀ ਦਿੰਦੇ ਹੋਏ ਵਾਪਸ ਰਿਸ਼ੀਕੇਸ਼ ਪਹੁੰਚ ਗਏ। ਸ੍ਰੀ ਅਮਰੀਕ ਚੰਦ ਚਾਵਲਾ ਜੀ ਨੇ ਬੇਨਤੀ ਕਰਕੇ ਪਹਿਲਾਂ ਹੀ ਬੰਬਈ ਲੈ ਕੇ ਜਾਣ ਦਾ ਬਚਨ ਲਿਆ ਹੋਇਆ ਸੀ, ਇਸ ਲਈ ਚਾਵਲਾ ਜੀ ਤੇ ਹੋਰ ਬੰਬਈ ਨਿਵਾਸੀ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਜਨਵਰੀ ਦੇ ਪਹਿਲੇ ਹਫਤੇ ਬੰਬਈ ਪਹੁੰਚੇ। ਦੀਵਾਲੀ ਸਮਾਗਮ ਦਾ ਉੱਥੇ ਵਾਲੀ ਸੰਗਤ ਨੂੰ ਵੀ ਪਹਿਲਾਂ ਹੀ ਪਤਾ ਲੱਗ ਚੁੱਕਿਆ ਸੀ। ਆਪ ਜੀ ਦੇ ਪਹੁੰਚਣ ਤੇ ਉੱਥੇ ਵਾਲੀ ਸੰਗਤ ਨੇ ਵੀ ਪਾਠ ਲਿਖਵਾਏ। ਪਾਠਾਂ ਦੀ ਗਿਣਤੀ ਹੁਣ ਦੋ ਸੌ ਤੋਂ ਵੀ ਉੱਪਰ ਲੰਘ ਗਈ। ਬੰਬਈ ਨਿਵਾਸੀ ਸੰਗਤਾਂ ਨੂੰ ਦੋ-ਢਾਈ ਮਹੀਨੇ ਗੁਰਬਾਣੀ ਰਾਹੀਂ ਰੱਬੀ ਉਪਦੇਸ਼ ਕਰਕੇ ਵਾਪਸ ਰਿਸ਼ੀਕੇਸ਼ ਆ ਗਏ, ਇਤਨੇ ਨੂੰ ਵਿਸਾਖੀ ਦਾ ਸਲਾਨਾ ਜੋੜ-ਮੇਲਾ ਆ ਗਿਆ। ਭਾਈ ਤਰਜੀਤ ਸਿੰਘ ਜੀ ਨਰੂਲਾ ਕਰਨਾਲ ਵਾਲਿਆਂ ਨੇ ਅਰਜ਼ ਕੀਤੀ, ਮਹਾਰਾਜ! ਦੀਵਾਲੀ ਸਮਾਗਮ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਆਂ ਦੇ ਸਰੂਪ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਸ੍ਰੀ ਅੰਮ੍ਰਿਤਸਰ ਤੋਂ ਲਿਆਉਣ ਦਾ ਵਿਚਾਰ ਹੈ, ਮੌਕੇ ਤੇ ਉਨ੍ਹਾਂ ਕੋਲੋਂ ਸ਼ਾਇਦ ਪੂਰੇ ਸਰੂਪ ਨਾ ਮਿਲਣ, ਇਸ ਲਈ ਜਿਤਨੀ ਕੁ ਸਾਨੂੰ ਜ਼ਰੂਰਤ ਹੈ ਉਸਦਾ ਕੁਝ ਥੋੜ੍ਹਾ ਬਹੁਤ ਅੰਦਾਜ਼ਾ ਹੋਵੇ, ਤਾਂ ਉਸ ਮੁਤਾਬਿਕ ਉਨ੍ਹਾਂ ਨਾਲ ਗੱਲ ਕਰ ਲਈਏ! ਹਜ਼ੂਰ ਨੇ ਹੁਕਮ ਕੀਤਾ, ਅੱਗੇ ਹੁਣ ਸਮਾਂ ਥੋੜ੍ਹਾ ਰਹਿ ਗਿਆ ਹੈ, ਸਾਰੀ ਤਿਆਰੀ ਵੀ ਕਰਨੀ ਹੈ, ਇਸ ਲਈ ਹੁਣ 251 ਤੇ ਲਿਖਣਾ ਬੰਦ ਕਰ ਦਿੰਦੇ ਹਾਂ, ਤੁਸੀਂ ਆਪਣੀ ਤਿਆਰੀ ਕਰ ਲਉ। ਵਿਸਾਖੀ ਸਮਾਗਮ ਮਨਾਉਣ ਲਈ ਕਰਨਾਲ ਵਾਲੀ ਸਾਰੀ ਸੰਗਤ ਰਿਸ਼ੀਕੇਸ਼ ਆਈ ਹੋਈ ਹੈ, ਜਿਸ ਵਿੱਚ ਮੁੱਖੀ-ਮੁੱਖੀ ਸੱਜਣਾਂ ਨੇ ਬੇਨਤੀ ਕੀਤੀ, ਮਹਾਰਾਜ! ਸਮਾਨ ਵਾਲੀ ਤਾਂ ਆਪ ਜੀ ਨੇ ਸਾਨੂੰ ਜੋ ਸੇਵਾ ਬਖਸ਼ਿਸ਼ ਕੀਤੀ ਹੈ, ਉਹ ਤਾਂ ਆਪ ਜੀਆਂ ਦੇ ਅੱਜ ਦੇ ਹੁਕਮ ਮੁਤਾਬਿਕ ਦੋ ਸੌ ਇਕਵੰਜਾ ਪਾਠ ਸਾਹਿਬਾਂ ਦੇ ਹਿਸਾਬ ਨਾਲ ਤਿਆਰੀ ਕਰ ਲੈਂਦੇ ਹਾਂ, ਲੇਕਿਨ ਇਤਨੇ ਵੱਡੇ ਸਮਾਗਮ ਲਈ ਜਗ੍ਹਾ ਦਾ ਪ੍ਰਬੰਧ ਅਤੇ ਹੋਰ ਲੋੜੀਂਦੀ ਤਿਆਰੀ ਕਰਨੀ ਹੈ, ਉਹ ਵੀ ਸਾਰਾ ਪ੍ਰਬੰਧ ਜਿਵੇਂ ਇਹ ਸਮਾਗਮ ਰਚਨਾ ਹੈ ਅਤੇ ਜਿਸ ਜਗ੍ਹਾ ਰਚਨਾ ਹੈ, ਉਹ ਵੀ ਇਸ਼ਾਰਾ ਕਰ ਦਿਉ ਤਾਂ ਕਿ ਸਮੇਂ ਤੋਂ ਪਹਿਲਾਂ ਸਾਰੀ ਤਿਆਰੀ ਕਰ ਲਈ ਜਾਵੇ। ਸੰਗਤਾਂ ਦੀ ਬੇਨਤੀ ਸੁਣਕੇ ਹੁਕਮ ਕੀਤਾ, ਕਿ ਹੁਣ ਵਿਸਾਖੀ ਦਾ ਜੋੜ ਮੇਲਾ ਮਨਾਉਣ ਹਿਤ ਸੰਗਤਾਂ ਕਾਫੀ ਗਿਣਤੀ ਵਿੱਚ ਆਈਆਂ ਹੋਈਆਂ ਹਨ, ਇਹ ਸਮਾਗਮ ਦੀ ਵਿਚਾਰ ਕਰਨ ਲਈ, ਉਤਨਾ ਸਮਾਂ ਅੱਜ ਮੁਸ਼ਕਲ

ਹੈ, ਜਿਤਨਾ ਚਾਹੀਦਾ ਹੈ। ਇਸ ਲਈ ਤੁਸੀਂ ਸਾਰੇ ਪ੍ਰਬੰਧਕ ਸੱਜਣ ਵਿਸਾਖੀ ਸਮਾਗਮ ਤੋਂ ਬਾਅਦ ਕਿਸੇ ਦਿਨ ਆ ਜਾਉ, ਫਿਰ ਬੈਠ ਕੇ ਵਿਚਾਰ ਕਰ ਲਵਾਂਗੇ। ਉਸੇ ਦਿਨ ਵਿਚਾਰ ਕਰਕੇ ਸਮਾਗਮ ਦੇ ਪ੍ਰਬੰਧ ਦੀਆਂ ਸੇਵਾਵਾਂ ਵੀ ਸੰਗਤ ਨੂੰ ਵੰਡ ਦਿੱਤੀਆਂ ਜਾਣਗੀਆਂ। ਵਿਸਾਖੀ ਸਮਾਗਮ ਦੀ ਸੰਪੂਰਨਤਾ ਹੋਣ ਤੇ ਸਭ ਸੰਗਤਾਂ ਪ੍ਰਸ਼ਾਦ ਲੈ ਕੇ ਘਰਾਂ ਨੂੰ ਵਾਪਸ ਚਲੀਆਂ ਗਈਆਂ। ਉਧਰ ਕਰਨਾਲ ਨਿਵਾਸੀ ਸਭ ਸੰਗਤਾਂ ਨੂੰ ਪਤਾ ਚੱਲ ਗਿਆ, ਕਿ ਆ ਰਹੇ ਦੀਵਾਲੀ ਸਮਾਗਮ ਵਿੱਚ ਦੋ ਸੌ ਇਕਵੰਜਾ ਸ੍ਰੀ ਅਖੰਡ ਪਾਠ ਇਕੱਠੇ ਰੱਖੇ ਜਾਣਗੇ। ਉਸ ਮਹਾਨ ਯੱਗ ਵਿੱਚ ਪਾਠ ਸਾਹਿਬ ਅਤੇ ਲੰਗਰ ਆਦਿਕ ਹਰ ਪ੍ਰਕਾਰ ਦੀਆਂ ਸੇਵਾਵਾਂ ਹਾਸਲ ਕਰਨ ਲਈ ਸੰਗਤਾਂ ਵਿੱਚ ਭਾਰੀ ਉਤਸ਼ਾਹ ਪੈਦਾ ਹੋ ਗਿਆ। ਲੇਕਿਨ ਇਹ ਕਿਸੇ ਨੂੰ ਕੋਈ ਪਤਾ ਨਹੀਂ ਕਿ ਇਤਨਾ ਵੱਡਾ ਕਾਰਜ਼ ਕਿਸ ਜਗ੍ਹਾ ਅਤੇ ਕਿਵੇਂ ਰਚਿਆ ਜਾਵੇਗਾ, ਕਿਉਂਕਿ ਦੋ ਸੌ ਇਕਵੰਜਾ ਪਾਠ ਸਾਹਿਬ ਇਕੱਠੇ ਰੱਖਣ ਲਈ ਪੂਰੇ ਕਰਨਾਲ ਵਿੱਚ ਕੋਈ ਥਾਂ ਨਜ਼ਰ ਨਹੀਂ ਆ ਰਹੀ, ਪਰੰਤੂ ਮਹਾਂਪੁਰਸ਼ਾਂ ਦਾ ਇਸ਼ਾਰਾ ਕੁਟੀਆ ਵੱਲ ਹੀ ਹੈ, ਇਤਨਾ ਵੱਡਾ ਕਾਰਜ ਤਾਂ ਦੋਨੋਂ ਕੁਟੀਆਂ ਵਿੱਚ ਮਿਲਾ ਕੇ ਵੀ ਨਹੀਂ ਹੋ ਸਕਦਾ?

ਜਦੋਂ ਬੁੱਧੀ ਕੋਈ ਫੈਸਲਾ ਨਾ ਕਰ ਸਕੀ, ਤਾਂ ਅਵਾਜ਼ ਆਈ :—

**ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ॥**
**ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ॥**

*(ਸਹਸਕ੍ਰਿਤੀ, ਪੰਨਾ-੧੩੫੩)*

ਭਾਈ ਤੁਸੀਂ ਚਿੰਤਾ ਕਿਉਂ ਕਰਦੇ ਹੋ—

**ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ॥**

*(ਸਲੋਕ ਮ: ੨, ਪੰਨਾ-੯੫੫)*

ਉਹ ਸਾਰੇ ਕਾਰਨਾਂ ਦੇ ਕਾਰਨ ਨੂੰ ਸਮਰਥ ਹੈ, ਤੁਸੀਂ ਰੋਜ਼ ਪੜ੍ਹਦੇ ਤਾਂ ਹੋ :—

**ਕੀਤਾ ਪਸਾਉ ਏਕੋ ਕਵਾਉ॥**
**ਤਿਸ ਤੇ ਹੋਏ ਲਖ ਦਰੀਆਉ॥**

*(ਜਪੁਜੀ, ਪੰਨਾ-੩)*

ਅੱਖ ਦੇ ਇੱਕ ਫੋਰ ਵਿੱਚ ਜਿਹੜਾ ਕਰੋੜਾਂ ਬ੍ਰਹਮੰਡਾਂ ਦੀ ਸਿਰਜਨਾ ਕਰ ਸਕਦਾ ਹੈ, ਉਸ ਵਾਸਤੇ ਇੱਕ ਅਲੌਕਿਕ ਪੁਰੀ ਦੀ ਸਿਰਜਨਾ ਕਰ ਲੈਣੀ ਕਿਹੜੀ ਅਨਹੋਣੀ ਗੱਲ ਹੈ! ਉਸ ਕਰਤਾ ਪੁਰਖ ਦੀਆਂ ਅਨੰਤ ਸ਼ਕਤੀਆਂ ਤੋਂ ਨਾ-ਵਾਕਫ ਵਿਚਾਰੇ ਪ੍ਰੇਮੀ ਸੁਣਕੇ ਥੋੜ੍ਹੇ ਧੀਰਜਵਾਨ ਹੋਏ। ਉਸ ਅਨੰਤ ਕਲਾ ਵਾਲੇ ਠਾਕੁਰ ਤੇ ਸ਼ਰਧਾ ਭਾਵਨਾ ਤਾਂ ਰੱਖਦੇ ਹੀ ਹਨ ਤਾਂ ਹੀ ਉਸਦੀ ਇਲਾਹੀ ਬਾਣੀ ਸ੍ਰੀ ਜਪੁਜੀ ਸਾਹਿਬ ਦਾ ਰੋਜ਼ ਪਾਠ ਕਰਦੇ ਹਨ, ਲੇਕਿਨ ਕੁਝ ਸਮਝ ਨਹੀਂ ਸੀ ਪੈਂਦਾ। ਅੱਜ ਉਸ ਗੁਰਮੁੱਖ ਦੇ ਇਸ਼ਾਰੇ ਨਾਲ ਥੋੜ੍ਹਾ ਝਿਲਕਾਰਾ ਵਜਿਆ—

**ਜੇ ਕੋ ਕਹੈ ਕਰੈ ਵੀਚਾਰੁ॥**
**ਕਰਤੇ ਕੈ ਕਰਣੈ ਨਾਹੀ ਸੁਮਾਰੁ॥**

*(ਜਪੁਜੀ, ਪੰਨਾ-੩)*

ਅੱਜ ਕੁਝ ਸਮਝ ਪਿਆ ਕਿ ਗੁਰੂ ਅਮਰਦਾਸ ਮਹਾਰਾਜ ਜੀ ਨੇ ਕਿਉਂ ਇਸ਼ਾਰਾ ਕੀਤਾ ਸੀ ਕਿ **ਗੁਰਮੁਖ ਸਓ ਕਰਿ ਦੋਸਤੀ॥** ਗੁਰਮੁੱਖ ਦੀ ਛਿਨ ਪਲ ਦੀ ਦੋਸਤੀ ਨਾਲ ਹੀ ਅੱਜ ਗੁਰਬਾਣੀ ਤੋਂ ਥੋੜ੍ਹਾ ਰਸਤਾ ਮਿਲਿਆ ਕਿ ਕਰਤਾ ਪੁਰਖ ਦੇ ਬੇਸ਼ੁਮਾਰ ਕਰਣੇ ਹਨ, ਉਨ੍ਹਾਂ ਦਾ ਕੋਈ ਅੰਤ ਨਹੀਂ ਪਾ ਸਕਦਾ। ਧੰਨ ਹਨ ਐਸੇ ਵਿਚਲੇ ਗੁਰਮੁੱਖ ਜਿੰਨ੍ਹਾਂ ਦੀ ਬਾਬਤ ਇਸ਼ਾਰਾ ਹੈ—

**ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮਖਿ ਹੋਇ॥**

*(ਦਖਣੀ ਓਅੰਕਾਰੁ, ਪੰਨਾ-੯੩੫)*

ਹੇ ਪਰਮੇਸ਼ਰ! ਐਸੇ ਗੁਰਮੁਖਾਂ ਦੀ ਸਦੀਵ ਸੰਗਤ ਬਖਸ਼! ਖੈਰ ਸ਼ਾਂਤ ਚਿੱਤ ਹੋ ਕੇ ਘਰਾਂ ਨੂੰ ਚਲੇ ਗਏ।

ਦੀਵਾਲੀ ਦੇ ਆਉਣ ਵਾਲੇ ਸਮਾਗਮ ਦੀਆਂ ਸੇਵਾਵਾਂ ਦੀ ਖੈਰ ਝੋਲੀ ਵਿੱਚ ਪਵਾਉਣ ਲਈ ਬੜੇ ਉਤਸ਼ਾਹ ਯੁਕਤ ਹੋਈ ਕਰਨਾਲ ਦੀ ਸੰਗਤ ਅਪ੍ਰੈਲ ਦੇ ਆਖਰੀ ਹਫਤੇ ਇੱਕ ਪੂਰੀ ਬੱਸ ਭਰਕੇ ਰਿਸ਼ੀਕੇਸ਼ ਪਹੁੰਚ ਗਈ। ਦੁਪਹਿਰ ਦਾ ਲੰਗਰ ਛੱਕਣ ਤੋਂ ਬਾਅਦ ਕਰਨਾਲੋਂ ਆਈ ਸਭ ਸੰਗਤ ਨੂੰ ਬੁਲਾ ਲਿਆ ਗਿਆ। ਗੱਦੀ ਵਾਲਾ ਕਮਰਾ ਸੰਗਤ ਨਾਲ ਖਚਾਖਚ ਭਰ ਗਿਆ, ਆਪ ਵੀ ਆਪਣੇ ਤਾਰਾਗਣਾਂ ਵਿੱਚ ਚੰਦਰਮਾ ਦੀ ਨਿਆਈ ਸੁਸ਼ੋਭਿਤ ਹਨ। ਆਪ ਜੀ ਦੇ ਦੋਨੋਂ ਤਰਫ ਸੱਜੇ, ਖੱਬੇ, ਸੰਤ ਜੋਧ ਸਿੰਘ ਜੀ ਅਤੇ ਸੰਤ ਗੁਰਿੰਦਰ ਸਿੰਘ (ਛੋਟੂ ਬਾਬਾ) ਜੀ ਬਿਰਾਜਮਾਨ ਹਨ। ਹੁਕਮ ਕੀਤਾ, ਭਾਈ ਦੀਵਾਲੀ ਸਮਾਗਮ ਦੀ ਹੁਣ ਤਿਆਰੀ ਕਰੋ, ਤੁਸੀਂ ਤਾਂ ਇੱਕ ਅਖੰਡ ਪਾਠ ਸਾਹਿਬ ਮੰਗਿਆ ਸੀ, ਲੇਕਿਨ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਨੇ ਤਰੁੱਠ ਕੇ ਦੋ ਸੌ ਇਕਵੰਜਾ ਪਾਠ ਸਾਹਿਬ ਤੁਹਾਡੀ ਝੋਲੀ ਵਿੱਚ ਪਾ ਦਿੱਤੇ। ਸੰਗਤ ਨੇ ਅਰਜ਼ ਕੀਤੀ, ਮਹਾਰਾਜ! ਇਸ ਮਹਾਨ ਸਮਾਗਮ ਦੀ ਨੀਂਹ ਛੋਟੀ ਕੁਟੀਆ ਹੀ ਰੱਖੀ ਸੀ, ਲੇਕਿਨ ਹੁਣ ਤਾਂ ਆਪ ਦੀ ਕ੍ਰਿਪਾ ਨਾਲ ਪ੍ਰੋਗਰਾਮ ਬਹੁਤ ਵਿਸ਼ਾਲ ਹੋ ਗਿਆ, ਕੁਟੀਆ ਤਾਂ ਹੁਣ ਇਤਨੀ ਜਗ੍ਹਾ ਨਹੀਂ! ਹਜ਼ੂਰ ਬੋਲੇ, ਅਕਾਲ ਪੁਰਖ ਵਾਹਿਗੁਰੂ ਦੇ ਇੱਕ-ਇੱਕ ਰੋਮ ਵਿੱਚ ਕਰੋੜਾਂ ਬਰਹਿਮੰਡ ਸਮਾਏ ਹੋਏ ਹਨ। ਉਸ ਨਾਲ ਅਭੇਦ ਹੋ ਚੁੱਕੇ ਮਹਾਂਪੁਰਸ਼ਾਂ ਦੀ ਜਗ੍ਹਾ ਕਿਵੇਂ ਛੋਟੀ ਰਹਿ ਸਕਦੀ ਹੈ।

ਕੁਟੀਆ ਦੇ ਵਿਸ਼ਾਲ ਦਾਇਰੇ ਵਿੱਚ ਤਾਂ ਐਨੇ ਪਾਠ ਹੋਰ ਰੱਖ ਲਉ, ਤਾਂ ਵੀ ਜਗ੍ਹਾ ਦੀ ਕਮੀ ਨਹੀਂ ਪੈ ਸਕਦੀ। ਸੰਗਤ ਸੁਣਕੇ ਅਸਚਰਜ ਹੋਈ ਜਾ ਰਹੀ ਹੈ ਕਿ ਦੋਨਾਂ ਕੁਟੀਆਂ ਵਿੱਚ ਮਿਲਾ ਕੇ ਵੀ ਦੋ ਸੌ ਇਕਵੰਜਾ ਪਾਠ ਰੱਖਣ ਦੀ ਜਗ੍ਹਾ ਨਹੀਂ ਹੋ ਸਕਦੀ, ਪਰੰਤੂ ਇਸ਼ਾਰਾ ਅਜੇ ਵੀ ਕੁਟੀਆ ਵੱਲ ਹੀ ਹੈ, ਇੰਨ੍ਹਾਂ ਦੀ ਖੇਡ ਇਹੀ ਜਾਨਣ! ਹਜ਼ੂਰ ਆਪਣੀ ਮੌਜ ਵਿੱਚ ਬੈਠੇ ਮੁਸਕਰਾਈ ਜਾ ਰਹੇ ਹਨ। ਔਹ ਦੇਖੋ ਹੁਣ ਸੰਗਤ ਦੀ ਅਸਚਰਜਤਾ ਕਿਵੇਂ ਦੂਰ ਕਰ ਰਹੇ ਹਨ। ਇਲਾਹੀ ਹੁਕਮ ਹੋਇਆ, ਪਰਮ ਪੂਜਨੀਕ ਬ੍ਰਹਮਲੀਨ, ਸੰਤ ਬਾਬਾ ਨਿੱਕਾ ਸਿੰਘ ਜੀ ਵਿਰੱਕਤ ਮਹਾਰਾਜ ਅਤੇ ਪਰਮ ਪੂਜਨੀਕ ਸੰਤ ਬਾਬਾ ਭਗਤ ਸਿੰਘ ਜੀ ਮਹਾਰਾਜ ਜਿੰਨ੍ਹਾਂ ਦੀ ਯਾਦ ਵਿੱਚ ਇਹ ਸਮਾਗਮ ਦੀ ਰਚਨਾ ਹੋਈ ਹੈ, ਦੋਨੋਂ ਪੂਰਨ ਪੁਰਸ਼, ਇੱਕ ਦੇਸ਼ ਦੇ ਵਾਸੀ ਹਮ-ਸ਼ਹਰੀ ਪਰਮ ਮਿੱਤਰ ਸਨ। ਦੋਨੋਂ ਮਹਾਂਪੁਰਸ਼ ਅੰਦਰੋਂ ਤਾਂ ਮਿਲੇ ਹੋਏ ਹੀ ਸਨ, ਲੇਕਿਨ, ਬਾਹਰੋਂ ਜਿਹੜਾ ਦੋਨਾਂ ਕੁਟੀਆਂ ਦਾ ਫਰਕ ਜਿਹਾ ਨਜ਼ਰ ਆ ਰਿਹਾ ਹੈ, ਉਸਨੂੰ ਮਿਟਾ ਕੇ ਇੱਕ ਕਰ ਦਿਉ, ਫਿਰ ਦੱਸੋ ਜਗ੍ਹਾ ਦੀ ਕਿਹੜੀ ਕਮੀ ਹੈ? ਸੰਗਤ ਨੇ ਅਰਜ਼ ਕੀਤੀ, ਮਹਾਰਾਜ! ਇਹ ਪ੍ਰਤੀਤੀ ਮਾਤਰ ਦੇ ਫਾਸਲੇ ਹਟਾਉਣ ਲਈ ਆਪ ਹੀ ਸਮਰਥ ਹੋ, ਕਰ ਦਿਉ ਕ੍ਰਿਪਾ! ਹੁਕਮ ਕੀਤਾ, ਦੋਨਾਂ ਕੁਟੀਆਂ ਦੇ ਦਰਮਿਆਨ ਜੋ ਬਾਰਾਂ ਸੈਕਟਰ ਵਾਲੀ ਜਗ੍ਹਾ ਖਾਲੀ ਪਈ ਹੈ, ਉਸ ਸਾਰੀ ਵਿੱਚ ਸ਼ਾਮਿਆਨੇ ਪੰਡਾਲ ਲਾ ਕੇ ਇੱਕ ਪੂਰਾ ਸ਼ਹਿਰ ਵਸਾ ਲਉ! ਪਾਠ ਪੰਡਾਲ ਇਤਨਾ ਵੱਡਾ ਬਣਾਇਆ ਜਾਵੇ, ਜਿਸ ਵਿੱਚ ਦੋ ਸੌ ਇਕਤਾਲੀ ਪਾਠ ਆ ਜਾਣ ਅਤੇ ਬਾਕੀ ਦੇ ਪਾਠ ਪੰਜ-ਪੰਜ ਦੋਨੋਂ ਕੁਟੀਆ ਵਿੱਚ ਰੱਖੇ ਜਾਣ! ਸੰਚਾਰ ਸਾਧਨਾਂ ਰਾਹੀਂ ਤਿੰਨਾਂ ਨੂੰ ਇੱਕ ਬਣਾ ਦਿੱਤਾ ਜਾਵੇ! ਅਤੇ ਮੇਨ ਪਾਠ ਤੋਂ ਉਚਾਰਨ ਹੋਇਆ ਪਾਠ ਮਾਈਕ ਰਾਹੀਂ ਤਿੰਨਾਂ ਥਾਵਾਂ ਤੇ ਹਰ ਇੱਕ ਪਾਠੀ ਨੂੰ ਸੁਣਾਈ ਦੇਵੇ। ਕੀਰਤਨ ਲਈ ਅਲੱਗ ਪੰਡਾਲ ਬਣਾਇਆ ਜਾਵੇ, ਅਤੇ ਲੰਗਰ ਲਈ ਵੱਖਰਾ ਪੰਡਾਲ। ਕੀਰਤਨ ਪੰਡਾਲ ਦੀ ਕਪੈਸਟੀ (Capacity) ਕਮ-ਸੇ-ਕਮ ਵੀਹ ਹਜ਼ਾਰ ਬੰਦੇ ਦੇ ਬੈਠਣ ਦੀ ਹੋਵੇ। ਬਾਹਰੋਂ ਆਈਆਂ ਸੰਗਤਾਂ ਵਾਸਤੇ, ਅਲੱਗ ਤੰਬੂ ਸ਼ਾਮਿਆਨੇ ਟੈਂਟ ਲਾਏ ਜਾਣ। ਸੰਗਤਾਂ ਦੀ ਸਹੂਲਤ ਲਈ ਆਰਜ਼ੀ ਤੌਰ ਤੇ ਸੈਂਕੜੇ ਬਾਥਰੂਮ, ਲੈਟਰੀਨਾਂ ਬਣਾਈਆਂ ਜਾਣ ਤਾਂ ਕਿ ਕੋਈ ਦਿੱਕਤ ਨਾ ਆਵੇ। ਇਸ ਪ੍ਰਕਾਰ ਦੋਨਾਂ ਕੁਟੀਆਂ ਦੇ ਦਰਮਿਆਨ ਜੋ ਕਿਲੋਮੀਟਰ ਕੁ ਦਾ ਫਾਸਲਾ ਜਿਹਾ ਨਜ਼ਰ ਆ ਰਿਹਾ ਹੈ, ਉਹ ਸਾਰਾ ਮਿਟਾ ਕੇ ਦੋਨੋਂ ਕੁਟੀਆਂ ਇੱਕ ਹੋ ਜਾਣਗੀਆਂ। ਸਾਰੇ ਸਮਾਗਮ ਦੌਰਾਨ ਲੰਗਰ ਗੁਰੂ ਨਾਨਕ ਦਾ ਇਤਨਾ ਚੱਲੇ ਕਿ ਅਰਦਾਸ ਪਹਿਲੇ ਦਿਨ ਹੀ ਹੋ ਜਾਵੇ ਫਿਰ ਦਿਨ ਰਾਤ ਨਿਰੰਤਰ ਚੱਲਦਾ ਰਹੇ। ਲੰਗਰ ਛੱਕਣ ਲਈ ਪੰਡਾਲ ਇਤਨਾ ਵੱਡਾ ਹੋਵੇ ਜਿਸ ਵਿੱਚ ਦਸ ਹਜ਼ਾਰ ਬੰਦਾ ਇੱਕ ਵਾਰ ਬੈਠ ਕੇ ਲੰਗਰ ਛੱਕ ਲਵੇ। ਇਸ ਸਮਾਗਮ ਦੇ ਸ਼ੁਰੂ ਵਿੱਚ ਯਾਨੀ ਅੱਠ ਨਵੰਬਰ ਵਾਲੇ ਦਿਨ ਛੋਟੀ ਕੁਟੀਆ ਵਿੱਚ ਸੱਤ ਸ੍ਰੀ ਅਖੰਡ ਪਾਠ ਸਾਹਿਬ ਰੱਖੇ ਜਾਣ, ਲੰਗਰ ਉਸੇ ਦਿਨ ਤੋਂ ਅਤੁੱਟ ਸ਼ੁਰੂ ਹੋ ਜਾਵੇ! ਨਾਲ-ਨਾਲ ਹੋਰ ਵੀ ਹਰ ਪ੍ਰਕਾਰ ਦੀ ਤਿਆਰੀ ਹੁੰਦੀ ਰਹੇ। ਦਸ ਨਵੰਬਰ ਵਾਲੇ ਦਿਨ ਭੋਗ ਪੈ ਜਾਣਗੇ। ਉਸੇ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਨਗਰ ਕੀਰਤਨ ਇੱਕ ਜਲੂਸ ਦੀ ਸ਼ਕਲ ਵਿੱਚ ਕੀਤਾ ਜਾਵੇ। ਇਹ ਨਗਰ

ਕੀਰਤਨ (ਜਲੂਸ) ਵੱਡੀ ਕੁਟੀਆ ਤੋਂ ਸ਼ੁਰੂ ਕਰਕੇ ਸ਼ਹਿਰ ਦੇ ਮੁੱਖ-ਮੁੱਖ ਬਾਜ਼ਾਰਾਂ ਅਤੇ ਬਸਤੀਆਂ ਵਿੱਚ ਦੀ ਹੁੰਦਾ ਹੋਇਆ, ਸ਼ਾਮ ਨੂੰ ਛੋਟੀ ਕੁਟੀਆ ਸਮਾਪਤ ਹੋਵੇ, ਫਿਰ ਯਾਰਾਂ ਨਵੰਬਰ ਨੂੰ ਦੋ ਸੌ ਇਕਵੰਜਾ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ ਜਿੰਨ੍ਹਾਂ ਦੇ ਭੋਗ ਤੇਰਾਂ ਨਵੰਬਰ ਦੀਵਾਲੀ ਵਾਲੇ ਦਿਨ ਸਵੇਰੇ ਪਾਏ ਜਾਣਗੇ, ਉਪਰੰਤ ਦੀਵਾਲੀ ਵਾਲਾ ਪੂਰਾ ਦਿਨ ਅਤੇ ਪੂਰੀ ਰਾਤ ਰੈਣ ਸਬਾਈ ਕੀਰਤਨ ਹੋਵੇ, ਸਾਰੇ ਸਮਾਗਮ ਦੀ ਪੂਰੀ ਸਮਾਪਤੀ ਦੀਵਾਲੀ ਤੋਂ ਦੂਜੇ ਦਿਨ ਯਾਨੀ ਚੌਦਾਂ ਨਵੰਬਰ ਵਾਲੇ ਦਿਨ ਸਵੇਰੇ ਕੀਤੀ ਜਾਵੇਗੀ। ਪੂਰਾ ਇੱਕ ਹਫਤਾ ਗੁਰੂ ਨਾਨਕ ਦੀ ਬਾਣੀ, ਕੀਰਤਨ ਸਤਿਸੰਗ, ਸੇਵਾ ਸਿਮਰਨ ਅਤੇ ਗੁਰੂ ਕੇ ਲੰਗਰ ਦੇ ਅਤੁੱਟ ਪ੍ਰਵਾਹ ਚੱਲਦੇ ਰਹਿਣ। ਫਿਰ ਸੰਗਤਾਂ ਪ੍ਰਸ਼ਾਦ ਲੈ ਕੇ ਗੁਰੂ ਨਾਨਕ ਦਾ ਜਸ ਕਰਦੀਆਂ ਆਪਣੇ ਘਰਾਂ ਨੂੰ ਚਾਲੇ ਪਾਉਣ। ਇਸ ਪ੍ਰਕਾਰ ਦਾ ਸਾਰਾ ਨਕਸ਼ਾ ਸਾਹਮਣੇ ਆਉਣ ਤੇ ਸੰਗਤਾਂ ਗਦਗਦ ਹੋ ਗਈਆਂ। ਸ੍ਰ: ਹਰਜੀਤ ਸਿੰਘ ਸੱਚਦੇਵਾ ਨੇ ਅਰਜ਼ ਕੀਤੀ, ਮਹਾਰਾਜ! ਮੇਰੀ ਵਿਚਾਰ ਹੈ ਕਿ ਸਮਾਗਮ ਦੀ ਸੰਪੂਰਨਤਾ ਤੋਂ ਬਾਅਦ ਘਰਾਂ ਨੂੰ ਵਾਪਸੀ ਵੇਲੇ ਸੰਗਤਾਂ ਆਪ ਜੀ ਦੇ ਪਵਿੱਤਰ ਹਸਤ ਕਮਲਾਂ ਦੁਆਰਾ ਪ੍ਰਸ਼ਾਦ ਪ੍ਰਾਪਤ ਕਰਨਗੀਆਂ, ਉਨ੍ਹਾਂ ਹਰ ਇੱਕ ਨੂੰ ਇਸ ਸਮਾਗਮ ਦੀ ਮਿੱਠੀ ਯਾਦ ਵਿੱਚ ਇੱਕ-ਇੱਕ ਸ੍ਰੀ ਸੁਖਮਨੀ ਸਾਹਿਬ ਜੀ ਦਾ ਗੁਟਕਾ ਬਖਸ਼ਿਸ਼ ਕੀਤਾ ਜਾਵੇ, ਉਸ ਤੇ ਖਰਚੇ ਆਦਿਕ ਦੀ ਸਾਰੀ ਸੇਵਾ ਦਾਸ ਦੀ ਝੋਲੀ ਵਿੱਚ ਪਾ ਦਿਉ। ਹਜ਼ੂਰ ਨੇ ਇਸ਼ਾਰਾ ਕਰ ਦਿੱਤਾ, ਜਿਵੇਂ ਤੁਹਾਡੀ ਮਰਜ਼ੀ! ਹਰਜੀਤ ਸਿੰਘ ਨੇ ਪ੍ਰਵਾਨਗੀ ਮਿਲ ਗਈ ਜਾਣਕੇ ਅਰਜ਼ ਕੀਤੀ, ਮਹਾਰਾਜ! ਇਹ ਮੇਰਾ ਖੁਦ ਛਪਵਾਉਣ ਦਾ ਵਿਚਾਰ ਹੈ ਤਾਂ ਕਿ ਇਸ ਦੀਵਾਲੀ ਸਮਾਗਮ ਦੀ ਯਾਦ ਵਿੱਚ ਕੁੱਝ ਵੇਰਵਾ ਟਾਈਟਲ ਤੇ ਆ ਜਾਵੇ! ਹਜ਼ੂਰ ਨੇ ਮੁਸਕਰਾਉਂਦਿਆਂ ਇਸ਼ਾਰਾ ਕਰ ਦਿੱਤਾ, ਜਿਵੇਂ ਤੁਹਾਡੀ ਮਰਜ਼ੀ! ਹਰਜੀਤ ਸਿੰਘ ਨੇ ਅਰਜ਼ ਕੀਤੀ, ਮਹਾਰਾਜ! ਕਿਤਨਾ ਕੁ ਛਪਵਾਇਆ ਜਾਵੇ? ਆਗਿਆ ਹੋਈ ਜਿੰਨਾਂ ਤੇਰਾ ਮਨ ਹੈ। ਹਰਜੀਤ ਸਿੰਘ ਨੇ ਅਰਜ਼ ਕੀਤੀ ਪੰਜ ਹਜ਼ਾਰ ਬਹੁਤ ਹੋਊ! ਸੰਗਤ ਵਿੱਚੋਂ ਆਵਾਜ਼ ਆਈ, ਕੀਰਤਨ ਪੰਡਾਲ ਤਾਂ ਘੱਟ ਤੋਂ ਘੱਟ ਵੀਹ ਹਜ਼ਾਰ ਬੰਦੇ ਦੇ ਬੈਠਣ ਦਾ ਬਣਾ ਰਹੇ ਹਾਂ, ਗੁਟਕਾ ਪੰਜ ਹਜ਼ਾਰ ਨਾਲ ਕਿਵੇਂ ਸਰ ਜਾਊ? ਹਰਜੀਤ ਸਿੰਘ ਨੇ ਅਰਜ਼ ਕੀਤੀ, ਜਿਤਨਾ ਹੁਕਮ ਕਰੋ ਛਪਵਾ ਲੈਂਦੇ ਹਾਂ? ਸੰਗਤ ਨੇ ਆਪਸ ਵਿੱਚ ਵਿਚਾਰ ਕਰਕੇ ਦੱਸਿਆ, ਕਿ ਘੱਟ ਤੋਂ ਘੱਟ ਤੀਹ ਹਜ਼ਾਰ ਛਪਵਾਉ! ਹਰਜੀਤ ਸਿੰਘ ਨੇ ਇਹ ਸੇਵਾ ਆਪਣੀ ਝੋਲੀ ਵਿੱਚ ਪਵਾ ਲਈ। ਹਜ਼ੂਰ ਨੇ ਹੁਕਮ ਕੀਤਾ, ਪਾਠ ਪੰਡਾਲ ਵਿੱਚ ਛੇ ਵੱਡੀਆਂ ਫੋਟੋਆਂ ਬਣਵਾ ਕੇ ਲਾਉ! ਇੱਕ ਸਾਡੇ ਆਦਿ ਗੁਰੂ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੀ, ਦੂਜੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਕਿਉਂਕਿ ਉਹ ਦੀਵਾਲੀ ਵਾਲੇ ਦਿਨ ਗਵਾਲੀਅਰ ਤੋਂ ਸ੍ਰੀ ਅੰਮ੍ਰਿਤਸਰ ਆਏ ਸਨ, ਉਸ ਦਿਨ ਗੁਰੂ ਘਰ ਵਿੱਚ ਦੀਵਾਲੀ ਮਨਾਈ ਗਈ ਸੀ। ਤੀਜੀ ਵਿਰੱਕਤ ਮਹਾਰਾਜ ਜੀਆਂ ਦੀ, ਚੌਥੀ ਸੰਤ ਭਗਤ ਸਿੰਘ ਜੀਆਂ ਦੀ, ਪੰਜਵੀਂ ਭਗਵਾਨ ਰਾਮਚੰਦਰ ਜੀ ਦੀ, ਕਿਉਂਕਿ ਦੀਵਾਲੀ ਉਨ੍ਹਾਂ ਤੋਂ ਹੀ ਸ਼ੁਰੂ ਹੋਈ ਸੀ, ਛੇਵੀਂ ਦੁਆਪੁਰ ਦੇ ਅਵਤਾਰ ਭਗਵਾਨ ਕ੍ਰਿਸ਼ਨ ਜੀ ਦੀ। ਇਹ ਵੱਡੇ ਸਾਈਜ਼ ਵਿੱਚ ਛੇ ਫੁੱਟ ਆਕਾਰ ਤੋਂ ਘੱਟ ਨਾ ਹੋਣ। ਰਣਵੀਰ ਸਿੰਘ ਢਿੱਲੋਂ ਕੁੜਕ ਵਾਲਿਆਂ ਨੇ ਅਰਜ਼ ਕੀਤੀ, ਮਹਾਰਾਜ! ਇਹ ਫੋਟੋਆਂ ਵਾਲੀ ਸੇਵਾ ਸਾਨੂੰ ਬਕਸ਼ ਦਿਉ ਅਤੇ ਦੂਸਰਾ, ਜਿਤਨੇ ਫੁੱਲ ਜਾਂ ਫੁੱਲਾਂ ਦੇ ਹਾਰ ਲੱਗਣਗੇ, ਉਹ ਸਾਰੀ ਸੇਵਾ ਸਾਨੂੰ ਬਖਸ਼ ਦਿਉ! ਦੋਨੋਂ ਸੇਵਾਵਾਂ ਹਜ਼ੂਰ ਨੇ ਝੋਲੀ ਵਿੱਚ ਪਾ ਦਿੱਤੀਆਂ।

ਹੁਣ ਸਾਰੀ ਤਿਆਰੀ ਕਰਨ ਲਈ ਡਿਊਟੀਆਂ ਦੀ ਸੇਵਾ ਕੌਣ ਕਿਹੜੇ ਕੰਮ ਦੀ ਡਿਊਟੀ ਸੰਭਾਲੇਗਾ, ਜਿਵੇਂ ਪੰਡਾਲ ਤੇ ਸ਼ਾਮਿਆਨੇ ਲਵਾਉਣ ਦੀ ਡਿਊਟੀ, ਸ੍ਰੀ ਅਖੰਡ ਪਾਠ ਸਾਹਿਬ ਵਾਲੇ ਪੰਡਾਲ ਵਿੱਚ ਤਿਆਰੀ ਕਰਨੀ, ਪਾਠ ਪੰਡਾਲ ਦੀ ਵਿਛਾਈ ਦੀ ਤਿਆਰੀ, ਪਾਠ ਪੰਡਾਲ ਵਿੱਚ ਸਜਾਵਟ ਦੀ ਤਿਆਰੀ, ਅਖੰਡ ਪਾਠ ਸਾਹਿਬ ਦੀਆਂ ਡਿਊਟੀਆਂ ਲਾਉਣ ਦੀ ਜਿੰਮੇਵਾਰੀ, ਹਰ ਇੱਕ ਪਾਠੀ ਕੋਲ ਬੈਟਰੀਆਂ ਰੱਖਣੀਆਂ, ਕੋਈ ਇੱਕ ਕਿਲੋਮੀਟਰ ਦੇ ਪੂਰੇ ਜੋੜ ਮੇਲੇ ਵਿੱਚ ਬਿਜਲੀ ਅਤੇ ਸਾਊਂਡ ਸਪੀਕਰ ਦੀ ਡਿਊਟੀ, ਬਿਜਲੀ ਚਲੀ ਜਾਣ ਦੀ ਹਾਲਤ ਵਿੱਚ ਜਨਰੇਟਰ ਦੀ ਡਿਊਟੀ, ਪਾਣੀ ਅਤੇ ਸੀਵਰੇਜ ਚਾਲੂ ਕਰਨਾ ਅਤੇ ਚੱਲਦਾ ਰੱਖਣ ਦੀ ਡਿਊਟੀ, ਜੋੜੇ ਘਰ ਬਨਾਉਣੇ ਅਤੇ ਜੋੜੇ ਸੰਭਾਲਣ ਦੀ ਡਿਊਟੀ, ਪਾਰਕਿੰਗ ਦੀ ਡਿਊਟੀ, ਅਕਾਉਂਟ ਯਾਨੀ ਪੈਸਾ ਸੰਭਾਲਣ ਦੀ ਡਿਊਟੀ, ਰਿਸ਼ੈਪਸ਼ਨ ਯਾਨੀ ਗਾਈਡ ਪੁੱਛ-ਗਿੱਛ ਦੀ ਡਿਊਟੀ, ਸਾਰੇ ਜੋੜ ਮੇਲੇ ਦੌਰਾਨ ਫਰੀ (ਮੁਫ਼ਤ) ਡਾਕਟਰੀ ਅਤੇ ਡਿਸਪੈਂਸਰੀ ਚੌਵੀ ਘੰਟੇ ਚਾਲੂ ਰੱਖਣ ਦੀ ਡਿਊਟੀ,

ਲੰਗਰ ਦਾ ਸੁੱਕਾ ਰਾਸ਼ਣ ਲਿਆਉਣਾ ਅਤੇ ਸੰਭਾਲਣਾ ਆਦਿਕ ਡਿਊਟੀ, ਲੰਗਰ ਪਕਾਉਣ ਦੀ ਡਿਊਟੀ, ਦੁੱਧ ਚਾਹ ਦੀ ਡਿਊਟੀ, ਦੋਨਾਂ ਕੁਟੀਆਂ ਦੇ ਦਰਮਿਆਨ, ਕੋਈ ਇੱਕ ਕਿਲੋਮੀਟਰ ਲੰਮੇ ਗਰਾਊਂਡ ਨੂੰ ਵਾਹ ਸਵਾਰ ਕੇ ਸਾਫ ਕਰਨ ਦੀ ਡਿਊਟੀ, ਜੋੜ ਮੇਲੇ ਦੌਰਾਨ ਸਕਿਉਰਟੀ ਨਿਗਰਾਨੀ ਦੀ ਡਿਊਟੀ, ਲੰਗਰ ਵਰਤਾਉਣ ਦੀ ਡਿਊਟੀ, ਮਠਿਆਈ ਬਨਾਉਣ ਵਾਲੇ ਹਲਵਾਈਆਂ ਦਾ ਇੰਤਜਾਮ ਕਰਕੇ ਉਨ੍ਹਾਂ ਤੋਂ ਕੰਮ ਕਰਾਉਣ ਦੀ ਡਿਊਟੀ, ਇੱਟਾਂ ਲਿਆ ਕੇ ਪਾਣੀ ਵਾਲੇ ਚੁਬੱਚੇ ਅਤੇ ਲੱਕੜ ਵਾਲੇ ਚੁੱਲ੍ਹੇ ਬਨਾਉਣ ਦੀ ਡਿਊਟੀ, ਨਗਰ ਕੀਰਤਨ ਦੀ ਸਾਰੀ ਤਿਆਰੀ ਅਤੇ ਇੰਤਜਾਮ ਦੀ ਡਿਊਟੀ, ਬਾਹਰੋਂ ਆਈ ਸੰਗਤ ਦੀ ਸੰਭਾਲ ਅਤੇ ਰਿਹਾਇਸ਼ ਆਦਿ ਦੀ ਡਿਊਟੀ, ਬਾਹਰੋਂ ਆਏ ਸੰਤ ਮਹਾਂਪੁਰਖਾਂ ਦੀ ਰਿਹਾਇਸ਼ ਅਤੇ ਸੇਵਾ ਸੰਭਾਲ ਆਦਿ ਦੀ ਡਿਊਟੀ, ਪਾਠੀ ਸਿੰਘਾਂ ਦੀ ਰਿਹਾਇਸ਼ ਅਤੇ ਪਾਠ ਪੰਡਾਲ ਤੱਕ ਲਿਆਉਣ ਪਹੁੰਚਾਉਣ ਦੀ ਡਿਊਟੀ, ਕੀਰਤਨ ਪੰਡਾਲ ਤਿਆਰ ਕਰਵਾਉਣ ਅਤੇ ਡੈਕੋਰੇਟ ਕਰਵਾਉਣ ਦੀ ਡਿਊਟੀ, ਪਰਮ ਪੂਜਨੀਕ ੧੦੮ ਮਹੰਤ ਬਾਬਾ ਰਾਮ ਸਿੰਘ ਜੀ ਅਤੇ ਉਨ੍ਹਾਂ ਦੀ ਸੰਤ ਮੰਡਲੀ ਵਾਸਤੇ ਬਨਾਏ ਜਾਣ ਵਾਲੇ ਸੰਤ ਨਿਵਾਸ ਵਿੱਚ ਹਰ ਪ੍ਰਕਾਰ ਦੀ ਸੇਵਾ ਸੰਭਾਲ ਆਦਿ ਇੰਤਜ਼ਾਮ ਦੀ ਡਿਊਟੀ, ਸਾਰੇ ਜੋੜਮੇਲੇ ਦੀ ਵੀਡੀਉ ਫਿਲਮ ਤਿਆਰ ਕਰਵਾਉਣ ਦੀ ਡਿਊਟੀ, ਸਰਕਾਰੀ ਦਫਤਰਾਂ ਵਿੱਚੋਂ ਹਰ ਪ੍ਰਕਾਰ ਦੀ ਮਨਜ਼ੂਰੀ ਲੈਣ ਦੀ ਡਿਊਟੀ, ਸਾਰੇ ਜੋੜ ਮੇਲੇ ਵਿੱਚ ਸਜਾਵਟ ਲਈ ਫੁੱਲ ਅਤੇ ਹਾਰ ਲਿਆਉਣ ਦੀ ਡਿਊਟੀ, ਜੋੜ ਮੇਲੇ ਵਾਲੀ ਸਾਰੀ ਜਗ੍ਹਾ ਜੋ ਕਿ ਇੱਕ ਕਿਲੋਮੀਟਰ ਦੇ ਕਰੀਬ ਹੈ ਵਿੱਚ ਸਜਾਵਟ ਇਤਿਆਦਿਕ ਦੀ ਡਿਊਟੀ, ਲੰਗਰ ਵਿੱਚ ਆਟਾ ਗੁੰਨਣ ਦੀ ਡਿਊਟੀ, ਬਰਤਨ ਸਾਫ ਕਰਨ ਦੀ ਡਿਊਟੀ, ਟੈਂਕਰਾਂ ਰਾਹੀਂ ਜਗ੍ਹਾ-ਜਗ੍ਹਾ ਜਲ ਦਾ ਇੰਤਜ਼ਾਮ ਕਰਨਾ ਅਤੇ ਹਰ ਸਮੇਂ ਚਾਲੂ ਰੱਖਣਾ ਇਤਿਆਦਿਕ ਡਿਊਟੀ, ਗੈਸ ਸਿਲੰਡਰਾਂ ਦਾ ਇੰਤਜ਼ਾਮ ਅਤੇ ਹਰ ਸਮੇਂ ਚਾਲੂ ਸਪਲਾਈ ਰੱਖਣ ਦੀ ਡਿਊਟੀ, ਲੰਗਰ ਵਿੱਚ ਆਟਾ ਛਾਨਣ ਦੀ ਡਿਊਟੀ, ਮੰਡੀ ਵਿੱਚੋਂ ਸਬਜੀ ਲਿਆਉਣ ਦੀ ਡਿਊਟੀ, ਸਬਜੀ ਕੱਟਣ ਦੀ ਡਿਊਟੀ, ਪੱਕ ਕੇ ਤਿਆਰ ਹੋਏ ਲੰਗਰ ਨੂੰ ਸੰਭਾਲ ਕੇ ਅੱਗੇ ਸਪਲਾਈ ਕਰਨ ਦੀ ਡਿਊਟੀ, ਹੁਣ ਤੋਂ ਸ਼ੁਰੂ ਕਰਕੇ ਜੋੜ ਮੇਲੇ ਲਈ ਜਿਤਨੇ ਇਸ਼ਤਿਹਾਰ, ਕੱਪੜੇ ਦੇ ਬੈਨਰਜ਼ ਅਤੇ ਬੈਜ, ਅਤੇ ਹੋਰ ਵੀ ਜਿਤਨੀ ਸਟੇਸ਼ਨਰੀ ਦਾ ਕੰਮ ਹੈ ਉਹ ਸਭ ਕਰਵਾਉਣ ਦੀ ਡਿਊਟੀ, ਆਰਜ਼ੀ ਤੌਰ ਤੇ ਲੈਟਰਿਨ, ਬਾਥਰੂਮ ਬਣਾਉਣੇ ਅਤੇ ਧਰਤੀ ਵਿੱਚ ਬੋਰ ਕਰਕੇ ਸਭ ਵਿੱਚ ਪਾਣੀ ਸਪਲਾਈ ਕਰਨੀ, ਜਗ੍ਹਾ-ਜਗ੍ਹਾ ਪਾਣੀ ਦੇ ਟੈਂਕ ਟੂਟੀਆਂ ਆਦਿਕ ਫਿੱਟ ਕਰਕੇ ਇਹ ਸਾਰਾ ਸਿਸਟਮ ਬਣਾ ਕੇ ਚੌਵੀ ਘੰਟੇ ਚਾਲੂ ਰੱਖਣਾ ਇਤਿਆਦਿਕ ਸਾਰੀ ਡਿਊਟੀ, ਦੇਸ਼ ਭਰ ਦੇ ਵੱਡੇ-ਵੱਡੇ ਰਾਗੀਆਂ ਨਾਲ ਸੰਪਰਕ ਕਰਕੇ ਉਨ੍ਹਾਂ ਨਾਲ ਸਮਾਂ ਸੈਟ ਕਰਨਾ ਇਤਿਆਦਿਕ, ਉਪਰੋਕਤ ਸਭ ਸੇਵਾਵਾਂ ਪ੍ਰਾਪਤ ਕਰਨ ਲਈ ਸੰਗਤਾਂ ਨੇ ਆਪੋ ਆਪਣੀਆਂ ਝੋਲੀਆਂ ਅੱਡੀਆਂ, ਜੋ ਮਹਾਂਪੁਰਖਾਂ ਨੇ ਆਪਣੇ ਪਵਿੱਤਰ ਬੁੱਲਾਂ ਦੀ ਮਿਠਾਸ ਭਰੀ ਇੱਕ ਮੁਸਕਾਨ ਨਾਲ ਹੀ ਲਬਾਲਬ ਭਰ ਦਿੱਤੀਆਂ। ਹੁਣ ਸਭ ਸੰਗਤਾਂ, ਸੇਵਾ ਰੂਪੀ ਧਨ ਮਾਲ ਨਾਲ ਆਪਣੀਆਂ ਝੋਲੀਆਂ ਲਬਾਲਬ ਭਰਾ ਕੇ ਚਾਂਈਂ-ਚਾਂਈਂ ਆਪਣੇ ਘਰਾਂ ਨੂੰ ਵਾਪਸ ਮੁੜ ਗਈਆਂ।

## ਹਸਪਤਾਲ ਦੇ ਨਵੇਂ ਵਿੰਗ ਦੀ ਨੀਂਹ

ਨਿਰਮਲ ਆਸ਼ਰਮ ਹਸਪਤਾਲ ਜੋ ਅੱਜ ਤੋਂ ਤਿੰਨ ਸਾਲ ਪਹਿਲਾਂ ਸ਼ੁਰੂ ਹੋਇਆ ਸੀ, ਗੁਰੂ ਨਾਨਕ ਦੀ ਮਿਹਰ ਅਤੇ ਯੋਗ ਡਾਕਟਰਾਂ ਦੀ ਮਿਹਨਤ ਦਾ ਸਦਕਾ ਬਹੁਤ ਕਾਮਯਾਬ ਹੋ ਕੇ ਚੱਲਿਆ। ਸੈਂਕੜੇ ਸਾਧੂ ਮਹਾਤਮਾ ਅਤੇ ਗਰੀਬ ਲੋਕ ਰੋਜ਼ ਫਰੀ ਲਾਭ ਉਠਾਉਂਦੇ ਹਨ। ਕੋਈ ਤਿੰਨ ਸੌ ਦੇ ਕਰੀਬ ਹਰ ਰੋਜ਼ ਓ.ਪੀ.ਡੀ. ਵਿੱਚ ਮਰੀਜ਼ ਦੇਖੇ ਜਾਂਦੇ ਹਨ ਅਤੇ ਦਾਖਲ ਕਰਨ ਲਈ ਜਗ੍ਹਾ ਪੰਜਾਹ ਮਰੀਜ਼ਾਂ ਦੀ ਹੈ, ਲੇਕਿਨ ਸੌ-ਸੌ ਮਰੀਜ਼ ਦਾਖਲ ਹੋ ਜਾਂਦਾ ਹੈ, ਜਿਨ੍ਹਾਂ ਨੂੰ ਬਰਾਂਡਿਆਂ ਜਾਂ ਇੱਧਰ-ਉੱਧਰ ਰੱਖਕੇ ਡੰਗ ਟਪਾਉਣਾ ਪੈਂਦਾ ਹੈ। ਮਹਾਂਪੁਰਸ਼ਾਂ ਨੇ ਜਗ੍ਹਾ ਦੀ ਤੰਗੀ ਮਹਿਸੂਸ ਕਰਕੇ ਸੇਵਾ ਦੇ ਇਸ ਪਰਉਪਕਾਰ ਦੇ ਮਹਾਨ ਅਦਾਰੇ ਦਾ ਹੋਰ ਵਿਸਥਾਰ ਕਰਨ ਲਈ, ਪਹਿਲੀ ਬਿਲਡਿੰਗ ਦੇ ਬਿਲਕੁੱਲ ਨਾਲ ਹੀ ਇੱਕ ਪੰਜ ਮੰਜਲੀ ਆਲੀਸ਼ਾਨ ਬਿਲਡਿੰਗ ਬਨਾਉਣ ਵਾਸਤੇ, ਜਿਸ ਦੇ ਤਿਆਰ ਹੋਣ ਤੇ ਇੱਕ ਸੌ ਪੰਜਾਹ ਮਰੀਜ਼ ਦਾਖਲ ਕਰਨ ਦੀ ਸਮਰਥਾ ਹੋ ਜਾਵੇਗੀ, 1993 ਈ: ਦੀ ਵੈਸਾਖੀ ਵਾਲੇ ਦਿਨ ਭਰੇ ਦੀਵਾਨ ਵਿੱਚ ਅਰਦਾਸ ਕਰਕੇ ਆਪਣੇ ਪਵਿੱਤਰ ਕਰ ਕਮਲਾਂ ਦੁਆਰਾ ਨੀਂਹ ਰੱਖੀ। ਇਸ ਬਿਲਡਿੰਗ ਦੇ ਨਕਸ਼ੇ ਮੁਤਾਬਿਕ ਇੱਕ ਮੰਜ਼ਿਲ ਅੰਡਰਗਰਾਊਂਡ ਯਾਨੀ ਧਰਤੀ ਵਿੱਚ ਬਨਾਉਣ ਵਾਸਤੇ ਪੁਟਾਈ ਸ਼ੁਰੂ ਕੀਤੀ। ਇਸ ਨੀਂਹ ਖੋਦਣ ਦੇ ਕਾਰਜ ਦੀ ਸੰਗਤਾਂ ਨੇ ਬੜੇ ਚਾਅ-ਉਤਸ਼ਾਹ ਨਾਲ

ਸੇਵਾ ਸ਼ੁਰੂ ਕੀਤੀ, ਲੇਕਿਨ ਜ਼ੋਰਦਾਰ ਗਰਮੀ ਅਤੇ ਧਰਤੀ ਪਥਰੀਲੀ ਹੋਣ ਕਰਕੇ ਸੰਗਤਾਂ ਦੀ ਪੇਸ਼ ਨਹੀਂ ਜਾ ਰਹੀ। ਇਲਾਕੇ ਵਾਈਜ਼ ਸੰਗਤਾਂ ਟਰਾਲੀਆਂ ਟਰੱਕਾਂ ਵਿੱਚ ਆ ਕੇ ਹਫਤਾ-ਹਫਤਾ, ਦਸ-ਦਸ ਦਿਨ ਸੇਵਾ ਕਰਕੇ ਵਾਪਸ ਮੁੜਦੀਆਂ ਰਹੀਆਂ। ਇਸ ਪ੍ਰਕਾਰ ਮਹਾਂਪੁਰਸ਼ਾਂ ਦੇ ਅਸ਼ੀਰਵਾਦ ਨਾਲ ਸੰਗਤਾਂ ਨੇ ਸਖ਼ਤ ਘਾਲਣਾ ਘਾਲ ਕੇ ਆਖਰ ਡੇਢ ਕੁ ਮਹੀਨੇ ਦੇ ਸਮੇਂ ਵਿੱਚ ਮੌਜੂਦਾ ਬਣੀ ਬਿਲਡਿੰਗ ਦਾ ਖੱਡਾ ਖੋਦ ਲਿਆ। ਹੁਣ ਖੋਦੇ ਹੋਏ ਖੱਡੇ ਤੇ ਨੀਂਹ ਦਾ ਲੈਂਟਰ ਪਾਇਆ ਜਿਸ ਵਿੱਚ ਬਵੰਜਾ ਟਨ ਸਰੀਆ ਤੇ ਇੱਕ ਹਜ਼ਾਰ ਬੋਰੀ ਸੀਮਿੰਟ ਦੀ ਖ਼ਰਚ ਹੋਈ। ਇਸ ਸਰੀਏ ਸੀਮਿੰਟ ਦੀ ਇੱਕ ਫੁੱਟ ਮੋਟੀ ਤਹਿ ਉੱਪਰ ਦੀਵਾਰ ਵਾਲੇ ਥਾਂ ਸਾਢੇ ਤਿੰਨ ਫੁੱਟ ਉੱਚੇ ਅਤੇ ਦੋ ਫੁੱਟ ਚੌੜੇ ਬੀਮ ਭਰੇ ਗਏ, ਜਿਨ੍ਹਾਂ ਉੱਪਰ ਮੌਜੂਦਾ ਦੀਵਾਰਾਂ ਬਣੀਆਂ ਹਨ। ਜਿਤਨੀ ਮਿੱਟੀ ਖੱਡਾ ਖੋਦਣ ਵੇਲੇ ਬਾਹਰ ਸੁੱਟੀ ਗਈ ਸੀ, ਹੁਣ ਫਿਰ ਦੀਵਾਰਾਂ ਵਾਲੇ ਬੀਮਾਂ ਤੱਕ ਵਿੱਚ ਸੁੱਟੀ। ਇਸ ਪ੍ਰਕਾਰ ਢਾਈ ਤਿੰਨ ਮਹੀਨੇ ਸੰਗਤਾਂ ਨੇ ਇਹ ਸੇਵਾ ਦੇ ਕਾਰਜ ਦਾ ਚੰਗਾ ਲਾਭ ਉਠਾਇਆ।

## ਵਿਦੇਸ਼ ਯਾਤਰਾ

ਸ੍ਰ: ਰਾਜਪਾਲ ਸਿੰਘ ਦੀ ਨਰੂਲਾ ਮੁਹਾਲੀ ਵਾਲੇ ਜੋ ਕਿ ਹਜ਼ੂਰ ਦੇ ਚਰਨਾਂ ਦੇ ਅਨਿਨ ਸੇਵਕ ਹਨ, ਉਸ ਦੀ ਭੈਣ ਡੰਪੀ, ਸ੍ਰੀ ਪ੍ਰਿਥੀਪਾਲ ਸਿੰਘ ਗੁਲਾਟੀ ਦਿੱਲੀ ਨਿਵਾਸੀ ਦੇ ਸਪੁੱਤਰ ਸ੍ਰੀ ਸਤਿੰਦਰ ਸਿੰਘ ਗੁਲਾਟੀ ਨਾਲ ਵਿਆਹੀ ਹੋਈ ਹੈ, ਇਸ ਲਈ ਇਹ ਪਰਿਵਾਰ ਵੀ ਸ੍ਰੀ ਨਰੂਲਾ ਦੀ ਪ੍ਰੇਰਨਾ ਤੇ ਰਿਸ਼ੀਕੇਸ਼ ਆਉਣ ਲੱਗ ਗਿਆ। ਆਉਣ ਹੀ ਨਹੀਂ ਲੱਗਿਆ, ਬਲਕਿ ਇੱਥੋਂ ਦੀ ਮਰਿਆਦਾ ਅਤੇ ਚੱਲ ਰਹੇ ਸੇਵਾ ਕਾਰਜਾਂ ਨੂੰ ਦੇਖ ਕੇ ਅਤੇ ਮਹਾਂਪੁਰਖਾਂ ਦੇ ਅਲੌਕਿਕ ਜੀਵਨ ਤੋਂ ਪ੍ਰਭਾਵਿਤ ਹੋ ਕੇ ਚਰਨ ਸੇਵਕ ਬਣ ਗਿਆ। ਇਸ ਪਰਿਵਾਰ ਦਾ ਵਿਦੇਸ਼ਾਂ ਵਿੱਚ ਕਾਰੋਬਾਰ ਹੋਣ ਕਰਕੇ ਸ੍ਰੀ ਸਤਿੰਦਰ ਸਿੰਘ ਗੁਲਾਟੀ ਅਮਰੀਕਾ ਰਹਿੰਦਾ ਹੈ। ਇਹ ਪ੍ਰੇਮੀ ਹਜ਼ੂਰ ਦੇ ਅਮਰੀਕਾ ਚਰਨ ਪਵਾਉਣ ਲਈ ਕਾਫੀ ਸਮੇਂ ਤੋਂ ਬੇਨਤੀਆਂ ਕਰ ਰਹੇ ਸੀ, ਲੇਕਿਨ ਅੱਜ ਅੰਨਜਲ ਦੇ ਵਸ ਜਾਂ ਇਸ ਪਰਿਵਾਰ ਦੀ ਪ੍ਰੇਮ ਖਿੱਚ ਨੇ ਦਾਤੇ ਤੋਂ ਪ੍ਰਵਾਨਗੀ ਲੈ ਲਈ। ਉੱਧਰ ਸ੍ਰੀ ਲਛਮਣ ਦਾਸ ਪਗਰਾਨੀ ਡੁਬੱਈ ਵਾਲੇ ਇੰਗਲੈਂਡ ਲਈ ਬੇਨਤੀਆਂ ਕਰਦੇ ਰਹਿੰਦੇ ਸਨ ਅਤੇ ਮਹੰਤ ਬਾਬਾ ਬੁੱਢਾ ਸਿੰਘ ਮਹਾਰਾਜ ਦੀ ਸ਼ਿਸ਼ ਮਾਤਾ ਯਮੁਨਾ ਟੀ ਮਨਸੁਖਾਨੀ ਅਤੇ ਇਸ ਦਾ ਪਰਿਵਾਰ ਜੋ ਸਪੇਨ ਰਹਿੰਦਾ ਹੈ, ਕਾਫੀ ਸਮੇਂ ਤੋਂ ਸਪੇਨ ਲੈ ਕੇ ਜਾਣ ਲਈ ਅਰਜ਼ਾਂ ਕਰ ਰਿਹਾ ਸੀ, ਅੱਜ ਸਭ ਨੂੰ ਪ੍ਰਵਾਨਗੀ ਦੇ ਦਿੱਤੀ ਕਿ ਇੱਕ ਚੱਕਰ ਵਿੱਚ ਹੀ ਸਭ ਨੂੰ ਮਿਲ ਲਵਾਂਗੇ। 1993 ਦੇ ਜੂਨ ਮਹੀਨੇ ਆਪ ਨੇ ਜਾਣ ਦਾ ਪ੍ਰੋਗਰਾਮ ਬਣਾ ਲਿਆ। ਨੀਯਤ ਕੀਤੀ ਤਾਰੀਖ ਅਨੁਸਾਰ ਮਨਮੋਹਨ ਸਿੰਘ ਗੁਲਾਟੀ ਆਪ ਜੀ ਨੂੰ ਲੈਣ ਵਾਸਤੇ ਆ ਗਿਆ। ਹਜ਼ੂਰ ਆਪ ਅਤੇ ਸੰਤ ਗੁਰਿੰਦਰ ਸਿੰਘ (ਛੋਟੂ ਬਾਬਾ) ਜੀ ਨੂੰ ਨਾਲ ਲੈ ਕੇ ਦਿੱਲੀ ਪਹੁੰਚ ਗਏ। ਉਧਰੋਂ ਬੰਬਈ ਤੋਂ ਸ੍ਰੀ ਗੁਰਬਖਸ਼ ਬੇਲਾਨੀ ਜੀ ਆ ਗਏ, ਜੋ ਸੇਵਾਦਾਰ ਵਜੋਂ ਨਾਲ ਜਾਣੇ ਸਨ। ਸ੍ਰੀ ਪ੍ਰਿਥੀਪਾਲ ਸਿੰਘ ਗੁਲਾਟੀ ਅਤੇ ਮਨਮੋਹਨ ਸਿੰਘ ਗੁਲਾਟੀ ਨੇ ਤਿੰਨ-ਚਾਰ ਦਿਨ ਮਹਾਂਪੁਰਸ਼ਾਂ ਨੂੰ ਆਪਣੇ ਘਰ ਠਹਿਰਾ ਕੇ ਸੇਵਾ ਕੀਤੀ, ਅਤੇ ਨਾਲ-ਨਾਲ ਸਾਰੇ ਕਾਗਜ਼ ਪੱਤਰ ਦੀ ਤਿਆਰੀ ਕਰ ਲਈ। ਵੀਹ ਜੂਨ ਦੇ ਕਰੀਬ ਦਿੱਲੀ ਤੋਂ ਚੱਲ ਕੇ ਸਪੇਨ ਪਹੁੰਚੇ। ਸਪੇਨ ਹਵਾਈ ਅੱਡੇ ਤੇ ਮਾਤਾ ਯਮੁਨਾ ਟੀ ਮਨਸੁਖਾਨੀ ਅਤੇ ਉਸ ਦੇ ਦੋਨੋਂ ਬੇਟੇ ਮਧੂ ਕ੍ਰਿਸ਼ਨ ਟੀ ਮਨਸੁਖਾਨੀ ਅਤੇ ਮੀਰਾਂ ਆਰ ਮਨਸੁਖਾਨੀ ਪਹੁੰਚੇ ਹੋਏ ਸਨ। ਮਾਤਾ, ਦੋਨੋਂ ਭਰਾ ਅਤੇ ਉਨ੍ਹਾਂ ਦੇ ਹੋਰ ਸੰਬੰਧੀ ਹਵਾਈ ਅੱਡੇ ਤੋਂ ਹਜ਼ੂਰ ਨੂੰ ਬੜੇ ਪ੍ਰੇਮ ਅਤੇ ਸਤਿਕਾਰ ਸਨਮਾਨ ਨਾਲ ਘਰ ਲੈ ਕੇ ਗਏ। ਇਨ੍ਹਾਂ ਦੇ ਪ੍ਰੇਮ ਵਸ ਕਈ ਦਿਨ ਇਨ੍ਹਾਂ ਕੋਲ ਰਹੇ ਅਤੇ ਇੱਥੇ ਹੀ ਹੋਰ ਕਈ ਪ੍ਰੇਮੀਆਂ ਨੇ ਆਪਣੇ-ਆਪਣੇ ਘਰਾਂ ਵਿੱਚ ਚਰਨ ਪਵਾਏ, ਜਿਵੇਂ ਮਮਤਾ ਅਤੇ ਅਸ਼ੋਕ ਸਮਤਾਨੀ, ਪਦਮਾ ਨਰਾਇਣ ਦਾਸ ਮਲਕਾਨੀ ਅਤੇ ਰਾਮ ਏ ਉਦਵਾਨੀ ਆਦਿਕ ਸਿੰਧੀ ਪ੍ਰੇਮੀ ਬੜੇ ਚਾਅ ਨਾਲ ਆਪੋਂ ਆਪਣੇ ਘਰੀਂ ਲੈ ਕੇ ਗਏ। ਇਨ੍ਹਾਂ ਪ੍ਰੇਮੀਆਂ ਨੇ, ਬੀ ਚੈਂਤਰਾਮ ਦੇ ਨਾਮ ਤੇ ਇੱਕ ਗੁਰਦੁਆਰਾ ਸਾਹਿਬ ਬਣਾਇਆ ਹੋਇਆ ਹੈ, ਉਸ ਵਿੱਚ ਸੰਗਤ ਦੀ ਬੇਨਤੀ ਪ੍ਰਵਾਨ ਕਰਕੇ ਹਜ਼ੂਰ ਨੇ ਇੱਕ ਦਿਨ ਕੁਝ ਪ੍ਰਵਚਨ ਵੀ ਕੀਤੇ। ਇਉਂ ਕੁਝ ਦਿਨ ਇਨ੍ਹਾਂ ਨੂੰ ਪ੍ਰੇਮ ਦਾ ਪ੍ਰਸ਼ਾਦ ਵਰਤਾ ਕੇ ਲੰਡਨ ਪਹੁੰਚੇ। ਇੱਥੇ ਸ੍ਰੀ ਲਛਮਣ ਦਾਸ ਪਗਰਾਨੀ ਸਿੰਧੀ ਸੇਵਕ ਬੜੇ ਪ੍ਰੇਮ ਨਾਲ ਆਪਣੇ ਬੰਗਲੇ ਲੈ ਕੇ ਗਿਆ। ਇੱਥੇ ਹੀ ਕੇ. ਐਸ. ਗਰੇਵਾਲ *ਬੀਟਲੇ* ਬਲਜੀਤ ਸਿੰਘ ਬਿਲਿੰਗ *ਬੁਲਵਰ ਹੈਮਟਿਨ* ਸ੍ਰ: ਸਤਨਾਮ ਸਿੰਘ *ਸਾਊਥ ਮਟਨ* ਅਤੇ ਮਾਈ ਨਸੀਬ ਕੌਰ ਡਲੇਵਾਲ ਵਾਲੇ ਦਰਸ਼ਨਾਂ ਨੂੰ ਆਉਂਦੇ ਰਹੇ। ਗੁਰਨਾਮ ਸਿੰਘ ਜੀ ਵਿਰਕ ਕਰਨਾਲ ਵਾਲਿਆਂ ਦੇ ਬੇਟੇ ਚਰਨਜੀਤ ਸਿੰਘ ਆਦਿਕ ਦੋਨੋਂ ਭਰਾ *ਲਸ਼ਟਰ* ਰਹਿੰਦੇ ਹਨ, ਇਹ ਬੜੇ ਪ੍ਰੇਮ ਨਾਲ ਆਪਣੇ ਘਰ ਲੈ ਕੇ ਗਏ, ਅਤੇ ਇਹ ਲੜਕਾ ਚਰਨਜੀਤ ਸਿੰਘ ਵਿਰਕ ਹਜ਼ੂਰ ਦੇ ਇੰਗਲੈਂਡ ਤੋਂ ਜਾਣ ਸਮੇਂ ਤੱਕ ਨਾਲ ਰਿਹਾ ਯਾਨੀ ਏਅਰਪੋਰਟ ਤੋਂ ਵਾਪਸ ਹੋਇਆ। ਇਸੇ ਤਰ੍ਹਾਂ ਇੱਕ ਹੋਰ

ਪ੍ਰੇਮੀ ਸ੍ਰੀ ਗੁਰਿੰਦਰ ਸਿੰਘ ਅਤੇ ਬੀਬੀ ਰਣਧੀਰ ਕੌਰ ਦੀ ਬੇਨਤੀ ਪ੍ਰਵਾਨ ਕਰਕੇ ਇਨ੍ਹਾਂ ਦੇ ਪ੍ਰੇਮ ਵਸ *ਹੰਸਲੋ* ਪਹੁੰਚੇ। ਇਨ੍ਹਾਂ ਪ੍ਰੇਮੀਆਂ ਨੇ ਬੜੇ ਪ੍ਰੇਮ ਨਾਲ ਸੇਵਾ ਭਗਤ ਕੀਤੀ। ਸ਼ਾਮ ਨੂੰ ਫਿਰ ਵਾਪਸ ਲੰਡਨ ਆ ਗਏ। ਇੱਕ ਦਿਨ ਪ੍ਰੇਮੀ ਸੰਗਤ ਦੀ ਬੇਨਤੀ ਪ੍ਰਵਾਨ ਕਰਕੇ *ਸਾਊਥਾਲ* ਵੀ ਪਧਾਰੇ, ਪ੍ਰੇਮੀ ਦੇ ਘਰ ਲੰਗਰ ਪਾਣੀ ਛਕਿਆ, ਫਿਰ ਇਨ੍ਹਾਂ ਦੀ ਬੇਨਤੀ ਤੇ *ਸਾਊਥਾਲ* ਦੇ ਪ੍ਰਸਿੱਧ ਗੁਰਦੁਵਾਰਾ ਸਾਹਿਬ ਦੇ ਦਰਸ਼ਨ ਕੀਤੇ। ਗੁਰਦੁਵਾਰੇ ਦੀ ਪ੍ਰਬੰਧਕ ਕਮੇਟੀ ਨੇ ਅਰਜ਼ ਕੀਤੀ, ਮਹਾਰਾਜ! ਐਤਵਾਰ ਵਾਲੇ ਦਿਨ ਕ੍ਰਿਪਾ ਕਰੋ ਸੰਗਤਾਂ ਨੂੰ ਕੁੱਝ ਕਥਾ ਪ੍ਰਵਚਨਾਂ ਰਾਹੀਂ ਉਪਦੇਸ਼ ਬਖਸ਼ੋ! ਆਪ ਨੇ ਕਿਹਾ ਭਾਈ! ਗੁਰਬਾਣੀ ਤੁਸੀਂ ਪੜ੍ਹਦੇ ਹੀ ਹੋ, ਉਸ ਤੋਂ ਉੱਪਰ ਹੋਰ ਕਿਹੜਾ ਉਪਦੇਸ਼ ਹੈ? ਸੰਗਤ ਨੇ ਭਾਵੁਕ ਹੋ ਅਰਜ਼ ਕੀਤੀ, ਮਹਾਰਾਜ! ਗੁਰਬਾਣੀ ਦੀ ਸੋਝੀ ਵੀ ਗੁਰਮੁਖ ਮਹਾਂਪੁਰਸ਼ਾਂ ਬਿਨ੍ਹਾਂ ਨਹੀਂ ਪੈਂਦੀ, ਆਪ ਦੇ ਮੁਬਾਰਕ ਚਰਨ ਇੱਥੇ ਪੈਣੇ ਸੰਗਤਾਂ ਲਈ ਵੀ ਮੁਬਾਰਕ ਹਨ ਇਸ ਲਈ ਆਪ ਕ੍ਰਿਪਾ ਕਰੋ, ਇਲਾਹੀ ਪ੍ਰਸ਼ਾਦ ਜੋ ਦਰਗਾਹੋਂ ਨਾਲ ਲੈ ਕੇ ਆਏ ਹੋ ਇੱਥੋਂ ਦੀਆਂ ਸੰਗਤਾਂ ਨੂੰ ਵੀ ਥੋੜ੍ਹਾ-ਬਹੁਤ ਜ਼ਰੂਰ ਛਕਾਉ। ਜਰਾ ਧਿਆਨ ਨਾਲ ਤੱਕੋ, ਡੂੰਘੇ ਹਿਰਦਿਆਂ ਵਿੱਚੋਂ ਉਪਜਿਆ ਪ੍ਰੇਮ ਇਲਾਹੀ ਨੂਰ ਨੂੰ ਵੀ ਕਿਵੇਂ ਬੰਨ੍ਹ ਲੈਂਦਾ ਹੈ, ਹੁਕਮ ਕਰ ਦਿੱਤਾ ਭਾਈ ਆ ਜਾਵਾਂਗੇ। ਸਾਊਥਾਲ ਦੇ ਪ੍ਰੇਮੀਆਂ ਨੂੰ ਦੁਬਾਰਾ ਫਿਰ ਪਹੁੰਚਣ ਦਾ ਅਤੇ ਕਥਾ ਪ੍ਰਵਚਨ ਕਰਨ ਦਾ ਬਚਨ ਦੇ ਕੇ ਫਿਰ ਵਾਪਸ ਲੰਡਨ ਆ ਗਏ। ਨੀਯਤ ਦਿਨ ਤੇ ਦੁਬਾਰਾ ਫਿਰ ਸਾਊਥਾਲ ਪਧਾਰੇ, ਅੱਗੇ ਆਪ ਜੀ ਦੀ ਉਡੀਕ ਵਿੱਚ ਸੰਗਤਾਂ ਵੱਲੋਂ ਵੀ ਦਰਬਾਰ ਸਾਹਿਬ ਖਚਾਖਚ ਭਰਿਆ ਹੋਇਆ ਸੀ। ਆਪ ਨੇ ਗੁਰਬਾਣੀ ਦੁਆਰਾ ਰੱਬੀ ਉਪਦੇਸ਼ ਦਾ ਤਕਰੀਬਨ ਪੌਣਾ ਘੰਟਾ ਮੀਂਹ ਵਰਸਾਇਆ, ਜਿਸ ਨੂੰ ਸ੍ਰਵਣ ਕਰਕੇ ਸੰਗਤਾਂ ਭਾਵੁਕ ਹੋ ਆਈਆਂ। ਸਭ ਸੰਗਤ ਨੇ ਇਕੱਠੇ ਹੋ ਕੇ ਦੁਬਾਰਾ ਫਿਰ ਆਉਣ ਲਈ ਅਰਜ਼ ਕੀਤੀ, ਆਪ ਜੀ ਨੇ ਕਿਹਾ, ਜਿਵੇਂ ਗੁਰੂ ਨਾਨਕ ਕਰਵਾਉਣਗੇ! ਇਉਂ ਸੰਗਤਾਂ ਵਿੱਚ ਪ੍ਰੇਮ ਦਾ ਛੱਟਾ ਦੇ ਕੇ ਸ਼ਾਮ ਨੂੰ ਫਿਰ ਵਾਪਸ ਲੰਡਨ ਆ ਗਏ। ਆਖਰੀ ਦਿਨ ਸ੍ਰੀ ਲਛਮਣ ਦਾਸ ਪਗਰਾਨੀ ਜੀ ਨੇ ਆਪਣੇ ਘਰ ਸਤਿਸੰਗ ਰੱਖਿਆ, ਸ਼ਬਦ ਕੀਰਤਨ ਉਪਦੇਸ਼ ਉਪਰੰਤ ਘਰ ਆਈਆਂ ਸਭ ਸੰਗਤਾਂ ਨੂੰ ਬੜੇ ਪ੍ਰੇਮ ਨਾਲ ਪ੍ਰਸ਼ਾਦ ਪਾਣੀ ਛਕਾਇਆ। ਸ੍ਰੀ ਲਛਮਣ ਦਾਸ ਪਗਰਾਨੀ ਨੇ ਹਜ਼ੂਰ ਨੂੰ ਇੱਕ ਹਫਤਾ ਕੋਲ ਰੱਖਕੇ ਬਹੁਤ ਹੀ ਭਾਵਨਾ ਨਾਲ ਸੇਵਾ ਕੀਤੀ, ਅਤੇ ਪਰਿਵਾਰ ਸਮੇਤ ਮਹਾਂਪੁਰਸ਼ਾਂ ਦੇ ਰੂਹਾਨੀ ਅਤੇ ਅਲੌਕਿਕ ਜੀਵਨ ਤੋਂ ਬੇਹੱਦ ਪ੍ਰਭਾਵਿਤ ਹੋਇਆ।

ਇੱਕ ਹਫਤਾ ਇੰਗਲੈਂਡ ਇਨ੍ਹਾਂ ਪ੍ਰੇਮੀਆਂ ਤੇ ਪ੍ਰੇਮ ਦੀ ਵਰਖਾ ਕਰਕੇ ਲੰਡਨ ਤੋਂ ਅਮਰੀਕਾ ਲਈ ਚਾਲੇ ਪਾਏ। ਅੱਗੇ ਨਿਊਯਾਰਕ ਏਅਰਪੋਰਟ ਤੇ ਸ੍ਰੀ ਸਤਿੰਦਰ ਸਿੰਘ ਗੁਲਾਟੀ ਅਤੇ ਉਸਦਾ ਦੋਸਤ ਏ.ਪੀ. ਸਿੰਘ ਪਹੁੰਚੇ ਹੋਏ ਸਨ। ਉਹ ਬੜੇ ਪ੍ਰੇਮ ਨਾਲ ਆਪਣੇ ਘਰ ਲੈ ਕੇ ਗਏ। ਜਿਵੇਂ-ਜਿਵੇਂ ਸਿੰਧੀ, ਪੰਜਾਬੀ ਸੰਗਤਾਂ ਨੂੰ ਪਤਾ ਲੱਗਿਆ, ਤਾਂ ਦਰਸ਼ਨਾਂ ਲਈ ਆਉਣੀਆਂ ਸ਼ੁਰੂ ਹੋ ਗਈਆਂ। ਮਹਾਰਾਜ ਮ੍ਰਿਗਇੰਦਰ ਸਿੰਘ ਪਟਿਆਲਾ ਜੋ ਪਹਿਲਾਂ ਹੀ ਆਪ ਦਾ ਚਰਨ ਸੇਵਕ ਹੈ ਬੇਨਤੀ ਕਰਕੇ ਨਿਊਯਾਰਕ ਆਪਣੇ ਘਰ ਲੈ ਕੇ ਗਿਆ, ਸਾਰੇ ਪਰਿਵਾਰ ਨੇ ਮਿਲਕੇ ਬੜੇ ਪ੍ਰੇਮ ਨਾਲ ਸੇਵਾ ਕੀਤੀ। ਇੱਕ ਸਿੰਧੀ ਸੇਵਕ ਦੀਪਕ ਵਜੀਰਾਨੀ ਇਹ ਵੀ ਨਿਊਯਾਰਕ ਵਿੱਚ ਹੀ ਰਹਿੰਦਾ ਹੈ, ਇਸ ਨੇ ਵੀ ਬੇਨਤੀ ਕਰਕੇ ਆਪਣੇ ਘਰ ਚਰਨ ਪਵਾਏ। ਇੱਕ ਹੋਰ ਪ੍ਰੇਮੀ ਗੁਰਸਾਗਰ ਸਿੰਘ *ਫਲੋਰੈਡਾ* ਰਹਿੰਦਾ ਸੀ, ਇਸ ਨੇ ਬੇਨਤੀ ਕੀਤੀ ਘਰ ਲੈ ਕੇ ਜਾਣ ਲਈ, ਲੇਕਿਨ ਸਮੇਂ ਦੀ ਕਮੀ ਸੀ, ਇਸ ਲਈ ਇਹ ਪ੍ਰੇਮੀ ਦਰਸ਼ਨ ਕਰਨ ਲਈ ਫਿਰ ਨਿਊਯਾਰਕ ਹੀ ਪਹੁੰਚਿਆ। ਚੰਦਰਾ ਪਰਸ਼ਰਾਮ ਹਾਥੀਰਾਮਾਨੀ ਮਦਰਾਸ ਵਾਲਿਆਂ ਦਾ ਲੜਕਾ ਸ੍ਰੀ ਮੋਹਨ ਬਨੀਤਾ ਹਾਥੀਰਾਮਾਨੀ ਕੈਲੇਫੋਰਨੀਆਂ ਰਹਿੰਦਾ ਸੀ ਉਸ ਦੀ ਬੇਨਤੀ ਪ੍ਰਵਾਨ ਕਰਕੇ ਕੈਲੇਫੋਰਨੀਆਂ ਪਹੁੰਚੇ। ਮੋਹਨ ਅਤੇ ਉਸ ਦੇ ਪਰਿਵਾਰ ਨੇ ਬਹੁਤ ਹੀ ਭਾਵਨਾ ਨਾਲ ਸੇਵਾ ਆਉ ਭਗਤ ਕੀਤਾ, ਇਸ ਲਈ ਇੱਕ ਰਾਤ ਉਸ ਕੋਲ ਠਹਿਰ ਕੇ ਦੂਸਰੇ ਦਿਨ ਵਾਪਸ ਨਿਊਯਾਰਕ ਆ ਗਏ। ਚੰਦਰਾਪਰਸ਼ਰਾਮ ਹਾਥੀਰਾਮਾਨੀ ਮਦਰਾਸ ਵਾਲਿਆਂ ਦਾ ਦੂਜਾ ਬੇਟਾ ਰਮੇਸ਼ ਹਾਥੀਰਾਮਾਨੀ ਅਤੇ ਇੱਕ ਹੋਰ ਸੇਵਕ ਸੰਤੂ ਸਿਵਦਸਾਨੀ *ਸੇਂਟ ਥੌਮਸ* ਰਹਿੰਦੇ ਹਨ। ਉਨ੍ਹਾਂ ਦੀ ਬੇਨਤੀ ਪ੍ਰਵਾਨ ਕਰਕੇ *ਸੇਂਟ ਥੌਮਸ* ਲਈ ਰਵਾਨਾ ਹੋਏ, ਲੇਕਿਨ ਕਿਸੇ ਵਜ੍ਹਾ ਕਰਕੇ ਫਲਾਈਟ ਰਸਤੇ ਵਿੱਚ ਹੀ ਰੁੱਕ ਗਈ। ਫਿਰ ਉੱਥੇ ਹੀ ਰੁੱਕਣਾ ਪਿਆ। ਪ੍ਰੇਮੀ ਸੰਤੂ ਸਿਵਦਸਾਨੀ ਸੇਂਟ ਥੌਮਸ ਤੋਂ ਉੱਥੇ ਹੀ ਲੰਗਰ ਲੈ ਕੇ ਆ ਗਿਆ। ਇਸ ਲਈ ਰਾਤ ਰਸਤੇ ਵਿੱਚ ਹੀ ਇੱਕ ਜਗ੍ਹਾ ਠਹਿਰਨਾ ਪਿਆ। ਸਵੇਰੇ ਫਲਾਈਟ ਰਾਹੀਂ ਸਤ ਵਜੇ ਸੇਂਟ ਥੌਮਸ ਪਹੁੰਚੇ। ਸੰਤੂ ਸਿਵਦਸਾਨੀ ਨੇ ਬੜੇ ਪ੍ਰੇਮ ਨਾਲ ਸੇਵਾ ਕੀਤੀ, ਫਿਰ ਉਸੇ ਦਿਨ ਦੋ ਕੁ ਵਜੇ ਵਾਲੀ ਫਲਾਈਟ ਵਿੱਚ ਜਿਸ ਵਿੱਚ ਪਹਿਲਾਂ ਹੀ ਸੀਟਾਂ ਬੁੱਕ ਸਨ, ਉਸ ਵਿੱਚ ਵਾਪਸ ਨਿਊਯਾਰਕ ਆ ਗਏ। ਇੱਥੇ

ਹੀ ਸ੍ਰ: ਦਰਸ਼ਨ ਸਿੰਘ ਗਰੇਵਾਲ (ਕਵਲ) ਮਿਲਿਆ। ਅਮਰੀਕਾ ਠਹਿਰਣ ਦੇ ਦੌਰਾਨ ਸ੍ਰ: ਸਤਿੰਦਰ ਸਿੰਘ ਗੁਲਾਟੀ ਅਤੇ ਉਨ੍ਹਾਂ ਦੇ ਦੋਸਤ ਏ.ਪੀ. ਸਿੰਘ ਨੇ ਬਹੁਤ ਸੇਵਾ ਕੀਤੀ। ਹੁਣ ਤਿੰਨ ਹਫਤੇ ਵਿਦੇਸ਼ ਦੀਆਂ ਸੰਗਤਾਂ ਨੂੰ ਪ੍ਰੇਮ ਕਣੀ ਬਖਸ਼ ਕੇ ਅਤੇ ਵਿਦਿਆ ਰੂਪੀ ਕਿਸੇ ਵੱਡੇ ਬ੍ਰਿਛ ਦਾ ਬੀਜ, ਬੀਜ ਕੇ ਵਾਪਸ ਦਿੱਲੀ ਨੂੰ ਫਲਾਈਟ ਪਕੜੀ। ਮਹਾਨ ਅਕਾਸ਼ ਵਿੱਚ ਸਫਰ ਕਰਦੇ ਹੋਏ, ਜਿਸ ਵਕਤ ਜਹਾਜ ਦਿੱਲੀ ਏਅਰਪੋਰਟ ਦੇ ਨਜ਼ਦੀਕ ਆਇਆ ਤਾਂ ਕੈਪਟਨ ਨੇ ਸਿਗਨਲ ਹੋਣ ਤੇ ਥੱਲੇ ਉਤਾਰਨਾ ਸ਼ੁਰੂ ਕੀਤਾ, ਲੇਕਿਨ ਅਚਾਨਕ ਜਹਾਜ ਦਾ ਹਾਈਡਰੌਲਿਕ ਸਿਸਟਮ ਫੇਲ੍ਹ ਹੋ ਗਿਆ। ਕੈਪਟਨ ਨੇ ਏਅਰਪੋਰਟ ਦੇ ਪ੍ਰਬੰਧਕਾਂ ਨੂੰ ਸੂਚਿਤ ਕਰ ਦਿੱਤਾ ਅਤੇ ਆਪ ਜਹਾਜ਼ ਨੂੰ ਦਿੱਲੀ ਤੇ ਘੁਮਾਉਣਾ ਸ਼ੁਰੂ ਕਰ ਦਿੱਤਾ। ਹੁਣ ਹੇਠ ਏਅਰਪੋਰਟ ਅਮਲੇ ਨੂੰ ਇੱਕ ਦਮ ਅਲੱਰਟ ਕਰ ਦਿੱਤਾ ਗਿਆ। ਜਹਾਜ਼ ਵਾਲੀਆਂ ਸਵਾਰੀਆਂ ਅਤੇ ਹਵਾਈ ਅੱਡੇ ਵਾਲੇ ਭੈਭੀਤ ਹੋ ਗਏ, ਕਿ ਕੋਈ ਭਾਣਾ ਵਰਤਣ ਵਾਲਾ ਹੈ, ਅਚਾਨਕ ਅਕਾਲ ਪੁਰਖ ਦੀ ਮਿਹਰ ਹੋਈ, ਹਾਈਡਰੌਲਿਕ ਸਿਸਟਮ ਫਿਰ ਚਾਲੂ ਹੋ ਗਿਆ, ਪੰਜ-ਸਤ ਚੱਕਰ ਦਿੱਲੀ ਦੇ ਕੱਟਣ ਤੋਂ ਬਾਅਦ ਕੈਪਟਨ ਨੇ ਜਹਾਜ਼ ਥੱਲੇ ਉਤਾਰ ਲਿਆ, ਇਸ ਪ੍ਰਕਾਰ ਯਾਤਰਾ ਸੰਪੂਰਨ ਹੋਈ।

## ਕਾਰਸੇਵਾ

**ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ॥**
**ਗੁਰ ਪਰਸਾਦਿ ਸਦਾ ਮਨਿ ਵਸਿਆ ਸਭਿ ਕਾਜ ਸਵਾਰਣਹਾਰਾ॥**
**ਓਨਾ ਕੀ ਰੀਸ ਕਰੇ ਸੁ ਵਿਗੁਚੈ ਜਿਨ ਹਰਿ ਪ੍ਰਭੁ ਹੈ ਰਖਵਾਰਾ॥**

*(ਸੋ: ਮ: ੩, ਪੰਨਾ-੬੩੮)*

ਵਿਦੇਸ਼ ਯਾਤਰਾ ਸੰਪੂਰਨ ਕਰਕੇ ਜੁਲਾਈ ਦੇ ਦੂਸਰੇ ਹਫਤੇ ਵਾਪਸ ਰਿਸ਼ੀਕੇਸ਼ ਆ ਗਏ। ਇਤਨੇ ਨੂੰ ਪਰਮ ਪੂਜਨੀਕ ਵਿਰੱਕਤ ਮਹਾਰਾਜ ਜੀਆਂ ਦੀ ਯਾਦ ਵਿੱਚ ਗੁਰਾਇਆ ਅਤੇ ਕਰਨਾਲ ਆਦਿਕ ਦੀਆਂ ਬਰਸੀਆਂ ਆ ਗਈਆਂ। ਗੁਰਾਇਆ ਦੀ ਬਰਸੀ ਸੰਪੂਰਨ ਹੋਣ ਤੇ ਕਰਨਾਲ ਅੱਪੜ ਗਏ। ਉਥੋਂ ਦੀਆਂ ਸੰਗਤਾਂ ਤਾਂ ਪਹਿਲਾਂ ਹੀ ਉਡੀਕ ਵਿੱਚ ਸਨ ਕਿ ਦੀਵਾਲੀ ਸਮਾਗਮ ਦੇ ਮਹਾਨ ਕਾਰਜ ਲਈ, ਜੋ ਪ੍ਰਬੰਧਕਾਂ ਨੂੰ ਸੇਵਾਵਾਂ ਪ੍ਰਾਪਤ ਹੋਈਆਂ ਹਨ ਉਨ੍ਹਾਂ ਨੂੰ ਸ਼ੁਰੂ ਕੀਤਾ ਜਾਵੇ, ਤਾਂ ਕਿ ਸਮੇਂ ਸਿਰ ਤਿਆਰੀ ਹੋ ਜਾਵੇ। ਔਹ ਦੇਖੋ! ਸੰਗਤ ਨੂੰ ਨਾਲ ਲੈ ਕੇ ਉਸ ਖੁਸ਼ਨਸੀਬ ਧਰਤੀ ਬਾਰਾਂ ਸੈਕਟਰ ਵੱਲ ਤੱਕ ਰਹੇ ਹਨ, ਜਿੱਥੇ ਮਾਤ ਲੋਕ ਵਿੱਚ ਬੈਕੁੰਠ ਨਗਰ ਵਸਾਉਣਾ ਹੈ। ਸਾਰੇ ਬਾਰਾਂ ਸੈਕਟਰ ਵਿੱਚ ਪੰਜ-ਪੰਜ, ਛੇ-ਛੇ ਫੁੱਟ ਤੱਕ ਘਾਹ ਤੇ ਝਾੜ ਫੂਸ ਖੜ੍ਹਾ ਹੈ ਉਸ ਵੱਲ ਬੜੇ ਗਹੁ ਨਾਲ ਖੜ੍ਹੇ ਇਉਂ ਤੱਕ ਰਹੇ ਹਨ, ਮਾਨੋਂ ਉਸ ਨੂੰ ਦਿਲਾਸਾ ਦੇ ਰਹੇ ਹੋਣ ਕਿ ਤੂੰ ਚਿੰਤਾ ਨਾ ਕਰ ਤੇਰਾ ਹੁਣ ਉਤਭੁਜ ਜੋਨੀ ਤੋਂ ਛੁਟਕਾਰਾ ਹੋਣ ਹੀ ਵਾਲਾ ਹੈ। ਸੰਗਤ ਨੂੰ ਹੁਕਮ ਕੀਤਾ ਕਿ ਸਤੰਬਰ ਦੇ ਅਖੀਰ ਵਿੱਚ ਫਲਾਣੀ ਤਾਰੀਖ ਅਸੀਂ ਇੱਥੇ ਆ ਜਾਵਾਂਗੇ, ਉਸ ਦਿਨ ਵੱਡੀ ਕੁਟੀਆ ਇੱਕੀ ਸ੍ਰੀ ਅਖੰਡ ਪਾਠ ਸਾਹਿਬ ਰੱਖ ਲਉ ਅਤੇ ਨਾਲ-ਨਾਲ ਦੋ ਦਿਨ ਕਾਰਸੇਵਾ ਕਰਕੇ ਬਾਰਾਂ ਸੈਕਟਰ ਵਾਲੀ ਇਸ ਧਰਤੀ ਨੂੰ ਜਿਸ ਵਿੱਚ ਅਸੀਂ ਸਮਾਗਮ ਕਰਨਾ ਹੈ, ਟਰੈਕਟਰਾਂ ਨਾਲ ਵਾਹ ਸਵਾਰ ਕੇ ਘਾਹ ਰਹਿਤ ਸਾਫ ਸੁਥਰੀ ਅਤੇ ਪੱਧਰੀ ਬਣਾ ਲਉ, ਫਿਰ ਆਪੋ ਆਪਣੀ ਪ੍ਰਬੰਧਕਾਂ ਡਿਊਟੀਆਂ ਅਨੁਸਾਰ ਉਸਾਰੀ ਦਾ ਕਾਰਜ ਸ਼ੁਰੂ ਕਰ ਲੈਣਾ। ਬਰਸੀ ਸਮਾਗਮ ਸੰਪੂਰਨ ਹੋਣ ਤੇ ਅਗਸਤ ਅਤੇ ਸਤੰਬਰ ਦੇ ਮਹੀਨੇ ਸੰਗਤਾਂ ਨੂੰ ਦਿੱਤੀਆਂ ਤਾਰੀਖਾਂ ਅਨੁਸਾਰ ਕਰਨਾਲ ਏਰੀਆ, ਦਿੱਲੀ ਅਤੇ ਪੰਜਾਬ ਦੇ ਇਲਾਕਿਆਂ ਦੀ ਯਾਤਰਾ ਕੀਤੀ। ਯਾਤਰਾ ਦੌਰਾਨ ਪੰਜਾਬ ਆਦਿਕ ਦੀਆਂ ਸੰਗਤਾਂ ਨੂੰ ਵੀ ਪਤਾ ਲੱਗ ਗਿਆ, ਕਿ ਸਤੰਬਰ ਦੇ ਆਖਰੀ ਹਫਤੇ ਜਿੱਥੇ ਦੀਵਾਲੀ ਦਾ ਮਹਾਨ ਕੁੰਭ ਰਚਨਾ ਹੈ ਉਸ ਥਾਂ ਦੀ ਕਾਰਸੇਵਾ ਦੁਆਰਾ ਸਫ਼ਾਈ ਆਦਿਕ ਦੀ ਸੇਵਾ ਕਰਨੀ ਹੈ। ਕਾਰਸੇਵਾ ਵਾਸਤੇ ਨੀਯਤ ਕੀਤੀ ਤਾਰੀਖ ਤੇ, ਆਪ ਕਰਨਾਲ ਕੁਟੀਆ ਪਹੁੰਚ ਗਏ। ਕਰਨਾਲ ਏਰੀਏ ਦੀਆਂ ਸੰਗਤਾਂ ਤਾਂ ਟਰੈਕਟਰ ਲੈ ਕੇ ਸਭ ਆ ਹੀ ਗਈਆਂ, ਪੰਜਾਬ ਤੋਂ ਵੀ ਕੁੱਝ ਸੰਗਤਾਂ ਇਸ ਸੇਵਾ ਵਿੱਚ ਹਿੱਸਾ ਲੈਣ ਲਈ ਆਈਆਂ। ਵੱਡੀ ਕੁਟੀਆ ਇੱਕੀ ਸ੍ਰੀ ਅਖੰਡ ਪਾਠ ਸਾਹਿਬ ਪਰਾਰੰਭ ਕਰਕੇ ਅਰਦਾਸ ਉਪਰੰਤ ਕਾਰਸੇਵਾ ਸ਼ੁਰੂ ਹੋ ਗਈ। ਟਰੈਕਟਰ ਵਾਲਿਆਂ ਨੇ ਵਾਹੁਣਾ ਤੇ ਲੈਵਲ ਕਰਨਾ ਸ਼ੁਰੂ ਕੀਤਾ, ਬਾਕੀ ਸੰਗਤਾਂ ਕਹੀਆਂ ਲੈ ਕੇ ਉੱਚੇ-ਨੀਵੇਂ ਥਾਵਾਂ ਨੂੰ ਸਾਫ ਕਰਨ ਲੱਗ ਗਈਆਂ। ਛੋਟੀ ਕੁਟੀਆ ਦੇ ਕੋਲ ਨਾਲਾ ਵਹਿੰਦਾ ਹੈ, ਉਸ ਵਿੱਚ ਪਾਈਪਾਂ ਦੱਬ ਕੇ ਉਪਰ ਟਰਾਲੀਆਂ ਨਾਲ ਮਿੱਟੀ ਪਾ ਕੇ ਸ਼ਾਨਦਾਰ ਪੁਲ ਬਣਾ ਲਿਆ। ਇਹੀ ਨਾਲਾ ਛੋਟੀ ਕੁਟੀਆ ਨੂੰ ਵੱਡੀ ਕੁਟੀਆ ਅਤੇ ਸਮਾਗਮ ਅਸਥਾਨ ਤੋਂ ਅਲੱਗ ਕਰਦਾ ਜਿਹਾ ਪ੍ਰਤੀਤ ਹੁੰਦਾ ਸੀ,

ਹੁਣ ਇਸ ਦੀ ਪ੍ਰਤੀਤੀ ਮੂਲੋਂ ਮਿਟ ਗਈ। ਦੋ ਦਿਨ ਦੀ ਭਰਵੀਂ ਕਾਰ ਸੇਵਾ ਨੇ ਦੋਨਾਂ ਕੁਟੀਆਂ ਅਤੇ ਬਾਰਾਂ ਸੈਕਟਰ ਦੀ ਦੂਰੀ ਅਤੇ ਭਿੰਨਤਾ ਮਿਟਾ ਕੇ ਅਤੀ ਸਮੀਪਤਾ ਯਾਨੀ ਇੱਕ ਕਰ ਦਿੱਤਾ। ਇਤਨੇ ਨੂੰ ਕਨਖਲ ਰਿਸ਼ੀਕੇਸ਼ ਵਾਲੀਆਂ ਬਰਸੀਆਂ ਆ ਗਈਆਂ। ਕਰਨਾਲ ਵਾਲੀਆਂ ਭਾਗਵਾਨ ਸੰਗਤਾਂ ਜਿਨ੍ਹਾਂ ਨੇ ਦੀਵਾਲੀ ਸਮਾਗਮ ਦੀਆਂ ਪ੍ਰਬੰਧਕੀ ਅਤੇ ਫਾਈਨਾਸਲੀ ਸੇਵਾਵਾਂ ਝੋਲੀਆਂ ਵਿੱਚ ਪਵਾਈਆਂ ਸਨ, ਉਨ੍ਹਾਂ ਨੂੰ ਉਤਸ਼ਾਹ ਅਤੇ ਸੇਵਾ ਦਾ ਬਲ ਬਖਸ਼ ਕੇ ਰਿਸ਼ੀਕੇਸ਼ ਆ ਗਏ।

## ਕਨਖਲ ਨਵੀਂ ਬਿਲਡਿੰਗ ਦਾ ਉਦਘਾਟਨ

ਸ੍ਰੀ ਨਿਰਮਲ ਬਾਗ ਕਨਖਲ ਬਣ ਰਹੀ ਵੱਡੀ ਬਿਲਡਿੰਗ ਜਿਸ ਦੀ ਨੀਂਹ 1990 ਵਿੱਚ ਰੱਖੀ ਗਈ ਸੀ ਹੁਣ ਪੂਰਨ ਤੌਰ ਤੇ ਤਿਆਰ ਹੋ ਗਈ। ਇਸ ਬਿਲਡਿੰਗ ਵਿੱਚ ਅੰਡਰਗਰਾਉਂਡ (Underground) ਇੱਕ ਵੱਡੇ ਹਾਲ ਵਿੱਚ ਸੈਂਕੜੇ ਯਾਤਰੀ ਅਰਾਮ ਕਰ ਸਕਦੇ ਹਨ ਅਤੇ ਚਾਰ ਮੰਜ਼ਲੀ ਬਿਲਡਿੰਗ ਵਿੱਚ ਬਤਾਲੀ ਕਮਰੇ ਅਤੇ ਉਪਰਲੀ ਮੰਜ਼ਿਲ ਤੇ ਇੱਕ ਬਹੁਤ ਹੀ ਸੁੰਦਰ ਸਤਿਸੰਗ ਹਾਲ (ਦੀਵਾਨ ਹਾਲ) ਜਿਸ ਵਿੱਚ ਹਜ਼ਾਰਾਂ ਸਤਿਸੰਗੀ ਸੁਸ਼ੋਭਿਤ ਹੋ ਕੇ ਸਤਿਸੰਗ ਦਾ ਲਾਭ ਉਠਾ ਸਕਣਗੇ। ਇਸ ਬਿਲਡਿੰਗ ਵਿੱਚ ਮਹਾਂਪੁਰਸ਼ਾਂ ਦੇ ਅਸ਼ੀਰਵਾਦ ਨਾਲ ਸੇਵਾ ਭਾਵੇਂ ਸਭ ਸੰਗਤਾਂ ਨੇ ਰਲ-ਮਿਲ ਕੇ ਹੀ ਕੀਤੀ ਹੈ ਅਤੇ ਆਪੋ ਆਪਣੇ ਵਿਤ ਮੁਤਾਬਿਕ ਯੋਗ ਹਿੱਸਾ ਵੀ ਪਾਇਆ ਹੈ, ਲੇਕਿਨ ਵੱਡੀ ਸੇਵਾ ਸ੍ਰੀ ਰਾਧਾ ਕਲਿਆਣ ਦਾਸ ਦਰਿਆਨਾਨੀ ਮੈਮੋਰੀਅਲ ਟਰੱਸਟ ਬੰਬਈ ਨੇ ਕੀਤੀ। ਉਨ੍ਹਾਂ ਨੇ ਚੌਦਾਂ ਕਮਰੇ ਅਤੇ ਇੱਕ ਵੱਡਾ ਹਾਲ ਜਿਸ ਦਾ ਨਾਮ ਰਾਧਾ ਕਲਿਆਣ ਦਾਸ ਦਰਿਆਨਾਨੀ ਬੰਬਈ ਮੈਮੋਰੀਅਲ ਸਤਿਸੰਗ ਹਾਲ ਰੱਖਿਆ ਗਿਆ ਹੈ ਦੀ ਸੇਵਾ ਕੀਤੀ। ਮਹਾਂਪੁਰਸ਼ਾਂ ਨੇ ਸਜੀ ਧਜੀ ਇਸ ਸੁੰਦਰ ਬਿਲਡਿੰਗ ਦਾ ਉਦਘਾਟਨ ਸਰਵ ਗੁਣ ਸੰਪੰਨ ਪੂਜਨੀਕ ਸ੍ਰੀਮਾਨ ੧੦੮ ਮਹੰਤ ਬਾਬਾ ਬੁੱਢਾ ਸਿੰਘ ਜੀ ਮਹਾਰਾਜ ਦੀ ਪਾਵਨ ਯਾਦ ਵਿੱਚ 56ਵੀਂ ਬਰਸੀ ਅਤੇ ਵਿਰੱਕਤ ਸ਼੍ਰੋਮਣੀ ਪੂਜਯ ਸ੍ਰੀਮਾਨ ੧੦੮ ਪੰਡਿਤ ਨਿੱਕਾ ਸਿੰਘ ਮਹਾਰਾਜ ਜੀ ਦੀ ਦਸਵੀਂ ਬਰਸੀ ਦੇ ਸ਼ੁਭ ਮੌਕੇ ਤੇ ਯਾਨੀ ਬਾਰਾਂ ਅਕਤੂਬਰ 1993 ਦਿਨ ਮੰਗਲਵਾਰ (ਅਸੂ ਵਦੀ) (ਗਿਆਰਾਂ, ਬਾਰਾਂ) ਨੀਯਤ ਕੀਤਾ ਗਿਆ। ਮਹਾਂਪੁਰਸ਼ਾਂ ਦੀ ਪਵਿੱਤਰ ਯਾਦ ਮਨਾਉਣ ਅਤੇ ਨਵੀਂ ਬਿਲਡਿੰਗ ਦੇ ਉਦਘਾਟਨ ਨਮਿੱਤ ਦੇਸ਼-ਪ੍ਰਦੇਸ਼ ਦੀਆਂ ਸਭ ਸੰਗਤਾਂ ਨੂੰ ਸੱਦੇ-ਪੱਤਰ ਭੇਜੇ ਗਏ। ਨੀਯਤ ਦਿਨ ਤੇ ਯਾਨੀ ਐਤਵਾਰ ਦਸ ਅਕਤੂਬਰ 1993 ਈ: ਵਾਲੇ ਸ਼ੁਭ ਦਿਨ ਨਵੇਂ ਬਣੇ ਹਾਲ ਵਿੱਚ ਸਵੇਰੇ ਨੌਂ ਵਜੇ ਤੇਰਾਂ ਸ੍ਰੀ ਅਖੰਡ ਪਾਠ ਸਾਹਿਬ ਪਰਾਰੰਭ ਕੀਤੇ ਗਏ। ਸੰਗਤਾਂ ਵੀ ਭਾਰੀ ਗਿਣਤੀ ਵਿੱਚ ਪਹੁੰਚ ਗਈਆਂ। ਸਵੇਰੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਬੀਬੀ ਹਰਮਿੰਦਰ ਕੌਰ ਕਰਨਾਲ, ਮੋਹਣੀ ਬਾਈ ਬੰਬਈ ਅਤੇ ਹੋਰ ਸੰਗਤ ਦਰਬਾਰ ਸਾਹਿਬ ਵਿੱਚ ਮਿਲਕੇ ਕਰਦੀ। ਸ਼ਾਮ ਨੂੰ ਬਾਹਰ ਖੁੱਲ੍ਹੇ ਪੰਡਾਲ ਵਿੱਚ ਦੀਵਾਨ ਸਜਦੇ, ਪਹਿਲਾਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਫਿਰ ਕੀਰਤਨ ਉਪਰੰਤ ਨੌਂ ਵਜੇ ਆਰਤੀ ਦੀ ਸਮਾਪਤੀ ਹੁੰਦੀ। ਇਸ ਪ੍ਰਕਾਰ ਸੰਗਤਾਂ ਸਤਿਸੰਗ ਅਤੇ ਸੇਵਾ ਦਾ ਲਾਭ ਉਠਾ ਰਹੀਆਂ ਹਨ। ਅੱਜ ਬਾਰਾਂ ਅਕਤੂਬਰ 1993 ਵਾਲੇ ਦਿਨ ਸਵੇਰੇ ਛੇ ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸ਼ੁਰੂ ਹੋਏ ਜੋ ਸਵਾ ਕੁ ਸੱਤ ਵਜੇ ਆਰਤੀ ਮਰਿਆਦਾ ਅਨੁਸਾਰ ਸੰਪੂਰਨ ਹੋ ਗਏ। ਹੁਣ ਸੰਗਤਾਂ ਨੇ ਗੁਰੂ ਕੇ ਵਰਤ ਰਹੇ ਅਟੁੱਟ ਲੰਗਰ ਵਿੱਚ ਚਾਹ ਨਾਸ਼ਤੇ ਕੀਤੇ, ਉਪਰੰਤ ਨੌਂ ਵਜੇ ਸਤਿਸੰਗ ਹਾਲ ਵਿੱਚ ਕੀਰਤਨ ਸ਼ੁਰੂ ਹੋ ਗਿਆ ਜਿਸ ਵਿੱਚ ਮੋਹਣੀ ਬਾਈ, ਮਨਸੁਖਾਨੀ ਬੰਬਈ, ਬੀਬੀ ਹਰਮਿੰਦਰ ਕੌਰ ਕਰਨਾਲ ਅਤੇ ਹੋਰ ਸੰਗਤਾਂ ਨੇ ਗੁਰਬਾਣੀ ਦੇ ਰਸ ਭਿੰਨੇ ਕੀਰਤਨ ਦੁਆਰਾ ਮਿੱਠੀ-ਮਿੱਠੀ ਫੁਹਾਰ ਨਾਲ ਮੀਂਹ ਵਰਸਾਇਆ। ਉਪਰੰਤ ਸੰਤ ਸਮਾਗਮ ਸ਼ੁਰੂ ਹੋ ਗਿਆ, ਜਿਸ ਵਿੱਚ ਨਿਰਮਲ ਪੰਚਾਇਤੀ ਅਖਾੜੇ ਦੇ ਸ੍ਰੀ ਮਹੰਤ ਸਾਹਿਬ ਸ੍ਰੀ ਮਾਨ ੧੦੮ ਮਹੰਤ ਗਿਆਨ ਦੇਵ ਸਿੰਘ ਜੀ ਆਪਣੀ ਵਿਰੱਕਤ ਮੰਡਲੀ ਲੈ ਕੇ ਪਹੁੰਚੇ ਹੋਏ ਸਨ। ਸੰਤ ਸਮਾਗਮ ਵਿੱਚ ਸੰਤ ਰਘਬੀਰ ਸਿੰਘ ਸ਼ਾਸਤਰੀ ਕਨਖਲ, ਮਹੰਤ ਰਤਨ ਸਿੰਘ ਜੀ ਰਤਨ ਬਾਗ ਕਨਖਲ, ਸ੍ਰੀ ਨਿਰੰਜਣ ਦੇਵ ਜੀ ਮਹੰਤ ਵਿਰੱਕਤ ਮੰਡਲੀ, ਸ੍ਰੀਮਾਨ ਸੰਤ ਰਘਬੀਰ ਸਿੰਘ ਜੀ ਸ਼ਾਸਤਰੀ ਬਨਾਰਸ ਵਾਲੇ ਇਤਿਆਦਿਕ ਮਹਾਂਪੁਰਸ਼ਾਂ ਨੇ ਪਰਮਾਰਥਕ ਵਿਚਾਰਾਂ ਦੁਆਰਾ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀਆਂ ਅਰਪਨ ਕੀਤੀਆਂ। ਬਾਅਦ ਵਿੱਚ ਸ੍ਰੀ ਮਹੰਤ ਸਾਹਿਬ ਸ੍ਰੀਮਾਨ ੧੦੮ ਮਹੰਤ ਗਿਆਨ ਦੇਵ ਸਿੰਘ ਜੀ ਨੇ ਗੁਰਬਾਣੀ ਅਤੇ ਹੋਰ ਸ਼ਾਸਤਰਾਂ ਰਾਹੀਂ ਬਹੁਤ ਭਾਵ ਪੂਰਤ ਸ਼ਰਧਾਂਜਲੀ ਅਰਪਨ ਕੀਤੀ। ਸਟੇਜ ਸੈਕਟਰੀ ਦੀ ਸੇਵਾ ਸ: ਤਰਜੀਤ ਸਿੰਘ ਜੀ ਨਰੂਲਾ

ਕਰਨਾਲ ਵਾਲਿਆਂ ਨੇ ਬਹੁਤ ਸੁਯੋਗਤਾ ਅਤੇ ਵਿਦਵਤਾ ਭਰਪੂਰ ਸੁਚੱਜੇ ਢੰਗ ਨਾਲ ਨਿਭਾਈ। ਇਸ ਮਹਾਨ ਸਮਾਗਮ ਵਿੱਚ ਹੋਰ ਵੀ ਕਾਫੀ ਸੰਤ ਮਹਾਤਮਾ ਜਿਵੇਂ ਸ੍ਰੀਮਾਨ ਮਹੰਤ ਬਾਬਾ ਗੁਰਬਚਨ ਸਿੰਘ ਜੀ ਬਰਨਾਲਾ, ਸ੍ਰੀਮਾਨ ਮਹੰਤ ਪਿਆਰਾ ਸਿੰਘ ਜੀ ਬਰਨਾਲਾ, ਸ੍ਰੀਮਾਨ ਮਹੰਤ ਸ਼ਿਆਮ ਸੁੰਦਰ ਸਿੰਘ ਜੀ ਮਿਰਜ਼ਾਪੁਰ ਇਤਿਆਦਿਕ ਅਤੇ ਵਿਰੱਕਤ ਮੰਡਲੀ ਸਮੇਤ ਸੈਂਕੜੇ ਸਾਧੂ ਮਹਾਤਮਾ ਪਹੁੰਚੇ ਹੋਏ ਸਨ। ਉਪਰੰਤ ਸਾਢੇ ਬਾਰਾਂ ਵਜੇ ਅਰਦਾਸ ਕਰਕੇ ਗੁਰੂ ਕੇ ਲੰਗਰ ਸ਼ੁਰੂ ਹੋ ਗਏ, ਜਿਸ ਵਿੱਚ ਪਹਿਲਾਂ ਸੰਤ ਮਹਾਂਪੁਰਸ਼ਾਂ ਦੀ ਪੰਗਤ ਲਗਾਈ ਗਈ, ਉਪਰੰਤ ਸਭ ਸੰਗਤ ਨੇ ਗੁਰੂ ਕੇ ਲੰਗਰੋਂ ਪ੍ਰਸ਼ਾਦ ਛਕੇ। ਇਸ ਪ੍ਰਕਾਰ ਮਹਾਂਪੁਰਸ਼ਾਂ ਦੀ ਪਵਿੱਤਰ ਯਾਦ ਵਿੱਚ ਬਰਸੀ ਸਮਾਗਮ ਅਤੇ ਨਵੀਂ ਬਿਲਡਿੰਗ ਦੇ ਉਦਘਾਟਨ ਸਮਾਰੋਹ ਸੰਪੂਰਨ ਹੋਏ।

## ਸਹਿਜ ਕਥਾ ਦੀ ਸਿਰਜਣਾ

ਜ਼ਿਕਰ ਯਾਰਾਂ ਅਕਤੂਬਰ 1993 ਵਾਲੇ ਦਿਨ ਦਾ ਹੈ ਜਦੋਂ ਕਨਖਲ ਬਰਸੀ ਸਮਾਗਮ ਚੱਲ ਰਹੇ ਸਨ। ਪਰਮ ਪੂਜਯ ਮਹੰਤ ਮਹਾਰਾਜ ਜੀ ਨੇ ਇੱਕ ਪ੍ਰੇਮੀ ਨੂੰ ਬੁਲਾ ਕੇ ਬਚਨ ਕੀਤਾ ਕਿ ਆ ਰਹੇ ਦੀਵਾਲੀ ਦੇ ਮਹਾਨ ਸਮਾਗਮ ਤੇ ਸ੍ਰੀ ਹਰਜੀਤ ਸਿੰਘ ਸਚਦੇਵਾ ਕਰਨਾਲ ਵਾਲਿਆਂ ਨੇ ਆਈਆਂ ਸੰਗਤਾਂ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦਾ ਇੱਕ-ਇੱਕ ਗੁੱਟਕਾ ਦੇਣ ਦੀ ਸੇਵਾ ਲਈ ਹੈ, ਤਾਂ ਕਿ ਦੀਵਾਲੀ ਦੀ ਯਾਦ ਵਿੱਚ ਸੰਗਤਾਂ ਦੇ ਘਰ ਗੁਰਬਾਣੀ ਰੂਪੀ ਚਰਾਗ ਨਾਲ ਰੌਸ਼ਨ ਰਹਿਣ। ਪਰੰਤੂ ਸੁਖਮਨੀ ਸਾਹਿਬ ਜੀ ਦੇ ਗੁਟਕੇ ਗੁਰੂ ਦੇ ਸ਼ਰਧਾਲੂ ਘਰਾਂ ਵਿੱਚ ਪਹਿਲਾਂ ਹੀ ਮੌਜੂਦ ਹਨ, ਅਗਰ ਕਿਸੇ ਨੂੰ ਜ਼ਰੂਰਤ ਹੋਵੇ ਵੀ ਤਾਂ ਥੋੜ੍ਹੀ ਭੇਟਾ ਦੇ ਕੇ ਆਮ ਥਾਵਾਂ ਤੋਂ ਬੜੇ ਸੌਖੇ ਪ੍ਰਾਪਤ ਹੋ ਜਾਂਦੇ ਹਨ। ਇਸ ਲਈ ਸਾਡਾ ਵਿਚਾਰ ਹੈ ਆਪਣੇ ਪਰਮ ਪੂਜਨੀਕ ਸ੍ਰੀ ਮਾਨ ੧੦੮ ਸੰਤ ਬਾਬਾ ਨਿੱਕਾ ਸਿੰਘ ਵਿਰੱਕਤ ਮਹਾਰਾਜ ਜੀਆਂ ਨੇ ਕਥਾ ਰਾਹੀਂ ਗੁਰਬਾਣੀ ਦੇ ਜੋ ਗੁੱਝੇ ਰਾਜ਼ ਖੋਲ੍ਹੇ ਹਨ ਉਹ ਕੁਝ ਕੈਸਿਟਾਂ ਵਿੱਚ ਮੌਜੂਦ ਹਨ, ਉਨ੍ਹਾਂ ਪ੍ਰਵਚਨਾਂ ਨੂੰ ਕੈਸਿਟਾਂ ਵਿੱਚੋਂ ਉਤਾਰ ਕੇ ਇੱਕ ਪੋਥੀ ਦੇ ਰੂਪ ਵਿੱਚ ਸੰਗ੍ਰਹਿ ਕਰਕੇ ਦੀਵਾਲੀ ਦੇ ਮਹਾਨ ਸਮਾਗਮ ਤੇ ਸੰਗਤਾਂ ਨੂੰ ਬਗੈਰ ਕਿਸੇ ਭੇਟਾ ਤੋਂ ਪ੍ਰਸ਼ਾਦ ਰੂਪ ਵਿੱਚ ਵਰਤਾਏ ਜਾਣ ਤਾਂ ਕਿ ਸੰਗਤਾਂ ਧੁਰ ਦਰਗਾਹੋਂ ਆਈ ਇਲਾਹੀ ਬਾਣੀ ਦੇ ਗੁੱਝੇ ਰਾਜ਼ ਜੋ ਮਹਾਂਪੁਰਸ਼ਾਂ ਨੇ ਆਪਣੇ ਅਨੁਭਵ ਨਾਲ ਖੋਲ੍ਹੇ ਹਨ, ਨੂੰ ਪੜ੍ਹ ਵਿਚਾਰ ਕੇ ਲਾਭ ਉਠਾਉਣ। ਪ੍ਰੇਮੀ ਨੇ ਹੱਥ ਜੋੜ ਕੇ ਅਰਜ਼ ਕੀਤੀ ਮਹਾਰਾਜ, ਜਿਵੇਂ ਆਪ ਜੀ ਦਾ ਹੁਕਮ!

ਆਗਿਆ ਹੋਈ ਇਹ ਚੱਲ ਰਿਹਾ ਸਮਾਗਮ ਕੱਲ ਸਮਾਪਤ ਹੋਣ ਤੇ ਸ਼ਾਮ ਨੂੰ ਰਿਸ਼ੀਕੇਸ਼ ਪਹੁੰਚ ਜਾਵਾਂਗੇ, ਪਰਸੋਂ ਚੌਦਾਂ ਅਕਤੂਬਰ ਵਾਲੇ ਦਿਨ ਸਵੇਰੇ ਹੀ ਕੈਸਿਟਾਂ ਤੋਂ ਉਤਾਰਾ ਸ਼ੁਰੂ ਕਰ ਦਿਉ! ਜਿਤਨਾ ਜਲਦੀ ਹੋ ਸਕੇ, ਦਿਨ ਰਾਤ ਕਰਕੇ ਉਤਾਰਾ ਕਰ ਲਉ ਤਾਂ ਕਿ ਦੀਵਾਲੀ ਤੱਕ ਪੋਥੀ ਤਿਆਰ ਹੋ ਜਾਵੇ। ਹੁਕਮ ਅਨੁਸਾਰ ਸੰਗਤਾਂ ਵਿੱਚੋਂ ਲੜਕੇ ਲੜਕੀਆਂ ਨੂੰ ਚੌਦਾਂ ਅਕਤੂਬਰ ਵਾਲੇ ਦਿਨ ਸਵੇਰੇ ਹੀ ਅਲੱਗ ਅਲੱਗ, ਛੇ-ਸਤ ਟੇਪਰਿਕਾਰਡ ਦੇ ਕੇ ਦੋ-ਦੋ, ਤਿੰਨ-ਤਿੰਨ ਕੈਸਿਟਾਂ ਉਤਾਰਾ ਕਰਨ ਲਈ ਦੇ ਦਿੱਤੀਆਂ ਗਈਆਂ। ਨਾਲ-ਨਾਲ ਇੱਕ ਪ੍ਰੇਮੀ ਦੀ ਸੁਧਾਈ ਕਰਨ ਤੇ ਡਿਊਟੀ ਲਾ ਦਿੱਤੀ। ਇਉਂ ਦਿਨ ਰਾਤ ਬੜੀ ਤੇਜ਼ੀ ਨਾਲ ਕੰਮ ਚਲਦਾ ਰਿਹਾ। ਇਤਨੇ ਨੂੰ ਰਿਸ਼ੀਕੇਸ਼ ਵਾਲੀ ਬਰਸੀ ਆ ਗਈ। ਵੀਹ ਅਕਤੂਬਰ ਵਾਲੇ ਦਿਨ ਸ੍ਰੀ ਅਖੰਡ ਪਾਠ ਸਾਹਿਬ ਪਰਾਰੰਭ ਹੋਏ ਅਤੇ ਬਾਈ ਅਕਤੂਬਰ ਨੂੰ ਬਰਸੀ ਸਮਾਗਮ ਸੰਪੂਰਨ ਹੋਣ ਤੇ ਫਿਰ ਕੈਸਿਟਾਂ ਤੋਂ ਉਤਾਰਾ ਅਤੇ ਸੁਧਾਈ ਵਾਲਾ ਕਾਰਜ ਜ਼ੋਰ ਸ਼ੋਰ ਨਾਲ ਸ਼ੁਰੂ ਹੋ ਗਿਆ। ਚੌਵੀ ਅਕਤੂਬਰ ਸ਼ਾਮ ਤੱਕ ਅਠਾਰਾਂ ਕਥਾਵਾਂ ਦਾ ਉਤਾਰਾ ਸੰਪੂਰਨ ਕਰਕੇ, ਉਸਦੀ ਕੰਪਿਊਟਰ ਦੁਆਰਾ ਟਾਈਪ ਸੈਟਿੰਗ ਨਮਿੱਤ ਰਾਤ ਦੀ ਗੱਡੀ ਗੁਰਾਇਆ ਪਹੁੰਚ ਗਏ। ਉਥੋਂ ਉਜਾਗਰ ਸਿੰਘ ਸੂਰੀ ਦੀ ਕਾਰ ਰਾਹੀਂ ਪੱਚੀ ਅਕਤੂਬਰ ਨੂੰ ਜਲੰਧਰ ਜਾ ਕੇ ਪੋਥੀ ਦਾ ਖਰੜਾ ਪ੍ਰੈਸ ਵਾਲਿਆਂ ਨੂੰ ਦਿੱਤਾ। ਪ੍ਰੈਸ ਵਾਲੇ ਪ੍ਰੇਮੀ ਕੰਪਿਊਟਰ ਰਾਹੀਂ ਪਰੂਫ ਕੱਢਦੇ ਰਹੇ ਅਤੇ ਪਰੂਫ ਰੀਡਿੰਗ ਵਾਲੇ

ਸੁਧਾਈ ਕਰਦੇ ਰਹੇ। ਇਉਂ ਦਿਨ ਰਾਤ ਕਰਦੇ ਪੰਜ ਦਿਨਾਂ ਵਿੱਚ ਪਰੂਫ ਅਤੇ ਸੁਧਾਈ ਕਰਕੇ ਕੰਪੋਜ਼ਿੰਗ ਦਾ ਸਾਰਾ ਕੰਮ ਸੰਪੂਰਨ ਹੋ ਗਿਆ। ਇਉਂ ਤੀਹ ਤਾਰੀਖ ਨੂੰ ਪਰੂਫ ਲੈ ਕੇ ਕਰਨਾਲ ਪਹੁੰਚ ਗਏ। ਅੱਗੇ ਪੋਥੀ ਛਪਾਉਣ ਲਈ ਦਿੱਲੀ ਲੈ ਗਏ ਜੋ ਪੋਥੀ ਤਿਆਰ ਹੋ ਕੇ ਨੌਂ ਤਾਰੀਖ ਤੱਕ ਕਰਨਾਲ ਪਹੁੰਚ ਗਈ। ਇਸ ਪ੍ਰਕਾਰ ਦੀਵਾਲੀ ਤੋਂ ਚਾਰ ਦਿਨ ਪਹਿਲਾਂ ਹੀ ਪੋਥੀ ਤਿਆਰ ਹੋ ਕੇ ਸਹਿਜ ਕਥਾ ਦੇ ਰੂਪ ਵਿੱਚ ਸਾਹਮਣੇ ਆ ਗਈ।


## ਅਲੌਕਿਕ ਦੀਵਾਲੀ

ਜਿਸ ਦੀਵਾਲੀ ਦੇ ਸਮਾਗਮ ਦੀ ਇੱਕ ਸਾਲ ਪਹਿਲਾਂ 1992 ਦੀ ਦੀਵਾਲੀ ਵਾਲੇ ਦਿਨ ਹੀ ਨੀਂਹ ਰੱਖੀ ਸੀ ਅਤੇ ਕਾਫੀ ਸਮੇਂ ਤੋਂ ਸੈਂਕੜੇ ਬੰਦੇ ਜਿਸ ਦੀ ਤਿਆਰੀ ਵਿੱਚ ਲੱਗੇ ਹੋਏ ਸਨ, ਉਹ ਮਹਾਨ ਸਮਾਗਮ ਬਿਲਕੁੱਲ ਨੇੜੇ ਆ ਪਹੁੰਚਿਆ। ਪਰਮ ਪੂਜਨੀਕ ਸ੍ਰੀਮਾਨ ੧੦੮ ਮਹੰਤ ਬਾਬਾ ਰਾਮ ਸਿੰਘ ਜੀ ਵੀ ਇੱਕ ਨਵੰਬਰ ਨੂੰ ਕਰਨਾਲ ਪਹੁੰਚ ਕੇ ਚੱਲ ਰਹੇ ਉਸਾਰੀ ਦੇ ਕੰਮਾਂ ਦੀ ਖੁਦ ਦੇਖ-ਰੇਖ ਕਰ ਰਹੇ ਹਨ। ਸੈਂਕੜੇ ਬੰਦੇ ਕੋਈ ਇੱਕ ਕਿਲੋਮੀਟਰ ਏਰੀਏ ਵਿੱਚ ਪੂਰਾ ਨਗਰ ਵਸਾਉਣ ਲਈ ਦਿਨ ਰਾਤ ਲੱਗੇ ਹੋਏ ਹਨ। ਵੱਡੇ-ਵੱਡੇ ਪੰਡਾਲ ਬਣ ਰਹੇ ਹਨ, ਕਿਸੇ ਪਾਸੇ ਰਿਹਾਇਸ਼ੀ ਟੈਂਟ ਲੱਗ ਰਹੇ ਹਨ, ਨਾਲ ਖੁੱਲ੍ਹੇ ਸ਼ਾਮਿਆਨੇ ਵੀ ਲਾਏ ਜਾ ਰਹੇ ਹਨ, ਤਾਂ ਕਿ ਸੰਗਤਾਂ ਵੱਡੀ ਗਿਣਤੀ ਵਿੱਚ ਅਰਾਮ ਕਰ ਸਕਣ। ਟਰੱਕ, ਟਰਾਲੀਆਂ, ਕਾਰਾਂ, ਜੀਪਾਂ, ਮੋਟਰਸਾਈਕਲ, ਸਕੂਟਰ ਆਦਿਕ ਟਰੈਫਿਕ ਲਈ ਇੱਕ ਵੱਡਾ ਪਾਰਕਿੰਗ ਬਣਾਇਆ ਜਾ ਰਿਹਾ ਹੈ, ਇੱਕ ਰਿਸੈਪਸ਼ਨ ਹਾਲ ਬਣਾਇਆ ਜਾ ਰਿਹਾ ਹੈ, ਜਿਸ ਤੋਂ ਸਾਰੇ ਮੇਲੇ ਅਤੇ ਹਰ ਇੱਕ ਪ੍ਰੋਗਰਾਮ ਬਾਰੇ ਪੁੱਛਗਿੱਛ ਕੀਤੀ ਜਾ ਸਕੇਗੀ। ਪੰਜ ਵੱਡੇ-ਵੱਡੇ ਜੋੜੇ ਘਰ ਬਣਾਏ ਜਾ ਰਹੇ ਹਨ ਜਿਨ੍ਹਾਂ ਵਿੱਚ ਸੰਗਤਾਂ ਦੇ ਜੋੜਿਆਂ ਦੀ ਸੁਚੱਜੀ ਸੰਭਾਲ ਕੀਤੀ ਜਾਵੇਗੀ। ਹਰ ਇੱਕ ਜੋੜਾ ਘਰ ਵਿੱਚ ਸਤ ਹਜ਼ਾਰ ਬੰਦੇ ਦਾ ਜੋੜਾ ਸੰਭਾਲਣ ਦੀ ਸਮਰੱਥਾ ਹੋਵੇਗੀ। ਇਸ ਹਿਸਾਬ ਨਾਲ ਪੰਜ ਜੋੜਾ ਘਰਾਂ ਵਿੱਚ ਪੈਂਤੀ ਹਜ਼ਾਰ ਜੋੜਾ ਇੱਕੋ ਸਮੇਂ ਸੰਭਾਲ ਲਿਆ ਜਾਵੇਗਾ। ਸੈਂਕੜੇ ਲੈਟਰਿਨ, ਬਾਥਰੂਮ ਨਵੇਂ ਬਣਾ ਕੇ ਵਿੱਚ ਪਾਣੀ ਵਗੈਰਾ ਦਾ ਇੰਤਜ਼ਾਮ ਕਰ ਦਿੱਤਾ, ਤਾਂ ਕਿ ਸੰਗਤ ਨੂੰ ਦਿੱਕਤ ਨਾ ਆਵੇ, ਅਤੇ ਸੈਂਕੜੇ ਮਕਾਨ ਰਿਜ਼ਰਵ ਕਰ ਲਏ ਗਏ, ਬਾਹਰੋਂ ਆਈਆਂ ਸੰਗਤਾਂ ਦੇ ਠਹਿਰਨ ਲਈ। ਮਾਡਲ ਟਾਊਨ, ਅਰਬਨ ਅਸਟੇਟ, ਵਜ਼ੀਰਚੰਦ ਕਾਲੋਨੀ, ਅਤੇ ਹੋਰ ਨੇੜੇ-ਤੇੜੇ ਇਲਾਕੇ ਮੁਹੱਲਿਆਂ ਵਿੱਚ ਰਹਿਣ ਵਾਲੀ ਸੰਗਤ ਦੇ ਮਨਾਂ ਵਿੱਚ ਇਤਨਾ ਉਤਸ਼ਾਹ ਅਤੇ ਸੇਵਾ ਭਾਵਨਾ ਹੈ, ਕਿ ਪਰਿਵਾਰਾਂ ਦੇ ਪਰਿਵਾਰ ਆਪਣੇ ਪਰਿਵਾਰ ਲਈ ਇੱਕ-ਇੱਕ ਕਮਰਾ ਰੱਖ ਕੇ ਬਾਕੀ ਦਾ ਸਾਰਾ ਮਕਾਨ ਬਾਹਰੋਂ ਆਈਆਂ ਸੰਗਤਾਂ ਦੇ ਠਹਿਰਨ ਲਈ ਪ੍ਰਬੰਧਕ ਸੱਜਣਾਂ ਦੇ ਕੋਲ ਨੋਟ ਕਰਵਾਈ ਜਾ ਰਹੇ ਹਨ ਕਿ ਲੋੜ ਪੈਣ ਤੇ ਸਾਡਾ ਮਕਾਨ ਵਰਤੋ ਤਾਂ ਕਿ ਬਾਹਰੋਂ ਆਈ ਗੁਰੂ ਕੀ ਸੰਗਤ ਆਰਾਮ ਨਾਲ ਰਹਿ ਸਕੇ ਅਤੇ ਸਾਨੂੰ ਚਾਰ ਦਿਨ ਸੇਵਾ ਦਾ ਮੌਕਾ ਮਿਲੇ। ਔਹ ਦੇਖੋ! ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਾਲੇ ਪ੍ਰੇਮੀਆਂ ਨੇ ਕਿਤਨੀ ਵੱਡੀ ਸੇਵਾ ਪ੍ਰਾਪਤ ਕੀਤੀ ਹੈ, ਦੋ ਸੌ ਇਕਵੰਜਾ ਅਖੰਡ ਪਾਠਾਂ ਦੇ ਪਾਠੀ ਸਿੰਘ ਜੋ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਹੋਣਗੇ, ਸਾਰਿਆਂ ਨੂੰ ਆਪਣੇ ਸਕੂਲ ਵਿੱਚ ਠਹਿਰਾਉਣ ਅਤੇ ਸਾਰਿਆਂ ਲਈ ਕੱਪੜੇ ਬਿਸਤਰੇ ਆਦਿਕ ਦਾ ਪ੍ਰਬੰਧ ਅਤੇ ਸਾਰਿਆਂ ਨੂੰ ਚਾਹ ਦੁੱਧ ਛਕਾਉਣ ਦੀ ਸੇਵਾ ਮਹਾਂਪੁਰਸ਼ਾਂ ਤੋਂ ਝੋਲੀ ਵਿੱਚ ਪਵਾ ਲਈ। ਸਕੂਲ ਵਿੱਚ ਕਮਰਿਆਂ ਦੀ ਤਾਂ ਕੋਈ ਕਮੀ ਨਹੀਂ, ਹਜ਼ਾਰਾਂ ਬਿਸਤਰੇ ਕਿਰਾਏ ਤੇ ਲੈਣੇ ਸੈਟ ਕਰ ਲਏ ਹਨ, ਲੈਟਰਿਨ ਬਾਥਰੂਮ ਪਹਿਲਾਂ ਵੀ ਸੈਂਕੜੇ ਬੱਚਿਆਂ ਲਈ ਬਣੇ ਹੀ ਹੋਏ ਹਨ। ਲੇਕਿਨ ਸਮਾਗਮ ਵੱਡਾ ਹੋਣ ਕਰਕੇ, ਹੋਰ ਲੈਟਰਿਨ, ਬਾਥਰੂਮ ਬਣਾਏ ਜਾ ਰਹੇ ਹਨ, ਅਤੇ ਪਾਣੀ ਵਾਲੀ ਇੱਕ ਮੋਟਰ ਨਵੀਂ ਲਾਈ ਜਾ ਰਹੀ ਹੈ, ਅਤੇ ਸਿਲੰਡਰ ਚੁੱਲ੍ਹੇ ਆਦਿਕ ਦਾ ਇੰਤਜ਼ਾਮ ਕਰਕੇ ਰੱਖ ਲਿਆ ਹੈ ਤਾਂ ਕਿ ਦੋ ਸੌ ਪੰਜਾਹ ਪਾਠੀ ਇਕੱਠੇ ਡਿਊਟੀ ਤੇ ਜਾਣ ਸਮੇਂ ਗਰਮ-ਗਰਮ ਚਾਹ ਸਕੂਲ ਵਿੱਚ ਛਕ ਕੇ ਤੁਰੇ। ਸਕੂਲ ਭਾਵੇਂ ਸਮਾਗਮ ਅਸਥਾਨ ਤੋਂ ਦੂਰ ਨਹੀਂ, ਜਿੱਥੇ ਚਾਹ ਦੁੱਧ ਅਤੇ ਲੰਗਰ ਆਦਿਕ ਗੁਰੂ ਕੇ ਖੁੱਲ੍ਹੇ ਭੰਡਾਰੇ ਵਰਤਨਗੇ, ਲੇਕਿਨ ਇਹ ਸਕੂਲ ਵਾਲਿਆਂ ਦੀ ਸ਼ਰਧਾ ਦੇਖੋ, ਕਿ ਪਾਠੀ, ਚਾਹ ਦੁੱਧ ਸਕੂਲ ਵਿੱਚੋਂ ਛਕ ਕੇ ਡਿਊਟੀ ਤੇ ਜਾਣ। ਔਹ ਦੇਖੋ! ਕਿਤਨਾ ਸੁੰਦਰ ਅਤੇ ਵੱਡਾ ਕੀਰਤਨ ਪੰਡਾਲ ਬਣ ਗਿਆ ਹੈ। ਜਿਸ ਵਿੱਚ ਕੋਈ ਵੀਹ ਹਜ਼ਾਰ ਬੰਦਾ ਬੈਠ ਕੇ ਇਲਾਹੀ ਬਾਣੀ ਦੇ ਕੀਰਤਨ ਦਾ ਅਨੰਦ ਮਾਣ ਸਕੇਗਾ। ਇੱਧਰ ਪਾਠ ਪੰਡਾਲ ਕਿਤਨਾ ਵੱਡਾ, ਕਿਤਨਾ ਸੁੰਦਰ ਅਤੇ ਵਾਟਰਪਰੂਫ ਬਣ ਰਿਹਾ ਹੈ ਜੋ ਮੀਂਹ ਕਣੀ ਦੀ ਹਾਲਤ ਵਿੱਚ ਵੀ ਇੱਕ ਸੁੰਦਰ ਕਿਲੇ ਦਾ ਕੰਮ ਕਰੇਗਾ, ਇਸ ਵਿੱਚ ਦੋ ਸੌ ਇਕਵੰਜਾ ਸ੍ਰੀ ਅਖੰਡ ਪਾਠ ਸਾਹਿਬ ਪਰਾਰੰਭ ਹੋਣਗੇ। ਇਹ ਪਾਠ ਪੰਡਾਲ ਚਾਰੋਂ ਤਰਫ ਉਸਾਰੇ ਜਾ ਰਹੇ ਪੰਡਾਲਾਂ




ਨਿਰਮਲ ਆਸ਼ਰਮ ਹਸਪਤਾਲ, ਰਿਸ਼ੀਕੇਸ਼



ਨਿਰਮਲ ਬਾਗ, ਕਨਖਲ : ਉੱਪਰ- ਪਹਿਲੀ ਬਿਲਡਿੰਗ, ਨੀਚੇ- ਨਵੀਂ ਬਿਲਡਿੰਗ





ਪੂਜਯ ਮਹੰਤ ਬਾਬਾ ਰਾਮ ਸਿੰਘ ਮਹਾਰਾਜ ਜੀਆਂ ਦੇ ਵਿਦੇਸ਼ ਯਾਤ੍ਰਾ ਸਮੇਂ ਦੇ ਦ੍ਰਿਸ਼





ਕਾਰਸੇਵਾ : ਉੱਪਰ- ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ ਕਾਰ ਸੇਵਾ ਕਰਦੇ ਹੋਏ, ਨੀਚੇ- ਸੰਗਤਾਂ ਲੈਂਟਰ ਦੀ ਸੇਵਾ ਕਰਦੀਆਂ ਹੋਈਆਂ।

ਦੇ ਵਿਚਕਾਰ ਇਉਂ ਸੁਸ਼ੋਭਿਤ ਹੈ ਜਿਵੇਂ ਵੱਡੇ-ਵੱਡੇ ਫਲਦਾਰ ਅਤੇ ਸੁੰਦਰ ਫੁੱਲਾਂ ਵਾਲੇ ਬੂਟਿਆਂ ਦੇ ਵਿਚਕਾਰ ਸਹਿਨਸ਼ਾਹੀ ਮਹੱਲ ਹੋਵੇ, ਯਾ ਇਉਂ ਸਮਝੋ ਜਿਵੇਂ ਹੋਰ ਦਿੱਬ੍ਰਿਯ ਪੁਰੀਆਂ ਦੇ ਵਿਚਕਾਰ ਬਿਸ਼ਨਪੁਰੀ ਹੋਵੇ, ਅਤੇ ਬਣਾਉਣ ਸਮੇਂ ਵੀ ਆਲੇ ਦੁਆਲੇ ਦੇ ਹੋਰ ਪੰਡਾਲ ਇਸ ਤੋਂ ਲੋੜੀਂਦੀ ਦੂਰੀ ਤੇ ਬਣਾਏ ਗਏ ਹਨ ਤਾਂ ਕਿ ਪਾਠ ਪੰਡਾਲ ਵਿੱਚ ਹਰ ਸਮੇਂ ਪੂਰੀ ਇਕਾਂਤ ਬਣੀ ਰਹੇ। ਔਹ ਸੰਤ ਨਿਵਾਸ ਦੇਖੋ ਕਿਤਨਾ ਸੁੰਦਰ ਬਣ ਰਿਹਾ ਹੈ, ਜਿਸ ਵਿੱਚ ਮਹਾਂਪੁਰਸ਼ ਸੁਸ਼ੋਭਿਤ ਹੋ ਕੇ ਸਮਾਗਮ ਦੀ ਨਿਗਰਾਨੀ ਕਰਨਗੇ, ਆਈਆਂ ਸੰਗਤਾਂ ਨੂੰ ਮਿਲਣਗੇ ਅਤੇ ਪਾਠੀ ਸਿੰਘਾਂ ਨੂੰ ਸਿਰੋਪਾਉ ਬਖਸ਼ਿਸ਼ ਕਰਨਗੇ। ਐਹ ਇੱਕ ਹੋਰ ਸੁੰਦਰ ਟੈਂਟ ਲਾਇਆ ਜਾ ਰਿਹਾ, ਜਿੱਥੇ ਸਾਰੇ ਸੰਚਾਰ ਸਾਧਨ ਦਾ ਹੈਡ ਆਫਿਸ ਹੋਵੇਗਾ, ਅਤੇ ਸਮੇਂ-ਸਮੇਂ ਇੱਥੋਂ ਪ੍ਰੋਗਰਾਮ ਅਨਾਊਂਸ ਹੁੰਦੇ ਰਹਿਣਗੇ। ਇੱਧਰ ਨਾਲ ਹੀ ਇੱਕ ਸੁੰਦਰ ਸ਼ਾਮਿਆਨਾ ਲਾ ਕੇ ਚਾਰੋਂ ਤਰਫ ਤੋਂ ਬੰਦ ਇੱਕ ਆਰਜ਼ੀ ਹਸਪਤਾਲ ਬਣਾਇਆ ਜਾ ਰਿਹਾ ਹੈ, ਜਿਸ ਵਿੱਚ ਯੋਗ ਡਾਕਟਰਾਂ ਦੀ ਟੀਮ ਦਿਨ ਰਾਤ ਹਰ ਪ੍ਰਕਾਰ ਦੇ ਮਰੀਜ਼ਾਂ ਦੀ ਫਰੀ ਸਹਾਇਤਾ ਕਰਦੀ ਰਹੇਗੀ। ਇੱਧਰ ਇੱਕ ਬਿਜਲੀ ਸਪਲਾਈ ਦਾ ਹੈਡ ਆਫਿਸ ਬਣਾਇਆ ਜਾ ਰਿਹਾ ਹੈ, ਜਿੱਥੋਂ ਮੀਲਾਂ ਵਿੱਚ ਫੈਲੇ ਜੋੜਮੇਲੇ ਦੇ ਲੱਖਾਂ ਪੁਆਇੰਟ, ਟਿਊਬ, ਬੱਲਬ, ਸਰਚ ਲਾਈਟਾਂ, ਜਗਮਗ ਅਤੇ ਅਨੇਕਾਂ ਪ੍ਰਕਾਰ ਦੀਆਂ ਸਜਾਵਟੀ ਲਾਈਟਾਂ ਦਾ ਪ੍ਰਬੰਧ ਹੋਵੇਗਾ। ਭਾਵੇਂ ਬਿਜਲੀ ਮਹਿਕਮੇਂ ਦੇ ਵੱਡੇ-ਵੱਡੇ ਅਫਸਰਾਂ ਨੇ ਬਿਜਲੀ ਸਪਲਾਈ ਚੌਵੀ ਘੰਟੇ ਬਰਕਰਾਰ ਰੱਖਣ ਦਾ ਭਰੋਸਾ ਦਿੱਤਾ ਹੈ, ਫਿਰ ਵੀ ਅਗਰ ਕਿਸੇ ਵਜ੍ਹਾ ਕਰਕੇ ਬਿਜਲੀ ਚਲੀ ਜਾਵੇ, ਜਾਂ ਕੋਈ ਵਿਘਨ ਪੈ ਜਾਣ ਦੀ ਹਾਲਤ ਵਿੱਚ ਵੱਡੇ-ਵੱਡੇ ਯਾਨੀ ਸੱਤਰ ਕਿਲੋਵਾਟ ਦੇ ਚਾਰ ਜਨਰੇਟਰ ਫਿਟ ਕੀਤੇ ਹਨ, ਮਾਨੋਂ ਤੇਤੀ ਕੇ.ਵੀ. ਦਾ ਇੱਕ ਛੋਟਾ ਗਰਿਡ ਤਿਆਰ ਹੋ ਰਿਹਾ ਹੈ, ਇਸਦਾ ਸਾਰਾ ਪ੍ਰਬੰਧ (ਮੈਨਜਮੈਂਟ) ਗੋਰਮਿੰਟ ਦੇ ਯੋਗ ਅਧਿਕਾਰੀ ਚੌਵੀ ਘੰਟੇ ਹਾਜ਼ਰ ਰਹਿ ਕੇ ਕਰਨਗੇ। ਪੀਣ ਵਾਲੇ ਪਾਣੀ ਦੀ ਜ਼ਰੂਰਤ ਪੂਰੀ ਕਰਨ ਲਈ ਇੱਕ ਹਜ਼ਾਰ ਲੀਟਰ ਤੋਂ ਲੈ ਕੇ ਪੰਜ ਹਜ਼ਾਰ ਲੀਟਰ ਪਾਣੀ ਵਾਲੀਆਂ ਟੈਂਕੀਆਂ ਜਗ੍ਹਾ-ਜਗ੍ਹਾ ਰੱਖੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਚੌਵੀ ਘੰਟੇ ਟੈਂਕਰਾਂ ਰਾਹੀਂ ਚਾਲੂ ਰੱਖੀ ਜਾਵੇਗੀ। ਸਾਰੇ ਸੈਕਟਰ ਵਿੱਚ ਪਾਣੀ ਵਾਲੇ ਵੱਡੇ ਟੈਂਕਰ ਪਾਣੀ ਛਿੜਕ ਰਹੇ ਹਨ ਤਾਂ ਕਿ ਵਾਹ ਸਵਾਰ ਕੇ ਲੈਵਲ ਕੀਤੀ ਮਿੱਟੀ ਪੂਰੀ ਤਰ੍ਹਾਂ ਦਬ ਜਾਵੇ, ਇਹ ਵੀ ਆਪਣੀ ਸੇਵਾ ਕਈ ਦਿਨਾਂ ਤੋਂ ਲਗਾਤਾਰ ਕਰੀ ਜਾ ਰਹੇ ਹਨ। ਗੌਰਮਿੰਟ ਦੇ ਅਧਿਕਾਰੀ ਵੀ ਸੇਵਾ ਦੇ ਇਸ ਮਹਾਨ ਕੁੰਭ ਵਿੱਚ ਹਿੱਸਾ ਪਾਉਣ ਤੋਂ ਪਿੱਛੇ ਨਹੀਂ ਰਹਿ ਰਹੇ, ਉਹ ਵੀ ਕਈ ਨਵੀਆਂ ਸੜਕਾਂ ਦਿਨ ਰਾਤ ਇੱਕ ਕਰਕੇ ਬਣਾ ਰਹੇ ਹਨ। ਔਹ ਦੇਖੋ! ਜਿੱਥੇ ਸੰਗਤਾਂ ਨੇ ਬੈਠ ਕੇ ਲੰਗਰ ਛੱਕਣਾ ਹੈ ਸਾਰੇ ਥਾਂ ਵਿੱਚ ਲੁੱਕ ਬਜਰੀ ਪਾਈ ਜਾ ਰਹੀ ਹੈ। ਇੱਕ ਪ੍ਰੇਮੀ ਮਹਿੰਦਰ ਮਲਿਕ ਦਾ ਰੋਡ ਰੋਲਰ ਵੀ ਗਿੱਲੀ ਮਿੱਟੀ ਨੂੰ ਦਬਾਉਣ ਲਈ ਦਿਨ ਰਾਤ ਚੱਲੀ ਜਾ ਰਿਹਾ ਹੈ। ਐਹ ਇੱਕ ਲੋਹੇ ਦੀਆਂ ਚਾਦਰਾਂ ਦਾ ਕਿਤਨਾ ਸੁੰਦਰ ਬੰਦ ਮਕਾਨ ਬਣ ਰਿਹਾ ਹੈ, ਜਿਸ ਵਿੱਚ ਹਜ਼ਾਰਾਂ ਬੋਰੀ ਆਟਾ, ਚਾਵਲ, ਦਾਲਾਂ, ਚੀਨੀ ਅਤੇ ਘਿਉ ਆਦਿ ਲੰਗਰ ਦਾ ਸੁੱਕਾ ਰਾਸ਼ਨ ਰੱਖਿਆ ਜਾਵੇਗਾ। ਨਾਲ ਹੀ ਕਿਤਨਾ ਵੱਡਾ ਹਾਲ ਬਣਾਇਆ ਜਾ ਰਿਹਾ ਹੈ ਜਿਸ ਵਿੱਚ ਸਬਜ਼ੀ ਦੇ ਟਰੱਕ ਉਤਾਰੇ ਜਾਣਗੇ, ਅਤੇ ਸਬਜ਼ੀ ਕੱਟਣ ਵਾਲੇ ਬੈਠਕੇ ਸੇਵਾ ਕਰਦੇ ਰਹਿਣਗੇ। ਇੱਧਰ ਨਾਲ ਹੀ ਇੱਕ ਸੀਮਿੰਟ ਦਾ ਪੱਕਾ ਫਰਸ਼ ਬਣਾਇਆ ਜਾ ਰਿਹਾ ਹੈ ਜਿੱਥੇ ਕੱਟੀ ਹੋਈ ਸਬਜ਼ੀ ਪਾਣੀ ਨਾਲ ਧੋਤੀ ਜਾਏਗੀ। ਇੱਧਰ ਨਾਲ ਹੀ ਸ਼ਾਮਿਆਨੇ ਦੇ ਹੇਠ ਗੈਸ ਦੀਆਂ ਦਸ ਭੱਠੀਆਂ, ਡੀਜ਼ਲ ਦੀਆਂ ਅਤੇ ਲੱਕੜ ਵਾਲੇ ਪੰਦਰਾਂ ਚੁੱਲੇ ਸੈੱਟ ਕੀਤੇ ਜਾ ਰਹੇ ਹਨ, ਜਿਨ੍ਹਾਂ ਉਪਰ ਦਾਲ, ਸਬਜ਼ੀ, ਚਾਵਲ, ਖੀਰ, ਕੜਾਹ ਪ੍ਰਸ਼ਾਦ, ਲੱਡੂ, ਜਲੇਬੀ ਅਤੇ ਹੋਰ ਮਿਠਾਈਆਂ ਬਣਾਈਆਂ ਜਾਣਗੀਆਂ। ਇਸ ਤਰਫ ਬਿਲਕੁੱਲ ਨਾਲ ਹੀ ਦੇਖੋ! ਤਿੰਨ ਮਸ਼ੀਨਾਂ ਆਟਾ ਗੁੰਨ੍ਹਣ ਦੀਆਂ ਫਿਟ ਹੋ ਰਹੀਆਂ ਹਨ। ਐਹ ਦੂਸਰੇ ਪਾਸੇ ਪ੍ਰਸ਼ਾਦੇ ਬਣਾਉਣ ਲਈ ਅੱਠ ਚੁੱਲ੍ਹੇ ਗੈਸ ਦੇ ਵੱਡੇ ਅਤੇ ਛੇ ਲੱਕੜ ਵਾਲੇ ਤਿਆਰ ਹੋ ਰਹੇ ਹਨ। ਦੂਸਰੇ ਪਾਸੇ ਥੋੜ੍ਹਾ ਫਰਕ ਨਾਲ ਗੈਸ ਦਾ ਕਈ ਸੌ ਸਿਲੰਡਰ ਜਮ੍ਹਾਂ ਪਿਆ ਹੈ। ਜ਼ਰਾ ਧਿਆਨ ਨਾਲ ਉਧਰ ਤੱਕੋ! ਜਿੰਦਗੀ ਵਿੱਚ ਪਹਿਲੀ ਵਾਰ ਇੱਕ ਅਸ਼ਚਰਜ ਕੌਤਕ ਦੇਖ ਰਹੇ ਹਾਂ। ਇੱਕ ਪਾਈਪ ਵਿਛਾਈ ਜਾ ਰਹੀ ਹੈ ਜਿਸ ਦੇ ਸਿਰੇ ਤੇ ਜਾ ਕੇ ਚੁਰੰਜਾਂ ਟੂਟੀਆਂ ਫਿੱਟ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚੋਂ ਹਰ ਸਮੇਂ ਦਿਨ ਰਾਤ ਗਰਮ-ਗਰਮ ਚਾਹ ਮਿਲਦੀ ਰਹੇਗੀ, ਕਿਸੇ ਵੀ ਅਮੀਰ, ਗਰੀਬ, ਵੱਡੇ ਛੋਟੇ ਨੂੰ ਚਾਹ ਪੀਣ ਲਈ ਪੰਗਤ ਵਿੱਚ ਨਹੀਂ ਬੈਠਣਾ ਪਵੇਗਾ, ਅਤੇ ਨਾ ਹੀ ਬਰਤਨ ਲੈ ਕੇ ਵਰਤਾਉਣੀ ਪਵੇਗੀ, ਜਦੋਂ ਮਨ ਕਰੇ ਟੂਟੀਆਂ ਵਿੱਚੋਂ ਪੀਤੀ ਜਾ ਸਕੇਗੀ, ਅਤੇ ਗਰਮ ਰੱਖਣ ਲਈ ਵੀ ਇਤਨਾ ਸੁੰਦਰ ਇੰਤਜ਼ਾਮ ਕੀਤਾ ਗਿਆ ਹੈ ਕਿ ਹਰ ਸਮੇਂ ਦਿਨ ਰਾਤ ਤਾਜ਼ੀ ਅਤੇ ਭੱਠੀ ਤੇ

ਉਬਾਲੀ ਵਾਂਗ ਪੂਰੀ ਗਰਮ ਮਿਲੇਗੀ। ਐਹ ਨਾਲ ਹੀ ਦੁੱਧ ਦੇ ਟੈਂਕਰ ਖੜ੍ਹੇ ਕਰਨ ਲਈ ਜਗ੍ਹਾ ਬਣਾਈ ਗਈ ਹੈ, ਜਿੱਥੋਂ ਖਾਲੀ ਟੈਂਕਰ ਚਲਾ ਜਾਇਆ ਕਰੇਗਾ, ਅਤੇ ਭਰਿਆ ਆ ਖੜ੍ਹ ਜਾਇਆ ਕਰੇਗਾ। ਇੱਧਰ ਦੂਜੇ ਪਾਸੇ ਇੱਕ ਹੋਰ ਪਾਰਟ ਬਣਾਇਆ ਗਿਆ ਹੈ ਜਿੱਥੇ ਪੱਕਾ ਰਾਸ਼ਨ, ਜਿਵੇਂ ਦਾਲ, ਸਬਜ਼ੀ, ਚਾਵਲਾਂ ਦੇ ਕੜਾਹੇ ਅਤੇ ਪੱਕੇ ਹੋਏ ਪਰਸ਼ਾਦੇ ਰੱਖੇ ਜਾਇਆ ਕਰਨਗੇ, ਇੱਥੋਂ ਹੀ ਵਰਤਾਉਣ ਵਾਲੀ ਜਗ੍ਹਾ ਨੂੰ ਸਪਲਾਈ ਹੁੰਦੇ ਰਹਿਣਗੇ। ਐਹ ਥੋੜ੍ਹਾ ਅੱਗੇ ਜਾ ਕੇ ਕਿੰਨਾਂ ਸੁੰਦਰ ਹੇਠੋਂ ਪੱਕ ਪੰਡਾਲ ਬਣਾ ਕੇ, ਸੰਗਤਾਂ ਦੇ ਲੰਗਰ ਛਕਣ ਲਈ ਉੱਪਰ ਲਾਈਨ ਵਿੱਚ ਸੁੰਦਰ ਟਾਟ ਵਿਛਾਏ ਗਏ ਹਨ, ਜਿਸ ਵਿੱਚ ਦਸ ਹਜ਼ਾਰ ਬੰਦਾ ਇੱਕੋ ਸਮੇਂ ਲੰਗਰ ਛਕੇਗਾ। ਇੱਧਰ ਕਿੰਨੇ ਵੱਡੇ-ਵੱਡੇ ਚੁਬੱਚੇ ਬਣਾਏ ਜਾ ਰਹੇ ਹਨ ਜਿਨ੍ਹਾਂ ਵਿੱਚ ਜੂਠੇ ਬਰਤਨ ਸਾਫ ਕੀਤੇ ਜਾਣਗੇ, ਕੁਝ ਐਸੇ ਹਨ ਜਿਨ੍ਹਾਂ ਵਿੱਚ ਸਾਬਣ ਘੋਲਿਆ ਜਾਵੇਗਾ ਉਹ ਅਲੱਗ ਹਨ ਅਤੇ ਸਾਫ ਪਾਣੀ ਜਿਨ੍ਹਾਂ ਵਿੱਚ ਹੋਵੇਗਾ, ਉਹ ਵੱਖਰੇ ਹਨ। ਇਨ੍ਹਾਂ ਦੇ ਬਿਲਕੁੱਲ ਨਾਲ ਹੀ ਇੱਕ ਬੋਰ ਕਰਕੇ ਮੋਟਰ ਫਿੱਟ ਕਰ ਦਿੱਤੀ ਹੈ ਤਾਂ ਕਿ ਚੌਵੀ ਘੰਟੇ ਚੁਬੱਚੇ ਸਾਫ ਹੁੰਦੇ ਰਹਿਣ। ਮਾਨੋਂ ਹਰ ਸਮੇਂ ਮੋਟਰ ਦੇ ਚੱਲਦੇ ਪਾਣੀ ਵਿੱਚ ਬਰਤਨ ਸਾਫ ਕੀਤੇ ਜਾਣਗੇ। ਇੱਧਰ ਨਾਲ ਹੀ ਆਰਜ਼ੀ ਪਾਈਪ ਲਾਈਨਾਂ ਖਿੱਚ ਕੇ ਜਗ੍ਹਾ-ਜਗ੍ਹਾ ਪਾਣੀ ਦੀਆਂ ਟੂਟੀਆਂ ਫਿੱਟ ਕਰ ਰਹੇ ਹਨ, ਤਾਂ ਕਿ ਸੰਗਤਾਂ ਨੂੰ ਪਾਣੀ ਦੀ ਜ਼ਰੂਰਤ ਪੂਰੀ ਕਰਨ ਲਈ ਦੂਰ ਨਾ ਜਾਣਾ ਪਵੇ। ਔਹ ਦੇਖੋ! ਬਾਈਪਾਸ ਤੇ ਕਿਤਨਾ ਸੁੰਦਰ ਗੇਟ ਬਣਾਇਆ ਗਿਆ ਹੈ, ਇਸਦੀ ਸੁੰਦਰਤਾ ਬਹੁਤ ਹੀ ਦਿਲਕਸ਼ ਹੈ। ਇਸ ਦੇ ਦੋਨੋਂ ਤਰਫ ਪਾਵਨ ਗੁਰਬਾਣੀ ਦੀਆਂ ਢੁੱਕਵੀਆਂ ਲਾਈਨਾਂ ਕੱਪੜੇ ਉਪਰ ਉਕਰ ਕੇ ਬੈਨਰਜ਼ ਲਾਏ ਗਏ ਹਨ, ਜੋ ਦਿੱਲੀ, ਪੰਜਾਬ ਜਾਣ ਵਾਲੀਆਂ ਸਾਈਡਾਂ ਨੂੰ ਸਫਰ ਕਰ ਰਹੇ ਯਾਤਰੀ ਗੱਡੀ ਵਿੱਚ ਬੈਠੇ ਹੀ ਅੰਦਾਜ਼ਾ ਲਗਾ ਸਕਣਗੇ ਕਿ ਇਸ ਗੇਟ ਦੇ ਅੰਦਰ ਸੱਚ ਹੀ ਬੈਕੁੰਠ ਨਗਰ ਵਸਿਆ ਹੋਏਗਾ। ਸਜਾਵਟ ਕਰਨ ਵਾਲੀ ਇੱਕ ਸਹਾਰਨਪੁਰ ਦੀ ਮਸ਼ਹੂਰ ਪਾਰਟੀ ਵੱਡੀ ਕੁਟੀਆ ਤੋਂ ਛੋਟੀ ਕੁਟੀਆ ਤਕ ਦੇ ਸਾਰੇ ਏਰੀਏ ਵਿੱਚ ਸੜਕਾਂ ਅਤੇ ਪੰਡਾਲਾਂ ਵਿੱਚ ਝੰਡੀਆਂ ਅਤੇ ਰੰਗ-ਬਰੰਗੀਆਂ ਫੁੱਲ-ਪੱਤੀਆਂ ਲਾ ਕੇ ਸਾਰੇ ਏਰੀਏ ਨੂੰ ਦਿਲਕਸ਼ ਬਣਾ ਰਹੀ ਹੈ। ਬਿਜਲੀ ਡਿਪਾਰਟਮੈਂਟ ਵਾਲਿਆਂ ਨੇ ਤਾਂ ਅਨੇਕਾਂ ਕਿਸਮਾਂ ਦੇ ਰੰਗ ਬਰੰਗੇ ਬੱਲਬ ਲਾਈਟਾਂ ਅਤੇ ਡਿੱਪਰ ਵਾਲੀਆਂ ਲੜੀਆਂ ਜਗ੍ਹਾ-ਜਗ੍ਹਾ ਫਿੱਟ ਕਰਕੇ ਮਾਨੋਂ ਰਾਤ ਨੂੰ ਰੰਗ ਬਰੰਗੇ ਦਿਨ ਵਿੱਚ ਬਦਲ ਦਿੱਤਾ ਹੈ। ਵੱਡੀ ਕੁਟੀਆ ਨੂੰ ਬਿਜਲੀ ਵਾਲਿਆਂ ਨੇ ਆਪਣੀ ਕਲਾ ਨਾਲ ਜੋ ਬਾਹਰੀ ਤੌਰ ਤੇ ਸੁੰਦਰ ਜਾਮਾਂ ਪਹਿਨਾਇਆ ਹੈ ਉਹ ਬਹੁਤ ਹੀ ਅਦਭੁਤ ਹੈ, ਅਤੇ ਰਾਤ ਨੂੰ ਦੂਰੋਂ ਦੇਖਿਆ ਇਉਂ ਪ੍ਰਤੀਤ ਹੋ ਰਹੀ ਹੈ ਜਿਵੇਂ ਅਕਾਸ਼ ਵਿੱਚ ਧਰੂ ਦੀ ਪੁਰੀ ਹੋਵੇ। ਅਰਸ਼ੀ ਪ੍ਰੀਤਮ ਵੀ ਹਰ ਰੋਜ਼ ਇੱਕ ਅੱਧ ਚੱਕਰ ਦਿਨੇ ਜਾਂ ਰਾਤ ਨੂੰ ਇਸ ਨਵੀਂ ਉਸਰ ਰਹੀ ਪੁਰੀ ਵਿੱਚ ਲਾਉਂਦਾ ਹੈ ਜਿਸ ਨਾਲ ਸੇਵਾ ਕਰ ਰਹੇ ਪ੍ਰੇਮੀ ਦਰਸ਼ਨ ਕਰਕੇ ਉਤਸ਼ਾਹ ਨਾਲ ਭਰ ਜਾਂਦੇ ਹਨ ਅਤੇ ਪੁਰੀ ਵੀ ਜਗਮਗ ਕਰ ਰਹੀਆਂ ਰੰਗ ਬਰੰਗੀਆਂ ਲਾਈਟਾਂ ਨਾਲ ਤਾਰਾ ਮੰਡਲ ਦੀ ਨਿਆਈ ਭਾਵੇਂ ਭਰਪੂਰ ਹੈ, ਲੇਕਿਨ ਆਪ ਦੇ ਵਿੱਚ ਪ੍ਰਵੇਸ਼ ਕਰਨ ਨਾਲ ਇਉਂ ਜਗਮਗ ਕਰ ਉਠਦੀ ਹੈ, ਜਿਵੇਂ ਚੰਦਰਮਾ ਉਦਯ ਹੋ ਗਿਆ ਹੋਵੇ।

## ਨਗਰ ਕੀਰਤਨ ਦੇ ਸੰਖੇਪ ਦਰਸ਼ਨ 10 ਨਵੰਬਰ 1993

ਅੱਠ ਨਵੰਬਰ ਨੂੰ ਛੋਟੀ ਕੁਟੀਆ ਸੱਤ ਸ੍ਰੀ ਅਖੰਡ ਪਾਠ ਸਾਹਿਬ ਪਰਾਰੰਭ ਕੀਤੇ ਗਏ। ਲੰਗਰ ਗੁਰੂ ਕੇ ਅਤੁੱਟ ਵਰਤਨੇ ਸ਼ੁਰੂ ਹੋ ਗਏ, ਸੰਗਤਾਂ ਵੀ ਦੂਰੋਂ ਨੇੜਿਉਂ ਕਾਫੀ ਗਿਣਤੀ ਵਿੱਚ ਪਹੁੰਚ ਚੁੱਕੀਆਂ ਹਨ ਅਤੇ ਤਿਆਰੀ ਕਾਰਜ ਵੀ ਸਾਰੇ ਸੰਪੂਰਨ ਹੋ ਗਏ। ਅੱਜ ਦਸ ਨਵੰਬਰ ਵਾਲੇ ਦਿਨ ਸਵੇਰੇ ਛੇ ਵਜੇ ਸ੍ਰੀ ਅਖੰਡ ਪਾਠਾਂ ਦੇ ਭੋਗ ਸ਼ੁਰੂ ਹੋ ਕੇ ਕੋਈ ਸਾਢੇ ਕੁ ਸੱਤ ਵਜੇ ਤੱਕ ਸੰਪੂਰਨ ਹੋ ਗਏ। ਹੁਣ ਸੰਗਤਾਂ ਨੇ ਨਾਸ਼ਤੇ ਪਾਣੀ ਕਰਕੇ ਜਲੂਸ ਵਿੱਚ ਸ਼ਾਮਲ ਹੋਣ ਵਾਸਤੇ ਤਿਆਰੀ ਕਰ ਲਈ।

ਔਹ ਦੇਖੋ! ਵੱਡੀ ਕੁਟੀਆ, ਸੰਗਤਾਂ ਦਾ ਭਾਰੀ ਜਮਾਉ ਸ਼ੁਰੂ ਹੋ ਗਿਆ। ਇੱਕ ਬਹੁਤ ਸੁੰਦਰ ਪਾਲਕੀ ਸਜਾ ਲਈ ਗਈ, ਜਿਸ ਵਿੱਚ ਜੁਗੋ ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁਸ਼ੋਭਿਤ ਹੋ ਗਏ। ਸਭ ਤੋਂ ਅੱਗੇ ਕੇਸਰੀ ਜਾਮੇਂ ਪਹਿਣ ਕੇ ਹੱਥ ਵਿੱਚ ਨੰਗੀਆਂ ਕਿਰਪਾਨਾਂ ਲਈ ਪੰਜ ਪਿਆਰੇ ਸੁਸ਼ੋਭਿਤ ਹਨ, ਪਿੱਛੇ ਸੁੰਦਰ ਵਰਦੀਆਂ ਵਿੱਚ ਸਕੂਲੀ ਬੱਚੇ, ਜਗ੍ਹਾ-ਜਗ੍ਹਾ ਟਰਾਲੀਆਂ ਟਰੈਕਟਰਾਂ ਅਤੇ ਟੈਂਪੂਆਂ ਵਿੱਚ ਸੰਗਤਾਂ ਮਾਈਕ ਫਿੱਟ ਕਰਕੇ ਸ਼ਬਦ ਕੀਰਤਨ ਕਰ ਰਹੀਆਂ ਹਨ। ਛਤਰੀ ਤੋਂ ਬਗੈਰ ਇੱਕ ਰੋਡੀ ਜੀਪ ਵਿੱਚ ਅਰਸ਼ੀ ਨੂਰ ਸੁਸ਼ੋਭਿਤ ਹੈ, ਆਪ ਦੇ ਦੋਨੋਂ ਪਾਸੇ ਸਤਿਕਾਰਯੋਗ ਸੰਤ

ਜੋਧ ਸਿੰਘ ਜੀ ਅਤੇ ਸਤਿਕਾਰਯੋਗ ਸੰਤ ਗੁਰਿੰਦਰ ਸਿੰਘ (ਛੋਟੂ ਬਾਬਾ) ਜੀ ਸੁਸ਼ੋਭਿਤ ਹਨ। ਅਤੇ ਨਾਲ ਹੀ ਨਿਰਮਲ ਸੰਪ੍ਰਦਾਇ ਦੀ ਮਹਾਨ ਅਤੇ ਪੂਜਨੀਕ ਹਸਤੀ, ਨਿਰਮਲ ਪੰਚਾਇਤੀ ਅਖਾੜੇ ਦੇ ਸ੍ਰੀ ਮਹੰਤ ਸਾਹਿਬ ਸ੍ਰੀਮਾਨ ੧੦੮ ਮਹੰਤ ਗਿਆਨ ਦੇਵ ਸਿੰਘ ਜੀ ਸੁਸ਼ੋਭਿਤ ਹਨ। ਹੁਣ ਅਰਦਾਸ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਹੇਠ ਨਗਰ ਕੀਰਤਨ ਇੱਕ ਜਲੂਸ ਦੀ ਸ਼ਕਲ ਵਿੱਚ ਸ਼ੁਰੂ ਹੋਇਆ, ਜਿਸ ਵਿੱਚ ਰਲੀਆਂ ਮਿਲੀਆਂ ਸੰਗਤਾਂ, ਮਜ਼੍ਹਬਾਂ, ਫਿਰਕਿਆਂ ਦੀ ਗੰਦੀ ਬੂ ਤੋਂ ਉਪਰ ਬਹੁਤ ਉਤਸ਼ਾਹ ਜਨਕ ਨਜ਼ਰ ਆ ਰਹੀਆਂ ਹਨ। ਗੁਰਬਾਣੀ ਦੇ ਸ਼ਬਦਾਂ ਤੋਂ ਬਿਨ੍ਹਾਂ ਦੂਜੀ ਕੋਈ ਆਵਾਜ਼ ਕੰਨਾਂ ਵਿੱਚ ਨਹੀਂ ਪੈ ਰਹੀ, ਮਾਨੋਂ ਅਕਾਸ਼ ਅਤੇ ਸਾਰੇ ਵਾਤਾਵਰਣ ਦੇ ਕਣ-ਕਣ ਵਿੱਚੋਂ ਗੁਰਬਾਣੀ ਹੀ ਸੁਣਾਈ ਦੇ ਰਹੀ ਹੈ। ਔਹ ਦੇਖੋ! ਜਲੂਸ ਦੇ ਅੱਗੇ-ਅੱਗੇ ਸੰਗਤਾਂ ਕਿਵੇਂ ਉਤਸ਼ਾਹ ਨਾਲ ਝਾੜੂਆਂ ਨਾਲ ਸਾਫ ਕਰਕੇ ਪਾਣੀ ਛਿੜਕ ਰਹੀਆਂ ਹਨ, ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਦੇ ਅੱਗੇ-ਅੱਗੇ ਦੁੱਧ ਨਾਲ ਸੜਕ ਧੋਤੀ ਜਾ ਰਹੀ ਹੈ। ਜਲੂਸ ਸਹਿਜੇ-ਸਹਿਜੇ ਗੁਰਬਾਣੀ ਦੀ ਧੁਨੀ ਵਿੱਚ ਬਹੁਤ ਪ੍ਰੇਮ ਨਾਲ ਚੱਲ ਰਿਹਾ ਹੈ। ਔਹ! ਹੁਣ ਅਕਾਸ਼ ਵਿੱਚੋਂ ਪੁਸ਼ਪ ਵਰਸ਼ਾ ਸ਼ੁਰੂ ਹੋ ਗਈ, ਵਿਮਾਨ ਬਾਰ-ਬਾਰ ਚੱਕਰ ਕੱਟ ਕੇ ਸਹਿਜੇ-ਸਹਿਜੇ ਚੱਲ ਰਹੇ ਜਲੂਸ ਉਪਰ ਪੁਸ਼ਪ ਵਰਸ਼ਾ ਕਰਕੇ ਆਪਣਾ ਫਰਜ਼ ਪੂਰਾ ਕਰ ਰਿਹਾ ਹੈ। ਔਹ ਹੁਣ ਹਸਪਤਾਲ ਚੌਂਕ ਆ ਗਿਆ ਜਿੱਥੋਂ ਜਲੂਸ ਨੇ ਕੁੰਜਪੁਰਾ ਰੋਡ ਵੱਲ ਨੂੰ ਮੋੜ ਕੱਟਕੇ ਸ਼ਬਜੀ ਮੰਡੀ ਚੌਂਕ ਵੱਲ ਰੁਖ ਕੀਤਾ। ਐਹ ਹੁਣ ਇੱਕ ਬਹੁਤ ਸੁੰਦਰ ਗੇਟ ਆ ਗਿਆ, ਜੋ ਬੇਦੀ ਗਾਰਮੈਂਟਸ ਵੱਲੋਂ ਬਣਾਇਆ ਗਿਆ ਹੈ। ਇਹ ਪ੍ਰੇਮੀ ਸੰਗਤਾਂ ਨੂੰ ਠੰਡਾ-ਠੰਡਾ ਜਲ ਛਕਾ ਰਹੇ ਹਨ। ਨਾਲ ਹੀ ਸੇਠ ਗਿਲਾਸ ਵੱਲੋਂ ਫਰੂਟ ਅਤੇ ਜਲ ਨਾਲ ਸੇਵਾ ਹੋ ਰਹੀ ਹੈ। ਔਹ ਥੋੜ੍ਹੀ ਦੂਰ ਜਾ ਕੇ ਇੱਕ ਹੋਰ ਸੁੰਦਰ ਗੇਟ ਆ ਗਿਆ, ਜਿਸ ਦੀ ਸੇਵਾ ਕਰਨ ਸਵੀਟਸ ਵਾਲਿਆਂ ਵੱਲੋਂ ਹੋਈ ਹੈ। ਇਹ ਪ੍ਰੇਮੀ ਵੀ ਸੰਗਤਾਂ ਦੀ ਜਲ ਆਦਿਕ ਨਾਲ ਸੇਵਾ ਕਰ ਰਹੇ ਹਨ। ਹੁਣ ਜਲੂਸ ਗੁਰੂ ਨਾਨਕ ਦਾ ਜਸ ਅਕਾਸ਼ ਮੰਡਲ ਵਿੱਚ ਵਿਖੇਰਦਾ ਹੋਇਆ ਥੋੜ੍ਹਾ ਅੱਗੇ ਵਧਿਆ ਤਾਂ ਐਹ ਦੇਖੋ! ਸ੍ਰੀ ਸਨਾਤਨ ਧਰਮ ਮੰਦਰ ਵਾਲੇ ਪ੍ਰੇਮੀਆਂ ਵੱਲੋਂ ਕਿਤਨਾ ਸੁੰਦਰ ਗੇਟ ਬਣਾਇਆ ਹੋਇਆ ਹੈ, ਅਤੇ ਕਿਵੇਂ ਖੁੱਲ੍ਹੇ ਹੱਥਾਂ ਨਾਲ ਸੰਗਤਾਂ ਦੀ ਲੱਡੂ ਆਦਿਕ ਮਠਿਆਈਆਂ ਨਾਲ ਸੇਵਾ ਕਰ ਰਹੇ ਹਨ। ਹੁਣ ਜਲੂਸ ਬਹੁਤ ਸਹਿਜ ਨਾਲ ਥੋੜ੍ਹਾ-ਥੋੜ੍ਹਾ ਅੱਗੇ ਵੱਧ ਰਿਹਾ ਹੈ, ਐਹ ਦੇਖੋ! ਸ਼ਾਨ ਗਾਰਮੈਂਟਸ ਵਾਲੇ ਪ੍ਰੇਮੀਆਂ ਨੇ ਗੇਟ ਤਾਂ ਬਣਾਇਆ ਹੋਇਆ ਹੀ ਹੈ ਨਾਲ ਹੀ ਬੜੇ ਚਾਅ ਨਾਲ ਸੰਗਤ ਨੂੰ ਲੱਡੂ ਅਤੇ ਜਲ ਛਕਾ ਰਹੇ ਹਨ। ਔਹ ਦੇਖੋ! ਕਿਤਨਾ ਅਦਭੁਤ ਗੇਟ ਬਣਿਆ ਹੋਇਆ ਹੈ, ਸ਼ਾਇਦ ਜ਼ਿੰਦਗੀ ਵਿੱਚ ਐਸਾ ਪਹਿਲੀ ਵਾਰ ਹੀ ਦੇਖਿਆ ਹੈ, ਕਿਉਂਕਿ ਗੇਟ ਦਾ ਚਾਰੋਂ ਤਰਫ ਹਰ ਪ੍ਰਕਾਰ ਦੇ ਫਰੂਟ ਜਿਵੇਂ ਕੇਲੇ, ਸੰਤਰੇ, ਸੇਬ ਅਤੇ ਹੋਰ ਕਿੰਨੇ ਕਿਸਮ ਦੇ ਫਲ ਇਉਂ ਲਮਕ ਰਹੇ ਹਨ, ਜਿਵੇਂ ਬ੍ਰਿਛ ਇੱਕ ਹੋਵੇ ਤੇ ਹਰ ਟਹਿਣੀ ਤੇ ਫਲ ਵੱਖਰਾ ਲਟਕ ਰਿਹਾ ਹੋਵੇ। ਇਹ ਇਤਨਾ ਸੁੰਦਰ ਗੇਟ ਸ਼ਬਜ਼ੀ ਮੰਡੀ ਯੂਨੀਅਨ ਵੱਲੋਂ ਬਣਾਇਆ ਗਿਆ ਹੈ, ਮਾਨੋਂ ਇਸ ਗੇਟ ਰਾਹੀਂ ਜਲੂਸ ਹੁਣ ਸ਼ਬਜ਼ੀ ਮੰਡੀ ਵਿੱਚ ਪ੍ਰਵੇਸ਼ ਕਰ ਰਿਹਾ ਹੈ। ਇੱਥੋਂ ਦੇ ਪ੍ਰਬੰਧਕ ਪਹਿਲਾਂ ਗੇਟ ਤੇ ਕੇਲੇ ਛਕਾ ਕੇ ਮਾਨੋਂ ਸੰਗਤ ਦਾ ਨਾਸ਼ਤਾ ਕਰਾ ਰਹੇ ਹਨ, ਫਿਰ ਜਿਵੇਂ :— ਜਲੂਸ ਗੇਟ ਤੋਂ ਗੁਜ਼ਰ ਕੇ ਸਬਜ਼ੀ ਮੰਡੀ ਚੌਂਕ ਵਿੱਚ ਦਾਖਲ ਹੋ ਰਿਹਾ ਹੈ, ਇਹ ਸਬਜ਼ੀ ਮੰਡੀ ਵਾਲੇ ਪ੍ਰੇਮੀ ਆਲੂ ਪੂਰੀਆਂ ਦੇ ਖੁੱਲ੍ਹੇ ਭੰਡਾਰੇ ਵਰਤਾ ਰਹੇ ਹਨ, ਅਤੇ ਸੰਗਤਾਂ ਵੀ ਲੋੜ ਅਨੁਸਾਰ ਛਕੀ ਜਾ ਰਹੀਆਂ ਹਨ। ਉਧਰ ਟੈਂਪੂ ਟਰਾਲੀਆਂ ਵਿੱਚੋਂ ਗੁਰਬਾਣੀ ਕੀਰਤਨ ਦੀ ਇੱਕ ਰਸ ਧੁਨੀ ਸਾਰੇ ਵਾਤਾਵਰਨ ਨੂੰ ਸ਼ਾਂਤ ਅਤੇ ਮਿਠਾਸ ਰਸ ਵਿੱਚ ਮਗਨ ਕਰੀ ਜਾ ਰਹੀ ਹੈ। ਇੱਧਰ ਦੇਖੋ! ਇੱਕ ਪ੍ਰੇਮੀ ਦਰਸ਼ਨ ਕੁਮਾਰ ਜੀ ਕਿਵੇਂ ਪ੍ਰੇਮ ਵਿੱਚ ਭਿੱਜ ਕੇ ਆਪਣੀ ਫਰੂਟ ਦੀ ਦੁਕਾਨ ਤੋਂ ਸੰਗਤਾਂ ਨੂੰ ਕਿਵੇਂ ਫਲ ਵਰਤਾਈ ਜਾ ਰਿਹਾ ਹੈ, ਔਹ ਦੇਖਦੇ-ਦੇਖਦੇ ਹੀ ਇਸ ਪ੍ਰੇਮੀ ਨੇ ਆਪਣੀ ਸਾਰੀ ਦੁਕਾਨ ਖਾਲੀ ਕਰ ਦਿੱਤੀ। ਇੱਧਰ ਦੇਖੋ! ਕਰਤਾਰ ਦੀ ਸਵੱਲੀ ਨਜ਼ਰ ਇੱਕ ਗਰੀਬ ਤੇ ਪਈ, ਸ਼ਾਇਦ ਕਰਤਾਰ ਅੱਜ ਇਸ ਗਰੀਬ ਹਿਰਦੇ ਵਾਲੇ ਪ੍ਰੇਮੀ ਤੇ ਭਿੱਜ ਕੇ, ਇਸ ਦੀ ਕੰਗਾਲੀ ਦੂਰ ਕਰਕੇ ਇਸ ਨੂੰ ਸੱਚੀ ਬਾਦਸ਼ਾਹੀ ਬਖਸ਼ਣ ਲੱਗਿਆ ਹੈ। ਦੋ-ਦੋ, ਆਨੇ ਦੀ ਮੂਲੀ ਵੇਚਣ ਵਾਲਾ ਪ੍ਰੇਮੀ ਮੂਲੀਆਂ ਦੀ ਭਰੀ ਰੇਹੜੀ ਵਿੱਚੋਂ ਮੂਲੀਆਂ ਕਿਵੇਂ ਸੰਗਤ ਨੂੰ ਵਰਤਾਈ ਜਾ ਰਿਹਾ ਹੈ, ਔਹ ਦੇਖਦੇ-ਦੇਖਦੇ ਹੀ ਸਾਰੀ ਰੇਹੜੀ ਖਾਲੀ ਕਰ ਦਿੱਤੀ। ਸੰਗਤ ਦੇ ਕੁਝ ਹਿਰਦੇ ਸੋਚ ਰਹੇ ਹਨ, ਕਿ ਇਹ ਵਿਚਾਰਾ ਗਰੀਬ ਅੱਜ ਆਪਣਾ ਅਤੇ ਬੱਚਿਆਂ ਦਾ ਪੇਟ ਕਿੱਥੋਂ ਭਰੇਗਾ ? ਇਹ ਮੂਲੀਆਂ ਦੀ ਰੇਹੜੀ ਵੇਚਕੇ ਹੀ ਇਸ ਨੇ ਸ਼ਾਮ ਦਾ ਆਟਾ ਲੈਣਾ ਸੀ, ਇਹ ਸਾਰੀਆਂ ਇਸ ਨੇ ਪ੍ਰੇਮ ਵਿੱਚ

ਭਿੱਜ ਕੇ ਗੁਰੂ ਕੀ ਸੰਗਤ ਨੂੰ ਹੀ ਛਕਾ ਦਿੱਤੀਆਂ! ਹੁਣ ਇੱਕ ਬਹੁਤ ਬਾਰੀਕ ਪਰ ਰਸ ਭਿੰਨੀ ਮਿੱਠੀ-ਮਿੱਠੀ ਧੁਨੀ ਕੰਨਾਂ ਵਿੱਚ ਸੁਣਾਈ ਦੇ ਰਹੀ ਹੈ—

**ਚਰਨ ਸਰਨ ਗੁਰੂ ਏਕ ਪੈਂਡਾ ਜਾਇ ਚਲ ਸਤਿਗੁਰੂ ਕੋਟ ਪੈਂਡਾ ਆਗੇ ਹੋਇ ਲੇਤ ਹੈ॥**
**ਭਾਵਨੀ ਭਗਤ ਭਾਇ ਕਉਡੀ ਅਗ੍ਰ ਭਾਗ ਰਾਖੈ ਤਾਹਿ ਗੁਰੂ ਸਰਬ ਨਿਧਾਨ ਦਾਨ ਦੇਤ ਹੈ॥**

ਸਬਜ਼ੀ ਮੰਡੀ ਦੇ ਪ੍ਰੇਮੀਆਂ ਦਾ ਅਸੀਮ ਪ੍ਰੇਮ ਸੰਗਤਾਂ ਨੂੰ ਅੱਗੇ ਤੁਰਨ ਤੋਂ ਰੋਕ ਰਿਹਾ ਹੈ, ਲੇਕਿਨ ਸਮੇਂ ਦੀ ਮਜ਼ਬੂਰੀ, ਹੁਣ ਸਹਿਜੇ-ਸਹਿਜੇ ਥੋੜ੍ਹੇ ਅੱਗੇ ਵੱਧਕੇ ਕਰਨ ਗੇਟ ਚੌਂਕ ਵਿੱਚ ਪ੍ਰਵੇਸ਼ ਹੋਏ, ਔਹ ਇੱਕ ਪ੍ਰੇਮੀ ਸ੍ਰੀ ਰਾਮ ਲਾਲ ਜੀ ਕਾਲੇ ਛੋਲਿਆਂ ਦਾ ਪ੍ਰਸ਼ਾਦ ਸੰਗਤ ਨੂੰ ਦੋਨੋਂ ਹੱਥੀਂ ਵਰਤਾਈ ਜਾ ਰਿਹਾ ਹੈ, ਅਤੇ ਇਸਦੇ ਨਾਲ ਹੀ ਥੋੜ੍ਹਾ ਅੱਗੇ ਬੰਬੇ ਸਿਲਕ ਸਟੋਰ ਵਾਲਿਆਂ ਵੱਲੋਂ ਜਲੂਸ ਲਈ ਸਵਾਗਤੀ ਗੇਟ ਬਣਾਇਆ ਹੋਇਆ ਹੈ, ਇਥੋਂ ਦੀ ਗੁਜ਼ਰਦੇ ਜਲੂਸ ਨੇ ਹੁਣ ਜੀ.ਟੀ ਰੋਡ ਵੱਲ ਨੂੰ ਮੋੜ ਕੱਟਿਆ, ਔਹ ਦੇਖੋ! ਅੱਗੇ ਸ੍ਰੀ ਹਰਬੰਸ ਲਾਲ ਜੀ ਸੰਗਤ ਵਾਸਤੇ ਮਿੱਠੇ ਚਾਵਲਾਂ ਦੀਆਂ ਦੇਗਾਂ ਤਿਆਰ ਕਰੀ ਬੈਠੇ ਹਨ, ਬਸ ਜਲੂਸ ਦੇ ਇੱਥੇ ਪਹੁੰਚਣ ਦੀ ਦੇਰ ਸੀ, ਬੜੇ ਪ੍ਰੇਮ ਨਾਲ ਮਿੱਠੇ ਚਾਵਲ ਵਰਤਾਉਣੇ ਸ਼ੁਰੂ ਕਰ ਦਿੱਤੇ, ਸੰਗਤਾਂ ਬੜੇ ਪ੍ਰੇਮ ਨਾਲ ਮਿੱਠੇ ਚਾਵਲ ਛਕ ਕੇ ਗੁਰੂ ਨਾਨਕ ਦੀ ਜਸ ਕੀਰਤੀ ਵਿੱਚ ਮਗਨ ਹੋਈਆਂ ਥੋੜ੍ਹਾ ਅੱਗੇ ਵੱਧ ਰਹੀਆਂ ਹਨ। ਔਹ ਇੱਕ ਬੜਾ ਸੁੰਦਰ ਸਵਾਗਤੀ ਗੇਟ ਆ ਗਿਆ, ਇਹ ਗੇਟ ਸ਼ਾਇਦ ਹੋਲਸੇਲ ਕਰਿਆਨਾ ਮਰਚੈਂਟਸ ਵਾਲੇ ਪ੍ਰੇਮੀਆਂ ਨੇ ਭਾਵਨਾ ਵਿੱਚ ਭਿੱਜ ਕੇ ਬਣਾਇਆ ਹੈ। ਗੇਟ ਕਰਾਸ ਕਰਕੇ ਸੰਗਤਾਂ ਥੋੜ੍ਹਾ ਅੱਗੇ ਵਧੀਆਂ ਤਾਂ ਨਾਲ ਹੀ ਜੀ.ਟੀ. ਰੋਡ ਤੇ ਕਮੇਟੀ ਚੌਂਕ ਆ ਗਿਆ। ਔਹ ਦੇਖੋ! ਇਸ ਚੌਂਕ ਵਿੱਚ ਡਾਇਮੰਡ ਵਾਲੇ ਪ੍ਰੇਮੀ ਸੰਗਤਾਂ ਨੂੰ ਛੋਲੇ ਭਟੂਰੇ ਕਿੰਨੇ ਪ੍ਰੇਮ ਨਾਲ ਛਕਾ ਰਹੇ ਹਨ। ਸੰਗਤਾਂ ਦਾ ਮਨ ਵੀ ਸ਼ਾਇਦ ਕੁਝ ਨਮਕੀਨ ਛਕਣ ਦਾ ਸੀ, ਕਿਉਂਕਿ ਪਿੱਛੇ ਨਾਲ ਹੀ ਮਿੱਠੇ ਚਾਵਲ ਛਕੇ ਹਨ। ਔਹ ਦੇਖੋ! ਸ਼ਹਿਰ ਨਿਵਾਸੀ ਸੰਗਤਾਂ ਵਿੱਚ ਕਿੰਨੀ ਸ਼ਰਧਾ ਪ੍ਰੇਮ ਅਤੇ ਉਤਸ਼ਾਹ ਹੈ, ਰੋਡ ਦੇ ਦੋਨੋਂ ਤਰਫ਼ ਸੰਗਤਾਂ ਜਲੂਸ ਦੇ ਦਰਸ਼ਨ ਅਤੇ ਸਵਾਗਤ ਲਈ ਜੁੜ ਕੇ ਖੜ੍ਹੀਆਂ ਜਲੂਸ ਉਪਰ ਫੁੱਲ ਬਰਸਾ ਰਹੀਆਂ ਹਨ, ਸਭ ਦੁਕਾਨਾਂ ਦੇ ਅੱਗੇ ਸੰਗਤਾਂ ਦੀ ਭੀੜ ਲੱਗੀ ਹੋਈ ਹੈ, ਲੇਕਿਨ ਕੋਈ ਦੁਕਾਨਦਾਰ ਵੀ ਬੁਰਾ ਨਹੀਂ ਮਨਾ ਰਿਹਾ, ਸਗੋਂ ਬੁੱਢੇ ਬਜੁਰਗਾਂ ਨੂੰ ਬੈਠਣ ਲਈ ਦੁਕਾਨਾਂ ਵਿੱਚੋਂ ਸਕੂਲ ਕੁਰਸੀਆਂ ਦੇ ਕੇ ਦਰਵਾਜੇ ਅੱਗੇ ਬਿਠਾਉਂਦੇ ਹਨ, ਆਪ ਦੁਕਾਨਾਂ ਦੇ ਅੰਦਰ ਖੜ੍ਹੇ ਹੀ ਜਲੂਸ ਤੇ ਫੁੱਲਾਂ ਦੀ ਵਰਖਾ ਕਰ ਰਹੇ ਹਨ। ਜ਼ਰਾ ਉਪਰ ਧਿਆਨ ਮਾਰੋ ਬਿਲਡਿੰਗਾਂ ਦੀਆਂ ਉਪਰਲੀਆਂ ਮੰਜ਼ਿਲਾਂ ਵਿੱਚ ਮਾਤਾਵਾਂ, ਭੈਣਾਂ ਅਤੇ ਬੱਚੇ, ਬੁੱਢੇ ਗੁਰੂ ਕੀ ਸੰਗਤ ਦੇ ਦਰਸ਼ਨ ਕਰਦੇ ਹੋਏ, ਉਪਰੋਂ ਪੁਸ਼ਪਾਂ ਦੀ ਵਰਖਾ ਕਰ ਰਹੇ ਹਨ। ਸੰਗਤ ਹੁਣ ਸਹਿਜੇ-ਸਹਿਜੇ ਅੱਗੇ ਵੱਧ ਰਹੀ ਹੈ। ਔਹ ਹੁਣ, ਇੱਕ ਹੋਰ ਸੁੰਦਰ ਸਵਾਗਤੀ ਗੇਟ ਆ ਗਿਆ, ਇਹ ਸ਼ਾਇਦ ਕਰਨਾਲ ਪੈਟਰੋਲੀਅਮ ਡੀਲਰਜ਼ ਐਸੋਸੀਏਸ਼ਨ ਵੱਲੋਂ ਬਣਾਇਆ ਹੋਇਆ ਹੈ, ਔਹ ਇਸ ਦੇ ਨਾਲ ਚਾਰ-ਪੰਜ ਪ੍ਰੇਮੀ ਸ੍ਰੀ ਗੁਲਸ਼ਨ ਗਰੋਵਰ, ਸ੍ਰੀ ਉੱਤਮ ਸਿੰਘ, ਜਰਨੈਲ ਸਿੰਘ, ਜਸਵੰਤ ਸਿੰਘ ਅਤੇ ਗੁਰਦਿਆਲ ਸਿੰਘ ਆਦਿਕ ਪ੍ਰੇਮੀ ਸੰਗਤ ਨੂੰ ਕਿਤਨੇ ਪਿਆਰ ਨਾਲ ਸੇਬ ਛਕਾ ਕੇ ਖੁਸ਼ੀ ਮਹਿਸੂਸ ਕਰ ਰਹੇ ਹਨ। ਔਹ ਦੇਖੋ! ਥੋੜ੍ਹਾ ਅੱਗੇ ਜਾ ਕੇ ਇੱਕ ਹੋਰ ਸਵਾਗਤੀ ਗੇਟ ਆ ਗਿਆ, ਇਹ ਸ਼ਾਇਦ ਹੋਲਸੇਲ ਕਲਾਥ ਮਰਚੈਂਟਸ ਐਸੋਸੀਏਸ਼ਨ ਵੱਲੋਂ ਬਣਾਇਆ ਗਿਆ ਹੈ ਅਤੇ ਔਹ ਨਾਲ ਹੀ ਸ਼ੂ ਪੈਲੇਸ ਵਾਲੇ ਪ੍ਰੇਮੀਆਂ ਵੱਲੋਂ ਸਵਾਗਤੀ ਗੇਟ ਬਣਾਇਆ ਗਿਆ ਹੈ, ਇਸ ਗੇਟ ਦੇ ਨਾਲ ਹੀ ਸ੍ਰ. ਮਹਿੰਦਰ ਸਿੰਘ ਜੀ ਖੇੜਾ ਵੱਲੋਂ ਸੰਗਤਾਂ ਨੂੰ ਗਰਮ-ਗਰਮ ਚਾਹ ਅਤੇ ਬਰੈਡ ਪਕੌੜੇ ਛਕਾਏ ਜਾ ਰਹੇ ਹਨ। ਹੁਣ ਸੰਗਤਾਂ ਥੋੜ੍ਹਾ-ਥੋੜ੍ਹਾ ਅੱਗੇ ਵੱਧ ਰਹੀਆਂ ਹਨ, ਔਹ ਸ੍ਰੀ ਜੈ ਪ੍ਰਕਾਸ਼ ਜੀ ਗੁਪਤਾ ਐਮ.ਐਲ.ਏ. ਵੱਲੋਂ ਕਿੰਨਾ ਸੁੰਦਰ ਸਵਾਗਤੀ ਗੇਟ ਬਣਾਇਆ ਹੋਇਆ ਹੈ। ਔਹ ਦੇਖੋ! ਅਰਸ਼ੀ ਪ੍ਰੀਤਮ ਜੀਪ ਵਿੱਚ ਖੜ੍ਹਾ-ਖੜ੍ਹਾ ਹੀ ਕਿਵੇਂ ਫਰੂਟਾਂ ਦਾ ਮੀਂਹ ਵਰਸਾਈ ਜਾ ਰਿਹਾ ਹੈ, ਸੇਬਾਂ ਦੀਆਂ ਪੇਟੀਆਂ ਖਾਲੀ ਕਰ ਦਿੱਤੀਆਂ, ਹੁਣ ਨਾਲ ਹੀ ਕੇਲੇ ਆ ਗਏ, ਸੰਗਤਾਂ ਉਪਰ ਨੂੰ ਦੋਨੋਂ ਹੱਥਾਂ ਨਾਲ ਮੀਂਹ ਵਰਸਾਈ ਜਾ ਰਿਹਾ ਹੈ, ਪੇਟੀਆਂ ਦੀਆਂ ਪੇਟੀਆਂ ਖਾਲੀ ਹੁੰਦੀਆਂ ਜਾ ਰਹੀਆਂ ਹਨ, ਭਰੀਆਂ ਹੋਰ ਨਾਲੋਂ-ਨਾਲ ਆਈ ਜਾ ਰਹੀਆਂ ਹਨ। ਹੁਣ ਸੰਤਰਿਆਂ ਦਾ ਮੀਂਹ ਵਰਸਣਾ ਸ਼ੁਰੂ ਹੋ ਗਿਆ। ਔਹ ਦੇਖੋ! ਸੰਗਤਾਂ ਵੀ ਫਰੂਟਾਂ ਦੇ ਬਰਸ ਰਹੇ ਮੀਂਹ ਨੂੰ ਇਲਾਹੀ ਪ੍ਰਸ਼ਾਦ ਜਾਣਕੇ ਉਪਰੋਂ ਹੀ ਝੋਲੀਆਂ ਵਿੱਚ ਪਵਾਈ ਜਾ ਰਹੀਆਂ ਹਨ। ਫਰੂਟਾਂ ਦੀ ਬਰਸਾਤ ਦਾਤੇ ਦੇ ਦੋਨਾਂ ਹੱਥਾਂ ਦੁਆਰਾ ਪੂਰੇ ਜ਼ੋਰ-ਜ਼ੋਰ ਨਾਲ ਵਰ੍ਹ ਰਹੀ ਹੈ। ਸੰਗਤਾਂ ਵੀ ਸਵਾਂਤੀ ਬੂੰਦ ਜਾਣਕੇ ਥੱਲੇ ਨਹੀਂ ਡਿੱਗਣ ਦਿੰਦੀਆਂ, ਅਸਚਰਜ ਕੌਤਕ ਵਰਤ ਰਿਹਾ ਦੇਖ ਕੇ ਸੰਗਤਾਂ ਵੀ ਵਿਸ਼ਮਾਦਤ ਹੋ ਰਹੀਆਂ ਹਨ। ਔਹ ਦੇਖੋ! ਸਾਹਮਣੇ ਸ਼ੂਗਰ ਮਿੱਲ ਵਾਲੇ ਪ੍ਰੇਮੀਆਂ ਨੇ ਸਵਾਗਤੀ ਗੇਟ ਬਣਾਇਆ ਹੋਇਆ ਹੈ, ਔਹ ਇੱਕ ਨਾਲ

ਹੀ ਐਲ.ਆਈ.ਸੀ. (L.I.C.) ਗੇਟ ਆ ਗਿਆ, ਵਾਹ! ਮਹਿੰਦਰ ਸਿੰਘ ਜੀ ਖੇੜਾ ਇੱਥੇ ਵੀ ਬਰੈਡ ਪਕੌੜੇ ਸੰਗਤਾਂ ਨੂੰ ਵਰਤਾ ਕੇ ਗੁਰੂ ਦੀਆਂ ਖੁਸ਼ੀਆਂ ਨਾਲ ਝੋਲੀਆਂ ਭਰ ਰਹੇ ਹਨ। ਇਧਰ ਜ਼ਰਾ ਧਿਆਨ ਨਾਲ ਤੱਕੋ ਸਾਰੇ ਵਾਤਾਵਰਨ ਵਿੱਚ ਗੁਰਬਾਣੀ ਕਿਵੇਂ ਰਸ ਚੁੱਕੀ ਹੈ, ਇਉਂ ਪ੍ਰਤੀਤ ਹੋ ਰਿਹਾ ਹੈ, ਜਿਵੇਂ ਜ਼ੱਰੇ-ਜ਼ੱਰੇ, ਪੱਤੇ-ਪੱਤੇ ਵਿੱਚੋਂ ਗੁਰਬਾਣੀ ਦੀ ਆਵਾਜ਼ ਆ ਰਹੀ ਹੋਵੇ। ਜ਼ਰਾ ਧਿਆਨ ਨਾਲ ਸੁਣਿਆ, ਇੱਕ ਮਿੱਠੀ-ਮਿੱਠੀ ਅਵਾਜ਼ ਕੰਨਾਂ ਨੂੰ ਸੁਣਾਈ ਦੇ ਰਹੀ ਹੈ—

ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥

*(ਮਲਾਰ ਮ: ੪, ਪੰਨਾ-੧੨੬੫)*

ਇਸ ਪ੍ਰਕਾਰ ਦੀ ਅਨੰਦਮਈ ਪ੍ਰਤੀਤੀ ਵਿੱਚ ਮਨ ਡੁੱਬਦਾ ਜਾ ਰਿਹਾ ਹੈ, ਪਰ ਜਲੂਸ ਵੀ ਸਹਿਜੇ-ਸਹਿਜੇ ਅੱਗੇ ਵੱਧ ਰਿਹਾ ਹੈ। ਹੁਣ ਜਲੂਸ ਨੇ ਜੇਲ੍ਹ ਕੋਲੋਂ ਦੀ ਮਾਡਲ ਟਾਊਨ ਵੱਲ ਨੂੰ ਰੁਖ ਕੀਤਾ, ਅੱਗੇ ਪੰਜਾਬ ਐਂਡ ਸਿੰਧ ਬੈਂਕ ਦੀ ਮਾਡਲ ਟਾਊਨ ਬ੍ਰਾਂਚ ਦੇ ਪ੍ਰੇਮੀਆਂ ਵੱਲੋਂ ਬੜਾ ਸੁੰਦਰ ਸਵਾਗਤੀ ਗੇਟ ਬਣਾਇਆ ਹੋਇਆ ਹੈ ਅਤੇ ਨਾਲ ਹੀ ਸੰਗਤ ਨੂੰ ਸਫੈਦ ਛੋਲੇ ਛਕਾ ਕੇ ਗੁਰੂ ਦੀਆਂ ਖੁਸ਼ੀਆਂ ਹਾਸਲ ਕਰ ਰਹੇ ਹਨ। ਐਹ ਹੁਣ ਗੁਰਦੁਵਾਰਾ ਸਾਹਿਬ ਮਾਡਲ ਟਾਊਨ ਆ ਗਿਆ, ਇੱਥੇ ਵੀ ਸੰਗਤਾਂ ਨੂੰ ਜਲ ਪਾਣੀ ਛਕਾਇਆ ਜਾ ਰਿਹਾ ਹੈ। ਹੁਣ ਹਨੇਰਾ ਵੀ ਕਾਫੀ ਹੋ ਗਿਆ, ਇਸ ਲਈ ਸੰਗਤਾਂ ਬਹੁਤ ਸਹਿਜ ਨਾਲ ਅੱਗੇ ਵੱਧ ਰਹੀਆਂ ਹਨ। ਔਹ ਦੇਖੋ! ਸਾਹਮਣੇ ਛੋਟੀ ਕੁਟੀਆ ਆ ਗਈ, ਸ਼ਾਇਦ ਇੱਥੇ ਹੀ ਜਲੂਸ ਦੀ ਯਾਤਰਾ ਸੰਪੂਰਨ ਹੋਣੀ ਹੈ। ਔਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਆਂ ਦੇ ਪਾਵਨ ਸਰੂਪ ਪਾਲਕੀ ਵਿੱਚੋਂ ਉਤਾਰ ਲਏ ਗਏ ਅਤੇ ਨਿਵਾਸ ਅਸਥਾਨ ਤੇ ਪਹੁੰਚ ਕੇ ਸਤਿਗੁਰੂ ਨਾਨਕ ਦੇਵ ਮਹਾਰਾਜ ਜੀਆਂ ਦਾ ਅਰਦਾਸ ਦੁਆਰਾ ਸ਼ੁਕਰਾਨਾ ਕਰਕੇ, ਸਾਢੇ ਕੁ ਅੱਠ ਵਜੇ ਸਮਾਪਤੀ ਹੋਈ।*

## 11 ਨਵੰਬਰ 1993

ਨਗਰ ਕੀਰਤਨ ਦੀ ਸਮਾਪਤੀ ਤੋਂ ਬਾਅਦ ਹੁਣ ਪ੍ਰਬੰਧਕਾਂ ਦਾ ਧਿਆਨ ਕੱਲ੍ਹ ਨੂੰ ਅਰੰਭ ਹੋਣ ਵਾਲੇ ਦੋ ਸੌ ਇਕਵੰਜਾ ਸ੍ਰੀ ਅਖੰਡ ਪਾਠ ਸਾਹਿਬਾਂ ਦੀ ਤਿਆਰੀ ਵੱਲ ਗਿਆ, ਜੋ ਅਜੇ ਅਧੂਰੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀਆਂ ਦੇ ਦੋ ਸੌ ਇਕਵੰਜਾ ਪਾਵਨ ਨਵੇਂ ਸਰੂਪ ਭਾਈ ਤਰਜੀਤ ਸਿੰਘ ਜੀ ਨਰੂਲਾ, ਭਾਈ ਸੁਰਿੰਦਰ ਸਿੰਘ ਜੀ ਸਚਦੇਵਾ ਅਤੇ ਭਾਈ ਕੰਵਰਜੀਤ ਸਿੰਘ ਜੀ ਭਸੀਨ ਆਦਿਕ ਤਿੰਨ ਪ੍ਰੇਮੀਆਂ ਦੇ ਘਰਾਂ ਵਿੱਚ ਬਿਰਾਜਮਾਨ ਸਨ ; ਸ਼ਾਇਦ ਤਿੰਨਾਂ ਪ੍ਰੇਮੀਆਂ ਨੇ ਹਜ਼ੂਰ ਦੇ ਪਾਵਨ ਸਰੂਪ ਬਿਰਾਜਮਾਨ ਕਰਵਾਉਣ ਲਈ ਆਪਣੇ-ਆਪਣੇ ਘਰਾਂ ਵਿੱਚ ਇੱਕ-ਇੱਕ ਕਮਰਾ ਨਵਾਂ ਹੀ ਤਿਆਰ ਕਰਵਾਇਆ ਸੀ। ਅਤੇ ਰੁਮਾਲੇ, ਪੀੜ੍ਹੇ, ਆਦਿਕ ਸਮਾਨ ਦੀ ਤਿਆਰੀ ਸਭ ਮੁਕੰਮਲ ਸੀ, ਲੇਕਿਨ ਪੰਡਾਲ ਵਿੱਚ ਅਜੇ ਬਹੁਤ ਕੰਮ ਕਰਨਾ ਬਾਕੀ ਸੀ ਜੋ ਪੂਰੀ ਰਾਤ ਵਿੱਚ ਮੁਕੰਮਲ ਹੋਇਆ। ਕੈਸਾ ਹੈ ਇਹ ਪਾਠ ਪੰਡਾਲ?

* *ਇਸ ਭਾਗਾਂ ਭਰੇ ਨਗਰ ਕੀਰਤਨ ਜਲੂਸ ਵਿੱਚ ਤਕਰੀਬਨ ਸਾਡੇ 3 ਕਿਲੋਮੀਟਰ ਲੰਬਾਈ ਵਿੱਚ ਸੰਗਤਾਂ ਦਾ ਸਮੁੰਦਰ ਚਾਅ ਉਮਾਹ ਅਤੇ ਉਤਸ਼ਾਹ ਨਾਲ ਠਾਠਾਂ ਮਾਰ ਰਿਹਾ ਸੀ। ਇਸ ਜਲੂਸ ਦੀ ਵਿਸ਼ੇਸ਼ਤਾ ਇਹ ਸੀ ਕਿ ਇਸ ਵਿੱਚ ਸਾਰੇ ਫਿਰਕਿਆਂ ਦੇ ਲੋਕ ਸ਼ਾਮਲ ਸਨ ਅਤੇ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੜੇ ਸੰਜ਼ਮ ਅਤੇ ਗੁਰ ਮਰਿਆਦਾ ਅਨੁਸਾਰ ਯਾਤਰਾ ਕਰ ਰਹੇ ਸਨ। ਇਸ ਜਲੂਸ ਦੇ ਸਵਾਗਤ ਲਈ ਸ਼ਹਿਰ ਦੇ ਸਾਰੇ ਫਿਰਕਿਆਂ ਦੇ ਲੋਕਾਂ ਨੇ ਥਾਂ ਪਰ ਥਾਂ ਸਵਾਗਤੀ ਗੇਟ ਬਣਾ ਕੇ ਆਪਣੀ ਅੰਦਰਲੀ ਸ਼ਰਧਾ ਦਾ ਪ੍ਰਤੱਖ ਸਬੂਤ ਦਿੱਤਾ। ਅਤੇ ਥਾਂ ਪਰ ਥਾਂ ਅਨੇਕਾਂ ਪ੍ਰਕਾਰ ਦੇ ਪਦਾਰਥ, ਗਰਮ-ਗਰਮ ਚਾਹ, ਅਤੇ ਫਰੂਟ ਵਗੈਰਾ ਨਾਲ ਸੰਗਤ ਦੀ ਸੇਵਾ ਕਰਕੇ "ਏਕੁ ਪਿਤਾ ਏਕਸ ਕੇ ਹਮ ਬਾਰਿਕ" ਦੇ ਮਹਾਂਵਾਕ ਨੂੰ ਰੌਸ਼ਨ ਕੀਤਾ। ਜਲੂਸ ਵਾਲੀ ਸੰਗਤ ਅਤੇ ਦਰਸ਼ਕਾਂ ਵਿੱਚ ਸ਼ਾਂਤੀ ਅਤੇ ਸ਼ਰਧਾ ਭਾਵਨਾ ਇਤਨੀ ਸੀ ਕਿ ਗੁਰਬਾਣੀ ਤੋਂ ਬਗੈਰ ਦੂਸਰੀ ਕੋਈ ਬਾਤ ਕੰਨਾਂ ਵਿੱਚ ਸੁਣਾਈ ਨਹੀਂ ਸੀ ਦਿੰਦੀ। ਜਲੂਸ ਦੇ ਸਾਰੇ ਰੂਟ ਤੇ ਪੂਰਾ ਦਿਨ ਪਾਣੀ ਦੀ ਸੇਵਾ ਹਰਿਆਣਾ ਡੇਅਰੀ ਵਿਕਾਸ ਨੇ ਆਪਣੇ ਟੈਂਕਰਾਂ ਰਾਹੀਂ ਅਤੇ ਮਾਨਵ ਸੇਵਾ ਸੰਘ ਨੇ ਰੇਹੜੀਆਂ ਦੁਆਰਾ ਨਾਲ-ਨਾਲ ਚੱਲਕੇ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀਆਂ ਦੀ ਪਾਵਨ ਪਾਲਕੀ ਦੇ ਅੱਗੇ-ਅੱਗੇ ਸਫਾਈ ਅਤੇ ਪਾਣੀ ਆਦਿਕ ਛਿੜਕਾਉ ਦੀ ਸੇਵਾ ਗੁਰੂ ਨਾਨਕ ਜਥਾ ਕਰਨਾਲ ਵੱਲੋਂ ਪੂਰਾ ਦਿਨ ਬੜੇ ਪ੍ਰੇਮ ਨਾਲ ਕੀਤੀ ਗਈ। ਅਤੇ ਪੰਜ ਪਿਆਰਿਆਂ ਦੀ ਸੇਵਾ ਡੇਰਾ ਕਾਰਸੇਵਾ ਵੱਲੋਂ ਕੀਤੀ ਗਈ। ਇਸ ਜਲੂਸ ਦਾ ਪੂਰਾ ਰੂਟ ਕੋਈ 10 ਕਿਲੋਮੀਟਰ ਲੰਮਾ ਸੀ।*

ਤਿੰਨ ਤਰਫ ਤੋਂ ਤਾਂ ਬਿਲਕੁੱਲ ਬੰਦ ਹੈ, ਚੌਥੀ ਤਰਫ ਜਿੱਧਰੋਂ ਸੰਗਤ ਨੇ ਦਰਸ਼ਨ ਕਰਨੇ ਹਨ ਉੱਧਰ ਵੀ ਕਨਾਤ ਲਾ ਕੇ ਆਰਜ਼ੀ ਤੌਰ ਤੇ ਬੰਦ ਕੀਤਾ ਹੋਇਆ ਹੈ। ਬਾਹਰਲੀ ਸਜਾਵਟ ਅਤੇ ਬਿਜਲੀ ਦੇ ਭਾਂਤ-ਭਾਂਤ ਦੇ ਰੰਗ ਬਰੰਗੇ ਬੱਲਬਾਂ ਨਾਲ ਕੀਤੀ ਗਈ ਦਿਲਕਸ਼ ਰੌਸ਼ਨੀ ਭਾਵੇਂ ਸੰਗਤਾਂ ਨੂੰ ਆਪਣੇ ਵੱਲ ਦੂਰੋਂ ਖਿੱਚ ਰਹੀ ਹੈ, ਲੇਕਿਨ ਅੰਦਰਲੀ ਸੁੰਦਰਤਾ ਜੋ ਕਈ ਪਾਰਟੀਆਂ ਵੱਲੋਂ ਲੱਗ ਕੇ ਪੂਰੀ ਰਾਤ ਵਿੱਚ ਮੁਕੰਮਲ ਕੀਤੀ ਗਈ ਹੈ, ਉਸ ਬਾਰੇ ਸ਼ਹਿਨਸ਼ਾਹ ਦੇ ਮਹਿਲ ਦੀ ਤਰ੍ਹਾਂ ਬਾਹਰੋਂ ਕਿਸੇ ਨੂੰ ਕੋਈ ਗਿਆਤ ਨਹੀਂ, ਸਵਾਏ ਅੰਦਰ ਕੰਮ ਕਰ ਰਹੇ ਸੇਵਾਦਾਰਾਂ ਤੋਂ। ਪੂਰੀ ਸੁੰਦਰਤਾ ਨਾਲ ਸ਼ਹਿਨਸ਼ਾਹ ਦਾ ਮਹੱਲ ਸਜਾ ਕੇ ਅਤੇ ਹਰ ਪ੍ਰਕਾਰ ਦੀ ਤਿਆਰੀ ਮੁਕੰਮਲ ਕਰਕੇ ਸਵੇਰੇ ਪੰਜ ਵਜੇ ਪੰਡਾਲ ਦੇ ਬਾਹਰ ਜਿਧਰੋਂ ਸੰਗਤਾਂ ਦਰਸ਼ਨ ਕਰਨਗੀਆਂ। (ਅਜੇ ਕਨਾਤ ਨਾਲ ਪੜਦਾ ਕੀਤਾ ਹੋਇਆ ਹੈ) ਆਰਜ਼ੀ ਤੌਰ ਤੇ ਇੱਕ ਛੋਟੀ ਸਟੇਜ ਬਣਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਪ੍ਰਕਾਸ਼ ਕਰਕੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਹੋ ਗਿਆ।

ਉੱਧਰ ਹੁਣ ਗੁਰੂਆਨਗੁਰੂ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਆਂ ਦੇ ਪਾਵਨ ਸਰੂਪ ਹਜ਼ੂਰ ਲਈ ਸਜਾਏ ਪਾਵਨ ਦਰਬਾਰ ਵਿੱਚ ਲੈ ਕੇ ਆਉਣ ਵਾਸਤੇ ਪੂਰੀ ਸੱਜ-ਧੱਜ ਦੇ ਨਾਲ ਕੋਈ ਸੱਠ ਦੇ ਕਰੀਬ ਗੱਡੀਆਂ ਸੰਬੰਧਤ ਘਰਾਂ ਅੱਗੇ ਜਾ ਖੜ੍ਹੀਆਂ ਹੋਈਆਂ, ਜਿਨ੍ਹਾਂ ਵਡਭਾਗੇ ਤਿੰਨ ਘਰਾਂ ਵਿੱਚ ਹਜ਼ੂਰ ਦੇ ਪਾਵਨ ਸਰੂਪ ਪਿਛਲੇ ਕਈ ਦਿਨਾਂ ਤੋਂ ਬਿਰਾਜਮਾਨ ਹਨ। ਗੁਰੂ ਨਾਨਕ ਸਾਹਿਬ ਮਹਾਰਾਜ ਜੀਆਂ ਦੇ ਪਵਿੱਤਰ ਚਰਨਾਂ ਵਿੱਚ ਅਰਦਾਸ ਉਪਰੰਤ ਗੁਰੂ ਸਾਹਿਬ ਜੀਆਂ ਦੇ ਪਾਵਨ ਸਰੂਪ ਸੇਵਾਦਾਰਾਂ ਨੇ ਸਿਰਾਂ ਤੇ ਚੁੱਕਣੇ ਸ਼ੁਰੂ ਕੀਤੇ, ਅਤੇ ਚਵਰ ਬਰਦਾਰ ਸਹਿਜੇ-ਸਹਿਜੇ ਚਵਰ ਕਰੀ ਜਾ ਰਹੇ ਹਨ। ਇਸ ਪ੍ਰਕਾਰ ਮਿੰਟਾਂ ਪਲਾਂ ਵਿੱਚ ਹੀ ਸਭ ਸਰੂਪ ਸਿਰਾਂ ਤੇ ਸੁਸ਼ੋਭਿਤ ਕਰਕੇ ਪ੍ਰੇਮੀ ਸੱਜਣ ਕਾਰਾਂ ਵਿੱਚ ਬੈਠ ਗਏ। ਕਿਤਨਾ ਅਲੌਕਿਕ ਦ੍ਰਿਸ਼ ਹੈ, ਕੋਈ ਸਠ ਦੇ ਕਰੀਬ ਕਾਰਾਂ ਦਾ ਸਜਿਆ ਧਜਿਆ ਕਾਫਲਾ ਗੁਰੂ ਸਾਹਿਬ ਵਾਸਤੇ ਨਵੇਂ ਬਣੇ ਅਲੌਕਿਕ ਦਰਬਾਰ, ਪਾਠ ਪੰਡਾਲ ਵੱਲ ਨੂੰ ਚੱਲ ਕੇ ਮਿੰਟਾਂ ਵਿੱਚ ਹੀ ਉਸ ਬੈਕੁੰਠ ਨਗਰ ਵਿੱਚ ਜਿਸ ਦੀ ਪਿਛਲੇ ਕਾਫੀ ਦਿਨਾਂ ਤੋਂ ਉਸਾਰੀ ਹੋ ਰਹੀ ਹੈ, ਪਹੁੰਚ ਗਿਆ। ਸਾਹਮਣੇ ਪਾਸੇ ਤਾਂ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਹੋ ਰਿਹਾ ਹੈ, ਪਿਛਲੇ ਪਾਸੇ ਦੋ ਗੇਟ ਹਨ, ਜਿੱਥੋਂ ਪਾਠੀ ਸਿੰਘ ਪ੍ਰਵੇਸ਼ ਕਰਿਆ ਕਰਨਗੇ, ਉਨ੍ਹਾਂ ਗੇਟਾਂ ਅੱਗੇ ਕਾਰਾਂ ਜਾ ਖੜ੍ਹੀਆਂ ਹੋਈਆਂ। ਘੜਿਆਲਾਂ, ਸੰਖਾਂ ਦੀ ਘਨਘੋਰ ਨਾਲ ਇੱਕ-ਇੱਕ ਕਰਕੇ ਗੁਰੂ ਸਾਹਿਬ ਜੀਆਂ ਦੇ ਪਾਵਨ ਸਰੂਪ ਉਤਾਰ ਕੇ ਅੰਦਰ ਤਿਆਰ ਕੀਤੀ ਸਟੇਜ ਉਪਰ ਸੁੰਦਰ ਪੀੜ੍ਹਿਆਂ ਤੇ ਸਜਾ ਕੇ ਪ੍ਰਕਾਸ਼ ਕੀਤੇ ਗਏ। ਇਸ ਅਨੂਠੇ ਦਰਬਾਰ ਦੀ ਅੰਦਰਲੀ ਸੁੰਦਰਤਾ ਤਾਂ ਪਹਿਲਾਂ ਵੀ ਭਾਵੇਂ ਅਲੌਕਿਕ ਹੀ ਸੀ, ਲੇਕਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਆਂ ਦੇ ਪ੍ਰਕਾਸ਼ ਹੋ ਕੇ ਸੁਸ਼ੋਭਿਤ ਹੋਣ ਨਾਲ ਤਾਂ ਬੈਕੁੰਠ ਦੀ ਨਿਆਂਈ ਆਭਾ ਮਾਰ ਉਠਿਆ। ਹੁਣ ਪੰਜ-ਪੰਜ ਸਰੂਪ, ਦੋਨਾਂ ਕੁਟੀਆਂ ਵਿੱਚ ਪਹੁੰਚ ਚੁੱਕੇ ਹਨ ਅਤੇ ਇਸ ਦਰਬਾਰ ਵਿੱਚ ਦੋ ਸੌ ਇਕਤਾਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦੋਨਾਂ ਕੋਨਿਆਂ ਤੇ ਇੱਕ-ਇੱਕ ਆਦਿ ਬਾਣੀ ਸ੍ਰੀ ਜਪੁਜੀ ਸਾਹਿਬ ਜੀ ਦੀ ਵੱਡੀ ਪੋਥੀ ਪ੍ਰਕਾਸ਼ ਕੀਤੀ ਗਈ ਹੈ। ਸਾਰੇ ਪੰਡਾਲ ਵਿੱਚ ਸਫੈਦ ਰੰਗ ਦਾ ਸੁੰਦਰ ਚੰਦੋਆ ਤਨਿਆ ਹੋਇਆ ਹੈ, ਅਤੇ ਚੰਦੋਏ ਵਿੱਚ ਲੜੀਵਾਰ ਦੋ ਸੌ ਤਰਤਾਲੀ ਚਾਂਦੀ ਦੇ ਸੁੰਦਰ ਛੱਬੇ ਲਟਕ ਰਹੇ ਹਨ ਜੋ ਹਰ ਇੱਕ ਪਾਵਨ ਸਰੂਪ ਉਪਰ ਮਾਨੋਂ ਸ਼ਹਿਨਸ਼ਾਹੀ ਤਾਜ ਦੀ ਤਰ੍ਹਾਂ ਸੁਭਾਇਮਾਨ ਹੋ ਰਹੇ ਹਨ। ਕੱਚ ਦਾ ਬਹੁਤ ਸੁੰਦਰ ਮੀਨਾਕਾਰੀ ਜੜਤ ਜਲੌ ਚੰਦੋਆ ਸਾਹਿਬ ਤੇ ਇਉਂ ਸ਼ੋਭਾ ਦੇ ਰਿਹਾ ਹੈ ਜਿਵੇਂ ਅਕਾਸ਼ ਮੰਡਲ ਵਿੱਚ ਪੂਰਨਮਾਸ਼ੀ ਦਾ ਚੰਦਰਮਾ ਅਤੇ ਅਨੇਕਾਂ ਦਿਬਿਐ ਤਾਰੇ ਸ਼ੋਭਾ ਦੇ ਰਹੇ ਹੋਣ। ਇਸ ਜਲੌ ਵਿੱਚ ਬਿਜਲੀ ਦੇ ਰੰਗ ਬਰੰਗੇ ਬੱਲਬ ਜਗਣ ਨਾਲ ਤਾਂ ਇਸ ਦੀ ਸ਼ੋਭਾ ਬੈਕੁੰਠ ਨੂੰ ਮਾਤ ਪਾ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀਆਂ ਦੇ ਪਾਵਨ ਸਰੂਪਾਂ ਤੇ ਇੱਕੋ ਜਿਹੇ ਜੋਗੀਆ ਰੰਗ ਦੇ ਸੁੰਦਰ ਰੁਮਾਲਾਂ ਨਾਲ ਸੰਪੂਰਨ ਪੰਡਾਲ ਇਉਂ ਦਮਕਾਂ ਮਾਰ ਉਠਿਆ, ਜਿਵੇਂ ਸੂਰਜ ਉਦਯ ਹੋਣ ਦੇ ਸਮੇਂ ਪੂਰੀ ਪੂਰਬ ਦਿਸ਼ਾ ਸਮੇਤ ਸੂਰਜ ਦੇ ਲਾਲੋ-ਲਾਲ ਹੋਈ ਹੁੰਦੀ ਹੈ। ਦੋ ਸੌ ਤਿਰਤਾਲੀ ਪਾਠੀ ਸਫੈਦ ਰੰਗ ਦੇ ਵਸਤਰ ਪਹਿਨ ਕੇ ਹੱਥ ਵਿੱਚ ਚਵਰ ਫੜੀਂ ਸਾਰੇ ਪਾਵਨ ਸਰੂਪਾਂ ਦੇ ਤਾਬੇ ਇਉਂ ਸੁਸ਼ੋਭਿਤ ਹਨ ਜਿਵੇਂ ਬੈਕੁੰਠ ਲੋਕ ਵਿੱਚ ਦਿਬਯ ਰੂਹਾਂ ਆਪਣੇ ਸੁਆਮੀ ਦੇ ਧਿਆਨ ਮਗਨ ਸਮਾਧੀ ਇਸਥਿਤ ਸ਼ੋਭਾ ਦੇ ਰਹੀਆਂ ਹੋਣ। ਗੁਰੂ ਸਾਹਿਬ ਜੀਆਂ ਦੇ ਪਾਵਨ ਸਰੂਪ ਪ੍ਰਕਾਸ਼ ਕਰਨ ਲਈ ਇੰਗਲਿਸ਼ ਦੇ ਯੂ (U) ਅੱਖਰ ਦੀ ਤਰ੍ਹਾਂ ਸਟੇਜ ਇਤਨੀ ਸੁੰਦਰ ਅਤੇ ਮਰਿਯਾਦਾ ਪੂਰਤ ਬਣਾਈ ਗਈ ਹੈ ਕਿ ਦੋ ਸੌ ਤਰਤਾਲੀ ਪਾਠੀਆਂ ਵਿੱਚੋਂ ਕਿਸੇ ਇੱਕ ਦੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲ ਕੰਡ ਨਹੀਂ। ਹਰ ਇੱਕ ਸਰੂਪ ਦੇ ਅੱਗੇ ਕਾਗਜ਼ ਦੀ ਇੱਕ ਬਹੁਤ ਸੁੰਦਰ ਗੋਲ ਪਲੇਟ ਲੱਗੀ ਹੋਈ ਹੈ,

ਜਿਨ੍ਹਾਂ ਉਪਰ ਪਾਠ ਨੰਬਰ ਬਹੁਤ ਸੁੰਦਰ ਡਿਜ਼ਾਇਨ ਨਾਲ ਪ੍ਰਿੰਟ ਕੀਤਾ ਹੋਇਆ ਹੈ। ਹਰ ਇੱਕ ਪਾਠੀ ਨੂੰ ਗਰੁੱਪ ਇਨਚਾਰਜ ਨੇ ਇੱਕ ਪ੍ਰਿੰਟ ਕੀਤੀ ਸਲਿੱਪ ਦਿੱਤੀ ਹੈ, ਜਿਸ ਉਪਰ ਪਾਠ ਨੰਬਰ ਜਿਸ ਦੇ ਤਾਬੇ ਬੈਠਣਾ ਹੈ, ਅਤੇ ਡਿਊਟੀ ਦਾ ਸਮਾਂ ਦਰਜ ਹੈ। ਤੇ ਹੁਣ ਹਰ ਇੱਕ ਪਾਠੀ ਅਲਾਟ ਹੋਏ ਨੰਬਰ ਤੇ ਸਮੇਂ ਅਨੁਸਾਰ ਆਪਣੀ ਡਿਊਟੀ ਦਿੰਦਾ ਰਹੇਗਾ, ਹਰ ਇੱਕ ਪਾਠ ਦੇ ਅੱਗੇ ਲੱਗੀਆਂ ਇਹ ਨੰਬਰ ਪਲੇਟਾਂ ਦੀ ਸੁੰਦਰਤਾ ਦਰਸ਼ਕਾਂ ਦੇ ਮਨਾਂ ਨੂੰ ਬਦੋ ਬਦੀ ਆਪਣੇ ਵੱਲ ਖਿੱਚ ਰਹੀ ਹੈ। ਪੰਡਾਲ ਵਿੱਚ ਪੜ੍ਹਦਿਆਂ ਦੀਆਂ ਦੀਵਾਰਾਂ ਤੇ ਰੈਕਸ਼ੀਨ ਅਤੇ ਕੱਪੜੇ ਦੇ ਬੈਨਰਜ਼ ਗੁਰਬਾਣੀ ਦੀਆਂ ਢੁੱਕਵੀਆਂ ਪੰਕਤੀਆਂ ਉਕਰ ਕੇ ਬਹੁਤ ਸੁੰਦਰ ਢੰਗ ਨਾਲ ਲਮਕਾਏ ਸ਼ੋਭਾ ਦੇ ਰਹੇ ਹਨ। ਪੰਡਾਲ ਦੇ ਬਿਲਕੁੱਲ ਸੈਂਟਰ ਵਿੱਚ ਇੱਕ ਅੱਠ ਫੁੱਟ ਲੰਮਾ ਅਤੇ ਚਾਰ ਫੁੱਟ ਚੌੜਾ ਬੋਰਡ ਲਮਕ ਰਿਹਾ ਹੈ, ਜਿਸ ਉਪਰ—

**ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥**
**ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥**
**ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥**
**ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥**
**ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥**
**ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥**

*(ਸਵਈਏ, ਪੰਨਾ-੧੩੯੦)*

ਇਹ ਪਾਵਨ ਸਵੈਯਾ ਸੁੰਦਰ ਅੱਖਰਾਂ ਵਿੱਚ ਪੇਂਟ ਕੀਤਾ ਹੋਇਆ ਹੈ। ਜੋ ਮਾਨੋਂ ਅਕਾਲ ਪੁਰਖ ਵਾਹਿਗੁਰੂ ਦੀ ਸਰਬ ਵਿਆਪਕਤਾ ਅਤੇ ਜੀਵਾਂ ਦੇ ਉਧਾਰ ਹਿਤ ਸਮੇਂ-ਸਮੇਂ ਪ੍ਰਗਟ ਹੋਣ ਦੀ ਵਡਿਆਈ ਨੂੰ ਮੂਰਤੀਮਾਨ ਕਰਦਾ ਹੈ। ਇਸ ਬੋਰਡ ਦੇ ਚਾਰੋਂ ਤਰਫ ਪੰਡਾਲ ਦੀ ਪਿਛਲੀ ਦੀਵਾਰ ਤੇ ਵੱਡੇ-ਵੱਡੇ ਅਕਾਰ ਦੀਆਂ ਛੇ ਫੋਟੋਆਂ ਲਮਕ ਰਹੀਆਂ ਹਨ ਇਨ੍ਹਾਂ ਦਾ ਸਾਈਜ਼ ਛੇ ਫੁੱਟ ਲੰਬਾਈ ਅਤੇ ਸਵਾ ਚਾਰ ਫੁੱਟ ਚੌੜਾਈ ਹੈ। ਇਨ੍ਹਾਂ ਵਿੱਚੋਂ ਇੱਕ ਤ੍ਰੇਤੇ ਦੇ ਅਵਤਾਰ ਭਗਵਾਨ ਰਾਮਚੰਦਰ ਜੀ ਦੀ, ਦੂਸਰੀ ਦੁਆਪੁਰ ਦੇ ਅਵਤਾਰ ਭਗਵਾਨ ਕ੍ਰਿਸ਼ਨ ਜੀ ਦੀ, ਤੀਸਰੀ ਕਲਜੁਗ ਦੇ ਅਵਤਾਰ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀਆਂ ਦੀ, ਚੌਥੀ ਉਨ੍ਹਾਂ ਦੇ ਛੇਵੇਂ ਸਰੂਪ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀਆਂ ਦੀ, ਪੰਜਵੀਂ ਅਭੇਦ ਹੋਏ ਪੂਰਨ ਪੁਰਸ਼ ਸੰਤ ਬਾਬਾ ਭਗਤ ਸਿੰਘ ਜੀਆਂ ਦੀ ਅਤੇ ਛੇਵੀਂ ਬ੍ਰਹਮ ਗਿਆਨੀ ਸੰਤ ਨਿੱਕਾ ਸਿੰਘ ਵਿਰੱਕਤ ਮਹਾਰਾਜ ਜੀਆਂ ਦੀ ਆਦਿਕ ਫੋਟੋਆਂ ਸੁਸ਼ੋਭਿਤ ਹਨ। ਇਹ ਮਾਨੋਂ ਉਪਰ ਲਿਖੇ ਸਵੈਯਾ ਦੇ ਅਰਥ ਮੂਰਤੀਮਾਨ ਕਰ ਰਹੀਆਂ ਹਨ, ਯਾਨੀ ਇਸ ਸਵੈਯਾ ਦੀ ਖੁੱਲ੍ਹੀ ਵਿਆਖਿਆ ਹਨ।

ਸਾਰੇ ਪੰਡਾਲ ਵਿੱਚ ਹਰੇ ਰੰਗ ਦਾ ਬਹੁਤ ਸੁੰਦਰ ਕਲੀਨ ਵਿਛਿਆ ਹੋਇਆ ਹੈ ਜੋ ਸਰਸਰੇ ਨਜ਼ਰ ਮਾਰਿਆਂ ਇਉਂ ਪ੍ਰਤੀਤ ਦਿੰਦਾ ਹੈ, ਜਿਵੇਂ ਸਾਰੀ ਧਰਤੀ ਵਿੱਚ ਬਹੁਤ ਨਰਮ ਅਤੇ ਸੁੰਦਰ ਘਾਹ ਉੱਗਿਆ ਹੋਵੇ।

ਸਾਰੇ ਪਾਠ ਸਾਹਿਬਾਂ ਦੇ ਸੈਂਟਰ ਵਾਲੇ ਯੂ (U) ਵਿੱਚ ਤਿੰਨ ਪਾਲਕੀਆਂ ਸੁਸ਼ੋਭਿਤ ਹਨ ਜਿਨ੍ਹਾਂ ਦੇ ਵਿਚਕਾਰ ਕਈ ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਈ ਚਾਂਦੀ ਦੀ ਇੱਕ ਸੁੰਦਰ ਪਾਲਕੀ ਸੁਸ਼ੋਭਿਤ ਹੈ, ਜਿਸ ਤੇ ਕਢਾਈ ਸਮੇਂ ਬਹੁਤ ਹੀ ਸੁੰਦਰ ਮੀਨਾਕਾਰੀ ਚਿੱਤਰੀ ਹੋਈ ਹੈ, ਜੋ ਦਰਸ਼ਕਾਂ ਦੇ ਮਨਾਂ ਨੂੰ ਬਦੋ-ਬਦੀ ਆਪਣੇ ਵੱਲ ਨੂੰ ਖਿੱਚ ਰਹੀ ਹੈ। ਇਸ ਦੇ ਦੋਨੋਂ ਤਰਫ ਸਫੈਦ ਚਾਂਦੀ ਵਰਗੀ ਸਟੀਲ ਦੀਆਂ ਦੋ ਪਾਲਕੀਆਂ ਸੁਸ਼ੋਭਿਤ ਹਨ। ਇਨ੍ਹਾਂ ਤਿੰਨਾਂ ਪਾਲਕੀਆਂ ਤੇ ਮੇਨ ਪਾਠ ਹਨ, ਇਸ ਲਈ ਤਿੰਨਾਂ ਤੇ ਅਲੱਗ-ਅਲੱਗ ਮਾਈਕ ਫਿੱਟ ਕੀਤੇ ਹਨ ਤਾਂ ਕਿ ਤਿੰਨੇਂ ਪਾਠੀ ਸਿੰਘ ਪੰਦਰਾਂ-ਪੰਦਰਾਂ ਮਿੰਟ ਵਾਰੀ ਨਾਲ ਪਾਠ ਉਚਾਰਨ ਕਰਦੇ ਰਹਿਣ। ਇੰਨ੍ਹਾਂ ਮੇਨ ਪਾਠਾਂ ਤੋਂ ਦਿਨ ਰਾਤ ਨਿਰੰਤਰ ਪਾਠ ਉਚਾਰਨ ਹੋ ਕੇ ਪੂਰੇ ਪਾਠ ਪੰਡਾਲ ਅਤੇ ਦੋਨਾਂ ਕੁਟੀਆਂ ਵਿੱਚ ਪਾਠ ਕਰ ਰਹੇ ਦੋ ਸੌ ਇਕਵੰਜਾ ਪਾਠੀਆਂ ਨੂੰ ਇੱਕ ਰਸ ਸੁਣਾਈ ਦਿੰਦਾ ਰਹੇਗਾ।

ਇਧਰ ਪੰਡਾਲ ਤੋਂ ਬਾਹਰ ਸਵੇਰ ਦਾ ਦੀਵਾਨ ਸਜਿਆ ਹੈ, ਪਹਿਲਾਂ ਪੰਜ ਤੋਂ ਸੱਤ ਤੱਕ ਦੋ ਘੰਟੇ ਸ੍ਰੀ ਆਸਾ ਜੀ ਦੀ ਵਾਰ ਦਾ ਰਸ ਭਿੰਨਾ ਕੀਰਤਨ ਹੋਇਆ, ਫਿਰ ਡੇਢ ਘੰਟਾ ਯਾਨੀ ਸੱਤ ਤੋਂ ਸਾਢੇ ਅੱਠ ਵਜੇ ਤੱਕ ਸੰਗਤ ਨੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ। ਫਿਰ ਸਾਢੇ ਅੱਠ ਤੋਂ ਸਾਢੇ ਗਿਆਰਾਂ ਵਜੇ ਤੱਕ ਇਲਾਹੀ ਬਾਣੀ ਦਾ ਕੀਰਤਨ ਕੀਤਾ

ਗਿਆ, ਜਿਸ ਵਿੱਚ ਹੋਰਨਾਂ ਤੋਂ ਇਲਾਵਾ ਸ੍ਰੀਮਾਨ ਸੰਤ ਰਾਮ ਸਿੰਘ ਜੀ ਨਾਨਕਸਰ ਸੀਂਘੜੇ ਵਾਲਿਆਂ ਦੇ ਰਾਗੀ ਜੱਥੇ ਨੇ ਬਹੁਤ ਰਸ ਭਿੰਨਾ ਕੀਰਤਨ ਕੀਤਾ। ਸੰਗਤਾਂ ਭਾਵੇਂ ਸਵੇਰ ਦੇ ਪੰਜ ਵਜੇ ਦੀਆਂ ਦੀਵਾਨ ਵਿੱਚ ਸਜੀਆਂ ਹਰੀ ਕੀਰਤਨ, ਹਰੀ ਜਸ ਦਾ ਆਨੰਦ ਮਾਣ ਰਹੀਆਂ ਹਨ, ਪਰੰਤੂ ਧਿਆਨ ਸਭ ਦਾ ਪਾਠ ਪੰਡਾਲ ਵੱਲ ਹੈ ਕਿ ਕਦੋਂ ਕਨਾਤ ਰੂਪੀ ਪੜਦਾ ਉਠੇ ਤੇ ਕਦੋਂ ਪਾਠ ਪੰਡਾਲ ਰੂਪੀ ਅਲੌਕਿਕ ਮੰਡਲ ਦੇ ਦੀਦਾਰ ਹੋਣ। ਹੁਣ ਤੱਕ ਇਸ ਇਲਾਹੀ ਦਰਬਾਰ ਦੇ ਦਰਸ਼ਨ ਅੰਦਰ ਸੇਵਾ ਕਰ ਰਹੇ ਗਿਣਵੇਂ ਚੁਣਵੇਂ ਸੱਜਣਾਂ ਨੂੰ ਉਪਲਬਧ ਹੋ ਰਹੇ ਸਨ, ਲੇਕਿਨ ਹੁਣ ਸਮਾਂ ਆ ਪਹੁੰਚਿਆ, ਉਨ੍ਹਾਂ ਹਜ਼ਾਰਾਂ ਸੰਗਤਾਂ ਨੂੰ ਦੀਦਾਰ ਪ੍ਰਾਪਤ ਹੋਣ ਦਾ ਜਿਹੜੀਆਂ ਸਵੇਰ ਦੇ ਪੰਜ ਵਜੇ ਤੋਂ ਕੰਨਾਂ ਰਾਹੀਂ ਤਾਂ ਭਾਵੇਂ ਨਿਰਬਾਣ ਕੀਰਤਨ ਸੁਣ ਰਹੀਆਂ ਸਨ, ਲੇਕਿਨ ਨੇਤਰਾਂ ਦਾ ਇੱਕ ਟੱਕ ਧਿਆਨ ਦਰਬਾਰ ਸਾਹਿਬ ਦੀ ਕਨਾਤ ਵੱਲ ਜਮਾਇਆ ਹੋਇਆ ਹੈ, ਕਿ ਕਨਾਤ ਰੂਪੀ ਪੜਦਾ ਕਦੋਂ ਉਠੇ ਤੇ ਹਰੀ ਮੰਦਰ ਦੇ ਦਰਸ਼ਨ ਹੋਣ?

ਪਰਮ ਪੂਜਨੀਕ ੧੦੮ ਮਹੰਤ ਬਾਬਾ ਰਾਮ ਸਿੰਘ ਮਹਾਰਾਜ ਵੀ ਆਪਣੀ ਸੰਤ ਮੰਡਲੀ ਸਮੇਤ ਦਰਬਾਰ ਵਿੱਚ ਪਹੁੰਚ ਕੇ, ਮੇਨ ਪਾਠ ਦੀ ਵਿਚਕਾਰਲੀ ਚਾਂਦੀ ਵਾਲੀ ਪਾਲਕੀ ਵਿੱਚ ਸੁਸ਼ੋਭਿਤ ਕਲਯੁੱਗ ਦੇ ਅਵਤਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀਆਂ ਨੂੰ ਆਪਣੇ ਪਵਿੱਤਰ ਹੱਥਾਂ ਨਾਲ ਚਵਰ ਕਰਦੇ ਇਉਂ ਸ਼ੋਭਾ ਦੇ ਰਹੇ ਹਨ, ਜਿਵੇਂ ਪੁੰਨਿਆਂ ਦੇ ਚੰਦਰਮਾ ਨੂੰ ਪਰਿਵਾਰ ਆਇਆ ਹੋਵੇ। ਆਪ ਜੀਆਂ ਦੇ ਪਹਿਨੇ ਹੋਏ ਸੁੰਦਰ ਭਗਵੇਂ ਵਸਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਆਂ ਦੇ ਸੁੰਦਰ ਰੁਮਾਲਾਂ ਨਾਲ ਮਿਲ ਕੇ ਸੁੰਦਰ ਬਾਗ ਵਿੱਚ ਖਿੜੇ ਸੂਹੇ ਲਾਲ ਕੇਸੂ ਫੁੱਲਾਂ ਦੀ ਤਰ੍ਹਾਂ ਸ਼ੋਭਾ ਦੇ ਰਹੇ ਹਨ। ਹੁਣ ਠੀਕ ਦਿਨ ਦੇ ਬਾਰਾਂ ਵਜ ਚੁੱਕੇ ਹਨ। ਜਿਸ ਘੜੀ ਦੀ ਇੱਕ ਸਾਲ ਤੋਂ ਤਿਆਰੀ ਅਤੇ ਇੰਤਜਾਰ ਹੋ ਰਿਹਾ ਸੀ, ਉਹ ਹੁਣ ਦੋ ਸੋ ਇਕਵੰਜਾ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਨ ਵਾਲੀ ਸੁਲੱਖਣੀ ਘੜੀ ਆ ਪਹੁੰਚੀ। ਸੰਗਤਾਂ ਦਾ ਧਿਆਨ ਵੀ ਘੜੀ ਵੱਲ ਹੈ, ਕਿ ਕਦੋਂ ਬਾਰਾਂ ਵੱਜਣ ਤੇ ਕਦੋਂ ਪਰਦਾ ਉਠੇ?

ਔਹ ਦੇਖੋ! ਕਨਾਤ ਇਕੱਠੀ ਹੋਣੀ ਸ਼ੁਰੂ ਹੋ ਗਈ, ਤੇ ਸੰਗਤਾਂ ਵੀ ਇਸ ਇਲਾਹੀ ਦਰਬਾਰ ਦੇ ਦੀਦਾਰ ਕਰਨ ਲਈ ਬਿਹਬਲ ਹੋਈਆਂ ਬੜੀ ਤੇਜ਼ੀ ਨਾਲ ਉਠ ਖੜੀਆਂ ਹੋਈਆਂ। ਅਲੌਕਿਕ ਦਰਬਾਰ ਵਿੱਚੋਂ ਆਪ ਮੁਹਾਰੇ ਪੈ ਰਹੀ ਅਨੌਖੀ ਸੁੰਦਰਤਾ ਦੇ ਪਹਿਲੇ ਝਲਕਾਰੇ ਦਾ ਤੇਜ ਅੱਖਾਂ ਨੂੰ ਚੁੰਧਿਆ ਰਿਹਾ ਹੈ। ਇੰਨ੍ਹਾਂ ਅਸਥੂਲ ਅੱਖਾਂ ਨੇ ਇਹੋ ਜਿਹਾ ਤੇਜ਼, ਇਹੋ ਜਿਹਾ ਜਲੌ, ਇਹ ਅਲੌਕਿਕ ਦ੍ਰਿਸ਼, ਇਹ ਬੈਕੁੰਠ ਨਗਰ ਸ਼ਾਇਦ ਅੱਜ ਪਹਿਲੀ ਵਾਰ ਤੱਕਿਆ ਹੈ। ਇਸ ਲਈ ਦੀਦਾਰ ਕਰ-ਕਰ ਕੇ ਮਨ ਵਿਸ਼ਮਾਦਤ ਹੁੰਦਾ ਜਾ ਰਿਹਾ ਹੈ, ਆਪਾ ਭੁੱਲਦਾ ਜਾ ਰਿਹਾ ਹੈ, ਮਨ ਕਿਸੇ ਅਕਹਿ ਅਨੰਦ ਵਿੱਚ ਲੀਨ ਹੋਇਆ, ਆਪ ਮੁਹਾਰੇ ਉਚਾਰ ਰਿਹਾ ਹੈ—

**ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥**
**ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥**

*(ਫੁਨਹੇ ਮ: ੫, ਪੰਨਾ-੧੩੬੨)*

ਸਮਾਂ ਹੁਣ ਸਹੀ ਬਾਰਾਂ ਵੱਜ ਚੁੱਕੇ ਹਨ। ਭਾਈ ਤਰਜੀਤ ਸਿੰਘ ਜੀ ਅਰਦਾਸ ਕਰਨ ਲਈ ਗਲ ਵਿੱਚ ਪੱਲਾ ਪਾ ਕੇ ਮੇਨ ਪਾਠ ਦੇ ਅੱਗੇ ਜੋ ਪੂਰੇ ਪੰਡਾਲ ਦੇ ਸੈਂਟਰ ਵਿੱਚ ਸੁਸ਼ੋਭਿਤ ਹੈ, ਸਨਮੁਖ ਖਲੋ ਗਏ। ਅਰਦਾਸ ਵੀ ਬਹੁਤ ਲੰਬੀ ਹੈ, ਕਿਉਂਕਿ ਦੋ ਸੌ ਇਕਵੰਜਾ ਸੇਵਕਾਂ ਦੇ ਨਾਮ ਲੈਣੇ ਹਨ, ਜਿਨ੍ਹਾਂ ਵੱਲੋਂ ਇਹ ਪਾਠ ਸਾਹਿਬ ਦੀ ਸੇਵਾ ਹੋ ਰਹੀ ਹੈ। ਅਰਦਾਸ ਬੇਨਤੀ ਸੰਪੂਰਨ ਹੋਣ ਤੇ ਸ੍ਰੀਮਾਨ ੧੦੮ ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ ਨੇ ਜੁਗੋ ਜੁਗ ਅਟੱਲ ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀਆਂ ਦੇ ਪਾਵਨ ਸਰੂਪ ਵਿੱਚੋਂ ਹੁਕਮ ਨਾਮਾ ਲੈ ਕੇ ਦੋ ਸੌ ਇਕਵੰਜਾ ਅਖੰਡ ਪਾਠ ਸਾਹਿਬਾਂ ਦੀ ਆਰੰਭਤਾ ਕੀਤੀ। ਆਰੰਭਤਾ ਦੇ ਸਮੇਂ ਹਜ਼ਾਰਾਂ ਸੰਗਤਾਂ ਦਾ ਸਮੁੰਦਰ ਦੀ ਤਰ੍ਹਾਂ ਠਾਠਾਂ ਮਾਰ ਰਿਹਾ ਜਮਾਉ ਪਾਠ ਪੰਡਾਲ ਦੀ ਅਲੌਕਿਕ ਸੁੰਦਰਤਾ ਵੱਲ ਇੱਕ ਟੱਕ ਤੱਕੀ ਜਾ ਰਿਹਾ ਹੈ, ਮਾਨੋ ਦੀਦਾਰ ਕਰ-ਕਰ ਕੇ ਮਨ ਅਜੇ ਪੂਰੀ ਤਰ੍ਹਾਂ ਤ੍ਰਿਪਤ ਨਹੀਂ ਹੋ ਰਿਹਾ। ਮਨ ਸੋਚਦਾ ਹੈ ਇਸ ਬੈਕੁੰਠ ਨੂੰ ਵਿੱਚ ਘੁੰਮ ਫਿਰਕੇ ਤੱਕਾਂ, ਲੇਕਿਨ ਸਕਿਊਰਟੀ ਦਾ ਪ੍ਰਬੰਧ ਇਤਨਾ ਜ਼ਬਰਦਸਤ ਹੈ, ਕਿ ਪਾਠੀ ਤੋਂ ਬਗੈਰ ਦੂਸਰਾ ਬੰਦਾ ਪਾਠ ਪੰਡਾਲ ਗੇਟ ਦੇ ਨੇੜੇ ਨਹੀਂ ਢੁੱਕ ਸਕਦਾ। ਪੂਰੇ ਜੋੜ ਮੇਲੇ ਵਿੱਚ ਹਰ ਪ੍ਰਕਾਰ ਦੀ ਸੇਵਾ ਵਾਲੇ ਸੇਵਾਦਾਰਾਂ ਦੇ ਮੋਢਿਆਂ ਤੇ ਆਪੋ ਆਪਣੀ ਸੇਵਾ ਮੁਤਾਬਿਕ ਬਿੱਲੇ ਲੱਗੇ ਹੋਏ ਹਨ। ਜਿਵੇਂ ਪਾਠੀ ਸਿੰਘਾਂ ਦੇ ਮੋਢਿਆਂ ਤੇ ਪਾਠ ਸੇਵਾ, ਪੰਡਾਲ ਦੀ ਅੰਦਰਲੀ ਸੰਭਾਲ ਦੇਖ ਰੇਖ ਵਾਲਿਆਂ ਤੇ ਪਾਠ

ਪੰਡਾਲ ਸੇਵਾ, ਕੀਰਤਨ ਪੰਡਾਲ ਦੀ ਅੰਦਰਲੀ ਦੇਖ ਰੇਖ ਸੰਭਾਲ ਵਾਲਿਆਂ ਦੇ ਕੀਰਤਨ ਪੰਡਾਲ ਸੇਵਾ, ਜੋੜੇ ਘਰਾਂ ਦੀ ਸੰਭਾਲ ਵਾਲਿਆਂ ਦੇ ਜੋੜੇ ਸੇਵਾ, ਟਰੈਫਿਕ ਕੰਟਰੋਲ ਸੇਵਾ ਵਾਲਿਆਂ ਦੇ ਟਰੈਫਿਕ ਸੇਵਾ ਡਿਸਪੈਂਸਰੀ ਵਾਲਿਆਂ ਦੇ ਡਾਕਟਰੀ ਸੇਵਾ, ਪੁੱਛ-ਗਿੱਛ ਸੇਵਾ, ਲਾਊਡਸਪੀਕਰ ਸੇਵਾ, ਬਿਜਲੀ ਸੇਵਾ, ਜਲ ਸੇਵਾ, ਲੰਗਰ ਸੇਵਾ ਅਤੇ ਜੋੜ ਮੇਲੇ ਦੀ ਦਿਨ ਰਾਤ ਨਿਗਰਾਨੀ ਕਰਨ ਵਾਲਿਆਂ ਦੇ ਸਕਿਉਰਟੀ ਸੇਵਾ, ਇਤਿਆਦਿਕ ਹੋਰ ਵੀ ਜਿਤਨੀਆਂ ਸੇਵਾਵਾਂ ਹਨ ਸਭ ਦੇ ਮੋਢਿਆਂ ਤੇ ਆਪੋ-ਆਪਣੀ ਡਿਊਟੀ ਅਨੁਸਾਰ ਬਿੱਲੇ ਲੱਗੇ ਹੋਏ ਹਨ।

ਪਾਠ ਸਾਹਿਬਾਂ ਦੀ ਅਰੰਭਤਾ ਹੁਣ ਸੰਪੂਰਨ ਹੋ ਚੁੱਕੀ ਹੈ। ਸਟੇਜ ਸੈਕਟਰੀ, ਭਾਈ ਤਰਜੀਤ ਸਿੰਘ ਜੀ, ਹੁਣ ਅੱਜ ਦੇ ਸਾਰੇ ਪ੍ਰੋਗਰਾਮ ਨੂੰ ਅਨਾਊਂਸ ਕਰ ਰਹੇ ਹਨ। ਸਭ ਤੋਂ ਪਹਿਲਾਂ ਹੁਣ ਪਰਮ ਪੂਜਨੀਕ ਸ੍ਰੀ ਮਾਨ ੧੦੮ ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ ਸੰਤ ਨਿਵਾਸ ਵਿੱਚ ਸੱਜ ਕੇ ਪਾਠੀ ਸਿੰਘ ਨੂੰ ਜੋ ਹਜ਼ਾਰਾਂ ਦੀ ਗਿਣਤੀ ਵਿੱਚ ਇਸ ਮਹਾਨ ਯੱਗ ਵਿੱਚ ਪਾਠ ਸੇਵਾ ਦੁਆਰਾ ਹਿੱਸਾ ਪਾਉਣ ਆਏ ਹਨ, ਉਨ੍ਹਾਂ ਸਭ ਵਡਭਾਗੇ ਸੇਵਾਦਾਰਾਂ ਨੂੰ ਆਪਣੇ ਪਵਿੱਤਰ ਹਸਤ ਕਮਲਾਂ ਦੁਆਰਾ ਸਿਰੋਪਾਉ ਬਖਸ਼ਿਸ਼ ਕਰਨਗੇ। ਔਹ ਦੇਖੋ! ਕੁਝ ਹੀ ਮਿੰਟਾਂ ਬਾਅਦ ਜਾ ਸੱਜਿਆ ਅਰਸ਼ੀ ਪ੍ਰੀਤਮ ਸੰਤ ਨਿਵਾਸ ਵਿੱਚ, ਨਾਲ ਹੀ ਸੰਤ ਬਾਬਾ ਜੋਧ ਸਿੰਘ ਜੀ ਅਤੇ ਸੰਤ ਗੁਰਿੰਦਰ ਸਿੰਘ ਛੋਟੂ ਬਾਬਾ ਜੀ। ਪਾਠੀ ਸਿੰਘ ਵੀ ਹੁਣ ਲਾਈਨ ਵਿੱਚ ਲੱਗ ਕੇ ਬੜੇ ਸਹਿਜ ਨਾਲ ਸਿਰੋਪਾਉ ਹਾਸਲ ਕਰ ਰਹੇ ਹਨ। ਵੀਡਿਓ ਫਿਲਮ ਵਾਲਿਆਂ ਨੇ ਵੀ ਆਪਣਾ ਕੈਮਰਾ ਹੁਣ ਪੱਕੇ ਤੌਰ 'ਤੇ ਫਿੱਟ ਕਰ ਦਿੱਤਾ, ਤਾਂ ਕਿ ਹਰ ਇੱਕ ਪਾਠੀ ਜੋ ਹਜ਼ੂਰ ਦੇ ਪਵਿੱਤਰ ਹੱਥਾਂ ਤੋਂ ਸਿਰੋਪਾਉ ਹਾਸਲ ਕਰ ਰਿਹਾ ਹੈ, ਟੀ.ਵੀ. ਪਿਕਚਰ ਵਿੱਚ ਆ ਜਾਵੇ। ਇਉਂ ਇੱਕ-ਇੱਕ ਕਰ ਕੇ ਪਾਠੀ ਸਿੰਘਾਂ ਨੂੰ ਸਿਰੋਪਾਉ ਬਖਸ਼ਿਸ਼ ਕਰ ਦਿੱਤੇ।

ਸ੍ਰੀ ਅਖੰਡ ਪਾਠ ਸਾਹਿਬ ਪਰਾਰੰਭ ਹੋ ਚੁੱਕੇ ਹਨ ਅਤੇ ਪਾਠੀ ਸਿੰਘਾਂ ਨੇ ਸਿਰੋਪਾਉ ਹਾਸਲ ਕਰ ਲਏ ਹਨ। ਹੁਣ ਇੱਧਰ ਕੀਰਤਨ ਪੰਡਾਲ ਵਿੱਚ ਦੀਵਾਨ ਸੱਜ ਗਿਆ, ਜਿਸ ਵਿੱਚ ਹਜ਼ਾਰਾਂ ਸੰਗਤਾਂ ਵੀ ਸੁਸ਼ੋਭਿਤ ਹੋ ਗਈਆਂ, ਇਸ ਇਲਾਹੀ ਕੀਰਤਨ ਦਰਬਾਰ ਵਿੱਚ ਕੋਈ ਡੇਢ ਘੰਟੇ ਦਾ ਸਮਾਂ ਗੁਰਬਾਣੀ ਜਸ ਗਾਇਨ ਕਰਨ ਦੀ ਰਸ ਭਿੰਨੀ ਬਰਸਾਤ ਹੁੰਦੀ ਰਹੀ। ਅਨਾਊਂਸ ਕੀਤੇ ਪ੍ਰੋਗਰਾਮ ਅਨੁਸਾਰ ਕੀਰਤਨ ਹੁਣ ਸਹੀ ਚਾਰ ਵਜੇ ਸ਼ੁਰੂ ਹੋਵੇਗਾ। ਇਸ ਲਈ ਸੰਗਤਾਂ ਮੀਲਾਂ ਵਿੱਚ ਪਸਰੇ ਜੋੜ ਮੇਲੇ ਦੇ ਦਰਸ਼ਨ ਕਰ ਰਹੀਆਂ ਹਨ। ਪ੍ਰੋਗਰਾਮ ਸਾਰਾ ਹੁਣ ਇਤਨਾ ਨੀਯਮਬੱਧ ਹੋ ਰਿਹਾ ਹੈ, ਕਿ ਕਿਸੇ ਨੂੰ ਹੋਣ ਵਾਲੇ ਪ੍ਰੋਗਰਾਮ ਦੇ ਬਾਰੇ ਪੁੱਛਣਾ ਨਹੀਂ ਪੈਂਦਾ। ਰਿਸੈਪਸ਼ਨ, ਯਾਨੀ ਪੁੱਛ-ਗਿੱਛ ਸੈਂਟਰ ਦੇ ਬਾਹਰ ਇੱਕ ਵੱਡਾ ਬੋਰਡ ਲੱਗਾ ਹੋਇਆ ਹੈ ਜਿਸ ਉਪਰ ਸ਼ਾਮ ਤੱਕ ਦੇ ਸਾਰੇ ਪ੍ਰੋਗਰਾਮ, ਕਿਤਨੇ ਵਜੇ ਸੁਖਮਨੀ ਸਾਹਿਬ ਦਾ ਪਾਠ ਸ਼ੁਰੂ ਹੋਵੇਗਾ, ਕਿਤਨੇ ਵਜੇ ਕੀਰਤਨ ਸ਼ੁਰੂ ਹੋਵੇਗਾ, ਅਤੇ ਕਿਹੜੇ ਰਾਗੀ ਦਾ, ਕਿਤਨੇ ਵਜੇ ਅਤੇ ਕਿੰਨਾ ਟਾਈਮ ਹੈ, ਸੰਤ ਸਮਾਗਮ ਕਿੰਨੇ ਵਜੇ ਸ਼ੁਰੂ ਹੋਵੇਗਾ, ਆਰਤੀ ਅਤੇ ਸਮਾਪਤੀ ਦੀ ਅਰਦਾਸ ਕਿੰਨੇ ਵਜੇ ਹੋਵੇਗੀ, ਇਤਿਆਦਿਕ ਦਿਨ ਭਰ ਦੇ ਸਾਰੇ ਪ੍ਰੋਗਰਾਮ ਇੱਕ ਵੱਡੇ ਕਾਗਜ਼ ਤੇ ਪ੍ਰਿੰਟ ਕਰਾ ਕੇ ਲਗਾ ਦਿੱਤੇ ਜਾਂਦੇ ਹਨ। ਇਸ ਪ੍ਰਕਾਰ ਸੰਗਤਾਂ ਨੀਯਤ ਸਮੇਂ ਤੇ ਪੰਡਾਲ ਵਿੱਚ ਸਜ ਕੇ ਲਾਭ ਉਠਾ ਰਹੀਆਂ ਹਨ। ਪ੍ਰੋਗਰਾਮ ਦਾ ਪ੍ਰਵਾਹ ਵੀ ਇਤਨਾ ਵਿਸ਼ਾਲ ਹੈ ਸਵੇਰੇ ਦੇ ਪੰਜ ਵਜੇ ਤੋਂ ਸ਼ੁਰੂ ਹੋ ਕੇ ਰਾਤ ਦੇ ਦਸ ਵਜੇ ਤੱਕ ਕੋਈ ਸਮਾਂ ਐਸਾ ਨਹੀਂ ਜਦੋਂ ਗੁਰਬਾਣੀ ਦਾ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਵਾਹ ਨਾ ਬਹਿ ਰਿਹਾ ਹੋਵੇ। ਪਾਠ ਪੰਡਾਲ ਵਿੱਚ ਵੀ ਪੂਰਾ ਪ੍ਰਬੰਧ ਇਤਨਾ ਨੀਯਮ ਬੱਧ ਹੈ ਕਿ ਇਤਨੀ ਭਾਰੀ ਗਿਣਤੀ ਵਿੱਚ ਹੋ ਰਹੇ ਪਾਠਾਂ ਵਿੱਚੋਂ ਕਿਸੇ ਇੱਕ ਦਾ ਵੀ ਪਾਠ ਅੱਗੇ ਪਿੱਛੇ ਹੋਣ ਦਾ ਚਾਂਸ (chance) ਨਹੀਂ। ਪਹਿਲੀ ਗੱਲ ਤਾਂ ਮੇਨ ਪਾਠਾਂ, ਜਿਨ੍ਹਾਂ ਤੋਂ ਮਾਈਕ ਰਾਹੀਂ ਨਿਰੰਤਰ ਪਾਠ ਉਚਾਰਨ ਹੋਣਾ ਹੈ ਉਨ੍ਹਾਂ ਤੇ ਬੜੇ ਯੋਗਤਾਵਾਨ ਸਿਆਣੇ ਅਤੇ ਸ਼ੁੱਧ ਪਾਠ ਉਚਾਰਨ ਵਾਲੇ ਪਾਠੀ ਸਿੰਘਾਂ ਦੀ ਡਿਊਟੀ ਲਗਾਈ ਗਈ ਹੈ। ਦੂਸਰੀ ਗੱਲ, ਪ੍ਰਬੰਧਕਾਂ ਵੱਲੋਂ ਆਰੰਭ ਤੋਂ ਭੋਗ ਸਮੇਂ ਤੱਕ ਦਾ ਟਾਈਮ ਟੇਬਲ ਬਣਾ ਕੇ ਮੇਨ ਪਾਠ ਦੇ ਇੰਚਾਰਜ ਨੂੰ ਦਿੱਤਾ ਗਿਆ ਹੈ, ਕਿ ਕਿਤਨੇ ਵਜੇ ਮੱਧ ਦੀ ਅਰਦਾਸ ਹੋਣੀ ਹੈ, ਕਿਤਨੇ ਵਜੇ ਭੋਗ ਸਾਹਿਬ ਦੇ ਸਲੋਕ ਸ਼ੁਰੂ ਹੋਣਗੇ, ਕਿਹੜੇ ਪਾਠੀ ਨੇ ਕਿੰਨੇ ਪੰਨੇ ਕਰਨੇ ਹਨ ਅਤੇ ਡਿਊਟੀ ਪੂਰੀ ਹੋਣ ਤੇ ਕਿੰਨੇ ਨੰਬਰ ਪੰਨੇ ਉਪਰ ਪਾਠ ਅੱਗੇ ਦੇਣਾ ਹੈ। ਇਸ ਲਈ ਤਿੰਨੇ ਮੇਨ ਪਾਠੀ ਡਿਊਟੀ ਤੇ ਬੈਠਣ ਤੋਂ ਪਹਿਲਾਂ ਚਾਰਟ ਦੇਖ ਕੇ ਬੈਠਦੇ ਹਨ, ਕਿ ਡਿਊਟੀ ਦੌਰਾਨ ਕਿੰਨਾ ਪਾਠ ਕਰਨਾ ਹੈ। ਤੀਜੀ ਗੱਲ, ਦੋ ਸੌ ਇਕਵੰਜਾ ਪਾਠ ਗਰੁੱਪ ਵਾਈਜ਼ ਵੰਡ ਕੇ ਦਿੱਤੇ ਗਏ ਹਨ। ਹਰ ਇੱਕ ਗਰੁੱਪ ਦੇ ਇੱਕ-ਇੱਕ ਜਾਂ ਦੋ-ਦੋ ਇੰਚਾਰਜ

ਹਨ, ਜਿਨ੍ਹਾਂ ਦੀ ਜ਼ਿੰਮੇਵਾਰੀ ਹੈ, ਆਪਣੇ ਗਰੁੱਪ ਦੇ ਪਾਠੀਆਂ ਨੂੰ ਸਮੇਂ ਸਿਰ ਉਠਾਉਣਾ, ਦੂਸਰਿਆਂ ਨੂੰ ਬਿਠਾਉਣਾ ਅਤੇ ਜਿਤਨੇ ਪਾਠਾਂ ਦੀ ਸੇਵਾ ਪ੍ਰਾਪਤ ਹੋਈ ਹੈ ਉਨ੍ਹਾਂ ਵੱਲ ਪੂਰਾ ਧਿਆਨ ਰੱਖਣਾ ਤਾਂ ਕਿ ਕੋਈ ਪਾਠ ਅੱਗੇ ਪਿੱਛੇ ਨਾ ਹੋ ਜਾਵੇ। ਫਿਰ ਇਨ੍ਹਾਂ ਸਾਰਿਆਂ ਇੰਚਾਰਜਾਂ ਦੇ ਉੱਪਰ ਵੀ ਇੱਕ ਪ੍ਰੇਮੀ ਦੀ ਡਿਊਟੀ ਲਗਾਈ ਗਈ ਹੈ, ਜੋ ਸਮੇਂ-ਸਮੇਂ ਸਾਰੇ ਪ੍ਰਬੰਧ ਦਾ ਜਾਇਜਾ ਲੈਂਦਾ ਰਹੇਗਾ। ਇਸ ਪ੍ਰਕਾਰ ਪਾਠ ਪ੍ਰੋਗਰਾਮ ਨੀਯਮ ਬੱਧ ਚਲਾਉਣ ਲਈ ਹੇਠ ਤੋਂ ਉੱਪਰ ਤੱਕ ਚਾਰ ਕਿਸਮ ਦਾ ਪ੍ਰਬੰਧ ਕੀਤਾ ਗਿਆ ਹੈ, ਗਰੁੱਪ ਵਾਈਜ਼ ਪਾਠਾਂ ਦੀ ਜੋ ਵੰਡ ਕੀਤੀ ਗਈ ਹੈ ਉਹ ਇਸ ਪ੍ਰਕਾਰ ਹੈ—

| ਪਾਠ ਨੰਬਰ | ਗਿਣਤੀ | ਗਰੁੱਪ | ਇੰਚਾਰਜ ਦਾ ਨਾਮ | ਪਾਠਾਂ ਦਾ ਸਥਾਨ |
|---|---|---|---|---|
| 2 ਤੋਂ 6 | 5 | ਕਰਨਾਲ ਗਰੁੱਪ 1. | ਸ੍ਰੀ ਪਿਆਰਾ ਲਾਲ ਜੀ ਕਰਨਾਲ | ਛੋਟੀ ਕੁਟੀਆ |
| 7 ਤੋਂ 30 | 24 | ਕਰਨਾਲ ਗਰੁੱਪ 2. | ਸ੍ਰੀ ਆਦਰਸ ਕੁਮਾਰ ਜੀ ਕਰਨਾਲ | ਪਾਠ ਪੰਡਾਲ |
| 31 ਤੋਂ 54 | 24 | ਕਰਨਾਲ ਗਰੁੱਪ 3. | ਸ੍ਰ: ਸੁਰਜੀਤ ਸਿੰਘ ਜੀ ਕਰਨਾਲ | ਪਾਠ ਪੰਡਾਲ |
| 55 ਤੋਂ 78 | 24 | ਕਰਨਾਲ ਗਰੁੱਪ 4. | ਸ੍ਰੀ ਅਸ਼ੋਕ ਚਾਵਲਾ ਜੀ ਕਰਨਾਲ | ਪਾਠ ਪੰਡਾਲ |
| 79 ਤੋਂ 108 | 30 | ਪਖਾਣਾ ਗਰੁੱਪ | ਸ੍ਰ: ਤੇਜਵੰਤ ਸਿੰਘ ਜੀ ਪਖਾਣਾ | ਪਾਠ ਪੰਡਾਲ |
| 109 ਤੋਂ 125 | 17 | ਗੁਰਾਇਆ ਗਰੁੱਪ | ਸ੍ਰ: ਰਾਜਿੰਦਰ ਸਿੰਘ ਜੀ ਵੱਡੂ (ਗੁਰਾਇਆ) | ਪਾਠ ਪੰਡਾਲ |
| 126 ਤੋਂ 127 | 3 | ਮੇਨ ਗਰੁੱਪ | ਭਾਈ ਅਗਿਆਤ ਸਿੰਘ ਜੀ ਰਿਸ਼ੀਕੇਸ਼ | ਪਾਠ ਪੰਡਾਲ |
| 128 ਤੋਂ 151 | 24 | ਖੋਖ ਗਰੁੱਪ | ਮਾ: ਬਲਦੇਵ ਸਿੰਘ ਜੀ ਖੋਖ | ਪਾਠ ਪੰਡਾਲ |
| 152 ਤੋਂ 175 | 24 | ਲੋਪੇ ਗਰੁੱਪ | ਸ੍ਰ: ਭੁਪਿੰਦਰ ਸਿੰਘ ਜੀ ਲੋਪੇ | ਪਾਠ ਪੰਡਾਲ |
| 176 ਤੋਂ 180 | 5 | ਲੋਹਸਿੰਬਲੀ ਗਰੁੱਪ | ਭਾ: ਜਸਮੇਰ ਸਿੰਘ ਜੀ ਲੋਹਸਿੰਬਲੀ | ਪਾਠ ਪੰਡਾਲ |
| 181 ਤੋਂ 185 | 5 | ਅਸਰਪੁਰ ਗਰੁੱਪ | ਸ੍ਰ: ਬਲਦੇਵ ਸਿੰਘ ਜੀ ਅਸਰਪੁਰ | ਪਾਠ ਪੰਡਾਲ |
| 186 ਤੋਂ 190 | 5 | ਕੁਤਬਨਪੁਰ ਗਰੁੱਪ | ਸ੍ਰ: ਦਰਬਾਰਾ ਸਿੰਘ ਜੀ ਕੁਤਬਨਪੁਰ | ਪਾਠ ਪੰਡਾਲ |
| 191 ਤੋਂ 195 | 5 | ਦਿੱਲੀ ਗਰੁੱਪ | ਸ੍ਰੀ ਮਹੇਸ ਪੇਸਵਾਨੀ ਦਿੱਲੀ | ਪਾਠ ਪੰਡਾਲ |
| 196 ਤੋਂ 200 | 5 | ਗੁ: ਅਤਰਸਰ ਗਰੁੱਪ | ਸ੍ਰ: ਧਰਮ ਸਿੰਘ ਜੀ ਦੁਰਾਹਾ | ਪਾਠ ਪੰਡਾਲ |
| 201 ਤੋਂ 205 | 5 | ਰਿਸ਼ੀਕੇਸ਼ ਗਰੁੱਪ | ਸ੍ਰ: ਅਪਾਰ ਸਿੰਘ ਜੀ ਮਲੋਟ | ਪਾਠ ਪੰਡਾਲ |
| 206 ਤੋਂ 208 | 3 | ਧੂਰੀ ਗਰੁੱਪ | ਸ੍ਰ: ਬਦਨ ਸਿੰਘ ਜੀ ਧੂਰੀ | ਪਾਠ ਪੰਡਾਲ |
| 209 ਤੋਂ 210 | 2 | ਮੋਹਾਲੀ ਗਰੁੱਪ | ਸੰਤ ਨਰਾਇਣ ਸਿੰਘ ਜੀ ਮੋਹਾਲੀ | ਪਾਠ ਪੰਡਾਲ |
| 210 ਤੋਂ 211 | 1 | ਬਨੇਰਾਂ ਕਲਾਂ ਗਰੁੱਪ | ਗਿ: ਚੇਤਨ ਸਿੰਘ ਜੀ ਬਨੇਰਾਂ ਕਲਾਂ | ਪਾਠ ਪੰਡਾਲ |
| 211 ਤੋਂ 212 | 1 | ਸਿੱਧਸਰ ਅਲਹੋਰਾਂ ਗਰੁੱਪ | ਭਾ: ਕਰਮ ਸਿੰਘ ਜੀ ਖੋਖ | ਪਾਠ ਪੰਡਾਲ |
| 213 | 1 | ਨੌਹਰਾ ਗਰੁੱਪ | ਸ੍ਰ: ਮੇਵਾ ਸਿੰਘ ਜੀ ਨੌਹਰਾ | ਪਾਠ ਪੰਡਾਲ |
| 214 | 1 | ਧਨੌਲਾ ਗਰੁੱਪ | ਸ੍ਰ: ਸੁਖਦਰਸ਼ਨ ਸਿੰਘ ਜੀ ਧਨੌਲਾ | ਪਾਠ ਪੰਡਾਲ |
| 215 | 1 | ਪਟਿਆਲਾ ਗਰੁੱਪ | ਸ੍ਰ: ਤ੍ਰਿਲੋਚਨ ਸਿੰਘ ਜੀ ਨਾਭਾ | ਪਾਠ ਪੰਡਾਲ |
| 216 | 1 | ਭੋਤਨਾ ਗਰੁੱਪ | ਸ੍ਰੀ ਭਗਵਾਨ ਦਾਸ ਭੋਤਨਾ | ਪਾਠ ਪੰਡਾਲ |
| 217 | 1 | ਨਾਭਾ ਗਰੁੱਪ | ਭਾ: ਮੁਖਤਿਆਰ ਸਿੰਘ ਜੀ ਨਾਭਾ | ਪਾਠ ਪੰਡਾਲ |
| 218 | 1 | ਚਲੈਲਾ ਗਰੁੱਪ | ਭਾ: ਮੱਘਰ ਸਿੰਘ ਜੀ ਖੋਖ | ਪਾਠ ਪੰਡਾਲ |
| 219 | 1 | ਗੁ: ਰਾੜਾ ਸਾਹਿਬ | ਸ੍ਰ: ਦਰਬਾਰਾ ਸਿੰਘ ਜੀ ਖੋਖ | ਪਾਠ ਪੰਡਾਲ |
| 220 | 1 | ਫਿਰੋਜਪੁਰ ਗਰੁੱਪ | ਸੰਤ ਧਿਆਨ ਸਿੰਘ ਜੀ | ਪਾਠ ਪੰਡਾਲ |
| 221 ਤੋਂ 228 | 8 | ਕਰਨਾਲ ਗਰੁੱਪ 5. | ਭਾ: ਸੂਰਤ ਸਿੰਘ ਪ੍ਰੇਮਨਗਰ ਗੁਰ: | ਪਾਠ ਪੰਡਾਲ |

| | | | | |
|---|---|---|---|---|
| 229 ਤੋਂ 230 | 2 | ਕਰਨਾਲ ਗਰੁੱਪ 6. | ਭਾ: ਗੋਲਾ ਸਿੰਘ ਸਦਰ ਬਜਾਰ, ਕਰਨਾਲ | ਪਾਠ ਪੰਡਾਲ |
| 231 ਤੋਂ 232 | 2 | ਨਿਵਾਰਸੀ ਗਰੁੱਪ | ਭਾ: ਹਰਬੰਸ ਸਿੰਘ ਨਿਵਾਰਸੀ | ਪਾਠ ਪੰਡਾਲ |
| 233 ਤੋਂ 235 | 3 | ਰਾੜਾ ਕਰਨਾਲ ਗਰੁੱਪ | ਭਾ: ਖੇਮ ਸਿੰਘ ਜੀ ਰਾੜਾ | ਪਾਠ ਪੰਡਾਲ |
| 236 ਤੋਂ 238 | 3 | ਬੁੱਢਾ ਖੇੜਾ ਗਰੁੱਪ | ਸ੍ਰ: ਦਲੀਪ ਸਿੰਘ ਬੁੱਢਾ ਖੇੜਾ | ਪਾਠ ਪੰਡਾਲ |
| 239 | 1 | ਸੁਜਰਾ (ਕਰਨਾਲ) ਗਰੁੱਪ | ਭਾ: ਕਮੇਰ ਸਿੰਘ ਸੁਜਰਾ | ਪਾਠ ਪੰਡਾਲ |
| 240 ਤੋਂ 241 | 2 | ਗੁ: ਮੰਜੀ ਸਾਹਿਬ (ਕਰਨਾਲ) | ਮਾਤਾ ਸੀਤਾ ਕੌਰ ਕਰਨਾਲ | ਪਾਠ ਪੰਡਾਲ |
| 242 ਤੋਂ 246 | 5 | ਕਰਨਾਲ ਗਰੁੱਪ 7. | ਸ੍ਰ: ਮਹਿੰਦਰ ਸਿੰਘ ਬਿੰਦਰਾ | ਪਾਠ ਪੰਡਾਲ |
| 247 ਤੋਂ 251 | 5 | ਦੌਂਦ ਗਰੁੱਪ | ਗਿ: ਦਲੀਪ ਸਿੰਘ ਜੀ ਦੌਂਦ | ਵੱਡੀ ਕੁਟੀਆ |

ਇਉਂ ਪਾਠ ਸਾਹਿਬ ਦਾ ਸਾਰਾ ਪ੍ਰਬੰਧ ਪੂਰਨ ਤੌਰ ਤੇ ਸਹਿਜ ਵਿੱਚ ਅਤੇ ਬੜੀ ਨੀਯਮ ਅਨੁਸਾਰ ਚੱਲ ਰਿਹਾ ਹੈ। ਜਿਸ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿੱਚ ਪਾਠੀ ਸਿੰਘਾਂ ਦੇ ਰਹਿਣ ਦਾ ਪ੍ਰਬੰਧ ਹੈ, ਉਸ ਸਕੂਲ ਦਾ ਮਾਲਕ ਜਸਬੀਰ ਸਿੰਘ ਗੁਲਾਟੀ ਅਤੇ ਉਨ੍ਹਾਂ ਦੀ ਪਰਮ ਪਤਨੀ ਪਾਠੀ ਸਿੰਘਾਂ ਦੀ ਕਿਵੇਂ ਪ੍ਰੇਮ ਨਾਲ ਸੇਵਾ ਕਰ ਰਹੇ ਹਨ, ਦੋ ਸੌ ਇਕਵੰਜਾ ਪਾਠੀ ਇਕੱਠੇ ਡਿਊਟੀ ਤੇ ਜਾਂਦੇ ਹਨ, ਸਾਰਿਆਂ ਨੂੰ ਆਪਣੇ ਹੱਥੀਂ ਚਾਹ ਦੁੱਧ ਛਕਾਉਂਦੇ ਹਨ ਅਤੇ ਨਾਲ ਬਿਸਕੁਟ, ਬਰੈਡ ਜਾਂ ਕੋਈ ਹੋਰ ਖਾਣ ਵਾਲੀਆਂ ਵਸਤਾਂ ਬੜੇ ਪ੍ਰੇਮ ਨਾਲ ਛਕਾਉਂਦੇ ਹਨ। ਇਸੇ ਤਰ੍ਹਾਂ ਹੀ ਡਿਊਟੀ ਤੋਂ ਉਠ ਕੇ ਆਏ ਦੋ ਸੌ ਇਕਵੰਜਾ ਪਾਠੀਆਂ ਦੀ ਸੇਵਾ ਬੜੇ ਪ੍ਰੇਮ ਨਾਲ ਕਰਦੇ ਹਨ। ਚਾਹ ਅਤੇ ਹਰ ਪ੍ਰਕਾਰ ਦੇ ਹੋਰ ਪਦਾਰਥ ਭਾਵੇਂ ਪੰਡਾਲ ਦੇ ਨਾਲ ਹੀ ਖੁੱਲ੍ਹੇ ਵਰਤ ਰਹੇ ਹਨ ਜਿੱਥੇ ਹਜ਼ਾਰਾਂ ਬੰਦੇ ਦਿਨ ਰਾਤ ਛਕ ਰਹੇ ਹਨ, ਲੇਕਿਨ ਇਹ ਸਕੂਲ ਵਾਲੇ ਪ੍ਰੇਮੀ ਸੇਵਾ ਦੇ ਇਸ ਮਹਾਨ ਕੁੰਭ ਤੋਂ ਪੂਰਾ-ਪੂਰਾ ਲਾਭ ਉਠਾਉਣਾ ਚਾਹੁੰਦੇ ਹਨ। ਇੱਧਰ ਗੁਰੂ ਕੇ ਲੰਗਰ ਵੱਲ ਜ਼ਰਾ ਧਿਆਨ ਮਾਰੋ, ਕਈ ਹਜ਼ਾਰ ਬੰਦਾ ਹਰ ਵਕਤ ਬੈਠਾ ਲੰਗਰ ਛੱਕ ਰਿਹਾ ਹੈ। ਲੰਗਰ ਵੀ ਕਿਤਨਾ ਸਵਾਦਿਸ਼ਟ ਬਣਦਾ ਹੈ ਜਿਸ ਵਿੱਚ ਦਾਲਾਂ ਸਬਜੀਆਂ ਦੇ ਨਾਲ ਖੀਰ, ਮਿੱਠੇ ਚਾਵਲ, ਕੜਾਹ ਪ੍ਰਸ਼ਾਦ ਜਾਂ ਕੋਈ ਹੋਰ ਮਿਸ਼ਟਾਨ ਹਰ ਸਮੇਂ ਵਰਤਦਾ ਰਹਿੰਦਾ ਹੈ। ਇੱਧਰ ਦੇਖੋ, ਬਰਤਨ ਸਾਫ ਕਰਨ ਵਾਲੇ ਪ੍ਰੇਮੀ ਜੂਠੇ ਬਰਤਨਾਂ ਨੂੰ ਪਹਿਲਾਂ ਸਾਬਣ ਵਾਲੇ ਪਾਣੀ ਵਿੱਚ ਜਿਸ ਦੇ ਚੁਬੱਚੇ ਭਰੇ ਪਏ ਹਨ, ਕਿਵੇਂ ਪ੍ਰੇਮ ਨਾਲ ਸਾਫ ਕਰ ਕੇ ਮੋਟਰ ਦੇ ਚੱਲਦੇ ਪਾਣੀ ਵਿੱਚ ਅੱਛੀ ਤਰ੍ਹਾਂ ਧੋ-ਧੋ ਕੇ ਬਾਹਰ ਰੱਖੀ ਜਾ ਰਹੇ ਹਨ। ਇੱਧਰ ਪ੍ਰਸ਼ਾਦੇ ਬਣਾਉਣ ਵਾਲੀਆਂ ਮਾਈਆਂ ਜਿਨ੍ਹਾਂ ਦੀ ਗਿਣਤੀ ਡੇਢ-ਦੋ ਸੌ ਦੇ ਕਰੀਬ ਹੈ ਫਟਾ-ਫਟ ਪ੍ਰਸ਼ਾਦੇ ਬਣਾ ਰਹੀਆਂ ਹਨ। ਨਾਲ ਹੀ ਤਿੰਨ ਮਸ਼ੀਨਾਂ ਤੇ ਆਟਾ ਗੁੰਨਿਆ ਜਾ ਰਿਹਾ ਹੈ। ਔਹ ਥੋੜ੍ਹਾ ਪਿੱਛੇ ਹੱਟ ਕੇ ਕੋਈ ਤੀਹ ਦੇ ਕਰੀਬ ਭੱਠੀਆਂ ਤੇ ਦਾਲ ਸਬਜ਼ੀ ਦੇ ਕੜਾਹੇ ਚੱੜ੍ਹੇ ਹੋਏ ਹਨ। ਸਾਰਿਆਂ ਤੇ ਪ੍ਰੇਮੀ ਵੱਡੇ-ਵੱਡੇ ਖੁਰਚਨੇ ਘੁੰਮਾ ਰਹੇ ਹਨ ਤਾਂ ਕਿ ਦਾਲ ਸਬਜ਼ੀ ਥੱਲੇ ਨਾ ਲੱਗ ਜਾਵੇ। ਔਹ ਦੂਜੇ ਪਾਸੇ ਸਬਜ਼ੀ ਦੇ ਕੱਟ ਕੇ ਢੇਰ ਲਾਏ ਪਏ ਹਨ ਅਤੇ ਨਾਲ ਹੀ ਕਿੰਨੀਆਂ ਸੰਗਤਾਂ ਕੱਟਣ ਲਈ ਲੱਗੀਆਂ ਹੋਈਆਂ ਹਨ। ਇਸਦੇ ਨਾਲ ਹੀ ਇੱਕ ਟਰੱਕ ਸਬਜ਼ੀ ਦਾ ਭਰਿਆ ਖੜਾ ਹੈ। ਐਹ ਥੋੜਾ ਅੱਗੇ ਦਸ ਭੱਠੀਆਂ ਤੇ ਹਲਵਾਈ ਲੱਡੂ ਜਲੇਬੀਆਂ ਤਿਆਰ ਕਰ-ਕਰ ਕੇ ਟਰਾਲੀਆਂ ਭਰੀ ਜਾ ਰਹੇ ਹਨ, ਜੋ ਕੱਲ੍ਹ ਨੂੰ ਖੁੱਲ੍ਹੇ ਵਰਤਾਏ ਜਾਣਗੇ ਅਤੇ ਭੋਗ ਤੋਂ ਬਾਅਦ ਸੰਗਤਾਂ ਨੂੰ ਵਾਪਸੀ ਤੇ ਪ੍ਰਸ਼ਾਦ ਦਿੱਤਾ ਜਾਵੇਗਾ। ਨਾਲ ਹੀ ਇੱਕ ਵੱਡਾ ਸਟੋਰ ਲੋਹੇ ਦੀਆਂ ਚਾਦਰਾਂ ਦਾ ਬਣਿਆ ਸੁੱਕੇ ਰਾਸ਼ਨ ਨਾਲ ਭਰਿਆ ਪਿਆ ਹੈ, ਇੱਕ ਪਾਸੇ ਆਟੇ ਦੀਆਂ ਸੈਂਕੜੇ ਬੋਰੀਆਂ ਪਈਆਂ ਹਨ, ਨਾਲ ਹੀ ਚਾਵਲਾਂ ਦੀ ਧਾਕ ਲੱਗੀ ਪਈ ਹੈ। ਦੂਜੇ ਪਾਸੇ ਦਾਲਾਂ ਅਤੇ ਚੀਨੀ ਦੀਆਂ ਸੈਂਕੜੇ ਬੋਰੀਆਂ ਪਈਆਂ ਹਨ, ਐਹ ਇੱਕ ਸਾਈਡ ਤੇ ਦੇਸੀ ਘਿਉ ਦੇ ਅਣਗਿਣਤ ਟੀਨ ਪਏ ਹਨ ਅਤੇ ਨਾਲ ਹੀ ਡਾਲਡੇ ਦੇ ਸੈਂਕੜੇ ਟੀਨ ਪਏ ਹਨ। ਅਤੇ ਨਾਲ ਹੀ ਇੱਕ ਕੋਨੇ ਵਿੱਚ ਅਣਗਿਣਤ ਕੱਟੇ ਨਮਕ ਦੇ ਪਏ ਹਨ। ਦਾਲ ਸਬਜ਼ੀਆਂ, ਖੀਰ, ਚਾਵਲ, ਰੋਟੀਆਂ ਆਦਿਕ ਪੱਕੇ ਰਾਸ਼ਨ ਦੇ ਕੜਾਹਿਆਂ ਦੇ ਕੜਾਹੇ ਕਈ ਬੰਦੇ ਬੜੀ ਹਿੰਮਤ ਨਾਲ ਚੁੱਕ-ਚੁੱਕ ਕੇ ਅੱਗੇ ਲਿਜਾਈ ਜਾ ਰਹੇ ਹਨ, ਜਿੱਥੋਂ ਵਰਤਾਉਣ ਵਾਲੇ ਪੰਡਾਲ ਵਿੱਚ ਸਪਲਾਈ ਕਰ ਰਹੇ ਹਨ। ਐਹ ਦੇਖੋ, ਕਈ ਹਜ਼ਾਰ ਬੰਦਾ ਪੰਗਤਾਂ ਵਿੱਚ ਸਜਿਆ ਬੜੇ ਪ੍ਰੇਮ ਨਾਲ ਲੰਗਰ ਛੱਕ ਰਿਹਾ ਹੈ। ਔਹ

ਸੱਜੇ ਪਾਸੇ ਜ਼ਰਾ ਧਿਆਨ ਮਾਰੋ, ਸੰਗਤਾਂ ਟੂਟੀਆਂ ਤੋਂ ਆਪਣੇ-ਆਪ ਚਾਹ ਲੈ ਕੇ ਪਿੱਛੇ ਬੈਠ ਕੇ ਪੀ ਰਹੀਆਂ ਹਨ। ਚਾਹ ਵੀ ਕਿੰਨੀ ਗਰਮ ਹੈ, ਮਾਨੋਂ ਚੁੱਲ੍ਹੇ ਤੋਂ ਹੁਣੇ ਹੀ ਉਤਾਰੀ ਹੈ। ਕਿਉਂਕਿ ਚਾਹ ਜਿੱਥੋਂ ਬਣ ਕੇ ਪਾਈਪ ਲਾਈਨ ਵਿੱਚ ਚੱਲਦੀ ਹੈ ਉੱਥੋਂ ਅੱਗੇ ਜਾ ਕੇ ਅਤੇ ਟੂਟੀਆਂ ਤੋਂ ਥੋੜ੍ਹਾ ਪਿੱਛੇ, ਇੱਕ ਗੈਸ ਭੱਠੀ ਇਸ ਤਰੀਕੇ ਫਿੱਟ ਕੀਤੀ ਹੋਈ ਹੈ, ਜੋ ਪਾਈਪ ਲਾਈਨ ਵਿੱਚ ਆ ਰਹੀ ਚਾਹ ਨੂੰ ਆਪਣੇ-ਆਪ ਗਰਮ ਕਰੀ ਜਾ ਰਹੀ ਹੈ। ਔਹ ਜ਼ਰਾ ਪਿੱਛੇ ਜਿੱਥੋਂ ਚਾਹ ਬਣਕੇ ਚੱਲਦੀ ਹੈ ਉੱਥੇ ਸੈਂਕੜੇ ਡਰੱਮ ਦੁੱਧ ਦੇ ਪਏ ਹਨ, ਜੋ ਸੰਗਤਾਂ ਚਾਅ, ਉਤਸ਼ਾਹ ਨਾਲ ਆਪਣੇ-ਆਪ ਪਿੰਡਾਂ ਤੋਂ ਲੈ ਕੇ ਆ ਰਹੀਆਂ ਹਨ। ਨਾਲ ਹੀ ਦੁੱਧ ਦਾ ਭਰਿਆ ਇੱਕ ਟੈਂਕਰ ਖੜਾ ਹੈ, ਜੋ ਖਾਲੀ ਹੋ ਕੇ ਚਲਿਆ ਜਾਂਦਾ ਹੈ ਤੇ ਭਰਿਆ ਹੋਇਆ ਇੱਥੇ ਆ ਖਲੋਂਦਾ ਹੈ, ਇਹ ਸ਼ਾਇਦ ਪ੍ਰਬੰਧਕਾਂ ਨੇ ਕਿਸੇ ਡੇਅਰੀ ਨਾਲ ਕੰਨਟੈਕਟ ਕੀਤਾ ਹੋਇਆ ਹੈ। ਔਹ ਦੇਖੋ! ਥੋੜ੍ਹੀ-ਥੋੜ੍ਹੀ ਦੂਰ ਤੇ ਮਾਨਵ ਸੇਵਾ ਸੰਘ ਵੱਲੋਂ ਪਾਣੀ ਦੀਆਂ ਰੇਹੜੀਆਂ ਲੱਗੀਆਂ ਹੋਈਆਂ ਹਨ ਜੋ ਚੌਵੀਂ ਘੰਟੇ ਸੰਗਤਾਂ ਨੂੰ ਜਲ ਛਕਾਉਣ ਦੀ ਅਣਥੱਕ ਸੇਵਾ ਕਰ ਰਹੀਆਂ ਹਨ। ਐਹ ਫੁੱਲਾਂ ਦੇ ਹਾਰ ਅਤੇ ਹੋਰ ਜਿੱਥੇ-ਜਿੱਥੇ ਸਜਾਵਟ ਵਿੱਚ ਫੁੱਲ ਲਾਏ ਗਏ ਹਨ ਅਤੇ ਸ਼ਾਮ ਨੂੰ ਆਰਤੀ ਸਮੇਂ ਜੋ ਫੁੱਲ ਵਰਸਾਏ ਜਾਂਦੇ ਹਨ ਇਹ ਹਰ ਰੋਜ਼ ਦਿੱਲੀ ਤੋਂ ਸਪੈਸ਼ਲ ਟੈਂਪੂ ਮੰਗਾਇਆ ਜਾਂਦਾ ਹੈ। ਪੁਰਾਣੇ ਹਰ ਰੋਜ਼ ਉਤਾਰ ਲਏ ਜਾਂਦੇ ਹਨ ਨਵੇਂ ਬਣਾ ਕੇ ਲਾਏ ਜਾਂਦੇ ਹਨ। ਡਿਸਪੈਂਸਰੀ ਕਿਤਨੀ ਸੁੰਦਰ ਬਣੀ ਹੋਈ ਹੈ, ਜਿੱਥੇ ਹਰ ਪ੍ਰਕਾਰ ਦੀ ਫਸਟ ਏਡ ਦਾ ਇੰਤਜ਼ਾਮ ਹੈ। ਚਾਰ ਪੰਜ ਅਧਿਕਾਰੀ ਇਸ ਡਿਸਪੈਂਸਰੀ ਵਿੱਚ ਦਿਨ ਰਾਤ ਡਿਊਟੀ ਤੇ ਰਹਿੰਦੇ ਹਨ। ਮਰੀਜ਼ ਦੀ ਸੰਭਾਲ ਕਰਨ ਸਮੇਂ ਇਹ ਨਹੀਂ ਦੇਖਿਆ ਜਾਂਦਾ, ਕਿ ਮਰੀਜ਼ ਜੋੜ ਮੇਲੇ ਨਾਲ ਸੰਬੰਧਤ ਹੈ ਜਾਂ ਸ਼ਹਿਰ ਦਾ ਕੋਈ ਲੰਗਰ ਛਕਣ ਆਇਆ ਗਰੀਬ। ਬਸ ਉਸ ਦਾ ਸਨਾਖਤੀ ਕਾਰਡ ਹੈ ਕੇਵਲ ਕੋਈ ਤਕਲੀਫ। ਐਹ ਦੇਖੋ! ਸਾਰੇ ਸਮਾਗਮ ਦੀ ਫ਼ਿਲਮ ਬਣਾਉਣ ਵਾਲੇ ਦਿਨ ਰਾਤ ਆਪਣੀ ਸੇਵਾ ਵਿੱਚ ਲੀਨ ਹਨ ਜੋ ਕਿ ਹਰ ਸੀਨ ਅਤੇ ਸੇਵਾ ਨੂੰ ਕੈਮਰਾ ਬੰਦ ਕਰੀ ਜਾ ਰਹੇ ਹਨ। ਬਾਹਰੋਂ ਆਈਆਂ ਸੰਗਤਾਂ ਨੂੰ ਰਿਹਾਇਸ਼ ਲਈ ਜਗ੍ਹਾ ਨਹੀਂ ਢੂੰਢਨੀ ਪੈਂਦੀ, ਬਸ ਰੀਸੈਪਸ਼ਨ, ਯਾਨੀ ਪੁੱਛ-ਗਿੱਛ ਦਫ਼ਤਰ ਜੋ ਸਮਾਗਮ ਅਸਥਾਨ ਦੇ ਸ਼ੁਰੂ ਵਿੱਚ ਹੀ ਬਣਾਇਆ ਹੋਇਆ ਹੈ, ਤੇ ਪਹੁੰਚਣ ਦੀ ਜ਼ਰੂਰਤ ਹੈ, ਉਥੋਂ ਸਾਰੇ ਮੇਲੇ ਬਾਰੇ ਕਿੱਥੇ ਕੀ ਹੈ? ਕਿਹੜਾ ਪ੍ਰੋਗਰਾਮ ਕਦੋਂ ਹੈ? ਸਾਰਾ ਪਤਾ ਲੱਗ ਜਾਂਦਾ ਹੈ, ਅਤੇ ਨਾਲ ਹੀ ਰਿਹਾਇਸ਼ ਪ੍ਰਬੰਧ ਵਾਲਿਆਂ ਦਾ ਦਫਤਰ ਹੈ ਜੋ ਕਮਰੇ ਤੱਕ ਪਹੁੰਚਾਉਣ ਅਤੇ ਕੱਪੜੇ ਬਿਸਤਰੇ ਦਾ ਤੁਰੰਤ ਇੰਤਜ਼ਾਮ ਕਰ ਦਿੰਦੇ ਹਨ। ਸਾਰਾ ਜੋੜ ਮੇਲਾ ਦੇਖਦੇ ਹੋਏ ਥੋੜ੍ਹਾ ਲੇਟ ਹੋ ਗਏ, ਉਧਰ ਕੀਰਤਨ ਪੰਡਾਲ ਵਿੱਚ ਚਾਰ ਵਜੇ ਤੋਂ ਰਸ ਭਿੰਨਾ ਕੀਰਤਨ ਹੋ ਰਿਹਾ ਹੈ, ਜਿਸ ਵਿੱਚ ਗੁਰੂ ਘਰ ਦੇ ਉੱਘੇ ਕੀਰਤਨੀ ਜੱਥੇ ਗੁਰਬਾਣੀ ਦੀ ਅੰਮ੍ਰਿਤਮਈ ਵਰਖਾ ਕਰ ਰਹੇ ਹਨ। ਹੁਣ ਰਾਤ ਦੇ ਅੱਠ ਵੱਜ ਚੁੱਕੇ ਹਨ, ਦੋ ਘੰਟੇ ਲਈ ਸੰਤ ਸਮਾਗਮ ਸ਼ੁਰੂ ਹੋ ਰਿਹਾ ਹੈ। ਸਾਰੇ ਸਾਧੂ ਮਹਾਤਮਾ ਪ੍ਰਬੰਧਕਾਂ ਵੱਲੋਂ ਮਿਲੇ ਸਮੇਂ ਅਨੁਸਾਰ ਪ੍ਰਮਾਰਥਕ ਵਿਚਾਰਾਂ ਦੁਆਰਾ ਗੁਰਬਾਣੀ ਦੀ ਅੰਮ੍ਰਿਤ ਵਰਖਾ ਕਰ ਰਹੇ ਹਨ। ਸਟੇਜ ਸੈਕਟਰੀ ਭਾਈ ਤਰਜੀਤ ਸਿੰਘ ਆਪਣੀ ਤੀਖਣ ਬੁੱਧੀ ਸੁਯੋਗਤਾ ਅਤੇ ਵਿਦਵਤਾ ਦੁਆਰਾ ਮਹਾਂਪੁਰਸ਼ਾਂ ਵੱਲੋਂ ਕੀਤੇ ਜਾ ਰਹੇ ਪ੍ਰਮਾਰਥਕ ਇਸ਼ਾਰਿਆਂ ਨੂੰ ਹੋਰ ਨਿਖਰਵਾਂ ਰੂਪ ਦੇ ਕੇ ਰੌਚਕ ਬਣਾਈ ਜਾ ਰਿਹਾ ਹੈ। ਇੱਧਰ ਸਮਾਂ ਵੀ ਹੁਣ ਰਾਤ ਦੇ ਦਸ ਵਜ ਚੁੱਕੇ ਹਨ, ਇਸ ਲਈ ਸੰਤ ਸਮਾਗਮ ਸਮਾਪਤ ਹੋ ਕੇ ਆਰਤੀ ਸ਼ੁਰੂ ਹੋ ਗਈ। ਸਭ ਸੰਗਤਾਂ ਨੇ ਮਿਲਕੇ ਆਰਤੀ ਦੁਆਰਾ ਆਪਣੇ ਇਸ਼ਟ ਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮਰਿਆਦਾ ਪੂਰਵਕ ਪੂਜਨ ਕੀਤਾ, ਹੁਣ ਅਰਦਾਸ ਉਪਰੰਤ ਅੱਜ ਦੇ ਦੀਵਾਨ ਦੀ ਸਮਾਪਤੀ ਹੋਈ।

## 12 ਨਵੰਬਰ 1993

ਦੀਵਾਲੀ ਦੇ ਚੱਲ ਰਹੇ ਇਸ ਮਹਾਨ ਸਮਾਗਮ ਵਿੱਚ ਅੱਜ ਬਾਰਾਂ ਨਵੰਬਰ ਵਾਲੇ ਦਿਨ ਜੋ ਪ੍ਰੋਗਰਾਮ ਹੋਣੇ ਹਨ ਉਹ ਸਾਰੇ ਮੋਟੇ ਅੱਖਰਾਂ ਵਿੱਚ ਪ੍ਰਿੰਟ ਕਰਵਾ ਕੇ ਕੱਲ੍ਹ ਹੀ ਰਿਸ਼ੈਪਸ਼ਨ ਬੋਰਡ ਤੇ ਲਗਾ ਦਿੱਤੇ ਗਏ ਹਨ। ਅਤੇ ਰਾਤ ਦੀਵਾਨ ਦੀ ਸਮਾਪਤੀ ਤੇ ਸੈਕਟਰੀ ਸਾਹਿਬ ਨੇ ਅਨਾਊਂਸ ਵੀ ਕਰ ਦਿੱਤੇ ਸਨ। ਉਸ ਮੁਤਾਬਿਕ ਸਵੇਰੇ ਪੰਜ ਵਜੇ ਕੀਰਤਨ ਪੰਡਾਲ ਵਿਚ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਹੋ ਗਿਆ। ਬੀਬੀ ਹਰਮਿੰਦਰ ਕੌਰ ਕਰਨਾਲ ਅਤੇ ਮਾਤਾ ਮੋਹਣੀ ਬਾਈ ਮਨਸੁਖਾਨੀ ਬੰਬਈ ਵਾਲੇ ਬਹੁਤ ਰਸ ਭਿੰਨੇ ਕੀਰਤਨ ਦੁਆਰਾ ਹਰੀ ਜਸ ਕਰ ਰਹੇ ਹਨ ਅਤੇ ਸੰਗਤਾਂ ਵੀ ਸ਼ਾਂਤ ਚਿੱਤ ਹੋਈਆਂ ਗੁਰਬਾਣੀ ਦਾ ਅੰਮ੍ਰਿਤ ਰਸ ਕੰਨਾਂ ਦੁਆਰਾ ਪੀ-ਪੀ ਕੇ ਤ੍ਰਿਪਤ ਹੋ ਰਹੀਆਂ ਹਨ। ਇਸ ਪ੍ਰਕਾਰ ਤਿੰਨ ਘੰਟੇ ਤੋਂ

ਸ੍ਰੀ ਆਸਾ ਜੀ ਦੀ ਵਾਰ ਸ਼ਬਦ ਕੀਰਤਨ ਦੁਆਰਾ ਅੰਮ੍ਰਿਤ ਵਰਖਾ ਹੋ ਰਹੀ ਹੈ। ਹੁਣ ਸਵੇਰ ਦੇ ਅੱਠ ਵੱਜ ਚੁੱਕੇ ਹਨ ਇਸ ਲਈ ਨੀਯਤ ਪ੍ਰੋਗਰਾਮ ਅਨੁਸਾਰ ਸੰਤ ਸਮਾਗਮ ਸ਼ੁਰੂ ਹੋਣ ਲੱਗਿਆ ਹੈ। ਸੰਤ ਮਹਾਤਮਾ ਗੁਰਬਾਣੀ ਅਤੇ ਸ਼ਾਸਤਰਾ ਦੁਆਰਾ ਆਪਣੀ-ਆਪਣੀ ਅਵਸਥਾ ਮੁਤਾਬਿਕ ਪਰਮੇਸ਼ਰ ਪ੍ਰਾਪਤੀ, ਜੋ ਮਨੁੱਖ ਸਰੀਰ ਦਾ ਅਸਲੀ ਨਿਸ਼ਾਨਾ (Aim of life) ਹੈ, ਦੇ ਸਾਧਨਾਂ ਦਾ ਵਰਨਣ ਕਰ ਰਹੇ ਹਨ। ਦੋ ਘੰਟੇ ਪਰਮਾਰਥ ਵਿਚਾਰਾਂ ਤੋਂ ਬਾਅਦ ਯਾਨੀ ਸਵੇਰ ਦੇ ਦਸ ਵਜੇ ਸਮਾਗਮ ਸਮਾਪਤੀ ਦੀ ਅਰਦਾਸ ਕਰ ਦਿੱਤੀ, ਤਾਂ ਕਿ ਸੰਗਤਾਂ ਇੱਕ ਘੰਟਾ ਚਾਹ ਨਾਸ਼ਤਾ ਛਕ ਕੇ ਥੋੜ੍ਹਾ ਬਹੁਤ ਘੁੰਮ ਫਿਰ ਕੇ ਜੋੜ ਮੇਲੇ ਦੇ ਦਰਸ਼ਨ ਕਰ ਲੈਣ। ਠੀਕ ਗਿਆਰਾਂ ਵਜੇ ਇਸੇ ਹੀ ਪੰਡਾਲ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਸ਼ੁਰੂ ਹੋਣਗੇ ਉੱਧਰ ਗੁਰੂ ਨਾਨਕ ਦੇਵ ਮਹਾਰਾਜ ਦੇ ਅਦੁੱਤੀ ਲੰਗਰ ਵਿੱਚ ਸਵੇਰ ਤੋਂ ਛੋਲੇ ਭਟੂਰੇ ਗਰਮ-ਗਰਮ ਚਾਹ ਅਤੇ ਖੀਰ ਪ੍ਰਸ਼ਾਦ ਦੇ ਅਤੁੱਟ ਭੰਡਾਰੇ ਵਰਤ ਰਹੇ ਹਨ। ਹਜ਼ਾਰਾਂ ਸੰਗਤਾਂ ਇੱਕ ਵਾਰ ਪੰਗਤ ਵਿੱਚ ਬੈਠ ਕੇ ਛੱਕ ਲੈਂਦੀਆਂ ਹਨ। ਇਉਂ ਗੁਰੂ ਨਾਨਕ ਦੇਵ ਮਹਾਰਾਜ ਜੀ ਦੀ ਅਪਾਰ ਬਖਸ਼ਿਸ਼ ਦਾ ਸਦਕਾ ਸਵੇਰ ਤੋਂ ਹੀ ਰਸਦਾਇਕ ਪਦਾਰਥਾਂ ਦੇ ਅਤੁੱਟ ਪ੍ਰਵਾਹ ਵਰਤ ਰਹੇ ਹਨ।

ਉੱਧਰ ਕੱਲ੍ਹ ਜੋ ਗੁਰੂ ਚਰਨਾਂ ਵਿੱਚ ਅਰਦਾਸ ਕਰਕੇ ਦੋ ਸੋ ਇਕਵੰਜਾ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਕੀਤੇ ਗਏ ਸਨ, ਉਸ ਦਾ ਪਾਠ ਹੁਣ ਮੱਧ ਤੇ ਪਹੁੰਚ ਚੁੱਕਿਆ ਹੈ। ਔਹ ਦੇਖੋ! ਭਾਈ ਤਰਜੀਤ ਸਿੰਘ ਜੀ ਮੇਨ ਪਾਠ ਦੇ ਅੱਗੇ ਗਲ ਵਿੱਚ ਪੱਲਾ ਪਾਈ ਮੱਧ ਦੀ ਅਰਦਾਸ ਕਰ ਰਹੇ ਹਨ। ਉੱਧਰ ਹਜ਼ਾਰਾਂ ਸੰਗਤਾਂ ਵੀ ਅਰਦਾਸ ਵਿੱਚ ਜੁੜੀਆਂ ਖੜੀਆਂ ਹਨ। ਅਰਦਾਸ ਸਮਾਪਤੀ ਉਪਰੰਤ ਸੰਗਤਾਂ ਕੜਾਹ ਪ੍ਰਸ਼ਾਦ ਦੀ ਦੇਗ ਲੈ ਕੇ ਫਿਰ ਕੀਰਤਨ ਪੰਡਾਲ ਵਿੱਚ ਆ ਜੁੜੀਆਂ। ਕਿਉਂਕਿ ਸਹੀ ਗਿਆਰਾਂ ਵਜੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਸ਼ੁਰੂ ਹੋਣ ਵਾਲਾ ਹੈ, ਜੋ ਸਵੇਰ ਦੇ ਦੀਵਾਨ ਦੀ ਸਮਾਪਤੀ ਤੇ ਅਨਾਊਂਸ ਕੀਤਾ ਗਿਆ ਸੀ। ਸਭ ਸੰਗਤਾਂ ਨੇ ਮਿਲਕੇ ਬੜੇ ਪ੍ਰੇਮ ਨਾਲ ਸਹਿਜੇ-ਸਹਿਜੇ ਡੇਢ-ਘੰਟੇ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਸੰਪੂਰਨ ਕੀਤੇ। ਹੁਣ ਦੁਪਹਿਰ ਦਾ ਡੇਢ ਵੱਜ ਚੁੱਕਿਆ ਹੈ। ਇਸ ਲਈ ਸੰਗਤਾਂ ਦੇ ਲੰਗਰ ਪਾਣੀ ਛਕਣ ਅਤੇ ਥੋੜ੍ਹਾ ਆਰਾਮ ਕਰਨ ਹਿੱਤ ਸ਼ਾਮ ਦੇ ਚਾਰ ਵਜੇ ਤੱਕ ਇਸ ਪੰਡਾਲ ਵਿੱਚ ਸਟੇਜ ਬੰਦ ਰਹੇਗੀ। ਸੈਕਟਰੀ ਸਾਹਿਬ ਨੇ ਸ਼ਾਮ ਨੂੰ ਚਾਰ ਵਜੇ ਇਸ ਪੰਡਾਲ ਵਿੱਚ ਸ਼ੁਰੂ ਹੋਣ ਵਾਲੇ ਸਮਾਗਮ ਦਾ ਵੇਰਵਾ ਅਨਾਊਂਸ ਕੀਤਾ। ਜਿਸ ਵਿੱਚ ਭਾਈ ਚਮਨ ਲਾਲ ਆਦਿਕ ਕੌਣ-ਕੌਣ ਰਾਗੀ ਅੱਜ ਸ਼ਾਮ ਦੇ ਦੀਵਾਨ ਵਿੱਚ ਪਹੁੰਚ ਰਹੇ ਹਨ ਅਤੇ ਇਹ ਵੀ ਦੱਸਿਆ ਗਿਆ ਕਿ ਹੁਣ ਪਰਮ ਪੂਜਨੀਕ ਸ੍ਰੀ ਮਾਨ ੧੦੮ ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ ਸੰਤ ਨਿਵਾਸ ਵਿੱਚ ਸੁਸ਼ੋਭਿਤ ਹੋ ਕੇ ਬਾਹਰੋਂ ਆਏ ਕੁਝ, ਪੱਤਰਕਾਰ ਅਤੇ ਟੈਲੀਵਿਜ਼ਨ ਵਾਲਿਆਂ ਨੂੰ ਸਵਾਲਾਂ ਦੇ ਉੱਤਰ ਦੇਣਗੇ।

ਔਹ ਦੇਖੋ! ਅਰਸ਼ੀ ਪ੍ਰੀਤਮ ਹੁਣ ਆਪਣੇ ਤਾਰਾ ਗਣਾਂ ਦੇ ਸਮੇਤ ਸੰਤ ਨਿਵਾਸ ਵਿੱਚ ਜਾ ਸੁਸ਼ੋਭਿਤ ਹੋਏ ਅਤੇ ਆਪਣੇ ਨਿਯਤ ਟਾਈਮ ਅਨੁਸਾਰ ਅਖਬਾਰਾਂ ਵਾਲੇ ਅਤੇ ਸਰਕਾਰੀ ਟੀ.ਵੀ. ਸੈਂਟਰ ਵਾਲੇ ਆ ਪਹੁੰਚੇ। ਪੱਤਰਕਾਰਾਂ ਨੇ ਆਪੋ-ਆਪਣੀ ਬੁੱਧੀ ਅਨੁਸਾਰ ਹੁਣ ਕੁਝ ਸਵਾਲ ਪੁੱਛਣੇ ਸ਼ੁਰੂ ਕੀਤੇ। ਇੱਕ ਪੱਤਰਕਾਰ ਨੇ ਪੁੱਛਿਆ? ਮਹਾਰਾਜ! ਇਤਨਾ ਵੱਡਾ ਕਾਰਜ ਰਚਨ ਪਿੱਛੇ ਕੀ ਰਾਜ਼ ਹੈ? ਹਜ਼ੂਰ ਨੇ ਉੱਤਰ ਦਿੱਤਾ—

**ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ ॥**
**ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ ॥**

*(ਸਲੋਕ ਕਬੀਰ, ਪੰਨਾ-੧੩੬੭)*

ਦੂਸਰੇ ਪੱਤਰਕਾਰ ਨੇ ਸਵਾਲ ਪੁੱਛਿਆ? ਮਹਾਰਾਜ! ਗੀਤਾ ਵਿੱਚ ਭਗਵਾਨ ਕ੍ਰਿਸ਼ਨ ਜੀ ਨੇ ਕਰਮ ਨੂੰ ਵੀ ਮਹਾਨ ਮੰਨਿਆ ਹੈ, ਪਰੰਤੂ ਕਰਮ ਦੀ ਪਹਿਚਾਮ ਕੀ ਹੈ, ਕਿ ਕਿਹੜਾ ਚੰਗਾ, ਕਿਹੜਾ ਮਾੜਾ ਹੈ? ਆਪ ਨੇ ਉੱਤਰ ਦਿੱਤਾ, ਜਿਸ ਕੰਮ ਦੇ ਕੀਤਿਆਂ ਅੰਦਰੋਂ ਸ਼ਾਬਾਸ਼ ਮਿਲੇ, ਮਨ ਵਿੱਚ ਨਿਰਭੈਤਾ ਆਵੇ ਅਤੇ ਮਨ ਖੇੜਾ ਖੁਸ਼ੀ ਮਹਿਸੂਸ ਕਰੇ, ਸਮਝੋ ਉਹ ਕੰਮ ਕਰਨੇ ਯੋਗ ਸੀ ਅਤੇ ਭਲਾ ਸੀ। ਜਿਸ ਕਰਮ ਦੇ ਕਰਨ ਨਾਲ ਮਨ ਭੈ ਅਤੇ ਗਮੀਂ ਮਹਿਸੂਸ ਕਰੇ ਅਤੇ ਸਮਾਜ ਦੀਆਂ ਫਿਟਕਾਰਾਂ ਮਿਲਣ, ਉਹ ਕਰਮ ਸਮਝੋ ਨਾ ਕਰਨੇ ਯੋਗ ਅਤੇ ਬੁਰਾ ਸੀ। ਕਿਸੇ ਨੇ ਅਰਜ਼ ਕੀਤੀ, ਮਹਾਰਾਜ! ਇਹ ਜੋ ਦੋ ਸੌ ਇਕਵੰਜਾ ਪਾਠ ਸਾਹਿਬ ਹੋ ਰਹੇ ਹਨ ਇਨ੍ਹਾਂ ਦੀ ਭੇਟਾ ਕੀ ਹੈ? ਹੁਕਮ ਹੋਇਆ ਪ੍ਰੇਮਾ ਭਗਤੀ ਵਿੱਚ ਮੁੱਲ ਨਹੀਂ ਹੋਇਆ ਕਰਦਾ, ਇਸ ਲਈ ਕੋਈ ਪੰਜ ਦੇਵੇ, ਕੋਈ ਪੰਜਾਹ ਦੇਵੇ, ਕੋਈ ਨ ਦੇਵੇ ਇਸ ਗਲ ਨਾਲ ਕੋਈ

ਤੁਅੱਲਕ ਨਹੀਂ। ਗੁਰੂ ਨਾਨਕ ਦੇ ਘਰ ਵਿੱਚ ਲੱਖ ਦੇਣ ਵਾਲਾ ਅਤੇ ਕੱਖ ਦੇਣ ਵਾਲਾ ਸਮਾਨ ਮੰਨੇ ਜਾਂਦੇ ਹਨ। ਇਸ ਪ੍ਰਕਾਰ ਪੱਤਰਕਾਰਾਂ ਨੇ ਆਪਣੀ ਤਸੱਲੀ ਲਈ ਕਾਫੀ ਸਵਾਲ ਪੁੱਛੇ, ਜਿਨ੍ਹਾਂ ਦੇ ਆਪ ਨੇ ਯਥਾਰਥ ਉੱਤਰ ਦੇ ਕੇ ਪੱਤਰਕਾਰਾਂ ਨੂੰ ਸੰਤੁਸ਼ਟ ਕਰ ਦਿੱਤਾ।

ਇੱਧਰ ਹੁਣ ਘੜੀ ਤੇ ਵੀ ਚਾਰ ਵੱਜ ਚੁੱਕੇ ਹਨ ਇਸ ਲਈ ਪੰਡਾਲ ਵਿੱਚ ਕੀਰਤਨ ਸ਼ੁਰੂ ਹੋ ਗਿਆ। ਸੰਗਤਾਂ ਵੀ ਅੱਜ ਬਹੁਤ ਭਾਰੀ ਗਿਣਤੀ ਵਿੱਚ ਪਹੁੰਚ ਚੁੱਕੀਆਂ ਹਨ, ਇਸ ਲਈ ਕੀਰਤਨ ਪੰਡਾਲ ਜੋ ਅੰਦਾਜ਼ੇ ਨਾਲ ਵੀਹ ਹਜ਼ਾਰ ਬੰਦੇ ਵਾਸਤੇ ਤਿਆਰ ਕੀਤਾ ਗਿਆ ਸੀ, ਪੂਰਨਤੌਰ ’ਤੇ ਖਚਾਖਚ ਭਰਿਆ ਪਿਆ ਹੈ। ਉੱਧਰ ਲੰਗਰ ਵੱਲ ਵੀ ਹਜ਼ਾਰਾਂ ਬੰਦੇ ਅਜੇ ਗੁਰੂ ਦੇ ਲੰਗਰ ਵਿੱਚ ਪ੍ਰਸ਼ਾਦ ਪਾਣੀ ਛੱਕ ਰਹੇ ਹਨ ਅਤੇ ਇੱਧਰ ਚਾਹ ਵਾਲੀਆਂ ਟੂਟੀਆਂ ਤੇ ਵੀ ਜੋ ਪੰਜਾਹ ਤੋਂ ਵਧੀਕ ਹਨ, ਭਾਰੀ ਗਿਣਤੀ ਵਿੱਚ ਚਾਹ ਛੱਕ ਰਹੀਆਂ ਹਨ। ਯਾਨੀ ਜਿੱਧਰ ਵੀ ਨਜ਼ਰ ਜਾਂਦੀ ਹੈ, ਜਨਸਮੂਹ ਦਾ ਠਾਠਾਂ ਮਾਰ ਰਿਹਾ ਸਮੁੰਦਰ ਹੀ ਨਜ਼ਰੀਂ ਪੈਂਦਾ ਹੈ।

ਉੱਧਰ ਕੀਰਤਨ ਪੰਡਾਲ ਵਿੱਚ ਕੀਰਤਨ ਸ਼ੁਰੂ ਹੋ ਗਿਆ ਜਿਸ ਵਿੱਚ ਸਥਾਨਕ ਰਾਗੀ ਜੱਥਿਆਂ ਨੇ ਸਾਢੇ ਪੰਜ ਵਜੇ ਤੱਕ ਰਸ ਭਿੰਨਾ ਕੀਰਤਨ ਕੀਤਾ। ਨੀਯਤ ਕੀਤੇ ਸਮੇਂ ਅਨੁਸਾਰ ਹੁਣ ਸੰਤ ਮਹਾਂਪੁਰਸ਼ਾਂ ਵੱਲੋਂ ਸੰਤ ਸਮਾਗਮ ਸ਼ੁਰੂ ਹੋ ਗਿਆ, ਜਿਸ ਵਿੱਚ ਸ਼ਾਮ ਦੇ ਸਾਢੇ ਸੱਤ ਵਜੇ ਤੱਕ ਯਾਨੀ ਦੋ ਘੰਟੇ ਲਈ ਮਹਾਂਪੁਰਸ਼ਾਂ ਨੇ ਆਪੋ-ਆਪਣੀ ਅਵਸਥਾ ਮੁਤਾਬਿਕ ਅਕਾਲ ਪੁਰਖ ਦੀ ਮਹਿਮਾਂ ਦਾ ਵਰਨਣ ਕੀਤਾ। ਹੁਣ ਸਾਢੇ ਸੱਤ ਵਜੇ ਦੁਬਾਰਾ ਫਿਰ ਕੀਰਤਨ ਦਰਬਾਰ ਸ਼ੁਰੂ ਹੋ ਗਿਆ। ਕੀਰਤਨ ਪੰਡਾਲ ਸੰਗਤਾਂ ਨਾਲ ਲਬਾਲਬ ਭਰ ਗਿਆ ਕਿਉਂਕਿ ਸੰਗਤਾਂ ਨੂੰ ਪਹਿਲਾਂ ਹੀ ਪਤਾ ਹੈ ਕਿ ਅੱਜ ਬੜੇ-ਬੜੇ ਪ੍ਰਸਿੱਧ ਰਾਗੀ ਜੱਥੇ ਆ ਰਹੇ ਹਨ। ਨੀਯਤ ਸਮੇਂ ਤੇ ਗੁਰੂ ਘਰ ਦੇ ਪ੍ਰਸਿੱਧ ਕੀਤਰਨੀਏਂ ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਜੋਸ਼ੀ ਖੰਨੇ ਵਾਲਿਆਂ ਨੇ ਰਸ ਭਿੰਨਾ ਕੀਰਤਨ ਸ਼ੁਰੂ ਕੀਤਾ। ਪੰਡਾਲ ਵਿੱਚ ਹੁਣ ਕੋਈ ਜਗ੍ਹਾ ਨਹੀਂ ਸੀ ਰਹੀ ਬੈਠਣ ਵਾਸਤੇ, ਇਸ ਲਈ ਪੰਡਾਲ ਤੋਂ ਬਾਹਰ ਵੀ ਸੰਗਤਾਂ ਦਾ ਭਾਰੀ ਜਮਾਉ ਹੋ ਗਿਆ। ਪੰਡਾਲ ਦੇ ਪ੍ਰਬੰਧਕ ਸੱਜਣ ਵੀ ਬਹੁਤ ਠਰ੍ਹੰਮੇ ਅਤੇ ਸਿਆਣਪ ਨਾਲ ਕੰਟਰੋਲ ਕਰ ਰਹੇ ਹਨ। ਪੰਡਾਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਨੂੰ ਨਮਸਕਾਰ ਕਰ ਕੇ ਸੰਗਤਾਂ ਬਹੁਤ ਪ੍ਰੇਮ ਨਾਲ ਸਹਿਜੇ-ਸਹਿਜੇ ਬਾਹਰ ਜਾਈ ਜਾਂਦੀਆਂ ਹਨ ਕਿਉਂਕਿ ਪੰਡਾਲ ਵਿੱਚ ਹੁਣ ਹੋਰ ਇੱਕ ਬੰਦੇ ਦੇ ਵੀ ਬੈਠਣ ਦੀ ਗੁੰਜਾਇੰਸ਼ ਨਹੀਂ ਹੈ। ਪੂਜਯ ਮਹੰਤ ਮਹਾਰਾਜ ਜੀ ਵੀ ਸੰਤ ਮੰਡਲੀ ਦੇ ਸਮੇਤ ਚੰਦਰਮਾ ਦੀ ਨਿਆਈ ਸਟੇਜ਼ ਤੇ ਸੁਸ਼ੋਭਿਤ ਹਨ। ਭਾਈ ਜਸਬੀਰ ਸਿੰਘ ਜੀ ਖੰਨੇ ਵਾਲਿਆਂ ਨੇ ਪ੍ਰੇਮ ਵਿੱਚ ਭਿੱਜ ਕੇ ਗੁਰਬਾਣੀ ਦੇ ਇੱਸ ਪਾਵਨ ਸ਼ਬਦ, **ਹਰਿ ਪ੍ਰੇਮ ਭਗਤ ਬਨਿ ਆਈ ਸੰਤਹੁ** ਦੇ ਨਾਲ ਅਨੇਕਾਂ ਢੁੱਕਵੀਆਂ ਪੰਕਤੀਆਂ ਲਾ-ਲਾ ਕੇ ਐਸਾ ਅਲੌਕਿਕ ਕੀਰਤਨ ਅਤੇ ਵਖਿਆਨ ਕੀਤਾ, ਕਿ ਸਰੋਤਿਆਂ ਦੇ ਮਨ ਗੁਰਬਾਣੀ ਦੇ ਅੰਮ੍ਰਿਤ ਰਸ ਵਿੱਚ ਮੁਗਧ ਹੋ ਗਏ। ਹੁਣ ਜਿਵੇਂ-ਜਿਵੇਂ ਸਮਾਂ ਰਾਤ ਦੇ ਨੌ ਵੱਜਣ ਵੱਲ ਵੱਧ ਰਿਹਾ ਹੈ, ਤਿਵੇਂ-ਤਿਵੇਂ ਸੰਗਤਾਂ ਦਾ ਵਹਾਉ ਵੀ ਕੀਰਤਨ ਵੱਲ ਨੂੰ ਹੋਰ ਤੇਜ਼ ਹੁੰਦਾ ਜਾ ਰਿਹਾ, ਕਿਉਂਕਿ ਸੰਗਤਾਂ ਨੂੰ ਪਤਾ ਹੈ ਕਿ ਠੀਕ ਨੌ ਵਜੇ ਭਾਈ ਚਮਨ ਲਾਲ ਜੀ ਦਿੱਲੀ ਵਾਲਿਆਂ ਦਾ ਕੀਰਤਨ ਟਾਈਮ ਹੈ। ਸੈਕਟਰੀ ਸਾਹਿਬ ਦੇ ਅਨਾਊਂਸ ਕਰਨ ਤੇ ਕਿ ਹੁਣ ਭਾਈ ਚਮਨ ਲਾਲ ਜੀ ਦਿੱਲੀ ਵਾਲੇ ਹਰੀ ਜਸ ਸ਼ੁਰੂ ਕਰਨ ਲੱਗੇ ਹਨ ਤਾਂ ਪੰਡਾਲ ਤੋਂ ਬਾਹਰ ਦੂਰ-ਦੂਰ ਤੱਕ ਸੰਗਤਾਂ ਦੇ ਸਿਰ ਜੁੜ ਗਏ। ਭਾਈ ਸਾਹਿਬ ਨੇ ਗੁਰੂ ਘਰ ਵਿੱਚ ਦੀਵਾਲੀ ਦੀ ਮਹਾਨਤਾ ਦਰਸਾਉਂਦਿਆਂ, ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀਆਂ ਦੇ ਗਵਾਲੀਅਰ ਦੇ ਕਿਲੇ ’ਚੋਂ ਸ੍ਰੀ ਅੰਮ੍ਰਿਤਸਰ ਸਾਹਿਬ ਆਉਣ ਦੇ ਇਤਿਹਾਸ ਨੂੰ ਗੁਰਬਾਣੀ ਦੀਆਂ ਢੁੱਕਵੀਂਆਂ ਪੰਕਤੀਆਂ ਦੁਆਰਾ ਕੀਰਤਨ ਵਖਿਆਨ ਕਰਕੇ ਬਹੁਤ ਰੌਚਕਤਾ ਭਰਪੂਰ ਇੱਕ ਘੰਟਾ ਗੁਰੂ ਜਸ ਕੀਤਾ। ਸੰਗਤਾਂ ਵੀ ਪੰਡਾਲ ਤੋਂ ਬਾਹਰ ਦੂਰ-ਦੂਰ ਤੱਕ ਜਮੀਆਂ ਇੱਕ ਰੱਸ ਸੁਣ ਰਹੀਆਂ ਹਨ। ਗਹੁ ਨਾਲ ਤੱਕਿਆਂ ਇਉਂ ਦਿਖਾਈ ਦੇ ਰਿਹਾ ਹੈ ਕਿ ਜਿਤਨੀਆਂ ਸੰਗਤਾਂ ਪੰਡਾਲ ਵਿੱਚ ਸੱਜੀਆਂ ਹਨ, ਉਤਨਾ ਹੀ ਜਮਾਉ ਬਾਹਰ ਹੋ ਗਿਆ ਹੈ। ਹੁਣ ਸਮਾਂ ਰਾਤ ਦੇ ਕੋਈ ਸਾਢੇ ਦਸ ਵੱਜ ਚੁੱਕੇ ਹਨ ਇਸ ਲਈ ਮਹਾਂਪੁਰਸ਼ਾਂ ਦੀ ਮਰਿਆਦਾ ਅਨੁਸਾਰ ਆਰਤੀ ਸ਼ੁਰੂ ਹੋ ਗਈ, ਸਭ ਸੰਗਤਾਂ ਨੇ ਮਿਲਕੇ ਆਪਣੇ ਇਸ਼ਟ ਦੇਵ ਦਾ ਫੁੱਲਾਂ ਦੀ ਵਰਖਾ ਦੁਆਰਾ ਦਿੱਲੀ ਭਾਵਨਾ ਨਾਲ ਪੂਜਨ ਸਤਿਕਾਰ ਕੀਤਾ। ਹੁਣ ਅਰਦਾਸ ਉਪਰੰਤ ਅੱਜ ਦੇ ਸਮਾਗਮਾਂ ਦੀ ਸੰਪੂਰਨ ਸਮਾਪਤੀ ਹੋ ਗਈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਆਂ ਦੇ ਪਾਵਨ ਸਰੂਪ ਸੰਗਤਾਂ ਨਿਵਾਸ ਅਸਥਾਨ ਵੱਲ ਲੈ ਕੇ ਚੱਲੀਆਂ ਗਈਆਂ। ਇੱਧਰ ਪੂਜਯ ਮਹਾਰਾਜ ਜੀ ਆਪਣੀ ਸੰਤ ਮੰਡਲੀ ਅਤੇ ਭਾਈ ਚਮਨ ਲਾਲ ਜੀ ਨੂੰ ਜੋੜ ਮੇਲੇ ਦੇ ਦਰਸ਼ਨ ਕਰਾਉਣ ਹਿੱਤ ਪਾਠ ਪੰਡਾਲ ਵੱਲ

ਨੂੰ ਲੈ ਕੇ ਚੱਲ ਪਏ। ਸੰਗਤ ਅੱਜ ਇਤਨੀ ਪਹੁੰਚੀ ਹੋਈ ਹੈ ਕਿ ਪੂਰੇ ਸਮਾਗਮ ਗਰਾਉਂਡ ਵਿੱਚ ਯਾਨੀ ਇੱਕ ਕਿਲੋਮੀਟਰ ਦੇ ਏਰੀਏ ਵਿੱਚ ਸੰਗਤਾਂ-ਹੀ-ਸੰਗਤਾਂ ਨਜ਼ਰ ਆ ਰਹੀਆਂ ਹਨ। ਲਾਊਡ ਸਪੀਕਰ ਡਿਪਾਰਟਮੈਂਡ ਵਾਲੇ ਬਾਰ-ਬਾਰ ਅਨਾਊਂਸ ਕਰ ਰਹੇ ਹਨ, ਐਹ ਇੱਕ ਬੱਚਾ ਹੈ, ਇਹੋ-ਜਿਹੀ ਸ਼ਕਲ ਅਤੇ ਇਤਨੀ ਕੁ ਉਮਰ ਦਾ ਹੈ, ਐਹ ਨਾਮ ਦੱਸਦਾ ਹੈ, ਇਸਦੇ ਮਾਤਾ ਪਿਤਾ ਕਿਤੇ ਸੁਣਦੇ ਹੋਣ ਤਾਂ ਆ ਕੇ ਲੈ ਜਾਣ। ਐਹ ਇੱਕ ਬੰਦਾ ਆਪਣੇ ਨਾਲ ਦਿਆਂ ਨੂੰ ਇੱਥੇ ਬੈਠਾ ਉਡੀਕ ਰਿਹਾ ਹੈ ਇਤਿਆਦਿਕ! ਇੱਧਰ ਹਜ਼ੂਰ ਮਹਾਰਾਜ ਸੰਤ ਮੰਡਲੀ ਅਤੇ ਭਾਈ ਚਮਨ ਲਾਲ ਜੀ ਸਮੇਤ ਉਸ ਅਦੁੱਤੀ ਪਾਠ ਪੰਡਾਲ ਵਿੱਚ ਪਹੁੰਚ ਗਏ, ਜਿਸ ਦੀ ਦਿਲਕਸ਼ ਸੁੰਦਰਾਤਾ, ਅਜੀਬੋ ਗਰੀਬ ਰਸ ਭਿੰਨੀ ਸ਼ਾਂਤੀ ਅਤੇ ਗੁਰਬਾਣੀ ਦੀ ਅਲੌਕਿਕ ਮਹਿਕ ਨਾਲ ਜਿਸਦਾ ਜ਼ੱਰਾ-ਜ਼ੱਰਾ ਸੁਗੰਧਤ ਹੋਇਆ। ਮਾਨੋਂ ਬੈਕੁੰਠ ਨੂੰ ਮਾਤ ਪਾ ਰਿਹਾ ਹੈ। ਬਲਕਿ ਇੱਕ ਬੈਕੁੰਠ ਕੀ—

ਕਈ ਬੈਕੁੰਠ ਨਾਹੀ ਲਵੈ ਲਾਗੇ॥

*(ਮਾ: ਮ: ੫, ਪੰਨਾ-੧੦੭੮)*

ਵਾਲਾ ਅਸਚਰਜ ਅਸਥਾਨ ਹੈ। ਭਾਈ ਚਮਨ ਲਾਲ ਜੀ ਅਤੇ ਹੋਰ ਸਾਧੂ ਜਨ ਦੇਖ-ਦੇਖ ਵਿਸ਼ਮਾਦ ਹੁੰਦੇ ਜਾ ਰਹੇ ਹਨ। ਅਸਚਰਜ ਪ੍ਰਕਾਸ਼ਮਈ ਅਸਥਾਨ ਤੋਂ ਹੁਣ ਲੰਗਰ ਵੱਲ ਨੂੰ ਚਾਲੇ ਪਾਏ। ਲੰਗਰ ਦੇ ਵੀ ਅਦਭੁੱਤ ਨਜ਼ਾਰੇ ਐਹ ਅਸਥੂਲ ਅੱਖਾਂ ਸ਼ਾਇਦ ਜ਼ਿੰਦਗੀ ਵਿੱਚ ਪਹਿਲੀ ਵਾਰ ਤੱਕ ਰਹੀਆਂ ਹਨ। ਭਾਈ ਚਮਨ ਲਾਲ ਜੀ ਨਾਲ ਉਨ੍ਹਾਂ ਦਾ ਇੱਕ ਛੋਟਾ-ਜਿਹਾ ਲੜਕਾ ਹੈ, ਔਹ ਦੇਖੋ! ਹਜ਼ੂਰ ਉਸ ਨੂੰ ਬਾਹਵਾਂ ਤੋਂ ਚੁੱਕ ਕੇ ਲੱਡੂਆਂ ਦੀਆਂ ਭਰੀਆਂ ਟਰਾਲੀਆਂ ਦਿਖਾ ਰਹੇ ਹਨ ਜੋ ਦੀਵਾਲੀ ਦੇ ਸ਼ੁੱਭ ਦਿਨ ਤੇ ਕੱਲ੍ਹ ਨੂੰ ਸੰਗਤਾਂ ਵਿੱਚ ਅਤੁੱਟ ਵਰਤਣੇ ਹਨ। ਇੱਧਰ ਇੱਕ ਮਾਈ ਹਜ਼ੂਰ ਨੂੰ ਅਰਜ਼ ਕਰ ਰਹੀ ਹੈ, ਮਹਾਰਾਜ! ਆਪ ਧੰਨ ਹੋ ਇਤਨਾ ਵੱਡਾ ਸਮਾਗਮ ਰਚਿਆ ਹੈ, ਆਪ ਦੀ ਮਹਿਮਾ ਧੰਨ ਹੈ? ਆਪ ਉੱਤਰ ਦੇ ਰਹੇ ਹਨ, ਮਾਈ! ਮੈਂ ਹੌਂ ਪਰਮ ਪੁਰਖ ਕੋ ਦਾਸਾ॥ ਦੇਖਨ ਆਇਓ ਜਗਤ ਤਮਾਸਾ। ਰਾਤ ਦੇ ਵੀ ਹੁਣ ਬਾਰਾਂ ਦੇ ਕਰੀਬ ਸਮਾਂ ਪਹੁੰਚ ਗਿਆ ਇਸ ਲਈ ਅੱਜ ਦੇ ਸਮਾਗਮਾਂ ਦੀ ਸਮਾਪਤੀ ਹੋ ਗਈ।

## 13 ਨਵੰਬਰ 1993, ਦੀਵਾਲੀ ਦਾ ਦਿਨ

ਅੱਜ ਦੇ ਦਿਨ ਵਾਸਤੇ ਨੀਯਤ ਕੀਤੇ ਸਮੇਂ ਅਨੁਸਾਰ ਸਵੇਰੇ ਪੰਜ ਵਜੇ ਕੀਰਤਨ ਪੰਡਾਲ ਵਿੱਚ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਹੋ ਗਿਆ। ਬੀਬੀ ਹਰਮਿੰਦਰ ਕੌਰ ਕਰਨਾਲ, ਮਾਤਾ ਮੋਹਣੀ ਮਨਸੁਖਾਨੀ ਬੰਬਈ ਅਤੇ ਹੋਰ ਸੰਗਤਾਂ ਨੇ ਮਿਲਕੇ ਸੱਤ ਵਜੇ ਤੱਕ ਇਲਾਹੀ ਬਾਣੀ ਦਾ ਰਸ ਭਿੰਨਾ ਕੀਰਤਨ ਕੀਤਾ। ਕੀਰਤਨ ਦੀ ਸਮਾਪਤੀ ਤੇ ਸੈਕਟਰੀ ਸਾਹਿਬ ਨੇ ਅਨਾਊਂਸ ਕੀਤਾ ਕਿ ਸਭ ਸੰਗਤਾਂ ਪ੍ਰਤੀ ਇੱਕ ਜ਼ਰੂਰੀ ਬੇਨਤੀ ਹੈ ਜੋ ਕਿ ਸਭ ਸੱਜਣ ਧਿਆਨ ਦੇ ਕੇ ਸੁਨਣ। ਬੇਨਤੀ ਇਹ ਹੈ ਕਿ ਹੁਣ ਨੌਂ ਵਜੇ ਤੱਕ ਸੰਤ ਸਮਾਗਮ ਹੋਵੇਗਾ, ਅਤੇ ਉਸ ਦੇ ਨਾਲ ਹੀ ਠੀਕ ਸਾਢੇ ਨੌਂ ਵਜੇ ਦੋ ਸੌ ਇਕਵੰਜਾ ਸ੍ਰੀ ਅਖੰਡ ਪਾਠ ਸਾਹਿਬਾਂ ਦੇ ਭੋਗ ਸ਼ੁਰੂ ਹੋ ਜਾਣਗੇ। ਭੋਗ ਸਾਹਿਬ ਦੀ ਸੰਪੂਰਨ ਸਮਾਪਤੀ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਆਂ ਦੇ ਦੋ ਸੌ ਇਕਵੰਜਾ ਪਾਵਨ ਸਰੂਪ ਜਿਨ੍ਹਾਂ ਤੇ ਇਸ ਵੇਲੇ ਸ੍ਰੀ ਅਖੰਡ ਪਾਠ ਸਾਹਿਬ ਹੋ ਰਹੇ ਹਨ, ਇਸੇ ਤਰ੍ਹਾਂ ਹੀ ਸਜੇ ਸਜਾਏ ਯਾਨੀ ਪੀੜੇ, ਚਵਰ, ਰੁਮਾਲੇ, ਗਦੇਲੇ, ਅਤੇ ਸਮੇਤ ਚਾਂਦੀ ਦੇ ਛੱਬਿਆਂ ਦੇ ਸੰਗਤਾਂ ਨੂੰ ਬਗੈਰ ਕਿਸੇ ਭੇਟਾਂ ਤੋਂ ਬਖਸ਼ਿਸ਼ ਕੀਤੇ ਜਾਣਗੇ। ਜਿਹੜੀਆਂ ਸੰਗਤਾਂ ਹਜ਼ੂਰ ਦੇ ਪਾਵਨ ਸਰੂਪ ਆਪਣੇ ਘਰਾਂ ਜਾਂ ਗੁਰਦੁਆਰਿਆਂ ਵਿੱਚ ਪ੍ਰਕਾਸ਼ ਕਰਨ ਲਈ ਪ੍ਰਾਪਤ ਕਰਨਾ ਚਾਹੁੰਦੀਆਂ ਹਨ, ਉਹ ਆਪੋ ਆਪਣੇ ਨਾਮ ਦਰਜ਼ ਕਰਵਾ ਦੇਣ ਅਤੇ ਭੋਗ ਦੀ ਸਮਾਪਤੀ ਤੱਕ ਆਪਣੀਆਂ ਗੱਡੀਆਂ ਵਗੈਰਾ ਦਾ ਇੰਤਜ਼ਾਮ ਕਰ ਲੈਣ ਤਾਂ ਕਿ ਗੁਰੂਆਨ ਗੁਰੂ ਦੇ ਪਾਵਨ ਸਰੂਪ ਬੜੇ ਸਤਿਕਾਰ ਸਹਿਤ ਆਪੋ-ਆਪਣੇ ਅਸਥਾਨਾਂ ਤੇ ਅਪੜ ਜਾਣ।

ਹੁਣ ਸਮੇਂ ਅਨੁਸਾਰ ਸੰਤ ਸਮਾਗਮ ਸ਼ੁਰੂ ਹੋ ਗਿਆ, ਜਿਸ ਵਿੱਚ ਦੋ ਘੰਟੇ ਮਹਾਤਮਾਂ ਜਨਾਂ ਨੇ ਪ੍ਰਮਾਰਥਕ ਵਿਚਾਰਾਂ ਦੁਆਰਾ ਜੀਵਨ ਦੀ ਸਫਲਤਾ ਦੇ ਢੰਗ ਤਰੀਕਿਆਂ ਤੇ ਰੋਸ਼ਨੀ ਪਾਈ। ਸਮਾਂ ਹੁਣ ਸਾਢੇ ਨੌਂ ਵਜੇ ਤੇ ਪਹੁੰਚ ਚੁੱਕਿਆ ਹੈ, ਇਸ ਲਈ ਪਰਸੋਂ ਤੋਂ ਚੱਲ ਰਹੇ, ਦੋ ਸੌ ਇਕਵੰਜਾ ਸ੍ਰੀ ਅਖੰਡ ਪਾਠ ਸਾਹਿਬ ਅਤੇ ਸੈਂਕੜਿਆਂ ਦੀ ਗਿਣਤੀ ਵਿੱਚ

ਸਹਿਜ ਪਾਠਾਂ ਦੇ ਭੋਗ ਸ਼ੁਰੂ ਹੋਣ ਵਾਲੇ ਹਨ। ਸੰਗਤਾਂ ਵੀ ਕੀਰਤਨ ਪੰਡਾਲ, ਜੋੜ ਮੇਲੇ ਦੇ ਇੱਧਰ ਉੱਧਰੋਂ ਅਤੇ ਸ਼ਹਿਰੋਂ ਭਾਰੀ ਗਿਣਤੀ ਵਿੱਚ ਭੋਗ ਦੇ ਸਮੇਂ ਹਾਜ਼ਰੀ ਭਰਨ ਲਈ ਪਾਠ ਪੰਡਾਲ ਵੱਲ ਨੂੰ ਆ ਰਹੀਆਂ ਹਨ। ਹੁਣ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੀ ਪਵਿੱਤਰ ਰਸਨਾ ਤੋਂ ਉਚਾਰਨ ਕੀਤੇ ਭੋਗ ਸਾਹਿਬ ਦੇ ਸਲੋਕ ਸ਼ੁਰੂ ਹੋ ਗਏ। ਭੋਗ ਤੇ ਨਮਸਕਾਰ ਕਰਨ ਲਈ ਪ੍ਰਬੰਧਕਾਂ ਵੱਲੋਂ ਆਲੇ-ਦੁਆਲੇ ਰੱਸੀਆਂ ਬੰਨ ਕੇ ਦੋ ਲਾਈਨਾਂ ਬਣਾਈਆਂ ਗਈਆਂ ਹਨ। ਇੱਕ-ਇੱਕ ਲਾਈਨ ਵਿੱਚ ਅੱਠ-ਅੱਠ ਦੱਸ-ਦੱਸ ਬੰਦੇ ਇੱਕੋ ਸਮੇਂ ਨਮਸਕਾਰ ਕਰ ਸਕਦੇ ਹਨ। ਇਸ ਪ੍ਰਕਾਰ ਪੰਦਰਾਂ ਤੋਂ ਵੀਹ ਬੰਦੇ ਹਰ ਸਮੇਂ ਨਮਸਕਾਰ ਕਰ ਰਹੇ ਹਨ। ਦੋਨੋਂ ਪਾਸੇ ਦੇ ਪੰਡਾਲ ਥੋੜ੍ਹੇ ਸਮੇਂ ਵਿੱਚ ਹੀ ਭੋਗ ਸਮੇਂ ਹਾਜ਼ਰੀ ਭਰਨ ਵਾਲੀਆਂ ਸੰਗਤਾਂ ਨਾਲ ਲਬਾਲਬ ਭਰ ਗਏ। ਪ੍ਰਬੰਧਕ ਸੱਜਣ ਨਮਸਕਾਰ ਕਰਨ ਵਾਲੀਆਂ ਸੰਗਤਾਂ ਨੂੰ ਬੜੇ ਪ੍ਰੇਮ ਨਾਲ ਪਿੱਛੇ ਵੱਲ ਦਾ ਇਸ਼ਾਰਾ ਕਰ-ਕਰ ਕੇ, ਧੱਕਾ ਪੈਣ ਜਾਂ ਭੀੜ ਜਮ੍ਹਾਂ ਹੋਣ ਤੋਂ ਬਚਾ ਕਰ ਰਹੇ ਹਨ। ਲੇਕਿਨ ਨਮਸਕਾਰ ਵਾਲੀਆਂ ਸੰਗਤਾਂ ਦੀ ਭੀੜ ਪਿੱਛੇ ਇਤਨੀ ਜਮਾਂ ਹੋਈ ਖੜ੍ਹੀ ਨਜ਼ਰ ਆ ਰਹੀ ਹੈ, ਮਾਨੋਂ ਇਨ੍ਹਾਂ ਨੂੰ ਕਈ ਘੰਟੇ ਲੱਗਣਗੇ ਨਮਸਕਾਰ ਅਸਥਾਨ ਤੱਕ ਪਹੁੰਚਣ ਲਈ। ਭੋਗ ਦਾ ਪਾਠ ਨੇੜੇ ਲੱਗ ਚੁੱਕਿਆ ਹੈ ਲੇਕਿਨ ਨਮਸਕਾਰ ਕਰਨ ਵਾਲਿਆਂ ਦੀ ਭੀੜ ਦੂਰ ਤੱਕ ਜਮ੍ਹਾਂ ਹੋ ਗਈ। ਪ੍ਰਬੰਧਕ ਸੱਜਣ ਬੜੀ ਸਿਆਣਪ ਕੁਸ਼ਲਤਾ ਅਤੇ ਪ੍ਰੇਮ ਨਾਲ ਸੰਭਾਲ ਕਰ ਰਹੇ ਹਨ। ਹੁਣ ਆਰਤੀ ਸ਼ੁਰੂ ਹੋ ਗਈ ਜਾਣ ਕੇ ਪੰਡਾਲ ਵਾਲੀਆਂ ਸੰਗਤਾਂ ਆਰਤੀ ਪੂਜਨ ਲਈ ਖੜੀਆਂ ਹੋ ਗਈਆਂ, ਲੇਕਿਨ ਨਮਸ਼ਕਾਰ ਕਰਨ ਵਾਲਿਆਂ ਦਾ ਤਾਂਤਾ ਉਸੇ ਤਰ੍ਹਾਂ ਜਾਰੀ ਹੈ। ਆਰਤੀ ਸੰਪੂਰਨ ਹੋਣ ਤੇ ਹੁਣ ਅਰਦਾਸ ਸ਼ੁਰੂ ਹੋ ਗਈ। ਅਰਦਾਤ ਭਾਵੇਂ ਬਹੁਤ ਲੰਬੀ ਹੈ ਕਿਉਂਕਿ ਦੋ ਸੌ ਇਕਵੰਜਾ ਸ੍ਰੀ ਅਖੰਡ ਪਾਠ ਸਾਹਿਬ ਅਤੇ ਸੈਂਕੜੇ ਨਾਲ ਸਹਿਜ ਪਾਠਾਂ ਦੇ ਭੋਗ ਪਾਏ ਗਏ ਹਨ ਅਤੇ ਅਣਗਿਣਤ ਸਹਿਜ ਪਾਠ ਹੋਰ ਆਰੰਭ ਕਰਨੇ ਹਨ ਇਸ ਲਈ ਕਈ ਸੌ ਨਾਮ ਉਚਾਰਨ ਕਰਨਾ ਹੈ, ਪਰੰਤੂ ਅਰਦਾਸੀਆ ਸਿੰਘ ਆਪਣੀ ਤੀਖਣ ਅਤੇ ਸੁਯੋਗ ਬੁੱਧੀ ਦੁਆਰਾ ਮਸ਼ੀਨ ਦੀ ਤਰ੍ਹਾਂ ਨਾਮ ਉਚਾਰਨ ਕਰੀ ਜਾ ਰਿਹਾ ਹੈ। ਅਰਦਾਸ ਉਪਰੰਤ ਸਾਰੇ ਪਾਠੀ ਸਿੰਘਾਂ ਨੇ ਆਪੋ-ਆਪਣੇ ਹੁਕਮਨਾਮੇ ਲਏ ਲੇਕਿਨ ਮੇਨ ਪਾਠ ਤੇ ਸ੍ਰੀਮਾਨ ੧੦੮ ਮਹੰਤ ਬਾਬਾ ਰਾਮ ਸਿੰਘ ਮਹਾਰਾਜ ਨੇ ਆਪਣੀ ਪਵਿੱਤਰ ਰਸਨਾਂ ਤੋਂ ਦਰਗਾਹੀ ਹੁਕਮਨਾਮਾ ਉਚਾਰਨ ਕੀਤਾ। ਸਾਰੇ ਮੁਖਵਾਕ ਲਿਖਣ ਲਈ ਸਲਿਪਾਂ ਪ੍ਰਿੰਟ ਕਰਵਾ ਕੇ ਭੋਗ ਪਾਉਣ ਵਾਲੇ ਪਾਠੀ ਸਿੰਘਾਂ ਨੂੰ ਸਮੇਤ ਪੈਨਸਲਾਂ ਦੇ ਦਿੱਤੀਆਂ ਹੋਈਆਂ ਹਨ। ਪ੍ਰਿੰਟ ਕੀਤੀਆਂ ਸਲਿਪਾਂ ਤੇ ਪੰਨਾ ਨੰਬਰ, ਪਾਠ ਨੰਬਰ, ਮਹਲਾ ਅਤੇ ਸ਼ਬਦ ਦੀ ਪਹਿਲੀ ਲਾਈਨ ਲਿਖਣ ਲਈ ਕਾਲਮ ਛਪੇ ਹੋਏ ਹਨ, ਉਨ੍ਹਾਂ ਦੇ ਮੁਤਾਬਿਕ ਪਾਠੀ ਸਿੰਘਾਂ ਨੇ ਵੇਰਵੇ ਸਹਿਤ ਕਾਲਮ ਭਰ ਦਿੱਤੇ ਅਤੇ ਜਿਨ੍ਹਾਂ-ਜਿਨ੍ਹਾਂ ਪ੍ਰੇਮੀਆਂ ਦੇ ਪਾਠ ਸਨ ਉਨ੍ਹਾਂ ਨੂੰ ਦੇ ਦਿੱਤੀਆਂ ਗਈਆਂ। ਉੱਧਰ ਦੇਖੋ! ਭੋਗ ਸਾਹਿਬ ਦੀ ਭਾਵੇਂ ਸੰਪੂਰਨ ਸਮਾਪਤੀ ਹੋ ਗਈ ਅਤੇ ਸ੍ਰੀ ਕੜਾਹ ਪ੍ਰਸ਼ਾਦ ਦੀ ਦੇਗ ਵਰਤਣੀ ਸ਼ੁਰੂ ਹੋ ਗਈ, ਲੇਕਿਨ ਨਮਸਕਾਰ ਕਰਨ ਵਾਲਿਆਂ ਦਾ ਤਾਂਤਾ ਅਜੇ ਵੀ ਉਵੇਂ ਹੀ ਜਾਰੀ ਹੈ, ਜਿਵੇਂ ਸਵੇਰ ਤੋਂ ਚੱਲ ਰਿਹਾ ਹੈ, ਰੰਚਕ ਮਾਤਰ ਵੀ ਘੱਟ ਨਹੀਂ ਹੋਇਆ। ਨਮਸਕਾਰ ਦੀ ਉਡੀਕ ਵਿੱਚ ਖੜ੍ਹੀਆਂ ਸੰਗਤਾਂ ਵੱਲ ਨਜ਼ਰ ਮਾਰਿਆਂ ਇਉਂ ਲੱਗ ਰਿਹਾ ਹੈ ਜਿਵੇਂ ਘੰਟਿਆਂ ਬੱਧੀ ਇਹ ਕਾਰਜ ਅਜੇ ਇਵੇਂ ਹੀ ਚੱਲਦਾ ਰਹੇਗਾ। ਉੱਧਰ ਲੰਗਰ ਵਿੱਚ ਲੱਡੂ, ਜਲੇਬੀ, ਸਬਜ਼ੀ ਅਤੇ ਪ੍ਰਸ਼ਾਦਾ ਆਦਿਕ ਪਦਾਰਥ ਸਵੇਰ ਦੇ ਅਤੁੱਟ ਵਰਤ ਰਹੇ ਹਨ, ਜਿਸ ਵਿੱਚ ਹਜ਼ਾਰਾਂ ਸੰਗਤਾਂ ਪੰਗਤਾਂ ਵਿੱਚ ਹਮੇਸ਼ਾਂ ਬੈਠੀਆਂ ਲੰਗਰ ਛਕ ਕੇ ਤ੍ਰਿਪਤ ਹੋ ਰਹੀਆਂ ਹਨ। ਅੱਜ ਦੇ ਇਸ ਚੱਲ ਰਹੇ ਸਵੇਰ ਦੇ ਲੰਗਰ ਦੀ ਸਾਰੀ ਸੇਵਾ ਦਿੱਲੀ ਦੇ ਇੱਕ ਸਿੰਧੀ ਪ੍ਰੇਮੀ ਸ੍ਰੀ ਮਹੇਸ਼ ਪੇਸ਼ਵਾਨੀ ਵੱਲੋਂ ਹੋ ਰਹੀ ਹੈ।

ਉੱਧਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਆਂ ਦੇ ਪਾਵਨ ਸਰੂਪ ਪ੍ਰਾਪਤ ਕਰਨ ਲਈ ਇਲਾਕੇ ਵਾਈਜ਼ ਸੰਗਤਾਂ ਨੇ ਇਕੱਠੇ ਹੋ ਕੇ ਟਰੱਕਾਂ-ਕਾਰਾਂ ਅਤੇ ਗੱਡੀਆਂ ਦਾ ਇੰਤਜ਼ਾਮ ਕਰ ਲਿਆ। ਪੰਜਾਬ ਦੀ ਸੰਗਤ ਨੇ ਵੀ ਇੱਕ ਟਰੱਕ ਨੂੰ ਸਫੈਦ ਕੱਪੜਾ ਲਾ ਕੇ ਬੜੇ ਸੁੰਦਰ ਢੰਗ ਨਾਲ ਸਜਾ ਲਿਆ। ਇਸ ਪ੍ਰਕਾਰ ਥੋੜ੍ਹੇ ਸਮੇਂ ਵਿੱਚ ਹੀ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਗਤਾਂ ਬੜੇ ਸਤਿਕਾਰ ਨਾਲ ਆਪਣੇ-ਆਪਣੇ ਘਰਾਂ ਨੂੰ ਲੈ ਗਈਆਂ। ਨੀਯਤ ਸਮੇਂ ਅਨੁਸਾਰ ਇਹ ਸਾਰਾ ਸਮਾਗਮ ਭਾਵੇਂ ਕੱਲ੍ਹ ਸਵੇਰੇ ਸੰਪੂਰਨ ਹੋਣਾ ਹੈ, ਲੇਕਿਨ ਸੰਗਤਾਂ ਅੱਜ ਸ਼ਾਮ ਨੂੰ ਦੀਵਾਲੀ ਆਪੋ-ਆਪਣੇ ਘਰਾਂ ਵਿੱਚ ਮਨਾਉਣੀ ਚਾਹੁੰਦੀਆਂ ਹਨ, ਇਸ ਲਈ ਸੰਗਤਾਂ ਦੀ ਭਾਵਨਾਂ ਨੂੰ ਦੇਖਦਿਆਂ ਮਹਾਂਪੁਰਸ਼ ਪ੍ਰਸ਼ਾਦ ਅਤੇ ਅਸ਼ੀਰਵਾਦ ਦੇਣ

1993 ਦੀ ਦਿਵਾਲੀ ਦੇ ਮਹਾਨ ਸਮਾਗਮ ਸਮੇਂ ਨਗਰ ਕੀਰਤਨ ਦੇ ਦਰਸ਼ਨ











ਸਤਿਨਾਮ ਵਾਹਿਗੁਰੂ
ਧੰਨ ਗੁਰੂ ਨਾਨਕ ਦੇਵ ਜੀ




YASH AIRCON


YASH AIRCON







1993 ਦੇ ਮਹਾਨ ਦਿਵਾਲੀ ਸਮਾਗਮ ਸਮੇਂ ਸ੍ਰੀਮਾਨ ਮਹੰਤ ਰਾਮ ਸਿੰਘ ਜੀ ਮਹਾਰਾਜ 251 ਸ੍ਰੀ ਅਖੰਡ ਪਾਠ ਸਾਹਿਬ ਜੀਆਂ ਦੀ ਆਰੰਭਤਾ ਸਮੇਂ



ਪਾਠ ਪੰਡਾਲ (251 ਸ੍ਰੀ ਅਖੰਡ ਪਾਠ ਸਾਹਿਬ)



ਦਿਵਾਲੀ ਦੇ ਮਹਾਨ ਸਮਾਗਮ ਸਮੇਂ ਗੁਰੂ ਦਾ ਲੰਗਰ ਛਕਦੀਆਂ ਹੋਈਆਂ ਸੰਗਤਾਂ



ਦਿਵਾਲੀ ਦੇ ਮਹਾਨ ਸਮਾਗਮ ਤੇ ਪੂਜਯ ਮਹੰਤ ਰਾਮ ਸਿੰਘ ਜੀ ਮਹਾਰਾਜ ਪਾਠੀ ਸਿੰਘਾਂ ਨੂੰ ਸਿਰੋਪਾਉ ਬਖਸ਼ਿਸ਼ ਕਰਦੇ ਹੋਏ



1993 ਦੀ ਦਿਵਾਲੀ ਦੇ ਮਹਾਨ ਸਮਾਗਮ ਸਮੇਂ ਮਹੰਤ ਰਾਮ ਸਿੰਘ ਜੀ ਮਹਾਰਾਜ ਸ੍ਰੀਮਾਨ ਸੰਤ ਹਰਬੰਸ ਸਿੰਘ ਜੀ ਕਾਰ ਸੇਵਾ ਵਾਲਿਆਂ ਨਾਲ



ਦਿਵਾਲੀ ਦੇ ਮਹਾਨ ਸਮਾਗਮ ਸਮੇਂ ਕੀਰਤਨ ਪੰਡਾਲ

ਲਈ ਆਪਣੇ ਕਮਰੇ ਦੇ ਬਰਾਂਡੇ ਦੇ ਅੱਗੇ ਸੁਸ਼ੋਭਿਤ ਹੋ ਗਏ। ਪ੍ਰਸ਼ਾਦ ਪ੍ਰਾਪਤ ਕਰਨ ਲਈ ਸੰਗਤਾਂ ਦੀ ਲਾਈਨ ਵੀ ਬਹੁਤ ਵੱਡੀ ਲੱਗ ਗਈ। ਟੀ.ਵੀ. ਕੈਮਰੇ ਵਾਲਿਆਂ ਨੇ ਆਪਣੇ ਕੈਮਰੇ ਫਿੱਟ ਕਰ ਲਏ, ਜਿਸ ਵਿੱਚ ਪ੍ਰਸ਼ਾਦ ਪ੍ਰਾਪਤ ਕਰ ਰਹੇ, ਇੱਕ-ਇੱਕ ਬੰਦੇ ਦੀ ਫਿਲਮ ਤਿਆਰ ਹੋਈ ਜਾ ਰਹੀ ਹੈ। ਪ੍ਰਸ਼ਾਦ ਦੇ ਨਾਲ-ਨਾਲ ਮਹਾਂਪੁਰਸ਼ ਇੱਕ-ਇੱਕ ਪੋਥੀ ਸਹਿਜ ਪਾਠ ਦੀ ਵੀ ਬਖਸ਼ਿਸ਼ ਕਰ ਰਹੇ ਹਨ। ਇਸ ਪ੍ਰਕਾਰ ਪ੍ਰਸ਼ਾਦ ਪ੍ਰਾਪਤ ਕਰਕੇ ਸੰਗਤਾਂ ਘਰਾਂ ਨੂੰ ਜਾਈ ਜਾ ਰਹੀਆਂ ਹਨ। ਜਿਨ੍ਹਾਂ ਨੇ ਅੱਜ ਰੈਣ ਸਬਾਈ ਕੀਰਤਨ ਦਾ ਅਨੰਦ ਮਾਨਣਾ ਹੈ ਅਤੇ ਦੀਵਾਲੀ ਇੱਥੇ ਹੀ ਮਨਾਉਣੀ ਹੈ, ਉਹ ਕੀਰਤਨ ਪੰਡਾਲ ਵਿੱਚ ਜਾ ਕੇ ਕੀਰਤਨ ਸਰਵਨ ਕਰ ਰਹੇ ਹਨ।

ਹੁਣ ਸ਼ਾਮ ਦੇ ਚਾਰ ਵੱਜ ਚੁੱਕੇ ਹਨ, ਇਸ ਲਈ ਨੀਯਮ ਬੱਧ ਪ੍ਰੋਗਰਾਮ ਅਨੁਸਾਰ ਇਸ ਪਾਠ ਪੰਡਾਲ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਸ਼ੁਰੂ ਹੋ ਗਏ, ਜੋ ਕਿ ਸਾਢੇ ਪੰਜ ਵਜੇ ਸੰਪੂਰਨ ਹੋ ਕੇ, ਫਿਰ ਕੀਰਤਨ ਸ਼ੁਰੂ ਹੋ ਗਿਆ। ਅੱਜ ਇਲਾਹੀ ਬਾਣੀ ਦਾ ਰੈਣ ਸਬਾਈ ਕੀਰਤਨ ਹੋਣਾ ਹੈ ਇਸ ਲਈ ਜਗ੍ਹਾ-ਜਗ੍ਹਾ ਟੈਲੀਵਿਜ਼ਨ ਫਿੱਟ ਕੀਤੇ ਜਾ ਰਹੇ ਹਨ ਤਾਂ ਕਿ ਸੰਗਤਾਂ ਨੂੰ ਦੂਰ ਸਟੇਜ ਵੱਲ ਨਾ ਦੇਖਣਾ ਪਵੇ। ਜਿਹੜਾ ਰਾਗੀ ਜੱਥਾ ਦੂਰ ਸਟੇਜ ਤੇ ਕੀਰਤਨ ਕਰ ਰਿਹਾ ਹੈ, ਉਸ ਦੇ ਕੋਲ ਹੀ ਟੀ.ਵੀ. ਤੇ ਦਰਸ਼ਨ ਹੋਣਗੇ। ਹੁਣ ਸ਼ਾਮ ਦੇ ਸੱਤ ਵੱਜ ਚੁੱਕੇ ਹਨ ਅਤੇ ਰੈਣ ਸਬਾਈ ਕੀਰਤਨ ਵੀ ਸ਼ੁਰੂ ਹੋ ਗਿਆ। ਇਸ ਕੀਰਤਨ ਦਰਬਾਰ ਵਿੱਚ ਪੂਰੀ ਰਾਤ ਕੀਰਤਨ ਦਾ ਪ੍ਰਵਾਹ ਚਲਾਉਣ ਲਈ ਕਈ ਰਾਗੀ ਜੱਥੇ ਹਾਜ਼ਰ ਹਨ। ਆਪੋ-ਆਪਣੇ ਸਮੇਂ ਅਨੁਸਾਰ ਰਾਗੀ ਜੱਥੇ ਗੁਰਬਾਣੀ ਦੀ ਅੰਮ੍ਰਿਤ ਵਰਖਾ ਕਰ ਰਹੇ ਹਨ। ਸਮਾਂ ਹੁਣ ਰਾਤ ਦੇ ਦਸ ਵੱਜ ਚੁੱਕੇ ਹਨ, ਔਹ ਦੇਖੋ! ਅਰਸ਼ੀ ਪ੍ਰੀਤਮ ਕਿਵੇਂ ਦੀਵਾਲੀ ਮਨਾਉਣ ਦੀ ਸ਼ੁਰੂਆਤ ਕਰ ਰਹੇ ਹਨ। ਐਹ ਦੇਖੋ! ਹੱਥ ਵਿੱਚ ਫੜੀ ਫੁੱਲਝੜੀ ਦੀਆਂ ਕਿੰਨੀਆਂ ਸੁੰਦਰ ਕਿਰਨਾਂ ਦਾ ਮੀਂਹ ਬਰਸ ਰਿਹਾ ਹੈ। ਫੁੱਲਝੜੀ ਪੂਰੀ ਹੁੰਦੇ ਹੀ ਔਹ ਇੱਕ ਰਾਕਟ ਅਕਾਸ਼ ਵੱਲ ਨੂੰ ਉਡਾ ਦਿੱਤਾ। ਹੁਣ ਹੋਰ ਸੰਗਤ ਨੇ ਵੀ ਆਤਿਸ਼ਬਾਜ਼ੀ ਚਲਾਉਣੀ ਸ਼ੁਰੂ ਕਰ ਦਿੱਤੀ, ਪਟਾਕਿਆਂ ਨਾਲ ਅਕਾਸ਼ ਗੂੰਜ ਉੱਠਿਆ। ਇਸ ਪ੍ਰਕਾਰ ਕਾਫੀ ਸਮਾਂ ਦੀਵਾਲੀ ਉਤਸਵ ਮਨਾ ਕੇ ਕੀਰਤਨ ਵਿੱਚ ਆ ਸੁਸ਼ੋਭਿਤ ਹੋਏ। ਰਾਗੀ ਜੱਥੇ ਆਪਣੇ ਮਿਲੇ ਸਮੇਂ ਅਨੁਸਾਰ ਗੁਰਬਾਣੀ ਦੀ ਅੰਮ੍ਰਿਤਮਈ ਵਰਖਾ ਕਰੀ ਜਾ ਰਹੇ ਹਨ। ਸਮਾਂ ਵੀ ਹੁਣ ਸਵੇਰ ਦੇ ਤਿੰਨ ਵਜੇ ਦਾ ਹੋ ਆਇਆ ਹੈ, ਇਸ ਲਈ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਹੋ ਗਿਆ। ਸਰੋਤੇ ਉਸੀ ਤਰ੍ਹਾਂ ਰਾਤ ਦੇ ਹਰੀ ਜਸ ਹਰੀ ਕੀਰਤਨ ਦੁਆਰਾ ਅਨੰਦ ਮਾਣ ਰਹੇ ਹਨ। ਕਿਸੇ ਨੂੰ ਸਟੇਜ ਵੱਲ ਦੂਰ ਵੀ ਨਹੀਂ ਤੱਕਣਾ ਪੈਂਦਾ, ਕਿਉਂਕਿ ਟੀ.ਵੀ. ਸੈੱਟ ਜਗ੍ਹਾ-ਜਗ੍ਹਾ ਫਿੱਟ ਕੀਤੇ ਹੋਏ ਹਨ। ਸੰਗਤਾਂ ਭਾਵੇਂ ਕਾਫੀ ਹਨ, ਲੇਕਿਨ ਉਤਨੀਆਂ ਨਹੀਂ ਜਿਤਨੀ ਪ੍ਰਬੰਧਕਾਂ ਨੂੰ ਆਸ ਸੀ, ਕਿਉਂਕਿ ਘਰਾਂ ਵਿੱਚ ਦੀਵਾਲੀ ਮਨਾਉਣ ਦੇ ਵਿਚਾਰ ਨਾਲ ਜ਼ਿਆਦਾ ਸੰਗਤਾਂ ਭੋਗ ਤੋਂ ਬਾਅਦ ਮਹਾਂਪੁਰਸ਼ਾਂ ਤੋਂ ਪ੍ਰਸ਼ਾਦ ਲੈ ਕੇ ਵਾਪਸ ਚਲੀਆਂ ਗਈਆਂ। ਇਸ ਲਈ ਕੱਲ੍ਹ ਦੇ ਮੁਕਾਬਲੇ ਵਿੱਚ ਤਾਂ ਸੰਗਤਾਂ ਦਾ ਜਮਾਉ ਭਾਵੇਂ ਬਹੁਤ ਘੱਟ ਹੈ, ਪਰੰਤੂ ਹਜ਼ਾਰਾਂ ਦੀ ਗਿਣਤੀ ਵਿੱਚ ਤਾਂ ਵੀ ਹਨ। ਹੁਣ ਸਵੇਰ ਦੇ ਪੰਜ ਵੱਜ ਚੁੱਕੇ ਹਨ, ਇਸ ਲਈ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸੰਪੂਰਨ ਹੋ ਕੇ ਇੱਕ ਸਾਲ ਤੋਂ ਸ਼ੁਰੂ ਕੀਤੇ ਦੀਵਾਲੀ ਸਮਾਗਮ ਦੀ ਅੱਜ ਚੌਦਾਂ ਨਵੰਬਰ ਸੰਨ 1993 ਈ: ਨੂੰ ਸਵੇਰ ਦੇ ਠੀਕ ਪੰਜ ਵਜੇ ਨਿਰਵਿਘਨਤਾ ਸਹਿਤ ਸੰਪੂਰਨ ਸਮਾਪਤੀ ਦੀ ਅਰਦਾਸ ਅਤੇ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦਾ ਕੋਟਾਨ ਕੋਟ ਸ਼ੁਕਰਾਨਾ ਕੀਤਾ ਗਿਆ।

## ਦੀਵਾਲੀ ਦੀ ਇਸ ਮਹਾਨ ਸਮਾਗਮ ਵਿੱਚ ਵਡਭਾਗੇ ਪੁਰਸ਼ਾਂ ਵੱਲੋਂ ਕੀਤੀ ਸੇਵਾ ਦਾ ਵੇਰਵਾ।

| | | |
|---|---|---|
| 1. | ਸਾਰੇ ਸਮਾਗਮ ਨੂੰ ਤਰਤੀਬ ਵਾਰ ਕਰਨ ਲਈ ਨਕਸ਼ਾ ਬਣਾਉਣ ਦੀ ਸੇਵਾ। | ਐਮ. ਕੇ. ਵਾਟਲ, ਕਰਨਾਲ। |
| 2. | ਸਾਰੇ ਪੰਡਾਲ ਅਤੇ ਸ਼ਾਮਿਆਨਿਆਂ ਦੀ ਸੇਵਾ | ਹਰਜੀਤ ਸਿੰਘ ਸਚਦੇਵਾ ਅਤੇ ਸਤਪਾਲ ਸਿੰਘ ਗੁਲਾਟੀ ਕਰਨਾਲ। |
| 3. | ਪਾਠ ਪੰਡਾਲ ਦੀ ਤਿਆਰੀ ਦੀ ਸੇਵਾ। | ਸਤਵੰਤ ਸਿੰਘ ਸਚਦੇਵਾ, ਕਰਨਾਲ ਅਤੇ ਗਜਿੰਦਰ ਸਿੰਘ ਵੱਡੂ, ਗੁਰਾਇਆ। |
| 4. | ਪਾਠ ਪੰਡਾਲ ਦੀ ਵਿਛਾਈ ਦੀ ਸੇਵਾ। | ਰਛਪਾਲ ਸਿੰਘ ਜੀ ਗੁਲਾਟੀ, ਕਰਨਾਲ। |

| | | |
|---|---|---|
| 5. | ਪਾਠ ਪੰਡਾਲ ਦੀ ਸਜਾਵਟ ਦੀ ਸੇਵਾ। | ਬਲਵਿੰਦਰ ਸਿੰਘ ਜੀ ਵੈਂਪੀ ਗੁਰਾਇਆ, ਚਰਨਜੀਤ ਸਿੰਘ ਰਿਸ਼ੀਕੇਸ਼ ਅਤੇ ਗੁਰਮੀਤ ਸਿੰਘ ਖੋਖ। |
| 6. | ਪਾਠ ਪੰਡਾਲ ਲਈ ਬੈਟਰੀਆਂ ਤੇ ਘੜੀਆਂ ਦੀ ਸੇਵਾ। | ਹੰਸਰਾਜ ਜੀ ਛਾਬੜਾ, ਕਰਨਾਲ। |
| 7. | ਪਾਠੀ ਸਿੰਘਾਂ ਦੀ ਰਿਹਾਇਸ਼ ਦੀ ਸੇਵਾ। | ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਕਰਨਾਲ। |
| 8. | ਪਾਠ ਪੰਡਾਲ ਵਿੱਚ ਅੰਦਰਲੀ ਸਕਿਉਰਟੀ ਦੀ ਸੇਵਾ। | ਮੇਵਾ ਸਿੰਘ ਨੌਹਰਾ, ਅਜਮੇਰ ਸਿੰਘ ਟਿੱਬੀ, ਮਨਜੀਤ ਸਿੰਘ ਟਿੱਬੀ (ਪੰਜਾਬ) |
| 9. | ਅਰਦਾਸ ਅਤੇ ਸਟੇਜ ਸੈਕਟਰੀ ਦੀ ਸੇਵਾ। | ਭਾਈ ਤਰਜੀਤ ਸਿੰਘ ਜੀ ਨਰੂਲਾ, ਕਰਨਾਲ। |
| 10. | ਪਾਠ ਪੰਡਾਲ ਵਿੱਚ ਕੜਾਹ ਪ੍ਰਸ਼ਾਦ ਦੀ ਸੇਵਾ। | ਜੱਥੇਦਾਰ ਨਛੱਤਰ ਸਿੰਘ ਜੀ ਖੋਖ ਅਤੇ ਹੋਰ ਕਈ ਪ੍ਰੇਮੀ। |
| 11. | ਕੀਰਤਨ ਪੰਡਾਲ ਦੀ ਸੇਵਾ। | ਚਰਨਜੀਤ ਸਿੰਘ ਰਿਸ਼ੀਕੇਸ਼, ਗੁਰਮੀਤ ਸਿੰਘ ਖੋਖ, ਕੁਲਦੀਪ ਸਿੰਘ ਦੀਪਾ ਗੁਰਾਇਆ। |
| 12. | ਨਗਰ ਕੀਰਤਨ ਦੀ ਤਿਆਰੀ ਦੀ ਸੇਵਾ। | ਕੰਵਰਜੀਤ ਸਿੰਘ ਜੀ ਭਸੀਨ, ਕਰਨਾਲ। |
| 13. | ਬਾਹਰੋਂ ਆਈ ਸੰਗਤ ਦੀ ਰਿਹਾਇਸ਼ ਦੀ ਸੇਵਾ। | ਰਛਪਾਲ ਸਿੰਘ ਗੁਲਾਟੀ ਕਰਨਾਲ, ਰਾਕੇਸ਼ ਖੰਨਾ ਅਤੇ ਜਸਬੀਰ ਬੱਬਰ, ਕਰਨਾਲ। |
| 14. | ਬਾਹਰੋਂ ਆਏ ਸੰਤ ਮਹਾਂਪੁਰਖਾਂ ਦੀ ਰਿਹਾਇਸ਼ ਅਤੇ ਹਰ ਪ੍ਰਕਾਰ ਦੀ ਸੇਵਾ। | ਬਨਾਰਸੀ ਦਾਸ ਬਾਬਾ, ਕਰਮ ਚੰਦ ਗਾਬਾ, ਸ਼ਸ਼ੀ ਪਾਲ ਮਹਿਤਾ, ਡਾ: ਹਰਬੰਸ ਲਾਲ ਬਾਵਾ, ਪਿਆਰਾ ਲਾਲ ਅਤੇ ਜਰਨੈਲ ਸਿੰਘ ਆਦਿਕ, ਕਰਨਾਲ। |
| 15. | ਸੰਤ ਨਿਵਾਸ ਦੀ ਸੇਵਾ। | ਸੁਰੇਸ਼ ਕੁਮਾਰ ਡਾਵਰ, ਕਰਨਾਲ। |
| 16. | ਵੀਡੀਓ ਫਿਲਮ ਦੀ ਸੇਵਾ। | ਰਾਜੇਸ਼ ਚਾਵਲਾ, ਕੈਥਲ। |
| 17. | ਸਰਕਾਰੀ ਦਫਤਰਾਂ ਤੋਂ ਮਨਜ਼ੂਰੀ ਲੈਣ ਦੀ ਸੇਵਾ। | ਤ੍ਰਿਲੋਚਨ ਸਿੰਘ, ਹਰਜੀਤ ਸਿੰਘ ਸਚਦੇਵਾ ਅਤੇ ਜੈ ਪ੍ਰਕਾਸ਼ ਗੁਪਤਾ M.L.A., ਇਤਿਆਦਿਕ, ਕਰਨਾਲ। |
| 18. | ਸਮਾਨ ਢੋਣ ਲਈ ਟਰੱਕਾਂ ਦੀ ਸੇਵਾ। | ਸ੍ਰੀ ਕਰਮ ਚੰਦ ਜੀ ਗਾਬਾ, ਕਰਨਾਲ। |
| 19. | ਸਾਰੇ ਸਮਾਗਮ ਵਿੱਚ ਸਕਿਉਰਟੀ ਦੀ ਸੇਵਾ। | ਇੰਚਾਰਜ ਕੈਪਟਨ ਨਿਰਮਲ ਸਿੰਘ ਕਪੂਰਥਲਾ ਅਤੇ ਡਬਰੀ, ਜ਼ਰੀਫਾ, ਕੁਰਾਲੀ ਇਤਿਆਦਿਕ ਪਿੰਡਾਂ ਦੀ ਸੰਗਤ। |
| 20. | ਪੰਡਾਲ ਦਾ ਗਰਾਉਂਡ, ਛੋਟੀ ਕੁਟੀਆ ਪੁਲ ਅਤੇ ਸਫਾਈ ਦੀ ਸੇਵਾ। | ਸ੍ਰ: ਤਰਜੀਤ ਸਿੰਘ ਨਰੂਲਾ ਅਤੇ ਡਬਰੀ, ਜਰੀਫਾ, ਕੁਰਾਲੀ ਇਤਿਆਦਿਕ ਪਿੰਡਾਂ ਦੀ ਸੰਗਤ। |
| 21. | ਪੁੱਛ-ਗਿੱਛ (ਰਿਸੈਪਸ਼ਨ) ਦੀ ਸੇਵਾ। | ਸ੍ਰੀ ਸ਼ਾਮ ਕਵਿਤਾ ਜਗੇਸ਼ੀਆ ਬੰਬਈ, ਪ੍ਰੋ: ਮਦਨ ਲਾਲ ਜੀ ਗੁਲਾਟੀ ਕਰਨਾਲ, ਮਾ: ਰਜਿੰਦਰ ਸਿੰਘ ਜੀ ਗੁਰਾਇਆ। |
| 22. | ਅਕਾਊਂਟ ਸੰਭਾਲਣ ਦੀ ਸੇਵਾ। | ਸ੍ਰ: ਮਹਿੰਦਰ ਸਿੰਘ ਖੇੜਾ ਅਤੇ ਸ੍ਰ: ਜਸਪਾਲ ਸਿੰਘ ਵਿਰਕ, ਕਰਨਾਲ। |
| 23. | ਪਾਰਕਿੰਗ ਦੀ ਸੇਵਾ। | ਸੰਗਤ ਗੁਰਾਇਆਂ, ਪੰਜਾਬ। |
| 24. | ਜੋੜਿਆਂ ਦੀ ਸੇਵਾ। | ਸ੍ਰੀ ਗਰੀਸ਼ ਗਰੋਵਰ, ਹਰਜੀਤ ਸਿੰਘ ਤੁਲੀ, ਅਲਿਕ ਗਰੋਵਰ, ਜਗਮੋਹਨ ਗਰੋਵਰ ਅਤੇ ਇੰਦਰ ਸਿੰਘ ਗਾਂਧੀ ਇਤਿਆਦਿਕ ਕਰਨਾਲ ਅਤੇ ਇਨ੍ਹਾਂ ਨਾਲ ਸਹਿਯੋਗੀ |

ਸੰਸਥਾਵਾਂ—

1. ਨੌਜਵਾਨ ਸਿੱਖ ਸੇਵਾ ਦਲ ਡੇਰਾ ਕਾਰ ਸੇਵਾ, ਕਰਨਾਲ।
2. ਭਾ: ਘਨੱਈਆ ਸ੍ਰੀ ਸੁਖਮਨੀ ਸਾਹਿਬ ਸੁਸਾਇਟੀ, ਕਰਨਾਲ।
3. ਪ੍ਰੇਮ ਨਗਰ ਕਰਨਾਲ।
4. ਸੁਖਮਨੀ ਸਾਹਿਬ ਸੁਸਾਇਟੀ ਪਾਣੀਪਤ। ਇਹ ਸਾਰੇ 135 ਸੇਵਾਦਾਰ ਸਨ।

| | | |
|---|---|---|
| 25. | ਪਾਣੀ ਅਤੇ ਸੀਵਰੇਜ਼ ਦੀ ਸੇਵਾ। | ਕੁਲਵੰਤ ਸਿੰਘ (ਵੱਡਾ) ਅਤੇ ਭਗਵਾਨ ਸਿੰਘ, ਕਰਨਾਲ। |
| 26. | ਪਾਣੀ ਢੋਣ ਵਾਲੇ ਟੈਂਕਰਾਂ ਦੀ ਸੇਵਾ। | ਮਿਉਂਸੀਪਲ ਕਮੇਟੀ ਅਤੇ ਹੁੱਡਾ ਕਰਨਾਲ ਵੱਲੋਂ। |
| 27. | ਕੀਰਤਨ ਪੰਡਾਲ ਵਿੱਚ ਸਕਿਉਰਟੀ ਸੇਵਾ। | ਸ੍ਰੀ ਕੇਵਲ ਛਾਬੜਾ ਅਤੇ ਸਾਥੀ, ਕਰਨਾਲ। |
| 28. | ਸਾਰੀਆਂ ਪਾਈਪ ਲਾਈਨਾਂ, ਚਾਹ ਵਾਲੀਆਂ ਟੂਟੀਆਂ ਗੈਸ ਵਾਲੇ ਚੁੱਲ੍ਹਿਆਂ ਦੀ ਸੰਭਾਲ ਅਤੇ ਲੈਟਰਿਨ, ਬਾਥਰੂਮ ਬਣਾਉਣ ਦੀ ਸੇਵਾ। | ਕੁਲਵੰਤ ਸਿੰਘ (ਵੱਡਾ) ਅਤੇ ਭਗਵਾਨ ਸਿੰਘ, ਕਰਨਾਲ। |
| 29. | ਬਿਜਲੀ ਜਨਰੇਟਰਾਂ ਦੀ ਸੇਵਾ। | ਸ੍ਰੀ ਅਮਰੀਕ ਚੰਦ ਚਾਵਲਾ, ਬੰਬਈ। |
| 30. | ਬਿਜਲੀ ਅਤੇ ਸਾਉਂਡ ਦੀ ਸੇਵਾ। | ਸੁਭਾਸ਼ ਜੀ, ਮੁਸਾਫਰ ਜੀ ਅਤੇ ਸੁਰਿੰਦਰ ਸਿੰਘ ਬਿਜਲੀ ਵਾਲਾ, ਕਰਨਾਲ। |
| 31. | ਭੱਠੀਆਂ ਚੁਬੱਚੇ ਆਦਿਕ ਬਣਾਉਣ ਦੀ ਸੇਵਾ। | ਮਿ: ਅੰਗਰੇਜ਼ ਸਿੰਘ, ਸਤਨਾਮ ਸਿੰਘ, ਗੁਰਨਾਮ ਸਿੰਘ, ਅਤੇ ਫਕੀਰ ਸਿੰਘ ਇਤਿਆਦਿਕ ਮਿਸਤਰੀ, ਰਾਮ ਨਗਰ ਕਰਨਾਲ। |
| 32. | ਲੰਗਰ ਦਾ ਰਾਸ਼ਨ ਲਿਆਉਣ ਦੀ ਸੇਵਾ। | ਸ੍ਰ: ਹਰਚਰਨ ਸਿੰਘ ਸਚਦੇਵਾ, ਕਰਨਾਲ। |
| 33. | ਸਬਜ਼ੀ ਖਰੀਦ ਕੇ ਲਿਆਉਣ ਦੀ ਸੇਵਾ। | ਸ੍ਰੀ: ਸੁਦਰਸ਼ਨ ਕੁਮਾਰ ਜੀ ਅਤੇ ਮਨਦੀਪ ਜੀ, ਕਰਨਾਲ। |
| 34. | ਚੁਬੱਚੇ ਆਦਿਕ ਲਈ ਇੱਟਾਂ ਦੀ ਸੇਵਾ। | ਸ੍ਰੀ: ਖਜ਼ਾਨ ਚੰਦ ਜੀ ਚਾਵਲਾ, ਕਰਨਾਲ। |
| 35. | ਗੈਸ ਸਿਲੰਡਰ ਸਪਲਾਈ ਸੇਵਾ। | ਸ੍ਰ: ਹਰਪ੍ਰੀਤ ਸਿੰਘ ਨਰੂਲਾ, ਖੁਸ਼ਪਾਲ ਸਚਦੇਵਾ ਅਤੇ ਵਿਪਨ ਉਪਲ ਆਦਿਕ, ਕਰਨਾਲ। |
| 36. | ਦੁੱਧ ਸਪਲਾਈ ਅਤੇ ਚਾਹ ਬਣਾਉਣ ਦੀ ਸੇਵਾ। | ਕੰਵਲ ਇੰਦਰ ਸਿੰਘ ਰੰਬਾ ਅਤੇ ਸ੍ਰ: ਅਮਰਜੀਤ ਸਿੰਘ ਜੀ ਰੰਬਾ, ਅਤੇ ਮਹਿੰਦਰ ਸਿੰਘ ਬੱਬਰ ਆਦਿਕ ਕਰਨਾਲ। |
| 37. | ਲੰਗਰ ਇੰਚਾਰਜ ਅਤੇ ਹਰ ਪ੍ਰਕਾਰ ਲੰਗਰ ਦੀ ਸੇਵਾ। | ਸ੍ਰ: ਕੁਲਵੰਤ ਸਿੰਘ (ਛੋਟਾ) ਕਰਨਾਲ, ਮੱਘਰ ਸਿੰਘ ਖੋਖ, ਰਾਜਿੰਦਰ ਸਿੰਘ, ਅਸ਼ੋਕ ਖੇਤਰਪਾਲ, ਦੀਪਾ ਚਾਵਲਾ, ਸੁਰਿੰਦਰ ਪੱਪੂ, ਬਿੱਟੂ ਸ਼ਰਮਾ, ਮਨੀਸ਼ ਸ਼ਰਮਾ, ਨਰਿੰਦਰ ਸਿੰਘ, ਗੁਰਵਿੰਦਰ ਟੀਟਾ, ਮਹਾਵੀਰ ਸਿੰਘ ਅਸਰਪੁਰ, ਬਲਵਿੰਦਰ ਸਿੰਘ, ਅਜਿਯੰਤ ਸਿੰਘ ਅਤੇ ਰਾਜਾ ਸਿੰਘ ਵਿਰਕ, ਜਸਬੀਰ ਸਿੰਘ ਮਾਡਲ ਟਾਊਨ, ਨਬਲੂ, ਰਤਨਦੀਪ ਗੁਲਾਟੀ, ਡੇਰਾ ਕਾਰ ਸੇਵਾ ਬਾਬਾ ਹਰਬੰਸ ਸਿੰਘ ਜੀ ਕਲੰਦਰੀ ਗੇਟ ਵਾਲੇ ਉਨ੍ਹਾਂ ਦੇ ਜੱਥੇਦਾਰ ਬਾਬਾ ਸੁੱਖਾ ਸਿੰਘ ਜੀ ਅਤੇ ਸੰਗਤ ਲੋਹ ਸਿੰਬਲੀ। |

| | | |
|---|---|---|
| 38. | ਜਲ ਸੇਵਾ। | ਜਲ ਸੇਵਾ ਦਲ ਕਰਨਾਲ, ਮਾਨਵ ਸੇਵਾ ਸੰਘ ਕਰਨਾਲ, ਅਸ਼ੋਕ ਕੁਮਾਰ ਹਰਿਆਣਾ ਡੇਅਰੀ, ਕਰਨਾਲ। |
| 39. | ਸਬਜ਼ੀ ਕੱਟਣ ਦੀ ਸੇਵਾ। | ਪਿੰਡ-ਬੂਹਾ (ਪੰਜਾਬ) ਜਿੱਥੋਂ ਅਮਰਜੀਤ ਸਿੰਘ, ਬਾਬੂ ਸਿੰਘ ਫਕੀਰ ਸਿੰਘ ਅਤੇ ਭੁੰਮਣ ਸਿੰਘ ਇਤਿਆਦਿਕ ਸੰਗਤ। |
| 40. | ਹਲਵਾਈ ਸੇਵਾ। | ਇੰਚਾਰਜ ਲਛਮਣ ਜੀ, ਰਘਬੀਰ ਸਿੰਘ ਡਬਰੀ, ਅਨੂਪ ਸਿੰਘ ਡਬਰੀ, ਤ੍ਰਿਲੋਕ ਸਿੰਘ ਡਬਰੀ, ਸ਼ੋਭ ਰਾਜ ਰਾਮ ਨਗਰ, ਦਰਸ਼ਨ ਸਿੰਘ ਰਾਮ ਨਗਰ, ਸਚਦੇਵਾ ਸਵੀਟਸ, ਸ੍ਰ: ਗੁਰਪੀਦ ਸਿੰਘ ਅਤੇ ਸ੍ਰ: ਗੁਰਦੇਵ ਸਿੰਘ ਇਤਿਆਦਿਕ ਸਭ ਨਿਸ਼ਕਾਮ ਸੇਵਾ। |
| 41. | ਲੰਗਰ ਵਰਤਾਉਣ ਦੀ ਸੇਵਾ। | ਖਜ਼ਾਨ ਸਿੰਘ ਭਸੀਨ, ਜੋਗਾ ਸਿੰਘ ਕੁਰਾਲੀ, ਪ੍ਰੋ: ਅਹੂਜਾ ਦਿਆਲ ਸਿੰਘ ਕਾਲਜ, ਕਰਨਾਲ, ਮਨਮੋਹਨ ਸਿੰਘ ਬੱਬਰ, ਨਰਿੰਦਰਪਾਲ ਸ਼ਰਮਾ, ਟੂਟੀ ਸਚਦੇਵਾ, ਪਰਮਿੰਦਰ ਸਿੰਘ ਅਤੇ ਗੋਵਿੰਦ ਕਾਲੜਾ, ਜਸਬੀਰ ਸਿੰਘ, ਪਰਮਾਰਥ ਸਹਿਗਲ, ਵਿੱਕੀ ਚਾਵਲਾ, ਰਾਜੂ ਸ਼ਰਮਾ ਅਤੇ ਰਾਜ ਕੁਮਾਰ ਸਚਦੇਵਾ ਕਰਨਾਲ ਅਤੇ ਇੱਕਲੱਵਯਾ ਭਾਟੀਆ ਦਿੱਲੀ ਇਤਿਆਦਿਕ ਸੱਜਣ। |
| 42. | ਆਟਾ ਗੁੰਨ੍ਹਣ ਦੀ ਸੇਵਾ। | ਕੁਲਵੰਤ ਸਿੰਘ I.D.P.L. ਰਿਸ਼ੀਕੇਸ਼ ਅਤੇ ਗੁਰਵਿੰਦਰ ਸਿੰਘ ਮੁਸਾਫਰ, ਕਰਨਾਲ। |
| 43. | ਪੱਕੇ ਰਾਸ਼ਨ ਦੀ ਸੰਭਾਲ ਅਤੇ ਸਪਲਾਈ ਸੇਵਾ। | ਗੁਰਚਰਨ ਸਿੰਘ, ਗੁਰਪੇਲ ਸਿੰਘ ਨੰਬਰਦਾਰ, ਮਿਹਰ ਸਿੰਘ, ਲਾਭ ਸਿੰਘ, ਗੁਰਦੇਵ ਸਿੰਘ ਗਿਆਨੀ, ਜੀਤਾ ਅਤੇ ਜੰਗੀਰ ਭਗਤ ਆਦਿਕ ਬਿਸ਼ਨਪੁਰਾ ਲੋਪੇ ਦੀ ਸੰਗਤ। |
| 44. | ਆਟਾ ਛਾਨਣ ਦੀ ਸੇਵਾ। | ਸ੍ਰ: ਦਰਬਾਰਾ ਸਿੰਘ ਅਤੇ ਸੰਗਤ ਪਿੰਡ ਲਸੋਈ। |
| 45. | ਬਰਤਨ ਸਾਫ ਕਰਨ ਦੀ ਸੇਵਾ। | ਸਤੀਸ਼ ਕੁਮਾਰ, ਸੁਸ਼ੀਲ ਕੁਮਾਰ ਅਰਜਨ ਗੇਟ ਕਰਨਾਲ ਅਤੇ ਸੰਗਤ ਵੱਡੀ ਕੁਟੀਆ। |
| 46. | ਚਾਹ ਦੀਆਂ ਟੂਟੀਆਂ ਤੇ ਸੰਭਾਲ ਦੀ ਸੇਵਾ। | ਬਲਦੇਵ ਰਾਜ ਚਾਵਲਾ, ਡਾ: ਜਗਦੀਸ਼ ਚਾਵਲਾ, ਸਤਪਾਲ ਚਾਵਲਾ ਅਤੇ ਦਵਿੰਦਰ ਚਾਵਲਾ ਆਦਿਕ ਕਰਨਾਲ। |
| 47. | ਸੈਨੇਟਰੀ ਦੀ ਸੇਵਾ। | ਕੁਮਾਰ ਸੈਨੇਟਰੀ ਰੇਲਵੇ ਰੋਡ, ਗੁਰੂ ਨਾਨਕ ਸੈਨੇਟਰੀ ਅਨਾਜ ਮੰਡੀ, ਅਮਰ ਸਿੰਘ ਹਰਬੰਸ ਸਿੰਘ ਸੈਨੇਟਰੀ, ਸਬਜ਼ੀ ਮੰਡੀ, ਕਰਨਾਲ। |
| 48. | ਗੈਸ ਸਿਲੰਡਰ, ਡੀਜ਼ਲ ਭੱਠੀਆਂ ਦੀ ਮੁਰੰਮਤ ਸੇਵਾ। | ਸ੍ਰ: ਭਗਵਾਨ ਸਿੰਘ ਅਤੇ ਇਨ੍ਹਾਂ ਦਾ ਬੇਟਾ ਬਲਵਿੰਦਰ ਟੀਟਾ, ਕਰਨਾਲ। |

| | |
|---|---|
| 49. ਪ੍ਰਸ਼ਾਦੇ ਬਣਾਉਣ ਦੀ ਸੇਵਾ, | |
| ਗਰੁੱਪ-1 | ਸਵੇਰੇ 4 ਤੋਂ 8 ਵਜੇ ਤੱਕ : ਜਿਸ ਵਿੱਚ ਪੰਜਾਬ ਦੀਆਂ ਮਾਈਆਂ, ਖੋਖ, ਬੂਹਾ, ਅਸਰਪੁਰ, ਚਲੈਲਾ, ਬਿਸ਼ਨਪੁਰਾ ਲੋਪੋ, ਭੋੜੇ, ਬਾਬਰਪੁਰ, ਕੋਟਲੀ ਅਤੇ ਲੋਹਸਿੰਬਲੀ ਆਦਿਕ ਪਿੰਡ। |
| ਗਰੁੱਪ-2 | ਸਵੇਰੇ 8 ਤੋਂ 12 ਵਜੇ ਤੱਕ : ਬੀਬੀ ਪ੍ਰਸਿੰਨੀ ਦੇਵੀ, ਜੁਗਿੰਦਰ ਕੌਰ, ਪ੍ਰੀਤਮ ਕੌਰ, ਸੁਰਜੀਤ ਕੌਰ, ਕਰਤਾਰ ਕੌਰ, ਕਪੂਰ ਕੌਰ, ਭਗਵੰਤ ਕੌਰ, ਇਤਿਆਦਿਕ ਰਾਮ ਨਗਰ ਕਰਨਾਲ ਅਤੇ ਮਨਜੀਤ ਕੌਰ, ਰਾਜ ਕੌਰ ਜ਼ਰੀਫਾ, ਸਵਰਨ ਕੌਰ, ਕੁਲਵੰਤ ਕੌਰ, ਡਬਰੀ, ਬਚਨੋਂ, ਸੀਤਾ, ਰਾਮ ਕੌਰ, ਰਾਮ ਨਗਰ ਇਤਿਆਦਿਕ ਸੰਗਤ। |
| ਗਰੁੱਪ-3 | ਦੁਪਹਿਰ 12 ਤੋਂ 4 ਵਜੇ ਤੱਕ : ਮਾਡਲ ਟਾਊਨ ਗਰੁੱਪ ਬੀਬੀ ਬਲਵਿੰਦਰ ਕੌਰ, ਮਹਿੰਦਰ ਕੌਰ, ਸ਼ਰਨਜੀਤ ਕੌਰ, ਸੁਰਿੰਦਰ ਕੌਰ, ਜਸਪਾਲ ਕੌਰ, ਸੁਰਜੀਤ ਕੌਰ ਕਾਲੜਾ, ਸੁਰਜੀਤ ਕੌਰ ਬੱਬਰ, ਸੁਸ਼ਮਾ ਜੀ, ਜਸਪ੍ਰੀਤ, ਰਮਨੀਤ, ਇਸਪ੍ਰੀਤ, ਮੰਜੂ, ਰਾਜ ਮਕੜ ਅਤੇ ਰਾਜ ਛਡਾਨਾ ਮਾਤਾ ਅਹੂਜਾ ਜੀ ਕੁਟੀਆ ਤੋਂ। |
| ਗਰੁੱਪ-4 | ਸ਼ਾਮ 4 ਤੋਂ 8 ਵਜੇ ਤੱਕ : ਅਸ਼ੋਕਾ S.B. ਮਿਸ਼ਨ ਸਕੂਲ, ਬੀਬੀ ਰਮੇਸ਼, ਬਬਲੀ ਮਲਿਕ ਅਤੇ ਸਕੂਲ ਦਾ ਸਟਾਫ। |
| 50. ਹਲਵਾਈਆਂ ਕੋਲ ਹਰ ਪ੍ਰਕਾਰ ਦੀ ਡਿਊਟੀ, ਜਿਵੇਂ ਪਕਵਾਨ ਤਿਆਰ ਕਰਵਾਉਣ ਅਤੇ ਪੱਕੇ ਨੂੰ ਸੰਭਾਲਣਾ ਇਤਿਆਦਿਕ ਸੇਵਾ। | ਪਿੰਡ ਲੋਹਸਿੰਬਲੀ ਜਿਸ ਵਿੱਚ ਸ੍ਰ: ਬੰਤਾ ਸਿੰਘ, ਮੇਵਾ ਸਿੰਘ, ਜਗਰੂਪ ਸਿੰਘ, ਕਰਮ ਸਿੰਘ ਜਟਵਾੜੀਆ, ਸਰਵਨ ਸਿੰਘ, ਬਾਵਾ, ਚਰਨ ਸਿੰਘ, ਜਾਗਰ ਸਿੰਘ, ਬਖਸ਼ੀਸ਼ ਸਿੰਘ, ਸ਼ੇਰ ਸਿੰਘ, ਅਮਰਦਾਸ ਵੈਰਾਗੀ, ਜਸਬੀਰ ਸਿੰਘ ਸ਼ਾਹਪੁਰ, ਅਮਰਜੀਤ ਸਿੰਘ, ਲਾਭ ਸਿੰਘ, ਬਲਬੀਰ ਸਿੰਘ ਮੰਡੋਰੀਆ ਅਤੇ ਹਾਕਮ ਸਿੰਘ ਜੱਥੇਦਾਰ। |
| 51. ਫਰੀ ਡਿਸਪੈਂਸਰੀ ਵਿੱਚ ਡਾਕਟਰੀ ਸੇਵਾ। | ਡਾ: ਰਮੇਸ਼ ਚੰਦਰ ਸ਼ਰਮਾ, ਡਾ: ਆਰ. ਕੇ. ਭਾਰਦਵਾਜ, ਡਾ: ਆਰ. ਕੇ. ਬਾਂਸਲ, ਡਾ: ਜੋਗੇਸ਼ ਚੰਦਰ ਗੁਵਾੜੀ, ਡਾ: ਯਸ਼ੋਧੀ ਮੀਰ ਚੰਦਾਨੀ, ਉਪਰੋਕਤ ਸਟਾਫ ਸਾਰੇ ਨਿਰਮਲ ਆਸ਼ਰਮ ਹਸਪਤਾਲ ਰਿਸ਼ੀਕੇਸ਼ ਤੋਂ ਅਤੇ ਸਹਾਇਕ ਡਾ: ਸੁਰਿੰਦਰ ਕੌਰ ਨਰੂਲਾ ਕਰਨਾਲ, ਡਾ: ਸਤਵਿੰਦਰ ਸਿੰਘ ਅਤੇ ਡਾ: ਇੰਦਰਜੀਤ ਕੌਰ ਕਰਨਾਲ। |
| 52. ਇਸ ਮਹਾਨ ਸਮਾਗਮ ਲਈ ਸਟੇਸ਼ਨਰੀ ਮੈਟਰ ਅਤੇ ਹਰ ਪ੍ਰਕਾਰ ਦੇ ਇਸ਼ਤਿਹਾਰ, ਬਿੱਲੇ ਅਤੇ ਬੈਨਰਜ਼ ਛਪਵਾਈ ਦੀ ਸੇਵਾ। | ਸ੍ਰ: ਕੁਲਦੀਪ ਸਿੰਘ ਕਾਲੜਾ, ਕਰਨਾਲ। |

ਇਸ ਮਹਾਨ ਯੱਗ ਸਮਾਗਮ ਵਿੱਚ ਜਿਨ੍ਹਾਂ ਹੋਰ ਸੰਸਥਾਵਾਂ, ਸੁਸਾਇਟੀਆਂ ਅਤੇ ਜੱਥੇਬੰਦੀਆਂ ਨੇ ਸਹਿਯੋਗ ਦੇ ਕੇ ਹਿੱਸਾ ਪਾਇਆ, ਜਿਵੇਂ—

1. ਮਾਨਵ ਸੇਵਾ ਸੰਘ ਕਰਨਾਲ,
2. ਗੁਰੂ ਨਾਨਕ ਸੇਵਕ ਜੱਥਾ ਕਰਨਾਲ,
3. ਸਨਾਤਨ ਧਰਮ ਮੰਦਰ ਕਰਨਾਲ,
4. ਜਨ ਸੇਵਾ ਦਲ ਕਰਨਾਲ,
5. ਇਸਤਰੀ ਸਤਸੰਗ ਸਭਾ ਗੁਰਦੁਵਾਰਾ ਸਾਹਿਬ ਸ਼ੀਸ਼ਿਆਂ ਵਾਲਾ ਕਰਨਾਲ,
6. ਇਸਤਰੀ ਸਤਸੰਗ ਸਭਾ ਗੁਰਦੁਵਾਰਾ ਮੰਜੀ ਸਾਹਿਬ ਕਰਨਾਲ,
7. ਸੁਖਮਨੀ ਸਾਹਿਬ ਸੇਵਾ ਸੁਸਾਇਟੀ ਸਦਰ ਬਾਜ਼ਾਰ ਕਰਨਾਲ,
8. ਗੁਰਦੁਵਾਰਾ ਸਿੰਘ ਸਭਾ ਮਾਡਲ ਟਾਊਨ ਕਰਨਾਲ।

## ਇਸ ਸਮਾਗਮ ਵਿੱਚ ਪਹੁੰਚਣ ਵਾਲੇ ਮੁੱਖ ਰਾਗੀ ਜੱਥੇ।

1. ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਜੋਸ਼ੀ ਖੰਨੇ ਵਾਲੇ।
2. ਭਾਈ ਸਾਹਿਬ ਭਾਈ ਚਮਨ ਲਾਲ ਜੀ ਦਿੱਲੀ ਵਾਲੇ।
3. ਭਾਈ ਸਾਹਿਬ ਭਾਈ ਲਛਮਣ ਚੇਲਾ ਰਾਮ ਜੀ ਸਿੰਧੀ ਦਿੱਲੀ ਵਾਲੇ।
4. ਭਾਈ ਸਾਹਿਬ ਭਾਈ ਸੁਨੀਲ ਕੁਮਾਰ ਜੀ ਅਰੋੜਾ ਜਵਾਲਾਪੁਰ ਵਾਲੇ।
5. ਭਾਈ ਸਾਹਿਬ ਭਾਈ ਮੁਖਤਿਆਰ ਸਿੰਘ ਜੀ ਨਾਭਾ।
6. ਭਾਈ ਸਾਹਿਬ ਭਾਈ ਸੰਤ ਰਾਮ ਸਿੰਘ ਜੀ ਨਾਨਕਸਰ ਸੀਂਗੜੇ ਵਾਲੇ।
7. ਭਾਈ ਸਾਹਿਬ ਭਾਈ ਸੁਨੀਲ ਕੁਮਾਰ ਜੀ ਢੀਂਗੜਾ ਦਿੱਲੀ ਵਾਲੇ।
8. ਭਾਈ ਸਾਹਿਬ ਭਾਈ ਸੁਰਜੀਤ ਸਿੰਘ ਜੀ ਦਿੱਲੀ ਵਾਲੇ।
9. ਭਾਈ ਸਾਹਿਬ ਭਾਈ ਨੰਦ ਸਿੰਘ ਜੀ ਦਿੱਲੀ ਵਾਲੇ।
10. ਭਾਈ ਸਾਹਿਬ ਭਾਈ ਕਾਕਾ ਸੁਪਰੀਤ ਸਿੰਘ ਜੀ ਹੁਸ਼ਿਆਰਪੁਰ।
11. ਬੀਬੀ ਹਰਮਿੰਦਰ ਕੌਰ ਕਰਨਾਲ।
12. ਮਾਤਾ ਮੋਹਣੀ ਬਾਈ ਮਨਸੁਖਾਨੀ ਬੰਬਈ।
13. ਭਾਈ ਸਾਹਿਬ ਭਾਈ ਧਰਮ ਸਿੰਘ ਜੀ ਦਿੱਲੀ ਵਾਲੇ।

## ਇਸ ਸਮਾਗਮ ਵਿੱਚ ਦਰਸ਼ਨ ਦੇਣ ਵਾਲੇ ਪ੍ਰਸਿੱਧ ਸੰਤ ਮਹਾਤਮਾ।

1. ਨਿਰਮਲ ਪੰਚਾਇਤੀ ਅਖਾੜਾ ਹਰਿਦੁਆਰ ਦੇ ਸ੍ਰੀ ਮਹੰਤ ਸਾਹਿਬ ਸ੍ਰੀਮਾਨ ਸੰਤ ਗਿਆਨ ਦੇਵ ਸਿੰਘ ਜੀ।
2. ਸ੍ਰੀਮਾਨ ਸੰਤ ਬਾਬਾ ਰਾਮ ਸਿੰਘ ਜੀ ਸੀਂਗੜੇ ਵਾਲੇ।
3. ਸ੍ਰੀਮਾਨ ਸੰਤ ਬਾਬਾ ਹਰਬੰਸ ਸਿੰਘ ਜੀ ਕਾਰਸੇਵਾ ਵਾਲੇ।
4. ਸ੍ਰੀਮਾਨ ਸੰਤ ਬਾਬਾ ਹਰਨੇਕ ਸਿੰਘ ਜੀ ਰਾੜਾ ਸਾਹਿਬ ਵਾਲੇ।
5. ਸ੍ਰੀਮਾਨ ਮਹੰਤ ਬਾਬਾ ਗੁਰਬਚਨ ਸਿੰਘ ਜੀ ਡੇਰਾ ਬਾਬਾ ਗਾਂਧਾ ਸਿੰਘ ਜੀ ਬਰਨਾਲਾ।
6. ਸ੍ਰੀਮਾਨ ਮਹੰਤ ਬਾਬਾ ਪਿਆਰਾ ਸਿੰਘ ਜੀ ਡੇਰਾ ਬਾਬਾ ਗਾਂਧਾ ਸਿੰਘ ਜੀ ਕਰਨਾਲ।
7. ਸ੍ਰੀਮਾਨ ਸੰਤ ਬਾਬਾ ਮਲੂਕ ਸਿੰਘ ਜੀ ਮੋਨੀ ਪਾਂਡਵੇ ਵਾਲੇ।
8. ਸ੍ਰੀਮਾਨ ਸੰਤ ਬਾਬਾ ਕਰਨ ਸਿੰਘ ਜੀ ਵਿਰੱਕਤ ਮੰਡਲੀ ਸਹਿਤ ਭੜੌਜੀਆਂ ਵਾਲੇ।

9. ਸ੍ਰੀਮਾਨ ਸੰਤ ਧਿਆਨ ਸਿੰਘ ਜੀ ਸ਼ਾਂਦੇ ਹਾਸ਼ਮ (ਫਿਰੋਜ਼ਪੁਰ) ਵਾਲੇ।
10. ਸ੍ਰੀਮਾਨ ਮਹੰਤ ਭਗਤ ਸਿੰਘ ਜੀ ਮੁਰਾਦਾਬਾਦ ਵਾਲੇ।
11. ਸ੍ਰੀਮਾਨ ਸੰਤ ਰਘੁਬੀਰ ਸਿੰਘ ਜੀ ਸ਼ਾਸ਼ਤਰੀ ਬਨਾਰਸ ਵਾਲੇ।
12. ਸ੍ਰੀਮਾਨ ਮਹੰਤ ਸ਼ਿਆਮ ਸੁੰਦਰ ਸਿੰਘ ਜੀ ਮਿਰਜ਼ਾਪੁਰ (ਬਿਹਾਰ) ਵਾਲੇ।
13. ਸ੍ਰੀਮਾਨ ਸੰਤ ਮਨਮੋਹਨ ਸਿੰਘ ਜੀ ਡੁਮੁੰਡਾ ਵਾਲੇ।
14. ਸ੍ਰੀਮਾਨ ਸੰਤ ਪੂਰਨਹਰੀ ਜੀ ਡੇਰਾ ਤਪੋਬਨ ਬੈਲਪੜਾਓ (ਨੈਨੀਤਾਲ) ਵਾਲੇ।
15. ਡੇਰਾ ਅਤਰਸਰ ਦੁਰਾਹਾ ਸੰਤ ਮੰਡਲੀ ਕੀਰਤਨ ਅਤੇ ਪਾਠ ਸੇਵਾ।

ਇਸ ਮਹਾਨ ਸਮਾਗਮ ਵਿੱਚ ਸੰਗਤਾਂ ਦੀ ਗਿਣਤੀ ਦਾ ਅੰਦਾਜ਼ਾ ਲਾਉਣਾ ਮੁਸ਼ਕਿਲ ਹੈ, ਕਿਉਂਕਿ ਬਾਈਪਾਸ ਤੋਂ ਛੋਟੀ ਕੁਟੀਆ ਜੋ ਇੱਕ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ, ਜਨ ਸਮੂਹ ਦਾ ਸਮੁੰਦਰ ਦੀ ਤਰ੍ਹਾਂ ਠਾਠਾਂ ਮਾਰਦਾ ਇਕੱਠ ਹੀ ਨਜ਼ਰ ਆਉਂਦਾ ਸੀ। ਲੰਗਰ ਦੇ ਇੰਚਾਰਜ ਸਤਿਕਾਰਯੋਗ ਸੰਤ ਗੁਰਿੰਦਰ ਸਿੰਘ (ਛੋਟੂ ਬਾਬਾ) ਜੀ ਮੁਤਾਬਿਕ ਇੱਕ ਦਿਨ ਵਿੱਚ ਸੌ ਕੁਇੰਟਲ ਆਟਾ ਤੇ ਚਾਵਲ ਪੱਕਦੇ ਸਨ। ਦਾਲ ਦੀਆਂ ਬੋਰੀਆਂ, ਨਮਕ ਦੇ ਕੱਟੇ, ਘਿਉ ਦੇ ਟੀਨ ਅਤੇ ਸਬਜ਼ੀ ਦੇ ਟਰੱਕ ਅਲੱਗ ਸਨ। ਭੋਗ ਵਾਲੇ ਯਾਨੀ ਤੇਰਾ ਨਵੰਬਰ 1993 ਈ: ਵਾਲੇ ਦਿਨ ਭੋਗ ਦੇ ਸਮੇਂ ਵੀਹ ਟੀਨ ਦੇਸੀ ਘਿਉ ਦੇ ਕੜਾਹ ਪ੍ਰਸ਼ਾਦ ਦੀ ਦੇਗ ਸੰਗਤਾਂ ਵਿੱਚ ਵਰਤੀ। ਚੌਦਾਂ ਨਵੰਬਰ ਵਾਲੇ ਦਿਨ ਲੱਡੂ ਜਲੇਬੀ ਦੇ ਅਤੁੱਟ ਭੰਡਾਰੇ ਵਰਤਨ ਦੇ ਬਾਵਜੂਦ ਵੀ ਇਤਨਾ ਪੱਕਿਆਂ ਰਾਸ਼ਨ ਬਚ ਗਿਆ ਕਿ ਕਰਨਾਲ ਸ਼ਹਿਰ ਦੇ ਬੇਅੰਤ ਗਰੀਬ ਲੋੜਵੰਦ ਆਪਣੇ ਘਰਾਂ ਨੂੰ ਲੈ ਕੇ ਕੇ ਗਏ। ਸੁੱਕਾ ਰਾਸ਼ਨ ਯਾਨੀ ਆਟਾ ਚਾਵਲ ਵਗੈਰਾ ਇਤਨਾ ਬਚ ਗਿਆ ਕਿ ਕਰਨਾਲ ਸ਼ਹਿ ਦੇ ਨੇੜੇ-ਤੇੜੇ ਦੇ ਗੁਰਦੁਆਰੇ ਜਾਂ ਜਿੱਥੇ ਲੰਗਰ ਚੱਲਦੇ ਹਨ ਕੋਈ ਅਜਿਹਾ ਥਾਂ ਨਹੀਂ ਛੱਡਿਆ ਜਿੱਤੇ ਰਾਸ਼ਨ ਦੀਆਂ ਕੁਝ ਬੋਰੀਆਂ ਨਾ ਭੇਜੀਆਂ ਹੋਣ। ਬਲਿਕ ਕੁਝ ਵੱਡੇ-ਵੱਡੇ ਡੇਰੇ ਤਾਂ ਐਸੇ ਵੀ ਸਨ, ਜਿਵੇਂ ਡੇਰਾ ਕਾਰ ਸੇਵਾ ਅਤੇ ਇੱਕ-ਦੋ ਹੋਰ ਜਿਨ੍ਹਾਂ ਵਿੱਚ ਚਾਲੀ-ਚਾਲੀ, ਪੰਜਾਹ-ਪੰਜਾਹ ਬੋਰੀਆਂ ਭੇਜੀਆਂ ਗਈਆਂ। ਪੰਡਾਲ ਸ਼ਾਮਿਆਨੇ ਆਦਿਕ ਜੋ ਇੱਕ ਪੂਰਾ ਨਗਰ ਵਸਾਇਆ ਗਿਆ ਸੀ ਨੂੰ ਬਣਾਉਣ, ਅਤੇ ਉਤਾਰ ਕੇ ਲੈ ਜਾਣ ਨੂੰ ਕਰੀਬ ਇੱਕ ਮਹੀਨੇ ਤੋਂ ਜ਼ਿਆਦਾ ਦਾ ਸਮਾਂ ਲੱਗਿਆ ਜਿਸ ਵਿੱਚ ਸੈਂਕੜੇਂ ਬੰਦੇ ਕੰਮ ਕਰਦੇ ਰਹੇ। ਇਸ ਮਹਾਨ ਸਮਾਗਮ ਦੀ ਵਿਸ਼ੇਸ਼ਤਾਂ ਦਾ ਅੰਦਾਜ਼ਾ ਇਸ ਗੱਲ ਤੋਂ ਲੱਗ ਜਾਂਦਾ ਹੈ ਕਿ ਇਤਨੇ ਵੱਡੇ ਸਮਾਗਮ ਵਿੱਚ ਨੱਬੇ ਫੀਸਦੀ ਪਾਠੀ ਨਿਸ਼ਕਾਮ ਸੇਵਾ ਵਾਲੇ ਸਨ, ਕੇਵਲ ਦਸ ਫੀਸਦੀ ਹੀ ਅਜਿਹੇ ਸਨ, ਜਿਨ੍ਹਾਂ ਨੇ ਭੇਟਾ ਲਈ। ਇਸ ਅਲੌਕਿਕ ਸਮਾਗਮ ਵਿੱਚ ਮਹਾਂਪੁਰਸ਼ਾਂ ਦੀ ਚਰਨ ਸੇਵਕ ਸਾਰੀ ਸੰਗਤ ਦਾ ਹੀ ਭਾਵੇਂ ਵਿਤੋਂ ਬਾਹਰਾ ਯੋਗਦਾਨ ਸੀ ਲੇਕਿਨ ਕਰਨਾਲ ਨਿਵਾਸੀ ਸੰਗਤ ਦਾ ਮਾਈਕੀ ਸੇਵਾ ਵਿੱਚ ਯੋਗਦਾਨ, ਮਨਾਂ ਵਿੱਚ ਉਤਸ਼ਾਹ, ਉਮਾਹ, ਸ਼ਰਧਾ, ਭਾਵਨਾ, ਬਾਹਰੋਂ ਆਈਆਂ ਸੰਗਤਾਂ ਨੂੰ ਸੁੱਖ ਦੇਣ ਦੀ ਚਾਹ ਅਤੇ ਜਿਸਮਾਨੀ ਸੇਵਾ ਇਤਨੀ ਸੀ, ਜਿਸਦਾ ਕਲਮ ਦੁਆਰਾ ਵਰਨਣ ਲਿਖਣਾ, ਮੁੱਖ ਦੁਆਰਾ ਬੋਲਣਾ ਅਤੇ ਮਨ ਬੁੱਧੀ ਦੁਆਰਾ ਸੋਚਣਾ ਬਹੁਤ ਮੁਸ਼ਕਿਲ ਹੈ। ਕਰਨਾਲ ਨਿਵਾਸੀ ਸੰਗਤਾਂ ਵਿੱਚੋਂ ਉਤਸ਼ਾਹ ਭਾਵੇਂ ਕਿਸੇ ਵਿੱਚ ਵੀ ਘੱਟ ਨਹੀਂ ਸੀ, ਲੇਕਿਨ ਕੁਝ ਸੱਜਣ ਤੇਰਾਂ ਤਾਰੀਖ ਵਾਲੇ ਦਿਨ ਐਸੇ ਦੇਖੇ ਗਏ, ਜਿਵੇਂ ਸ੍ਰ: ਤਰਜੀਤ ਸਿੰਘ ਨਰੂਲਾ, ਸ੍ਰ: ਸੁਰਿੰਦਰ ਸਿੰਘ ਸਚਦੇਵਾ, ਸ੍ਰ: ਸਤਵੰਤ ਸਿੰਘ ਜੀ ਸਚਦੇਵਾ, ਸ੍ਰ: ਕੰਵਰਜੀਤ ਸਿੰਘ ਜੀ ਭਸੀਨ, ਸ੍ਰ: ਕੁਲਵੰਤ ਸਿੰਘ ਜੀ (ਵੱਡਾ), ਸ੍ਰ: ਭਗਵਾਨ ਸਿੰਘ ਜੀ ਮਿਸਤਰੀ, ਸ੍ਰ: ਕੁਲਵੰਤ ਸਿੰਘ (ਛੋਟਾ) ਜੀ ਲੰਗਰ ਇੰਚਾਰਜ ਅਤੇ ਉਸਦੇ ਸ਼ਰਮਾ ਆਦਿਕ ਸਾਥੀ, ਸ੍ਰ: ਕੰਵਲਇੰਦਰ ਸਿੰਘ ਰੰਬਾ, ਸ੍ਰ: ਸੁਰਜੀਤ ਸਿੰਘ ਸੂਰੀ, ਅਤੇ ਸ੍ਰੀ ਅਸ਼ੋਕ ਚਾਵਲਾ ਆਦਿਕ ਪ੍ਰੇਮੀਆਂ ਦੇ ਗਲੇ ਬੈਠੇ ਪਏ ਸਨ, ਉਨੀਂਦਰੇ ਅਤੇ ਬੇਅਰਾਮੀ ਦੇ ਕਾਰਨ ਅੱਖਾਂ ਸੁੱਜੀਆਂ ਪਈਆਂ ਸਨ। ਲੇਕਿਨ ਫਿਰ ਵੀ ਉਤਸ਼ਾਹ, ਉਮਾਹ ਅਤੇ ਪ੍ਰੇਮ ਅੰਦਰੋਂ ਉਛਾਲੇ ਮਾਰ-ਮਾਰ ਕੇ ਬਾਹਰ ਆ ਰਿਹਾ ਸੀ। ਜਿਨ੍ਹਾਂ ਮਹਾਂਪੁਰਸ਼ਾਂ ਪਰਮ ਪੂਜਯ ਮਹੰਤ ਬਾਬਾ ਰਾਮ ਸਿੰਘ ਮਹਾਰਾਜ ਜੀਆਂ ਨੇ ਐਸੇ ਅਲੌਕਿਕ ਅਤੇ ਦਿਬਯ ਸਮਾਗਮ ਦੀ ਰਚਨਾ ਆਪਣੇ ਇੱਕ ਸੰਕਲਪ ਮਾਤਰ ਨਾਲ ਹੀ ਰਚ ਲਈ ਉਨ੍ਹਾਂ ਦੀ ਲੀਲ੍ਹਾ ਤਾਂ ਹੈ ਹੀ ਸ਼ਬਦਾਂ ਦੀ ਪ੍ਰਕਿਰਿਆ ਤੋਂ ਬਹੁਤ ਉੱਪਰ। ਲੇਕਿਨ ਜਿਨ੍ਹਾਂ ਦੋ ਮਹਾਨ ਹਸਤੀਆਂ ਸਤਿਕਾਰਯੋਗ ਸੰਤ ਜੋਧ ਸਿੰਘ ਜੀਆਂ ਨੇ ਆਪਣੀ ਅਤੀ ਤੀਖਣ ਅਤੇ ਸੁਯੋਗ ਬੁੱਧੀ ਦੁਆਰਾ ਸਮਾਗਮ ਵਿੱਚ ਕੰਮ ਕਰ ਰਹੇ ਹਰ ਇੱਕ ਵਿੰਗ ਦੇ ਸੇਵਾਦਾਰਾਂ ਦਾ ਮਾਰਗ ਦਰਸ਼ਨ ਅਤੇ ਕੰਟਰੋਲ ਕੀਤਾ, ਅਤੇ ਸਤਿਕਾਰ ਯੋਗ ਸੰਤ

ਗੁਰਿੰਦਰ ਸਿੰਘ (ਛੋਟੂ ਬਾਬਾ) ਜੀ ਨੇ ਆਪਣੀ ਸਿਆਣਪ ਅਤੇ ਯੋਗਤਾ ਨਾਲ ਲੰਗਰ ਦੇ ਮਹਾਨ ਕਾਰਜ ਨੂੰ ਤਰਤੀਬ ਦੇ ਕੇ ਇਤਨੇ ਸੁੰਦਰ ਢੰਗ ਨਾਲ ਚਲਾਇਆ, ਜਿਸ ਵਿੱਚ ਅਨੇਕਾਂ ਪ੍ਰਕਾਰ ਦੇ ਪਦਾਰਥ ਛਕ ਕੇ ਲੱਖਾਂ ਬੰਦੇ ਰੋਜ਼ ਤ੍ਰਿਪਤੀ ਹਾਸਲ ਕਰਦੇ ਸਨ। ਇਨ੍ਹਾਂ ਦੋਨਾਂ ਮਹਾਂਪੁਰਖਾਂ ਦੀ ਦਿਨ ਰਾਤ ਦੀ ਮਿਹਨਤ ਅਤੇ ਕੰਮ ਕਰਾਉਣ ਦੀ ਕੁਸ਼ਲਤਾ ਕਾਬਲੇ ਤਾਰੀਫ ਹੈ।

ਇਹ ਮਹਾਨ ਸਮਾਗਮ ਜਿਸ ਦੀ ਰਚਨਾ ਸ਼ਾਇਦ ਗੁਰਬਾਣੀ ਦੇ ਪ੍ਰਚਾਰ ਹਿੱਤ ਹੀ ਹੋਈ ਸੀ, ਉਹ ਤਾਂ ਰਿਜ਼ਲਟ ਪ੍ਰਤੱਖ ਹੀ ਹੈ ਕਿ ਹਜ਼ਾਰਾਂ ਬੰਦੇ ਇਸ ਮਹਾਨ ਸਮਾਗਮ ਦੀ ਪਾਠ ਸੇਵਾ ਵਿੱਚ ਹਿੱਸਾ ਲੈਣ ਲਈ ਸੰਥਯਾ ਲੈ ਕੇ ਨਵੇਂ ਤਿਆਰ ਹੋ ਗਏ। ਬਾਕੀ ਇਸ ਮਹਾਨ ਕਾਰਜ ਦਾ ਭਾਈਚਾਰੇ ਤੇ ਕੀ ਅਸਰ ਪਿਆ?

ਇਸ ਵਿਸ਼ੇ ਤੇ ਅਖ਼ਬਾਰਾਂ ਵਾਲਿਆਂ ਨੇ ਪ੍ਰਭਾਵਿਤ ਹੋ ਕੇ ਵੱਡੇ-ਵੱਡੇ ਆਰਟੀਕਲ ਲਿਖੇ। ਇੱਕ ਅਖ਼ਬਾਰ ਨਿਰਲੇਪ ਪੱਤਰਕਾ ਕਰਨਾਲ ਨੇ ਆਪਣੇ ਸੰਪਾਦਕੀ ਲੇਖ ਵਿੱਚ ਸਮਾਗਮ ਦਾ ਪ੍ਰਭਾਵ ਦੱਸਦਿਆਂ ਲਿਖਿਆ ਹੈ—

ਦੀਵਾਲੀ ਦੇ ਸ਼ੁੱਭ ਅਵਸਰ ਤੇ ਵਿਸ਼ਵ ਸ਼ਾਂਤੀ ਲਈ ਤੇ ਬ੍ਰਹਮ ਗਿਆਨੀ ਸ੍ਰੀਮਾਨ ੧੦੮ ਸੰਤ ਬਾਬਾ ਨਿੱਕਾ ਸਿੰਘ ਜੀ, ਸੰਤ ਬਾਬਾ ਭਗਤ ਸਿੰਘ ਜੀ ਦੀ ਯਾਦ ਵਿੱਚ, ਮਹੰਤ ਰਾਮ ਸਿੰਘ ਜੀ ਨਿਰਮਲ ਆਸ਼ਰਮ ਰਿਸ਼ੀਕੇਸ਼ ਦੀ ਦੇਖ-ਰੇਖ ਵਿੱਚ ਨਿਰਮਲ ਕੁਟੀਆ ਕਰਨਾਲ ਵਿਖੇ ਅੱਠ ਨਵੰਬਰ ਤੋਂ ਚੌਦਾਂ ਸਤੰਬਰ ਤੱਕ ਦੋ ਸੌ ਇਕਵੰਜਾ ਸ੍ਰੀ ਅਖੰਡ ਪਾਠਾਂ ਦਾ ਭੋਗ ਪਾਇਆ ਗਿਆ ਤੇ ਭਾਰੀ ਸੰਤ ਸਮਾਗਮ ਹੋਇਆ। ਇਨ੍ਹਾਂ ਦੋ ਸੌ ਇਕਵੰਜਾ ਸ੍ਰੀ ਅਖੰਡ ਪਾਠਾਂ ਦੇ ਸਮਾਗਮ ਦਾ ਪ੍ਰਭਾਵ ਬਹੁਤ ਮਹੱਤਵਪੂਰਨ ਮਹਾਨਤਾ ਰੱਖਦਾ ਹੈ। ਇਨ੍ਹਾਂ ਪਾਠਾਂ ਦਾ ਸਮਾਂ, ਇੱਕੋ-ਜਿਹੀਆਂ ਬੀੜਾਂ, ਪਲੰਗ, ਵਸਤਰ ਆਦਿ ਸਨ, ਲਗਭਗ ਪੰਦਰਾਂ ਸੌ ਤੋਂ ਉੱਪਰ ਅਖੰਡ ਪਾਠੀ ਸਨ, ਜੋ ਬਿਨ੍ਹਾਂ ਭੇਟਾਂ ਵਾਲੇ ਨਿਸ਼ਕਾਮ ਸੇਵਾਦਾਰ ਸਨ। ਸਾਰੇ ਪਾਠੀ ਸਫੈਦ ਵਸਤਰਾਂ ਵਿੱਚ ਸਨ ਅਤੇ ਇੱਕੋ ਸ਼ਾਮਿਆਨੇ ਵਿੱਚ ਪਾਠ ਸਨ। ਕਿਸੇ ਦੀ ਵੀ ਇੱਕ ਦੂਜੇ ਵੱਲ ਪਿੱਠ ਨਹੀਂ ਸੀ। ਇੰਨੀ ਵੱਡੀ ਗਿਣਤੀ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਭਾਰਤ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਏ ਹਨ। ਪਾਠ ਕਰਨ ਸਮੇਂ ਪਾਠਾਂ ਦਾ ਇਕੋ ਜਿਹਾ ਸਮਾਂ ਸੀ, ਜਿਸਨੂੰ ਬੜੇ ਜਾਬਤੇ ਵਿੱਚ ਰੱਖਿਆ ਗਿਆ ਸੀ। ਹਰ ਪਾਠੀ ਨੇ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਪਾਠ ਕਰਨ ਦੀ ਡਿਊਟੀ ਨਿਭਾਈ। ਦਸ ਨਵੰਬਰ ਨੂੰ ਬਹੁਤ ਹੀ ਸ਼ਾਨਦਾਰ ਨਗਰ ਕੀਰਤਨ (ਜਲੂਸ) ਹੋਇਆ, ਜਿਸ ਵਿੱਚ ਹਰ ਵਰਗ ਦੇ ਲੋਕ ਸਨ। ਗੁਰੂ ਗ੍ਰੰਥ ਸਾਹਿਬ ਤੇ ਪੰਜਾ ਪਿਆਰਿਆਂ ਨੇ ਇਸ ਸੁੰਦਰ ਜਲੂਸ ਦੀ ਅਗਵਾਈ ਕੀਤੀ, ਜਲੂਸ ਦੇ ਸਾਰੇ ਰੂਟਾਂ ਵਿੱਚ ਬੜੇ ਸੁੰਦਰ ਸਵਾਗਤੀ ਗੇਟ ਲਗਾਏ ਗਏ ਸਨ, ਨਗਰ ਕੀਰਤਨ ਦੇ ਰੂਟਾਂ ਤੇ ਸੰਗਤਾਂ ਵੱਲੋਂ ਬੇਅੰਤ ਚਾਹ, ਫਰੂਟ ਪ੍ਰਸ਼ਾਦ ਤੇ ਲੰਗਰ ਨਾਲ ਭਰਵੀਂ ਸੇਵਾ ਕੀਤੀ ਗਈ। ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਦੇ ਅੱਗੋਂ ਸੰਗਤਾਂ ਆਪਣੀ ਹੱਥੀਂ ਝਾੜੂ ਨਾਲ ਸਫ਼ਾਈ ਕਰਕੇ ਸੇਵਾ ਕਰ ਰਹੀਆਂ ਸਨ।

ਇਸ ਸਮਾਗਮ ਦੌਰਾਨ ਚੌਵੀਂ ਘੰਟੇ ਗੁਰੂ ਕਾ ਲੰਗਰ ਅਤੁੱਟ ਚਲਦਾ ਰਿਹਾ। ਲਗਪਗ ਪੰਜਾਹ ਹਜ਼ਾਰ ਦੀ ਗਿਣਤੀ ਵਿੱਚ ਸੰਗਤਾਂ ਹਰ ਰੋਜ਼ ਲੰਗਰ ਛਕਦੀਆਂ ਸਨ। ਦਸ ਹਜ਼ਾਰ ਦੀ ਗਿਣਤੀ ਵਿੱਚ ਥਾਲੀਆਂ ਸਨ ਅਤੇ ਸੇਵਾਦਾਰਾਂ ਦੀ ਗਿਣਤੀ ਵੀ ਬਹੁਤ ਵੱਡੀ ਸੀ। ਜਦੋਂ ਹੋ ਕੋਈ ਲੰਗਰ ਛਕਣ ਲਈ ਬੈਠਦਾ, ਉਸ ਸਮੇਂ ਸੇਵਾਦਾਰ ਉਸ ਅੱਗੇ ਥਾਲੀ ਰੱਖ ਦਿੰਦੇ ਤੇ ਲੰਗਰ ਪਹੁੰਚਾ ਜਾਂਦਾ। ਕਈ-ਕਈ ਵਾਰ ਸੇਵਾਦਾਰ ਲੰਗਰ ਦੇਣ ਲਈ ਪੁੱਛਦੇ ਸਨ। ਲੰਗਰ ਛਕਣ ਸਮੇਂ ਹਰ ਵਰਗ ਤੇ ਹਰ ਜਾਤ, ਅਮੀਰ-ਗਰੀਬ ਬਿਨਾਂ ਕਿਸੇ ਭਿੰਨ ਭੇਦ ਦੇ ਸ਼ਾਮਲ ਸਨ। ਲੰਗਰ ਵਿੱਚ ਹਰ ਪ੍ਰਕਾਰ ਦੀ ਵਸਤੂ ਮਿਲਦੀ ਸੀ, ਸਬਜ਼ੀ, ਦਾਲ, ਖੀਰ ਅਤੇ ਮਠਿਆਈ ਆਦਿ। ਲੰਗਰ ਦੀ ਰਸਦ ਦੀ ਪਹੁੰਚ ਦਾ ਕੋਈ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਸੀ ਕਿਉਂਕਿ ਸੰਗਤਾਂ ਵੱਲੋਂ ਗੁਪਤ ਰਸਦ ਅਤੇ ਮਾਇਆ ਪੁੱਜ ਰਹੀ ਸੀ। ਦਸ ਲੱਖ ਸੰਗਤਾਂ ਦੇ ਲੰਗਰ ਛਕਣ ਉਪਰੰਤ ਵੀ ਬੇਇੰਤਹਾ ਰਸਦ ਬਚ ਗਈ ਹੈ।

ਚਾਹ ਦੇ ਲੰਗਰ ਦਾ ਪ੍ਰਬੰਧ ਬਹੁਤ ਹੀ ਸ਼ਲਾਘਾਯੋਗ ਸੀ। ਚਾਹ ਦਾ ਲੰਗਰ ਇਤਨਾ ਅਤੁੱਟ ਸੀ, ਕਿ ਇਸ ਦੀ ਵਰਤੋਂ ਪਾਈਪਾਂ ਰਾਹੀਂ ਸੀ, ਜਿਤਨੀ ਵਾਰ ਜਿਸ ਸਮੇਂ ਕੋਈ ਚਾਹੇ ਚਾਹ ਪੀ ਛਕਦਾ ਸੀ। ਜੋੜਿਆਂ ਦਾ ਪ੍ਰਬੰਧ ਵੀ ਬਹੁਤ ਪ੍ਰਦਰਸ਼ਨੀ ਸੀ।

ਇਹ ਸਮਾਗਮ ਕਿਸੇ ਇੱਕ ਵਰਗ ਦਾ ਨਹੀਂ ਜਾਪਦਾ ਸੀ, ਜਿਵੇਂ ਕਿ ਆਮ ਸਮਾਗਮਾਂ ਬਾਰੇ ਕਿਹਾ ਜਾਂਦਾ ਹੈ। ਇੱਥੇ ਤਾਂ ਕੇਵਲ ਇੱਕੋ ਹੀ ਗੱਲ ਜਾਪਦੀ ਸੀ ਜਿਵੇਂ ਕਿ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦਾ ਫੁਰਮਾਣ ਹੈ—

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥**

*(ਪ੍ਰਭਾਤੀ, ਪੰਨਾ-੧੩੪੯)*

ਇਹ ਸਾਰੀ ਸ੍ਰਿਸ਼ਟੀ ਅਕਾਲ ਪੁਰਖ ਵਾਹਿਗੁਰੂ ਦੀ ਹੈ, ਤੇ ਹਰ ਵਿਚਰਨ ਵਾਲਾ ਰੱਬ ਦਾ ਰੂਪ ਹੈ। ਇਸ ਸਮਾਗਮ ਤੋਂ ਮਨੁੱਖੀ ਭਾਈਚਾਰੀ ਜਾਪਦਾ ਸੀ। ਹਰ ਕੋਈ ਇੱਕ ਦੂਜੇ ਤੋਂ ਵੱਧ ਚਾਂਈ-ਚਾਂਈ ਸੇਵਾ ਕਰਨ ਵਿੱਚ ਜੁਟਿਆ ਹੋਇਆ ਸੀ। ਹਰ ਇੱਕ ਦੀ ਜ਼ੁਬਾਨ ਤੇ ਸਤਿਨਾਮ ਸ੍ਰੀ ਵਾਹਿਗੁਰੂ ਸੁਣੀਂਦਾ ਸੀ। ਹਰ ਸੇਵਾਦਾਰ ਬੜੇ ਖਿੜੇ ਮੱਥੇ ਤੇ ਮਿੱਠੀ ਜ਼ੁਬਾਨ ਨਾਲ ਆਉ ਭਗਤ ਕਰਦਾ ਸੀ। ਇਸ ਸਮਾਗਮ ਦੇ ਪ੍ਰਭਾਵ ਨਾਲ ਆਪਸੀ ਮੇਲ ਮਿਲਾਪ ਹੋਣ ਦੀ ਬਹੁਤ ਸ਼ਰਧਾ ਵੱਧ ਰਹੀ ਹੈ। ਜੋ ਫਿਰਕੂਆਂ ਵੱਲੋਂ ਧਰਮਾਂ ਦੀ ਕੱਟੜਤਾਪਨ ਨਾਲ ਜਨਤਾ ਵਿੱਚ ਜ਼ਹਿਰ ਘੋਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਉਸ ਕੁੜਤਣ ਨੂੰ ਦੂਰ ਹੋਣ ਦਾ ਬਲ ਮਿਲੇਗਾ। ਸਾਰੇ ਧਰਮਾਂ ਦੇ ਪੈਰੋਕਾਰਾਂ ਵਿੱਚ ਇੱਕ ਦੂਜੇ ਨਾਲ ਨੇੜਤਾ ਹੋਣ ਦਾ ਅਵਸਰ ਪ੍ਰਾਪਤ ਹੋਇਆ ਹੈ। ਜਿੱਥੇ ਲੋਕ ਇੱਕ ਦੂਜੇ ਦੀ ਈਰਖਾ ਨਫ਼ਰਤ ਵਿੱਚ ਸੜ ਰਹੇ ਹਨ ਉਨ੍ਹਾਂ ਵਿੱਚ ਸ਼ਾਂਤੀ ਦਾ ਵਾਤਾਵਰਨ ਪੈਦਾ ਹੋਵੇਗਾ। ਹਿੰਦੂ, ਸਿੱਖ ਦੀ ਏਕਤਾ ਜਾਪਦੀ ਸੀ ਇਸ ਲਈ ਸਾਰੇ ਵਰਗਾਂ ਵਿੱਚ ਇਸ ਸਮਾਗਮ ਦੀ ਭਰਵੀਂ ਸ਼ਲਾਘਾ ਹੋ ਰਹੀ ਹੈ।

*(ਨਾਨਕ ਸਿੰਘ ਨਿਰਲੇਪ)*

ਇਸ ਅਲੌਕਿਕ ਸਮਾਗਮ ਨੂੰ ਜਿਤਨੇ ਮਰਜ਼ੀ ਅੱਖਰ ਦੇ ਦਿੱਤੇ ਜਾਣ ਫਿਰ ਵੀ ਥੋੜ੍ਹੇ ਰਹਿ ਜਾਣਗੇ। ਬਸ ਉਹ ਤਾਂ ;

**ਕਹਿਬੇ ਕਉ ਸੋਭਾ ਨਹੀਂ ਦੇਖਾ ਹੀ ਪਰਵਾਨੁ॥**

*(ਸਲੋਕ ਕਬੀਰ, ਪੰਨਾ-੧੩੭੦)*

## ਪੂਰਬ ਦੀ ਯਾਤਰਾ

ਦੀਵਾਲੀ ਦੇ ਮਹਾਨ ਸਮਾਗਮ ਦੀ ਸੰਪੂਰਨਤਾ ਤੋਂ ਬਾਅਦ ਆਮ ਸੰਗਤਾਂ ਨੂੰ ਦਿੱਤੀਆਂ ਤਰੀਕਾਂ ਅਨੁਸਾਰ ਯਾਤਰਾ ਆਰੰਭ ਕੀਤੀ ਗਈ। ਹਰਿਆਣਾ, ਪੰਜਾਬ ਦੇ ਪਿੰਡਾਂ ਸ਼ਹਿਰਾਂ ਵਿੱਚ ਇੱਕ ਮਹੀਨਾ ਧਰਮ ਪ੍ਰਚਾਰ ਕਰਕੇ ਚੌਦਾਂ ਦਸੰਬਰ 1993 ਨੂੰ ਸੰਤ ਜੋਧ ਸਿੰਘ ਜੀਆਂ ਨੂੰ ਨਾਲ ਲੈ ਕੇ ਪੂਰਬ ਦੀ ਯਾਤਰਾ ਲਈ ਚਾਲੇ ਪਾਏ। ਗੱਡੀਆਂ ਦੀ ਸੇਵਾ ਸ੍ਰੀ ਉਜਾਗਰ ਸਿੰਘ ਸੂਰੀ ਨੇ ਲਈ ਹੋਈ ਸੀ, ਇਸ ਲਈ ਦੋ ਕਾਰਾਂ ਵਿੱਚ ਸਵਾਰ ਹੋ ਕੇ ਸ਼ਾਮ ਨੂੰ ਨੈਨੀਤਾਲ ਜਿਲ੍ਹੇ ਵਿੱਚ ਡੇਰਾ ਤਪੋਬਨ ਬੈਲਪੜਾਉ ਪਹੁੰਚੇ। ਦੂਸਰੇ ਦਿਨ ਪੰਦਰਾਂ ਤਾਰੀਖ ਨੂੰ ਪੋਹ ਦੀ ਸੰਗਰਾਂਦ ਦੇ ਪਵਿੱਤਰ ਦਿਹਾੜੇ ਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਮਹੰਤ ਪੂਰਨਹਰੀ ਜੀ ਦੇ ਪ੍ਰੇਮਵਸ ਅੱਜ ਦੀ ਰਾਤ ਵੀ ਇੱਥੇ ਹੀ ਠਹਿਰੇ। ਸੋਲਾਂ ਦਸੰਬਰ ਵਾਲੇ ਦਿਨ ਮਹੰਤ ਭਗਤ ਸਿੰਘ ਜੀ ਨੂੰ ਦਿੱਤੀ ਤਾਰੀਖ ਅਨੁਸਾਰ ਸ਼ਾਮ ਨੂੰ ਮੁਰਾਦਾਬਾਦ ਪਹੁੰਚ ਗਏ। ਸਤਾਰਾਂ ਤਾਰੀਖ ਵਾਲੇ ਦਿਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ ਸ਼ੁਰੂ ਹੋਇਆ ਤਾਂ ਪਰਿਵਾਰ ਨੇ ਅਰਜ਼ ਕੀਤੀ, ਮਹਾਰਾਜ ਐਹ ਦੇਖੋ! ਜੋ ਕਾਰਡ ਅਸੀਂ ਇਸ ਸਮਾਗਮ ਲਈ ਛਪਵਾਏ ਹਨ, ਇਨ੍ਹਾਂ ਉਪਰ ਆਪ ਜੀ ਦਾ ਪਵਿੱਤਰ ਨਾਮ ਦਿੱਤਾ ਹੈ, ਕਿ ਭੋਗ ਅਤੇ ਕੀਰਤਨ ਤੋਂ ਬਾਅਦ ਸ੍ਰੀਮਾਨ ੧੦੮ ਮਹੰਤ ਰਾਮ ਸਿੰਘ ਜੀ ਮਹਾਰਾਜ ਗੁਰਸ਼ਬਦ ਦੀ ਕਥਾ ਕਰਨਗੇ। ਇਹ ਸੁਣ ਕੇ ਕਾਫੀ ਪੜ੍ਹੇ-ਲਿਖੇ ਵਰਗ ਦੇ ਸਿਆਣੇ ਪੁਰਸ਼ ਵੀ ਪਹੁੰਚੇ ਹਨ, ਆਪ ਜੀ ਦੇ ਪਵਿੱਤਰ ਮੁੱਖ ਤੋਂ ਕਥਾ ਸ੍ਰਵਣ ਕਰਨ ਲਈ। ਇਸ ਲਈ ਆਪ ਕਥਾ ਦੀ ਕ੍ਰਿਪਾਲਤਾ ਕਰੋ ਤਾਂ ਕਿ ਆਸ ਨਾਲ ਪਹੁੰਚੀਆਂ ਸਭ ਸੰਗਤਾਂ ਲਾਭ ਉਠਾਉਣ! ਆਪ ਮੁਸਕਰਾ ਕੇ ਬੋਲੇ, ਕਾਰਡ ਤੁਸੀਂ ਆਪਣੀ ਮਰਜ਼ੀ ਨਾਲ ਛਪਵਾਏ ਹਨ, ਜੋ ਮਰਜ਼ੀ ਲਿਖ ਲਉ ਸਾਨੂੰ ਕੀ ਇਤਰਾਜ਼? ਗੁਰਵਿੰਦਰ ਸਿੰਘ ਫਿਰ ਅਰਜ਼ ਕਰੀ ਜਾ ਰਿਹਾ ਹੈ, ਲੇਕਿਨ ਆਪ ਜਵਾਬ ਕੋਈ ਨਹੀਂ ਦੇ ਰਹੇ, ਮੁਸਕਰਾਈ ਜਾ ਰਹੇ ਹਨ। ਆਪ ਦੀ ਮਿੱਠੀ-ਮਿੱਠੀ ਮੁਸਕਾਨ ਤੋਂ ਹੀ ਗੁਰਵਿੰਦਰ ਸਿੰਘ ਨੇ ਨਾਂਹ ਦਾ ਜਵਾਬ ਸਮਝ ਕੇ ਕੀਰਤਨ ਸਮਾਪਤੀ ਉਪਰੰਤ ਅਰਦਾਸ ਕਰਵਾ ਕੇ ਸਮਾਗਮ ਦੀ ਸਮਾਪਤੀ ਕਰਵਾ ਦਿੱਤੀ। ਉਪਰੰਤ ਗੁਰੂ ਕੇ ਅਤੁੱਟ ਲੰਗਰ ਵਰਤਾਏ ਗਏ, ਜਿਸ ਵਿੱਚ ਆਈਆਂ ਸੰਗਤਾਂ ਅਤੇ ਹੋਰ ਅਨੇਕਾਂ ਗਰੀਬਾਂ ਨੇ ਪ੍ਰਸ਼ਾਦ ਛਕਿਆ। ਇੱਧਰ ਸਾਰੇ ਪਰਿਵਾਰ ਨੇ ਮਹਾਂਪੁਰਸ਼ਾਂ ਦੀ ਅਤੇ ਨਾਲ ਆਈ ਸੰਗਤ ਦੀ ਅਣਥੱਕ ਸੇਵਾ ਕੀਤੀ। ਅੱਜ ਦੀ ਰਾਤ ਫਿਰ ਇੱਥੇ

ਹੀ ਠਹਿਰੇ, ਕਿਉਂਕਿ ਅੱਗੇ ਲਖਨਊ ਬਨਾਰਸ ਵੱਲ ਜਾਣ ਲਈ ਗੱਡੀ ਦਾ ਸਮਾਂ ਸਵੇਰੇ ਪੰਜ ਵਜੇ ਦਾ ਸੀ। ਸਵੇਰੇ ਪੰਜ ਵਜੇ ਆਪ ਜੀ, ਸੰਤ ਜੋਧ ਸਿੰਘ ਜੀ, ਡਾ: ਆਹਲੂਵਾਲੀਆ, ਉਜਾਗਰ ਸਿੰਘ ਸੂਰੀ ਅਤੇ ਇੱਕ ਹੋਰ ਸੇਵਾਦਾਰ ਨੂੰ ਨਾਲ ਲੈ ਕੇ ਰੇਲ ਰਾਹੀਂ ਲਖਨਊ ਨੂੰ ਚੱਲ ਪਏ, ਅਤੇ ਕਾਰਾਂ ਇੱਥੋਂ ਹੀ ਰਿਸ਼ੀਕੇਸ਼ ਨੂੰ ਵਾਪਸ ਕਰ ਦਿੱਤੀਆਂ। ਲਖਨਊ ਸਟੇਸ਼ਨ ਤੇ ਗੱਡੀ ਰਾਤ ਦੇ ਸਮੇਂ ਪਹੁੰਚੀ, ਅੱਗੇ ਸੁਭਾਸ਼ ਚਾਵਲਾ ਜੀ ਕਾਰਾਂ ਲੈ ਕੇ ਪਹੁੰਚੇ ਹੋਏ ਸਨ। ਕਾਰਾਂ ਵਿੱਚ ਸਵਾਰ ਹੋ ਕੇ ਸੁਭਾਸ਼ ਜੀ ਦੇ ਘਰ ਪਹੁੰਚ ਗਏ। ਮਹਾਂਪੁਰਸ਼ਾਂ ਦੀ ਦਿੱਤੀ ਤਾਰੀਖ ਅਨੁਸਾਰ ਇਸ ਪ੍ਰੇਮੀ ਦੇ ਘਰ ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰਵਾਹ ਚੱਲ ਰਿਹਾ ਸੀ, ਜਿਸ ਦੇ ਦੂਸਰੇ ਦਿਨ ਭੋਗ ਪਾਏ ਗਏ। ਇੱਥੇ ਹੀ ਸ੍ਰ: ਰਣਬੀਰ ਸਿੰਘ ਢਿੱਲੋਂ ਕੁੜ ਵਾਲਿਆਂ ਦੇ ਭੈਣ, ਭਣਵੱਈਆ ਅਤੇ ਬੱਚੇ ਕਾਨਪੁਰ ਤੋਂ ਦਰਸ਼ਨ ਕਰਨ ਲਈ ਆਏ। ਲਾਲਾ ਭਗਵਾਨ ਦਾਸ ਚਾਵਲਾ ਦਾ ਸਾਰਾ ਪਰਿਵਾਰ ਸੁਭਾਸ਼ ਚਾਵਲਾ, ਮਦਨ ਲਾਲਾ ਚਾਵਲਾ, ਡਾ: ਅਬਿਨਾਸ਼ ਚਾਵਲਾ, ਅਜੇ ਚਾਵਲਾ ਅਤੇ ਓਮ ਪ੍ਰਕਾਸ਼ ਚਾਵਲਾ ਆਦਿਕ ਭਰਾਵਾਂ ਨੇ ਬੜੇ ਪ੍ਰੇਮ ਨਾਲ ਬੇਨਤੀ ਕਰਕੇ ਆਪੋ ਆਪਣੇ ਘਰਾਂ ਵਿੱਚ ਚਰਨ ਪਵਾਏ ਅਤੇ ਬੜੀ ਭਾਵਨਾ ਨਾਲ ਸੇਵਾ ਕੀਤੀ। ਇਨ੍ਹਾਂ ਚਾਵਲਾ ਪਰਿਵਾਰਾਂ ਦੇ ਪ੍ਰੇਮ ਵਸ ਦੋ ਦਿਨ ਲਖਨਊ ਠਹਿਰ ਕੇ ਰੇਲ ਰਾਹੀਂ ਅੱਗੇ ਬਨਾਰਸ ਨੂੰ ਚਾਲੇ ਪਾਏ। ਸੰਤ ਭਗਤ ਸਿੰਘ ਜੀ ਅੱਗੋਂ ਬਨਾਰਸ ਸਟੇਸ਼ਨ ਤੇ ਪਹੁੰਚੇ ਹੋਏ ਸਨ। ਉਥੋਂ ਕਾਰ ਰਾਹੀਂ ਆਪਣੇ ਆਸ਼ਰਮ ਕਰਣ ਘੰਟਾ ਗਿਆਨ ਗੁੱਫਾ ਪਹੁੰਚ ਗਏ। ਲੰਗਰ ਪਾਣੀ ਛਕਣ ਉਪਰੰਤ ਰਾਤ ਨੂੰ ਵਿਸ਼ਰਾਮ ਕੀਤਾ। ਉਸੇ ਦਿਨ ਸੰਤ ਮਹੇਸ਼ ਚੰਦਰ (ਪੰਡਿਤ) ਜੀ ਰਾਤ ਦੀ ਗੱਡੀ ਪਹੁੰਚ ਗਏ। ਦੂਸਰੇ ਦਿਨ ਕਾਸ਼ੀ ਸ਼ਹਿਰ ਦੇ ਇਤਿਹਾਸਕ ਅਸਥਾਨ ਜਿਵੇਂ ਗੁਰਦੁਵਾਰਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਗੁਰਦੁਵਾਰਾ ਸ੍ਰੀ ਗੁਰੂ ਨਾਨਕ ਦੇਵ ਮਹਾਰਾਜੀ ਜੀ, ਕਬੀਰ ਸਾਹਿਬ ਜੀ ਦਾ ਅਸਥਾਨ ਕਬੀਰ ਚੌਰਾ, ਗੰਗਾ ਤਟ, ਪੁਰਾਤਨ ਸ਼ਿਵ ਮੰਦਰ, ਮਹਾਤਮਾ ਬੁੱਧ ਦਾ ਅਸਥਾਨ ਸਾਰ ਨਾਥੁ, ਨਿਰਮਲ ਪੰਚਾਇਤੀ ਅਖਾੜਾ ਅਤੇ ਗੁਰੂ ਘਰ ਦਾ ਇਤਿਹਾਸਕ ਅਸਥਾਨ ਚੇਤਨਮਠ ਦੇ ਦਰਸ਼ਨ ਕੀਤੇ ਅਤੇ ਸਾਧੂ ਮਹਾਤਮਾ ਨੂੰ ਮਿਲ ਕੇ ਭੰਡਾਰੇ ਲਈ ਨਿਮੰਤਰਣ ਦਿੱਤੇ। ਸੂਰੀ ਸਾਹਿਬ ਦੇ ਸੰਤ ਭਰਤ ਸਿੰਘ ਜੀ ਨੇ ਭੰਡਾਰੇ ਦੀ ਹਰ ਪ੍ਰਕਾਰ ਨਾਲ ਤਿਆਰੀ ਕਰ ਲਈ। ਤੀਸਰੇ ਦਿਨ ਸ੍ਰੀਮਾਨ ਸੰਤ ਰਘੁਬੀਰ ਸਿੰਘ ਜੀ ਸ਼ਾਸ਼ਤਰੀ ਸੰਚਾਲਕ ਨਿਰਮਲ ਸੰਸਕ੍ਰਿਤ ਵਿਦਿਆਲਾ, ਮਹੰਤ ਇੰਦਰਜੀਤ ਸਿੰਘ ਜੀ ਚੇਤਨਮਠ ਅਤੇ ਹੋਰ ਕਈ ਸੰਤ ਮਹਾਤਮਾ ਆਪ ਜੀਆਂ ਦੇ ਅਸਥਾਨ ਗਿਆਨ ਗੁਫਾ ਪਧਾਰੇ। ਗੁਰੂ ਨਾਨਕ ਦੇਵ ਮਹਾਰਾਜ ਜੀਆਂ ਦੀ ਅਪਾਰ ਬਖਸ਼ਿਸ਼ ਦਾ ਸਦਕਾ ਭੰਡਾਰੇ ਵਿੱਚ ਅਨੇਕਾਂ ਪ੍ਰਕਾਰ ਦੇ ਪਦਾਰਥਾਂ ਰਾਹੀਂ ਆਈਆਂ ਸੰਗਤਾਂ ਅਤੇ ਸਾਧੂ ਮਹਾਤਮਾਵਾਂ ਦੀ ਭਰਵੀਂ ਸੇਵਾ ਕੀਤੀ ਗਈ। ਨਵੇਂ ਸਾਲ ਦਾ ਜੋੜ ਮੇਲਾ ਹੁਣ ਨਜ਼ਦੀਕ ਆ ਚੁੱਕਿਆ ਸੀ, ਇਸ ਲਈ ਸੰਤ ਭਰਤ ਸਿੰਘ ਜੀ ਨੇ ਹੁਕਮ ਅਨੁਸਾਰ ਵਾਪਸੀ ਟਿਕਟਾਂ ਪਹਿਲਾਂ ਹੀ ਬੁੱਕ ਕਰਵਾਈਆਂ ਹੋਈਆਂ ਹਨ। ਇਸ ਲਈ ਸੰਤ ਭਰਤ ਸਿੰਘ ਜੀ ਨੇ ਜੋੜ ਮੇਲੇ ਦੇ ਦਰਸ਼ਨ ਕਰਨ ਰਿਸ਼ੀਕੇਸ਼ ਆਉਣਾ ਸੀ ਅਤੇ ਸੰਤ ਮਹੇਸ਼ ਚੰਦਰ (ਪੰਡਿਤ) ਜੀ ਇਤਿਆਦਿਕ ਸੰਤ ਮੰਡਲੀ, ਉਜਾਗਰ ਸਿੰਘ ਸੂਰੀ, ਡਾ: ਆਹਲੂਵਾਲੀਆਂ ਅਤੇ ਸੇਵਾਦਾਰ ਨੂੰ ਲੈ ਕੇ ਤੇਈ ਦਸੰਬਰ ਵਾਲੇ ਦਿਨ ਪੂਰਬ ਦੀ ਯਾਤਰਾ ਸੰਪੂਰਨ ਕਰਕੇ ਰੇਲ ਰਾਹੀਂ ਵਾਪਸ ਰਿਸ਼ੀਕੇਸ਼ ਨੂੰ ਚਾਲੇ ਪਾਏ। ਪੰਝੀ ਦਸੰਬਰ ਨੂੰ ਸਵੇਰੇ ਰਿਸ਼ੀਕੇਸ਼ ਪਹੁੰਚ ਗਏ।

## ਬੰਬਈ ਆਸ਼ਰਮ ਦੀ ਸਿਰਜਣਾ

ਜ਼ਿਕਰ 1993, ਪੰਜ ਅਕਤੂਬਰ ਦਾ ਹੈ, ਜਦੋਂ ਪੂਜਯ ਸ੍ਰੀਮਾਨ ੧੦੮ ਮਹੰਤ ਸੰਤ ਬਾਬਾ ਰਾਮ ਸਿੰਘ ਜੀ ਮਹਾਰਾਜ ਅਗਸਤ-ਸਤੰਬਰ ਦੀ ਧਰਮ ਪ੍ਰਚਾਰ ਯਾਤਰਾ ਸੰਪੂਰਨ ਕਰਕੇ ਰਿਸ਼ੀਕੇਸ਼ ਪਧਾਰੇ। ਸਭ ਸੰਗਤਾਂ ਨੂੰ ਮਿਲਣ ਤੋਂ ਬਾਅਦ ਆਪਣੀ ਗੱਦੀ ਤੇ ਸੁਸ਼ੋਭਿਤ ਹਨ, ਤਾਂ ਇੱਕ ਪ੍ਰੇਮੀ ਨੇ ਆ ਚਰਨਾਂ ਤੇ ਨਮਸ਼ਕਾਰ ਕੀਤੀ। ਅਰਸ਼ੀ ਪ੍ਰੀਤਮ ਮੁਸਕਰਾਉਂਦੇ ਹੋਏ, ਪ੍ਰੇਮੀ ਨੂੰ ਪੁੱਛ ਰਹੇ ਹਨ, ਅੱਜ ਕੱਲ੍ਹ ਕਿੰਨੇ ਕੁ ਵਿਦਿਆਰਥੀ ਪੜ੍ਹਦੇ ਹਨ ਤੁਹਾਡੇ ਕੋਲ?

ਅਰਜ਼ ਕੀਤੀ, ਮਹਾਰਾਜ ਇਤਨੇ ਕੁ ਹਨ! ਮਹਾਂਪੁਰਸ਼ ਬੋਲੇ, ਹੁਣ ਬਰਸੀਆਂ ਦਾ ਸਮਾਂ ਨੇੜੇ ਆ ਗਿਆ, ਇਸ ਲਈ ਪੜ੍ਹਾਈ ਦਾ ਕੰਮ ਫਿਰ ਰੁਕੇਗਾ! ਪ੍ਰੇਮੀ ਨੇ ਅਰਜ਼ ਕੀਤੀ, ਮਹਾਰਾਜ ਬਰਸੀਆਂ ਤੋਂ ਬਾਅਦ ਫਿਰ ਕਰਨਾਲ ਦੀਵਾਲੀ ਵਾਲਾ ਸਮਾਗਮ ਆਉਣ ਵਾਲਾ ਹੈ ਇਸ ਲਈ ਫਿਰ ਵੀ ਕੰਮ ਰੁਕੇਗਾ! ਅਰਸ਼ੀ ਹੁਕਮ ਹੋਇਆ, ਦੀਵਾਲੀ ਤੋਂ ਬਾਅਦ ਤੁਸੀਂ ਨਹੀਂ ਰਹਿਣਾ! ਦੀਵਾਲੀ ਤੋਂ ਬਾਅਦ ਤੁਸੀਂ ਸਾਫ ਹੋ ਜਾਣਾ ਹੈ!! ਯਾਨੀ ਅਸਥਾਨ ਬਦਲ ਜਾਣਾ ਹੈ!!! ਸੰਗਤ ਏਹੀ ਤੇ ਹੋਰ!!!!

1994 ਦਾ ਨਵੇਂ ਸਾਲ ਦਾ ਜੋੜਮੇਲਾ ਬਹੁਤ ਧੂਮ-ਧਾਮ ਨਾਲ ਮਨਾਇਆ ਗਿਆ, ਜੋੜਮੇਲਾ ਮਨਾਉਣ ਆਈਆਂ ਸਭ ਸੰਗਤਾਂ ਮਹਾਂਪੁਰਸ਼ਾਂ ਤੋਂ ਖੁਸ਼ੀਆਂ ਰੂਪੀ ਪ੍ਰਸ਼ਾਦ ਲੈ ਕੇ ਘਰਾਂ ਨੂੰ ਵਾਪਸ ਚਲੀਆਂ ਗਈਆਂ, ਆਪ ਜੀ ਨੇ ਵੀ ਬੰਬਈ ਸੰਗਤ ਦੀ ਬੇਨਤੀ ਪ੍ਰਵਾਨ ਕਰਕੇ ਜਨਵਰੀ 1994 ਦੇ ਪਹਿਲੇ ਹਫਤੇ ਬੰਬੇ ਜਾਣ ਦਾ ਪ੍ਰੋਗਰਾਮ ਬਣਾ ਲਿਆ। ਰਿਸ਼ੀਕੇਸ਼ ਤੋਂ ਦਿੱਲੀ ਲੈ ਕੇ ਜਾਣ ਅਤੇ ਅੱਗੇ ਜਹਾਜ਼ ਦੀ ਟਿਕਟਾਂ ਵਗੈਰਾ ਦੀ ਪੂਰੀ ਸੇਵਾ ਸ੍ਰੀ ਅਮਰੀਕ ਚੰਦ ਚਾਵਲਾ ਜੀ ਨੇ ਲਈ ਹੋਈ ਸੀ। ਇਸ ਲਈ ਤਿੰਨ ਜਨਵਰੀ ਨੂੰ ਚਾਵਲਾ ਜੀ ਦਾ ਪਰਿਵਾਰ ਆਪਣੀ ਕਾਰ ਰਾਹੀਂ ਹਜ਼ੂਰ ਨੂੰ ਦਿੱਲੀ ਲੈ ਗਿਆ। ਰਾਤ ਚਾਵਲਾ ਜੀ ਦੀ ਕੋਠੀ ਠਹਿਰ ਕੇ ਦਿੱਲੀ ਨਿਵਾਸੀ ਸੰਗਤ ਨੂੰ ਦਰਸ਼ਨ ਪਰਸ਼ਨ ਬਖਸ਼ਿਸ਼ ਕੀਤੇ। ਦੂਸਰੇ ਦਿਨ ਸ਼ਾਮ ਪੰਜ ਵਜੇ ਦੀ ਫਲਾਈਟ ਸੀ, ਇਸ ਲਈ ਪੂਰਾ ਦਿਨ ਸੰਗਤਾਂ, ਦਰਸ਼ਨ ਸਤਿਸੰਗ ਕਰਦੀਆਂ ਰਹੀਆਂ। ਸ਼ਾਮ ਤੱਕ ਕਰਨਾਲ ਦੀਆਂ ਸੰਗਤਾਂ ਵੀ ਕਾਫੀ ਗਿਣਤੀ ਵਿੱਚ ਪਹੁੰਚ ਗਈਆਂ। ਇਸ ਪ੍ਰਕਾਰ ਏਅਰਪੋਰਟ ਤੇ ਦਿੱਲੀ ਕਰਨਾਲ ਦੀਆਂ ਸੈਂਕੜੇ ਸੰਗਤਾਂ ਇਕੱਠੀਆਂ ਹੋ ਗਈਆਂ। ਹੁਣ ਫਲਾਈਟ (flight) ਦਾ ਸਮਾਂ ਵੀ ਹੋ ਆਇਆ। ਇਉਂ ਪਿਆਰੀਆਂ ਸੰਗਤਾਂ ਨੂੰ ਆਪਣੀ ਦਿੱਬਯ ਮੁਸਕਾਨ ਦੁਆਰਾ ਪ੍ਰੇਮ ਦਾ ਪ੍ਰਸ਼ਾਦ ਵਰਤਾ ਕੇ 4-1-94 ਨੂੰ ਪੰਜ ਵਜੇ ਦੀ ਫਲਾਈਟ ਤੇ ਸਵਾਰ ਹੋ ਕੇ ਦੋ ਘੰਟੇ ਵਿੱਚ ਸ਼ਾਮ ਦੇ ਸੱਤ ਵਜੇ ਬੰਬਈ ਜਾ ਉਤਰੇ। ਅੱਗੇ ਏਅਰਪੋਰਟ ਤੇ ਬੰਬਈ ਨਿਵਾਸੀ ਕਾਫੀ ਸੰਗਤਾਂ ਪਹੁੰਚੀਆਂ ਹੋਈਆਂ ਸਨ, ਸਭ ਨੂੰ ਆਪਣਾ ਆਪ ਜਾਣ ਕੇ ਬਹੁਤ ਪਿਆਰ ਨਾਲ ਮਿਲੇ। ਸੰਗਤਾਂ ਨੇ ਵੀ ਆਪਣੀ ਸ਼ਰਧਾ ਭਾਵਨਾਂ ਨਾਲ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਅਸੀਮ ਸ਼ਰਧਾ ਦਾ ਪ੍ਰਗਟਾਵਾ ਕੀਤਾ। ਸਭ ਸੰਗਤਾਂ ਨੂੰ ਖੇਮਕੁਸ਼ਲ ਪੁੱਛਣ ਉਪਰੰਤ ਜਪੁਜੀ ਸਾਹਿਬ ਜੀ ਦੀਆਂ ਪੰਜ ਪੌੜੀਆਂ ਦਾ ਪਾਠ ਕਰਵਾਇਆ, ਉਪਰੰਤ ਪ੍ਰਸ਼ਾਦ ਵਰਤਾ ਕੇ ਸ੍ਰੀ ਅਮਰੀਕ ਚੰਦ ਚਾਵਲਾ ਦੀ ਕਾਰ ਵਿੱਚ ਸਵਾਰ ਹੋ ਉਨ੍ਹਾਂ ਦੇ ਨਿਵਾਸ ਅਸਥਾਨ ਸਤ ਬੰਗਲਾ ਜਾ ਬਿਰਾਜਮਾਨ ਹੋਏ। ਸਵੇਰੇ ਸ਼ਾਮ ਸੰਗਤਾਂ ਸਤਿਸੰਗ ਵਿੱਚ ਜੁੜਕੇ ਲੱਗੀਆਂ ਮਨੁੱਖ ਜਨਮ ਦਾ ਲਾਭ ਉਠਾਉਣ। ਕਈ ਪ੍ਰੇਮੀ ਗੁਰੂ ਰਾਮਦਾਸ ਮਹਾਰਾਜ ਜੀ ਦਾ ਇਸ਼ਾਰਾ ਸਮਝ ਕੇ—

> **ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ ਹਰਿ ਹਰਿ ਕਥਾ ਸੁਣਾਵੈ ॥**
> **ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ ਸਤਿ ਕਰਿ ਮੁਖਿ ਸੰਚਹੁ ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ ॥**

*(ਮਲਾਰ ਮ: ੪, ਪੰਨਾ-੧੨੬੪)*

ਐਸਾ ਪਰਮ ਪੁੰਨ ਪ੍ਰਾਪਤ ਕਰਨ ਲਈ ਬੇਨਤੀ ਕਰ-ਕਰ ਕੇ ਆਪਣੀ ਘਰੀਂ ਲੈ ਕੇ ਜਾਂਦੇ ਹਨ। ਆਪ ਜੀ ਦੇ ਪਵਿੱਤਰ ਚਰਨ ਪਰਸ ਕੇ ਬੜੇ ਪ੍ਰੇਮ ਨਾਲ ਲੰਗਰ ਪਾਣੀ ਆਦਿਕ ਦੀ ਸੇਵਾ ਕਰਕੇ ਖੁਸ਼ੀਆਂ ਪ੍ਰਾਪਤ ਕਰਦੇ ਹਨ। ਇਉਂ ਸਿੰਧੀ, ਪੰਜਾਬੀ ਸੰਗਤਾਂ ਹਰ ਰੋਜ਼ ਬੇਅੰਤ ਲਾਭ ਉਠਾ ਰਹੀਆਂ ਹਨ।

ਨਿਰਮਲ ਆਸ਼ਰਮ ਰਿਸ਼ੀਕੇਸ਼ ਦੇ ਸੰਸਥਾਪਕ ਪੂਜਯ ਸ੍ਰੀਮਾਨ ੧੦੮ ਮਹੰਤ ਬਾਬਾ ਬੁੱਢਾ ਸਿੰਘ ਜੀ ਦੇ ਸਮੇਂ ਇਨ੍ਹਾਂ ਸਿੰਧੀ ਸੇਵਕਾਂ ਨੇ ਬਾਬਾ ਜੀ ਤੋਂ ਆਗਿਆ ਪ੍ਰਾਪਤ ਕਰਕੇ ਹੈਦਰਾਬਾਦ ਸਿੰਧ ਵਿੱਚ ਨਿਰਮਲ ਆਸ਼ਰਮ ਰਿਸ਼ੀਕੇਸ਼ ਦੀ ਬ੍ਰਾਂਚ ਖੋਲ੍ਹੀ। ਉਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਸਵੇਰੇ ਸ਼ਾਮ ਸੰਗਤਾਂ ਨੇ ਜੁੜ ਕੇ ਕੀਰਤਨ ਸਤਿਸੰਗ ਰਾਹੀਂ ਮਨੁੱਖ ਜਨਮ ਦੀ ਸਫਲਤਾ ਦਾ ਲਾਭ ਉਠਾਉਣਾ ਸ਼ੁਰੂ ਕੀਤਾ, ਲੇਕਿਨ ਕੁਝ ਸਮੇਂ ਬਾਅਦ ਹੀ ਪਰਮੇਸ਼ਰ ਦਾ ਅਟੱਲ ਭਾਣਾ ਅਤੇ ਪ੍ਰਕਿਰਤੀ ਦੇ ਪ੍ਰਵਰਤਨਸ਼ੀਲ ਸੁਭਾਅ ਅਨੁਸਾਰ ਦੇਸ਼ ਦੀ ਵੰਡ ਹੋਣ ਨਾਲ ਹੋਰ ਲੱਖਾਂ ਦੁਖਿਆਰਿਆਂ ਦੀ ਤਰ੍ਹਾਂ ਇਹ ਸਿੰਧੀ ਪ੍ਰੇਮੀ ਵੀ ਆਪਣੇ ਘਰ ਘਾਟ, ਕਾਰੋਬਾਰ ਅਤੇ ਧਾਰਮਿਕ ਅਸਥਾਨ ਸਿੰਧ ਵਿੱਚ ਛੱਡ ਕੇ, ਇੱਧਰ ਬੰਬਈ ਆਦਿਕ ਥਾਵਾਂ ਤੇ ਆ ਵਸੇ। ਇਨ੍ਹਾਂ ਦੀ ਆਪਣੀ ਸਖ਼ਤ ਮਿਹਨਤ ਅਤੇ ਅਕਾਲ ਪੁਰਖ ਦੀ ਕ੍ਰਿਪਾ ਨਾਲ ਸਮਾਂ ਪਾ ਕੇ ਘਰ ਬਾਰ ਅਤੇ ਕਾਰੋਬਾਰ ਦੁਬਾਰਾ ਫਿਰ ਬਣ ਗਏ। ਜੀਵਨ ਸਿੰਧ ਦੀ ਤਰ੍ਹਾਂ ਹੀ ਹਰ ਪ੍ਰਕਾਰ ਨਾਲ ਫਿਰ ਸੁਖੀ ਹੋ ਗਏ, ਸਭ ਕੁਝ ਠੀਕ ਹੋ ਗਿਆ, ਲੇਕਿਨ ਨਿਰਮਲ ਆਸ਼ਰਮ ਦੀ ਬ੍ਰਾਂਚ, ਜੋ ਹੈਦਰਾਬਾਦ ਵਿੱਚ ਛੱਡ ਕੇ ਆਏ ਸਨ, ਉਸ ਦੀ ਅਣਹੋਂਦ ਅਜੇ ਵੀ ਮਨਾਂ ਵਿੱਚ ਖਟਕਦੀ ਰਹਿੰਦੀ ਸੀ। ਇਹ ਸਿੰਧੀ ਪ੍ਰੇਮੀ ਇਕੱਲੇ-ਇਕੱਲੇ ਤਾਂ ਭਾਵੇਂ ਸਾਰੇ ਸੋਚਦੇ ਰਹਿੰਦੇ ਸਨ, ਲੇਕਿਨ ਕਦੇ-ਕਦੇ ਇਕੱਠੇ ਹੋ ਕੇ ਵੀ ਵਿਚਾਰ ਕਰਦੇ ਰਹਿੰਦੇ ਕਿ ਹੈਦਰਾਬਾਦ ਦੀ ਤਰ੍ਹਾਂ ਇੱਥੇ ਵੀ ਮਹਾਂਪੁਰਸ਼ਾਂ ਦਾ ਕੋਈ ਆਪਣਾ ਅਸਥਾਨ ਹੋਵੇ, ਉਸ ਸਾਂਝੇ ਥਾਂ ਜੁੜ ਕੇ ਰੋਜ਼ ਕੀਰਤਨ ਸਤਿਸੰਗ ਦਾ ਲਾਭ ਪ੍ਰਾਪਤ ਹੁੰਦਾ ਰਹੇ, ਨਾਲੇ ਮਹਾਂਪੁਰਸ਼ਾਂ ਵੱਲੋਂ ਵੀ ਬੰਬਈ ਨਿਵਾਸੀ ਸੰਗਤਾਂ ਨੂੰ ਉਸ ਬਹਾਨੇ ਕੁਝ ਸਮਾਂ ਵੱਧ ਮਿਲ ਸਕਦਾ ਹੈ। ਇਸ

ਸ਼ੁਭ ਮਨੋਰਥ ਨਾਲ ਕਈ ਫਲੈਟ ਅਤੇ ਕਈ ਸਫੈਦ ਥਾਂ ਦੇਖੇ ਵੀ, ਲੇਕਿਨ ਕੋਈ ਪਸੰਦ ਨਾ ਆਇਆ ਜਾਂ ਇਉਂ ਸਮਝੋ ਉਸ ਪਵਿੱਤਰ ਕਾਰਜ ਦੇ ਪ੍ਰਤੱਖ ਪ੍ਰਗਟ ਹੋਣ ਦਾ ਅਜੇ ਸਮਾਂ ਸੰਜੋਗ ਨਹੀਂ ਸੀ ਬਣਿਆ, ਲੇਕਿਨ ਕੋਸ਼ਿਸ਼ ਫਿਰ ਵੀ ਜਾਰੀ ਰੱਖੀ, ਪਰੰਤੂ—

**ਕਬੀਰ ਕਾਰਨੁ ਬਪੁਰਾ ਕਿਆ ਕਰੈ ਜਉ ਰਾਮੁ ਨ ਕਰੈ ਸਹਾਇ॥**
**ਜਿਹ ਜਿਹ ਡਾਲੀ ਪਗੁ ਧਰਉ ਸੋਈ ਮੁਰਿ ਮੁਰਿ ਜਾਇ॥**

*(ਸਲੋਕ ਕਬੀਰ, ਪੰਨਾ-੧੩੬੯ )*

ਇਉਂ ਬੰਬਈ ਨਿਵਾਸੀ ਸੰਗਤਾਂ ਦੇ ਮਨਾਂ ਅੰਦਰ ਭਾਵੇਂ ਕਾਰਨ ਰੂਪ ਵਿੱਚ ਨਿਰਮਲ ਆਸ਼ਰਮ ਰਿਸ਼ੀਕੇਸ਼ ਦੀ ਬ੍ਰਾਂਚ ਦਾ ਬੀਜ ਤਾਂ ਮੌਜੂਦ ਸੀ, ਲੇਕਿਨ ਰਾਮ ਦੀ ਕ੍ਰਿਪਾ ਬਿਨਾਂ ਜਰਮੀਨੇਟ ਨਹੀਂ ਸੀ ਹੋ ਰਿਹਾ। ਹੁਣ ਕੁਝ ਇਉਂ ਪ੍ਰਤੀਤ ਦੇ ਰਿਹਾ ਹੈ, ਕਿ ਇਸ ਬੀਜ ਦੇ ਪੁੰਗਰਨ ਲਈ ਲੋੜੀਂਦੀ ਸਿੱਲ੍ਹ ਦੇਣ ਵਾਸਤੇ ਰਾਮ ਬੰਬਈ ਪਹੁੰਚਿਆ ਹੈ ਅਤੇ ਸਮਾਂ ਵੀ ਸ਼ਾਇਦ ਪੁਰਾਤਨ ਪਏ ਬੀਜ ਦੇ ਪੁੰਗਰਨ ਦਾ ਹੋ ਗਿਆ ਹੈ।

ਕਈ ਦਿਨਾਂ ਤੋਂ ਆਪ ਜੀ ਸ੍ਰੀ ਚਾਵਲਾ ਜੀ ਦੇ ਘਰ ਸੁਸ਼ੋਭਿਤ ਹਨ, ਸੰਗਤਾਂ ਪੂਰਾ ਦਿਨ ਦਰਸ਼ਨ ਪਰਸ਼ਨ ਕਰ ਰਹੀਆਂ ਹਨ, ਲੰਗਰ ਗੁਰੂ ਕੇ ਅਤੁੱਟ ਵਰਤਦੇ ਰਹਿੰਦੇ ਹਨ, ਸਵੇਰੇ ਸ਼ਾਮ ਹਰੀ ਜਸ, ਹਰੀ ਕੀਰਤਨ ਸਤਿਸੰਗ ਦੁਆਰਾ ਚੋਖੀ ਗਿਣਤੀ ਵਿੱਚ ਸੰਗਤਾਂ ਪਰਮਾਰਥਕ ਲਾਭ ਉਠਾ ਰਹੀਆਂ ਹਨ। ਮਾਨੋ ਬੈਕੁੰਠ ਵਰਗਾ ਅਨੰਦ ਬਣਿਆ ਹੋਇਆ ਹੈ। ਕਿਉਂਕਿ ਗੁਰੂ ਸਾਹਿਬ ਜੀ ਦਾ ਹੁਕਮ ਹੈ— **ਬੈਕੁੰਠ ਨਗਰ ਜਹਾ ਸੰਤ ਵਾਸਾ॥** ਐਸੇ ਬੈਕੁੰਠ ਨਗਰ ਵਿੱਚ ਨਾ ਕੋਈ ਸੰਸਾਰ ਦੀ ਗੱਲ ਹੁੰਦੀ ਹੈ, ਨਾ ਰਾਜਨੀਤੀ ਦਾ ਜ਼ਿਕਰ, ਬਸ ਕੇਵਲ ਸਤਿ ਦੀ ਵੀਚਾਰ, ਸਤਿ ਦੀ ਪ੍ਰਾਪਤੀ ਦੇ ਸਾਧਨਾਂ ਦਾ ਜ਼ਿਕਰ, ਐਸੇ ਦਿੱਬਯ ਸਤਿਸੰਗ ਦੀ ਬਾਬਤ ਹੀ ਤਾਂ ਇਸ਼ਾਰਾ ਹੈ—

**ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥**
**ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥**

*(ਸਿਰੀ ਰਾਗ: ਮ: ੧, ਪੰਨਾ-੭੨)*

ਸੰਸਾਰ ਦੇ ਹਰ ਇੱਕ ਜੀਵ ਨੂੰ ਐਸਾ ਜੋ ਦਰਗਾਹੀ ਹੁਕਮ ਹੈ ਨਾਮ ਦੇ ਜਾਪ ਸਿਮਰਨ ਦਾ ਉਸ ਤੋਂ ਇੱਕ ਪਲ ਲਈ ਵੀ ਇੱਧਰ ਉੱਧਰ ਨਹੀਂ ਹੁੰਦੇ। ਐਸੇ ੧ੳ ਵਾਦੀ ਸਤਿਸੰਗ ਵਿੱਚ ਸੰਗਤ ਦੀ ਭਰਵੀਂ ਹਾਜ਼ਰੀ ਨਾਲ ਜਗ੍ਹਾ ਦੀ ਤੰਗੀ ਭਾਵੇਂ ਰੋਜ ਮਹਿਸੂਸ ਕੀਤੀ ਜਾ ਰਹੀ ਹੈ, ਲੇਕਿਨ ਇਹ ਤੰਗੀ ਅੱਜ ਕਿਸੇ ਪੁਰਾਤਨ ਬੀਜ ਨੂੰ ਜਨਮ ਦੇਣ ਲੱਗੀ ਹੈ। ਚਾਵਲਾ ਜੀ ਆਦਿ ਪ੍ਰੇਮੀਆਂ ਨੇ ਸ੍ਰੀ ਕ੍ਰਿਸ਼ਨ ਮਲਕਾਨੀ ਜੋ ਹਜ਼ੂਰ ਦਾ ਪੁਰਾਤਨ ਸੇਵਕ ਹੈ ਅਤੇ ਪ੍ਰਾਪਰਟੀ ਡੀਲਰ ਦਾ ਕੰਮ ਕਰਦਾ ਹੈ ਨੂੰ ਕਿਹਾ, ਆਸ਼ਰਮ ਲਈ ਕੋਈ ਜਗ੍ਹਾ ਦੇਖੋ, ਸ੍ਰੀ ਮਲਕਾਨੀ ਨੇ ਸਤ ਬੰਗਲਾ ਵਾਸਵਾਨੀ ਰੋਡ ਤੇ ਇੱਕ ਜਗ੍ਹਾ ਦੱਸੀ, ਜੋ ਦੇਖ ਕੇ ਪ੍ਰੇਮੀਆਂ ਨੂੰ ਪਸੰਦ ਆ ਗਈ। ਕੈਸੀ ਹੈ ਉਹ ਜਗ੍ਹਾ? ਮੇਨ ਰੋਡ ਤੋਂ ਥੋੜ੍ਹਾ ਪਿੱਛੇ ਹੱਟ ਕੇ ਇੱਕ ਸੌ ਚਾਲੀ ਫਲੈਟਾਂ ਵਾਲੀ ਇੱਕ ਬਿਲਡਿੰਗ ਹੈ *ਪੁਸ਼ਪਾਂਜਲੀ*। ਉਸ ਵਿੱਚ ਗਰਾਊਂਡ ਫਲੋਰ ਤੇ ਦੋ ਜੁੜਵੇਂ ਫਲੈਟ ਹਨ, ਜਿਨ੍ਹਾਂ ਦੇ ਵਿਚਾਲ ਕੋਈ ਦੀਵਾਰ ਨਹੀਂ, ਮਾਨੋ ਇਹ ਦੋ ਫਲੈਟ ਨਹੀਂ ਹਨ ਬਲਕਿ ਇਕ ਹਾਲ ਹੈ। ਇਸ ਹਾਲ ਦੀ ਸਿਰਜਨਾ ਮਾਨੋਂ ਪ੍ਰਮੇਸ਼ਰ ਵੱਲੋਂ ਹੋਈ ਹੀ ਇਸ ਕਾਰਜ ਲਈ ਸੀ। ਕਿਉਂਕਿ ਇਸ ਵਾਸਵਾਨੀ ਰੋਡ ਤੇ ਅੱਠ ਬਿਲਡਿੰਗਾਂ ਹਨ। ਅੱਠਾਂ ਵਿੱਚ ਹੀ ਇਕ ਸੌ ਚਾਲੀ ਜਾਂ ਇੱਕ ਸੌ ਪੰਜਾਬ ਫਲੈਟ ਹਨ। ਇਨ੍ਹਾਂ ਅੱਠਾਂ ਬਿਲਡਿੰਗਾਂ ਵਿੱਚ ਹੀ ਐਸੇ ਜੁੜਵੇਂ ਦੋ ਫਲੈਟ ਦਾ ਬਗੈਰ ਦੀਵਾਰ ਤੋਂ ਖੁੱਲ੍ਹਾ ਹਾਲ ਨਹੀਂ। ਇਸ ਬਿਲਡਿੰਗ ਦੇ ਤਿਆਰ ਹੋਣ ਤੇ, ਜਦੋਂ ਇਸ ਬਿਲਡਿੰਗ ਦਾ ਉਦਘਾਟਨ ਸਮਾਰੋਹ ਹੋਇਆ, ਤਾਂ ਉਹ ਵੀ ਇਸ ਹਾਲ ਵਿੱਚ ਹੀ ਰਮਾਇਣ ਦਾ ਪਾਠ ਕਰਕੇ ਕੀਤਾ ਗਿਆ ਸੀ। ਇਉਂ ਇਹ ਜਗ੍ਹਾ ਸੰਗਤਾਂ ਨੂੰ ਦੇਖਦਿਆਂ ਹੀ ਪਸੰਦ ਆ ਗਈ ਅਤੇ ਨਾਲ ਹੀ ਦੋ ਕਮਰਿਆਂ ਦਾ ਇੱਕ ਰਿਹਾਇਸ਼ੀ ਫਲੈਟ ਜਿਸ ਵਿੱਚ ਰਸੋਈ, ਬਾਥਰੂਮ ਅਟੈਚ ਹਨ ਦੇਖ ਲਿਆ, ਤਾਂ ਕਿ ਹਜ਼ੂਰ ਖੁਦ ਜਾਂ ਆਸ਼ਰਮ ਦਾ ਕੋਈ ਸੇਵਾਦਾਰ ਦੀ ਰਿਹਾਇਸ਼, ਇਸ ਫਲੈਟ ਵਿੱਚ ਹੋ ਜਾਵੇ, ਅਤੇ ਲੰਗਰ ਆਦਿਕ ਬਣਾਉਣ ਦਾ ਪ੍ਰਬੰਧ ਦਰਬਾਰ ਹਾਲ ਤੋਂ ਬਾਹਰ ਇੱਧਰ ਚੱਲਦਾ ਰਹੇ। ਚਾਵਲਾ ਜੀ ਆਦਿਕ ਪ੍ਰੇਮੀਆਂ ਦੇ ਜਗ੍ਹਾ ਪਸੰਦ ਆ ਜਾਣ ਤੇ ਪੂਜਯ ਮਹਾਰਾਜ ਜੀਆਂ ਦੇ ਚਰਨਾਂ ਵਿੱਚ ਅਰਜ਼ ਕੀਤੀ, ਮਹਾਰਾਜ ਆਸ਼ਰਮ ਵਾਸਤੇ ਇੱਕ ਜਗ੍ਹਾ ਦੇਖੀ ਹੈ, ਆਪ ਕ੍ਰਿਪਾ ਕਰਕੇ ਦ੍ਰਿਸ਼ਟੀ ਮਾਰੋ। ਅਗਰ ਆਪ ਦੇ

ਪਸੰਦ ਹੋਵੇ ਤਾਂ ਮਾਲਕਾਂ ਨਾਲ ਅੱਗੇ ਗੱਲ ਚਲਾਈਏ? ਹਜ਼ੂਰ ਨੇ ਆਪਣੀ ਇਲਾਹੀ ਮੁਸਕਾਨ ਨਾਲ ਜੋ ਸ਼ਾਇਦ ਧੁਰੋਂ ਹੀ ਨਾਲ ਲੈ ਕੇ ਆਏ ਹਨ ਫੁਰਮਾਇਆ, ਜੋ ਹੋ ਰਿਹਾ ਹੈ ਵਾਹਵਾ! ਜੋ ਹੋਵੇਗਾ ਵਾਹਵਾ!! ਪ੍ਰੇਮੀਆਂ ਨੇ ਫਿਰ ਅਰਜ਼ ਕੀਤੀ, ਮਹਾਰਾਜ! ਸਾਡੀ ਜੀਵ ਦ੍ਰਿਸ਼ਟੀ ਹੈ ਬਹੁਤ ਛੋਟੀ, ਆਪ ਜੀਆਂ ਦੀ ਵਿਸ਼ਾਲ ਦ੍ਰਿਸ਼ਟੀ ਹੈ ਅਲੌਕਿਕ! ਇਸ ਲਈ ਮਿਹਰ ਕਰਕੇ ਇੱਕ ਵਾਰ ਜ਼ਰੂਰ ਚੱਲ ਕੇ ਦੇਖ ਲਉ! ਹਜ਼ੂਰ ਦੇ ਚਰਨਾਂ ਵਿੱਚ ਸਤਿਸੰਗ ਲਈ ਜਿਤਨੀ ਸੰਗਤ ਜੁੜੀ ਹੋਈ ਸੀ ਸਭ ਨੂੰ ਹੁਕਮ ਕਰ ਦਿੱਤਾ, ਚਲੋ ਭਾਈ ਚੱਲੀਏ ਬਾਬੇ ਨਾਨਕ ਦੇ ਆਸ਼ਰਮ ਲਈ ਮਕਾਨ ਦੇਖਣ। ਸਭ ਸੰਗਤਾਂ ਨੂੰ ਨਾਲ ਲੈ ਕੇ ਉਸ ਟਿਕਾਣੇ ਪਹੁੰਚ ਗਏ। ਬੰਬਈ ਦੇ ਹਿਸਾਬ ਨਾਲ ਉਹ ਹਾਲ ਅਤੇ ਆਲੇ-ਦੁਆਲੇ ਹੀ ਪ੍ਰਕਿਰਤੀ ਸਭ ਨੂੰ ਪਸੰਦ ਆ ਗਈ। ਹਜ਼ੂਰ ਨੇ ਹੁਕਮ ਕਰ ਦਿੱਤਾ, ਠੀਕ ਹੈ, ਮਾਨੋਂ ਪ੍ਰਵਾਨਗੀ ਦਾ ਇਸ਼ਾਰਾ ਕਰ ਦਿੱਤਾ। ਵੱਡੀ ਸਰਕਾਰ ਦੀ ਪ੍ਰਵਾਨਗੀ ਮਿਲ ਜਾਣ ਤੇ ਸ੍ਰੀ ਅਮਰੀਕ ਚੰਦ ਜੀ ਚਾਵਲਾ ਅਤੇ ਹੋਰ ਸੰਗਤਾਂ ਨੇ ਮਿਲ ਕੇ ਹਾਲ ਤੇ ਫਲੈਟ ਦੀ ਮਹਾਰਾਜ ਜੀ ਦੇ ਨਾਂ ਰਜਿਸਟਰੀ ਕਰਵਾ ਦਿੱਤੀ।

ਬੰਬਈ ਨਿਵਾਸੀ ਸੰਗਤਾਂ ਜਿਸ ਅਸਥਾਨ ਦੀ ਬੜੀ ਦੇਰ ਤੋਂ ਕਮੀ ਮਹਿਸੂਸ ਕਰ ਰਹੀਆਂ ਹਨ, ਉਹ ਅੱਜ ਪੂਰੀ ਹੋਈ ਦੇਖ ਕੇ ਬਹੁਤ ਪ੍ਰਸੰਨਤਾ ਅਨੁਭਵ ਕਰ ਰਹੀਆਂ ਹਨ। ਪੂਜਯ ਮਹਾਰਾਜ ਜੀਆਂ ਨੇ ਫੋਨ ਦੁਆਰਾ ਰਿਸ਼ੀਕੇਸ਼, ਸੰਤ ਜੋਧ ਸਿੰਘ ਜੀ ਅਤੇ ਸੰਤ ਛੋਟੂ ਬਾਬਾ ਜੀ ਨਾਲ ਸਲਾਹ ਕਰਕੇ ਉਸ ਆਸ਼ਰਮ ਦੇ ਉਦਘਾਟਨ ਸਮਾਰੋਹ ਲਈ ਪੰਝੀ ਤੋਂ ਸਤਾਈ ਫਰਵਰੀ 1994 ਈ: ਦੀ ਤਾਰੀਖ ਨੀਯਤ ਕਰ ਲਈ। ਹਰੀ ਕੀਰਤਨ, ਹਰੀ ਜਸ ਦੁਆਰਾ ਸਤਿਸੰਗ ਦਾ ਪ੍ਰਵਾਹ ਉਹੀ ਤਰੀਕੇ ਹਰ ਰੋਜ਼ ਚੱਲ ਰਿਹਾ ਹੈ ਅਤੇ ਨਾਲ-ਨਾਲ ਨਵੇਂ ਬਣ ਰਹੇ ਆਸ਼ਰਮ ਵਿੱਚ ਰੰਗ ਰੋਗਨ ਅਤੇ ਹੋਰ ਜੋ ਕੁਝ ਕਰਨਾ ਜ਼ਰੂਰੀ ਹੈ ਉਸਦਾ ਕਾਰਜ ਬੜੀ ਤੇਜ਼ੀ ਨਾਲ ਚੱਲੀ ਜਾ ਰਿਹਾ ਹੈ। ਇੱਧਰ ਸੰਤ ਜੋਧ ਸਿੰਘ ਜੀ ਅਤੇ ਸੰਤ ਛੋਟੂ ਬਾਬਾ ਜੀ ਨੇ ਉਦਘਾਟਨ ਸਮਾਰੋਹ ਦੇ ਕਾਰਡ ਛਪਵਾ ਕੇ ਪੰਜਾਬ, ਕਰਨਾਲ ਅਤੇ ਦਿੱਲੀ, ਬੰਬਈ ਆਦਿਕ ਥਾਵਾਂ ਤੇ ਸਭ ਸੰਗਤਾਂ ਨੂੰ ਭੇਜ ਦਿੱਤੇ। ਪੂਜਯ ਮਹਾਰਾਜ ਜੀ ਵੀ ਬੰਬਈ ਵਿੱਚ ਮਹੀਨਾ ਕੁ ਸਤਿਸੰਗ ਦਾ ਪ੍ਰਵਾਹ ਚਲਾ ਕੇ ਵਾਪਸ ਰਿਸ਼ੀਕੇਸ਼ ਆ ਗਏ। ਇੱਧਰ ਪੰਜਾਬ ਹਰਿਆਣੇ ਦੀਆਂ ਸੰਗਤਾਂ ਨੇ ਬੜੇ ਉਤਸ਼ਾਹ ਨਾਲ ਬੰਬਈ ਪਹੁੰਚਣ ਲਈ ਟਿਕਟਾਂ ਬੁੱਕ ਕਰਵਾ ਲਈਆਂ। ਹੁਣ ਨੀਯਤ ਸਮੇਂ ਤੇ ਸਮਾਗਮ ਵਿੱਚ ਸ਼ਾਮਲ ਹੋਣ ਲਈ ਤੇਈ ਫਰਵਰੀ ਸ਼ਾਮ ਤੱਕ ਪੰਜਾਬ, ਹਰਿਆਣਾ, ਦਿੱਲੀ ਆਦਿਕ ਥਾਵਾਂ ਤੋਂ ਸੈਂਕੜੇ ਸੰਗਤਾਂ ਬੰਬਈ ਪਹੁੰਚ ਗਈਆਂ। ਅੱਗੇ ਸੰਗਤਾਂ ਨੂੰ ਸਟੇਸ਼ਨ ਤੋਂ ਸੱਤ ਬੰਗਲਾ ਲੈ ਕੇ ਜਾਣ ਵਾਸਤੇ ਬੰਬਈ ਦੀਆਂ ਸੰਗਤਾਂ ਵੱਲੋਂ ਸ੍ਰੀ ਅਸ਼ੋਕ ਜੋਗੇਸ਼ੀਆ ਦੀ ਡਿਊਟੀ ਲੱਗੀ ਹੋਈ ਸੀ, ਉਸ ਪ੍ਰੇਮੀ ਨੇ ਬੜੇ ਪ੍ਰੇਮ ਨਾਲ ਬੱਸਾਂ, ਟੈਕਸੀਆਂ ਦੁਆਰਾ ਸੰਗਤਾਂ ਨੂੰ ਸੱਤ ਬੰਗਲਾ ਪਹੁੰਚਾਇਆ। ਪੂਜਯ ਮਹਾਰਾਜ ਜੀ ਵੀ ਸੰਤ ਜੋਧ ਸਿੰਘ ਜੀ ਅਤੇ ਸੰਤ ਗੁਰਿੰਦਰ ਸਿੰਘ (ਛੋਟੂ ਬਾਬਾ) ਜੀ ਨੂੰ ਨਾਲ ਲੈ ਕੇ ਤੇਈ ਤਾਰੀਖ ਸ਼ਾਮ ਨੂੰ ਬੰਬਈ ਪਹੁੰਚ ਗਏ। ਆਪ ਜੀ ਦਾ ਨਿਵਾਸ ਨਾਲ ਹੀ ਬਣੇ ਸ੍ਰੀ ਕਿਸ਼ਨ ਵਾਸਵਾਨੀ ਦੇ ਆਲੀਸ਼ਾਨ ਬੰਗਲੇ ਵਿੱਚ ਕੀਤਾ ਗਿਆ, ਅਤੇ ਬਾਹਰੋਂ ਪਹੁੰਚੀਆਂ ਸਭ ਸੰਗਤਾਂ ਦੇ ਰਹਿਣ ਲਈ ਪੁਸ਼ਪਾਂਜਲੀ ਬਿਲਡਿੰਗ ਵਿੱਚ ਲੋੜ ਅਨੁਸਾਰ ਫਲੈਟ ਖੋਲ੍ਹੇ ਗਏ। ਦੂਸਰੇ ਦਿਨ ਚੌਵੀਂ ਤਾਰੀਖ ਨੂੰ ਬਾਹਰੋਂ ਆਈਆਂ ਸੰਗਤਾਂ ਨੇ ਬੰਬਈ ਸ਼ਹਿਰ ਦੀਆਂ ਖਾਸ-ਖਾਸ ਥਾਵਾਂ ਅਤੇ ਸਮੁੰਦਰ ਆਦਿਕ ਦੇ ਦਰਸ਼ਨ ਕੀਤੇ। ਉੱਧਰ ਸੇਵਾਦਾਰਾਂ ਵੱਲੋਂ ਹਾਲ ਦੀ ਸਫ਼ਾਈ ਆਦਿਕ ਕਰਕੇ ਪੰਜ ਸ੍ਰੀ ਅਖੰਡ ਪਾਠ ਸਾਹਿਬ ਪਰਾਰੰਭ ਕਰਨ ਲਈ ਸ਼ਾਮ ਤੱਕ ਪੂਰੀ ਤਿਆਰੀ ਕਰ ਲਈ। ਇੱਧਰ ਪੂਜਯ ਮਹਾਰਾਜ ਜੀ ਵੀ ਚੌਵੀ ਤਾਰੀਖ ਵਾਲੇ ਦਿਨ ਆਪਣੀ ਸਾਧੂ ਮੰਡਲੀ ਅਤੇ ਇੱਕ ਸੇਵਾਦਾਰ ਸਮੇਤ ਸ੍ਰੀਮਤੀ ਪਿਰਮਲਾ ਸੰਗਤਾਨੀ ਦੀ ਬੇਨਤੀ ਪ੍ਰਵਾਨ ਕਰਕੇ ਉਸਦੇ ਸਵਰਗਵਾਸੀ ਪਤੀ ਸ੍ਰੀ ਇੰਦਰ ਸੰਗਤਾਨੀ ਦੀ ਸਾਲਾਨਾ ਯਾਦ ਨਮਿੱਤ ਪਾਠ ਸਾਹਿਬ ਦੇ ਭੋਗ ਵਿੱਚ ਸ਼ਾਮਲ ਹੋਣ ਲਈ ਉਨ੍ਹਾਂ ਦੇ ਨਿਵਾਸ ਸਥਾਨ ਚੰਬੂਰ ਪਹੁੰਚੇ। ਸੇਵਕਾਂ ਦਾ ਕਾਰਜ ਰਾਸ ਕਰਕੇ ਸ਼ਾਮ ਤੱਕ ਆਪ ਜੀ ਵੀ ਵਾਪਸ ਸੱਤਬੰਗਲਾ ਆ ਗਏ। ਪੰਝੀ ਫਰਵਰੀ 1994 ਵਾਲੇ ਸ਼ੁੱਭ ਦਿਨ ਦੇ ਨਵੇਂ ਆਬਾਦ ਹੋ ਰਹੇ ਆਸ਼ਰਮ ਦੇ ਉਦਘਾਟਨ ਸਮਾਰੋਹ ਨਮਿੱਤ ਸਵੇਰੇ ਦਸ ਵਜੇ ਪੰਜ ਸ੍ਰੀ ਅਖੰਡ ਪਾਠ ਸਾਹਿਬ ਪਰਾਰੰਭ ਕੀਤੇ ਗਏ। ਇਸ ਸਮੇਂ ਬੰਬਈ ਨਿਵਾਸੀ ਸਿੰਧੀ, ਪੰਜਾਬੀ ਅਤੇ ਹਰਿਆਣਾ, ਪੰਜਾਬ ਤੋਂ ਪਹੁੰਚੀਆਂ ਸੈਂਕੜੇ ਸੰਗਤਾਂ ਦਾ ਭਰਵਾਂ ਇਕੱਠ ਸੀ। ਬਿਲਡਿੰਗ ਦੇ ਗਰਾਊਂਡ ਵਿੱਚ ਸ਼ਾਮਿਆਨਾ ਲਾ ਕੇ ਗੁਰੂ ਕਾ ਲੰਗਰ ਅਤੁੱਟ ਚਾਲੂ ਕਰ ਦਿੱਤਾ ਗਿਆ। ਬਿਲਡਿੰਗ ਦੇ ਇੱਕ ਸੌ ਚਾਲੀ ਫਲੈਟਾਂ ਵਿੱਚ ਰਹਿਣ ਵਾਲੇ

ਹਰ ਵਰਗ ਦੇ ਲੋਕ ਜਿਵੇਂ ਸਿੰਧੀ, ਪੰਜਾਬੀ, ਹਿੰਦੂ, ਸਿੱਖ, ਮੁਸਲਿਮ, ਇਸਾਈ, ਪਾਰਸੀ ਅਤੇ ਹੋਰ ਜਿਤਨੇ ਵੀ ਮਤ-ਮਤਾਂਤਰਾਂ ਦੇ ਲੋਕ ਵਸਦੇ ਹਨ, ਸਭ ਨੂੰ ਘਰ ਜਾਂ ਬੇਨਤੀ ਕੀਤੀ ਗਈ, ਕਿ ਹੁਣ ਤਿੰਨ ਦਿਨ ਆਪ ਸਭ ਗੁਰੂ ਕੇ ਲੰਗਰ ਵਿੱਚ ਪ੍ਰਸ਼ਾਦਾ ਛਕੋ! ਸਵੇਰੇ ਰੋਜ਼ ਹਾਲ ਵਿੱਚ ਹੀ ਬੀਬੀ ਹਰਮਿੰਦਰ ਕੌਰ ਕਰਨਾਲ, ਮਾਤਾ ਮੋਹਣੀ ਬਾਈ ਮਨਸੁਖਾਨੀ ਬੰਬਈ ਅਤੇ ਹੋਰ ਸੰਗਤਾਂ ਮਿਲ ਕੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਕਰਦੀਆਂ, ਅਤੇ ਸ਼ਾਮ ਨੂੰ ਨਾਲ ਹੀ ਵਾਸਵਾਨੀ ਬੰਗਲੇ ਵਿੱਚ ਜਿੱਥੇ ਪੂਜਯ ਮਹਾਰਾਜ ਜੀ ਠਹਿਰੇ ਹੋਏ ਸਨ, ਬਾਹਰ ਪੰਡਾਲ ਲਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਉਸ ਦੀ ਤਾਬਿਆ ਦੀਵਾਨ ਸਜਦਾ। ਪਹਿਲਾਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਹੁੰਦੇ ਫਿਰ ਕੀਰਤਨ ਉਪਰੰਤ ਆਰਤੀ ਕਰਕੇ ਰਾਤ ਦੇ ਦਸ ਵਜੇ ਸਮਾਪਤੀ ਹੁੰਦੀ। ਇਸ ਪ੍ਰਕਾਰ ਤਿੰਨ ਦਿਨ ਇਸ ਇਲਾਕੇ ਵਿੱਚ ਸ਼ਾਇਦ ਪਹਿਲੀ ਵਾਰ ਗੁਰਬਾਣੀ ਅਤੇ ਗੁਰੂ ਕੇ ਲੰਗਰ ਦੇ ਅਤੁੱਟ ਪ੍ਰਵਾਹ ਚੱਲਦੇ ਰਹੇ। ਜਿਸ ਵਿੱਚ ਸੰਗਤਾਂ ਤੋਂ ਬਿਨਾਂ ਸੈਂਕੜੇ ਗਰੀਬ ਲੋੜਵੰਦ ਵੀ ਅਨੇਕਾਂ ਪ੍ਰਕਾਰ ਦੇ ਪਦਾਰਥ ਛਕ ਕੇ ਤ੍ਰਿਪਤੀ ਹਾਸਲ ਕਰਦੇ ਰਹੇ। ਤੀਜੇ ਦਿਨ ਯਾਨੀ ਸਤਾਈ ਫਰਵਰੀ 1994 ਵਾਲੇ ਦਿਨ ਸਵੇਰੇ ਪੰਜ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ, ਉਪਰੰਤ ਬੰਗਲੇ ਦੇ ਵਿਹੜੇ ਵਿੱਚ ਸਜੇ ਪੰਡਾਲ ਹੇਠ ਦੀਵਾਨ ਸਜਾਏ ਗਏ। ਪਹਿਲਾਂ ਸੰਗਤਾਂ ਨੇ ਮਿਲ ਕੇ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਕੀਤਾ, ਬਾਅਦ ਵਿੱਚ ਸ੍ਰੀ ਹੀਰਾ ਨੰਦ ਜੀ ਸਿੰਧੀ ਪ੍ਰੇਮੀ ਨੇ ਵਿਸਥਾਰਪੂਰਵਕ ਦੱਸਿਆ, ਕਿ ਪੂਜਯ ਮਹੰਤ ਬਾਬਾ ਬੁੱਢਾ ਸਿੰਘ ਮਹਾਰਾਜ ਜੀ ਨੇ ਸਿੰਧ ਪ੍ਰਾਂਤ ਦੇ ਹੈਦਰਾਬਾਦ, ਕਰਾਚੀ, ਰੋੜੀ ਸੱਖਰ ਅਤੇ ਸ਼ਿਕਾਰਪੁਰ ਆਦਿਕ ਥਾਵਾਂ ਤੇ ਜਾ ਕੇ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਘਰ ਦਾ ਬੇਅੰਤ ਪ੍ਰਚਾਰ ਕੀਤਾ। ਫਲਸਵਰੂਪ ਲੱਖਾਂ ਸਿੰਧੀ ਪ੍ਰੇਮੀ ਗੁਰੂ ਘਰ ਦੇ ਦੀਵਾਨੇ ਹੋ ਗਏ। ਬਾਬਾ ਬੁੱਢਾ ਸਿੰਘ ਮਹਾਰਾਜ ਜੀ ਦੀ ਕ੍ਰਿਪਾ ਦਾ ਸਦਕਾ ਹਜ਼ਾਰਾਂ ਸਿੰਧੀ ਪਰਿਵਾਰਾਂ ਵਿੱਚ ਪਾਵਨ ਗੁਰਬਾਣੀ ਦੇ ਪਾਠ ਅਤੇ ਕੀਰਤਨ ਕੀਤੇ ਜਾਂਦੇ ਹਨ। ਦਾਦਾ ਹੀਰਾ ਨੰਦ ਜੀ ਨੇ ਦੱਸਿਆ ਕਿ ਹੈਦਰਾਬਾਦ ਸਿੰਧ ਵਿੱਚ ਸਾਨੂੰ ਜਿੱਥੇ ਧਨ ਪਦਾਰਥ, ਮਕਾਨ, ਜਾਇਦਾਦਾਂ ਅਤੇ ਕਾਰੋਬਾਰ ਮਜ਼ਬੂਰਨ ਛੱਡਣੇ ਪਏ ਸਨ, ਉੱਥੇ ਪ੍ਰਾਣਾਂ ਤੋਂ ਪਿਆਰੇ ਗੁਰੂ ਅਸਥਾਨ ਵੀ ਛੱਡਣੇ ਪਏ। ਸਮਾਂ ਪਾ ਕੇ ਸਾਨੂੰ ਘਰ-ਬਾਰ, ਧਨ ਪਦਾਰਥ ਦੁਬਾਰਾ ਪ੍ਰਾਪਤ ਹੋ ਗਏ ਲੇਕਿਨ ਪੂਜਯ ਮਹੰਤ ਬਾਬਾ ਬੁੱਢਾ ਸਿੰਘ ਜੀ ਦੀ ਯਾਦ ਜੋ ਨਿਰਮਲ ਆਸ਼ਰਮ ਅਸੀਂ ਹੈਦਰਾਬਾਦ ਛੱਡ ਕੇ ਆਏ ਸੀ, ਉਹ ਕਈ ਯਤਨਾਂ ਦੇ ਬਾਵਜੂਦ ਵੀ ਅਜੇ ਤੱਕ ਨਹੀਂ ਸੀ ਪ੍ਰਾਪਤ ਹੋਇਆ। ਲੇਕਿਨ ਗੁਰੂ ਨਾਨਕ ਦੇਵ ਮਹਾਰਾਜ ਜੀ ਦੀ ਅਪਾਰ ਬਖਸ਼ਿਸ਼ ਦਾ ਸਦਕਾ ਅੱਜ ਉਹ ਵੀ ਪ੍ਰਾਪਤ ਹੋ ਗਿਆ ਹੈ। ਗੁਰੂ ਬਾਬਾ ਜੀ ਅਤੇ ਮਹਾਂਪੁਰਸ਼ਾਂ ਦੀ ਕ੍ਰਿਪਾ ਦਾ ਸਦਕਾ ਅੱਜ ਅਸੀਂ ਹੈਦਰਾਬਾਦ ਵਾਲਾ ਨਕਸ਼ਾ ਇਨ੍ਹਾਂ ਅਸਥੂਲ ਅੱਖਾਂ ਨਾਲ ਪ੍ਰਤੱਖ ਦੇਖ ਰਹੇ ਹਾਂ। ਉਨ੍ਹਾਂ ਤੋਂ ਬਾਅਦ ਸ੍ਰੀ ਤਾਰਾ ਸਿੰਘ ਜੀ ਮਨਸੁਖਾਨੀ ਨੇ ਆਪਣੇ ਅੱਖੀਂ ਦੇਖੇ, ਬਾਬਾ ਬੁੱਢਾ ਸਿੰਘ ਮਹਾਰਾਜ ਜੀ ਦੇ ਕੁਝ ਕੌਤਕਾਂ ਦਾ ਵਰਨਣ ਕੀਤਾ। ਅਖੀਰ ਵਿੱਚ ਸ੍ਰ: ਤਰਜੀਤ ਸਿੰਘ ਜੀ ਕਰਨਾਲ ਨੇ ਪਾਵਨ ਗੁਰਬਾਣੀ ਵਿੱਚੋਂ ਅਨੇਕਾਂ ਮਿਸਾਲਾਂ ਦੇ ਕੇ ਸੰਤ ਮਹਾਂਪੁਰਸ਼ਾਂ ਦੀ ਮਹਿਮਾਂ ਵਰਨਣ ਕੀਤੀ। ਹੁਣ ਸਮਾਂ ਹੋ ਜਾਣ ਤੇ ਸਾਰੇ ਸਮਾਗਮਾਂ ਦੀ ਸਮਾਪਤੀ ਹੋਣ ਉਪਰੰਤ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦਾ ਸ਼ੁਕਰਾਨਾ ਅਤੇ ਆਸ਼ਰਮ ਦੀ ਚੜ੍ਹਦੀ ਕਲਾ ਨਮਿੱਤ ਅਰਦਾਸ ਬੇਨਤੀ ਕੀਤੀ ਗਈ। ਇਸ ਪ੍ਰਕਾਰ *ਨਿਰਮਲ ਸੰਤ ਨਿਵਾਸ* ਬੰਬਈ ਦਾ ਉਦਘਾਟਨ ਸਮਾਰੋਹ ਸੰਪੂਰਨ ਹੋਇਆ। ਹੁਣ ਬੰਬਈ ਨਿਵਾਸੀ ਸੰਗਤਾਂ ਨੇ ਪੂਜਯ ਮਹਾਰਾਜ ਜੀਆਂ ਦੇ ਚਰਨਾਂ ਵਿੱਚ ਅਰਜ਼ ਕੀਤੀ, ਕਿ ਆਪ ਕ੍ਰਿਪਾ ਕਰੋ ਇਸ ਆਸ਼ਰਮ ਨੂੰ ਹਮੇਸ਼ਾਂ ਚੱਲਦਾ ਰੱਖਣ ਲਈ ਇੱਥੇ ਇੱਕ ਸੇਵਾਦਾਰ ਛੱਡ ਜਾਉ ਤਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੋਜ਼ ਪ੍ਰਕਾਸ਼ ਹੋਵੇ ਤਾਂ ਕਿ ਸਭ ਸੰਗਤਾਂ ਸਵੇਰੇ ਸ਼ਾਮ ਸਤਿਸੰਗ ਕੀਰਤਨ ਦਾ ਲਾਭ ਉਠਾਉਂਦੀਆਂ ਰਹਿਣ। ਸੰਗਤ ਦੀ ਬੇਨਤੀ ਸੁਣ ਕੇ ਹਜ਼ੂਰ ਚੁੱਪ ਹਨ ਕੋਈ ਜ਼ਵਾਬ ਨਹੀਂ ਦੇ ਰਹੇ। ਵਾਪਸੀ ਟਿਕਟਾਂ ਸਭ ਸੰਗਤਾਂ ਦੀਆਂ ਕੱਲ੍ਹ ਯਾਨੀ ਅਠਾਈ ਫਰਵਰੀ ਰਾਤ ਦੀਆਂ ਹਨ, ਇਸ ਲਈ ਅੱਜ ਸਭ ਸੰਗਤਾਂ ਨੇ ਅਰਾਮ ਕੀਤਾ। ਅਠਾਈ ਤਾਰੀਖ ਨੂੰ ਸਵੇਰੇ ਹੀ ਬੰਬਈ ਨਿਵਾਸੀ ਸੰਗਤਾਂ ਨੇ ਆਸ਼ਰਮ ਖੁੱਲ੍ਹਾ ਰੱਖਣ ਲਈ ਹਜ਼ੂਰ ਦੇ ਚਰਨਾਂ ਵਿੱਚ ਬੇਨਤੀ ਫਿਰ ਦੁਹਰਾਈ, ਲੇਕਿਨ ਅੱਜ ਵੀ ਆਪ ਨੇ ਕੋਈ ਜਵਾਬ ਨਹੀਂ ਦਿੱਤਾ। ਹੁਣ ਆਪ ਜੀ ਦੀ ਫਲਾਈਟ ਦਾ ਸਮਾਂ ਵੀ ਨਜ਼ਦੀਕ ਆ ਚੁੱਕਿਆ ਸੀ ਇਸ ਲਈ ਸਵੇਰੇ ਨੌਂ ਕੁ ਵਜੇ ਕੁਝ ਸੰਗਤ ਸਮੇਤ

ਦੋ-ਤਿੰਨ ਗੱਡੀਆਂ ਵਿੱਚ ਸਵਾਰ ਹੋ ਕੇ ਏਅਰਪੋਰਟ ਨੂੰ ਚੱਲੇ। ਆਸ਼ਰਮ ਤੋਂ ਏਅਰਪੋਰਟ ਦੇ ਰਸਤੇ ਵਿੱਚ ਪਤਾ ਨਹੀਂ ਕਿਸ ਦੀ ਬੇਨਤੀ ਪ੍ਰਵਾਨ ਹੋ ਗਈ, ਇਸ ਲਈ ਏਅਰਪੋਰਟ ਤੇ ਪਹੁੰਚਦਿਆਂ ਹੀ ਹਜ਼ੂਰ ਨੇ ਰਿਸ਼ੀਕੇਸ਼ ਤੋਂ ਨਾਲ ਆਏ ਸੇਵਕ ਸ੍ਰੀ ਦਿਆਲ ਚੰਦ ਜੀ ਮਲਿਕ ਨੂੰ ਹੁਕਮ ਕੀਤਾ, ਕਿ ਤੁਸੀਂ ਇੱਥੇ ਠਹਿਰ ਕੇ ਆਸ਼ਰਮ ਦੀ ਸੰਭਾਲ ਕਰੋ! ਆਸ਼ਰਮ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹਰ ਰੋਜ਼ ਹੋਵੇ, ਹਰ ਰੋਜ਼ ਕੜਾਹ ਪ੍ਰਸ਼ਾਦ ਦੀ ਦੇਗ ਸਜੇ, ਆਈਆਂ ਸੰਗਤਾਂ ਨੂੰ ਗੁਰੂ ਘਰ ਦਾ ਉਪਦੇਸ਼ ਹੋਵੇ ਅਤੇ ਸ਼ਾਮ ਨੂੰ ਹਰ ਰੋਜ਼ ਆਰਤੀ ਤੋਂ ਬਾਅਦ ਸੁਖਾਸਣ ਸੇਵਾ ਕਰਕੇ ਸੰਪੂਰਨ ਸਮਾਪਤੀ ਕੀਤੀ ਜਾਵੇ। ਐਸਾ ਹੁਕਮ ਕਰਕੇ ਆਪ ਤਾਂ ਜਹਾਜ਼ ਵਿੱਚ ਸਵਾਰ ਹੋ ਕੇ ਵਾਪਸ ਰਿਸ਼ੀਕੇਸ਼ ਨੂੰ ਰਵਾਨਾ ਹੋ ਗਏ। ਉੱਧਰ ਪ੍ਰੇਮੀ ਸੇਵਕਾਂ ਨੇ ਏਅਰਪੋਰਟ ਤੋਂ ਵਾਪਸ ਆਸ਼ਰਮ ਪਹੁੰਚ ਕੇ ਹੁਕਮ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ। ਇਸ ਗੱਲ ਦਾ ਪਤਾ ਲੱਗਦੇ ਹੀ ਬੰਬਈ ਨਿਵਾਸੀ ਸੰਗਤਾਂ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ। ਹੁਣ ਸ਼ਾਮ ਦਾ ਵਕਤ ਹੋ ਆਇਆ, ਇਸ ਲਈ ਮਲਿਕ ਜੀ ਨੂੰ ਛੱਡ ਕੇ ਬਾਕੀ ਸੰਗਤਾਂ ਰਾਤ ਦੀ ਗੱਡੀ ਵਿੱਚ ਰਿਸ਼ੀਕੇਸ਼ ਜਾਣ ਵਾਲੀਆਂ ਰਿਸ਼ੀਕੇਸ਼ ਨੂੰ ਅਤੇ ਪੰਜਾਬ ਹਰਿਆਣੇ ਵਾਲੀਆਂ ਆਪਣੇ ਟਿਕਾਣਿਆਂ ਨੂੰ ਵਾਪਸ ਹੋ ਗਈਆਂ।

ਹੁਣ ਆਸ਼ਰਮ ਵਿੱਚ ਚਹਿਲ ਪਹਿਲ ਹੋ ਗਈ, ਸਵੇਰੇ ਸ਼ਾਮ ਕੀਰਤਨ ਕਰਨ ਦੀ ਸੇਵਾ ਮਾਈ ਸ਼ਸ਼ੀ ਮਨਸੁਖਾਨੀ ਨੇ ਸੰਭਾਲ ਲਈ ਅਤੇ ਐਤਵਾਰ ਛੁੱਟੀ ਵਾਲੇ ਦਿਨ ਸੰਗਤਾਂ ਕਾਫੀ ਗਿਣਤੀ ਵਿੱਚ ਜੁੜਨੀਆਂ ਸ਼ੁਰੂ ਹੋ ਗਈਆਂ। ਸਵੇਰੇ ਸਭ ਨੇ ਮਿਲ ਕੇ ਦੋ ਘੰਟੇ ਕੀਰਤਨ ਕਰਨਾ ਫਿਰ ਅਰਦਾਸ ਉਪਰੰਤ ਕੜਾਹ ਪ੍ਰਸ਼ਾਦ ਦੀ ਦੇਗ ਵਰਤਾ ਕੇ ਬਾਅਦ ਵਿੱਚ ਸਭ ਸੰਗਤਾਂ ਨੂੰ ਫਲ਼, ਫਰੂਟ, ਯਾ ਕੋਈ ਪੱਕਿਆ ਪਦਾਰਥ ਖੀਰ, ਪੂੜੀ ਆਦਿਕ ਵਰਤਾਇਆ ਜਾਂਦਾ ਜੋ ਸੰਗਤਾਂ ਘਰਾਂ ਤੋਂ ਹੀ ਬਣਾ ਕੇ ਲਿਆਉਂਦੀਆਂ ਸਨ। ਪੂਜਯ ਮਹਾਰਾਜ ਜੀ ਨੇ ਮਲਿਕ ਜੀ ਨੂੰ ਇੱਕ ਮਹੀਨੇ ਬਾਅਦ ਕਿਸੇ ਕੰਮ ਲਈ ਵਾਪਸ ਬੁਲਾ ਲਿਆ। ਉਸ ਦੀ ਜਗ੍ਹਾ 27-3-1994 ਨੂੰ ਨਿਰਮਲ ਆਸ਼ਰਮ ਰਿਸ਼ੀਕੇਸ਼ ਤੋਂ ਇੱਕ ਹੋਰ ਪ੍ਰੇਮੀ ਨੂੰ ਭੇਜ ਦਿੱਤਾ। ਉਹ ਪ੍ਰੇਮੀ ਦੇ ਇੱਕ ਬਹੁਤ ਬਾਰੀਕ ਪਰ ਮਿੱਠੀ-ਮਿੱਠੀ ਅਵਾਜ਼ ਕੰਨ੍ਹਾਂ ਵਿੱਚ ਨਿਰੰਤਰ ਸੁਣਾਈ ਦੇ ਰਹੀ ਹੈ—

1. ਦੀਵਾਲੀ ਤੋਂ ਬਾਅਦ ਤੁਸੀਂ ਨਹੀਂ ਰਹਿਣਾ!
2. ਦੀਵਾਲੀ ਤੋਂ ਬਾਅਦ ਤੁਸੀਂ ਸਾਫ ਹੋ ਜਾਣਾ ਹੈ!!
3. ਯਾਨੀ ਅਸਥਾਨ ਬਦਲ ਜਾਣਾ ਹੈ!!!
4. ਸੰਗਤ ਏਹੀ ਤੇ ਹੋਰ!!!!

ਬੰਬਈ ਨਿਵਾਸੀ ਸਿੰਧੀ ਅਤੇ ਪੰਜਾਬੀ ਪੁਰਾਣੀਆਂ ਸੰਗਤਾਂ ਦੀ ਤਾਂ ਇਹ ਦਿਲੀ ਭਾਵਨਾ ਹੀ ਸੀ ਇਸ ਆਸ਼ਰਮ ਦਾ ਪ੍ਰਗਟ ਹੋਣਾ, ਲੇਕਿਨ ਸਮਾਂ ਪਾ ਕੇ ਹੋਰ ਨਵੀਆਂ ਸੰਗਤਾਂ ਵੀ ਆਸ਼ਰਮ ਵਿੱਚ ਆਉਣੀਆਂ ਸ਼ੁਰੂ ਹੋ ਗਈਆਂ। ਸਵੇਰੇ ਸ਼ਾਮ ਹਰ ਰੋਜ਼ ਕੀਰਤਨ ਹੁੰਦਾ ਹੀ ਹੈ, ਪਰੰਤੂ ਐਤਵਾਰ ਵਾਲੇ ਦਿਨ ਵਿਸ਼ੇਸ਼ ਤੌਰ ਤੇ ਸੰਗਤਾਂ ਕਾਫੀ ਗਿਣਤੀ ਵਿੱਚ ਜੁੜਨੀਆਂ ਸ਼ੁਰੂ ਹੋ ਗਈਆਂ। ਸੰਗਤ ਦੀ ਚੋਖੀ ਗਿਣਤੀ ਅਤੇ ਉਤਸ਼ਾਹ ਦੇਖ ਕੇ ਐਤਵਾਰ ਵਾਲੇ ਦਿਨ ਵਿਸ਼ੇਸ਼ ਤੇ ਲੰਗਰ ਚਾਲੂ ਕਰ ਦਿੱਤਾ ਗਿਆ। ਪਹਿਲਾਂ ਪਹਿਲ ਤਾਂ ਚਾਰ ਕੁ ਸ਼ਰਧਾਲੂ ਬੀਬੀਆਂ ਜਿਵੇਂ ਬੀਬੀ ਸਤਬੀਰ ਕੌਰ, ਬੀਬੀ ਹੇਮਾ ਟਾਹਿਲਿਆਨੀ, ਬੀਬੀ ਦਲਜੀਤ ਕੌਰ ਅਤੇ ਬੀਬੀ ਸ਼ਰਨਜੀਤ ਕੌਰ ਆਦਿਕ ਆਪਣੇ ਘਰਾਂ ਤੋਂ ਬਣਾ ਕੇ ਲਿਆਉਂਦੀਆਂ ਸਨ ਜੋ ਸੰਗਤਾਂ ਨੂੰ ਵਰਤਾ ਦਿੱਤਾ ਜਾਂਦਾ ਸੀ। ਅਪ੍ਰੈਲ ਅਤੇ ਮਈ ਦੇ ਦੋ ਕੁ ਮਹੀਨੇ ਐਸਾ ਕੀਤਾ, ਬਾਅਦ ਵਿੱਚ ਸੰਗਤਾਂ ਅਤੇ ਛਕਣ ਵਾਲੇ ਗਰੀਬ ਲੋੜਵੰਦਾਂ ਦੀ ਗਿਣਤੀ ਵੱਧ ਜਾਣ ਤੇ ਜੂਨ ਵਿੱਚ ਵੱਡੇ-ਵੱਡੇ ਗੈਸ ਚੁੱਲ੍ਹੇ ਅਤੇ ਪਤੀਲੇ ਲੈ ਕੇ ਆਸ਼ਰਮ ਵਿੱਚ ਹੀ ਬਣਾਉਣਾ ਸ਼ੁਰੂ ਕਰ ਦਿੱਤਾ। ਹੁਣ ਸਵੇਰੇ ਨੌਂ ਵਜੇ ਕੀਰਤਨ ਸ਼ੁਰੂ ਹੋ ਕੇ ਬਾਰਾਂ ਵਜੇ ਸਮਾਪਤੀ ਦੀ ਅਰਦਾਸ ਉਪਰੰਤ ਲੰਗਰ ਵਰਤਾਉਣਾ ਸ਼ੁਰੂ ਹੋ ਜਾਂਦਾ ਹੈ। ਗੁਰੂ ਕਾ ਲੰਗਰ, ਬਗੈਰ ਕਿਸੇ ਜਾਤ-ਪਾਤ ਦੇ ਵਿਤਕਰੇ ਜਾਂ ਭੇਦ-ਭਾਵ ਤੋਂ ਅਤੁੱਟ ਵਰਤਦਾ ਹੈ, ਜਿਸ ਵਿੱਚ ਆਸ਼ਰਮ ਦੀ ਸੰਗਤ ਤੋਂ ਇਲਾਵਾ ਸੈਂਕੜੇ ਗਰੀਬ ਲੋੜਵੰਦ ਛਕ ਕੇ ਆਪਣੇ ਪ੍ਰਾਣਾਂ ਨੂੰ ਆਹੂਤੀ ਦਿੰਦੇ ਹਨ। ਇਸ ਗੁਰੂ ਕੇ ਲੰਗਰ ਵਿੱਚ ਹਰ ਐਤਵਾਰ ਅਨੇਕਾਂ ਪ੍ਰਕਾਰ ਦੇ ਬਹੁਤ ਸੁੰਦਰ ਅਤੇ ਰਸਦਾਇਕ ਪਦਾਰਥ ਬਣਾ ਕੇ ਸੰਗਤਾਂ ਅਤੇ ਲੋੜਵੰਦਾਂ ਨੂੰ ਖੁੱਲ੍ਹੇ ਛਕਾਏ ਜਾਂਦੇ ਹਨ ਅਤੇ ਇੱਕ ਸਿੰਧੀ ਲੜਕੀ ਬੀਬੀ ਹਰਸ਼ਾ ਬੰਨੀਨੀ ਹਰ ਐਤਵਾਰ ਸਾਰੀ ਸੰਗਤ ਨੂੰ ਲੱਸੀ ਬਣਾ ਕੇ ਛਕਾਉਂਦੀ ਹੈ। ਗੁਰੂ ਕ੍ਰਿਪਾ ਦੁਆਰਾ ਇਸ ਬੀਬੀ

ਦੀ ਇਹ 'ਲੱਸੀ' ਛਕਾਉਣ ਵਾਲੀ ਸੇਵਾ ਤਿੰਨ ਸਾਲਾਂ ਤੋਂ ਨਿਰੰਤਰ ਜਾਰੀ ਹੈ। ਲੰਗਰ ਬਣਾਉਣ ਪਕਾਉਣ ਦੀ ਸੇਵਾ ਸੰਗਤ ਖੁਦ ਕਰਦੀ ਹੈ। ਸ੍ਰੀ ਅਮਰੀਕ ਚੰਦ ਜੀ ਚਾਵਲਾ ਦਾ ਇੱਕ ਨੌਕਰ ਤਾਂ ਭਾਵੇ ਹਰ ਰੋਜ਼ ਹੀ ਆ ਕੇ ਲੰਗਰ ਬਣਾਉਂਦਾ ਹੈ ਲੇਕਿਨ ਐਤਵਾਰ ਵਾਲੇ ਦਿਨ ਬੀਬੀ ਹੇਮਾ ਟਹਿਲਿਆਨੀ ਨੇ ਲੰਗਰ ਪਕਾਉਣ ਵਾਸਤੇ ਪੱਕੀ ਸੇਵਾ ਲਈ ਹੋਈ ਹੈ। ਸਬਜ਼ੀ ਕੱਟਣੀ, ਪੂਰੀਆਂ ਵੇਲਣੀਆਂ ਅਤੇ ਹਰ ਪ੍ਰਕਾਰ ਦੀ ਸੇਵਾ ਮਾਤਾ ਕਮਲਾ ਰਿਸ਼ੀਕੇਸ਼ ਸਟੋਰ, ਮਾਤਾ ਰਾਣੀ ਲਾਲਵਾਨੀ, ਮਾਤਾ ਰਤਨਾ ਬੇਲਾਨੀ ਅਤੇ ਉਸਦੀ ਬੇਟੀ ਸੋਨੂੰ, ਬੀਬੀ ਮਮਤਾ, ਬੀਬੀ ਵੀਨਾ, ਬੀਬੀ ਗੀਤਾ ਸੇਠੀ ਅਤੇ ਸ੍ਰੀ ਬਾਬੂ ਮੀਰ ਚੰਦਾਨੀ ਜੀ ਆਦਿਕ ਸੰਗਤਾਂ ਲੰਗਰ ਦੀ ਉਪਰੋਕਤ ਸੇਵਾ ਹਰ ਐਤਵਾਰ ਸਵੇਰੇ ਆ ਕੇ ਨੀਯਮ ਨਾਲ ਕਰਦੀਆਂ ਹਨ। ਸਵੇਰੇ ਸ਼ਾਮ ਕੀਰਤਨ ਦੀ ਸੇਵਾ ਸ਼ਸ਼ੀ ਮਨਸੁਖਾਨੀ ਅਤੇ ਰੁਕਮਣੀ ਮਲਕਾਨੀ ਕਰਦੀਆਂ ਹਨ, ਪਰੰਤੂ ਐਤਵਾਨ ਨੂੰ ਬੀਬੀ ਸ਼ਰਨਜੀਤ ਕੌਰ, ਬੀਬੀ ਦਲਜੀਤ ਕੌਰ, ਬੀਬੀ ਚਰਨਜੀਤ ਕੌਰ ਅੰਜਲੀ ਅਤੇ ਬੀਬੀ ਸਤਬੀਰ ਕੌਰ ਕੀਰਤਨ ਦੀ ਸੇਵਾ ਕਰਦੀਆਂ ਹਨ, ਪਰੰਤੂ ਕਦੇ-ਕਦੇ ਬੀਬੀ ਸਤਨਾਮ ਕੌਰ ਲੋਹਖੰਡ ਵਾਲੇ ਸ੍ਰ: ਦਲਜੀਤ ਸਿੰਘ ਅਤੇ ਮਾਸਟਰ ਜੋਗੀ ਜੀ ਵੀ ਹਿੱਸਾ ਪਾਉਂਦੇ ਰਹਿੰਦੇ ਹਨ। ਹਰ ਸ਼ੁੱਕਰਵਾਰ ਵਾਲੇ ਦਿਨ ਸ਼ਾਮ ਨੂੰ ਚਾਰ ਤੋਂ ਪੰਜ ਵਜੇ ਤੱਕ ਸੁਖਮਨੀ ਸਾਹਿਬ ਦਾ ਪਾਠ ਸੰਗਤਾਂ ਮਿਲ ਕੇ ਕਰਦੀਆਂ ਹਨ, ਜੋ ਬੀਬੀ ਮਨਜੀਤ ਕੌਰ ਚਾਰ ਬੰਗਲਾ ਦੇ ਉੱਦਮ ਨਾਲ ਛੱਬੀ ਜੂਨ 1994 ਨੂੰ ਸ਼ੁਰੂ ਹੋਇਆ ਸੀ ਅਤੇ ਗੁਰੂ ਕ੍ਰਿਪਾ ਦੁਆਰਾ ਅੱਜ ਤੱਕ ਨਿਰੰਤਰ ਚੱਲ ਰਿਹਾ ਹੈ। ਉਸ ਦਿਨ ਸੁਖਮਨੀ ਸਾਹਿਬ ਦੇ ਪਾਠ ਵਿੱਚ ਕਾਫੀ ਸੰਗਤ ਜੁੜ ਜਾਂਦੀ ਹੈ ਜਿਸ ਵਿੱਚ ਪਾਠ ਦੀ ਸੰਪੂਰਨਤਾ ਉਪਰੰਤ ਸ਼ਬਦ ਕੀਰਤਨ ਵੀ ਹੁੰਦਾ ਹੈ, ਉਪਰੰਤ ਗੁਰੂ ਚਰਨਾਂ ਵਿੱਚ ਅਰਦਾਸ ਕਰਕੇ ਸੰਗਤਾਂ ਨੂੰ ਚਾਹ ਨਾਲ ਕਦੇ ਬਰੈਡ ਪਕੌੜੇ, ਕਦੇ ਕੋਈ ਹੋਰ ਪਦਾਰਥ ਜੋ ਜ਼ਿਆਦਾ ਕਰਕੇ ਸੰਗਤਾਂ ਘਰਾਂ ਤੋਂ ਹੀ ਲੈ ਕੇ ਆਉਂਦੀਆਂ ਹਨ, ਵਰਤਾਇਆ ਜਾਂਦਾ ਹੈ। ਸਹਿਜ ਪਾਠ ਤਾਂ ਆਸ਼ਰਮ ਵਿੱਚ ਹਮੇਸ਼ਾਂ ਚੱਲਦੇ ਹੀ ਰਹਿੰਦੇ ਹਨ ਲੇਕਿਨ ਕਦੇ-ਕਦੇ ਸ੍ਰੀ ਅਖੰਡ ਪਾਠ ਸਾਹਿਬ ਜੀ ਵੀ ਹੁੰਦੇ ਰਹਿੰਦੇ ਹਨ, ਜਿਸ ਵਿੱਚ ਪਾਠ ਦੀ ਸੇਵਾ ਬੀਬੀ ਸ਼ਰਨਜੀਤ ਕੌਰ, ਬੀਬੀ ਸਤਬੀਰ ਕੌਰ, ਸ੍ਰੀ ਮੁਰਲੀ ਲਾਲਵਾਨੀ ਅਤੇ ਉਨ੍ਹਾਂ ਦੇ ਘਰੋਂ ਮਾਤਾ ਰਾਣੀ ਲਾਲਵਾਨੀ ਨਿਸ਼ਕਾਮ ਕਰਦੇ ਹਨ। ਐਤਵਾਰ ਵਾਲੇ ਦਿਨ ਗੁਰੂ ਕੇ ਚੱਲ ਰਹੇ ਖੁੱਲ੍ਹੇ ਲੰਗਰ ਵਿੱਚ ਬਰਤਨ ਸਾਫ਼ ਕਰਨ ਦੀ ਸੇਵਾ ਬੀਬੀ ਜੋਤੀ ਗੁਰਬਖਸ਼ਾਨੀ (ਮੁਲੰਦ), ਬੀਬੀ ਪੂਨਮ ਅਤੇ ਰਾਖੀ ਲਾਲਵਾਨੀ ਅਤੇ ਉਨ੍ਹਾਂ ਦੀ ਮਾਤਾ, ਰਾਣੀ ਲਾਲਵਾਨੀ, ਹਰ ਐਤਵਾਰ ਨਿਰੰਤਰ ਕਰਦੇ ਹਨ। ਆਸ਼ਰਮ ਦੀ ਸੇਵਾ ਸੰਭਾਲ ਕਾਰਜਾਂ ਵਿੱਚ ਸਹਾਇਤਾ ਸ੍ਰੀ ਅਮਰੀਕ ਚੰਦ ਜੀ ਚਾਵਲਾ, ਸ੍ਰੀ ਕ੍ਰਿਸ਼ਨ ਮਲਕਾਨੀ, ਸ੍ਰੀ ਠਾਕੁਰ ਮਨਸੁਖਾਨੀ, ਸ੍ਰੀ ਰਾਜੂ ਮਦਨਾਨੀ, ਸ੍ਰੀ ਦਲੀਪ ਟਹਿਲਆਨੀ, ਸ੍ਰੀ ਸ਼ਾਮ ਕਵੀਤਾ ਜੋਗੇਸ਼ੀਆ (ਮੁਲੰਦ), ਸ੍ਰੀ ਅਸ਼ੋਕ ਜੋਗੇਸ਼ੀਆ (ਚੰਬੂਰ), ਸ੍ਰੀ ਬਾਬੂ ਮੀਰ ਚੰਦਾਨੀ ਅਤੇ ਸਰੂਪ ਸਿੰਘ ਜੀ ਗੁਪਤਾ ਆਦਿਕ ਸੱਜਣ ਬੜੇ ਪ੍ਰੇਮ ਨਾਲ ਆਪਣੇ ਘਰ ਦਾ ਕੰਮ ਜਾਣਕੇ ਕਰਦੇ ਰਹਿੰਦੇ ਹਨ। ਸ੍ਰੀਮਤੀ ਪਿਰਮਲਾ ਸੰਗਤਾਨੀ (ਚੰਬੂਰ) ਅਤੇ ਸ੍ਰੀਮਤੀ ਜਾਨੂ ਅਡਵਾਨੀ (ਖਾਰ) ਇਹ ਮਾਈਆਂ ਸਰੀਰਕ ਤੌਰ ਤੇ ਬੀਮਾਰ ਅਤੇ ਆਸ਼ਰਮ ਤੋਂ ਕਾਫੀ ਦੂਰ ਹੋਣ ਦੇ ਬਾਵਜੂਦ ਵੀ ਮਨ ਕਰਕੇ ਤਾਂ ਹਮੇਸ਼ਾਂ ਆਸ਼ਰਮ ਨਾਲ ਜੁੜੀਆਂ ਹੀ ਰਹਿੰਦੀਆਂ ਹਨ, ਪਰੰਤੂ ਸਰੀਰ ਕਰਕੇ ਵੀ ਸਮੇਂ-ਸਮੇਂ ਆਸ਼ਰਮ ਆਉਂਦੀਆਂ ਰਹਿੰਦੀਆਂ ਹਨ। ਇਸੇ ਤਰ੍ਹਾਂ ਹੀ ਮਾਤਾ ਰੁਕਮਾਂ ਹੀਰਾ, ਮਾਤਾ ਕਮਲ ਛਾਬੜੀਆ, ਸ੍ਰੀ ਹੀਰੂ ਸ਼ੀਲ੍ਹੀ ਮਲਕਾਨੀ, ਸ੍ਰੀ ਬਾਖਰੂ ਅਤੇ ਮਾਤਾ ਮੋਹਣੀ ਬਾਖਰੂ ਇਤਿਆਦਿਕ ਪ੍ਰੇਮੀ ਸਰੀਰਕ ਬੁਢਾਪਾ ਹੋਣ ਦੇ ਬਾਵਜੂਦ ਵੀ ਆਸ਼ਰਮ ਨਾਲ ਜੁੜੇ ਰਹਿੰਦੇ ਹਨ।

ਪੂਜਯ ਮਹਾਰਾਜ ਜੀ ਵੀ ਸਾਲ ਵਿੱਚ ਬੰਬਈ ਦਾ ਜਿੱਥੇ ਪਹਿਲਾਂ ਇੱਕ ਚੱਕਰ ਲਾਉਂਦੇ ਸਨ ਉੱਥੇ ਹੁਣ ਆਸ਼ਰਮ ਖੁੱਲ੍ਹਣ ਤੋਂ ਬਾਅਦ ਸੰਗਤਾਂ ਦੇ ਪ੍ਰੇਮਵਸ ਸਾਲ ਵਿੱਚ ਦੋ ਵਾਰ ਜਾ ਕੇ ਸਤਿ ਉਪਦੇਸ਼ ਦੀ ਇਲਾਹੀ ਕਾਰ ਕਰਦੇ ਹਨ ਜਿਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਬਹੁਤੇ ਘਰਾਂ ਵਿੱਚ ਗੁਰਬਾਣੀ ਦਾ ਪਾਠ ਸ਼ੁਰੂ ਹੋ ਗਿਆ। ਸਕੂਲਾਂ ਕਾਲਜਾਂ ਵਿੱਚ ਪੜ੍ਹਦੀਆਂ ਅਤੇ ਦਫਤਰਾਂ ਵਿੱਚ ਨੌਕਰੀ ਕਰਦੀਆਂ ਨੌਜਵਾਨ ਲੜਕੀਆਂ ਬਾਰਾਂ-ਬਾਰਾਂ ਜਪੁਜੀ ਸਾਹਿਬ ਦੇ ਪਾਠ ਰੋਜ਼ ਕਰਦੀਆਂ ਹਨ, ਅਤੇ ਛੁੱਟੀ ਵਾਲੇ ਦਿਨ ਪੂਰਾ-ਪੂਰਾ ਦਿਨ ਲੰਗਰ ਦੇ ਜੂਠੇ ਬਰਤਨ ਸਾਫ ਕਰਨੇ ਜ਼ਿੰਦਗੀ ਦਾ ਨਿਯਮ ਬਣਾ ਲਿਆ ਹੈ। ਮਹਾਂਪੁਰਖਾਂ ਦੀ ਅਪਾਰ ਬਖਸ਼ਿਸ਼ ਦਾ ਸਦਕਾ ਬੰਬਈ ਵਰਗੇ ਸ਼ਹਿਰ ਵਿੱਚ ਜਿੱਥੇ ਪੱਛਮੀ ਸਭਿਅਤਾ ਦਾ ਸਾਰੇ ਹਿੰਦੋਸਤਾਨ ਨਾਲੋਂ ਵੱਧ ਪ੍ਰਭਾਵ ਹੈ ਉੱਥੇ ਗੁਰਬਾਣੀ ਦੀ ਇਉਂ ਲਹਿਰ ਚਲਾ ਦਿੱਤੀ, ਜਿਵੇਂ ਪਾਣੀ ਦੀ ਇੱਕ-ਇੱਕ ਬੂੰਦ ਤੋਂ ਪਿਆਸੀ ਮਾਰੂਥਲ ਭੂਮੀ ਵਿੱਚ ਕੋਈ ਪਾਣੀ ਦੀਆਂ ਨਹਿਰਾਂ ਵਹਾ ਦੇਵੇ।



ਨਿਰਮਲ ਆਸ਼ਰਮ ਦੀਪਮਾਲਾ ਪਗਰਾਣੀ ਪਬਲਿਕ ਸਕੂਲ, ਰਿਸ਼ੀਕੇਸ਼।

## ਨਿਰਮਲ ਆਸ਼ਰਮ ਦੀਪਮਾਲਾ ਪਗਰਾਨੀ ਪਬਲਿਕ ਸਕੂਲ ਦਾ ਜਨਮ

ਪੂਜਯ ਮਹਾਰਾਜ ਜੀ ਕੁਝ ਮਹੀਨੇ ਪਹਿਲਾਂ ਜਦੋਂ ਵਿਦੇਸ਼ ਯਾਤਰਾ ਤੇ ਗਏ ਤਾਂ ਇੰਗਲੈਂਡ ਵਿੱਚ ਲਛਮਣ ਦਾਸ ਪਗਰਾਨੀ ਪਰਿਵਾਰ ਨੇ ਸੇਵਾ ਦਾ ਸਭ ਤੋਂ ਵੱਧ ਲਾਭ ਉਠਾਇਆ। ਇਹ ਪ੍ਰੇਮੀ ਪਰਿਵਾਰ ਮਹਾਂਪੁਰਸ਼ਾਂ ਦੇ ਅਲੌਕਿਕ, ਕਮਲ ਫੁੱਲ ਦੀ ਨਿਆਂਈ ਨਿਰਲੇਪ ਅਤੇ ਤਿਆਗੀ ਜੀਵਨ ਤੋਂ ਇਤਨਾ ਪ੍ਰਭਾਵਤ ਹੋਇਆ ਕਿ ਕੁਝ ਸਮੇਂ ਬਾਅਦ ਇਲਾਹੀ ਮਹਿਕ ਦਾ ਖਿੱਚਿਆ ਰਿਸ਼ੀਕੇਸ਼ ਦਰਸ਼ਨ ਕਰਨ ਆਇਆ। ਰਿਸ਼ੀਕੇਸ਼ ਨਿਰਮਲ ਆਸ਼ਰਮ ਵਿੱਚ ਮਹਾਂਪੁਰਸ਼ਾਂ ਵੱਲੋਂ ਚੱਲ ਰਹੇ ਪਰਉਪਕਾਰ ਦੇ ਕਾਰਜ ਅਤੇ ਗਰੀਬ ਲੋੜਵੰਦਾਂ ਨੂੰ ਰੱਬ ਦਾ ਰੂਪ ਜਾਣ ਕੇ ਹੋ ਰਹੀ ਸੇਵਾ ਤੋਂ ਇਤਨੇ ਪ੍ਰਭਾਵਤ ਹੋਏ, ਕਿ ਇਨ੍ਹਾਂ ਸੇਵਾ ਕਾਰਜਾਂ ਵਿੱਚ ਆਪਣੇ ਵੱਲੋਂ ਕੋਈ ਤਕੜਾ ਯੋਗਦਾਨ ਪਾਉਣ ਲਈ ਸੋਚਣ ਲੱਗੇ। ਇੱਕ-ਦੋ ਦਿਨ ਠਹਿਰ ਕੇ ਇੱਥੋਂ ਤਾਂ ਬਿਨਾਂ ਕੋਈ ਬੇਨਤੀ ਕੀਤੇ, ਵਾਪਸ ਮੁੜ ਗਏ, ਲੇਕਿਨ ਘਰ ਜਾ ਕੇ ਆਪਣੇ ਇੱਕ ਰਿਸ਼ਤੇਦਾਰ ਸ੍ਰੀ ਗੁਰਬਖਸ਼ ਬੇਲਾਨੀ ਬੰਬਈ ਨੂੰ ਫੋਨ ਤੇ ਆਪਣਾ ਸੰਕਲਪ ਦੱਸਿਆ, ਕਿ ਪੂਜਯ ਮਹਾਰਾਜ ਜੀ ਅਗਰ ਕੋਈ ਵਿੱਦਿਅਕ ਸੰਸਥਾ ਸਕੂਲ ਆਦਿਕ ਦਾ ਨਿਰਮਾਣ ਕਰਨਾ ਚਾਹੁਣ ਤਾਂ ਉਸ ਦੀ ਸੇਵਾ ਵਿੱਚ ਸਾਡਾ ਵੀ ਕਾਫੀ ਵੱਡਾ ਯੋਗਦਾਨ ਪਾਉਣ ਦਾ ਵਿਚਾਰ ਹੈ। ਤੁਸੀਂ ਸਾਡੀ ਇਹ ਬੇਨਤੀ ਮਹਾਰਾਜ ਜੀ ਦੇ ਚਰਨਾਂ ਵਿੱਚ ਪਹੁੰਚਾਉ! ਅਗਰ ਮਹਾਰਾਜ ਜੀ ਬੇਨਤੀ ਪ੍ਰਵਾਨ ਕਰ ਲੈਂਦੇ ਹਨ, ਤਾਂ ਸਾਨੂੰ ਅਕਹਿ ਖੁਸ਼ੀ ਹੋਵੇਗੀ। ਹਜ਼ੂਰ ਉਨ੍ਹਾਂ ਦਿਨਾਂ ਵਿੱਚ ਬੰਬਈ ਹੀ ਗਏ ਹੋਏ ਸਨ, ਤਾਂ ਬੇਲਾਨੀ ਜੀ ਨੇ ਲਛਮਣ ਦਾਸ ਦੀ ਬੇਨਤੀ ਆਪ ਦੇ ਚਰਨਾਂ ਵਿੱਚ ਅਰਜ ਕੀਤੀ। ਬੇਨਤੀ ਸੁਣ ਕੇ ਆਪ ਚੁੱਪ ਰਹੇ, ਪਵਿੱਤਰ ਮੁੱਖ ਤੋਂ ਕੁਝ ਨਾ ਬੋਲੇ। ਸ੍ਰੀ ਗੁਰਬਖਸ਼ ਬੇਲਾਨੀ ਜੀ ਨੇ ਦੂਸਰੇ ਦਿਨ ਫਿਰ ਬੇਨਤੀ ਕੀਤੀ। ਹਜ਼ੂਰ ਨੇ ਅੱਜ ਹੁਕਮ ਕਰ ਦਿੱਤਾ, ਲਛਮਣ ਦਾਸ ਨੂੰ ਕਹੋ ਕਿ ਰਿਸ਼ੀਕੇਸ਼ ਫੋਨ ਕਰਕੇ ਸੰਤ ਜੋਧ ਸਿੰਘ ਜੀ ਅਤੇ ਸੰਤ ਛੋਟੂ ਬਾਬਾ ਜੀ ਨਾਲ ਵਿਚਾਰ ਕਰ ਲੈਣ। ਬੇਲਾਨੀ ਜੀ ਦੇ ਕਹਿਣ ਤੇ ਸ੍ਰੀ ਲਛਮਣ ਦਾਸ ਜੀ ਨੇ ਰਿਸ਼ੀਕੇਸ਼ ਫੋਨ ਤੇ ਸਾਰੀ ਗੱਲ ਦੱਸੀ। ਦੋਨਾਂ ਮਹਾਂਪੁਰਸ਼ਾਂ ਨੇ ਕਿਹਾ, ਕਿ ਮਹਾਰਾਜ ਜੀ ਬੰਬਈ ਗਏ ਹੋਏ ਹਨ ਉਨ੍ਹਾਂ ਨਾਲ ਸਲਾਹ ਕਰਕੇ ਜੋ ਵਿਚਾਰ ਹੋਵੇਗਾ, ਉਹ ਤੁਹਾਨੂੰ ਦੱਸ ਦੇਵਾਂਗੇ। ਦੋਹਾਂ ਮਹਾਂਪੁਰਸ਼ਾਂ ਨੇ ਟੈਲੀਫੋਨ ਰਾਹੀਂ ਮਹਾਰਾਜ ਜੀ ਨਾਲ ਸੰਪਰਕ ਕੀਤਾ। ਹਜ਼ੂਰ ਨੇ ਹੁਕਮ ਕੀਤਾ, ਕਿ ਜੇ ਸੰਭਾਲ ਸਕਦੇ ਹੋ ਤਾਂ ਲਛਮਣ ਦਾਸ ਨੂੰ ਫੋਨ ਤੇ ਦੱਸ ਦਿਉ, ਅਤੇ ਆਪ ਜਗ੍ਹਾ ਵਗੈਰਾ ਦੀ ਭਾਲ ਕਰ ਲਉ! ਲਛਮਣ ਦਾਸ ਜੀ ਨੂੰ ਦੱਸ ਦਿੱਤਾ ਗਿਆ, ਅਤੇ ਜ਼ਮੀਨ ਦੀ ਖੋਜ ਸ਼ੁਰੂ ਕੀਤੀ ਗਈ। ਇਤਨੇ ਨੂੰ ਪੂਜਯ ਮਹਾਰਾਜ ਜੀ ਵੀ ਬੰਬਈ ਯਾਤਰਾ ਤੋਂ ਵਾਪਸ ਆ ਗਏ। ਰਿਸ਼ੀਕੇਸ਼ ਤੋਂ ਅੱਠ ਕਿਲੋਮੀਟਰ ਦੂਰ ਹਰਿਦੁਆਰ ਰੋਡ ਤੇ ਸ਼ਾਮਪੁਰ ਦੀ ਜ਼ਮੀਨ ਦਾ ਇੱਕ ਟੁਕੜਾ ਪਸੰਦ ਆ ਗਿਆ, ਜੋ ਵਿਚਾਰ ਕਰਕੇ ਛੇ ਏਕੜ ਜ਼ਮੀਨ ਦਾ ਇਹ ਟੁੱਕੜਾ ਸਕੂਲ ਲਈ ਖਰੀਦ ਲਿਆ ਗਿਆ। ਰਜਿਸਟਰੀ ਵਗੈਰਾ ਕਾਗਜ਼ ਪੱਤਰ ਦਾ ਸਾਰਾ ਕੰਮ ਸੰਪੂਰਨ ਕਰਕੇ 13 ਅਪ੍ਰੈਲ 1994 ਵੈਸਾਖੀ ਦੇ ਸ਼ੁਭ ਦਿਹਾੜੇ ਤੇ ਨਿਰਮਲ ਆਸ਼ਰਮ ਦੀਪਮਾਲਾ ਪਗਰਾਨੀ ਪਬਲਿਕ ਸਕੂਲ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀਆਂ ਦੇ ਪਵਿੱਤਰ ਚਰਨਾਂ ਵਿੱਚ ਅਰਦਾਸ ਉਪਰੰਤ ਪੂਜਯ ਮਹੰਤ ਮਹਾਰਾਜ ਜੀਆਂ ਨੇ ਆਪਣੇ ਪਵਿੱਤਰ ਕਰ ਕਮਲਾਂ ਦੁਆਰਾ ਸਥਾਪਨਾ ਕੀਤੀ। ਇਸ ਸ਼ੁਭ ਅਵਸਰ ਤੇ ਅਨੇਕਾਂ ਸੰਗਤਾਂ ਤੋਂ ਇਲਾਵਾ ਸੰਤ ਧਰਮ ਸਿੰਘ ਜੀ ਅਤੇ ਮਹੰਤ ਗੁਰਬਚਨ ਸਿੰਘ ਜੀ ਬਰਨਾਲੇ ਵਾਲੇ ਹਾਜ਼ਰ ਸਨ।

## ਸੰਤ ਧਰਮ ਸਿੰਘ ਜੀ

ਸੰਤ ਧਰਮ ਸਿੰਘ ਜੀ ਦਾ ਜਨਮ ਤਹਿਸੀਲ ਖਰੜ, ਜ਼ਿਲ੍ਹਾ ਅੰਬਾਲਾ ਅੱਜ ਕੱਲ੍ਹ ਰੋਪੜ (ਪੰਜਾਬ) ਦੇ ਪਿੰਡ ਲਾਂਡਰਾਂ ਵਿੱਚ ਪਿਤਾ ਸ੍ਰ: ਗੁਜਰ ਸਿੰਘ ਜੀ ਦੇ ਘਰ ਮਾਤਾ ਪੰਜਾਬ ਕੌਰ ਦੀ ਕੁੱਖ ਤੋਂ ਸੰਨ 1902 ਈ: ਵਿੱਚ ਸ਼ੇਰਗਿੱਲ ਗੋਤ ਦੇ ਜੱਟ ਸਿੱਖ ਘਰਾਣੇ ਵਿੱਚ ਹੋਇਆ। ਪਿਤਾ ਪੁਰਖੀ ਕਿੱਤੇ ਅਨੁਸਾਰ ਆਪ ਬਚਪਨ ਤੋਂ ਹੀ ਪਿਤਾ ਜੀ ਨਾਲ ਖੇਤੀਬਾੜੀ ਦੇ ਕੰਮ ਵਿੱਚ ਹੱਥ ਵਟਾਉਣ ਲੱਗੇ। ਪੂਰਬ ਜਨਮਾਂ ਦੇ ਸੰਸਕਾਰ ਕੁਝ ਸੰਤ ਸੇਵਾ ਦੇ ਹੋਣ ਕਰਕੇ ਆਪ ਜੀ ਨੂੰ ਜਵਾਨ ਉਮਰ ਵਿੱਚ ਹੀ ਇੱਕ ਵਿਰੱਕਤ ਮਹਾਤਮਾ ਸੰਤ ਬਾਬਾ ਬਸੰਤ ਸਿੰਘ ਜੀ ਦਾ ਸੰਗ ਪ੍ਰਾਪਤ ਹੋ ਗਿਆ। ਸੰਤ ਬਾਬਾ ਬਸੰਤ ਸਿੰਘ ਜੀ ਵਿਰੱਕਤ ਦਾ ਸਰੀਰ ਦਾ ਭਾਵੇਂ ਪਿੰਡ ਘੁਡਾਣੀ, ਘਲੋਟੀ ਜ਼ਿਲ੍ਹਾ ਲੁਧਿਆਣਾ ਦਾ ਸੀ, ਲੇਕਿਨ ਅੰਨਜਲ ਜਾਂ ਕਿਸੇ ਸੰਜੋਗ ਦੇ ਵਸ ਆਪ ਜੀ ਰਹਿੰਦੇ ਲਾਂਡਰਾਂ ਪਿੰਡ ਹੀ ਸਨ। ਇਸ ਪ੍ਰਕਾਰ ਸੰਤ ਬਸੰਤ ਸਿੰਘ ਜੀ ਦੇ ਲਾਂਡਰਾਂ ਨਿਵਾਸ

ਦੌਰਾਨ 'ਧਰਮ ਸਿੰਘ ਜੀ ਨੇ ਬਹੁਤ ਪ੍ਰੇਮ ਨਾਲ ਸੇਵਾ ਕੀਤੀ। ਸੇਵਾ ਦੌਰਾਨ ਹੀ ਮਹਾਂਪੁਰਸ਼ਾਂ ਨੇ ਆਪ ਨੂੰ ਪੰਜਾਬੀ ਅੱਖਰ ਅਤੇ ਗੁਰਬਾਣੀ ਦੀ ਸੰਥਯਾ ਕਰਵਾਈ। ਸਮਾਂ ਆਪਣੀ ਰਫ਼ਤਾਰ ਗੁਜ਼ਰਦਾ ਗਿਆ, ਫਿਰ ਕਿਸੇ ਕਾਰਨਵਸ ਧਰਮ ਸਿੰਘ ਜੀ ਸੰਨ 1945 ਦੇ ਅਖੀਰ ਵਿੱਚ ਘਰ-ਬਾਰ ਦਾ ਤਿਆਗ ਕਰਕੇ ਰਿਸ਼ੀਕੇਸ਼ ਪਹੁੰਚ ਗਏ। ਇੱਥੇ ਆ ਕੇ ਸੰਤ ਕਰਤਾਰ ਸਿੰਘ ਜੀ ਤੋਂ ਦੀਕਸ਼ਾ ਪ੍ਰਾਪਤ ਕੀਤੀ ਜੋ ਕਿ ਮਹੰਤ ਬਾਬਾ ਬੁੱਢਾ ਸਿੰਘ ਜੀ ਦੇ ਸ਼ਿਸ਼ ਹੀ ਸਨ। ਉਨ੍ਹਾਂ ਤੋਂ ਆਪ ਨੇ ਸ਼ਿਸ਼ ਭਾਵ ਗ੍ਰਹਿਣ ਕੀਤਾ, ਬਸ ਫਿਰ ਨਿਰਮਲ ਆਸ਼ਰਮ ਦੀ ਸੇਵਾ ਵਿੱਚ ਜੁੱਟ ਗਏ। ਕਾਫੀ ਸਮਾਂ ਤਾਂ ਗਊਆਂ ਦੀ ਸੰਭਾਲ ਕਿਵੇਂ ਚਾਰਾ ਪੱਠਾ ਪਾਉਣਾ, ਦੁੱਧ ਚੋਣਾ ਅਤੇ ਦੁੱਧ ਰਿੜਕਣਾ ਇਤਿਆਦਿਕ ਸੇਵਾ ਸੰਭਾਲ ਦੇ ਨਾਲ-ਨਾਲ ਲੰਗਰ ਦੀ ਸੇਵਾ ਵੀ ਕਰਦੇ ਰਹੇ। ਫਿਰ ਕੁਝ ਸਮਾਂ ਪੂਜਯ ਵਿਰੱਕਤ ਮਹਾਰਾਜ ਨਿੱਕਾ ਸਿੰਘ ਜੀਆਂ ਨਾਲ ਯਾਤਰਾ ਤੇ ਵੀ ਵਿਚਰਦੇ ਰਹੇ। ਇਸ ਪ੍ਰਕਾਰ ਸਰੀਰ ਦੇ ਆਖਰੀ ਸਮੇਂ ਤੱਕ ਕਿਸੇ ਨਾ ਕਿਸੇ ਰੂਪ ਵਿੱਚ ਨਿਰਮਲ ਆਸ਼ਰਮ ਦੀ ਸੇਵਾ ਨਾਲ ਜੁੜੇ ਰਹੇ। ਫਿਰ ਵਕਤੇ ਅਖੀਰ, ਜਦੋਂ ਸਰੀਰ ਕਾਫੀ ਬੁਢੇਪੇ ਦਾ ਸ਼ਿਕਾਰ ਹੋ ਗਿਆ, ਤਾਂ ਨਿਰਮਲ ਆਸ਼ਰਮ ਦੇ ਹੀ ਅਸਥਾਨ ਖੋਖ ਕੁਟੀਆ ਪਹੁੰਚ ਗਏ। ਅੰਨਜਲ ਦਾ ਸੰਜੋਗ ਅਤੇ ਖੋਖ ਕੋਟਲੀ ਪਿੰਡਾਂ ਦੀ ਸੰਗਤ ਦੇ ਪ੍ਰੇਮਵਸ ਕੋਈ ਦੋ ਕੁ ਸਾਲ ਦਾ ਸਮਾਂ ਇੱਥੇ ਗੁਜਾਰ ਕੇ ਆਖਰ—**ਰਾਣਾ ਰਉ ਨ ਕੋ ਰਹੈ** ਦੇ ਮਹਾਂਵਾਕ ਅਨੁਸਾਰ ਇੱਕ ਜੂਨ 1994, ਜੇਠ ਵਦੀ ਅੱਠ ਨੂੰ ਆਪਣਾ ਪੰਜ ਭੌਤਿਕ ਚੋਲਾ ਖੋਖ ਕੁਟੀਆ ਹੀ ਤਿਆਗ ਗਏ। ਮਹਾਂਪੁਰਸ਼ਾਂ ਦੇ ਹੁਕਮ ਅਨੁਸਾਰ ਆਪ ਦੇ ਸਰੀਰ ਨੂੰ ਖੋਖ ਕੋਟਲੀ ਨਿਵਾਸੀ ਸੰਗਤਾਂ ਰਿਸ਼ੀਕੇਸ਼ ਲੈ ਆਈਆਂ ਜਿਸ ਦੀ ਅੰਤਿਮ ਯਾਤਰਾ ਗੰਗਾ ਦੀ ਗੋਦ ਵਿੱਚ ਸੁਲਾ ਕੇ ਸੰਪੂਰਨ ਕਰ ਦਿੱਤੀ ਗਈ। ਆਪ ਜੀ ਦੀ ਯਾਦ ਵਿੱਚ ਗੁਰੂ ਮਰਿਆਦਾ ਅਨੁਸਾਰ ਇਲਾਹੀ ਬਾਣੀ ਦੇ ਪਾਠ ਸਾਹਿਬ ਦੇ ਭੋਗ ਉਪਰੰਤ ਗੁਰੂ ਕੇ ਲੰਗਰ ਦੇ ਖੁੱਲ੍ਹੇ ਭੰਡਾਰੇ ਵਰਤਾਏ ਗਏ।

## ਅਦਰਸ਼ਕ ਸ਼ਾਦੀਆਂ

ਜ਼ਿਕਰ ਸੰਨ, 1994 ਈ: ਦਾ ਹੈ ਜਦੋਂ ਆਪ ਜੀ ਨੇ ਕਨਖਲ ਅਤੇ ਰਿਸ਼ੀਕੇਸ਼ ਦੀਆਂ ਬਰਸੀਆਂ ਦੀ ਸੰਪੂਰਨਤਾ ਤੋਂ ਬਾਅਦ ਧਰਮ ਪ੍ਰਚਾਰ ਲਈ ਯਾਤਰਾ ਆਰੰਭ ਕੀਤੀ। ਬਰਸੀਆਂ ਤੋਂ ਬਾਅਦ ਸਭ ਤੋਂ ਪਹਿਲੀ ਯਾਤਰਾ ਹਰ ਸਾਲ ਖੋਖ ਕੋਟਲੀ ਪਿੰਡ ਤੋਂ ਹੀ ਸ਼ੁਰੂ ਹੁੰਦੀ ਹੈ ਕਿਉਂਕਿ ਰਿਸ਼ੀਕੇਸ਼ ਵਾਲੀ ਬਰਸੀ ਤੋਂ ਛੇ ਕੁ ਦਿਨਾਂ ਬਾਅਦ ਅੱਸੂ ਦੀ ਪੂਰਨਮਾਸ਼ੀ ਵਾਲੇ ਦਿਨ ਖੋਖ ਕੋਟਲੀ ਪਿੰਡ ਵਿੱਚ ਬਾਬਾ ਬੇਅੰਤ ਸਿੰਘ ਜੀ ਦੀ ਬਰਸੀ ਮਨਾਈ ਜਾਂਦੀ ਹੈ। ਇਸ ਲਈ ਹਰ ਸਾਲ ਦੀ ਤਰ੍ਹਾਂ ਆਪ ਜੀ ਨੀਯਤ ਦਿਨ ਤੇ ਯਾਨੀ 18-10-1994 ਨੂੰ ਖੋਖ ਨਗਰ ਪਹੁੰਚ ਗਏ, ਕਿਉਂਕਿ ਬਰਸੀ ਦੀ ਸੰਪੂਰਨਤਾ ਕੱਲ੍ਹ ਉੱਨੀ ਤਾਰੀਖ ਨੂੰ ਹੋਣੀ ਹੈ। ਖੋਖ, ਕੋਟਲੀ ਪਿੰਡਾਂ ਦੀ ਸੰਗਤ ਨੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬਹੁਤ ਹੀ ਪ੍ਰੇਮ ਅਤੇ ਸ਼ਰਧਾਂ ਭਾਵਨਾ ਨਾਲ ਮਹਾਂਪੁਰਸ਼ਾਂ ਦੀ ਸਾਲਾਨਾ ਯਾਦ ਮਨਾਈ। ਪ੍ਰੇਮੀ ਪਿੰਡਾਂ ਦੀ ਸੰਗਤ ਵੱਲੋਂ ਮਹਾਂਪੁਰਸ਼ਾਂ ਦੀ ਯਾਦ ਵਿੱਚ ਜਿੱਥੇ ਸਤ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ ਉੱਥੇ ਤਿੰਨੋਂ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਦੇ ਰਹੇ।

ਇਸੇ ਸਮਾਗਮ ਦੌਰਾਨ ਸ੍ਰ: ਹਰਨੇਕ ਸਿੰਘ ਖੋਖ ਨੇ ਅਰਜ਼ ਕੀਤੀ, ਮਹਾਰਾਜ! ਮੈਂ ਆਪਣੇ ਬੇਟੇ ਦੀ ਸ਼ਾਦੀ ਕਰਨੀ ਹੈ, ਆਪ ਕ੍ਰਿਪਾ ਕਰਕੇ ਕੋਈ ਤਾਰੀਖ ਬਖਸ਼ ਦਿਉ, ਤਾਂ ਕਿ ਆਪ ਜੀ ਦੇ ਪਵਿੱਤਰ ਚਰਨਾਂ ਦੀ ਹਾਜ਼ਰੀ ਵਿੱਚ ਹੀ ਸ਼ਾਦੀ ਦਾ ਕਾਰਜ ਕੀਤਾ ਜਾਵੇ। ਪ੍ਰੇਮੀ ਦੀ ਬੇਨਤੀ ਸੁਣ ਕੇ ਮਹਾਂਪੁਰਸ਼ ਚੁੱਪ ਰਹੇ। ਮਾਨੋਂ ਆਪ ਦੀ ਪ੍ਰੇਮ ਅਤੇ ਰਸ ਭਰੀ ਚੁੱਪ ਹੀ ਇਸ਼ਾਰੇ ਦੁਆਰਾ ਕਹਿ ਰਹੀ ਹੈ ਕਿ ਤੂੰ ਕਿਉਂ ਚਿੰਤਾ ਕਰਦਾ ਹੈਂ, ਭਾਈ! ਜਿਸ ਪਰਮੇਸ਼ਰ ਨੇ ਸ੍ਰਿਸ਼ਟੀ ਦੀ ਸਾਜਨਾ ਕੀਤੀ ਹੈ ਉਸਨੇ ਜੀਵਾਂ ਦੇ ਕਰਮਾਂ ਅਨੁਸਾਰ ਸਾਰੇ ਸੰਜੋਗ ਵੀ ਪਹਿਲਾਂ ਹੀ ਲਿਖ ਦਿੱਤੇ ਹਨ, ਜੋ ਸਮੇਂ-ਸਮੇਂ ਪ੍ਰਗਟ ਹੁੰਦੇ ਰਹਿੰਦੇ ਹਨ। ਬਰਸੀ ਸਮਾਗਮ ਦੀ ਸੰਪੂਰਨਤਾ ਤੋਂ ਬਾਅਦ ਸ੍ਰ: ਕਰਮ ਸਿੰਘ ਸਰਪੰਚ ਕੋਟਲੀ ਨੇ ਅਰਜ਼ ਕੀਤੀ, ਮਹਾਰਾਜ! ਮੇਰੇ ਭਰਾ ਅਮਰ ਸਿੰਘ ਦੇ ਬੇਟੇ ਦੀ ਸ਼ਾਦੀ ਕਰਨੀ ਹੈ ਕ੍ਰਿਪਾ ਕਰਕੇ ਆਪ ਕੋਈ ਤਾਰੀਖ ਬਖਸ਼ਿਸ਼ ਕਰ ਦਿਉ! ਕਰਮ ਸਿੰਘ ਜੀ ਦੀ ਅਰਜ਼ ਸੁਣ ਕੇ ਹਜ਼ੂਰ ਕੁਝ ਦੇਰ ਚੁੱਪ ਬੈਠੇ ਰਹੇ, ਮਾਨੋਂ ਸ਼ਾਦੀਆਂ ਵਾਲਾ ਰਿਕਾਰਡ ਦੇਖ ਰਹੇ ਹਨ। ਹੁਣੇ ਕੁਝ ਸਮੇਂ ਬਾਅਦ ਕਰਮ ਸਿੰਘ ਨੂੰ ਹੁਕਮ ਕੀਤਾ, ਕਿ ਜੇ ਤੁਹਾਡੇ ਲੜਕੇ ਦੀ ਸ਼ਾਦੀ ਇਸੇ ਕੁਟੀਆ ਹੁਣ ਹੀ ਕਰ ਦੇਈਏ ਤਾਂ ਤੁਹਾਨੂੰ ਅਤੇ ਲੜਕੀ ਵਾਲਿਆਂ ਨੂੰ ਕੋਈ ਇਤਰਾਜ ਤਾਂ ਨਹੀਂ? ਕਰਮ ਸਿੰਘ ਨੇ ਅਰਜ਼ ਕੀਤੀ, ਮਹਾਰਾਜ! ਜਿਵੇਂ ਆਪ ਜੀ ਦਾ ਹੁਕਮ! ਹੁਣ ਆਪ ਜੀ ਨੇ ਹੁਕਮ ਕੀਤਾ, ਕਿ ਹਰਨੇਕ ਸਿੰਘ ਵੀ ਕੱਲ੍ਹ ਅਰਜ਼ ਕਰ ਰਿਹਾ ਸੀ ਆਪਣੇ

ਲੜਕੇ ਦੀ ਸ਼ਾਦੀ ਵਾਸਤੇ, ਉਸਨੂੰ ਵੀ ਬੁਲਾਉ! ਹਜ਼ੂਰ ਨੇ ਹਰਨੇਕ ਸਿੰਘ ਨੂੰ ਹੁਕਮ ਕੀਤਾ, ਅਗਰ ਤੁਹਾਡੇ ਲੜਕੇ ਦੀ ਸ਼ਾਦੀ ਇੱਥੇ ਹੁਣ ਹੀ ਕਰ ਦੇਈਏ ਤਾਂ ਤੁਹਾਨੂੰ ਅਤੇ ਲੜਕੀ ਵਾਲਿਆਂ ਨੂੰ ਕੋਈ ਇਤਰਾਜ ਤਾਂ ਨਹੀਂ? ਹਰਨੇਕ ਸਿੰਘ ਨੇ ਅਰਜ਼ ਕੀਤੀ, ਮਹਾਰਾਜ ਬਹੁਤ ਖੁਸ਼ੀ ਹੋਵੇਗੀ ਆਪ ਜੀ ਦੇ ਪਵਿੱਤਰ ਚਰਨਾਂ ਵਿੱਚ ਸ਼ਾਦੀ ਕਰਕੇ! ਹਜ਼ੂਰ ਨੇ ਜੱਥੇਦਾਰ ਨਛੱਤਰ ਸਿੰਘ ਜੀ ਨੂੰ ਬੁਲਾ ਕੇ ਹੁਕਮ ਕਰ ਦਿੱਤਾ, ਕਿ ਇਨ੍ਹਾਂ ਨੇ ਆਪਣੇ ਬੱਚਿਆਂ ਦੀਆਂ ਸ਼ਾਦੀਆਂ ਕਰਨੀਆਂ ਹਨ। ਇਸ ਲਈ ਹੋਰ ਵੀ ਕੋਈ ਕਰਨਾ ਚਾਹੁੰਦਾ ਹੈ ਤਾਂ ਸਭ ਨੂੰ ਦੱਸ ਦਿਉ! ਜਿਤਨੇ ਲੋਕ ਸ਼ਾਦੀਆਂ ਕਰਨੀਆਂ ਚਾਹੁਣ ਕੱਲ੍ਹ ਬਾਈ ਤਾਰੀਖ ਨੂੰ ਉਤਨੇ ਸ੍ਰੀ ਅਖੰਡ ਪਾਠ ਸਾਹਿਬ ਪਰਾਰੰਭ ਕਰ ਲਉ! ਚੌਵੀ ਤਾਰੀਖ ਵਾਲੇ ਦਿਨ ਭੋਗ ਉਪਰੰਤ ਇੱਥੇ ਹੀ ਸ਼ਾਦੀਆਂ ਕਰ ਲੈਣੀਆਂ! ਅਨੰਦ ਕਾਰਜ ਕਰਵਾਉਣ ਲਈ ਕਿਸੇ ਰਾਗੀ ਜੱਥੇ ਨੂੰ ਆਖ ਦਿਉ! ਅਤੇ ਉਸ ਦਿਨ ਖੁੱਲ੍ਹਾ ਲੰਗਰ ਤਿਆਰ ਕਰੋ, ਤਾਂ ਕੇ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਕਰਨ ਵਾਲੇ ਪਰਿਵਾਰ ਅਤੇ ਉਨ੍ਹਾਂ ਦੇ ਸੰਬੰਧੀ, ਹੋਰ ਵੀ ਜਿਤਨੀਆਂ ਗੁਰੂ ਦੀਆਂ ਸੰਗਤਾਂ ਅਤੇ ਲੋੜਵੰਦ ਲੋਕ ਆਉਣ ਗੁਰੂ ਕੇ ਲੰਗਰ ਵਿੱਚ ਪ੍ਰਸ਼ਾਦਾ ਛਕ ਕੇ ਗੁਰੂ ਨਾਨਕ ਦਾ ਜਸ ਕਰਦੇ ਜਾਣ।

ਇਸ ਗੱਲ ਦਾ ਜਦੋਂ ਆਮ ਸੰਗਤਾਂ ਵਿੱਚ ਪਤਾ ਲੱਗਿਆ, ਤਾਂ ਇੱਕ-ਇੱਕ ਕਰਕੇ ਦਸ ਸ਼ਾਦੀਆਂ ਹੋਣੀਆਂ ਨੀਯਤ ਹੋ ਗਈਆਂ। ਮਹਾਂਪੁਰਸ਼ਾਂ ਦੇ ਹੁਕਮ ਅਨੁਸਾਰ ਦੂਸਰੇ ਦਿਨ ਸਵੇਰੇ ਕੁਟੀਆ ਵਿੱਚ ਸੱਤ ਸ੍ਰੀ ਅਖੰਡ ਪਾਠ ਸਾਹਿਬ ਪਰਾਰੰਭ ਹੋ ਗਏ। ਤੀਸਰੇ ਦਿਨ ਯਾਨੀ ਚੌਵੀ ਅਕਤੂਬਰ 1994 ਵਾਲੇ ਦਿਨ ਕਾਫੀ ਸੰਗਤਾਂ ਦੀ ਹਾਜ਼ਰੀ ਵਿੱਚ ਭੋਗ ਪਾਏ ਗਏ। ਉਸ ਸਮੇਂ ਤੱਕ ਸ਼ਾਦੀਆਂ ਕਰਨ ਵਾਲੇ ਵੀ ਸਾਰੇ ਪਰਿਵਾਰ ਆਪਣੇ ਸਕੇ ਸੰਬੰਧੀਆਂ ਨੂੰ ਲੈ ਕੇ ਖੋਖ ਕੁਟੀਆ ਪਹੁੰਚ ਗਏ। ਭਾਈ ਸਾਹਿਬ ਭਾਈ ਮੁਖਤਿਆਰ ਸਿੰਘ ਜੀ ਨਾਭੇ ਵਾਲਿਆਂ ਨੇ ਇਲਾਹੀ ਬਾਣੀ ਦੇ ਕੀਰਤਨ ਦੁਆਰਾ ਸਮੇਂ ਅਨੁਸਾਰ ਢੁੱਕਵੇਂ ਸ਼ਬਦ ਪੜ੍ਹ ਕੇ ਲਾਵਾਂ ਦੇ ਪਾਠ ਦੁਆਰਾ ਸ਼ਾਦੀਆਂ ਦੇ ਕਾਰਜ ਦੀ ਰਸਮ ਸੰਪੰਨ ਕੀਤੀ। ਜਿਨ੍ਹਾਂ-ਜਿਨ੍ਹਾਂ ਵੱਡਭਾਗੇ ਜੀਵਾਂ ਨੂੰ ਇਸ ਸਮੇਂ ਮਹਾਂਪੁਰਸ਼ਾਂ ਦੀ ਪਵਿੱਤਰ ਹਜ਼ੂਰੀ ਅਤੇ ਸਿੱਧ ਪੁਰਸ਼ਾਂ ਦੇ ਪਾਵਨ ਅਸਥਾਨ ਤੇ ਸ਼ਾਦੀ ਕਰਵਾਉਣ ਦਾ ਸੁਭਾਗ ਪ੍ਰਾਪਤ ਹੋਇਆ ਉਨ੍ਹਾਂ ਦਾ ਜ਼ਿਕਰ ਕੁਝ ਇਉਂ ਹੈ—

| | | |
|---|---|---|
| 1. | ਕਾਕਾ ਸੁਖਦੇਵ ਸਿੰਘ | ਬੀਬੀ ਰਾਜਿੰਦਰ ਕੌਰ |
| 2. | ਕਾਕਾ ਸੁਖਪਾਲ ਸਿੰਘ | ਬੀਬੀ ਗੁਰਪ੍ਰੀਤ ਕੌਰ |
| 3. | ਕਾਕਾ ਕੁਲਦੀਪ ਸਿੰਘ | ਬੀਬੀ ਗੁਰਮੀਤ ਕੌਰ |
| 4. | ਕਾਕਾ ਗੁਰਵੰਤ ਸਿੰਘ | ਬੀਬੀ ਪਰਮਜੀਤ ਕੌਰ |
| 5. | ਕਾਕਾ ਰਣਧੀਰ ਸਿੰਘ | ਬੀਬੀ ਪਰਮਜੀਤ ਕੌਰ |
| 6. | ਕਾਕਾ ਰਾਜਿੰਦਰ ਸਿੰਘ | ਬੀਬੀ ਅਮਰਜੀਤ ਕੌਰ |
| 7. | ਕਾਕਾ ਮਲਕੀਤ ਸਿੰਘ | ਬੀਬੀ ਕਰਮਜੀਤ ਕੌਰ |
| 8. | ਕਾਕਾ ਮੱਖਣ ਸਿੰਘ | ਬੀਬੀ ਕੁਲਦੀਪ ਕੌਰ |
| 9. | ਕਾਕਾ ਗੁਰਚਰਨ ਸਿੰਘ | ਬੀਬੀ ਹਰਵਿੰਦਰ ਕੌਰ |
| 10. | ਕਾਕਾ ਗੁਰਪ੍ਰੀਤ ਸਿੰਘ | ਬੀਬੀ ਕੁਲਵੰਤ ਕੌਰ |

ਇਸ ਤਰ੍ਹਾਂ ਸ਼ਾਦੀਆਂ ਦੀ ਰਸਮ ਸੰਪੂਰਨ ਹੋਣ ਤੇ ਗੁਰੂ ਕੇ ਲੰਗਰ ਦੇ ਅਤੁੱਟ ਭੰਡਾਰੇ ਵਰਤੇ, ਜਿਸ ਵਿੱਚ ਸ਼ਾਦੀਆਂ ਵਾਲੇ ਧੇਤੇ, ਪਤੇਤੇ ਅਤੇ ਦੂਰੋਂ ਨੇੜਿਓਂ ਆਈਆਂ ਸਭ ਸੰਗਤਾਂ ਨੇ ਬੜੇ ਪ੍ਰੇਮ ਨਾਲ ਛਕਿਆ। ਇਉਂ ਪਰਉਪਕਾਰੀ ਮਹਾਂਪੁਰਸ਼ ਬਗੈਰ ਕੋਈ ਪੈਸਾ ਖ਼ਰਚ ਕਰਵਾਏ 20 ਘਰਾਂ ਦੇ ਕਾਰਜ ਰਾਸ ਕਰਕੇ ਅਤੇ ਕਈ ਹੋਰਾਂ ਨੂੰ ਸੁਖਦਾਈ ਜੀਵਨ ਜੀਣ ਦੀ ਜਾਂਚ ਸਿਖਾ ਕੇ ਕਿਸੇ ਹੋਰ ਤਪਦੀ ਭੂਮੀ ਨੂੰ ਤਾਰਨ ਲਈ ਚੱਲਦੇ ਦਰਿਆ ਦੀ ਤਰ੍ਹਾਂ ਅੱਗੇ ਨੂੰ ਰਵਦੇ ਹੋਏ।

## ਕਰਨਾਲ ਕੁਟੀਆ ਦੇ ਇਕੋਤਰੀਆਂ

ਕਰਨਾਲ ਦੀਵਾਲੀ ਦੇ ਮਹਾਮ ਸਮਾਗਮ ਦੀ ਸਫ਼ਲਤਾ ਤੋਂ ਬਾਅਦ ਕਰਨਾਲ ਨਿਵਾਸੀ ਸੰਗਤਾਂ ਦੇ ਮਨਾਂ ਵਿੱਚ ਇਹ ਸੰਕਲਪ ਹਮੇਸ਼ਾਂ ਬਣਿਆ ਰਹਿੰਦਾ ਹੈ ਕਿ ਕਦੋਂ ਕਿਸੇ ਪਰਉਪਕਾਰ ਦੇ ਵੱਡੇ ਸਮਾਗਮ ਦੀ ਰਚਨਾ ਹੋਵੇ ਤੇ ਸਾਨੂੰ

ਸੇਵਾ ਦਾ ਵੱਡਾ ਅਵਸਰ ਪ੍ਰਾਪਤ ਹੋਵੇ। ਇਹ ਸੋਚ ਹਮੇਸ਼ਾਂ ਬਣੀ ਹੀ ਰਹਿੰਦੀ ਹੈ। ਜ਼ਿਕਰ 1994 ਦੇ ਜੁਲਾਈ ਮਹੀਨੇ ਦਾ ਹੈ ਜਦੋਂ ਸੱਚਖੰਡ ਵਾਸੀ ਪਰਮ ਪੂਜਯ ਸ੍ਰੀਮਾਨ ੧੦੮ ਸੰਤ ਬਾਬਾ ਨਿੱਕਾ ਸਿੰਘ ਵਿਰੱਕਤ ਮਹਾਰਾਜ ਜੀਆਂ ਦੀ ਸਾਲਾਨਾ ਯਾਦ, ਉਨ੍ਹਾਂ ਦੇ ਅਭੇਦ ਸਰੂਪ ਮਹੰਤ ਬਾਬਾ ਰਾਮ ਸਿੰਘ ਮਹਾਰਾਜ ਜੀਆਂ ਦੀ ਪਰਮ ਪਵਿੱਤਰ ਸਪ੍ਰਸਤੀ ਹੇਠ ਹਰ ਸਾਲ ਦੀ ਤਰ੍ਹਾਂ ਕਰਨਾਲ ਕੁਟੀਆ ਮਨਾਈ ਜਾ ਰਹੀ ਹੈ। ਬਰਸੀ ਸਮਾਗਮ ਦੇ ਦੌਰਾਨ ਹੀ ਸ੍ਰੀ ਤਰਜੀਤ ਸਿੰਘ ਜੀ ਨਰੂਲਾ, ਸ੍ਰ: ਸੁਰਿੰਦਰ ਸਿੰਘ ਜੀ ਸਚਦੇਵਾ, ਸ੍ਰ: ਕੰਵਰਜੀਤ ਸਿੰਘ ਜੀ ਭਸੀਨ ਇਤਿਆਦਿਕ ਪ੍ਰਬੰਧਕ ਸੱਜਣਾ ਨੇ ਪੂਜਯ ਮਹੰਤ ਮਹਾਰਾਜ ਜੀਆਂ ਦੇ ਚਰਨਾਂ ਵਿੱਚ ਬੇਨਤੀ ਕੀਤੀ, ਮਹਾਰਾਜ! ਅੱਗੇ ਦੋ ਸਮਾਗਮ ਇਕੱਠੇ ਆ ਰਹੇ ਹਨ, ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀਆਂ ਦਾ ਪਵਿੱਤਰ ਅਵਤਾਰ ਦਿਵਸ, ਤੇ ਸੰਤ ਮਹਾਰਾਜ ਭਗਤ ਸਿੰਘ ਜੀ ਦੀ ਸਾਲਾਨਾ ਬਰਸੀ। ਉਸ ਪਵਿੱਤਰ ਦਿਹਾੜੇ ਤੇ ਕਿਤਨੇ ਸ੍ਰੀ ਅਖੰਡ ਪਾਠ ਸਾਹਿਬ ਰੱਖਣ ਦੀ ਤਿਆਰੀ ਕਰੀਏ?

ਹਜ਼ੂਰ ਬੋਲੇ, ਭਾਈ ਜਿਤਨੇ ਸੌਖੇ ਕਰ ਸਕਦੇ ਹੋਂ ਉਤਨੇ ਰੱਖ ਲੈਣੇ। ਪ੍ਰਬੰਧਕਾਂ ਨੇ ਖੁੱਲ੍ਹਾ ਇਸ਼ਾਰਾ ਸਮਝ ਕੇ ਲਿਖਣੇ ਸ਼ੁਰੂ ਕਰ ਦਿੱਤੇ। ਜਦੋਂ ਪਾਠ ਲਿਖਣੇ ਸ਼ੁਰੂ ਕੀਤੇ ਤਾਂ ਆਮ ਸੰਗਤਾਂ ਨੂੰ ਇੱਕ ਸਾਲ ਪਹਿਲਾਂ ਵਾਲਾ ਸੀਨ ਸਾਹਮਣੇ ਨਜ਼ਰ ਆਉਣ ਲੱਗਿਆ। ਇੱਕ ਦਿਨ ਦੇ ਵਿੱਚ ਹੀ ਸੌ ਦੇ ਕਰੀਬ ਪਾਠ ਸਾਹਿਬ ਲਿਖੇ ਗਏ, ਲੇਕਿਨ ਉਤਸ਼ਾਹ ਸਭ ਸੰਗਤਾਂ ਦੇ ਮਨਾਂ ਵਿੱਚ ਇਤਨਾ ਜਾਗ੍ਰਿਤ ਹੋ ਗਿਆ, ਕਿ ਇਹ ਸਮਾਗਮ ਪਹਿਲਾਂ ਨਾਲੋਂ ਵੱਡਾ ਹੋਣਾ ਚਾਹੀਦਾ ਹੈ। ਸ਼ਰਧਾਵਾਨ ਲੋਕ ਉਤਸ਼ਾਹ ਯੁਕਤ ਹੋਏ ਪਾਠ ਲਿਖਾਉਂਦੇ ਗਏ। ਇਉਂ ਤਿੰਨ-ਚਾਰ ਦਿਨਾਂ ਵਿੱਚ ਦੋ ਸੌ ਪਾਠ ਸਾਹਿਬ ਲਿਖੇ ਗਏ। ਮਹਾਂਪੁਰਸ਼ਾਂ ਨੇ ਹੁਕਮ ਕੀਤਾ ਬਸ ਹੁਣ ਪਾਠ ਲਿਖਣੇ ਬੰਦ ਕਰ ਦਿਉ, ਹੋਰ ਨਹੀਂ ਲਿਖਣੇ। ਕੁਟੀਆ ਵਿੱਚ ਜਗ੍ਹਾ ਮਾਪ ਲਉ ਕਿ ਕਿਤਨੇ ਪਾਠ ਇਕੱਠੇ ਰੱਖੇ ਜਾ ਸਕਦੇ ਹਨ?

ਪੂਜਯ ਸੰਤ ਬਾਬਾ ਨਿੱਕਾ ਸਿੰਘ ਮਹਾਰਾਜ ਜੀਆਂ ਦੀ ਯਾਦ ਵਿੱਚ ਬਣੀ ਬਿਲਡਿੰਗ ਦੀਆਂ ਦੋਨੋਂ ਛੱਤਾਂ ਅਤੇ ਨਾਨਕ ਦਰਬਾਰ ਵਿੱਚ ਅਗਰ ਇੱਕ ਸੌ ਇੱਕ ਪਾਠ ਸਾਹਿਬ ਆ ਜਾਂਦਾ ਹੈ, ਤਾਂ ਦੋ ਕੋਤਰੀਆਂ ਕਰ ਲਉ! ਦੋ ਸੌ ਪਾਠ ਤੁਸੀਂ ਸੰਗਤਾਂ ਦਾ ਲਿਖ ਲਿਆ ਹੈ ਅਤੇ ਦੋਨਾਂ ਕੋਤਰੀਆਂ ਵਿੱਚ ਇੱਕ-ਇੱਕ ਸਰਬਤ ਸੰਗਤ ਵੱਲੋਂ ਹੋ ਜਾਵੇਗਾ। ਪ੍ਰੇਮੀਆਂ ਨੇ ਜਗ੍ਹਾ ਮਾਪੀ ਤਾਂ ਇੱਕ ਸੌ ਇੱਕ ਅਖੰਡ ਪਾਠ ਰੱਖਣ ਲਈ ਲੋੜ ਅਨੁਸਾਰ ਪੂਰੀ ਹੋ ਗਈ। ਹਜ਼ੂਰ ਨੇ ਹੁਕਮ ਕੀਤਾ ਇੱਕ ਕੋਤਰੀ ਦਾ ਭੋਗ ਪਾ ਕੇ ਉਸੇ ਦਿਨ ਦੂਸਰੀ ਆਰੰਭ ਕਰ ਲਈ ਜਾਏਗੀ, ਜਿਸ ਦੀ ਸੰਪੂਰਨ ਸਮਾਪਤੀ ਗੁਰਪੁਰਬ ਵਾਲੇ ਦਿਨ ਕੀਤੀ ਜਾਵੇਗੀ। ਇਉਂ ਇਹ ਸਮਾਗਮ ਲਗਾਤਾਰ ਪੰਜ ਦਿਨ ਚੱਲੇਗਾ। ਲੰਗਰ ਵਰਤਾਉਣ ਵਾਸਤੇ ਗੇਟ ਦੇ ਨਾਲ ਦੀ ਜਗ੍ਹਾ ਸਾਫ ਕਰ ਲਉ ਉਸ ਵਿੱਚ ਹਜ਼ਾਰਾਂ ਬੰਦਾ ਬੈਠ ਕੇ ਲੰਗਰ ਛਕ ਲਵੇਗਾ। ਲੰਗਰ ਪਕਾਉਣ ਵਾਸਤੇ ਕੁਟੀਆ ਦੇ ਅੰਦਰ ਅਤੇ ਪਿਛਲੇ ਪਾਸੇ ਜਗ੍ਹਾ ਕਾਫੀ ਹੈ, ਅਤੇ ਕੀਰਤਨ ਪੰਡਾਲ ਗੇਟ ਤੋਂ ਬਾਹਰ ਬਾਰਾਂ ਸੈਕਟਰ ਵਿੱਚ ਬਣਾ ਲੈਣਾ। ਇਸ ਪ੍ਰਕਾਰ ਪ੍ਰੋਗਰਾਮ ਦਾ ਸਾਰਾ ਨਕਸ਼ਾ ਬਣਾ ਕੇ ਆਪ ਤਾਂ ਵਾਪਸ ਰਿਸ਼ੀਕੇਸ਼ ਆ ਗਏ, ਉੱਧਰ ਸੰਗਤਾਂ ਆਪਣੀ ਤਿਆਰੀ ਵਿੱਚ ਲੱਗ ਗਈਆਂ।

ਅਕਤੂਬਰ ਵਿੱਚ ਹਰਿਦੁਆਰ ਕਨਖਲ ਅਤੇ ਰਿਸ਼ੀਕੇਸ਼ ਦੀਆਂ ਦੋਨੋਂ ਬਰਸੀਆਂ ਬੜੇ ਸ਼ਰਧਾ ਪ੍ਰੇਮ ਅਤੇ ਉਤਸ਼ਾਹ ਨਾਲ ਮਨਾਈਆਂ ਗਈਆਂ, ਇਤਨੇ ਨੂੰ ਗੁਰੂ ਨਾਨਕ ਪੁਰਬ ਦਾ ਸਮਾਂ ਨੇੜੇ ਆ ਗਿਆ ਜਾਣਕੇ ਕਰਨਾਲ ਨਿਵਾਸੀ ਸੰਗਤਾਂ ਨੇ ਵੀ ਉਤਸ਼ਾਹ ਪੂਰਵਕ ਸਾਰੀ ਤਿਆਰੀ ਕਰ ਲਈ। ਲੰਗਰ ਛਕਾਉਣ ਵਾਲੀ ਜਗ੍ਹਾ ਕੁਟੀਆ ਦੇ ਗੇਟ ਨਜ਼ਦੀਕ ਲੈਵਲ ਕਰਕੇ ਇੱਟਾਂ ਦਾ ਪੱਕਾ ਫਰਸ਼ ਲਾ ਦਿੱਤਾ, ਅਤੇ ਜਿੱਥੇ ਲੰਗਰ ਪਕਾਉਣਾ ਹੈ ਉੱਥੇ ਵੀ ਹਰ ਪ੍ਰਕਾਰ ਦੀ ਤਿਆਰੀ ਕਰ ਲਈ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਾਸਤੇ ਇੱਕੋ ਰੰਗ ਦੇ ਇੱਕ ਸੌ ਇੱਕ ਰੁਮਾਲੇ ਦਾ ਸੈਟ ਤਿਆਰ ਕਰ ਲਿਆ ਗਿਆ। ਉੱਧਰ ਬਾਰਾਂ ਸੈਕਟਰ ਵਿੱਚ ਕੀਰਤਨ ਲਈ ਬਹੁਤ ਹੀ ਸੁੰਦਰ ਪੰਡਾਲ ਬਣਾਇਆ ਗਿਆ। ਪੂਜਯ ਮਹਾਰਾਜ ਜੀ ਸੰਗਤਾਂ ਨੂੰ ਦਿੱਤੀਆਂ ਤਾਰੀਖਾਂ ਅਨੁਸਾਰ ਜਗਤ ਉਧਾਰ ਦੀ ਕਾਰ ਕਰਦੇ ਹੋਏ ਸਮਾਗਮ ਤੋਂ ਕੁਝ ਦਿਨ ਪਹਿਲਾਂ ਕਰਨਾਲ ਪਹੁੰਚ ਗਏ। ਉੱਧਰ ਸਤਿਕਾਰ ਯੋਗ ਸੰਤ ਜੋਧ ਸਿੰਘ ਜੀ ਅਤੇ ਛੋਟੂ ਬਾਬਾ ਜੀ ਵੀ ਪ੍ਰਬੰਧ ਦੀ ਦੇਖ-ਰੇਖ ਕਰਨ ਲਈ ਰਿਸ਼ੀਕੇਸ਼ ਤੋਂ ਕਰਨਾਲ ਪਹੁੰਚ ਗਏ। ਪੰਜਾਬ ਤੋਂ ਵੀ ਪਾਠੀ ਸਿੰਘ ਅਤੇ ਹੋਰ ਸੇਵਾਦਾਰ ਸੰਗਤਾਂ ਕਾਫੀ ਗਿਣਤੀ ਵਿੱਚ ਤੇਰਾਂ ਨਵੰਬਰ ਨੂੰ ਕਰਨਾਲ ਕੁਟੀਆ ਪਹੁੰਚ ਗਈਆਂ। ਪ੍ਰਬੰਧਕਾਂ ਵੱਲੋਂ ਬਾਹਰੋਂ ਆਈਆਂ ਸੰਗਤਾਂ ਦੇ ਰਹਿਣ ਲਈ ਆਪਣੇ ਘਰਾਂ ਵਿੱਚ ਬਹੁਤ ਚੰਗਾ ਪ੍ਰਬੰਧ ਕੀਤਾ ਹੋਇਆ ਸੀ। 14 ਨਵੰਬਰ 1994 ਵਾਲੇ ਦਿਨ ਸਵੇਰੇ

ਕੀਰਤਨ ਪੰਡਾਲ ਵਿੱਚ ਦੀਵਾਨ ਸਜਿਆ, ਜਿਸ ਵਿੱਚ ਸਵੇਰੇ ਅੱਠ ਵਜੇ ਤੋਂ ਸਾਢੇ ਨੌਂ ਵਜੇ ਤੱਕ ਭਾਈ ਜਸਵਿੰਦਰ ਸਿੰਘ ਜੀ ਟੈਕਸਲਾ ਟੀ.ਵੀ. ਵਾਲਿਆਂ ਨੇ ਬਹੁਤ ਰਸ ਭਿੰਨਾ ਕੀਰਤਨ ਕੀਤਾ। ਠੀਕ ਦਸ ਵਜੇ ਪਹਿਲੀ ਕੋਤਰੀ ਯਾਨੀ ਇੱਕ ਸੌ ਇੱਕ ਸ੍ਰੀ ਅਖੰਡ ਪਾਠ ਸਾਹਿਬ ਪਰਾਰੰਭ ਹੋਏ। ਕੋਤਰੀ ਦੀ ਆਰੰਭਤਾ ਪੂਜਯ ਮਹਾਰਾਜ ਜੀਆਂ ਨੇ ਪਵਿੱਤਰ ਹੁਕਮਨਾਮਾ ਲੈ ਕੇ ਆਪ ਕੀਤੀ। ਨਾਨਕ ਦਰਬਾਰ ਅਤੇ ਵਿਰੱਕਤ ਮਹਾਰਾਜ ਜੀਆਂ ਦੀ ਯਾਦਗਾਰੀ ਇਮਾਰਤ ਵਿੱਚ ਇੱਕ ਸੌ ਇੱਕ ਸ੍ਰੀ ਅਖੰਡ ਪਾਠ ਸਾਹਿਬ, ਸਭ ਉੱਪਰ ਇੱਕੋ ਰੰਗ ਦੇ ਸੁੰਦਰ ਦਰਸ਼ਨੀ ਰੁਮਾਲਾਂ ਨਾਲ ਬਹੁਤ ਮਨਮੋਹਕ ਦ੍ਰਿਸ਼ ਬਣਿਆ ਹੋਇਆ ਹੈ। ਦੂਸਰੀ ਤਰਫ਼ ਗੁਰੂ ਕਾ ਲੰਗਰ ਅਤੁੱਟ ਵਰਤ ਰਿਹਾ ਹੈ ਅਤੇ ਸੈਂਕੜੇ ਬੰਦੇ ਲੰਗਰ ਬਣਾਉਣ, ਸਬਜ਼ੀ ਕੱਟਣ ਅਤੇ ਬਰਤਨ ਸਾਫ ਕਰਨ ਇਤਿਆਦਿਕ ਸੇਵਾਵਾਂ ਵਿੱਚ ਲੱਗੇ ਹੋਏ ਹਨ। ਹੁਣ ਸ਼ਾਮ ਨੂੰ ਪੰਜ ਵਜੇ ਕੀਰਤਨ ਪੰਡਾਲ ਵਿੱਚ ਦੀਵਾਨ ਸ਼ੁਰੂ ਹੋਇਆ, ਜਿਸ ਵਿੱਚ ਸਭ ਤੋਂ ਪਹਿਲਾਂ ਸੰਗਤਾਂ ਨੇ ਮਿਲਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ, ਫਿਰ ਪੌਣਾ ਘੰਟਾ ਯਾਨੀ ਸ਼ਾਮ ਦੇ ਸਤ ਵਜੇ ਤੱਕ ਬੀਬੀ ਹਰਮਿੰਦਰ ਕੌਰ ਕਰਨਾਲ ਵਾਲਿਆਂ ਨੇ ਰਸ ਭਿੰਨਾ ਕੀਰਤਨ ਕੀਤਾ। ਸੱਤ ਤੋਂ ਅੱਠ ਵਜੇ ਤੱਕ ਭਾਈ ਸਾਹਿਬ ਭਾਈ ਰਣਜੀਤ ਸਿੰਘ ਜੀ ਗੁਰਦੁਆਰਾ ਸਾਹਿਬ ਮਾਡਲ ਟਾਊਨ ਕਰਨਾਲ ਵਾਲਿਆਂ ਨੇ ਸ਼ਬਦ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਹੁਣ ਭਾਈ ਸਾਹਿਬ ਭਾਈ ਸੁਨੀਲ ਕੁਮਾਰ ਜੀ ਅਰੋੜਾ ਹਰਿਦੁਆਰ ਵਾਲਿਆਂ ਨੇ ਇੱਕ ਘੰਟਾ ਰੱਬੀ ਬਾਣੀ ਦੇ ਕੀਰਤਨ ਦੁਆਰਾ ਅੰਮ੍ਰਿਤਮਈ ਵਰਸ਼ਾ ਕੀਤੀ। ਨੌਂ ਵਜੇ ਆਰਤੀ ਸ਼ੁਰੂ ਕਰਕੇ ਸਾਢੇ ਨੌਂ ਵਜੇ ਅੱਜ ਦੇ ਸਮਾਗਮ ਸਮਾਪਤੀ ਦੀ ਅਰਦਾਸ ਕੀਤੀ ਗਈ। ਦੂਸਰੇ ਦਿਨ ਪੰਦਰਾਂ ਨਵੰਬਰ ਨੂੰ ਸਵੇਰ ਛੇ ਤੋਂ ਅੱਠ ਵਜੇ ਤੱਕ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਬੀਬੀ ਹਰਮਿੰਦਰ ਕੌਰ ਵੱਲੋਂ ਕੀਤਾ ਗਿਆ। ਉਪਰੰਤ ਠੀਕ ਅੱਠ ਵਜੇ ਪਹਿਲੀ ਕੋਤਰੀ ਦੀ ਮੱਧ ਦੀ ਅਰਦਾਸ ਕੀਤੀ ਗਈ। ਸਾਢੇ ਅੱਠ ਤੋਂ ਦਸ ਵਜੇ ਤੱਕ ਫਿਰ ਕੀਰਤਨ ਪੰਡਾਲ ਵਿੱਚ ਦੀਵਾਨ ਸਜਿਆ, ਜਿਸ ਵਿੱਚ ਭਾਈ ਰਣਜੀਤ ਸਿੰਘ ਮਾਡਲ ਟਾਊਨ ਦੇ ਰਾਗੀ ਜੱਥੇ ਨੇ ਇਲਾਹੀ ਬਾਣੀ ਦੇ ਕੀਰਤਨ ਰਾਹੀਂ ਜਸ ਗਾਇਨ ਕੀਤੇ। ਨਿਯਮ ਬੱਧ ਸਮੇਂ ਅਨੁਸਾਰ ਸ਼ਾਮ ਨੂੰ ਪੰਜ ਵਜੇ ਫਿਰ ਦੀਵਾਨ ਸਜਾਇਆ ਗਿਆ ਜਿਸ ਵਿੱਚ ਸਭ ਤੋਂ ਪਹਿਲਾਂ ਰੋਜ਼ ਦੀ ਤਰ੍ਹਾਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਫਿਰ ਕਈ ਰਾਗੀ ਜੱਥਿਆਂ ਵੱਲੋਂ ਹਰੀ ਜਸ ਗਾਇਨ ਕੀਤਾ ਗਿਆ, ਉਪਰੰਤ ਆਰਤੀ ਪੂਜਨ ਕਰਕੇ ਸਾਢੇ ਨੌਂ ਵਜੇ ਆਰਤੀ ਦੀ ਅਰਦਾਸ ਹੋ ਗਈ। ਸੋਲਾਂ ਨਵੰਬਰ ਵਾਲੇ ਦਿਨ ਸਵੇਰੇ ਪੰਜ ਤੋਂ ਸਾਢੇ ਛੇ ਵਜੇ ਤੱਕ ਬੀਬੀ ਹਰਮਿੰਦਰ ਕੌਰ ਵੱਲੋਂ ਸ੍ਰੀ ਆਸਾ ਜੀ ਦੀ ਵਾਰ ਦਾ ਰਸ ਭਿੰਨਾ ਕੀਰਤਨ ਗਾਇਨ ਕੀਤਾ ਗਿਆ। ਹੁਣ ਸਵੇਰ ਦੇ ਸੱਤ ਵਜ ਚੁੱਕੇ ਹਨ ਇਸ ਲਈ ਪਹਿਲੀ ਕੋਤਰੀ ਦੇ ਭੋਗ ਸ਼ੁਰੂ ਹੋ ਗਏ, ਇਉਂ ਮਰਿਆਦਾ ਅਨੁਸਾਰ ਆਰਤੀ ਕਰਕੇ ਸਵਾ ਅੱਠ ਵਜੇ ਸੰਪੂਰਨ ਸਮਾਪਤੀ ਹੋ ਗਈ। ਹੁਣ ਸਾਢੇ ਅੱਠ ਤੋਂ ਇੱਕ ਘੰਟੇ ਲਈ ਫਿਰ ਕੀਰਤਨ ਸ਼ੁਰੂ ਹੋਇਆ ਜਿਸ ਵਿੱਚ ਭਾਈ ਸੰਤਾ ਸਿੰਘ ਜੀ ਗੁਰਦੁਵਾਰਾ ਰਾਮ ਨਗਰ ਵਾਲਿਆਂ ਨੇ ਗੁਰਬਾਣੀ ਦੁਆਰਾ ਹਰੀ ਜਸ ਗਾਇਨ ਕੀਤਾ, ਉਪਰੰਤ ਠੀਕ ਦਸ ਵਜੇ ਦੂਜੀ ਕੋਤਰੀ ਆਰੰਭ ਕੀਤੀ ਗਈ।

ਅੱਜ ਸੰਗਤਾਂ ਦਾ ਵੀ ਭਰਵਾਂ ਇਕੱਠ ਹੋ ਗਿਆ, ਇਸ ਲਈ ਮਹਾਂਪੁਰਸ਼ਾਂ ਨੂੰ ਮਿਲਣ ਵਾਲੀਆਂ ਸੰਗਤਾਂ ਦੀ ਕਾਫੀ ਵੱਡੀ ਲਾਈਨ ਲੱਗੀ ਹੋਈ ਹੈ, ਅਤੇ ਨਾਲ-ਨਾਲ ਉੱਧਰ ਗੁਰੂ ਕੇ ਲੰਗਰ ਵੀ ਅਤੁੱਟ ਵਰਤ ਰਹੇ ਹਨ, ਚਾਹ ਪੀਣ ਦਾ ਸਿਸਟਮ ਉਹੀ ਦੀਵਾਲੀ ਵਾਲਾ ਪਾਈਪਾਂ ਟੂਟੀਆਂ ਰਾਹੀਂ ਚਾਲੂ ਹੈ।

ਸ਼ਾਮ ਨੂੰ ਫਿਰ ਦੀਵਾਨ ਸਜਾਏ ਗਏ ਜਿਸ ਵਿੱਚ ਰੋਜ਼ ਦੀ ਤਰ੍ਹਾਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਬਾਅਦ ਵਿੱਚ ਰਾਤ ਦੇ ਨੌਂ ਵਜੇ ਤੱਕ ਇਲਾਹੀ ਗੁਰਬਾਣੀ ਦੇ ਕੀਰਤਨ। ਅੱਜ ਦੇ ਕੀਰਤਨ ਦਰਬਾਰ ਵਿੱਚ ਬੀਬੀ ਹਰਮਿੰਦਰ ਕੌਰ ਜੀ ਕਰਨਾਲ, ਭਾਈ ਸੁਖਦੇਵ ਸਿੰਘ ਜੀ ਚੱਢਾ ਕਰਨਾਲ ਅਤੇ ਭਾਈ ਮੁਖਤਿਆਰ ਜੀ ਲੁਧਿਆਣੇ ਵਾਲੇ ਰਾਗੀ ਜੱਥਿਆਂ ਨੇ ਗੁਰਬਾਣੀ ਦੇ ਮਨੋਹਰ ਕੀਰਤਨ ਦੁਆਰਾ ਅੰਮ੍ਰਿਤ ਵਰਸ਼ਾ ਕੀਤੀ। ਹੁਣ ਆਰਤੀ ਹੋ ਕੇ ਸਾਢੇ ਨੌਂ ਵਜੇ ਅੱਜ ਦੇ ਸਮਾਗਮਾਂ ਦੀ ਅਰਦਾਸ ਕੀਤੀ ਗਈ।

ਸਤਾਰਾਂ ਨਵੰਬਰ ਵਾਲੇ ਦਿਨ ਸਵੇਰੇ ਰੋਜ਼ ਦੀ ਤਰ੍ਹਾਂ ਛੇ ਤੋਂ ਅੱਠ ਵਜੇ ਤੱਕ ਬੀਬੀ ਹਰਮਿੰਦਰ ਕੌਰ ਵੱਲੋਂ ਆਸਾ ਜੀ ਦੀ ਵਾਰ ਦਾ ਕੀਰਤਨ ਗਾਇਨ ਕੀਤਾ ਗਿਆ, ਉਪਰੰਤ ਠੀਕ ਅੱਠ ਵਜੇ ਦੂਜੀ ਕੋਤਰੀ ਦੀ ਮੱਧ ਦੀ ਅਰਦਾਸ

ਕੀਤੀ ਗਈ। ਫਿਰ ਅੱਠ ਤੋਂ ਦੱਸ ਵਜੇ ਤੱਕ ਭਾਈ ਧਰਮ ਸਿੰਘ ਦਿੱਲੀ ਵਾਲਿਆਂ ਦੇ ਰਾਗੀ ਜੱਥੇ ਨੇ ਕੀਰਤਨ ਪੰਡਾਲ ਵਿੱਚ ਗੁਰਬਾਣੀ ਕੀਰਤਨ ਦੁਆਰਾ ਹਰੀ ਜਸ ਗਾਇਨ ਕੀਤੇ। ਫਿਰ ਸ਼ਾਮ ਦੇ ਪੰਜ ਵਜੇ ਤੱਕ ਸੰਗਤਾਂ ਲੰਗਰ ਆਦਿਕ ਦੀ ਸੇਵਾ ਕਰਦੀਆਂ ਰਹੀਆਂ। ਸ਼ਾਮ ਨੂੰ ਰੋਜ਼ ਦੀ ਤਰ੍ਹਾਂ ਪੰਜ ਵਜੇ ਕੀਰਤਨ ਪੰਡਾਲ ਵਿੱਚ ਫਿਰ ਦੀਵਾਨ ਸਜੇ, ਜਿਸ ਵਿੱਚ ਸਭ ਤੋਂ ਪਹਿਲਾਂ ਮਹਾਂਪੁਰਸ਼ਾਂ ਦੀ ਮਰਿਆਦਾ ਅਨੁਸਾਰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਸਭ ਸੰਗਤਾਂ ਨੇ ਮਿਲਕੇ ਕੀਤੇ, ਉਪਰੰਤ ਰਾਤ ਦੇ ਨੌਂ ਵਜੇ ਤੱਕ ਕੀਰਤਨ ਦਰਬਾਰ। ਅੱਜ ਦੇ ਕੀਰਤਨ ਦਰਬਾਰ ਵਿੱਚ ਬੀਬੀ ਹਰਮਿੰਦਰ ਕੌਰ, ਭਾਈ ਅਮਰਜੀਤ ਸਿੰਘ ਜੀ ਰਮਤਾ ਕਰਨਾਲ, ਸ੍ਰੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਪਟੇਲ ਨਗਰ ਨਵੀਂ ਦਿੱਲੀ ਆਦਿਕ ਰਾਗੀ ਜੱਥਿਆਂ ਨੇ ਗੁਰਬਾਣੀ ਦੇ ਅੰਮ੍ਰਿਤਮਈ ਕੀਰਤਨ ਦੁਆਰਾ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀਆਂ ਦੇ ਗੁਰਪੁਰਬ ਦੀ ਖੁਸ਼ੀ ਵਿੱਚ ਆਪਣੀਆਂ ਹਾਜ਼ਰੀਆਂ ਲਗਵਾਈਆਂ। ਠੀਕ ਸਾਢੇ ਨੌਂ ਵਜੇ ਆਰਤੀ ਉਪਰੰਤ ਅੱਜ ਦੇ ਦੀਵਾਨ ਦੀ ਸਮਾਪਤੀ ਕੀਤੀ ਗਈ।

ਅੱਜ 18 ਨਵੰਬਰ ਵਾਲੇ ਦਿਨ ਸਵੇਰੇ ਪੰਜ ਵਜੇ ਰੋਜ਼ ਦੀ ਤਰ੍ਹਾਂ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਦੁਆਰਾ ਬੀਬੀ ਹਰਮਿੰਦਰ ਕੌਰ ਨੇ ਅੰਮ੍ਰਿਤਮਈ ਵਰਖਾ ਕੀਤੀ। ਠੀਕ ਸੱਤ ਵਜੇ ਦੂਜੀ ਕੋਤਰੀ ਦੇ ਭੋਗ ਸਾਹਿਬ ਸ਼ੁਰੂ ਹੋ ਗਏ ਜੋ ਪੂਰੀ ਮਰਿਆਦਾ ਅਨੁਸਾਰ ਆਰਤੀ ਪੂਜਨ ਦੁਆਰਾ ਸਵਾ ਅੱਠ ਵਜੇ ਸੰਪੂਰਨ ਹੋ ਗਏ। ਉਪਰੰਤ ਸੰਗਤਾਂ ਨੇ ਚਾਹ ਨਾਸ਼ਤੇ ਕੀਤੇ, ਜਿਸ ਵਿੱਚ ਛੋਲੇ ਭਟੂਰੇ, ਮਠਿਆਈ ਆਦਿਕ ਅਨੇਕਾਂ ਪ੍ਰਕਾਰ ਦੇ ਪਦਾਰਥ ਵਰਤ ਰਹੇ ਹਨ। ਠੀਕ ਸਾਢੇ ਅੱਠ ਵਜੇ ਕੀਰਤਨ ਪੰਡਾਲ ਵਿੱਚ ਕੀਰਤਨ ਸ਼ੁਰੂ ਹੋ ਗਿਆ, ਜੋ ਢਾਈ ਘੰਟੇ ਯਾਨੀ ਗਿਆਰਾਂ ਵਜੇ ਤੱਕ ਹਰੀ ਜਸ, ਹਰੀ ਕੀਰਤੀ ਦਾ ਮੀਂਹ ਵਰ੍ਹਦਾ ਰਿਹਾ। ਅੱਜ ਦੇ ਕੀਰਤਨ ਦਰਬਾਰ ਵਿੱਚ ਭਾਈ ਸੁਨੀਲ ਢੀਂਗੜਾ ਜੀ ਦਿੱਲੀ ਵਾਲੇ, ਭਾਈ ਅਮਰਜੀਤ ਸਿੰਘ ਜੀ ਟੈਕਸਲਾ ਟੀ.ਵੀ. ਵਾਲਿਆਂ ਨੇ ਗੁਰਬਾਣੀ ਦੇ ਮਨੋਹਰ ਕੀਰਤਨ ਦੁਆਰਾ ਅੰਮ੍ਰਿਤਮਈ ਵਰਖਾ ਕੀਤੀ। ਠੀਕ ਗਿਆਰਾਂ ਵਜੇ ਪ੍ਰਵਚਨ ਪ੍ਰੋਗਰਾਮ ਸ਼ੁਰੂ ਹੋਇਆ, ਜਿਸ ਵਿੱਚ ਸ੍ਰ: ਤਰਜੀਤ ਸਿੰਘ ਜੀ ਨਰੂਲਾ ਕਰਨਾਲ, ਪ੍ਰੋ: ਮਦਨ ਲਾਲ ਜੀ ਗੁਲਾਟੀ ਕਰਨਾਲ, ਸ੍ਰੀ ਹੰਸਰਾਜ ਜੀ ਛਾਬੜਾ ਕਰਨਾਲ ਅਤੇ ਸ੍ਰੀ ਲਾਲ ਚੰਦ ਜੀ ਮਿੱਢਾ ਦਿੱਲੀ ਵਾਲਿਆਂ ਨੇ ਆਪੋ ਆਪਣੇ ਵਿਚਾਰਾਂ ਅਨੁਸਾਰ ਪ੍ਰਮਾਰਥਕ ਵਿਸ਼ਿਆਂ ਤੇ ਪ੍ਰਵਚਨ ਕੀਤੇ। ਅਠਾਰਾਂ ਨਵੰਬਰ 1994 ਵਾਲੇ ਸ਼ੁਭ ਦਿਨ ਤੇ ਠੀਕ ਬਾਰਾਂ ਵਜੇ ਪੰਜ ਦਿਨ ਤੋਂ ਚੱਲ ਰਹੇ ਸੰਪੂਰਨ ਸਮਾਗਮ ਦੀ ਸਮਾਪਤੀ ਅਰਦਾਸ ਕੀਤੀ ਗਈ। ਲੰਗਰ ਤਾਂ ਗੁਰੂ ਕੇ ਪੰਜ ਦਿਨ ਤੋਂ ਅਤੁੱਟ ਵਰਤ ਹੀ ਰਹੇ ਸਨ, ਲੇਕਿਨ ਅੱਜ ਤਾਂ ਪ੍ਰਬੰਧਕਾਂ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀਆਂ ਦੇ ਅਵਤਾਰ ਪੁਰਬ ਦੀ ਖੁਸ਼ੀ ਵਿੱਚ ਵਿਸ਼ੇਸ਼ ਤੌਰ ਤੇ ਤਿਆਰ ਕੀਤੇ ਗਏ ਸਨ, ਜਿਨ੍ਹਾਂ ਵਿੱਚ ਲੋੜ ਅਨੁਸਾਰ ਸਭ ਸੰਗਤਾਂ ਨੇ ਪ੍ਰਸ਼ਾਦ ਛਕ ਕੇ ਮਹਾਂਪੁਰਸ਼ਾਂ ਦੇ ਪਵਿੱਤਰ ਕਰ ਕਮਲਾਂ ਦੁਆਰਾ ਪ੍ਰਸ਼ਾਦ ਪ੍ਰਾਪਤ ਕਰਕੇ ਘਰਾਂ ਨੂੰ ਵਾਪਸੀਆਂ ਕੀਤੀਆਂ। ਇਸ ਸਾਰੇ ਪ੍ਰੋਗਰਾਮ ਦੇ ਹਰ ਪਾਰਟ ਨੂੰ ਵੀਡਿਉ ਫਿਲਮ ਤਿਆਰ ਕਰਨ ਵਾਲੀ ਇੱਕ ਬਹੁਤ ਯੋਗ ਟੀਮ ਨੇ ਬਹੁਤ ਹੀ ਸੁੰਦਰ ਤਰੀਕੇ ਕੈਮਰਾਬੱਧ ਕੀਤਾ।

## ਪਿਤਰੀਂ ਕਰੇ ਉਧਾਰ

ਅਕਤੂਬਰ 1995 ਬਰਸੀਆਂ ਦਾ ਸਮਾਂ ਆ ਗਿਆ, ਇਸ ਬਰਸੀ ਸਮਾਗਮ ਤੇ ਜਿੱਥੇ ਹਜ਼ਾਰਾਂ ਲੋਕ ਸੇਵਾ ਸਤਸੰਗ ਦਾ ਲਾਭ ਉਠਾਉਣ ਲਈ ਕਨਖਲ ਬਰਸੀ ਤੇ ਪਹੁੰਚ ਗਏ, ਉੱਥੇ ਪੂਜਯ ਮਹਾਰਾਜ ਜੀ ਦੇ ਮਾਤਾ-ਪਿਤਾ ਜੀ ਵੀ ਆਏ ਹੋਏ ਸਨ। ਪਿਤਾ ਅਰੂੜ ਚੰਦ ਜੀ ਉੱਪਲ ਕਾਫੀ ਸਮੇਂ ਤੋਂ ਬੀਮਾਰ ਰਹਿੰਦੇ ਹਨ ਇਸ ਲਈ ਸਰੀਰ ਦੀ ਦੇਖਭਾਲ ਅਤੇ ਸੇਵਾ ਸੰਭਾਲ ਮਾਤਾ ਬਿਮਲਾ ਦੇਵੀ ਜੀ ਬੜੇ ਪ੍ਰੇਮ ਨਾਲ ਕਰਦੇ ਰਹਿੰਦੇ ਹਨ। ਅਰੂੜ ਚੰਦ ਜੀ ਦੇ ਕੁਝ ਵਣਜ ਬਿਰਤੀ ਵਾਲੇ ਵਿਚਾਰ ਸਨ, ਇਸ ਲਈ ਪੂਜਯ ਮਹਾਰਾਜ ਜੀ ਦੇ ਬਚਪਨ, ਵਿਦਿਆ ਪੜ੍ਹਨ ਦਾ ਸਮਾਂ, ਬਾਅਦ ਵਿੱਚ ਨੌਕਰੀ ਕਾਲ ਸਮੇਂ ਬੇਪ੍ਰਵਾਹੀ, ਧਨ ਪਦਾਰਥ ਤੋਂ ਅਚਾਹ, ਅਤੇ ਸੰਸਾਰਕ ਦੌਰ ਵਿੱਚੋਂ ਨਿਰਲੇਪਤਾ ਵਾਲੇ ਖਿਆਲ ਚੰਗੇ ਨਹੀਂ ਸਨ ਲੱਗਦੇ। ਲੇਕਿਨ ਜਿਸ ਵਕਤ ਪੂਜਯ ਵਿਰੱਕਤ ਮਹਾਰਾਜ ਜੀ ਨੇ ਆਪਣੀ ਮਿਹਰ ਦੁਆਰਾ ਆਪਣਾ ਰੂਪ ਬਣਾ ਕੇ ਨਿਰਮਲ ਆਸ਼ਰਮ ਰਿਸ਼ੀਕੇਸ਼ ਦੇ ਮਹੰਤ ਥਾਪ ਦਿੱਤੇ, ਬੜੇ-ਬੜੇ ਅਰਬਾਂਪਤੀ ਲੋਕ ਚਰਨੀਂ ਪੈਂਦੇ ਦੇਖੇ ਅਤੇ ਇਨ੍ਹਾਂ ਦੀ ਮਿਹਰ ਨਾਲ ਪੰਜਾਬ, ਹਰਿਆਣੇ ਦੇ ਹਜ਼ਾਰਾਂ ਲੋਕਾਂ ਨੂੰ ਗੁਰਬਾਣੀ ਦੇ ਅਤੁੱਟ ਵਹਿ ਰਹੇ ਪ੍ਰਵਾਹ ਵਿੱਚ ਗੋਤੇ ਲਾਉਂਦੇ ਦੇਖਿਆ ਤਾਂ ਮਨ ਵਿੱਚ ਕੁਝ ਹਰਸ਼ ਪੈਦਾ ਹੋਇਆ। ਹੁਣ ਉਹ ਖੁਸ਼ੀ ਵਿੱਚ ਭਾਵੇਂ ਨਮਸ਼ਕਾਰ ਵੀ ਕਰਦੇ ਹਨ, ਲੇਕਿਨ

ਮਨ ਵਿੱਚ ਅਜੇ ਵੀ ਪੁੱਤਰ ਭਾਵਨਾ ਚੱਕਰ ਲਗਾਉਂਦੀ ਰਹਿੰਦੀ ਹੈ, ਕਿਉਂਕਿ ਮੋਹ ਦਾ ਪੜਦਾ ਛੇਤੀ ਕੀਤਿਆਂ ਉੱਠਦਾ ਨਹੀਂ। ਅੱਜ ਕੁਝ ਭਾਗ ਜਾਗੇ, ਕਨਖਲ ਦੀ ਬਰਸੀ ਸੰਪੂਰਨ ਹੋ ਕੇ ਰਿਸ਼ੀਕੇਸ਼ ਪਹੁੰਚ ਗਏ। ਸੰਗਤਾਂ ਰਿਸ਼ੀਕੇਸ਼ ਦੀ ਬਰਸੀ ਮਨਾਉਣ ਲਈ ਦੁਬਾਰਾ ਫਿਰ ਇਕੱਠੀਆਂ ਹੋ ਗਈਆਂ। ਅੱਜ ਹਜ਼ੂਰ ਆਪਣੀ ਮੌਜ ਵਿੱਚ ਗੱਦੀ ਵਾਲੇ ਕਮਰੇ ਵਿੱਚ ਸੁਸ਼ੋਭਿਤ ਹਨ, ਸੰਗਤਾਂ ਨਮਸ਼ਕਾਰਾਂ ਕਰਕੇ ਵਾਪਸ ਜਾਈ ਜਾ ਰਹੀਆਂ ਹਨ। ਕਿਉਂਕਿ ਕਮਰਾ ਛੋਟਾ ਹੋਣ ਕਰਕੇ ਜ਼ਿਆਦਾ ਬੰਦੇ ਬੈਠ ਨਹੀਂ ਸਕਦੇ, ਮਾਤਾ ਬਿਮਲਾ ਜੀ ਵੀ ਸ੍ਰੀ ਅਰੂੜ ਚੰਦ ਜੀ ਨੂੰ ਨਮਸ਼ਕਾਰ ਕਰਾਉਣ ਲਈ ਫੜਕੇ ਬਹੁਤ ਹੌਲੀ-ਹੌਲੀ ਕਮਰੇ ਵਿੱਚ ਲੈ ਆਏ। ਨਮਸ਼ਕਾਰ ਕਰਨ ਵੇਲੇ ਅਰੂੜ ਚੰਦ ਜੀ ਦਾ ਪੁੱਤਰ ਭਾਵਨਾ ਵਾਲਾ ਝੂਠਾ ਮੋਹ ਪਲ ਛਿਨ ਲਈ ਅੱਜ ਕੁਝ ਪਰੇ ਹਟਿਆ।

**ਹਰਿ ਹਰਿ ਜਨੁ ਦੁਇ ਏਕ ਹੈ** ਵਾਲੀ ਭਾਵਨਾ ਨੇ ਹਿਰਦੇ ਵਿੱਚ ਫੇਰਾ ਪਾਇਆ। ਨਮਸ਼ਕਾਰ ਕਰਦਿਆਂ ਹੀ ਸਰੀਰਕ ਦੁੱਖ ਭੁੱਲ ਕੇ ਮਨ ਸ਼ਾਂਤ ਹੋ ਗਿਆ, ਸੱਚੇ ਸੁੱਖ ਦਾ ਝਲਕਾਰਾ ਬੱਝਾ, ਜੋ ਅੱਜ ਤੱਕ ਕਦੇ ਨਹੀਂ ਸੀ ਦੇਖਿਆ। ਹੁਣ ਪੁੱਤਰ ਨਹੀਂ ਸਾਹਮਣੇ ਕੋਈ ਇਲਾਹੀ ਨੂਰ ਬੈਠਾ, ਨਜ਼ਰੀਂ ਆਇਆ। ਅੱਗਿਉਂ ਹਜ਼ੂਰ ਆਪਣੀ ਮੌਜ ਵਿੱਚ ਮੁਸਕਰਾਈ ਜਾ ਰਹੇ ਹਨ। ਅਰੂੜ ਚੰਦ ਜੀ ਦੋਨੋਂ ਹੱਥ ਜੋੜੀਂ ਚਰਨਾਂ ਵਿੱਚ ਬੈਠੇ ਥਿੜਕਦੀ ਜਿਹੀ ਆਵਾਜ਼ ਨਾਲ ਕੁਝ ਬੇਨਤੀ ਕਰ ਰਹੇ ਹਨ, ਜੋ ਧਿਆਨ ਨਾਲ ਸੁਣਿਆ ਕੁਝ ਇਉਂ ਦਾ ਭਾਵ ਪ੍ਰਗਟ ਹੋ ਰਿਹਾ ਹੈ—

**ਬੋਲਿਓ ਕਰਕੇ ਪ੍ਰੇਮ ਘਨੇਰਾ॥ ਮੈਂ ਜਾਨਤ ਰਹਿਆ ਸੁਤ ਮੇਰਾ॥**
**ਤੁਮ ਮਹਾਂਪੁਰਖ ਹੋਂ ਦੀਨ ਦਇਆਲਾ॥ ਮੇਰੇ ਹਿਰਦੇ ਦੀਜੈ ਗਿਆਨ ਬਿਸਾਲਾ॥**
**ਜਿਸ ਤੋਂ ਜਨਮ ਮਰਨ ਹੋਏ ਨਾਸ॥ ਉਪਜੈ ਅਬਿਚਲ ਅਨੰਦ ਅਬਿਨਾਸ॥**
**ਮੈਂ ਹੂੰ ਕੌਣ? ਮੋਹਿ ਸੁਧ ਨਾਂਹੀ॥ ਰਹਿ ਹੋ ਹਰਖ ਸੋਗ ਕੇ ਮਾਂਹੀ॥**
**ਇਕ ਪਲ ਮਨ ਥਿਰ ਹੋਵਤ ਨਾਂਹੀ॥ ਹਮੇਸ਼ਾਂ ਰਹੇ ਰਾਗ ਦਵੈਖ ਕੇ ਮਾਂਹੀ॥**

ਇਸ ਤਰ੍ਹਾਂ ਦੀ ਗਿਆਤ ਅਰ ਦਸ਼ਾ ਮਨ ਦੀ ਹੋ ਆਈ, ਤੇ ਇਸ ਤਰ੍ਹਾਂ ਦੀ ਪਿਆਸ ਵਾਹਿਗੁਰੂ ਦੀ ਮਿਹਰ ਦੀ ਲੱਗ ਆਈ ਤੇ ਪੂਜਯ ਮਹਾਰਾਜ ਜੀ ਬੋਲੇ—

ਇਸ ਸਾਰੇ ਪਸਾਰੇ ਵਿੱਚ ਇੱਕ ਜੋਤ ਪਸਰ ਰਹੀ ਹੈ, ਅਤੇ ਸਾਰਾ ਪਸਾਰਾ ਵੀ ਏਕੋ ਜੋਤ ਦਾ ਹੈ, ਉਹੀ ਜੋਤ ਨਿਰੰਕਾਰ ਹੈ, ਸਭ ਜੀਵਾਂ ਦਾ ਆਧਾਰ ਹੈ, ਉਸ ਦੇ ਜੋ ਸਨਮੁਖ ਹੋ ਉਹੀ ਸੁਖੀ ਹੈ। ਜਿਵੇਂ ਅੱਗ ਦੇ ਜੋ ਸਨਮੁੱਖ ਹੈ ਉਹ ਨਿੱਘਾ ਹੈ, ਅਤੇ ਜੋ ਵਿਮੁੱਖ ਹੈ, ਦੂਰ ਹੈ, ਸੋ ਦੁਖੀ ਹੈ। ਜਿਵੇਂ ਅਗਨੀ ਤੋਂ ਜੋ ਦੂਰ ਹੈ ਸੋ ਸਰਦੀ ਦੇ ਕਸਟ ਵਿੱਚ ਹੈ। ਤਿਵੇਂ ਸਾਂਈ ਤੋਂ ਜੋ ਦੂਰ ਹੈ, ਉਹ ਵੀ ਕਸ਼ਟ ਵਿੱਚ ਹੈ। ਅੱਠੇ ਪਹਿਰ ਇੱਕ ਜੋਤ ਪਰ ਰਸਨਾ ਦਾ, ਮਨ ਦਾ ਟਿਕਾਉ ਚਾਹੀਦਾ ਹੈ, ਜਦ ਇਹ ਨਿਰੰਕਾਰ ਸਾਰੇ ਹੈ, ਘਟ-ਘਟ ਵਿੱਚ ਹੈ, ਫਿਰ ਰਾਗ ਦਵੈਸ਼, ਹਰਖ ਸੋਗ ਕਾਹਦਾ? ਇਹ ਜੋਤ ਇੱਥੇ ਉੱਥੇ ਸਾਰੇ ਹੈ, ਫਿਰ ਮਨ ਨੂੰ ਡਰ ਕਿਸਦਾ? ਜਦ ਹਰ ਥਾਂ ਰਾਖਾ, ਮਾਲਕ, ਪਾਲਕ ਵਾਹਿਗੁਰੂ ਆਪ ਹੈ ਤਾਂ ਮਾਇਆ ਦੇ ਹਨ੍ਹੇਰੇ ਵਾਲਾ ਪਿਆਰ ਕਿਸ ਲਈ? ਜਦ ਘਰ ਬਾਹਰ ਸਾਰੇ ਇੱਕੋ ਦਾ ਹੀ ਪਸਾਰਾ ਹੈ ਤਾਂ ਪਿਉ ਪੁੱਤਰ, ਮਾਂ ਧੀ, ਭੈਣ ਭਾਈ ਅਤੇ ਕਲਪਨਾ ਕੀਤੇ ਹੋਰ ਸੰਬੰਧੀ ਕਿੱਥੇ? ਅਰੂੜ ਚੰਦ ਜੀ ਨੇ ਬੇਨਤੀ ਕੀਤੀ, ਮਹਾਰਾਜ! ਜਦ ਸਾਰੇ ਇੱਕ ਜੋਤ ਵਿਆਪਕ ਹੈ ਫਿਰ ਦਿਸਦੀ ਕਿਉਂ ਨਹੀਂ?

ਹਜ਼ੂਰ ਨੇ ਉੱਤਰ ਦਿੱਤਾ— ਜਿਵੇਂ ਧਰਤੀ ਵਿੱਚ ਜਲ ਹੁੰਦਾ ਹੈ, ਪਰ ਪ੍ਰਤੱਖ ਨਹੀਂ, ਇਸੇ ਤਰ੍ਹਾਂ ਨਾ ਜਾਨਣਹਾਰ ਦੇ ਅੰਦਰ ਵੀ ਨਿਰੰਕਾਰੀ ਜੋਤ ਹੈ ਪਰ ਲੁੱਕੀ ਹੋਈ। ਜਿਵੇਂ ਖੂਹ ਪੁੱਟੋ ਤਾਂ ਜਲ ਪ੍ਰਗਟ ਹੋ ਜਾਂਦਾ ਹੈ, ਇਸੇ ਤਰ੍ਹਾਂ ਜਗਿਆਸੂਆਂ ਨੂੰ ਪ੍ਰੇਮਾ ਭਗਤੀ ਦੇ ਯਤਨ ਨਾਲ ਵਾਹਿਗੁਰੂ ਪ੍ਰਗਟ ਹੋ ਜਾਂਦਾ ਹੈ। ਜਿਵੇਂ ਨਦੀ ਨਾਲੇ ਦਾ ਪਾਣੀ ਆਪ ਬਹਿ ਰਿਹਾ, ਤੇ ਬਿਨ੍ਹਾਂ ਯਤਨ ਦੇ ਪ੍ਰਗਟ ਹੀ ਰਹਿੰਦਾ ਹੈ, ਤਿਵੇਂ ਪ੍ਰੇਮ ਵਾਲੇ ਭਗਤੀ ਵਾਲੇ ਜਾਗ ਪਈ ਦ੍ਰਿਸ਼ਟੀ ਵਾਲੇ ਸੁਰਜੀਤ ਮਨਾਂ ਨੂੰ ਸਦਾ ਹਾਜ਼ਰਾ-ਹਜ਼ੂਰ ਦਿਸਦਾ ਅਤੇ ਭਾਸਦਾ ਹੈ। ਸੋ ਸਾਰੇ ਜਗਤ ਵਿੱਚ, ਸਾਰੇ ਘਟਾਂ ਵਿੱਚ ਹਰ ਥਾਂ, ਹਰ ਰੰਗ ਵਿੱਚ ਨਿਰੰਕਾਰ ਦੀ ਜੋਤ ਪੂਰਨ ਹੈ, ਦੇਖੋ ਕਲਗੀਧਰ ਪਿਤਾ ਜੀ ਫੁਰਮਾਨ ਕਰਦੇ ਹਨ—

**ਜਿਮੀਂ ਜਮਾਨ ਕੇ ਵਿਖੇ ਸਮਸਤ ਏਕ ਜੋਤ ਹੈ॥**
**ਨਾ ਵਾਧ ਹੈ ਨਾ ਘਾਟ ਹੈ, ਨਾ ਵਾਧ ਘਾਟ ਹੋਤ ਹੈ॥**

ਐਸੀ ਦ੍ਰਿਸ਼ਟੀ ਵਾਲੇ ਪੁਰਸ਼ ਨੂੰ ਹਰ ਥਾਂ, ਹਰ ਸਮੇਂ ਹਾਜ਼ਰਾ ਹਜ਼ੂਰ ਭਾਸਦਾ ਹੈ। ਫਰਕ ਕੇਵਲ ਮਨਾਂ ਦੀ ਗਤੀ ਦਾ ਹੈ, ਮਨਾਂ ਨੂੰ ਮੋਹ ਨੀਂਦਰਾ ਤੋਂ ਜਗਾਉਣਾ ਹੈ।

ਅਰੂੜ ਚੰਦ ਜੀ — ਮਹਾਰਾਜ ਮਨ ਜਾਗੈ ਕਿਵੇਂ?

ਉਸ ਨਿਰੰਕਾਰ ਨੂੰ ਸਿਮਰੇ, ਯਾਦ ਕਰੇ, ਧਿਆਵੇ, ਉਠਦਿਆਂ, ਬਹਿੰਦਿਆਂ, ਤੁਰਦਿਆਂ, ਸੁੱਤਿਆਂ ਇਹੀ ਕਾਰੇ ਲੱਗਿਆ ਰਹੇ, ਉਸ ਨੂੰ ਕਦੇ ਭੁੱਲੇ ਨਾ। ਇਹ ਯਾਦ ਜਿਸ ਵਕਤ ਨਿਰੰਤਰ ਹੋ ਜਾਂਦੀ ਹੈ, ਲਗਾਤਾਰੀ ਹੋ ਜਾਂਦੀ ਹੈ, ਫਿਰ ਮਾਇਆ ਦੇ ਛੋੜ ਕਟ ਦਿੰਦੀ ਹੈ, ਸਾਰੇ ਪਰਦੇ ਹਟਾ ਦਿੰਦੀ ਹੈ, ਵਿੱਥਾਂ ਮੇਟ ਦਿੰਦੀ ਹੈ, ਉਸ ਨਿਰੰਕਾਰੀ ਜੋਤ ਦੀ ਪ੍ਰਤੱਖ ਲੱਖਤਾ ਹੋ ਆਉਂਦੀ ਹੈ, ਜੀਵਨ ਫੁੱਲ ਵਰਗਾ ਹਲਕਾ ਭਾਰ ਰਹਿਤ ਸੁਖੀ ਹੋ ਜਾਂਦਾ ਹੈ। ਜਨਮ ਮਰਨ ਆਦਿ ਤਮਾਮ ਅਨਹੋਏ ਦੁੱਖ ਕਾਫੂਰ ਹੋ ਜਾਂਦੇ ਹਨ, ਮਨੁੱਖ ਤਨ ਧਾਰਨ ਕੀਤਾ ਸਫਲਾ ਹੋ ਜਾਂਦਾ ਹੈ। ਅਰੂੜ ਚੰਦ ਜੀ ਨੂੰ ਪਰਮੇਸ਼ਰ ਦੀ ਕ੍ਰਿਪਾ ਨਾਲ ਅੱਜ ਕੁਝ ਪ੍ਰੇਮਾਂ ਭਗਤੀ ਦਾ ਝਲਕਾਰਾ ਵੱਜਾ। ਬਰਸੀ ਦੀ ਸਮਾਪਤੀ ਦੇ ਦੂਸਰੇ ਦਿਨ ਵਾਪਸ ਕਰਨਾਲ ਜਾ ਕੇ ਆਪਣੇ ਪੰਜ ਭੌਤਿਕ ਸਰੀਰ ਨੂੰ ਇਉਂ ਤਿਆਗ ਦਿੱਤਾ ਜਿਵੇਂ ਹਾਥੀ ਫੂਲ ਮਾਲਾ ਨੂੰ ਉਤਾਰ ਦਿੰਦਾ ਹੈ।

## ਗੁਰਾਇਆ ਦੀਵਾਲੀ

**ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥**
**ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥**

*(ਸਲੋਕ ਕਬੀਰ ਪੰਨਾ—੧੩੭੩)*

ਸੰਤਾਂ ਦਾ ਜੋ ਅਸਲੀ ਕਾਰਜ ਹੁੰਦਾ ਹੈ ਹਰੀ ਤੋਂ ਵਿਮੁੱਖ ਹੋਏ ਜੀਵਾਂ ਨੂੰ ਨਾਮ ਜਪਾ ਕੇ ਹਰੀ ਨਾਲ ਜੋੜਨਾ, ਯਾਨੀ ਜਿਸ ਕਾਰਜ ਲਈ ਸੰਸਾਰ ਵਿੱਚ ਆਉਂਦੇ ਹਨ, ਪੂਜਯ ਮਹੰਤ ਰਾਮ ਸਿੰਘ ਜੀ ਵੱਲੋਂ ਇਹ ਦਰਗਾਹੀ ਕਾਰ ਬਾਰਾਂ ਮਹੀਨੇ, ਅੱਠੇ ਪਹਿਰ ਦਿਨ ਰਾਤ ਜਾਰੀ ਹੈ। ਯਾਨੀ ਜੋ ਪਰਉਪਕਾਰ ਦੀ, ਜਗਤ ਉਧਾਰ ਦੀ ਕਾਰ ਖੁਦਾ ਨੇ ਬਖਸ਼ਿਸ਼ ਕੀਤੀ ਹੈ ਉਸ ਵਿੱਚ ਲੀਨ ਹੋ ਕੇ ਉਸਦਾ ਰੂਪ ਹੀ ਹੋਏ ਪਏ ਹਨ। ਹਜ਼ਾਰਾਂ ਜੀਵਾਂ ਨੂੰ ਗੁਰਬਾਣੀ ਰੂਪੀ ਦਰਗਾਹੀ ਜਹਾਜ਼ ਵਿੱਚ ਅਸਵਾਰ ਕਰੀਂ ਜਾ ਰਹੇ ਹਨ। ਜੀਵਾਂ ਨੂੰ ਗੁਰਬਾਣੀ ਨਾਲ ਜੋੜਨ ਲਈ ਘਰਾਂ, ਗੁਰਦੁਵਾਰਿਆਂ ਅਤੇ ਸਾਂਝੇ ਅਸਥਾਨਾਂ ਵਿੱਚ ਅਖੰਡ ਪਾਠਾਂ ਦੀਆਂ ਤਰੀਕਾਂ ਦਿੱਤੀਆਂ ਜਾਂਦੀਆਂ ਹਨ। ਪਹਿਲਾਂ ਪਹਿਲ ਇੱਕ ਅਖੰਡ ਪਾਠ ਵਾਸਤੇ ਦੋ ਦਿਨ ਦਿੱਤੇ ਜਾਂਦੇ ਸਨ, ਲੇਕਿਨ ਹੁਣ ਪ੍ਰੇਮੀਆਂ ਦੀ ਮੰਗ ਵੱਧ ਗਈ ਜਾਣਦੇ ਅਤੇ ਗੁਰਬਾਣੀ ਦੇ ਪ੍ਰਚਾਰ ਪਸਾਰ ਵਿੱਚ ਤੇਜ਼ੀ ਲਿਆਉਣ ਦੇ ਕਾਰਨ, ਇੱਕ ਅਖੰਡ ਪਾਠ ਸਾਹਿਬ ਨੂੰ ਹੁਣ ਇੱਕ ਹੀ ਦਿਨ ਦਿੱਤਾ ਜਾਂਦਾ ਹੈ। ਇਉਂ ਅੱਜ ਕਿਤੇ, ਕੱਲ੍ਹ ਕਿਤੇ ਦਿਨ ਰਾਤ ਦਰਗਾਹੀ ਕਾਰ ਜਾਰੀ ਹੈ। 1995 ਦੀ ਦੀਵਾਲੀ ਦਾ ਪਵਿੱਤਰ ਦਿਹਾੜਾ ਮਨਾਉਣ ਲਈ ਤਰੀਕ ਗੁਰਾਇਆਂ ਡੱਲੇਵਾਲ ਨਿਵਾਸੀ ਸੰਗਤ ਨੂੰ ਬਖਸ਼ੀ ਹੋਈ ਹੈ। ਪ੍ਰੇਮੀ ਸੰਗਤਾਂ ਵੱਲੋਂ ਵੀ ਆਪ ਜੀ ਤੋਂ ਆਗਿਆ ਲੈ ਕੇ ਵਿਰੱਕਤ ਸ਼੍ਰੋਮਣੀ ਸ੍ਰੀਮਾਨ ਸੰਤ ਬਾਬਾ ਨਿੱਕਾ ਸਿੰਘ ਜੀਆਂ ਦੀ ਯਾਦ ਵਿੱਚ ਦੀਵਾਲੀ ਵੱਡੇ ਪੱਧਰ ਤੇ ਮਨਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਜਿਸ ਵਿੱਚ ਇਕੱਤੀ ਅਖੰਡ ਪਾਠ ਸਾਹਿਬ ਰੱਖੇ ਜਾਣਗੇ, ਕੀਰਤਨ ਦਰਬਾਰ ਵੱਡੇ ਪੱਧਰ ਤੇ ਹੋਣਗੇ, ਜਿਨ੍ਹਾਂ ਵਿੱਚ ਗੁਰੂ ਘਰ ਦੇ ਉੱਘੇ ਰਾਗੀ ਜੱਥੇ ਭਾਗ ਲੈਣਗੇ, ਲੰਗਰ ਗੁਰੂ ਕੇ ਅਤੁੱਟ ਵਰਤਨਗੇ, ਬਾਹਰੋਂ ਆਈਆਂ ਸੰਗਤਾਂ ਦੇ ਠਹਿਰਨ ਵਾਸਤੇ ਗੁਰਾਇਆ ਡੱਲੇਵਾਲ ਨਗਰਾਂ ਵਿੱਚ ਮਕਾਨ ਤਾਂ ਰਿਜ਼ਰਵ ਕੀਤੇ ਹੋਏ ਹੀ ਹਨ ਪਰੰਤੂ ਕੁਟੀਆ ਦੇ ਨੇੜੇ ਵੀ ਸ਼ਾਮਿਆਨੇ ਟੈਂਟ ਵਗੈਰਾ ਲਾ ਕੇ ਬੜੀ ਪੱਧਰ ਤੇ ਇੰਤਜ਼ਾਮ ਕੀਤਾ ਹੋਇਆ ਹੈ। ਆਰਜੀ ਤੌਰ ਤੇ ਲੈਟਰਿਨ, ਬਾਥਰੂਮ ਕਾਫੀ ਗਿਣਤੀ ਵਿੱਚ ਬਣਾ ਲਏ ਗਏ ਹਨ, ਨਲਕੇ ਵਗੈਰਾ ਲਾ ਕੇ ਪਾਣੀ ਦੀ ਸਹੂਲਤ ਦਾ ਹਰ ਪ੍ਰਕਾਰ ਨਾਲ ਇੰਤਜ਼ਾਮ ਕਰ ਲਿਆ ਗਿਆ ਹੈ। ਲੰਗਰ ਗੁਰੂ ਕਾ ਅਤੁੱਟ ਚੱਲਦਾ ਰੱਖਣ ਲਈ ਗੈਸ ਡੀਜ਼ਲ ਦੀਆਂ ਭੱਠੀਆਂ ਤੋਂ ਇਲਾਵਾ ਲੱਕੜ ਦੇ ਚੁੱਲ੍ਹੇ ਵੀ ਕਾਫੀ ਗਿਣਤੀ ਵਿੱਚ ਬਣਾ ਲਏ ਹਨ। ਲੰਗਰ ਦੀ ਸੇਵਾ ਲਈ ਖੋਖ ਪਿੰਡ ਵਾਲੇ ਦੋਨੋਂ ਜੱਥੇਦਾਰ ਅਤੇ ਕੁਲਵੰਤ ਸਿੰਘ (ਛੋਟਾ) ਕਰਨਾਲ ਵੀ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਪਹੁੰਚ ਗਏ ਹਨ। ਯਾਨੀ ਹਰ ਪ੍ਰਕਾਰ ਦੀ ਤਿਆਰੀ ਹੋ ਚੁੱਕੀ ਹੈ।

ਵੀਹ ਅਕਤੂਬਰ ਵਾਲੇ ਦਿਨ ਪੂਜਯ ਮਹਾਰਾਜ ਜੀ ਦੁਪਹਿਰ ਨੂੰ ਗਰਾਇਆ ਕੁਟੀਆ ਪਹੁੰਚ ਗਏ, ਉੱਧਰ ਰਿਸ਼ੀਕੇਸ਼ ਤੋਂ ਸਤਿਕਾਰਯੋਗ ਸੰਤ ਜੋਧ ਸਿੰਘ ਜੀ ਅਤੇ ਸਤਿਕਾਰਯੋਗ ਸੰਤ ਗੁਰਿੰਦਰ ਸਿੰਘ (ਛੋਟੂ ਬਾਬਾ) ਜੀ ਵੀ ਕੁਝ ਸੰਗਤਾਂ ਸਮੇਤ ਆ ਪਹੁੰਚੇ ਹਨ। ਖੋਖ, ਕੋਟਲੀ, ਲੋਪੋ, ਭੋੜੇ, ਕੁਤਬਨਪੁਰ ਅਤੇ ਕਰਨਾਲ ਆਦਿਕ ਥਾਵਾਂ ਤੋਂ ਪਾਠੀ ਸਿੰਘ ਵੀ ਪਹੁੰਚ ਚੁੱਕੇ ਹਨ। ਬਾਰਾਂਦਰੀ ਵਿੱਚ ਚਾਰੋਂ ਤਰਫ ਪੜਦਾ ਲਾ ਕੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਕੱਤੀ ਪਾਠ ਅਤੇ ਇੱਕ ਜਪੁਜੀ ਸਾਹਿਬ ਦੀ ਵੱਡੀ ਪੋਥੀ ਪ੍ਰਕਾਸ਼ ਕਰ ਲਈ ਹੈ। ਸਜਾਵਟ ਕਰਕੇ ਗੁਰੂ ਦਰਬਾਰ ਨੂੰ ਬਹੁਤ ਸੁੰਦਰ ਸਜਾਇਆ ਗਿਆ ਹੈ। ਹੁਣ ਦਿਨ ਦੇ ਸਾਢੇ ਗਿਆਰਾਂ ਵੱਜ ਚੁੱਕੇ ਹਨ, ਪੂਜਯ ਮਹਾਰਾਜ ਜੀ ਮੇਨ ਪਾਠ ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਜੀ ਨੂੰ ਚੌਰ ਕਰ ਰਹੇ ਹਨ। ਅਰਦਾਸ ਕਰਨ ਉਪਰੰਤ ਹਜ਼ੂਰ ਨੇ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਇਲਾਹੀ ਬਾਣੀ ਦਾ ਹੁਕਮ ਸੁਣਾਉਣ ਉਪਰੰਤ ਅਖੰਡ ਪਾਠਾਂ ਦੀ ਆਰੰਭਤਾ ਕੀਤੀ। ਇਸ ਸਮੇਂ ਤੱਕ ਗੁਰੂ ਕੇ ਲੰਗਰ ਵੀ ਸਜ ਕੇ ਤਿਆਰ ਹੋ ਗਏ ਜੋ ਅਰਦਾਸ ਕਰਕੇ ਵਰਤਾਉਣੇ ਸ਼ੁਰੂ ਕਰ ਦਿੱਤੇ। ਇਲਾਕੇ ਦੇ ਨੇੜੇ ਤੇੜੇ ਪਿੰਡਾਂ ਤੋਂ ਭਾਰੀ ਗਿਣਤੀ ਵਿੱਚ ਗਰੀਬ ਲੋੜਵੰਦ ਲੋਕ ਲੰਗਰ ਛਕਣ ਲਈ ਆ ਰਹੇ ਹਨ। ਸ਼ਾਮ ਨੂੰ ਚਾਰ ਵਜੇ ਬਾਹਰ ਕੀਰਤਨ ਪੰਡਾਲ ਵਿੱਚ ਦੀਵਾਨ ਸ਼ੁਰੂ ਹੋਇਆ, ਮਹਾਂਪੁਰਸ਼ਾਂ ਦੀ ਮਰਿਆਦਾ ਅਨੁਸਾਰ ਸਭ ਤੋਂ ਪਹਿਲਾਂ ਸੰਗਤ ਨੇ ਮਿਲਕੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਸੰਪੂਰਨ ਪਾਠ ਕੀਤਾ, ਉਪਰੰਤ ਕੀਰਤਨ ਸ਼ੁਰੂ ਹੋ ਗਿਆ। ਅੱਜ ਦੇ ਕੀਰਤਨ ਦਰਬਾਰ ਵਿੱਚ ਬੀਬੀ ਸ਼ਰਨਜੀਤ ਕੌਰ ਬੰਬਈ, ਬੀਬੀ ਹਰਮਿੰਦਰ ਕੌਰ ਕਰਨਾਲ ਅਤੇ ਗੁਰੂ ਘਰ ਦੇ ਪ੍ਰਸਿੱਧ ਕੀਰਤਨੀਏ ਭਾਈ ਮੁਖਤਿਆਰ ਸਿੰਘ ਲੁਧਿਆਣਾ ਵਾਲਿਆਂ ਨੇ ਬਹੁਤ ਰਸ ਭਿੰਨਾ ਕੀਰਤਨ ਕੀਤਾ। ਉਪਰੰਤ ਠੀਕ ਨੌਂ ਵਜੇ ਰਾਤ ਆਰਤੀ ਸ਼ੁਰੂ ਹੋ ਗਈ, ਜੋ ਸਾਢੇ ਨੌਂ ਵਜੇ ਅਰਦਾਸ ਉਪਰੰਤ ਅੱਜ ਦੇ ਦੀਵਾਨ ਦੀ ਸਮਾਪਤੀ ਹੋਈ। ਲੰਗਰ ਪਾਣੀ ਛਕਣ ਉਪਰੰਤ ਬਾਹਰੋਂ ਆਈਆਂ ਸੰਗਤਾਂ ਨੂੰ ਪ੍ਰਬੰਧਕ ਸੱਜਣ ਆਪਣੀਆਂ ਕਾਰਾਂ ਵਿੱਚ ਬਿਠਾ ਕੇ ਰਿਹਾਇਸ਼ ਵਾਲੀਆਂ ਥਾਵਾਂ ਤੇ ਪਹੁੰਚਾ ਰਹੇ ਹਨ।

ਬਾਈ ਅਕਤੂਬਰ ਵਾਲੇ ਦਿਨ ਸਵੇਰੇ ਛੇ ਵਜੇ ਕੀਰਤਨ ਪੰਡਾਲ ਵਿੱਚ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਹੋਇਆ, ਜਿਸ ਵਿੱਚ ਬੀਬੀ ਹਰਮਿੰਦਰ ਕੌਰ ਕਰਨਾਲ ਅਤੇ ਹੋਰ ਸੰਗਤਾਂ ਨੇ ਮਿਲਕੇ ਦੋ ਘੰਟੇ ਇਲਾਹੀ ਬਾਣੀ ਦੀ ਅੰਮ੍ਰਿਤ ਫੁਹਾਰ ਵਰਸਾਈ। ਉਪਰੰਤ ਅਰਦਾਸ ਕਰਕੇ ਸਵੇਰ ਦੇ ਦੀਵਾਨ ਦੀ ਸਮਾਪਤੀ ਹੋ ਗਈ। ਗੁਰੂ ਕੇ ਲੰਗਰ ਜੋ ਕੱਲ੍ਹ ਤੋਂ ਹੀ ਅਤੁੱਟ ਵਰਤ ਰਹੇ ਹਨ, ਸੰਗਤਾਂ ਲੋੜ ਅਨੁਸਾਰ ਚਾਹ ਨਾਸ਼ਤੇ ਛਕ ਮੱਧ ਦੀ ਅਰਦਾਸ ਵਿੱਚ ਸ਼ਾਮਲ ਹੋ ਗਈਆਂ। ਮੱਧ ਦੇ ਭੋਗ ਤੋਂ ਬਾਅਦ ਪੂਜਯ ਮਹਾਰਾਜ ਜੀਆਂ ਨੇ ਆਪਣੇ ਪਵਿੱਤਰ ਕਰ ਕਮਲਾਂ ਦੁਆਰਾ ਪਾਠੀ ਸੇਵਾਦਾਰਾਂ ਨੂੰ ਸਿਰੋਪਾਉ ਬਖਸ਼ਿਸ਼ ਕੀਤੇ। ਉੱਧਰ ਕੀਰਤਨ ਪੰਡਾਲ ਵਿੱਚ ਸੰਗਤਾਂ ਨੇ ਦੋ ਘੰਟੇ ਰੱਬੀ ਬਾਣੀ ਦੇ ਕੀਰਤਨ ਦੁਆਰਾ ਆਨੰਦ ਮਾਣਿਆ, ਯਾਨੀ ਦਸ ਤੋਂ ਬਾਰਾਂ ਵਜੇ ਦੁਪਹਿਰ ਤੱਕ ਬੀਬੀ ਹਰਮਿੰਦਰ ਕੌਰ ਕਰਨਾਲ ਅਤੇ ਬੀਬੀ ਸ਼ਰਨਜੀਤ ਕੌਰ ਬੰਬਈ ਵਾਲਿਆਂ ਨੇ ਰੱਬੀ ਬਾਣੀ ਦਾ ਮਨੋਹਰ ਕੀਰਤਨ ਕੀਤਾ। ਰੋਜ਼ ਦੀ ਤਰ੍ਹਾਂ ਸ਼ਾਮ ਨੂੰ ਪੰਜ ਵਜੇ ਫਿਰ ਦੀਵਾਨ ਸ਼ੁਰੂ ਹੋਇਆ ਜਿਸ ਵਿੱਚ ਮਹਾਂਪੁਰਸ਼ਾਂ ਦੀ ਮਰਿਆਦਾ ਅਨੁਸਾਰ ਸਭ ਤੋਂ ਪਹਿਲਾਂ ਸੁਖਮਨੀ ਸਾਹਿਬ ਦੇ ਪਾਠ ਅਤੇ ਫਿਰ ਰਾਤ ਨੌਂ ਵਜੇ ਤੱਕ ਹਰੀ ਕੀਰਤਨ। ਅੱਜ ਦੇ ਕੀਰਤਨ ਦਰਬਾਰ ਵਿੱਚ ਹੋਰਨਾਂ ਤੋਂ ਇਲਾਵਾ, ਭਾਈ ਮੁਖਤਿਆਰ ਸਿੰਘ ਜੀ ਲੁਧਿਆਣੇ ਵਾਲਿਆਂ ਨੇ ਦੂਜੇ ਦਿਨ ਵੀ ਇਲਾਹੀ ਬਾਣੀ ਦੇ ਸ਼ਬਦ ਕੀਰਤਨ ਦੁਆਰਾ ਸਰੋਤਿਆਂ ਨੂੰ ਨਿਹਾਲ ਕੀਤਾ। ਹੁਣ ਆਰਤੀ ਸ਼ੁਰੂ ਹੋ ਗਈ, ਸਾਢੇ ਨੌਂ ਵਜੇ ਆਪਣੇ ਇਸ਼ਟ ਦੇਵ ਦੇ ਆਰਤੀ ਪੂਜਨ ਤੋਂ ਬਾਅਦ ਅੱਜ ਦੇ ਦੀਵਾਨ ਦੀ ਸਮਾਪਤੀ ਹੋ ਗਈ।

ਅੱਜ ਤੇਈ ਅਕਤੂਬਰ ਵਾਲੇ ਦਿਨ ਸਵੇਰੇ ਛੇ ਵਜੇ ਬੀਬੀ ਹਰਮਿੰਦਰ ਕੌਰ ਕਰਨਾਲ ਨੇ ਕੀਰਤਨ ਪੰਡਾਲ ਵਿੱਚ ਸ੍ਰੀ ਆਸਾ ਜੀ ਦੀ ਵਾਰ ਦਾ ਰਸ ਭਿੰਨਾ ਕੀਰਤਨ ਕੀਤਾ। ਠੀਕ ਸਾਢੇ ਨੌਂ ਵਜੇ ਪਰਸੋਂ ਤੋਂ ਆਰੰਭ ਕੀਤੇ 31 ਸ੍ਰੀ ਅਖੰਡ ਪਾਠ ਦੇ ਭੋਗ ਸ਼ੁਰੂ ਹੋਏ, ਜੋ ਪੂਰੀ ਮਰਿਆਦਾ ਅਨੁਸਾਰ ਆਰਤੀ ਪੂਜਨ ਤੋਂ ਬਾਅਦ ਗਿਆਰਾਂ ਵਜੇ ਸੰਪੂਰਨ ਹੋਏ। ਉਪਰੰਤ ਸੰਤ ਸੰਮੇਲਨ ਸ਼ੁਰੂ ਹੋਇਆ, ਜਿਸ ਵਿੱਚ ਸੰਤ ਕਰਨ ਸਿੰਘ ਜੀ ਭੜੌਂਜੀਆ ਵਾਲੇ, ਭਾਈ ਮਨਜੀਤ ਸਿੰਘ ਜੀ ਹਰਖੋਵਾਲ ਵਾਲੇ ਅਤੇ ਭਾਈ ਤਰਜੀਤ ਸਿੰਘ ਜੀ ਨਰੂਲਾ ਕਰਨਾਲ ਵਾਲਿਆਂ ਨੇ ਆਪਣੇ ਵਿਚਾਰਾਂ ਦੁਆਰਾ ਗੁਰੂ ਮਹਿਮਾਂ, ਸੰਤ ਸੇਵਾ ਆਦਿਕ ਵਿਸ਼ਿਆਂ ਤੇ ਚਾਨਣਾ ਪਾਇਆ। ਹੁਣ ਅਰਦਾਸ ਤੋਂ ਬਾਅਦ ਪਵਿੱਤਰ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਉਪਰੰਤ ਨਿਯਮਬੱਧ ਪ੍ਰੋਗਰਾਮ ਅਨੁਸਾਰ ਬਾਹਰ ਕੀਰਤਨ ਪੰਡਾਲ ਵਿੱਚ ਫਿਰ ਦੀਵਾਨ ਸਜਿਆ,

ਜਿਸ ਵਿੱਚ ਅੱਜ ਤੀਸਰੇ ਦਿਨ ਵੀ ਭਾਈ ਮੁਖਤਿਆਰ ਸਿੰਘ ਲੁਧਿਆਣੇ ਵਾਲਿਆਂ ਨੇ ਗੁਰਬਾਣੀ ਦੇ ਸ਼ਬਦ ਕੀਰਤਨ ਦੁਆਰਾ ਬਹੁਤ ਹੀ ਰਸਦਾਇਕ ਅੰਮ੍ਰਿਤ ਵਰਸ਼ਾ ਕੀਤੀ। ਠੀਕ ਸਾਢੇ ਬਾਰਾਂ ਵਜੇ ਤਿੰਨ ਦਿਨ ਤੋਂ ਚੱਲ ਰਹੇ ਸਾਰੇ ਸਮਾਗਮਾਂ ਦੀ ਸੰਪੂਰਨਤਾ ਦੀ ਖੁਸ਼ੀ ਵਿੱਚ ਸ਼ੁਕਰਾਨੇ ਵਜੋਂ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਚਰਨਾਂ ਵਿੱਚ ਅਰਦਾਸ ਕਰਕੇ ਸਮਾਪਤੀ ਕੀਤੀ। ਗੁਰੂ ਕੇ ਲੰਗਰ ਜੋ ਪਰਸੋਂ ਤੋਂ ਅਤੁੱਟ ਵਰਤ ਰਹੇ ਹਨ, ਸੰਗਤਾਂ ਅਤੇ ਹੋਰ ਸੈਂਕੜੇ ਗਰੀਬ ਲੋਕ ਪ੍ਰਸ਼ਾਦ ਛਕ ਰਹੇ ਹਨ, ਜਿਸ ਵਿੱਚ ਸਮਾਗਮ ਦੀ ਸਪੂੰਰਨਤਾ ਅਤੇ ਦੀਵਾਲੀ ਦੀ ਖੁਸ਼ੀ ਵਿੱਚ ਮਿਠਾਈਆਂ ਆਦਿਕ ਅਨੇਕਾਂ ਪ੍ਰਕਾਰ ਦੇ ਰਸਦਾਇਕ ਪਦਾਰਥਾਂ ਦੇ ਅਤੁੱਟ ਭੰਡਾਰੇ ਵਰਤਾਏ ਜਾ ਰਹੇ ਹਨ। ਜਿਸ ਵਿੱਚ ਲੰਗਰ ਛਕਣ ਲਈ ਦੂਰ ਨੇੜੇ ਦੇ ਪਿੰਡਾਂ ਤੋਂ ਭਾਰੀ ਗਿਣਤੀ ਵਿੱਚ ਗਰੀਬ ਲੋੜਵੰਦ ਲੰਗਰ ਛਕ ਕੇ ਗੁਰੂ ਨਾਨਕ ਦਾ ਜਸ ਕਰਦੇ ਜਾ ਰਹੇ ਹਨ।

ਲੰਗਰ ਛੱਕਣ ਤੋਂ ਬਾਅਦ ਸੰਗਤਾਂ ਮਹਾਂਪੁਰਸ਼ਾਂ ਦੇ ਪਵਿੱਤਰ ਕਰ ਕਮਲਾਂ ਦੁਆਰਾ ਪ੍ਰਸ਼ਾਦ ਪ੍ਰਾਪਤ ਕਰਕੇ ਘਰਾਂ ਨੂੰ ਵਾਪਸ ਹੋ ਗਈਆਂ। ਲੇਕਿਨ ਜਿਨ੍ਹਾਂ ਨੇ ਸ਼ਾਮ ਨੂੰ ਦੀਵਾਲੀ ਮਹਾਂਪੁਰਸ਼ਾਂ ਦੇ ਚਰਨਾਂ ਵਿੱਚ ਹੀ ਮਨਾਉਣੀ ਹੈ, ਉਹ ਅੱਜ ਇੱਥੇ ਹੀ ਹਨ। ਕਿਉਂਕਿ ਇਸ ਮਹਾਨ ਸਮਾਗਮ ਵਿੱਚ ਮਹਾਂਪੁਰਸ਼ਾਂ ਦੀਆਂ ਸੇਵਕ ਸੰਗਤਾਂ ਦੂਰੋਂ-ਦੂਰੋਂ ਆਈਆਂ ਹੋਈਆਂ ਸਨ। ਜਿਵੇਂ ਪੰਜਾਬ ਹਰਿਆਣੇ ਤੋਂ ਇਲਾਵਾ ਬੰਬਈ ਤੋਂ ਵੀ ਸ੍ਰੀ ਅਸ਼ੋਕ ਜੋਗੇਸ਼ੀਆ ਪਰਿਵਾਰ ਸਮੇਤ ਅਤੇ ਬੀਬੀ ਦਲਜੀਤ ਕੌਰ, ਬੀਬੀ ਸ਼ਰਨਜੀਤ ਕੌਰ ਵੀ ਆਈਆਂ ਹੋਈਆਂ ਸਨ, ਇਸ ਪ੍ਰਕਾਰ ਸੰਗਤਾਂ ਦੇ ਦੂਰੋਂ-ਦੂਰੋਂ ਆਉਣ ਦੇ ਬਾਵਜੂਦ ਵੀ ਪ੍ਰਬੰਧਕਾਂ ਦੀ ਆਸ ਮੁਤਾਬਿਕ ਸੰਗਤਾਂ ਕਾਫੀ ਘੱਟ ਸਨ, ਕਿਉਂਕਿ ਪ੍ਰਬੰਧਕ ਸੱਜਣਾਂ ਨੇ ਜਿਸ ਪ੍ਰਕਾਰ ਨਾਲ ਬਾਹਰਲੀਆਂ ਸੰਗਤਾਂ ਦੇ ਰਹਿਣ ਆਦਿ ਦਾ ਪ੍ਰਬੰਧ ਅਤੇ ਹੋਰ ਹਰ ਕਿਸਮ ਦਾ ਇੰਤਜਾਮ ਕੀਤਾ ਸੀ, ਉਸ ਮੁਤਾਬਿਕ ਹਾਜ਼ਰੀ ਬਹੁਤ ਘੱਟ ਸੀ।

ਹੁਣ ਸ਼ਾਮ ਨੂੰ ਮਹਾਂਪੁਰਸ਼ਾਂ ਨੇ ਦੀਵਾਲੀ ਮਨਾਉਣ ਹਿੱਤ ਆਪਣੇ ਪਵਿੱਤਰ ਕਰ ਕਮਲਾਂ ਦੁਆਰਾ ਇੱਕ ਫੁੱਲਝੜੀ ਚਲਾ ਕੇ, ਆਤਿਸ਼ਬਾਜ਼ੀ ਸ਼ੁਰੂ ਕੀਤੀ। ਇਸ ਮਹਾਨ ਸਮਾਗਮ ਦੀ ਖੁਸ਼ੀ ਵਿੱਚ ਦੀਵਾਲੀ ਮਨਾਉਣ ਹਿੱਤ ਕਾਫੀ ਆਤਿਸ਼ਬਾਜੀ ਅਤੇ ਉਸਨੂੰ ਠੀਕ ਤਰੀਕੇ ਚਲਾਉਣ ਵਾਲੇ ਆਤਿਸ਼ਬਾਜ਼ ਵੀ ਸਹਾਰਨਪੁਰ ਤੋਂ ਸਪੈਸ਼ਲ ਤੌਰ ਤੇ ਬੁਲਾਏ ਹੋਏ ਸਨ। ਉਨ੍ਹਾਂ ਨੇ ਨਵੇਂ-ਨਵੇਂ ਕਿਸਮ ਦੀ ਆਤਿਸ਼ਬਾਜ਼ੀ ਚਲਾ ਕੇ ਕੋਈ ਇੱਕ ਘੰਟਾ ਆਪਣੀ ਕਲਾ ਦੇ ਜੌਹਰ ਦਿਖਾਏ। ਇਸ ਪ੍ਰਕਾਰ ਤਿੰਨ ਦਿਨ ਗੁਰਬਾਣੀ ਅਤੇ ਗੁਰੂ ਕੇ ਲੰਗਰ ਦੇ ਅਤੁੱਟ ਪ੍ਰਵਾਹ ਚੱਲਦੇ ਰਹੇ। ਗੁਰਾਇਆ ਅਤੇ ਡੱਲੇਵਾਲ ਨਿਵਾਸੀ ਪ੍ਰਬੰਧਕ ਸੱਜਣਾਂ ਦਾ ਹਰ ਪ੍ਰਬੰਧ ਬੜਾ ਸੁਚੱਜਾ ਅਤੇ ਵਿਸ਼ਾਲ ਦਿਲ ਨਾਲ ਕੀਤਾ ਹੋਇਆ ਸੀ। ਤਿੰਨ ਦਿਨ ਤੋਂ ਚੱਲ ਰਹੇ ਇਸ ਸਾਰੇ ਪ੍ਰੋਗਰਾਮ ਦੀ ਵੀਡਿਉ ਫਿਲਮ ਵੀ ਤਿਆਰ ਕੀਤੀ ਗਈ।

## ਲੈਲਾਂ

ਅੱਜ ਤੋਂ ਪੰਦਰਾਂ ਸਾਲ ਪਹਿਲਾਂ ਸੰਨ 1981 ਦਾ ਜ਼ਿਕਰ ਹੈ ਜਦੋਂ ਇਟਲੀ ਤੋਂ ਵਿਦਿਆਰਥੀਆਂ ਦਾ ਇੱਕ ਗਰੁੱਪ ਹਿੰਦੋਸਤਾਨ ਆਇਆ। ਸਾਰੇ ਵਿਦਿਆਰਥੀ ਘੁੰਮਦੇ-ਘੁੰਮਾਉਂਦੇ ਰਿਸ਼ੀਕੇਸ਼ ਪਹੁੰਚ ਕੇ ਨੀਲਮ ਹੋਟਲ ਵਿੱਚ ਰੁੱਕੇ। ਹੋਟਲ ਦੇ ਮਾਲਕ ਨੂੰ ਪੁੱਛਿਆ ਕਿ ਇੱਥੋਂ ਦੀਆਂ ਦੇਖਣਯੋਗ ਖਾਸ-ਖਾਸ ਥਾਵਾਂ ਦੱਸੋ! ਹੋਟਲ ਦਾ ਮਾਲਕ ਜੋ ਇੱਕ ਸਰਦਾਰ ਹੈ, ਨੇ ਜਿੱਥੇ ਲਛਮਣ ਝੂਲਾ ਆਦਿਕ ਥਾਵਾਂ ਬਾਰੇ ਦੱਸਿਆ ਉੱਥੇ ਨਿਰਮਲ ਆਸ਼ਰਮ ਦੀ ਮਹਿਮਾ ਬਾਰੇ ਵੀ ਜ਼ਿਕਰ ਕੀਤਾ। ਆਸ਼ਰਮ ਦੀ ਮਹਿਮਾ ਸੁਣਕੇ ਵਿਦਿਆਰਥੀ ਟੋਲੀ ਇੱਕ ਦਿਨ ਸਵੇਰੇ-ਸਵੇਰੇ ਨਿਰਮਲ ਆਸ਼ਰਮ ਪਹੁੰਚੀ, ਉਸ ਵਕਤ ਅੱਗੇ ਸਵੇਰ ਦਾ ਛੇਤਰ (ਗੁਰੂ ਕਾ ਲੰਗਰ) ਚੱਲ ਰਿਹਾ ਸੀ। ਜਿਸ ਵਿੱਚ ਸੈਂਕੜੇ ਸਾਧੂ ਮਹਾਤਮਾ, ਅਤੇ ਗਰੀਬ ਲੋਕ ਨਾਸ਼ਤਾ ਲੈਣ ਲਈ ਜੁੜੇ ਖੜ੍ਹੇ ਸਨ। ਸੇਵਾਦਾਰਾਂ ਨੇ ਬੜੇ ਪ੍ਰੇਮ ਨਾਲ ਸਭ ਉੱਪਰ ਫੁੱਲਾਂ ਦੀ ਵਰਖਾ ਕਰਕੇ ਗੁਰੂ ਕਾ ਲੰਗਰ ਵਰਤਾਉਣਾ ਸ਼ੁਰੂ ਕੀਤਾ, ਜੋ ਕਿ ਬਿਨ੍ਹਾਂ ਕਿਸੇ ਵਿਤਕਰੇ ਤੋਂ ਸਭ ਨੂੰ ਹਰੀ ਰੂਪ ਜਾਣ ਕੇ ਸੇਵਾਦਾਰ ਬੜੇ ਪ੍ਰੇਮ ਨਾਲ ਚਾਹ ਨਾਸ਼ਤਾ ਵਰਤਾਈ ਜਾ ਰਹੇ ਹਨ। ਉੱਧਰ ਲੋੜਵੰਦ ਸੱਜਣ ਚਾਹ ਪ੍ਰਸ਼ਾਦਾ ਲੈ ਕੇ ਲਾਈਨ ਵਿੱਚ ਬਾਹਰ ਜਾਈ ਜਾ ਰਹੇ ਹਨ। ਐਸਾ ਪ੍ਰੇਮ ਪੂਰਵਕ ਵਿਵਹਾਰ ਹੁੰਦਾ ਦੇਖ ਕੇ ਵਿਦੇਸ਼ੋਂ ਆਈ ਇਟਾਲੀਅਨ ਵਿਦਿਆਰਥੀ ਟੋਲੀ ਬਹੁਤ ਪ੍ਰਭਾਵਿਤ ਹੋਈ।

ਇੱਕ ਪੰਦਰਾਂ ਕੁ ਸਾਲ ਉਮਰ ਵਿੱਚ *ਲੈਲਾਂ* ਨਾਮ ਦੀ ਇਥੋਪੀਅਨ ਲੜਕੀ ਜੋ ਅੱਜ ਕੱਲ੍ਹ ਇਟਲੀ ਵੱਸੇ ਹੋਏ ਹਨ, ਕੁਝ ਜ਼ਿਆਦਾ ਹੀ ਪ੍ਰਭਾਵਿਤ ਹੋਈ। ਉਸ ਨੇ ਪੂਜਯ ਮਹਾਰਾਜ ਜੀ ਕੋਲ ਜਾ ਕੇ ਬੜੀ ਸ਼ਰਧਾ ਨਾਲ ਸਿਰ ਝੁਕਾਇਆ,

ਫਿਰ ਇੰਗਲਿੰਸ਼ ਵਿੱਚ ਕੁਝ ਪ੍ਰਮਾਰਥਕ ਬਚਨ ਪੁੱਛੇ। ਇਹ ਵਿਦਿਆਰਥੀ ਟੋਲੀ ਤਿੰਨ-ਚਾਰ ਦਿਨ ਰਿਸ਼ੀਕੇਸ਼ ਠਹਿਰੀ, ਹਰ ਰੋਜ਼ ਆਸ਼ਰਮ ਆਉਣਾ, ਹਜ਼ੂਰ ਨੇ ਦਰਸ਼ਨ ਕਰਨੇ ਅਤੇ ਲੈਲਾਂ ਕੁਝ ਸਵਾਲ ਵੀ ਪੁੱਛਦੀ। ਇਉਂ ਕੁਝ ਦਿਨ ਹਿੰਦੋਸਤਾਨ ਦੀ ਯਾਤਰਾ ਕਰਕੇ ਅਤੇ ਕੁਝ ਨਵੇਂ ਪ੍ਰਭਾਵ ਲੈ ਕੇ ਵਾਪਸ ਇਟਲੀ ਚਲੇ ਗਏ। ਉਸ ਤੋਂ ਦੱਸ ਸਾਲਾਂ ਬਾਅਦ 1991 ਵਿੱਚ ਲੈਲਾਂ ਫਿਰ ਭਾਰਤ ਆਈ ਤਾਂ ਸਿੱਧੀ ਨਿਰਮਲ ਆਸ਼ਰਮ ਰਿਸ਼ੀਕੇਸ਼ ਪਹੁੰਚੀ। ਇੱਥੇ ਕੁਝ ਦਿਨ ਠਹਿਰ ਕੇ ਸਾਰਾ ਮਾਹੌਲ ਦੇਖਿਆ, ਸੰਗਤਾਂ ਨੂੰ ਦੇਖ ਕੇ ਬਰਤਨ ਆਦਿ ਮਾਂਜਣ ਦੀ ਸੇਵਾ ਕਰਦੀ, ਹਜ਼ੂਰ ਤੋਂ ਕੁਝ ਪ੍ਰਮਾਰਥਕ ਬਚਨ ਵੀ ਪੁੱਛਦੀ। ਥੋੜ੍ਹੇ ਦਿਨ ਠਹਿਰ ਕੇ ਫਿਰ ਵਾਪਸ ਚਲੀ ਗਈ, ਲੇਕਿਨ ਜਨਵਰੀ 1996 ਵਿੱਚ ਤੀਸਰੀ ਵਾਰ ਫਿਰ ਭਾਰਤ ਆਈ, ਰਿਸ਼ੀਕੇਸ਼ ਨਿਰਮਲ ਆਸ਼ਰਮ ਪਹੁੰਚਣ ਤੇ ਪਤਾ ਲੱਗਿਆ, ਕਿ ਪੂਜਯ ਮਹਾਰਾਜ ਜੀ ਬੰਬਈ ਗਏ ਹੋਏ ਹਨ। ਦੋ-ਤਿੰਨ ਦਿਨ ਆਸ਼ਰਮ ਠਹਿਰ ਕੇ, ਮਹਾਰਾਜ ਜੀ ਦੇ ਦਰਸ਼ਨ ਕਰਨ ਲਈ ਬੰਬਈ ਪਹੁੰਚੀ, ਹਜ਼ੂਰ ਉਸ ਸਮੇਂ ਮੈਰਿਨ ਡਰਾਈਵ ਚਰਚ ਗੇਟ ਸ੍ਰੀ ਗੁਲ ਚੈਨਾਨੀ ਜੀ ਦੇ ਘਰ ਠਹਿਰੇ ਹੋਏ ਸਨ। ਲੈਲਾਂ ਨੇ ਬੜੀ ਭਾਵੁਕ ਹੋ ਕੇ ਨਮਸ਼ਕਾਰ ਕੀਤੀ, ਪ੍ਰੇਮ ਦੇ ਹੰਝੂਆਂ ਨਾਲ ਹਜ਼ੂਰ ਦੇ ਚਰਨ ਧੋ ਦਿੱਤੇ। ਅਰਸ਼ੀ ਪ੍ਰੀਤਮ ਨੇ ਚਰਨਾਂ ਤੋਂ ਉਠਾਈ, ਖੇਮਕੁਸ਼ਲ ਪੁੱਛਣ ਉਪਰੰਤ ਕੁਝ ਖਾਣ ਪੀਣ ਲਈ ਹੁਕਮ ਕੀਤਾ, ਇੱਕ ਪ੍ਰੇਮੀ ਪਰਿਵਾਰ ਮੋਹਣੀ ਬਾਈ ਮਨਸੁਖਾਨੀ ਨੂੰ ਆਗਿਆ ਕੀਤੀ, ਕਿ ਇਸ ਲੜਕੀ ਨੂੰ ਆਪਣੇ ਘਰ ਲੈ ਜਾਉ! ਜਿਤਨੇ ਦਿਨ ਇਹ ਇੱਧਰ ਰਹਿਣਾ ਚਾਹੇ ਆਪਣੇ ਘਰ ਰੱਖੋ! ਲੈਲਾਂ ਹਰ ਰੋਜ਼ ਮਾਤਾ ਮੋਹਣੀ ਦੇ ਨਾਲ ਹਜ਼ੂਰ ਦੇ ਦਰਸ਼ਨ ਕਰਨ ਲਈ ਚਰਚ ਗੇਟ ਆਉਂਦੀ ਰਹਿੰਦੀ। ਕਿਤਨੀ-ਕਿਤਨੀ ਦੇਰ ਹਜ਼ੂਰ ਦੇ ਨੂਰਾਨੀ ਚਿਹਰੇ ਵੱਲ ਇੱਕ ਟੱਕ ਇਉਂ ਤੱਕਦੀ ਰਹਿੰਦੀ ਹੈ ਜਿਵੇਂ ਚਕਵੀ ਚੰਦਰਮਾ ਵੱਲ ਤੱਕਦੀ ਦੀ ਗਰਦਨ ਭਾਵੇਂ ਮੁੜਕ ਜਾਏ, ਲੇਕਿਨ ਦੀਦਾਰ ਕਰਨੋਂ ਨਹੀਂ ਹਟਦੀ।

ਅੱਜ ਅਠਾਈ ਜਨਵਰੀ 1996 ਦੇ ਸ਼ੁਭ ਦਿਨ ਤੇ ਕੋਈ ਪੁਰਾਤਨ ਸੰਜੋਗ ਸਫੁੱਟ ਹੋਇਆ, ਲੈਲਾਂ ਨੇ ਹਜ਼ੂਰ ਦੇ ਪਵਿੱਤਰ ਚਰਨਾਂ ਵਿੱਚ ਦੋਨੋਂ ਹੱਥ ਜੋੜ ਅਰਜ਼ ਕੀਤੀ, ਮਹਾਰਾਜ! ਸੰਨ 1981 ਵਿੱਚ ਜਦੋਂ ਆਪ ਜੀ ਦੇ ਪਹਿਲੀ ਵਾਰ ਦਰਸ਼ਨ ਕੀਤੇ ਸਨ, ਤਾਂ ਆਪ ਜੀ ਦੇ ਪਵਿੱਤਰ ਮੁੱਖ ਤੋਂ ਸੁਣਿਆ ਸੀ ਕਿ ਮਨ ਦੀ ਸ਼ਾਂਤੀ ਹਾਸਲ ਕਰਨ ਲਈ ਸ਼ੁੱਧ ਖੁਰਾਕ ਦਾ ਸੇਵਨ ਜ਼ਰੂਰੀ ਹੈ। ਆਪ ਨੇ ਫੁਰਮਾਇਆ ਸੀ **ਜੈਸਾ ਅੰਨ ਤੈਸਾ ਮਨ**! ਮੈਂ ਉਸ ਦਿਨ ਤੋਂ ਬਾਅਦ ਮਦਰਾ ਮਾਸ ਆਦਿਕ ਤਾਮਸੀ ਵਸਤਾਂ ਦਾ ਉੱਕਾ ਹੀ ਸੇਵਨ ਬੰਦ ਕਰ ਦਿੱਤਾ ਸੀ। ਹਰ ਐਤਵਾਰ ਚਰਚ ਜਾਣਾ, ਪੂਜਾ ਆਦਿ ਕਰਨੀ, ਲੇਕਿਨ ਇਤਨਾਂ ਕਰਨ ਦੇ ਬਾਵਜੂਦ ਵੀ ਮਨ ਦੀ ਸ਼ਾਂਤੀ ਪ੍ਰਾਪਤੀ ਨਹੀਂ ਹੋਈ। ਮੈਂ ਹੁਣ ਆਪ ਦੀ ਸ਼ਰਨ ਵਿੱਚ ਆਈ ਹਾਂ, ਕ੍ਰਿਪਾ ਕਰੋ! ਮਿਹਰ ਕਰੋ ਮੈਨੂੰ ਪੀਸ ਆਫ ਮਾਈਂਡ ਬਖਸ਼ਿਸ਼ ਕਰੋ! ਇਟਲੀ ਤੋਂ ਮੈਂ ਇੱਧਰ ਕੋਈ ਬਿਜ਼ਨਸ ਨਹੀਂ ਕਰਨ ਆਈ ਅਤੇ ਨਾ ਹੀ ਘੁੰਮਣ ਫਿਰਨ ਜਾਂ ਕੁਝ ਦੇਖਣ ਆਈ ਹਾਂ, ਕੇਵਲ ਤੇ ਕੇਵਲ ਮੇਰੇ ਆਉਣ ਦਾ ਪ੍ਰਯੋਜਨ ਮਨ ਦੀ ਸ਼ਾਂਤੀ ਪ੍ਰਾਪਤ ਕਰਨਾ ਹੈ। ਇਹ ਮੈਨੂੰ ਪੱਕਾ ਵਿਸ਼ਵਾਸ਼ ਹੈ, ਕਿ ਅਜਿਹੀ ਅਲੌਕਿਕ ਵਸਤੂ ਆਪ ਦੇ ਪਵਿੱਤਰ ਚਰਨਾਂ ਵਿੱਚੋਂ ਜ਼ਰੂਰ ਮਿਲੇਗੀ! ਹਜ਼ੂਰ ਕਿਸੇ ਗਹਿਰੀ ਸੋਚ ਵਿੱਚ ਉਤਰੇ ਸੁਣੀ ਜਾ ਰਹੇ ਹਨ, ਲੇਕਿਨ ਪਵਿੱਤਰ ਮੁੱਖ ਤੋਂ ਕੁਝ ਨਹੀਂ ਫੁਰਮਾ ਰਹੇ। ਇਤਨੇ ਨੂੰ ਸਮਾਂ ਸ਼ਾਮ ਦੇ ਪੰਜ ਵਜੇ ਦਾ ਹੋ ਆਇਆ, ਅਤੇ ਰੋਜ਼ ਦੀ ਤਰ੍ਹਾਂ ਸਤਿਸੰਗ ਸ਼ੁਰੂ ਹੋ ਗਿਆ। ਕੀਰਤਨ ਦੀ ਸਮਾਪਤੀ ਤੇ ਛੇ ਵਜੇ ਪ੍ਰਸ਼ਾਦ ਵਰਤਾ ਦਿੱਤਾ ਗਿਆ, ਸਭ ਸੰਗਤਾਂ ਪ੍ਰਸ਼ਾਦ ਲੈ-ਲੈ ਨਮਸ਼ਕਾਰਾਂ ਕਰਕੇ ਆਪਣੇ ਘਰਾਂ ਨੂੰ ਵਾਪਸ ਤੁਰ ਗਈਆਂ ਲੇਕਿਨ ਲੈਲਾਂ ਅਜੇ ਬੈਠੀ ਹੈ। ਕਿਉਂਕਿ ਲੈਲਾਂ ਜਿਸ ਪ੍ਰਸ਼ਾਦ ਲਈ ਹਜ਼ਾਰਾਂ ਕੋਹਾਂ ਦਾ ਪੈਂਡਾ ਤਹਿ ਕਰਕੇ, ਰਸਤੇ ਦਾ ਕਸ਼ਟ ਉਠਾ ਕੇ ਅਤੇ ਹਜ਼ਾਰਾਂ ਰੁਪਏ ਖ਼ਰਚ ਕਰਕੇ ਭਾਰਤ ਪਹੁੰਚੀ ਸੀ, ਉਹ ਪ੍ਰਸ਼ਾਦ ਸ਼ਾਇਦ ਅਜੇ ਨਹੀਂ ਪ੍ਰਾਪਤ ਹੋਇਆ। ਕੀਰਤਨ ਸਤਿਸੰਗ ਪੰਜਾਬੀ ਵਿੱਚ ਹੋਇਆ, ਪਰ ਲੈਲਾਂ ਤਾਂ ਪੰਜਾਬੀ, ਹਿੰਦੀ ਦਾ ਇੱਕ ਅੱਖਰ ਵੀ ਨਹੀਂ ਸਮਝਦੀ; ਤ੍ਰਿਪਤੀ ਕੈਸੇ ਹੋਵੇ? ਸ਼ਾਂਤੀ ਕੈਸੇ ਆਵੇ? ਲੈਲਾਂ ਬਹੁਤ ਉਦਾਸ ਹੈ, ਕਿਉਂਕਿ ਅੱਜ ਰਾਤ ਦੋ ਵਜੇ ਹੀ ਉਸ ਦੀ ਵਾਪਸ ਇਟਲੀ ਜਾਣ ਲਈ ਫਲਾਈਟ ਹੈ ਜਿਸ ਵਿੱਚ ਕੁਝ ਘੰਟੇ ਦਾ ਸਮਾਂ ਹੀ ਬਕਾਇਆ ਹੈ। ਲੇਕਿਨ ਜਿਸ ਵਡਮੁੱਲੀ ਵਸਤੂ ਦੇ ਵਪਾਰ ਲਈ ਭਾਰਤ ਆਈ ਸੀ, ਉਸਦਾ ਪ੍ਰਾਪਤ ਹੋਣਾ ਤਾਂ ਇੱਕ ਪਾਸੇ ਰਿਹਾ, ਇਸ਼ਾਰਾ ਵੀ ਕੋਈ ਨਹੀਂ। ਹਜ਼ੂਰ ਨੇ ਸੰਗਤਾਂ ਨੂੰ ਪ੍ਰਸ਼ਾਦ ਵਰਤਾ ਕੇ ਔਹ! ਦੇਖਦੇ-ਦੇਖਦੇ ਹੀ ਆਪਣੇ ਕਮਰੇ ਵਿੱਚ ਜਾ ਕੇ ਦਰਵਾਜਾ ਬੰਦ ਕਰ ਲਿਆ। ਬਸ ਲੈਲਾਂ ਦੀਆਂ ਸਾਰੀਆਂ ਆਸਾਂ ਤੇ ਪਾਣੀ ਫਿਰ ਗਿਆ, ਜੋ ਇਟਲੀ ਤੋਂ ਆਪਣੇ ਹਿਰਦੇ ਵਿੱਚ ਲੈ ਕੇ ਭਾਰਤ ਪਹੁੰਚੀ ਸੀ। ਸੰਗਤ ਦੀਆਂ ਮੁਖੀ-ਮੁਖੀ ਮਾਈਆਂ ਨੂੰ ਬਾਰ-ਬਾਰ ਪੁੱਛ ਰਹੀ ਹੈ,

ਮਹਾਰਾਜ ਦਰਵਾਜ਼ਾ ਕਦੋਂ ਖੋਲ੍ਹਣਗੇ? ਲੈਲਾਂ ਦੇ ਸੁਆਲ ਦਾ ਜੁਆਬ ਕਿਸੇ ਕੋਲ ਵੀ ਨਹੀਂ ਕਿਉਂਕਿ ਹਜ਼ੂਰ ਦੀ ਮੌਜ਼ ਨੂੰ ਕੌਣ ਜਾਣ ਸਕਦਾ ਹੈ? ਬੇਅੰਤ ਦੀ ਮੌਜ਼ ਨੂੰ ਅੰਤ ਵਾਲਾ ਜੀਵ ਜਾਣ ਵੀ ਕੈਸੇ ਸਕਦਾ ਹੈ? ਲੈਲਾਂ ਲਈ ਹੁਣ ਇੱਕ-ਇੱਕ ਪਲ ਜੁਗਾਂ ਦੇ ਸਮਾਨ ਬੀਤ ਰਿਹਾ ਹੈ, ਉਦਾਸੀ ਕਾਲੇ ਬੱਦਲਾਂ ਦੀ ਤਰ੍ਹਾਂ ਛਾ ਰਹੀ ਹੈ, ਚਿਹਰਾ ਅਉਧ ਪੁੱਗ ਚੁੱਕੇ ਫੁੱਲ ਦੀ ਤਰ੍ਹਾਂ ਮੁਰਝਾਉਂਦਾ ਜਾ ਰਿਹਾ ਹੈ, ਕਿਉਂਕਿ ਸਮਾਂ ਬੜੀ ਤੇਜ਼ੀ ਨਾਲ ਰਾਤ ਦੇ ਦੋ ਵੱਜਣ ਵੱਲ ਵੱਧ ਰਿਹਾ ਹੈ। ਲੈਲਾਂ ਨੇ ਮਹਾਰਾਜ ਜੀ ਦੇ ਦਰਵਾਜ਼ੇ ਵੱਲ ਇੱਕ ਟੱਕ ਧਿਆਨ ਇਉਂ ਜਮਾਇਆ ਹੋਇਆ ਹੈ, ਜਿਵੇਂ— ਦਰੋਪਦੀ ਦੇ ਸੁਵੰਬਰ ਸਮੇਂ ਮਹਾਂਬਲੀ ਅਰਜਨ ਦਾ ਧਿਆਨ ਤੇਲ ਦੇ ਕੜਾਹੇ ਉੱਪਰ ਘੁੰਮ ਰਹੀ ਮੱਛੀ ਦੀ ਅੱਖ ਵੱਲ। ਅਚਾਨਕ ਸਾਢੇ ਸਤ ਵਜੇ ਦੇ ਕਰੀਬ ਹਜ਼ੂਰ ਦਾ ਦਰਵਾਜ਼ਾ ਖੁੱਲਿਆ, ਲੈਲਾਂ ਬੜੀ ਤੇਜ਼ੀ ਨਾਲ ਵਰਦੇ ਮੀਂਹ ਦੀ ਤਰ੍ਹਾਂ ਹਜ਼ੂਰ ਦੇ ਚਰਨਾਂ ਨਾਲ ਜਾ ਲਿਪਟੀ। ਲੈਲਾਂ ਦੀਆਂ ਅੱਖਾਂ ਵਿੱਚੋਂ ਪਾਣੀ ਦੇ ਟੇਪੇ ਹਜ਼ੂਰ ਦੇ ਚਰਨਾਂ ਉੱਪਰ ਇਉਂ ਪੈ ਰਹੇ ਹਨ, ਜਿਵੇਂ ਕਮਲ ਫੁੱਲ ਤੇ ਤਰੇਲ ਪੈ ਰਹੀ ਹੋਵੇ। ਹਜ਼ੂਰ ਦਾ ਨੂਰਾਨੀ ਚਿਹਰਾ ਵੀ ਪੁੰਨਿਆਂ ਦੇ ਚੰਦਰਮਾਂ ਵਾਂਗ ਹਰ ਪੱਖ ਤੋਂ ਪੂਰਨ, ਸ਼ਾਂਤ, ਮਾਨੋਂ ਅੰਮ੍ਰਿਤ ਦੀਆਂ ਕਿਰਨਾਂ ਨਾਲ ਸਾਰੇ ਰੂਮ ਨੂੰ ਅੰਮ੍ਰਿਤ ਰਸ ਨਾਲ ਸਰਸਾਰ ਕਰ ਰਿਹਾ ਹੈ। ਹੁਣ ਪਵਿੱਤਰ ਬੁਲ੍ਹ ਫਰਕੇ, ਦਿਬਯ ਚਿਹਰੇ ਤੇ ਮਿੱਠੀ-ਮਿੱਠੀ ਮੁਸਕਾਨ, ਧੀਮੀ ਪਰ ਰਸ ਭਰੀ ਅਵਾਜ਼ ਵਿੱਚ ਗੁਣਗੁਣਾ ਰਹੇ ਹਨ—

**ਸਤਿਨਾਮੁ ਪ੍ਰਭ ਕਾ ਸੁਖਦਾਈ॥ ਬਿਸਵਾਸੁ ਸਤਿ ਨਾਨਕ ਗੁਰ ਤੇ ਪਾਈ॥**

*(ਸੁਖਮਨੀ, ਪੰਨਾ-੨੮੪)*

ਉੱਧਰ ਲੈਲਾਂ ਵੀ ਹਜ਼ੂਰ ਦੇ ਪਵਿੱਤਰ ਚਰਨਾਂ ਵਿੱਚ ਦੋਨੋਂ ਹੱਥ ਜੋੜੀਂ ਇਉਂ ਖੜੀ ਹੈ, ਜਿਵੇਂ ਕੋਈ ਅਹਿੱਲ, ਨਿਰਜਿੰਦ ਮੂਰਤੀ। ਹਜ਼ੂਰ ਮੁਸਕਰਾ ਕੇ ਪੁੱਛ ਰਹੇ ਹਨ, ਦੱਸੋ! ਦੇਵੀ ਕੀ ਗੱਲ ਹੈ? ਲੈਲਾਂ ਵਿੱਚ ਹੁਣ ਜੀਵਨ ਸੱਤਾ ਆਈ, ਬੁੱਲ੍ਹ ਫਰਕੇ, ਮਹਾਰਾਜ! ਸ਼ਾਂਤੀ! ਜੀਵਨ ਦੀ ਸਫਲਤਾ!! ਲੈਲਾਂ ਦੇ ਨਿਸ਼ਕਪਟ ਹਿਰਦੇ ਵਿੱਚੋਂ ਆਈ ਆਵਾਜ਼ ਸੁਣਦਿਆਂ ਹੀ ਨੂਰਾਨੀ ਚਿਹਰੇ ਤੇ ਜਲਾਲ ਇੱਕ ਦਮ ਆਭਾ ਮਾਰ ਉੱਠਿਆ। ਬਹੁਤ ਗੰਭੀਰ ਅਤੇ ਮਿੱਠੇ ਸੁਰ ਵਿੱਚ ਬੋਲੇ— **ਨਾਨਕ ਕੇ ਘਰਿ ਕੇਵਲ ਨਾਮੁ,** ਗੁਰੂ ਨਾਨਕ ਦੇ ਘਰ ਵਿੱਚ ਸ਼ਾਂਤੀ ਅਤੇ ਸੁੱਖ ਦਾ ਦਾਤਾ ਨਾਮ ਹੈ। ਸੰਸਾਰ ਦੇ ਸਾਰੇ ਪਦਾਰਥਾਂ ਵਿੱਚ ਅਗਰ ਸ਼ਾਂਤੀ ਹੋਵੇ, ਤਾਂ ਭਰਥਰੀ ਹਰੀ ਜੈਸੇ ਰਾਜੇ, ਰਾਜ ਭਾਗ ਦੇ ਸੁੱਖ ਤਿਆਗ ਕੇ ਜੰਗਲਾਂ ਵਿੱਚ ਕਿਉਂ ਘੁੰਮਦੇ? ਵੱਡੇ-ਵੱਡੇ ਚੱਕਰਵਰਤੀ ਰਾਜੇ ਨਾਮੀ ਪੁਰਸ਼ਾਂ ਦੇ ਚਰਨਾਂ ਤੇ ਲੇਟੇ ਦੇਖੀਦੇ ਹਨ। ਸੰਸਾਰ ਦੇ ਪਦਾਰਥ ਉੱਪਰੋਂ ਤਾਂ ਮਿੱਠੇ-ਮਿੱਠੇ ਸੁਖਦਾਈ ਪ੍ਰਤੀਤ ਹੋ ਰਹੇ ਹਨ, ਪਰੰਤੂ ਅੰਦਰੋਂ ਫੋਲ ਕੇ ਦੇਖਿਆਂ, ਦੁੱਖ, ਅਸ਼ਾਂਤੀ ਅਤੇ ਅਤ੍ਰਿਪਤੀ ਮਿਲਦੀ ਹੈ। ਹਰੀ ਨਾਮ ਤੋਂ ਬਗੈਰ ਸੰਸਾਰ ਦੀ ਕੋਈ ਵੀ ਵਸਤੂ ਮਨ ਨੂੰ ਸ਼ਾਂਤ ਕਰਨ ਲਈ ਸਮਰੱਥ ਨਹੀਂ। ਜਿਵੇਂ ਗੁਰੂ ਵਾਕ—

**ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਮ॥**
**ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ॥**

*(ਵਾਰ ਜੈਤਸਰੀ ਪੰਨਾ-੭੦੯)*

ਚੰਦਨ, ਚੰਦ, ਸਰਦ ਰੁੱਤ ਭਾਵੇਂ ਸ਼ੀਤਲ ਮੰਨੀਆਂ ਜਾਂਦੀਆਂ ਹਨ, ਪਰ ਸੰਸਾਰਕ ਪਦਾਰਥਾਂ ਦੀ ਤ੍ਰਿਸ਼ਨਾ ਰੂਪੀ ਤ੍ਰੇਹ ਨਾਲ ਤੜਫਦੇ ਮਨ ਨੂੰ ਸ਼ਾਂਤ ਕਰਨ ਵਾਸਤੇ ਸਮਰਥ ਨਹੀਂ। ਜੈਸੇ ਅਗਨੀ, ਲੱਕੜਾਂ ਨਾਲ ਕਦੇ ਸੰਤੁਸ਼ਟ ਨਹੀਂ ਹੁੰਦੀ, ਬਲਕਿ ਹੋਰ ਭੜਕਦੀ ਹੈ। ਐਸੇ ਹੀ ਮਨ ਇੱਕ ਪਦਾਰਥ ਨੂੰ ਪ੍ਰਾਪਤ ਕਰਕੇ ਬਜਾਏ ਸ਼ਾਂਤ ਹੋਣ ਦੇ ਹੋਰ ਪਦਾਰਥਾਂ ਲਈ ਭੜਕਣਾ ਸ਼ੁਰੂ ਕਰ ਦਿੰਦਾ ਹੈ। ਜਿਵੇਂ ਗੁਰੂ ਵਾਕ—

**ਸਹਸ ਖਟੇ ਲਖ ਕਉ ਉਠਿ ਧਾਵੈ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥**

*(ਸੁਖਮਨੀ, ਪੰਨਾ-੨੭੯)*

ਮਾਇਆ ਦੀ ਚੰਚਲਤਾ ਸੰਸਾਰ ਦੀ ਕਿਸੇ ਵਸਤੂ ਨੂੰ ਸਥਿਰ ਨਹੀਂ ਰਹਿਣ ਦਿੰਦੀ। ਪਲ-ਪਲ, ਛਿਨ-ਛਿਨ, ਵਿੱਚ ਹਰ ਵਸਤੂ ਆਪਣਾ ਰੂਪ ਵਟਾ ਰਹੀ ਹੈ। ਜਨਮ ਨੂੰ ਬਚਪਨ ਨੇ ਖਾ ਲਿਆ, ਬਚਪਨ ਨੂੰ ਕਿਸ਼ੋਰ ਅਵਸਥਾ ਨਿਗਲ ਗਈ, ਕਿਸ਼ੋਰ ਅਵਸਥਾ ਨੂੰ ਜਵਾਨੀ ਨੇ ਚਬਾ ਲਿਆ, ਜਵਾਨੀ ਨੂੰ ਬੁਢਾਪੇ ਨੇ ਖਾ ਜਾਣਾ ਹੈ, ਬੁਢਾਪੇ ਨੂੰ ਖਾਣ ਲਈ ਮੌਤ

ਮੂੰਹ ਅੱਡੀ ਸਾਹਮਣੇ ਖੜੀ ਹੈ। ਜਦੋਂ ਆਪ ਦੇ ਸਰੀਰ ਦੀ ਇਹ ਹਾਲਤ ਹੈ, ਤਾਂ ਬਾਕੀ ਦੇ ਪਦਾਰਥ ਕਿੱਥੇ ਟਿਕਣ ਵਾਲੇ ਹਨ। ਸਿਆਣਾ ਪੁਰਸ਼ ਉਹੀ ਮੰਨਿਆ ਜਾਂਦਾ ਹੈ, ਜਿਹੜਾ ਸੰਸਾਰ ਦੇ ਛਿਨ ਭੰਗੁਰ ਸੁੱਖਾਂ ਦੀ ਅਸਾਰਤਾ ਸਮਝ ਕੇ ਸਦੀਵੀਂ ਸੁਖ, ਯਾਨੀ ਆਤਮ ਸੁੱਖ ਦੀ ਤਰਫ ਕਦਮ ਉਠਾਉਂਦਾ ਹੈ, ਔਰ ਮੰਜ਼ਿਲ ਤੇ ਪਹੁੰਚਣ ਲਈ ਯਤਨਸ਼ੀਲ ਹੈ। ਹਜ਼ੂਰ ਦੇ ਪਵਿੱਤਰ ਮੁੱਖ ਤੋਂ ਉਚਾਰਨ ਹੋਇਆ ਬਚਨ ਰੂਪੀ ਅੰਮ੍ਰਿਤ ਕੰਨਾਂ ਦੁਆਰੇ ਪੀ-ਪੀ ਕੇ ਲੈਲਾਂ ਦਾ ਮਨ ਇਉਂ ਸ਼ਾਂਤ ਹੁੰਦਾ ਜਾ ਰਿਹਾ ਹੈ, ਜਿਵੇਂ— ਵਾਯੂ ਰਹਿਤ ਕਮਰੇ ਵਿੱਚ ਦੀਵੇ ਦੀ ਲੋਅ। ਅਚਾਨਕ ਹਜ਼ੂਰ ਦੇ ਕਮਲਾਂ ਵਰਗੇ ਨੇਤਰ ਬੰਦ ਹੋ ਗਏ। ਕੁਝ ਸਮੇਂ ਬਾਅਦ ਕਮਲ ਨੈਨ ਖੋਲ੍ਹੇ ਤਾਂ ਪਵਿੱਤਰ ਮੁੱਖ ਤੋਂ ਉਚਾਰਨ ਕੀਤਾ, ਬੋਲ ਦੇਵੀ! ਸਤਿਨਾਮ ਵਾਹਿਗੁਰੂ, ਸਤਿਨਾਮ ਵਾਹਿਗੁਰੂ, ਸਤਿਨਾਮ ਵਾਹਿਗੁਰੂ, ਸਤਿਨਾਮ ਵਾਹਿਗੁਰੂ, ਸਤਿਨਾਮ ਵਾਹਿਗੁਰੂ॥

ਲੈਲਾਂ ਜਿਵੇਂ-ਜਿਵੇਂ ਵਾਹਿਗੁਰੂ ਉਚਾਰਨ ਕਰ ਰਹੀ ਹੈ, ਕਿਸੇ ਅਕਹਿ ਅਨੰਦ ਵਿੱਚ ਲੀਨ ਹੁੰਦੀ ਜਾ ਰਹੀ ਹੈ। ਕਰੋੜਾਂ ਰੋਮ ਸਰੀਰ ਦੇ ਜਿਹਬਾਂ ਬਣ ਗਈਆਂ ਹਨ। ਲੈਲਾਂ ਦਾ ਮਨ ਕਿਸੇ ਅਨਸੁਣੇ, ਅਣਡਿੱਠੇ ਅਨੰਦ ਵਿੱਚ ਲੀਨ ਹੁੰਦਾ ਜਾ ਰਿਹਾ ਹੈ। ਪਹਿਲੇ ਕੇਵਲ ਸੁਣਦੀ ਸੀ, ਮਨ ਦੀ ਸ਼ਾਂਤ ਅਵਸਥਾ ਬਾਰੇ, ਲੇਕਿਨ ਅੱਜ ਖੁਦ ਅਨੁਭਵ ਕਰ ਰਹੀ ਹੈ। ਰੋਮ-ਰੋਮ ਵਿੱਚੋਂ ਆਵਾਜ਼ ਆ ਰਹੀ ਹੈ—

**ਜਿਸੁ ਵਖਰ ਕਉ ਲੈਨਿ ਤੂ ਆਇਆ॥ ਰਾਮ ਨਾਮੁ ਸੰਤਨ ਘਰਿ ਪਾਇਆ॥**

*(ਗਉੜੀ: ਸੁਖ:, ਪੰਨਾ-੨੮੩)*

ਲੈਲਾਂ ਦੇ ਮਨ ਤੋਂ ਸੰਸਾਰ ਦੀ ਮੈਲ ਉੱਤਰ ਕੇ ਤਨ, ਔਰ ਮਨ ਇਉਂ ਸ਼ਾਂਤ ਹੋ ਗਏ, ਜਿਵੇਂ ਜੇਠ ਦੇ ਮਹੀਨੇ ਜ਼ੋਰਦਾਰ ਪੈ ਰਹੀ ਗਰਮੀ ਅਤੇ ਗਰਮ ਲੂ ਨਾਲ ਸੜ ਰਹੀ ਧਰਤੀ ਤੇ ਜ਼ੋਰਦਾਰ ਬਾਰਸ਼ ਹੋ ਗਈ ਹੋਵੇ। ਉੱਧਰ ਰਾਤ ਵੀ ਦੋ ਵਜੇ, ਯਾਨੀ ਫਲਾਈਟ ਟਾਈਮ ਵੱਲ ਬੜੀ ਤੇਜ਼ੀ ਨਾਲ ਵੱਧ ਰਹੀ ਹੈ।

ਹਜ਼ੂਰ ਵੱਲੋਂ ਲੈਲਾਂ ਨੂੰ ਅੰਗਰੇਜ਼ੀ ਵਿੱਚ ਕੀਤੇ ਉਪਦੇਸ਼ ਦਾ ਖੁੱਲ੍ਹਾ ਪੰਜਾਬੀ ਅਨੁਵਾਦ ਹੈ॥

## ਗੁਰਬਾਣੀ ਦਾ ਪ੍ਰਵਾਹ

ਜ਼ਿਕਰ 1995 ਦਾ ਹੈ ਜਦੋਂ ਆਪ ਕਨਖਲ ਅਤੇ ਰਿਸ਼ੀਕੇਸ਼ ਵਾਲੀਆਂ ਬਰਸੀਆਂ ਮਨਾ ਕੇ ਸੰਗਤਾਂ ਨੂੰ ਦਿੱਤੀਆਂ ਤਾਰੀਖਾਂ-ਅਨੁਸਾਰ ਯਾਤਰਾ ਲਈ ਚੱਲੇ। ਸਿੱਧ ਪੁਰਸ਼ ਸੰਤ ਬਾਬਾ ਬੇਅੰਤ ਸਿੰਘ ਮਹਾਰਾਜ ਜੀ ਦੀ ਬਰਸੀ ਖੋਖ ਪਿੰਡ ਮਨਾ ਕੇ ਕਰਨਾਲ ਪਹੁੰਚ ਗਏ।

ਇਕ ਦਿਨ ਸ੍ਰੀ ਸੁਭਾਸ਼ ਉੱਪਲ ਦੇ ਲੜਕੇ ਵਿਪਨ ਉੱਪਲ ਨੇ ਅਰਜ਼ ਕੀਤੀ, ਮਹਾਰਾਜ! ਮੈਂ ਗੁਰਬਾਣੀ ਦੀ ਸੰਥਿਆ ਕਰਨੀ ਹੈ, ਆਪ ਆਸ਼ੀਰਵਾਦ ਬਖਸ਼ਿਸ਼ ਕਰੋ! ਇਲਾਹੀ ਬਾਣੀ ਦਾ ਪਾਠ ਜ਼ਲਦੀ ਸਿੱਖ ਲਵਾਂ! ਆਪ ਆਪਣੇ ਸੁਭਾ ਮੁਤਾਬਿਕ ਮੁਸਕਰਾਉਂਦੇ ਹੋਏ ਬੋਲੇ, ਬਹੁਤ ਵਧੀਆ ਹੈ! ਭਾਈ ਤਰਜੀਤ ਸਿੰਘ ਨਰੂਲਾ ਨੂੰ ਹੁਕਮ ਕੀਤਾ, ਕਿ ਸੰਗਤ ਕੁਝ ਗੁਰਬਾਣੀ ਪੜ੍ਹਨੀ ਚਾਹੁੰਦੀ ਹੈ, ਕਰੋ ਪਰਉਪਕਾਰ! ਭਾਈ ਤਰਜੀਤ ਸਿੰਘ ਦਾ ਤਾਂ ਜੀਵਨ ਹੀ ਗੁਰਬਾਣੀ ਹੈ, ਦੁਕਾਨਦਾਰ ਨੂੰ ਕੀ ਚਾਹੀਏ? ਗ੍ਰਾਹਕ! ਦੋਨੋਂ ਹੱਥ ਜੋੜ ਦਿੱਤੇ, ਮਹਾਰਾਜ ਬੜੀ ਕ੍ਰਿਪਾ ਕੀਤੀ, ਸੇਵਾ ਬਖਸ਼ੀ! ਜਦੋਂ ਸੰਗਤ ਨੂੰ ਪਤਾ ਲੱਗਿਆ, ਕਿ ਛੋਟੀ ਕੁਟੀਆ ਗੁਰਬਾਣੀ ਦੀ ਸੰਥਿਆ ਸ਼ੁਰੂ ਹੋਣ ਵਾਲੀ ਹੈ, ਤਾਂ ਇੱਕ-ਇੱਕ ਕਰਕੇ ਸੈਂਕੜੇ ਵਡਭਾਗੇ ਜੀਵ ਤਿਆਰ ਹੋ ਗਏ ਗੁਰਬਾਣੀ ਦੀ ਸੰਥਿਆ ਹਾਸਲ ਕਰਨ ਲਈ। ਹਜ਼ੂਰ ਨੇ ਵਿਦਿਆਰਥੀ ਜ਼ਿਆਦਾ ਹੋਏ ਜਾਣ ਕੇ ਭਾਈ ਸੁਰਜੀਤ ਸਿੰਘ ਜੀ ਸੂਰੀ ਅਤੇ ਸ੍ਰੀ ਅਸ਼ੋਕ ਚਾਵਲਾ ਜੀ ਨੂੰ ਵੀ ਪੜ੍ਹਾਉਣ ਦੀ ਡਿਊਟੀ ਵਿੱਚ ਸ਼ਾਮਲ ਕਰਕੇ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਪਵਿੱਤਰ ਚਰਨਾਂ ਵਿੱਚ ਅਰਦਾਸ ਕੀਤੀ, ਹੇ ਸਤਿਗੁਰੂ! ਮਿਹਰ ਕਰ, ਇਹ ਯਾਚਕ ਵਿਦਿਆਰਥੀ ਤੇਰੇ ਘਰ ਦਾ ਇਲਾਹੀ ਪ੍ਰਸ਼ਾਦ ਪ੍ਰਾਪਤ ਕਰਨ ਲਈ ਤੇਰੇ ਦਰ ਤੇ ਆਏ ਹਨ, ਕ੍ਰਿਪਾ ਕਰਕੇ ਗੁਰਬਾਣੀ ਰੂਪ ਜੀਵਨ ਕਣੀ ਦੀ ਦਾਤ ਇਨ੍ਹਾਂ ਦੀਆਂ ਝੋਲੀਆਂ ਵਿੱਚ ਪਾ ਕੇ ਨਿਵਾਜ! ਅਰਦਾਸ ਉਪਰੰਤ ਸੰਥਿਆ ਸ਼ੁਰੂ ਹੋ ਗਈ। ਇਸ ਮਹਾਨ ਪ੍ਰਵਾਹ ਦੇ ਚੱਲਣ ਦਾ ਪਤਾ ਸਹਿਜੇ-ਸਹਿਜੇ ਦੂਰ ਤੱਕ ਸੰਗਤਾਂ ਨੂੰ ਵੀ ਲੱਗਦਾ ਗਿਆ ਅਤੇ ਸੁਣ-ਸੁਣ ਕੇ ਸੰਗਤਾਂ ਵਿੱਚ ਲਹਿਰ ਉਪਜਦੀ ਗਈ।

ਆਪ ਜਦੋਂ ਪਖਾਣੇ ਪਿੰਡ ਪਹੁੰਚੇ ਉੱਥੇ ਵੀ ਸੰਗਤਾਂ ਨੇ ਗੁਰਬਾਣੀ ਸੰਥਿਆ ਦੀ ਅਰਜ਼ ਕੀਤੀ। ਆਪ ਜੀ ਨੇ ਇੱਥੇ ਵੀ ਪਹਿਲਾਂ ਦੀ ਤਰ੍ਹਾਂ ਗੁਰਬਾਣੀ ਪੜ੍ਹਾਉਣ ਦਾ ਮਾਣ, ਸ੍ਰ: ਗੁਰਵੰਤ ਸਿੰਘ ਮਾਨ ਪਰਿਵਾਰ ਨੂੰ ਬਖਸ਼ਿਸ਼ ਕੀਤਾ। ਉਨ੍ਹਾਂ ਦੀਆਂ ਸੁਸ਼ੀਲ ਲੜਕੀਆਂ, ਰੂਬੀ ਅਤੇ ਡਾਲੀ ਜਿਨ੍ਹਾਂ ਨੇ ਪਹਿਲਾਂ ਵੀ ਪਿੰਡ ਵਿੱਚ ਮਹਾਂਪੁਰਸ਼ਾਂ ਦੇ ਹੁਕਮ ਅਨੁਸਾਰ ਸੈਂਕੜੇ ਬੰਦਿਆਂ ਨੂੰ ਗੁਰਬਾਣੀ ਪੜ੍ਹਾਉਣ ਦਾ ਪਰਉਪਕਾਰ ਕੀਤਾ ਸੀ ਦੀ ਡਿਊਟੀ ਲਗਾ ਦਿੱਤੀ। ਉਨ੍ਹਾਂ ਦੀ ਮਾਤਾ ਸਵਰਨ ਕੌਰ ਲੋੜਵੰਦਾਂ ਨੂੰ ਪੰਜਾਬੀ ਸਿਖਾਉਣ ਦੀ ਸੇਵਾ ਕਰਦੀ ਰਹੀ। ਇੱਥੋਂ ਹਜ਼ੂਰ ਨੇ ਪੰਜਾਬ ਵੱਲ ਨੂੰ ਰੁਖ ਕੀਤਾ। ਪਟਿਆਲਾ ਕੋਲ ਪਿੰਡ ਅਸਰਪੁਰ ਜਦੋਂ ਪਹੁੰਚੇ, ਤਾਂ ਉੱਥੇ ਵੀ ਸੰਗਤ ਨੇ ਗੁਰਬਾਣੀ ਸੰਥਿਆ ਹਾਸਲ ਕਰਨ ਦੀ ਅਰਜ਼ ਕੀਤੀ। ਇੱਥੇ ਵੀ ਭਾਈ ਬਲਦੇਵ ਸਿੰਘ, ਭਾਈ ਭਗਵਾਨ ਸਿੰਘ ਅਤੇ ਭਾਈ ਮਨਜੀਤ ਸਿੰਘ ਆਦਿਕ ਪ੍ਰੇਮੀਆਂ ਦੀ ਪੜ੍ਹਾਉਣ ਦੀ ਡਿਊਟੀ ਲਗਾ ਕੇ ਸੰਥਿਆ ਸ਼ੁਰੂ ਕਰਵਾ ਦਿੱਤੀ। ਇੱਥੋਂ ਖੋਖ ਪਿੰਡ ਜਦੋਂ ਪਹੁੰਚੇ ਤਾਂ ਖੋਖ, ਕੋਟਲੀ ਅਤੇ ਛੰਨਾ ਆਦਿਕ ਪਿੰਡਾਂ ਦੇ ਕੁਝ ਅਭਿਲਾਖੀਆਂ ਦੀ ਬੇਨਤੀ ਪ੍ਰਵਾਨ ਕਰਕੇ ਬਾਬਾ ਬਲਵੰਤ ਸਿੰਘ, ਚਰਨਜੀਤ ਸਿੰਘ, ਰਣਜੀਤ ਸਿੰਘ, ਕੁਲਵਿੰਦਰ ਸਿੰਘ, ਬਲਬੀਰ ਸਿੰਘ, ਮਾਸਟਰ ਬਲਦੇਵ ਸਿੰਘ, ਅਮਰੀਕ ਸਿੰਘ ਅਤੇ ਭਾਈ ਸੁਖਦੇਵ ਸਿੰਘ ਕੋਟਲੀ ਵਾਲੇ ਦੀ ਛੰਨਾਂ ਪਿੰਡ ਡਿਊਟੀ ਲਗਾ ਕੇ ਗੁਰਬਾਣੀ ਸੰਥਯਾ ਦਾ ਪਵਿੱਤਰ ਕਾਰਜ਼ ਸ਼ੁਰੂ ਕਰਵਾ ਦਿੱਤਾ। ਇੱਥੋਂ ਹੁਣ ਹਜ਼ੂਰ ਥੋੜ੍ਹਾ ਅੱਗੇ ਲੋਪੇ ਪਿੰਡ ਪਹੁੰਚੇ। ਇਸ ਪਿੰਡ ਤਾਂ ਪਹਿਲਾਂ ਹੀ ਭਾਈ ਭੁਪਿੰਦਰ ਸਿੰਘ ਦੀ ਡਿਊਟੀ ਲੱਗੀ ਹੋਈ ਸੀ। ਇੱਥੇ ਹੀ ਭੋੜੇ, ਘਣੀਵਾਲ ਅਤੇ ਅਗੌਲ ਆਦਿਕ ਪਿੰਡਾਂ ਦੀਆਂ ਸੰਗਤਾਂ ਨੇ ਗੁਰਬਾਣੀ ਸੰਥਯਾ ਲਈ ਅਰਜ਼ਾਂ ਕੀਤੀਆਂ। ਸਭ ਦੀਆਂ ਬੇਨਤੀਆਂ ਪ੍ਰਵਾਨ ਕਰਕੇ ਦਿਆਲੂ ਦਾਤੇ ਨੇ ਅਗੌਲ ਪਿੰਡ—ਸ੍ਰ: ਹਰਬੰਸ ਸਿੰਘ ਲੋਪਿਆਂ ਵਾਲੇ ਦੀ ਡਿਊਟੀ ਲਗਾਈ ਸੰਥਯਾ ਕਰਵਾਉਣ ਲਈ। ਭੋੜੇ ਪਿੰਡ ਵਿੱਚ ਸੁਰਜੀਤ ਸਿੰਘ ਲੋਪੇ, ਜਨਕ ਸਿੰਘ ਭੋੜੇ ਅਤੇ ਭਾਈ ਭਗਵਾਨ ਸਿੰਘ ਨੂੰ ਸੇਵਾ ਬਖਸ਼ੀ ਗੁਰਬਾਣੀ ਦਾ ਪ੍ਰਸ਼ਾਦ ਵਰਤਾਉਣ ਲਈ। ਘਣੀਵਾਲ ਪਿੰਡ ਭਾਈ ਰਣਦੀਪ ਸਿੰਘ ਅਤੇ ਭਾਈ ਲਖਵਿੰਦਰ ਸਿੰਘ ਨੂੰ ਬਖਸ਼ਿਸ਼ ਕਰਕੇ ਗੁਰਬਾਣੀ ਪੜ੍ਹਾਉਣ ਲਾਇਆ। ਇਸ ਤਰ੍ਹਾਂ ਦਸ ਕੁ ਦਿਨਾਂ ਵਿੱਚ ਗੁਰਬਾਣੀ ਰੂਪੀ ਅੰਮ੍ਰਿਤ ਜਲ ਦਾ ਛੱਟਾ ਦੇ ਦਿੱਤਾ। ਕੁਝ ਮਹੀਨਿਆਂ ਬਾਅਦ ਜਿਵੇਂ-ਜਿਵੇਂ ਸੰਗਤਾਂ ਦੀ ਸੰਥਿਆ ਪੂਰੀ ਹੁੰਦੀ ਗਈ, ਗੁਰੂ ਨਾਨਕ ਦੇਵ ਮਹਾਰਾਜ ਜੀ ਦਾ ਸ਼ੁਕਰਾਨਾ ਕਰਨ ਲਈ ਕਿਸੇ ਪਿੰਡ ਦਿਨ ਦਿੱਤਾ, ਅਤੇ ਕਿਸੇ ਪਿੰਡ ਰਾਤ, ਇਸ ਪ੍ਰਕਾਰ ਸੰਪੂਰਨਤਾ ਦੀ ਅਰਦਾਸ ਵਿੱਚ ਸ਼ਾਮਲ ਹੋ ਕੇ ਸੰਗਤਾਂ ਨੂੰ ਗੁਰਬਾਣੀ ਨਾਲ ਜੁੜੇ ਰਹਿਣ ਲਈ ਉਤਸ਼ਾਹ ਬਖਸ਼ਿਸ਼ ਕੀਤਾ। ਇਸੇ ਤਰ੍ਹਾਂ ਪਿੰਡ ਘਣੀਵਾਲ ਸੰਥਯਾ ਦੀ ਸੰਪੂਰਨ ਅਰਦਾਸ ਵਾਸਤੇ ਨੌਂ ਵਜੇ ਰਾਤ ਦਾ ਸਮਾਂ ਦਿੱਤਾ ਗਿਆ। ਸਾਰਾ ਪਿੰਡ ਗੁਰਦੁਵਾਰਾ ਸਾਹਿਬ ਇਕੱਠਾ ਹੋਇਆ ਸੀ। ਸਾਰੇ ਵਿਦਿਆਰਥੀਆਂ ਨੇ ਇੱਕੋ ਸਮੇਂ ਸੰਥਯਾ ਦਾ ਇਕੱਠਾ ਭੋਗ ਪਾਇਆ ਅਤੇ ਅਰਦਾਸ ਉਪਰੰਤ ਬਖਸ਼ਿਸ਼ ਰੂਪੀ ਹੁਕਮਨਾਮਾ ਹਜ਼ੂਰ ਨੇ ਆਪ ਸੁਣਾਇਆ। ਹੁਕਮਨਾਮੇ ਤੋਂ ਬਾਅਦ ਸ੍ਰੀ ਕੜਾਹ ਪ੍ਰਸ਼ਾਦ ਦੀ ਦੇਗ ਵਰਤਦਿਆਂ ਸਮਾਂ ਰਾਤ ਦੇ ਦਸ ਵਜੇ ਦਾ ਹੋ ਆਇਆ। ਸੰਗਤ ਸਭ ਕਿਸੇ ਖਾਸ ਕਿਸਮ ਦੇ ਅਨੰਦ ਵਿੱਚ ਬੈਠੀ ਕੜਾਹ ਪ੍ਰਸ਼ਾਦ ਪ੍ਰਾਪਤ ਕਰ ਰਹੀ ਹੈ, ਅਤੇ ਉੱਧਰ ਟਿਕੀ ਰਾਤ, ਨਹਿਰ ਦਾ ਕਿਨਾਰਾ, ਇੱਕ ਮਿੱਠੀ-ਮਿੱਠੀ ਧੁਨ ਕੰਨਾਂ ਵਿੱਚੋਂ ਸੁਣਾਈ ਦੇ ਰਹੀ ਹੈ—

ਜੰਮਣ ਮਰਣਹੁ ਬਾਹਰੇ ਪ੍ਰਉਪਕਾਰੀ ਜਗੁ ਵਿੱਚ ਆਏ॥
ਭਾਉ ਭਗਤਿ ਉਪਦੇਸ਼ ਕਰਿ ਸਾਧ ਸੰਗਤਿ ਸਚਖੰਡ ਵਸਾਏ॥
ਮਾਨ ਸਰੋਵਰਿ ਪਰਮ ਹੰਸ ਗੁਰਮੁਖਿ ਸ਼ਬਦ ਸੁਰਤਿ ਲਿਵ ਲਾਏ॥
ਚੰਦਨ ਵਾਸ ਵਣਾਸਪਤਿ ਅਫਲ ਸਫਲ ਚੰਦਨ ਮਹਿਕਾਏ॥
ਭਵਜਲ ਅੰਦਰਿ ਬੋਹਥੈ ਹੋਇ ਪਰਵਾਰ ਸੁ ਪਾਰ ਲੰਘਾਏ॥
ਲਹਿਰ ਤਰੰਗੁ ਨ ਵਿਆਪਈ ਮਾਇਆ ਵਿੱਚ ਉਦਾਸ ਰਹਾਏ॥
ਗੁਰਮੁਖਿ ਸੁਖ ਫਲ ਸਹਜਿ ਸਮਾਏ॥੧੮॥

*(ਵਾਰ ੧੨, ਪਉੜੀ ੧੮)*

## ਆਦਰਸ਼ਕ ਸੰਜੋਗ ਅਤੇ ਬੰਬਈ ਵਿੱਚ ਨਾਮ ਦੇ ਵਰਤਾਰੇ

ਪਰਉਪਕਾਰੀ ਅਦਾਰਾ ਨਿਰਮਲ ਆਸ਼ਰਮ ਹਸਪਤਾਲ ਵਿੱਚ ਜਿੱਥੇ ਸੈਂਕੜੇ ਬੀਮਾਰ ਹਰ ਰੋਜ਼ ਦਵਾਈ ਹਾਸਲ ਕਰਕੇ ਨਿਰੋਗਤਾ ਹਾਸਲ ਕਰਦੇ ਹਨ, ਉੱਥੇ ਸੇਵਾ ਸਰਵਿਸ ਦੇ ਕਾਰਜਾਂ ਵਿੱਚ ਵੀ ਕਾਫੀ ਲੋਕ ਆਪਣਾ ਯੋਗਦਾਨ ਪਾ ਰਹੇ ਹਨ। ਇੱਕ ਪਰਿਵਾਰ ਬਾਬੂ ਆਤਮ ਪ੍ਰਕਾਸ਼ ਅਤੇ ਉਸ ਦੇ ਘਰੋਂ ਮਾਈ ਸ਼ਸ਼ੀ ਵੀ ਹਸਪਤਾਲ ਰੂਪੀ ਇਸ ਵੱਡੇ ਬ੍ਰਿਛ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਪਾਣੀ ਪਾ ਰਹੇ ਹਨ। ਸੇਵਾ ਦੇ ਨਾਲ-ਨਾਲ ਇਹ ਪਰਿਵਾਰ ਆਸ਼ਰਮ ਦੀ ਸੇਵਾ ਵਿੱਚ ਵੀ ਨਿਰੰਤਰ ਯੋਗਦਾਨ ਪਾ ਰਿਹਾ ਹੈ। ਸਰਦੀ ਹੋਵੇ ਜਾਂ ਗਰਮੀ, ਬਰਸਾਤ ਹੋਵੇ ਜਾਂ ਕੋਈ ਹੋਰ ਮੌਸਮ ਇਹ ਪ੍ਰੇਮੀ ਆਪਣੀਆਂ ਦੋ ਬੇਟੀਆਂ ਅਤੇ ਇੱਕ ਬੇਟੇ ਨੂੰ ਨਾਲ ਲੈ ਕੇ ਸਵੇਰੇ ਚਾਰ ਵਜੇ ਪ੍ਰਸ਼ਾਦੇ ਬਣਾਉਣ ਵਾਲੀ ਸੇਵਾ ਵਿੱਚ ਸ਼ਾਮਲ ਹੋ ਜਾਂਦੇ ਹਨ। ਇਹ ਇਨ੍ਹਾਂ ਦਾ ਬਿਨ੍ਹਾਂ ਕਿਸੇ ਨਾਗੇ ਤੋਂ ਰੋਜ਼ ਅਤੇ ਕਈ ਸਾਲਾਂ ਦਾ ਪੱਕਾ ਨਿਯਮ ਹੈ। ਬੱਚੇ ਤਿੰਨੇ ਸਕੂਲਾਂ ਕਾਲਜਾਂ ਵਿੱਚ ਪੜ੍ਹਦੇ ਹਨ। ਸਕੂਲ ਟਾਈਮ ਤੋਂ ਬਾਅਦ ਦੋਨੋਂ ਲੜਕੀਆਂ ਆਸ਼ਰਮ ਵਿੱਚ ਪਹੁੰਚ ਕੇ ਸੇਵਾ ਸ਼ੁਰੂ ਕਰ ਦਿੰਦੀਆਂ ਹਨ। ਸੇਵਾ ਭਾਵੇਂ ਪਾਠ ਸਾਹਿਬ ਦੀ ਹੋਵੇ, ਜਾਂ ਲੰਗਰ ਆਦਿਕ ਦੀ ਜਾਂ ਫਿਰ ਕੱਪੜੇ ਵਸਤਰ ਸੰਭਾਲ ਆਦਿਕ ਯਾਨੀ ਦੋਨੋਂ ਲੜਕੀਆਂ ਆਸ਼ਰਮ ਨੂੰ ਆਪਣਾ ਘਰ ਜਾਣ ਕੇ ਸੇਵਾ ਵਿੱਚ ਲੱਗੀਆਂ ਰਹਿੰਦੀਆਂ ਹਨ।

ਇੱਕ ਦਿਨ ਹਜ਼ੂਰ ਦੀ ਸਵੱਲੀ ਨਜ਼ਰ ਇਸ ਪਰਿਵਾਰ ਦੀ ਸੇਵਾ ਤੇ ਪਈ, ਤਾਂ ਆਤਮ ਪ੍ਰਕਾਸ਼ ਨੂੰ ਹੁਕਮ ਕੀਤਾ, ਲੜਕੀਆਂ ਦੀ ਸ਼ਾਦੀ ਲਈ ਕੋਈ ਥਾਂ ਟਿਕਾਣਾ ਦੇਖੋ! ਬਾਬੂ ਜੀ ਨੇ ਅਰਜ਼ ਕੀਤੀ, ਮਹਾਰਾਜ! ਸਾਨੂੰ ਕੀ ਚਿੰਤਾ ਹੈ ਆਪ ਹੀ ਸੰਜੋਗ ਰਚਨਹਾਰ ਹੋ, ਤੇ ਆਪ ਹੀ ਸੰਜੋਗਾਂ ਦੇ ਪ੍ਰਕਾਸ਼ਕ ਹੋ! ਹਜ਼ੂਰ ਚੁੱਪ ਰਹੇ ਕੁਝ ਨਾ ਬੋਲੇ। ਸਮਾਂ ਗੁਜਰਦਾ ਗਿਆ, ਤਾਂ ਆਪ ਜਗਤ ਉਧਾਰ ਦੀ ਕਾਰ ਕਰਦੇ ਬੰਬਈ ਸ਼ਹਿਰ ਪਹੁੰਚੇ। ਆਪ ਦੀ ਇੱਕ ਆਨਿੰਨ ਚਰਨ ਸੇਵਕ ਮਾਈ, ਸ੍ਰੀਮਤੀ ਜਾਨੂੰ ਅਡਵਾਨੀ ਨੂੰ ਇੱਕ ਦਿਨ ਆਪਣੀ ਮੌਜ਼ ਵਿੱਚ ਬੋਲੇ! ਬੱਚੇ ਪੜ੍ਹ ਲਿਖ ਕੇ ਨੌਕਰੀਆਂ ਤੇ ਲੱਗ ਗਏ ਹਨ, ਹੁਣ ਇਨ੍ਹਾਂ ਦੀ ਸ਼ਾਦੀ? ਮਾਈ ਜਾਨੂੰ ਅਡਵਾਨੀ ਨੇ ਦੋਨੋਂ ਹੱਥ ਜੋੜ ਕੇ ਅਰਜ਼ ਕੀਤੀ, ਮਹਾਰਾਜ! ਮੁਜੇ ਕਿਆ ਚਿੰਤਾ ਹੈ, ਕਰਨ ਕਾਰਨ ਤੋਂ ਆਪ ਹੀ ਹੋ! ਹਮ ਕਿਆ ਕਰ ਸਕਤੇ ਹੈਂ? ਆਪ ਜਹਾਂ ਕਰੋਗੇ, ਜਬ ਕਰੋਗੇ, ਜੈਸੇ ਕਰੋਗੇ, ਨਹੀਂ ਕਰੋਗੇ, ਸੋ ਬੜ੍ਹੀਆ ਹੀ ਹੋਗਾ! ਹਮ ਨੇ ਕਬੀ ਸੋਚਾ ਹੀ ਨਹੀਂ ਕਿ ਜਿਹ ਕਾਰਜ ਹਮ ਕਰੇਂਗੇ।

ਹੁਣ ਮਈ ਦਾ ਮਹੀਨਾ ਚੱਲ ਰਿਹਾ ਹੈ, ਮਾਈ ਜਾਨੂੰ ਦਾ ਬੇਟਾ *ਨਿਰੰਜਨ* ਬੁਬੱਈ ਤੋਂ ਵਾਪਸ ਆ ਕੇ ਹਜ਼ੂਰ ਦੇ ਦਰਸ਼ਨ ਕਰਨ ਲਈ ਰਿਸ਼ੀਕੇਸ਼ ਪਹੁੰਚਿਆ ਹੋਇਆ ਹੈ। ਜਦੋਂ ਕਾਫੀ ਦਿਨ ਸੇਵਾ ਕਰਦੇ ਨੂੰ ਹੋ ਗਏ, ਤਾਂ ਇੱਕ ਦਿਨ ਹਜ਼ੂਰ ਨੇ ਪੁੱਛਿਆ, ਸ਼ਾਦੀ ਕਾ ਕਿਆ ਵਿਚਾਰ ਹੈ? ਨਿਰੰਜਨ ਨੇ ਅਰਜ਼ ਕੀਤੀ, ਮਹਾਰਾਜ! ਮੇਰਾ ਕਿਆ ਵਿਚਾਰ ਹੈ? ਆਪ ਜੈਸਾ ਕਰੇਂਗੇ ਬੜੀਆ, ਨਹੀਂ ਕਰੇਂਗੇ ਤਬ ਬੀ ਬੜੀਆ! ਲੜਕੇ ਦੀ ਬਾਤ ਸੁਣ ਕੇ ਆਪ ਕੁਝ ਨਹੀਂ ਬੋਲੇ।

ਇੱਕ ਦਿਨ ਸ਼ਾਮ ਨੂੰ *ਨਿਰੰਜਨ* ਕੁਝ ਪੈਂਟ ਸ਼ਰਟ ਵਗੈਰਾ ਨਵੇਂ ਕੱਪੜੇ ਬਾਜ਼ਾਰ ਵਿੱਚੋਂ ਲਈ ਆ ਰਿਹਾ ਸੀ। ਹਜ਼ੂਰ ਨੇ ਪੁੱਛਿਆ, ਕਿੱਥੋਂ ਆਇਆ ਹੈਂ? ਮਹਾਰਾਜ 28 ਮਈ ਦੀ *ਰਾਜਕੋਟ* ਗੁਜਰਾਤ ਮੇਰੀ ਭੂਆ ਦੇ ਬੇਟੇ ਦੀ ਸ਼ਾਦੀ ਹੈ, ਸ਼ਾਦੀ ਵਿੱਚ ਸ਼ਾਮਲ ਹੋਣ ਲਈ ਨਵੇਂ ਕੱਪੜੇ ਸਿਲਾ ਕੇ ਲਿਆਇਆ ਹੂੰ! ਹਜ਼ੂਰ ਬੋਲੇ, ਭੂਆ ਦੇ ਲੜਕੇ ਦੀ ਸ਼ਾਦੀ ਲਈ ਜਾਂ ਆਪ ਦੀ ਸ਼ਾਦੀ ਲਈ? ਨਿਰੰਜਨ ਹੱਸ ਕੇ ਚੁੱਪ ਕਰ ਗਿਆ। ਇੱਕ ਦੋ ਦਿਨ ਤੋਂ ਬਾਅਦ ਭੂਆ ਦੇ ਬੇਟੇ ਦੀ ਸ਼ਾਦੀ ਵਿੱਚ ਸ਼ਾਮਲ ਹੋਣ ਲਈ ਬੰਬਈ ਪਹੁੰਚਿਆ, ਲੇਕਿਨ ਅੱਗੇ ਜਾ ਕੇ ਪਤਾ ਲੱਗਿਆ ਸ਼ਾਦੀ ਕੈਂਸਲ ਹੋ ਗਈ। ਆਪਣੀ ਮਾਤਾ ਨੂੰ ਲੈ ਕੇ ਫਿਰ ਵਾਪਸ ਰਿਸ਼ੀਕੇਸ਼ ਆ ਗਿਆ। ਉਸ ਦਾ ਮਾਮਾ ਸ੍ਰੀ ਪ੍ਰੇਮ ਵਾਸਵਾਨੀ ਵੀ ਹਜ਼ੂਰ ਦੇ ਚਰਨਾਂ ਵਿੱਚ ਅਰਜ਼ ਕਰਨ ਲਈ ਆਇਆ, ਕਿ ਇਸ ਵਰਸ਼ ਆਪ ਦੀ ਬੰਬਈ ਜਾਣ ਦੀ ਟਿਕਟ ਆਦਿ ਦੀ ਸੇਵਾ ਮੈਨੂੰ ਬਖਸ਼ੋ! ਅਤੇ ਕ੍ਰਿਪਾ ਕਰਕੇ ਮੇਰੇ ਘਰ ਠਹਿਰ ਕੇ ਹੀ ਸੰਗਤਾਂ ਨੂੰ ਸਤ ਉਪਦੇਸ਼ ਕਰੋ, ਤਾਂ ਕਿ ਆਪ ਜੀ ਦਾ ਅਤੇ ਸੰਗਤਾਂ ਦੀ ਸੇਵਾ ਕਰਨ ਦਾ ਮੌਕਾ ਮਿਲ ਜਾਵੇ। ਇਉਂ ਇਹ ਪ੍ਰੇਮੀ ਪਰਿਵਾਰ ਸੇਵਾ ਭਾਵਨਾ ਨੂੰ ਮਨ ਵਿੱਚ ਲੈ ਕੇ ਇਕੱਤੀ ਮਈ 1996 ਵਾਲੇ ਦਿਨ ਆਸ਼ਰਮ ਪਹੁੰਚੇ। ਦੂਸਰੇ ਦਿਨ ਯਾਨੀ ਇੱਕ ਜੂਨ ਨੂੰ ਹਜ਼ੂਰ ਨੇ ਇਨ੍ਹਾਂ ਨੂੰ *ਨਿਰੰਜਨ* ਦੀ ਸ਼ਾਦੀ ਬਾਰੇ ਪੁੱਛਿਆ? ਇਨ੍ਹਾਂ ਪ੍ਰੇਮੀਆਂ ਨੇ ਤਾਂ ਪਹਿਲਾਂ ਵਾਲਾ ਹੀ ਉੱਤਰ ਦਿੱਤਾ, ਹਮ ਕਿਆ ਕਰ ਸਕਤੇ ਹੈਂ? ਹਜ਼ੂਰ ਬੋਲੇ! ਆਤਮ ਪ੍ਰਕਾਸ਼ ਦੀ ਲੜਕੀ ਨਾਲ ਸ਼ਾਦੀ ਕਰ ਦੇਈਏ? ਅਰਜ਼ ਕੀਤੀ, ਮਹਾਰਾਜ ਜਿਵੇਂ ਆਪ ਜੀ ਦੀ ਮੌਜ। ਹੁਣ ਹਜ਼ੂਰ ਨੇ ਆਤਮ



ਪ੍ਰਕਾਸ਼ ਨੂੰ ਬੁਲ੍ਹਾ ਕੇ ਪੁੱਛਿਆ, ਜਾਨੂੰ ਦੇ ਬੇਟੇ ਨਾਲ ਪੂਨਮ ਦੀ ਸ਼ਾਦੀ ਕਰ ਦੇਈਏ? ਆਤਮ ਪ੍ਰਕਾਸ਼ ਦੇ ਪਰਿਵਾਰ ਨੇ ਵੀ ਉਨ੍ਹਾਂ ਵਾਲਾ ਹੀ ਉੱਤਰ ਦਿੱਤਾ। ਹਜ਼ੂਰ ਨੇ ਦੋਨੋਂ ਪਰਿਵਾਰਾਂ ਨੂੰ ਹੁਕਮ ਕਰ ਦਿੱਤਾ ਕਿ ਪਰਸੋਂ ਤਿੰਨ ਜੂਨ ਨੂੰ ਸੰਗਤਾਂ ਇਕੱਠੀਆਂ ਹੋਣਗੀਆਂ, ਕਿਉਂਕਿ ਦਰਬਾਰ ਸਾਹਿਬ ਦੇ ਪਿਛਲੇ ਪਾਸੇ ਬਣ ਰਹੀ ਨਵੀਂ ਬਿਲਡਿੰਗ ਦਾ ਪਹਿਲਾ ਲੈਂਟਰ ਪੈਣਾ ਹੈ, ਇਸ ਲਈ ਜੇ ਤੁਹਾਡਾ ਦੋਨਾਂ ਧਿਰਾਂ ਦਾ ਵਿਚਾਰ ਹੈ ਤਾਂ ਉਸੇ ਦਿਨ ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਦਰਬਾਰ ਸਾਹਿਬ ਵਿੱਚ ਸ਼ਾਦੀ ਕਰ ਲਉ! ਦੋਨਾਂ ਪਰਿਵਾਰਾਂ ਨੇ ਅਰਜ਼ ਕੀਤੀ, ਮਹਾਰਾਜ! ਸ਼ੁਕਰਾਨੇ ਵਜੋਂ ਸਾਡੇ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਾ ਦਿਉ! ਹਜ਼ੂਰ ਨੇ ਸੇਵਾਦਾਰਾਂ ਨੂੰ ਹੁਕਮ ਕਰ ਦਿੱਤਾ ਕੱਲ੍ਹ ਨੂੰ ਇਨ੍ਹਾਂ ਦੋਹਾਂ ਪਰਿਵਾਰਾਂ ਵੱਲੋਂ ਦੋ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰ ਲੈਣੇ ਅਤੇ ਮੱਧ ਵਾਲੇ ਦਿਨ ਇਨ੍ਹਾਂ ਦੀ ਸ਼ਾਦੀ ਹੈ।

ਤੀਸਰੇ ਦਿਨ ਸਭ ਸੰਗਤਾਂ ਸਵੇਰੇ ਅਰਦਾਸ ਕਰਕੇ ਲੈਂਟਰ ਸੇਵਾ ਵਿੱਚ ਜੁਟ ਗਈਆਂ, ਇੱਧਰ ਦਰਬਾਰ ਸਾਹਿਬ ਵਿੱਚ ਅਨੰਦ ਕਾਰਜ ਸ਼ੁਰੂ ਹੋ ਗਏ। ਔਹ ਦੇਖੋ ਕਰਤੇ ਦੇ ਖੇਲ! ਸੇਵਾ ਤੇ ਕਿਵੇਂ ਤੁਰੱਠਿਆ ਹੈ, ਆਪ ਕਿਸੇ ਸ਼ਾਦੀ ਵਿੱਚ ਸ਼ਾਮਲ ਨਹੀਂ ਹੁੰਦੇ, ਲੇਕਿਨ ਅੱਜ ਨਿਰੇ ਸ਼ਾਮਲ ਹੀ ਨਹੀਂ ਹੋਏ, ਸਗੋਂ ਲੜਕੀ ਨੂੰ ਆਸ਼ਰਮ ਦੀ ਬੇਟੀ ਜਾਣ ਕੇ ਲੜਕੇ ਦਾ ਪੱਲਾ ਆਪ ਫੜਾ ਰਹੇ ਹਨ। ਸਾਰੀ ਸ਼ਾਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਹਜ਼ੂਰੀ ਵਿੱਚ ਆਪ ਦੇ ਸਨਮੁੱਖ ਹੋਈ। ਲਾਵਾਂ ਦੇ ਪਾਠ ਤੋਂ ਬਾਅਦ ਅਰਦਾਸ ਉਪਰੰਤ ਲੜਕੀ ਲੜਕੇ ਨੂੰ ਹੁਕਮ ਕੀਤਾ, ਕਿ ਚੱਲ ਰਹੀ ਲੈਂਟਰ ਸੇਵਾ ਵਿੱਚ ਪੰਜ-ਪੰਜ ਤਸਲੇ ਸੁੱਟ ਕੇ ਆਪਣਾ ਹਿੱਸਾ ਪਾਉ!

ਹੁਣ ਪ੍ਰੇਮ ਵਾਸਵਾਨੀ ਜੋ ਇਸ ਲੜਕੇ ਦਾ ਮਾਮਾ ਹੈ ਨੇ ਵਾਪਸ ਜਾਣ ਤੋਂ ਪਹਿਲਾਂ ਆਪ ਜੀ ਨੂੰ ਬੰਬਈ ਲੈ ਕੇ ਜਾਣ ਵਾਲੀ ਸੇਵਾ ਦੀ ਅਰਜ਼ ਕੀਤੀ। ਦਾਤੇ ਨੇ ਪ੍ਰਵਾਨਗੀ ਦੇ ਦਿੱਤੀ, ਕਿ ਸਤੰਬਰ ਦੇ ਸ਼ੁਰੂ ਵਿੱਚ ਆਵਾਂਗੇ। ਉਪਰੋਕਤ ਦਿੱਤੇ ਬਚਨਾਂ ਅਨੁਸਾਰ ਅੱਠ ਸਤੰਬਰ ਨੂੰ ਉੱਤਮ ਵਾਸਵਾਨੀ ਜੋ ਪ੍ਰੇਮ ਵਾਸਵਾਨੀ ਦਾ ਭਰਾ ਦਿੱਲੀ ਰਹਿੰਦਾ ਹੈ, ਉਸ ਦੀ ਕਾਰ ਵਿੱਚ ਦਿੱਲੀ ਪਹੁੰਚੇ। ਦਿੱਲੀ, ਕਰਨਾਲ ਦੀਆਂ ਕਾਫੀ ਸੰਗਤਾਂ ਦਰਸ਼ਨਾਂ ਲਈ ਇਕੱਠੀਆਂ ਹੋਈਆਂ ਸਨ, ਇਸ ਲਈ ਰਾਤ ਦੇ ਗਿਆਰਾਂ ਵਜੇਂ ਤੱਕ ਸਤਿਸੰਗ ਚੱਲਦਾ ਰਿਹਾ। ਵਾਸਵਾਨੀ ਪਰਿਵਾਰ ਨੇ ਹਜ਼ੂਰ ਅਤੇ ਸੰਗਤਾਂ ਦੀ ਬੜੇ ਪ੍ਰੇਮ ਨਾਲ ਸੇਵਾ ਕੀਤੀ, ਅਤੇ ਸਭ ਦਾ ਰਹਿਣ ਆਦਿ ਦਾ ਪ੍ਰਬੰਧ ਕੀਤਾ। ਦੂਸਰੇ ਦਿਨ ਨੌਂ ਸਤੰਬਰ ਸਵੇਰੇ ਨੌਂ ਵਜੇ ਦੀ ਫਲਾਈਟ ਰਾਹੀਂ ਬੰਬਈ ਪਹੁੰਚੇ, ਅੱਗੇ ਦਰਸ਼ਨ ਕਰਨ ਲਈ ਏਅਰਪੋਰਟ ਤੇ ਕਾਫੀ ਸੰਗਤਾਂ ਪਹੁੰਚੀਆਂ ਹੋਈਆਂ ਸਨ। ਸਭ ਨੂੰ ਖੇਮ ਕੁਸ਼ਲ ਉਪਰੰਤ ਪ੍ਰਸ਼ਾਦ ਵਰਤਾ ਕੇ ਸ੍ਰੀ ਪ੍ਰੇਮ ਵਾਸਵਾਨੀ ਦੀ ਕਾਰ ਵਿੱਚ ਬੈਠ ਉਸ ਦੇ ਘਰ ਮਲ੍ਹਾੜ ਜਾ ਬਿਰਾਜਮਾਨ ਹੋਏ। ਤੇਰਾਂ ਤਾਰੀਖ ਤੱਕ ਉਸ ਦੇ ਘਰ ਹੀ ਬੈਕੁੰਠ ਬਣਿਆ ਰਿਹਾ। ਸੰਗਤਾਂ ਪੂਰਾ ਦਿਨ ਹੀ ਦਰਸ਼ਨਾਂ ਲਈ ਆਉਂਦੀਆਂ ਰਹਿੰਦੀਆਂ ਹਨ, ਸ਼ਾਮ ਨੂੰ ਸਤਿਸੰਗ ਵਿੱਚ ਤਾਂ ਕਾਫੀ ਸੰਗਤਾਂ ਜੁੜ ਕੇ ਲਾਭ ਉਠਾਉਂਦੀਆਂ ਹਨ। ਵਾਸਵਾਨੀ ਪਰਿਵਾਰ ਵੱਲੋਂ ਸੰਗਤਾਂ ਦੀ ਅਤੇ ਸੰਗਤਾਂ ਦੇ ਸਵਾਮੀ ਦੀ ਬਹੁਤ ਚਾਅ ਨਾਲ ਸੇਵਾ ਕੀਤੀ ਜਾਂਦੀ ਹੈ। ਤੇਰਾਂ ਤਾਰੀਖ ਸ਼ਾਮ ਨੂੰ ਸ੍ਰੀ ਅਮਰੀਕ ਚੰਦ ਚਾਵਲਾ ਜੀ ਦੀ ਬੇਨਤੀ ਪ੍ਰਵਾਨ ਕਰਕੇ *ਸਤ ਬੰਗਲਾ* ਵਿਖੇ ਉਸ ਦੇ ਘਰ ਆ ਬਿਰਾਜਮਾਨ ਹੋਏ। ਇੱਥੇ ਕਮਲਾ ਅਤੇ ਪਦਮਾ ਆਦਿਕ ਮਾਈਆਂ ਨੇ ਨਾਮ ਦੀ ਯਾਚਨਾ ਕੀਤੀ। ਆਪ ਨੇ ਹੁਕਮ ਕਰ ਦਿੱਤਾ, ਪਰਸੋਂ ਦੁਪਹਿਰ ਆਸ਼ਰਮ ਹੋਵਾਂਗੇ, ਉੱਥੇ ਹੀ ਗੁਰੂ ਨਾਨਕ ਦੇ ਘਰ ਦਾ ਪ੍ਰਸ਼ਾਦ ਤੁਹਾਨੂੰ ਦਿੱਤਾ ਜਾਵੇਗਾ। ਦੂਸਰੇ ਦਿਨ ਆਸ਼ਰਮ ਵਿੱਚ ਹਰ ਐਤਵਾਰ ਦੀ ਰੁਟੀਨ ਮੁਤਾਬਿਕ ਕੀਰਤਨ ਅਰਦਾਸ ਸਮਾਪਤੀ ਤੋਂ ਬਾਅਦ ਕਮਲਾ ਅਤੇ ਪਦਮਾ ਦੋਨੋਂ ਮਾਈਆਂ ਨੂੰ ਨਾਮ ਦੀ ਇਲਾਹੀ ਦਾਤ ਬਖਸ਼ਿਸ਼ ਕੀਤੀ। ਉਪਰੰਤ ਹੋਰ ਕਾਫੀ ਸੰਗਤਾਂ ਜੋ ਢਾਈ ਸਾਲ ਯਾਨੀ ਜਦੋਂ ਤੋਂ ਆਸ਼ਰਮ ਖੁੱਲ੍ਹਿਆ ਹੈ ਬੜੇ ਪ੍ਰੇਮ ਨਾਲ ਆਸ਼ਰਮ ਦੀ ਸੇਵਾ ਕਰਦੀਆਂ ਆ ਰਹੀਆਂ ਹਨ ਨੇ ਅਰਜ਼ ਕੀਤੀ, ਕਿ ਮਹਾਰਾਜ ਸਾਡੇ ਤੇ ਵੀ ਨਾਮ ਦੀ ਮਿਹਰ ਕਰ ਦਿਉ! ਅਰਸ਼ੀ ਦਾਤਾ ਉਨ੍ਹਾਂ ਦੀ ਸੇਵਾ ਤੇ ਵੀ ਤਰੁੱਠਿਆ ਹੁਕਮ ਕਰ ਦਿੱਤਾ, ਉਨੱਤੀ ਤਾਰੀਖ ਨੂੰ ਐਤਵਾਰ ਵਾਲੇ ਦਿਨ ਦਾ ਸਤਿਸੰਗ ਸਮਾਗਮ ਇੱਥੇ ਆਸ਼ਰਮ ਹੀ ਹੋਵੇਗਾ, ਉਸ ਦਿਨ ਤੁਹਾਨੂੰ ਵੀ ਗੁਰੂ ਨਾਨਕ ਦੇ ਜਹਾਜ਼ ਵਿੱਚ ਸਵਾਰ ਕਰ ਦਿੱਤਾ ਜਾਵੇਗਾ। ਹੁਣ ਕੁਝ ਦਿਨ ਚਾਵਲਾ ਜੀ ਦੇ ਘਰ ਠਹਿਰ ਕੇ ਉਨ੍ਹਾਂ ਦੇ ਘਰ ਅਤੇ ਆਪਣੇ ਆਸ਼ਰਮ ਵਿੱਚ ਗੁਰਬਾਣੀ ਰੂਪੀ ਅੰਮ੍ਰਿਤ ਦਾ ਮੀਂਹ ਵਰਸਦਾ ਰਿਹਾ, ਜਿਸ ਤੋਂ ਖਾਸ ਕਰਕੇ ਚਾਰ ਬੰਗਲਾ, ਸਤ ਬੰਗਲਾ ਅਤੇ ਲੋਹਖੰਡ ਵਾਲਾ ਦੀਆਂ ਸੰਗਤਾਂ ਲਾਭ ਉਠਾਉਂਦੀਆਂ ਰਹੀਆਂ।

ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ
(ਅਰਸ਼ੀ ਨੂਰ ਇਲਾਹੀ ਮੌਜ ਵਿਚ ਲੀਨ ਹੋਇਆ ਅਨੇਕਾਂ ਰੂਪਾਂ ਵਿਚ)





15 - 37





































ਹੁਣ ਦੂਸਰੇ ਇਲਾਕਿਆਂ ਦੀਆਂ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਕੇ ਉੱਧਰ ਦੀ ਯਾਤਰਾ ਸ਼ੁਰੂ ਕੀਤੀ। ਪਹਿਲਾਂ ਦੋ ਦਿਨ ਸ੍ਰੀਮਤੀ ਜਾਨੂੰ ਅਡਵਾਨੀ ਦੇ ਘਰ ਖਾਰ, ਫਿਰ ਸ੍ਰੀਮਤੀ ਪ੍ਰਮਿਲਾ ਸੰਗਤਾਨੀ ਦੀ ਬੇਨਤੀ ਤੇ ਦੋ ਦਿਨ ਉਸ ਦੇ ਘਰ ਚੰਬੂਰ, ਫਿਰ ਸ੍ਰੀ ਗੁਲਚੈਨਾਨੀ ਦੀ ਬੇਨਤੀ ਪ੍ਰਵਾਨ ਕਰਕੇ ਤਿੰਨ ਦਿਨ ਚਰਚ ਗੇਟ, ਫਿਰ ਮੁਲੰਦ ਦੀਆਂ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਕੇ ਸ੍ਰੀ ਸ਼ਾਮ ਕਵੀਤਾ ਜੋਗੇਸ਼ੀਆ ਦੇ ਘਰ ਮੁਲੰਦ ਠਹਿਰ ਕੇ ਇਲਾਹੀ ਬਾਣੀ ਦੇ ਕੀਰਤਨ ਸਤਿਸੰਗ ਦਾ ਪ੍ਰਵਾਹ ਚੱਲਦਾ ਰਿਹਾ। ਹੁਣ ਅਠਾਈ ਸਤੰਬਰ ਫਿਰ ਸ੍ਰੀ ਅਮਰੀਕ ਚੰਦ ਚਾਵਲਾ ਜੀ ਦੇ ਘਰ ਆ ਬਿਰਾਜਮਾਨ ਹੋਏ। ਦੂਸਰੇ ਦਿਨ ਉਨੱਤੀ ਤਾਰੀਖ ਨੂੰ ਆਸ਼ਰਮ ਵਿੱਚ ਦੀਵਾਨ ਦੀ ਸਮਾਪਤੀ ਤੋਂ ਬਾਅਦ ਪੰਦਰਾਂ ਦਿਨ ਪਹਿਲਾਂ ਦਿੱਤੇ ਬਚਨ ਅਨੁਸਾਰ ਸ੍ਰੀ ਦਲੀਪ ਅਤੇ ਉਨ੍ਹਾਂ ਦੇ ਘਰੋਂ ਬੀਬੀ ਹੇਮਾਂ ਤਹਿਲਿਆਨੀ, ਰਤਨਾ ਬੇਲਾਨੀ, ਬੀਬੀ ਮਮਤਾ ਅਤੇ ਇੱਕ ਹੋਰ ਮਾਈ ਨੂੰ ਨਾਮ ਦੀ ਅਮੁੱਲੀ ਦਾਤ ਬਖਸ਼ਿਸ਼ ਕਰਕੇ ਗੁਰੂ ਨਾਨਕ ਦੇ ਬੇੜੇ ਵਿੱਚ ਸਵਾਰ ਕਰ ਦਿੱਤਾ। ਉਸੇ ਦਿਨ ਸ਼ਾਮ ਨੂੰ ਸ੍ਰੀ ਪ੍ਰੇਮ ਵਾਸਵਾਨੀ ਦੇ ਘਰ *ਮਲ੍ਹਾੜ* ਪਹੁੰਚ ਗਏ।

ਇਸ ਪ੍ਰਕਾਰ ਵੀਹ ਦਿਨ ਬੰਬਈ ਸ਼ਹਿਰ ਵਿੱਚ ਠਹਿਰ ਕੇ ਗੁਰਬਾਣੀ ਰੂਪੀ ਅੰਮ੍ਰਿਤ ਦੀ ਵਰਸ਼ਾ ਕਰਦੇ ਰਹੇ, ਅਤੇ ਕਈ ਵਡਭਾਗਿਆਂ ਦੀ ਸੇਵਾ ਨੂੰ ਫਲ ਲਾ ਕੇ ਯਾਨੀ ਅਧਿਕਾਰੀ ਜਾਣ ਕੇ ਨਾਮ ਦੀ ਦਾਤ ਦਾ ਇਲਾਹੀ ਪ੍ਰਸ਼ਾਦ ਬਖਸ਼ ਕੇ ਅਤੇ ਕਈਆਂ ਦੇ ਪ੍ਰਮੋਸ਼ਨ ਆਰਡਰਾਂ ਤੇ ਦਸਤਖਤ ਕਰਕੇ ਤੀਹ ਸਤੰਬਰ 1996 ਨੂੰ ਸਵੇਰੇ ਨੌਂ ਵਜੇ ਦੀ ਫਲਾਈਟ ਤੇ ਸਵਾਰ ਹੋ ਵਾਪਸ ਦਿੱਲੀ ਆ ਗਏ।

## 1996 ਦੇ ਬਰਸੀ ਸਮਾਗਮ ਅਤੇ ਭਗਤ ਲੱਭਾ ਮੱਲ ਜੀ ਦਾ ਸਚਖੰਡ ਪਿਆਨਾ

ਵੀਹ ਦਿਨ ਬੰਬਈ ਦੀ ਯਾਤਰਾ ਸੰਪੂਰਨ ਕਰਕੇ ਅਤੇ ਦੋ ਦਿਨ ਦਿੱਲੀ ਦੀਆਂ ਸੰਗਤਾਂ ਨੂੰ ਦਰਸ਼ਨ ਦੀਦਾਰੇ ਬਖਸ਼ ਕੇ ਦੋ ਅਕਤੂਬਰ ਨੂੰ ਵਾਪਸ ਰਿਸ਼ੀਕੇਸ਼ ਪਹੁੰਚ ਗਏ। ਬਰਸੀ ਸਮਾਗਮ ਸ਼ੁਰੂ ਹੋਣ ਵਾਲੇ ਹਨ, ਇਸ ਲਈ ਸੰਗਤਾਂ ਨੇ ਵੀ ਆਉਣਾ ਸ਼ੁਰੂ ਕਰ ਦਿੱਤਾ। ਆਪ ਜੀ ਵੀ ਪਹਿਲੀ ਬਰਸੀ ਮਨਾਉਣ ਨਮਿੱਤ ਸੰਗਤਾਂ ਨੂੰ ਨਾਲ ਲੈ ਕੇ ਪੰਜ ਅਕਤੂਬਰ ਵਾਲੇ ਦਿਨ ਨਿਰਮਲ ਬਾਗ ਕਨਖਲ ਪਹੁੰਚ ਗਏ। ਸੇਵਾ ਵਾਲੀਆਂ ਸੰਗਤਾਂ ਨੇ ਤਾਂ ਬਿਲਡਿੰਗ ਦੀ ਸਫ਼ਾਈ ਸ਼ੁਰੂ ਕਰ ਦਿੱਤੀ। ਇੱਧਰ ਦਰਬਾਰ ਸਾਹਿਬ ਵਿੱਚ ਦਰਗਾਹੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਪਰਾਰੰਭ ਹੋ ਗਏ। ਹਰ ਰੋਜ਼ ਸਵੇਰੇ ਸ਼ਾਮ ਸੰਗਤਾਂ ਵੱਲੋਂ ਮਿਲਕੇ ਰੱਬੀ ਬਾਣੀ ਦੇ ਕੀਰਤਨ ਅਤੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੁਆਰਾ ਸਮਾਂ ਸਫਲਾ ਕੀਤਾ ਜਾ ਰਿਹਾ ਹੈ। ਸਤ ਅਕਤੂਬਰ ਵਾਲੇ ਦਿਨ ਸਵੇਰੇ ਅਖੰਡ ਪਾਠਾਂ ਦੇ ਭੋਗ ਉਪਰੰਤ ਸ੍ਰੀਮਾਨ ਸੰਤ ਮਦਨ ਮੋਹਣ ਹਰੀ ਜੀਆਂ ਦੀ ਯਾਦ ਵਿੱਚ ਸੰਤ ਸਮਾਜ ਨੂੰ ਗੁਰੂ ਨਾਨਕ ਦੇ ਲੰਗਰਾਂ ਵਿੱਚੋਂ ਪੱਕਾ ਭੰਡਾਰਾ ਵਰਤਾਇਆ ਗਿਆ, ਜਿਸ ਵਿੱਚ ਕਾਫੀ ਗਿਣਤੀ 'ਚ ਸੰਤ ਮਹਾਤਮਾ ਨੇ ਪਹੁੰਚ ਕੇ ਗੁਰੂ ਦੀ ਬਖਸ਼ਿਸ਼ ਜਾਣ ਪ੍ਰਸ਼ਾਦ ਪਾਣੀ ਛਕਿਆ।

ਅੱਜ ਸਤ ਅਕਤੂਬਰ ਵਾਲੇ ਦਿਨ ਪਰਮ ਪੂਜਨੀਕ ਸਚਖੰਡ ਵਾਸੀ ਸ੍ਰੀਮਾਨ ੧੦੮ ਮਹੰਤ ਬਾਬਾ ਬੁੱਢਾ ਸਿੰਘ ਮਹਾਰਾਜ ਜੀ ਦੀ 59ਵੀਂ ਬਰਸੀ, ਅਤੇ ਪਰਮ ਪੂਜਨੀਕ ਬ੍ਰਹਮਲੀਨ ਸ੍ਰੀਮਾਨ ੧੦੮ ਸੰਤ ਬਾਬਾ ਨਿੱਕਾ ਸਿੰਘ ਜੀ ਵਿਰੱਕਤਾਂ ਦੀ ਤੇਰਵੀਂ ਬਰਸੀ ਮਨਾਉਣ ਹਿੱਤ ਨਵੇਂ ਬਣੇ ਹਾਲ ਵਿੱਚ ਇਕੱਤੀ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ। ਇਸ ਸਮੇਂ ਤੱਕ ਸੰਗਤਾਂ ਵੀ ਭਾਰੀ ਗਿਣਤੀ ਵਿੱਚ ਪਹੁੰਚ ਚੁੱਕੀਆਂ ਹਨ। ਬੀਬੀ ਹਰਮਿੰਦਰ ਕੌਰ ਕਰਨਾਲ ਅਤੇ ਮਾਤਾ ਮੋਹਣੀ ਬਾਈ ਬੰਬਈ ਵਾਲੇ ਸਵੇਰੇ ਆਸਾ ਜੀ ਦੀ ਵਾਰ ਦਾ ਕੀਰਤਨ ਦਰਬਾਰ ਸਾਹਿਬ ਵਿੱਚ ਕਰਦੇ ਹਨ ਅਤੇ ਸ਼ਾਮ ਨੂੰ ਬਾਹਰ ਖੁੱਲ੍ਹੇ ਪੰਡਾਲ ਵਿੱਚ ਦੀਵਾਨ ਸਜਦਾ ਹੈ, ਜਿਸ ਵਿੱਚ ਸਭ ਤੋਂ ਪਹਿਲਾਂ ਮਹਾਂਪੁਰਸ਼ਾਂ ਦੀ ਮਰਿਆਦਾ ਅਨੁਸਾਰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ, ਫਿਰ ਇਲਾਹੀ ਬਾਣੀ ਦੇ ਕੀਰਤਨ ਉਪਰੰਤ ਰਾਤ ਨੌਂ ਵਜੇ ਆਰਤੀ ਕਰਕੇ ਸਮਾਪਤੀ ਹੁੰਦੀ ਹੈ। ਉੱਧਰ ਗੁਰੂ ਕੇ ਲੰਗਰ ਅਤੁੱਟ ਵਰਤ ਰਹੇ ਹਨ ਜਿਸ ਵਿੱਚ ਕਾਫੀ ਸੰਗਤਾਂ ਸੇਵਾ ਕਰ ਰਹੀਆਂ ਹਨ। ਇਸ ਪ੍ਰਕਾਰ ਇੱਥੇ ਪਹੁੰਚੀਆਂ ਹੋਈਆਂ ਸਭ ਸੰਗਤਾਂ ਸੇਵਾ, ਸਤਿਸੰਗ ਅਤੇ ਸਿਮਰਨ ਦੁਆਰਾ ਸਮੇਂ ਨੂੰ ਸਫਲਾ ਕਰ ਰਹੀਆਂ ਹਨ। ਅੱਜ ਨੌਂ ਅਕਤੂਬਰ ਵਾਲੇ ਦਿਨ ਸਵੇਰੇ ਇਕੱਤੀ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ, ਉਪਰੰਤ ਹਾਲ ਵਿੱਚ ਹੀ ਦੀਵਾਨ ਸਤਿਸੰਗ ਸ਼ੁਰੂ ਹੋਇਆ। ਪਹਿਲਾਂ ਇਲਾਹੀ ਗੁਰਬਾਣੀ ਦੇ ਕੀਰਤਨ ਦੁਆਰਾ ਹਰੀ ਜਸ ਗਾਇਨ ਕੀਤੇ ਗਏ, ਉਪਰੰਤ ਸੰਤ ਮਹਾਂਪੁਰਸ਼ਾਂ ਵੱਲੋਂ ਸੰਤ ਸਮਾਗਮ ਸ਼ੁਰੂ ਹੋਇਆ। ਸਭ ਮਹਾਂਪੁਰਸ਼ਾਂ ਨੇ ਆਪਣੇ-ਆਪਣੇ ਅਨੁਭਵ ਦੁਆਰਾ

ਪ੍ਰਮਾਰਥਕ ਬਚਨ ਕੀਤੇ ਉਪਰੰਤ ਠੀਕ ਸਾਢੇ ਬਾਰਾਂ ਵਜੇ ਸੰਪੂਰਨਤਾ ਦੀ ਅਰਦਾਸ ਕਰਕੇ ਗੁਰੂ ਕੇ ਲੰਗਰ ਸ਼ੁਰੂ ਹੋਏ। ਪਹਿਲਾਂ ਸੰਤ ਮਹਾਂਪੁਰਸ਼ਾਂ ਦੀ ਪੰਗਤ ਲਗਾਈ ਗਈ, ਬਾਅਦ ਵਿੱਚ ਸਭ ਸੰਗਤ ਨੇ ਗੁਰੂ ਕੇ ਲੰਗਰ ਵਿੱਚੋਂ ਪ੍ਰਸ਼ਾਦ ਪਾਣੀ ਛਕਿਆ। ਲੰਗਰ ਛਕਣ ਤੋਂ ਬਾਅਦ ਮਹਾਂਪੁਰਸ਼ਾਂ ਨੇ ਆਪਣੇ ਪਵਿੱਤਰ ਕਰ ਕਮਲਾਂ ਦੁਆਰਾ ਪ੍ਰਸ਼ਾਦ ਵਰਤਾਉਣਾ ਸ਼ੁਰੂ ਕੀਤਾ। ਜਿਨ੍ਹਾਂ ਸੰਗਤਾਂ ਨੇ ਘਰਾਂ ਨੂੰ ਵਾਪਸੀ ਕਰਨੀ ਹੈ, ਪ੍ਰਸ਼ਾਦ ਲੈ ਕੇ ਚਾਲੇ ਪਾ ਰਹੀਆਂ ਹਨ ਅਤੇ ਜਿਨ੍ਹਾਂ ਨੇ ਦੂਸਰੀ ਬਰਸੀ ਤੱਕ ਠਹਿਰਨਾ ਹੈ, ਉਹ ਰਿਸ਼ੀਕੇਸ਼ ਪਹੁੰਚ ਰਹੀਆਂ ਹਨ। ਸ਼ਾਮ ਨੂੰ ਪੂਜਯ ਮਹੰਤ ਮਹਾਰਾਜ ਜੀ, ਸੰਤ ਬਾਬਾ ਜੋਧ ਸਿੰਘ ਜੀ ਅਤੇ ਸੰਤ ਬਾਬਾ ਗੁਰਿੰਦਰ ਸਿੰਘ (ਛੋਟੂ ਬਾਬਾ) ਜੀ ਸਭ ਸੰਗਤਾਂ ਨੂੰ ਨਾਲ ਲੈ ਕੇ ਰਿਸ਼ੀਕੇਸ਼ ਪਹੁੰਚ ਗਏ।

ਦੂਸਰੇ ਦਿਨ ਅਖੰਡ ਪਾਠਾਂ ਦੀ ਲੜੀ ਸ਼ੁਰੂ ਹੋ ਗਈ। ਇਹ ਪਾਠ ਸੇਵਾ ਭਾਵੇਂ ਚੱਲਦੀ ਤਾਂ ਸਾਲ ਭਰ ਹੀ ਹੈ, ਲੇਕਿਨ ਹੁਣ ਮਹਾਂਪੁਰਸ਼ਾਂ ਦੀ ਯਾਦ ਮਨਾਉਣ ਲਈ ਵਿਸ਼ੇਸ਼ ਮੰਨੀ ਜਾਂਦੀ ਹੈ। ਅਖੰਡ ਪਾਠਾਂ ਦੇ ਨਾਲ-ਨਾਲ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਕੀਰਤਨ ਦੁਆਰਾ ਗੁਰਬਾਣੀ ਦਾ ਅੰਮ੍ਰਿਤ ਪ੍ਰਵਾਹ ਰੋਜ਼ ਵਹਿੰਦਾ ਰਹਿੰਦਾ ਹੈ।

ਅੱਜ ਸਤਾਰਾਂ ਅਕਤੂਬਰ ਵਾਲੇ ਦਿਨ ਸਤਿਕਾਰ ਯੋਗ ਭਗਤ ਲੱਭਾ ਮੱਲ ਜੀ ਜੋ ਕਿ ਪੈਂਤੀ ਸਾਲਾਂ ਤੋਂ ਨਿਰੰਤਰ ਕਰਨਾਲ ਕੁਟੀਆ ਦੀ ਸੇਵਾ ਸੰਭਾਲ ਕਰਦੇ ਆ ਰਹੇ ਹਨ ਸ਼ਾਮ ਨੂੰ ਪੰਜ ਵਜੇ ਦਿਲ ਦਾ ਦੌਰਾ ਪੈਣ ਨਾਲ ਕੁਝ ਮਿੰਟਾਂ ਵਿੱਚ ਹੀ ਆਪਣਾ ਪੰਜ ਭੌਤਿਕ ਚੋਲਾ ਤਿਆਗ ਗਏ। ਕਰਨਾਲ ਦੀ ਸੰਗਤ ਵੱਲੋਂ ਜਿੱਥੇ ਦਿੱਲੀ ਬੰਬਈ ਆਦਿਕ ਥਾਵਾਂ ਨੂੰ ਫੋਨ ਕੀਤੇ ਗਏ, ਉੱਥੇ ਪੂਜਯ ਮਹੰਤ ਮਹਾਰਾਜ ਜੀਆਂ ਤੋਂ ਰਿਸ਼ੀਕੇਸ਼ ਟੈਲੀਫੋਨ ਰਾਹੀਂ ਬੇਨਤੀ ਕਰਕੇ ਭਗਤ ਲੱਭਾ ਮੱਲ ਜੀਆਂ ਦੇ ਮ੍ਰਿਤਕ ਸਰੀਰ ਦਾ ਅੰਤਿਮ ਸੰਸਕਾਰ ਕਰਨ ਲਈ ਸਮਾਂ ਮੰਗਿਆ ਗਿਆ। ਆਪ ਜੀ ਨੇ ਹੁਕਮ ਕੀਤਾ, ਕਿ ਬਰਸੀ ਸਮਾਗਮ ਨਮਿੱਤ ਕੱਲ੍ਹ ਇਕੱਤੀ ਸ੍ਰੀ ਅਖੰਡ ਪਾਠ ਆਰੰਭ ਹੋਣੇ ਹਨ। ਇਸ ਲਈ ਉਨ੍ਹਾਂ ਦੀ ਆਰੰਭਤਾ ਤੋਂ ਬਾਅਦ ਸ਼ਾਮ ਨੂੰ ਪੰਜ ਵਜੇ ਅਸੀਂ ਕਰਨਾਲ ਕੁਟੀਆ ਪਹੁੰਚ ਰਹੇ ਹਾਂ। ਇਸ ਲਈ ਉਸ ਸਮੇਂ ਤੱਕ ਸੰਸਕਾਰ ਆਦਿਕ ਕਿਰਿਆ ਦੀ ਸਭ ਤਿਆਰੀ ਕਰ ਰੱਖਣੀ।

ਅੱਜ ਅਠਾਰਾਂ ਅਕਤੂਬਰ 1996 ਦਾ ਦਿਨ ਚੜ੍ਹਣ ਵਾਲਾ ਹੈ, ਜਿੱਥੇ ਅੱਜ ਸ਼ੁਭ ਦਿਨ ਤੇ ਪੂਜਯ ਮਹੰਤ ਆਤਮਾ ਸਿੰਘ ਮਹਾਰਾਜ ਜੀਆਂ ਦੀ ਤੇਈਵੀਂ ਬਰਸੀ, ਅਤੇ ਪਰਮ ਸਤਿਕਾਰਯੋਗ ਮਹੰਤ ਨਰਾਇਣ ਸਿੰਘ ਜੀਆਂ ਦੀ ਚੌਦਵੀਂ ਬਰਸੀ ਮਨਾਉਣ ਨਮਿੱਤ ਇਕੱਤੀ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣੇ ਹਨ, ਉੱਥੇ ਪੂਜਯ ਮਹਾਰਾਜ ਸ੍ਰੀ ਮਾਨ ੧੦੮ ਮਹੰਤ ਬਾਬਾ ਰਾਮ ਸਿੰਘ ਜੀਆਂ ਦਾ ਜਨਮ ਦਿਨ ਮਨਾਉਣ ਲਈ ਵੱਡੇ ਪੱਧਰ ਤੇ ਸੰਗਤਾਂ ਥੱਲੇ ਤਿਆਰੀ ਕਰ ਰਹੀਆਂ ਹਨ। ਅਨੇਕਾਂ ਕਿਸਮਾਂ ਦੇ ਫੁੱਲਾਂ ਦੇ ਹਾਰ ਗੁੰਦ ਕੇ ਦਰਬਾਰ ਸਾਹਿਬ ਨੂੰ ਬੈਕੁੰਠ ਦੀ ਤਰ੍ਹਾਂ ਸਜਾਇਆ ਜਾ ਰਿਹਾ ਹੈ। ਉੱਧਰ ਅਰਸ਼ੀ ਪ੍ਰੀਤਮ ਦੀ ਮੌਜ਼ ਦੇਖੋ! ਸਵੇਰੇ ਸਵਾ ਚਾਰ ਵਜੇ ਕਿਸੇ ਸੁਵੰਬਰ ਦੀ ਰਚਨਾ ਕਰ ਰਿਹਾ ਹੈ ਜਿਸ ਦੇ ਬਾਰੇ ਵਿੱਚ ਦਾਤੇ ਤੋਂ ਬਗੈਰ ਸ਼ਾਇਦ ਕਿਸੇ ਸੰਸਾਰ ਦੇ ਦੂਸਰੇ ਬੰਦੇ ਨੂੰ ਪਤਾ ਨਹੀਂ, ਸ਼ਾਇਦ ਇਸੇ ਲਈ ਹੀ ਉਚਾਰਨ ਕੀਤਾ ਹੈ—

**ਬੀਓ ਪੂਛਿ ਨ ਮਸਲਤਿ ਧਰੈ॥ ਜੋ ਕਿਛੁ ਕਰੈ ਸੁ ਆਪਹਿ ਕਰੈ॥**

*(ਗੋ: ਮ: ੫, ਪੰਨਾ-੮੬੩)*

ਦਾਤਾ ਆਪਣੀ ਮੌਜ਼ ਵਿੱਚ ਲੀਨ ਹੋਇਆ, ਉੱਧਰ ਆਪਣੇ ਕਮਰੇ ਵਿੱਚ ਕੋਈ ਰੰਗ ਵਰਤਾ ਰਿਹਾ ਹੈ, ਇੱਧਰ ਦਰਬਾਰ ਸਾਹਿਬ ਵਿੱਚ ਆਪ ਦਾ ਅਵਤਰਣ ਦਿਨ ਮਨਾਉਣ ਲਈ ਜਿੱਥੇ ਹੋਰ ਤਿਆਰੀਆਂ ਹੋ ਰਹੀਆਂ ਹਨ, ਉੱਥੇ ਬੀਬੀ ਹਰਮਿੰਦਰ ਕੌਰ ਕਰਨਾਲ ਨੇ ਦਰਗਾਹੀ ਬਾਣੀ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਕਰ ਦਿੱਤਾ। ਸਮੇਂ ਅਨੁਸਾਰ ਆਸਾ ਜੀ ਦੀ ਵਾਰ ਦੇ ਭੋਗ ਪਾਏ ਗਏ, ਫਿਰ ਸੰਗਤਾਂ ਨੇ ਗੁਰੂ ਕੇ ਲੰਗਰ ਵਿੱਚ ਪ੍ਰਸ਼ਾਦ ਪਾਣੀ ਛਕੇ, ਉਪਰੰਤ ਦਸ ਕੁ ਵਜੇ ਸੰਗਤਾਂ ਹਜ਼ੂਰ ਦਾ ਅਵਤਰਣ ਦਿਵਸ ਮਨਾਉਣ ਹਿੱਤ ਬਾਹਰ ਪੰਡਾਲ ਵਿੱਚ ਇਕੱਤਰ ਹੋ ਗਈਆਂ। ਸੰਗਤਾਂ ਵੱਲੋਂ ਕੇਕ ਵਗੈਰਾ ਹਰ ਪ੍ਰਕਾਰ ਦੀ ਤਿਆਰੀ ਕਰ ਲਈ ਗਈ ਹੈ, ਉੱਧਰ ਅਰਸ਼ੀ ਪ੍ਰੀਤਮ ਵੀ ਸੁਯੰਬਰ ਸਭ ਦੀਆਂ ਰਸਮਾਂ ਸੰਪੂਰਨ ਕਰਕੇ ਅਤੇ ਖੁੱਲ੍ਹੇ ਹੱਥ ਨਾਲ ਦਹੇਜ ਦੇ ਖੁੱਲ੍ਹੇ ਖਜ਼ਾਨੇ ਬਖਸ਼ ਕੇ ਆਪਣੀ ਮੌਜ਼ ਵਿੱਚ ਅਰਸ਼ਾਂ ਤੋਂ ਹੁਣ ਥੱਲੇ ਉਤਰ ਆਇਆ। ਮੋਹਣੀ ਬਾਈ ਮਨਸੁਖਾਨੀ ਨੇ ਗੁਰਬਾਣੀ ਦੇ ਢੁੱਕਵੇਂ ਸ਼ਬਦਾਂ ਦੁਆਰਾ ਬਹੁਤ ਰਸ ਭਿੰਨਾ ਕੀਰਤਨ ਕੀਤਾ।

ਉਪਰੰਤ ਫੁੱਲਾਂ ਦੀ ਵਰਖਾ ਕਰਕੇ ਕੇਕ ਕੱਟਣ ਦੀ ਰਸਮ ਕੀਤੀ ਗਈ। ਇਉਂ ਸੰਗਤਾਂ ਨੇ ਬਹੁਤ ਹੀ ਉਤਸ਼ਾਹ ਨਾਲ ਸਮਾਗਮ ਮਨਾਇਆ। ਹੁਣ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਨ ਦਾ ਸਮਾਂ ਹੋ ਆਇਆ, ਇਸ ਲਈ ਸੇਵਾਦਾਰ ਪ੍ਰੇਮੀਆਂ ਨੇ ਦਰਬਾਰ ਸਾਹਿਬ ਵਿੱਚ ਸਾਰੀ ਤਿਆਰੀ ਕਰ ਲਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀਆਂ ਦੇ ਇਕੱਤੀ ਪਾਵਨ ਸਰੂਪ ਅਤੇ ਇੱਕ ਜਪੁਜੀ ਸਾਹਿਬ ਪ੍ਰਕਾਸ਼ ਕਰ ਲਏ ਗਏ। ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀਆਂ ਦੇ ਪਵਿੱਤਰ ਚਰਨਾਂ ਵਿੱਚ ਅਰਦਾਸ ਕਰਕੇ ਪੂਜਯ ਮਹਾਰਾਜ ਜੀਆਂ ਨੇ ਆਪਣੇ ਪਵਿੱਤਰ ਮੁਖਾਰਬਿੰਦ ਦੁਆਰਾ ਰੱਬੀ ਬਾਣੀ ਵਿੱਚੋਂ ਹੁਕਮਨਾਮਾ ਉਚਾਰਨ ਕਰਕੇ ਸ੍ਰੀ ਅਖੰਡ ਪਾਠਾਂ ਦੀ ਪਰਾਰੰਭਤਾ ਕੀਤੀ।

ਇਸ ਸਾਲਾਨਾ ਸਮਾਗਮ ਨਮਿੱਤ ਅਖੰਡ ਪਾਠਾਂ ਦੀ ਆਰੰਭਤਾ ਕਰਕੇ ਆਪ ਜੀ ਤੇਰਾਂ ਬੰਦਿਆਂ ਨੂੰ ਹੋਰ ਨਾਲ ਲੈ ਕੇ ਤਿੰਨ ਗੱਡੀਆਂ ਵਿੱਚ ਸਵਾਰ ਹੋ ਭਗਤ ਲੱਭਾ ਮਲ ਜੀ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣ ਲਈ ਕਰਨਾਲ ਵੱਲ ਨੂੰ ਰਵਾਨਾ ਹੋਏ। ਅੱਗੇ ਸੰਗਤਾਂ ਵੱਲੋਂ ਸੰਸਕਾਰ ਦੀ ਕਿਰਿਆ ਲਈ ਹਰ ਪ੍ਰਕਾਰ ਦੀ ਤਿਆਰੀ ਕੀਤੀ ਹੋਈ ਸੀ, ਜੋ ਆਪ ਜੀ ਨੇ ਅਠਾਰਾਂ ਅਕਤੂਬਰ ਸ਼ਾਮ ਦੇ ਪੰਜ ਕੁ ਵਜੇ ਆਪਣੇ ਪਵਿੱਤਰ ਹਸਤ ਕਮਲਾਂ ਦੁਆਰਾ ਚਿਤਾ ਨੂੰ ਅੱਗ ਦਿਖਾਈ। ਦੂਸਰੇ ਦਿਨ ਉੱਨੀ ਅਕਤੂਬਰ ਵਾਲੇ ਦਿਨ ਭਗਤ ਜੀ ਦੀ ਚਿਤਾ ਵਿੱਚੋਂ ਅਸਥੀਆਂ ਚੁਣ ਕੇ ਕਾਫੀ ਸੰਗਤਾਂ ਅਤੇ ਗੱਡੀਆਂ ਦੇ ਕਾਫਲੇ ਦੁਆਰਾ ਰਿਸ਼ੀਕੇਸ਼ ਪਹੁੰਚੇ। ਗੁਰੂ ਘਰ ਦੀ ਪੁਰਾਤਨ ਮਰਿਆਦਾ ਅਨੁਸਾਰ ਕੜਾਹ ਪ੍ਰਸ਼ਾਦ ਦੀ ਦੇਗ ਸਜਾ ਕੇ ਅਰਦਾਸ ਉਪਰੰਤ ਸੰਗਤਾਂ ਦੇ ਭਰਵੇਂ ਇਕੱਠ ਨਾਲ ਗੰਗਾ ਤੱਟ ਤੇ ਪਹੁੰਚੇ, ਇੱਥੇ ਕੀਰਤਨ ਸੋਹਿਲੇ ਦੇ ਪਾਠ ਤੋਂ ਉਪਰੰਤ ਸੈਂਕੜੇ ਬੰਦਿਆਂ ਦੀ ਹਾਜ਼ਰੀ ਵਿੱਚ ਪੂਜਯ ਮਹੰਤ ਮਹਾਰਾਜ ਜੀਆਂ ਨੇ ਆਪਣੇ ਪਵਿੱਤਰ ਕਰ ਕਮਲਾਂ ਦੁਆਰਾ ਭਗਤ ਜੀ ਦੀਆਂ ਅਸਥੀਆਂ ਨੂੰ ਗੰਗਾ ਦੇ ਪਵਿੱਤਰ ਜਲ ਵਿੱਚ ਪ੍ਰਵਾਹ ਕੀਤਾ।

ਉੱਧਰ ਅਖੰਡ ਪਾਠਾਂ ਦੀ ਪਰਾਰੰਭਤਾ ਤੋਂ ਬਾਅਦ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ, ਗੁਰਬਾਣੀ ਦੇ ਕੀਰਤਨ ਹਰੀ ਜਸ ਦੁਆਰਾ ਚੱਲ ਰਹੇ ਪ੍ਰਵਾਹ ਵਿੱਚ ਹਜ਼ਾਰਾਂ ਸੰਗਤਾਂ ਆਪਣਾ ਸਮਾਂ ਸਫਲਾ ਕਰਦੀਆਂ ਰਹੀਆਂ। ਤੀਸਰੇ ਦਿਨ ਯਾਨੀ ਵੀਹ ਅਕਤੂਬਰ 1996 ਵਾਲੇ ਦਿਨ ਸਵੇਰੇ ਇਕੱਤੀ ਸ੍ਰੀ ਅਖੰਡ ਪਾਠ ਸਾਹਿਬਾਂ ਦੇ ਭੋਗ ਪਾਏ ਗਏ, ਉਪਰੰਤ ਵੱਡੇ ਹਾਲ ਵਿੱਚ ਦੀਵਾਨ ਸਜਿਆ। ਕੀਰਤਨ ਸੰਤ ਸਮਾਗਮ ਤੋਂ ਬਾਅਦ ਸਾਢੇ ਬਾਰਾਂ ਵਜੇ ਸੰਪੂਰਨ ਸਮਾਪਤੀ ਦੀ ਅਰਦਾਸ ਕਰਕੇ ਗੁਰੂ ਕੇ ਲੰਗਰ ਜਿਸ ਵਿੱਚ ਅਨੇਕਾਂ ਪ੍ਰਕਾਰ ਦੇ ਸਵਾਦਿਸ਼ਟ ਪਦਾਰਥ ਤਿਆਰ ਕੀਤੇ ਗਏ ਸਨ, ਸੰਗਤਾਂ ਨੂੰ ਵਰਤਾਏ ਗਏ। ਲੰਗਰ ਛੱਕਣ ਤੋਂ ਬਾਅਦ ਹਜ਼ੂਰ ਨੇ ਆਪਣੇ ਪਵਿੱਤਰ ਕਰ ਕਮਲਾਂ ਦੁਆਰਾ ਪ੍ਰਸ਼ਾਦ ਵਰਤਾਉਣਾ ਸ਼ੁਰੂ ਕੀਤਾ। ਸੰਗਤਾਂ ਪ੍ਰਸ਼ਾਦ ਪ੍ਰਾਪਤ ਕਰਕੇ ਘਰਾਂ ਨੂੰ ਚਾਲੇ ਪਾ ਰਹੀਆਂ ਹਨ। ਇਸ ਪ੍ਰਕਾਰ ਮਹਾਂਪੁਰਖਾਂ ਦੀ ਪਵਿੱਤਰ ਯਾਦ ਵਿੱਚ ਕਾਫੀ ਦਿਨਾਂ ਤੋਂ ਚੱਲ ਰਹੇ ਸੇਵਾ, ਸਿਮਰਨ ਅਤੇ ਸਤਿਸੰਗ ਦੇ ਪ੍ਰਵਾਹ ਜਿਸ ਵਿੱਚ ਹਜ਼ਾਰਾਂ ਸੰਗਤਾਂ ਨੇ ਇਸ਼ਨਾਨ ਕੀਤਾ, ਅੱਜ ਸੰਪੂਰਨ ਹੋ ਗਿਆ।

## ਸਕੂਲ ਦਾ ਉਦਘਾਟਨ ਸਮਾਰੋਹ

ਬਰਸੀ ਸਮਾਗਮ ਮਨਾਉਣ ਉਪਰੰਤ ਸੇਵਕ ਸੰਗਤਾਂ ਨੂੰ ਦਿੱਤੀਆਂ ਤਾਰੀਖਾਂ ਅਨੁਸਾਰ ਯਾਤਰਾ ਆਰੰਭ ਕੀਤੀ। ਨਵੰਬਰ ਦਾ ਸਾਰਾ ਮਹੀਨਾ ਅਤੇ ਅੱਧੇ ਦਸੰਬਰ ਤੱਕ ਯਾਤਰਾ ਸੰਪੂਰਨ ਕਰਕੇ ਵਾਪਸ ਰਿਸ਼ੀਕੇਸ਼ ਆ ਗਏ। ਕਿਉਂਕਿ ਜਿਸ ਨਿਰਮਲ ਆਸ਼ਰਮ ਦੀਪਮਾਲਾ ਪਗਰਾਨੀ ਨਾਮਾ ਦੇ ਵਿਦਿਅਕ ਮੰਦਰ ਦੀ ਢਾਈ ਕੁ ਸਾਲ ਪਹਿਲਾਂ ਨੀਂਹ ਰੱਖੀ ਸੀ ਉਹ ਹੁਣ ਆਪਣਾ ਮਿੱਠਾ ਫਲ ਦੇਣ ਦੇ ਯੋਗ ਹੋ ਗਿਆ, ਇਸ ਲਈ ਉਸਦਾ ਉਦਘਾਟਨ ਸਮਾਰੋਹ ਮਨਾਉਣ ਨਮਿੱਤ ਇੱਕ ਜਨਵਰੀ 1997 ਦਾ ਸ਼ੁਭ ਦਿਹਾੜਾ ਨੀਯਤ ਕਰ ਲਿਆ ਗਿਆ। ਇਸ ਮਹਾਨ ਸਮਾਗਮ ਵਿੱਚ ਸ਼ਾਮਲ ਹੋਣ ਲਈ ਦੇਸ਼ ਵਿਦੇਸ਼ ਵਿੱਚ ਸੰਗਤਾਂ ਨੂੰ ਨਿਮੰਤਰਣ ਪੱਤਰ ਭੇਜੇ ਗਏ। ਉਨੱਤੀ ਦਸੰਬਰ ਸ਼ਾਮ ਤੱਕ ਭਾਰੀ ਗਿਣਤੀ ਵਿੱਚ ਸੰਗਤਾਂ ਪਹੁੰਚ ਗਈਆਂ। ਤੀਹ ਦਸੰਬਰ 1996 ਵਾਲੇ ਦਿਨ ਸਕੂਲ ਦੀ ਨਵੀਂ ਬਣੀ ਬਿਲਡਿੰਗ ਵਿੱਚ ਇਕੱਤੀ ਸ੍ਰੀ ਅਖੰਡ ਪਾਠ ਸਾਹਿਬ ਅਤੇ ਦੋ ਜਪੁਜੀ ਸਾਹਿਬ ਦੇ ਅਖੰਡ ਪਾਠ ਆਰੰਭ ਕੀਤੇ ਗਏ। ਸ਼ਾਮ ਨੂੰ ਖੁੱਲ੍ਹੇ ਪੰਡਾਲ ਵਿੱਚ ਦੀਵਾਨ ਸਜਾਏ ਗਏ, ਜਿਸ ਵਿੱਚ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਹਰੀ ਕੀਰਤਨ ਦੁਆਰਾ ਰਾਤ ਸਾਢੇ ਅੱਠ ਵਜੇ ਤੱਕ ਗੁਰਬਾਣੀ ਦਾ ਪ੍ਰਵਾਹ ਚੱਲਦਾ ਰਿਹਾ, ਫਿਰ ਸਾਢੇ ਅੱਠ ਤੋਂ ਨੌਂ ਤੱਕ ਆਰਤੀ ਦੁਆਰਾ ਅਰਚਨਾ ਦੁਆਰਾ ਉਪਾਸਨਾ ਕਰਕੇ ਸਮਾਪਤੀ

ਕੀਤੀ। ਇਕੱਤੀ ਦਸੰਬਰ ਵਾਲੇ ਦਿਨ ਮੱਧ ਦੇ ਭੋਗ ਉਪਰੰਤ ਪੂਜਯ ਮਹਾਰਾਜ ਜੀ ਨੇ ਆਪਣੇ ਪਵਿੱਤਰ ਕਰ ਕਮਲਾਂ ਦੁਆਰਾ ਪਾਠੀ ਸੇਵਾਦਾਰਾਂ ਨੂੰ ਸਿਰੋਪਾਉ ਬਖਸ਼ਿਸ਼ ਕੀਤੇ। ਕੱਲ੍ਹ ਦਾ ਲੰਗਰ ਆਸ਼ਰਮ ਵਿੱਚੋਂ ਹੀ ਬਣਕੇ ਆਇਆ ਸੀ ਲੇਕਿਨ ਅੱਜ ਸਵੇਰ ਤੋਂ ਸਕੂਲ ਵਿੱਚ ਹੀ ਤਿਆਰ ਹੋ ਕੇ ਅਤੁੱਟ ਭੰਡਾਰੇ ਵਰਤ ਰਹੇ ਹਨ। ਕੱਲ੍ਹ ਦੀ ਤਰ੍ਹਾਂ ਅੱਜ ਵੀ ਸ਼ਾਮ ਨੂੰ ਚਾਰ ਵਜੇ ਫਿਰ ਪੰਡਾਲ ਵਿੱਚ ਦੀਵਾਨ ਸਜਿਆ, ਜਿਸ ਵਿੱਚ ਮਹਾਂਪੁਰਖਾਂ ਦੇ ਨਿਯਮ ਅਨੁਸਾਰ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਫਿਰ ਸ਼ਬਦ ਕੀਰਤਨ ਦੁਆਰਾ ਇਲਾਹੀ ਬਾਣੀ ਦੀ ਰਾਤ ਨੌਂ ਵਜੇ ਤੱਕ ਰਸ ਭਿੰਨੀ ਬਰਸਾਤ ਹੁੰਦੀ ਰਹੀ। ਉਪਰੰਤ ਆਰਤੀ ਕਰਕੇ ਸਾਢੇ ਨੌਂ ਵਜੇ ਅੱਜ ਦੇ ਸਮਾਗਮਾਂ ਦੀ ਸੰਪੂਰਨਤਾ ਹੋਈ। ਤੀਸਰੇ ਦਿਨ ਇੱਕ ਜਨਵਰੀ 1997 ਵਾਲੇ ਦਿਨ ਸਵੇਰੇ ਅੱਠ ਵਜੇ ਅਖੰਡ ਪਾਠਾਂ ਦੇ ਭੋਗ ਸ਼ੁਰੂ ਹੋ ਗਏ, ਜੋ ਸਾਢੇ ਨੌਂ ਵਜੇ ਤੱਕ ਸੰਪੂਰਨ ਸਮਾਪਤੀ ਹੋਣ ਤੋਂ ਬਾਅਦ ਬਾਹਰ ਪੰਡਾਲ ਵਿੱਚ ਸਮਾਗਮ ਸ਼ੁਰੂ ਹੋਇਆ। ਸਭ ਤੋਂ ਪਹਿਲਾਂ ਰੱਬੀ ਬਾਣੀ ਦੇ ਕੀਰਤਨ ਦੁਆਰਾ ਹਰੀ ਜਸ ਗਾਇਨ ਹੋਏ। ਉਸ ਤੋਂ ਬਾਅਦ ਸੰਤ ਮਹਾਂਪੁਰਖਾਂ ਦੁਆਰਾ ਪਰਮਾਰਥਕ ਵਿਚਾਰਾਂ ਹੋਈਆਂ, ਜਿਨ੍ਹਾਂ ਵਿੱਚ ਹੋਰਨਾਂ ਤੋਂ ਇਲਾਵਾ ਨਿਰਮਲ ਭੇਖ ਦੇ ਸਰਬ ਉੱਚ ਨਿਰਮਲ ਪੰਚਾਇਤੀ ਅਖਾੜੇ ਦੇ ਸ੍ਰੀ ਮਹੰਤ ਸਾਹਿਬ ਸ੍ਰੀ ਗਿਆਨ ਦੇਵ ਸਿੰਘ ਜੀ ਸ਼ਾਸਤਰੀ ਨੇ ਵੀ ਪ੍ਰਵਚਨ ਕੀਤੇ, ਉਪਰੰਤ ਸਕੂਲ ਦਾ ਪ੍ਰੋਗਰਾਮ ਸ਼ੁਰੂ ਹੋਇਆ, ਜਿਸ ਵਿੱਚ ਸਕੂਲ ਦੇ ਪ੍ਰਿੰਸੀਪਲ ਸਾਹਿਬ ਸ੍ਰੀ ਐਲ.ਕੇ. ਤ੍ਰਿਵੇਦੀ ਜੀ, ਡਾ: ਸ੍ਰੀ ਜਗਦੀਸ਼ ਚਾਵਲਾ ਜੀ, ਪ੍ਰੋ: ਸ੍ਰੀ ਮਦਨ ਲਾਲ ਜੀ ਗੁਲਾਟੀ ਇਤਿਆਦਿਕ ਵਿਦਵਾਨਾਂ ਨੇ ਸਕੂਲ ਦੇ ਭਵਿੱਖ ਤੇ ਚਾਨਣਾ ਪਾਇਆ ਜਿਸ ਵਿੱਚ ਕੀ-ਕੀ ਸਹੂਲਤਾਂ ਵਿਦਿਆਰਥੀਆਂ ਨੂੰ ਦਿੱਤੀਆਂ ਜਾਣਗੀਆਂ, ਵਿੱਦਿਆ ਦਾ ਕਿਹੋ-ਜਿਹਾ ਸਟੈਂਡਰਡ ਹੋਵੇਗਾ, ਹੋਸਟਲ ਵਿੱਚ ਕੀ-ਕੀ ਸਹੂਲਤਾਂ ਦਿੱਤੀਆਂ ਜਾਣਗੀਆਂ, ਸਕੂਲ ਵਿੱਚ ਸਵਿਮਿੰਗ ਪੂਲ ਆਦਿਕ ਦੀਆਂ ਕੀ-ਕੀ ਸਹੂਲਤਾਂ ਹੋਣਗੀਆਂ, ਇਤਿਆਦਿਕ ਮਸਲਿਆਂ ਦੀ ਭਰਪੂਰ ਵਿਆਖਿਆ ਕੀਤੀ। ਉਪਰੰਤ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀਆਂ ਦੇ ਪਾਵਨ ਚਰਨਾਂ ਵਿੱਚ ਅਰਦਾਸ ਬੇਨਤੀ ਕਰਕੇ ਸਾਰੇ ਸਮਾਗਮ ਦੀ ਸਮਾਪਤੀ ਹੋਈ। ਗੁਰੂ ਕੇ ਲੰਗਰ ਵਿੱਚ ਭਾਵੇਂ ਪਰਸੋਂ ਤੋਂ ਹੀ ਅਤੁੱਟ ਭੰਡਾਰੇ ਵਰਤ ਰਹੇ ਹਨ, ਲੇਕਿਨ ਅੱਜ ਤਾਂ ਵਿਸ਼ੇਸ਼ ਤੌਰ ਤੇ ਪ੍ਰਬੰਧ ਕੀਤਾ ਗਿਆ ਹੈ ਜਿਸ ਵਿੱਚ ਇਲਾਕੇ ਦੇ ਬੇਅੰਤ ਗਰੀਬ ਲੋਕ ਲੰਗਰ ਛਕ ਰਹੇ ਹਨ। ਇਸ ਪ੍ਰਕਾਰ ਸਭ ਸੰਗਤਾਂ ਗੁਰੂ ਕੇ ਲੰਗਰ ਵਿੱਚ ਪ੍ਰਸ਼ਾਦ ਛਕ ਕੇ ਮਹਾਂਪੁਰਸ਼ਾਂ ਤੋਂ ਅਸ਼ੀਰਵਾਦ ਰੂਪੀ ਪ੍ਰਸ਼ਾਦ ਪ੍ਰਾਪਤ ਕਰਕੇ ਘਰਾਂ ਨੂੰ ਵਾਪਸ ਹੋਈਆਂ।

## 1997 ਦੀ ਬੰਬਈ ਯਾਤਰਾ

ਸ੍ਰੀ ਅਮਰੀਕ ਚੰਦ ਜੀ ਚਾਵਲਾ ਅਤੇ ਬੰਬਈ ਨਿਵਾਸੀ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਕੇ ਆਪ ਜੀ ਨੇ ਛੱਬੀ ਜਨਵਰੀ 1997 ਨੂੰ ਬੰਬਈ ਜਾਣ ਦਾ ਪ੍ਰੋਗਰਾਮ ਬਣਾਇਆ। ਰਿਸ਼ੀਕੇਸ਼ ਤੋਂ ਦਿੱਲੀ, ਅਤੇ ਦਿੱਲੀ ਤੋਂ ਬੰਬਈ ਤੱਕ ਜਾਣ ਦੀ ਸਾਰੀ ਸੇਵਾ ਸ੍ਰੀ ਚਾਵਲਾ ਜੀ ਨੇ ਲਈ ਹੋਈ ਹੈ। ਨੀਯਤ ਕੀਤੇ ਪ੍ਰੋਗਰਾਮ ਅਨੁਸਾਰ ਸ੍ਰੀ ਚਾਵਲਾ ਜੀ ਦਾ ਪਰਿਵਾਰ ਆਪਣੀ ਗੱਡੀ ਵਿੱਚ ਪੰਝੀ ਜਨਵਰੀ ਨੂੰ ਦਿੱਲੀ ਲੈ ਗਿਆ। ਰਾਤ ਦਾ ਵਿਸ਼ਰਾਮ ਚਾਵਲਾ ਜੀ ਦੇ ਘਰ ਕੀਤਾ, ਇੱਥੇ ਹੀ ਦਿੱਲੀ ਨਿਵਾਸੀ ਸੰਗਤਾਂ ਨੂੰ ਦਰਸ਼ਨ ਬਖਸ਼ਿਸ ਕੀਤੇ। ਛੱਬੀ ਜਨਵਰੀ ਵਾਲੇ ਦਿਨ ਦਿੱਲੀ ਵਿੱਚ ਗਣਤੰਤਰ ਦਿਵਸ ਮਨਾਏ ਜਾ ਰਹੇ ਸਨ, ਇਸ ਲਈ ਜ਼ਿਆਦਾ ਰਸ ਹੋਣ ਕਰਕੇ ਸ਼ਾਮ ਪੰਜ ਵਜੇ ਦੀ ਫਲਾਈਟ ਰਾਹੀਂ ਬੰਬਈ ਪਹੁੰਚੇ। ਅੱਗੇ ਏਅਰਪੋਰਟ ਤੇ ਸ੍ਰੀ ਚਾਵਲਾ ਅਤੇ ਹੋਰ ਕਾਫੀ ਸੰਗਤਾਂ ਪਹੁੰਚੀਆਂ ਹੋਈਆਂ ਸਨ। ਸਭ ਨੂੰ ਖੇਮ ਕੁਸ਼ਲ ਪੁੱਛਣ ਉਪਰੰਤ ਪ੍ਰੇਮ ਭਰੀ ਦ੍ਰਿਸ਼ਟੀ ਨਾਲ ਤੱਕ ਕੇ ਖੁਸ਼ੀਆਂ ਦਾ ਮੀਂਹ ਵਰਸਾਇਆ। ਹੁਣ ਚਾਵਲਾ ਜੀ ਦੀ ਕਾਰ ਵਿੱਚ ਸਵਾਰ ਹੋ ਸਤ ਬੰਗਲਾ ਉਨ੍ਹਾਂ ਦੇ ਮਕਾਨ ਵਿੱਚ ਜਾ ਬਿਰਾਜਮਾਨ ਹੋਏ। ਦੂਸਰੇ ਦਿਨ ਸ਼ਾਮ ਦਾ ਸਤਿਸੰਗ ਆਸ਼ਰਮ ਵਿੱਚ ਹੋਇਆ, ਜਿਸ ਵਿੱਚ ਸ਼ਾਮਲ ਹੋ ਕੇ ਕਾਫੀ ਸੰਗਤਾਂ ਨੇ ਸਮਾਂ ਸਫਲਾ ਕੀਤਾ। ਇਸ ਪ੍ਰਕਾਰ ਰਾਤ ਤਾਂ ਚਾਵਲਾ ਜੀ ਦੇ ਘਰ ਹੀ ਬਿਰਾਜਦੇ ਹਨ, ਦਿਨ ਨੂੰ ਆਸ਼ਰਮ ਵਿੱਚ ਕੀਰਤਨ ਹਰੀ ਜਸ ਦੁਆਰਾ ਸੰਗਤਾਂ ਨੂੰ ਪਰਮਾਰਥਕ ਲਾਭ ਬਖਸ਼ਿਸ਼ ਕਰ ਰਹੇ ਹਨ। ਸੇਵਾ ਅਤੇ ਪਰਉਪਕਾਰ ਦੇ ਇਹ ਨਿਰਮਲ ਸੰਤ ਨਿਵਾਸ ਰੂਪੀ ਚੰਦਨ ਬ੍ਰਿਛ ਨੇ ਜਦ ਤੋਂ ਸਰੀਰ ਧਾਰਨ ਕੀਤਾ ਹੈ ਉਸ ਸਮੇਂ ਤੋਂ ਕਾਫੀ ਸੰਗਤਾਂ ਇਸ ਤੋਂ ਖੁਸ਼ਬੂ ਲੈ ਕੇ ਆਪਣੇ ਜੀਵਨ ਨੂੰ ਮਹਿਕਾ ਰਹੀਆਂ ਹਨ। ਕੁਝ ਨਿਯਮ ਨਾਲ ਸੇਵਾ ਕਰ ਰਹੇ ਹਨ, ਕੁਝ ਗੁਰਬਾਣੀ ਦੇ ਨਿਤਨੇਮੀ ਹੋ ਗਏ ਹਨ, ਕੁਝ ਹੋਰ ਅਗਰਸਰ ਹੋਏ ਨਾਮ ਦੀ ਯਾਚਨਾ ਕਰ ਰਹੇ ਹਨ।

ਅੱਜ ਵੀ ਕੁਝ ਸੰਗਤ ਨੇ ਪੂਜਯ ਮਹਾਰਾਜ ਜੀਆਂ ਦੇ ਪਵਿੱਤਰ ਚਰਨਾਂ ਵਿੱਚ ਨਾਮ ਪ੍ਰਾਪਤ ਕਰਨ ਲਈ ਅਰਜ਼ ਕੀਤੀ। ਆਪ ਨੇ ਉਨ੍ਹਾਂ ਦੀ ਸੇਵਾ ਅਤੇ ਗੁਰਬਾਣੀ ਪਿਆਰ ਦੁਆਰਾ ਤਿਆਰ ਹੋਏ ਮਨਾਂ ਨੂੰ ਅਧਿਕਾਰੀ ਜਾਣ ਕੇ ਹੁਕਮ ਕਰ ਦਿੱਤਾ, ਕਿ ਐਤਵਾਰ ਵਾਲੇ ਦਿਨ ਗੁਰੂ ਨਾਨਕ ਦੇ ਘਰ ਦਾ ਪ੍ਰਸ਼ਾਦ ਤੁਹਾਨੂੰ ਬਖਸ਼ ਦਿੱਤਾ ਜਾਵੇਗਾ।

ਦੋ ਫਰਵਰੀ 1997 ਐਤਵਾਰ ਵਾਲੇ ਦਿਨ ਦੁਪਹਿਰ ਦੇ ਦੀਵਾਨ ਦੀ ਸਮਾਪਤੀ ਉਪਰੰਤ ਜਿੱਥੇ ਗੁਰੂ ਨਾਨਕ ਦੇ ਲੰਗਰੋਂ ਪ੍ਰਸ਼ਾਦ ਦੇ ਅਤੁੱਟ ਭੰਡਾਰੇ ਵਰਤਨੇ ਸ਼ੁਰੂ ਹੋ ਗਏ, ਉੱਥੇ ਬੀਬੀ ਸੋਨੂੰ ਬੇਲਾਨੀ ਅਤੇ ਬੀਬੀ ਰਾਖੀ ਲਾਲਵਾਨੀ ਨੂੰ ਦਰਗਾਹੀ ਪ੍ਰਸ਼ਾਦ ਯਾਨੀ ਨਾਮ ਦੀ ਦਾਤ ਬਖਸ਼ਿਸ਼ ਕਰ ਦਿੱਤੀ।

ਇੱਕ ਹਫਤਾ ਸ੍ਰੀ ਚਾਵਲਾ ਜੀ ਦੇ ਪ੍ਰੇਮਵਸ ਉਸਦੇ ਘਰ ਹੀ ਠਹਿਰੇ। ਹਰ ਰੋਜ਼ ਆਸ਼ਰਮ ਵਿੱਚ ਗੁਰਬਾਣੀ ਕੀਰਤਨ ਦੁਆਰਾ ਅੰਮ੍ਰਿਤ ਵਰਸ਼ਾ ਹੁੰਦੀ ਰਹੀ, ਜਿਸ ਵਿੱਚ ਸੰਗਤਾਂ ਭਾਵੇਂ ਦੂਰ ਦੀਆਂ ਵੀ ਆਉਂਦੀਆਂ ਰਹੀਆਂ ਲੇਕਿਨ ਜ਼ਿਆਦਾ ਲਾਭ ਚਾਰ ਬੰਗਲਾ, ਸਤ ਬੰਗਲਾ, ਬਰਸੋਵਾ ਅਤੇ ਲੋਹਖੰਡ ਵਾਲਾ ਦੀਆਂ ਸੰਗਤਾਂ ਨੇ ਉਠਾਇਆ। ਹੁਣ ਦੂਰ ਦੀਆਂ ਸੰਗਤਾਂ ਦੇ ਪ੍ਰੇਮਵਸ ਉਨ੍ਹਾਂ ਦੀਆਂ ਬੇਨਤੀਆਂ ਪ੍ਰਵਾਨ ਕਰਕੇ ਸਤ ਬੰਗਲਾ ਤੋਂ ਚਾਲੇ ਪਾਏ। ਤਿੰਨ ਤਾਰੀਖ ਨੂੰ ਸ੍ਰੀਮਤੀ ਜਾਨੂੰ ਅਡਵਾਨੀ ਦੇ ਘਰ ਖਾਰ ਪਹੁੰਚੇ। ਤਿੰਨ ਤੋਂ ਛੇ ਤੱਕ ਉੱਥੇ ਠਹਿਰੇ, ਫਿਰ ਸਤ ਤੋਂ ਯਾਰਾਂ ਤੱਕ ਸ੍ਰੀ ਗੁਲਚੈਨਾਨੀ ਜੀ ਦੇ ਘਰ ਚਰਚ ਗੇਟ, ਬਾਰਾਂ ਤੋਂ ਪੰਦਰਾਂ ਚੰਬੂਰ ਸ੍ਰੀ ਪ੍ਰਮਿਲਾ ਸੰਗਤਾਨੀ ਦੇ ਬੰਗਲੇ, ਸੋਲਾਂ ਤੋਂ ਸਤਾਰਾਂ ਮੁਲੰਦ ਸ਼ਾਮ ਕਵਿਤਾ ਜੋਗੇਸ਼ੀਆ ਦੇ ਘਰ, ਅਠਾਰਾਂ ਦੀ ਰਾਤ ਮਲ੍ਹਾੜ ਸ੍ਰੀ ਪ੍ਰੇਮ ਵਾਸਵਾਨੀ ਦੇ ਘਰ, ਉੱਨੀ ਤੋਂ ਇੱਕੀ ਸਤ ਬੰਗਲਾ ਸ੍ਰੀ ਅਮਰੀਕ ਚੰਦ ਜੀ ਚਾਵਲਾ ਦੇ ਘਰ ਠਹਿਰੇ। ਇਸ ਪ੍ਰਕਾਰ ਕੋਈ ਪੰਝੀ ਕੁ ਦਿਨ ਬੰਬਈ ਨਿਵਾਸੀ ਸੰਗਤਾਂ ਨੂੰ ਗੁਰਬਾਣੀ ਰੂਪੀ ਅੰਮ੍ਰਿਤ ਕੁੰਡ ਵਿੱਚ ਇਸ਼ਨਾਨ ਕਰਵਾ ਕੇ ਇੱਕੀ ਫਰਵਰੀ 1997 ਨੂੰ ਜਹਾਜ਼ ਰਾਹੀਂ ਵਾਪਸ ਦਿੱਲੀ ਆ ਗਏ। ਰਾਤ ਚਾਵਲਾ ਜੀ ਦੇ ਘਰ ਠਹਿਰ ਕੇ ਬਾਈ ਫਰਵਰੀ ਨੂੰ ਰਿਸ਼ੀਕੇਸ਼ ਪਹੁੰਚ ਗਏ। ਦੂਸਰੇ ਦਿਨ ਯਾਨੀ ਤੇਈ ਫਰਵਰੀ 1997 ਨੂੰ ਸਕੂਲ ਦੇ ਇੱਕ ਵਿੰਗ ਦਾ ਲੈਂਟਰ ਪਾਇਆ ਗਿਆ।

## ਸੰਤ ਭਰਤ ਸਿੰਘ ਜੀ

ਸ੍ਰੀ ਮਾਨ ਸੰਤ ਭਰਤ ਸਿੰਘ ਜੀ ਦਾ ਜਨਮ ਪਿਤਾ ਸ੍ਰੀ ਦੇਵਕੀ ਨੰਦਨ ਦੇ ਘਰ ਮਾਤਾ ਰਾਜਪਤੀ ਦੇਵੀ ਦੀ ਕੁੱਖੋਂ ਸੰਨ 1954 ਦੇ ਕਰੀਬ ਹੋਇਆ। ਇਹ ਭੱਟ ਗੋਤ ਦਾ ਬ੍ਰਾਹਮਣ ਪਰਿਵਾਰ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਗੋਂਡਾ ਵਿੱਚ ਕਸਬਾ ਕਰਨੈਲ ਗੰਜ ਤੋਂ ਦਸ ਕਿਲੋਮੀਟਰ ਦੂਰ ਪਿੰਡ *ਬੀਵੀਆਪੁਰ ਗੁਸਾਈ* ਵਿੱਚ ਵਸਦਾ ਹੈ। ਇੰਦਰ ਤੱਕ ਦੀ ਵਿਦਿਆ ਆਪ ਨੇ ਪਿੰਡ ਹੀ ਹਾਸਲ ਕੀਤੀ, ਫਿਰ ਮਾਤਾ ਪਿਤਾ ਨੇ 1976 ਵਿੱਚ ਆਪ ਦੀ ਸ਼ਾਦੀ ਕਰ ਦਿੱਤੀ, ਲੇਕਿਨ ਭਗਤੀ ਮਾਰਗ ਦੇ ਸੰਸਕਾਰ ਬਚਪਨ ਤੋਂ ਹੀ ਪ੍ਰਬਲ ਹੋਣ ਕਰਕੇ ਆਪ ਜ਼ਿਆਦਾ ਚਿਰ ਘਰ ਨਹੀਂ ਠਹਿਰ ਸਕੇ। ਆਖਰ ਸੰਨ 1978 ਵਿੱਚ ਐਸਾ ਸਮਾਂ ਆਇਆ, ਜਦੋਂ ਵੈਰਾਗਮਈ ਅਵਸਥਾ ਵਿੱਚ ਕਿਸੇ ਪੂਰਨ ਗੁਰੂ ਦੀ ਤਲਾਸ਼ ਲਈ ਘਰੋਂ ਚੱਲ ਪਏ। ਪੂਰਬਲੇ ਜਨਮਾਂ ਦੇ ਸੰਸਕਾਰ ਮਨ ਵਿੱਚ ਗੁਰੂ ਘਰ ਦੇ ਜ਼ਿਆਦਾ ਸਨ, ਇਸ ਲਈ ਘਰੋਂ ਸੋਚ ਕੇ ਹੀ ਚੱਲੇ ਸਨ ਕਿ ਗੁਰੂ ਨਾਨਕ ਦੇ ਘਰ ਦਾ ਕੋਈ ਮਹਾਂਪੁਰਸ਼ ਮਿਲੇ, ਉਸ ਦੀ ਸ਼ਰਨ ਵਿੱਚ ਡਿੱਗ ਕੇ ਮਨੁੱਖਾ ਜਨਮ ਸਫਲਾ ਕਰੀਏ। ਕੋਈ ਇੱਕ ਸਾਲ ਦਾ ਸਮਾਂ ਪੂਰਨ ਪੁਰਸ਼ ਦੀ ਤਲਾਸ਼ ਵਿੱਚ ਇੱਧਰ ਉੱਧਰ ਘੁੰਮਦੇ ਰਹੇ, ਲੇਕਿਨ ਮਨ ਕਿਤੇ ਨਾ ਪਤੀਜਿਆ। ਆਖਰ ਕਿਸੇ ਪੂਰਬਲੇ ਸੰਜੋਗ ਦਾ ਸਮਾਂ ਆਇਆ। ਪੂਰਨ ਗੁਰੂ ਦੀ ਤਲਾਸ਼ ਵਿੱਚ ਭ੍ਰਮਣ ਕਰਦੇ 1979 ਵਿੱਚ ਹਰਿਦੁਆਰ ਪਹੁੰਚ ਗਏ। ਇੱਕ ਦੋ ਦਿਨ ਠਹਿਰ ਕੇ ਡੇਰਿਆਂ ਆਸ਼ਰਮਾਂ ਦੇ ਦਰਸ਼ਨ ਕਰਦਿਆਂ ਨਿਰਮਲ ਬਾਗ ਕਨਖਲ ਆ ਗਏ, ਅੱਗੇ ਪਰਮ ਪੂਜਨੀਕ ਸ੍ਰੀਮਾਨ ੧੦੮ ਸੰਤ ਬਾਬਾ ਨਿੱਕਾ ਸਿੰਘ ਜੀ ਵਿਰੱਕਤ ਮਹਾਰਾਜ ਸਾਹਮਣੇ ਕੁਰਸੀ ਤੇ ਸੁਸ਼ੋਭਿਤ ਸਨ। ਪਹਿਲੀ ਨਜ਼ਰੇ ਦਰਸ਼ਨ ਕਰਦਿਆਂ ਹੀ ਮਨ ਵਿੱਚ ਵਿਸ਼ਵਾਸ ਜਮ ਗਿਆ ਕਿ ਠੀਕ ਟਿਕਾਣੇ ਪਹੁੰਚ ਗਏ ਹਾਂ। ਦਾਤੇ ਦੇ ਚਰਨਾਂ ਵਿੱਚ ਨਮਸ਼ਕਾਰ ਕਰਦਿਆਂ ਹੀ ਮਨ ਨੂੰ ਕੁਝ ਠੰਡ ਜਿਹੀ ਮਹਿਸੂਸ ਹੋਈ, ਉਪਰੰਤ ਦੋਨੋਂ ਹੱਥ ਜੋੜ ਅਰਜ਼ ਕੀਤੀ, ਮਹਾਰਾਜ ਕ੍ਰਿਪਾ ਕਰੋ, ਆਪਣੀ ਚਰਨ ਸ਼ਰਨ ਬਖਸ਼ਿਸ਼ ਕਰ ਦਿਉ! ਦਾਤੇ ਨੇ ਗ੍ਰਾਹਕ ਅਤੇ ਸੰਜੋਗ ਜਾਣਕੇ **ਪ੍ਰਭ ਮਿਲਨੇ ਕਾ ਮਾਰਗ ਜਾਨਾਂ** ਵਾਲਾ ਉਪਦੇਸ਼ ਕਰਕੇ ਸੇਵਾ ਵਿੱਚ ਲਾ ਦਿੱਤਾ। ਹਜ਼ੂਰ ਆਪਣੀ ਮੌਜ ਵਿੱਚ ਸਤਿਨਾਮ ਦਾ

ਉਪਦੇਸ਼ ਕਰਦੇ ਕਿਸੇ ਹੋਰ ਪਾਸੇ ਵੱਲ ਨੂੰ ਚਲੇ ਗਏ, ਜਦੋਂ ਕੁਝ ਸਮੇਂ ਬਾਅਦ ਫਿਰ ਕਨਖਲ ਆਏ, ਤਾਂ ਭਰਤ ਸਿੰਘ ਜੀ ਨੂੰ ਹੁਕਮ ਕੀਤਾ ਕਿ ਤਪੱਸਿਆ ਅਤੇ ਵਿੱਦਿਆ ਸਾਧੂ ਦਾ ਭੂਸ਼ਨ ਯਾਨੀ ਗਹਿਣਾ ਹੁੰਦਾ ਹੈ ਇਸ ਲਈ ਕਾਸ਼ੀ ਜਾ ਕੇ ਬ੍ਰਹਮ ਵਿੱਦਿਆ ਹਾਸਲ ਕਰੋ। ਸੰਤ ਭਰਤ ਸਿੰਘ ਜੀ ਇਲਾਹੀ ਹੁਕਮ ਮੰਨ ਕੇ ਸੰਨ 1980 ਵਿੱਚ ਕਾਸ਼ੀ ਪਹੁੰਚ ਗਏ, ਉੱਥੇ ਹਜ਼ੂਰ ਦੇ ਆਸ਼ਰਮ ਯਾਨੀ ਨਿਰਮਲ ਆਸ਼ਰਮ ਰਿਸ਼ੀਕੇਸ਼ ਦੀ ਹੀ ਬ੍ਰਾਂਚ *ਸੰਗਤ ਗਿਆਨ ਗੁਫਾ* ਕਰੁਣ ਘੰਟਾ ਅਸਥਾਨ ਤੇ ਠਹਿਰ ਕੇ ਸੰਸਕ੍ਰਿਤ ਵਿੱਦਿਆ ਪੜ੍ਹਨੀ ਸ਼ੁਰੂ ਕੀਤੀ। ਵਿੱਦਿਆ ਪੜ੍ਹਣ ਦੇ ਨਾਲ-ਨਾਲ ਹੀ ਅਸਥਾਨ ਦੀ ਸੇਵਾ ਸੰਭਾਲ ਬੜੀ ਚੰਗੀ ਤਰ੍ਹਾਂ ਕਰਦੇ ਰਹੇ। ਇਉਂ ਚੌਦਾਂ ਸਾਲ ਇਸ ਅਸਥਾਨ ਤੇ ਠਹਿਰ ਕੇ ਅਦਵੈਤ, ਵੇਦਾਂਤ ਅਚਾਰੀਆ ਤੱਕ ਵਿਦਿਆ ਹਾਸਲ ਕੀਤੀ। ਪੂਜਯ ਵਿਰੱਕਤ ਮਹਾਰਾਜ ਜੀ ਨੇ ਕਿਸੇ ਸਮੇਂ ਮਹੰਤ ਮਹਾਰਾਜ ਰਾਮ ਸਿੰਘ ਜੀਆਂ ਵੱਲ ਇਸ਼ਾਰਾ ਕਰਦਿਆਂ ਆਖਿਆ ਸੀ, ਕਿ ਇਨ੍ਹਾਂ ਨੂੰ ਸਾਡਾ ਰੂਪ ਹੀ ਸਮਝੀਂ! ਸੰਤ ਭਰਤ ਸਿੰਘ ਜੀ ਮਹਾਂਪੁਰਸ਼ਾਂ ਦੇ ਇਸ਼ਾਰੇ ਨੂੰ ਰੱਬੀ ਹੁਕਮ ਸਮਝ ਕੇ ਉਨ੍ਹਾਂ ਦੇ ਸੱਚਖੰਡ ਪਿਆਨੇ ਤੋਂ ਬਾਅਦ ਪੂਜਯ ਮਹੰਤ ਮਹਾਰਾਜ ਜੀਆਂ ਨੂੰ ਉਨ੍ਹਾਂ ਦਾ ਰੂਪ ਹੀ ਸਮਝ ਕੇ ਹਰ ਹੁਕਮ ਦੀ ਪਾਲਣਾ ਕਰਦੇ ਆ ਰਹੇ ਹਨ। ਹੁਣ ਪੜ੍ਹਾਈ ਸਮਾਪਤ ਹੋਣ ਤੋਂ ਬਾਅਦ ਮਹਾਰਾਜ ਜੀਆਂ ਦੇ ਹੁਕਮ ਅਨੁਸਾਰ ਸੰਨ 1994 ਵਿੱਚ ਰਿਸ਼ੀਕੇਸ਼ ਆ ਗਏ। ਕੁਝ ਸਮਾਂ ਨਿਰਮਲ ਆਸ਼ਰਮ ਵਿੱਚ ਰਹਿ ਕੇ ਸੇਵਾ ਕਰਦੇ ਰਹੇ, ਲੇਕਿਨ ਸੰਤ ਮਹੇਸ਼ ਚੰਦਰ (ਪੰਡਿਤ) ਜੀ ਦਾ ਸਰੀਰ ਬੀਮਾਰ ਹੋ ਜਾਣ ਦੀ ਵਜ੍ਹਾ ਕਰਕੇ ਹੁਣ ਅਕਤੂਬਰ 1996 ਤੋਂ ਨਿਰਮਲ ਬਾਗ ਕਨਖਲ ਦੀ ਹਰ ਪ੍ਰਕਾਰ ਨਾਲ ਸੇਵਾ ਸੰਭਾਲ ਦੀ ਜ਼ਿੰਮੇਵਾਰੀ ਬੜੀ ਮਿਹਨਤ, ਕੁਸ਼ਲਤਾ ਅਤੇ ਸਿਆਣਪ ਨਾਲ ਨਿਭਾ ਰਹੇ ਹਨ। ਆਪ ਸੁਭਾ ਦੇ ਬਹੁਤ ਨਰਮ, ਨਿਮਰਤਾਵਾਨ ਹਨ। ਨਿਰਮਾਣ ਇਤਨੇ ਹਨ ਕਿ ਉੱਚ ਕੋਟੀ ਦੀ ਵਿੱਦਿਆ ਪ੍ਰਾਪਤ ਕਰਨ ਦੇ ਬਾਵਜੂਦ ਵੀ ਇੱਕ ਰੱਤੀ ਭਰ ਹਉਂ ਨਹੀਂ। ਆਸ਼ਰਮ ਵਿੱਚ ਆਈਆਂ ਸੰਗਤਾਂ ਅਤੇ ਯਾਤਰੀਆਂ ਨੂੰ ਗੁਰੂ ਕੀ ਸੰਗਤ ਹੀ ਨਹੀਂ, ਬਲਕਿ ਗੁਰੂ ਦਾ ਰੂਪ ਹੀ ਜਾਣ ਕੇ ਸੇਵਾ ਸਤਿਕਾਰ ਕਰਦੇ ਹਨ।

## ਸੰਤ ਮਹੇਸ਼ ਚੰਦਰ (ਪੰਡਿਤ) ਜੀ

ਆਪ ਦਾ ਜਨਮ ਜ਼ਿਲ੍ਹਾ ਸੰਗਰੂਰ (ਪੰਜਾਬ) ਦੇ ਪਿੰਡ ਬੜੀ ਭੱਟੀਵਾਲ ਸੰਨ 1922 ਦੇ ਕਰੀਬ ਬੈਰਾਗੀ ਸਾਧਾਂ ਦੇ ਘਰ ਹੋਇਆ। ਆਪ ਜੀ ਦੇ ਪਿਤਾ ਜੀ ਦਾ ਨਾਮ ਜਿਉਣ ਦਾਸ ਅਤੇ ਮਾਤਾ ਦਾ ਨਾਮ ਭਾਗਵੰਤੀ ਸੀ। ਵਿੱਦਿਆ ਆਪ ਨੇ ਥੋੜ੍ਹੇ ਬਹੁਤ ਅੱਖਰ ਪਿੰਡ ਦੇ ਡੇਰੇ ਹੀ ਸਿੱਖੇ, ਫਿਰ ਪਿਤਾ ਪੁਰਖੀ ਕਿੱਤਾ, ਖੇਤੀ ਬਾੜੀ ਦੇ ਕੰਮ ਵਿੱਚ ਲੱਗ ਗਏ। ਸੰਨ 1960 ਵਿੱਚ ਅੰਨਜਲ ਦੇ ਵਸ ਨਾਭੇ ਸ਼ਹਿਰ ਆ ਕੇ ਹਾਰਲੈਕਸ ਫੈਕਟਰੀ ਵਿੱਚ ਨੌਕਰੀ ਕਰਨ ਲੱਗ ਗਏ, ਅਤੇ ਰਿਹਾਇਸ਼ ਵੀ ਪਰਿਵਾਰ ਸਮੇਤ ਨਾਭੇ ਹੀ ਰੱਖ ਲਈ। ਕੁਝ ਸਾਲਾਂ ਬਾਅਦ ਕਿਸੇ ਪੂਰਬ ਸੰਜੋਗ ਦੇ ਵਸ ਵਿਰੱਕਤ ਸ਼੍ਰੋਮਣੀ ਪੂਜਯ ਸੰਤ ਬਾਬਾ ਨਿੱਕਾ ਸਿੰਘ ਮਹਾਰਾਜ ਜੀ ਨਾਲ ਮੇਲ ਹੋ ਗਿਆ। ਵਿਰੱਕਤ ਮਹਾਰਾਜ ਜੀ ਜਦੋਂ ਨਾਭਾ ਸ਼ਹਿਰ ਦੇ ਨੇੜੇ ਪਿੰਡ ਚੌਧਰੀ ਮਾਜਰੇ ਬਾਗ ਵਿੱਚ ਠਹਿਰ ਕੇ ਸੰਗਤਾਂ ਨੂੰ ਸਤ ਉਪਦੇਸ਼ ਦੀ ਕਾਰ ਕਰਦੇ ਤਾਂ ਪੰਡਿਤ ਜੀ ਸ਼ਾਮ ਨੂੰ ਫੈਕਟਰੀ ਡਿਊਟੀ ਤੋਂ ਛੁੱਟੀ ਉਪਰੰਤ ਹਜ਼ੂਰ ਦੇ ਚਰਨਾਂ ਵਿੱਚ ਪਹੁੰਚ ਕੇ ਸਤਿਸੰਗ, ਸਤਿ ਵਿਚਾਰਾਂ ਦਾ ਲਾਭ ਉਠਾਉਂਦੇ ਰਹਿੰਦੇ। ਇਸ ਪ੍ਰਕਾਰ ਗ੍ਰਹਿਸਤ ਜੀਵਨ ਬਤੀਤ ਕਰਦੇ-ਕਰਦੇ ਨਾਲ ਜਿੰਦਗੀ ਦਾ ਅਸਲੀ ਅਤੇ ਜ਼ਰੂਰੀ ਕਾਰਜ ਪਰਮਾਰਥਕ ਦਾ ਸਬਜੈਕਟ (subject) ਵੀ ਪੜ੍ਹਨਾ ਸ਼ੁਰੂ ਕਰ ਦਿੱਤਾ। ਜਿਵੇਂ-ਜਿਵੇਂ ਸਮਾਂ ਗੁਜ਼ਰਦਾ ਗਿਆ ਵਿਰੱਕਤ ਮਹਾਰਾਜ ਜੀਆਂ ਦੇ ਚਰਨਾਂ ਨਾਲ ਆਪ ਦੇ ਮਨ ਦੀ ਲਗਨ ਵੱਧਦੀ ਗਈ ਅਤੇ ਸੰਸਾਰਕ ਵਿਵਹਾਰ ਸੰਕੁੰਚਤ ਹੁੰਦਾ ਗਿਆ। ਆਖਰ ਸੋਲਾਂ ਜੂਨ 1983 ਨੂੰ ਨੌਕਰੀ ਛੱਡ ਕੇ ਨਿਰਮਲ ਬਾਗ ਕਨਖਲ ਪੂਜਯ ਵਿਰੱਕਤ ਮਹਾਰਾਜ ਜੀਆਂ ਦੇ ਚਰਨਾਂ ਵਿੱਚ ਪਹੁੰਚ ਗਏ। ਦਸ ਕੁ ਹਜ਼ਾਰ ਰੁਪਇਆ ਜੋ ਨਾਲ ਲੈ ਕੇ ਆਏ ਹਨ, ਹਜ਼ੂਰ ਦੇ ਚਰਨਾਂ ਵਿੱਚ ਨਮਸ਼ਕਾਰ ਕਰਕੇ ਦੋਨੋਂ ਹੱਥ ਜੋੜ ਅਰਜ਼ ਕੀਤੀ, ਮਹਾਰਾਜ! ਸੰਸਾਰਕ ਨੌਕਰੀ ਛੱਡ ਆਇਆ ਹਾਂ, ਕ੍ਰਿਪਾ ਕਰੋ ਆਪ ਦੇ ਪਵਿੱਤਰ ਚਰਨਾਂ ਦੀ ਸੇਵਾ ਬਖਸ਼ ਦਿਉ! ਭੂਤ, ਭਵਿੱਖ ਦੀ ਗਿਆਤ ਗੇਯ ਦਾਤੇ ਨੇ ਪਿਛਲਾ ਸੰਜੋਗ, ਅਤੇ ਸੇਵਾ ਦਾ ਜ਼ਬਰਦਸਤ ਸੰਸਕਾਰ ਜਾਣ ਕੇ ਮਹੰਤ ਮਹਾਰਾਜ ਜੀ ਨੂੰ ਹੁਕਮ ਕਰ ਦਿੱਤਾ! ਇਹ ਪੈਸੇ ਚੁੱਕ ਲਉ! ਇਨ੍ਹਾਂ ਦਾ ਇੱਕ ਅਖੰਡ ਪਾਠ

ਕਰ ਦਿਉ, ਬਾਕੀ ਛੇਤਰ (ਗੁਰੂ ਕੇ ਲੰਗਰ) ਵਿੱਚ ਪਾ ਦਿਉ! ਪੂਜਯ ਵਿਰੱਕਤ ਮਹਾਰਾਜ ਜੀ ਨੇ ਪੰਡਿਤ ਜੀ ਨੂੰ ਫਕੀਰੀ ਦਾ ਚਿੰਨ੍ਹ ਭਗਵੇਂ ਵਸਤਰ ਪਹਿਨਾ ਕੇ ਗਊਸ਼ਾਲਾ ਤੇ ਖੇਤੀ ਆਦਿਕ ਨਿਰਮਲ ਬਾਗ ਕਨਖਲ ਦੀ ਸੇਵਾ ਬਖਸ਼ ਦਿੱਤੀ। ਆਪ ਹੁਕਮ ਮੰਨ ਕੇ ਸੇਵਾ ਵਿੱਚ ਕੀ ਲੱਗੇ ਮਾਨੋਂ ਸੇਵਾ ਦਾ ਰੂਪ ਹੀ ਹੋ ਗਏ। ਸੰਤ ਚਮਨ ਲਾਲ ਜੀ ਨੂੰ ਪੂਜਯ ਵਿਰੱਕਤ ਮਹਾਰਾਜ ਜੀਆਂ ਨੇ ਪਹਿਲਾਂ ਹੀ ਇੱਥੋਂ ਦੀ ਸੇਵਾ ਬਖਸ਼ ਦਿੱਤੀ ਸੀ। ਸੰਤ ਚਮਨ ਲਾਲ ਜੀ ਨੇ ਲੰਗਰ, ਦਰਬਾਰ ਸਾਹਿਬ ਅਤੇ ਆਏ ਗਏ ਦੀ ਸੇਵਾ ਸੰਭਾਲ ਆਦਿਕ ਸੇਵਾਵਾਂ ਬੜੀ ਯੋਗਤਾ ਨਾਲ ਸੰਭਾਲ ਲਈਆਂ ਅਤੇ ਪੰਡਿਤ ਜੀ ਨੇ ਬਾਗ, ਖੇਤੀਬਾੜੀ ਅਤੇ ਗਊਆਂ ਆਦਿਕ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਲੱਕ ਬੰਨ੍ਹ ਕੇ ਸੰਭਾਲ ਲਈ। ਕੁਝ ਸਾਲਾਂ ਬਾਅਦ ਸੰਤ ਚਮਨ ਲਾਲ ਜੀ ਦੇ ਗੁਜਰ ਜਾਣ ਪਿੱਛੋਂ ਪੰਡਿਤ ਜੀ ਨੇ ਹੁਣ ਆਸ਼ਰਮ ਦੀ ਪੂਰੀ ਜ਼ਿੰਮੇਵਾਰੀ ਸੰਭਾਲ ਲਈ। ਬੈਲਾਂ ਨਾਲ ਹਲ ਵਾਹੁਣਾ, ਗਊਆਂ ਦਾ ਦੁੱਧ ਆਪ ਚੋਣਾਂ, ਚਾਰੇ ਪੱਠੇ ਦਾ ਹਰ ਪ੍ਰਕਾਰ ਨਾਲ ਧਿਆਨ ਰੱਖਣਾ। ਦੋਗਲੀ ਨਸਲ ਦੀਆਂ ਗਊਆਂ ਮੌਸਮ ਨਾ ਅਨੁਕੂਲ ਹੋਣ ਕਰਕੇ ਬੀਮਾਰ ਜ਼ਿਆਦਾ ਹੁੰਦੀਆਂ ਹਨ, ਉਨ੍ਹਾਂ ਦਾ ਕਾਫੀ ਹੱਦ ਤੱਕ ਦਵਾਈ, ਬੂਟੀ, ਟੀਕਾ ਵਗੈਰਾ ਆਪ ਹੀ ਕਰ ਲੈਣਾ, ਯਾਨੀ ਅਸਥਾਨ ਨੂੰ ਹਰ ਪ੍ਰਕਾਰ ਨਾਲ ਸੰਭਾਲ ਕੇ ਹੱਥੀਂ ਸੇਵਾ ਕਰਨੀ। ਉਨ੍ਹਾਂ ਦਾ ਜੀਵਨ ਦੇਖ ਕੇ ਇਉਂ ਪ੍ਰਤੀਤ ਹੁੰਦਾ ਸੀ ਕਿ ਪੰਡਿਤ ਜੀ ਅਤੇ ਅਸਥਾਨ ਦੀ ਸੇਵਾ ਹੁਣ ਅਲੱਗ-ਅਲੱਗ ਦੋ ਨਹੀਂ ਰਹਿ ਗਏ, ਬਲਕਿ ਇੱਕ ਰੂਪ ਹੋ ਗਏ ਹਨ। ਆਖਰ ਹੁਣ ਬੁਢਾਪਾ ਵੀ ਨੇੜੇ-ਨੇੜੇ ਆਉਂਦਾ ਜਾ ਰਿਹਾ ਸੀ, ਪਰੰਤੂ ਸੇਵਾ ਵਿੱਚ ਕੋਈ ਫਰਕ ਨਹੀਂ ਸਨ ਆਉਣ ਦਿੰਦੇ। ਇਸ ਪ੍ਰਕਾਰ ਨਾਲ ਸੇਵਾ ਕਰਦਿਆਂ ਨੂੰ ਬਾਰਾਂ ਅਕਤੂਬਰ, 1996 ਨੂੰ ਇੱਕ ਦੌਰਾ ਜਿਹਾ ਪਿਆ ਤਾਂ ਉਸੇ ਸਮੇਂ ਫਟਾ-ਫਟ ਹਸਪਤਾਲ ਲੈ ਗਏ। ਇਲਾਜ਼ ਤਾਂ ਭਾਵੇ ਸ਼ੁਰੂ ਕਰ ਦਿੱਤਾ ਲੇਕਿਨ ਡਾਕਟਰ ਕਿਸੇ ਸਿੱਟੇ ਤੇ ਨਾ ਪਹੁੰਚ ਸਕੇ। ਦੋ-ਤਿੰਨ ਮਹੀਨੇ ਇਸੇ ਤਰ੍ਹਾਂ ਇਲਾਜ ਚੱਲਦਾ ਰਿਹਾ, ਪਰ ਕੋਈ ਜ਼ਿਆਦਾ ਫਰਕ ਨਾ ਪਿਆ। ਕਾਫੀ ਖੋਜ ਬਾਅਦ ਡਾਕਟਰਾਂ ਨੂੰ ਪਤਾ ਚੱਲਿਆ, ਕਿ ਇਨ੍ਹਾਂ ਦੇ ਦਿਲ ਦੀਆਂ ਤਿੰਨ ਨਾੜੀਆਂ ਡੈਮਜ ਹੋ ਚੁੱਕੀਆਂ ਹਨ। ਮਾਰਚ 1997 ਦੇ ਸ਼ੁਰੂ ਵਿੱਚ ਦਿੱਲੀ ਦੇ ਪ੍ਰਸਿੱਧ ਹਸਪਤਾਲ ਵਿੱਚ ਬਾਈਪਾਸ ਸਰਜਰੀ ਦਾ ਅਪ੍ਰੇਸ਼ਨ ਕਰਵਾਇਆ ਗਿਆ। ਦਿਲ ਦੇ ਉਸ ਅਪ੍ਰੇਸ਼ਨ ਨਾਲ ਰੋਗ ਨਵਿਰਤੀ ਤਾਂ ਭਾਵੇਂ ਹੋ ਗਈ, ਲੇਕਿਨ ਬੁਢਾਪਾ ਤਾਂ ਲਾਇਲਾਜ ਬੀਮਾਰੀ ਹੈ। ਇਸ ਲਈ ਅੱਜ ਕੱਲ ਨਿਰਮਲ ਆਸ਼ਰਮ ਰਿਸ਼ੀਕੇਸ਼ ਰਹਿ ਕੇ ਬੁਢਾਪੇ ਦਾ ਸਮਾਂ ਗੁਜ਼ਾਰ ਰਹੇ ਹਨ।

## ਸੰਤ ਗੁਰਭਗਤ ਸਿੰਘ ਜੀ

ਆਪ ਦਾ ਜਨਮ ਜ਼ਿਲ੍ਹਾ ਸੰਗਰੂਰ (ਪੰਜਾਬ) ਦੇ ਪਿੰਡ ਜਨਾਲ ਵਿੱਚ ਪਿਤਾ ਸ੍ਰੀ ਛੋਟਾ ਸਿੰਘ ਦੇ ਘਰ ਮਾਤਾ ਭਗਵਾਨ ਕੌਰ ਦੀ ਕੁੱਖ ਤੋਂ ਸੰਨ 1950 ਈਸਵੀ ਨੂੰ ਹੋਇਆ। ਪ੍ਰਾਇਮਰੀ ਤੱਕ ਦੀ ਵਿੱਦਿਆ ਆਪ ਨੇ ਪਿੰਡ ਹੀ ਪ੍ਰਾਪਤ ਕੀਤੀ। ਜਦੋਂ ਉਮਰ ਕੁਝ ਜਵਾਨ ਹੋਈ ਯਾਨੀ ਬਾਈ ਸਾਲ ਦੀ ਉਮਰ ਵਿੱਚ ਕਿਸੇ ਪੂਰਬ ਸੰਜੋਗ ਵਸ ਮਾਤਾ ਪਿਤਾ ਨੇ ਪਿੰਡ ਤਾਜੋਕੇ ਜ਼ਿਲ੍ਹਾ ਸੰਗਰੂਰ ਵਿੱਚ ਇੱਕ ਨਿਰਮਲੇ ਸੰਤ ਪੰਜਾਬ ਸਿੰਘ ਜੀ ਦੇ ਡੇਰੇ ਚੜ੍ਹਾ ਦਿੱਤਾ। ਇੱਥੇ ਆਪ ਨੇ ਸੰਤਾਂ ਦੀ ਆਗਿਆ ਵਿੱਚ ਰਹਿ ਕੇ ਬਾਰਾਂ ਸਾਲ ਲੰਗਰ ਦੀ ਸੇਵਾ ਕੀਤੀ। ਫਿਰ ਕੋਈ ਡੇਢ ਕੁ ਸਾਲ ਦਾ ਸਮਾਂ ਰਾੜਾ ਸਾਹਿਬ ਰਹਿ ਕੇ ਗਿਆਨੀ ਉਜਾਗਰ ਸਿੰਘ ਜੀ ਤੋਂ ਗੁਰਬਾਣੀ ਦੀ ਸੰਥਯਾ ਕੀਤੀ। ਸਮਾਂ ਪਾ ਕੇ ਅੰਨਜਲ ਦੇ ਵਸ ਲੌਂਗੋਵਾਲ ਨਗਰ ਪਹੁੰਚ ਗਏ, ਉੱਥੇ ਸਿੱਧ ਸਮਾਧਾਂ ਨਾਮ ਦਾ ਇੱਕ ਅਸਥਾਨ ਹੈ, ਛੇ ਸਾਲ ਮਹੰਤ ਰਹਿ ਕੇ ਉਸ ਅਸਥਾਨ ਦੀ ਸੇਵਾ ਕੀਤੀ। ਹੁਣ ਕੋਈ ਪੂਰਬ ਦਾ ਸੰਜੋਗ ਸਫੁਟ ਹੋਇਆ, ਇਸ ਲਈ ਕਿਸੇ ਕਾਰਨ ਵਸ ਆਪ ਨਿਰਮਲ ਆਸ਼ਰਮ ਰਿਸ਼ੀਕੇਸ਼ ਪਹੁੰਚ ਗਏ। ਛੇ ਕੁ ਮਹੀਨੇ ਇੱਥੇ ਆਸ਼ਰਮ ਵਿੱਚ ਰਹਿ ਕੇ ਦਰਬਾਰ ਸਾਹਿਬ ਦੀ ਸੇਵਾ ਕਰਦੇ ਰਹੇ। ਇਸ ਸਮੇਂ ਵਿੱਚ ਆਪ ਨੇ ਪੂਜਯ ਮਹੰਤ ਮਹਾਰਾਜ ਜੀਆਂ ਤੋਂ ਦੀਖਸ਼ਾ ਪ੍ਰਾਪਤ ਕਰਕੇ ਪਰਮਾਰਥ ਦਾ ਗਾਡੀ ਰਾਹ ਪਕੜਿਆ। ਫਿਰ ਅੰਨਜਲ ਦੇ ਵਸ ਵਿਰੱਕਤ ਮੰਡਲੀ ਨਾਲ ਮਿਲਕੇ ਕੋਈ ਸੱਤ ਕੁ ਮਹੀਨੇ ਦੇਸ਼ ਰਟਨ ਕੀਤਾ। ਉਸ ਤੋਂ ਬਾਅਦ ਕਿਸੇ ਸੰਜੋਗ ਵਸ ਪਿੰਡ ਘਮਰੌਦਾ (ਨਾਭਾ) ਵਿਖੇ ਰਹਿ ਕੇ ਲੋਕਾਂ ਨੂੰ ਗੁਰਬਾਣੀ ਪੜ੍ਹਾਉਣੀ ਸ਼ੁਰੂ ਕੀਤੀ। ਆਪ ਦੇ ਪਰਉਪਕਾਰੀ ਅਤੇ ਤਿਆਗੀ ਜਿਹੇ ਜੀਵਨ ਤੋਂ ਪ੍ਰਭਾਵਤ ਹੋ ਕੇ ਹੋਰ ਨੇੜੇ ਤੇੜੇ ਦੇ ਪਿੰਡਾਂ ਤੋਂ ਵੀ ਗੁਰਬਾਣੀ ਸੰਥਯਾ ਲਈ ਲੋਕ ਆਉਣੇ ਸ਼ੁਰੂ ਹੋ ਗਏ। ਪਹਿਲਾਂ ਤਾਂ ਕਿਸੇ ਪ੍ਰੇਮੀ ਦੇ ਟਿਊਬਵੈਲ ਤੇ ਹੀ ਰਹਿੰਦੇ ਸਨ, ਲੇਕਿਨ ਫਿਰ ਸਾਧੂ ਸਿੰਘ ਨਾਮ ਦੇ ਇੱਕ ਸੱਜਣ ਨੇ ਕੁਟੀਆ ਵਾਸਤੇ ਇੱਕ ਬਿਘਾ ਜ਼ਮੀਨ ਦੇ ਦਿੱਤੀ। ਕੁਟੀਆ ਦੀ ਨੀਂਹ ਰਖਾਉਣ ਵਾਸਤੇ ਆਪ ਨੇ ਕੁਝ ਸੰਗਤ

ਨਾਲ ਮਿਲ ਕੇ ਪੂਜਯ ਮਹੰਤ ਮਹਾਰਾਜ ਜੀਆਂ ਦੇ ਚਰਨਾਂ ਵਿੱਚ ਅਰਜ਼ ਕੀਤੀ, ਜੋ ਹਜ਼ੂਰ ਨੇ ਪ੍ਰਵਾਨ ਕਰਕੇ ਤੀਹ ਮਾਰਚ 1996 ਨੂੰ ਆਪਣੇ ਪਵਿੱਤਰ ਕਰ ਕਮਲਾਂ ਦੁਆਰਾ ਨੀਂਹ ਰੱਖੀ। ਸੰਗਤ ਦੇ ਸੇਵਾਦਾਰਾਂ, ਭਾਈ ਸਾਧੂ ਸਿੰਘ, ਅਮਰ ਸਿੰਘ (ਸਰਪੰਚ), ਭੁਪਿੰਦਰ ਸਿੰਘ, ਨੰਦ ਸਿੰਘ ਆਦਿਕ ਘਮਰੌਦਾ ਪਿੰਡ ਦੀ ਸੰਗਤ ਅਤੇ ਕੁਝ ਆਲੇ ਦੁਆਲੇ ਮੰਡੌੜ, ਇੱਛੇਵਾਲ, ਲਲੌਢਾ ਆਦਿਕ ਪਿੰਡਾਂ ਦੀ ਸੰਗਤ ਨੇ ਮਿਲ ਕੇ ਕੁਟੀਆ ਦੀ ਸੇਵਾ ਕੀਤੀ। ਫਿਰ ਜਿਸ ਵਕਤ ਕੁਟੀਆ ਬਣ ਕੇ ਤਿਆਰ ਹੋ ਗਈ, ਤਾਂ ਪੂਜਯ ਮਹੰਤ ਮਹਾਰਾਜ ਜੀਆਂ ਤੋਂ ਤਾਰੀਖ ਲੈ ਕੇ ਨੌਂ ਦਸੰਬਰ 1996 ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਕੁਝ ਦਿਨ ਉਸ ਕੁਟੀਆ ਵਿੱਚ ਠਹਿਰ ਕੇ ਗੁਰਬਾਣੀ ਸੰਥਯਾ ਦੀ ਕਾਰ ਕਰਦੇ ਰਹੇ। ਲੇਕਿਨ ਅੱਜ ਕੱਲ੍ਹ ਅਮਲੋਹ ਕਸਬੇ ਦੇ ਨੇੜੇ ਪਿੰਡ ਭੱਦਲਥੂਹਾ ਦੀ ਸੰਗਤ ਦੇ ਪ੍ਰੇਮਵਸ ਉੱਥੇ ਠਹਿਰ ਕੇ ਗੁਰਬਾਣੀ ਪੜ੍ਹਾਉਣ ਦੀ ਸੇਵਾ ਕਰ ਰਹੇ ਹਨ, ਜਿਸ ਵਿੱਚ ਕੋਈ ਪੰਜਾਹ ਦੇ ਕਰੀਬ ਲੜਕੇ, ਲੜਕੀਆਂ ਗੁਰਬਾਣੀ ਸੰਥਯਾ ਦੀ ਦਾਤ ਪ੍ਰਾਪਤ ਕਰ ਰਹੇ ਹਨ।

## ਸੰਤ ਕਰਮ ਸਿੰਘ

ਆਪ ਦਾ ਜਨਮ ਜ਼ਿਲ੍ਹਾ ਮੇਰਠ ਦੇ ਸੋਟੀ ਪਿੰਡ ਵਿੱਚ ਸੰਨ 1922 ਦੇ ਨੇੜੇ ਪਿਤਾ ਸ੍ਰੀ ਭੱਲਣ ਦੇ ਘਰ ਇੱਕ ਜਾਟ ਘਰਾਣੇ ਵਿੱਚ ਹੋਇਆ। ਇਹ ਪਿੰਡ ਮੇਰਠ ਸ਼ਹਿਰ ਤੋਂ ਪੰਜਾਹ ਕਿਲੋਮੀਟਰ ਦੂਰ ਲਹਿੰਦੇ ਪਾਸੇ ਯਮੁਨਾ ਦੇ ਕਿਨਾਰੇ ਸਥਿਤ ਹੈ। ਆਪ ਬਚਪਨ ਤੋਂ ਹੀ ਧਾਰਮਿਕ ਖਿਆਲਾਂ ਦੇ ਸੰਸਕਾਰੀ ਸਨ, ਇਸ ਲਈ ਇੱਕ ਸਮੇਂ ਕਨਖਲ (ਹਰਦੁਆਰ) ਆ ਕੇ ਤੀਸਰੇ ਪਾਤਸ਼ਾਹ ਮਹਾਰਾਜ ਦੇ ਪਾਵਨ ਅਸਥਾਨ ਤੇ ਸੇਵਾ ਕਰਨ ਲੱਗ ਗਏ। ਕੋਈ ਤਿੰਨ ਕੁ ਸਾਲ ਦਾ ਸਮਾਂ ਇਸ ਅਸਥਾਨ ਤੇ ਸੇਵਾ ਕੀਤੀ ਫਿਰ ਕਿਸੇ ਸੰਜੋਗ ਵਸ ਸੰਨ 1965 ਦੇ ਨੇੜੇ ਨਿਰਮਲ ਆਸ਼ਰਮ, ਰਿਸ਼ੀਕੇਸ਼ ਪਹੁੰਚ ਗਏ। ਇੱਥੇ ਮਹੰਤ ਆਤਮਾ ਸਿੰਘ ਜੀ ਦੇ ਹੁਕਮ ਨਾਲ ਮਹੰਤ ਨਾਰਾਇਣ ਸਿੰਘ ਜੀ ਤੋਂ ਦੀਖਿਆ ਲੈ ਕੇ ਸ਼ਿਸ਼ ਭਾਵ ਗ੍ਰਹਿਣ ਕੀਤਾ। ਉਪਰੰਤ ਅੱਠ ਸਾਲ ਆਸ਼ਰਮ ਵਿੱਚ ਰਹਿ ਕੇ ਅਨਥੱਕ ਸੇਵਾ ਕਰਦੇ ਰਹੇ। ਸੁਤੰਤਰ ਬਿਰਤੀ ਵਾਲੇ ਹੋਣ ਕਰਕੇ ਹੁਣ ਕਾਫੀ ਲੰਬੇ ਸਮੇਂ ਤੋਂ ਵਿਰੱਕਤੀ ਠਾਠ ਵਿੱਚ ਵਿਚਰਦੇ ਹੋਏ ਅੱਜ ਕੱਲ੍ਹ ਦੱਲਣਵਾਲ (ਪੰਜਾਬ) ਠਹਿਰ ਕੇ ਜੀਵਨ ਬਤੀਤ ਕਰ ਰਹੇ ਹਨ। ਆਪ ਕਾਫੀ ਸ਼ਾਂਤ ਅਤੇ ਟਿਕੀ ਬਿਰਤੀ ਵਾਲੇ ਮਹਾਤਮਾ ਹਨ।

## ਆਸ਼ਰਮ ਵਿੱਚ ਪੱਕੇ ਤੌਰ ਤੇ ਠਹਿਰ ਕੇ ਸੇਵਾ ਕਰ ਰਹੇ ਪ੍ਰੇਮੀ

ਸੇਵਾ ਪਰਉਪਕਾਰ ਦਾ ਇਹ ਨਿਰਮਲ ਆਸ਼ਰਮ ਰੂਪੀ ਮਹਾਨ ਸੂਰਜ ਜਿੱਥੇ ਗਰੀਬਾਂ, ਅਨਾਥਾਂ, ਲੋੜਵੰਦਾਂ ਅਤੇ ਸਾਧੂ ਮਹਾਤਮਾ ਨੂੰ ਆਪਣੀਆਂ ਨਿੱਘੀਆਂ ਅਤੇ ਸੁਖਦਾਈ ਕਿਰਨਾਂ ਹਮੇਸ਼ਾਂ ਪ੍ਰਦਾਨ ਕਰ ਰਿਹਾ ਹੈ, ਉੱਥੇ ਕਈ ਵਡਭਾਗੇ ਪ੍ਰੇਮੀਆਂ ਨੂੰ ਸੇਵਾ ਦੇ ਕਾਰਜ ਬਖਸ਼ ਕੇ ਲੋਕ ਪ੍ਰਲੋਕ ਦਾ ਮਾਰਗ ਦਰਸ਼ਨ ਵੀ ਕਰ ਰਿਹਾ ਹੈ। ਕੋਈ ਤਨ ਦੁਆਰਾ ਸੇਵਾ ਕਰਕੇ ਲਾਭ ਉਠਾ ਰਿਹਾ ਹੈ, ਕੋਈ ਮਨ ਦੁਆਰਾ ਅਤੇ ਕੋਈ ਧਨ ਦੁਆਰਾ। ਅਜਿਹੇ ਸੇਵਾ ਦੇ ਕਾਰਜ ਭਾਵੇਂ ਚਲਦੇ ਤਾਂ ਹਮੇਸ਼ਾਂ ਹੀ ਰਹਿੰਦੇ ਹਨ ਪਰੰਤੂ ਕਦੇ-ਕਦੇ ਜਿਵੇਂ ਲੈਂਟਰ ਪਾਉਣਾ, ਜਾਂ ਟਰਾਲੀਆਂ ਨਾਲ ਭਰਤੀ ਪਾਉਣੀ ਅਜਿਹੇ ਵਿਸ਼ੇਸ਼ ਸਮੇਂ ਵੀ ਬਣਦੇ ਰਹਿੰਦੇ ਹਨ। ਲੇਕਿਨ ਕੁਝ ਅਜਿਹੇ ਪ੍ਰੇਮੀ ਵੀ ਹਨ ਜਿਨ੍ਹਾਂ ਨੇ ਕਾਫੀ ਲੰਮਾ ਸਮਾਂ ਆਸ਼ਰਮ ਵਿੱਚ ਠਹਿਰ ਕੇ ਸੇਵਾ ਕੀਤੀ ਤੇ ਕਰ ਰਹੇ ਹਨ।

❑ **ਜਸਵਿੰਦਰ ਸਿੰਘ (ਬਿੰਦਰ)** ਗੁਰਾਇਆ ਨਿਵਾਸੀ ਕਈ ਸਾਲ ਨਿਰੰਤਰ ਆਸ਼ਰਮ ਵਿੱਚ ਰਹਿ ਕੇ ਬਹੁਤ ਪ੍ਰੇਮ ਨਾਲ ਸੇਵਾ ਕਰਦਾ ਰਿਹਾ। ਇਸ ਸਮੇਂ ਦੌਰਾਨ ਇਸ ਪ੍ਰੇਮੀ ਨੇ ਸੇਵਾ ਦੇ ਨਾਲ-ਨਾਲ ਗੁਰਬਾਣੀ ਅਤੇ ਪ੍ਰਮਾਰਥ ਦੇ ਹੋਰ ਕਾਫੀ ਗ੍ਰੰਥਾਂ ਦਾ ਡੂੰਘਾ ਅਧਿਐਨ ਕੀਤਾ। ਤਨ ਮਨ ਨਾਲ ਕੀਤੀ ਸੇਵਾ ਦਾ ਫਲ ਅਤੇ ਮਹਾਂਪੁਰਸ਼ਾਂ ਦੇ ਆਸ਼ੀਰਵਾਦ ਦਾ ਸਦਕਾ ਇਹ ਪ੍ਰੇਮੀ ਅਜਕੱਲ੍ਹ ਕੈਨੇਡਾ ਵਿੱਚ ਰਹਿ ਕੇ *ਗੁਰਮੁਖ ਮਾਇਆ ਵਿੱਚ ਉਦਾਸੀ* ਵਾਲਾ ਜੀਵਨ ਬਤੀਤ ਕਰ ਰਿਹਾ ਹੈ। ਸਮੇਂ ਸਮੇਂ ਭਾਰਤ ਆ ਕੇ ਮਹਾਂਪੁਰਸ਼ਾਂ ਤੋਂ ਆਸ਼ੀਰਵਾਦ ਪ੍ਰਾਪਤ ਕਰਦਾ ਰਹਿੰਦਾ ਹੈ।

❑ **ਭਾਈ ਅਮਰੀਕ ਸਿੰਘ ਧਨੌਲਾ** ਨਿਵਾਸੀ ਸੰਨ 1985 ਤੋਂ ਪੱਕੇ ਤੌਰ ਤੇ ਆਸ਼ਰਮ ਵਿੱਚ ਰਹਿ ਕੇ ਬੜੇ ਪ੍ਰੇਮ ਨਾਲ ਸੇਵਾ ਕਰਦਾ ਆ ਰਿਹਾ ਹੈ। ਮਹਾਂਪੁਰਸ਼ਾਂ ਦੇ ਹੁਕਮ ਨਾਲ ਕਚਹਿਰੀਆਂ, ਕੋਰਟਾਂ ਅਤੇ ਦਫਤਰਾਂ ਵਿੱਚ ਆਸ਼ਰਮ ਦੇ ਕਾਰਜਾਂ ਨੂੰ ਬੜੀ ਸਿਆਣਪ ਅਤੇ ਕੁਸ਼ਲਤਾ ਨਾਲ ਕਰ ਰਿਹਾ ਹੈ। ਕਦੇ-ਕਦੇ ਮਹਾਂਪੁਰਸ਼ ਆਪਣੀ ਮੌਜ ਵਿੱਚ ਧਰਮ

ਪ੍ਰਚਾਰ ਲਈ ਯਾਤਰਾ ਤੇ ਜਾਂਦੇ ਸਮੇਂ ਆਪਣੇ ਨਾਲ ਵੀ ਲੈ ਜਾਂਦੇ ਹਨ। ਇਉਂ ਤਨੋਂ ਮਨੋਂ ਸੇਵਾ ਦੁਆਰਾ ਆਪਣਾ ਜੀਵਨ ਸਫਲ ਕਰ ਰਿਹਾ ਹੈ।

❑ **ਭਾਈ ਚਰਨਜੀਤ ਸਿੰਘ ਕਰਨਾਲ** ਨਿਵਾਸੀ 1986 ਤੋਂ ਆਸ਼ਰਮ ਵਿੱਚ ਰਹਿ ਕੇ ਸੇਵਾ ਦਾ ਲਾਭ ਉਠਾ ਰਿਹਾ ਹੈ। ਇਹ ਪ੍ਰੇਮੀ ਬਿਜਲੀ ਦਾ ਡਿਪਲੋਮਾ ਹੋਲਡਰ ਹੈ, ਇਸ ਲਈ ਆਸ਼ਰਮ ਵਿੱਚ ਬਿਜਲੀ ਦੇ ਸਾਰੇ ਕਾਰਜਾਂ ਦੀ ਸੇਵਾ ਬੜੇ ਪ੍ਰੇਮ ਨਾਲ ਕਰਦਾ ਆ ਰਿਹਾ ਹੈ। ਅੱਜ ਕੱਲ੍ਹ ਆਸ਼ਰਮ ਦੇ ਵਿਸਥਾਰ ਯਾਨੀ ਹਸਪਤਾਲ ਅਤੇ ਸਕੂਲ ਆਦਿ ਵੱਡੇ ਵੱਡੇ ਕਾਰਜ ਸ਼ੁਰੂ ਹੋ ਜਾਣ ਨਾਲ ਬਿਜਲੀ ਦਾ ਕੰਮ ਕਾਫੀ ਵੱਧ ਗਿਆ ਹੈ ਇਸ ਲਈ ਹੋਰ ਮੁਲਾਜ਼ਮ ਵੀ ਭਾਵੇਂ ਰੱਖ ਲਏ ਹਨ ਪਰੰਤੂ ਸਾਰੇ ਬਿਜਲੀ ਡਿਪਾਰਟਮੈਂਟ ਦੀ ਦੇਖ ਰੇਖ ਅਤੇ ਪ੍ਰਬੰਧ ਦਾ ਕੰਮ ਬੜੀ ਸਿਆਣਪ ਅਤੇ ਕੁਸ਼ਲਤਾ ਨਾਲ ਕਰ ਰਿਹਾ ਹੈ। ਸਮੇਂ ਸਮੇਂ ਮਹਾਂਪੁਰਸ਼ਾਂ ਨਾਲ ਯਾਤਰਾ ਤੇ ਵੀ ਜਾਂਦਾ ਰਹਿੰਦਾ ਹੈ। ਇਉਂ ਤਨੋਂ ਮਨੋਂ ਸੇਵਾ ਕਰਕੇ ਮਹਾਂਪੁਰਸ਼ਾਂ ਦੀਆਂ ਖੁਸ਼ੀਆਂ ਪ੍ਰਾਪਤ ਕਰ ਰਿਹਾ ਹੈ।

❑ **ਭਾਈ ਚੰਦਰੂ ਨਰਿਆਨੀ** ਨਾਮ ਦਾ ਇਹ ਸਿੰਧੀ ਪ੍ਰੇਮੀ ਜੋ ਕਿ ਬੰਬਈ ਨਿਵਾਸੀ ਹੈ ਸੰਨ 1989 ਤੋਂ ਪੱਕੇ ਤੌਰ ਤੇ ਆਸ਼ਰਮ ਵਿੱਚ ਰਹਿ ਕੇ ਸੇਵਾ ਦਾ ਲਾਭ ਉਠਾ ਰਿਹਾ ਹੈ, ਪਹਿਲਾਂ ਪਹਿਲਾਂ ਇਸ ਪ੍ਰੇਮੀ ਨੂੰ ਮਹਾਂਪੁਰਸ਼ਾਂ ਵੱਲੋਂ ਧਰਮ ਪ੍ਰਚਾਰ ਯਾਤਰਾ ਸਮੇਂ ਨਿੱਜੀ ਸੇਵਾਦਾਰ ਵਜੋਂ ਨਾਲ ਲੈ ਕੇ ਜਾਣ ਦਾ ਮਾਣ ਵੀ ਪ੍ਰਾਪਤ ਹੁੰਦਾ ਰਿਹਾ। ਫਿਰ ਇਸ ਪ੍ਰੇਮੀ ਨੂੰ ਮਹਾਂਪੁਰਸ਼ਾਂ ਨੇ ਤਰੁੱਠ ਕੇ ਵਿਸ਼ਾਲ ਦ੍ਰਿਸ਼ਟੀ ਬਖਸ਼ਿਸ ਕੀਤੀ, ਜਿਸ ਦਾ ਸਦਕਾ ਸਭ ਗਰੀਬ ਲੋੜਵੰਦਾਂ ਵਿੱਚ ਇਕ ਹਰੀ ਨੂੰ ਦੇਖਦਾ ਹੋਇਆ ਦਿਨ ਰਾਤ ਅਨਥੱਕ ਸੇਵਾ ਕਰੀ ਜਾ ਰਿਹਾ ਹੈ। ਪੂਰਾ ਦਿਨ ਆਸ਼ਰਮ ਵਿੱਚੋਂ ਚਾਹ, ਪ੍ਰਸ਼ਾਦੇ ਅਤੇ ਦਾਲਾਂ ਸਬਜ਼ੀਆਂ ਆਦਿਕ ਪਦਾਰਥ ਬਾਲਟੀਆਂ ਵਿੱਚ ਪਾ ਕੇ ਗਰੀਬ ਬਸਤੀਆਂ, ਗੰਗਾ ਦੇ ਕਿਨਾਰੇ ਬੈਠੇ ਸਾਧੂ ਮਹਾਤਮਾ ਅਤੇ ਹੋਰ ਲੋੜਵੰਦਾਂ ਕੋਲ ਜਾ ਕੇ ਵਰਤਾਉਂਦਾ ਰਹਿੰਦਾ ਹੈ। ਫਿਰ ਲਾਵਾਰਿਸ ਬੀਮਾਰਾਂ ਨੂੰ ਚੁੱਕ ਕੇ ਹਸਪਤਾਲ ਵਿੱਚ ਭਰਤੀ ਕਰਾਉਣਾ, ਉਨ੍ਹਾਂ ਦੇ ਵਸਤਰ ਧੋਣੇ, ਲੰਗਰ ਪਹੁੰਚਾਉਣਾ ਅਤੇ ਹੋਰ ਗਰੀਬ ਲੋੜਵੰਦਾਂ ਨੂੰ ਵਸਤਰ ਅਤੇ ਹੋਰ ਲੋੜੀਂਦੀਆਂ ਵਸਤੂਆਂ ਦੇਣੀਆਂ। ਲੋੜਵੰਦਾਂ ਦੀਆਂ ਉਪਰੋਕਤ ਸੇਵਾਵਾਂ ਆਪਣਾ ਪਰਾਇਆ ਅਤੇ ਜਾਤ ਮਜ਼ਹਬ ਦੇ ਭੇਦ ਭਾਵ ਤੋਂ ਬਿਲਕੁਲ ਉਪਰ ਵਿਚਰਦਾ ਹੋਇਆ ਸਭ ਨੂੰ ਹਰੀ ਰੂਪ ਜਾਣ ਕੇ ਕਰੀ ਜਾ ਰਿਹਾ ਹੈ।

❑ **ਦਿਆਲ ਚੰਦ ਜੀ ਮਲਿਕ** ਰਿਟਾਇਰਡ ਡੀ.ਐਸ.ਪੀ. ਕਰਨਾਲ ਨਿਵਾਸੀ ਕਈ ਸਾਲ ਆਸ਼ਰਮ ਵਿੱਚ ਰਹਿ ਕੇ ਤਨ ਮਨ ਨਾਲ ਅਨਥਕ ਸੇਵਾ ਕਰਦੇ ਰਹੇ। ਦਰਬਾਰ ਸਾਹਿਬ ਦੀ ਸੇਵਾ ਤਾਂ ਬੜੇ ਪ੍ਰੇਮ ਨਾਲ ਕਰਦੇ ਹੀ ਸਨ ਲੇਕਿਨ ਕਾਫੀ ਸਮਾਂ ਮਹਾਂਪੁਰਸ਼ਾਂ ਦੇ ਨਿੱਜੀ ਸੇਵਾਦਾਰ ਵਜੋਂ ਯਾਤਰਾ ਤੇ ਵੀ ਨਾਲ ਜਾਂਦੇ ਰਹੇ। ਮਹਾਂਪੁਰਸ਼ਾਂ ਨੇ ਜਦੋਂ ਨਿਰਮਲ ਆਸ਼ਰਮ ਦੀ ਬੰਬਈ ਵਿੱਚ ਬਰਾਂਚ ਖੋਲੀ ਤਾਂ ਉਥੋਂ ਦਾ ਸਭ ਤੋਂ ਪਹਿਲਾ ਮੁੱਖ ਸੇਵਾਦਾਰ ਵੀ ਆਪ ਨੂੰ ਨਿਯੁਕਤ ਕੀਤਾ ਗਿਆ। ਇਉਂ ਕਈ ਸਾਲਾਂ ਤੋਂ ਤਨ ਮਨ ਨਾਲ ਨਿਰੰਤਰ ਸੇਵਾ ਕਰਦੇ ਹੋਏ ਪ੍ਰਮਾਰਥਕ ਪੰਧ ਤੇ ਅਗਰਸਰ ਹਨ।

❑ **ਭਾਈ ਸਤਨਾਮ ਸਿੰਘ ਲੋਹਸਿੰਬਲੀ** ਸੰਨ 1992 ਤੋਂ ਆਸ਼ਰਮ ਵਿੱਚ ਪੱਕੇ ਤੌਰ ਤੇ ਰਹਿ ਕੇ ਤਨ ਮਨ ਨਾਲ ਸੇਵਾ ਕਰਦੇ ਆ ਰਹੇ ਹਨ। ਇਸ ਪ੍ਰੇਮੀ ਨੂੰ ਮਹਾਂਪੁਰਸ਼ਾਂ ਨੇ ਪਹਿਲਾਂ ਲੰਗਰ ਦੀ ਸੇਵਾ ਬਖਸ਼ੀ, ਫਿਰ ਦਰਬਾਰ ਸਾਹਿਬ ਦੀ ਸੇਵਾ ਦੇ ਨਾਲ-ਨਾਲ ਆਪਣੀ ਨਿੱਜੀ ਸੇਵਾ ਬਖਸ਼ ਕੇ ਯਾਤਰਾ ਤੇ ਵੀ ਕਾਫੀ ਸਮਾਂ ਨਾਲ ਲੈ ਕੇ ਜਾਂਦੇ ਰਹੇ। ਅੱਜ ਕੱਲ੍ਹ ਮਹਾਂਪੁਰਸ਼ਾਂ ਦੇ ਹੁਕਮ ਵਿੱਚ ਰਹਿ ਕੇ ਬੰਬਈ ਆਸ਼ਰਮ ਦੀ ਸੇਵਾ ਸੰਭਾਲ ਕਰ ਰਿਹਾ ਹੈ।

❑ **ਭਾਈ ਜਸਵਿੰਦਰ ਸਿੰਘ (ਸੁਖਦੀਪ ਸਿੰਘ)** ਨੀਲੋਂਵਾਲ (ਨਵਾਂ ਸ਼ਹਿਰ) ਨਿਵਾਸੀ ਨੂੰ ਸੰਨ 1994 ਸ਼ੁਰੂ ਵਿੱਚ ਮਹਾਂਪੁਰਸ਼ਾਂ ਦਾ ਪਹਿਲਾਂ ਦਰਸ਼ਨ ਮਿਲਾਪ ਹੋਇਆ। ਮਹਾਂਪੁਰਸ਼ਾਂ ਦੀ ਅਲੌਕਿਕ ਚੁੰਬਕੀ ਸ਼ਕਤੀ ਨੇ ਪਹਿਲੇ ਦਰਸ਼ਨਾਂ ਨਾਲ ਹੀ ਸੁਖਦੀਪ ਸਿੰਘ ਦਾ ਮਨ ਆਪਣੇ ਚਰਨਾਂ ਵੱਲ ਖਿੱਚ ਲਿਆ, ਬਸ ਉਸ ਸਮੇਂ ਤੋਂ ਹੀ ਆਸ਼ਰਮ ਵਿੱਚ ਪੱਕੇ ਤੌਰ ਤੇ ਰਹਿ ਕੇ ਸੇਵਾ ਸ਼ੁਰੂ ਕਰ ਦਿੱਤੀ। ਪਹਿਲਾਂ ਪਹਿਲ ਮਹਾਂਪੁਰਸ਼ਾਂ ਨੇ ਦਰਬਾਰ ਸਾਹਿਬ ਦੀ ਸੇਵਾ ਬਖਸ਼ੀ ਲੇਕਿਨ ਹੁਣ ਕਾਫੀ ਸਮੇਂ ਤੋਂ ਆਪਣੀ ਨਿੱਜੀ ਸੇਵਾ ਵੀ ਬਖਸ਼ ਦਿੱਤੀ। ਇਉਂ ਇਹ ਪ੍ਰੇਮੀ ਤਨ ਮਨ ਨਾਲ ਸੇਵਾ ਕਰਦਾ ਹੋਇਆ ਕਾਫੀ ਸ਼ਾਂਤ ਚਿੱਤ ਰਹਿ ਕੇ ਸਮੇਂ ਅਤੇ ਮਨੁੱਖ ਸਰੀਰ ਦਾ ਪੂਰਾ ਪੂਰਾ ਲਾਭ ਉਠਾ ਰਿਹਾ ਹੈ।

❑ **ਡਾਕਟਰ ਹਰਬੰਸ ਲਾਲ ਬਾਵਾ** ਕਰਨਾਲ ਨਿਵਾਸੀ ਕਾਫੀ ਸਮੇਂ ਤੋਂ ਆਸ਼ਰਮ ਵਿੱਚ ਰਹਿ ਕੇ ਸੇਵਾ ਦਾ ਲਾਭ ਉਠਾ ਰਹੇ ਹਨ। ਕਾਫੀ ਸਮਾਂ ਮਹਾਂਪੁਰਸ਼ਾਂ ਨਾਲ ਯਾਤਰਾ ਤੇ ਵੀ ਜਾਂਦੇ ਰਹੇ ਲੇਕਿਨ ਹੁਣ ਹਸਪਤਾਲ ਦੇ ਦੰਦ ਵਿਭਾਗ ਵਿੱਚ ਦੰਦ ਮਕੈਨਿਕ ਦੀ ਨਿਸ਼ਕਾਮ ਸੇਵਾ ਕਰਕੇ ਜਨਮ ਸਫਲਾ ਕਰ ਰਹੇ ਹਨ।

❑ **ਸੰਤ ਜੁਗਲ ਜੀ** ਕੋਈ ਤੀਹ ਸਾਲ ਦੇ ਲੰਮੇ ਅਰਸੇ ਤੋਂ ਆਸ਼ਰਮ ਵਿੱਚ ਰਹਿ ਕੇ ਸੇਵਾ ਕਰਦੇ ਆ ਰਹੇ ਹਨ। ਸੁਭਾਅ ਦੇ ਆਪ ਬੜੇ ਸਰਲ, ਸਿੱਧੇ ਅਤੇ ਹਰ ਪ੍ਰਕਾਰ ਦੇ ਛਲ ਫਰੇਬ ਤੋਂ ਰਹਿਤ ਆਸ਼ਰਮ ਦੀ ਸੇਵਾ ਵਿੱਚ ਦਿਨ ਰਾਤ ਤਤਪਰ ਹਨ।

❑ **ਭਾਈ ਚੰਦਨ** ਇਹ ਪ੍ਰੇਮੀ ਵੀ ਸੰਨ 1970 ਦੇ ਨੇੜੇ ਤੇੜੇ ਲੰਗਰ ਬਨਾਉਣ ਦੀ ਸੇਵਾ ਬੜੇ ਪ੍ਰੇਮ ਨਾਲ ਕਰਦਾ ਆ ਰਿਹਾ ਹੈ।

## ਕਰਨਾਲ ਕੁਟੀਆ ਦੇ ਮੁੱਖ ਸੇਵਾਦਾਰ

ਇਸ ਤਰ੍ਹਾਂ ਹੀ ਪਰਮ ਪੂਜਨੀਕ ਸੰਤ ਬਾਬਾ ਨਿੱਕਾ ਸਿੰਘ ਵਿਰੱਕਤ ਮਹਾਰਾਜ ਜੀਆਂ ਦੀ ਚਰਨ ਧੂੜੀ ਨਾਲ ਪਵਿੱਤਰ ਹੋਏ ਅਸਥਾਨ ਨਿਰਮਲ ਕੁਟੀਆ ਕਰਨਾਲ ਵਿੱਚ ਸੇਵਾ ਦਾ ਪ੍ਰਵਾਹ ਦਿਨ ਰਾਤ ਚਲਦਾ ਰਹਿੰਦਾ ਹੈ। ਅਸਥਾਨ ਦਾ ਵਿਸਤਾਰ ਹੋਣ ਕਰਕੇ ਹੁਣ ਤਾਂ ਭਾਵੇਂ ਸੈਂਕੜੇ ਬੰਦੇ ਦਿਨ ਰਾਤ ਸੇਵਾ ਵਿੱਚ ਜੁਟੇ ਰਹਿੰਦੇ ਹਨ, ਲੇਕਿਨ ਪਹਿਲਾਂ ਪਹਿਲ ਵਿਰੱਕਤ ਮਹਾਰਾਜ ਜੀਆਂ ਨੇ ਇਸ ਪਾਵਨ ਅਸਥਾਨ ਦੀ ਸੇਵਾ ਸੰਭਾਲ ਵਾਸਤੇ ਭਗਤ ਲੱਭਾ ਮਲ, ਸ. ਗੁਰਬਚਨ ਸਿੰਘ ਡਾਇਮੰਡ ਵਾਲੇ, ਸ. ਹਰਬੰਸ ਸਿੰਘ ਘਿਉ ਵਾਲੇ, ਸ. ਸਤਪਾਲ ਸਿੰਘ ਗੁਲਾਟੀ, ਹਰਬੰਸ ਲਾਲ ਜੀ ਕਰਨਾਲ ਵਾਲੇ ਅਤੇ ਬਾਬਾ ਕ੍ਰਿਪਾਲ ਸਿੰਘ ਜੀ ਆਦਿ ਛੇ ਬੰਦਿਆਂ ਦੇ ਆਧਾਰਿਤ ਇੱਕ ਟਰੱਸਟ ਬਣਾਇਆ ਸੀ। ਇਹ ਸਾਰੇ ਪ੍ਰੇਮੀ ਮਹਾਂਪੁਰਖਾਂ ਦੇ ਹੁਕਮ ਅਨੁਸਾਰ ਬੜੇ ਪ੍ਰੇਮ ਨਾਲ ਸੇਵਾ ਕਰਦੇ ਰਹੇ।

❑ **ਸ. ਗੁਰਬਚਨ ਸਿੰਘ ਜੀ** ਕੁਟੀਆ ਦੀ ਸੇਵਾ ਵਿੱਚ ਆਪਣਾ ਤਕੜਾ ਯੋਗਦਾਨ ਪਾਉਂਦੇ ਹੋਏ 1985 ਵਿੱਚ ਸਵਰਗਵਾਸ ਹੋ ਗਏ।

❑ **ਭਗਤ ਲੱਭਾ ਮਲ ਜੀ** ਨੇ ਤਾਂ ਜੀਵਨ ਦਾ ਬਹੁਤ ਲੰਮਾ ਸਮਾਂ ਕੁਟੀਆ ਵਿੱਚ ਪੱਕੇ ਤੌਰ ਤੇ ਰਹਿ ਕੇ ਤਨ ਮਨ ਨਾਲ ਬਹੁਤ ਸਖ਼ਤ ਘਾਲਣਾ ਘਾਲ ਕੇ ਕੁਟੀਆ ਦੀ ਸੇਵਾ ਸੰਭਾਲ ਕੀਤੀ। ਆਖਰ ਕਰਤਾਰ ਦੇ ਅਟੱਲ ਨਿਯਮ ਅਨੁਸਾਰ ਸਤਾਰਾਂ ਅਕਤੂਬਰ 1996 ਨੂੰ ਸੇਵਾ ਕਰਦੇ ਕਰਦੇ ਹੀ ਕਰਨਾਲ ਕੁਟੀਆ ਵਿੱਚ ਸਰੀਰ ਤਿਆਗ ਗਏ।

❑ **ਬਾਬਾ ਕ੍ਰਿਪਾਲ ਸਿੰਘ ਜੀ** ਨੇ ਕਾਫੀ ਸਮਾਂ ਕੁਟੀਆ ਵਿੱਚ ਰਹਿ ਕੇ ਸੈਂਕੜੇ ਬੰਦਿਆਂ ਨੂੰ ਗੁਰਬਾਣੀ ਸੰਥਯਾ ਕਰਵਾਈ ਅਤੇ ਨਾਲ ਨਾਲ ਲੰਗਰ ਦੀ ਸੇਵਾ ਸੰਭਾਲ ਵੀ ਕਰਦੇ ਰਹੇ। ਆਖਰ 1996 ਦੇ ਸ਼ੁਰੂ ਵਿੱਚ ਸੇਵਾ ਕਰਦੇ ਹੋਏ ਹੀ ਗੁਰਪੁਰੀ ਪਿਆਨਾ ਕਰ ਗਏ।

❑ **ਸ. ਸਤਪਾਲ ਸਿੰਘ ਜੀ ਗੁਲਾਟੀ** ਆਪਣੇ ਸੰਸਾਰਿਕ ਵਿਹਾਰਕਾਰ ਦੇ ਨਾਲ ਨਾਲ ਕੁਟੀਆ ਦੀ ਬਹੁਤ ਤਨੋਂ ਮਨੋਂ ਸੇਵਾ ਕਰਦੇ ਰਹੇ। ਕੁਟੀਆ ਵਿੱਚ ਬਿਲਡਿੰਗ ਉਸਾਰੀ ਦੀ ਸਾਰੀ ਸੇਵਾ ਉਹਨਾਂ ਦੀ ਦੇਖ ਰੇਖ ਹੇਠ ਹੀ ਹੋਈ। ਆਖਿਰ ਸੇਵਾ ਕਰਦੇ ਕਰਦੇ ਹੀ 1996 ਵਿੱਚ ਸ਼ਰੀਰ ਤਿਆਗ ਗਏ।

❑ **ਸ. ਹਰਬੰਸ ਸਿੰਘ ਜੀ ਘਿਉ ਵਾਲੇ** ਵੀ ਬਹੁਤ ਲੰਮੇ ਸਮੇਂ ਤੋਂ ਕੁਟੀਆ ਦੀ ਸੇਵਾ ਤਨ ਮਨ ਧਨ ਨਾਲ ਕਰਦੇ ਆ ਰਹੇ ਹਨ। ਆਪ ਦਾ ਸਰੀਰ ਹੁਣ ਕਾਫੀ ਬਿਰਧ ਹੋ ਚੁੱਕਿਆ ਹੈ ਲੇਕਿਨ ਮਨ ਕਰਕੇ ਅਜੇ ਵੀ ਕੁਟੀਆ ਨਾਲ ਜੁੜੇ ਹੋਏ ਹਨ।

❑ **ਸ੍ਰੀ ਹਰਬੰਸ ਲਾਲ ਜੀ** ਕੁਟੀਆ ਦੀ ਸੇਵਾ ਲਈ ਭਾਵੇਂ ਹਰ ਸਮੇਂ ਤਤਪਰ ਹਨ ਲੇਕਿਨ ਸਵੇਰ ਦਾ ਛੋਤ੍ਰ ਵਰਤਾਉਣ ਦੀ ਸੇਵਾ ਆਪ ਲੰਮੇ ਸਮੇਂ ਤੋਂ ਨਿਯਮ ਨਾਲ ਕਰਦੇ ਆ ਰਹੇ ਹਨ ਅਤੇ ਨਾਲ ਨਾਲ ਹੋਰ ਸੇਵਾਵਾਂ ਵੀ ਬੜੀ ਕੁਸ਼ਲਤਾ ਨਾਲ ਨਿਭਾ ਰਹੇ ਹਨ।

❑ **ਸ੍ਰੀ ਹੰਸ ਰਾਜ ਜੀ ਛਾਬੜਾ** ਕਈ ਸਾਲਾਂ ਤੋਂ ਛੋਟੀ ਕੁਟੀਆ ਦੀ ਸੇਵਾ ਸੰਭਾਲ ਕਰੀ ਆ ਰਹੇ ਹਨ। ਆਪ ਵਿਦਾਂਤ ਦੇ ਕਾਫੀ ਗੂੜ੍ਹ ਵਿਦਵਾਨ ਹਨ ਇਸ ਲਈ ਆਮ ਲੋਕ ਇਨ੍ਹਾਂ ਨੂੰ ਬ੍ਰਹਮ ਨਾਮ ਨਾਲ ਹੀ ਜਾਣਦੇ ਹਨ। ਵਿਦਵਾਨ ਹੋਣ ਦੇ ਨਾਤੇ ਆਪ ਛੋਟੀ ਕੁਟੀਆ ਰੋਜ਼ ਸ਼ਾਮ ਨੂੰ ਸਤਿਸੰਗ ਵੀ ਕਰਦੇ ਹਨ ਜਿਸ ਵਿੱਚ ਕਾਫੀ ਸ਼ਰੀਰ ਲਾਭ ਉਠਾਉਂਦੇ ਹਨ।

## ਕੁਝ ਵਿਸ਼ੇਸ਼

- ਪੂਜਯ ਮਹੰਤ ਮਹਾਰਾਜ ਰਾਮ ਸਿੰਘ ਜੀ ਦਾ ਜਨਮ 17 ਅਕਤੂਬਰ 1950 ਈ: ਨੂੰ ਹੋਇਆ।
- ਵਿਰੱਕਤ ਮਹਾਰਾਜ ਜੀਆਂ ਵੱਲੋਂ 19 ਮਈ 1981 ਨੂੰ ਬਖਸ਼ਿਸ ਕਰਕੇ ਸ੍ਰੀ ਨਿਰਮਲ ਆਸ਼ਰਮ ਦੇ ਮਹੰਤ ਥਾਪੇ ਗਏ।
- 16 ਅਪ੍ਰੈਲ 1986 ਨੂੰ ਹਰਿਦੁਆਰ ਦੇ ਕੁੰਭ ਸਮੇਂ ਨਿਰਮਲ ਆਸ਼ਰਮ ਹਸਪਤਾਲ ਦੀ ਨੀਂਹ ਰੱਖੀ।
- 13 ਅਪ੍ਰੈਲ 1990 ਵਾਲੇ ਦਿਨ ਹਸਪਤਾਲ ਦਾ ਉਦਘਾਟਨ ਸਮਾਰੋਹ ਕੀਤਾ ਗਿਆ।
- ਜੁਲਾਈ 1990 ਵਿੱਚ ਕਨਖਲ ਵਾਲੀ ਵੱਡੀ ਬਿਲਡਿੰਗ ਦੀ ਨੀਂਹ ਰੱਖੀ।
- 13 ਅਪ੍ਰੈਲ 1993 ਵਾਲੇ ਦਿਨ ਹਸਪਤਾਲ ਦੇ ਦੂਜੇ ਵਿੰਗ ਦੀ ਨੀਂਹ ਰੱਖੀ ਜੋ ਦੋ ਸਾਲਾਂ ਵਿੱਚ ਤਿਆਰ ਹੋ ਗਈ।
- ਅਕਤੂਬਰ 1993 ਕਨਖਲ ਵਾਲੀ ਬਰਸੀ ਤੇ ਵੱਡੀ ਬਿਲਡਿੰਗ ਦਾ ਉਦਘਾਟਨ ਸਮਾਰੋਹ ਕੀਤਾ।
- 13 ਨਵੰਬਰ 1993 ਵਾਲੇ ਦਿਨ ਕਰਨਾਲ ਵਿਖੇ 251 ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ ਜਿਸ ਨਾਲ ਗੁਰਬਾਣੀ ਪ੍ਰਚਾਰ, ਪਸਾਰ, ਗੁਰੂ ਘਰ ਦੀ ਮਹਿਮਾ ਅਤੇ ਸ਼ੋਭਾ ਦਾ ਅਣਗਿਣਤ ਪ੍ਰਾਣੀਆਂ ਤੇ ਵਿਸ਼ੇਸ਼ ਅਸਰ ਪਿਆ।
- 27 ਫਰਵਰੀ 1994 ਵਾਲੇ ਦਿਨ ਬੰਬਈ ਵਾਲੇ ਆਸ਼ਰਮ ਦਾ ਉਦਘਾਟਨ ਸਮਾਰੋਹ ਕੀਤਾ ਗਿਆ।
- 13 ਅਪ੍ਰੈਲ 1994 ਵੈਸਾਖੀ ਵਾਲੇ ਦਿਨ ਨਿਰਮਲ ਆਸ਼ਰਮ ਦੀਪਮਾਲਾ ਪਗਰਾਨੀ ਪਬਲਿਕ ਸਕੂਲ ਦੀ ਨੀਂਹ ਰੱਖੀ ਗਈ।
- 1 ਜਨਵਰੀ 1997 ਵਾਲੇ ਦਿਨ ਨਿਰਮਲ ਆਸ਼ਰਮ ਦੀਪਮਾਲਾ ਪਗਰਾਨੀ ਪਬਲਿਕ ਸਕੂਲ ਦਾ ਉਦਘਾਟਨ ਸਮਾਰੋਹ ਕੀਤਾ ਗਿਆ।

## ਨਿਰਮਲ ਆਸ਼ਰਮ ਦੀਪਮਾਲਾ ਪਗਰਾਨੀ ਪਬਲਿਕ ਸਕੂਲ

ਮਹਾਂਪੁਰਸ਼ਾਂ ਵੱਲੋਂ ਉਪਰੋਕਤ ਨਾਮ ਵਾਲਾ ਵਿੱਦਿਆ ਮੰਦਰ 1997 ਵਿੱਚ ਹੀ ਸ਼ੁਰੂ ਕੀਤਾ ਗਿਆ ਹੈ, ਜੋ ਕਿ ਤਿੰਨ ਕਰੋੜ ਦੀ ਲਾਗਤ ਨਾਲ ਤਿਆਰ ਹੋਣ ਵਾਲਾ ਪ੍ਰੋਜੈਕਟ ਹੈ। ਇਹ ਸਕੂਲ ਰਿਸ਼ੀਕੇਸ਼ ਹਰਿਦੁਆਰ ਰੋਡ ਤੇ ਰਿਸ਼ੀਕੇਸ਼ ਤੋਂ ਅੱਠ ਕੁ ਕਿਲੋਮੀਟਰ, ਹਰਿਦੁਆਰ ਵਾਲੇ ਪਾਸੇ ਸ਼ਾਮਪੁਰ ਪਿੰਡ ਦੀ ਸਵਾ ਛੇ ਏਕੜ ਜ਼ਮੀਨ ਲੈ ਕੇ ਬਣਾਇਆ ਗਿਆ ਹੈ। ਇਸ ਵਿੱਚ ਇੰਗਲਿਸ਼ ਮੀਡੀਅਮ ਤਾਂ ਹੈ ਹੀ, ਲੇਕਿਨ ਇੱਥੇ ਪੜ੍ਹਾਈ ਦਾ ਸਟੈਂਡਰਡ ਪੂਰਨ ਤੌਰ ਤੇ ਆਧੁਨਿਕ ਹੈ, ਅਤੇ ਇਸ ਸਕੂਲ ਦੀ ਰਜਿਸ਼ਟਰੇਸ਼ਨ ਸੀ.ਬੀ.ਐਸ.ਈ. (C.B.S.E.) ਦਿੱਲੀ ਨਾਲ ਕਰਵਾਈ ਜਾਏਗੀ। ਇਸ ਸਕੂਲ ਵਿੱਚ ਬੱਚਿਆਂ ਲਈ ਸਾਰੀਆਂ ਆਧੁਨਿਕ ਸਹੂਲਤਾਂ ਜਿਵੇਂ ਯੋਗਾ ਮੈਡੀਟੇਸ਼ਨ ਰੂਮ, ਕੰਪਿਊਟਰ ਰੂਮ, ਲਾਇਬ੍ਰੇਰੀ ਅਤੇ ਹੋਰ ਹਰ ਪ੍ਰਕਾਰ ਦੀਆਂ ਅੰਦਰਲੀਆਂ ਬਾਹਰਲੀਆਂ ਗੇਮਾਂ ਇਤਿਆਦਿਕ ਸਹੂਲਤਾਂ ਉਪਲੱਬਧ ਹਨ। ਇਸ ਸਕੂਲ ਦੇ ਪੂਰਾ ਚੱਲਣ ਤੱਕ 1500 ਬੱਚੇ ਦੇ ਦਾਖਲ ਹੋਣ ਦੀ ਸਮਰੱਥਾ ਹੋਵੇਗੀ ਅਤੇ 12ਵੀਂ ਕਲਾਸ ਤੱਕ ਹੋਵੇਗਾ। ਲੇਕਿਨ ਇਸ ਵਰਸ਼ ਸ਼ੁਰੂ ਵਿੱਚ ਸਤਵੀਂ ਕਲਾਸ ਤੱਕ ਚਾਲੂ ਕੀਤਾ ਗਿਆ ਹੈ, ਫਿਰ ਹਰ ਸਾਲ ਇੱਕ ਕਲਾਸ ਅੱਗੇ ਵੱਧ ਜਾਇਆ ਕਰੇਗਾ। ਇਸ ਪ੍ਰਕਾਰ ਪੰਜ ਸਾਲਾਂ ਵਿੱਚ 12ਵੀਂ ਕਲਾਸ ਤੱਕ ਅੱਪੜ ਜਾਏਗਾ। ਇਸ ਵਰਸ਼ 440 ਬੱਚੇ ਦਾਖਲ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ ਚਾਲੀ ਬੱਚੇ ਬੋਰਡਿੰਗ ਵਾਲੇ ਹਨ ਅਤੇ ਬਾਕੀ ਦਿਆਂ ਵਾਸਤੇ ਚਾਰ ਬੱਸਾਂ ਦੀ ਸਹੂਲਤ ਕੀਤੀ ਗਈ ਹੈ। ਇਸ ਸਕੂਲ ਵਿੱਚ ਇਸ ਸਮੇਂ ਚਾਲੀ ਮੈਂਬਰ ਸਟਾਫ ਦੇ ਕੰਮ ਕਰ ਰਹੇ ਹਨ, ਫਿਰ ਸਮੇਂ-ਸਮੇਂ ਜਿਵੇਂ ਕਲਾਸਾਂ ਅੱਗੇ ਵੱਧਣਗੀਆਂ ਅਤੇ ਬੱਚਿਆਂ ਦੀ ਸਮਰੱਥਾ ਵੱਧਦੀ ਜਾਏਗੀ, ਉਸ ਹਿਸਾਬ ਨਾਲ ਯੋਗ ਸਟਾਫ ਦੀ ਭਰਤੀ ਵੀ ਨਾਲ-ਨਾਲ ਹੁੰਦੀ ਰਹੇਗੀ।

## ਨਿਰਮਲ ਆਸ਼ਰਮ ਹਸਪਤਾਲ

ਨਿਰਮਲ ਆਸ਼ਰਮ ਹਸਪਤਾਲ ਜਿਹੜਾ ਅੱਜ ਤੋਂ ਸਤ ਕੁ ਸਾਲ ਪਹਿਲਾਂ ਯਾਨੀ 1990 ਵਿੱਚ ਸ਼ੁਰੂ ਕੀਤਾ ਗਿਆ ਸੀ, ਅੱਜ ਆਪਣੀ ਜਵਾਨ ਉਮਰ ਵਿੱਚ ਪਹੁੰਚ ਕੇ ਸੈਂਕੜੇ ਬੰਦਿਆਂ ਨੂੰ ਰੋਜ਼ ਆਪਣਾ ਠੰਡਾ ਮਿੱਠਾ ਫਲ ਪ੍ਰਦਾਨ ਕਰ

ਰਿਹਾ ਹੈ। ਇਸ ਹਸਪਤਾਲ ਦੇ ਓ.ਪੀ.ਡੀ. (O.P.D.) ਵਿੱਚ ਰੋਜ ਢਾਈ ਸੌ ਕਰੀਬ ਮਰੀਜ਼ ਦੇਖੇ ਜਾਂਦੇ ਹਨ ਅਤੇ ਪੰਜਾਹ ਕੁ ਮਰੀਜ਼ ਹਰ ਰੋਜ਼ ਭਰਤੀ ਰਹਿੰਦੇ ਹਨ, ਉਂਝ ਭਰਤੀ ਕਰਨ ਦੀ ਸਮਰੱਥਾ ਇਸ ਹਸਪਤਾਲ ਕੋਲ ਸੌ ਮਰੀਜ਼ ਦੀ ਹੈ। ਇਸ ਹਸਪਤਾਲ ਕੋਲ ਆਪਣੇ ਵੱਲੋਂ ਜੀਵਾਂ ਨੂੰ ਦੇਣ ਲਈ ਕਾਫੀ ਸਹੂਲਤਾਂ ਹਨ ਜਿਵੇਂ ਅਲਟਰਾਸਾਊਂਡ ਮਸ਼ੀਨ, ਐਕਸ-ਰੇ ਮਸ਼ੀਨ 100 M.A. ਅਤੇ ਐਕਸ-ਰੇ ਮਸ਼ੀਨ 500 M.A. ਦੂਰਬੀਨ ਦੁਆਰਾ ਪਥਰੀ ਦਾ ਅਪ੍ਰੇਸ਼ਨ, ਈ.ਸੀ.ਜੀ. ਮਸ਼ੀਨ, ਲੈਬੋਰਟਰੀ ਯਾਨੀ ਪ੍ਰਯੋਗਸ਼ਾਲਾ ਪ੍ਰਸੂਤ ਯਾਨੀ ਹਰ ਪ੍ਰਕਾਰ ਨਾਲ ਜ਼ਨਾਨਾ ਵਿਭਾਗ, ਦੰਦ ਵਿਭਾਗ, ਹੱਡੀਆਂ ਦਾ ਵਿਭਾਗ, ਹਰ ਪ੍ਰਕਾਰ ਦੇ ਆਪ੍ਰੇਸ਼ਨ, ਦਵਾਈਆਂ ਦਾ ਸਟੋਰ ਅਤੇ ਹੋਰ ਮੈਡੀਕਲ ਸਹੂਲਤਾਂ। ਇਸ ਹਸਪਤਾਲ ਵਿੱਚ ਨੱਬੇ ਮੈਂਬਰਾਂ ਦੇ ਕਰੀਬ ਯੋਗ ਸਟਾਫ ਕੰਮ ਕਰਦਾ ਹੈ। ਸਾਧੂ ਮਹਾਤਮਾ ਕਿਸੇ ਵੀ ਸੰਪ੍ਰਦਾ ਜਾਂ ਮਜ੍ਹਬ ਦਾ ਹੋਵੇ ਉਸਦਾ ਹਰ ਪ੍ਰਕਾਰ ਨਾਲ ਫਰੀ ਇਲਾਜ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਗਰੀਬ ਔਰਤ ਹੋਵੇ ਯਾ ਮਰਦ ਅਤੇ ਕਿਸੇ ਵੀ ਜਾਤੀ ਜਾਂ ਫਿਰਕੇ ਨਾਲ ਤਾਲੁਕ ਰੱਖਦਾ ਹੋਵੇ, ਉਸਦਾ ਵੀ ਫਰੀ ਇਲਾਜ਼ ਕੀਤਾ ਜਾਂਦਾ ਹੈ ਅਤੇ ਅਜਿਹੇ ਮਰੀਜ਼ਾਂ ਨੂੰ ਖਾਣਾ ਵੀ ਆਸ਼ਰਮ ਵਿੱਚੋਂ ਫਰੀ ਜਾਂਦਾ ਹੈ। ਇਸ ਸੇਵਾ ਦੇ ਅਦਾਰੇ ਵਿੱਚ ਬਹੁਤ ਯੋਗ-ਯੋਗ ਡਾਕਟਰ ਸੇਵਾ ਕਰਦੇ ਰਹੇ ਹਨ, ਲੇਕਿਨ ਤਿੰਨ ਚਾਰ ਡਾਕਟਰ ਅਤੇ ਪਰਿਵਾਰ ਤਾਂ ਇਸ ਨੂੰ ਆਪਣਾ ਜਾਣ ਕੇ ਸੇਵਾ ਕਰ ਰਹੇ ਹਨ, ਜਿਵੇਂ ਸ੍ਰੀ ਕਪਿਲ ਦੇਵ ਜੀ ਸ਼ਰਮਾ, ਜੋ ਸੱਤ ਸਾਲਾਂ ਤੋਂ ਹੁਣ ਤੱਕ ਐਡਮਿਨਸਟਰੇਟਿਰ ਦੇ ਅਹੁੱਦੇ ਤੇ ਰਹਿ ਕੇ ਤਨੋਂ ਮਨੋਂ ਸੇਵਾ ਕਰਦੇ ਆ ਰਹੇ ਹਨ, ਅਤੇ ਡਾਕਟਰ ਆਰ.ਸੀ. ਸ਼ਰਮਾ, ਡਾ. ਜਸੋਧੀ ਮੀਰ ਚੰਦਾਨੀ, ਸ੍ਰੀ ਜਗਨ ਨਾਥ ਜੀ ਕਾਲੜਾ, ਬਾਬੂ ਆਤਮ ਪ੍ਰਕਾਸ਼ ਜੀ ਅਤੇ ਮਾਈ ਜੇਠੀ ਬਾਈ। ਇਹ ਪ੍ਰੇਮੀ ਬਹੁਤ ਪੁਰਾਣੇ ਕਿਸੇ ਨਾ ਕਿਸੇ ਰੂਪ ਵਿੱਚ ਆਸ਼ਰਮ ਨਾਲ ਜੁੜੇ ਆ ਰਹੇ ਹਨ ਅਤੇ ਹੁਣ ਵੀ ਆਪਣੇ ਵਿਤੋਂ ਬਾਹਰ ਹੋ ਕੇ ਪਰਉਪਕਾਰ ਅਤੇ ਸੇਵਾ ਦਾ ਰੂਪ ਇਸ ਹਸਪਤਾਲ ਦੀ ਸੇਵਾ ਤਨੋਂ ਮਨੋਂ ਕਰ ਰਹੇ ਹਨ।

## ਨਿਰਮਲ ਆਸ਼ਰਮ

ਪਰਮ ਪੂਜਨੀਕ ੧੦੮ ਮਹੰਤ ਬਾਬਾ ਰਾਮ ਸਿੰਘ ਜੀ ਮਹਾਰਾਜ ਜਿਸ ਸਮੇਂ ਤੋਂ ਨਿਰਮਲ ਆਸ਼ਰਮ ਦੇ ਸਨਮਾਨਤ ਮਹੰਤੀ ਪਦ ਤੇ ਸੁਸ਼ੋਭਿਤ ਹੋਏ ਹਨ, ਉਸ ਸਮੇਂ ਤੋਂ ਆਸ਼ਰਮ ਨੇ ਬੇਮਿਸਾਲ ਤਰੱਕੀ ਕੀਤੀ ਹੈ। ਸਵੇਰ ਦਾ ਛੇਤਰ (ਗੁਰੂ ਕਾ ਲੰਗਰ) ਜਿਸ ਵਿੱਚ ਭਾਂਤ-ਭਾਂਤ ਦੇ ਪਦਾਰਥ ਤਿਆਰ ਕੀਤੇ ਜਾਂਦੇ ਹਨ, ਉਸ ਵਿੱਚ ਹਰ ਰੋਜ਼ ਛੇ ਸੌ ਦੇ ਕਰੀਬ ਸਾਧੂ ਮਹਾਤਮਾ ਅਤੇ ਗਰੀਬ ਲੋਕ ਪਦਾਰਥ ਛੱਕਦੇ ਹਨ ਜੋ ਬਾਰਾਂ ਮਹੀਨੇ ਨਿਰੰਤਰ ਚੱਲਦਾ ਹੈ।

ਆਸ਼ਰਮ ਵਿੱਚ ਸੰਗਤ ਤੋਂ ਬਿਨ੍ਹਾਂ ਯਾਤਰੀਆਂ ਦੀ ਆਵਾਜਾਈ ਵੀ ਬਾਰਾਂ ਮਹੀਨੇ ਬਣੀ ਰਹਿੰਦੀ ਹੈ, ਲੇਕਿਨ ਗਰਮੀਆਂ ਦੇ ਮੌਸਮ ਵਿੱਚ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਸਮੇਂ ਵਿਸ਼ੇਸ਼ ਹੋ ਜਾਂਦੀ ਹੈ। ਆਸ਼ਰਮ ਵਿੱਚ ਆਏ ਹਰ ਯਾਤਰੀ ਨੂੰ ਗੁਰੂ ਕੇ ਲੰਗਰ ਵਿੱਚ ਪ੍ਰਸ਼ਾਦਾ, ਰਾਤ ਠਹਿਰਨ ਲਈ ਕੱਪੜਾ ਬਿਸਤਰਾ ਤਾਂ ਮਿਲਦਾ ਹੀ ਹੈ, ਲੇਕਿਨ ਰਾਤ ਦੇ ਲੰਗਰ ਛਕਣ ਤੋਂ ਬਾਅਦ ਦੁੱਧ ਦਾ ਗਲਾਸ ਵੀ ਛਕਣ ਲਈ ਮਿਲਦਾ ਹੈ ਕਿਉਂਕਿ ਆਸ਼ਰਮ ਦੀ ਮਰਿਆਦਾ ਅਨੁਸਾਰ ਹਰ ਰੋਜ਼ ਸ਼ਾਮ ਨੂੰ ਲੰਗਰ ਤੋਂ ਬਾਅਦ ਦੁੱਧ ਵਾਸਤੇ ਘੰਟੀ ਵਜਾਈ ਜਾਂਦੀ ਹੈ, ਉਸ ਸਮੇਂ ਭਾਵੇਂ ਕੋਈ ਆਸ਼ਰਮ ਦਾ ਸੇਵਾਦਾਰ ਹੈ ਭਾਵੇਂ ਯਾਤਰੀ, ਮੌਕੇ ਤੇ ਹਾਜ਼ਰ ਹਰ ਇੱਕ ਪ੍ਰਾਣੀ ਨੂੰ ਦੁੱਧ ਦਾ ਗਲਾਸ ਮਿਲਦਾ ਹੈ। ਲੇਕਿਨ ਚਾਹ ਤਾਂ ਸਮੇਂ ਅਨੁਸਾਰ ਚੱਲਦੀ ਹੀ ਰਹਿੰਦੀ ਹੈ। ਦੁੱਧ ਦੀ ਜ਼ਰੂਰਤ ਪੂਰੀ ਕਰਨ ਲਈ ਆਪਣੀ ਗਊਸ਼ਾਲਾ ਰੱਖੀ ਹੋਈ ਹੈ, ਪਰੰਤੂ ਸਮੇਂ-ਸਮੇਂ ਲੋੜ ਅਨੁਸਾਰ ਮੁੱਲ ਵੀ ਲਿਆ ਜਾਂਦਾ ਹੈ।

ਆਸ਼ਰਮ ਦੇ ਆਪਣੇ ਅਸਥਾਨ ਜਿਵੇਂ ਹਰਿਦੁਆਰ ਕਨਖਲ, ਸਕੂਲ ਜਾਂ ਹਸਪਤਾਲ ਵਿੱਚ ਬਿਲਡਿੰਗਾਂ ਦੀ ਉਸਾਰੀ ਦਾ ਕੰਮ ਹਮੇਸ਼ਾਂ ਚੱਲਦਾ ਹੀ ਰਹਿੰਦਾ ਹੈ, ਇਸ ਲਈ ਸੱਠ ਦੇ ਕਰੀਬ ਮਿਸਤਰੀ, ਮਜ਼ਦੂਰ ਅਤੇ ਕਰਮਚਾਰੀ ਬਾਰਾਂ ਮਹੀਨੇ, ਕਈ ਸਾਲਾਂ ਤੋਂ ਨਿਰੰਤਰ ਕੰਮ ਕਰ ਰਹੇ ਹਨ। ਇਉਂ ਬਿਲਡਿੰਗਾਂ ਦੀ ਜਿਤਨੀ ਉਸਾਰੀ ਹੋ ਰਹੀ ਹੈ ਉਸ ਸਭ ਕਾਰਜਾਂ ਦੀ ਨਿਗਰਾਨੀ ਅਤੇ ਮਿਸਤਰੀ, ਮਜ਼ਦੂਰਾਂ ਤੋਂ ਕੰਮ ਕਰਵਾਉਣਾ ਇਤਿਆਦਿਕ ਜ਼ਿੰਮੇਵਾਰੀ ਭਾਈ ਕਾਬਲ ਸਿੰਘ ਜੀ ਆਪਣੀ ਸੂਝ-ਬੂਝ ਅਤੇ ਬਹੁਤ ਸਿਆਣਪ ਨਾਲ ਤਕਰੀਬਨ ਦਸ ਸਾਲਾਂ ਤੋਂ ਨਿਰੰਤਰ ਕਰਵਾਉਂਦੇ ਆ ਰਹੇ ਹਨ। ਇਸ ਲਈ ਇਨ੍ਹਾਂ ਦੀ ਸੇਵਾ ਵੀ ਕਾਬਲੇ ਤਾਰੀਫ ਹੈ। ਅਤੇ ਲੱਕੜ ਦਾ ਕੰਮ ਕਰਵਾਉਣ ਦੀ ਸਾਰੀ ਜ਼ਿੰਮੇਵਾਰੀ ਭਾਈ ਜਰਨੈਲ ਸਿੰਘ ਜੀ ਮਿਸਤਰੀ ਬੜੀ ਯੋਗਤਾ ਨਾਲ ਕਰਵਾਉਂਦੇ ਆ ਰਹੇ ਹਨ।

ਆਸ਼ਰਮ ਵਿੱਚ ਗੁਰਬਾਣੀ ਦਾ ਪ੍ਰਵਾਹ ਵੀ ਨਿਰੰਤਰ ਵਹਿੰਦਾ ਰਹਿੰਦਾ ਹੈ, ਜਿਸ ਦੀ ਲੜੀ ਵਿੱਚ ਤਕਰੀਬਨ ਤਿੰਨ ਸੌ ਅਖੰਡ ਪਾਠ ਸਾਹਿਬ ਇੱਕ ਸਾਲ ਵਿੱਚ ਹੋ ਜਾਂਦੇ ਹਨ ਅਤੇ ਨਾਲ-ਨਾਲ ਸਹਿਜ ਪਾਠ ਵੀ ਹੁੰਦੇ ਰਹਿੰਦੇ ਹਨ। ਇਨ੍ਹਾਂ ਪਾਠਾਂ ਦੀ ਨੱਬੇ ਫੀਸਦੀ ਸੇਵਾ ਨਿਸ਼ਕਾਮ ਪਾਠੀ ਸੇਵਾਦਾਰਾਂ ਵੱਲੋਂ ਹੀ ਹੁੰਦੀ ਹੈ। ਗੁਰਬਾਣੀ ਸੰਥਯਾ ਕਰਨ ਦੇ ਚਾਹਵਾਨਾਂ ਨੂੰ ਸੰਥਯਾ ਦੇਣ ਦੀ ਇਲਾਹੀ ਕਾਰ ਵੀ ਚੱਲਦੀ ਰਹਿੰਦੀ ਹੈ। ਮਹਾਂਪੁਰਸ਼ਾਂ ਵੱਲੋਂ ਧਰਮ ਪ੍ਰਚਾਰ ਅਤੇ ਗੁਰਬਾਣੀ ਦੇ ਪ੍ਰਚਾਰ ਪਸਾਰ ਹਿੱਤ ਸਾਲ ਵਿੱਚ ਛੇ ਮਹੀਨੇ ਯਾਤਰਾ ਕੀਤੀ ਜਾਂਦੀ ਹੈ, ਜਿਸ ਵਿੱਚ ਸੰਗਤਾਂ ਨੂੰ ਅਖੰਡ ਪਾਠਾਂ ਦੀਆਂ ਤਾਰੀਖਾਂ ਦੇ ਕੇ ਹਰ ਪਾਠ ਦੇ ਭੋਗ ਸਮੇਂ ਆਪ ਪਹੁੰਚਦੇ ਹਨ। ਇਹ ਤਾਰੀਖਾਂ ਸਾਲ ਵਿੱਚ ਇੱਕ ਵਾਰੀ ਅਕਤੂਬਰ ਵਿੱਚ ਰਿਸ਼ੀਕੇਸ਼ ਵਾਲੀ ਬਰਸੀ ਤੇ ਦਿੱਤੀਆਂ ਜਾਂਦੀਆਂ ਹਨ। ਆਪ ਜੀਆਂ ਨੂੰ ਧੁਰੋਂ ਬਖਸ਼ੀ ਇਸ ਇਲਾਹੀ ਕਾਰ ਦਾ ਸਦਕਾ ਆਪ ਜੀਆਂ ਤੋਂ ਅਸ਼ੀਰਵਾਦ ਲੈ ਕੇ ਹਜ਼ਾਰਾਂ ਪਾਠੀਆਂ ਨੇ ਗੁਰਬਾਣੀ ਦੀ ਸੰਥਯਾ ਕਰ ਲਈ ਹੈ ਜੋ ਆਪਣੇ-ਆਪਣੇ ਪਿੰਡਾਂ, ਇਲਾਕਿਆਂ, ਸ਼ਹਿਰਾਂ ਦੇ ਨੇੜੇ ਲੋਕਾਂ ਦੇ ਘਰਾਂ ਵਿੱਚ ਪਾਠਾਂ ਦੀ ਨਿਸ਼ਕਾਮ ਸੇਵਾ ਕਰਦੇ ਰਹਿੰਦੇ ਹਨ। ਭਾਵੇਂ ਬੇਅੰਤ ਸਾਧੂ ਮਹਾਤਮਾ ਅਤੇ ਸੰਸਥਾਵਾਂ ਗੁਰਬਾਣੀ ਦੇ ਪ੍ਰਚਾਰ ਪਸਾਰ ਦੀ ਬੇਮੁੱਲੀ ਕਾਰ ਦਿਨ ਰਾਤ ਕਰ ਰਹੀਆਂ ਹਨ ਲੇਕਿਨ ਜਿਤਨੇ ਪਾਠੀ ਆਪ ਜੀ ਦੀ ਸੰਗਤ ਵਿੱਚ ਤਿਆਰ ਹੋ ਗਏ ਹਨ, ਇਤਨੇ ਸ਼ਾਇਦ ਹੀ ਕਿਸੇ ਹੋਰ ਸੰਸਥਾ ਕੋਲ ਹੋਣ।

## ਨਿਰਮਲ ਬਾਗ ਕਨਖਲ

ਸੇਵਾ ਪਰਉਪਕਾਰ ਦੇ ਇਸ ਮਹਾਨ ਅਸਥਾਨ ਸ੍ਰੀ ਨਿਰਮਲ ਆਸ਼ਰਮ ਦੀਆਂ ਹੋਰ ਵੀ ਕਾਫੀ ਬ੍ਰਾਂਚਾਂ ਹਨ, ਜਿਵੇਂ ਨਿਰਮਲ ਬਾਗ ਕਨਖਲ। ਇਹ ਅਸਥਾਨ ਗੰਗਾ ਨਹਿਰ ਦੇ ਕਿਨਾਰੇ ਬਾਈਪਾਸ ਦੇ ਬਿਲਕੁੱਲ ਉੱਪਰ ਕਨਖਲ (ਹਰਿਦੁਆਰ) ਵਿਖੇ ਸਥਿਤ ਹੈ। ਇਸ ਸਥਾਨ ਤੇ ਹੀ ਆਸ਼ਰਮ ਵੱਲੋਂ ਗਊਸ਼ਾਲਾ ਬਣਾਈ ਗਈ ਹੈ, ਜਿੱਥੋਂ ਦੁੱਧ ਚੋ ਕੇ ਹਰ ਰੋਜ਼ ਰਿਸ਼ੀਕੇਸ਼ ਨਿਰਮਲ ਆਸ਼ਰਮ ਪਹੁੰਚਾਇਆ ਜਾਂਦਾ ਹੈ। ਇਸ ਅਸਥਾਨ ਤੇ ਵੀ ਗੁਰੂ ਕਾ ਲੰਗਰ ਹਮੇਸ਼ਾਂ ਚੱਲਦਾ ਰਹਿੰਦਾ ਹੈ ਅਤੇ ਯਾਤਰੀਆਂ ਦੀ ਆਵਾਜਾਈ ਵੀ ਬਣੀ ਰਹਿੰਦੀ ਹੈ, ਕਿਉਂਕਿ ਲੰਗਰ ਪ੍ਰਸ਼ਾਦ ਦੇ ਨਾਲ-ਨਾਲ ਕਮਰਾ ਅਤੇ ਕੱਪੜੇ ਬਿਸਤਰੇ ਦੀ ਸਭ ਸੁਵਿਧਾ ਯਾਤਰੀਆਂ ਲਈ ਉਪਲਬਧ ਹੈ।

## ਨਿਰਮਲ ਕੁਟੀਆ ਸੰਤ ਬਾਬਾ ਨਿੱਕਾ ਸਿੰਘ ਜੀ ਕਰਨਾਲ

ਨਿਰਮਲ ਆਸ਼ਰਮ ਦੀ ਇੱਕ ਬ੍ਰਾਂਚ ਉਪਰੋਕਤ ਨਾਮ ਨਾਲ ਕਰਨਾਲ (ਹਰਿਆਣਾ) ਵਿਖੇ ਸਥਿਤ ਹੈ। ਇਹ ਵੀ ਇੱਕ ਬੜਾ ਸੁੰਦਰ ਅਸਥਾਨ ਕਰਨਾਲ ਬਾਈਪਾਸ ਦੇ ਬਿਲਕੁੱਲ ਨਾਲ ਹੀ ਸੁਸ਼ੋਭਿਤ ਹੈ। ਇੱਥੇ ਵੀ ਗੁਰੂ ਕਾ ਲੰਗਰ ਹਮੇਸ਼ਾਂ ਚੱਲਦਾ ਰਹਿੰਦਾ ਹੈ ਅਤੇ ਲੋੜਵੰਦਾਂ ਨੂੰ ਗੁਰਬਾਣੀ ਸੰਥਯਾ ਵੀ ਤਕਰੀਬਨ ਹਰ ਸਮੇਂ ਚੱਲਦੀ ਹੀ ਰਹਿੰਦੀ ਹੈ।

## ਨਿਰਮਲ ਸੰਤ ਨਿਵਾਸ ਬੰਬਈ

ਨਿਰਮਲ ਆਸ਼ਰਮ ਦਾ ਇੱਕ ਅਸਥਾਨ ਨਿਰਮਲ ਸੰਤ ਨਿਵਾਸ ਦੇ ਨਾਮ ਹੇਠ ਬੰਬਈ ਅੰਧੇਰੀ ਵਿਖੇ ਸਥਿਤ ਹੈ। ਇਹ ਵੀ ਗੁਰੂ ਘਰ ਦੀ ਮਰਿਆਦਾ ਅਨੁਸਾਰ ਭੁੱਖਿਆਂ ਨੂੰ ਅੰਨ ਅਤੇ ਗੁਰੂ ਨਾਨਕ ਦੇ ਘਰ ਦਾ ਇਲਾਹੀ ਪ੍ਰਸ਼ਾਦ ਗੁਰਬਾਣੀ ਪ੍ਰਚਾਰ ਦਾ ਆਪਣਾ ਕਾਰਜ ਕਰੀ ਜਾ ਰਿਹਾ ਹੈ।

ਐਸੇ ਹੀ ਨਿਰਮਲ ਆਸ਼ਰਮ ਨਾਲ ਸੰਬੰਧਤ ਹੋਰ ਵੀ ਕਾਫੀ ਅਸਥਾਨ ਹਨ, ਜੋ ਪੂਜਯ ਮਹੰਤ ਮਹਾਰਾਜ ਰਾਮ ਸਿੰਘ ਜੀਆਂ ਦੀ ਪਵਿੱਤਰ ਸਰਪ੍ਰਸਤੀ ਹੇਠ ਗੁਰੂ ਨਾਨਕ ਦੇ ਘਰ ਦਾ ਅਸਲੀ ਕਾਰਜ ਗੁਰਬਾਣੀ ਦੁਆਰਾ ਪ੍ਰੇਮਾਂ ਭਗਤੀ ਦਾ ਪ੍ਰਚਾਰ ਕਰੀ ਜਾ ਰਹੇ ਹਨ, ਜਿਵੇਂ :- ਮਨਸੂਰੀ, ਕਾਸ਼ੀ, ਲੋਹਸਿੰਬਲੀ, ਅਸਰਪੁਰ, ਬੂਹਾ, ਕੁਤਬਨਪੁਰ, ਖੋਖ-ਕੋਟਲੀ, ਬਿਸ਼ਨਪੁਰਾ (ਲੋਪੋ), ਘਮਰੌਦਾ, ਧਨੌਲਾ, ਭੋਤਨੇ, ਦੌਦ, ਗੁਰਾਇਆ ਅਤੇ ਹੁਸ਼ਿਆਰਪੁਰ ਇਤਿਆਦਿਕ ਥਾਵਾਂ ਤੇ ਵੀ ਅਖੰਡ ਪਾਠ ਸਾਹਿਬ ਆਦਿ ਧਾਰਮਿਕ ਸਮਾਗਮ ਤਾਂ ਅਕਸਰ ਹੁੰਦੇ ਹੀ ਰਹਿੰਦੇ ਹਨ, ਲੇਕਿਨ ਇਨ੍ਹਾਂ ਵਿੱਚੋਂ ਕਾਫੀ ਅਸਥਾਨਾਂ ਤੇ ਸਮੇਂ-ਸਮੇਂ ਗੁਰਬਾਣੀ ਸੰਥਯਾ ਵੀ ਹੁੰਦੀ ਰਹਿੰਦੀ ਹੈ।

ਇਹ ਸਾਰੇ ਪਰਉਪਕਾਰ ਅਤੇ ਸੇਵਾ ਦੇ ਕਾਰਜ **ਜਗ ਮਹਿ ਆਇਆ ਸੋ ਪਰਵਾਣੁ॥ ਘਟਿ ਘਟਿ ਅਪਣਾ ਸੁਆਮੀ ਜਾਣੁ,** ਦੇ ਮਹਾਵਾਕ ਅਨੁਸਾਰ ਸਾਰੇ ਦ੍ਰਿਸ਼ਟਮਾਨ ਜੀਵਾਂ ਨੂੰ ਹਰੀ ਰੂਪ ਜਾਣਕੇ ਕੀਤੇ ਜਾ ਰਹੇ ਹਨ, ਜੋ ਮਨੁੱਖ ਜਨਮ ਦਾ ਅਸਲੀ ਕਾਰਜ ਹੈ, ਅਤੇ ਜਿਸ ਕੰਮ ਦੇ ਲਈ ਮਹਾਂਪੁਰਸ਼ ਸਰੀਰ ਧਾਰਨ ਕਰਦੇ ਹਨ। ਇਉਂ ਸੇਵਾ ਉਪਾਸਨਾ ਦੇ ਕਾਰਜ ਕਰਵਾ ਕੇ, ਜੀਵਾਂ ਦਾ ਮਲ, ਵਿਖਸ਼ੇਪ, ਅਵਰਨ ਜਿਨ੍ਹਾਂ ਦੋਸ਼ਾਂ ਨੇ ਅਸਲੀਅਤ ਨੂੰ ਢੱਕਿਆ ਹੋਇਆ ਹੈ, ਆਦਿਕਾਂ ਦੀ ਨਵਿਰਤੀ ਲਈ ਕਰਮ ਉਪਾਸ਼ਨਾ ਗਿਆਨ ਦੀ ਦਵਾਈ ਦੇ ਕੇ ਮਨੁੱਖ ਜਨਮ ਦੀ ਸਫਲਤਾ ਦੇ ਮਾਰਗ ਦੀ ਸੋਝੀ ਬਖਸ਼ੀ ਜਾ ਰਹੀ ਹੈ, ਤਾਂ ਕਿ ਅਨੰਤ ਕਾਲ ਤੋਂ ਭਟਕ ਰਿਹਾ ਜੀਵ ਆਪਣੇ ਅਸਲੀ ਘਰ ਦੀ ਪਹਿਚਾਣ ਕਰਕੇ ਯਾਨੀ ਆਪਣੇ ਨਿੱਜ ਘਰ ਵਿੱਚ ਸਥਿਤ ਹੋ ਕੇ ਜਨਮ ਮਰਨ ਆਦਿ ਤਮਾਮ ਅਨਹੋਏ ਦੁੱਖਾਂ ਤੋਂ ਛੁਟਕਾਰਾ ਹਾਸਲ ਕਰਕੇ ਪੂਰਨ ਤੌਰ ਤੇ ਸੁਖੀ ਹੋ ਜਾਵੇ। ਇਹ ਸਾਰਾ ਕਾਰਜ ਮਹਾਂਪੁਰਖ ਪਰਮੇਸ਼ਰ ਦੇ ਹੁਕਮ ਵਿੱਚ ਪੂਰਨ ਤੌਰ ਤੇ ਸਥਿਤ ਹੋ ਕੇ ਬੜੇ ਸਹਿਜ ਵਿੱਚ ਕਰਦੇ ਆ ਰਹੇ ਹਨ। ਇਹ ਸਾਰੇ ਕਾਰਜਾਂ ਨੂੰ ਚੱਲਦਾ ਰੱਖਣ ਦੀ ਟੇਕ, ਕੇਵਲ ਗੁਰੂ ਨਾਨਕ ਤੇ ਹੀ ਹੈ, ਇਸ ਲਈ ਕਦੇ ਵੀ ਇੱਕ ਪੈਸਾ, ਇੱਕ ਦਾਣਾ, ਯਾ ਇੱਕ ਘੁੱਟ ਦੁੱਧ ਦੀ ਉਗਰਾਹੀ ਨਹੀਂ ਕੀਤੀ ਜਾਂਦੀ, ਕਿਉਂਕਿ ਮਹਾਂਪੁਰਖਾਂ ਦਾ ਦ੍ਰਿੜ ਵਿਸ਼ਵਾਸ਼ ਹੈ :

**ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥**

*(ਪੰਨਾ-੨੭੬)*

ਇਸ ਲਈ ਕਰਣਹਾਰ ਦੀ ਮੌਜ ਵਿੱਚ ਦਖਲ ਨਹੀਂ ਦੇਣਾ, ਉਸਨੇ ਕੋਈ ਕਾਰਜ ਇਸ ਸਰੀਰ ਦੇ ਰਾਹੀਂ ਕਰਨਾ ਹੈ ਤਾਂ ਹਰ ਪ੍ਰਕਾਰ ਦੀ ਸਮੱਗਰੀ ਵੀ ਭੇਜੇਗਾ, ਅਗਰ ਉਸਨੇ ਨਹੀਂ ਕਰਨਾ, ਤਾਂ ਭਾਂਡੇ ਮੂਧੇ! ਪਰੰਤੂ ਉਗਰਾਹੀ ਵਗੈਰਾ ਕੋਈ ਨਹੀਂ ਕਰਨੀ। ਯਾਨੀ ਕਿਸੇ ਵੀ ਕਾਰਜ ਕਿਰਿਆ ਦਾ ਕਰਤਾ ਬਨਣਾ ਤਾਂ ਇੱਕ ਪਾਸੇ ਰਿਹਾ, ਸੋਚਣਾ ਵੀ ਨਹੀਂ ਬਸ ਦ੍ਰਿਸ਼ਟਾ ਅਤੇ ਸਾਖਸ਼ੀ ਭਾਵ ਵਿੱਚ ਸਥਿਤ ਹੋ ਕੇ ਕਮਲ ਫੁੱਲ ਦੀ ਨਿਆਈਂ ਨਿਰਲੇਪ ਅਤੇ ਅਸੰਗ ਰਹਿ ਕੇ ਜਗਤ ਤਮਾਸ਼ਾ ਦੇਖ ਜਾਣਾ ਹੈ।

ਦੋਹਰਾ — **ਹੋਆ ਹੁਕਮ ਅਕਾਲ ਦਾ, ਰਚਿਉ ਤਬੀ ਗ੍ਰੰਥ॥**
**ਭੁੱਲਣਹਾਰ ਧਰਮ ਜੀਵ ਦਾ, ਬਖਸ਼ਣਹਾਰ ਗੁਰੂ ਪੰਥ॥**

ਦੋਹਰਾ — **ਹਾੜ ਮਾਂਹ ਇਸ ਗ੍ਰੰਥ ਕੀ, ਭਈ ਸਮਾਪਤ ਆਇ॥**
**ਸਭ ਬਿਘਨਨ ਤੇ ਬਚ ਰਹੇ, ਸ੍ਰੀ ਕਰਤਾਰ ਸਹਾਇ॥**

ਦੋਹਰਾ — **ਦੋ ਹਜ਼ਾਰ ਚਰੰਜਵਾਂ, ਸੰਮਤ ਬਿਕਰਮੀ ਜਾਨਿ॥**
**ਗੁਰੂ ਕ੍ਰਿਪਾ ਤੇ ਕਾਜ ਇਹ, ਭਇਆ ਸੰਪੂਰਨ ਆਨਿ॥**

ਦੋਹਰਾ — **ਥਿਤਿ ਪੂਰਨਮਾ ਦਿਨ ਸ਼ੁੱਕਰਵਾਰ, ਛੇ ਹਾੜ ਸੁਖ ਜਾਨਿ॥**
**ਵੀਹ ਜੂਨ ਸੰਨ ਉੱਨੀ ਸੌ ਹੋਰ ਸਤਾਨਵੇਂ ਮਾਨਿ॥**

ਦੋਹਰਾ — **ਖਾਲਸਾ ਵਾਹਿਗੁਰੂ ਕਾ, ਫਤਹਿ ਭੀ ਉਸ ਕੀ ਹੋਇ॥**
**ਕਰਨ ਕਾਰਨ ਸਭਿ ਵਾਹਿਗੁਰੂ ਵਿਘਨੁ ਬਿਨਾਸਨ ਸੋਇ॥**

❑❑❑

✡ ਸਾਰ ✡

ਸਾਚ ਕਹੋਂ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ।।

(ਗੁਰੂ ਗੋਬਿੰਦ ਸਿੰਘ ਜੀ)